(a) the total number of Dharamshalas constructed so far by the Government in the State for the Scheduled Castes together with the names of places where these have been constructed ;

(b) the names of villages in the Bhadaur Assembly Constituency, District Sangrur, where such Dharamshalas have been constructed during the year 1972-73 ?

**Shri Gurmail Singh** : (a) 1845. Owing to short notice it has not been possible to give names of the places where Dharamshalas have been constructed.

(b) Record has not been maintained Constituency-wise. However, the total number of Dharamshalas sanctioned in Sangrur District is 39 during the year 1972-73.

[(ੳ) 1845, ਥੋੜੇ ਸਮੇਂ ਦਾ ਨੋਟਿਸ ਹੋਣ ਕਾਰਣ ਜਿਨ੍ਹਾਂ ਪਿੰਡਾਂ ਵਿਚ ਧਰਮਸ਼ਾਲਾਵਾਂ ਬਣੀਆਂ ਹੋਈਆਂ ਹਨ ਦੀ ਸੂਚੀ ਨਹੀਂ ਤਿਆਰ ਕੀਤੀ ਜਾ ਸਕਦੀ ।

(ਅ) ਰਿਕਾਰਡ ਚੋਣ ਹਲਕੇ ਅਨੁਸਾਰ ਨਹੀਂ ਤਿਆਰ ਕੀਤਾ ਗਿਆ ਫਿਰ ਵੀ ਜਿਲ੍ਹਾ ਸੰਗਰੂਰ ਲਈ ਸਾਲ 1972-73 ਵਿਚ 39 ਧਰਮਸ਼ਾਲਾਵਾਂ ਬਨਾਉਣ ਦੀ ਮਨਜ਼ੂਰੀ ਦਿਤੀ ਗਈ ਹੈ ।]

———

**Construction of Road from village Majhuke to Bhadaur in District Sangrur**

**525. Giani Kundan Singh Patang** : Will the Chief Minister be pleased to state whether it is a fact that many years ago land measuring 55 ft. wide has been left for the construction of road from village Majhuke to Bhadaur (District Sangrur) during the consolidation operations; if so, the time by which the said road is likely to be constructed.

**Giani Zail Singh** : Yes. During the consolidation operations, land measuring 55 ft. wide has been left from village Majhuke to Bhadaur. A road

Original with;
Punjab Vidhan Sabha
Digitized by;
Panjab Digital Library

has been approved for construction from village Bhadaur to Dipgarh on to Ramgarh during 1973-74. From Village Dipgarh to Majhuke, a link road measuring 1.60 K.M. has been approved As such there is no direct road under construction from village Majhuke to Bhadaur.

---

[ਹਾਂ ਜੀ, ਚਕਬੰਦੀ ਦੇ ਸਮੇਂ ਪਿੰਡ ਮਾਝੂਕੇ ਤੇ ਭਦੌਰ ਤਕ 55 ਫੁਟ ਚੌੜੀ ਜ਼ਮੀਨ ਛਡੀ ਗਈ ਸੀ, 1973-74 ਦੇ ਦੌਰਾਨ ਪਿੰਡ ਭਦੌਰ ਤੋਂ ਰਾਮਗੜ੍ਹ ਰਾਹੀਂ ਦੀਪਗੜ੍ਹ ਤਕ ਇਕ ਸੜਕ ਬਨਾਉਣ ਦੀ ਮਨਜ਼ੂਰੀ ਲਈ ਹੋਈ ਹੈ । ਦੀਪਗੜ੍ਹ ਤੋਂ ਮਾਝੂਕੇ ਤੀਕ ਇਕ ਲਿੰਕ ਸੜਕ ਜਿਹੜੀ ਕਿ· 1.60 ਕਿਲੋਮੀਟਰ ਹੈ, ਭੀ ਮਨਜ਼ੂਰ ਹੈ। ਇਸ ਕਰਕੇ ਪਿੰਡ ਮਾਝੂਕੇ ਤੋਂ ਭਦੌਰ ਤਕ ਕੋਈ ਵੀ ਸਿਧੀ ਸੜਕ ਬਣਾਈ ਨਹੀਂ ਜਾ ਰਹੀ।]

---

### Linking School of village Ramgarh District Sangrur with Road

526. **Giani Kundan Singh Patang**: Will the Chief Minister be pleased to state —

(a) whether the Government propose to link schools in villages with roads where they are not linked as such at present ;

(b) if the reply to part (a) above be in the affirmative whether there is any proposal under the consideration of the Government to link the school of village Ramgarh in the Bhadaur Assembly Constituency District Sangrur, with road ?

**Giani Zail Singh** : (a) Yes, wherever possible.

(b) The school of village Ramgarh is at a distance of 900 ft. only from the road and instructions to link it with Pucca road are being issued to field officers.

[(ੳ) ਹਾਂ । ਜਿਥੇ ਸੰਭਵ ਹੋਇਆ ।

(ਅ) ਪਿੰਡ ਰਾਮਗੜ੍ਹ ਦਾ ਸਕੂਲ ਸੜਕ ਤੋਂ ਸਿਰਫ 900 ਫੁਟ ਦੇ ਫਾਸਲੇ ਤੇ ਹੈ ਅਤੇ ਇਸ ਨੂੰ ਸੜਕ ਨਾਲ ਲਿੰਕ ਕਰਨ ਲਈ ਫੀਲਡ ਅਧਿਕਾਰੀਆਂ ਨੂੰ ਹਦਾਇਤ ਕੀਤਾ ਜਾ ਰਹੀ ਹੈ ।]

---

### Construction of Road-from Village Charachon (Sunam Bhawanigarh Road) to Sanghreri

527. **Giani Kundan Singh Patang** : Will the Chief Minister be pleased to state whether there is any proposal under the consideration of the Government to construct road from village Charachon (Sunam Bhawanigarh road) to Sanghreri for which an amount of Rs. 10 thousand has been deposited since 1969; if so, the time by which it is likely to be constructed ?

**Giani Zail Singh** : Sanghrehri to Charachon link road with a legngth of two miles has been approved for (1973-7 ). A sum of Rs 10,000 stands deposited since 1969. The road will be completed within three months after the earth work is completed by the villagers.

Original with;
Punjab Vidhan Sabha
Digitized by;
Panjab Digital Library

[Chief Minister]

[ਸਿਘਰੇੜੀ ਤੋਂ ਘਰਾਚੋ ਲਿੰਕ ਰੋਡ ਜਿਸ ਦੀ ਲੰਬਾਈ 2 ਮੀਲ ਹੈ ਹੁਣੇ ਹੀ 1973-74 ਵਿਚ ਪਰਵਾਨ ਹੋਈ ਹੈ 10,000 ਰੁਪਏ ਦੀ ਰਕਮ 1769 ਵਿਚ ਜਮ੍ਹਾਂ ਹੋਈ ਸੀ । ਪਿੰਡ ਵਾਲਿਆਂ ਵਲੋਂ ਸੜਕ ਤੇ ਮਿਟੀ ਪਾਉਣ ਦਾ ਕੰਮ ਖਤਮ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਅੰਦਰ ਸੜਕ ਮੁਕੰਮਲ ਕਰ ਦਿਤੀ ਜਾਵੇਗੀ ।]

---

CONSTRUCTIOS OF A CULVERT ON CANAL NEAR VILLAGE BALLOKE (BHADAUR ASSEMBLY CONSTITUENCY)

**528. Giani Kundan Singh Patang** : Will the Minister for Irrigation and Power be pleased to state —

(a) whether the Government is aware of the fact that many acres of land of village Balloke (Bhadaur Assembly Constituency) is across the canal near the said village and the big bridge is far away from there ;

(b) if the answer to part(a) above be in the affirmative, whether the Government is considerring any proposal to construct a culvert on the canal near the said village to provide facilities to the residents of the village ?

**Shri Gurmail Singh** : (a) Some acreage of land of village Balloke lies across Bhatinda Branch. The villge is situated opposite RD 274500 Bhatinda Branch and the existing Pig Bridge is at RD 277000 i.e. orly 2500 feet down streams.

(b) There is no such proposal to construct another bridge at Government cost near this village.

[(ਏ) ਇਹ ਠੀਕ ਹੈ ਕਿ ਬਾਲੋਕੇ ਪਿੰਡ ਦੀ ਕਈ ਏਕੜ ਜਮੀਨ ਬਠਿੰਡਾ ਬਰਾਂਚ ਦੇ ਦੂਜੇ ਪਾਸੇ ਪੈਂਦੀ ਹੈ। ਇਹ ਪਿੰਡ ਬਠਿੰਡਾ ਬਰਾਂਚ ਦੀ ਬੁਰਜੀ ਨੰ: 2,74,500 ਦੇ ਸਾਹਮਣੇ ਪੈਂਦਾ ਹੈ ਅਤੇ ਮੌਜੂਦਾ ਪਡਾ ਪੁਲ ਬੁਰਜੀ ਨੰ: 2,77,000 ਤੇ ਵਾਕਿਆ ਹੈ ਜਿਹੜਾ ਕਿ ਸਿਰਫ 2500 ਫੁਟ ਹੇਠਲੇ ਪਾਸੇ ਪੈਂਦਾ ਹੈ ।

(ਬੀ) ਇਸ ਪਿੰਡ ਦੇ ਨੇੜੇ ਗੌਰਮਿੰਟ ਦੇ ਖਰਚੇ ਤੇ ਹੋਰ ਪੁਲ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ।]

---

**Village Dhipali (Bhadaur Assembly Constituency) covered under Model Village Scheme**

**529. Giani Kundan Singh Patang** : Will the Minister for Development be pleased to state whether village Dhipali (Bhadaur Assembly Constituency) is covered under the Model Village Scheme; if so, the time by which the work is likely to be started there ?

**Captain Rattan Singh** : Yes. The work under the Model Village Scheme has since been completed in this village.

[ਹਾਂ ਜੀ। ਇਸ ਪਿੰਡ ਵਿਚ ਮਾਡਲ ਗਰਾਮ ਸਕੀਮ ਅਧੀਨ ਕੰਮ ਪੂਰਾ ਹੋ ਚੁਕਾ ਹੈ।]

Original with;
Punjab Vidhan Sabha
Digitized by;
Panjab Digital Library

**Construction of Veterinary Hospital in Village Dhipali (Bhadaur Assembly Constituency)**

**530. Giani Kundan Singh Patang :** Will the Minister for Development be pleased to state the time by which construction of Veterinary Hospital is likely to be started in Village Dhipali (Bhadaur Assembly Constituency) ?

**Captain Rattan Singh :** There is no proposal to open any Veterinary Dispensary at Village Dhipali and as such the question for construction of its building does not arise.

---

[ਪਿੰਡ ਢਿਪਾਲੀ ਵਿਖੇ ਪਸ਼ੂ ਹਸਪਤਾਲ ਖੋਲ੍ਹਣ ਬਾਰੇ ਕੋਈ ਤਜਵੀਜ਼ ਨਹੀਂ । ਇਸ ਲਈ ਹਸਪਤਾਲ ਦੀ ਇਮਾਰਤ ਦੀ ਉਸਾਰੀ ਦਾ ਸੁਆਲ ਪੈਦਾ ਹੀ ਨਹੀਂ ਹੁੰਦਾ ।]

**Rampura Phul Bhadaur Road**

**531. Giani Kundan Singh Patang :** Will the Chief Minister be pleased to state the time by which the Rampura Phul Bhadaur road via Dhipali and Phuleala lying incomplete since long, is likely to be completed ?

**Giani Zail Singh :** Out of the total length of 20·76 Kilometres of this road, earth work is still to be completed by villagers on 7·0 kilometers. The road shall be completed after about three months of completion of earth work by the villagers.

---

[ਇਸ ਸੜਕ ਦੀ ਲੰਬਾਈ 20.76 ਕਿਲੋਮੀਟਰ ਹੈ ਅਤੇ 7 ਕਿਲੋਮੀਟਰ ਤੇ ਮਿਟੀ ਪੈਣ ਦਾ ਕੰਮ ਪਿੰਡ ਵਾਲਿਆਂ ਵਲੋਂ ਕਰਨਾ ਰਹਿੰਦਾ ਹੈ । ਇਹ ਸੜਕ ਮਿਟੀ ਪਾਉਣ ਤੋਂ ਤਿੰਨ ਮਹੀਨੇ ਦੇ ਅੰਦਰ ਮੁਕੰਮਲ ਕਰ ਦਿਤੀ ਜਾਵੇਗਾ ।]

---

**Bonus for Government Employees on Deputation to the Cooperative Institutions**

**532. Sardar Ajaib Singh Sandhu :** Will the Chief Minister be pleased to state —

(a) whether any directive was issued by the Registrar, Cooperative Societies, Punjab to all the Co-operative Institutions in the State not to pay bonus to Government employees working in the Co-operative Institutions on deputation; if so, the authority under which it was issued ;

(b) whether it is a fact that Markfed has paid bonus to the Government employees on deputation with it; if so, the reasons for the discrimination ?

**Gaini Zail Singh :** (a) No.

(b) Yes. The Marketing Federation have paid Bonus to the Government employees after taking an undertakinas that the deputationist would refund the Bonus if it is found in-admissible.

Original with;
Punjab Vidhan Sabha
Digitized by;
Panjab Digital Library

**[Giani Zail Singh]**

[(ੳ) ਨਹੀਂ ਜੀ ।

(ਅ) ਜੀ ਹੀ । ਮਾਰਕੀਟਿੰਗ ਫੈਡਰੇਸ਼ਨ ਨੇ ਸਰਕਾਰੀ ਕਰਮਚਾਰੀਆਂ ਨੂੰ ਜੋ ਉਸ ਪਾਸ ਵਿਦੇਸ਼ੀ ਸੇਵਾ ਤੇ ਹਨ ਬੋਨਸ ਇਸ ਸ਼ਰਤ ਤੇ ਦਿਤਾ ਹੈ ਕਿ ਜੇਕਰ ਇਹ ਉਚਿਤ ਨਾਂ ਹੋਇਆ ਤਾਂ ਵਾਪਸ ਕਰ ਲਿਆ ਜਾਵੇਗਾ ।]

---

**Instructions regarding reservation of posts for persons belonging to Scheduled Castes and Backward Classes in Cooperative Institutions**

**533. Sardar Ajaib Singh Sandhu** : Will the Chief Minister to pleased to state —

(a) whether it is a fact that the Registerar, Co-operative Societies Punjab had issued instructions to all the Co-operative Institutions in the State directing them to enforce the Government's instructions regarding reservations of posts for persons belonging to Scheduled Castes and Backward Classes;

(b) Whether it is a fact that on the basis of the said instructions the Board of Directors of Punjab State Cooperative Land Mortgage Bank decided to reserve the posts in the Bank for Scheduled Castes and Backward classes for all categories of posts, if so, the date when such decision was taken and the date when it was enforced; if not enforced, the detailed reasons for its non-implementation ?

**Giani Zail Singh** : (a) Yes. On 5th July, 1972, the Registrars Cooperative Societies, Punjab had advised all Central Cooperative Institutions to adopt Government Policy regarding reservation of posts in their institutions.

(b) Yes. On 26th July, 1972, the Board of Directors of State Co-operative Land Mortgage Bank, passed a resolution to adopt the Government policy in the matter of reservation of posts. But in the case of Government there is reservation for promotion as well as direct recruitment for non-gazetted Government Staff. For gazetted staff reservation is only for direct recruitment. The Bank has clarified that posts carrying basic pay of less than Rs. 350 will be treated as non gazetted. In their case, reservation on Government lines will be made both in respect of promotion and direct recruitment, and posts carrying basic pay of Rs. 350 will be treated as equivalent to Government gazetted posts. In their case, the reservation will be in respect of direct recruitment only as per Government Policy. This applies with effect from 24th February, 1973.

[(ੳ) ਜੀ ਹਾਂ । 5 ਜੁਲਾਈ, 1972 ਨੂੰ ਰਜੀਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵਲੋਂ ਸਾਰੇ ਕੇਂਦਰੀ ਸਹਿਕਾਰੀ ਸੰਸਥਾਵਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਸਰਕਾਰੀ ਲੀਹਾਂ ਤੇ ਰਾਖਵੀਂ ਆਸਾਮੀਆਂ ਦੀ ਪਾਲਿਸੀ ਉਨ੍ਹਾਂ ਸੰਸਥਾਵਾਂ ਵਿਚ ਅਪਨਾਈ ਜਾਵੇ ।

(ਅ) ਜੀ ਹਾਂ । 26 ਜੁਲਾਈ, 1972 ਨੂੰ ਪੰਜਾਬ ਸਟੇਟ ਕੋਆਪਰੇਟਿਵ ਲੈਂਡ ਮਾਰਟਗੇਜ਼ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਨੇ ਇਕ ਮਤਾ ਪਾਸ ਕੀਤਾ ਕਿ ਉਹ ਸਰਕਾਰ ਦੀ ਪਾਲਿਸੀ ਰਾਖਵੀਆਂ

Original with; Punjab Vidhan Sabha Digitized by; Panjab Digital Library

ਆਸਾਮੀਆਂ ਬਾਰੇ ਅਪਨਾਉਣ। ਪਰ ਸਰਕਾਰੀ ਪਾਲਿਸੀ ਅਨੁਸਾਰ ਰਿਜ਼ਰਵੇਸ਼ਨ ਸਿੱਧੀ ਭਰਤੀ ਰਾਂਹੀ ਅਤੇ ਪਰਮੋਸ਼ਨ ਰਾਹੀਂ ਨਾਨ-ਗਜ਼ਟਿਡ ਅਮਲੇ ਬਾਰੇ ਹੈ। ਗਜ਼ਟਿਡ ਸਟਾਫ ਲਈ ਰਿਜ਼ਰਵੇਸ਼ਨ ਕੇਵਲ ਸਿੱਧੀ ਭਰਤੀ ਰਾਂਹੀ ਹੈ। ਇਸ ਬੈਂਕ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜਿਨ੍ਹਾਂ ਆਸਾਮੀਆਂ ਦੀ ਬੇਸਿਕ ਤਨਖਾਹ 350 ਰੁਪਏ ਤੋਂ ਘੱਟ ਹੈ, ਉਹ ਨਾਨ-ਗਜ਼ਟਿਡ ਸਮਝੀਆ ਜਾਣਗੀਆਂ। ਉਨ੍ਹਾਂ ਕੇਸਾਂ ਵਿਚ ਰਿਜ਼ਰ-ਵੇਸ਼ਨ ਸਰਕਾਰੀ ਲੀਹਾਂ ਤੇ ਪਰਮੋਸ਼ਨ ਅਤੇ ਸਿੱਧੀ ਭਰਤੀ ਵਿਚ ਹੋਵੇਗੀ ਤੇ ਜਿਨ੍ਹਾਂ ਆਸਾਮੀਆਂ ਦੀ ਬੇਸਿਕ ਤਨਖਾ 350/- ਰੁਪਏ ਹੈ ਉਹ ਸਰਕਾਰੀ ਗਜ਼ਟਿਡ ਪੋਸਟਾਂ ਬਰਾਬਰ ਸਮਝੀਆਂ ਜਾਣਗੀਆਂ। ਉਨ੍ਹਾਂ ਕੇਸਾਂ ਵਿਚ ਰਿਜ਼ਰ-ਵੇਸ਼ਨ ਸਿੱਧੀ ਭਰਤੀ ਵਿਚ ਸਰਕਾਰੀ ਪਾਲਿਸੀ ਅਨੁਸਾਰ ਹੋਵੇਗੀ। ਇਹ 24 ਫਰਵਰੀ, 1973 ਤੋਂ ਲਾਗੂ ਹੋਵੇਗੀ।

## Liveries for Class IV Employees working in Education Department in Bhatinda District

**534. Comrade Jangir Singh Joga :** Will the Minister for Education and Revenue be pleased to state —

(a) the total number of class IV employees (categorywise) working in the Education Department in district Bhatinda as on 1st January, 1973.

(b) the year in which the employees mentioned in part(a) above were provided with liveries last alongwith the total amount spent on their uniforms.

(c) the date by which they will be provided with liveries again.

**Sardar Umrao Singh :** (a)

| | | |
|---|---|---|
| (i) Peon | .. | 116 |
| (ii) Waterman-cum-Mali | .. | 51 |
| (iii) Peon-cum-Chowkidar | .. | 143 |
| (iv) Sweeper | .. | 70 |
| (v) Beldar | .. | 11 |
| (vi) Laboratory Attendants | .. | 11 |
| Total | .. | 402 |

(b) 1970-71 .. Rs. 24,935

(c) The liveries will be provided again by the end of the year 1973-74.

[(ੳ)

| | | |
|---|---|---|
| (1) ਚਪਰਾਸੀ | .. | 116 |
| (2) ਵਾਟਰਮੈਨ-ਕਮ-ਮਾਲੀ | .. | 51 |
| (3) ਚਪਰਾਸੀ-ਕਮ-ਚੌਕੀਦਾਰ | .. | 143 |
| (4) ਸਵੀਪਰ | .. | 70 |

Original with;
Punjab Vidhan Sabha
Digitized by;
Panjab Digital Library

[Minister for Education]

| | | |
|---|---|---|
| (5) ਬੇਲਦਾਰ | .. | 11 |
| (6) ਲਬਾਟਰੀ ਅਟੈਂਡੈਂਟ | .. | 11 |
| ਕੁਲ ਜੋੜ | .. | 402 |

(ਅ) 1970-71

24,935 ਰੁਪਏ

(ੲ) ਸਾਲ 1973-74 ਦੇ ਅੰਤ ਤਕ ਮੁੜ ਵਰਦੀਆਂ ਦਿਤੀਆਂ ਜਾਣਗੀਆਂ।]

## UNSTARRED QUESTION NO. 535

(Extension has been applied for in respect of Unstarred Question No. 535)

### School Dispensaries Run by Heads of Government Schools in District Bhatinda

**536. Comrade Jangir Singh Joga :** Will the Minister for Education and Revenue be pleased to state —

(a) the total amount of Health Funds in Government Higher Secondary/High/Middle Schools in District Bhatinda as on 1st January, 1973;

(b) whether it is fact that there are some Government Schools in the said District where school dispensaries are not run by the Heads of the Schools out of the funds mentioned in para (a) above ;

(c) if the reply to part (b) above be in the affirmative, the names of such schools alongwith the action proposed to be taken against their Heads ?

**Sardar Umrao Singh**: (a) Rs. 4,13,152.

(b) Yes.
(c) List of Schools attached.

The heads of institutions concerned have been warned and directed to start dispensaries in their schools at once.

[(ੲ) 4,13,152 ਰੁਪਏ ।

(ਬੀ) ਹਾਂ ਜੀ।

(ਸੀ) ਸਕੂਲਾਂ ਦੀ ਸੂਚੀ ਹੇਠਾਂ ਦਿਤੀ ਗਈ ਹੈ।

ਸਬੰਧਤ ਸੰਸਥਾਵਾਂ ਦੇ ਮੁੱਖੀਆਂ ਨੂੰ ਤਾੜਨਾ ਕੀਤੀ ਗਈ ਹੈ ਅਤੇ ਹਦਾਇਤ ਕੀਤੀ ਗਈ ਹੈ ਕਿ ਆਪਣੇ ਸਕੂਲਾਂ ਵਿਚ ਤੁਰੰਤ ਡਿਸਪੈਂਸਰੀਆਂ ਚਾਲੂ ਕਰਨ।]

---

For Unstarred Question No. 535 and reply thereto please see Appendix to this debate.

Original with;
Punjab Vidhan Sabha
Digitized by;
Panjab Digital Library

**List of schools where dispensaries not run by the Head of the Institutions out of Health Fund**

1. Government High School, Aklia Jalal.
2. Government High School, Bareta.
3. Government High School, Boha.
4. Government High School, Budhlada
5. Government High School, Bir Hodla Kalan.
6. Government High School, Jethuke.
7. Government High School, Jasipo Wali
8. Government High School, Jidda.
9. Government High School, Kuti.
10. Government High School, Kulrian.
11. Government High School, Kot Fatta.
12. Government High School, Mansa.
13. Government High School, Jangal Kalan.
14. Government High School, Sivia.
15. Government High School, Sheikhpura.
16. Government Girls High School, Bhucho Mandi.
17. Government Girls High School, Bhikhi.
18. Government High School, Bhukian Wali.
19. Government High School, Chailan Wali.
20. Government High School, Jeonda.
21. Government High School, Joga
22. Government Middle School, Ahalpur.
23. Government Middle School, Bachhuana.
24. Government Middle School, Bakshiwala.
25. Government Middle School, Balluana.
26. Government Middle School, Gurnekalan.
27. Government Middle School Janduke.
28. Government Middle School, Klili Nihal Singh.
29. Government Middle School, Khemuana.
30. Government Middle School, Kusla.
31. Government Middle School, Bare.
32. Government Middle School Mophar.
33. Government Middle School, Maisar Khana.
34. Government Middle School Meerpur Kalan

Original with;
Punjab Vidhan Sabha
Digitized by;
Panjab Digital Library

[Minister for Education]

35 Government Middle School, Gagga

36. Government Middle School, Uddat Saide Wala.

37. Government Middle School, Bibi Wala.

[ਸਕੂਲਾਂ ਦੀ ਸੂਚੀ ਜਿਥੇ ਕਿ ਸਕੂਲ ਦੇ ਮੁੱਖੀਆਂ ਨੇ ਹੈਲਥ ਫੰਡ ਵਿਚੋਂ ਡਿਸਪੈਂਸਰੀਆਂ ਚਾਲੂ ਨਹੀਂ ਕੀਤੀਆਂ।

| ਲੜੀ ਨੰ: | ਸਕੂਲ ਦਾ ਨਾਂ |
|---|---|
| 1. | ਗੌਰਮਿੰਟ ਹਾਈ ਸਕੂਲ, ਆਕਲੀਆ ਜਲਾਲ |
| 2. | ਗੌਰਮਿੰਟ ਹਾਈ ਸਕੂਲ, ਬਰੇਟਾ |
| 3. | ਗੌਰਮਿੰਟ ਹਾਈ ਸਕੂਲ, ਬੋਹਾ |
| 4. | ਗੌਰਮਿੰਟ ਹਾਈ ਸਕੂਲ, ਬੁਢਲਾਡਾ |
| 5. | ਗੌਰਮਿੰਟ ਹਾਈ ਸਕੂਲ, ਬੀਰ ਹੋਡਲਾਕਾਂ |
| 6. | ਗੌਰਮਿੰਟ ਹਾਈ ਸਕੂਲ, ਜੇਠੂਕੇ |
| 7. | ਗੌਰਮਿੰਟ ਹਾਈ ਸਕੂਲ, ਜਸੀਪੋਵਾਲੀ |
| 8. | ਗੌਰਮਿੰਟ ਹਾਈ ਸਕੂਲ, ਜੀਦਾ |
| 9. | ਗੌਰਮਿੰਟ ਹਾਈ ਸਕੂਲ, ਕੁਟੀ |
| 10. | ਗੌਰਮਿੰਟ ਹਾਈ ਸਕੂਲ, ਕੁਲਰੀਆਂ |
| 11. | ਗੌਰਮਿੰਟ ਹਾਈ ਸਕੂਲ, ਕੋਟਫੱਤਾ। |
| 12. | ਗੌਰਮਿੰਟ ਹਾਈ ਸਕੂਲ, ਮਾਨਸਾ |
| 13. | ਗੌਰਮਿੰਟ ਹਾਈ ਸਕੂਲ, ਜੰਗਲ ਕਲਾਂ |
| 14. | ਗੌਰਮਿੰਟ ਹਾਈ ਸਕੂਲ, ਸਿਵੀਆਂ |
| 15. | ਗੌਰਮਿੰਟ ਹਾਈ ਸਕੂਲ, ਸ਼ੇਖੂਪੁਰਾ |
| 16. | ਸਰਕਾਰੀ ਕੰਨਿਆ ਹਾਈ ਸਕੂਲ, ਭੂਚੋਮੰਡੀ |
| 17. | ਸਰਕਾਰੀ ਕੰਨਿਆ ਹਾਈ ਸਕੂਲ, ਭੀਖੀ |
| 18. | ਗੌਰਮਿੰਟ ਹਾਈ ਸਕੂਲ, ਭੁਖਿਆਂ ਵਾਲੀ |
| 19. | ਗੌਰਮਿੰਟ ਹਾਈ ਸਕੂਲ, ਚਹਿਲਾਂ ਵਾਲੀ |
| 20. | ਗੌਰਮਿੰਟ ਹਾਈ ਸਕੂਲ, ਜਿਉਂਦਾ |
| 21. | ਗੌਰਮਿੰਟ ਹਾਈ ਸਕੂਲ, ਜੋਗਾ |
| 22. | ਗੌਰਮਿੰਟ ਮਿਡਲ ਸਕੂਲ, ਆਹਲੂਪੁਰ |
| 23. | ਗੌਰਮਿੰਟ ਮਿਡਲ ਸਕੂਲ, ਬਾਛੂਆਣਾ |
| 24. | ਗੌਰਮਿੰਟ ਮਿਡਲ ਸਕੂਲ, ਬਕਸੀਵਾਲਾ |
| 25. | ਗੌਰਮਿੰਟ ਮਿਡਲ ਸਕੂਲ, ਬਲੂਆਣਾ |
| 26. | ਗੌਰਮਿੰਟ ਹਾਈ ਸਕੂਲ, ਗੁਰਨੇਕਲਾਂ |
| 27. | ਗੌਰਮਿੰਟ ਮਿਡਲ ਸਕੂਲ, ਝੰਡੂਕੇ |
| 28. | ਗੌਰਮਿੰਟ ਮਿਡਲ, ਸਕੂਲ, ਕਿਲੀ ਨਿਹਾਲ ਸਿੰਘ |

Original with;
Punjab Vidhan Sabha
Digitized by;
Panjab Digital Library

29 ਗੌਰਮਿੰਟ ਮਿਡਲ ਸਕੂਲ, ਖੇਮੂਆਣਾ
30 ਗੌਰਮਿੰਟ ਮਿਡਲ ਸਕੂਲ, ਕਸਲਾ
31 ਗੌਰਮਿੰਟ ਮਿਡਲ ਸਕੂਲ, ਬਰੇ
32 ਗੌਰਮਿੰਟ ਮਿਡਲ ਸਕੂਲ, ਮੋਫਰ
33 ਗੌਰਮਿੰਟ ਮਿਡਲ ਸਕੂਲ, ਮਾਈਸਰ ਖਜਾਨਾ
34 ਗੌਰਮਿੰਟ ਮਿਡਲ ਸਕੂਲ, ਮੀਰਪੁਰ ਕਲਾਂ
35 ਗੌਰਮਿੰਟ ਮਿਡਲ ਸਕੂਲ, ਗੰਘਾ
36 ਗੌਰਮਿੰਟ ਮਿਡਲ ਸਕੂਲ, ਉਡਤ ਸੈਦੇ ਵਾਲਾ
37 ਗੌਰਮਿੰਟ ਮਿਡਲ ਸਕੂਲ, ਬੀਬੀ ਵਾਲਾ]

---

**TA/DA drawn by D.E.O, Deputy D.E.Os, Masters etc. in Government Schools in district Bhatinda**

**537. Comrade Jangir Singh Joga**: Will the Minister for Education and Revenue be pleased to state the total amount of TA/DA actually drawn by the D.E.O./Deputy D.E.Os. Headmasters/Lecturers/B.E.Os/Masters/teachers working in the Government Schools in district Bhatinda during the years 1969-70, 1970-71 and 1971-72 respectively ?

**ਸਰਦਾਰ ਉਮਰਾਓ ਸਿੰਘ** : ਸੂਚਨਾ ਇਕੱਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਵਿਚ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਤੁਲਨਾ ਨਹੀਂ ਹੋਵੇਗੀ ।

---

**Unadjusted B.Ed/B.Ts. Promoted as Masters/Mistresses on Regular Basis**

**538. Comrade Jangir Singh Joga**: Will the Minister for Education and Revenue be pleased to state —

(a) the total number of unadjusted B.Eds/B.Ts. promoted as regular Masters/Mistresses during the period from 1st September, 1972 to 31st January, 1973 in the State ;

(b) the criteria adopted by the Education Department for their promotion on regular basis,

(c) the Number of those promoted as mentioned in part(a) above who passed their B.Ed. examination from H.P. University through correspondence courses ?

**Sardar Umrao Singh** : (a) 478.

(b) Merit-cum-seniority.

(c) 68

[(ੳ) 478

(ਅ) ਮੈਰਿਟ-ਕਮ-ਸੀਨੀਆਰਿਟੀ

(ੲ) 68]

---

Original with;
Punjab Vidhan Sabha
Digitized by;
Panjab Digital Library

**Tution Fee charged from the students studying in IX and X Classes in Government Schools**

539. **Comrade Jangir Singh Joga** : Will the Minister for Education and Revenue be pleased to state —

(a) the rate at which the tution fee is being charged from students in IX and X classes in Government Boys Schools ;

(b) the rate at which the tution fee is being charged from girl students in IX and X Classes in Government Girls Schools;

(c) the rate at which the tution fee is being charged from girl students in IX and X Classes in Co-eductional institutions.

(d) whether it has come to the notice of the Government that in some Government High Schools in district Bhatinda, the fee is being charged from girl students at par with the boys studying in the same institutions ;

(e) if the reply to part (d) above be in affirmative, the number and names of such schools alongwith the action proposed to be taken by the Government in the matter.

**Sardar Umrao Singh** :—

| | High Schools | Higher Secondary Schools |
|---|---|---|
| (a) | IX Rs. 6 per month. | Rs. 7 per month. |
| | X Rs. 6 per month | Rs. 8 per month |
| (b) | IX Rs. 3 per month | Rs. 4 per month |
| | X Rs. 3 per month | Rs. 5 per month |
| (c) | IX Rs. 3 per month | Rs. 4 per month. |
| | X Rs. 3 per month | Rs. 5 per month. |

(d) Yes.

(e) The following schools of Bhatina district were charging tution fee from girl students at par with the boys styding in the same schools.

1. Government High School, Akanwali.
2. Government High School, Ghuman Kalan.
3. Government High School, Raipur.

4. The heads of these institutions have been directed to charge the fee at correct rates. The District Education Officer, Bhatinda has been asked to take suitable action against the Headmasters of these Schools.

Original with;
Punjab Vidhan Sabha
Digitized by;
Panjab Digital Library

| | | ਹਾਈ ਸਕੂਲ | ਹਾਇਰ ਸੈਕੰਡਰੀ ਸਕੂਲ |
|---|---|---|---|
| [(ਏ) | 9 ਵੀਂ | 6 ਰੁਪਏ ਪ੍ਰਤੀ ਮਹੀਨਾ | 7 ਰੁਪਏ ਪ੍ਰਤੀ ਮਹੀਨਾ |
| | 10 ਵੀਂ | 6 ਰੁਪਏ ਪ੍ਰਤੀ ਮਹੀਨਾ | 8 ਰੁਪਏ ਪ੍ਰਤੀ ਮਹੀਨਾ |
| (ਬੀ) | 9 ਵੀਂ | 3 ਰੁਪਏ ਪ੍ਰਤੀ ਮਹੀਨਾ | 4 ਰੁਪਏ ਪ੍ਰਤੀ ਮਹੀਨਾ |
| | 10 ਵੀਂ | 3 ਰੁਪਏ ਪ੍ਰਤੀ ਮਹੀਨਾ | 5 ਰੁਪਏ ਪ੍ਰਤੀ ਮਹੀਨਾ |
| (ਸੀ) | 9 ਵੀਂ | 3 ਰੁਪਏ ਪ੍ਰਤੀ ਮਹੀਨਾ | 4 ਰੁਪਏ ਪ੍ਰਤੀ ਮਹੀਨਾ |
| | 10 ਵੀਂ | 3 ਰੁਪਏ ਪ੍ਰਤੀ ਮਹੀਨਾ | 5 ਰੁਪਏ ਪ੍ਰਤੀ ਮਹੀਨਾ |

(ਡੀ) ਹਾਂ ਜੀ

(ਈ) ਹੇਠ ਲਿਖੇ ਸਕੂਲਾਂ ਵਿਚ ਲੜਕੀਆਂ ਵਿਦਿਆਰਥੀਆਂ ਤੋਂ ਲੜਕੇ ਵਿਦਿਆਰਥੀਆਂ ਵਾਂਗ ਫੀਸਾਂ ਲਈਆਂ ਜਾ ਰਹੀਆਂ ਹਨ :—

(1) ਸਰਕਾਰੀ ਹਾਈ ਸਕੂਲ, ਅਕਾਂਵਾਲੀ

(2) ਸਰਕਾਰੀ ਹਾਈ ਸਕੂਲ, ਘੁਮਣ ਕਲਾਂ

(3) ਸਰਕਾਰੀ ਹਾਈ ਸਕੂਲ, ਰਾਏਪੁਰ

ਇਨ੍ਹਾਂ ਸਕੂਲਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਫੀਸਾਂ ਠੀਕ ਦਰਾਂ ਤੇ ਵਸੂਲ ਕਰਨ । ਜਿਲ੍ਹਾ ਸਿਖਿਆ ਅਫਸਰ ਬਠਿੰਡਾ ਨੂੰ ਕਿਹਾ ਗਿਆ ਹੈ ਕਿ ਇਨ੍ਹਾਂ ਸਕੂਲਾਂ ਦੇ ਮੁੱਖੀਆਂ ਵਿਰੁਧ ਯੋਗ ਕਾਰਵਾਈ ਕਰਨ ।]

## UNSTARRED QUESTION No. 540

ਸਭਾ ਦੇ ਸੁਆਲ ਨਬਰ 540 ਜੋ ਮਿਤੀ 28 ਫਰਵਰੀ, 1973 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਜੰਗੀਰ ਸਿੰਘ ਜੋਗਾ, ਐਮ ਐਲ. ਏ. ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

(ਉਮਰਾਓ ਸਿੰਘ),<br>ਸਿਖਿਆ ਮੰਤਰੀ, ਪੰਜਾਬ।

ਸਕੱਤਰ,<br>ਪੰਜਾਬ ਵਿਧਾਨ ਸਭਾ।

ਗ:ਸ: ਨੰ: 2545—1ਸਿ2—72, ਮਿਤੀ ਚੰਡੀਗੜ੍ਹ 27 ਫਰਵਰੀ, 1973

## UNSTARRED QUESTION No. 541

ਸਭਾ ਦੇ ਸੁਆਲ ਨੰਬਰ 541 ਜੋ ਮਿਤੀ 28 ਫਰਵਰੀ, 1973 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਜੰਗੀਰ ਸਿੰਘ ਜੋਗਾ, ਐਮ. ਐਲ. ਏ. ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

(ਉਮਰਾਓ ਸਿੰਘ),<br>ਸਿਖਿਆ ਮੰਤਰੀ, ਪੰਜਾਬ।

ਸਕੱਤਰ,<br>ਪੰਜਾਬ ਵਿਧਾਨ ਸਭਾ।

ਗ: ਸ: ਨੰ: 2544—1 ਸਿ2—73, ਮਿਤੀ ਚੰਡੀਗੜ੍ਹ 27 ਫਰਵਰੀ, 1973

---

For Unstarred Question No. 541 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

## QUESTIONS OF PRIVILEGE

**Mr. Speaker** : Sardar Balwinder Singh, Sardar Prehlad Singh Sardar Jasdev Singh, Sardar Arjan Singh Litt and Sardar Dhanna Singh Gulshan M.L.A.s have given notice of a Privilege Motion wherein they have stated that due to the imposition of Section 144 Criminal Penal Code in Sectors 2 and 3, the civil liberties of the Members have been curtailed and they are being prevented from meeting mass deputations of their respective constituencies. I do not give my consent to the Question of Privilege being raised for the simple reason that the Members are not being prevented from attending the sittings of the House nor is there any interference in the performance of their duties as such.

**ਸਰਦਾਰ ਅਜਾਇਬ ਸਿੰਘ ਸੰਧੂ** : * * * * * * * * * * *

**ਸ੍ਰੀ ਸਪੀਕਰ** : ਜੋ ਕੁਝ ਵੀ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣਨ। (Whatever the hon. Member is saying without the permission of the Chair, should not form part of the proceedings)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਮੈਂ ਪੁਆਇੰਟ ਆਫ਼ ਪ੍ਰਿਵਿਲੇਜ ਰੇਜ਼ ਕਰਨਾ ਚਾਹੁੰਦਾ ਹਾਂ। ਮੈਂ ਇਕੋ ਵਿਅਕਤੀ ਮੇਹਰ ਸਿੰਘ ਦੇ ਨਾਂ ਤੇ ਪਾਸ ਇਸ਼ੂ ਕਰਾਉਣ ਲਈ ਕਿਹਾ ਸੀ। ਬਾਹਰੋਂ ਲਿਖ ਕੇ ਆਇਆ ਹੈ ਕਿ ਅੱਜ ਪਾਸ ਬਾਹਰੋਂ ਨਹੀਂ ਬਣਾਏ ਜਾ ਰਹੇ। ਕ੍ਰਿਪਾ ਕਰਕੇ ਅੰਦਰੋਂ ਪਾਸ ਬਣਵਾਉਣ ਦੀ ਖੇਚਲ ਕਰੋ।

**ਸ੍ਰੀ ਸਪੀਕਰ** : ਜੋਸ਼ ਸਾਹਿਬ, ਇਹ ਕੋਈ ਬਰੀਚ ਆਫ਼ ਪ੍ਰਿਵਿਲੇਜ ਤਾਂ ਹੈ ਨਹੀਂ। (Josh Sahib, there is no breach of privilege involved in it.)

**Comrade Shamsher Singh Josh** : Silence of the grave-yard is prevailing here.

**Comrade Shamsher Singh Josh**: Silence the * * prevailing here.

ਸਪੀਕਰ ਸਾਹਿਬ, ਇਸ ਅਸੈਂਬਲੀ ਦੇ ਚੈਂਬਰ ਨੂੰ ਪੁਲਿਸ ਕੈਂਪ ਨਾ ਬਣਾਇਆ ਜਾਵੇ ਅਤੇ ਲੋਕਾਂ ਨੂੰ ਆਉਣ ਦੀ ਇਜਾਜ਼ਤ ਦਿਤੀ ਜਾਵੇ। ਇਹ ਤਾਂ ਇਕ * * * * ਬਣਿਆ ਹੋਇਆ ਹੈ (ਅਪੋਜ਼ੀਸ਼ਨ ਬੈਂਚਾਂ ਵਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

**ਸ੍ਰੀ ਸਪੀਕਰ** : ਕਿਸੇ ਪ੍ਰਿਵਿਲੇਜ ਦੀ ਵਾਇਲੇਸ਼ਨ ਨਹੀਂ ਹੋਈ। ਤੁਹਾਡੀ ਸਿਕਿਉਰਟੀ, ਅਤੇ ਹਿਫਾਜ਼ਤ ਲਈ ਕੁਝ ਪ੍ਰੋਟੈਕਸ਼ਨ ਮਈਅਰਜ਼ ਲਈਆਂ ਹਨ। ਜਿਨ੍ਹਾਂ ਮੈਂਬਰਾਂ ਨੇ ਪਾਸ ਇਸ਼ੂ ਕਰਾਉਣ ਲਈ ਕਿਹਾ ਕਿਸੇ ਨੂੰ ਵੀ ਰਿਫਿਊਜ਼ ਨਹੀਂ ਕੀਤਾ। ਬਰਾੜ ਸਾਹਿਬ ਆਏ ਸਨ, ਜਿੰਨੇ ਪਾਸ ਇਨ੍ਹਾਂ ਨੇ ਕਹੇ, ਉਨੇ ਇਸ਼ੂ ਕਰ ਦਿਤੇ ਹਨ। ਇਹ ਤੁਹਾਡਾ ਵਾਧੂ ਤੌਖਲਾ ਹੈ। ਕੋਈ ਬਰੀਚ ਆਫ਼ ਪ੍ਰਿਵਲੇਜ ਤਾਂ ਬਣਦਾ ਨਹੀਂ। (No violation of privilege is involved. Some protection measures have been taken for your security. No member who asked for the issuance of passes, has

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

been refused fear. Brar Sahib has been issued as many passes as asked by him. It is meely your unfounded fear. No breach of privilege is involved).

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਹ ਗਲ ਜਿਹੜੀ ਤੁਸੀਂ ਕਹੀ ਹੈ ਕਿ ਤੁਹਾਡੀ ਸਿਕਿਉਰਿਟੀ ਅਤੇ ਸੇਫ-ਗਾਰਡ ਲਈ ਇਹ ਇੰਤਜ਼ਾਮ ਕੀਤਾ ਹੈ, ਇਹ ਇਕ ਬੜਾ ਕਰੂਅਲ ਮਜ਼ਾਕ ਹੈ। ਸਪੀਕਰ ਸਾਹਿਬ, ਸਾਨੂੰ ਜਨਤਾ ਵਲੋਂ ਡਰ ਨਹੀਂ। ਪੀਸਫਲ ਡੀਮਾਂਸਟਰੇਸ਼ਨਜ਼ ਭਾਵੇਂ 10 ਇਕ ਦਿਨ ਵਿਚ ਹੋਣ। ਚੰਡੀਗੜ੍ਹ ਵਿਚ ਦਫ਼ਾ 144 ਲਾ ਦਿਤਾ ਹੈ। ਮੈਂ ਵਿਧਾਨ ਸਭਾ ਦਾ ਮੈਂਬਰ ਹਾਂ। ਮੈਨੂੰ ਨਾਰਮਲ ਰਸਤੇ ਤੋਂ ਆਉਣ ਨਹੀਂ ਦਿਤਾ ਗਿਆ। ਸਾਰੇ ਵਹੀਕਲਜ਼ ਡਾਈਵਰਟ ਕੀਤੇ ਗਏ।

**ਸ੍ਰੀ ਸਪੀਕਰ** : ਜਦੋਂ ਵੀ ਕੋਈ ਬਹਾਦਰ ਸਿਪਾਹੀ ਲੜਨ ਜਾਂਦਾ ਹੈ ਤਾਂ ਉਹ ਕਹਿੰਦਾ ਹੈ ਕਿ ਮੈਨੂੰ ਕੋਈ ਡਰ ਨਹੀਂ, ਪਰ ਉਸ ਦੀ ਪ੍ਰੋਟੈਕਸ਼ਨ ਲਈ ਗਨਾਂ, ਟੈਂਕ ਵਗੈਰਾ ਦਿਤੇ ਜਾਂਦੇ ਹਨ। ਤੁਹਾਡੀ ਸਿਕਿਉਰਿਟੀ ਦੀ ਰਿਸਪਾਂਸੀਬਿਲਟੀ ਮੇਰੀ ਹੈ। (Whenever a brave soldier goes to fight he says that he has no fear. But tanks, guns etc. are provided to him for his protection. Your security is my responsibility.)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ, ਲੋਕਾਂ ਨੂੰ ਅਸੈਂਬਲੀ ਦਾ ਇਜਲਾਸ ਵੇਖਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਅਸੀਂ ਲੋਕਾਂ ਵਿਚੋਂ ਚੁਣ ਕੇ ਆਏ ਹਾਂ।

**ਸ੍ਰੀ ਸਪੀਕਰ** : ਅਸੀਂ ਆਰਡੀਨਰੀ ਇਕ ਮੈਂਬਰ ਨੂੰ ਦੋ ਪਾਸ ਇਸ਼ੂ ਕਰਦੇ ਹਾਂ। ਬਰਾੜ ਸਾਹਿਬ, ਤੁਸੀਂ ਅੱਜ ਕਿੰਨੇ ਪਾਸ ਲੈ ਗਏ ਹੋ ? (Ordinarily we issue two passes to a Member. Brar sahib, how many passes have been issued to you today?)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਮੈਂ ਤੁਹਾਡਾ ਸ਼ੁਕਰ ਗੁਜ਼ਾਰ ਹਾਂ। ਲੇਕਿਨ ਲੋਕਾਂ ਨੂੰ ਵੀ ਇੱਥੇ ਆਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

**ਸ੍ਰੀ ਸਪੀਕਰ** : ਮੈਂ ਇਹ ਪਰਸਨਲ ਜਾਣਕਾਰੀ ਲਈ ਕੀਤਾ ਹੈ ਕਿ ਆਇਆ ਆਦਮੀ ਠੀਕ ਹਨ ਜਾਂ ਨਹੀਂ। ਬਾਹਰ × × × × ਕਈ ਲੋਕ ਫਿਰਦੇ ਹਨ। ਸਾਨੂੰ ਉਨ੍ਹਾਂ ਤੋਂ ਖਤਰਾ ਹੈ। ਮੈਂ ਨਹੀਂ ਚਾਹੁੰਦਾ ਕਿ ਹਾਊਸ ਵਿਚ ਕੋਈ ਐਸਾ ਇਨਸੀਡੈਂਟ ਹੋਵੇ। (I have made arrangements to check the antecedents of the visitors. There are some * * * persons outside and my intention is to guard the House against any untoward incident.)

**ਸਰਦਾਰ ਅਜਾਇਬ ਸਿੰਘ** ਸੰਧੂ : ਸਪੀਕਰ ਸਾਹਿਬ, ਗਿਆਨੀ ਜੀ ਨੇ ਇੱਕ ਮਹੀਨੇ ਵਾਸਤੇ ਦਫਾ 144 ਲਵਾ ਦਿੱਤੀ ਹੈ। ਇਹ ਪੁਲਿਸ ਰਾਜ ਕਦੋਂ ਤਕ ਚਲੇਗਾ ? (ਸ਼ੋਰ) (ਵਿਘਨ)

**ਕਾਮਰੇਡ ਦਰਸ਼ਨ ਸਿੰਘ** ਕਨੇਡੀਅਨ : ਸਪੀਕਰ ਸਾਹਿਬ, ਇਨ੍ਹਾਂ ਨੂੰ ਕੀ ਖਤਰਾ ਪੈਦਾ ਹੋ ਗਿਆ ਹੈ ?

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਨ੍ਹਾਂ ਨੂੰ ਕੋਈ ਖਤਰਾ ਨਹੀਂ ਪਰ ਤੁਹਾਨੂੰ ਜ਼ਰੂਰ ਖਤਰਾ ਹੈ। ਮੈਂ ਤੁਹਾਨੂੰ ਪ੍ਰੋਟੈਕਟ ਕਰਨਾ ਚਾਹੁੰਦਾ ਹਾਂ। They (Akali Members ) are in no danger but you (Communist Members) are. I want to protect you).

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਬੜਾ ਸਿੱਧਾ ਹੈ। ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੇ ਇਸ ਆਗਸਟ ਹਾਊਸ ਨੂੰ, ਜਿਥੇ ਅਸੀਂ ਜਿਊਂਦੇ ਜਾਗਦੇ, ਉਚੀ ਨੀਵੀਂ ਬੋਲਦੇ ਹਾਂ, * * * ਕਿਹਾ ਹੈ। ਇਹ ਸ਼ਬਦ ਇਨ੍ਹਾਂ ਨੂੰ ਵਿਦਡਰਾ ਕਰਨਾ ਚਾਹੀਦਾ ਹੈ।

**ਸ੍ਰੀ ਸਪੀਕਰ** : ਇਹ ਗੱਲ ਵਾਕਿਆ ਹੀ ਮਾੜੀ ਹੈ। ਇਹ ਪ੍ਰੋਸੀਡਿੰਗਜ਼ ਦਾ ਪਾਰਟ ਨਹੀਂ ਬਣਨਾ ਚਾਹੀਦਾ। (This expression is really in bad taste. This should not form part of the proceedings।

**ਸਰਦਾਰ ਅਜਾਇਬ ਸਿੰਘ ਸੰਧੂ** : * * * *

**ਸ੍ਰੀ ਸਪੀਕਰ** : ਇਹ ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਹਾਊਸ ਦੀ ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣੇ। (Whatever the hon. Member is saying without the permission of the Chair should not form part of the proceedings) .

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਹ ਗੁਰਦੁਆਰਿਆਂ ਦੇ ਸੇਵਾਦਾਰ ਜ਼ਰੂਰ ਹਨ, ਲੋਕਾਂ ਦੇ ਸੇਵਾਦਾਰ ਨਹੀਂ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਰੂਲਜ਼ ਦੇ ਮੁਤਾਬਿਕ ਪਹਿਲਾਂ ਐਡਜਰਨਮੈਂਟ ਮੋਸ਼ਨ ਆਉਂਦੀ ਹੈ ਅਤੇ ਬਾਦ ਵਿਚ ਕਾਲ ਅਟੈਨਸ਼ਨ ਮੋਸ਼ਨ । ਪੰਜਾਬ ਦੀ ਸਾਰੀ ਇਕਾਨਮੀ ਪਾਵਰ ਸ਼ਾਰਟੇਜ ਕਾਰਨ ਤਬਾਹ ਹੋ ਰਹੀ ਹੈ। ਇਸ ਬਾਰੇ 10 ਮੈਂਬਰਾਂ ਵਲੋਂ ਇਕ ਐਡਜਰਨਮੈਂਟ ਮੋਸ਼ਨ ਆਈ ਹੋਈ ਹੈ ।

**ਸ੍ਰੀ ਸਪੀਕਰ** : ਉਹ ਡਿਸਅਲਾਓ ਹੋਈ ਹੈ ਅਤੇ ਤੁਹਾਨੂੰ ਕਨਵੇ ਵੀ ਕਰ ਦਿਤਾ ਹੈ । ਜੇਕਰ ਤੁਹਾਨੂੰ ਕੋਈ ਇਤਰਾਜ਼ ਹੈ ਤਾਂ ਮੇਰੇ ਚੈਂਬਰ ਵਿਚ ਆ ਕੇ ਡਿਸਕਸ ਕਰ ਲਓ । That adjournment Motion has been disallowed and the decision has been conveyed to you. If you have any objection please come to my Chamber to discuss it).

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਤੁਸੀਂ ਰੀਜ਼ਨ ਇਹ ਦਿਤਾ ਹੈ ਕਿ ਬਜਟ ਸੈਸ਼ਨ ਵਿਚ ਕੋਈ ਐਡਜਰਨਮੈਂਟ ਮੋਸ਼ਨ ਅਲਾਓ ਨਹੀਂ ਹੁੰਦੀ । ਲੋਕ ਸਭਾ ਦੇ ਪ੍ਰੈਸੀਡੈਂਟਸ ਤੁਸੀਂ ਫਾਲੋ ਕਰਦੇ ਹੋ । ਪਰ ਲੋਕ ਸਭਾ ਵਿਚ ਤਾਂ ਇਸ ਕਾਰਨ ਕੋਈ ਡਿਸਅਲਾਓ ਨਹੀਂ ਹੁੰਦੀ।

**ਸ੍ਰੀ ਸਪੀਕਰ** : ਡਾਂਗ ਸਾਹਿਬ, ਤੁਸੀਂ ਮੇਰੇ ਚੈਂਬਰ ਵਿਚ ਕਿਸੇ ਵਕਤ ਤਸ਼ਰੀਫ ਲੈ ਆਉਣਾ ਮੈਂ ਰੀਜ਼ਨ ਦਸ ਦਿਆਂਗਾ ਜੀ। ਇਸ ਲਈ ਹੁਣ ਤੁਸੀਂ ਕਾਲ ਅਟੈਨਸ਼ਨ ਨੋਟਸ ਪੜ੍ਹੋ, ਕਿਉਂਕਿ ਮੈਂ

---

Expunged as ordered by the chair.

Original with;
Punjab Vidhan Sabha
Digitized by;
Panjab Digital Library

ਤਾਂ ਆਪ ਨੂੰ ਕਾਲ-ਅਟੈਨਸ਼ਨ ਲਈ ਕਾਲ ਅਪਾਨ ਕੀਤਾ ਹੈ।

(Dang Sahib please come to my Chamber any time and I will let you know the reasons. You may now read your call attention notice for which I have called upon you.)

**ਸਰਦਾਰ ਜਸਵਿੰਦਰ ਸਿੰਘ ਬਰਾੜ** : * * * * (ਵਿਘਨ (ਸ਼ੋਰ)

**ਸ੍ਰੀ ਸਪੀਕਰ** : ਜੋ ਕੁਝ ਬਰਾੜ ਸਾਹਿਬ ਕਹਿ ਰਹੇ ਹਨ It should not form part of the proceedings (whatever the hon. Member Sardar Jaswinder Singh Brar is saying it should not form part of the proceedings).

**ਸਰਦਾਰ ਅਜਾਇਬ ਸਿੰਘ ਸੰਧੂ** : ਆਨ ਏ ਪੁਆਇੰਟ ਆਫ ਆਰਡਰ, ਸਰ।

ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਮੋਸ਼ਨਜ਼ ਨੂੰ ਡਿਸਅਲਾਓ ਕਿਉਂ ਕੀਤਾ ਹੈ। ਇਹ ਨਹੀਂ ਹੋਣਾ ਚਾਹੀਦਾ। ਡਿਸਕਸ਼ਨ ਹੋਣੀ ਚਾਹੀਦੀ ਹੈ। (ਵਿਘਨ) ਜੇ ਅਸੀਂ ਕੁਝ ਬੋਲਦੇ ਹਾਂ ਤਾਂ ਤੁਸੀਂ ਐਕਸਪੰਜ ਕਰਵਾ ਦਿੰਦੇ ਹੋ। ਇਹ ਨਹੀਂ ਹੋਣਾ ਚਾਹੀਦਾ।

**ਸ੍ਰੀ ਸਪੀਕਰ** : ਸੰਧੂ ਸਾਹਿਬ, ਮੈਂ ਦਸ ਵਾਰ ਬੇਨਤੀ ਕੀਤੀ ਹੈ ਕਿ 104 ਮੈਂਬਰਜ਼ ਹਨ। ਜੇਕਰ ਸਾਰੇ ਹੀ ਆਪਣੀ ਮਰਜ਼ੀ ਨਾਲ ਬੋਲਦੇ ਰਹਿਣ ਤਾਂ ਹਾਊਸ ਦੀ ਕਾਰਵਾਈ ਠੀਕ ਤਰ੍ਹਾਂ ਨਹੀਂ ਚਲ ਸਕਦੀ। (ਇਸ ਸਮੇਂ ਸਰਦਾਰ ਜਸਵਿੰਦਰ ਸਿੰਘ ਬਰਾੜ ਕੁਝ ਬੋਲਣ ਲਈ ਖੜ੍ਹੇ ਹੋਏ।) (ਵਿਘਨ) Please resume your seat

(Sandhu Sahib I have already stated a number of times that if all the 104 members of the House were to start speaking simultaneously without seeking my permission the House could not be conducted properly. (At this stage Sardar Jaswinder Singh Brar rose to say something) Please resume your seat.)

**ਸਰਦਾਰ ਅਜਾਇਬ ਸਿੰਘ ਸੰਧੂ** : * * * * *

**ਸ੍ਰੀ ਸਪੀਕਰ** : ਜੋ ਕੁਝ ਸੰਧੂ ਸਾਹਿਬ ਬਿਨਾਂ ਆਗਿਆ ਬੋਲ ਰਹੇ ਹਨ ਇਹ ਸਦਨ ਦੀ ਕਾਰਵਾਈ ਦਾ ਭਾਗ ਨਾ ਬਣੇ। (Whatever the hon. Member sardar Ajaib Singh Sandhu is saying without the permission of the Chair that should not form part of the proceedings).

## CALL ATTENTION NOTICES UNDER RULE 66

Serial No. 8

**Comrade Satya Pal Dang** : Sir, I beg to draw the attention of the Government towards a matter of urgent public importance, namely, on the call of Punjab Trade Union Congress industrial workers have organised

---

*Expunged as ordered by the chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤ ਪਾਲ ਡਾਂਗ]

dharnas on 27th February, 1973 in the district headquarters and are preparing for one day protest strike on 14th March, 1973. The industrial workers of the State are demanding a minimum wage of Rs. 250 per month; minimum increase of 25 per cent in wages of all; enforcement by law of the principle of a permanent worker for a permanent job; full compensation for loss in earning because of power cut.

In view of the obvious and urgent importance of the matter the Government may please be asked to make a statement in the House.

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted the hon. Minister concerned may please make a statement.

ਕ੍ਰਮ ਨੰ: 11

**ਕਾਮਰੇਡ ਮਹਿਤਾਬ ਸਿੰਘ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਫਾਜ਼ਿਲਕਾ ਬਾਰਡਰ ਉਤੇ 10 ਪਿੰਡਾਂ ਦੇ ਜੰਗ-ਪੀੜਤ ਲੋਕਾਂ ਦਾ ਰਾਸ਼ਨ ਬੰਦ ਕਰ ਦਿਤਾ ਗਿਆ ਹੈ ਜਿਸ ਨਾਲ ਇਨ੍ਹਾਂ ਪਿੰਡਾਂ ਦੇ ਵਸਨੀਕ ਸੜਕਾਂ ਤੇ ਨਹਿਰਾਂ ਕਿਨਾਰੇ ਬੈਠੇ ਹਨ ਅਤੇ ਰਾਸ਼ਨ ਨਾ ਮਿਲਣ ਕਾਰਨ ਭੁੱਖੇ ਮਰ ਰਹੇ ਹਨ। ਜਦੋਂ ਕਿ ਇਨ੍ਹਾਂ ਪਿੰਡਾਂ ਦੇ ਮਕਾਨ ਤਬਾਹ ਹੋ ਚੁਕੇ ਹਨ, ਫਸਲਾਂ ਬੀਜੀਆਂ ਨਹੀਂ ਜਾ ਸਕੀਆਂ, ਟਿਊਬਵੈਲਾਂ ਦੇ ਬੋਰ ਜੰਗ ਸਮੇਂ ਦੇ ਪਾਕਿਸਤਾਨ ਧਾੜਵੀ ਚੁਕ ਕੇ ਲੈ ਗਏ ਹਨ ਜਿਸ ਕਾਰਨ ਪਾਣੀ ਪੀਣ ਲਈ ਭੀ ਮਿਲਣਾ ਔਖਾ ਹੋ ਰਿਹਾ ਹੈ।

ਸਰਕਾਰ ਆਪਣੇ ਵਾਹਦੇ ਮੁਤਾਬਕ ਅਪ੍ਰੈਲ, 1973 ਤਕ ਦਾ ਰਾਸ਼ਨ ਦੇਵੇ ਅਤੇ ਮਕਾਨਾਂ ਤੇ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਵੇ ਤਾਂ ਜੋ ਇਹ ਲੋਕ ਪੱਕੇ ਤੌਰ ਤੇ ਵਸ ਸਕਣ।

ਸਰਕਾਰ ਇਸ ਸਾਰੀ ਪੁਜ਼ੀਸ਼ਨ ਦਾ ਸਪੱਸ਼ਟੀਕਰਣ ਕਰੇ ਅਤੇ ਬਿਆਨ ਦੇਵੇ।

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted, the hon. Minister concerned may please make a statement.)

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਪਿੰਡਾਂ ਦਾ ਨਾਉਂ ਨਹੀਂ ਦਸਿਆ। ਇਨ੍ਹਾਂ ਨੂੰ ਨਾਉਂ ਵੀ ਦਸ ਦੇਣੇ ਚਾਹੀਦੇ ਸਨ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ, ਇਹ ਉਹੀ ਪਿੰਡ ਹਨ ਜਿਹੜੇ ਕਿ ਪਾਕਿਸਤਾਨ ਤੋਂ ਤੁਹਾਡੇ ਕਬਜ਼ੇ ਵਿਚ ਆਏ ਹਨ। (These are the same villages possession of which has been retaken from Pakistan).

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਹ ਅਧੂਰਾ ਸਵਾਲ ਹੈ। ਇਸ ਲਈ ਇਹ ਇਸ ਨੂੰ ਦੁਬਾਰਾ ਹਾਊਸ ਵਿਚ ਲੈ ਆਉਣ। ਇਸ ਵਿਚ ਪਿੰਡਾਂ ਦੇ ਨਾਉਂ ਜ਼ਰੂਰ ਆਉਣੇ ਚਾਹੀਦੇ ਹਨ।

**ਕਾਮਰੇਡ ਮਹਿਤਾਬ ਸਿੰਘ** : ਸਪੀਕਰ ਸਾਹਿਬ, ਇਹ ਫਾਜ਼ਿਲਕਾ ਦੇ ਇਲਾਕੇ ਦਾ ਦੌਰਾ ਕਰਨ ਗਏ ਸਨ ਤਾਂ ਇਨ੍ਹਾਂ ਨੂੰ ਦਸਾਂ ਪਿੰਡਾਂ ਦੇ ਨਾਉਂ ਨੋਟ ਕਰਵਾਏ ਸਨ।

Original with;
Punjab Vidhan Sabha
Digitized by;
Panjab Digital Library

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਕੋਈ ਨਾਉਂ ਨਹੀਂ ਦਸੇ ਅਤੇ ਨਾ ਹੀ ਇਹ ਦਸ ਸਕਦੇ ਹਨ ਕਿਉਂਕਿ ਉਹ ਪਿੰਡ ਇਨ੍ਹਾਂ ਦੇ ਹਲਕੇ ਵਿਚ ਨਹੀਂ ਹਨ।

**ਕਾਮਰੇਡ ਮਹਿਤਾਬ ਸਿੰਘ** : ਸਪੀਕਰ ਸਾਹਿਬ, ਮੈਨੂੰ ਜ਼ਬਾਨੀ ਯਾਦ ਹਨ। ਚੰਗੜ ਬਲ, ਬਲ ਬਹਾਰ, ........... ਸਪੀਕਰ ਸਾਹਿਬ, ਇਹ ਲਿਖਦੇ ਕਿਉਂ ਨਹੀਂ ਹਨ ਹੁਣ ਲਿਖ ਲੈਣ।

(Serial No. 13)

**Comrade Raj Kumar** : Sir, I beg to draw the attention of the Government towards a matter of urgent public importance, namely, the failure of brick-kiln owners in many districts of the State to release bricks to Government Departments, particularly P.W.D. (B.& R.), which has resulted in the holding up of the completion of sanctioned roads programme by 31st March, 1973. In view of the visible loss demand has been made in hundred of public meetings in the State and in press for the use of DIR for taking over the stocks of bricks of the kiln owners in order to ensure completion of road building programme in time. There is large amount of anxiety in the State due to continuing uncertainty about availability of bricks in ordinary course hence consequent delay in completion of sanctioned roads by 31st of March, 1973. In view of the obvious importance of the matter, Government may be asked to make statement in this House.

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ।
(Admitted The hon. Minister concerned may please make a statement).

---

## ANNOUNCEMENT BY THE SPEAKER

### The Panel of Chairmen

**Mr. Speaker** : Under Rule 13(1) of the Rules of Procedure and Conduct of Business in the Punjab Legislative Assembly, I nominate the following Members to serve on the Panel of Chairmen —

1. Mrs. Gurbrinder Kaur Brar.
2. Chaudhri Darshan Singh
3. Sardar Jaswinder Singh Brar.
4. Comrade Raj Kumar.

## CALL ATTENTION NOTICES UNDER RULE 66 (*Resumption*)

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਤੁਸੀਂ ਕਾਲ ਅਟੈਨਸ਼ਨ ਮੋਸ਼ਨਜ਼ ਰੀਜੈਕਟ ਕੀਤੀਆਂ ਹਨ ਇਸ ਗਰਾਊਂਡ ਉਤੇ ਕਿ ਇਨ੍ਹਾਂ ਬਾਰੇ ਸਵਾਲ ਹਨ। ਸਪੀਕਰ ਸਾਹਿਬ, ਕਸਤੂਰਬਾ ਇਨਸਟੀਚਿਊਟ ਦੇ ਟੀਚਰਜ਼ ਹਿਊਮਿਲੀਏਟ ਕੀਤੇ ਗਏ ਹਨ। ਕੁਐਸਚਨਜ਼ ਵਿਚ ਇਨਫਰਮੇਸ਼ਨ ਸੀਕ ਕੀਤੀ ਜਾਂਦੀ ਹੈ। ਜੇਕਰ ਕਾਲ ਅਟੈਂਸ਼ਨ ਨੋਟਿਸਿਜ਼ ਰਾਹੀਂ ਵੀ ਇਨਫਰਮੇਸ਼ਨ ਸੀਕ ਕਰ ਲਈ ਜਾਵੇ ਤਾਂ ਉਸ ਨੂੰ ਬਾਰ ਨਹੀਂ ਕਰਨਾ ਚਾਹੀਦਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਡਾਂਗ ਸਾਹਿਬ, ਤੁਸੀਂ ਸਮਾਂ ਬਹੁਤ ਮੰਗਦੇ ਹੋ। ਇਸ ਲਈ ਕਿਸੇ ਇਕ ਮਸਲੇ ਉਪਰ ਹੀ ਜ਼ਿਆਦਾ ਸਮਾਂ ਲਗਾਉਣ ਨਾਲ ਹਾਊਸ ਦੀ ਕਾਰਵਾਈ ਪੂਰੀ ਨਹੀਂ ਹੁੰਦੀ । (Dang Sahib, you ask for excessive amount of time for every item which, if given, would upset our schedule.)

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਹ ਲੋਕ ਸਭਾ ਦਾ ਹਵਾਲਾ ਦਿੰਦੇ ਹਨ ਉਥੇ ਤਾਂ ਇਕ ਕਾਲ ਅਟੈਂਨਸ਼ਨ ਹੁੰਦੀ ਹੈ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜੇਕਰ ਇਹ ਆਪਣੇ ਕੀਤੇ ਵਾਇਦਿਆਂ ਤੋਂ ਮੁਨਕਰ ਹੋ ਜਾਣ ਤਾਂ ਮੈਂ ਕੀ ਕਰਾਂ। ਸਪੀਕਰ ਸਾਹਿਬ, 21 ਟੀਚਰ ਬਾਹਰ ਫਿਰਦੇ ਹਨ। ਪੰਜਾਬ ਵਿਚ ਰੌਲਾ ਪਿਆ ਹੋਇਆ ਹੈ। ਸਾਰੇ ਪੰਜਾਬ ਵਿਚ ਟੀਚਰਾਂ ਦਾ ਮੁਜ਼ਾਹਰਾ ਹੋਇਆ ਹੈ। ਇਹ ਬੜਾ ਅਰਜੈਂਟ ਮਾਮਲਾ ਹੈ ਇਸ ਲਈ ਇਹ ਕਾਲ ਅਟੈਨਸ਼ਨ ਐਡਮਿਟ ਹੋਣੀ ਚਾਹੀਦੀ ਹੈ। (ਵਿਘਨ)

---

## ANNOUNCEMENTS BY THE SPEAKER

### *Re.* Nomination of Committee on Petitions

**Mr. Speaker** : Under Rule 250(1) of the Rules of Procedure and Conduct of Business in the Punjab Legislative Assembly, I nominate the following Members to serve on the Committee on Petitions :—

1. Dr. Kewal Krishan (Deputy Speaker) Ex. Officio Chairman
2. Mrs. Gurbrinder Kaur Brar.
3. Giani Arjan Singh Litt.
4. Comrade Dana Ram.
5. Shri Piara Ram Dhanowali.

### *Re.* Governor's Address

**Mr. Speaker** : In pursuance of Rule 18 of the Rules of Procedure and Conduct of Business in the Punjab Legislative Assembly, I have to report that the Governor was pleased to address the Punjab Vidhan Sabha on Tuesday, the 27th February, 1973 under Article 176(1) of the Constitution. A copy of the Address is laid on the Table of the House.

ਸ੍ਰੀ ਰਾਜਪਾਲ ਦਾ ਭਾਸ਼ਨ ਜੋ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੇ ਸਾਹਮਣੇ 27 ਫਰਵਰੀ, 1973 ਨੂੰ ਦਿਤਾ।

ਦੋਸਤੋ, ਵਿਧਾਨ ਸਭਾ ਦੇ ਇਸ ਸਾਲ ਦੇ ਪਹਿਲੇ ਸਮਾਗਮ ਤੇ ਆਉਣ ਲਈ ਮੈਂ ਆਪ ਜੀ ਨੂੰ ਸੁਭ ਇਛਾਵਾਂ ਭੇਂਟ ਕਰਨ ਅਤੇ ਆਪ ਦਾ ਸੁਆਗਤ ਕਰਨ ਵਿਚ ਬਹੁਤ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ।

ਵਰਤਮਾਨ ਸਮਾਂ ਬੜੀ ਇਤਿਹਾਸਕ ਮਹੱਤਤਾ ਵਾਲਾ ਹੈ, ਕਿਉਂ ਜੋ ਅਸੀਂ ਆਪਣੀ ਸੁਤੰਤਰਤਾ ਦੀ 25ਵੀਂ ਵਰ੍ਹੇ-ਗੰਢ ਮਨਾ ਰਹੇ ਹਾਂ। ਆਜ਼ਾਦੀ ਦੇ ਕੌਮੀ ਘੋਲ ਵਿਚ ਜਿਨ੍ਹਾਂ ਸ਼ਹੀਦਾਂ ਅਤੇ ਸੁਤੰਤਰਤਾ-ਸੰਗਰਾਮੀਆਂ ਨੇ ਮਹਾਨ ਹਿੱਸਾ ਪਾਇਆ ਹੈ ਉਨ੍ਹਾਂ ਦਾ ਵੱਧ ਤੋਂ ਵੱਧ ਸਨਮਾਨ ਕਰਨਾ ਸਾਡਾ ਫਰਜ਼ ਬਣਦਾ ਹੈ। ਭਾਵੇਂ ਜਿੰਨੀ ਵੀ ਮਾਇਕ ਸਹਾਇਤਾ ਦਿੱਤੀ ਜਾਵੇ, ਉਨ੍ਹਾਂ ਦੀਆਂ ਵਡਮੁਲੀਆਂ ਕੁਰਬਾਨੀਆਂ

Original with;
Punjab Vidhan Sabha
Digitized by;
Panjab Digital Library

ਦਾ ਅਹਿਸਾਨ ਨਹੀਂ ਚੁਕਾਇਆ ਜਾ ਸਕਦਾ, ਤਾਂ ਵੀ, ਮੇਰੀ ਸਰਕਾਰ ਸੁਤੰਤਰਤਾ-ਸੰਗਰਾਮੀਆਂ ਦੀ ਭਲਾਈ ਲਈ ਵਿਸ਼ੇਸ਼ ਤੌਰ ਤੇ ਸਰਗਰਮ ਰਹੀ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੇਰੀ ਸਰਕਾਰ ਨੇ ਸ਼ਹੀਦ-ਇ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਮਾਤਾ ਨੂੰ ਮਿਤੀ 1 ਜਨਵਰੀ, 1973 ਨੂੰ ਪੰਜਾਬ ਮਾਤਾ ਦੇ ਤੌਰ ਤੇ ਸਨਮਾਨਣ ਦੀ ਪਹਿਲ ਕੀਤੀ ਅਤੇ ਉਨ੍ਹਾਂ ਨੂੰ ਇਕ ਕਾਰ ਭੇਟ ਕਰਨ ਤੋਂ ਇਲਾਵਾ ਜੀਵਨ ਭਰ ਲਈ 1,000 ਰੁਪਏ ਮਾਹਵਾਰ ਪੈਨਸ਼ਨ ਦੇਣ ਦਾ ਵੀ ਐਲਾਨ ਕੀਤਾ। ਇਸ ਤਰ੍ਹਾਂ ਸਾਰੇ ਸੁਤੰਤਰਤਾ-ਸੰਗਰਾਮੀਆਂ ਲਈ 25 ਰੁਪਏ ਦੀ ਘੱਟ ਤੋਂ ਘੱਟ ਮਾਲੀ ਸਹਾਇਤਾ ਨੂੰ ਵਧਾ ਕੇ 50 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ ਅਤੇ ਕੁਝ ਉਚਿਤ ਕੇਸਾਂ ਵਿਚ ਤਿੰਨ ਸੌ ਰੁਪਏ ਮਾਹਵਾਰ ਤਕ ਦੀਆਂ ਪੈਨਸ਼ਨਾਂ ਪਰਵਾਨ ਕੀਤੀਆਂ ਗਈਆਂ ਹਨ। ਸੁਤਤਰਤਾ-ਸੰਗਰਾਮੀਆਂ ਲਈ ਡਾਕਟਰੀ ਸਹੂਲਤਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਵਿਦਿਅਕ ਸਹੂਲਤਾਂ ਵਿਚ ਵੀ ਵਾਧਾ ਕੀਤਾ ਗਿਆ ਹੈ।

ਜਿਵੇਂ ਕਿ ਆਪ ਸਭ ਨੂੰ ਪਤਾ ਹੈ, ਪਿਛਲੇ ਭਾਰਤ-ਪਾਕਿ ਯੁਧ ਵਿਚ ਸਾਡੀਆਂ ਹਥਿਆਰ ਬੰਦ ਫੌਜਾਂ ਦੇ ਜਵਾਨ ਹਰ ਮੋਰਚੇ ਵਿਚ ਸਭ ਤੋਂ ਅੱਗੇ ਸਨ। ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਬਹਾਦਰੀ ਦੇ ਸਭ ਤੋਂ ਵੱਧ ਇਨਾਮ ਪੰਜਾਬ ਦੇ ਅਫਸਰਾਂ ਅਤੇ ਜਵਾਨਾਂ ਨੇ ਜਿੱਤੇ ਹਨ, ਜਿਨ੍ਹਾਂ ਵਿਚ 1 ਪਰਮ ਵੀਰ ਚੱਕਰ, 14 ਮਹਾਂ ਵੀਰ ਚੱਕਰ ਅਤੇ 76 ਵੀਰ ਚੱਕਰ ਹਨ। ਉਨ੍ਹਾਂ ਦੀ ਸੂਰਬੀਰਤਾ ਦਾ ਸਨਮਾਨ ਕਰਦਿਆਂ ਉਨ੍ਹਾਂ ਦੇ ਇਨਾਮਾਂ ਦੀਆਂ ਰਕਮਾਂ ਵਿਚ ਵੀ ਨਿੱਗਰ ਵਾਧਾ ਕੀਤਾ ਗਿਆ ਹੈ ।

ਸਾਡੇ ਸੂਰਬੀਰ ਬਾਵਰਦੀ ਸੈਨਕਾਂ ਦੇ ਨਾਲ ਨਾਲ, ਸਰਹੱਦ ਤੇ ਵਸਦੇ ਨਿਡਰ ਅਤੇ ਦੇਸ਼ ਭਗਤ ਲੋਕ ਵੀ ਸਾਡੇ ਵਿਸ਼ੇਸ਼ ਧਿਆਨ ਦੇ ਹੱਕਦਾਰ ਹਨ, ਜਿਨ੍ਹਾਂ ਨੇ ਜੰਗ ਦੇ ਦੌਰਾਨ ਕਾਫੀ ਨੁਕਸਾਨ ਉਠਾਇਆ। ਮੇਰੀ ਸਰਕਾਰ ਜੰਗ ਦੇ ਦੌਰਾਨ ਬੇ-ਘਰ ਹੋਏ ਲੋਕਾਂ ਨੂੰ ਸ਼ੀਘਰ ਹੀ ਮੁੜ-ਵਸਾਉਣ ਲਈ ਹਰ ਸੰਭਵ ਯਤਨ ਕਰਦੀ ਰਹੀ ਹੈ। ਤਦਅਰਥੀ ਗੁਜ਼ਾਰਾ ਗ੍ਰਾਂਟਾਂ, ਐਕਸ ਗ੍ਰੇਸ਼ੀਆ ਗ੍ਰਾਂਟਾਂ, ਮਕਾਨਾਂ, ਦੁਕਾਨਾਂ, ਸ਼ੈਡਾਂ ਅਤੇ ਸਟੋਰਾਂ ਦੀ ਮੁਰੰਮਤ, ਮੁੜ-ਉਸਾਰੀ ਲਈ ਸਹਾਇਤਾ ਅਤੇ ਪਸ਼ੂਆਂ ਤੇ ਫ਼ਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਦੀ ਸ਼ਕਲ ਵਿਚ 13 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਮੇਰੀ ਸਰਕਾਰ ਨੇ ਇਨ੍ਹਾਂ ਬਹਾਦਰ ਲੋਕਾਂ ਨੂੰ ਅਧਿਕ ਸਹਾਇਤਾ ਦੇਣ ਵਾਸਤੇ ਵਿਸ਼ੇਸ਼ ਫ਼ੰਡ ਐਲੋਕੇਟ ਕਰਾਉਣ ਲਈ ਕੇਂਦਰੀ ਸਰਕਾਰ ਨਾਲ ਗਲ ਬਾਤ ਸ਼ੁਰੂ ਕੀਤੀ ਹੋਈ ਹੈ। ਅੰਤਰ-ਰਾਸ਼ਟਰੀ ਬਾਰਡਰ ਦੇ ਨਾਲ ਨਾਲ 16 ਕਿਲੋ ਮੀਟਰ ਚੌੜੀ ਜ਼ਮੀਨ ਦੀ ਪੱਟੀ ਦੇ ਵਿਕਾਸ ਅਤੇ ਸਥਾਈ ਸਹਾਇਤਾ ਲਈ ਮੇਰੀ ਸਰਕਾਰ ਨੇ ਭੋਂ ਮਾਲੀਆ ਮਾਫ਼ ਕਰਨ ਅਤੇ ਇਲਾਕੇ ਦੇ ਸੰਗਠਿਤ ਵਿਕਾਸ ਲਈ ਜ਼ਰੂਰੀ ਸਾਧਨ ਅਪਣਾਉਣ ਦਾ ਫ਼ੈਸਲਾ ਕੀਤਾ ਹੈ।

ਮੇਰੀ ਸਰਕਾਰ ਨੇ ਸਮਾਜਕ ਅਤੇ ਆਰਥਕ ਤਬਦੀਲੀ ਲਿਆਉਣ, ਗਰੀਬੀ, ਅਨਪੜ੍ਹਤਾ ਅਤੇ ਅਸਮਾਨਤਾ ਨੂੰ ਦੂਰ ਕਰਨ ਲਈ ਜੋ ਬਚਨ ਦਿੱਤੇ ਹਨ ਉਨ੍ਹਾਂ ਦੀ ਪੂਰਤੀ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ।

ਸਰਕਾਰ ਨੇ ਰਾਜ ਵਿਚ ਯੋਜਨਾਬੰਦੀ ਅਤੇ ਵਿਕਾਸ ਨੂੰ ਇਕ ਨਵੀਂ ਸੇਧ ਦਿੱਤੀ ਹੈ। ਇਸ ਨੇ ਉਦੇਸ਼ਾਂ ਵਿਚ ਇਕ ਨਵੀਂ ਸਪੱਸ਼ਟਤਾ ਲਿਆਂਦੀ ਹੈ ਅਤੇ ਇਨ੍ਹਾਂ ਦੀ ਪੂਰਤੀ ਲਈ ਨਵੇਂ ਢੰਗ ਸੋਚੇ ਹਨ । ਯੋਜਨਾ ਵਿਚ ਲਾਈ ਜਾਣ ਵਾਲੀ ਪੂੰਜੀ ਨੂੰ ਵਧਾਉਣ ਲਈ ਆਮਦਨ ਦੇ ਸਾਰੇ ਵਸੀਲੇ ਜੁਟਾਏ ਜਾ ਰਹੇ ਹਨ ਤਾਂ ਜੋ ਵਿਕਾਸ ਦੀ ਉਚੇਰੀ ਦਰ ਪ੍ਰਾਪਤ ਕੀਤੀ ਜਾ ਸਕੇ ਅਤੇ ਸਮੁੱਚੀ ਜਨਤਾ ਨੂੰ, ਵਿਸ਼ੇਸ਼ ਕਰਕੇ ਗ਼ਰੀਬ ਤਬਕੇ ਦੇ ਲੋਕਾਂ ਨੂੰ, ਚੰਗੇਰੀਆਂ ਸਮਾਜਕ ਸਹੂਲਤਾਂ ਮੁਹੱਈਆ ਕੀਤੀਆਂ ਜਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਸਕਣ। ਅਸੀਂ, ਸਾਰੇ ਦੇਸ਼ ਦੀ 5.5 ਫੀ ਸਦੀ ਦੀ ਵਿਕਾਸ-ਦਰ ਦੇ ਮੁਕਾਬਲੇ ਤੇ 7.5 ਫੀ ਸਦੀ ਵਿਕਾਸ-ਦਰ ਪ੍ਰਾਪਤ ਕਰਨ ਦੀ ਯੋਜਨਾ ਬਣਾ ਰਹੇ ਹਾਂ। ਇਹ ਰਾਜ ਦੀਆਂ ਰਵਾਇਤਾਂ ਦੇ ਮੁਤਾਬਿਕ ਹੈ ਅਤੇ ਮੇਰੀ ਸਰਕਾਰ ਰਾਜ ਨੂੰ ਦੇਸ਼ ਦੇ ਯੋਜਨਾ-ਬੱਧ ਵਿਕਾਸ ਦੀ ਪਹਿਲੀ ਕਤਾਰ ਵਿੱਚ ਰੱਖੀ ਰੱਖਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰਖੇਗੀ।

ਅਸੀਂ, 1973-74 ਦੇ ਅੰਤ ਤਕ ਆਪਣੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜ ਕੇ, ਆਉਣ ਵਾਲੇ ਚਾਰ ਸਾਲਾਂ ਵਿਚ ਉਨ੍ਹਾਂ ਤਕ ਬਿਜਲੀ ਪਹੁੰਚਾ ਕੇ ਅਤੇ ਥੋੜ੍ਹੇ ਤੋਂ ਥੋੜ੍ਹੇ ਸਮੇਂ ਵਿਚ ਉਨ੍ਹਾਂ ਨੂੰ ਕਾਫ਼ੀ ਵਿਦਿਅਕ ਅਤੇ ਡਾਕਟਰੀ ਸਹੂਲਤਾਂ ਮੁਹੱਈਆ ਕਰਕੇ ਆਪਣੀ ਦਿਹਾਤੀ ਜਨਤਾ ਨੂੰ ਆਰਥਕ ਵਿਕਾਸ ਦੇ ਲਾਭ ਪਹੁੰਚਾ ਸਕਣ ਦੀ ਆਸ ਕਰਦੇ ਹਾਂ। ਸਾਲ 1972-73 ਦੀ ਸਾਲਾਨਾ ਯੋਜਨਾ ਦਾ ਖ਼ਰਚਾ 85 ਕਰੋੜ ਤੋਂ ਵਧਾ ਕੇ 94 ਕਰੋੜ ਰੁਪਏ ਕਰ ਦਿੱਤਾ ਗਿਆ ਸੀ, ਜਦੋਂ ਕਿ ਸਾਲ 1973-74 ਲਈ 123 ਕਰੋੜ ਰੁਪਏ ਦੇ ਖਰਚ ਦੀ ਤਜਵੀਜ਼ ਕੀਤੀ ਜਾ ਰਹੀ ਹੈ, ਜਿਹੜਾ ਕਿ ਪਿਛਲੇ ਸਾਲ ਨਾਲੋਂ 30 ਪ੍ਰਤੀਸ਼ਤ ਵੱਧ ਹੈ। ਯੋਜਨਾ ਬਣਾਉਣ ਅਤੇ ਇਸ ਨੂੰ ਨੇਪਰੇ ਚਾੜ੍ਹਨ ਦੀਆਂ ਵਿਧੀਆਂ ਵਿਚ ਅਤੇ ਨਾਲੋ ਨਾਲ ਇਸ ਦਾ ਮੁਲੰਕਣ ਕਰਨ ਦੇ ਤਰੀਕੇ ਵਿਚ ਸੁਧਾਰ ਕਰਨ ਲਈ ਅਤੇ ਜਨਤਾ ਦਾ ਵਧੇਰੇ ਸਰਗਰਮ ਸਹਿਯੋਗ ਪ੍ਰਾਪਤ ਕਰਨ ਲਈ, ਇਕ ਰਾਜ ਯੋਜਨਾਬੰਦੀ ਬੋਰਡ ਬਣਾਇਆ ਗਿਆ ਹੈ। ਭਿੰਨ ਭਿੰਨ ਖੇਤਰਾਂ ਦੇ ਮਾਹਿਰ ਇਸ ਬੋਰਡ ਵਿਚ ਲਏ ਗਏ ਹਨ, ਜਿਹੜਾ ਇਸ ਸਮੇਂ ਪੰਜਵੀਂ ਯੋਜਨਾ ਨੂੰ ਬਣਾਉਣ ਵਿਚ ਰੁਝਿਆ ਹੋਇਆ ਹੈ।

ਮੇਰੀ ਸਰਕਾਰ, ਨੀਮ ਪਹਾੜੀ, ਸਰਹੱਦੀ ਅਤੇ ਬੇਟ ਦੇ ਇਲਾਕਿਆਂ ਦੇ ਵਿਕਾਸ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹੀ ਹੈ। ਪਹਿਲੀਆਂ ਯੋਜਨਾਵਾਂ ਦੇ ਦੌਰਾਨ ਇਨ੍ਹਾਂ ਇਲਾਕਿਆਂ ਵਲ ਪੂਰਾ ਧਿਆਨ ਨਹੀਂ ਦਿੱਤਾ ਗਿਆ ਅਤੇ ਇਸ ਦੇ ਫਲ-ਸਰੂਪ ਦੂਜੇ ਇਲਾਕਿਆਂ ਦੇ ਮੁਕਾਬਲੇ ਵਿਚ ਇਹ ਘਟ-ਵਿਕਸਿਤ ਹੀ ਰਹੇ ਹਨ। ਇਨ੍ਹਾਂ ਇਲਾਕਿਆਂ ਵਿਚ ਵਿਕਾਸ ਦੀ ਰਫ਼ਤਾਰ ਨੂੰ ਸੰਗਠਿਤ ਰੂਪ ਵਿਚ ਤੇਜ਼ ਕਰਨ ਲਈ, ਮੇਰੀ ਸਰਕਾਰ ਨੇ ਪੰਜਾਬ ਰਾਜ ਨੀਮ ਪਹਾੜੀ ਇਲਾਕਾ ਸਲਾਹਕਾਰ ਕੌਂਸਲ ਅਤੇ ਸਰਹੱਦੀ ਇਲਾਕਾ ਸਲਾਹਕਾਰ ਕੌਂਸਲ ਬਣਾਈ ਹੈ। ਇਸ ਤੋਂ ਇਲਾਵਾ ਬੇਟ ਦੇ ਇਲਾਕਿਆਂ ਵਿਚ ਵਿਕਾਸ ਦੇ ਕੰਮ ਦੀ ਦੇਖ ਭਾਲ ਲਈ, ਇਕ ਹੋਰ ਸਲਾਹਕਾਰ ਕੌਂਸਲ ਬਣਾਉਣ ਦੀ ਤਜਵੀਜ਼ ਹੈ। ਮੇਰੀ ਸਰਕਾਰ ਆਸ ਕਰਦੀ ਹੈ ਕਿ ਇਨ੍ਹਾਂ ਇਲਾਕਿਆਂ ਦੀਆਂ ਲੋੜਾਂ ਅਨੁਸਾਰ ਵਿਸ਼ੇਸ਼ ਸਕੀਮ ਦੇ ਲਾਗੂ ਕਰਨ ਨਾਲ ਆਉਣ ਵਾਲੇ ਸਾਲਾਂ ਵਿਚ, ਉਨ੍ਹਾਂ ਦੇ ਵਿਕਾਸ ਨੂੰ ਹੋਰ ਉਤਸ਼ਾਹ ਮਿਲੇਗਾ।

ਮਾਨਯੋਗ ਮੈਂਬਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਵੇਲੇ ਸਾਰੇ ਦੇਸ਼ ਵਿਚ ਹੀ ਬਿਜਲੀ ਦੀ ਭਾਰੀ ਕਮੀ ਹੈ। ਪੰਜਾਬ ਵਿਚ ਬਿਜਲੀ ਦੀ ਸਪਲਾਈ ਦੇ ਬਦਲਵੇਂ ਸਾਧਨਾਂ ਦੀ ਅਣਹੋਂਦ ਕਾਰਣ ਇਥੇ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ ਜਿਸ ਲਈ ਲੋੜੀਂਦੇ ਪ੍ਰਬੰਧ ਪਹਿਲਾਂ ਹੀ ਹੋ ਸਕਦੇ ਸਨ ਅਤੇ ਕਰ ਲੈਣੇ ਚਾਹੀਦੇ ਸਨ। ਫਿਰ ਵੀ, ਮੇਰੀ ਸਰਕਾਰ ਨੇ ਪ੍ਰਾਪਤ ਵਸੀਲਿਆਂ ਤੋਂ ਬਿਜਲੀ ਦੀ ਸਪਲਾਈ ਵਿਚ ਵਾਧਾ ਕਰਨ ਸਬੰਧੀ ਤੁਰੰਤ ਕਾਰਵਾਈ ਕੀਤੀ ਹੈ। ਨੰਗਲ ਖਾਦ ਫੈਕਟਰੀ ਨੂੰ ਸਪਲਾਈ ਕੀਤੀ ਜਾਂਦੀ ਬਿਜਲੀ ਦੀ ਮਾਤਰਾ ਨੂੰ 98 ਤੋਂ 60 ਮੈਗਾਵਾਟ ਕਰਕੇ ਅਸੀਂ ਕੁਝ ਹੱਦ ਤਕ ਹੋਰ ਬਿਜਲੀ ਪ੍ਰਾਪਤ ਕਰਨ ਵਿਚ ਸਫਲ ਹੋਏ ਹਾਂ। ਮੱਧ ਪ੍ਰਦੇਸ਼ ਸਤਪੁੜਾ ਪਲਾਂਟ ਤੋਂ ਬਿਜਲੀ ਦੀ ਹੋਰ ਸਪਲਾਈ ਪ੍ਰਾਪਤ ਕਰਨ ਲਈ ਵੀ ਯਤਨ ਕੀਤੇ ਗਏ ਹਨ। ਰਾਜ ਬਿਜਲੀ ਬੋਰਡ ਦੁਆਰਾ ਡੀਜ਼ਲ ਜਨਰੇਟਿੰਗ ਸੈਟਾਂ ਅਤੇ ਅਪਰਬਾਰੀ ਦੁਆਬ ਨਹਿਰ ਦੇ ਦੂਜੇ ਪਾਵਰ ਹਾਊਸਾਂ ਨੂੰ ਚਾਲੂ ਕਰ ਕੇ 51 ਮੈਗਾਵਾਟ ਹੋਰ ਬਿਜਲੀ ਪੈਦਾ ਕੀਤੀ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

ਮੇਰੀ ਸਰਕਾਰ ਬਿਜਲੀ ਦੀ ਕਮੀ ਦੀ ਸਮੱਸਿਆ ਦਾ ਸਥਾਈ ਹਲ ਲੱਭਣ ਲਈ ਗੰਭੀਰਤਾ ਨਾਲ ਸੋਚ ਰਹੀ ਹੈ, ਕਿਉਂਜੋ ਖੇਤੀ-ਬਾੜੀ ਅਤੇ ਉਦਯੋਗ ਦੀ ਲਗਾਤਾਰ ਵਧ ਰਹੀ ਮੰਗ, ਇਹ ਸਮੱਸਿਆ ਫਿਰ ਵੀ ਪੈਦਾ ਕਰ ਸਕਦੀ ਹੈ, ਥੀਨ ਡੈਮ ਪ੍ਰਾਜੈਕਟ ਦੀ ਪਰਵਾਨਗੀ, ਜਿਹੜੀ ਕਈਆਂ ਸਾਲਾਂ ਤੋਂ ਰੁੱਕੀ ਪਈ ਸੀ, ਮੇਰੀ ਸਰਕਾਰ ਦੁਆਰਾ ਕੇਂਦਰੀ ਅਤੇ ਹੋਰ ਰਾਜ ਸਰਕਾਰਾਂ ਨਾਲ ਕਈ ਪਧਰਾਂ ਤੇ ਕੀਤੇ ਯਤਨਾਂ ਦੇ ਸਿੱਟੇ ਵਜੋਂ ਮਿਲ ਗਈ ਹੈ। ਸਰਕਰ ਨੇ ਬਠਿੰਡਾ ਥਰਮਲ ਪਲਾਂਟ ਦੇ ਕੰਮ ਦੀ ਰਫਤਾਰ ਵਿੱਚ ਵੀ ਤੇਜ਼ੀ ਲਿਆਂਦੀ ਹੈ ਤਾਂ ਜੋ ਇਸ ਵੇਲੇ ਸਿਰ ਮੁਕੰਮਲ ਕੀਤਾ ਜਾ ਸਕੇ ਅਤੇ ਜਲਦੀ ਹੀ ਬਿਜਲੀ ਦੀ ਅਧਿਕ ਸਪਲਾਈ ਪ੍ਰਾਪਤ ਕੀਤੀ ਜਾ ਸਕੇ। ਸਾਲ 1973-74 ਦੇ ਦੌਰਾਨ 237 ਮੈਗਾਵਾਟ ਅਧਿਕ ਬਿਜਲੀ ਪੈਦਾ ਕਰਨ ਦੀ ਤਜਵੀਜ਼ ਹੈ। ਆਉਣ ਵਾਲੇ ਸਾਲ ਵਿਚ 110 ਮੈਗਾਵਾਟ ਦੀ ਸਥਾਪਤ ਸਮਰਥਾ ਵਾਲੇ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਨੂੰ ਪਰਮ ਅਗੇਤ ਦੇ ਕੇ ਹੱਥ ਵਿਚ ਲਿਆ ਜਾ ਰਿਹਾ ਹੈ।

ਮੇਰੀ ਸਰਕਾਰ ਅਨਾਜ ਦੇ ਕੌਮੀ ਰੀਜ਼ਰਵ ਵਿਚ ਵੱਧ ਤੋਂ ਵੱਧ ਹਿਸਾ ਪਾਉਣ ਦੀ ਲੋੜ ਬਾਰੇ ਪੂਰੀ ਤਰ੍ਹਾਂ ਸੁਚੇਤ ਹੈ। 1972 ਦੀ ਸਾਉਣੀ ਦੀ ਫ਼ਸਲ ਦੇ ਦੌਰਾਨ, ਭਿਆਨਕ ਸੋਕੇ ਦੇ ਬਾਵਜੂਦ, ਪੈਦਾਵਾਰ ਦੀ ਰਫਤਾਰ ਨੂੰ ਕਾਇਮ ਰਖਿਆ ਗਿਆ ਹੈ। ਰਾਜ ਸਰਕਾਰ ਨੇ ਹਾੜੀ ਦੀ ਫ਼ਸਲ ਲਈ ਵਿਸ਼ੇਸ਼ ਮੁਹਿੰਮ ਚਲਾਈ ਹੈ ਅਤੇ ਪੈਦਾਵਾਰ ਦਾ ਟੀਚਾ 56 ਲੱਖ ਮੀਟਰਿਕ ਟਨ ਤੋਂ ਵਧਾ ਕੇ 58 ਲੱਖ ਮੀਟਰਿਕ ਟਨ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਸਰਹੱਦੀ ਇਲਾਕਿਆਂ ਵਿਚ 10,000 ਟਿਊਬਵੈਲ ਅਤੇ ਪੰਪਿੰਗ ਸੈਟ ਲਾਏ ਜਾ ਰਹੇ ਹਨ। ਉਨ੍ਹਾਂ ਦੀ ਲਾਗਤ ਵਿਚ 50 ਪ੍ਰਤੀਸ਼ਤ ਤਕ ਦੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ, 15,000 ਸਟੈਂਡ-ਬਾਈ ਡੀਜ਼ਲ ਇੰਜਨਾਂ ਲਈ ਕਰਜ਼ੇ ਦਿਤੇ ਜਾ ਰਹੇ ਹਨ। ਰਸਾਇਣਕ ਖਾਦਾਂ ਦੀ ਖਰੀਦ ਲਈ, ਜਿਸ ਦੀ ਖਪਤ ਤਕਰੀਬਨ 17 ਲੱਖ ਮੀਟਰਿਕ ਟਨ ਹੈ, 33 ਕਰੋੜ ਰੁਪਏ ਦੇ ਅਲਪਕਾਲੀ ਕਰਜ਼ਿਆਂ ਦਾ ਉਪਬੰਧ ਕੀਤਾ ਗਿਆ ਹੈ।

ਸਾਲ 1973-74 ਲਈ ਮੇਰੀ ਸਰਕਾਰ ਨੇ 82 ਲੱਖ ਮੀਟਰਿਕ ਟਨ ਅਨਾਜ ਦੀ ਪੈਦਾਵਾਰ ਦਾ ਟੀਚਾ ਮਿਥਿਆ ਹੈ। ਜਿਸ ਵਿਚ 11.25 ਲੱਖ ਮੀਟਰਿਕ ਟਨ ਚਾਵਲ, 8.25 ਲੱਖ ਮੀਟਰਿਕ ਟਨ ਮੱਕੀ ਅਤੇ 60 ਲੱਖ ਮੀਟਰਿਕ ਟਨ ਕਣਕ ਸ਼ਾਮਲ ਹੈ। ਇਸ ਵਿਚੋਂ ਸਾਨੂੰ 50 ਲੱਖ ਮੀਟਰਿਕ ਟਨ ਵਿਕਰੀਯੋਗ ਵਾਫ਼ਰ ਅਨਾਜ ਮਿਲੇਗਾ।

ਮੇਰੀ ਸਰਕਾਰ ਨੇ ਰਾਜ ਵਿਚ 'ਦੁੱਧ ਕ੍ਰਾਂਤੀ' ਲਿਆਉਣ ਦਾ ਫ਼ੈਸਲਾ ਕਰ ਲਿਆ ਹੈ। ਇਕ ਲੱਖ ਅਤੇ 50 ਹਜ਼ਾਰ ਲਿਟਰ ਪ੍ਰਤੀ ਦਿਨ ਦੀ ਸਮਰੱਥਾ ਰਖਣ ਵਾਲੇ ਮਿਲਕ ਪਲਾਂਟ ਕ੍ਰਮਵਾਰ ਲੁਧਿਆਣੇ ਅਤੇ ਬਠਿੰਡੇ ਵਿਖੇ ਮੁਕੰਮਲ ਹੋਣ ਵਾਲੇ ਹਨ। ਅਗਲੇ ਸਾਲ ਤਿੰਨ ਹੋਰ ਪਲਾਂਟ ਮੋਹਾਲੀ, ਜਲੰਧਰ ਅਤੇ ਹੁਸ਼ਿਆਰਪੁਰ ਵਿਖੇ ਲਾਏ ਜਾਣਗੇ।

ਵਿਦੇਸ਼ੀ ਨਸਲਾਂ ਜਿਵੇਂ ਬਰਾਊਨ ਸਵਿਸ, ਹਾਲਸਟੇਨ ਫ੍ਰੀਜ਼ੀਅਨ ਅਤੇ ਜਰਸੀ ਗਊਆਂ ਦੇ ਫ਼ਾਰਮ ਪਟਿਆਲਾ, ਮੱਤੇਵਾੜਾ ਅਤੇ ਰੋਪੜ ਵਿਖੇ ਖੋਲ੍ਹੇ ਗਏ ਹਨ। ਇਨ੍ਹਾਂ ਫਾਰਮਾਂ ਦੀ ਮਦਦ ਨਾਲ ਨਸਲਕਸ਼ੀ ਦੇ ਪ੍ਰੋਗਰਾਮ ਲਗਾਤਾਰ ਤਰੱਕੀ ਕਰ ਰਹੇ ਹਨ।

ਮੇਰੀ ਸਰਕਾਰ ਨੇ ਆਉਣ ਵਾਲੀ ਹਾੜੀ ਦੀ ਫ਼ਸਲ ਤੋਂ ਕਣਕ ਅਤੇ ਚਾਵਲ ਦਾ ਥੋਕ ਵਪਾਰ ਆਪਣੇ ਹੱਥ ਵਿਚ ਲੈ ਲੈਣ ਦਾ ਫੈਸਲਾ ਕਰ ਲਿ ਆ ਹੈ। ਬਹੁਤ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਅਸੀਂ 11.72 ਲੱਖ ਮੀਟਰਿਕ ਟਨ ਜੀਰੀ, ਜੋ 7.34 ਲੱਖ ਮੀਟਰਿਕ ਟਨ ਚਾਵਲਾਂ ਦੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਬਰਾਬਰ ਹੈ ਅਤੇ 7.02 ਲੱਖ ਮੀਟਰਿਕ ਟਨ ਦੇ ਟੀਚੇ ਤੋਂ ਵੱਧ ਹੈ, ਦੀ ਸਰਕਾਰੀ ਪੱਧਰ ਤੇ ਖ਼ਰੀਦ ਕੀਤੀ ਹੈ। ਇਸ ਦੇ ਨਾਲ ਹੀ ਅਸੀਂ 31.8 ਲੱਖ ਮੀਟਰਿਕ ਟਨ ਕਣਕ ਖ਼ਰੀਦੀ ਹੈ। ਇਸ ਤਰ੍ਹਾਂ ਅਸੀਂ ਕੌਮੀ ਅਨਾਜ ਦੇ ਭੰਡਾਰ ਵਿਚ 60 ਪ੍ਰਤੀਸ਼ਤ ਦੇ ਲਗ ਭਗ ਹਿੱਸਾ ਪਾਇਆ ਹੈ।

ਪਿਛਲੇ ਸਾਲ ਦੇ ਪਹਿਲੇ ਅੱਧ ਦੇ ਦੌਰਾਨ ਰਾਜ ਦੇ ਉਦਯੋਗਾਂ ਨੂੰ, ਪਿਛਲੇ ਭਾਰਤ-ਪਾਕਿ ਯੁੱਧ ਦੇ ਕਾਰਨ ਲਗਾਤਾਰ ਧੱਕਾ ਲਗਦਾ ਰਿਹਾ ਅਤੇ ਫਿਰ ਅਗਸਤ, 1972 ਦੇ ਨੇੜੇ ਤੇੜੇ ਰਾਜ ਨੂੰ ਬਿਜਲੀ ਦੀ ਸਖ਼ਤ ਥੁੜ੍ਹ ਦਾ ਸਾਹਮਣਾ ਕਰਨਾ ਪਿਆ, ਜਿਹੜੀ ਅਜੇ ਵੀ ਚਲ ਰਹੀ ਹੈ। ਜ਼ਰੂਰੀ ਕੱਚੇ ਮਾਲ ਦੀ ਲਗਾਤਾਰ ਸਖ਼ਤ ਥੁੜ੍ਹ ਸਮੇਤ ਇਹ ਰੁਕਾਵਟਾਂ ਰਾਜ ਵਿਚ ਉਦਯੋਗ ਦੇ ਤੇਜ਼ ਵਿਕਾਸ ਦੇ ਰਾਹ ਵਿਚ ਰੋੜਾ ਬਣੀਆਂ।

ਇਨ੍ਹਾਂ ਰੁਕਾਵਟਾਂ ਦੇ ਬਾਵਜੂਦ ਮਿਹਨਤੀ ਪੰਜਾਬੀ ਸਨਅਤਕਾਰ ਅਗਾਂਹ ਹੀ ਵਧਦੇ ਰਹੇ। ਜਾਲੂ ਵਿੱਤੀ ਸਾਲ ਦੇ ਦੌਰਾਨ 871 ਛੋਟੇ ਪੈਮਾਨੇ ਦੇ ਨਵੇਂ ਉਦਯੋਗਕ ਯੂਨਿਟ ਅਤੇ 27 ਦਰਮਿਆਨੇ ਪੈਮਾਨੇ ਦੇ ਯੂਨਿਟ ਰਜਿਸਟਰ ਕੀਤੇ ਗਏ। ਇਸ ਸਾਲ ਦੇ ਦੌਰਾਨ ਮੋਹਾਲੀ ਅਤੇ ਢੰਡਾਰੀ ਕਲਾਂ ਦੇ ਫੋਕਲ ਪੁਆਇੰਟਾਂ ਨੇ ਵੀ ਉਦਯੋਗਕ ਉਪਜ ਵਿਚ ਕਾਫ਼ੀ ਉਨਤੀ ਕੀਤੀ। ਉਦਯੋਗ ਵਿਭਾਗ ਨੇ ਉਦਯੋਗਾਂ ਦੀ ਸਹਾਇਤਾ ਕਰਨ ਅਤੇ ਨਵੇਂ ਸਨਅਤਕਾਰਾਂ ਨੂੰ ਉਤਸ਼ਾਹਤ ਕਰਨ ਲਈ ਰਾਜ ਵਿਚ ਚੋਣਵੇਂ 22 ਸਥਾਨਾਂ ਤੇ ਉਦਯੋਗਕ ਖੇਤਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਹੋਰ ਇਹ ਵੀ ਫੈਸਲਾ ਕੀਤਾ ਹੈ ਕਿ ਜਿਥੇ ਪਹਿਲਾਂ ਉਦਯੋਗ ਲਈ ਰਿਆਇਤਾਂ ਕੇਵਲ ਉਨ੍ਹਾਂ ਅਦਾਰਿਆਂ ਨੂੰ ਦਿੱਤੀਆਂ ਜਾਂਦੀਆਂ ਸਨ ਜਿਹੜੇ ਆਪਣੇ ਯੂਨਿਟ ਫੋਕਲ ਪੁਆਇੰਟਾਂ ਤੇ ਸਥਾਪਤ ਕਰਦੇ ਸਨ, ਉਥੇ ਹੁਣ ਉਨ੍ਹਾਂ ਸਾਰਿਆਂ ਨੂੰ ਇਹ ਰਿਆਇਤਾਂ ਦਿੱਤੀਆਂ ਜਾਣਗੀਆਂ ਜਿਹੜੇ, ਆਪਣੇ ਉਦਯੋਗਿਕ ਯੂਨਿਟ, ਸਥਾਪਤ ਕੀਤੇ ਜਾਣ ਵਾਲੇ ਕਿਸੇ ਵੀ ਨਵੇਂ ਉਦਯੋਗਿਕ ਖੇਤਰ ਵਿਚ, ਕਾਇਮ ਕਰਨਗੇ। ਇਹ ਰਿਆਇਤਾਂ ਉਨ੍ਹਾਂ ਅਦਾਰਿਆਂ ਨੂੰ ਵੀ ਮਿਲ ਸਕਣਗੀਆਂ ਜਿਹੜੇ ਆਪਣੇ ਨਵੇਂ ਯੂਨਿਟ, ਤਿੰਨ ਸਰਹੱਦੀ ਜ਼ਿਲ੍ਹਿਆਂ ਅਤੇ ਰਾਜ ਅਤੇ ਕੇਂਦਰ ਸਰਕਾਰ ਦੁਆਰਾ ਪਛੜੇ ਕਰਾਰ ਦਿੱਤੇ ਜ਼ਿਲ੍ਹਿਆਂ ਵਿਚ ਸਥਾਪਤ ਕਰਨਗੇ। ਮੇਰੀ ਸਰਕਾਰ ਇਹ ਆਸ ਕਰਦੀ ਹੈ ਕਿ ਰਾਜ ਦੇ ਉਦਯੋਗੀ-ਕਰਣ ਦੇ ਯਤਨਾਂ ਉਤੇ ਇਨ੍ਹਾਂ ਫੈਸਲਿਆਂ ਦਾ ਸਿੱਧਾ ਪ੍ਰਭਾਵ ਪਵੇਗਾ।

ਰਾਜ ਵਿਚ ਬਿਜਲੀ ਦੀ ਲਗਾਤਾਰ ਕਮੀ ਨੂੰ ਮੁੱਖ ਰਖਦੇ ਹੋਏ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਵਿੱਤੀ ਕਾਰਪੋਰੇਸ਼ਨ ਜਾਂ ਕਿਸੇ ਕੌਮੀ-ਕ੍ਰਿਤ ਵਪਾਰਕ ਬੈਂਕ ਤੋਂ ਜੈਨਰੇਟਿੰਗ ਸੈੱਟ ਖਰੀਦਣ ਲਈ ਲਏ ਕਰਜ਼ੇ ਦੀ ਮਾਰਜਿਨਲ ਰਕਮ ਦਾ 20 ਪ੍ਰਤੀਸ਼ਤ ਹਿੱਸਾ ਜੋ ਸਨਅਤਕਾਰਾਂ ਨੇ ਲਾਉਣਾ ਹੈ, ਉਹ ਸਰਕਾਰ ਦੁਆਰਾ ਆਊਟ ਰਾਈਟ ਗ੍ਰਾਂਟਾਂ ਦੇ ਤੌਰ ਤੇ ਦੇ ਦਿੱਤਾ ਜਾਵੇ।

ਮੈਨੂੰ ਇਹ ਦਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰ-ਪੋਰੇਸ਼ਨ ਨੇ ਚੰਗੀ ਉੱਨਤੀ ਕੀਤੀ ਹੈ। ਕਾਰਪੋਰੇਸ਼ਨ ਲਈ ਭਾਰਤ ਸਰਕਾਰ ਤੋਂ ਪਰਵਾਨ ਹੋਏ 18 ਪ੍ਰਾਜੈਕਟਾਂ ਵਿਚੋਂ ਲਗਭਗ 11 ਕਰੋੜ ਰੁਪਏ ਦੀ ਲਾਗਤ ਦੇ 5 ਪ੍ਰਾਜੈਕਟ ਸਾਲ 1973 ਵਿਚ ਆਪਣੀ ਪੈਦਾਵਾਰ ਸ਼ੁਰੂ ਕਰ ਦੇਣਗੇ। ਇਹ ਪ੍ਰਾਜੈਕਟ ਟਰੈਕਟਰ ਬਣਾਉਣ, ਸਟੀਲ ਕਾਸਟਿੰਗ, ਡਰਾਈ ਬੈਟਰੀ ਸੈੱਲ ਅਤੇ ਟੈਲੀਵੀਯਨ ਸੈੱਟ ਬਣਾਉਣ ਅਤੇ ਬਰੀਊਰੀ ਸਥਾਪਤ ਕਰਨ ਬਾਰੇ ਹਨ। ਕਈ ਹੋਰ ਪ੍ਰਾਜੈਕਟਾਂ ਦੇ ਕੰਮ ਵਿਚ ਵੀ ਲਗਾਤਾਰ ਪ੍ਰਗਤੀ ਹੋ ਰਹੀ ਹੈ।

Original with;
Punjab Vidhan Sabha
Digitized by;
Panjab Digital Library

ਇਹ ਰਾਜ ਸਰਕਾਰ ਦੀਆਂ ਲਗਾਤਾਰ ਕੋਸ਼ਿਸ਼ਾਂ ਦਾ ਹੀ ਫਲ ਹੈ ਕਿ ਭਾਰਤ ਸਰਕਾਰ ਨੇ ਦਿੱਲੀ ਵਿਚ ਡਰਾਈ ਪੋਰਟ ਸਥਾਪਤ ਕਰਨ ਦਾ ਹੁਣੇ ਜਿਹੇ ਐਲਾਨ ਕੀਤਾ ਹੈ। ਇਸ ਸਹੂਲਤ ਨਾਲ ਛੋਟੀਆਂ ਸਨਅਤਾਂ ਦੇ ਓਵਰ ਹੈਡ ਖਰਚੇ ਘਟ ਜਾਣਗੇ ਅਤੇ ਉਨ੍ਹਾਂ ਦੇ ਮਾਲ ਦੀਆਂ ਕੀਮਤਾਂ ਮੁਕਾਬਲੇ ਦੀਆਂ ਹੋ ਜਾਣਗੀਆਂ ਇਸ ਤਰ੍ਹਾਂ ਉਹ ਆਪਣੀ ਬਰਾਮਦ ਵਿਚ ਵਾਧਾ ਕਰ ਸਕਣਗੇ। ਰਾਜ ਸਰਕਾਰ, ਭਾਰਤ ਸਰਕਾਰ ਨੂੰ ਲੁਧਿਆਣੇ ਵਿਚ ਇਕ ਰਿਜਨਲ ਟੂਲ ਰੂਮ ਸਥਾਪਤ ਕਰਨ ਸੰਬੰਧੀ ਪ੍ਰੇਰਨ ਵਿਚ ਸਫਲ ਹੋ ਗਈ ਹੈ, ਜਿਸ ਨਾਲ ਰਾਜ ਦੇ ਇੰਜੀਨੀਅਰਿੰਗ ਉਦਯੋਗ ਦੇ ਉਤਪਾਦਨ ਨੂੰ ਮਾਡਰਨ ਕਿਸਮ ਦਾ ਬਣਾਉਣ ਅਤੇ ਉਸ ਵਿਚ ਸੁਧਾਰ ਕਰਨ ਲਈ ਸਹਾਇਤਾ ਮਿਲੇਗੀ।

ਮੇਰੀ ਸਰਕਾਰ ਨੇ ਰਾਜ ਵਿਚ ਸਨਅੱਤੀ ਸਬੰਧਾਂ ਨੂੰ ਚੰਗੇਰਾ ਬਣਾਉਣ ਲਈ ਕਈ ਤਰੀਕੇ ਅਪਣਾਏ। ਕਈ ਕਿੱਤਿਆਂ ਵਿਚ ਮਜ਼ਦੂਰੀ ਦੀਆਂ ਘੱਟ ਤੋਂ ਘੱਟ ਦਰਾਂ ਦੀ ਸੋਧ ਕਰਨ ਦਾ ਮਾਮਲਾ ਹੱਥ ਵਿਚ ਲਿਆ। ਕੁਝ ਕਿਤਿਆਂ ਲਈ ਅੰਤਮ ਅਧਿਸੂਚਨਾਵਾਂ ਵੀ ਜਾਰੀ ਕਰ ਦਿੱਤੀਆਂ ਗਈਆਂ ਹਨ, ਜਿਸ ਦੇ ਨਤੀਜੇ ਵਜੋਂ ਮਜ਼ਦੂਰੀ ਵਿਚ 20 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤਕ ਦਾ ਵਾਧਾ ਹੋਇਆ। ਉਦਯੋਗਿਕ ਰੋਜ਼ਗਾਰ (ਸਥਾਈ ਹੁਕਮ) ਐਕਟ, 1946 ਦੇ ਉਪਬੰਧ, 50 ਮਜ਼ਦੂਰ ਰੱਖਣ ਵਾਲੇ ਉਦਯੋਗਿਕ ਅਦਾਰਿਆਂ ਉਤੇ ਵੀ ਲਾਗੂ ਕਰ ਦਿੱਤੇ ਗਏ ਹਨ। ਇਸ ਤੋਂ 18,000 ਹੋਰ ਕਾਮਿਆਂ ਨੂੰ ਲਾਭ ਪੁਜਿਆ ਹੈ। ਇਸ ਤੋਂ ਇਲਾਵਾ ਸਰਕਾਰ ਇਹ ਵੀ ਤਜਵੀਜ਼ ਕਰਦੀ ਹੈ ਕਿ ਇਸ ਦੇ ਉਪਬੰਧਾਂ ਨੂੰ 20 ਕਾਮੇ ਰਖਣ ਵਾਲੇ ਅਦਾਰਿਆਂ ਤੇ ਵੀ ਲਾਗੂ ਕਰ ਦਿੱਤਾ ਜਾਵੇ। ਮਜ਼ਦੂਰਾਂ ਦੀ ਭਲਾਈ ਵਿਚ ਵਾਧੇ ਅਤੇ ਮਜ਼ਦੂਰ ਭਲਾਈ ਬੋਰਡ ਦੀਆਂ ਕਾਰਵਾਈਆਂ ਨੂੰ ਤੇਜ਼ ਕਰਨ ਲਈ ਸਰਕਾਰ ਨੇ 5 ਲੱਖ ਰੁਪਏ ਤਕ ਦੀ ਸਹਾਇਤਾ-ਗ੍ਰਾਂਟ ਦੇਣ ਦਾ ਫੈਸਲਾ ਕੀਤਾ ਹੈ। 1971 ਦੀ ਭਾਰਤ-ਪਾਕਿ ਲੜਾਈ ਦੇ ਅਸਰ ਹੇਠ ਆਏ ਕਾਮਿਆਂ ਵਿਚ 9.47 ਲੱਖ ਰੁਪਏ ਦੀ ਰਕਮ ਵਿਆਜ਼ ਰਹਿਤ ਕਰਜ਼ੇ ਦੇ ਰੂਪ ਵਿਚ ਵੰਡੀ ਗਈ ਸੀ। ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਸਬ-ਸੀਡਾਈਜ਼ਡ ਸਨਅੱਤੀ ਮਕਾਨ ਉਸਾਰੀ ਸਕੀਮ ਅਧੀਨ ਉਸਾਰੇ ਗਏ ਮਕਾਨ ਕਾਮਿਆਂ ਨੂੰ ਹਾਇਰ-ਪਰਚੇਜ਼ ਆਧਾਰ ਤੇ ਦਿੱਤੇ ਜਾਣ।

ਬੇਰੁਜ਼ਗਾਰੀ ਦੀ ਸਮੱਸਿਆ, ਖਾਸ ਤੌਰ ਤੇ ਪੜ੍ਹੇ ਲਿਖੇ ਬੇ-ਰੁਜ਼ਗਾਰ ਨੌਜਵਾਨਾਂ ਦੀ ਸਮੱਸਿਆ ਸਰਕਾਰ ਦੇ ਵਿਸ਼ੇਸ਼ ਧਿਆਨ ਗੋਚਰੇ ਰਹੀ ਹੈ। ਫ਼ਰੀਦਕੋਟ, ਮੁਕਤਸਰ ਅਤੇ ਮਲੇਰਕੋਟਲਾ ਵਿਖੇ ਰੋਜ਼ਗਾਰ ਦਫ਼ਤਰ ਖੋਲ੍ਹ ਕੇ ਰੋਜ਼ਗਾਰ ਅਤੇ ਅਗਵਾਈ ਦੀਆਂ ਸਹੂਲਤਾਂ ਵਿਚ ਵਾਧਾ ਕੀਤਾ ਗਿਆ ਹੈ। ਇਕ ਯੂਨੀਵਰਸਿਟੀ ਰੋਜ਼ਗਾਰ ਸੂਚਨਾ ਅਤੇ ਅਗਵਾਈ ਦਫ਼ਤਰ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਯੂਨੀਵਰਸਿਟੀ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮਾਮਲੇ ਵਿਚ ਅਗਵਾਈ ਦੇਣ ਲਈ ਖੋਲ੍ਹਿਆ ਗਿਆ ਹੈ।

ਬੇ-ਰੁਜ਼ਗਾਰ ਪੇਂਡੂਆਂ ਨੂੰ ਰੁਜ਼ਗਾਰ ਮੁਹੱਈਆ ਕਰਨ ਦੀ ਕੇਂਦਰ ਦੁਆਰਾ ਚਲਾਈ ਗਈ ਇਕ ਸਕੀਮ ਲਾਗੂ ਕੀਤੀ ਜਾ ਰਹੀ ਹੈ। ਚਾਲੂ ਸਾਲ ਦੇ ਦੌਰਾਨ 137.50 ਲੱਖ ਰੁਪਏ ਦਾ ਖਰਚਾ ਕੀਤੇ ਜਾਣ ਅਤੇ ਇਸ ਦੇ ਫਲ-ਸਰੂਪ ਕਾਫ਼ੀ ਲਾਭ ਪੁੱਜਣ ਦੀ ਸੰਭਾਵਨਾ ਹੈ।

ਆਰਥਕ ਉੱਨਤੀ ਲਈ ਸਭ ਤੋਂ ਯਕੀਨੀ ਅਤੇ ਅਤਿ ਜ਼ਰੂਰੀ ਮੁਢਲੀ ਲੋੜ ਆਵਾਜਾਈ ਦੇ ਚੰਗੇ ਸਾਧਨਾ ਦਾ ਹੋਣਾ ਹੈ। ਮੇਰੀ ਸਰਕਾਰ ਨੇ ਦੋ ਸਾਲਾਂ ਦੇ ਅੰਦਰ ਅੰਦਰ, ਅਰਥਾਤ ਮਾਰਚ, 1974 ਦੇ ਅੰਤ ਤਕ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਨ ਲਈ ਇਕ ਵਿਸਤ੍ਰਿਤ ਸਕੀਮ ਤਿਆਰ ਕਰਨ ਦੀ ਪਹਿਲ ਕੀਤੀ ਹੈ, ਜਿਸ ਉਤੇ 42 ਕਰੋੜ ਰੁਪਏ ਖਰਚ ਹੋਣਗੇ। ਜਰਨੈਲੀ ਸੜਕਾਂ ਅਤੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਫੌਜੀ ਮਹੱਤਤਾ ਵਾਲੀਆਂ ਸੜਕਾਂ ਨੂੰ ਉੱਨਤ ਕਰਨ ਲਈ 9 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਇਕ ਵਿਸ਼ਾਲ ਪ੍ਰੋਗਰਾਮ ਵੀ ਹੱਥ ਵਿਚ ਲਿਆ ਗਿਆ ਹੈ। ਇਹ ਵੀ ਤਜਵੀਜ਼ ਕੀਤਾ ਗਿਆ ਹੈ ਕਿ ਲਗਭਗ 2 ਕਰੋੜ ਰੁਪਏ ਦੀ ਲਾਗਤ ਨਾਲ ਦਰਿਆ ਸਤਲੁਜ ਉਤੇ ਧਰਮਕੋਟ ਨੂੰ ਸ਼ਾਹਕੋਟ ਨਾਲ ਜੋੜਨ ਲਈ ਇਕ ਪੁਲ ਬਣਾਇਆ ਜਾਵੇ। ਮਾਨਯੋਗ ਮੈਂਬਰ ਇਹ ਜਾਣ ਕੇ ਪ੍ਰਸੰਨ ਹੋਣਗੇ ਕਿ ਅਸੀਂ ਅਨੰਦਪੁਰ ਸਾਹਿਬ ਤੋਂ ਜ਼ਿਲਾ ਬਠਿੰਡਾ ਵਿਚ ਤਲਵੰਡੀ ਸਾਬੋ ਤਕ ਗੁਰੂ ਗੋਬਿੰਦ ਸਿੰਘ ਮਾਰਗ ਜੋ ਕਿ 448 ਕਿਲੋ ਮੀਟਰ ਲੰਮਾ ਹੈ ਮੁਕੰਮਲ ਕਰ ਲਿਆ ਹੈ। ਇਹ ਉਹ ਪਵਿੱਤਰ ਰਾਹ ਹੈ, ਜਿਥੋਂ ਦੀ ਸਾਡੇ ਮਹਾਨ ਗੁਰੂ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਲੰਘੇ ਸਨ।

ਰਾਜ ਨੇ ਟਰਾਂਸਪੋਰਟ ਦੇ ਖੇਤਰ ਵਿਚ ਸ਼ਲਾਘਾ-ਯੋਗ ਉੱਨਤੀ ਕੀਤੀ ਹੈ। ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਕਾਰਪੋਰੇਸ਼ਨ ਦੀਆਂ ਬਸਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ। ਪੰਜਾਬ ਰੋਡਵੇਜ਼ ਦੀਆਂ ਬਸਾਂ ਦੀ ਗਿਣਤੀ ਵਧ ਕੇ 1,476 ਹੋ ਜਾਵੇਗੀ ਜਿਹੜੀਆਂ 3.07 ਲੱਖ ਕਿਲੋ ਮੀਟਰ ਰੋਜ਼ਾਨਾ ਸਫ਼ਰ ਕਰਨਗੀਆਂ। ਰਾਜਧਾਨੀ ਅਤੇ ਸਬ ਡਵੀਜ਼ਨਲ ਹੈਡਕੁਆਟਰਾਂ ਵਿਚਾਲੇ ਆਵਾਜਾਈ ਦੀਆਂ ਸਹੂਲਤਾਂ ਦੇਣ ਲਈ ਮੇਰੀ ਸਰਕਾਰ ਨੇ ਰੈਗੂਲਰ ਬਸਾਂ ਚਲਾ ਦਿੱਤੀਆਂ ਹਨ ਅਤੇ ਉਨ੍ਹਾਂ ਦਾ ਸਮਾਂ ਇਸ ਤਰ੍ਹਾਂ ਨਿਸ਼ਚਿਤ ਕਰ ਦਿਤਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਚੰਡੀਗੜ੍ਹ ਵਿਚ ਕੰਮ ਹੋਵੇ ਉਹ ਸਵੇਰੇ 10 ਵਜੇ ਇਥੇ ਪਹੁੰਚ ਸਕਣ ਅਤੇ 5 ਵਜੇ ਸ਼ਾਮ ਇਥੋਂ ਵਾਪਸ ਜਾ ਸਕਣ। ਅਗਲੇ ਸਾਲ ਦਿਹਾਤੀ ਇਲਾਕਿਆਂ ਵਿਚ ਵੀ ਬਸ-ਸਟਾਪਾਂ ਤੇ ਉਡੀਕ-ਘਰ ਬਣਾਉਣ ਦੀ ਤਜਵੀਜ਼ ਕੀਤੀ ਗਈ ਹੈ। ਬਠਿੰਡਾ, ਸੰਗਰੂਰ ਅਤੇ ਪਟਿਆਲੇ ਵਿਖੇ ਸਥਾਈ ਬਸ ਅੱਡੇ ਉਸਾਰੀ ਅਧੀਨ ਹਨ ਜਿਨ੍ਹਾਂ ਉਤੇ 60 ਲੱਖ ਰੁਪਏ ਖਰਚ ਆਉਣਗੇ।

इस के बारे में, मैं एक और अर्ज करना चाहता हूं। आप सब को पता है कि पंजाब सरकार ने भारत सरकार को प्रार्थना की है कि हम को दूसरे सूबों से बिजली दिलाई जाये। इस सिलसिले में मध्य-प्रदेश की सरकार को विनती की गई और वह 8—9 लाख यूनिट बिजली देने के लिये मान गई। हमारे वज़ीर साहिब वहां गये और सब मुआईदा हो गया। लेकिन ऐडमिनिस्ट्रेशन की कोआप्रेशन साथ न थी।। मैं अर्ज़ करूं कि पंजाब सरकार बिजली लेने के लिये तैयार और मध्य प्रदेश देने के लिये तैयार, पर किसी ने दोनों को यह बात नहीं बताई कि बिजली पंजाब में किस तरह पहुंचेगी, यहां फिर हैंग-ओवर का सवाल

Original with;
Punjab Vidhan Sabha
Digitized by;
Panjab Digital Library

[श्री यश पाल]

आ जाता है। बिजली तो वहां से मिल जायेगी। अगर अभी नहीं मिलेगी तो थोड़े दिनों के बाद मिल जायेगी। मैं पंजाब सरकार को कहना चाहता हूं कि यह एक ऐसा मसला है जिसकी तरफ बहुत संजीदगी से ध्यान देने की ज़रूरत है। जिस तरह इन्होंने सारी प्लैनिंग की री-ओरियेंटेशन की है, उस तरह बिजली के बारे में ठोस प्लान बनाना चाहिये। आईन्दा 10-20 वर्ष में बिजली की जो ज़रूरत पड़नी है आज ही उसका जायज़ा लगा कर कोशिश शुरू कर देनी चाहिये। जुलाई में जब 87 लाख यूनिट मिलती उस समय 120 लाख यूनिट की ज़रूरत थी। उस समय भी 37 लाख यूनिट की कमी थी। पर आज सिर्फ़ 46 लाख यूनिट मिल रही है। आज से पांच साल बाद 250 लाख यूनिट की ज़रूरत पड़ेगी। पंजाब सरकार इस के बारे में गाफ़ल नहीं है। इन्होंने कुछ जैनरेटर जो पुराने पड़े थे, (विघ्न) उनका भी हैंग-ओवर से ताल्लुक है, वे जैनरेटर चले नहीं थे, पता नहीं किस का कसूर है, उन को चलाने की क़ोशिश की है। कुछ चले हैं। भटिंडा थर्मल प्लांट बहुत पहले शुरू हो जाना चाहिये था, लेकिन पहली सरकारें कुछ आपस में उलझी रहीं और उस तरफ कोई ध्यान नहीं दिया। लेकिन अपनी पंजाब की नई सरकार ने इस तरफ ध्यान दिया है ताकि वह जल्दी से जल्दी मुकम्मल हो जाये और आने वाले वर्षों में जो पंजाब की ज़रूरत बिजली की पूरी की जाये। फिर चेतावनी देकर कहना चाहता हूं कि भटिंडा प्लांट अगर सारे का सारा भी काम करने लग जायें तो भी पंजाब की सारी ज़रूरत को पूरा नहीं कर सकता और जब तक हम बिजली की ज़रूरत को पूरा नहीं करेंगे तब तक हम तरक्की नहीं कर पायेंगे।

1967 से पहले हमारी समाल स्केल इंडस्ट्री पहले नम्बर पर थी इन पांच सालों में, यहां फ़िर हैंग-ओवर का सवाल आ जाता है, सातवें नम्बर पर चली गई। अगर इसको पहले नम्बर पर ले जाना है तो यह सोचना है कि कैसे ले जायेंगे, Director Industries का ब्यान कि बिजली की कटौती के कारण पंजाब की इंडस्ट्री को हर महीने 12 करोड़ रुपये का नुकसान हो रहा है। इसी तरह एग्रीकल्चर का नुकसान हो रहा है और लेबर का भी नुकसान हो रहा है। यह सब बातें किस तरह बनें उसके लिये में कुछ सुझाव रखना चाहता हूं (विघ्न)

एक बात तो मैं यह कहना चाहता हूं कि जहां कहीं से थोड़े बहुत किसी भी ढंग से जैनरेटर मिल सकते हैं (विघ्न)

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸ੍ਰੀ ਯਸ਼ ਸਾਹਿਬ ਨੇ ਆਨਰੇਬਲ ਮੈਂਬਰ ਤੇ ਦੋਸ਼ ਲਗਾਇਆ ਹੈ ਕਿ * * * (ਵਿਘਨ)

**Mr. Deputy Speaker :** This is no point of order. This is only an interruption. Please resume your seat.

**ਸਰਦਾਰ ਬਲਵਿੰਦਰ ਸਿੰਘ ਭੂੰਦੜ :** * * * * (ਵਿਘਨ)

**Mr. Deputy Speaker :** Whatever the hon. Member has said without the permission of the Chair should not form part of the proceedings.

*Expunged, as ordered by the Chair.

Original with;
Punjab Vidhan Sabha
Digitized by;
Panjab Digital Library

**श्री यशपाल** : डिप्टी स्पीकर साहिब, मैं आपका बड़ा मशकूर हूं। पर दिक्कत इस बात की है कि आपको उन मैंबर साहिबान से निपटना पड़ता है जिन को यह भी मालूम नहीं कि प्वायंट आफ आर्डर क्या होता है ? (विघ्न)

मैं पंजाब सरकार का ध्यान दिलाना चाहता था कि जितने भी साधन उपलब्ध हो सकें ------

(सरदार हरबंस सिंह जलाल की ओर से विघ्न)

**ਸ਼੍ਰੀ ਡਿਪਟੀ ਸਪੀਕਰ** : ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਹਾਊਸ ਦਾ ਡੈਕੋਰਮ ਕਾਇਮ ਰਖਣ ਅਤੇ ਇੰਟਰੱਪਸ਼ਨ ਦੀ ਆਦਤ ਛਡ ਦੇਣ। ਕਾਫੀ ਲੰਮਾ ਸੈਸ਼ਨ ਹੈ ਤੁਸੀਂ ਆਪਣੇ ਵਿਚਾਰ ਜ਼ਾਹਰ ਕਰ ਸਕਦੇ ਹੋ। (I would request the hon. Members to give up the habit of causing interruptions and to maintain the decorum of the House. The Session is lengthy enough for them to out their point of view before the House.)

**श्री यशपाल** : डिप्टी स्पीकर साहिब, मैं अर्ज़ कर रहा था कि बिजली की प्रोडक्शन के जितने भी साधन जुटाये जा सकते हैं जुटाये जाने चाहियें। पंजाब सरकार को Government of India से किसी तरह का संकोच नहीं करना चाहिये। जापान ने कुछ नये ढंग के टर्बाईन जैनरेटिंग सैट बनाये हैं। गवर्नमैंट आफ़ इंडिया उनसे बातचीत कर रही है वे जल्दी से जल्दी मंगवा कर बिजली की कमी को पूरा करना चाहिये। अगर बिजली न दे सकेंगे तो पंजाब की इंडस्ट्री डिवैल्प नहीं हो सकती।

मैं एक और खास अर्ज़ करनी चाहता हूं कि पंजाब सरकार ने प्राईवेट जैनरेटर लगाने के लिये जो सहायता देनी है वह सिर्फ़ तीन फोकल प्वायंटस मुहाली, राजपुरा, तथा ढंडारी कलां के लिये है। मैं यह कहता हूं कि यह सहूलत हर शख्स को देनी चाहिये। सारे पंजाब में अगर कोई प्राईवेट जैनरेटर लगाता है तो पंजाब सरकार को उसकी मदद करनी चाहिए। इस सिलसले में लोन देना चाहिये, जिस तरह ट्यूब्वैल्ज आदि के लिये सरकार ग्रांट्स देती है, लोन देती है इसी तरीके से पंजाब भर में जो कोई प्राईवेट जैनरेटर लगाना चाहे पंजाब सरकार को इजाजत देनी चाहिये।

पंजाब सरकार ने एक और अच्छा काम करने का फैसला किया है कि उन लोगों को जिनके पास सर छुपाने के लिये कोई जगह नहीं है उनको मुफ्त प्लाट दिये जाएं, ताकि वे मकान बना सकें। इस के लिए जितनी भी सरकार को मुबारकबाद दी जाये, कम है। मैं अर्ज करना चाहता हूं यह हाऊस-लोन्ज लोगों को दिये जा रहे हैं यह देहातों के सिवा शहर वालों को भी मिलने चाहिए। एक नुक्ता निगाह से देखा जाए तो शहरों में ऐसे लोग ज्यादा हैं जिनके पास अपने मकान नहीं और उन्हें किराये के मकानों में रहना पड़ता है। ऐसी झोंपड़ियों में रहना पड़ता है जो कि रहने के लायक नहीं। जहां पर पंजाब सरकार यह सहूलत देहात में बेघर लोगों को दे रही है वहां पर शहर के लोगों को भी यह सहूलत

Original with;
Punjab Vidhan Sabha
Digitized by;
Panjab Digital Library

[श्री यशपाल]

दी जाए। मुझे यह कह कर बहुत खुशी है कि यद्यपि पंजाब सरकार ने बाकायदा तौर पर कोई प्लान नहीं बनाई लेकिन पिछले दिनों में ज्ञानी जैल सिंह ने एक जगह भाषण देते हुए कहा है कि देहात के लोगों की जरूरत पूरी करने के बाद शहर के लोगों को मकान देने का प्रबन्ध किया जायेगा। शहरों को ब्यूटीफाई करने की पंजाब सरकार ने एक और अच्छी स्कीम बनाई है। एक बोर्ड बनाया है जिसके श्री रंधावा चेयरमैन हैं। इस में कोई शक नहीं कि हमारे बहुत सारे शहर गंदे हैं। हमारे गांव अच्छे नहीं लेकिन यह शहरों के मुकाबले में कई गुना ज्यादा साफ-सुथरे और सेहतमंद हैं। सड़कों को चौड़ा करने की काफ़ी जरूरत है। जहां पार्क नहीं वहां यह बनाये जाने चाहियें। जहां पर शहरों को ब्यूटीफाई करने की समस्या है वहां पर यह भी जरूरी है कि शहरों में जो Slums है उनको किसी न किसी तरीके से दूर किया जाए। ऐसे हालात पैदा करें कि जिससे बीमारी न फैले। शहरों के अन्दर कई ऐसी बस्तियां हैं जहां density of population दुनिया भर में सब से ज्यादा है। यह कहा जाता है कि East Bengal में density of population सब से ज्यादा है। हमारे शहरों की कई बस्तियों में एक एक कमरे में 15-15 और 20-20 व्यक्ति रहते हैं। इस तरफ पंजाब सरकार का ध्यान गया है और उन्होंने एक Housing Board बनाया है जिस से लोगों को सहूलत मिलेगी। पहले हमें स्लम्मज को क्लीयर करने की तरफ ध्यान देना चाहिये। जहां पर नालियां नहीं तथा पीने का पानी नहीं वहां पर हमें यह प्रबन्ध करना चाहिये और फिर शहरों को ब्यूटीफाई किया जाए। इस बारे में किसी को कोई एतराज़ नहीं लेकिन Priority का सवाल जरूर आयेगा। मैं इस तरफ लोकल बाडीज़ के मिनिस्टर साहिब की तव्वजो दिलाना चाहता हूं। जो शहरों के लिये सरकार ने रकम रखी है वह बहुत थोड़ी है। शहरों की ब्यूटीफिकेशन के लिये इस रकम को बढ़ाना चाहिये। इसके साथ स्लम्मज़ कलीयरेंस की तरफ ध्यान देना चाहिये। अगर पंजाब सरकार, भारत सरकार के साथ तालमेल पैदा कर सके और उसके साथ प्रोग्राम बना सके तो उसका बहुत अच्छा नतीजा निकल सकता है। इस तरीके से लोकल बाडीज़ में एक और भी अच्छी बात हुई है जिसके लिये पंजाब सरकार मुबारकबाद की मुस्तहिक है। औरतों को म्यूनिस्पल कमेटियों, जिला परिषदों, पंचायत समितियों और पंचायतों में नुमाइंदगी दी जाने के सवाल पर पहले तो कुछ लोगों ने विरोध किया लेकिन बाद में उनकी समझ में यह बात आ गई और उसको पसंद किया। उसके नतीजे के तौर पर पिछले वर्ष जब 79 म्यूनिस्पल कमेटियों के चुनाव हुए तो 4 औरतों को इन में नुमाइंदगी मिली। अब पंजाब सरकार के फैसले के अनुसार सारी म्यूनिस्पल कमेटियों में औरतों को नुमाइंदगी मिलेगी। सफाई मज़दूर आम तौर पर बालमीकी होते हैं। शहर के अन्दर कोई मोहल्ला नहीं जहां पर उनकी मैजारटी हो और उन्हें चुना जा सके। जालन्धर में मुझे पता है कि एक मोहल्ले से एक बालमीकी को खड़ा किया गया लेकिन वह कामयाब नहीं हो सका। यह सफाई मज़दूर बालमीकी होते हैं पंजाब सरकार ने इस पर भी ध्यान दिया और हर म्यूनिस्पैलिटी में एक-एक बालमीकी को भी नुमाइंदगी दे देनी चाहिये।

इन्डस्टरी का मैं ज़िकर कर रहा था। इस में लोनज़ का सिलसिला जारी है। गवर्नर साहिब ने अपने Address में कुछ बातों का ज़िकर किया है। मैं चीफ़ मनिस्टर साहिब से कहना चाहता हूं कि लोनज़ देते वक्त दो तीन चीज़ों को ध्यान में रखा जाए। इस वक्त पंजाब

Original with;
Punjab Vidhan Sabha
Digitized by;
Panjab Digital Library

की इंडस्टरी का कितना नुकसान हुआ है । Director of Industries के अपने ऐस्टीमेट के मुताबिक लगभग 12 करोड़ रुपये का नुकसान हर महीने हो रहा है, जितना नुकसान हुआ है उतना खर्चा करें न करें लेकिन उसके लगभग तो करना ही पड़ेगा । लोनज़ की रक़म बढ़ानी चाहिए । हरिजनों को जो लोनज़ देते हैं उन में दो तीन चीज़ों की तरफ ध्यान देना चाहिए । उनकी repay करने की Capacity कितनी है । यह नहीं कि आप 20 वर्ष का लोन देते हैं फिर तवक्को करें कि चार वर्ष के अन्दर वापस कर दें । यह नहीं हो सकता । Rate of interest काफ़ी ज़्यादा है यह कम होना चाहिए । जैनरेटर्ज़ के बारे में मैं अर्ज़ कर चुका हूं । इन्डस्ट्रीयल कोआप्रेटिव सोसाइटीज़ की तरफ ज़्यादा ध्यान देने की ज़रूरत है । अभी तक यह कामयाब नहीं हुई उस की वजह यह है कि सोसाइटीज़ बन जाती हैं, लोगों में दिलचस्पी भी होती है लेकिन जब काम करने का मौका आता है तो उनको न तो पूरा मटीरीयल मिलता है और न दूसरी चीज़ें मिलती हैं और यह कामयाब नहीं होती । जिन लोगों के पास थोड़ी बहुत पूंजी होती है वह इसमें लगा देते हैं । रुपया ज़ाया हो जाता है और उनके हौसले पस्त हो जाते हैं । इस लिए इस तरफ ज़्यादा ध्यान देना चाहिये ।

मैं फ्रीडम फाईटर्ज़ के बारे में एक बात कहना चाहता हूं । पंजाब सरकार ने एक बात इस वर्ष ऐसी की है जो बहुत पहले हो जानी चाहिये थी बल्कि 1947 में पंजाब देश आज़ाद हुआ तब हो जानी चाहिए थी । सरदार भगत सिंह की माता को पंजाब माता का सम्मान देना 'देर आए दरुस्त आए, अच्छी बात है । इस के साथ यह भी किया गया है कि जो फ़्रीडम फ़ाईटर्ज़ हैं उनके लिये रकम रखी गई है । पैन्शन बढ़ाई गई है । मेरी यह राय है कि जो कुछ फ्रीडम फ़ाईटर्ज़ के लिये करना चाहिये था वह हम नहीं कर सके । हमारी यह बदकिस्मती है कि जब देश आज़ाद हुआ उस वक्त फरीडम फ़ाईटर्ज़ की तरफ ध्यान नहीं दिया गया । पीसफुल टरांस्फर आफ़ पावर हो गई और सारी की सारी ताकत beurocracy के हाथ में रही जो कि फरीडम फाईटरज़ पर ज़ुल्म करते रहे । मनिस्टरी बदल गई लेकिन मशीनरी वही थी । जब कभी फ्रीडम फाईटर्ज़ को थोड़ी बहुत सहूलत देने की कोशिश की जाती तो यह अफसर नाक मुंह सिकौड़ देते । जिन लोगों ने अफरीका, मिश्र और यौरप में जाकर लड़ाई लड़ी और उन का अगर कोई आदमी मर गया तो उनको 25-25 एकड़ ज़मीन देने पर ऐतराज़ नहीं किया गया लेकिन जिन स्वतन्त्रता सेनानियों ने बगैर किसी मुआवज़े के जिन्दगी कुरबान कर दी उन लोगों को अगर थोड़ी बहुत इम्दाद देने की तजवीज आयी तो उन्होंने कहा कि कोई ज़रूरी नहीं । हम ने यह अधिकार इस लिये प्राप्त किये कुछ लोगों ने अपनी जिन्दगी कुरबान करदी । ऐसे लोग बहुत थोड़े अब हैं जिन्हें हम जानते हैं । बेशुमार लोग ऐसे हैं जिन्होंने अपना नाम लिखवाने की ज़रूरत नहीं समझी । हिस्टरी आज़ादी की अब लिखी जा रही है जबकि बहुत से नाम हम भूल गए हैं । जो फ्रीडम फाईटर्ज़ के लिये सरकार ने कदम उठाए हैं वह सराहनीय हैं और मैं उन का स्वागत करता हूं । लेकिन अगर यह समझ लिया जाए कि इन से सरकार का कर्त्तव्य पूरा हो गया है तो यह गलत बात है । उन के लिये और भी बहुत काम करना है । मुझे खुशी है कि सरकार ने एक कमेटी बना दी है जो कि हर जिले के अन्दर फ्रीडम फाईटर्ज़ की राहत की देखेगी और उन की एक लिस्ट बनायेगी । लेकिन मैं एक बात कहना चाहता हूं कि यहां पर कई ऐसे लोग भी हैं जो यह कहते हैं कि फ्रीडम फाईटर्ज़ के

Original with;
Punjab Vidhan Sabha
Digitized by;
Panjab Digital Library

[श्री यशपाल]

बराबर का सम्मान दूसरों को भी दिया जाये। मैं कहता हूं कि वह लोग गलतफहमी में हैं। फ्रीडम फाइटर्ज का मामला सन 1947 से पहले का है। ठीक है, अगर कोई सरकार किसी और का सम्मान करना चाहती है तो जरूर करे लेकिन वह फ्रीडम फाईटर्ज नहीं बन सकते। (थम्पिंग) क्योंकि उन्होंने जो कुछ भी किया है, वह किसी के ख़याल में ठीक होगा और किसी के ख़याल में गलत, लेकिन वह किसी भी सूरत में फ्रीडम फाईटर्ज के बराबर नहीं हो सकते। पंजाब सरकार ने 'पंजाब माता' का सम्मान किया है। यह बहुत अच्छा किया है।

एक बात और भी कहनी है कि पंजाब सरकार को भाषाओं की ओर पूरा ध्यान देना जरूरी है। पंजाब की डिवैलपमैंट की तरफ जितने ठोस कदम उठाए गए हैं वह पहले कभी नहीं उठाये गये थे और मैं इस काम के लिये सरकार का धन्यवाद करता हूं। (थम्पिग)। पंजाबी हमारे प्रदेश की भाषा है और इस की ज्यादा से ज्यादा डिवैलपमैंट होनी चाहिये। पंजाबी के साहित्य को, कलचर को प्रत्येक पहलु से प्रोत्साहन देने के लिये जितने भी कदम उठाए जाएं वह कम हैं। लेकिन इस के साथ साथ ऐसा वातावरण पैदा करना चाहिये जिस से दूसरी भाषाएं पंजाब में उन्नति कर सकें इस तरह की गलत-फहमी बिलकुल नहीं होनी चाहिए कि हिन्दी हिन्दुओं की भाषा है। पंजाब में हिन्दी के बारे में कुछ आवश्यक निर्णय किये गये तो कुछ लोगों ने इस पर आपत्ति करनी शुरू कर दी। न हिन्दी हिन्दुओं की भाषा है और न पंजाबी सिखों की भाषा है। अगर कोई कहे कि कोई भाषा किसी धर्म या सम्प्रदाय के साथ बंधी होती है तो यह गलत बात है। कोई भी भाषा उस वक्त तक पनप नहीं सकती जब तक कि दूसरी भाषाओं का सहारा नहीं लेती। अकेली कोई भी भाषा चल नहीं सकती। अंग्रेजी भाषा की काफी डौमीनेशन है। दुनिया के अन्दर जितना भी काम काज होता है उस में लगभग 75 फी सदी अंग्रेजी में होता है। अंग्रेजी के बारे में किसी ने यह नहीं कहा कि यह भाषा क्यों पढ़ाई-लिखाई जाती है। अगर पंजाब ने उन्नति करनी है तो दूसरी भाषाओं को सीखना लाजमी होगा। अगर पंजाबी ने उन्नति करनी है तो हिन्दी के लिये सहूलियात दी जानी अनिवार्य हैं। इस से पंजाब का भविष्य सुरक्षित होगा। (थम्पिग)। अगर संकुचित दृष्टिकोण बना लिया जाए तो पंजाबी तरक्की नहीं कर सकती। मुख्य मंत्री जी ने गलत लोगों की नुक्ताचीनी की परवाह न करते हुए जितने भी कदम इस तरफ उठाए हैं वह सराहणीय हैं। (थम्पिग) लेकिन अभी कई कदम उठाने बाकी हैं। हिन्दी के लिये ज्यादा से ज्यादा सहूलत होनी चाहिये ताकि लड़के हिन्दी का पर्याप्त और पूरा ज्ञान प्राप्त करने के बाद भारत के कम्पीटीटिव टैस्ट में ज्यादा से ज्यादा नम्बर ले सकें। किसी और का भी एक इलाके में रह कर गुजारा हो सकता है लेकिन पंजाबी पंजाब में ही नहीं, भारत में ही नहीं बल्कि सारी दुनिया में रहना चाहता है। इस ने सारी दुनियां के अन्दर फार्म बना लिये हैं। इन्डस्ट्रीज लगा ली हैं। अगर हम इन को बांध कर रखेंगे तो हम आने वाली नसलों के साथ इन्साफ नहीं करेंगे।

मुझे खुशी होती अगर गवर्नर साहिब ने इस के बारे में कुछ कहा होता। लेकिन चीफ़ मिनिस्टर साहिब ने कुछ ऐलान करके अच्छा वातावरण पैदा करने की कोशिश की

Original with;
Punjab Vidhan Sabha
Digitized by;
Panjab Digital Library

है। इसी तरह के ही और कदम उठा कर पंजाब के भविष्य को हर पहलू से सुरक्षित करना चाहिये।

मुझे खुशी है कि पंजाब सरकार ने आइंदा के लिये जो प्रोग्राम बनाये हैं उन का लाभ गरीब लोगों को होगा। पहले सरकार कोई भी स्कीम बनाती थी तो उस का लाभ वह ही लोग उठाते थे जो पढ़े लिखे और अमीर होते थे और जो वह कहते थे वह ही मान लिया जाता था निचले वर्गों के लोगों की कोई सुनवाई नहीं थी। अब गरीबों की बात मानी जाती है। गरीब किसानों की बेहतरी के लिये जो स्कीमें बनाई जाती हैं उन का उन को पूरा पूरा लाभ होता है।

**ਸਰਦਾਰ ਗੁਰਬਚਨ ਸਿੰਘ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਣਕ ਸਸਤੀ ਕਰਕੇ ਗਰੀਬਾਂ ਦਾ ਨੁਕਸਾਨ ਕੀਤਾ ਹੈ।

**Mr. Deputy Speaker** : Jathedar Sahib, do not try to interrupt the hon. Member.

**ਆਵਾਜ਼ਾਂ :** ਡਿਪਟੀ ਸਪੀਕਰ ਸਾਹਿਬ, ਇਹ ਜਥੇਦਾਰ ਹਨ ਇਸ ਲਈ ਇਨ੍ਹਾਂ ਨੂੰ ਇਹ ਗੱਲਾਂ ਮੁਆਫ਼ ਹਨ। (ਹਾਸਾ)

**श्री यश पाल :** डिप्टी स्पीकर साहिब, हम ने देश को अगर ऊपर उठाना है तो अपने आप पर नियंत्रण करना होगा। जब महात्मा गांधी लन्दन गये तो उन्होंने केवल लंगोटी ही बांधी थी। इस लिये नहीं कि देश में कपड़ा नहीं था बल्कि उन्होंने हिन्दोस्तान की नुमाइंदगी करनी थी। भूखे-नंगे देश के प्रतिनिधि बढ़िया कपड़े पहन कर देश का वास्तविक चित्र पेश नहीं कर सकता था। अब हमारे नेताओं और मंत्रियों को भी उन से शिक्षा ग्रहण करनी चाहिये। अब अच्छी प्लैनज़ की ज़रूरत है जोकि पंजाब की सरकार बना रही है। लेकिन इस के साथ ही साथ हमारा जीवन भी सादा इमानदार और दूसरों के लिये आदर्श होना चाहिये ताकि स्वच्छ नैतिकता का वातावरण पैदा हो सके वक्त मोड़ खा रहा है, अगर हमारी लीडरशिप आदर्श ढांचे में ढलने की ज़रूरत की ओर दलेराना कदम उठाएगी तो बुराइयां दूर हो जाएंगी प्लैन अच्छे हैं इरादे नेक हैं। अब अगर इन पर इमानदारी से अमल किया जाए तो पंजाब फिर से उन्नति करने लगेगा। इन शब्दों के साथ मैं यह प्रस्ताव पेश करता हूं।

**ਸਰਦਾਰ ਹਰਚਰਨ ਸਿੰਘ (ਅਜਨਾਲਾ) :** ਡਿਪਟੀ ਸਪੀਕਰ ਸਾਹਿਬ, ਜੋ ਪ੍ਰਸਤਾਵ ਸ਼੍ਰੀ ਯਸ਼ ਜੀ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਦਿਲੋਂ ਤਾਈਦ ਕਰਦਾ ਹਾਂ। ਲੇਕਿਨ ਜਿਸ ਮਾਹੌਲ ਦੇ ਵਿਚ ਕੱਲ ਗਵਰਨਰ ਸਾਹਿਬ ਨੇ ਐਡਰੈਸ ਪੜ੍ਹਿਆ ਔਰ ਜਿਸ ਤਰੀਕੇ ਨਾਲ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਉਸ ਐਡਰੈਸ ਨੂੰ ਪਾੜਿਆ ਅਤੇ ਉਨ੍ਹਾਂ ਨੇ ਰਿਐਕਟ ਕੀਤਾ ਉਸ ਬਾਰੇ ਮੈਨੂੰ ਬੜਾ ਅਫਸੋਸ ਹੈ। ਇਸ ਤੋਂ ਇਕ ਸਾਲ ਪਹਿਲਾਂ ਐਡਰੈਸ ਪੜ੍ਹਿਆ ਗਿਆ ਸੀ ਅਤੇ ਇਨ੍ਹਾਂ ਨੇ ਇਹ ਕਿਹਾ ਸੀ ਕਿ ਸਰਕਾਰ ਦੇ ਚੰਗੇ ਕੰਮਾਂ ਦੀ ਕਦਰ ਕਰਾਂਗੇ। ਅਸੀਂ ਚੰਗੀ ਗੱਲ ਨੂੰ ਦਲੇਰੀ ਨਾਲ ਚੰਗੀ ਕਹਾਂਗੇ। (ਵਿਘਨ)

**ਆਵਾਜ਼ਾਂ:** ਇਨ੍ਹਾਂ ਦੀ ਲੀਡਰੀ ਬਦਲ ਗਈ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ:** ਪਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਵਿਚ ਸਰਕਾਰ ਦੇ ਚੰਗੇ ਕੰਮ ਕੀਤਿਆਂ ਹੋਇਆਂ ਬਾਰੇ ਚੰਗੀਆਂ ਗੱਲਾਂ ਸੁਣਨ ਦੀ ਸ਼ਕਤੀ ਨਹੀਂ ਰਹੀ।

ਔਰ ਇਥੇ ਹੀ ਬਸ ਨਹੀਂ ਇਨ੍ਹਾਂ ਮੇਰੇ ਸਾਹਮਣੇ ਬੈਠੇ ਮੈਂਬਰ ਸਾਹਿਬਾਨ ਨੂੰ ਪੰਜਾਬੀ ਜ਼ਬਾਨ ਨਾਲ ਬੜਾ ਪਿਆਰ ਹੈ ਅਤੇ ਹਮੇਸ਼ਾ ਪੰਜਾਬੀ ਬੋਲਣ ਦਾ ਦਾਹਵਾ ਕਰਦੇ ਹਨ ਅਤੇ ਹਰ ਇਲਫਾਜ਼ ਵਿਚ ਇਹ ਕਹਿੰਦੇ ਨਹੀਂ ਥਕਦੇ ਕਿ ਪੰਜਾਬੀ ਸਾਡੀ ਭਾਸ਼ਾ ਹੈ ਪਰ ਕਿੰਨੇ ਦੁਖ ਦੀ ਗੱਲ ਹੈ ਕਿ ਕੱਲ੍ਹ ਇਨ੍ਹਾਂ ਨੇ ਉਸੇ ਪੰਜਾਬੀ ਜ਼ਬਾਨ ਵਿਚ ਛਾਪਿਆ ਗਵਰਨਰ ਸਾਹਿਬ ਦੇ ਐਡਰੈਸ ਦੇ ਪੁਰਜ਼ੇ ਪੁਰਜ਼ੇ ਕਰਕੇ ਪੈਰਾਂ ਹੇਠ ਰੋਲ ਦਿਤੇ, ਕਿੰਨੀ ਮਾੜੀ ਗੱਲ ਹੈ (ਵਿਘਨ) (ਟ੍ਰੇਜ਼ਰੀ ਬੈਂਚਾਂ ਵਲੋਂ ਸ਼ੇਮ ਸ਼ੇਮ) (ਵਿਘਨ) (ਸ਼ੋਰ)

**Mr. Deputy Speaker** : Order, order please.

**ਸਰਦਾਰ ਹਰਚਰਨ ਸਿੰਘ:** ਜਿਹੜੇ ਇਨ੍ਹਾਂ ਦੇ ਲੀਡਰ ਹਨ ਲੀਡਰ ਆਫ ਦੀ ਆਪੋਜ਼ੀਸ਼ਨ ਉਹ ਆਪ ਬੜੇ ਚੰਗੇ ਅਤੇ ਨੇਕ ਆਦਮੀ ਹਨ ਅਤੇ ਕਿਸੇ ਦੀ ਜ਼ੱਲ ਵਿਚ ਆਣ ਵਾਲੇ ਨਹੀਂ ਪਰ ਲੁਕੱ ਮੈਂ ਉਨ੍ਹਾਂ ਦੀ ਬੇਬਸੀ ਨੂੰ ਵੇਖਿਆ ਕਿ ਕਿਸ ਤਰ੍ਹਾਂ ਇਹ ਉਨ੍ਹਾਂ ਪਾਸੋ ਬਿਆਨ ਪੜ੍ਹਾਣ ਦਾ ਯਤਨ ਕਰ ਰਹੇ ਸਨ। ਉਨਾਂ ਦੀ ਬੇਬਸੀ ਉਨ੍ਹਾਂ ਦੇ ਚੇਹਰੇ ਤੋਂ ਪਰਤੀਤ ਹੁੰਦੀ ਪਈ ਸੀ। ਜੋ ਕੁਝ ਇਨ੍ਹਾਂ ਨੇ ਆਪਣੇ ਲੀਡਰ ਸਾਹਿਬ ਤੋਂ ਬੁਲਵਾਇਆ ਉਨ੍ਹਾਂ ਦਾ ਆਪਣਾ ਦਿਲ ਉਹ ਕੁਝ ਕਹਿਣ ਤੇ ਨਹੀਂ ਸੀ ਪਿਆ ਕਰਦਾ। (ਪ੍ਰਸੰਸਾ) ਸਾਨੂੰ ਉਨ੍ਹਾਂ ਨਾਲ ਪੂਰੀ ਹਮਦਰਦੀ ਹੈ। (ਵਿਘਨ) (ਸ਼ੋਰ)

ਇਸੇ ਤਰ੍ਹਾਂ ਸੀ.ਪੀ.ਆਈ. ਦੇ ਮੈਂਬਰ ਸਾਹਿਬਾਨ ਜਿਨ੍ਹਾਂ ਨੇ 1972 ਦੀਆਂ ਇਲੈਕਸ਼ਨਾਂ ਕਾਂਗਰਸ ਦੇ ਚੰਗੇ ਪ੍ਰੋਗਰਾਮ ਨੂੰ ਵੇਖ ਕੇ ਇਸ ਨਾਲ ਸ਼ਾਮਿਲ ਹੋ ਕੇ ਲੜੀਆਂ ਅਤੇ ਇਸ ਪਾਰਟੀ ਨੂੰ ਤਆਵਨ ਦੇਣ ਦਾ ਵਾਅਦਾ ਕੀਤਾ। ਕੱਲ ਗਵਰਨਰ ਸਾਹਿਬ ਦੇ ਐਡਰੈਸ ਸਮੇਂ ਹਾਓਸ ਵਿਚ ਨਹੀਂ ਆਏ ਇਹ ਕੋਈ ਚੰਗੀ ਗੱਲ ਉਨ੍ਹਾਂ ਨੇ ਨਹੀਂ ਕੀਤੀ। ਉਨ੍ਹਾਂ ਨੂੰ ਚਾਹੀਦਾ ਸੀ ਕਿ ਗਵਰਨਰ ਸਾਹਿਬ ਦੇ ਐਡਰੈਸ ਨੂੰ ਹਾਊਸ ਵਿਚ ਆਕੇ ਸੁਣਦੇ ਅਤੇ ਜਿਹੜੀਆਂ ਕਮੀਆਂ ਉਨ੍ਹਾਂ ਨੂੰ ਨਜ਼ਰ ਆਈਆਂ ਉਨ੍ਹਾਂ ਦਾ ਜ਼ਿਕਰ ਹੁਣ ਬਹਿਸ ਸਮੇਂ ਕਰਦੇ। ਅਤੇ ਇਹ ਤਾਂ ਪਹਿਲਾਂ ਹੀ ਜਾਣਦੇ ਹਨ ਕਿ ਜਦ ਵੀ ਇਸ ਪਾਰਟੀ ਦੇ ਲੀਡਰਾਂ ਨੇ ਅਸਾਡੇ ਮੁੱਖ ਮੰਤਰੀ ਸਾਹਿਬ ਨਾਲ ਕੋਈ ਵਿਚਾਰ ਵਟਾਂਦਰਾ ਕੀਤਾ ਅਤੇ ਕੋਈ ਕੰਸਟ੍ਰਕਟਿਵ ਗੱਲਾਂ ਕਹੀਆਂ ਉਹ ਹਮੇਸ਼ਾਂ ਹੀ ਮੰਨ ਲਈਆਂ ਗਈਆਂ। (ਵਿਘਨ) (ਸ਼ੋਰ)

ਇਹ ਮਾਨਯੋਗ ਮੈਂਬਰ ਜਿਹੜੇ ਵਿਘਨ ਪਾ ਰਹੇ ਹਨ, ਇਹ ਆਪਣੇ ਆਪ ਨੂੰ ਪੰਜਾਬੀ ਦੇ ਚੈਂਮਪੀਅਨ ਕਹਿੰਦੇ ਸਨ, ਪਰ ਇਨ੍ਹਾਂ ਨੇ ਕੀ ਕੁਝ ਕੀਤਾ ਉਹ ਸਾਰਿਆਂ ਦੇ ਸਾਹਮਣੇ ਹੈ। ਇਹ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਗਏ ਕਿ ਇਸ ਮੌਜੂਦਾ ਕਾਂਗਰਸ ਸਰਕਾਰ ਨੇ ਕੰਸਟ੍ਰਕਟਿਵ ਸਟੈਪ ਚੁਕੇ ਹਨ ਜਿਨ੍ਹਾਂ ਦਾ ਜ਼ਿਕਰ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕੀਤਾ ਹੈ, ਭਾਈ ਵੀਰ ਸਿੰਘ ਮੈਮੋਰੀਅਲ ਲਈ ਪੈਸੇ ਰਖੇ ਹਨ ਅਤੇ ਪੰਜਾਬੀ ਵਿਚ ਇਨਸਾਇਕਲੋਪੀਡੀਆ ਤਿਆਰ ਕੀਤਾ ਜਾ ਰਿਹਾ ਜਿਹੜਾ ਕਿ 3–4 ਸਾਲ ਵਿਚ ਮੁਕੰਮਲ ਹੋ ਜਾਵੇਗਾ (ਪ੍ਰਸੰਸਾ) ਇਸ ਦੇ ਨਾਲ ਹੀ ਦੂਜੀਆਂ, ਭਾਸ਼ਾਵਾਂ ਰਾਸ਼ਟ੍ਰੀ ਭਾਸ਼ਾ ਹਿੰਦੀ ਦੇ ਵਿਕਾਸ ਵਲ ਵੀ ਸਰਕਾਰ ਨੇ ਧਿਆਨ ਦਿਤਾ ਹੈ ਅਤੇ ਰਕਮ ਰਖੀ ਹੈ। ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਨੂੰ ਇਸ ਗੱਲ ਦੀ ਸ਼ਲਾਘਾ ਕਰਨੀ ਚਾਹੀਦੀ ਸੀ। (ਵਿਘਨ) (ਸ਼ੋਰ)

**ਸ਼੍ਰੀ ਡਿਪਟੀ ਸਪੀਕਰ:** ਆਰਡਰ ਪਲੀਜ਼। ਬੈਠੇ ਬੈਠੇ ਬੋਲਣ ਦੀ ਮੈਂਬਰ ਸਾਹਿਬਾਨ ਖੇਚਲ ਨਾ ਕਰਨ।

(Order please. The hon members should not speak while sitting.)

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ :** ਇਹ ਤਾਂ, ਡਿਪਟੀ ਸਪੀਕਰ ਸਾਹਿਬ, ਵਿਘਨ ਪਾਂਦੇ ਹਨ ਕਿ ਇਹ ਆਪਣੇ ਤਿੰਨ ਚਾਰ ਸਾਲ ਦੇ ਰਾਜ ਦੇ ਸਮੇਂ ਵਿਚ ਕੁਝ ਨਾ ਕਰ ਸਕੇ ਅਤੇ ਇਸ ਦੀ ਸਜ਼ਾ ਇਨ੍ਹਾਂ ਨੂੰ ਜਨਤਾ ਦੇ ਦਰਬਾਰ ਵਿਚੋਂ ਮਿਲੀ ਅਤੇ ਇਹ ਭੁਗਤ ਰਹੇ ਹਨ। ਇਨ੍ਹਾਂ ਨੂੰ ਗਿਲ੍ਹਾ ਜਨਤਾ ਦੇ ਸਾਹਮਣੇ ਜਾ ਕੇ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਇਨ੍ਹਾਂ ਨੂੰ ਸਜ਼ਾ ਦਿਤੀ ਇਨ੍ਹਾਂ ਦੀਆਂ ਨੀਤੀਆਂ ਲਈ ਅਤੇ ਅਜ ਇਹ ਆਪੋਜ਼ੀਸ਼ਨ ਵਿਚ ਬੈਠੇ ਹਨ।

ਇਸ ਮੌਜੂਦਾ ਸਰਕਾਰ ਨੇ ਤਰੀਕਾ ਕਾਰ ਬਦਲ ਲਿਆ ਹੈ ਅਤੇ ਕੰਸਟ੍ਰਕਟਿਵ ਸੋਚ ਧਾਰਨ ਕਰ ਲਈ ਹੈ। ਇਸ ਲਈ ਇਨ੍ਹਾਂ ਨੂੰ ਚਾਹੀਦਾ ਹੈ ਕਿ ਉਸਾਰੂ ਕੰਮਾਂ ਵਿਚ ਇਹ ਦਲੇਰੀ ਨਾਲ ਸਰਕਾਰ ਨੂੰ ਤੁਆਵਣ ਦੇਣ ਅਤੇ ਚੰਗੇ ਕਦਮਾਂ ਵਿਚ ਇਸ ਦੀ ਸ਼ਲਾਘਾ ਕਰਨ। (ਵਿਘਨ)

**Mr. Deputy Speaker :** Order please.

**ਸਰਦਾਰ ਹਰਚਰਨ ਸਿੰਘ :** ਮੈਨੂੰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵਲੋਂ ਇਸ ਤਰ੍ਹਾਂ ਵਿਘਨ ਪਾਏ ਜਾਣ ਨਾਲ ਫਰਕ ਨਹੀਂ ਪੈਣਾ। ਮੈਂ ਤਾਂ ਆਪਣੀਆਂ ਗੱਲਾਂ ਹਾਊਸ ਵਿਚ ਕਹਿਣੀਆਂ ਹੀ ਹਨ। ਮੈਂ ਸਮਝਦਾ ਹਾਂ ਕਿ 1971 ਵਿਚ ਨਵੀਂ ਕਾਂਗਰਸ ਨੇ ਜਨਮ ਲਿਆ (ਵਿਘਨ) ਅਤੇ ਦੇਸ਼ ਦੇ ਮਕਬੂਲ ਪ੍ਰਧਾਨ ਮੰਤ੍ਰੀ ਨੇ ਸਾਡੇ ਸਾਹਮਣੇ ਲੋਕ ਰਾਜ ਦਾ ਸਹੀ ਨਮੂਨਾ ਪੇਸ਼ ਕੀਤਾ ਅਤੇ ਲੋਕਾਂ ਨੇ ਬਹੁ ਗਿਣਤੀ ਵਿਚ ਵੋਟਾਂ ਪਾ ਕੇ ਕਾਂਗਰਸ ਰਾਜ ਕਾਇਮ ਕੀਤਾ। ਜਿਹੜੇ ਜਿਹੜੇ ਵਚਨ ਇਲੈਕਸ਼ਨਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਜੀ ਨੇ ਲੋਕਾਂ ਨਾਲ ਕੀਤੇ ਸਨ, ਉਨ੍ਹਾਂ ਨੂੰ ਕਾਂਗਰਸ ਰਾਜ ਦੇ ਕਾਇਮ ਹੋਣ ਤੇ ਪੂਰਾ ਕਰ ਵਿਖਾਇਆ। ਐਬੋਲੀਸ਼ਨ ਆਫ ਪ੍ਰਿਵੀ ਪਰਸਿਜ਼, ਬੈਂਕਾਂ ਦਾ ਕੌਮੀਕਰਨ ਅਤੇ ਬੰਗਲਾ ਦੇਸ਼ ਦੀ ਮਦਦ ਇਹੋ ਜਿਹੇ ਕੰਮ ਹਨ ਜਿਹੜੇ ਕਿ ਭਾਰਤ ਦੇ ਇਤਿਹਾਸ ਵਿਚ ਸੁਨਹਿਰੀ ਅਖਰਾਂ ਵਿਚ ਲਿਖੇ ਜਾਣ ਵਾਲੇ ਹਨ। ਬੰਗਲਾ ਦੇਸ਼ ਵਿਚ ਕਿਸ ਤਰ੍ਹਾਂ ਇਕ ਕਲਮ ਦੀ ਨੋਕ ਨਾਲ ਇਕ ਲੱਖ ਫੌਜੀਆਂ ਤੋਂ ਹਥਿਆਰ ਸੁਟਵਾ ਲਏ ਅਤੇ ਉਨ੍ਹਾਂ ਨੂੰ ਅਤਾਇਤ ਕਬੂਲ ਕਰਵਾ ਦਿਤੀ। (ਵਿਘਨ) (ਵਿਰੋਧੀ ਪਾਰਟੀ ਵਲੋਂ ਇਕ ਮਾਨਯੋਗ ਮੈਂਬਰ) ਜਿਸ ਨੇ ਹਥਿਆਰ ਸਿਟਵਾਏ ਉਸ ਦਾ ਤਾਂ ਨਾਂ ਵੀ ਕਿਤੇ ਵਿਖਾਈ ਨਹੀਂ ਦਿੰਦਾ)। (ਵਿਘਨ)

**Mr. Deputy Speaker :** Order please.

**ਸਰਦਾਰ ਹਰਚਰਨ ਸਿੰਘ :** 1972 ਵਿਚ ਪੰਜਾਬ ਵਿਚ ਇਲੈਕਸ਼ਨਾਂ ਹੋਈਆਂ ਅਤੇ ਇਨ੍ਹਾਂ ਸਾਹਮਣੇ ਬੈਠਿਆਂ ਦੇ ਕਾਲੇ ਕਾਰਨਾਮੇ ਮੁੱਖ ਰਖ ਕੇ ਲੋਕਾਂ ਨੇ ਆਪਣੀਆਂ ਵੋਟਾਂ ਕਾਂਗਰਸ ਨੂੰ ਪਾਈਆਂ ਇਹ ਜਾਣ ਕੇ ਕਿ ਇਸ ਦੇ ਪਰੋਗਰਾਮ ਚੰਗੇ ਹਨ ਅਤੇ ਇਸ ਤਰ੍ਹਾਂ ਪੰਜਾਬ ਵਿਚ ਇਕ ਕਾਂਗਰਸ ਹਕੂਮਤ ਕਾਇਮ ਹੋਈ ਅਤੇ ਇਹ ਚੰਗੀ ਅਤੇ ਸੁਚੱਜੀ ਸਰਕਾਰ ਅਸਾਡੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਦੀ ਅਗਵਾਈ ਵਿਚ ਹੋਂਦ ਵਿਚ ਆਈ। ਇਸ ਸਰਕਾਰ ਨੂੰ ਤਾਂ ਅਜੇ ਕੇਵਲ ਇਕ ਸਾਲ ਦਾ ਹੀ ਮੌਕਾ ਮਿਲਿਆ ਹੈ। ਯੁਗ ਬਦਲ ਜਾਂਦੇ ਹਨ ਸਮਾਜ ਵਿਚ ਤਬਦੀਲੀ ਲਿਆਉਣ ਵਿਚ ਪਰ ਇਸੇ ਕਾਂਗਰਸ ਸਰਕਾਰ ਨੇ ਇਕ ਸਾਲ ਵਿਚ ਹੀ ਜਿੰਨਾਂ ਕੰਮ ਕੀਤਾ ਹੈ ਅਤੇ ਜਿੰਨੀ ਡਿਵੈਲਪਮੈਂਟ ਹਰ ਖੇਤਰ ਵਿਚ ਹੋਈ ਉਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। (ਵਿਘਨ) 1965 ਦੀ ਜੰਗ ਵਿਚ ਅਤੇ 1971 ਦੀ ਜੰਗ ਵਿਚ, ਡਿਪਟੀ ਸਪੀਕਰ ਸਾਹਿਬ, ਜਿੰਨਾ ਰੀਲੀਫ ਦਿਤਾ ਗਿਆ ਇਸ ਦੀ ਕੋਈ ਮਿਸਾਲ ਨਹੀਂ ਮਿਲਦੀ। 1965 ਦੀ ਲੜਾਈ ਵਿਚ ਜਿਹੜਾ ਰੀਲੀਫ ਦਿਤਾ ਗਿਆ ਮੈਂ ਸਮਝਦਾ ਹਾਂ ਕਿ ਇਹ ਇਸ ਕਾਂਗਰਸ ਸਰਕਾਰ ਦੀ ਹੀ ਹਿੰਮਤ ਸੀ ਅਤੇ ਕੇਂਦਰੀ ਸਰਕਾਰ ਦੀ ਮਦਦ ਨਾਲ ਦਿਤਾ ਗਿਆ ਸੀ। 1971 ਦੀ ਲੜਾਈ ਵਿਚ ਜੋ ਰੀਲੀਫ ਦਿਤਾ ਗਿਆ ਇਸ ਦੀ ਮਿਸਾਲ ਨਹੀਂ ਮਿਲਦੀ। ਇਹ ਰਕਮ 13 ਕਰੋੜ ਰੁਪਿਆ ਬਣਦੀ ਹੈ,

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ]

ਜਿਹੜੀ ਕਿ 700-800 ਪਿੰਡਾਂ ਵਿਚ ਦਿਤਾ ਗਿਆ ਜਿਹੜੇ ਕਿ ਪਾਕਿਸਤਾਨ ਦੇ ਕਬਜ਼ੇ ਵਿਚ ਆ ਗਏ ਸਨ ਜਾਂ ਲੜਾਈ ਤੋਂ ਬਾਅਦ ਹੁਣ ਖਾਲੀ ਹੋਏ ਹਨ। ਹਾਲਾਂ ਕਿ ਸਕੀਮਾਂ ਚਲ ਰਹੀਆਂ ਹਨ ਅਤੇ ਜਿਨ੍ਹੇ ਵੀ ਅਫ਼ਸਰ ਮਾਲ ਦੇ ਹਨ ਇਸ ਪਾਸੇ ਤੇਜ਼ੀ ਨਾਲ ਕੰਮ ਕਰ ਰਹੇ ਹਨ, ਗਿਆਨੀ ਜ਼ੈਲ ਸਿੰਘ ਜੀ ਆਪ ਪਰਸਨਲ ਲੈਵਲ ਤੇ ਇਸ ਰੀਲੀਫ ਦੇ ਸਵਾਲ ਵਲ ਧਿਆਨ ਦੇ ਰਹੇ ਹਨ ਕਿ ਕਿਸੇ ਤਰ੍ਹਾਂ ਵਧ ਤੋਂ ਵਧ ਸਹਾਇਤਾ ਸੈਂਟਰ ਦੀ ਸਰਕਾਰ ਪਾਸੋਂ ਲਈ ਜਾਵੇ ਅਤੇ ਹਰ ਉਪਰਾਲਾ ਕੀਤਾ ਜਾਵੇ। ਜਿਹੜੀਆਂ ਨਵੀਆਂ ਸਕੀਮਾਂ ਰੀਲੀਫ ਦੀਆਂ ਇਸ ਸਮੇਂ ਚਲ ਰਹੀਆਂ ਹਨ ਜੇਕਰ ਇਹ ਪਰਵਾਨ ਕਰ ਲਈਆਂ ਗਈਆਂ ਤਾਂ ਹੋਰ 12-13 ਕਰੋੜ ਰੁਪਿਆ ਬਾਰਡਰ ਦੇ ਏਰੀਆ ਵਿਚ ਵੰਡਿਆ ਜਾਵੇਗਾ। (ਵਿਘਨ) ਇਹ ਇਕ ਚੰਗਾ ਕਦਮ ਹੈ। ਪਿਛਲੀਆਂ ਇਲੈਕਸ਼ਨਾਂ ਵਿਚ ਜਿਹੜੇ ਵਾਅਦੇ ਇਸ ਮੌਜੂਦਾ ਸਰਕਾਰ ਨੇ ਕੀਤੇ ਸਨ ਅਤੇ ਜਿਨ੍ਹਾਂ ਲਈ ਵੋਟਾਂ ਪਾਈਆਂ ਸਨ ਕਾਮਯਾਬੀ ਤੋਂ ਬਾਅਦ ਉਨ੍ਹਾਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ। ਬਾਰਡਰ ਦੇ ਇਲਾਕੇ ਵਿਚ ਇਕ ਬੈਲਟ ਬਣਾਉਣ ਅਤੇ ਬਾਰਡਰ ਐਡਵਾਇਜ਼ਰੀ ਕੌਂਸਲ ਕਾਇਮ ਕਰਨ ਦੇ ਬਾਰੇ ਵਿਚ ਐਲਾਨ ਕੀਤਾ ਗਿਆ ਸੀ। ਕੰਡੀ ਦੇ ਇਲਾਕੇ ਵਿਚ ਅਤੇ ਪਹਾੜੀ ਇਲਾਕੇ ਵਿਚ ਵਿਸ਼ੇਸ਼ ਤੌਰ ਤੇ ਐਡਵਾਇਜ਼ਰੀ ਕੌਂਸਲਾਂ ਕਇਮ ਕੀਤੀਆਂ ਜਾਣੀਆਂ ਚਾਹੀਦੀਆਂ ਸਨ। ਇਸ ਐਲਾਨ ਨੂੰ ਮੌਜੂਦਾ ਸਰਕਾਰ ਨੇ ਅਮਲੀ ਸ਼ਕਲ ਦੇ ਦਿਤੀ ਹੈ। ਬਾਰਡਰ ਏਰੀਆ ਲਈ ਐਡਵਾਇਜ਼ਰੀ ਕੌਂਸਲ ਸਥਾਪਿਤ ਕਰ ਦਿਤੀ ਗਈ ਹੈ ਅਤੇ ਇਸ ਦੀ ਪਹਿਲੀ ਮੀਟਿੰਗ ਇਕ ਅਜਿਹੀ ਥਾਂ ਤੇ ਹੋਈ ਜਿਹੜਾ ਕਿ ਬਾਰਡਰ ਦਾ ਇਲਾਕਾ ਸੀ। ਅੰਮ੍ਰਿਤਸਰ ਵਿਚ ਇਹ ਪਾਲਿਸੀ ਤਹਿ ਕਰ ਦਿਤੀ ਗਈ ਹੈ। ਖਿਆਲ ਇਹ ਸੀ ਕਿ ਅੰਮ੍ਰਿਤਸਰ ਜਾਂ ਫਿਰੋਜ਼ਪੁਰ ਜ਼ਿਲ੍ਹੇ ਨੂੰ ਬਾਰਡਰ ਦਾ ਇਲਾਕਾ ਮੁਕਰੱਰ ਕੀਤਾ ਜਾਵੇਗਾ ਪਰ ਇਸ ਕੌਂਸਲ ਨੇ ਇਕ ਹੋਰ ਚੰਗਾ ਫੈਸਲਾ ਇਹ ਕੀਤਾ ਕਿ 16 ਕਿਲੋਮੀਟਰ ਦੀ ਇਕ ਪੱਟੀ ਮੁਕਰੱਰ ਕਰ ਦਿਤੀ ਤਾ ਕਿ ਲੋਕਾਂ ਵਿਚ ਜਿਹੜੇ ਕਿ ਇਸ ਪੱਟੀ ਵਿਚ ਰਹਿੰਦੇ ਹਨ ਹੌਸਲਾ ਵਧੇ। ਉਤਸ਼ਾਹ ਵਧੇ (ਪ੍ਰਸ਼ੰਸਾ) ਇਥੇ ਹੀ ਬਸ ਨਹੀਂ ਇਹ ਵੀ ਤਜਵੀਜ਼ ਪਾਸ ਕੀਤੀ ਗਈ ਕਿ 10 ਮੀਲ ਦੀ ਪੱਟੀ ਦੇ ਦੋ ਹਿੱਸੇ ਕਰ ਦਿਤੇ ਜਾਣ। ਪਹਿਲੇ ਪੰਜ ਮੀਲ ਦੀ ਪੱਟੀ ਵਿਚ ਜਿਥੇ ਕਿ ਜ਼ਿਆਦਾ ਜੀਵਨ ਕਠਿਨ ਹੈ ਉਸ ਵਿਚ ਡਿਵੈਲਪਮੈਂਟ ਪਹਿਲਾਂ ਕੀਤੀ ਜਾਵੇ ਅਤੇ ਵਿਕਾਸ ਦੀਆਂ ਸਕੀਮਾਂ ਵਿਚ ਉਸ ਨੂੰ ਸਾਰਿਆਂ ਤੋਂ ਪਹਿਲ ਦਿਤੀ ਜਾਵੇ ਭਾਵੇਂ ਵਿਕਾਸ ਕਿਸੇ ਵੀ ਸ਼ੋਬੇ ਵਿਚ ਹੋਵੇ, ਸੜਕਾਂ ਬਣਾਉਣ ਵਿਚ, ਸਕੂਲ, ਹਸਪਤਾਲ ਖੋਲ੍ਹਣ ਵਿਚ, ਬਸ ਸਰਵਿਸਾਂ ਵਿਚ। ਪਹਿਲਾਂ ਇਸ ਪੰਜ ਮੀਲ ਦੀ ਪੱਟੀ ਵਿਚ ਅਤੇ ਇਸ ਤੋਂ ਬਾਅਦ ਦੂਜੀ ਪੰਜ ਮੀਲ ਦੀ ਪੱਟੀ ਵਿਚ ਵਿਕਾਸ ਕੀਤਾ ਜਾਵੇ ਤਾ ਕਿ ਹਾਲਾਤ ਜਲਦੀ ਸੁਧਰਨ ਅਤੇ ਇਹ ਵਿਸ਼ਵਾਸ ਹੈ ਕਿ ਬਾਰਡਰ ਐਡਵਾਇਜ਼ਰੀ ਕੌਂਸਲ ਜੇਕਰ ਇਸੇ ਤਰ੍ਹਾਂ ਆਪਣੇ ਯਤਨ ਜਾਰੀ ਰਖੇਗੀ ਤਾਂ ਬਾਰਡਰ ਇਲਾਕੇ ਦੀ ਹਾਲਤ ਬਹੁਤ ਬੇਹਤਰ ਬਣ ਜਾਵੇਗੀ। ਏਥੇ ਹੀ ਬਸ ਨਹੀਂ ਕੀਤਾ ਬਲਕਿ ਬਾਰਡਰ ਨਾਲ ਨਾਲ 16 ਕਿਲੋਮੀਟਰ ਚੌੜੀ ਜ਼ਮੀਨ ਦੀ ਪੱਟੀ ਦੇ ਵਿਕਾਸ ਲਈ ਇਸ ਏਰੀਆ ਦਾ ਮਾਲੀਆ ਵੀ ਮੁਆਫ ਕਰ ਦਿੱਤਾ ਹੈ। ਅਗੇ ਵੀ ਇਹ ਮੁਆਫ ਕੀਤਾ ਗਿਆ ਸੀ ਪਰ ਹੋਇਆ ਨਹੀਂ। ਇਹ ਪਹਿਲਾ ਮੌਕਾ ਹੈ ਕਿ ਸੀ. ਐਮ ਸਾਹਿਬ ਨੇ ਇਸ ਗੰਭੀਰ ਮੁਆਮਲੇ ਤੇ ਵਿਚਾਰ ਕੀਤਾ ਅਤੇ ਹਮੇਸ਼ਾ ਲਈ ਪੱਟੀ ਦੇ ਇਲਾਕੇ ਦਾ ਮਾਲੀਆ ਮੁਆਫ ਕੀਤਾ ਅਤੇ ਇਨ੍ਹਾਂ ਨੂੰ ਮੁੜ ਆਬਾਦ ਕਰਨ ਲਈ ਐਕਸ ਗ੍ਰੇਸ਼ੀਆ ਗਰਾਂਟਾਂ ਅਤੇ ਹੋਰ ਸਹਾਇਤਾ ਦਾ ਪ੍ਰਬੰਧ ਕੀਤਾ। ਲੋਕਲ ਰੇਟ ਅਤੇ ਹੋਰ ਇਨਸੀਡੈਂਟਲ ਚਾਰਜਿਜ਼ ਮੁਆਫ ਕੀਤੇ ਤਾਂ ਜੋ ਉਨ੍ਹਾਂ ਨੂੰ ਮੁਕੰਮਲ ਰੀਲੀਫ ਮਿਲ ਸਕੇ।

ਇਸ ਦੇ ਨਾਲ ਹੀ ਡਿਸਟ੍ਰਿਕਟ ਲੈਵਲ ਤੇ ਪਲੈਨਿੰਗ ਬਾਡੀਜ਼ ਵੀ ਬਣਾਈਆਂ ਗਈਆਂ ਹਨ ਜਿਨ੍ਹਾਂ ਨੇ ਪਿੰਡਾਂ ਦਾ ਸਰਵੇ ਕਰਕੇ ਪਲੈਨਜ਼ ਤਿਆਰ ਕਰਨੀਆਂ ਹਨ, ਉਨ੍ਹਾਂ ਨੇ ਸਾਰੀਆਂ ਸਕੀਮਜ਼ ਤਿਆਰ ਕੀਤੀਆਂ ਹਨ ਕਿ ਕਿਥੇ ਕਿਥੇ ਕੱਚਾ ਮਾਲ ਤਿਆਰ ਹੋਣਾ ਹੈ ਅਤੇ ਕਿਵੇਂ ਲੇਬਰ ਨੂੰ ਅਤੇ ਕਿਸਾਨ ਨੂੰ ਉਤਸ਼ਾਹ

Original with;
Punjab Vidhan Sabha
Digitized by;
Panjab Digital Library

ਦੇਣਾ ਹੈ । ਇਨ੍ਹਾਂ ਸਾਰੀਆਂ ਸਕੀਮਜ਼ ਦੇ ਲਈ ਇਕ ਯੋਜਨਾਬੰਦੀ ਬੋਰਡ ਬਣਾਇਆ ਹੈ ਜਿਨ੍ਹਾਂ ਨੇ ਇਸ ਸਟੇਟ ਦੇ ਸਾਰਿਆਂ ਖੱਪਿਆਂ ਨੂੰ ਪੂਰਾ ਕਰਨਾ ਹੈ। ਸਾਨੂੰ ਇਸ ਗੱਲ ਦੀ ਬੜੀ ਭਾਰੀ ਖੁਸ਼ੀ ਹੈ ਕਿ ਬਾਰਡਰ ਏਰੀਆ ਦੀ ਭਾਰੀ ਤਕਲੀਫ ਵੇਖ ਕੇ ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਨੇ ਗਵਰਨਮੈਂਟ ਆਫ ਇੰਡੀਆ ਨਾਲ ਵਿਚਾਰ ਕਰਕੇ ਗਵਰਨਮੈਂਟ ਤੋਂ 10,000 ਟਿਊਬਵੈਲਜ਼ ਅਤੇ ਪੰਪਿੰਗ ਸੈਟਸ ਲਏ ਹਨ। ਇਕ ਤਾਂ ਇਸ ਨਾਲ ਅਨਾਜ ਦੀ ਪੈਦਾਵਾਰ ਵਿਚ ਵਾਧਾ ਹੋਵੇਗਾ, ਦੂਸਰੇ ਜਿਹੜਾ ਬਿਜਲੀ ਦਾ ਸੰਕਟ ਹੈ ਉਹ ਵੀ ਇਨ੍ਹਾਂ ਡੀਜ਼ਲ ਇੰਜਨਾਂ ਦੇ ਰਾਹੀਂ ਦੂਰ ਕੀਤਾ ਜਾ ਸਕੇਗਾ। ਇਸ ਤੋਂ ਵਖ 15,000 ਸਟੈਂਡਬਾਈ ਇੰਜਨਾਂ (ਡਿਜ਼ਲ) ਲਈ ਲੋਕਾਂ ਨੂੰ ਕਰਜ਼ੇ ਦਿੱਤੇ ਜਾ ਰਹੇ ਹਨ ਜਿਨ੍ਹਾਂ ਦੀ ਮਦਦ ਨਾਲ ਅਨਾਜ ਦੀ ਉਪਜ ਵਿਚ ਵਾਧਾ ਹੋਵੇਗਾ ਅਤੇ ਇਸ ਤਰ੍ਹਾਂ ਜਿਹੜਾ ਅਨਾਜ ਅਸੀਂ ਸੈਂਟਰਲ ਪੂਲ ਦੇ ਵਿਚ ਦੇਣਾ ਹੈ ਉਸ ਵਿਚ ਹੋਰ ਵਾਧਾ ਕਰ ਸਕਾਂਗੇ।

ਇਹ ਗਲ ਮੈਂ ਕਹਿਣਾ ਨਹੀਂ ਸੀ ਚਾਹੁੰਦਾ, ਪਰ ਕਹੇ ਬਗੈਰ ਰਹਿ ਵੀ ਨਹੀਂ ਸਕਦਾ। ਉਹ ਇਹ ਕਿ ਜਿਹੜੀਆਂ ਵੀ ਡਿਵੈਲਪਮੈਂਟ ਸਕੀਮਜ਼ ਬਣਾਈਆਂ ਗਈਆਂ ਸਨ ਉਹ ਪਹਿਲਾਂ 85 ਕਰੋੜ ਰੁਪਏ ਦੀਆਂ ਸਨ ਪਰ ਹੁਣ ਜ਼ਰੂਰਤ ਮਹਿਸੂਸ ਕਰਦੇ ਹੋਏ 94 ਕਰੋੜ ਰੁਪਏ ਦੀਆਂ ਕਰ ਦਿਤੀਆਂ ਹਨ। ਆਉਣ ਵਾਲੇ ਸਾਲ ਲਈ ਹੋਰ ਖਰਚ ਦੀ ਜ਼ਰੂਰਤ ਮਹਿਸੂਸ ਕਰਦੇ ਹੋਏ ਇਹ ਖਰਚ ਵਧਾ ਕੇ 123 ਕਰੋੜ ਰੁਪਏ ਦਾ ਕਰ ਦਿੱਤਾ ਗਿਆ ਹੈ। ਫੇਰ ਇਤਨੀ ਡੀਵੈਲਮੈਂਟ ਇਸ ਸਟੇਟ ਦੀ ਪਿਛਲੇ ਸਾਲ ਹੋਈ ਪਰ ਸਰਕਾਰ ਵਲੋਂ ਇਕ ਵੀ ਟੈਕਸ ਨਹੀਂ ਲਾਇਆ ਗਿਆ। ਸਾਨੂੰ ਸਾਰਿਆਂ ਨੂੰ ਪੰਜਾਬ ਸਰਕਾਰ ਦਾ ਇਸ ਗੱਲ ਦਾ ਸ਼ੁਕਰੀਆ ਕਰਨਾ ਚਾਹੀਦਾ ਹੈ। ਕਿਤਨੀ ਖੁਸ਼ੀ ਦੀ ਗਲ ਹੈ ਕਿ ਬਗੈਰ ਟੈਕਸ ਤੋਂ ਅਸੀਂ ਇਤਨੀ ਡਿਵੈਲਪਮੈਂਟ ਕੀਤੀ। ਜਿਸ ਤਰ੍ਹਾਂ ਦੀ ਇਸ ਸਾਲ ਮੌਕਾ ਬੇਮੌਕਾ ਬਾਰਸ਼ਾਂ ਹੋਈਆਂ ਹਨ ਉਨ੍ਹਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਣਕ ਦੀ ਉਪਜ ਦਾ ਟੀਚਾ ਹੁਣ 56 ਲੱਖ ਤੋਂ 60 ਲੱਖ ਟਨ ਤਕ ਦਾ ਪਹੁੰਚ ਗਿਆ ਹੈ।

ਫੇਰ ਅਨਾਜ ਦੀ ਪ੍ਰੋਕਿਓਰਮੈਂਟ ਦੇ ਸਿਲਸਿਲੇ ਵਿਚ ਮੈਂ ਅਰਜ਼ ਕਰਾਂ ਕਿ ਕਿਸਾਨਾਂ ਦੀ ਸਹੂਲਤ ਲਈ 3-4 ਮੀਲ ਦੇ ਫਾਸਲੇ ਅੰਦਰ ਅੰਦਰ ਗੁਦਾਮ ਬਣਾਏ ਗਏ ਹਨ ਤਾਂ ਜੋ ਉਨ੍ਹਾਂ ਨੂੰ ਅਨਾਜ ਦੇ ਪਹੁੰਚਾਉਣ ਦੇ ਵਿਚ ਵੀ ਕੋਈ ਤਕਲੀਫ ਨਾ ਹੋਵੇ। ਵਧ ਅਨਾਜ ਉਪਜਾਉਣ ਲਈ ਉਨ੍ਹਾਂ ਨੂੰ, ਜਿਵੇਂ ਮੈਂ ਅਰਜ਼ ਕੀਤੀ ਹੈ, 15,000 ਸਟੈਂਡਬਾਈ ਡਿਜ਼ਲ ਇੰਜਣਾਂ ਦੇ ਲਈ ਕਰਜ਼ੇ ਦਿੱਤੇ ਜਾਣਗੇ। ਇਸ ਤਰਾਂ ਅਨਾਜ ਦੇ ਭੰਡਾਰ ਵਿਚ ਵਾਧਾ ਹੀ ਵਾਧਾ ਹੋਵੇਗਾ। ਪਹਿਲਾਂ ਕੋਈ ਸਾਢੇ ਸੱਤ ਲੱਖ ਟਨ ਦੇ ਲਈ ਅਨਾਜ ਦੇ ਗੁਦਾਮ ਪਰ ਹੁਣ ਇਹ 32 ਲੱਖ ਟਨ ਤੱਕ ਦੇ ਗੁਦਾਮ ਬਣ ਚੁਕੇ ਹਨ। ਅਸੀਂ ਸਾਰੇ ਭੰਡਾਰ ਦਾ 60 ਪਰਸੈਂਟ ਪ੍ਰੋਡਿਊਸ ਕਰਕੇ ਦਿੰਦੇ ਹਾਂ। ਪਰ ਜਦੋਂ ਸਾਰੀਆਂ ਸਕੀਮਾਂ ਸਿਰੇ ਲਗ ਗਈਆਂ ਤਾਂ ਐਗਰੀਕਲਚਰ ਦੇ ਮਹਿਕਮੇ ਦਾ ਅਨੁਮਾਨ ਹੈ ਕਿ ਅਸੀਂ 80 ਲੱਖ ਟਨ ਅਨਾਜ ਪੈਦਾ ਕਰ ਸਕਾਂਗੇ।

ਇਕ ਗੱਲ ਮੈਂ ਹੋਰ ਅਰਜ਼ ਕਰ ਦੇਵਾਂ ਕਿ ਅਜ ਤਾਈਂ ਅਸੀਂ ਕਦੇ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਗੁਰਦਾਸਪੁਰ ਦੇ ਇਲਾਕੇ ਨੂੰ ਇੰਡਸਟਰੀ ਦੇ ਲਿਹਾਜ਼ ਨਾਲ ਬੈਕਵਰਡ ਕਰਾਰ ਨਹੀਂ ਦਿੱਤਾ, ਪਰ ਹੁਣ ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਨੂੰ ਗਵਰਮੈਂਟ ਆਫ ਇੰਡੀਆ ਨੇ ਬੈਕਵਰਡ ਕਰਾਰ ਦਿੱਤਾ ਹੈ। ਇਸ ਤਰ੍ਹਾਂ ਇੰਡਸਟਰੀ ਦੇ ਖੇਤਰ ਵਿਚ ਹੁਣ ਇਨ੍ਹਾਂ ਦੀ ਬੜੀ ਤਰੱਕੀ ਹੋਵੇਗੀ। ਇਨ੍ਹਾਂ ਜ਼ਿਲ੍ਹਿਆਂ ਨੂੰ ਸਪੈਸ਼ਲ ਫੰਡਜ਼ ਅਤੇ ਸਪੈਸ਼ਲ ਰਿਆਇਤਾਂ ਦਿੱਤੀਆਂ ਜਾਣਗੀਆਂ। ਮੈਨੂੰ ਅਫਸੋਸ ਹੈ ਕਿ ਪਿਛਲੇ 4-5 ਸਾਲ ਇਹ ਲੋਕ ਆਪਣੀਆਂ ਕੁਰਸੀਆਂ ਹੀ ਸਾਂਭਦੇ ਰਹੇ ਉਨ੍ਹਾਂ ਨੇ ਇਨ੍ਹਾਂ ਇਲਾਕਿਆਂ ਲਈ ਕੋਈ ਰਿਆਇਤਾਂ ਨਹੀਂ ਕਰਵਾਈਆਂ। ਪੰਜਾਬ ਵਿਚ ਇੰਡਸਟਰੀ ਦੇ ਖੇਤਰ ਦੇ ਵਿਚ ਵਾਧਾ ਕਰਨ ਲਈ ਸੈਂਟਰ ਦੀ ਸਰਕਾਰ ਨੇ 18 ਫੈਕਟਰੀਆਂ ਦੇ ਲਾਈਸੈਂਸ ਦਿੱਤੇ ਹਨ ਜੋ ਇਨ੍ਹਾਂ ਵਿਚੋਂ 5 ਫੈਕਟਰੀਆਂ 1973 ਵਿਚ ਪੈਦਾਵਾਰ ਵੀ ਦੇਣੀ ਸ਼ੁਰੂ ਕਰ ਦੇਣਗੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ]

11 ਕਰੋੜ ਰੁਪਏ ਦੀ ਲਾਗਤ ਨਾਲ ਇਹ ਫੈਕਟਰੀਆਂ ਬਣਾਈਆਂ ਹਨ ਜਿਹੜੀਆਂ ਟਰੈਕਟਰ ਬਣਾਉਣ ਦਾ ਕੰਮ, ਸਟੀਲ ਕਾਸਟਿੰਗ, ਡਰਾਈਸੈਲ ਅਤੇ ਟੈਲੀਵਿਜ਼ਨ ਸੈਟਸ ਤਿਆਰ ਕਰਨਗੀਆਂ ਇਸ ਤਰ੍ਹਾਂ ਇੰਡਸਟਰੀ ਦੇ ਖੇਤਰ ਵਿਚ ਬਹੁਤ ਹੀ ਵਾਧਾ ਹੋਵੇਗਾ।

ਸੜਕਾਂ ਦੇ ਮੁਆਮਲੇ ਵਿਚ ਹੁਣ ਤੱਕ ਪਿੰਡਾਂ ਵਾਲਿਆ ਦਾ ਕੋਈ ਲਿਹਾਜ਼ ਨਹੀਂ ਕੀਤਾ ਗਿਆ। ਹੁਣ ਐਸਾ ਮੌਕਾ ਬਣ ਗਿਆ ਹੈ ਕਿ ਸਾਰਿਆਂ ਪਿੰਡਾਂ ਨੂੰ ਪੱਕੀਆਂ ਸੜਕਾਂ ਦਿੱਤੀਆਂ ਜਾਣ। ਇਕ ਬੜਾ ਪੁਰਾਣਾ ਖੱਪਾ ਹੈ ਜਿਹੜਾ ਪੂਰਾ ਕੀਤਾ ਜਾਣਾ ਹੈ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ 31 ਮਾਰਚ, 1974 ਤੱਕ ਕੋਈ ਪਿੰਡ ਐਸਾ ਨਹੀਂ ਰਹਿ ਜਾਵੇਗਾ ਜਿਥੇ ਸੜਕਾਂ ਨਹੀਂ ਹੋਣਗੀਆਂ, ਕੋਈ ਰਾਹ ਕੱਚਾ ਕਿਸੇ ਪਿੰਡ ਨੂੰ ਨਹੀਂ ਜਾਵੇਗਾ। ਇਹ ਕਿਤਨੀ ਮਹਾਨਤਾ ਦੀ ਗੱਲ ਹੈ! ਇਸ ਤਰ੍ਹਾਂ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਨੂੰ ਮਾਰਕਿਟ ਕਮੇਟੀਆਂ ਸਹਾਇਤਾ ਦੇਣਗੀਆਂ। ਅਗੇ ਇਹ ਪੈਸਾ ਸਰਪਲੱਸ ਰਖ ਲੈਂਦੀਆਂ ਸਨ ਹੁਣ ਇਹ ਕਮੇਟੀਆਂ 10 ਕਰੋੜ ਰੁਪਏ ਦੀ ਲਾਗਤ ਨਾਲ ਕੋਈ 1600 ਮੀਲ ਲੰਬੀਆਂ ਸੜਕਾਂ ਤਿਆਰ ਕਰਨਗੀਆਂ। ਪਹਿਲਾਂ ਜਿਹੜੀ ਰਕਮ ਪਿਲਫਰ ਹੋ ਜਾਂਦੀ ਸੀ ਹੁਣ ਉਹ ਨਹੀਂ ਹੋਵੇਗੀ। ਇਸ ਸਾਲ ਦਾ ਟੀਚਾ ਹੈ ਕਿ 3000 ਕਿਲੋ ਮੀਟਰ ਸੜਕਾਂ ਤਿਆਰ ਕੀਤੀਆਂ ਜਾਣੀਆਂ ਹਨ। ਇਸ ਵਿਚੋਂ ਕੁਝ ਸੜਕਾਂ ਮੁਕੰਮਲ ਹੋ ਵੀ ਗਈਆਂ ਹਨ ਅਤੇ ਅਜੇ ਕੁਝ ਤੇ ਟਾਰਿੰਗ ਦਾ ਕੰਮ ਹੋਣਾ ਹੈ, ਇਕ ਮਹਾਨਤਾ ਵਾਲੀ ਇਹ ਗੱਲ ਹੈ। 448 ਕਿਲੋ ਮੀਟਰ ਲੰਬਾ ਗੁਰੂ ਗੋਬਿੰਦ ਸਿੰਘ ਮਾਰਗ ਜਲਦੀ ਹੀ ਮੁਕੰਮਲ ਕਰ ਦਿੱਤਾ ਜਾਵੇਗਾ।

ਇਸੇ ਤਰ੍ਹਾਂ ਜੇ ਤਾਲੀਮ ਦੇ ਖੇਤਰ ਵੱਲ ਧਿਆਨ ਮਾਰਿਆ ਜਾਵੇ ਤਾਂ ਇਹ ਗੱਲ ਮੰਨਣੀ ਪਵੇਗੀ ਕਿ ਤਾਲੀਮ ਦੇ ਮਹਿਕਮੇ ਵਿਚ ਬੜੀ ਬੈਲੈਂਸਡ ਤਰੱਕੀ ਹੋਈ ਹੈ ਅਤੇ ਹਰ ਪਿੰਡ ਵਿਚ ਇਕ ਇਕ ਸਕੂਲ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਪਿਛਲੇ ਸਾਲ 200 ਪ੍ਰਾਇਮਰੀ ਸਕੂਲਾਂ ਨੂੰ ਅਪਗ੍ਰੇਡ ਕੀਤਾ ਗਿਆ ਸੀ ਅਤੇ ਮਿਡਲ ਬਣਾ ਦਿੱਤਾ ਸੀ। 75 ਮਿਡਲ ਸਕੂਲਾਂ ਨੂੰ ਅਪਗ੍ਰੇਡ ਕਰਕੇ ਹਾਈ ਸਕੂਲ ਬਣਾਇਆ ਗਿਆ ਹੈ। ਅਗਲੇ ਸਾਲ ਵਿਚ 100 ਪ੍ਰਾਇਮਰੀ ਸਕੂਲ ਖੋਲ੍ਹਣ ਅਤੇ 100 ਪ੍ਰਾਇਮਰੀ ਸਕੂਲਾਂ ਮਿਡਲ ਦੇ ਪੱਧਰ ਤੱਕ, 50 ਮਿਡਲ ਸਕੂਲਾਂ ਨੂੰ ਹਾਈ ਬਣਾਉਣ ਦੀ ਤਜਵੀਜ਼ ਹੈ। 100 ਨਵੇਂ ਮਿਡਲ ਅਤੇ 50 ਨਵੇਂ ਹਾਈ ਸਕੂਲ ਹੋਰ ਬਣਾਉਣ ਦੀ ਤਜਵੀਜ਼ ਹੈ। ਪਰ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਇਹ ਨੰਬਰ ਕਾਫੀ ਨਹੀਂ ਹੈ ਇਸ ਲਈ ਇਸ ਬਾਰੇ ਕਿਰਪਾ ਕਰਕੇ ਹੋਰ ਧਿਆਨ ਦਿਤਾ ਜਾਵੇ। ਅਤੇ ਇਹ ਨੰਬਰ ਵਧਾਇਆ ਜਾਵੇ। (ਵਿਘਨ)

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਡਿਪਟੀ ਸਪੀਕਰ ਸਾਹਿਬ, ਜੇ ਇਹ ਸਾਰੇ ਚੰਗੇ ਹੀ ਕੰਮ ਕਰ ਰਹੇ ਹਨ ਤਾਂ ਬਾਹਰ ਦੁਨੀਆਂ ਇਨ੍ਹਾਂ ਨੂੰ ਰੋ ਕਿਉਂ ਰਹੀ ਹੈ? (ਹਾਸਾ)

**ਸ੍ਰੀ ਡਿਪਟੀ ਸਪੀਕਰ** : ਮਰੜ੍ਹੀ ਸਾਹਿਬ ਤੁਸੀਂ ਕਿਹੜੇ ਪੁਆਇੰਟ ਤੇ ਬੋਲ ਰਹੇ ਹੋ? (Mr. Marhari, on what point are you speaking?)

**ਸਰਦਾਰ ਹਰਚਰਨ ਸਿੰਘ** : ਫਿਰ, ਡਿਪਟੀ ਸਪੀਕਰ ਸਾਹਿਬ, ਇਕ ਬੜਾ ਵੱਡਾ ਕਦਮ ਉਠਾਇਆ ਗਿਆ ਹੈ ਉਹ ਹੈ ਖੇਡਾਂ ਨੂੰ ਸਕੂਲ ਦੇ ਸਿਲੇਬਸ ਵਿਚ ਸ਼ਾਮਲ ਕਰਨਾ। ਡਿਪਟੀ ਸਪੀਕਰ ਸਾਹਿਬ, ਪੰਜਾਬ ਨੇ ਪਹਿਲਾਂ ਵੀ ਖੇਡਾਂ ਵਿਚ ਬੜਾ ਨਾਂ ਖੱਟਿਆ ਹੈ। ਇਹ ਖੇਡਾਂ ਦਾ ਹੀ ਸੂਬਾ ਹੈ ਪਰ ਇਹ ਅਫਸੋਸ ਦੀ ਗੱਲ ਸੀ ਕਿ ਇਸ ਵਲ ਕੋਈ ਧਿਆਨ ਨਹੀਂ ਦਿਤਾ ਗਿਆ ਸੀ। ਇਹ ਪਹਿਲੀ ਵਾਰ ਹੈ

Original with;
Punjab Vidhan Sabha
Digitized by;
Panjab Digital Library

ਕਿ ਇਸ ਸਰਕਾਰ ਨੇ ਇਸ ਪਾਸੇ ਧਿਆਨ ਦਿਤਾ ਹੈ ਅਤੇ ਖੇਡਾਂ ਨੂੰ ਸਕੂਲਾਂ ਵਿਚ ਇਕ ਕੰਪਲਸਰੀ ਸਬਜੈਕਟ ਬਣਾ ਦਿਤਾ ਗਿਆ ਹੈ। ਇਸ ਦਾ ਬੜਾ ਚੰਗਾ ਅਸਰ ਪਵੇਗਾ ਅਤੇ ਜਿਥੇ ਪੰਜਾਬ ਨੇ ਪਹਿਲਾਂ ਹੀ ਖੇਡਾਂ ਵਿਚ ਨਾਂ ਖਟਿਆ ਹੈ, ਉਥੇ ਹੋਰ ਵੀ ਨਾਮਨਾ ਖਟੇਗਾ ਔਰ ਇੰਟਰਨੈਸ਼ਨਲ ਖੇਡਾਂ ਵਿਚ ਨਾਂ ਖਟੱਣ ਵਿਚ ਹਿੰਦੁਸਤਾਨ ਦਾ ਹੱਥ ਵਟਾਏਗਾ। (ਵਿਘਨ)

**ਸ੍ਰੀ ਡਿਪਟੀ ਸਪੀਕਰ** : ਤੁਹਾਨੂੰ ਬੋਲਦਿਆਂ ਅੱਧਾ ਘੰਟਾ ਹੋ ਗਿਆ ਹੈ ਤੁਸੀਂ ਹੁਣ ਵਾਈਂਡ ਅਪ ਕਰੋ। (Please wind up now as you have already taken half an hour.)

**ਸਰਦਾਰ ਹਰਚਰਨ ਸਿੰਘ** : ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਮੈਂ ਇਕ ਗੱਲ ਕਹਾਂਗਾ ਕਿ ਸਾਨੂੰ ਫੌਰੀ ਤੌਰ ਤੇ ਹਰ ਤਰੀਕੇ ਨਾਲ ਵਿਦਿਆ ਦੇ ਪ੍ਰੋਸੀਜਰ ਨੂੰ ਨਵੇਂ ਸਾਂਚੇ ਵਿਚ ਢਾਲਣਾ ਚਾਹੀਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਵਿਦਿਆਰਥੀ ਦੀ ਉਮਰ 13--14 ਸਾ ਦੀ ਹੋ ਜਾਵੇ ਤਾਂ ਉਨ੍ਹਾਂ ਦਾ ਇਕ ਟੈਸਟ ਲੈ ਕੇ ਉਨ੍ਹਾਂ ਨੂੰ ਦੋ ਗਰੁੱਪਾਂ ਵਿਚ ਵੰਡ ਦਿਤਾ ਜਾਵੇ। ਇਕ ਗਰੁਪ ਉਹ ਹੋਵੇ ਜਿਨ੍ਹਾਂ ਨੇ ਕਿ ਯੂਨੀਵਰਸਿਟੀ ਦੀ ਐਜੂਕੇਸ਼ਨ ਲੈਣੀ ਹੋਵੇ ਅਤੇ ਦੂਜੇ ਉਹ ਹੋਣ ਜਿਨ੍ਹਾਂ ਨੂੰ ਕਿ ਵੋਕੇਸ਼ਨਲ ਐਜੂਕੇਸ਼ਨ ਦਿਤੀ ਜਾਵੇ ਤਾਂ ਕਿ ਬੀ. ਏ. ਪਾਸ ਕਰਕੇ ਉਹ ਕਲੈਰੀਕਲ ਜਾਬਜ਼ ਦੇ ਪਿਛੇ ਨਾ ਭੱਜਣ। ਇਸ ਲਈ ਇਹ ਜ਼ਰੂਰੀ ਹੈ ਕਿ 13-14 ਸਾਲ ਦੀ ਉਮਰ ਤੋਂ ਹੀ ਉਨ੍ਹਾਂ ਨੂੰ ਵਖਰੇ ਵਖਰੇ ਚੈਨਲ ਵਿਚ ਐਜੂਕੇਸ਼ਨ ਦਿਤੀ ਜਾਵੇ। ਇਸ ਚੀਜ਼ ਦਾ ਅਗੇ ਜਾ ਕੇ ਪੰਜਾਬ ਨੂੰ ਬੜਾ ਲਾਭ ਹੋਵੇਗਾ।

**ਸ੍ਰੀ ਡਿਪਟੀ ਸਪੀਕਰ** : ਹੁਣ ਤੁਸੀਂ ਵਾਈਂਡ ਅਪ ਕਰੋ। (Please wind up now.)

**ਸਰਦਾਰ ਹਰਚਰਨ ਸਿੰਘ** : ਬਸ ਜੀ ਮੈਂ ਇਕ ਦੋ ਗੱਲਾਂ ਹੀ ਹੋਰ ਕਹਿਣੀਆਂ ਹਨ। ਸਿਹਤ ਵਲ ਵੀ ਸਾਡੀ ਸਰਕਾਰ ਨੇ ਬੜਾ ਧਿਆਨ ਦਿੱਤਾ ਹੈ। ਜ਼ਿਲ੍ਹਾ ਹੈਡਕੁਆਟਰਜ਼ ਤੇ ਘਟੋ ਘੱਟ 100 ਬਿਸਤਰਿਆਂ ਦੇ ਹੱਸਪਤਾਲ ਬਣਾਏ ਗਏ ਹਨ ਅਤੇ 19 ਤਹਿਸੀਲਾਂ ਵਿਚ ਵੀ ਹਸਪਤਾਲ ਅਪਗ੍ਰੇਡ ਕੀਤੇ ਗਏ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੇਰੀ ਗੱਲ ਉਦੋਂ ਤਕ ਮੁਕੰਮਲ ਨਹੀਂ ਹੋਵੇਗੀ ਜਦੋਂ ਤਕ ਕਿ ਮੈਂ ਹਰੀਜਨਾਂ ਦੀ ਭਲਾਈ ਲਈ ਹੋਏ ਕੰਮਾਂ ਦਾ ਜ਼ਿਕਰ ਨਹੀਂ ਕਰ ਲੈਂਦਾ। ਅਸੀਂ ਜੋ ਸੋਸ਼ਲ ਵੈਲਫੇਅਰ ਸੋਸਾਇਟੀ ਬਣਾਉਣਾ ਚਾਹੁੰਦੇ ਹਾਂ ਉਹ ਤਦ ਹੀ ਬਣ ਸਕਦੀ ਹੈ ਜੇਕਰ ਹਰੀਜਨਾਂ ਦੀ ਭਲਾਈ ਦੇ ਕੰਮ ਹੋਣ। ਇਸ ਲਈ ਇਸ ਸਰਕਾਰ ਨੇ ਉਨ੍ਹਾਂ ਨੂੰ ਮਕਾਨਾਂ ਲਈ ਪਲਾਟ ਦੇਣ ਦਾ ਫੈਸਲਾ ਕੀਤਾ ਹੈ ਕਿ 2 ਲੱਖ ਪਲਾਟ ਦਿਤੇ ਜਾਣਗੇ ਅਤੇ ਹਰ ਇਕ ਪਲਾਟ ਤੇ 150 ਰੁਪਏ ਪਲਾਟ ਸੁਧਾਰਣ ਲਈ ਖਰਚ ਕੀਤੇ ਜਾਣਗੇ ਅਤੇ ਇਸ ਲਈ 3 ਲੱਖ ਰੁਪਏ ਖਰਚੇ ਜਾਣਗੇ। ਇਹ ਇਕ ਅਜਿਹਾ ਕੰਮ ਹੈ ਜਿਹੜਾ ਕਿ ਅਕਾਲੀ ਸਰਕਾਰ ਨਹੀਂ ਸੀ ਕਰ ਸਕੀ। ਮੇਰਾ ਭਾਵ ਹੈ ਹਾਊਸਿੰਗ ਕਾਰਪੋਰੇਸ਼ਨ ਬਣਾਉਣ ਦਾ। ਇਹ ਕਾਰਪੋਰੇਸ਼ਨ ਨਾ ਬਣਨ ਕਰਕੇ ਹਰ ਸਾਲ ਕਰੋੜਾਂ ਰੁਪਏ ਲੈਪਸ ਹੋ ਜਾਂਦੇ ਸੀ ਜਿਹੜੇ ਕਿ ਗੌਰਮਿੰਟ ਆਫ਼ ਇੰਡੀਆ ਤੋਂ ਮਿਲਣੇ ਸੀ। ਇਸ ਸਰਕਾਰ ਨੇ ਇਹ ਕਾਰਪੋਰੇਸ਼ਨ ਬਣਾ ਦਿਤੀ ਹੈ। (ਥੰਪਿੰਗ) ਫਿਰ ਇਥੇ ਧਰਮਸ਼ਾਲਾਵਾਂ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਇਕ ਚੰਗਾ ਕੰਮ ਹੈ ਅਤੇ ਇਨ੍ਹਾਂ ਧਰਮਸ਼ਾਲਾਵਾਂ ਦੀ ਬੜੀ ਲੋੜ ਸੀ।

ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਪਾਵਰ ਸ਼ਾਰਟੇਜ ਦੀ ਬੜੀ ਗੱਲ ਕੀਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਸ ਸ਼ਾਰਟੇਜ ਵਿਚ ਕਾਫ਼ੀ ਕਸੂਰ ਸਾਡੇ ਸਾਹਮਣੇ ਬੈਠੇ ਭਰਾਵਾਂ ਦਾ ਵੀ ਹੈ। ਇਨ੍ਹਾਂ ਨੇ ਜੋ ਜਨਰੇਟਰ ਮੰਗਵਾਏ ਸੀ ਉਨ੍ਹਾਂ ਨੂੰ ਚਾਲੂ ਨਹੀਂ ਸੀ ਕਰ ਸਕੇ ਅਤੇ ਹੁਣ ਇਹ ਸਰਕਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ]

ਉਨ੍ਹਾਂ ਨੂੰ ਚਾਲੂ ਕਰ ਰਹੀ ਹੈ। 30 ਜਨਰੇਟਰ ਕਮਿਸ਼ਨ ਕੀਤੇ ਗਏ ਹਨ ਅਤੇ ਬਾਕੀ ਵੀ ਛੇਤੀ ਹੀ ਕਰ ਦਿਤੇ ਜਾਣਗੇ। ਇਸ ਨਾਲ ਸਾਨੂੰ ਐਡੀਸ਼ਨਲ ਬਿਜਲੀ ਮਿਲੇਗੀ। ਫਿਰ ਇਥੇ ਹੀ ਬਸ ਨਹੀਂ, ਮਧੱ-ਪ੍ਰਦੇਸ਼ ਤੋਂ ਵੀ ਬਿਜਲੀ ਦੀ ਸਪਲਾਈ ਲਿਆਂਦੀ ਗਈ ਹੈ। ਨੰਗਲ ਦੀ ਫਰਟੇਲਾਈਜ਼ਰ ਦੀ ਫੈਕਟਰੀ ਤੋਂ ਵੀ ਬਿਜਲੀ ਲਈ ਜਾਵੇਗੀ, ਥਰਮਲ ਪਲਾਂਟ ਦੀ ਕੰਸਟ੍ਰਕਸ਼ਨ ਵਲ ਵੀ ਜ਼ਿਆਦਾ ਧਿਆਨ ਦਿਤਾ ਜਾ ਰਿਹਾ ਹੈ। ਫਿਰ ਅਨੰਦਪੁਰ ਦਾ ਪ੍ਰਾਜੈਕਟ ਚਾਲੂ ਕੀਤਾ ਜਾ ਰਿਹਾ ਹੈ। ਮੈਨੂੰ ਉਮੀਦ ਹੈ ਕਿ ਇਨ੍ਹਾਂ ਤਰੀਕਿਆਂ ਦੇ ਨਾਲ ਬਿਜਲੀ ਦੀ ਕਮੀ ਪੂਰੀ ਕਰ ਲਈ ਜਾਵੇਗੀ ਅਤੇ ਮੁਸ਼ਕਲ ਹੱਲ ਹੋ ਜਾਵੇਗੀ।

**ਸ੍ਰੀ ਡਿਪਟੀ ਸਪੀਕਰ** : ਹੁਣ ਵਾਈਂਡ ਅਪ ਕਰੋ ਜੀ। (Please wind up now.)

**ਸਰਦਾਰ ਹਰਚਰਨ ਸਿੰਘ** : ਫਿਰ, ਡਿਪਟੀ ਸਪੀਕਰ ਸਾਹਿਬ, ਜੇ ਮੈਂ ਥੀਨ ਡੈਮ ਦੀ ਗੱਲ ਨਾ ਕੀਤੀ ਤਾਂ ਮੇਰੀ ਗੱਲ ਮੁਕੰਮਲ ਨਹੀਂ ਹੋਵੇਗੀ। ਇਹ ਇਕ ਬੜੀ ਵੱਡੀ ਗੱਲ ਹੈ ਕਿ ਜਿਹੜੀਆਂ ਪਾਰਟੀਸਿਪੈਂਟ ਸਟੇਟਸ ਹਨ ਉਨ੍ਹਾਂ ਨੂੰ ਐਗਰੀ ਕਰਵਾਉਣਾ ਅਤੇ ਇਸ ਕੰਮ ਨੂੰ ਪਾਇਆ-ਏ-ਤਕਮੀਲ ਤਕ ਪਹੁੰਚਾਣਾ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਚੀਫ ਮਨਿਸਟਰ ਸਾਹਿਬ ਦੀ ਅਤੇ ਇਸ ਸਰਕਾਰ ਦੀ ਬਹੁਤ ਵੱਡੀ ਜਿਤ ਹੈ ਅਤੇ ਇਹ ਵਧਾਈ ਦੇ ਪਾਤਰ ਹਨ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪੰਚਾਇਤਾਂ ਦੀਆਂ ਇਲੈਕਸ਼ਨਜ਼ ਸਾਢੇ ਨੌਂ ਸਾਲਾਂ ਤੋਂ ਡਿਊ ਸਨ ਪਰ ਇਹ ਸਾਹਮਣੇ ਬੈਠੇ ਅਕਾਲੀ ਵੀਰਾਂ ਦੀ ਸਰਕਾਰ ਡਰਦੀ ਨਹੀਂ ਸੀ ਕਰਵਾਉਂਦੀ। ਇਸ ਸਰਕਾਰ ਨੇ ਆ ਕੇ ਇਹ ਇਲੈਕਸ਼ਨ ਕਰਵਾ ਦਿਤੀਆਂ ਹਨ। (ਵਿਘਨ) (ਸ਼ੋਰ) ਮਿਉਨਿਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵੀ ਡਿਊ ਸਨ। 100 ਵਿਚੋਂ 99 ਕਮੇਟੀਆਂ ਦੀਆਂ ਇਲੈਕਸ਼ਨਾਂ ਕਰਵਾ ਦਿਤੀਆਂ ਗਈਆਂ ਹਨ ਅਤੇ ਬਾਕੀ ਵੀ ਜਲਦੀ ਹੀ ਕਰਵਾ ਦਿਤੀਆਂ ਜਾਣਗੀਆਂ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਲਾਅ ਐਂਡ ਆਰਡਰ ਬਾਰੇ ਸਿਰਫ਼ ਇਕ ਹੀ ਗੱਲ ਕਹਾਂਗਾ ਕਿ ਜੇ ਸਾਢੇ ਸੱਤ ਲੱਖ ਦਾ ਸਾਕਾ ਡਾਢੇ ਇੱਕੀ ਘੰਟਿਆਂ ਵਿਚ ਬਰਾਮਦ ਹੋ ਸਕਦਾ ਹੈ ਤਾਂ ਇਹ ਬਹੁਤ ਸ਼ਲਾਘਾ ਯੋਗ ਹੈ। (ਥੰਪਿੰਗ) ਇਸ ਲਈ ਸਾਡੇ ਚੀਫ ਮਨਿਸਟਰ ਸਾਹਿਬ ਅਤੇ ਸਾਡੀ ਐਡਮਨਿਸਟਰੇਸ਼ਨ ਵਧਾਈ ਦੀ ਪਾਤਰ ਹੈ। (ਥੰਪਿੰਗ)

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਅਤੇ ਮੈਂ ਆਪਣੇ ਸਾਹਮਣੇ ਬੈਠੇ ਵੀਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਵੀ ਇਸ ਐਡਰੈਸ ਤੇ ਮੁਤਫ਼ਿਕ ਹੋਣ ਅਤੇ ਇਹ ਰੈਜ਼ੋਲਿਊਸ਼ਨ ਮੁਤਫ਼ਿਕਾ ਤੌਰ ਤੇ ਪਾਸ ਕੀਤਾ ਜਾਵੇ।

**Mr. Deputy Speaker** : Motion moved by Shri Yash Pal, M.L.A., and seconded by Sardar Harcharan Singh, M.L.A. is—

That an Address be presented to the Governor in the following terms;—

'That the Members of this House assembled in this Session are deeply grateful to the Governor for the Address which he has been pleased to deliver to the House on the 27th February, 1973.'

**Mr. Deputy Speaker** : I have received two notices of amendment to this motion. The first notice is from Comrade Satya Pal Dang and others

Original with;
Punjab Vidhan Sabha
Digitized by;
Panjab Digital Library

and the second is from Sardar Ajaib Singh Sandhu and others. These notices will be deemed to have been read and moved.

1. **Comrade Satyapal Dang.**
2. **Comrade Darshan Singh Canadian.**
3. **Comrade Raj Kumar Dariwal.**
4. **Comrade Dana Ram.**

That in the motion, the following be added at the end, namely:—

"but regret that the Address—

(1) does not mention about the extremely serious situation which exists in the State including the sufferings of the common people ;

(2) does not mention about the steep rise in prices ;

(3) does not take proper note of the serious effect of shortage of power on the industrial and agricultural economy of the State, including the closures, retrenchment and lay off of thousands of workers ;

(4) does not take note of such serious problems facing the peasants as the non-availability of diesel and fertilizers except at black-market rates ;

(5) is silent about the acute problems faced by the student community ;

(6) is silent about the social boycott of Harijans in the villages;

(7) does not point correct picture about the situation regarding law and order, corruption and civil liberties ;

(8) does not envision any effective steps against poverty, rising prices and unemployment ;

(9) does not even take note of the disruptive forces out to undermine the unity of the country.".

5. **Sardar Ajaib Singh Sandhu.**
6. **Sardar Surjit Singh Barnala.**
7. **Sardar Jaswinder Singh Brar.**
8. **Giani Arjan Singh Litt.**
9. **Sardar Dhanna Singh Gulshan.**
10. **Sardar Jasdev Singh Sandhu.**
11. **Sardar Sukhdev Singh Dhillon.**

That in the motion, the following be added at the end, namely:—

"but regret that no mention has been made in the Address :—

(1) about the acute shortage of power in the State ;

(2) about how to control the rice in prices;

(3) about the rampant corruption prevailing in the State;

(4) about ensuring the law and order and rule of Law in the State.".

**Mr. Deputy Speaker** : I regret to point out that it has been generally observed that some Members do not observe the provisions of Rule 90 of

Original with;
Punjab Vidhan Sabha
Digitized by;
Panjab Digital Library

[Mr. Deputy Speaker]

the Rules of Procedure. I would like to invite the attention of the hon. Members to the following part (iii) of Rule 90. It reads —

"Whilst the Assembly is sitting, a member shall bow to the Chair while entering or leaving the Assembly, and also when taking or leaving his seat."

I would request all the Members to kindly observe this rule scrupulously both in letter and spirit.

**ਸਰਦਾਰ ਪਰਕਾਸ਼ ਸਿੰਘ ਬਾਦਲ (ਗਿੱਦੜਬਾਹਾ)** : ਡਿਪਟੀ ਸਪੀਕਰ ਸਾਹਿਬ, (ਥੰਪਿੰਗ) ਕਲ ਜੋ......... (ਵਿਘਨ) ।

(ਇਸ ਸਮੇਂ ਕਈ ਮਾਨਯੋਗ ਮੈਂਬਰ ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਹੋ ਗਏ। ਸ਼੍ਰੀ ਡਿਪਟੀ ਸਪੀਕਰ ਨੇ ਸ਼੍ਰੀ ਪ੍ਰੇਮ ਗੁਪਤਾ ਨੂੰ ਆਗਿਆ ਦਿਤੀ।)

**ਸ਼੍ਰੀ ਪ੍ਰੇਮ ਗੁਪਤਾ** : *× × ×

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਬੈਠ ਜਾਓ। ਲੀਡਰ ਆਫ਼ ਆਪੋਜ਼ੀਸ਼ਨ ਨੂੰ ਬੋਲਣ ਦਿਓ। (This is no point of order. Please resume your seat. Let the Leader of the Opposition speak.)

**ਸ਼੍ਰੀ ਪ੍ਰੇਮ ਗੁਪਤਾ** : ਜਿਸ ਆਦਮੀ ਨੇ ਐਡਰੈਸ ਪਾੜ ਦਿਤਾ ਹੋਵੇ ਉਸ ਨੂੰ ਬੋਲਣ ਦਾ ਕੀ ਹੱਕ ਹੈ । (ਵਿਘਨ)।

**ਸ਼੍ਰੀ ਡਿਪਟੀ ਸਪੀਕਰ** : ਇਸ ਬਾਰੇ ਹਾਊਸ ਵਿਚ ਕਾਫ਼ੀ ਕੁਝ ਕਿਹਾ ਜਾ ਚੁਕਾ ਹੈ। (Much has been said in the House about it)

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ)** : ਕਲ ਗਵਰਨਰ ਸਾਹਿਬ ਜਦੋਂ ਸਾਹਮਣੇ ਬੈਠੀ ਸਰਕਾਰ ਦੀ ਅਖੌਤੀ ਕਾਰਵਾਈ ਸਦਨ ਦੇ ਸਾਹਮਣੇ ਪੜ੍ਹ ਰਹੇ ਸਨ ਤਾਂ ਸਾਡੀ ਪਾਰਟੀ ਨੇ ਵਾਕ ਆਊਟ ਕੀਤਾ। ਸਾਡਾ ਵਾਕ ਆਊਟ ਕਰਨਾ ਕੋਈ ਇਨ੍ਹਾਂ ਦਾ ਅਪਮਾਨ ਕਰਨ ਦਾ ਭਾਵ ਨਹੀਂ ਸੀ ਬਲਕਿ ਸਾਡਾ ਉਹ ਇਕ ਅਰਥ-ਭਰਪੂਰ ਕਦਮ ਸੀ। ਉਹ ਸਰਕਾਰ ਦੀ ਤਰਫਦਾਰੀ ਕਰਦੇ ਸਨ। ਉਸ ਸਾਲ ਵਿਚ ਜੋ ਪੰਜਾਬ ਵਿਚ ਹਾਲਾਤ ਹੋਏ ਹਨ ਉਸ ਨੂੰ ਵੇਖ ਕੇ ਸਾਰੇ ਪੰਜਾਬੀਆਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ)। ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਵਿਚ ਕੋਈ ਵੀ ਠੋਸ ਗੱਲ ਨਹੀਂ ਹੈ। ਇਹ ਐਡਰੈਸ ਇਕ ਬਿਲਕੁਲ ਸਟੰਟ ਹੈ ਅਤੇ ਜੋ ਪੰਜਾਬ ਦੀ ਅਸਲੀਅਤ ਹੈ ਉਸ ਤੋਂ ਇਹ ਬਹੁਤ ਪਾਸੇ ਹੈ । ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਐਡ-ਰੈਸ ਦਾ ਬਾਈਕਾਟ ਕੀਤਾ ਕਿਉਂਕਿ ਇਹ ਐਡਰੈਸ ਮੋਗੇ ਦੇ ਸਟੂਡੈਂਟਸ ਦੇ ਖ਼ੂਨ ਨਾਲ ਲਿਖਿਆਂ ਗਿਆ ਹੈ। (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ) ਇਸ ਐਡਰੈਸ ਦੇ ਇਕ ਇਕ ਹਰਫ ਤੋਂ ਕੁਰੱਪਸ਼ਨ ਦੀ ਬੂ ਆਉਂਦੀ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਐਡਰੈਸ ਦਾ ਬਾਈਕਾਟ ਕੀਤਾ ਕਿਉਂਕਿ ਇਸ ਐਡਰੈਸ ਵਿਚ ਪੰਜਾਬ ਦੀ ਇੰਡਸਟਰੀ ਤੇ ਪੰਜਾਬ ਦੀ ਐਗਰੀਕਲਚਰ ਦੀ ਤਬਾਹੀ ਦੀਆਂ ਸਕੀਮਾਂ ਹਨ। ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਐਡਰੈਸ ਦਾ ਬਾਈਕਾਟ ਕੀਤਾ ਕਿਉਂਕਿ ਇਹ ਪੰਜਾਬ ਜਿਹੜਾ ਕਿ ਸਾਰੇ ਹਿੰਦੁਸਤਾਨ ਨੂੰ ਅਨਾਜ ਦਿੰਦਾ ਹੈ ਉਥੋਂ ਦੀ ਗਰੀਬ ਜਨਤਾ ਭੁੱਖ ਨਾਲ ਮਰੀ ਜਾ ਰਹੀ ਹੈ (ਵਿਘਨ)। ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਨੂੰ, ਗਵਰਨਰ ਸਾਹਿਬ

*Expunged, as ordered by the Chair.

Original with;
Punjab Vidhan Sabha
Digitized by;
Panjab Digital Library

ਦੇ ਐਡਰੈਸ ਨੂੰ, ਮੈਂ ਬੜੇ ਧਿਆਨ ਨਾਲ ਪੜ੍ਹਿਆ ਹੈ ਅਤੇ ਇਹ ਦੇਖ ਕੇ ਬੜਾ ਅਫ਼ਸੋਸ ਹੋਇਆ ਹੈ ਕਿ ਕਈ ਇਹੋ ਜਿਹੇ ਮਸਲੇ ਹਨ ਜਿਨ੍ਹਾਂ ਨੂੰ ਇਸ ਵਿਚ ਬਿਲਕੁਲ ਇਕ ਪਾਸੇ ਰਖਿਆ ਗਿਆ ਹੈ। ਲਾਅ ਐਂਡ ਆਰਡਰ ਦੇ ਸਿਲਸਿਲੇ ਵਿਚ ਕੁਝ ਸਤਰਾਂ ਇਸ ਐਡਰੈਸ ਵਿਚ ਹਨ ਜਿਨ੍ਹਾਂ ਨੂੰ ਪੜ੍ਹ ਕੇ ਮੈਨੂੰ ਬੜਾ ਅਫ਼ਸੋਸ ਹੋਇਆ ਹੈ। ਅੱਜ ਜੋ ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਹੈ ਉਹ ਸਾਡੇ ਮੱਥੇ ਤੇ ਇਕ ਕਲੰਕ ਹੈ। ਪਿਛਲੇ ਦਿਨੀਂ ਅਖਬਾਰਾਂ ਬੰਦ ਰਹੀਆਂ। ਲਾਅ ਐਂਡ ਆਰਡਰ ਦੀ ਪੁਜੀਸ਼ਨ ਲੋਕਾਂ ਤਕ ਨਹੀਂ ਆਈ। ਪਿਛਲੇ ਦੋ ਮਹੀਨੇ ਦੀਆਂ ਅਖਬਾਰਾਂ ਵਿਚ ਖ਼ਬਰਾਂ ਆਈਆਂ ਹਨ ਜੋ ਪੰਜਾਬ ਦੀ ਹਾਲਤ ਹੈ ਉਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਵਿਚ ਨਾ ਕੋਈ ਸਰਕਾਰ ਹੈ ਅਤੇ ਨਾ ਹੀ ਲਾਅ ਐਂਡ ਆਰਡਰ ਹੈ। ਇਸ ਸਬੰਧੀ ਮੈਂ ਕੁਝ ਮਿਸਾਲਾਂ ਆਪ ਦੇ ਸਾਹਮਣੇ ਰਖਦਾ ਹਾਂ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੋ ਮਹੀਨਿਆਂ ਵਿਚ ਦਿਨ ਦਿਹਾੜੇ ਕਚਿਹਰੀਆਂ ਵਿਚ.. (ਵਿਘਨ). ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਬਹੁਤਾ ਦੂਰ ਦੇ ਹਾਲਾਤ ਵਲ ਨਹੀਂ ਲਿਜਾਣਾ ਚਾਹੁੰਦਾ ਬਲਕਿ ਪਿਛਲੇ ਦੋ ਮਹੀਨਿਆਂ ਦੇ ਹਾਲਾਤ ਵੱਲ ਹੀ ਲਿਜਾਣਾ ਚਾਹੁੰਦਾ ਹਾਂ। ਨਵਾਂ ਸ਼ਹਿਰ ਵਿਚ ਇਕ ਕਤਲ ਹੋਇਆ। ਕਚਿਹਰੀ ਦੇ ਹਾਤੇ ਵਿਚ ਦਸ ਵਜੇ ਦਿਨ ਦਿਹਾੜੇ ਇਕ ਆਦਮੀ ਨੂੰ ਮਾਰਿਆ ਗਿਆ। ਪੁਲਿਸ ਹਾਜ਼ਰ ਸੀ, ਅਫ਼ਸਰ ਹਾਜ਼ਰ ਸਨ ਪਰ ਜਿਹੜੇ ਕਾਤਲ ਸਨ ਉਹ ਜਿਸ ਪਸਤੌਲ ਨਾਲ ਆਦਮੀ ਨੂੰ ਮਾਰ ਕੇ ਆਏ ਸਨ ਉਸ ਪਸਤੌਲ ਨੂੰ ਹਲਾਉਂਦੇ ਹੋਏ ਬਾਜ਼ਾਰ ਵਿਚੋਂ ਹੁੰਦੇ ਹੋਏ ਚਲੇ ਗਏ। ਇਸੇ ਤਰ੍ਹਾਂ ਸੁਰ ਸਿੰਘ ਕਸਬੇ ਦੇ ਮੇਨ ਬਾਜ਼ਾਰ ਵਿਚ ਚਾਕੂਆਂ ਨਾਲ ਇਕ ਡਾਕਟਰ ਨੂੰ ਕਤਲ ਕਰ ਦਿਤਾ ਗਿਆ ਅਤੇ ਕਤਲ ਕਰਕੇ ਉਹ ਲੋਕ ਭਜ ਗਏ। ਤੁਹਾਨੂੰ ਯਾਦ ਹੋਣਾ ਹੈ ਕਿ ਸੰਗਰੂਰ ਵਿਚ ਇਕ ਆਲ੍ਹਾ ਅਫ਼ਸਰ ਨੂੰ ਕਿਸ ਤਰ੍ਹਾਂ ਨਾਲ ਸ਼ਹਿਰ ਵਿਚ ਕਤਲ ਕਰ ਦਿਤਾ ਗਿਆ ਸੀ। ਕੀ ਇਹ ਸਮਝਦੇ ਹਨ ਕਿ ਇਸ ਤਰ੍ਹਾਂ ਦੇ ਕਤਲ ਹੋਣੇ ਮਾਮੂਲੀ ਗੱਲ ਹੈ। ਇਸ ਤਰ੍ਹਾਂ ਦੇ ਕਤਲ ਉਦੋਂ ਹੁੰਦੇ ਹਨ ਜਦੋਂ ਸੂਬੇ ਵਿਚ ਲਾਅ ਐਂਡ ਆਰਡਰ ਨਾ ਹੋਵੇ, ਜਾਂ ਹਕੂਮਤ ਨਾ ਹੋਵੇ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਹੜੀਆਂ ਬਰਾਡ-ਡੇ-ਲਾਈਟ ਰਾਬਰੀਜ਼ ਹਨ। ਸਰਦਾਰ ਉਮਰਾਓ ਸਿੰਘ ਬੈਠੇ ਹਨ। ਜਲੰਧਰ ਸ਼ਹਿਰ ਵਿਚ 10 ਜਨਵਰੀ, 1973 ਨੂੰ ਇਕ ਮਿਲ ਲੁੱਟੀ ਗਈ ਜਿਸ ਵਿਚ 2,800 ਰੁਪਏ ਲੁੱਟੇ ਗਏ। ਉਥੇ ਡਾਕੂ ਅਸਲਾ ਲੈ ਕੇ ਲੁੱਟਨ ਵਾਸਤੇ ਆਏ ਸਨ ਅਤੇ ਲੁੱਟ ਕੇ ਚਲੇ ਗਏ। ਨਕੋਦਰ ਦਾ ਪੋਸਟ ਆਫਿਸ ਲੁੱਟਣ ਦਾ ਯਤਨ ਕੀਤਾ ਗਿਆ। 3,000 ਰੁਪਏ ਤੋਂ ਵੱਧ ਰਕਮ ਕੈਸ਼ੀਅਰ ਅਤੇ ਚਪੜਾਸੀ ਤੋਂ ਸ਼ਾਮ ਨੂੰ ਸਵਾ ਛੇ ਵਜੇ ਇਕ ਡਾਕੂਆਂ ਦੇ ਗਰੋਹ ਨੇ ਲੁੱਟਣ ਦਾ ਯਤਨ ਕੀਤਾ। ਡਾਕਾ ਪਾਉਣ ਵਾਲਿਆਂ ਦਾ ਲੀਡਰ ਉਥੋਂ ਦੇ ਸਟੂਡੈਂਟ ਯੂਨੀਅਨ ਦੇ ਪ੍ਰੈਜ਼ੀਡੈਂਟ ਸਨ। ਇਨ੍ਹਾਂ ਗੱਲਾਂ ਵਲ ਵੇਖ ਕੇ ਪਤਾ ਲਗਦਾ ਹੈ ਕਿ ਇਹ ਕਿਸ ਤਰ੍ਹਾਂ ਦਾ ਲਾਅ ਐਂਡ ਆਰਡਰ ਹੈ। ਬੈਂਕ ਦੇ ਸਤ ਲੱਖ ਰੁਪਏ ਤੇ ਡਾਕਾ ਵਜਿਆ।

**ਸ੍ਰੀ ਪ੍ਰੇਮ ਗੁਪਤਾ** : ਬਾਦਲ ਸਾਹਿਬ, ਰਾਜਪੁਰੇ ਫਰੀਡਮ ਫਾਈਟਰਜ਼ (ਵਿਘਨ).........

**ਸ੍ਰੀ ਡਿਪਟੀ ਸਪੀਕਰ** : ਤਸ਼ਰੀਫ ਰਖੋ। (Please resume your seat.)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਠੀਕ ਹੈ ਕਿ ਬੈਂਕ ਦਾ ਡਾਕਾ ਜਲਦੀ ਲਭ ਗਿਆ ਹੈ ਪਰ ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਅਜ ਪੰਜਾਬ ਵਿਚ ਨਾ ਬੈਂਕ ਸੇਫ ਹਨ ਅਤੇ ਨਾ ਕੋਈ ਪੋਸਟ ਆਫਿਸ ਸੇਫ ਹੈ ਅਤੇ ਨਾ ਹੀ ਕੋਈ ਹੋਰ ਚੀਜ਼ ਸੇਫ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਸਮਝਦੇ ਹਾਂ ਕਿ ਪੰਜਾਬ ਦੇ ਹਾਲਾਤ ਕੀ ਹਨ। ਇਥੇ ਸੜਕਾਂ ਤੇ ਚਲਣਾ ਵੀ ਮਹਿਫੂਜ਼ ਨਹੀਂ ਹੈ। ਇਥੇ ਸ਼ਾਮ ਨੂੰ ਸਾਡੇ ਸਤ ਵਜੇ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਦਾ ਰਾਜ ਨਹੀਂ ਹੁੰਦਾ ਬਲਕਿ ਡਾਕੂਆਂ ਅਤੇ ਕਾਤਲਾਂ ਦਾ ਰਾਜ ਹੁੰਦਾ ਹੈ। (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ) 17 ਜਨਵਰੀ, 1973

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਦੀ ਗਲ ਯਾਦ ਹੋਣੀ ਹੈ। ਅਖਬਾਰ ਵਿਚ ਆਇਆ ਹੈ ਕਿ ਜਲੰਧਰ ਬਾਈ ਪਾਸ ਦੇ ਨੇੜੇ ਇਕ ਟਰੱਕ ਭਰਿਆ ਹੋਇਆ ਜਿਸ ਵਿਚ ਕਿ ਇਕ ਲੱਖ ਰੁਪਏ ਦੇ ਕਰੀਬ ਦੀਆਂ ਚੀਜ਼ਾਂ ਸਨ ਪਕੜ ਲਿਆ ਗਿਆ ਅਤੇ ਉਸ ਦੇ ਡਰਾਈਵਰ ਨੂੰ ਕਤਲ ਕਰਕੇ ਟਰਕ ਨੂੰ ਦੁੜਾਕੇ ਲੈ ਗਏ। ਇਸੇ ਤਰ੍ਹਾਂ ਨਾਲ, ਡਿਪਟੀ ਸਪੀਕਰ ਸਾਹਿਬ, ਪਿਛਲੇ ਦਿਨੀਂ ਹੋਰ ਤਾਂ ਹੋਰ ਟੈਕਸੀਆਂ ਦੇ ਡਰਾਈਵਰਾਂ ਨੂੰ, ਦਰਜਨਾਂ ਨੂੰ ਹੀ ਕਤਲ ਕੀਤਾ ਗਿਆ। ਇਨ੍ਹਾਂ ਟੈਕਸੀਆਂ ਦੇ ਡਰਾਈਵਰਾਂ ਨੂੰ ਮਾਰਕੇ ਇਨ੍ਹਾਂ ਦੀਆਂ ਟੈਕਸੀਆਂ ਨੂੰ ਭਜਾ ਕੇ ਲੈ ਗਏ। ਸਰਦਾਰ ਸੁਰਜੀਤ ਸਿੰਘ, ਸਰਦਾਰ ਹਰਭਜਨ ਸਿੰਘ ਅਤੇ ਸਰਦਾਰ ਮੋਹਣ ਸਿੰਘ ਇਹ ਟੈਕਸੀ ਡਰਾਈਵਰ ਸਨ ਜਿਨ੍ਹਾਂ ਨੂੰ ਕਤਲ ਕੀਤਾ ਗਿਆ।

ਇਸ ਸਿਲਸਿਲੇ ਵਿਚ ਮੈਂ ਇਕ ਅਖਬਾਰ ਵਿਚੋਂ ਪੜ੍ਹਕੇ ਸੁਣਾਉਂਦਾ ਹਾਂ। ਇਹ ਹਿੰਦ ਸਮਾਚਾਰ ਅਖ਼ਬਾਰ ਮਿਤੀ 18 ਫਰਵਰੀ, 1973 ਵਿਚੋਂ ਹੈ। ਟੈਕਸੀ ਡਰਾਈਵਰ ਦੀ ਭੋਗ ਦੀ ਰਸਮ ਤੇ ਜੋ ਸ਼ਹਿਰ ਦੇ ਪਤਵੰਤੇ ਸਜਣ ਇਕਠੇ ਹੋਏ ਅਤੇ ਜੋ ਉਥੇ ਤਕਰੀਰਾਂ ਹੋਈਆਂ ਮੈਂ ਉਸ ਮੁਤੱਲਕ ਪੜ੍ਹਕੇ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ:—

"ਜਲੰਧਰ ਕੇ ਟੈਕਸੀ ਡਰਾਈਵਰ ਸਰਦਾਰ ਗੁਰਮੀਤ ਸਿੰਘ ਜਿਸੇ ਚੰਦ ਗੁੰਡੋਂ ਨੇ ਚਾਰ ਫਰਵਰੀ ਕੋ ਕਪੂਰਥਲਾ ਕੇ ਕਰੀਬ ਨਿਹਾਇਤ ਬੇ ਰਹਿਮੀ ਸੇ ਕਤਲ ਕਰ ਦੀਆ ਥਾ। ਔਰ ਕਾਰ ਲੇਕਰ ਫਰਾਰ ਹੋ ਗਏ ਥੇ, ਕੀ ਰਸਮ ਭੋਗ ਅਦਾ ਕੀ ਗਈ। ਇਸ ਮੌਕੇ ਪਰ ਸ਼ਹਿਰ ਕੇ ਸਰਕਰਦਾ ਲੀਡਰੋਂ ਔਰ ਮੁਅਜ਼-ਜ਼ੀਨ ਨੇ ਮਰਹੂਮ ਕੋ ਸ਼ਰਧਾਂਜਲੀ ਭੇਂਟ ਕੀ ਔਰ ਲਾਅ ਐਂਡ ਆਰਡਰ ਕੀ ਬਿਗੜਤੀ ਹੂਈ ਹਾਤਲ ਪਰ ਆਂਸੂ ਬਹਾਏ। ਗੁਲਾਬ ਦੇਵੀ ਹਸਪਤਾਲ ਕੇ ਡਾਕਟਰ ਜੇ.ਡੀ. ਭਾਟੀਆ ਨੇ ਨਿਹਾਇਤ ਜਜ਼ਬਾਤੀ ਤਕਰੀਰ ਮੇਂ ਇਲਾਨ ਕੀਆ ਕਿ ਵੋਹ ਪੰਜਾਬ ਸਰਕਾਰ ਕੇ ਵਜ਼ੀਰੋਂ ਔਰ ਆਹਲਾ ਪੁਲਿਸ ਅਫਸਰੋਂ ਕੀ ਤਵੱਜੁਹ ਇਸ ਤਰਫ ਦਿਲਾਨੇ ਕੇ ਲੀਏ ਆਈਂਦਾ ਪੰਦਰਾਂ ਦਿਨ ਤਕ ਅਪਣੇ ਪਾਉਂ ਮੇਂ ਜੂਤਾ ਨਹੀਂ ਪਹਿਨੇਂਗੇ। ਇਸੀ ਤਰ੍ਹਾਂ ਸ੍ਰੀ ਰਮੇਸ਼ (ਹਿੰਦ ਸਮਾਚਾਰ) ਨੇ ਕਿਹਾ ਕਿ ਅੰਗਰੇਜ਼ ਕੇ ਰਾਜ ਮੇਂ ਗਹਿਨੇਂ ਸੇ ਲਦੀ ਹੂਈ ਕੋਈ ਭੀ ਨੌਜਵਾਨ ਔਰਤ ਰਾਤ ਕਹੀਂ ਭੀ ਜਾ ਸਕਤੀ ਥੀ ਲੇਕਿਨ ਮੌਜੂਦਾ ਰਾਜ ਮੇਂ ਤੋ 8 ਬਜੇ ਰਾਤ ਕੇ ਬਾਅਦ ਘਰ ਸੇ ਨਿਕਲਨਾ ਮੁਸ਼ਕਿਲ ਹੋ ਗਿਆ ਹੈ। ਸਰਦਾਰ ਗੁਰਚਰਨ ਸਿੰਘ ਰਿਟਾਇਰਡ ਸੁਪਰਡੰਟ ਪੁਲਿਸ ਨੇ ਕਿਹਾ, ਆਪਨੇ ਅਲਜ਼ਾਮ ਲਗਾਇਆ ਕਿ ਪੰਜਾਬ ਕੇ ਸਿਆਸੀ ਹੁਕਮਰਾਨ ਪੁਲਿਸ ਮੇਂ ਆਪਣੀ ਮਨ ਮਰਜ਼ੀ ਕੇ ਤਬਾਦਲੇ ਕਰਕੇ ਨਜ਼ਮੋ ਨਸਕ ਕੋ ਤਬਾਹ ਕਰ ਰਹੇ ਹੈਂ। ਔਰ ਵੋਹ ਲਾਅ ਐਂਡ ਆਰਡਰ ਕੋ ਬਿਗਾੜਨੇ ਕੇ ਜ਼ਿੰਮੇਵਾਰ ਹੈਂ। ਸ਼ਾਮ ਕੋ ਬੇਸ਼ਤਰ ਥਾਨੋਂ ਮੇਂ ਪੁਲਿਸ ਕੇ ਅਹਿਲਕਾਰ ਸ਼ਰਾਬ ਮੇਂ ਗੁੱਟ ਨਜ਼ਰ ਆਤੇ ਹੈਂ। ਆਪ ਨੇ ਲੋਗੋਂ ਸੇ ਭੀ ਅਪੀਲ ਕੀ ਕਿ ਵੋਹ ਅਪਨੇ ਅੰਦਰ ਇਖਲਾਕੀ ਜੁਰਤ ਪੈਦਾ ਕਰੇਂ। ਔਰ ਅਪਨੇ ਨੁਮਾਇੰਦੋਂ ਕੇ ਇੰਤਖਾਬ ਮੇਂ ਹੋਸ਼ਮੰਦੀ ਸੇ ਕਾਮ ਲੀਆ ਕਰੇਂ।" ਇਸ ਤਰ੍ਹਾਂ ਦੇ ਜਜ਼ਬਾਤ ਹਨ ਸਾਡੇ ਸ਼ਹਿਰੀਆਂ ਦੇ ਜੋ ਮੈਂ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਸੀ। ਇਕ ਹੋਰ ਘਟਨਾ ਹੈ 12 ਜਨਵਰੀ ਦੀ। ਇਕ ਲੱਖਪਤੀ ਜਾਲੰਧਰ ਤੋਂ ਜਾ ਰਿਹਾ ਸੀ, ਉਹਦੇ ਨਾਲ ਉਹਦਾ ਸਾਰਾ ਪਰਿਵਾਰ ਵੀ ਸੀ। ਇਹ ਸ਼ਾਪਿੰਗ ਕਰਕੇ ਜਾ ਰਿਹਾ ਸੀ। ਰਸਤੇ ਵਿਚ ਇਸ ਨੂੰ ਘੇਰ ਲਿਆ ਅਤੇ ਇਸ ਕੋਲੋਂ ਚਾਲੀ ਤੋਲੇ ਸੋਨਾ ਅਤੇ ਇਕ ਹਜ਼ਾਰ ਰੁਪਿਆ ਲੁਟ ਲਿਆ ਗਿਆ। ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਬਸਾਂ ਚਲ ਰਹੀਆਂ ਹਨ। ਪੰਜਾਬ ਰੋਡਵੇਜ਼ ਦੇ ਕੰਡਕਟਰਾਂ ਦੇ ਕੈਸ਼ ਵੀ ਸੇਫ ਨਹੀਂ। 25 ਜਨਵਰੀ ਨੂੰ ਚੰਡੀਗੜ੍ਹ ਤੋਂ ਬਠਿੰਡੇ ਨੂੰ ਬਸ ਜਾ ਰਹੀ ਸੀ ਕਿ ਇਸ ਬਸ ਦੇ ਕੰਡਕਟਰ ਨੂੰ ਥੱਲੇ ਸੁਟ ਦਿਤਾ ਗਿਆ ਅਤੇ ਇਸ ਕੋਲੋਂ 300 ਰੁਪਏ ਖੋਹ ਲਏ ਗਏ। ਇਸੇ ਤਰ੍ਹਾਂ ਹੀ ਪੈਟਰੋਲ ਪੰਪ ਵੀ

Original with;
Punjab Vidhan Sabha
Digitized by;
Panjab Digital Library

ਡਾਕਿਆਂ ਤੋਂ ਸੇਫ ਨਹੀ ਹਨ। ਪੈਟਰੋਲ ਪੰਪ ਵਾਲੇ ਰਾਤ ਨੂੰ ਇਨ੍ਹਾਂ ਨੂੰ ਚਲਾਉਣਾ ਠੀਕ ਨਹੀਂ ਸਮਝਦੇ ਕਿਉਂਕਿ ਇਨ੍ਹਾਂ ਨੂੰ ਡਾਕੇ ਦਾ ਡਰ ਰਹਿੰਦਾ ਹੈ। ਰਾਜਪੁਰਾ, ਜੰਡਿਆਲਾ ਗੁਰੂ ਕਈ ਥਾਵਾਂ ਤੇ ਅਜਿਹੀਆਂ ਘਟਨਾਵਾਂ ਹੋਈਆਂ ਹਨ। ਜੰਡਿਆਲਾ ਗੁਰੂ ਦਾ ਪੈਟਰੋਲ ਪੰਪ ਤਾਂ ਪੁਲਿਸ ਸਟੇਸ਼ਨ ਤੋਂ ਥੋੜ੍ਹੀ ਦੂਰ ਹੀ ਸੀ। ਡਾਕੂਆਂ ਨੇ ਉਥੇ ਦੇ ਪੇਟਰੋਲ ਪੰਪ ਨੂੰ ਲੁੱਟ ਲਿਆ। ਪੁਲਿਸ ਨੇ ਇਕ ਆਦਮੀ ਫੜਿਆ ਪਰ ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਦਬਾਉ ਪਾਕੇ ਉਸ ਆਦਮੀ ਨੂੰ ਛੁੜਵਾ ਦਿਤਾ ਫੇਰ ਦੂਸਰੇ ਆਦਮੀ ਨੂੰ ਗ੍ਰਿਫਤਾਰ ਕੀ ਕਰਨਾ ਸੀ।

ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਸੜਕਾਂ ਤੇ ਹੁਣ ਚੱਲਣਾ ਖਤਰੇ ਤੋਂ ਖਾਲੀ ਨਹੀਂ ਇਸੇ ਤਰ੍ਹਾਂ ਪੰਜਾਬ ਵਿਚ ਰੇਲਾਂ ਵਿਚ ਵੀ ਸਫਰ ਕਰਨਾ ਖਤਰੇ ਤੋਂ ਖਾਲੀ ਨਹੀਂ ਹੈ। 20 ਫਰਵਰੀ ਨੂੰ ਮੋਗੇ ਤੋਂ ਚੰਡੀਗੜ ਐਕਸਪ੍ਰੈਸ ਵਿਚ ਫੂਡ ਕਾਰਪੋਰੇਸ਼ਨ ਦਾ ਇਕ ਵੱਡਾ ਅਫਸਰ ਸਫ਼ਰ ਕਰ ਰਿਹਾ ਸੀ ਉਸ ਨੂੰ ਡਾਕੂਆਂ ਨੇ ਜ਼ਖਮੀ ਕਰ ਦਿਤਾ। ਅਬੋਹਰ ਜਾ ਕੇ ਲੋਕਾਂ ਨੇ ਉਸ ਨੂੰ ਜ਼ਖਮੀ ਹੋਏ ਨੂੰ ਕੱਢਿਆ। ਉਸ ਦਾ ਸਾਰਾ ਸਾਮਾਨ ਲੁੱਟ ਲਿਆ ਗਿਆ। (ਸ਼ੇਮ ਸ਼ੇਮ) ਡਿਪਟੀ ਸਪੀਕਰ ਸਾਹਿਬ, ਸਬ ਤੋਂ ਵੱਡੀ ਗੱਲ ਲਾਅ ਐਂਡ ਆਰਡਰ ਦੀ ਇਹ ਹੈ ਪਰ ਅੱਜ ਭਾਵੇਂ ਸਾਡੇ ਸਾਹਮਣੇ ਬੈਠੇ ਸਾਥੀ ਇਥੇ ਹਾਉਸ ਵਿਚ ਨਹੀਂ ਮੰਨਣਗੇ ਲੇਕਿਨ ਅੱਜ ਕੱਲ੍ਹ ਸ਼ਹਿਰਾਂ ਦੀ ਜੋ ਜ਼ਿੰਦਗੀ ਹੈ, ਜੋ ਉਨਾਂ ਦਾ ਜੀਵਨ ਪਹਿਲੇ ਸੇਫ ਸੀ ਉਹ ਹੁਣ ਨਹੀਂ ਰਿਹਾ। ਸ਼ਹਿਰਾਂ ਵਿਚ ਗੁੰਡਿਆਂ ਦਾ ਰਾਜ ਹੈ। ਮੈਂ ਦੋ ਰਿਪੋਰਟਾਂ ਆਪ ਨੂੰ ਪੜ੍ਹਕੇ ਸੁਣਾਉਦਾ ਹਾਂ। ਪਟਿਆਲਾ ਜ਼ਿਲ੍ਹਾ ਵਿਚ ਲਾਅ ਐਂਡ ਆਰਡਰ ਦੀ ਜੋ ਹਾਲਤ ਹੈ, ਉਹ ਮੈਂ ਦਸਦਾ ਹਾਂ।

> ਪਟਿਆਲਾ ਜ਼ਿਲ੍ਹਾ ਮੇਂ ਲਾਅ ਐਂਡ ਆਰਡਰ ਦੀ ਹਾਲਤ ਦਿਨ ਬਦਿਨ ਬਦਤਰ ਹੋਤੀ ਜਾ ਰਹੀ ਹੈ। ਪਿਛਲੇ ਵੀਰਵਾਰ ਕੀ ਰਾਤ ਕੋ ਨਾਭਾ ਮੇਂ ਜੋ ਕੁਛ ਹੁਆ ਇਸ ਨੇ ਸਾਰੇ ਪੁਰਾਣੇ ਰਿਕਾਰਡ ਮਾਤ ਕਰ ਦਿਏ। ਉਸ ਰਾਤ ਨਾਭਾ ਮੇਂ ਕਈ ਘੰਟੇ ਗੁਡੋਂ ਕਾ ਰਾਜ ਰਹਾ। 8 ਬਜੇ ਸੇ ਗੁੰਡੇ ਸ਼ਰਾਬ ਮੇਂ ਮਸਤ ਦਨ ਦਨਾਤੇ ਰਹੇ। ਉਨ੍ਹੋਂ ਨੇ ਮਿੱਢਾ ਨਾਮੀ ਏਕ ਫੈਕਟਰੀ ਵਰਕਰ ਕੋ ਬੜੇ ਜ਼ਾਲਮਾਨਾ ਤਰੀਕਾ ਸੇ ਕਤਲ ਕਰ ਦੀਆ। ਏਕ ਦੁਕਾਨ ਦਾਰ ਸੇ 200 ਰੁਪਏ ਲੀਏ। ਇਕ ਸ਼ਖਸ ਸੇ ਮੋਟਰਸਾਇਕਲ ਛੀਨ ਲੀਆ ਔਰ ਜਬ ਏਕ ਫੌਜੀ ਨੇ ਮੁਦਾਖਲਤ ਕੀ ਕੋਸ਼ਿਸ਼ ਕੀ ਤੋ ਗੁੰਡੋਂ ਨੇ ਉਸ ਕਾ ਨਾਕ ਕਾਟ ਦੀਆ। ਇਸ ਕੇ ਬਾਦ ਏਕ ਘਰ ਮੇਂ ਘੁਸ ਗਏ ਔਰ ਵਹਾਂ ਸੇ ਏਕ ਨੌਜਵਾਨ ਔਰਤ ਕੋ ਉਠਾ ਲੀਆ ਔਰ ਵਹਾਂ ਉਸ ਕੀ ਇੱਜਤ ਲੁਟੀ ਗਈ।

> "ਇਸੀ ਤਰ੍ਹਾ ਕੀ ਅੰਮ੍ਰਿਤਸਰ ਕੀ ਖਬਰੇਂ ਹੈਂ। ਹੁਸੈਨਪੁਰਾ ਅੰਮ੍ਰਿਤਸਰ ਮੇਂ 15 ਸਾਲਾ ਲੜਕੀ ਕੋ ਜ਼ਬਰਦਸਤੀ ਕਮਰਾ ਮੇਂ ਬੰਦ ਕਰ ਕੇ ਅਸਮਤਦਰੀ ਕੀ ਵਾਰਦਾਤ ਏਸ ਵਾਰਦਾਤ ਸੁਣ ਕਰ ਕਲੇਜਾ ਮੂੰਹ ਕੋ ਆਤਾ ਹੈ।"

ਲੁਧਿਆਣਾ ਸੇ ਭੀ ਇਸੀ ਤਰ੍ਹਾ ਕੀ ਖਬਰੇ ਹੈਂ। ਲੁਧਿਆਣਾ ਮੇਂ ਚਾਕੂ ਦਿਖਾ ਕਰ ਏਕ ਰਾਹਗੀਰ ਕੋ ਲੂਟ ਲੀਆ। ਏਕ ਟੈਲੀਫੋਨ ਉਪਰੇਟਰ ਕੋ ਲੂਟਾ ਗਿਆ। ਇਹੋ ਜਿਹੀਆਂ ਵਾਰਦਾਤਾਂ ਹੋ ਰਹੀਆਂ ਹਨ ਇਨ੍ਹਾਂ ਦੇ ਰਾਜ ਵਿਚ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸ਼ਹਿਰਾਂ ਦੀ ਜੋ ਜ਼ਿੰਦਗੀ ਹੈ, ਉਹ ਅੱਜ ਮਹਿਫੂਜ਼ ਨਹੀਂ ਹੈ। ਹੋਰ ਦਸਦਾ ਹਾਂ ਕਿ ਪੰਜਾਬ ਵਿਚ ਆਲ ਇੰਡੀਆ ਵੋਮੈਨ ਕਾਨਫੇਰੰਸ ਹੋਈ ਸੀ। ਉਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਵਿਚ ਲਾਅ ਐਂਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਆਰਡਰ ਕੋਈ ਨਹੀਂ ਹੈ । ਇਥੇ ਔਰਤਾਂ ਦੀ ਇੱਜ਼ਤ ਮਹਿਫੂਜ਼ ਨਹੀਂ ਹੈ । ਇਸ ਤੋਂ ਵੱਧ ਖਤਰਨਾਕ ਗੱਲ ਹੋਰ ਕੀ ਹੋ ਸਕਦੀ ਹੈ, ਜੋ ਕਿ ਇਸ ਰਾਜ ਵਿਚ ਹੋ ਰਿਹਾ ਹੈ। ਪੁਲਿਸ ਜਿਹੜੀ ਹੈ ਉਹ ਖੁਦ ਮੁਲਜ਼ਮ ਬਣ ਗਈ ਹੈ। ਉਸ ਨੇ ਗੁੰਡਿਆਂ ਨਾਲ ਹਿੱਸਾ ਕੀਤਾ ਹੋਇਆ ਹੈ । ਥੋੜ੍ਹੇ ਦਿਨ ਹੋਏ ਹਨ, 26 ਜਨਵਰੀ, 1973 ਦੀ ਗੱਲ ਹੈ ਕਿ ਚਾਰ ਪੁਲਿਸ ਵਾਲਿਆਂ ਨੇ ਇਕ ਹਰੀਜਨ ਔਰਤ ਨੂੰ ਪਿਸਤੌਲ ਵਿਖਾ ਕੇ ਉਸ ਦੀ ਇਜ਼ਤ ਲੁੱਟ ਲਈ ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਮੈਂ ਹੋਰ ਦੱਸਦਾ ਹਾਂ ਕਿ ਇਕ ਖਬਰ ਹੈ ਜਿਸ ਵਿਚ ਪੁਲਿਸ ਵਾਲੇ ਆਪ ਮੁਲਜ਼ਮ ਹਨ ਅਤੇ ਉਹ ਗ੍ਰਿਫਤਾਰ ਹਨ । ਬਾਘਾਪੁਰਾਣਾਂ ਦਾ ਕੇਸ ਹੈ। ਸਰਦਾਰ ਗੁਰਚਰਨ ਸਿੰਘ ਜੀ ਨੂੰ ਪਤਾ ਹੋਵੇਗਾ । ਉਥੇ ਦੇ ਹੈਡ ਕਨਸਟੇਬਲ ਅਤੇ ਇਕ ਸਿਪਾਹੀ ਇਸੇ ਤਰ੍ਹਾਂ ਦੇ ਕੇਸ ਵਿਚ ਫੜੇ ਗਏ ਹਨ ।

ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਹਾਲਤ ਬਹੁਤ ਵਿਗੜ ਗਈ ਹੈ । ਪੁਲਿਸ ਦਾ ਇਕ ਬਹੁਤ ਵੱਡਾ ਕੇਸ ਹੈ ਅਤੇ ਉਹ ਇਸ ਤਰ੍ਹਾਂ ਕਿ ਪਟਿਆਲਾ ਦੀ ਹਵਾਲਾਤ ਵਿਚੋਂ ਮੁਲਜ਼ਮ ਭੱਜ ਗਏ ਹਨ । ਇਸ ਤਰ੍ਹਾਂ ਦਾ ਇਨ੍ਹਾਂ ਦਾ ਇੰਤਜ਼ਾਮ ਹੈ । ਇਸ ਤਰ੍ਹਾਂ ਦੀ ਇਨ੍ਹਾਂ ਦੇ ਲਾਅ ਐਂਡ ਆਰਡਰ ਦੀ ਹਾਲਤ ਹੈ । ਜਿਸ ਰਾਜ ਵਿਚ ਇਸ ਤਰ੍ਹਾਂ ਦਾ ਲਾਅ ਐਂਡ ਆਰਡਰ ਹੋਵੇ ਪਰ ਉਸ ਦੇ ਐਡਰੈਸ ਵਿਚ ਕਿਹਾ ਜਾਵੇ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਬਹੁਤ ਅਛਾ ਹੈ ਇਹ ਠੀਕ ਗੱਲ ਨਹੀਂ ਹੈ। ਇਹ ਕਹਿੰਦੇ ਹਨ ਕਿ ਲਾਅ ਐਂਡ ਆਰਡਰ ਵਾਸਤੇ ਇਥੇ ਇਕ ਕੰਟਰੋਲ ਰੂਮ ਬਣਾਇਆ ਹੈ ਅਤੇ ਉਸ ਦੇ ਨਾਲ ਸਾਰੇ ਪੰਜਾਬ ਦਾ ਲਾਅ ਐਂਡ ਆਰਡਰ ਠੀਕ ਹੋ ਰਿਹਾ ਹੈ। ਪਰ ਜੋ ਮੇਰੀ ਵਾਕਫੀਅਤ ਹੈ ਮੈਂ ਦੱਸਦਾ ਹਾਂ ਕਿ ਉਹ ਕੰਟਰੋਲ ਰੂਮ ਜੋ ਇਥੇ ਬਣਾਇਆ ਗਿਆ ਸੀ ਉਹ ਖਤਮ ਕਰ ਦਿੱਤਾ ਗਿਆ ਹੈ । (ਵਿਘਨ) ਮੈਂ ਸਮਝਦਾ ਹਾਂ ਕਿ ਇਹ ਕੋਈ ਇਕਲੀ ਸਾਡੀ ਗੱਲ ਹੀ ਨਹੀਂ, ਸਾਰੇ ਪੰਜਾਬੀਆਂ ਦੀ ਇਹ ਸੋਚਣ ਦੀ ਗਲ ਹੈ । ਲਾਅ ਐਂਡ ਆਰਡਰ ਕਿਉਂ ਖਰਾਬ ਹੈ। ਮੈਂ ਇਹ ਗੱਲਾਂ ਕੋਈ ਕਰਿਟੀਸਿਜ਼ਮ ਵਾਸਤੇ ਨਹੀਂ ਕਰ ਰਿਹਾ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਲਾਅ ਐਂਡ ਆਰਡਰ ਤਾਂ ਠੀਕ ਹੋ ਸਕਦਾ ਹੈ ਜੇ ਇਸ ਵਿਚ ਜੋ ਸਿਆਸੀ ਮੁਦਾਖਲਤ ਹੁਣ ਹੋ ਰਹੀ ਹੈ, ਉਹ ਬੰਦ ਕਰ ਦਿੱਤੀ ਜਾਵੇ । ਪੁਲਿਸ ਬੇਵੱਸ ਹੈ, ਐਡਮਨਿਸਟਰੇਸ਼ਨ ਬੇਵਸ ਹੈ ਕਿਉਂਕਿ ਪੰਜਾਬ ਵਿਚ ਇਕ ਹੋਮ ਮਨਿਸਟਰ ਨਹੀਂ ਹੈ। ਅੱਜ ਕਾਂਗਰਸ ਪਾਰਟੀ ਦਾ ਇਕ ਇਕ ਵਰਕਰ ਜੋ ਹੈ, ਉਹ ਹੋਮ ਮਨਿਸਟਰ ਹੈ। ਉਨ੍ਹਾਂ ਦੀ ਆਪਣੀ ਹਕੂਮਤ ਹੈ । ਪੁਲਿਸ ਬੇਵੱਸ ਹੈ । ਜੇ ਇਸੇ ਤਰ੍ਹਾਂ ਹਾਲਤ ਰਹੀ ਤਾਂ ਪੰਜਾਬ ਬਹੁਤ ਜਲਦੀ ਤਬਾਹ ਹੋ ਜਾਵੇਗਾ । ਇਸ ਲਈ ਮੈਂ ਕੁਝ ਸੁਜੈਸ਼ਨ ਦੇਣਾ ਚਾਹੁੰਦਾ ਹਾਂ । ਪੁਲਿਸ ਫੋਰਸ ਵਿਚ ਕਮੀ ਹੈ, ਥਾਣਿਆਂ ਵਿਚ ਜੋ ਪੁਲਿਸ ਥੋੜੀ ਬਹੁਤ ਹੈ ਉਹ ਵਜ਼ੀਰਾਂ ਦੇ ਦੌਰਿਆਂ 'ਤੇ ਲਗਾ ਦਿੱਤੀ ਜਾਂਦੀ ਹੈ । ਲਾਅ ਐਂਡ ਆਰਡਰ ਵਾਸਤੇ ਉਨ੍ਹਾਂ ਨੂੰ ਟਾਈਮ ਹੀ ਨਹੀਂ ਲਗਦਾ। ਇਸ ਲਈ ਪੁਲਿਸ ਫੋਰਸ ਨੂੰ ਵਧਾਉਣਾ ਚਾਹੀਦਾ ਹੈ। ਜੋ ਐਡਰੈਸ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਸੜਕਾਂ ਤੇ ਚਲਦੀ ਫਿਰਦੀ ਪੁਲਿਸ ਬਣਾਈ ਹੈ ਜੋ ਰਾਤ ਨੂੰ ਚੱਕਰ ਲਾਉਂਦੀ ਹੈ, ਇਹ ਤਾਂ ਅਕਾਲੀ ਪਾਰਟੀ ਦੇ ਵੇਲੇ ਦੀ ਲੱਗੀ ਹੋਈ ਹੈ । ਇਨ੍ਹਾਂ ਨੇ ਲਾਅ ਐਂਡ ਆਰਡਰ ਨੂੰ ਸੁਧਾਰਨ ਵਾਸਤੇ ਕੋਈ ਕਦਮ ਨਹੀਂ ਚੁਕਿਆ ਕਿ ਇਥੋਂ ਦਾ ਲਾਅ ਐਂਡ ਆਰਡਰ ਸੁਧਾਰ ਸਕੀਏ ।

ਦੂਸਰਾ ਮਸਲਾ, ਡਿਪਟੀ ਸਪੀਕਰ ਸਾਹਿਬ, ਅੱਜ ਪੰਜਾਬ ਦੇ ਸਾਹਮਣੇ ਹੀ ਨਹੀਂ, ਬਲਕਿ ਸਾਰੇ ਦੇਸ਼ ਦੇ ਸਾਹਮਣੇ ਹੈ, ਉਹ ਹੈ ਮਹਿੰਗਾਈ ਦਾ ਮਸਲਾ । ਮਹਿੰਗਾਈ ਬਹੁਤ ਵਧ ਗਈ ਹੈ। ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਕਿਹਾ ਕਿ ਇਹ ਤਾਂ ਇਕ ਹਿੰਦੁਸਤਾਨ ਦਾ ਮਸਲਾ ਹੈ ਅਤੇ ਇਸਦੇ ਵਿਚ

Original with;
Punjab Vidhan Sabha
Digitized by;
Panjab Digital Library

ਪੰਜਾਬ ਵਾਲੇ ਕੁਝ ਨਹੀਂ ਕਰ ਸਕਦੇ, ਉਹ ਬੇਵੱਸ ਹਨ । ਪਰ ਮੈਂ ਇਸ ਚੀਜ਼ ਨਾਲ ਉਨ੍ਹਾਂ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਇਸ ਵਿਚ ਜਿਥੇ ਸੈਂਟਰ ਦੀ ਸਰਕਾਰ ਦਾ ਫਰਜ਼ ਬਣਦਾ ਹੈ, ਉਥੇ ਸਟੇਟ ਦਾ ਵੀ ਫਰਜ਼ ਬਣਦਾ ਹੈ ਕਿ ਉਹ ਮਹਿੰਗਾਈ ਨੂੰ ਰੋਕਣ ਵਾਸਤੇ ਕਦਮ ਉਠਾਏ । ਪਿਛਲੇ 5 ਸਾਲਾਂ ਦੇ ਮੁਕਾਬਲੇ ਹੁਣ ਦੀਆਂ ਕੀਮਤਾਂ ਜੋ ਵਧੀਆਂ ਹਨ, ਦੇਖੀਏ ਤਾਂ ਪਤਾ ਲਗਦਾ ਹੈ ਕਿ ਮਹਿੰਗਾਈ ਕਿਤਨੀ ਵਧ ਗਈ ਹੈ । ਮੈਂ ਦੱਸਦਾ ਹਾਂ ਕਿ ਹੋਲ ਸੇਲ ਪਰਾਈਸ ਇੰਡੈਕਸ ਪਿਛਲੇ ਪੰਜ ਸਾਲਾਂ ਵਿਚ ਯਾਨੀ ਕਿ 1967 ਵਿਚ 181.1 ਸੀ ਜੋ ਕਿ 1971 ਵਿਚ 185,9 ਹੋਇਆ ਇਸ ਵਿਚ ਸਿਰਫ 4% ਦਾ ਵਾਧਾ ਹੋਇਆ । ਲੇਕਿਨ ਇਸ ਦੌਰਾਨ, ਜਿਸ ਦੀ ਇਹ ਤਾਰੀਫ ਕਰ ਰਹੇ ਹਨ। ਇਸ ਰਾਜ ਵਿਚ ਦਸੰਬਰ, 1972 ਵਿਚ 211.5 ਹੋਲ ਸੇਲ ਪਰਾਈਸ ਇੰਡੈਕਸ ਹੋ ਗਿਆ ਹੈ, ਯਾਨੀ ਕਿ 13% ਵਧ ਹੈ । ਤੁਸੀਂ ਵੇਖੋ ਕਿ ਪਿਛਲੇ ਸਾਲਾਂ ਵਿਚ 4 % ਵਧਿਆ ਪਰ ਇਕ ਸਾਲ ਵਿਚ 13% ਦਾ ਵਾਧਾ ਹੋਇਆ । ਇਸੇ ਤਰ੍ਹਾਂ ਫੂਡ ਜੋ ਹੈ ਉਸ ਦਾ ਪਰਾਈਸ ਇਡੈਕਸ 20% ਵਧਿਆ ਹੈ। ਦਸੰਬਰ, 1971 ਵਿਚ 204.3 ਸੀ ਲੇਕਿਨ ਦਸੰਬਰ, 1972 ਵਿਚ ਇਹ 243.7 ਹੋ ਗਿਆ। ਸ਼ੂਗਰ ਦਾ ਭਾਅ ਬਹੁਤ ਵਧ ਗਿਆ ਹੈ । ਜਿਸ ਸ਼ੂਗਰ ਤੇ ਕੰਟਰੋਲ ਰੇਟ ਹੈ, ਉਸ ਦਾ ਭਾਅ ਵੀ ਵਧਿਆ ਹੈ। ਸ ਗੋਂ ਭਾਅ ਦੁੱਗਣਾ ਹੋ ਗਿਆ ਹੈ । ਇਸੇ ਤਰ੍ਹਾਂ ਦਾਲਾਂ ਵੀ ਮਹਿੰਗੀਆਂ ਹੋ ਗਈਆਂ ਹਨ । ਡਿਪਟੀ ਸਪੀਕਰ ਸਾਹਿਬ, ਐਨੀਆਂ ਕੀਮਤਾਂ ਜੋ ਵਧ ਗਈਆਂ ਹਨ ਇਹ ਤਾਂ ਹੀ ਠੀਕ ਹੋ ਸਕਦੀਆਂ ਹਨ ਜੇ ਸਾਡੀ ਪੰਜਾਬ ਸਰਕਾਰ ਅਤੇ ਸੈਂਟਰ ਦੀ ਸਰਕਾਰ ਨੂੰ ਥੋੜ੍ਹੀ ਬਹੁਤ ਪਲਾਨਿੰਗ ਆਉਂਦੀ ਹੋਵੇ, ਤਾਂ ਭਾਅ ਨਹੀਂ ਸੀ ਵਧ ਸਕਦੇ । ਜਿਸ ਸਾਲ ਫਸਲ ਅੱਛੀ ਹੋ ਜਾਂਦੀ ਹੈ ਉਸ ਸਾਲ ਉਹ ਸਮਝਦੇ ਹਨ ਕਿ ਹੁਣ ਖੁਰਾਕ ਦਾ ਮਸਲਾ ਹੱਲ ਹੋ ਗਿਆ ਹੈ। ਤੁਸੀਂ ਦੇਖਿਆ ਹੋਣਾ ਹੈ ਕਿ ਦੋ ਤਿੰਨ ਸਾਲਾਂ ਤੋਂ ਇਥੇ ਐਨਾ ਪਰਚਾਰ ਹੋ ਰਿਹਾ ਸੀ, ਸਾਡੇ ਮਹਿਕਮਿਆਂ ਦੇ ਡਾਇਰੈਕਟਰ ਅਤੇ ਮਨਿਸਟਰ ਕਹਿੰਦੇ ਸਨ ਕਿ ਕਣਕ ਪੈਦਾ ਕਰਨੀ ਬੰਦ ਕਰ ਦਿਉ ਕਿਉਂਕਿ ਕਣਕ ਦੀ ਵਿਕਰੀ ਐਨੀ ਨਹੀਂ ਹੋਣੀ। ਸੈਂਟਰ ਵਿਚ ਜਿੰਨਾ ਸਟਾਕ ਬਣਾਉਣਾ ਚਾਹੀਦਾ ਸੀ ਉਹ 9 ਕਰੋੜ ਦਾ ਬਫਰ ਸਟਾਕ ਬਣਿਆ ਹੈ, ਉਹ ਹੁਣ 3 ਮਿਲੀਅਨ ਟਨ ਤੇ ਆ ਗਿਆ ਹੈ ਅਤੇ ਅਗਲੇ ਸਾਲ ਫ਼ਸਲ ਤੋਂ ਪਹਿਲਾਂ ਉਸ ਨੇ ਖਤਮ ਹੋ ਜਾਣਾ ਹੈ। ਸਾਡੀ ਪੰਜਾਬ ਸਰਕਾਰ ਦਾ ਫ਼ਰਜ਼ ਹੈ ਕਿ ਆਪਣੀ ਸਟੇਟ ਦਾ ਆਪ ਬਫਰ ਸਟਾਕ ਬਣਾਏ । ਅਸੀਂ 35–40 ਲੱਖ ਟਨ ਅਨਾਜ ਸੈਂਟਰ ਨੂੰ ਦਿੰਦੇ ਹਾਂ ਲੇਕਿਨ ਅੱਜ ਸਾਡੇ ਪੰਜਾਬ ਦਾ ਜੋ ਗਰੀਬ ਕਿਸਾਨ, ਮਜ਼ਦੂਰ ਹੈ ਉਸ ਨੂੰ ਜੋ ਕਣਕ ਲੈਣੀ ਪੈਂਦੀ ਹੈ ਉਹ ਸੌ ਰੁਪਏ ਕੁਵਿੰਟਲ ਮਿਲਦੀ ਹੈ । ਇਸ ਲਈ ਜੇ ਸਾਡਾ ਆਪਣਾ ਬਫਰ ਸਟਾਕ ਹੋਵੇ ਤਾਂ ਸਾਨੂੰ ਸੈਂਟਰ ਵਲ ਨਹੀਂ ਵੇਖਣਾ ਪਵੇਗਾ । ਪਰਾਈਸ ਰਾਈਜ਼ ਕਰਨ ਦੀ ਵਜ੍ਹਾ ਇਹ ਹੈ ਕਿ ਸਾਡੀ ਐਫੀਸ਼ੈਂਟ ਪਰੋਕਿਉਰਮੈਂਟ ਨਹੀਂ ਅਤੇ ਨਾ ਹੀ ਐਫੀਸ਼ੈਂਟ ਡਿਸਟਰੀਬਿਊਸ਼ਨ ਹੈ। ਇਹ ਕਹਿੰਦੇ ਹਨ ਕਿ ਅਸੀਂ ਹੋਲ ਸੇਲ ਟਰੇਡ ਕੀਤੀ ਹੈ ਪਰ ਮੈਂ ਕਹਿੰਦਾ ਹਾਂ ਕਿ ਇਸ ਦਾ ਫੈਸਲਾ ਦੋ ਸਾਲ ਪਹਿਲੇ ਅਕਾਲੀ ਪਾਰਟੀ ਦੀ ਸਰਕਾਰ ਨੇ ਲਿਆ ਸੀ ਕਿ ਹੋਲ ਸੇਲ ਦਾ ਸਾਰਾ ਕੰਟਰੋਲ ਸਰਕਾਰ ਆਪਣੇ ਹੱਥ ਵਿਚ ਲਵੇ। (ਤਾੜੀਆਂ)

ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਜੋ ਹੋਲ ਸੇਲ ਟਰੇਡ ਪੰਜਾਬ ਵਿਚ ਹੋ ਰਹੀ ਹੈ ਇਹ ਬਿਲਕੁਲ ਇਕ ਫਰਾਡ ਹੀ ਹੈ ਅਤੇ ਇਹ ਬਿਲਕੁਲ ਉਸੇ ਤਰ੍ਹਾਂ ਦਾ ਫਰਾਡ ਹੈ ਜਿਸ ਤਰ੍ਹਾਂ ਦਾ ਕਿ ਸਿਨੇਮੇ ਨੈਸ਼ਨੇਲਾਈਜ਼ ਕਰਨ ਦਾ ਹੈ ਜਾਂ ਸ਼ਹਿਰੀ ਜਾਇਦਾਦ ਉਤੇ ਸੀਲਿੰਗ ਲਾਉਣ ਦਾ ਹੈ। (ਅਪੋਜ਼ੀਸ਼ਨ ਬੈਂਚਾਂ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਮੈਂ ਸਮਝਦਾ ਹਾਂ ਕਿ ਇਸ ਦੇ ਵਿਚ ਇਸ ਤਰ੍ਹਾਂ ਦੇ ਲੂਪ ਹੋਲਜ਼ ਰਖੇ ਜਾਣਗੇ ਕਿ ਇਕ ਦੁਕਾਨਦਾਰ ਇਤਨਾ ਸਟਾਕ ਨਹੀਂ ਰਖ ਸਕਦਾ ਜਾਂ ਇਤਨਾ ਰਖ ਸਕਦਾ ਹੈ ਜਿਸ ਨਾਲ ਕਿ ਇਹ ਫਾਇਦਾ ਉਠਾਣਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਪ੍ਰਦਾਰ ਪਰਕਾਸ਼ ਸਿੰਘ ਬਾਦਲ]
ਜਦੋਂ ਤਕ ਕੰਪਲੀਟ ਹੋਲਸੇਲ ਟਰੇਡਿੰਗ ਨਹੀਂ ਕੀਤੀ ਜਾਂਦੀ ਉਦੋਂ ਤਕ ਇਹ ਮਸਲਾ ਹੱਲ ਨਹੀਂ ਹੋ ਸਕਦਾ। (ਵਿਘਨ)

ਫਿਰ ਡਿਪਟੀ ਸਪੀਕਰ ਸਾਹਿਬ, ਸਭ ਤੋਂ ਜ਼ਰੂਰੀ ਗੱਲ ਜਿਸ ਵਲ ਕੇ ਮੈਂ ਆਪ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜਦੋਂ ਤਕ ਪੰਜਾਬ ਦੀ ਪਰੋਡਕਸ਼ਨ ਨਹੀਂ ਵਧਦੀ, ਜਦੋਂ ਤਕ ਹਿੰਦੁਸਤਾਨ ਦੀ ਪਰੋਡਕਸ਼ਨ ਨਹੀਂ ਵਧਦੀ ਉਦੋਂ ਤਕ ਇਹ ਜਿਹੜੇ ਭਾਅ ਹਨ ਇਹ ਨਹੀਂ ਘਟ ਸਕਦੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਇਤਨਾ ਮਿਹਨਤੀ ਹੈ ਕਿ ਜੇ ਉਸ ਨੂੰ ਪੂਰੀਆਂ ਪੂਰੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣ ਤਾਂ ਇਕੱਲਾ ਪੰਜਾਬ ਦਾ ਕਿਸਾਨ ਹੀ ਸਾਰੇ ਹਿੰਦੁਸਤਾਨ ਦੇ ਅਨਾਜ ਦੀ ਕਮੀ ਨੂੰ ਪੂਰਾ ਕਰ ਸਕਦਾ ਹੈ। ਲੇਕਿਨ ਇਥੇ ਕਿਸਾਨਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਅਤੇ ਉਸ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ। ਸਭ ਤੋਂ ਵੱਡੀ ਗਲ ਇਹ ਹੈ ਕਿ ਅੱਜ ਜੋ ਉਸ ਦੀਆਂ ਜ਼ਰੂਰਤ ਦੀਆਂ ਚੀਜ਼ਾਂ ਹਨ ਉਨ੍ਹਾਂ ਦੇ ਭਾਅ ਅਗਰ ਦੇਖੇ ਜਾਣ ਤਾਂ ਆਪ ਨੂੰ ਪਤਾ ਲਗੇਗਾ ਕਿ ਕਿਸ ਤਰ੍ਹਾਂ ਅੱਜ ਦਾ ਕਿਸਾਨ ਪਿਸ ਰਿਹਾ ਹੈ। ਕਿਸਾਨ ਨੂੰ ਕੋਈ ਇਨਸੈਨਟਿਵ ਨਹੀਂ ਦਿਤਾ ਜਾ ਰਿਹਾ ਹੈ। (ਵਿਘਨ) ਅੱਜ ਇਕ ਹੈਕਟਰ/ਇਕੜ ਜ਼ਮੀਨ ਪਿਛੇ 566 ਰੁਪਏ 30 ਪੈਸੇ ਪ੍ਰਤੀ ਕੁਇੰਟਲ ਦੀ ਖਾਦ ਪੈਂਦੀ ਹੈ ਜਦ ਕਿ ਇਹੀ ਖਾਦ 1965-66 ਵਿਚ 244 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਪੈਂਦੀ ਸੀ। ਹੁਣ ਤੁਸੀਂ ਆਪ ਅੰਦਾਜ਼ਾ ਲਗਾਓ ਕਿ ਅਗਰ ਖਾਦ ਢਾਈ ਗੁਣਾਂ ਮਹਿੰਗੀ ਹੋ ਗਈ ਹੋਵੇ ਅਤੇ ਜੋ ਕਣਕ ਪੈਦਾ ਕਰਨ ਵਾਲਾ ਹੈ, ਅਨਾਜ ਪੈਦਾ ਕਰਨ ਵਾਲਾ ਹੈ ਤਾਂ ਉਸ ਨੂੰ ਵੱਧ ਭਾਅ ਕਿਉਂ ਨਾ ਦਿਤਾ ਜਾਵੇ ? ਕੈਪਟਨ ਸਾਹਿਬ, ਐਗਰੀਕਲਚਰ ਮੰਤਰੀ ਸਾਹਿਬ ਖੇਤੀ ਬਾੜੀ ਦੇ ਬਾਰੇ ਕਾਫੀ ਕੁਝ ਜਾਣਦੇ ਹਨ ਉਹ ਇਸ ਗਲ ਦੀ ਰਿਸਰਚ ਕਰਾਉਣ ਕਿ ਜ਼ਮੀਨ ਦੀ ਸ਼ਕਤੀ ਵੀ ਜਿਹੜੀ ਹੈ ਉਹ ਘੱਟਦੀ ਜਾ ਰਹੀ ਹੈ। ਜੇ ਇਸੇ ਤਰ੍ਹਾਂ ਹੀ ਇਸ ਦੀ ਪਰੋਡਕਸ਼ਨ ਸ਼ਕਤੀ ਘੱਟਦੀ ਗਈ ਤਾਂ ਅਸੀਂ ਆਉਂਦੇ 10—12 ਸਾਲਾਂ ਵਿਚ ਕਣਕ ਇਤਨੀ ਵੀ ਪੈਦਾ ਨਹੀਂ ਕਰ ਸਕਾਂਗੇ ਜਿਹੜੀ ਕਿ ਸਿਰਫ ਪੰਜਾਬ ਨੂੰ ਪੂਰੀ ਹੋ ਸਕੇ। ਮੈਂ ਕੈਪਟਨ ਸਾਹਿਬ ਨੂੰ ਇਹ ਸੁਝਾਓ ਦਿੰਦਾ ਹਾਂ ਕਿ ਜਿਥੇ ਫੂਡ ਦੀ ਪਰੋਕਿਓਰਮੈਂਟ ਹੁੰਦੀ ਹੈ ਸੈਂਟਰ ਵਿਚ, ਇਨ੍ਹਾਂ ਨੂੰ ਸੈਂਟਰ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਸਾਨੂੰ 2 ਰੁਪਏ ਕੁਇੰਟਲ ਜਾਂ 1 ਰੁਪਿਆ ਕੁਇੰਟਲ ਇਸ ਕਰਕੇ ਵੀ ਦਿਤੇ ਜਾਣ ਤਾਂ ਕਿ ਅਸੀਂ ਰਿਸਰਚ ਕਰ ਸਕੀਏ ਕਿ ਜਿਹੜੀ ਸਾਡੀ ਜ਼ਮੀਨ ਹੈ ਉਸ ਦੀ ਸ਼ਕਤੀ ਇਸ ਵੇਲੇ ਕਿੰਨੀ ਜਾ ਰਹੀ ਹੈ। ਮੇਰੇ ਸਾਹਮਣੇ ਬੈਠੇ ਵੀਰ ਬਹੁਤ ਸਾਰੇ ਕਿਸਾਨ ਹਨ ਅਤੇ ਉਹ ਜਾਣਦੇ ਹਨ ਕਿ ਅਗੇ ਜਿਥੇ 40 ਮਣ ਅਨਾਜ ਪਿਛੇ ਇਕ ਕੱਟਾ ਨਾਈਟਰੋਜਨ ਦਾ ਪੈਂਦਾ ਸੀ ਅਜ ਉਸੇ ਦੇ ਨਾਲ ਸੁਪਰਫਾਸਫੇਟ ਅਤੇ ਪੁਟਾਸ਼ ਵੀ ਪਾਉਣੀ ਪੈਂਦੀ ਹੈ। ਜ਼ਿੰਕ ਅਤੇ ਸਲਫਰ ਵਗੈਰਾ ਅਗਰ ਨਾ ਪਾਈਏ ਤਾਂ ਪੈਦਾਵਾਰ ਅੱਛੀ ਨਹੀਂ ਹੋ ਸਕਦੀ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਹ ਜੋ ਇਤਨੇ ਰੇਟਸ ਵਧੇ ਹਨ ਇਹ ਕਹਿੰਦੇ ਹਨ ਕਿ ਸੈਂਟਰ ਵਲੋਂ ਅਤੇ ਸਟੇਟ ਵਲੋਂ ਇਸ ਕਰਕੇ ਭਾਅ ਵਧਾਏ ਗਏ ਹਨ ਕਿ ਬੰਗਲਾ ਦੇਸ਼ ਦੀ ਸਮੱਸਿਆ ਆ ਗਈ ਸੀ। ਇਸ ਸਾਲ ਡਰਾਪ ਹੋ ਗਿਆ ਹੈ। ਪਾਕਿਸਤਾਨ ਨਾਲ ਕੁਝ ਦਿਨ ਲੜਾਈ ਲਗੀ ਰਹੀ ਅਤੇ ਬੰਗਲਾ ਦੇਸ਼ ਦੇ ਰਿਫਿਊਜੀ ਇਧਰ ਸਾਡੇ ਦੇਸ਼ ਵਿਚ ਆ ਗਏ ਹਨ ਜਿਸ ਦਾ ਕਿ ਇਫੈਕਟ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਕਨਾਮਿਕਸ ਦੇ ਜਿਹੜੇ ਮਾਹਿਰ ਹਨ ਉਨ੍ਹਾਂ ਨੇ ਵੀ ਮੰਨਿਆ ਹੈ ਕਿ ਮਹਿੰਗਾਈ ਅਗੇ ਨਾਲੋਂ ਦੁਗਣੀ ਹੋ ਗਈ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਭਾਵਾਂ ਦੇ ਵੱਧਣ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਬਲੈਕ ਮਨੀ ਜਿਹੜੀ ਹੈ ਉਹ ਅੱਜ ਵਾਈਟ ਮਨੀ ਦੇ ਪੈਰਲਲ ਹੋ ਰਹੀ ਹੈ। ਜਿਤਨੀ ਅੱਜ ਵਾਈਟ ਮਨੀ ਹੈ ਉਤਨੀ ਹੀ ਬਲੈਕ ਮਨੀ

Original with;
Punjab Vidhan Sabha
Digitized by;
Panjab Digital Library

ਹੈ ਲੇਕਿਨ ਇਸ ਨੂੰ ਰੋਕਣ ਦੇ ਵਾਸਤੇ ਕੋਈ ਹੱਲ ਨਹੀਂ ਸੋਚਿਆ ਜਾ ਰਿਹਾ। ਕਿਤਨੇ ਬਲੈਕ ਮਨੀ ਵਾਲੇ ਹਿੰਦੁਸਤਾਨ ਦੀ ਸਰਕਾਰ ਨੇ ਫੜੇ ਹਨ ਜਾਂ ਪੰਜਾਬ ਦੀ ਸਰਕਾਰ ਨੇ ਫੜੇ ਹਨ ? ਮੈਂ ਦਸਣਾ ਚਾਹੁੰਦਾ ਹਾਂ ਕਿ ਬਲੈਕ ਮਨੀ ਪੈਦਾ ਕਰਨ ਵਾਲੇ ਇਨ੍ਹਾਂ ਦੇ ਨਾਲ ਰਲੇ ਹੋਏ ਹਨ ਅਤੇ ਇਸੇ ਕਰਕੇ ਇਹ ਉਨ੍ਹਾਂ ਨੂੰ ਹੱਥ ਨਹੀਂ ਲਾਉਂਦੇ (ਆਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ)। ਜੇ ਇਹ ਬਲੈਕ ਮਨੀ ਖ਼ਤਮ ਕਰਨ ਲਈ ਸਰਕਾਰ ਚੀ ਜੁਰਤ ਹੈ ਤਾਂ ਜਿਹੜੇ ਵੱਡੇ ਨੋਟ ਹਨ ਉਨ੍ਹਾਂ ਨੂੰ ਇਕ ਦਮ ਖ਼ਤਮ ਕਰ ਦੇਵੇ ਤਾਂ ਕਿ ਇਹ ਜਿਹੜੀ ਬਲੈਕ ਮਨੀ ਹੈ ਉਹ ਬਾਹਰ ਆ ਸਕੇ। (ਵਿਘਨ) ਪਰਾਈਸ ਰਾਈਜ਼ ਜਿਹੜੀ ਹੁੰਦੀ ਹੈ ਉਸ ਤੋਂ ਨਾ ਹੀ ਇਹ ਸਰਕਾਰ ਬਚ ਸਕਦੀ ਹੈ ਅਤੇ ਨਾ ਹੀ ਹਿੰਦੁਸਤਾਨ ਦੀ ਸਰਕਾਰ ਬਚ ਸਕਦੀ ਹੈ। ਇਸ ਪਰਾਈਸ ਰਾਈਜ਼ ਨਾਲ ਸਾਡੇ ਗਰੀਬ ਲੋਕਾਂ ਦੀ ਖੁਸ਼ਹਾਲੀ ਅਤੇ ਸਿਹਤ ਤੇ ਬਹੁਤ ਬੜਾ ਇਫੈਕਟ ਹੁੰਦਾ ਜਾ ਰਿਹਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਪਰਾਈਸ ਰਾਈਜ਼ ਨੂੰ ਚੈਕ ਕਰਨ ਵਾਸਤੇ, ਇਸ ਨੂੰ ਕੰਟਰੋਲ ਕਰਨ ਵਾਸਤੇ ਅਗਰ ਕੋਈ ਕਦਮ ਨਾ ਚੁਕੇ ਗਏ ਤਾਂ ਹਿੰਦੁਸਤਾਨ ਦਾ ਮੁਲਕ ਇੰਡੋਨੇਸ਼ੀਆ ਬਣ ਜਾਵੇਗਾ ਜਿਥੇ ਕਿ 650% ਭਾਅ ਹੋ ਗਏ ਅਤੇ ਜਨਤਾ ਨੂੰ ਕਿਤਨੀ ਤਕਲੀਫ਼ ਉਠਾਉਣੀ ਪਈ ਹੈ। ਅੱਜ ਭਾਵਾਂ ਦਾ ਬਹੁਤ ਵੱਡਾ ਅਸਰ ਕਿਸ ਤੇ ਪੈਂਦਾ ਹੈ ? ਇਹ ਅਸਰ ਗਰੀਬਾਂ ਤੇ ਪੈਂਦਾ ਹੈ। ਇਸ ਦੇ ਨਾਲ ਗਰੀਬ ਜਨਤਾ ਪਿਸਦੀ ਜਾ ਰਹੀ ਹੈ। ਇਹ ਜਿਹੜਾ ਇਨ੍ਹਾਂ ਨੇ 'ਗਰੀਬੀ ਹਟਾਓ' ਦਾ ਨਾਹਰਾ ਲਗਾਇਆ ਸੀ, ਉਹ ਇਨ੍ਹਾਂ ਦਾ ਨਾਹਰਾ ਹੁਣ ਕਿਥੇ ਗਿਆ। ਇਹ ਨਾਹਰਾ ਇਕ ਫੋਕਾ ਨਾਹਰਾ ਹੀ ਸਾਬਤ ਹੋਇਆ ਹੈ, ਅਤੇ ਦਿਨੋ ਦਿਨ ਗਰੀਬੀ ਵੱਧਦੀ ਹੀ ਜਾ ਰਹੀ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਕ ਮਸਲਾ ਪਾਵਰ ਦਾ ਹੈ। ਪਾਵਰ ਇਕ ਇਸ ਤਰ੍ਹਾਂ ਦੀ ਚੀਜ਼ ਹੈ ਜਿਸ ਨਾਲ ਕਿ ਮੁਲਕ ਦੀ ਖੁਸ਼ਹਾਲੀ ਦਾ ਸਬੰਧ ਹੈ। ਪਾਵਰ ਤੋਂ ਬਿਨਾਂ ਨਾ ਅਸੀਂ ਇੰਡਸਟਰੀ ਵਿਚ ਤਰੱਕੀ ਕਰ ਸਕਦੇ ਹਾਂ ਅਤੇ ਨਾ ਹੀ ਐਗਰੀਕਲਚਰ ਵਿਚ ਤਰੱਕੀ ਕਰ ਸਕਦੇ ਹਾਂ। ਅੱਜ 25 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਇਨ੍ਹਾਂ ਨੇ ਇੰਡਸਟਰੀ ਤੇ 60% ਪਾਵਰ ਦੀ ਕੱਟ ਲਗਾ ਦਿਤੀ ਹੈ ਅਤੇ ਟਿਊਬਵੈੱਲ ਵੀ ਸਿਰਫ 5 ਘੰਟੇ ਚਲਦਾ ਹੈ। ਪਾਵਰ ਨਾ ਹੋਣ ਕਰਕੇ ਜੋ ਨੁਕਸਾਨ ਹੋਇਆ ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਸ ਨੁਕਸਾਨ ਦਾ ਇਕੱਲਾ ਮੈਂ ਹੀ ਜ਼ਿਕਰ ਨਹੀਂ ਕਰ ਰਿਹਾ, ਇਨ੍ਹਾਂ ਦੇ ਆਪਣੇ ਇਕ ਅਫ਼ਸਰ ਡਾਇਰੈਕਟਰ, ਇੰਡਸਟਰੀਜ਼, ਦੀ ਇਕ ਸਟੇਟਮੈਂਟ ਹੈ ਕਿ ਇਕ ਅਰਬ 25 ਕਰੋੜ ਰੁਪਿਆ ਨੁਕਸਾਨ ਇੰਡਸਟਰੀਜ਼ ਨੂੰ ਹੋਇਆ ਹੈ। ਐਗਰੀਕਲਚਰ ਦੇ ਨੁਕਸਾਨ ਦਾ ਤਾਂ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ। ਇਸ ਸਾਰੇ ਨੁਕਸਾਨ ਦੀ ਜ਼ਿੰਮੇਵਾਰੀ ਸਿਧੀ ਇਸ ਸਰਕਾਰ ਤੇ ਆਉਂਦੀ ਹੈ। ਇੰਡਸਟਰੀ ਦੀ ਜਿਹੜੀ ਪਰੋਡਕਸ਼ਨ ਹੈ ਉਹ ਅੱਜ ਪੰਜਾਬ ਵਿਚ ਸਿਰਫ 30% ਹੀ ਰਹਿ ਗਈ ਹੈ। ਉਹ ਸੂਬਾ ਜਿਹੜਾ ਪਹਿਲੇ ਨੰਬਰ ਤੇ ਸੀ ਹੁਣ ਸੱਤਵੇਂ ਨੰਬਰ ਤੇ ਚਲਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਪਾਵਰ ਸ਼ਾਰਟੇਜ ਦਾ ਲਾਅ ਐਂਡ ਆਰਡਰ ਨਾਲ ਵੀ ਸਬੰਧ ਹੈ। ਜਿਹੜਾ ਮਜ਼ਦੂਰ ਹੈ ਉਸ ਕੋਲ ਅਗਰ ਕੰਮ ਨਹੀਂ ਤਾਂ ਉਹ ਹੋਰ ਕੀ ਕਰੇਗਾ ? ਮੈਂ ਤਾਂ ਕਹਿੰਦਾ ਹਾਂ ਕਿ ਇਸ ਸਰਕਾਰ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਨਹੀਂ ਤਾਂ ਇਸ ਮੁਲਕ ਵਿਚ ਰੈਵੋਲਿਊਸ਼ਨ ਆ ਜਾਣਾ ਹੈ ਕਿਉਂਕਿ ਜਿਹੜੇ ਭੁਖੇ ਲੋਕ ਹੋਣਗੇ ਉਨ੍ਹਾਂ ਕੋਲ ਰੈਵੋਲਿਊਸ਼ਨ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ ਹੋਵੇਗੀ।

ਫਿਰ ਡਿਪਟੀ ਸਪੀਕਰ ਸਾਹਿਬ, ਬਿਜਲੀ ਦੀ ਘਾਟ ਦੀ ਜ਼ਿੰਮੇਵਾਰੀ ਯੱਸ਼ ਜੀ ਹੋਰਾਂ ਨੇ ਸਾਡੇ ਉਤੇ ਸੁੱਟੀ ਹੈ। ਮੈਨੂੰ ਬੜਾ ਅਫ਼ਸੋਸ ਹੁੰਦਾ ਹੈ ਕਿ ਕਾਂਗਰਸ ਪਾਰਟੀ ਦੀ ਇਕ ਰਵਾਇਤ ਬਣ ਗਈ ਹੈ ਕਿ ਜੋ ਭੀ ਗਲ ਹੋਵੇ ਉਹ ਪਿਛਲੇ ਪੰਜਾਂ ਸਾਲਾਂ ਦੀ ਕਰਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਸਾਂਝੇ ਬੰਦਿਆਂ ਦਾ ਇਕ ਕਮਿਸ਼ਨ ਬਣਾ ਦਿਉ ਜਿੰਨੀ ਅਸੀਂ ਪੰਜਾਂ ਸਾਲਾਂ ਵਿਚ ਡਿਵੈਲਪਮੈਂਟ ਕੀਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਹੈ ਇਹ ਨਾ ਪਹਿਲੇ 20 ਸਾਲਾਂ ਵਿਚ ਕਰ ਸਕੇ ਅਤੇ ਨਾ ਹੀ ਅਗਲੇ 20 ਸਾਲਾਂ ਵਿਚ ਕਰ ਸਕਣਗੇ। (ਅਕਾਲੀ ਬੈਂਚਾਂ ਵਲੋਂ ਥੰਪਿੰਗ)

**ਸ੍ਰੀ ਡਿਪਟੀ ਸਪੀਕਰ:** ਡਿਵੈਲਪਮੈਂਟ ਤਾਂ ਜਨਤਾ ਨੇ ਹੀ ਵੇਖਣੀ ਹੈ। (The people are to judge the development of the State.)

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਸਰਕਾਰ ਬਿਜਲੀ ਦਾ ਹੱਲ ਨਹੀਂ ਕਢ ਸਕੀ। ਇਹ ਇਕ ਕਮਜ਼ੋਰ ਸਰਕਾਰ ਹੈ ਕਿਉਂਕਿ ਸੈਂਟਰ ਵਿਚ ਇਹ ਆਪਣੇ ਅਸਰ ਰਸੂਖ ਨਾਲ ਤਾਂ ਪੰਜਾਬ ਦਾ ਕੇਸ ਉਥੇ ਪੇਸ਼ ਨਹੀਂ ਕਰ ਸਕੀ। ਇਹ ਸਰਕਾਰ ਇਕ ਟਿਮਿਡ ਸਰਕਾਰ ਹੈ ਜੋ ਕਿ ਆਪਣਾ ਕੇਸ ਉਥੇ ਪੇਸ਼ ਨਹੀਂ ਕਰ ਸਕੀ ਅਤੇ ਨਾ ਹੀ ਦੂਜੇ ਸੂਬਿਆਂ ਤੋਂ ਬਿਜਲੀ ਦਾ ਪ੍ਰਬੰਧ ਕਰ ਸਕੀ ਹੈ।

ਡਿਪਟੀ ਸਪੀਕਰ ਸਾਹਿਬ, ਇਹ ਇਕ ਬੜੀ ਸੋਚਣ ਵਾਲੀ ਗੱਲ ਹੈ ਕਿ ਜੇ ਸਿਆਸਤ ਵਿਚ ਅਸੀਂ ਇਸ ਤਰ੍ਹਾਂ ਸੋਚਦੇ ਰਹੇ ਕਿ ਅਸੀਂ ਆਪਣੇ ਬੰਦੇ ਅਕਾਮੋਡੇਟ ਕਰਨੇ ਹਨ ਭਾਵੇਂ ਪੰਜਾਬ ਖੂਹ ਵਿਚ ਜਾਵੇ ਤਾਂ ਅਸੀਂ ਤਰੱਕੀ ਨਹੀਂ ਕਰ ਸਕਦੇ। ਜੇ ਇਸ ਤਰ੍ਹਾਂ ਅਸੀਂ ਆਪਣੇ ਬੰਦੇ ਭਰਤੀ ਕਰਦੇ ਚਲੇ ਗਏ ਤਾਂ ਸਮਝ ਲਵੋ ਕਿ ਪੰਜਾਬ ਅਜ ਵੀ ਗਿਆ ਤੇ ਕੱਲ੍ਹ ਵੀ ਗਿਆ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਦੀ ਕੀ ਹਾਲਤ ਹੈ। ਇਹ ਇਕ ਬੜਾ ਟੈਕਨੀਕਲ ਜਿਹਾ ਬੋਰਡ ਹੈ। ਇਸ ਦੇ ਵਿਚ 7 ਟੈਕਨੀਕਲ ਮੈਂਬਰ ਹੁੰਦੇ ਹਨ, ਪਰ ਇਸ ਵਿਚ 6 ਨਾਨ-ਟੈਕਨੀਕਲ ਮੈਂਬਰ ਰਖੇ ਹੋਏ ਹਨ ਜਿਨ੍ਹਾਂ ਨੂੰ ਨਾ ਤੇ ਵੋਲਟੇਜ ਦਾ ਕੋਈ ਪਤਾ ਹੈ ਅਤੇ ਨਾ ਹੀ ਮੈਗਾਵਾਟ ਦਾ। ਮੈਂ ਅਰਜ਼ ਕਰਾਂ ਕਿ ਕਾਨੂੰਨ ਵਿਚ ਇਹ ਹੈ ਕਿ ਬਿਜਲੀ ਬੋਰਡ ਦਾ ਮੈਂਬਰ ਉਸ ਨੂੰ ਬਣਾਇਆ ਜਾਵੇ ਜਿਸ ਦਾ ਕਿ ਵਾਸਟ ਐਡਮਨਿਸਟਰੇਟਿਵ ਐਕਸਪੀਰੀਐਂਸ ਹੋਵੇ ਅਤੇ ਕਮਰਸ਼ੀਅਲ ਲਾਈਨ ਦਾ ਐਕਸਪੀਰੀ-ਐਂਸ ਹੋਵੇ। ਲੇਕਿਨ ਗਿਆਨੀ ਜੀ ਦੀ ਸਰਕਾਰ ਨੇ ਇਹੋ ਜਿਹੇ ਬੰਦੇ ਭਰਤੀ ਕੀਤੇ ਹਨ ਜਿਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਕਾਂਗਰਸ ਹੁੰਦੀ ਕੀ ਹੈ। ਮੈਨੂੰ ਪਤਾ ਹੈ ਕਿ ਇਕ ਬੜੇ ਕੁਰਬਾਨੀ ਵਾਲੇ ਘਰਾਣੇ ਦੇ ਇਕ ਸਜਣ ਹਨ, ਉਹ ਪੜ੍ਹੇ ਲਿਖੇ ਹਨ ਅਸੀਂ ਕੁਰਬਾਨੀ ਵਾਲਿਆਂ ਦੀ ਕਦਰ ਕਰਦੇ ਹਾਂ, ਪਰ ਇਹ ਨਹੀਂ ਕਿ ਕੁਰਬਾਨੀ ਵਾਲੇ ਦੇ ਨਾਲ ਸਾਰਾ ਪੰਜਾਬ ਕੁਰਬਾਨ ਕਰ ਦਿਓ। ਇਹ ਨਹੀਂ ਹੋਣਾ ਚਾਹੀਦਾ। ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਪੰਜਾਬ ਇਲੈਕਟਰੀਸਿਟੀ ਬੋਰਡ ਦੀ ਸਾਰੀ ਵਰਕਿੰਗ ਤੇ ਗੌਰ ਕਰੋ ਤਾਂ ਹੈਰਾਨ ਹੋਵੋਗੇ ਕਿ ਕਿੰਨਾ ਘਾਟਾ ਇਸ ਬੋਰਡ ਨੂੰ ਪੈ ਰਿਹਾ ਹੈ। ਮੈਂ ਐਗਜ਼ੇਕਟ ਫਿਗਰਜ਼ ਤਾਂ ਨਹੀਂ ਦਸ ਸਕਾਂਗਾ ਪਰ ਅੰਦਾਜ਼ਨ ਕੋਈ 7—8 ਕਰੋੜ ਰੁਪਿਆ ਸਾਲ ਦਾ ਘਾਟਾ ਪੈ ਰਿਹਾ ਹੈ। ਉਸ ਵਿਚ ਅਨ-ਪ੍ਰੋਡਕਟਿਵ ਐਕਸਪੈਂਡੀਚਰ ਹੋ ਰਿਹਾ ਹੈ। ਹਿੰਦ ਸਮਾਚਾਰ ਵਿਚ ਇਹ ਖਬਰ ਆਈ ਹੈ ਕਿ ਸਰਦਾਰ ਜ਼ੋਰਾ ਸਿੰਘ, ਮੈਂਬਰ, ਬਿਜਲੀ ਬੋਰਡ ਦੀ ਜਿਹੜੀ ਕਾਰ ਆਈ ਹੈ ਉਹ ਡੇਢ ਲੱਖ ਰੁਪਏ ਦੀ ਹੈ। ਮੈਂ ਕਹਿੰਦਾ ਹਾਂ ਕਿ ਕੀ ਲੋੜ ਹੈ ਇਸ ਡੇਢ ਲੱਖ ਦੀ ਕਾਰ ਦੀ। (ਵਿਘਨ)

**ਡਾਕਟਰ ਅਮੀਰ ਸਿੰਘ ਕਲਕਟ** * * *

**ਸ੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਕਦੇ ਉਹ ਬਿਜਲੀ ਦਾ ਇੰਤਜ਼ਾਮ ਕਰ ਸਕਦੇ ਹਨ ਜਿਸ ਦਾ 6 ਮਹੀਨੇ ਕੋਈ ਸੈਕਟਰੀ ਨਾ ਹੋਵੇ ਅਤੇ ਇਕ ਮੈਂਬਰ ਹੀ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਲਾ ਦਿਤਾ ਹੋਵੇ। ਅੱਜ ਜਿਸ ਦਾ ਬਸਾਂ ਵਿਚ, ਸ਼ਹਿਰਾਂ ਵਿਚ, ਪਿੰਡਾਂ ਵਿਚ, ਤੇ ਗਲੀ ਗਲੀ ਵਿਚ ਕੁਆਲੀਫਿਕੇਸ਼ਨ ਦਾ ਚਰਚਾ ਹੈ। ਉਹ ਆਦਮੀ ਜਿਹੜਾ ਹੈ ਉਹ ਕਿਸੇ ਆਰਡੀਨਰੀ ਬੈਂਕ ਵਿਚ ਇਕ ਵਿਜੀਲੈਂਸ ਮੈਂਬਰ ਸੀ ਉਸ ਨੂੰ ਫਾਈਨੈਂਸ ਮੈਂਬਰ ਰਖ ਦਿਤਾ। ਅਗਰ ਆਡਿਟ ਵਾਸਤੇ ਕਿਸੇ ਨੂੰ ਲਾਉਣਾ ਸੀ ਤਾਂ ਇੰਡੀਅਨ ਆਡਿਟ ਅਕਾਊਂਟਸ ਅਫ਼ਸਰ ਲਾਇਆ ਜਾਣਾ ਚਾਹੀਦਾ ਸੀ। ਇਕ ਹੋਰ ਨਵੀਂ ਪੋਸਟ ਭਰ ਦਿਤੀ ਹੈ ਡੀ. ਆਈ. ਜੀ. ਵਿਜੀਲੈਂਸ। ਸਾਡੇ ਉਤੇ ਹੋਰ ਖਰਚਾ ਪਾ ਦਿਤਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਬਿਜਲੀ ਬਾਰੇ ਜਦੋਂ ਵੀ ਗਲ ਕਰਦੇ ਹਨ ਤਾਂ ਸਾਰਾ ਇਲਜ਼ਾਮ ਸਾਡੇ ਤੇ ਹੀ ਲਾ ਦਿੰਦੇ ਹਨ। ਮੈਂ ਕਹਿੰਦਾ ਹਾਂ ਕਿ ਜੋ ਕਦਮ ਅਸੀਂ ਚੁਕੇ ਸਨ ਆਪਣੀ ਪਾਰਟੀ ਦੀ ਸਰਕਾਰ ਵਿਚ ਇਹ ਉਹੀ ਆਪਣੇ ਹੀ ਦਸੀ ਜਾਂਦੇ ਹਨ ਇਹ ਦਸਣ ਕਿ ਇਨ੍ਹਾਂ ਨੇ ਕਿਹੜੇ ਨਵੇਂ ਕਦਮ ਇਸ ਵਲ ਚੁਕੇ ਹਨ। ਇਨ੍ਹਾਂ ਨੇ ਕਹਿ ਦਿਤਾ ਕਿ ਇਸ ਸਾਲ ਥਰਮਲ ਪਲਾਂਟ 110 ਮੈਗਾਵਾਟ ਬਿਜਲੀ ਪੈਦਾ ਕਰੇਗਾ ਅਤੇ ਅਗਲੇ ਸਾਲ 220। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦਸਣ ਕਿ ਇਹ ਕਿਸ ਨੇ ਚਾਲੂ ਕੀਤਾ ਸੀ। ਮੈਂ ਕਹਿੰਦਾ ਹਾਂ ਕਿ ਅਗਰ ਅਕਾਲੀ ਪਾਰਟੀ ਦੀ ਸਰਕਾਰ ਨਾ ਹੁੰਦੀ ਤਾਂ ਇਹ ਪਲਾਂਟ ਚਾਲੂ ਹੀ ਨਹੀਂ ਸੀ ਹੋ ਸਕਦਾ ਕਿਉਂਕਿ ਅਸੀਂ ਬਗੈਰ ਮਨਜ਼ੂਰੀ ਤੋਂ ਹੀ ਚਾਲੂ ਕਰ ਦਿਤਾ ਸੀ। ਜਿਸ ਤਰ੍ਹਾਂ ਇਹ ਮਨਜ਼ੂਰੀਆਂ ਪਿਛੇ ਫਿਰਦੇ ਹਨ ਅਸੀਂ ਆਪਣੇ ਰਾਜ ਵਿਚ ਮਨਜ਼ੂਰੀ ਦੀ ਲੋੜ ਮਹਿਸੂਸ ਨਹੀਂ ਸੀ ਕਰਦੇ। ਅਜ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਹ ਥਰਮਲ ਪਲਾਂਟ ਜਿਸ ਦਾ ਜ਼ਿਕਰ ਇਸ ਐਡਰੈਸ ਵਿਚ ਆਇਆ ਹੈ ਇਹ ਕਦੇ ਵੀ ਇਸ ਤਰ੍ਹਾਂ ਪੂਰਾ ਨਹੀਂ ਕਰ ਸਕਦੇ ਅਤੇ ਨਾ ਹੀ ਚਾਲੂ ਕਰ ਸਕਦੇ ਹਨ। ਸਾਡੀ ਅਕਾਲੀ ਪਾਰਟੀ ਦੀ ਸਰਕਾਰ ਦਾ ਪ੍ਰੋਗਰਾਮ ਸੀ ਕਿ 1972 ਵਿਚ ਇਹ ਪਲਾਂਟ ਕੰਪਲੀਟ ਹੋ ਜਾਣਾ ਸੀ ਲੇਕਿਨ ਇਨ੍ਹਾਂ ਨੇ ਦੋ ਸਾਲਾਂ ਵਿਚ ਕੋਈ ਕਦਮ ਨਹੀਂ ਚੁਕੇ ਅਤੇ ਇਹ ਇਸ ਨੂੰ ਕੰਪਲੀਟ ਨਹੀਂ ਕਰ ਸਕੇ। ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਜੈਨਰੇਟਰ ਸੈਟ ਮਾੜੇ ਲਿਆਂਦੇ। ਇਸਦੇ ਅਸਲ ਰੀਜ਼ਨ ਵਿਚ ਜਾਣਾ ਚਾਹੀਦਾ ਹੈ ਕਿ ਇਹ ਪ੍ਰਾਜੈਕਟ ਪੂਰੇ ਕਿਉਂ ਨਹੀਂ ਹੋ ਰਹੇ। ਇੰਜੀਨੀਅਰਜ਼ ਨੇ ਹੜਤਾਲ ਕਰ ਦਿਤੀ ਅਤੇ ਇਸ ਕਰਕੇ ਉਹ ਜੈਨਰੇਟਰ ਸੈਟ ਚਲੇ ਨਹੀਂ। ਮੈਂ ਕਹਿੰਦਾ ਹਾਂ ਕਿ ਥਰਮਲ ਪਲਾਂਟ ਦੇ ਲਈ ਹਾਊਸ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਦੇ ਵਿਚ ਹਰ ਪਾਰਟੀ ਦੇ ਮੈਂਬਰ ਲਿਤੇ ਜਾਣੇ ਚਾਹੀਦੇ ਹਨ ਅਤੇ ਥਰਮਲ ਪਲਾਂਟ ਬਾਰੇ ਇਨਕੁਆਇਰੀ ਕੀਤੀ ਜਾਵੇ ਕਿ ਅਜ ਉਥੇ 20 ਕਰੋੜ ਰੁਪਏ ਦਾ ਸਾਮਾਨ ਇਸ ਤਰ੍ਹਾਂ ਦਾ ਪਿਆ ਹੈ ਜਿਹੜਾ ਕਿ ਕਈ ਸਾਲ ਬਾਅਦ ਲਗਣਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਜਾਣਦੇ ਹੋ ਕਿ ਖਰੀਦੋਫਰੋਖਤ ਵਿਚ ਫਾਇਦਾ ਹੁੰਦਾ ਹੈ। ਇਸ ਲਈ ਉਹ 20 ਕਰੋੜ ਰੁਪਏ ਦਾ ਸਾਮਾਨ ਮੰਗਵਾ ਲਿਆ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਬੜੀਆਂ ਡੀਂਗਾਂ ਮਾਰੀਆਂ ਅਤੇ ਜਨਤਾ ਨੂੰ ਕਹਿ ਦਿਤਾ ਕਿ ਸਤਪੁੜੇ ਤੋਂ ਬਿਜਲੀ ਆ ਰਹੀ ਹੈ, ਜਿਸ ਦਾ ਭਾਂਡਾ, ਜਿਸ ਮੈਂਬਰ ਸਾਹਿਬ ਨੇ ਇਹ ਬਹਿਸ ਸ਼ੁਰੂ ਕੀਤੀ ਸੀ, ਫੋੜ ਦਿਤਾ ਕਿ ਇਹ ਇਕ ਫਰਾਡ ਹੈ। ਇਨ੍ਹਾਂ ਨੇ ਕਿਹਾ ਕਿ 85 ਹਜ਼ਾਰ ਯੂਨਿਟ, ਮੈਂ ਐਗਜ਼ੈਕਟ ਨਹੀਂ ਦਸ ਸਕਦਾ ਕਿ 85 ਹਜ਼ਾਰ ਹੈ ਜਾਂ 85 ਸੌ ਹੈ, ਬਿਜਲੀ ਸਤਪੁੜੇ ਤੋਂ ਆ ਰਹੀ ਹੈ। ਮੈਂ ਕਹਿੰਦਾ ਹਾਂ ਕਿ ਕਦੋਂ ਸਤਪੁੜੇ ਤੋਂ ਬਿਜਲੀ ਆਈ ਅਤੇ ਕਦੋਂ ਇੰਡਸਟਰੀ ਚਾਲੂ ਹੋਈ ਅਤੇ ਕਦੋਂ ਟਿਊਬਵੈਲਜ਼ ਚਾਲੂ ਹੋਏ। ਇਹ ਇਨ੍ਹਾਂ ਦੀਆਂ ਕੈਲਕੂਲੇਸ਼ਨਾਂ ਹੀ ਹਨ। ਇਨ੍ਹਾਂ ਨੇ ਇਹ ਸੋਚਿਆ ਸੀ ਕਿ ਜਿਹੜੀ ਬਿਜਲੀ ਭਾਖੜਾ ਤੋਂ ਗੰਗਾਨਗਰ ਨੂੰ ਜਾਂਦੀ ਹੈ ਉਹ ਪੰਜਾਬ ਵਿਚ ਆ ਜਾਏ ਅਤੇ ਜਿਹੜੀ ਸਤਪੁੜੇ ਤੋਂ ਪੰਜਾਬ ਨੂੰ ਮਿਲਣੀ ਹੈ ਉਹ ਉਧਰੋਂ ਲੈ ਲੈਣਗੇ। ਇਨ੍ਹਾਂ ਨੇ ਉਥੋਂ ਦੇ ਚੀਫ਼ ਮਨਿਸਟਰ ਦੀਆਂ ਬੜੀਆਂ ਖੁਸ਼ਾਮਦਾਂ ਵੀ ਕੀਤੀਆਂ ਅਤੇ ਉਨ੍ਹਾਂ ਤੋਂ ਉਦਘਾਟਨ ਵੀ ਕਰਵਾਏ, ਪਰ ਉਨ੍ਹਾਂ ਨੇ ਬਿਜਲੀ ਦੇਣ ਤੋਂ ਸਾਫ ਇਨਕਾਰ ਕਰ ਦਿਤਾ। ਪੰਜਾਬ ਦੀ ਜਨਤਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਤਪੁੜੇ ਤੋਂ ਬਿਜਲੀ ਨਹੀਂ ਆਉਣੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸਕੀਮ ਦੱਸੀ ਕਿ ਅਸੀਂ ਬਿਨਾਂ ਸੂਦ ਦੇ ਇੰਡਸਟਰੀ ਵਾਲਿਆਂ ਨੂੰ ਜਨਰੇਟਰ ਸੈਟ ਦੇ ਰਹੇ ਹਾਂ। ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਸ ਸਕੀਮ ਵਿਚ ਇਕ ਵੀ ਇੰਡਸਟ੍ਰੀ ਵਾਲਾ ਜੈਨਰੇਟਰ ਸੈਟ ਲਾਉਣ ਲਈ ਤਿਆਰ ਨਹੀਂ। ਆਪਣੀ ਜਿਹੜੀ ਬਿਜਲੀ ਹੈ ਉਸ ਨੂੰ ਕੋਈ 17 ਪੈਸੇ ਪ੍ਰਤੀ ਯੂਨਿਟ ਪੈਂਦੀ ਹੈ ਅਤੇ ਜੈਨਰੇਟਰ ਵਾਲੀ 100 ਪੈਸੇ ਪ੍ਰਤੀ ਯੂਨਿਟ ਤੋਂ ਵੀ ਵਧ ਪੈਂਦੀ ਹੈ।

**ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ** : ਡਿਪਟੀ ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਬੋਲ ਰਹੇ ਹਨ। (ਵਿਘਨ) ਇਹ ਹਾਊਸ ਨੂੰ ਗੁਮਰਾਹ ਕਰ ਰਹੇ ਹਨ, ਝੂਠ ਬੋਲ ਕੇ। (ਵਿਘਨ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਲ ਦੀ ਬਹਿਸ ਵਿਚ ਨਹੀਂ ਪੈਂਦਾ। ਜੇਕਰ 100 ਨਹੀਂ ਤਾਂ 80 ਹੋਣੇ ਹਨ। (ਵਿਘਨ) ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅਸੀਂ ਇੰਡਸਟਰੀ ਵਾਲਿਆਂ ਨੂੰ ਕਿਹਾ ਸੀ ਕਿ ਇਹ ਜੈਨਰੇਟਰ ਸੈਟਸ ਲਾ ਲਵੋ। ਇਹ ਇਨ੍ਹਾਂ ਦੀ ਸਕੀਮ ਨਹੀਂ ਇਹ ਸਾਡੀ ਹੀ ਸਕੀਮ ਹੈ। ਇੰਡਸਟਰੀ ਵਾਲਿਆਂ ਨੇ ਸਾਫ ਕਹਿ ਦਿਤਾ ਕਿ ਇਹ ਸਾਨੂੰ ਪੁਗਦੇ ਨਹੀਂ ਅਸੀਂ ਇਹ ਜੈਨਰੇਟਰ ਸੈਟਸ ਲਗਾ ਕੇ ਕੰਮ ਨਹੀਂ ਕਰ ਸਕਦੇ।

ਡਿਪਟੀ ਸਪੀਕਰ ਸਾਹਿਬ, ਜੇ ਪੰਜਾਬ ਦੀ ਇੰਡਸਟਰੀ ਦੀ ਕਾਸਟ ਆਫ ਪ੍ਰੋਡਕਸ਼ਨ ਵੇਖੋ ਤਾਂ ਪਤਾ ਲਗਦਾ ਹੈ ਕਿ ਇਹ ਸਾਰੇ ਮੁਲਕ ਵਿਚ ਸਭ ਤੋਂ ਜ਼ਿਆਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਾਡੇ ਨੇੜੇ ਨਾ ਕੋਈ ਬੰਦਰਗਾਹ ਹੈ ਅਤੇ ਨਾ ਹੀ ਕੋਈ ਹੋਰ ਸੋਰਸ ਹੈ। ਇਸ ਕਰਕੇ ਪੰਜਾਬ ਦੀ ਇੰਡਸਟਰੀ ਜੈਨਰੇਟਰ ਸੈਟਸ ਤੋਂ ਫਾਇਦਾ ਨਹੀਂ ਉਠਾ ਸਕਦੀ। ਇਥੇ ਕਿਹਾ ਗਿਆ ਹੈ ਕਿ ਜਪਾਨ ਤੋਂ ਮੰਗਾ ਕੇ ਗੈਸ ਟਰਬਾਈਨ ਲਾਉਣ ਦਾ ਯਤਨ ਕੀਤਾ ਜਾਵੇ। ਮੈਂ ਕਹਿੰਦਾ ਹਾਂ ਕਿ ਜੇ ਤੁਹਾਡੇ ਕੋਲ ਹਿੰਮਤ ਹੈ ਅਤੇ ਸੈਂਟਰ ਵਾਲੇ ਤੁਹਾਡਾ ਆਖਾ ਮੰਨਦੇ ਹਨ ਤਾਂ ਪੰਜਾਬ ਸਰਕਾਰ ਨੂੰ ਇੱਕ ਚੀਜ਼ ਨਾਲ ਰਿਲੀਫ ਮਿਲ ਸਕਦਾ ਹੈ। ਗੈਸ ਟਰਬਾਈਨ ਜਪਾਨ ਤੋਂ ਲਿਆਉ। ਪੰਜਾਬ ਵਿਚ ਬਿਜਲੀ ਦੀ ਘਾਟ ਅੱਗੇ ਨਾਲੋਂ ਜ਼ਿਆਦਾ ਹੋ ਗਈ ਹੈ। ਇਸ ਨਾਲ ਪੰਜਾਬ ਬਿਲਕੁਲ ਤਬਾਹ ਹੋ ਜਾਣਾ ਹੈ। ਡਿਪਟੀ ਸਪੀਕਰ ਸਾਹਿਬ, ਸੈਂਟਰ ਸਾਡੇ ਨਾਲ ਧੱਕਾ ਕਰ ਰਿਹਾ ਹੈ। ਰਾਜਸਥਾਨ ਵਿਚ ਐਟਾਮਿਕ ਪਾਵਰ ਪਲਾਂਟ ਲਗਾ ਹੈ। ਉਸ ਕੋਲ 400 ਮੈਗਾਵਾਟ ਬਿਜਲੀ ਹੈ, ਲੇਕਿਨ ਉਸ ਦਾ ਉਨ੍ਹਾਂ ਨੇ ਕੋਈ ਯੂਜ਼ ਨਹੀਂ ਕਰਨਾ। ਉਹ ਬਿਜਲੀ ਪੰਜਾਬ ਨੂੰ ਨਹੀਂ ਦਿੱਤੀ ਜਾ ਰਹੀ। ਜੇ ਅਸੀਂ ਪੰਜਾਬੀ ਪੰਜਾਬ ਵਿਚ ਜ਼ਿਆਦਾ ਕਣਕ ਪੈਦਾ ਕਰਕੇ ਦੂਜਿਆਂ ਸੂਬਿਆਂ ਨੂੰ ਦੇ ਸਕਦੇ ਹਾਂ ਤਾਂ ਦੂਜੇ ਸੂਬੇ ਸਾਨੂੰ ਬਿਜਲੀ ਕਿਉਂ ਨਹੀਂ ਦੇ ਸਕਦੇ। ਹੁਣ ਦਿਲੀ ਦੇ ਨੇੜੇ ਥਰਮਲ ਪਲਾਂਟ ਲਗ ਰਿਹਾ ਹੈ। ਗਿਆਨੀ ਜੀ ਨੂੰ ਯਤਨ ਕਰਨਾ ਚਾਹੀਦਾ ਹੈ ਅਤੇ ਉਸ ਦੇਵਿਚ ਹਿੱਸਾ ਲੈਣਾ ਚਾਹੀਦਾ ਹੈ। ਲੇਕਿਨ ਮੈਨੂੰ ਯਕੀਨ ਹੈ ਕਿ ਉਨ੍ਹਾਂ ਨੂੰ ਕੋਈ ਹਿੱਸਾ ਨਹੀਂ ਮਿਲਣਾ।

ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਦਾ ਮਸਲਾ ਬੜਾ ਗੰਭੀਰ ਮਸਲਾ ਹੈ। ਸਾਡਾ ਖਿਆਲ ਹੈ ਕਿ ਇਹ ਪੰਜਾਬ ਰਾਜ ਵਿਚ ਖੁਸ਼ਹਾਲੀ ਦਾ ਚਿੰਨ੍ਹ ਸੀ ਮਗਰ ਇਹ ਸੈਂਟਰ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਹੈ। ਗਿਆਨੀ ਜੀ ਨੇ ਥੀਨ ਡੈਮ ਦਾ ਮਸਲਾ ਸੈਂਟਰ ਨੂੰ ਸੁਰੈਂਡਰ ਕਰ ਦਿੱਤਾ ਹੈ (ਅਕਾਲੀ ਪਾਰਟੀ ਵਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ)।

**ਸ੍ਰੀ ਡਿਪਟੀ ਸਪੀਕਰ** : ਸੈਂਟਰ ਨੇ ਥੀਨ ਡੈਮ ਇਥੇ ਹੀ ਬਨਾਉਣਾ ਹੈ। (The Central Government is to construct the Thein Dam in Punjab.)

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਤੁਹਾਨੂੰ ਨਹੀਂ ਪਤਾ, ਡਿਪਟੀ ਸਪੀਕਰ ਸਾਹਿਬ। ਇਸ ਨਾਲ ਸਾਡੇ ਇੰਜੀਨੀਅਰ ਬੇਰੁਜ਼ਗਾਰ ਹੋਣਗੇ, ਸਾਨੂੰ ਬਿਜਲੀ ਨਹੀਂ ਮਿਲਣੀ। ਮੇਰੇ ਕੋਲ ਐਗਜ਼ੈਕਟ ਫਿਗਰਜ਼ ਨਹੀਂ ਹਨ। ਇਹ ਜੰਮੂ ਕਸ਼ਮੀਰ ਅਤੇ ਪੰਜਾਬ ਦੀ ਜ਼ਮੀਨ ਹੈ। ਜੰਮੂ ਅਤੇ ਕਸ਼ਮੀਰ ਨੇ ਉਦੋਂ ਕਿਹਾ ਸੀ ਕਿ ਸਾਨੂੰ ਪਾਣੀ ਦਿਉ ਅਤੇ ਇਹ ਥੀਨ ਡੈਮ ਬੇਸ਼ਕ ਪੰਜਾਬ ਬਣਾ ਲਵੇ। ਲੇਕਿਨ ਹੋਇਆ ਕੀ। ਹਿਮਾਚਲ ਦੀ ਦੋ ਢਾਈ ਹਜ਼ਾਰ ਏਕੜ ਜ਼ਮੀਨ ਸੀ ਪਰ ਸਾਰਾ ਥੀਨ ਡੈਮ ਉਨ੍ਹਾਂ ਨੇ ਲੈ ਲਿਆ ਹੈ। ਅਸੀਂ ਉਨ੍ਹਾਂ ਨੂੰ ਪੰਜਾਬ ਦੀ 5 ਹਜ਼ਾਰ ਏਕੜ ਜ਼ਮੀਨ ਦੇ ਸਕਦੇ ਸੀ। ਲੇਕਿਨ ਸਾਨੂੰ ਥੀਨ ਡੈਮ ਉਨ੍ਹਾਂ ਨੂੰ ਸੁਰੈਂਡਰ ਨਹੀਂ ਕਰਨਾ ਚਾਹੀਦਾ ਸੀ। ਉਹ ਸਾਡੀ ਖੁਸ਼ਹਾਲੀ ਦਾ ਚਿੰਨ੍ਹ ਸੀ। ਜੇ ਥੀਨ ਡੈਮ ਤੇ ਅੱਜ ਤੋਂ 10 ਸਾਲ ਪਹਿਲਾਂ ਕੰਮ ਸ਼ੁਰੂ ਹੋਇਆ ਹੁੰਦਾ ਜਿਸ ਵੇਲੇ ਤੱਕ ਸਾਡਾ ਐਗਰੀਮੈਂਟ ਸੀ ਰਾਵੀ ਦਾ ਪਾਣੀ ਦੇਣ ਦਾ ਤਾਂ ਅੱਜ ਕਿੰਨੀ ਖੁਸ਼ਹਾਲੀ ਹੁੰਦੀ। ਲੇਕਿਨ ਸਾਡੀ ਸੈਂਟਰ ਦੀ ਸਰਕਾਰ ਦੀ ਅਤੇ ਪੰਜਾਬ ਦੀ ਸਰਕਾਰ ਦੀ ਕੋਈ ਪਲਾਨਿੰਗ ਨਹੀਂ ਸੀ ਜਿਸ ਕਾਰਨ ਅੱਜ ਉਹ ਸਾਰਾ ਪਾਣੀ ਦੂਸਰੇ ਦੇਸ਼ ਨੂੰ ਜਾ ਰਿਹਾ ਹੈ ਜਿਹੜਾ ਕਿ ਸਾਡਾ ਦੁਸ਼ਮਣ ਹੈ।

**ਰਾਜ ਮੰਤਰੀ**, ਸਥਾਨਕ ਸਰਕਾਰ ਤੇ ਜੇਲ੍ਹਾਂ : * * *।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਉਹ ਕਦੇ ਹਿੰਦੁਸਤਾਨ ਦੀ ਤਬਾਹੀ ਦਾ ਕਾਰਨ ਬਣ ਸਕਦੀ ਸੀ। ਡਿਪਟੀ ਸਪੀਕਰ ਸਾਹਿਬ, ਸਿੱਖ ਕੌਮ ਇਕ ਬਹਾਦਰ ਕੌਮ ਹੈ। ਜਿਸ ਵੇਲੇ ਵੀ ਮੁਲਕ ਤੇ ਕੋਈ ਮੁਸੀਬਤ ਆਈ ਤਾਂ ਅਸੀਂ ਵੱਧ ਚੜ੍ਹ ਕੇ ਕੁਰਬਾਨੀਆਂ ਕੀਤੀਆਂ ਹਨ। ਇਸ ਦੇ ਅੰਕੜੇ ਇਕੱਠੇ ਕੀਤੇ ਜਾਣ। ਲੇਕਿਨ ਸਾਡੇ ਮਨਿਸਟਰ ਸਾਹਿਬ ਨੇ ਹੁਣੇ ਕਿਹਾ ਹੈ ਕਿ * * * ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ। ਇਕ ਕੌਮ ਦੇ ਖਿਲਾਫ਼ ਇਨ੍ਹਾਂ ਨੂੰ ਇਸ ਤਰ੍ਹਾਂ ਦੇ ਲਫਜ਼ ਨਹੀਂ ਵਰਤਣੇ ਚਾਹੀਦੇ।

**ਰਾਜ ਮੰਤਰੀ**, ਸਥਾਨਕ ਸਰਕਾਰ ਅਤੇ ਜੇਲ੍ਹਾਂ : * * *

**ਸਰਦਾਰ ਸੁਰਜੀਤ ਸਿੰਘ (ਬਰਨਾਲਾ)** : ਇਹ ਸ਼ਬਦ ਇਨ੍ਹਾਂ ਨੂੰ ਵਿਦਡਰਾ ਕਰਨੇ ਚਾਹੀਦੇ ਹਨ।

**ਸ੍ਰੀ ਡਿਪਟੀ ਸਪੀਕਰ** : ਆਨਰੇਬਲ ਮਨਿਸਟਰ ਸਾਹਿਬ ਨੇ ਹੁਣੇ ਕਿਹਾ ਹੈ ਕਿ ਮੈਂ ਇਹ ਇਸ਼ਾਰਾ ਅਕਾਲੀ ਪਾਰਟੀ ਵੱਲ ਕੀਤਾ ਸੀ, ਸਿੱਖ ਕੌਮ ਲਈ ਕੁਝ ਨਹੀਂ ਕਿਹਾ। ਇਸ ਕਰਕੇ ਮੈਂ ਸਮਝਦਾ ਹਾਂ ਕਿ ਜੇ ਉਨ੍ਹਾਂ ਨੇ ਇਹ ਸ਼ਬਦ ਕਹਿ ਦਿਤੇ ਹਨ ਤਾਂ ਰਿਜ਼ੈਂਟਮੈਂਟ ਦੂਰ ਹੋ ਜਾਣੀ ਚਾਹੀਦੀ ਹੈ। (The hon. Minister has said just now that he made those remarks about Akali Party and not about the Sikh nation. Therefore, I think in the light of the observation of the Minister there should be no resentment),

**ਸਰਦਾਰ ਅਜਾਇਬ ਸਿੰਘ ਸੰਧੂ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਆਪਣੀ ਪ੍ਰਧਾਨ ਮੰਤਰੀ, ਇੰਦਰਾ ਗਾਂਧੀ, 10, 10 ਹਜ਼ਾਰ ਦੀ ਸਾੜ੍ਹੀ, ਪਾ ਕੇ ਭੁਟੋ ਨਾਲ ਮੁਲਾਕਾਤਾਂ ਕਰਦੀ ਹੈ। (ਰੌਲਾ) (ਵਿਘਨ)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਮਹਾਂ ਪੁਰਸ਼ ਜਿਹੜੇ ਕਿ ਪੰਜਾਬੀ ਜ਼ਬਾਨ ਨੂੰ, ਜਿਸ ਵਿਚ ਇਨ੍ਹਾਂ ਨੇ ਲੋਰੀਆਂ ਲਈਆਂ ਹਨ, ਆਪਣੀ ਮਾਤਰ ਭਾਸ਼ਾ ਨਹੀਂ ਸਮਝਦੇ, ਇਹ ਸਿੱਖਾਂ ਨੂੰ ਕੀ ਮੱਤ ਦੇ ਸਕਦੇ ਹਨ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਵਿਕਾਸ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਲੀਅਰ ਕਰਨਾ ਚਾਹੁੰਦਾ ਹਾਂ। ਸਿੱਖ ਕੌਮ ਇਕ ਪੈਟਰੀਆਟਿਕ ਕੌਮ ਹੈ । ਜੇ ਕੋਈ ਇਕ ਆਦਮੀ ਕਿਸੇ ਪਾਰਟੀ ਵਿਚ ਗਲਤ ਹੈ ਤਾਂ ਪਾਰਟੀ ਦੇ ਮੁਤੱਲਿਕ ਕੁਝ ਨਹੀਂ ਕਹਿਣਾ ਚਾਹੀਦਾ ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਹੁਣੇ ਹੁਣੇ ਕੈਪਟਨ ਸਾਹਿਬ ਨੇ ਕਿਹਾ ਹੈ ਕਿ ਜੇ ਕੋਈ ਬੰਦਾ ਗਲਤੀ ਕਰਦਾ ਹੈ ਤਾਂ ਸਾਰੀ ਪਾਰਟੀ ਨੂੰ ਇਹ ਗੱਲ ਨਹੀਂ ਕਹਿਣੀ ਚਾਹੀਦੀ । ਇਹ ਗੱਲ ਗਲਤ ਹੈ । ਇਨ੍ਹਾਂ ਨੇ ਸਮੁਚੀ ਪਾਰਟੀ ਬਾਰੇ ਕਿਹਾ ਹੈ । ਜਦੋਂ ਤੱਕ ਪਾਂਡੇ ਸਾਹਿਬ ਇਹ ਲਫਜ਼ ਵਾਪਸ ਨਹੀਂ ਲੈਣਗੇ ਅਸੀਂ ਕਾਰਵਾਈ ਨਹੀਂ ਚੱਲਣ ਦਿਆਂਗੇ। (ਸ਼ੋਰ)

**ਸ੍ਰੀ ਡਿਪਟੀ ਸਪੀਕਰ** : ਮੈਂ ਰਿਪੋਰਟਰ ਦੀ ਕਾਪੀ ਤੋਂ ਰਿਕਾਰਡ ਚੈਕ ਕਰ ਲੈਂਦਾ ਹਾਂ। (I shall check up the record from the Reporter's copy)

**ਮੁੱਖ ਮੰਤਰੀ** : ਸਨਮਾਨਯੋਗ ਡਿਪਟੀ ਮਨਿਸਟਰ ਸਾਹਿਬ, ਬਦਕਿਸਮਤੀ ਨਾਲ ਇਕ ਲਫਜ਼ ਉਤੇ ਗਰਮਾ ਗਰਮੀ ਹੋ ਗਈ ਹੈ । ਆਨਰੇਬਲ ਮੈਂਬਰ, ਆਪੋਜ਼ੀਸ਼ਨ ਦੇ ਲੀਡਰ ਜਦੋਂ ਬੋਲ ਰਹੇ ਸਨ, ਉਨ੍ਹਾਂ ਨੇ ਕਈ ਸੁਝਾਓ ਵੀ ਦਿਤੇ । ਕਈ ਸਖਤ ਲਫਜ਼ ਵੀ ਕਹੇ । ਮੈਂ ਇਸ ਗੱਲ ਤੇ ਵਿਸ਼ਵਾਸ ਰਖਦਾ ਹਾਂ ਕਿ ਕੋਈ ਨਹੀਂ ਕਹਿ ਸਕਦਾ ਕਿ ਸਿੱਖ ਜਿਹੜੇ ਹਨ ਉਹ ਦੇਸ਼ ਦੇ ਦੁਸ਼ਮਣ ਹਨ ਜਾਂ ਦੇਸ਼ ਭਗਤ ਨਹੀਂ ਹਨ । ਮੈਂ ਇਹ ਵੀ ਵਿਸ਼ਵਾਸ਼ ਰੱਖਦਾ ਹਾਂ ਕਿ ਅਕਾਲੀ ਪਾਰਟੀ ਦੇਸ਼ ਦੀ ਦੁਸ਼ਮਣ ਨਹੀਂ ਹੈ । ਲੇਕਿਨ ਕੋਈ ਇਕ ਅੱਧਾ ਬੰਦਾ ਗਲਤੀ ਕਰਦਾ ਹੈ ਜਾਂ ਦੇਸ਼ ਨਾਲ ਗੱਦਾਰੀ ਕਰਦਾ ਹੈ ਤਾਂ ਉਸ ਦੇ ਨਾਲ ਉਸ ਪਾਰਟੀ ਦਾ ਨਾਮ ਸਮਿਲਤ ਹੋਣ ਕਰਕੇ ਸ਼ੱਕ ਸੁਭਾ ਪੈਦਾ ਹੋ ਜਾਂਦਾ ਹੈ ਪਰ ਮੈਂ ਵਿਸ਼ਵਾਸ਼ ਨਹੀਂ ਕਰਦਾ । ਮੇਰਾ ਖਿਆਲ ਹੈ ਕਿ ਪਾਂਡੇ ਜੀ ਨੇ ਜੋ ਗੱਲ ਕਹੀ ਹੈ ਕਿਸੇ ਇਨਡੀਵਿਜੂਅਲ ਬਾਰੇ ਕਹੀ ਹੈ ਪਰ ਫਿਰ ਵੀ ਮੈਂ ਸਮਝਦਾ ਹਾਂ ਕਿ ਜਿਹੜੇ ਲਫਜ਼ ਉਨ੍ਹਾਂ ਨੇ ਕਹੇ ਹਨ ਉਹ ਹਾਊਸ ਦੀ ਕਾਰਵਾਈ ਵਿਚੋਂ ਐਕਸਪੰਜ ਹੋਣੇ ਚਾਹੀਦੇ ਹਨ।

**ਸ੍ਰੀ ਡਿਪਟੀ ਸਪੀਕਰ** : ਪਾਂਡੇ ਜੀ ਨੇ ਜੋ ਲਫਜ਼ ਕਹੇ ਹਨ ਉਹ ਐਕਸਪੰਜ ਕਰ ਦਿਤੇ ਜਾਣ। (The words used by the hon. Minister, Sh. Joginder Pal Pandey, may be expunged.)

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਡਿਪਟੀ ਸਪੀਕਰ ਸਾਹਿਬ, ਪਾਂਡੇ ਸਾਹਿਬ ਨੂੰ ਕਹੋ ਕਿ ਹਾਊਸ ਤੋਂ ਖੜ੍ਹੇ ਹੋ ਕੇ ਮੁਆਫੀ ਮੰਗਣ। (ਵਿਘਨ)

**Mr. Deputy Speaker** : Marhari Sahib, you should not behave like this.

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਤੁਹਾਡੀ ਅਬਜ਼ਰਵੇਸ਼ਨ ਦੇ ਬਾਰੇ ਆਪਣਾ ਪੁਆਇੰਟ ਆਫ ਆਰਡਰ ਰੇਜ਼ ਕਰਨਾ ਹੈ । ਨੇਸ਼ਨ ਜਾਂ ਕੌਮ ਦਾ ਲਫਜ਼ ਅਸੀਂ ਬੜੀ ਲੂਜ਼ਲੀ ਵਰਤਦੇ ਹਾਂ । ਨੇਸ਼ਨ ਇਕ ਕਾਨਸੈਪਟ ਹੈ । ਸਿੱਖ ਨੇਸ਼ਨ ਦਾ ਲਫਜ਼ ਕਈ ਮੈਂਬਰ ਸਾਹਿਬਾਨ ਨੇ ਵਰਤਿਆ ਹੈ । ਦੋ ਨੇਸ਼ਨ ਥਿਊਰੀ ਵਿਚ ਬੀਲੀਵ ਕਰਨ ਵਾਲੇ ਹਿੰਦੂ ਅਤੇ ਮੁਸਲਮਾਨ ਦੋ ਵੱਖ ਵੱਖ ਕੌਮਾਂ ਸਮਝਦੇ ਹਨ । ਅਸਲੀਅਤ ਇਹ ਹੈ ਕਿ ਅਸੀਂ ਹਿੰਦੂ ਹਾਂ, ਮੁਸਲਮਾਨ ਹਾਂ, ਸਿੱਖ ਹਾਂ ਪਰ ਪੰਜਾਬੀ ਹਾਂ ਅਤੇ ਹਿੰਦੁਸਤਾਨੀ ਹਾਂ ਕਿਸੇ ਦਾ ਹਿੰਦੂ ਧਰਮ ਹੋ ਸਕਦਾ ਹੈ, ਕਿਸੇ ਦਾ ਸਿੱਖ ਧਰਮ ਹੋ ਸਕਦਾ ਹੈ ਅਤੇ ਕੋਈ ਮੇਰੇ ਵਰਗਾ ਨਾਸਤਕ ਵੀ ਹੋ ਸਕਦਾ ਹੈ । ਇਸ ਲਈ ਸਾਨੂੰ ਸਿੱਖ ਨੇਸ਼ਨ ਤੇ ਹਿੰਦੂ ਨੇਸ਼ਨ ਦੇ ਲਫਜ਼ ਨਹੀਂ ਵਰਤਣੇ ਚਾਹੀਦੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਸ਼ਹਿਰੀ ਆਜ਼ਾਦੀ ਹੁਣ ਖਤਮ ਹੋ ਗਈ ਹੈ । ਭਾਵੇਂ ਕਿਸੇ ਵੀ ਪਾਰਟੀ ਦਾ ਰਾਜ ਹੋਵੇ, ਇਨਡੀਵਿਜੂਅਲ ਦਾ ਹੋਵੇ ਤੇ ਭਾਵੇਂ ਪਾਰਟੀ ਦਾ ਹੋਵੇ, ਹਰ ਵਿਅਕਤੀ ਨੂੰ ਇਹ ਇਜਾਜ਼ਤ ਮਿਲੇ ਕਿ ਉਹ ਆਪਣੇ ਖਿਆਲਾਤ ਲੋਕਾਂ ਅੱਗੇ ਰੱਖ ਸਕਣ । ਲੇਕਿਨ ਪੰਜਾਬ ਵਿਚ ਜੋ ਸ਼ਹਿਰੀ ਅਜ਼ਾਦੀ ਹੈ ਉਹ ਕੁਚਲ ਦਿਤੀ ਗਈ ਹੈ । ਮੈਨੂੰ ਅਫ਼ਸੋਸ ਹੈ ਕਿ ਗਿਆਨੀ ਬਖਸ਼ੀਸ਼ ਸਿੰਘ ਜੀ ਜਿਹੜੇ ਕਿ ਯੂ. ਕੇ. ਅਕਾਲੀ ਦਲ ਦੇ ਜਨਰਲ ਸੈਕਟਰੀ ਹਨ, ਉਹ ਜਦੋਂ ਸੰਤ ਬਾਬਾ ਫਤਹਿ ਸਿੰਘ ਜੀ ਦੇ ਭੋਗ ਤੇ ਇਥੇ ਆਏ ਤਾਂ ਉਨ੍ਹਾਂ ਨੂੰ ਡੀਟੇਨ ਕਰ ਲਿਆ ਗਿਆ । (ਵਿਘਨ)

**ਰਾਜ ਮੰਤਰੀ (ਸਥਾਨਕ ਸਰਕਾਰ ਤੇ ਜੇਲ੍ਹਾਂ)**: ਡਿਪਟੀ ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਗਲ ਕਰ ਦਿਤੀ ਅਤੇ ਮੈਂ ਤਸਲੀਮ ਕਰ ਲਈ * * * (ਵਿਘਨ) ।

**ਸਰਦਾਰ ਅਜਾਇਬ ਸਿੰਘ ਸੰਧੂ** : ਕੀ ਇਹ ਪੁਆਇੰਟ ਆਫ ਆਰਡਰ ਹੈ ? This should be disallowed. Irresponsible remarks should be disallowed.

**Mr. Deputy Speaker**: Irresponsible words should be expunged.

**ਸਰਦਾਰ ਅਜਾਇਬ ਸਿੰਘ ਸੰਧੂ** : * * * *

**ਸ਼੍ਰੀ ਡਿਪਟੀ ਸਪੀਕਰ** : ਇਨ੍ਹਾਂ ਸ਼ਬਦਾਂ ਨੂੰ ਐਕਸਪੰਜ ਕਰ ਦਿਤਾ ਜਾਵੇ। (These words should be expunged)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਇਹ ਜੋ ਕੁਝ ਪਾਂਡੇ ਸਾਹਿਬ ਕਹਿੰਦੇ ਹਨ ਇਹ ਗਲਤ ਹੈ । ਉਸ ਨੇ ਕੋਈ ਗਲਤ ਗੱਲ ਨਹੀਂ ਕੀਤੀ । ਉਸ ਨੇ ਤਾਂ ਫਿਰੋਜ਼ ਗਾਂਧੀ ਦੇ ਖਿਲਾਫ ਮੁਜ਼ਾਰਾ ਕੀਤਾ ਸੀ । (ਵਿਘਨ)

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਖੜ੍ਹੇ ਹੋ ਗਏ)

**ਡਾਕਟਰ ਅਮੀਰ ਸਿੰਘ ਕਲਕਟ** : ਅਕਾਲੀ ਪਾਰਟੀ ਸਿੱਖ ਕੌਮ ਦੀ ਨੁਮਾਇੰਦਾ ਬਣਦੀ ਹੈ । ਮੈਂ ਸਮਝਦਾ ਹਾਂ ਕਿ ਸਿੱਖ ਕੌਮ ਦੇ ਨੁਮਾਇੰਦੇ ਇਹ ਨਹੀਂ ਹਨ ਸਗੋਂ ਗਿਆਨੀ ਜ਼ੈਲ ਸਿੰਘ ਜੀ ਹਨ। (ਵਿਘਨ) (ਸ਼ੋਰ) ਇਨ੍ਹਾਂ ਦਾ ਲੀਡਰ ਡਾਕਟਰ ਜਗਜੀਤ ਸਿੰਘ ਹੈ। (ਸ਼ੋਰ)

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਇਹ ਦੋਨਾਂ ਪਾਸਿਆਂ ਤੋਂ ਹੀ ਸਿੱਖਾਂ ਦੇ ਦਾਅਵੇਦਾਰ ਬਣਦੇ ਪਏ ਹਨ । ਸਿੱਖਾਂ ਦੇ ਅਸੀਂ ਲੀਡਰ ਹਾਂ। (ਵਿਘਨ) (ਸ਼ੋਰ)

**Mr. Deputy Speaker** : Please resume your seat.

**ਚੌਧਰੀ ਜਗਤ ਰਾਮ** : * * * (ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਵੱਲੋਂ ਕਈ ਮੈਂਬਰ ਸਾਹਿਬਾਨ ਖੜ੍ਹੇ ਹੋ ਗਏ) (ਸ਼ੋਰ) * * * * * * * *

**Mr. Deputy Speaker** : This should not form part of the proceedings.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਕਨਵੈਨਸ਼ਨ ਹੋਈ ਉਸ ਦਾ ਕੀ ਮਕਸਦ ਸੀ, ਮੈਂ ਇਸ ਗੱਲ ਵੱਲ ਨਹੀਂ ਜਾਂਦਾ ਲੇਕਿਨ ਜੋ ਕੁਝ ਹੋਇਆ ਉਹ ਸ਼ਰਮਨਾਕ ਗੱਲ ਹੈ ਕਿਉਂਕਿ ਉਸ ਵਿਚ ਸਾਡੇ ਸੂਬੇ ਦੇ ਮਹਾਨ ਨੇਤਾ ਸ਼੍ਰੀ ਭੀਮ ਸੈਨ ਸੱਚਰ ਤਸ਼ਰੀਫ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਲਿਆਏ ਸਨ । ਸਾਨੂੰ ਸਾਰੇ ਸੂਬੇ ਨੂੰ ਸ਼ਰਮ ਮਹਿਸੂਸ ਹੁੰਦੀ ਹੈ। (ਸ਼ੇਮ, ਸ਼ੇਮ) ਸ਼ਹਿਰੀ ਆਜ਼ਾਦੀ ਦਾ ਅੱਜ ਹਸ਼ਰ ਵੇਖ ਲਵੋ, 250 ਸੱਜਣਾਂ ਦਾ ਜੱਥਾ ਆਪਣੀਆਂ ਗਰੀਵੈਂਨਸਿਜ਼ ਲੈ ਕੇ ਇਥੇ ਆ ਰਿਹਾ ਸੀ ਤਾਂ ਕਿ ਸਰਕਾਰ ਨੂੰ, ਐਮ. ਐਲ. ਏਜ਼. ਨੂੰ ਆਪਣੀਆਂ ਤਕਲੀਫਾਂ ਦੱਸੀਆਂ ਜਾਣ ਪਰ ਹੁਣੇ ਹੀ ਇਤਲਾਹ ਮਿਲੀ ਹੈ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ । (ਸ਼ੇਮ, ਸ਼ੇਮ)

**ਡਾਕਟਰ ਅਮੀਰ ਸਿੰਘ ਕਲਕਟ** : * * *

**Mr. Deputy Speaker** : It should not form part of the proceedings.

**Chaudhri Jagat Ram** : * * * (Noise)

(Some hon. Members from the Opposition Benches were also standing)

**Mr. Deputy Speaker** : Whatever is being said by Chaudhri Jagat Ram without the permission of the Chair should not form part of the proceedings. (Noise), Order please.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਹੋਰ ਗੱਲਾਂ ਵੀ ਕਹਿਣੀਆਂ ਸਨ ਪਰ ਅੱਜ ਇਕ ਪਾਰਟੀ ਦੇ ਲੋਕਾਂ ਨੂੰ ਬਾਹਰ ਗ੍ਰਿਫ਼ਤਾਰ ਕੀਤਾ ਗਿਆ ਹੈ ਇਸ ਲਈ ਮੈਂ ਆਪਣੀ ਸਪੀਚ ਇਥੇ ਹੀ ਖਤਮ ਕਰਦਾ ਹਾਂ ਤਾਂ ਕਿ ਬਚਦੇ ਸਮੇਂ ਵਿਚ ਉਸ ਪਾਰਟੀ ਦੇ ਮੈਂਬਰ ਕੁਝ ਕਹਿ ਸਕਣ ।.(ਵਿਘਨ)

**Mr. Deputy Speaker** . Sardar Surjeet Singh Atwal (*Interruption* by *Master Chand Singh*) Order please (*Interruption*)

**ਮਾਸਟਰ ਚੰਦ ਸਿੰਘ** : * * * * * (ਵਿਘਨ)

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਕਾਮਰੇਡ ਚੰਦ ਸਿੰਘ ਜੀ ਬਿਨਾਂ ਚੇਅਰ ਦੀ ਆਗਿਆ ਕਹਿ ਰਹੇ ਹਨ ਇਹ ਪਰੋਸੀਡਿੰਗਜ਼ ਦਾ ਭਾਗ ਨਾ ਬਣੇ । (ਵਿਘਨ) (Whatever is being said by the hon. Member Comrade Chand Singh without the permission of the Chair should not form part of the proceedings).

## WALK OUTS

**ਮਾਸਟਰ ਚੰਦ ਸਿੰਘ** : ਇਥੇ ਸ਼ਹਿਰੀ ਅਜ਼ਾਦੀ ਨੂੰ ਇਹ ਸਰਕਾਰ ਖਤਮ ਕਰ ਰਹੀ ਹੈ (ਵਿਘਨ) ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੈਂ ਇਸ ਵਤੀਰੇ ਦੇ ਵਿਰੁਧ ਰੋਸ ਵੱਜੋਂ ਵਾਕ ਆਊਟ ਕਰਦਾ ਹਾਂ ।

(ਇਸ ਸਮੇਂ ਮਾਸਟਰ ਚੰਦ ਸਿੰਘ ਹਾਊਸ ਤੋਂ ਬਾਹਰ ਚਲੇ ਗਏ)

(ਵਿਰੋਧੀ ਪਾਰਟੀ ਵਲੋਂ ਸ਼ੇਮ ਸ਼ੇਮ ਦੇ ਨਾਹਰੇ)

**ਕਾਮਰੇਡ ਸੱਤ ਪਾਲ ਡਾਂਗ** : ਸਰਕਾਰ ਦੀ ਇਸ ਨੀਤੀ ਦੇ ਵਿਰੁਧ ਸਾਡੀ ਪਾਰਟੀ ਵਾਕ ਆਊਟ ਕਰਦੀ ਹੈ ਕਿ ਜਿਥੇ ਸ਼ਹਿਰੀ ਅਜ਼ਾਦੀ ਨੂੰ ਇਸ ਤਰ੍ਹਾਂ ਕੁਚਲਿਆ ਜਾ ਰਿਹਾ ਹੋਵੇ ।

*Expunged as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਹਾਊਸ ਵਿਚ ਹਾਜ਼ਰ ਸੀ.ਪੀ. ਆਈ. ਦੇ ਮੈਂਬਰ ਹਾਊਸ ਤੋਂ ਬਾਹਰ ਚਲੇ ਗਏ) (ਵਿਘਨ) (ਸ਼ੋਰ)

**ਸਰਦਾਰ ਅਜਾਇਬ ਸਿੰਘ ਸੰਧੂ** : ਬਾਹਰ 250 ਆਦਮੀ ਗ੍ਰਿਫਤਾਰ ਕਰ ਲਏ ਗਏ ਹਨ ਇਸ ਦੇ ਵਿਰੁਧ ਰੋਸ ਵਜੋਂ ਅਸੀਂ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਅਕਾਲੀ ਪਾਰਟੀ ਦੇ ਮੈਂਬਰ ਹਾਊਸ ਤੋਂ ਬਾਹਰ ਚਲੇ ਗਏ ਅਤੇ ਬਾਹਰ ਜਾਣ ਲੱਗਿਆਂ ਨਾਹਰੇ ਲਗਾਣ ਲੱਗ ਪਏ * * * )

**ਸ੍ਰੀ ਡਿਪਟੀ ਸਪੀਕਰ** : ਇਹ ਜੋ ਨਾਹਰੇ ਲਗਾਏ ਜਾ ਰਹੇ ਹਨ ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣਨ । ਸਰਦਾਰ ਸੁਰਜੀਤ ਸਿੰਘ ਅਟਵਾਲ । (The slogans being raised by the hon. Members should not form part of the proceedings. Sardar Surjeet Singh Atwal)

## DISCUSSION ON GOVERNOR'S ADDRESS (*Resumption*)

**ਸਰਦਾਰ ਸੁਰਜੀਤ ਸਿੰਘ ਅਟਵਾਲ** (ਫਲੌਰ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਵਲੋਂ ਇਸ ਵਿਚ ਦਿਤੇ ਗਏ ਭਾਸ਼ਣ ਲਈ ਸ਼ੁਕਰੀਆ ਅਦਾ ਕਰਨ ਲਈ ਖੜਾ ਹੋਇਆ ਹਾਂ । ਉਨ੍ਹਾਂ ਨੇ ਕਿਰਪਾ ਕਰਕੇ ਜਿਹੜਾ ਐਡਰੈਸ ਇਸ ਹਾਊਸ ਵਿਚ ਪੜ੍ਹਿਆ ਮੈਂ ਉਸ ਲਈ ਗਵਰਨਰ ਸਾਹਿਬ ਦਾ ਅਤੀ ਧਨਵਾਦੀ ਹਾਂ ਅਤੇ ਨਾਲ ਹੀ ਗਿਆਨੀ ਜ਼ੈਲ ਸਿੰਘ ਜੀ ਅਤੇ ਇਨ੍ਹਾਂ ਦੀ ਸਰਕਾਰ ਦਾ ਕਿ ਉਨ੍ਹਾਂ ਨੇ ਇੰਨਾ ਚੰਗਾ ਐਡਰੈਸ ਪੜ੍ਹਨ ਦਾ ਗਵਰਨਰ ਸਾਹਿਬ ਨੂੰ ਮੌਕਾ ਦਿਤਾ।

ਡਿਪਟੀ ਸਪੀਕਰ ਸਾਹਿਬ, ਬਦਕਿਸਮਤੀ ਨਾਲ ਲੀਡਰ ਆਫ ਦੀ ਆਪੋਜੀਸ਼ਨ ਬਾਹਰ ਚਲੇ ਗਏ ਹਨ ਮਗਰ ਮੈਂ ਉਨ੍ਹਾਂ ਦਾ ਵੀ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਕਿਹਾ ਹੈ ਕਿ 20 ਸਾਲ ਕਾਂਗਰਸ ਦੀ ਸਰਕਾਰ ਦੇਸ਼ ਦੀ ਡਿਵੈਲਪਮੈਂਟ ਨਹੀਂ ਸੀ ਕਰ ਸਕੀ ਅਤੇ ਉਨ੍ਹਾਂ ਦੀ ਸਰਕਾਰ ਨੇ 5 ਸਾਲਾਂ ਵਿਚ ਦੇਸ਼ ਦੀ ਅਤੇ ਪੰਜਾਬ ਦੀ ਡਿਵੈਲਪਮੈਂਟ ਕਰ ਕੇ ਵਿਖਾ ਦਿਤੀ । ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਉਨ੍ਹਾਂ ਨੇ ਕਾਫੀ ਡਿਵੈਲਪਮੈਂਟ ਕੀਤੀ ਪਰ ਕਿਸ ਖੇਤਰ ਵਿਚ ਕਿ ਉਨ੍ਹਾਂ ਨੇ ਪੰਜਾਬ ਨੂੰ ਕੁਰਪਸ਼ਨ ਦਾ ਖੇਤਰ ਬਣਾ ਲਿਆ (ਪ੍ਰਸੰਸਾ)। ਮੈਂ ਇਸ ਕਰਕੇ ਬਦਕਿਸਮਤੀ ਸਮਝਦਾ ਹਾਂ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਹਾਜ਼ਰ ਨਹੀਂ ਹਨ ਨਹੀਂ ਤਾਂ ਜਿਹੜੀਆਂ ਗੱਲਾਂ ਉਨ੍ਹਾਂ ਨੇ ਆਪਣੀ ਤਕਰੀਰ ਵਿਚ ਕਹੀਆਂ ਹਨ ਉਨ੍ਹਾਂ ਦਾ ਜਵਾਬ ਦਿੰਦਾ । ਉਹ ਕਤਲਾਂ ਦੀ ਲਿਸਟ ਸੁਣਾ ਰਹੇ ਸਨ । ਇਹ ਉਨ੍ਹਾਂ ਕਤਲਾਂ ਦਾ ਜ਼ਿਕਰ ਉਨ੍ਹਾਂ ਨੇ ਕੀਤਾ ਜਿਹੜੇ ਕਿ ਗੁੰਡੇ ਆਪਸ ਵਿਚ ਲੜ ਕੇ ਮਰ ਗਏ ਜਾਂ ਹੋਰ ਇਸ ਤਰ੍ਹਾਂ ਦੇ ਕੇਸਾਂ ਵਿਚ ਇਨਵਾਲਵਡ ਸਨ ਅਸਲੀ ਕਾਤਲ ਤਾਂ ਅਕਾਲੀ ਪਾਰਟੀ ਹੈ ਜਿਸ ਨੇ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਕਤਲ ਕੀਤਾ। (ਇਕ ਅਵਾਜ਼ : ਮਿੱਟੀ ਪਾਓ ਜੀ)

ਡਿਪਟੀ ਸਪੀਕਰ ਸਾਹਿਬ, ਐਡਰੈਸ ਵਿਚ ਬਹੁਤ ਸਾਰੀਆਂ ਗੱਲਾਂ ਦੇ ਬਾਰੇ ਵਿਚ ਰੈਫਰੈਂਸ ਆਇਆ ਹੈ ਜਿਨ੍ਹਾਂ ਦਾ ਸਬੰਧ ਡਿਵੈਲਪਮੈਂਟ ਨਾਲ ਹੈ । ਸਾਰਿਆਂ ਤੋਂ ਪਹਿਲਾਂ ਮੈਂ ਇਲੈਕਟਰੀਸਿਟੀ ਵਲ ਆਉਂਦਾ ਹਾਂ । ਪੰਜਾਬ ਵਿਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਖੜਾ ਡੈਮ ਬਣਾਇਆ ਗਿਆ ਤਾਂ ਇਹ ਖਿਆਲ ਨਹੀਂ ਸੀ ਕਿ ਪੰਜਾਬ ਸਟੇਟ ਦੀ ਡਵੀਜ਼ਨ ਹੋ ਜਾਵੇਗੀ ਅਤੇ ਭਾਖੜਾ ਡੈਮ ਦਾ ਕੰਟ੍ਰੋਲ ਵੀ ਪੰਜਾਬ ਪਾਸ ਨਹੀਂ ਰਹੇਗਾ । ਇਹ ਬਦਕਿਸਮਤੀ ਦੀ ਗੱਲ ਹੈ ਕਿ ਅਕਾਲੀ ਪਾਰਟੀ ਨੇ

Original with;
Punjab Vidhan Sabha
Digitized by;
Panjab Digital Library

(ਸਰਦਾਰ ਸੁਰਜੀਤ ਸਿੰਘ ਅਟਵਾਲ)

ਇਸ ਸੂਬੇ ਦੀ ਵੰਡ ਕਰਵਾਈ ਅਤੇ ਭਾਖੜਾ ਡੈਮ ਦਾ ਕੰਟਰੋਲ ਭਾਖੜਾ ਮੈਨੇਜਮੈਂਟ ਬੋਰਡ ਨੂੰ ਹੈਂਡ ਓਵਰ ਕਰਵਾਇਆ । ਉਸੇ ਵੇਲੇ ਇਨ੍ਹਾਂ ਨੂੰ ਇਸ ਗੱਲ ਦਾ ਖਿਆਲ ਨਹੀਂ ਆਇਆ ਕਿ ਭਾਖੜਾ ਡੈਮ ਨੂੰ ਦੂਜੇ ਦੇ ਹੱਥਾਂ ਵਿਚ ਸੌਂਪ ਰਹੇ ਹੋ ਇਸ ਦਾ ਨਤੀਜਾ ਕਿਸ ਨੂੰ ਭੁਗਤਣਾ ਪਏਗਾ । ਅਤੇ ਕਲ ਅਸਾਨੂੰ ਇਸ ਤੇ ਕੋਈ ਇਖਤਿਆਰ ਹੀ ਨਹੀਂ ਰਹੇਗਾ । ਇਨ੍ਹਾਂ ਨੇ ਪੰਜਾਬੀ ਸੂਬੀ ਬਣਾ ਦਿਤੀ ਅਤੇ ਭਾਖੜਾ ਮੈਨੇਜਮੈਂਟ ਬੋਰਡ ਨੂੰ ਇਸ ਭਾਖੜਾ ਪ੍ਰਾਜੈਕਟ ਦਾ ਕੰਟ੍ਰੋਲ ਸੌਂਪ ਦਿਤਾ । ਇਸ ਪ੍ਰਦੇਸ਼ ਵਿਚ 6—7 ਸਾਲਾਂ ਬਾਅਦ ਕਾਂਗਰਸ ਸਰਕਾਰ ਮੁੜ ਕੇ ਪਾਵਰ ਵਿਚ ਆਈ ਹੈ ਅਤੇ ਜਦ ਦੀ ਆਈ ਹੈ ਇਸ ਨੇ ਇਹ ਸੋਚਣਾ ਸ਼ੁਰੂ ਕਰ ਦਿਤਾ ਕਿ ਬਿਜਲੀ ਦੀ ਸ਼ਾਰਟੇਜ ਨੂੰ ਕਿਸ ਤਰੀਕੇ ਨਾਲ ਦੂਰ ਕੀਤਾ ਜਾ ਸਕਦਾ ਹੈ ।

ਜਿਹੜੀ ਪਿਛਲੇ ਪੰਜਾਂ ਸਾਲਾਂ ਵਿਚ ਸਰਕਾਰ ਰਹੀ ਉਸ ਵਿਚ ਕਿਸੇ ਨੂੰ ਇਸ ਗੱਲ ਦਾ ਖਿਆਲ ਤੱਕ ਨਾ ਆਇਆ ਕਿ ਬਿਜਲੀ ਦੀ ਥੁੜ ਜਿਹੜੀ ਅਸਾਨੂੰ ਆਣ ਵਾਲੀ ਹੈ ਇਸ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ਅਤੇ ਅਜ ਹੁਣੇ ਥੋੜਾ ਚਿਰ ਪਹਿਲਾਂ ਹੀ ਲੀਡਰ ਆਫ ਦੀ ਆਪੋਜ਼ੀਸ਼ਨ ਇਸ ਗੱਲ ਦਾ ਜ਼ਿਕਰ ਕਰ ਰਹੇ ਸਨ ਕਿ ਇਨ੍ਹਾਂ ਦੀ ਸਰਕਾਰ ਨੇ ਥਰਮਲ ਪਾਵਰ ਸਟੇਸ਼ਨ ਕਾਇਮ ਕੀਤਾ ਹੈ ਪਰ ਇਨ੍ਹਾਂ ਨੂੰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਇਨ੍ਹਾਂ ਦੀ ਸਰਕਾਰ ਆਉਣ ਤੋਂ ਬਹੁਤ ਚਿਰ ਪਹਿਲਾਂ ਦੀ ਹੀ ਸਕੀਮ ਚੱਲ ਰਹੀ ਸੀ । ਇਹ ਸ਼ਾਇਦ ਭੁਲ ਗਏ ਕਿ ਇਹ ਸਕੀਮ ਕਦ ਸ਼ੁਰੂ ਕੀਤੀ ਗਈ ਸੀ। ਇਹ ਉਨ੍ਹਾਂ ਸਕੀਮਾਂ ਦਾ ਹੀ ਇਕ ਹਿੱਸਾ ਹੈ ਜਿਹੜੀਆਂ ਕਿ ਪਹਿਲਾਂ ਬਣ ਚੁਕੀਆਂ ਸਨ, ਅਤੇ ਥਰਮਲ ਪਾਵਰ ਸਟੇਸ਼ਨ ਪਹਿਲੀ ਕੀਤੀ ਹੋਈ ਪਲਾਨਿੰਗ ਦੇ ਮੁਤਾਬਿਕ ਸ਼ੁਰੂ ਕੀਤਾ ਗਿਆ । ਸਗੋਂ ਅਕਾਲੀ ਪਾਰਟੀ ਦੀ ਹਕੂਮਤ ਨੇ ਇਸ ਦੀ ਰਫਤਾਰ ਨੂੰ ਆਪਣੇ ਰਾਜ ਕਾਲ ਵਿਚ ਹੋਰ ਘਟਾ ਦਿਤਾ ਜਦ ਕਿ ਤੇਜ਼ ਕਰਨਾ ਚਾਹੀਦਾ ਸੀ । (ਵਿਘਨ)

**ਸ੍ਰੀ ਡਿਪਟੀ ਸਪੀਕਰ** : ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਰਿਪੋਰਟਰ ਦੀ ਕਾਪੀ ਮੰਗਵਾ ਕੇ ਦੇਖੀ ਹੈ । ਉਸ ਵਿਚ ਇਹ ਹੈ ਕਿ ਪਾਂਡੇ ਸਾਹਿਬ ਨੇ ਬਾਦਲ ਸਾਹਿਬ ਨੂੰ ਟੋਕਦਿਆਂ ਪਾਕਿਸਤਾਨ ਦਾ ਹਵਾਲਾ ਦਿੰਦੇ ਕਿਹਾ ਸੀ ਕਿ * * * * ਅਤੇ ਇਸ ਨੂੰ ਮੈਂ ਐਕਸਪੰਜ ਕਰਵਾ ਦਿਤਾ ਹੈ, ਇਹ ਗੱਲ ਮੈਂ ਸਪੱਸ਼ਟ ਕਰਨਾ ਚਾਹੁੰਦਾ ਸਾਂ ਤਾਂ ਕਿ ਪ੍ਰੈਸ ਇਸ ਨੂੰ ਗਲਤ ਇੰਟ੍ਰਪ੍ਰੇਟ ਨਾ ਕਰੇ । (I would like to clear one thing. I have seen the Reporter's notes. I found that Shri Joginder Pal Pandey interrupted Shri Parkash Singh Badal and said with reference to Pakistan * * * * These words have been expunged. I wanted to make this clear before the House so that the Press may not interpret it differently.)

**ਸਰਦਾਰ ਸੁਰਜੀਤ ਸਿੰਘ ਅਟਵਾਲ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਥਰਮਲ ਪਲਾਂਟ ਬਠਿੰਡਾ ਦੀ ਸਕੀਮ ਉਸ ਵਕਤ ਤਿਆਰ ਕੀਤੀ ਗਈ ਜਿਸ ਵੇਲੇ ਅਕਾਲੀ ਸਰਕਾਰ ਪਾਵਰ ਵਿਚ ਨਹੀਂ ਸੀ ਅਤੇ ਇਨ੍ਹਾਂ ਨੇ ਉਸ ਸਕੀਮ ਵਿਚ ਕੋਈ ਮੱਦਦ ਨਹੀਂ ਸੀ ਕੀਤੀ ਸਗੋਂ ਇਨ੍ਹਾਂ ਨੇ ਤਾਂ ਉਸ ਦੇ ਬਨਾਉਣ ਦੇ ਟਾਈਮ ਵਿਚ ਵਾਧਾ ਕਰ ਦਿਤਾ ਤਾਂ ਕਿ ਸਮਾਂ ਜ਼ਿਆਦਾ ਲੱਗੇ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਤੇ ਜਿਹੜੀ ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀ ਹੈ ਇਹ ਤਬਾਹ ਹੋ ਜਾਵੇ । ਇਨ੍ਹਾਂ ਕਦੇ ਨਹੀਂ ਸੀ ਸੋਚਿਆ ਕਿ ਸਮਾਲ ਸਕੇਲ ਇੰਡਸਟਰੀ ਦੀ ਤਰੱਕੀ ਕਿਸ ਤਰ੍ਹਾਂ ਕਰਨੀ ਹੈ । ਵੱਡੀ ਇੰਡਸਟਰੀ ਦੀ ਤਰੱਕੀ ਕਿਸ ਤਰ੍ਹਾਂ ਕਰਨੀ ਹੈ । ਇਹ ਤਾਂ ਕੇਵਲ ਇਹ ਹੀ ਸੋਚਦੇ ਸਨ ਕਿ ਥੋੜਾ ਚਿਰ ਰਹਿਣਾ ਹੈ। ਪੈਸੇ ਇਕੱਠੇ ਕਿਸ ਤਰ੍ਹਾਂ ਕੀਤੇ ਜਾ ਸਕਦੇ ਹਨ, ਕਿਸ ਤਰ੍ਹਾਂ ਮਹੱਲ ਉਸਾਰੇ ਜਾ ਸਕਦੇ ਹਨ ਅਤੇ ਕਿਸ ਤਰ੍ਹਾਂ ਰੁਪਏ ਬਾਹਰ ਭੇਜੇ ਜਾ ਸਕਦੇ ਹਨ.........

**Mr. Deputy Speaker** : The House stands adjourned till 9 A.M. on Thursday, the 1st March, 1973.

1-30 P.M.

(*The Sabha then adjourned till* 9 A.M. *on Thursday, the* 1*st March*, 1973.)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## APPENDIX

TO

## PUNJAB VIDHAN SABHA

**Debates**

*Dated 28th February, 1973*

**Vol. I-No. I**

### Posts of Sub-Inspectors, Food and Supplies advertised during 1971 and 1972

***1116. Sardar Prem Singh Prem :** Will the Minister of State for Food and Supplies be pleased to state—

(a) whether certain vacancies of Sub-Inspectors of Food and Supplies Department were advertised during the year 1971 and 1972 ;

(b) if the answer to part (a) be in the affirmative, the number of applications received for the said posts together with the number of double Graduates, Graduates and Matriculates respectively among the the applicants stating the Divisions in which they had passed the aforesaid examinations ;

(c) the number of candidates called for the interview and the total number of candidates who actually appeared for the interview ;

(d) the names of places in the State where these interviews were held ;

(e) the names of the Chairman and the Members of the Selection Committee ;

(f) the period for which the said Committee remained on tour to different places of the State and the total period taken for making selections ;

(g) the total expenditure incurred on the Committee and the staff who accompanied the Committee for the said interview ;

(h) whether any selections have been made ; if so, the number of candidates selected ?

**Shri Gian Chand Kharbanda :** (a) Yes.

(b) Statement No. I and II are laid on the Table of the House.

(c) 1561 candidates who qualified in the written test were called for the interview in the year 1971 and out of them 1,346 candidates appeared for the said interview. And 16,203 candidates were called for interview in the year 1972 out of them 11,592 candidates appeared for the said interview.

(d) Statement No. III is laid on the Table of the House.

Original with;
Punjab Vidhan Sabha
Digitized by;
Panjab Digital Library

(e) Statement No. IV is laid on the Table of the House.

(f) Since in the year 1971 a Section Committee functioned in each district, these Committees did not make any tours. These District Selection Committees took two months for making selections. In the year 1972, the Departmental Selection Committee remained on tour to different places of the State for 2½ months and took on the whole 2 months 17 days for making selections.

(g) The total expenditure incurred in the year 1971 was Rs 1,839·55 (Rs one thousand eight hundred and thirty-nine and paise fifty-five only) and the total expenditure incurred on the Committee and the staff who accompanied the Committee for the interview of candidates during the year 1972 is Rs 7,161·36 (Rs. seven thousand one hundred and sixty-one and paise thirty-six only).

(h) 95 candidates were selected in the year 1971 and 140 candidates were selected in the year 1972.

[(ੳ) ਹਾਂ ।

(ਅ) ਸਾਰਣੀ ਨੰਬਰ 1 ਅਤੇ 2 ਹਾਊਸ ਦੇ ਟੇਬਲ ਤੇ ਰਖੀ ਜਾਂਦੀ ਹੈ।

(ੲ) 1,561 ਉਮੀਦਵਾਰਾਂ ਜਿਨ੍ਹਾਂ ਨੇ ਕਿ ਲਿਖਤੀ ਇਮਤਿਹਾਨ ਪਾਸ ਕੀਤਾ ਨੂੰ 1971 ਵਿਚ ਇੰਟਰਵਿਊ ਤੇ ਸੱਦਿਆ ਗਿਆ ਅਤੇ ਇਨ੍ਹਾਂ ਵਿਚੋਂ 1,346 ਉਮੀਦਵਾਰ ਇੰਟਰਵਿਊ ਦੇਣ ਲਈ ਹਾਜ਼ਰ ਹੋਏ ਅਤੇ ਸਾਲ 1972 ਵਿਚ 16,203 ਉਮੀਦਵਾਰਾਂ ਨੂੰ ਇੰਟਰਵਿਊ ਤੇ ਸੱਦਿਆ ਗਿਆ ਜਿਨ੍ਹਾਂ ਵਿਚੋਂ 11,592 ਉਮੀਦਵਾਰ ਇੰਟਰਵਿਊ ਲਈ ਹਾਜ਼ਰ ਹੋਏ ।

(ਸ) ਸਾਰਣੀ ਨੰਬਰ 3 ਹਾਊਸ ਦੇ ਟੇਬਲ ਤੇ ਰਖੀ ਜਾਂਦੀ ਹੈ ।

(ਹ) ਸਾਰਣੀ ਨੰਬਰ 4 ਹਾਊਸ ਦੇ ਟੇਬਲ ਤੇ ਰਖੀ ਜਾਂਦੀ ਹੈ ।

(ਕ) ਕਿਉਂਕਿ ਸਾਲ 1971 ਵਿਚ ਹਰ ਜ਼ਿਲ੍ਹੇ ਵਿਚ ਚੋਣ ਕਮੇਟੀ ਬਣਾਈ ਗਈ ਸੀ ਇਸ ਕਰਕੇ ਉਨ੍ਹਾਂ ਚੋਣ ਕਮੇਟੀਆਂ ਨੇ ਕੋਈ ਦੌਰਾ ਨਹੀਂ ਕੀਤਾ ਇਨ੍ਹਾਂ ਚੋਣ ਕਮੇਟੀਆਂ ਨੇ ਉਮੀਦਵਾਰਾਂ ਦੀ ਚੋਣ ਕਰਨ ਵਿਚ ਦੋ ਮਹੀਨੇ ਲਗਾਏ । 1972 ਵਿਚ ਵਿਭਾਗੀ ਚੋਣ ਕਮੇਟੀ ਰਾਜ ਦੇ ਵੱਖ ਵੱਖ ਥਾਵਾਂ ਤੇ ਢਾਈ ਮਹੀਨੇ ਦੌਰੇ ਤੇ ਰਹੀ ਅਤੇ ਕੁਲ ਸਮਾਂ ਇਸ ਕਮੇਟੀ ਨੇ 2 ਮਹੀਨੇ 17 ਦਿਨ ਚੋਣ ਵਿਚ ਲਗਾਇਆ ।

(ਖ) 1971 ਵਿਚ 1,839 ਰੁਪਏ 55 ਪੈਸੇ ਦਾ ਖਰਚਾ ਹੋਇਆ ਅਤੇ 1972 ਵਿਚ ਕਮੇਟੀ ਅਤੇ ਕਮੇਟੀ ਦੇ ਸਟਾਫ਼ ਤੇ ਜਿਸ ਨੇ ਕਿ ਕਮੇਟੀ ਦੀ ਚੋਣ ਸਮੇਂ ਮਦਦ ਕੀਤੀ ਤੇ 7,161 ਰੁਪਏ 36 ਪੈਸੇ ਖਰਚ ਹੋਏ ।

(ਗ) 95 ਉਮੀਦਵਾਰ 1971 ਵਿਚ ਚੁਣੇ ਗਏ ਅਤੇ 140 ਉਮੀਦਵਾਰ 1972 ਵਿਚ ਚੁਣੇ ਗਏ ।]

Original with;
Punjab Vidhan Sabha
Digitized by;
Panjab Digital Library

## STATEMENT NO. I

**Applicants who applied for the posts of Sub-Inspectors, Food and Supplies, in the year 1971.**

| No. of applications received in the year 1971 | *Post-Graduate* | | | *Graduate* | | | B.A. but Division not shown | B.A. Part II Division not shown | B.A Part I Division not shown | *Prep.* | | | *Hr. Sec.* | | | Hr. Sec. P(I) Div. not shown | *Matric* | | |
|---|---|---|---|---|---|---|---|---|---|---|---|---|---|---|---|---|---|---|---|
| | I Div. | II Div. | III Div. | I Div. | II Div. | III Div. | | | | I Div. | II Div. | III Div. | I Div. | II Div | III Div. | | I Div. | II Div. | III Div. |
| 3,192 | .. | .. | 3 | .. | 6 | 15 | 112 | 345 | 384 | .. | 73 | 191 | 3 | 149 | 196 | 289 | 210 | 969 | 247 |

## STATEMENT NO. II

**Applicants who applied for the posts of Sub-Inspectors, Food and Supplies, in the year 1972**

| No. of applications received in the year 1972 | *Post-Graduate* | | | *Graduate* | | | B.A. but Division not shown | BA. Part II Division not shown | B.A. Part I Division not shown | *Prep.* | | | *Hr. Sec.* | | | Hr. Sec. Part I Division not shown | *Matric* | | |
|---|---|---|---|---|---|---|---|---|---|---|---|---|---|---|---|---|---|---|---|
| | I Div. | II Div. | III Div. | I Div. | II Div. | III Div. | | | | I Div. | II Div. | III Div. | I Div. | II Div. | III Div. | | I Div. | II Div. | III Div. |
| 18,197 | 39 | 34 | 64 | 12 | 145 | 843 | 1,320 | 2,181 | 2,376 | 12 | 370 | 944 | 81 | 1,326 | 960 | 657 | 415 | 4,424 | 1,994 |

Original with;
Punjab Vidhan Sabha
Digitized by;
Panjab Digital Library

[ਸਾਰਣੀ ਨੰ: 1

ਜਿਹੜੀ ਕਿ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਅਤੇ ਉਨ੍ਹਾਂ ਦੀ ਡਵੀਜ਼ਨ ਜਿਨ੍ਹਾਂ ਨੇ ਸਾਲ 1971 ਵਿਚ ਸਬ-ਇਨਸਪੈਕਟਰਾਂ ਦੀ ਅਸਾਮੀ ਲਈ ਅਪਲਾਈ ਕੀਤਾ

| ਸਾਲ 1971 ਵਿਚ ਜਿਤਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ | ਪੋਸਟ-ਗਰੈਜੂਏਟ | | | ਗਰੈਜੂਏਟ | | | ਗਰੈਜੂਏਟ ਪਰ ਡਵੀਜ਼ਨ ਨਹੀਂ ਵਿਖਾਈ | ਬੀ.ਏ. ਭਾਗ II ਡਵੀਜ਼ਨ ਨਹੀ ਵਿਖਾਈ | ਬੀ. ਏ. ਭਾਗ I ਡਵੀਜ਼ਨ ਨਹੀਂ ਵਿਖਾਈ | ਪਰੈਪ | | | ਹਾਇਰ ਸੈਕੰਡਰੀ | | | ਹਾਇਰ ਸੈਕੰਡਰੀ ਭਾਗ I ਡਵੀਜ਼ਨ ਨਹੀਂ ਵਿਖਾਈ | ਮੈਟ੍ਰਿਕ | | |
|---|---|---|---|---|---|---|---|---|---|---|---|---|---|---|---|---|---|---|---|
| | I | II | III | I | II | III | | | | I | II | III | I | II | III | | I | II | III |
| 3,192 | .. | .. | 3 | .. | 6 | 15 | 112 | 345 | 384 | .. | 73 | 191 | 3 | 149 | 196 | 289 | 210 | 969 | 247 |

ਸਾਰਣੀ ਨੰ: 2

ਜਿਹੜੀ ਕਿ ਉਮੀਦਵਾਰਾਂ ਦੀ ਵਿਦਿਅਕ ਯੋਗਤਾ ਅਤੇ ਉਨ੍ਹਾਂ ਦੀ ਡਿਵੀਜ਼ਨ ਜਿਨ੍ਹਾਂ ਨੇ ਸਾਲ 1972 ਵਿਚ ਸਬ-ਇੰਸਪੈਕਟਰ ਦੀ ਅਸਾਮੀ ਲਈ ਅਪਲਾਈ ਕੀਤਾ

| ਸਾਲ 1972 ਵਿਚ ਜਿਤਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ | ਪੋਸਟ-ਗਰੈਜੂਏਟ | | | ਗਰੈਜੂਏਟ | | | ਗਰੈਜੂਏਟ ਪਰ ਡਵੀਜ਼ਨ ਨਹੀਂ ਵਿਖਾਈ | ਬੀ. ਏ. ਭਾਗ II ਡਵੀਜ਼ਨ ਨਹੀਂ ਵਿਖਾਈ | ਬੀ. ਏ. ਭਾਗ I ਡਵੀਜ਼ਨ ਨਹੀਂ ਵਿਖਾਈ | ਪਰੈਪ | | | ਹਾਇਰ ਸੈਕੰਡਰੀ | | | ਹਾਇਰ ਸੈਕੰਡਰੀ ਭਾਗ I ਡਵੀਜ਼ਨ ਨਹੀਂ ਵਿਖਾਈ | ਮੈਟ੍ਰਿਕ | | |
|---|---|---|---|---|---|---|---|---|---|---|---|---|---|---|---|---|---|---|---|
| | I | II | III | I | II | III | | | | I | II | III | I | II | III | | I | II | III |
| 18,197 | 39 | 34 | 64 | 12 | 145 | 843 | 1,320 | 2,181 | 2,376 | 12 | 370 | 944 | 81 | 1326 | 960 | 657 | 415 | 4,424 | 1,994] |

Original with;
Punjab Vidhan Sabha
Digitized by;
Panjab Digital Library

## STATEMENT NO. III

**Showing the names of places where the interviews were held in the year 1971 and 1972.**

| *Year* 1971 | *Year* 1972 |
|---|---|
| 1. Amritsar | 1. Chandigarh |
| 2. Bhatinda | 2. Amritsar |
| 3. Ferozepur | 3. Bhatinda |
| 4. Gurdaspur | 4. Ferozepur |
| 5. Hoshiarpur | 5. Gurdaspur |
| 6. Jullundur | 6. Hoshiarpur |
| 7. Kapurthala | 7. Jullundur |
| 8. Ludhiana | 8. Kapurthala |
| 9. Patiala | 9. Ludhiana |
| 10. Ropar | 10. Patiala |
| 11. Sangrur | 11. Ropar |
| | 12. Sangrur |

## ਸਾਰਣੀ ਨੰ: 3

[ਜਿਹੜੀ ਕਿ ਥਾਵਾਂ ਤੇ ਨਾਮ ਜਿਥੇ ਕਿ ਸਾਲ 1971-72 ਵਿਚ ਇੰਟਰਵਿਊ ਲਈ ਗਈ

| ਸਾਲ ਜਿਸ ਵਿਚ ਇੰਟਰਵਿਊ ਲਈ ਗਈ | ਜਗ੍ਹਾ ਦਾ ਨਾਮ ਜਿਥੇ ਇੰਟਰਵਿਊ ਲਈ ਗਈ |
|---|---|
| ਸਾਲ 1971 | |
| | 1. ਅੰਮ੍ਰਿਤਸਰ |
| | 2. ਬਠਿੰਡਾ |
| | 3. ਫਿਰੋਜ਼ਪੁਰ |
| | 4. ਗੁਰਦਾਸਪੁਰ |
| | 5. ਹੁਸ਼ਿਆਰਪੁਰ |
| | 6. ਜਲੰਧਰ |
| | 7. ਕਪੂਰਥਲਾ |
| | 8. ਲੁਧਿਆਣਾ |
| | 9. ਪਟਿਆਲਾ |
| | 10. ਰੋਪੜ |
| | 11. ਸੰਗਰੂਰ |
| ਸਾਲ 1972 | |
| | 1. ਚੰਡੀਗੜ੍ਹ |
| | 2. ਅੰਮ੍ਰਿਤਸਰ |
| | 3. ਬਠਿੰਡਾ |
| | 4. ਫਿਰੋਜ਼ਪੁਰ |
| | 5. ਗੁਰਦਾਸਪੁਰ |
| | 6. ਹੁਸ਼ਿਆਰਪੁਰ |
| | 7. ਜਲੰਧਰ |
| | 8. ਕਪੂਰਥਲਾ |
| | 9. ਲੁਧਿਆਣਾ |
| | 10. ਪਟਿਆਲਾ |
| | 11. ਰੋਪੜ |
| | 12. ਸੰਗਰੂਰ] |

Original with;
Punjab Vidhan Sabha
Digitized by;
Panjab Digital Library

## STATEMENT No. IV

**Showing the names of Chairmen and Members of District Selection Committees who interviewed the candidates in the year 1971**

| Name of the District | Name of the Chairman | Name of the members |
|---|---|---|
| 1. Amritsar | Shri Piara Singh, Distt, Food & Supplies Controller | 1. Shri Amarjit Singh Gulati, Public Grievances Officer.<br>2. Shri Manmohan Singh, P.C.S. |
| 2. Bhatinda .. | Shri R. S. Chawla, Distt. Food & Supplies Controller | 1. Shri Surinder Singh, Distt. Industries Officer.<br>2. Shri I. D. Kanwar, Executive Magistrate. |
| 3. Ferozepur | Shri M. R. Dhawan, G.A. to D.C. | 1. Shri Lakhbir Singh Distt. Food & Supplies Controller.<br>2. Shri Mohinder Singh, Distt. Welfare Officer. |
| 4. Gurdaspur | Shri Karnail Singh, Distt. Food & Supplies Controller | 1. Shri S. K. Khosla, D.D.P.O.<br>2. Shri R. C. Chaudhry, Asstt. Registrar, Co-op. Societies. |
| 5. Hoshiarpur | Shri T. K. A. Nair, I.A.S., Deputy Commissioner, Hoshiarpur | 1. Shri Naranjan Singh Distt. Food & Supplies Controller.<br>2. Shri O. P. Shukla, Distt. Welfare Officer.<br>3 Shri M. K. Sehgal, G.A. to D. C., Hoshiarpur. |
| 6. Jullundur | Shri G. S. Chawla, Distt. Food & Supplies Controller | 1. Shri Hazara Singh, Distt. Welfare Officer.<br>2. Shri J. K. Sharma, Distt. Public Relations Officer. |
| 7. Kapurthala | Shri Lal Singh, Distt. Food & Supplies Controller | 1. Shri Harbhajan Singh, Distt. Agriculture Officer.<br>2. Shri Piara Singh, Distt Food & Supplies Officer. |
| 8. Ludhiana .. | Shri Sohan Singh Dhillon, Distt. Food & Supplies Controller | 1. Shri Harbans Singh Sandhu, G.A. to D.C., Ludhiana.<br>2. Shri Manfool Singh, Distt. Welfare Officer. |
| 9. Patiala .. | Shri Shamsher Singh, Distt. Food & Supplies Controller | 1. Shri Jaswant Singh, Asstt. Registrar, Co-operative Societies.<br>2. Shri H. S. Kohli, Distt. Welfare Officer. |
| 10. Ropar | Shri Pritam Singh Brar, Distt. Food & Supplies Controller | 1. Shri Lajpat Singh, Distt. Statistical Officer.<br>2. Shri Salig Ram, Tehsil Welfare Officer. |
| 11. Sangrur | Shri Sukhbishan Singh Virk, Distt. Food & Supplies Controller | 1. Shri A. R. Darshi, Public Grievances Officer,<br>2. Shri Pawan Kumar, Statistical Officer. |

Original with;
Punjab Vidhan Sabha
Digitized by;
Panjab Digital Library

## STATEMENT No. IV

**Showing the names of Chairman and Members of the Departmental Selection Committee who interviewed the candidates in the year 1972**

| Name of the Chairman | Names of the Members |
|---|---|
| Shri H. V. Krishnamurthy, I.A.S., Deputy Secretary-cum-Joint Director, Food & Supplies Department, Punjab | 1. Shri M. R. Bhagat, P.C.S., (S.C.), Administative Officer, Civil Aviation Department, Punjab<br>2. Major Guljeet Singh, Joint State Transport Controller, Punjab. |

## [ਸਾਰਣੀ ਨੰ: 4

ਜਿਹੜੀ ਕਿ ਚੇਅਰਮੈਨ ਅਤੇ ਜ਼ਿਲ੍ਹਾ ਚੋਣ ਕਮੇਟੀਆਂ ਦੇ ਮੈਂਬਰਾਂ ਦੇ ਨਾਮ ਵਿਖਾ ਰਹੀ ਹੈ, ਜਿਨ੍ਹਾਂ ਨੇ 1971 ਵਿਚ ਇੰਟਰਵਿਊ ਕੀਤੀ

| ਜ਼ਿਲ੍ਹੇ ਦਾ ਨਾਂ | ਚੇਅਰਮੈਨ ਦਾ ਨਾਂ | ਮੈਂਬਰਾਂ ਦੇ ਨਾਂ |
|---|---|---|
| ਅੰਮ੍ਰਿਤਸਰ | ਸ਼੍ਰੀ ਪਿਆਰਾ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ਼੍ਰੀ ਅਮਰਜੀਤ ਸਿੰਘ ਗੁਲਾਟੀ, ਪਬਲਿਕ ਗ੍ਰੀਵੈਂਸਜ਼ ਅਫ਼ਸਰ<br>2. ਸ਼੍ਰੀ ਮਨਮੋਹਨ ਸਿੰਘ, ਪੀ. ਸੀ. ਐਸ. |
| ਬਠਿੰਡਾ | ਸ਼੍ਰੀ ਆਰ. ਐਸ. ਚਾਵਲਾ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ਼੍ਰੀ ਸੁਰਿੰਦਰ ਸਿੰਘ, ਡਿਸਟ੍ਰਿਕਟ ਇੰਡਸਟਰੀਜ਼ ਅਫਸਰ<br>2. ਸ਼੍ਰੀ ਆਈ. ਡੀ. ਕੰਵਰ, ਐਗਜ਼ੈਕਟਿਵ ਮੈਜਿਸਟਰੇਟ |
| ਫਿਰੋਜ਼ਪੁਰ | ਸ਼੍ਰੀ ਐਮ. ਆਰ. ਧਵਨ, ਜੀ. ਏ. ਟੂ ਡੀ. ਸੀ. | 1. ਸ਼੍ਰੀ ਲਖਬੀਰ ਸਿੰਘ, ਡਿਸਟ੍ਰਿਕਟ ਫੂਡ ਐਂਡ ਸਪਲਾਈ ਕੰਟਰੋਲਰ<br>2. ਸ਼੍ਰੀ ਮੋਹਿੰਦਰ ਸਿੰਘ, ਡਿਸਟ੍ਰਿਕਟ ਵੈਲਫੇਅਰ ਅਫ਼ਸਰ |

Original with;
Punjab Vidhan Sabha
Digitized by;
Panjab Digital Library

| ਜ਼ਿਲ੍ਹੇ ਦਾ ਨਾਂ | ਚੇਅਰਮੈਨ ਦਾ ਨਾਂ | ਮੈਂਬਰਾਂ ਦੇ ਨਾਂ |
|---|---|---|
| ਗੁਰਦਾਸਪੁਰ | ਸ੍ਰੀ ਕਰਨੈਲ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ੍ਰੀ ਐਸ. ਕੇ. ਖੋਸਲਾ, ਡੀ. ਡੀ. ਪੀ. ਓ.<br>2. ਸ੍ਰੀ ਆਰ. ਸੀ. ਚੌਧਰੀ, ਅਸਿਸਟੈਂਟ ਰਜਿਸਟਰਾਰ, ਕੋਆਪਰੇਟਿਵ ਸੋਸਾਇਟੀਜ਼ |
| ਹੁਸ਼ਿਆਰਪੁਰ | ਸ੍ਰੀ ਟੀ. ਕੇ. ਏ. ਨੇਅਰ, ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ | 1. ਸ੍ਰੀ ਨਰਿੰਜਨ ਸਿੰਘ, ਡਿਸਟ੍ਰਿਕਟ ਫੂਡ ਐਂਡ ਸਪਲਾਈ ਕੰਟਰੋਲਰ<br>2. ਸ੍ਰੀ ਓ. ਪੀ. ਸ਼ੁਕਲਾ, ਡਿਸਟ੍ਰਿਕਟ ਵੈਲਫੇਅਰ ਅਫ਼ਸਰ<br>3. ਸ੍ਰੀ ਐਮ. ਕੇ. ਸਹਿਗਲ, ਜੀ ਏ. ਟੂ. ਡੀ. ਸੀ., ਹੁਸ਼ਿਆਰਪੁਰ |
| ਜਲੰਧਰ | ਸ੍ਰੀ ਜੀ. ਐਸ. ਚਾਵਲਾ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ੍ਰੀ ਹਜ਼ਾਰਾ ਸਿੰਘ, ਡਿਸਟ੍ਰਿਕ ਵੈਲਫੇਅਰ ਅਫ਼ਸਰ<br>2. ਸ੍ਰੀ ਜੇ. ਕੇ. ਸ਼ਰਮਾ ਡੀ. ਪੀ. ਆਰ. ਓ. |
| ਕਪੂਰਥਲਾ | ਸ੍ਰੀ ਲਾਲ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ੍ਰੀ ਹਰਭਜਨ ਸਿੰਘ, ਡਿਸਟ੍ਰਿਕਟ ਐਗਰੀਕਲਚਰਲ ਅਫ਼ਸਰ<br>2. ਸ੍ਰੀ ਪਿਆਰਾ ਸਿੰਘ, ਡੀ. ਐਸ. ਐਫ. ਓ. |
| ਲੁਧਿਆਣਾ | ਸ੍ਰੀ ਸੋਹਣ ਸਿੰਘ ਢਿੱਲੋਂ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ੍ਰੀ ਹਰਬੰਸ ਸਿੰਘ ਸੰਧੂ, ਜੀ. ਏ. ਟੂ ਡੀ. ਸੀ., ਲੁਧਿਆਣਾ<br>2. ਸ੍ਰੀ ਮਨਫੂਲ ਸਿੰਘ, ਡਿਸਟ੍ਰਿਕਟ ਵੈਲਫੇਅਰ ਅਫਸਰ |
| ਪਟਿਆਲਾ | ਸ੍ਰੀ ਸ਼ਮਸ਼ੇਰ ਸਿੰਘ, ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ | 1. ਸ੍ਰੀ ਜਸਵੰਤ ਸਿੰਘ, ਅਸਿਸਟੈਂਟ ਰਜਿਸਟਰਾਰ, ਕੋਆਪਰੇਟਿਵ ਸੋਸਾਇਟੀਜ਼<br>2. ਸ੍ਰੀ ਐਚ. ਐਮ. ਕੋਹਲੀ, ਡਿਸਟ੍ਰਿਕਟ ਵੈਲਫੇਅਰ ਅਫਸਰ |
| ਰੋਪੜ | ਸ੍ਰੀ ਪ੍ਰੀਤਮ ਸਿੰਘ ਬਰਾੜ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ੍ਰੀ ਲਾਜਪਾਲ ਸਿੰਘ, ਡਿਸਟ੍ਰਿਕਟ ਸਟੈਟਿਸਟੀਕਲ ਅਫ਼ਸਰ<br>2. ਸ੍ਰੀ ਸਾਲਿਗ ਰਾਮ, ਤਹਿਸੀਲ ਵੈਲਫੇਅਰ ਅਫ਼ਸਰ |
| ਸੰਗਰਰ | ਸ੍ਰੀ ਸੁਖਬਿਸ਼ਨ ਸਿੰਘ ਵਿਰਕ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ | 1. ਸ੍ਰੀ ਏ. ਆਰ. ਦਰਸੀ, ਪੀ. ਜੀ. ਓ.<br>2. ਸ੍ਰੀ ਪਵਨ ਕੁਮਾਰ, ਡਿਸਟ੍ਰਿਕਟ ਸਟੈਟਿਸਟੀਕਲ ਅਫ਼ਸਰ । |

Original with;
Punjab Vidhan Sabha
Digitized by;
Panjab Digital Library

**ਸਾਰਣੀ ਨੰ: 4**

ਜਿਹੜੀ ਕਿ ਚੇਅਰਮੈਨ ਅਤੇ ਵਿਭਾਗੀ ਕਮੇਟੀ ਦੇ ਦੂਜੇ ਮੈਂਬਰਾਂ ਦੇ ਨਾਮ ਵਿਖਾ ਰਹੀ ਹੈ, ਜਿਨ੍ਹਾਂ ਨੇ 1972 ਵਿਚ ਇੰਟਰਵਿਊ ਕੀਤੀ ।

| ਚੇਅਰਮੈਨ ਦਾ ਨਾਂ | ਮੈਂਬਰਾਂ ਦਾ ਨਾਮ |
|---|---|
| ਸ਼੍ਰੀ ਐਚ. ਵੀ. ਕ੍ਰਿਸ਼ਨਾਮੂਰਤੀ, ਆਈ. ਏ. ਐਸ, ਡਿਪਟੀ ਸੈਕਟਰੀ ਅਤੇ ਸੰਯੁਕਤ ਡਾਇਰੈਕਟਰ, ਖੁਰਾਕ ਤੇ ਸਪਲਾਈ ਵਿਭਾਗ | 1. ਸ਼੍ਰੀ ਐਮ. ਆਰ. ਭਗਤ, ਪੀ. ਸੀ. ਐਸ (ਅ: ਜ:), ਪ੍ਰਸਾਸ਼ਨ ਅਫਸਰ, ਸ਼ਹਿਰੀ ਅਤੇ ਹਵਾਬਾਜ਼ੀ ਮਹਿਕਮਾ ।<br>2. ਮੇਜਰ ਗੁਰਜੀਤ ਸਿੰਘ, ਸਾਂਝਾ ਪ੍ਰਾਂਤਿਕ ਟਰਾਂਸਪੋਰਟ ਕੰਟਰੋਲਰ, ਪੰਜਾਬ ।] |



Original with;
Punjab Vidhan Sabha
Digitized by;
Panjab Digital Library

**Officials of Education Department in District Bhatinda, served as Supervising staff in the Matriculation Examination conducted by the Punjab School Education Board**

**535. Comrade Jangir Singh Joga, M.L.A.** : Will the Minister for Education and Revenue be pleased to state —

(a) the total number of officials of Education Department in Distt Bhatinda who worked as Supervisory staff in the Matriculation Examination conducted by the Punjab School Education Board, during the year 1969-70, 1970-71 and 1971-72, separately ;

(b) the total number of the officials mentioned in part (a) above who had not deposited as yet 50% of the total remuneration earned as such with the Govt. as required by the instructions of the Education Department ;

(c) the action, if any, likely to be taken by the Govt. in the matter ?

**Sardar Umrao Singh**: (a)

| 1969-70 | 1970-71 | 1971-72 |
|---|---|---|
| 83 | 89 | 112 |

( b) 202.

(c) Matter is under consideration.

(ੳ)

| 1969-70 | 1970-71 | 1971-72 |
|---|---|---|
| 83 | 89 | 112 |

(ਅ) 202

(ੲ) ਮਸਲਾ ਵਿਚਾਰ ਅਧੀਨ ਹੈ ।]

**Subjects taught by Headmasters in Government Schools in District Bhatinda**

**541. Comrade Jangir Singh Joga, M.L.A.** : Will the Minister for Education and Revenue be pleased to state—

(a) the total number of Headmasters working in the Government Higher Secondary/High Schools in District Bhatinda as on 1st April, 1972 ;

(b) the total number of those referred to in part (a) above who taught no subject to X class during the 1971-72 and 1972-73 sessions;

(c) the total number of those mentioned in part (a) above who taught major subjects to X class during the 1971-72 and 1972-73 session separately ;

(d) the total number of those mentioned in part (a) above who taught minor subjects to X class during the 1971-72 and 1972-73 sessions, separately ;

(e) the total number and names of Headmasters whose subject-results referred to in parts (c) and (d) above are below the general pass percentage of the Punjab School Education Board during the session 1971-72 ;

Original with;
Punjab Vidhan Sabha
Digitized by;
Panjab Digital Library

(f) the action likely to be taken against the Headmaster mentioned in part (e) above ?

**Sardar Umrao Singh**: (a) 68

| | 1971-72 | 1972-73 |
|---|---|---|
| (b) | 7 | 7 |
| (c) | 43 | 43 |
| (d) | 18 | 18 |
| (e) | | 7 (List given below) |

(f) The Headmasters concerned have been directed to improve their results.

[(ੳ) 68

| | 1971–72 | 1972–73 |
|---|---|---|
| (ਅ) | 7 | 7 |
| (ੲ) | 43 | 43 |
| (ਸ) | 18 | 18 |
| (ਹ) | 7 | (ਲਿਸਟ ਹੇਠ ਦਿਤੀ ਹੈ) |

(ਕ) ਸਬੰਧਤ ਮੁੱਖ ਅਧਿਆਪਕਾਂ ਨੂੰ ਨਤੀਜਾ ਉਚਾ ਕਰਨ ਲਈ ਹਦਾਇਤ ਜਾਰੀ ਕਰ ਦਿਤੀ ਹੈ।]

**ਮੁੱਖ ਅਧਿਆਪਕਾਂ ਦੀ ਸੂਚੀ ਜਿਨ੍ਹਾਂ ਦੇ ਸੈਸ਼ਨ 1971-72 ਵਿਚ ਵਿਸ਼ੇਵਾਰ ਰਿਜ਼ਲਟ ਪੰਜਾਬ ਸ਼ਕੂਲ ਸਿਖਿਆ ਬੋਰਡ ਨਾਲੋਂ ਘੱਟ ਸੀ।**

| ਲੜੀ ਨ: | ਮੁੱਖ ਅਧਿਆਪਕ ਦਾ ਨਾਂ | ਸਕੂਲ ਦਾ ਨਾਂ | ਵਿਸ਼ੇ ਦਾ ਨਾਂ |
|---|---|---|---|
| 1. | ਰਾਮੇਸ਼ਵਰ ਦਾਸ | ਗੌਰਮਿੰਟ ਹਾਈ ਸਕੂਲ, ਭਾਈ ਰੂਪਾ | ਸਾਇੰਸ |
| 2. | ਚਮਨ ਲਾਲ | ਗੌਰਮਿੰਟ ਹਾਈ ਸਕੂਲ, ਚੁਘਾ ਕਲਾਂ | ਅੰਗਰੇਜ਼ੀ |
| 3. | ਭਾਗ ਸਿੰਘ | ਗੌਰਮਿੰਟ ਹਾਈ ਸਕੂਲ, ਰਾਏਪੁਰ | ਅੰਗਰੇਜ਼ੀ |
| 4. | ਜਗਦੀਪ ਸਿੰਘ | ਗੌਰਮਿੰਟ ਹਾਈ ਸਕੂਲ, ਕੂਟੀ | ਅੰਗਰੇਜ਼ੀ |
| 5. | ਨਰਿੰਦਰ ਸਿੰਘ ਮਿੱਤਲ | ਗੌਰਮਿੰਟ ਹਾਈ ਸਕੂਲ, ਜਿਉਂਦਾ | ਸਮਾਜਿਕ ਸਿਖਿਆ |
| 6. | ਰਣਜੀਤ ਸਿੰਘ | ਗੌਰਮਿੰਟ ਹਾਈ ਸਕੂਲ, ਜੀਦਾ | ਸਮਾਜਿਕ ਸਿਖਿਆ |
| 7. | ਸਤਪਾਲ ਤਿਵਾੜੀ | ਗੌਰਮਿੰਟ ਹਾਈ ਸਕੂਲ, ਸਲਾਬਤਪੁਰਾ | ਅੰਗ੍ਰੇਜ਼ੀ |

11308PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

© 1975

Published under the authority of the Punjab Vidhan Sabha Secretariat and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*1st March, 1973*

Vol. I--No. 2

**OFFICIAL REPORT**

CONTENTS

**Thursday, the 1st March, 1973**


| | Page |
|---|---|
| Starred Questions and Answers .. | (2)1 |
| Written Answers to Starred Questions laid on the Table of the House under Rule 38 .. | (2)25 |
| Questions of Privilege .. | (2)55 |
| Resolution *re*. Giving Right to vote to every citizen of India who is not less than 18 years of age .. | (2)58 |
| Personal Explanations by—<br>(i) Sardar Gurcharan Singh Nihalsinghwala<br>(ii) Comrade Satya Pal Dang .. | (2)75 |
| Resolution *re*. giving Right to Vote to every citizen of India who is not less than 18 years of age (Resumption of Discussion) .. | (2)76 |
| Walk out .. | (2)95 |
| Resolution *reg*. giving Right to vote to every citizen of India who is not less than 18 years of age (Resumption of Discussion) .. | (2)95 |


Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*ERRATA*

TO

PUNJAB VIDHAN SABHA DEBATES,
DATED THE 1ST MARCH, 1973.

VOL. I—No. 2

---

| *Read* | *For* | *Page* | *Line* |
|---|---|---|---|
| ਟਰਾਂਸਫਰ | ਟਸਾਂਸਫਰ | (2)5 | 9th from below |
| ਸਰਦਾਰ ਪ੍ਰਹਿਲਾਦ ਸਿਘ | ਸਰਦਾਜ ਪੜਹਿਲਾਦ ਸਿੰਘ | (2)12 | 6 |
| qualification | qualfication | (2)13 | 9 |
| Entrepreneurs | Enterpreneurs | (2)15 | 4 |
| Machinery | machinry | (2)15 | 6 |
| reservoir | reservior | (2)20 | 11 |
| Thein | the in | (2)20 | 9 |
| ਜਾਂ | ਦਾ | (2)40 | 10th from below |
| prima facie | premafacie | (2)53 | 4th from below |
| ਹਿੱਸਾ | ਿ ਸਾ | (2)68 | 14 |
| ਕੋਈ | ਕਈ | (2)76 | 15 |
| ਆਸ਼ਰਮ | ਪ੍ਰਸਤ | (2)98 | 19 |
| ਵੈਲੱਫੂੜ | ਵੈਨੱਫੂੜ | (2)104 | 2, 6,28 |

---

Original with;
Punjab Vidhan Sabha
Digitized by;
Panjab Digital Library

*Original with*
Punjab Vidhan Sabha
*Digitized by*
Panjab Digital Library

# PUNJAB VIDHAN SABHA

**Thursday, the 1st March, 1973**

*The Vidhan Sabha met in the Hall of the Punjab Vidhan Sabha, Vidhan Bhavan, Sector-1, Chandigarh at 9.00 A.M. of the Clock. Mr. Speaker (Sardar Darbara Singh) in the Chair.*

## STARRED QUESTIONS AND ANSWERS

**ਸ੍ਰੀ ਸਪੀਕਰ** : ਸਵਾਲ ਨੰ : 1111 (Question No. 1111)

**ਸ੍ਰੀ ਸਰਦਾਰੀ ਲਾਲ ਕਪੂਰ** : ਇਹ ਸਵਾਲ ਪੁਛਣ ਲਈ ਮੈਨੂੰ ਸਰਦਾਰ ਲਛਮਣ ਸਿੰਘ ਹੁਣੇ ਕਹਿ ਕੇ ਗਏ ਹਨ ।

**ਸ੍ਰੀ ਸਪੀਕਰ** : ਠੀਕ ਹੈ ਜੀ। (All right)

**ਸਰਦਾਰ ਅਜਾਇਬ ਸਿੰਘ ਸੰਧੂ** : ਆਨਰੇਬਲ ਮੈਂਬਰ ਠੀਕ ਹੀ ਕਹਿੰਦੇ ਹਨ, ਪਰ ਇਹ ਸਰਕਾਰ ਝੂਠ ਬੋਲਦੀ ਹੈ ।

**ਸ੍ਰੀ ਸਪੀਕਰ** : ਸੰਧੂ ਸਾਹਿਬ, ਤੁਸੀਂ ਫ਼ੀਸ ਲਏ ਬਿਨਾਂ ਮੈਂਬਰਾਂ ਦੀ ਵਕਾਲਤ ਨਾ ਕਰੋ । ਸ਼ਬਦ ਝੂਠ ਅਨਪਾਰਲੀਮੈਂਟਰੀ ਹੈ । ਅਨਪਾਰਲੀਮੈਂਟਰੀ ਸ਼ਬਦ ਬੋਲਣੇ ਨਹੀਂ ਚਾਹੀਦੇ । (I would request the hon. Member Shri Ajaib Singh Sandhu not to plead for the other members gratis. The word "Jhooth" is unparliamentary and the hon. Members would be well advised not to use such words in the House).

**ਇਕ ਮਾਨਯੋਗ ਮੈਂਬਰ** : ਜਿਹੜੇ ਹਮੇਸ਼ਾਂ ਝੂਠ ਬੋਲਦੇ ਹਨ, ਅੱਜ ਉਨ੍ਹਾਂ ਦਾ ਇਹ ਸ਼ਬਦ ਕਾਹਨੂੰ ਅਨਪਾਰਲੀਮੈਂਟਰੀ ਕਰਨਾ ਹੈ (ਹਾਸਾ) ।

**Setting up new Grain Markets near Railway Station in the State.**

***1111. Sardar Lachhman Singh** (Put by Shri Sardari Lal Kapur) Will the Minister for Development be pleased to state—

(a) whether the Punjab State Agricultural Marketing Board proposes setting up more new grain markets near Railway Station in the State during the current financial year ; if so, their number and the names of places where these are proposed to be set up ?

**Captain Rattan Singh**: (a) New Mandis near Railway Stations have been/are being established during the financial year at Ropar, Tanda, Amritsar, Hoshiarpur, Moga, Muktsar, Nabha, and Jagraon.

[(ੳ) ਨਵੀਆਂ ਮੰਡੀਆਂ, ਚਾਲੂ ਵਿੱਤੀ ਸਾਲ ਵਿੱਚ, ਰੇਲਵੇ ਸਟੇਸ਼ਨਾਂ ਦੇ ਨਾਲ ਰੋਪੜ, ਟਾਂਡਾ, ਅੰਮ੍ਰਿਤਸਰ, ਹੁਸ਼ਿਆਰਪੁਰ, ਮੋਗਾ, ਮੁਕਤਸਰ, ਨਾਭਾ ਅਤੇ ਜਗਰਾਉਂ ਸਥਾਨਾਂ ਤੇ ਬਣਾਈਆਂ ਜਾ ਰਹੀਆਂ ਹਨ ।]

**ਸਰਦਾਰ ਬਲਵਿੰਦਰ ਸਿੰਘ ਭੂੰਡਰ** : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਪੁਛਣੀ ਚਾਹੁੰਦਾ ਹਾਂ ਕਿ 50–50 ਮੀਲ ਦੇ ਏਰੀਏ ਵਿਚ ਜਿਥੇ ਕੋਈ ਸਟੇਸ਼ਨ ਨਹੀਂ ਹੈ, ਜਿਵੇਂ ਕਿ ਮੇਰੇ ਇਲਾਕੇ ਵਿਚ ਝਨੀਰ ਵਿਖੇ ਨਾ ਕੋਈ ਮੰਡੀ ਹੈ ਨਾ ਕੋਈ ਨੇੜੇ ਤੇੜੇ ਸਟੇਸ਼ਨ ਹੈ, ਕੀ ਸਰਕਾਰ ਐਸੀਆਂ ਥਾਵਾਂ ਤੇ ਵੀ ਮੰਡੀਆਂ ਬਨਾਉਣ ਦਾ ਇਰਾਦਾ ਰਖਦੀ ਹੈ ?

Original with;
Punjab Vidhan Sabha
Digitized by;
Panjab Digital Library

**ਵਿਕਾਸ ਮੰਤਰੀ** : ਇਸ ਸਵਾਲ ਦਾ ਸਬੰਧ ਸਟੇਸ਼ਨਾਂ ਨਾਲ ਨਹੀਂ, ਇਹ ਮੰਡੀਆਂ ਬਨਾਉਣ ਦਾ ਸਵਾਲ ਹੈ, ਜਿਥੇ ਵੀ ਜ਼ਰੂਰੀ ਸਮਝਦੇ ਹਾਂ ਇਹ ਮੰਡੀਆਂ ਬਣਾਈਆਂ ਜਾ ਰਹੀਆਂ ਹਨ।

**आचार्य पृथ्वी सिंह आज़ाद** : क्या मंत्री महोदय यह बताने की कृपा करेंगे कि जब सरकार ने खरीदो–फरोख्त का काम खुद ही करना है तो सरकार पुराना तरीका ही क्यों इखत्यार नहीं करती ?

**ਮੰਤਰੀ** : ਮੰਡੀਆਂ ਵਿਚ ਸਿਰਫ ਅਨਾਜ ਦੀ ਹੀ ਖਰੀਦੋ–ਫ਼ਰੋਖਤ ਨਹੀਂ ਹੁੰਦੀ, ਹੋਰ ਵੀ ਬਹੁਤ ਸਾਰੀਆਂ ਜਿਨਸਾਂ ਹਨ ਜਿਹੜੀਆਂ ਕਿਸਾਨ ਨੂੰ ਮੰਡੀਆਂ ਦੇ ਵਿਚ ਲਿਆਕੇ ਵੇਚਣੀਆਂ ਪੈਂਦੀਆਂ ਹਨ। ਜਿਸ ਤਰ੍ਹਾਂ ਕਿ ਕਪਾਸ, ਤੋਰੀਆ ਅਤੇ ਹੋਰ ਇਸ ਤਰ੍ਹਾਂ ਦਾ ਜਿਹੜਾ ਮਾਲ ਹੈ। ਮੰਡੀਆਂ ਇਸ ਗਲ ਲਈ ਵੀ ਬਣਾਈਆਂ ਜਾਂਦੀਆਂ ਹਨ।

**ਕਾਮਰੇਡ ਮਹਿਤਾਬ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਪਿੰਡ ਰੋੜਾਂਵਾਲੀ, ਲਖੇਵਾਲੀ ਅਤੇ ਲਾਧੂਕਾ ਵਿਚ ਮੰਡੀਆਂ ਬਨਾਉਣ ਦਾ ਸਰਕਾਰ ਇਰਾਦਾ ਰਖਦੀ ਹੈ, ਜਿਥੇ ਕਿ ਸਟੇਸ਼ਨ ਨਾਲ ਲਗਦੇ ਹਨ ?

**ਮੰਤਰੀ** : ਜਿਥੇ ਵੀ ਜ਼ਰੂਰਤ ਹੋਵੇਗੀ ਅਤੇ ਲੋਕਾਂ ਦੀ ਡੀਮਾਂਡ ਹੋਵੇਗੀ ਉਥੇ ਸਰਕਾਰ ਮੰਡੀਆਂ ਬਨਾਉਣ ਤੇ ਜ਼ਰੂਰ ਗੌਰ ਕਰੇਗੀ।

---

**Payment of compensation in lieu of R.S. 09 Tractors taken back by Government being defective**

***1179. 1. Sardar Ajaib Singh Sandhu,**
**2. Sardar Prehlad Singh**
**3. Sardar Jasdev Singh Sandhu** } Will the Minister for Development be pleased to state—

(a) the number of RS. 09 East German Tractors taken back by the Punjab Government being defective district-wise ;

(b) the number of owners, district-wise who had been paid compensation against these defective tractors ;

(c) the reasons for non-payment of compensation to the owners from whom these defective tractors were taken back long ago ?

**Captain Rattan Singh :** (a) 410 R.S. 09 defective tractor have been deposited by the farmers with the Punjab Agro-Industries Corporation and not with the Punjab Government. The district-wise detail of such tractors is laid on the table of the House.

(b) The payment for 101 RS 09 tractors under first protocol was received from the Suppliers out of which payment in 80 cases where ownership was completely transferred and accepted by the Suppliers, was made to the farmers concerned. The district-wise detail of the 80 cases is laid on the table of the House.

(c) The payments for the remaining tractors have not been received from the Suppliers.

[(ੳ) ਪੰਜਾਬ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਵਿਚ ਹੀ ਕੇਵਲ ਕਿਸਾਨਾਂ ਨੇ 410 ਆਰ. ਐਸ. 09 ਨੁਕਸਦਾਰ ਟਰੈਕਟਰ ਜਮ੍ਹਾਂ ਕਰਾਏ ਹਨ ਨਾ ਕਿ ਪੰਜਾਬ ਸਰਕਾਰ ਪਾਸ। ਅਜਿਹੇ ਟਰੈਕਟਰਾਂ ਦਾ ਜ਼ਿਲ੍ਹਾ-ਵਾਰ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

(ਅ) 101 ਆਰ. ਐਸ. 09 ਟਰੈਕਟਰਾਂ ਦੀ ਕੀਮਤ ਪਹਿਲੇ ਪਰਾਟੋਕੋਲ ਅਧੀਨ ਸਪਲਾਈ-ਕਰਤਾ ਪਾਸੋਂ ਪ੍ਰਾਪਤ ਕੀਤੀ ਸੀ । ਇਨ੍ਹਾਂ ਵਿਚੋਂ 80 ਕੇਸਾਂ ਵਿਚ ਜਿਨ੍ਹਾਂ ਵਿਚ ਮਲਕੀਅਤ ਪੂਰੇ ਤੌਰ ਤੇ ਤਬਦੀਲ ਕੀਤੀ ਗਈ ਅਤੇ ਸਪਲਾਈ-ਕਰਤਾ ਨੇ ਇਹ ਮੰਨ ਲਈ ਸੀ, ਸਬੰਧਤ ਕਿਸਾਨਾਂ ਨੂੰ ਕੀਮਤ ਦੀ ਅਦਾਇਗੀ ਕਰ ਦਿੱਤੀ ਗਈ ਸੀ । ਇਨ੍ਹਾਂ 80 ਕੇਸਾਂ ਦਾ ਜ਼ਿਲ੍ਹੇ-ਵਾਰ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ੲ) ਬਾਕੀ ਦੇ ਟਰੈਕਟਰਾਂ ਦੀ ਕੀਮਤ ਅਜੇ ਤੀਕ ਸਪਲਾਈ ਕਰਤਾ ਪਾਸੋਂ ਪ੍ਰਾਪਤ ਨਹੀਂ ਹੋਈ ।]

**District-wise details of 410 RS.09 defective tractors deposited by the farmers with the Punjab Agro-Industries Corporation**

410 ਆਰ. ਐਸ. 09 ਨੁਕਸਦਾਰ ਟਰੈਕਟਰਾਂ ਦਾ ਜ਼ਿਲ੍ਹਾ-ਵਾਰ ਵੇਰਵਾ ਜੋ ਕਿ ਕਿਸਾਨਾਂ ਨੇ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਪਾਸ ਜਮ੍ਹਾਂ ਕਰਾਏ

| Serial No. ਲੜੀ ਨੰ. | District ਜ਼ਿਲ੍ਹਾ | | | No. of tractors deposited by the farmers under first protocol, dated 21st February, 1971 ਟਰੈਕਟਰਾਂ ਦੀ ਸੰਖਿਆ ਜੋ ਕਿ ਕਿਸਾਨਾਂ ਨੇ ਪਹਿਲੇ ਪਰਾਟੋਕੋਲ ਮਿਤੀ 21 ਫ਼ਰਵਰੀ 1971 ਦੇ ਅਧੀਨ ਜਮ੍ਹਾਂ ਕਰਾਏ | No. of tractors deposited by the farmers under second protocol, dated 13th December, 1972 ਟਰੈਕਟਰਾਂ ਦੀ ਸੰਖਿਆ ਜੋ ਕਿ ਕਿਸਾਨਾਂ ਨੇ ਦੂਜੀ ਪਰਾਟੋਕੋਲ ਮਿਤੀ 13 ਦਸੰਬਰ, 1972 ਦੇ ਅਧੀਨ ਜਮ੍ਹਾਂ ਕਰਾਏ | Total ਜੋੜ |
|---|---|---|---|---|---|---|
| 1 | Jullundur | ਜਲੰਧਰ | .. | 42 | 6 | 48 |
| 2 | Ludhiana | ਲੁਧਿਆਣਾ | .. | 21 | 29 | 50 |
| 3 | Patiala | ਪਟਿਆਲਾ | .. | 23 | 16 | 39 |
| 4 | Sangrur | ਸੰਗਰੂਰ | .. | 20 | 10 | 30 |
| 5 | Ropar | ਰੋਪੜ | .. | 16 | 10 | 26 |
| 6 | Amritsar | ਅੰਮ੍ਰਿਤਸਰ | .. | 58 | 8 | 66 |
| 7 | Hoshiarpur | ਹੁਸ਼ਿਆਰਪੁਰ | .. | 26 | 10 | 36 |
| 8 | Ferozepore | ਫਿਰੋਜ਼ਪੁਰ | .. | 20 | 5 | 45 |
| 9 | Bhatinda | ਬਠਿੰਡਾ | .. | 21 | 25 | 26 |
| 10 | Gurdaspur | ਗੁਰਦਾਸਪੁਰ | .. | 28 | 10 | 38 |
| 11 | Kapurthala | ਕਪੂਰਥਲਾ | .. | 6 | .. | 6 |
| | Total ਜੋੜ | | .. | 281 | 129 | 410 |

Original with;
Punjab Vidhan Sabha
Digitized by;
Panjab Digital Library

**District-wise detail of 80 cases in which the payment has been refunded**

80 ਕੇਸਾਂ ਦਾ ਜ਼ਿਲ੍ਹਾ-ਵਾਰ ਵੇਰਵਾ ਜਿਨ੍ਹਾਂ ਨੂੰ ਧਨਵਾਪਸੀ ਦੀ ਅਦਾਇਗੀ ਹੋ ਚੁੱਕੀ ਹੈ

| Serial No. ਲੜੀ ਨੰ: | District ਜ਼ਿਲ੍ਹਾ | | | No. of owners to whom payment has been refunded ਮਾਲਕਾਂ ਦੀ ਸੰਖਿਆ ਜਿਨ੍ਹਾਂ ਨੂੰ ਅਦਾਇਗੀ ਹੋ ਚੁੱਕੀ ਹੈ |
|---|---|---|---|---|
| 1 | Jullundur | ਜਲੰਧਰ | .. | 21 |
| 2 | Ludhiana | ਲੁਧਿਆਣਾ | .. | 8 |
| 3 | Patiala | ਪਟਿਆਲਾ | .. | 1 |
| 4 | Sangrur | ਸੰਗਰੂਰ | .. | 1 |
| 5 | Ropar | ਰੋਪੜ | .. | 6 |
| 6 | Amritsar | ਅੰਮ੍ਰਿਤਸਰ | .. | 14 |
| 7 | Hoshiarpur | ਹੁਸ਼ਿਆਰਪੁਰ | .. | 8 |
| 8 | Ferozepore | ਫਿਰੋਜ਼ਪੁਰ | .. | 2 |
| 9 | Bhatinda | ਬਠਿੰਡਾ | .. | 4 |
| 10 | Gurdaspur | ਗੁਰਦਾਸਪੁਰ | .. | 10 |
| 11 | Kapurthala | ਕਪੂਰਥਲਾ | .. | 5 |
| | | Total ਜੋੜ | .. | 80 |

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ 410 ਟਰੈਕਟਰਜ਼ ਪਿਛਲੇ 8 ਸਾਲ ਤੋਂ ਖਰੀਦੇ ਪਏ ਹਨ, ਅਤੇ 80 ਟਰੈਕਟਰਾਂ ਦੀ ਹੋਰ ਡੀਮਾਂਡ ਕੀਤੀ ਗਈ ਹੈ, ਕੀ ਵਜ਼ੀਰ ਸਾਹਿਬ ਦਸਣਗੇ ਕਿ ਜਦੋਂ ਪਹਿਲੇ ਅਜੇ ਪਏ ਹਨ ਹੋਰ ਮੰਗਾਉਣ ਦੀ ਕੀ ਜ਼ਰੂਰਤ ਸੀ ? Who is responsible for the purchase of these tractors?

**ਮੰਤਰੀ** : ਇਹ ਦੋਵੇਂ ਸਵਾਲ ਆਨਰੇਬਲ ਮੈਂਬਰ ਨੇ ਇਕੱਠੇ ਕਰ ਦਿਤੇ ਹਨ। ਇਸ ਗਲ ਦਾ ਤਾਂ ਹਾਊਸ ਨੂੰ ਪੰਜਾਬ ਸਰਕਾਰ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਇਤਨੀ ਲੜਾਈ ਕਰਨ ਤੋਂ ਬਾਅਦ ਡੀਫ਼ੈਕਟਿਵ ਟਰੈਕਟਰ ਵਾਪਸ ਲੈਣ ਲਈ ਮੰਨਵਾਉਣ ਦਾ ਹੁਣ ਤੱਕ ਯਤਨ ਕੀਤਾ। ਜਿਥੋਂ ਤੱਕ ਟਰੈਕਟਰ ਲਿਆਉਣ ਦੀ ਗੱਲ ਹੈ ਉਹ ਇਹ ਹੈ ਕਿ ਅਸੀਂ ਹੀ ਇਕ ਪ੍ਰੋਟੋਕੋਲ ਮਿਤੀ 21-2-71 ਰਾਹੀਂ ਕਨਸੈਂਟ ਦਿੱਤੀ ਸੀ ਜਿਸ ਰਾਹੀਂ 281 ਟਰੈਕਟਰ ਆਏ, ਬਾਕੀ ਦੇ ਦੂਸਰੇ ਫ਼ੈਸਲੇ ਅਨੁਸਾਰ ਮਿਤੀ 13-12-72 ਨੂੰ ਮੰਗਵਾਏ ਗਏ ਸੀ। ਪਰ ਕਿਉਂਕਿ ਇਹ ਡਿਫੈਕਟਿਵ ਸਨ ਇਸ ਲਈ ਵਾਪਸ ਕਰਨ ਦੀ ਕੋਸ਼ਸ਼ ਕੀਤੀ ਗਈ।

ਜਿਥੋਂ ਤੱਕ ਜ਼ਿਮੇਵਾਰੀ ਦਾ ਸਵਾਲ ਹੈ, ਇਹ ਗੌਰਮੈਂਟ ਆਫ਼ ਇੰਡੀਆ ਤੇ ਆਉਂਦੀ ਹੈ। ਪੰਜਾਬ ਸਰਕਾਰ ਉਨ੍ਹਾਂ ਰਾਹੀਂ ਹੀ ਟਰੈਕਟਰ ਹਾਸਲ ਕਰਦੀ ਹੈ।

Original with;
Punjab Vidhan Sabha
Digitized by;
Panjab Digital Library

**ਗਿਆਨੀ ਅਰਜਨ ਸਿੰਘ ਲਿੱਟ** : ਕੀ ਵਜ਼ੀਰ ਸਾਹਿਬ ਜਾਣਦੇ ਹਨ ਕਿ ਲੁਧਿਆਣੇ ਵਿਚ ਇਕ ਅਜੇਹੀ ਫ਼ਰਮ ਹੈ ਜਿਥੇ ਟਰੈਕਟਰਜ਼ ਲੈਂਡ ਮਾਰਟਗੇਜ ਬੈਂਕ ਰਾਹੀਂ ਖਰੀਦੇ ਜਾਂਦੇ ਹਨ ? ਟਰੈਕਟਰਾਂ ਦੀ ਸਪਲਾਈ ਦੇ ਨਾਲ ਨਾਲ ਮਾਰੂਤੀ ਕਾਰ ਦੀ ਬੁਕਿੰਗ ਕੀਤੀ ਜਾਂਦੀ ਹੈ ?

**ਮੰਤਰੀ** : ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਇਹ ਸਵਾਲ ਆਰ. ਐਸ. 09 ਟਰੈਕਟਰਜ਼ ਦੇ ਨਾਲ ਸੰਬਧਤ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਡਰ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਵਿਅਕਤੀ ਦੇ ਫ਼ੈਸਲੇ ਕਰਕੇ ਲੱਖਾਂ ਰੁਪਏ ਦਾ ਨੁਕਸਾਨ ਹੋਇਆ, ਕੀ ਸਰਕਾਰ ਉਸ ਵਿਅਕਤੀ ਨੂੰ ਸਜ਼ਾ ਦੇਣ ਲਈ ਤਿਆਰ ਹੈ ?

**ਸ੍ਰੀ ਸਪੀਕਰ** : ਇਹ ਜ਼ਿੰਮੇਵਾਰੀ ਤੁਹਾਡੀ ਸਰਕਾਰ ਤੇ ਆਉਣੀ ਹੈ (ਹਾਸਾ) । [This responsibility may fall on your (Akali) Government.) (*Laughter*)]

**ਚੌਧਰੀ ਰਾਮ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਪੁਛਣੀ ਚਾਹੁੰਦਾ ਹਾਂ ਕਿ ਪੰਜਾਬ ਵਿਚ 14 ਹਜ਼ਾਰ ਰੁਪਏ ਦਾ ਟਰੈਕਟਰ ਮਿਲੇ ਅਤੇ ਉਹੀ 11 ਹਜ਼ਾਰ ਰੁਪਏ ਦਾ ਗੁਜਰਾਤ ਦੇ ਵਿਚ ਦਿੱਤਾ ਜਾਵੇ, ਇਹ ਜਿਹੜਾ 3 ਹਜ਼ਾਰ ਦਾ ਖੱਪਾ ਹੈ ਅਤੇ ਜੋ ਪੰਜਾਬ ਦੇ ਕਿਸਾਨਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ ਕਾਰਪੋਰੇਸ਼ਨ ਦੀ ਵਜਾਹ ਨਾਲ, ਕੀ ਇਸਦੀ ਜ਼ਿੰਮੇਵਾਰੀ ਕਾਰਪੋਰੇਸ਼ਨ ਤੇ ਨਹੀਂ ਆਉਂਦੀ ?

**ਮੰਤਰੀ** : ਇਹ ਬਿਲਕੁਲ ਗਲਤ ਹੈ।

**ਡਾਕਟਰ ਅਮੀਰ ਸਿੰਘ ਕਲਕੱਟ** : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਜਾਨਣੀ ਚਾਹੁੰਦਾ ਹਾਂ ਕਿ ਕੁਲ 410 ਟਰੈਕਟਰ ਵਾਪਸ ਆਏ ਸੀ ਜਿਨ੍ਹਾਂ ਵਿਚੋਂ 80 ਬੰਦਿਆਂ ਨੂੰ ਪੈਸੇ ਮੋੜੇ ਹਨ। ਬਾਕੀਆਂ ਨੂੰ ਪੈਸੇ ਨਹੀਂ ਦਿੱਤੇ ਗਏ। ਇਸ ਦਾ ਕੀ ਕਾਰਨ ਹੈ, ਕੀ ਦਾਲ ਦੇ ਵਿਚ ਕੁਝ ਕਾਲਾ ਕਾਲਾ ਤਾਂ ਨਹੀਂ ?

**ਮੰਤਰੀ** : ਇਹ ਵੀ ਰੈਪੀਟੀਸ਼ਨ ਹੈ। ਜਿਨ੍ਹਾਂ ਨੂੰ ਪੈਸੇ ਅਜੇ ਤੱਕ ਨਹੀਂ ਮਿਲੇ ਉਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੇ ਓਨਰਸ਼ਿਪ ਅਜੇ ਤੱਕ ਟਰਾਂਸਫ਼ਰ ਨਹੀਂ ਕੀਤੀ।

**ਸ੍ਰੀ ਸਪੀਕਰ** : ਕੀ ਇਹ ਓਨਰਸ਼ਿਪ ਟਸਾਂਸਫ਼ਰ ਕਰਨ ਵਿਚ ਬੈਂਕ ਦੀ ਕੋਈ ਡਿਫ਼ੀਕਲਟੀ ਹੈ ? (Is there some bank transaction difficulty involved in the transfer of the ownership?)

**ਮੰਤਰੀ** : ਜੀ ਹਾਂ।

**ਸ੍ਰੀ ਸਪੀਕਰ** : ਤਾਂ ਵੀ ਤੁਹਾਨੂੰ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ। (Even then the Government should find some solution)

**आचार्य पृथ्वी सिंह आज़ाद** : मंत्री महोदय ने कहा है कि सैंटर की सरकार की सलाह से यह ट्रैक्टर खरीदे गए। लेकिन क्या यह बात दरुसत नहीं है कि ईस्टन जर्मनी के ट्रैक्टर पंजाब के इन्जीनियरों के कहने पर खरीद किये गये ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਹ ਬਿਲਕੁਲ ਗਲਤ ਹੈ। ਇਹ ਬਧਨੀ ਤੋਂ ਟੈਸਟ ਹੋ ਕੇ ਆਏ ਹਨ। ਇਨ੍ਹਾਂ ਨਾਲ ਹੋਰ ਸਰਕਾਰਾਂ ਦਾ ਵੀ ਸਬੰਧ ਹੈ। ਸਾਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਸਾਡੀ ਗਲ ਮੰਨ ਲਈ ਹੈ ਅਤੇ ਦੂਜਾ ਪ੍ਰੋਟੋਕੋਲ ਸਾਈਨ ਕਰ ਲਿਆ ਗਿਆ ਹੈ।

**ਸਰਦਾਰ ਅਜਾਇਬ ਸਿੰਘ ਸੰਧੂ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਨ੍ਹਾਂ ਲੋਕਾਂ ਨੂੰ ਅਜੇ ਕੰਮਪਨਸੇਸ਼ਨ ਨਹੀਂ ਮਿਲਿਆ ਉਨ੍ਹਾਂ ਨੂੰ ਕੰਮਪਨਸੇਸ਼ਨ ਦਿਵਾਉਣ ਲਈ ਕੀ ਸਟੈਪ ਚੁਕਣਗੇ ?

**ਮੰਤਰੀ** : ਇਹ ਰੇਪੀਟੀਸ਼ਨ ਹੀ ਹੈ ਜੀ।

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਲੰਧਰ ਵਿਚ ਜੋ 400 ਦੇ ਕਰੀਬ ਟਰੈਕਟਰ ਖੜੇ ਹਨ ਅਤੇ ਜੋ ਨਾ ਤਾਂ ਦੂਜੇ ਮੁਲਕਾਂ ਨੂੰ ਵਾਪਸ ਹੀ ਕੀਤੇ ਗਏ ਹਨ ਅਤੇ ਨਾ ਹੀ ਲੋਕਾਂ ਨੂੰ ਦਿਤੇ ਗਏ ਹਨ ਕੀ ਉਹ ਕਬਾੜੀਆਂ ਨੂੰ ਦੇਣ ਦੀ ਸਲਾਹ ਹੈ ? (ਹਾਸਾ) ਐਗਰੋ-ਇੰਡਸਟਰੀਅਲ ਕਾਰਪੋਰੇਸ਼ਨ ਉਸ ਥਾਂ ਦਾ ਇਕ ਹਜ਼ਾਰ ਰੁਪਿਆ ਮਹੀਨਾ ਕਿਰਾਇਆ ਹੀ ਭਰ ਰਹੀ ਹੈ ?

**ਮੰਤਰੀ** : ਸਾਡੇ ਵਲੋਂ ਭਾਵੇਂ ਉਨ੍ਹਾਂ ਨੂੰ ਅਗ ਲਗ ਜਾਵੇ ਸਾਡਾ ਉਨ੍ਹਾਂ ਨਾਲ ਕੋਈ ਤਅਲੁੱਕ ਨਹੀਂ ਹੈ।

**ਸ਼੍ਰੀ ਸਪੀਕਰ** : ਪਰ ਉਨ੍ਹਾਂ ਨੂੰ ਦੂਜੇ ਟੂਲ ਵਿਚ ਕੰਨਵਰਟ ਕੀਤਾ ਜਾ ਸਕਦਾ ਹੈ, ਉਹ ਇਸ ਤਰ੍ਹਾਂ ਯੂਜ਼ਫ਼ਲ ਸਾਬਤ ਹੋ ਸਕਦੇ ਹਨ। (But they can prove useful if those are converted into some other tools.)

**ਮੰਤਰੀ** : ਇਹ ਠੀਕ ਹੈ ਜੀ, ਇਸ ਬਾਰੇ ਦੇਖ ਲਵਾਂਗੇ।

---

**Representation against Assistant Poultry Development Officer, Patiala**

***1132. 1. Comrade Jangir Singh Joga**
**2. Comrade Saghar Singh** : Will the Minister for Development be pleased to state—

(a) whether the Government received in 1972 any representation from Shri Mohan Singh and others containing charges of embezzlement of Government money and misuse of power by the Assistant Poultry Development Officer, Patiala ;

(b) if the answer to part (a) above be in the affirmative, whether any enquiry has been held against the said officer ; if so, with what result ?

**Captain Rattan Singh** : (a) Yes.

(b) Enquiry was held and the report submitted by the Enquiry Officer is under consideration of Government.

[(ੳ) ਹਾਂ ਜੀ।

Original with;
Punjab Vidhan Sabha
Digitized by;
Panjab Digital Library

(ਅ) ਇਨਕੁਆਰੀ ਕਰਵਾਈ ਗਈ ਅਤੇ ਇਨਕੁਆਇਰੀ ਅਫ਼ਸਰ ਰਾਹੀਂ ਪੇਸ਼ ਕੀਤੀ ਰਿਪੋਰਟ ਸਰਕਾਰ ਦੇ ਵਿਚਾਰ ਅਧੀਨ ਹੈ ।]

**ਕਾਮਰੇਡ ਜੰਗੀਰ ਸਿੰਘ ਜੋਗਾ** : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਇਨ੍ਹਾਂ ਨੇ ਇਹ ਜੋ ਕਿਹਾ ਹੈ ਕਿ ਵਿਚਾਰ ਅਧੀਨ ਹੈ, ਇਸ ਤੇ ਫ਼ੈਸਲਾ ਕਰਕੇ ਕੋਈ ਕਾਰਵਾਈ ਛੇਤੀ ਕਰਨਗੇ ?

**ਮੰਤਰੀ** : ਉਸ ਅਫ਼ਸਰ ਨੂੰ ਚਾਰਜਸ਼ੀਟ ਦਿਤੀ ਹੋਈ ਹੈ, ਜਦੋਂ ਉਸ ਚਾਰਜਸ਼ੀਟ ਦਾ ਜਵਾਬ ਆ ਗਿਆ ਉਸ ਦੇ ਖਿਲਾਫ਼ ਕਾਰਵਾਈ ਜ਼ਰੂਰ ਕੀਤੀ ਜਾਵੇਗੀ।

**Milk purchase by the Defence Department of Central Government from Verka Dairy Plant**

***1177. 1. Sardar Ajaib Singh Sandhu**
**2. Sardar Prehlad Singh**
**3. Sardar Jasdev Singh Sandhu**
: Will the Minister for Development be pleased to state—

(a) whether it is a fact that the Defence Department of the Central Government had been purchasing 15 thousand litres of milk daily from the Verka Dairy Plant till 31st January, 1973 ;

(b) whether it is also a fact that the said Department stopped the purchase of milk from the said Plant all of a sudden on the Ist February, 1973 without any prior notice to the Department concerned and started purchase of the milk in bulk from private Sector ;

(c) if the answer to parts (a) and (b) above be in affirmative, the reasons therefor ?

**Captain Rattan Singh** : (a) Yes. The quantity varied.

(b) Yes.

(c) The reasons are not known.

[(ੳ) ਜੀ ਹਾਂ । ਦੁੱਧ ਦੀ ਮਿਕਦਾਰ ਬਦਲਦੀ ਰਹੀ ਹੈ ।

(ਅ) ਜੀ ਹਾਂ ।

(ੲ) ਕਾਰਨਾਂ ਦਾ ਕੋਈ ਪਤਾ ਨਹੀਂ ਹੈ ।]

**ਸਰਦਾਰ ਅਜਾਇਬ ਸਿੰਘ ਸੰਧੂ** : ਕੀ ਵਜ਼ੀਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਯਕ-ਲਖ਼ਤ ਜੋ 15 ਹਜ਼ਾਰ ਲਿਟਰ ਦੁੱਧ ਡੀਫ਼ੈਂਸ ਵਾਲਿਆਂ ਨੇ ਬੰਦ ਕਰ ਦਿਤਾ ਹੈ ਕੀ ਇਸ ਦੇ ਖ਼ਿਲਾਫ਼ ਇਨ੍ਹਾਂ ਨੇ ਕੋਈ ਪ੍ਰੋਟੈਸਟ ਕੀਤਾ ਹੈ ?

**ਮੰਤਰੀ** : ਇਕ ਲੱਖ 15 ਹਜ਼ਾਰ ਨਹੀਂ ਸੀ ਸਿਰਫ 15 ਹਜ਼ਾਰ ਲਿਟਰ ਦੁੱਧ ਬੰਦ ਕੀਤਾ ਗਿਆ ਹੈ . . . . (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ :** ਮੈਂ ਇਕ ਲੱਖ ਨਹੀਂ, ਇਕ-ਲਖਤ ਕਿਹਾ ਹੈ....(ਵਿਘਨ)

**ਮੰਤਰੀ :** ਝੂਠ ਕਿਉਂ ਬੋਲਦੇ ਹੋ ਰਿਕਾਰਡ ਕਢਾ ਕੇ ਦੇਖ ਲਓ......(ਵਿਘਨ)

**ਸ੍ਰੀ ਸਪੀਕਰ :** ਕੈਪਟਨ ਸਾਹਿਬ ਇਹ ਝੂਠ ਦਾ ਸ਼ਬਦ ਵਾਪਸ ਲਓ । (Captain Sahib, please withdraw the ward 'Jhuth.')

**ਮੰਤਰੀ :** ਮੈਂ ਇਹ ਵਾਪਸ ਲੈਂਦਾ ਹਾਂ ਜੀ। ਜਦੋਂ ਇਹ 15 ਹਜ਼ਾਰ ਲਿਟਰ ਦੀ ਸਪਲਾਈ ਬੰਦ ਕੀਤੀ ਗਈ ਤਾਂ ਮੈਂ ਪ੍ਰੋਟੈਸਟ ਪਰਸਨਲ ਲੈਵਲ ਤੇ ਵੀ ਕੀਤਾ ਸੀ ਅਤੇ ਚਿਠੀਆਂ ਵੀ ਇਸ ਬਾਰੇ ਲਿਖੀਆਂ ਸੀ ਕਿ ਇਹ ਠੀਕ ਨਹੀਂ ਕੀਤਾ ਗਿਆ।

**Chaudhri Darshan Singh :** Will the Minister concerned be pleased to state whether the agreement in writing was reduced or not?

**ਮੰਤਰੀ :** ਇਸ ਪੀਰੀਅਡ ਲਈ ਕੋਈ ਰਿਟਨ ਕੰਟਰੈਕਟ ਨਹੀਂ ਸੀ ਪਰ 11-12 ਮਹੀਨੇ ਇਹ ਕੰਟੀਨੀਉਅਸ ਸਪਲਾਈ ਰਹੀ ਸੀ।

**ਸਰਦਾਰ ਸੁਰਜੀਤ ਸਿੰਘ** (ਬਰਨਾਲਾ) : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜੋ 15 ਹਜ਼ਾਰ ਲੀਟਰ ਦੀ ਸਪਲਾਈ ਇਕ ਦਮ ਮਿਲਟਰੀ ਵਾਲਿਆਂ ਨੇ ਬੰਦ ਕਰ ਦਿਤੀ ਇਸ ਦਾ ਕਾਰਣ ਕੀ ਹੈ ?

**ਮੰਤਰੀ :** ਮੈਂ ਕਹਿ ਚੁਕਾ ਹਾਂ ਜੀ ਕਿ ਮੈਨੂੰ ਕਾਰਣ ਦਾ ਪਤਾ ਨਹੀਂ ਹੈ। ਜੇ ਪਤਾ ਹੁੰਦਾ ਤਾਂ ਪ੍ਰੋਟੈਸਟ ਕਿਉਂ ਕਰਦਾ ਅਤੇ ਚਿਠੀਆਂ ਕਿਉਂ ਲਿਖਦਾ। ਹੁਣ ਵੀ ਅਸੀਂ ਲਾਈਅਰਜ਼ ਨਾਲ ਸਲਾਹ ਕਰ ਰਹੇ ਹਾਂ ਜੇ ਉਨ੍ਹਾਂ ਤੇ ਮੁਕੱਦਮਾ ਹੋ ਸਕਿਆ ਤਾਂ ਜ਼ਰੂਰ ਕਰਾਂਗੇ।

**ਸਰਦਾਰ ਗੁਰਦੇਵ ਸਿੰਘ ਸਿੱਧੂ :** ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਨਾਭੇ ਦੀ ਡੇਰੀ ਵਿਚ ਬਹੁਤ ਸਾਰਾ ਦੱਧ ਖਰਾਬ ਹੋ ਗਿਆ ਹੈ, ਕੀ ਜੋ ਪ੍ਰਬੰਧਕ ਇਸ ਦਾ ਜ਼ਿੰਮੇਵਾਰ ਹੈ ਉਸ ਦੇ ਖ਼ਿਲਾਫ਼ ਕੋਈ ਐਕਸ਼ਨ ਲੈਣਗੇ ?

**ਮੰਤਰੀ :** ਨਾਭਾ ਦੀ ਡੇਰੀ ਤਾਂ ਇਕ ਪ੍ਰਾਈਵੇਟ ਕੰਨਸਰਨ ਹੈ।

**ਸਰਦਾਰ ਰਣਧੀਰ ਸਿੰਘ ਚੀਮਾ :** ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਹੜਾ ਠੇਕੇਦਾਰ ਹੁਣ ਮਿਲਟਰੀ ਨੂੰ ਦੁੱਧ ਸਪਲਾਈ ਕਰਦਾ ਹੈ ਉਸ ਦਾ ਨਾਂ ਨਾਨਕ ਸਿੰਘ ਹੈ ਅਤੇ ਉਹ ਬੜਾ ਵਡਾ ਸਮਗਲਰ ਹੈ ਅਤੇ ਕੁਰੱਪਸ਼ਨ ਕਰਕੇ ਉਸ ਨੇ ਇਹ ਠੇਕਾ ਹਾਸਲ ਕੀਤਾ ਹੈ, ਕੀ ਇਹ ਗਲ ਉਨ੍ਹਾਂ ਦੀ ਨਾਲਜ ਵਿਚ ਹੈ ?

**ਮੰਤਰੀ :** ਨਹੀਂ ਜੀ ਇਹ ਗਲ ਮੇਰੀ ਨਾਲਜ ਵਿਚ ਨਹੀਂ ਹੈ।

**ਕਾਮਰੇਡ ਸੱਤਪਾਲ ਡਾਂਗ :** ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਦਿੱਲੀ ਵਿਚ ਰੂਲਿੰਗ ਪਾਰਟੀ ਦੇ ਕੁਝ ਐਮ.ਪੀਜ਼. ਨੇ ਇਕ ਪ੍ਰੈਸ ਸਟੇਟਮੈਂਟ ਦਿਤੀ ਸੀ ਕਿ ਪਬਲਿਕ ਸੈਕਟਰ ਦੀ ਡੇਰੀ ਦੀ ਥਾਂ ਤੇ ਪ੍ਰਾਈਵੇਟ ਕੰਟਰੈਕਟਰ ਨਾਲ ਕੰਟ੍ਰੈਕਟ ਕੀਤਾ ਜਾਵੇ, ਦੁੱਧ ਦੀ ਸਪਲਾਈ ਦਾ ?

**ਮੰਤਰੀ :** ਮੈਨੂੰ ਇਸ ਦਾ ਕੋਈ ਪਤਾ ਨਹੀਂ ਹੈ ਜੀ, ਕਿਰਪਾ ਕਰਕੇ ਜੇ ਅਜਿਹੀ ਗਲ ਹੈ ਤਾਂ ਮੈਨੂੰ ਭੇਜ ਦਿਓ, ਇਹ ਮੇਰਾ ਕੇਸ ਸਟਰੈਂਗਥਨ ਕਰੇਗੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ** : ਕੀ ਇਹ ਠੀਕ ਨਹੀਂ ਹੈ ਕਿ ਉਹ ਠੇਕੇਦਾਰ ਪਹਿਲਾਂ ਵਜ਼ੀਰ ਸਾਹਿਬ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਮੰਨਾਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਹ ਨਹੀਂ ਮੰਨੇ ਤਾਂ ਉਸ ਨੇ ਮਿਲਟਰੀ ਵਾਲਿਆਂ ਨੂੰ ਮੰਨਾ ਲਿਆ। (ਹਾਸਾ)

**ਮੰਤਰੀ** : ਨਹੀਂ ਜੀ ਮੈਨੂੰ ਅਜਿਹਾ ਕੋਈ ਠੇਕੇਦਾਰ ਨਹੀਂ ਮਿਲਿਆ।

**Complaint against some Revenue Officials of Tehsil Sirhind**

*1140. **Sardar Randhir Singh Cheema** : Will the Minister for Education and Revenue be pleased to state whether the D.C., Patiala received any complaint from any Legislator during the year 1972, against some revenue officials of Tehsil Sirhind, District Patiala; if so, from whom together with the action taken thereon so far ; if no action has been taken, the reasons therefor?

**Sardar Umrao Singh** : Yes. A complaint from Shri Randhir Singh Cheema, M.L.A.. against some revenue officials of Tehsil Sirhind was received. The complaint is being enquired into by the Sub-Divisional officer (C), Bassi.

[ਇਹ ਠੀਕ ਹੈ ਕਿ ਸ੍ਰੀ ਰਣਧੀਰ ਸਿੰਘ ਚੀਮਾ, ਐਮ. ਐਲ. ਏ., ਵੱਲੋਂ ਇਕ ਸ਼ਿਕਾਇਤ ਤਹਿਸੀਲ ਸਰਹੰਦ ਦੇ ਮਾਲ ਦੇ ਕੁਝ ਕਰਮਚਾਰੀਆਂ ਵਿਰੁਧ ਆਈ ਸੀ, ਜਿਸ ਦੀ ਪੜਤਾਲ ਉਪ-ਮੰਡਲ ਅਫ਼ਸਰ (ਸਿਵਲ), ਬਸੀ ਰਾਹੀਂ ਕਰਵਾਈ ਜਾ ਰਹੀ ਹੈ ।]

**ਸਰਦਾਰ ਰਣਧੀਰ ਸਿੰਘ ਚੀਮਾ** : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਸ ਸ਼ਿਕਾਇਤ ਨੂੰ ਆਏ 8 ਮਹੀਨੇ ਹੋ ਗਏ ਹਨ ਪਰ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ। ਜਦੋਂ ਕਿ ਉਨ੍ਹਾਂ ਕਰਮਚਾਰੀਆਂ ਦੇ ਖਿਲਾਫ਼ ਬੜੇ ਗੰਭੀਰ ਇਲਜ਼ਾਮ ਹਨ ਕਿਉਂਕਿ ਕੋਈ ਵੀ ਕਰਮਚਾਰੀ ਬਿਨਾਂ ਸਰਕਾਰ ਦੀ ਪ੍ਰਵਾਨਗੀ ਦੇ ਕੋਈ ਜਾਇਦਾਦ ਨਹੀਂ ਖਰੀਦ ਸਕਦਾ ਪਰ ਉਨ੍ਹਾਂ ਨੇ ਅਜਿਹੀ ਕੋਈ ਪਰਵਾਨਗੀ ਨਹੀਂ ਲਈ, ਕੀ ਵਜ਼ੀਰ ਸਾਹਿਬ ਇਹ ਵਿਸ਼ਵਾਸ਼ ਦਿਵਾਉਣਗੇ, ਕੀ ਉਨ੍ਹਾਂ ਦੇ ਖਿਲਾਫ਼ ਕਾਰਵਾਈ ਜ਼ਰੂਰੀ ਹੋਵੇਗੀ ?

**ਮੰਤਰੀ** : 8 ਮਹੀਨੇ ਦੀ ਗਲ ਤਾਂ ਗਲਤ ਹੈ ਜੀ। ਮੇਰੀ ਇਤਲਾਹ ਅਨੁਸਾਰ ਇਹ ਸ਼ਿਕਾਇਤ 19 ਅਕਤੂਬਰ, 1972 ਨੂੰ ਆਈ ਸੀ ਜਿਸ ਨੂੰ ਕਿ ਅਜੇ ਮੁਸ਼ਕਿਲ ਨਾਲ ਢਾਈ ਮਹੀਨੇ ਹੀ ਹੋਏ ਹਨ ਕਿਉਂਕਿ ਇਨ੍ਹਾਂ ਨੇ ਡੀ. ਸੀ. ਨੂੰ ਸ਼ਿਕਾਇਤ ਭੇਜੀ ਸੀ, ਸਰਕਾਰ ਨੂੰ ਨਹੀਂ ਭੇਜੀ ਸੀ ਇਸ ਲਈ ਡੀ.ਸੀ. ਦੀ ਪਧਰ ਤੇ ਇਨਕੁਆਇਰੀ ਹੋ ਰਹੀ ਹੈ ਜਦੋਂ ਇਨਕੁਆਇਰੀ ਮੁਕੰਮਲ ਹੋ ਜਾਵੇਗੀ ਤਾਂ ਐਕਸ਼ਨ ਜ਼ਰੂਰ ਲਵਾਂਗੇ ਕਿਉਂਕਿ ਹੁਣ ਅਕਾਲੀਆਂ ਦਾ ਰਾਜ ਨਹੀਂ ਕਿ ਇਨਕੁਆਇਰੀ ਤੋਂ ਬਾਦ ਕੋਈ ਐਕਸ਼ਨ ਨਾ ਲਿਆ ਜਾਵੇ। ਹੁਣ ਤਾਂ ਇਨਕੁਆਇਰੀ ਤੋਂ ਬਾਦ ਜ਼ਰੂਰ ਐਕਸ਼ਨ ਲਿਆ ਜਾਵੇਗਾ।

**ਸਰਦਾਰ ਅਜਾਇਬ ਸਿੰਘ ਸੰਧੂ** : ਅਕਾਲੀਆਂ ਦੇ ਰਾਜ ਵਿਚ ਇਨਕੁਆਰੀਆਂ ਤਾਂ ਹੋ ਜਾਂਦੀਆਂ ਸੀ ਪਰ ਹੁਣ ਤਾਂ ਇਨਕੁਆਰਿਆਂ ਵੀ ਨਹੀਂ ਹੁੰਦੀਆਂ। (ਵਿਘਨ )

**ਸ੍ਰੀ ਸਪੀਕਰ** : ਤੁਹਾਡੇ ਰਾਜ ਦੀ ਇਕ ਵਡੀ ਇਨਕੁਆਇਰੀ ਜੋ ਚਲ ਰਹੀ ਹੈ । (ਵਿਘਨ) (An important enquiry pertaining to your period is already being conducted.)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ ਜੇ ਤੁਹਾਨੂੰ ਇਨ੍ਹਾਂ ਦਾ ਇਤਨਾ ਹੀ ਦਰਦ ਹੈ ਤਾਂ ਬੰਸੀ ਲਾਲ ਦੇ ਖਿਲਾਫ਼ ਵੀ ਇਨਕੁਆਇਰੀ ਕਰਵਾ ਦਿਓ। (ਵਿਘਨ)

Original with;
Punjab Vidhan Sabha
Digitized by;
Panjab Digital Library

**Teachers appointed by the Government since 1st April, 1972**

***1127. Shri Prem Gupta :** Will the Minister for Education and Revenue be pleased to state the total number of persons appointed by the Government as teachers of different categories in the State since 1st April 1972 ?

**Sardar Umrao Singh :** The teachers of the following categories were appointed since 1st April, 1972 :—

| | | | |
|---|---|---|---|
| 1. | J.B.T. | .. | 5,385 |
| 2. | Punjabi Teachers | .. | 304 |
| 3. | Hindi Teachers | .. | 118 |
| 4. | P.T.Is. | .. | 95 |
| 5. | Art and Craft Teachers | .. | 143 |
| | Total | .. | 6,045 |

[ਮਿਤੀ 1 ਅਪਰੈਲ, 1972 ਤੋਂ ਨਿਮਨ ਲਿਖੇ ਕੈਟੇਗਰੀਜ਼ ਦੇ ਅਧਿਆਪਕਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ :—

| | | | |
|---|---|---|---|
| (1) | ਜੇ. ਬੀ. ਟੀ. | ... | 5,385 |
| (2) | ਪੰਜਾਬੀ ਅਧਿਆਪਕ | ... | 304 |
| (3) | ਹਿੰਦੀ ਅਧਿਆਪਕ | ... | 118 |
| (4) | ਪੀ. ਟੀ. ਆਈ. | ... | 95 |
| (5) | ਆਰਟ ਤੇ ਕਰਾਫਟ ਅਧਿਆਪਕ | ... | 143 |
| | ਜੋੜ | ...] | 6,045 |

**ਸ੍ਰੀ ਪ੍ਰੇਮ ਗੁਪਤਾ** : ਇਕ ਕੈਟੇਗਰੀ ਬੀ.ਐਡ. ਟੀਚਰਜ਼ ਦੀ ਹੈ ਉਸ ਦੇ ਮੁਤਲੱਕ ਮਨਿਸਟਰ ਸਾਹਿਬ ਨੇ ਨਹੀਂ ਦਸਿਆ ਕਿ ਕਿੰਨੇ ਟੀਚਰਜ਼ ਰਿਕਰੂਟ ਕੀਤੇ ਹਨ।

**ਸਿਖਿਆ ਮੰਤਰੀ**: ਬੀ. ਐਡ. ਦੇ ਮੁਤੱਲਕ ਹਾਈ ਕੋਰਟ ਵਲੋਂ ਸਟੇ ਹੋਈ ਸੀ। ਇਹਦੇ ਅੰਕੜੇ ਵੀ ਇਕਠੇ ਕਰਕੇ ਭੇਜ ਦਿਆਂਗੇ।

**ਸ੍ਰੀ ਪ੍ਰੇਮ ਗੁਪਤਾ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੈਟੇਗਰੀਜ਼ ਨੰ: 2, 3, ਤੇ 4 (ਵਿਘਨ)......

**ਸਿਖਿਆ ਮੰਤਰੀ**: ਸਵਾਲ ਇਨ੍ਹਾਂ ਨੇ ਟੀਚਰਜ਼ ਬਾਰੇ ਪੁਛਿਆ ਸੀ ਅਤੇ ਮਾਸਟਰਜ਼ ਬਾਰੇ ਨਹੀਂ ਪੁਛਿਆ ਸੀ।

**ਸ੍ਰੀ ਪ੍ਰੇਮ ਗੁਪਤਾ** : ਟੈਕਨੀਕਲ ਗਰਾਊਂਡਜ਼ ਦਾ ਫ਼ਾਇਦਾ ਨਹੀਂ ਉਠਾਉਣਾ ਚਾਹੀਦਾ। ਇਹ ਸਾਰੇ ਟੀਚਰਜ਼ ਹੀ ਹਨ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਿਖਿਆ ਮੰਤਰੀ** : ਗੁਪਤਾ ਜੀ ਨੂੰ ਇਸ ਗਲ ਦਾ ਪਤਾ ਹੈ, ਜੇ ਸੰਧੂ ਸਾਹਿਬ ਇਸ ਤਰ੍ਹਾਂ ਕਹਿ ਦੇਣ ਤਾਂ ਮੈਂ ਮੰਨ ਸਕਦਾ ਹਾਂ। ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ ਇਨ੍ਹਾਂ ਨੇ ਕਿਹਾ ਹੈ ਕਿ ਟੀਚਰਜ਼ ਅਤੇ ਮਾਸਟਰਜ਼ ਵਿਚ ਫ਼ਰਕ ਹੈ। ਬੀ. ਐਡ, ਮਾਸਟਰਜ਼ ਹੁੰਦੇ ਹਨ ਅਤੇ ਬਾਕੀ ਦੇ ਟੀਚਰਜ਼ ਹੁਦੇ ਹਨ । ਕੀ ਇਹ ਦਸਣਗੇ ਕਿ ਮਾਸਟਰ ਗੁਰਬੰਤਾ ਸਿੰਘ, ਬੀ. ਐਡ, ਨੇ ਜਾਂ ਜੇ, ਬੀ.ਟੀ. ਹਨ। (ਹਾਸਾ)

**Mr. Speaker** : Disallowed.

**ਸ੍ਰੀ ਪ੍ਰੇਮ ਗੁਪਤਾ** : ਇਹ ਜਿਹੜੇ ਕੈਟੇਗਰੀਜ਼ ਨੰ: 2 ਤੋਂ 5 ਤੱਕ ਟੀਚਰਜ਼ ਰਿਕਰੂਟ ਹੋਏ ਹਨ ਮਿਤੀ 1 ਅਪ੍ਰੈਲ, 1972 ਤੋਂ ਬਾਅਦ ਇਨ੍ਹਾਂ ਨੂੰ ਕਿਹੜੇ ਗਰੇਡ ਵਿਚ ਰਿਕਰੂਟ ਕੀਤਾ ਗਿਆ ਹੈ ਅਤੇ ਪਹਿਲਾਂ ਇਨ੍ਹਾਂ ਦਾ ਕੀ ਗਰੇਡ ਸੀ ?

**ਮੰਤਰੀ** : ਇਸ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਇਸ ਲਈ ਨੋਟਿਸ ਦੇ ਦੇਣ ਜਵਾਬ ਦੇ ਦਿਤਾ ਜਾਵੇਗਾ।

**आचार्य पृथ्वी सिंह आजाद** : स्पीकर साहिब यह जो छे हज़ार से ज़्यादा टीचर्ज़ ऐंपलाए किए गए हैं इनमें हरिजनों को परसंटेज के मुताबिक नुमांयदगी नहीं दी गई है। (विघ्न)।

**ਮੰਤਰੀ** : ਪੰਜਾਬ ਸਰਕਾਰ ਹਰ ਨੌਕਰੀ ਵਿਚ ਰੂਲਜ਼ ਦੇ ਮੁਤਾਬਿਕ ਰਿਪਰੇਜ਼ਟੇਸ਼ਨ ਦਿੰਦੀ ਹੈ । ਜੇ ਕਿਸੇ ਅਸਾਮੀ ਲਈ ਯੋਗ ਉਮੀਦਵਾਰ ਨਹੀਂ ਮਿਲਦੇ ਤਾਂ ਫੇਰ ਹੋਰ ਬੰਦੇ ਲਏ ਜਾਂਦੇ ਹਨ।

**आचार्य पृथ्वी सिंह आजाद** : वज़ीर साहिब ने कहा कि रूल्ज़ के मुताबिक रिप्रेज़ैंटेशन दी गई है। इन 6,000 टीचर्ज़ में से जो रिप्रेज़ैंटेशन इन लोगों को दी है क्या वज़ीर साहिब उस की लिस्ट हाऊस की टेबल पर रखने के लिए तैयार हैं ?

**ਸਿਖਿਆ ਮੰਤਰੀ** : ਸਵਾਲ ਕਰ ਦੇਣਾ, ਮੈਂ ਜਵਾਬ ਦੇ ਦਿਆਂਗਾ ।

**Acharya Prithvi Singh Azad** : It means you have not given due representation to the Scheduled Castes.

**Minister for Education and Revenue** : It is an absolutely wrong allegation.

**Acharya Prithvi Singh Azad** : It is 100 percent correct otherwise you should have come forward with a statement that you will supply the figures.

**ਮੰਤਰੀ** : ਸਵਾਲ ਕਲੀਅਰ ਹੈ ਇਸ ਵਿਚ ਪੁਛਿਆ ਗਿਆ ਹੈ ਕਿ ਕਿੰਨੇ ਰਖੇ ਗਏ ਹਨ। ਆਜ਼ਾਦ ਸਾਹਿਬ ਨੇ ਕਿਹਾ ਹੈ ਕਿ ਹਰੀਜਨਾਂ ਦੀ ਪਰਸੰਟੇਜ ਕਿੰਨੀ ਹੈ । ਇਹ ਸਵਾਲ ਕਰ ਦੇਣ ਅਸੀਂ ਤੁਰੰਤ ਇਸ ਬਾਰੇ ਹਾਊਸ ਨੂੰ ਇਤਲਾਹ ਦੇ ਦਿਆਂਗੇ ।

**ਸ੍ਰੀ ਪ੍ਰੇਮ ਗੁਪਤਾ** : ਕੀ ਇਹ ਗਲ ਠੀਕ ਹੈ ਕਿ ਜਿਹੜੇ ਹਰੀਜਨ ਅਧਿਆਪਕ ਅਵੇਲੇਬਲ ਨਹੀਂ ਸਨ ਉਸ ਕਰਕੇ ਉਨ੍ਹਾਂ ਦੀਆਂ ਵੇਕੇਨਸੀਜ਼ ਰਿਜ਼ਰਵ ਰਖੀਆਂ ਹੋਈਆਂ ਹਨ ।

**ਮੰਤਰੀ** : ਠੀਕ ਹੈ ।

Original with;
Punjab Vidhan Sabha
Digitized by;
Panjab Digital Library

**आचार्य पृथ्वी सिंह आज़ाद** : रोपड़ ज़िले में 25 जे. बी. टी. टीचर्ज़ ऐसे हैं जो Scheduled Castes के हैं जिन्हें किसी ने न बुलाया और न रखा।

**ਮੰਤਰੀ**: ਇਹ ਮੇਰੇ ਨੋਟਿਸ ਵਿਚ ਲਿਆ ਦੇਣ ਕਿ ਉਨ੍ਹਾਂ ਨੇ ਦਰਖਾਸਤਾਂ ਦਿਤੀਆਂ ਸਨ ਅਤੇ ਇੰਟਰਵੀਉ ਹੋਈ ਸੀ ਪਰ ਰਖਿਆ ਨਹੀਂ ਗਿਆ ਮੈਂ ਐਕਸ਼ਨ ਲੈ ਲਵਾਂਗਾ।

**Acharya Prithvi Singh Azad.** Thanks.

**ਸਰਦਾਰ ਪਰਹਿਲਾਦ ਸਿੰਘ** : ਇਨ੍ਹਾਂ ਨੇ ਪੰਜਾਬੀ ਟੀਚਰਜ਼ ਕਿਉਂ ਨਹੀਂ ਰਖੇ, ਇਸਦੀ ਕੀ ਵਜ੍ਹਾ ਹੈ ? (ਵਿਘਨ)

**ਮੰਤਰੀ** : ਇਸਦਾ ਜਵਾਬ ਤਾਂ ਮੈਂ ਆਪਣੇ ਜਵਾਬ ਵਿਚ ਦੇ ਬੈਠਾ ਹਾਂ। ਮੈਨੂੰ ਹੈਰਾਨਗੀ ਹੈ ਕਿ ਪੰਜਾਬੀ ਭਾਸ਼ਾ ਵਿਚ ਜਵਾਬ ਦਿੰਦੇ ਹੋਏ ਵੀ ਇਨ੍ਹਾਂ ਨੂੰ ਸਮਝ ਨਹੀਂ ਆਉਂਦੀ। ਮੈਨੂੰ ਪਤਾ ਨਹੀਂ ਹੋਰ ਕਿਸ ਭਾਸ਼ਾ ਵਿਚ ਬੋਲਾਂ ਜਿਹੜੀ ਕਿ ਇਹ ਸਮਝ ਸਕਣ।

---

**Starred Question No. 1135**

(*The question was not put as the hon. Member concerned was not present in the House.*)

---

**Age limit for recruitment of Employees in the Health Department**

***1175. Sardar Gurdev Singh Sidhu :** Will the Minister for Finance be pleased to state—

(a) whether any age limit has been fixed for the recruitment of employees in the Health Department in the State; if so, the details thereof ;

(b) whether any relaxation in the prescribed age limit has been given to doctors, compounders, etc.; if not, the reasons therefor ;

(c) whether there is any scheme under the consideration of the Government for giving relaxation in age limit in the said Department ?

**Shri Hans Raj Sharma :** (a) Yes, Sir. The details are as under —

| | | |
|---|---|---|
| (1) P.C.M.S.-I Doctors | 21—35 | years. |
| (2) P.C.M.S.-II Doctors | 35 | do |
| (3) P.M.S. Doctor | 22—35 | do |
| (4) Drug Inspectors | 18—25 | do |
| (5) Dental Assistant Surgeon | 20—25 | do |
| (6) Assistant Director (Ayurvedic) | 35—40 | do |
| (7) Auxiliary Nurse, Mid-wives, Nurse-Dais and Trained Dais .. | Up to 40 | do |
| (8) District Family Planning Education Officers/Health Educators/Health Education and Extension Officers, Social Science Instructors/Family Planning/Extension Educators/Mass Education and Information Officers, Assistant Editor/Commercial Artist, Audio-Visual Officers .. | 25—46 | do |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| (9) | Demographer | .. 20—35 | years. |
| 10) | For all other non-Technical Staff | .. 17—27 | do |
| (11) | For all other Technical Staff | .. 17—30 | do |
| (12) | Lady Health Visitors | 18—27 | do |

(b) No relaxation in age limit is given as a matter of routine. Relaxation in the prescribed age limit in respect of P.C.M.S.-I, II and P.J.M.S. can be given by Government in any special case meriting such relaxation. In the case of Compounders (Pharmacists) there is no relaxation in age limit because their academic qualfication is Matric with science and two years Diploma Course which can be undergone within the age limit fixed' for technical as well as non-technical posts.

(c) No, Sir.

(ੲ) ਜੀ ਹਾਂ। ਵੇਰਵਾ ਹੇਠ ਦਿੱਤਾ ਜਾਂਦਾ ਹੈ:

| | | |
|---|---|---|
| 1. | ਪੀ. ਸੀ. ਐਮ.ਐਸ–I, ਡਾਕਟਰਜ਼ | 21—35 ਸਾਲ |
| 2. | ਪੀ.ਸੀ. ਐਮ.ਐਸ–II ,, | 35—do |
| 3. | ਪੀ. ਜੇ. ਐਮ.ਐਸ. ,, | 22—35 do |
| 4. | ਡਰੱਗਜ਼ ਇਨਸਪੈਕਟਰਜ਼ | 18—25 do |
| 5. | ਡੈਂਟਲ ਅਸਿਸਟੈਂਟ ਸਰਜਨ | 20—25 do |
| 6. | ਅਸਿਸਟੈਂਟ ਡਾਇਰੈਕਟਰ (ਆਯੁਰਵੈਦਿਕ) | 35—40 do |
| 7 | ਅਗਜ਼ਿਲੀਅਰੀ ਨਰਸ ਮਿਡਵਾਈਵਜ਼/ਨਰਸ ਦਾਈਆਂ, ਅਤੇ ਟ੍ਰੇਂਡ ਦਾਈਆਂ। | 40 ਸਾਲ ਤਕ |
| 8. | ਡਿਸਟ੍ਰਿਕਟ ਫ਼ੈਮਲੀ ਪਲੈਨਿੰਗ ਐਜੂਕੇਸ਼ਨ ਅਫਸਰਜ਼/ਹੈਲਥ ਐਜੂਕੇਟਰਜ਼/ਹੈਲਥ ਐਜੂਕੇਸ਼ਨ ਅਫਸਰਜ਼, ਸੋਸ਼ਲ ਸਾਇੰਸ ਇਨਸਟਰਕਟਰਜ਼/ਫੈਮਲੀ ਪਲੈਨਿੰਗ ਐਕਟੈਨਸ਼ਨ ਐਜੂਕੇਟਰਜ਼/ ਮਾਸ ਐਜੂਕੇਸ਼ਨ ਅਤੇ ਇੰਨਫਰਮੇਸ਼ਨ ਅਫਸਰ, ਅਸਿਸਟੈਂਟ ਐਡੀਟਰ/ਕਮਰਸ਼ੀਅਲ ਆਰਟਿਸਟ, ਆਡੀਉ ਵਿਜ਼ੂਅਲ ਅਫਸਰ | 25–45 ਸਾਲ |
| 9. | ਡੈਮੋਗਰਾਫਰ | 20–35 do |
| 10. | ਦੂਸਰੇ ਸਾਰੇ ਨਾਲ ਟੈਕਨੀਕਲ ਸਟਾਫ਼ ਲਈ | 17–27 do |
| 11. | ਦੂਸਰੇ ਸਾਰੇ ਟੈਕਨੀਕਲ ਸਟਾਫ਼ ਲਈ | 17–30 do |
| 12. | ਲੇਡੀ ਹੈਲਥ ਵਿਜ਼ਿਟਰਜ਼ | 18–27 do |

(ਬੀ) ਆਮ ਤੌਰ ਤੇ ਉਮਰ ਵਿਚ ਛੋਟ ਨਹੀਂ ਦਿਤੀ ਜਾਂਦੀ। ਪੀ. ਸੀ. ਐਮ. ਐਸ. I, II, ਅਤੇ ਪੀ. ਜੇ. ਐਮ. ਐਸ. ਡਾਕਟਰਾਂ ਸਬੰਧੀ ਨਿਸਚਿਤ ਉਮਰ ਵਿਚ ਛੋਟ ਕਿਸੇ ਸਪੈਸ਼ਲ ਕੇਸਾਂ ਵਿਚ ਜਿਸ ਵਿਚ ਅਜਿਹੀ ਛੋਟ ਵਾਜਬ ਬਣੀ ਹੋਵੇ ਸਰਕਾਰ ਦੇ ਸਕਦੀ ਹੈ। ਕੰਪਾਉਂਡਰਾਂ (ਫਾਰਮਾਸਿਸਟਜ਼) ਦੇ ਕੇਸਾਂ ਵਿਚ ਉਮਰ ਵਿਚ ਕੋਈ ਛੋਟ ਨਹੀਂ ਕਿਉਂਕਿ ਉਨ੍ਹਾਂ ਦੀ ਵਿਦਿਅਕ ਯੋਗਤਾ ਸਾਇੰਸ ਨਾਲ ਮੈਟਰਿਕ ਅਤੇ

Original with;
Punjab Vidhan Sabha
Digitized by;
Panjab Digital Library

ਦੋ ਸਾਲ ਦਾ ਡਿਪਲੋਮਾ ਕੋਰਸ ਹੁੰਦੀ ਹੈ ਜਿਹੜੀ ਕਿ ਟੈਕਨੀਕਲ ਅਤੇ ਨਾਨ ਟੈਕਨੀਕਲ ਆਸਾਮੀਆਂ ਸਬੰਧੀ ਨਿਸਚਿਤ ਕੀਤੀ ਉਮਰ ਦੇ ਅੰਦਰ ਅੰਦਰ ਕੀਤੀ ਜਾ ਸਕਦੀ ਹੈ।

(ਸੀ) ਜੀ ਨਹੀਂ

**Starred Question No. 1176.**

**ਸ੍ਰੀ ਸਪੀਕਰ** : ਇਹ ਸਵਾਲ ਅਗੇ ਪਾਉਣ ਲਈ ਕਿਹਾ ਗਿਆ ਹੈ ।
(Extension has been asked for in respect of Starred Question No. 1176).

## UN-EMPLOYMENT

*1161. **Chaudhri Ram Singh** : Will the Minister for Finance be pleased to state —

(a) the main factors responsible for unprecedented increase in the number of un-employed persons in the State ;

(b) the details of the steps the Government propose to take to reduce the number of unemployed persons in the State ?

**Shri Hans Raj Sharma** : (a) and (b) Information is laid on the Table of the House.

[(ੲ) ਅਤੇ (ਬੀ) ਸੂਚਨਾ ਵਿਧਾਨ ਸਭਾ ਵਿਚ ਪੇਸ਼ ਕੀਤੀ ਜਾਂਦੀ ਹੈ ।]

(a) The main reasons of increase in the number of unemployed as reflected by the Employment Exchange Statistics are :—

(i) Lag between generation of employment opportunities and addition to the labour force.

(ii) Expansion of employment exchange facilities and greater awareness to use them.

(b) Government is endeavouring to reduce the number of un-employed by undertaking special employment generation schemes, such as :—

(i) Setting up of large industries through the State Industrial Development Corporation and Punjab State Co-operative Supply and Marketing Federation

(ii) Crash Scheme for Rural Employment ;

(iii) Small Farmers Development Agency ;

(iv) Marginal Farmers and Agricultural Labourers Project ;

(v) Expansion of Primary Education ;

(vi) Up-grading of schools ;

(vii) Setting up of Agro-service Centres ;

(viii) Setting up of Planning and Design Unit for Rural Water Supply Schemes ;

(ix) Rural Engineering Surveys ;

---

For Starred Question No. 1176 and reply thereto, please see Punjab Vidhan Sabha Debates, dated the 6th March, 1973.

Original with;
Punjab Vidhan Sabha
Digitized by;
Panjab Digital Library

(x) Investigation of Road Works:

(xi) Grant of subsidy towards employment of qualified Engineers/technicians by private industry

(xii) New Industrial Enterpreneurs Scheme ;

(xiii) Special Scheme for establishment of Commercial/Industrial Estates and hire-purchase of machinry ;

(xiv) Intensive training for promotion of self-employment of I. T. I. certificate holders ;

(xv) Expansion of Consumer Co-operative Stores ; and

(xvi) Undertaking a number of Surveys employing skilled personnel with the financial assistance of the Government of India.

In the Fifth Plan greater emphasis will be laid on employment oriented schemes, such as rural housing, rural sanitation, rural electrification, rural road construction and the development of large and small industries in the State. These measures will absorb quite a large number of un-employed.

**ਚੌਧਰੀ ਰਾਮ ਸਿੰਘ :** ਗੌਰਮਿੰਟ ਆਫ ਇੰਡੀਆ ਦੀ ਇਹ ਪਾਲਿਸੀ ਹੈ ਕਿ ਹਰ ਫੈਮਿਲੀ ਵਿਚ ਕਮ-ਅਜ਼-ਕੰਮ ਇਕ ਬੰਦਾ ਜ਼ਰੂਰ ਨੌਕਰ ਹੋਵੇ। ਕੀ ਇਸ ਆਧਾਰ ਤੇ ਸਾਡੀ ਸਰਕਾਰ ਵੀ ਐਕਟ ਅਪਾਨ ਕਰੇਗੀ ? ਇਸ ਬਾਰੇ ਯਕੀਨ ਦਿਲਾਇਆ ਜਾਵੇ।

**ਮੰਤਰੀ :** ਸਪੀਕਰ ਸਾਹਿਬ ਇਹਦੇ ਵਿਚ ਜਨਰਲੀ ਸਾਰੇ ਸਟੈਪਸ ਦਸੇ ਗਏ ਹਨ ਜਿਹੜੇ ਮਾਸ ਅਨ-ਐਂਪਲਾਇਮੈਂਟ ਨੂੰ ਦੂਰ ਕਰ ਦੇਣਗੇ ਔਰ ਐਜੂਕੇਟਿਡ ਅਨ-ਐਂਪਲਾਇਮੈਂਟ ਦੂਰ ਕਰ ਦੇਣਗੇ। ਇਹਦੇ ਨਾਲ ਸਾਰੀਆਂ ਫੈਮਲੀਜ਼ ਤੇ ਅਸਰ ਪਵੇਗਾ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਇਹ ਦਸਣਗੇ ਇਸ ਗਲ ਦੇ ਮਦੇਨਜ਼ਰ ਕਿ ਪੰਜਾਬ ਦੇ ਵਿਚ ਬਹੁਤ ਸਾਰੇ ਕਾਰਖਾਨੇ ਬੰਦ ਹੋ ਰਹੇ ਹਨ ਔਰ ਬੇਕਾਰੀ ਵੱਧ ਰਹੀ ਹੈ ਕੀ ਸਰਕਾਰ ਛਾਂਟੀ ਔਰ ਮਿਲਾਂ ਬੰਦ ਹੋਣ ਉਤੇ ਬਗੈਰ ਇਜਾਜ਼ਤ ਲਏ ਪਾਬੰਦੀ ਲਗਾਉਣ ਨੂੰ ਤਿਆਰ ਹੈ ?

**ਮੰਤਰੀ :** ਪਾਰਲੀਮੈਂਟ ਦਾ ਐਕਟ ਮੌਜੂਦ ਹੈ ਅਤੇ ਉਹਦੇ ਮੁਤਾਬਿਕ ਐਕਸ਼ਨ ਲੈਂਦੇ ਹਾਂ (ਵਿਘਨ)

**ਕਾਮਰੇਡ ਸੱਤ ਪਾਲ ਡਾਂਗ :** ਲੇਬਰ ਕਨਕਰੰਟ ਸਬਜੈਕਟ ਹੈ। ਲੇਬਰ ਸੈਂਟਰਲ ਲਿਸਟ ਵਿਚ ਨਹੀਂ ਹੈ ਇਹ ਕਨਕਰੰਟ ਲਿਸਟ ਵਿਚ ਹੈ। ਇਸ ਬਾਰੇ ਪੰਜਾਬ ਗੌਰਮਿੰਟ ਕੰਪੀਟੈਂਟ ਹੈ (ਵਿਘਨ)

**ਮੰਤਰੀ :** ਅਸੀਂ ਇੰਡਸਟਰੀਅਲ ਡਿਸਪਿਊਟ ਐਕਟ ਨੂੰ ਫਾਲੋ ਕਰ ਰਹੇ ਹਾਂ।

**ਸਰਦਾਰ ਅਜਾਇਬ ਸਿੰਘ ਸੰਧੂ :** ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਨੇ ਅਨਐਂਪਲਾਇਮੈਂਟ ਦੂਰ ਕਰਨ ਵਾਸਤੇ ਸਰਕਾਰੀ ਮੁਲਾਜ਼ਮਾਂ ਦੀ ਜਿਹੜੀ ਰਿਟਾਇਰਮੈਂਟ ਏਜ 58 ਤੋਂ ਘਟਾ ਕੇ 55 ਕਰ ਦਿਤੀ ਸੀ ਅਤੇ ਬਾਅਦ ਵਿਚ ਗਵਰਨਰ ਸਾਹਿਬ ਨੇ ਇਸ ਨੂੰ ਰੱਦ ਕਰ ਦਿਤਾ ਸੀ, ਕੀ ਸਰਕਾਰ ਅਕਾਲੀ ਸਰਕਾਰ ਦੇ ਉਸ ਫੈਸਲੇ ਤੇ ਐਕਟ ਕਰਨ ਨੂੰ ਤਿਆਰ ਹੈ ਤਾਂ ਕਿ ਲੋਕਾਂ ਵਿਚ ਅਨ-ਐਂਪਲਾਇਮੈਂਟ ਦੂਰ ਹੋ ਸਕੇ (ਵਿਘਨ)।

(ਕੋਈ ਜਵਾਬ ਨਹੀਂ ਦਿਤਾ ਗਿਆ)

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਸ ਤਰ੍ਹਾਂ ਇਸ ਵੇਲੇ ਅਨ-ਐਂਪਲਾਇਡ ਟੈਕਨੀਕਲ ਗਰੈਜੂਏਟਾਂ ਨੂੰ ਅਲਾਂਊਂਸ ਮਿਲਦਾ ਹੈ ਉਸੀ ਤਰ੍ਹਾਂ ਹੀ ਅਨ-ਐਂਪਲਾਇਡ ਗਰੈਜੂਏਟਾਂ ਨੂੰ ਬੇਕਾਰੀ ਅਲਾਊਂਸ ਦਿਤਾ ਜਾਵੇਗਾ ਤਾਂ ਕਿ ਕੁਝ ਨ ਕੁਝ ਤਾਂ ਉਹ ਲੋਕ ਆਪਣਾ ਅਤੇ ਆਪਣੇ ਟੱਬਰ ਦਾ ਪੇਟ ਪਾਲ ਸਕਣ ?

**ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿੰਨੇ ਡਿਵੈਲਪਮੈਂਟ ਦੇ ਪਰੋਗਰਾਮ ਅਸੀਂ ਵੱਧ ਚਲਾਏ ਹਨ ਇਸ ਦੇ ਵਿਚ ਮੈਂ ਜ਼ਿਕਰ ਕੀਤਾ ਹੈ ਕਿ ਜਿਹੜੇ ਕਨਸਟਰਕਸ਼ਨ ਪਰੋਗਰਾਮ ਪਿਛਲੇ ਸਾਲਾਂ ਵਿਚ ਵੱਧ ਚਲੇ ਜਿਸ ਤਰ੍ਹਾਂ ਰੋਡਜ਼ ਦਾ ਹੋਵੇ ਜਾਂ ਸਕੂਲਾਂ ਦਾ ਹੋਵੇ, ਬਿਲਡਿੰਗ ਪਰੋਗਰਾਮ ਹੋਵੇ ਜਾਂ ਹੋਰ ਕੋਈ ਪਰੋਗਰਾਮ ਹੋਵੇ ਜਿੰਨੇ ਅਸੀਂ ਇਨਵਸਟੀਗੇਸ਼ਨ ਯੂਨਿਟਸ ਬਣਾਏ, ਆਈ. ਟੀ. ਆਈਜ਼. ਬਣਾਏ ਜਾਂ ਕਰੈਸ਼ ਪਰੋਗਰਾਮ ਬਣਾਇਆ, ਇਨ੍ਹਾਂ ਸਾਰਿਆਂ ਨੇ ਰੂਰਲ ਏਰੀਆ ਵਿਚ ਇਮਪਲਾਇਮੈਂਟ ਦਿੱਤੀ ਹੈ। ਜਿਸ ਢੰਗ ਨਾਲ ਅਗਲੇ ਸਾਲ ਦੀ ਪਲਾਨ ਬਣੀ ਹੈ ਉਸ ਵਿਚ ਕਿਤੇ ਹੋਰ ਵੱਧ ਇੰਪਲਾਇਮੈਂਟ ਮਿਲੇਗੀ। ਔਰ ਅਨਏਜੂਕੇਟਡ ਨੂੰ ਇੰਪਲਇਮੈਂਟ ਵਾਸਤੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਅਸੀਂ ਅਡੀਸ਼ਨਲ ਜਾਬ ਕਰੀਏਟ ਕਰਾਂਗੇ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਮਾਸ ਅਨ-ਇੰਪਲਾਇਮੈਂਟ ਵੀ ਦੂਰ ਕਰਨੀ ਔਰ ਐਜੂਕੇਟਡ ਇੰਮਪਲਾਇਮੈਂਟ ਵੀ ਦੂਰ ਹੋਵੇਗੀ। ਇਸ ਚੀਜ਼ ਵਾਸਤੇ ਪਾਪੂਲੇਸ਼ਨ ਕੰਟਰੋਲ ਇਜ਼ ਮਸਟ।

**ਸਰਦਾਰ ਜਸਵਿੰਦਰ ਸਿੰਘ ਬਰਾੜ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਪੜ੍ਹੇ ਲਿਖੇ ਗਰੈਜੂਏਟ ਜਾਂ ਹੋਰ ਅਨਇੰਪਲਾਇਡ ਹਨ, ਕੀ ਸੈਂਟਰ ਦੀ ਸਰਕਾਰ ਜਾਂ ਪੰਜਾਬ ਸਰਕਾਰ ਉਨ੍ਹਾਂ ਨੂੰ ਜਿੰਨਾ ਚਿਰ ਨੌਕਰੀ ਨਹੀਂ ਦਿੰਦੀ ਉਤਨਾ ਚਿਰ ਉਨ੍ਹਾਂ ਨੂੰ ਕੋਈ ਸਰਕਾਰ ਮੁਆਵਿਜ਼ਾ ਦੇਣ ਲਈ ਤਿਆਰ ਹੈ ਤਾਕਿ ਉਹ ਉਤਨਾ ਚਿਰ ਆਪਣਾ ਪੇਟ ਪਾਲ ਸਕਣ ?

**ਮੰਤਰੀ :** ਇਸ ਦੇ ਉਤੇ ਕੋਈ ਵਿਚਾਰ ਨਹੀਂ ਹੋਇਆ। ਇਹ ਪੰਜਾਬੀਆਂ ਵਾਸਤੇ ਮਾੜੀ ਗੱਲ ਹੈ।

**ਚੌਧਰੀ ਦਰਸ਼ਨ ਸਿੰਘ :** ਇਨ੍ਹਾਂ ਨੇ ਕਿਹਾ ਹੈ ਕਿ ਇੰਪਲਾਇਮੈਂਟ ਐਕਸਚੇਂਜ਼ ਵੱਧਾ ਦੇਣ ਨਾਲ ਇੰਪਲਾਇਮੈਂਟ ਇਨਕਰੀਜ਼ ਹੋ ਗਈ ਹੈ। 56 ਕਰੋੜ ਸੈਂਟਰ ਨੇ ਰੱਖਿਆ ਹੈ ਤਾਂ ਉਸ ਦੇ ਵਿਚ ਸਾਡਾ ਹਿੱਸਾ ਕੀ ਆਵੇਗਾ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਆਇਆ ਪੰਜਾਬ ਸਰਕਾਰ ਦੇ ਕੋਈ ਇਹੋ ਜਿਹੀ ਤਜਵੀਜ਼ ਵਿਚਾਰ ਵਿਚ ਹੈ ਕਿ ਜਿਹੜੇ ਲੋਕ ਐਜੂਕੇਟਡ ਹਨ ਉਨ੍ਹਾਂ ਨੂੰ ਅਨਇੰਪਲਾਇਟਮੈਂਟ ਅਲਾਊਂਸ ਦਿਤਾ ਜਾਵੇ ?

**ਮੰਤਰੀ :** ਜਿਹੜੇ ਪੜ੍ਹੇ ਲਿਖੇ ਹਨ ਅਤੇ ਅਗਰ ਪਰਾਈਵੇਟ ਕਾਰਖਾਨਿਆਂ ਵਾਲੇ ਉਨ੍ਹਾਂ ਨੂੰ ਇੰਪਲਾਏ ਕਰਦੇ ਹਨ ਤਾਂ ਅਸੀਂ ਉਨ੍ਹਾਂ ਨੂੰ 50 ਪ੍ਰਤੀਸ਼ਤ ਸਬਸਿਡੀ ਦਿੰਦੇ ਹਾਂ।

ਜਿਹੜੇ ਐਜੂਕੇਟਿਡ ਹਨ, ਜਿਸ ਤਰ੍ਹਾਂ ਕਿ ਟੀਚਰ ਹਨ ਉਨ੍ਹਾਂ ਨੂੰ ਜ਼ਿਆਦਾ ਰੱਖਿਆ ਹੈ ਬਨਿਸਬਤ ਪਿਛਲੇ ਸਾਲਾਂ ਦੇ। ਸੰਧੂ ਸਾਹਿਬ ਕਹਿੰਦੇ ਹਨ ਕਿ ਤੁਸੀਂ ਕੀ ਕੀਤਾ ਹੈ, ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਉਨ੍ਹਾਂ ਨਾਲੋਂ ਅਸੀਂ ਵੱਧ ਸਕੂਲ ਖੋਲ੍ਹੇ ਹਨ। ਜਿਥੋਂ ਤੱਕ ਐਜੂਕੇਟਿਡ ਅਨਇੰਪਲਾਇਮੈਂਟ ਦਾ ਤੁਅੱਲਕ ਹੈ, ਉਨ੍ਹਾਂ ਵਾਸਤੇ ਅਲੱਗ ਸਕੀਮ ਬਣਾਈ ਹੈ। ਜਿਸ ਤਰ੍ਹਾਂ ਸਿਵਲ ਇੰਜਨੀਅਰਜ਼ ਹਨ ਉਨ੍ਹਾਂ ਵਾਸਤੇ ਰੋਡਜ਼ ਦਾ ਪਰੋਗਰਾਮ ਬਣਾਇਆ ਹੈ। ਇਸੇ ਢੰਗ ਨਾਲ ਮਾਸ ਅਨਇੰਪਲਾਇਮੈਂਟ ਔਰ ਐਜੂਕੇਟਿਡ ਅਨਇੰਪਲਾਇਮੈਂਟ ਨੂੰ ਦੂਰ ਕਰਨ ਦੇ ਪਰੋਗਰਾਮ ਬਣਾਏ ਹਨ ਅਤੇ ਜਿਸ ਵੇਲੇ ਮੈਂ ਤੁਹਾਡੇ ਸਾਹਮਣੇ ਬੱਜਟ ਪੇਸ਼ ਕਰਾਂਗਾ ਤਾਂ ਤੁਹਾਡੇ ਸਾਹਮਣੇ ਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਡਾਕਟਰ ਅਮੀਰ ਸਿੰਘ ਕਲਕਟ** : ਆਇਆ ਮਨਿਸਟਰ ਸਾਹਿਬ ਇਸ ਚੀਜ਼ ਦੀ ਇਨਕੁਆਇਰੀ ਕਰਾਉਣਗੇ ਕਿ ਜਿਹੜੀ ਅਕਾਲੀਆਂ ਨੇ 58 ਸਾਲ ਤੋਂ 55 ਸਾਲ ਉਮਰ ਕੀਤੀ ਸੀ ਕੀ ਉਹ ਇਸ ਤਹਿਤ ਕੀਤੀ ਸੀ ਕਿ ਕੋਈ ਸੀਨੀਅਰ ਅਫਸਰ ਉਨ੍ਹਾਂ ਦੇ ਨਜਾਇਜ਼ ਕਹਿਣੇ ਨਹੀਂ ਸੀ ਲੱਗਦਾ ਅਤੇ ਉਹ ਇਸ ਕਰਕੇ ਕਹਿੰਦੇ ਸੀ ਕਿ ਉਨ੍ਹਾਂ ਨੂੰ ਜ਼ਬਰੀ ਰਿਟਾਇਰ ਕੀਤਾ ਜਾਵੇ ?

(ਕੋਈ ਜਵਾਬ ਨਹੀਂ ਆਇਆ)

**ਸਰਦਾਰ ਅਜਾਇਬ ਸਿੰਘ ਸੰਧੂ** : ਇਸ ਨੂੰ ਕਹਿੰਦੇ ਹਨ ਕਿ 'ਅੰਧੇ ਕੋ ਅੰਧੇਰੇ ਮੇਂ ਦੂਰ ਕੀ ਸੁੱਝੀ'। (ਹਾਸਾ) ।

**ਕਾਮਰੇਡ ਸੱਤ ਪਾਲ ਡਾਂਗ** : ਕੀ ਇਹ ਹਕੀਕਤ ਨਹੀ ਹੈ ਕਿ ਜਿੰਨੇ ਵੀ ਇਨ੍ਹਾਂ ਨੇ ਤਰੀਕੇ ਦੱਸੇ ਹਨ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਅਸੀ ਕਦਮ ਚੁੱਕੇ ਹਨ, ਉਸ ਦੇ ਬਾਵਜੂਦ ਇਹ ਹਕੀਕਤ ਨਹੀਂ ਕਿ ਜਿੰਨੀਆਂ ਵੀ ਇਹ ਇੰਪਲਾਇਮੈਂਟ ਪਰੋਵਾਈਡ ਕਰਦੇ ਹਨ ਅਤੇ ਜਿਹੜੀ ਲੇਬਰ ਫੋਰਸ ਨਵੀਂ ਆਉਂਦੀ ਹੈ ਉਹ ਉਸ ਦੇ ਨਾਲੋ ਘੱਟ ਹੈ ਔਰ ਐਕਚੁਅਲੀ ਬੇਕਾਰੀ ਵੱਧ ਰਹੀ ਹੈ । ਕੀ ਇਸ ਦਾ ਇਲਾਜ ਪਾਪੂਲੇਸ਼ਨ ਕੰਟਰੋਲ ਕਰਨਾ ਔਰ ਸਰਮਾਇਦਾਰੀ ਨੂੰ ਖਤਮ ਕਰਨ ਨਾਲ ਹੈ ? ਅਤੇ ਸਮਾਜਵਾਦ ਲਿਆਉਣ ਨਾਲ ਹੈ ?

**ਮੰਤਰੀ** : ਸਮਾਜਵਾਦ ਨੂੰ ਲਿਆਉਣਾ, ਇਸ ਦਾ ਇਲਾਜ ਹੈ। ਇਸ ਸਟੇਟ ਦੇ ਵਿਚ ਫਾਰਚੂਨੇਟਲੀ ਬਾਕੀਆਂ ਸਟੇਟਾਂ ਦੀ ਲੇਬਰ ਵੀ ਆ ਰਹੀ ਹੈ । ਅਤੇ ਜਿਥੋਂ ਤੱਕ ਪਾਪੂਲੇਸ਼ਨ ਨੂੰ ਕੰਟਰੋਲ ਕਰਨ ਦਾ ਸਵਾਲ ਹੈ ਇਸ ਦੇ ਬਾਰੇ ਸਾਰੇ ਮੁਲਕਾਂ ਨੇ, ਜਿਹੜੇ ਅੰਡਰ ਡਿਵੈਲਪਡ ਹਨ ਜਾਂ ਜਿਥੇ ਪਾਪੂਲੇਸ਼ਨ ਜ਼ਿਆਦਾ ਹੈ । ਉਨ੍ਹਾਂ ਸਾਰਿਆਂ ਨੇ ਆਪਣੇ ਆਪਣੇ ਸਾਧਨ ਬਣਾਏ ਹਨ ਉਥੇ ਪਾਪੂਲੇਸ਼ਨ ਤੇ ਵੀ ਕੰਟਰੋਲ ਕੀਤਾ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਮਾਜਵਾਦ ਸਰਮਾਇ-ਦਾਰੀ ਨੂੰ ਹੋਰ ਮੋਟਾ ਕਰਕੇ ਆਵੇਗਾ ਜਾਂ ਕਿਸੇ ਹੋਰ ਤਰ੍ਹਾਂ ਆਵੇਗਾ ?

**ਮੰਤਰੀ** : ਸੀ.ਪੀ. ਐਮ. ਦਾ ਸਮਾਜਵਾਦ ਨਹੀਂ ਆਵੇਗਾ।

---

## Thein Dam Project

*1109. **Sardar Lachhman Singh** : Will the Minister for Irrigation and Power be pleased to state the reasons for which the Central Government has decided to take over the Thein Dam Project ?

**Shri Gurmail Singh** : The Project has been taken over by the Central Government as various States are involved in this Project, in the matter of (a) Acquisition of land for reservoir in J&K; Punjab and Himachal Pradesh States and location of Project works in Jammu and Kashmir State; (b) Rehabilitation of displaced persons and (c) Sharing of water and power benefits.

Under the Constitution of India, the Jammu and Kashmir State could acquire land in that State only for the Union Government but not for any other State. Major portion of the funds on the constructions of the Project will be met by the Union Government.

Original with;
Punjab Vidhan Sabha
Digitized by;
Panjab Digital Library

[ਥੀਨ ਡੈਮ ਪ੍ਰਾਜੈਕਟ ਭਾਰਤ ਸਰਕਾਰ ਵੱਲੋਂ ਬਣਨ ਦਾ ਫੈਸਲਾ ਨਿਮਨ ਲਿਖੇ ਕਾਰਣਾਂ ਕਰਕੇ ਹੋਇਆ ਹੈ :—

(1) ਡੈਮ ਦੇ ਰਿਜ਼ਰਵੀਅਰ ਅਤੇ ਵਰਕਸ ਲਈ ਜੰਮ ਅਤੇ ਕਸ਼ਮੀਰ, ਪੰਜਾਬ ਅਤੇ ਹਿਮਾਚਲ ਵਿਚ ਧਰਤੀ ਪ੍ਰਾਪਤ ਕਰਨੀ ਹੈ ;

(2) ਪ੍ਰਾਪਤ ਕੀਤੀ ਧਰਤੀ ਤੋਂ ਉਖੜੇ ਲੋਕਾਂ ਨੂੰ ਮੁੜ ਵਸਾਉਣਾ; ਅਤੇ

(3) ਪ੍ਰਾਜੈਕਟ ਦੇ ਪਾਣੀ ਅਤੇ ਬਿਜਲੀ ਦੇ ਲਾਭ ਵਿਚ ਸਬੰਧਤ ਸੂਬਿਆਂ ਦਾ ਹਿਸਾ ।

2. ਭਾਰਤੀ ਵਿਧਾਨ ਦੇ ਅਧੀਨ ਜੰਮੂ ਅਤੇ ਕਸ਼ਮੀਰ ਸਰਕਾਰ ਧਰਤੀ ਕੇਵਲ ਭਾਰਤ ਸਰਕਾਰ ਲਈ ਹੀ ਪ੍ਰਾਪਤ ਕਰ ਸਕਦੀ ਹੈ ਅਤੇ ਹੋਰ ਕਿਸੇ ਰਿਆਸਤ ਲਈ ਨਹੀਂ ਕਰ ਸਕਦੀ । ਇਸ ਪ੍ਰਾਜੈਕਟ ਤੇ ਖਰਚੇ ਦਾ ਵੱਡਾ ਹਿੱਸਾ ਭਾਰਤ ਸਰਕਾਰ ਵੱਲੋਂ ਹੀ ਕੀਤਾ ਜਾਵੇਗਾ ।]

**श्री बलराम** : क्या वज़ीर महोदय बतायेंगे कि जो स्टाफ अब तक लगा है उस के टेक ओवर के बाद क्या होगा ?

**ਮੰਤਰੀ** : ਜਿਹੜੀ ਮਿਤੀ 24 ਦਸੰਬਰ, 1972 ਨੂੰ ਮੀਟਿੰਗ ਹੋਈ ਹੈ ਉਸ ਦੇ ਵਿਚ ਇਹ ਫੈਸਲਾ ਨਹੀਂ ਹੋਇਆ ਕਿ ਜਿਹੜਾ ਸਟਾਫ ਹੈ ਉਹ ਕਿਸ ਪਰਸੈਂਟੇਜ ਦੇ ਨਾਲ ਲੱਗੇਗਾ । ਸਾਡੇ ਮੁੱਖ ਮੰਤਰੀ ਸਾਹਿਬ ਨੇ ਸੈਂਟਰਲ ਸਰਕਾਰ ਨੂੰ ਲਿਖਿਆ ਹੈ ਕਿ ਸਾਡਾ ਜੋ ਸਟਾਫ ਹੈ ਉਸ ਦੇ ਵਿਚ ਜੋ ਸਾਡਾ ਹਿੱਸਾ ਹੈ ਪਾਣੀ ਦਾ, ਉਸ ਦੇ ਮੁਤਾਬਿਕ ਸਾਡੇ ਸਟਾਫ ਦੀ ਪਰਸੈਂਟੇਜ ਹੋਣੀ ਚਾਹੀਦੀ ਹੈ ।

**ਚੌਧਰੀ ਦਰਸ਼ਨ ਸਿੰਘ** : ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀ ਜੰਮੂ ਅਤੇ ਕਸ਼ਮੀਰ ਦੀ ਲੈਂਡ ਹੈ ਉਹ ਯੂਨੀਅਨ ਗੌਰਮੈਂਟ ਵਾਸਤੇ ਐਕੁਆਇਰ ਹੋਈ ਹੈ ਅਤੇ ਪੰਜਾਬ ਸਰਕਾਰ ਦਾ ਉਸ ਓਤੇ ਕੋਈ ਰਾਈਟ ਨਹੀਂ ਬਣਦਾ । ਤਾਂ ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ 1 ਕਰੋੜ ਰੁਪਿਆ ਖਰਚ ਕੀਤਾ ਹੈ ਇਹ ਕਿਉਂ ਕੀਤਾ ਹੈ ?

**ਮੰਤਰੀ** : ਅਸੀਂ ਇਸ ਪਰਾਜੈਕਟ ਨੂੰ ਆਪ ਬਲਾਉਣਾ ਚਾਹੁੰਦੇ ਸੀ ਲੇਕਿਨ ਇਸ ਦੇ ਵਿਚ ਲੀਗਲ ਅੜੱਚਣ ਆ ਗਈ ਵਿਧਾਨ ਦੀ, ਉਸ ਦੇ ਮੁਤਾਬਿਕ ਇਹ ਨਹੀ ਹੋ ਸਕਦਾ । ਇਸ ਕਰਕੇ ਫੈਸਲਾ ਹੁਣ ਹੋਇਆ ਹੈ ਕਿ ਪਹਿਲੀ ਜੋ ਪਲਾਨਿੰਗ ਹੈ ਉਹ ਕਨਟਿਨਿਉ ਕਰਨੀ ਹੈ ਅਤੇ ਮੈ ਇਹ ਵੀ ਦੱਸਦਾ ਹਾਂ ਕਿ ਜੋ ਰੁਪਿਆ ਖਰਚ ਹੋਇਆ ਹੈ ਉਹ ਸੈਂਟਰਲ ਦੀ ਸਰਕਾਰ ਪੰਜਾਬ ਗੌਰਮਿੰਟ ਨੂੰ ਦੇ ਦੇਵੇਗੀ ।

**ਸਰਦਾਰ ਬਲਵਿੰਦਰ ਸਿੰਘ ਭੁੰਡਰ** : ਜਦ ਇਸ ਵਕਤ ਬਿਜਲੀ ਅਤੇ ਪਾਣੀ ਦਾ ਸੰਕਟ ਹੈ ਤਾਂ ਇਹ ਮਾਮਲਾ ਅਤੇ ਥੀਨ ਡੈਮ ਦਾ ਮਾਮਲਾ ਕਿੰਨੇ ਚਿਰ ਵਿਚ ਮੁਕੰਮਲ ਹੋ ਜਾਵੇਗਾ ?

**ਮੰਤਰੀ** : ਇਹ ਛੇ ਸੱਤ ਸਾਲਾਂ ਵਿਚ ਮੁਕੰਮਲ ਹੋਵੇਗਾ ਅਤੇ ਜੋ ਨਹਿਰੀ ਪਾਣੀ ਦਾ ਪਰਾਜੈਕਟ ਹੈ ਉਹ ਜਿਸ ਵੇਲੇ ਸ਼ੁਰੂ ਹੋ ਜਾਵੇਗਾ ਤਾਂ 3 ਸਾਲਾਂ ਦੇ ਅੰਦਰ ਅੰਦਰ ਕੰਜ਼ਿਊਮ ਹੋਵੇਗਾ, ਬਿਜਲੀ ਦਾ ਪਰਾਜੈਕਟ ਜੋ ਹੈ ਉਹ ਛੇ ਸੱਤ ਸਾਲਾਂ ਦੇ ਵਿਚ ਕੰਪਲੀਟ ਹੋ ਜਾਵੇਗਾ ।

**ਸਰਦਾਰ ਰਣਧੀਰ ਸਿੰਘ ਚੀਮਾ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਜਿਹੜੀ ਇਨ੍ਹਾਂ ਨੇ ਸੰਧੀ ਕੀਤੀ ਹੈ ਉਸ ਨਾਲ ਕਿਹੜੀ ਕਿਹੜੀ ਸਟੇਟ ਨੂੰ ਪਾਣੀ ਅਤੇ ਬਿਜਲੀ ਦਾ ਹਿੱਸਾ ਮਿਲੇਗਾ ਅਤੇ ਕਿਸ ਰੇਸ਼ੋ ਨਾਲ ਮਿਲੇਗਾ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਪਾਣੀ ਦਾ ਹਿੱਸਾ ਕਸ਼ਮੀਰ, ਪੰਜਾਬ, ਹਰਿਆਣਾ ਅਤੇ ਰਾਜਿਸਥਾਨ ਨੂੰ ਮਿਲੇਗਾ। ਕਿੰਨਾ ਕਿੰਨਾ ਮਿਲੇਗਾ, ਉਹ ਵੀ ਮੈਂ ਦੱਸਦਾ ਹਾਂ। ਪੰਜਾਬ ਨੂੰ ਮਿਲੇਗਾ 75.8 ਪ੍ਰਤੀਸ਼ਤ, ਰਾਜਿਸਥਾਨ ਨੂੰ ਮਿਲੇਗਾ 14.2 ਪ੍ਰਤੀਸ਼ਤ, ਜੰਮੂ ਅਤੇ ਕਸ਼ਮੀਰ ਨੂੰ ਮਿਲੇਗਾ 10 ਪ੍ਰਤੀਸ਼ਤ। ਅਤੇ ਇਸ ਰਾਵੀ ਦੇ ਪਾਣੀ ਵਿਚੋਂ ਅਸੀਂ ਨਹੀਂ ਦੇ ਸਕਦੇ ਹਰਿਆਣਾ ਨੂੰ ਪਾਣੀ ਬਿਆਸ-ਸੱਤਲੁਜ ਦਾ ਜੋ ਲਿੰਕ ਹੈ, ਉਸ ਨੂੰ ਬਿਆਸ ਵਾਲੇ ਵਿਚੋ ਸ਼ੇਅਰ ਦਿਆਂਗੇ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਸ ਕੰਮ ਵਿਚ ਪੰਜਾਬ ਦਾ ਕਿੰਨਾ ਏਰੀਆ ਸੱਬਮਰਜ ਹੋਣਾ ਹੈ ਅਤੇ ਜੰਮੂ ਤੇ ਕਸ਼ਮੀਰ ਦਾ ਕਿੰਨਾ ਏਰੀਆ ਸੱਬਮਰਜ ਹੋਣਾ ਹੈ ?

**ਮੰਤਰੀ** : ਇਸ ਦੇ ਵਿਚ, ਸਪੀਕਰ ਸਾਹਿਬ, ਜੰਮੂ ਤੇ ਕਸ਼ਮੀਰ ਦਾ 12,300 ਏਕੜ, ਪੰਜਾਬ ਦਾ 7,400 ਏਕੜ ਅਤੇ ਹਿਮਾਚਲ ਦਾ 9,00 ਏਕੜ ਏਰੀਆ ਸੱਬਮਰਜ ਹੋਣਾ ਹੈ।

**ਸਰਦਾਰ ਸੁਰਜੀਤ ਸਿੰਘ** : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਕੀ ਪੰਜਾਬ ਗੌਰਮਿੰਟ ਨੇ ਜ਼ਮੀਨ ਐਕੁਆਇਰ ਕਰਨ ਵਾਸਤੇ ਸੈਂਟਰ ਗੌਰਮਿੰਟ ਨੂੰ ਕੋਈ ਅਪਰੋਚ ਕੀਤੀ ਹੈ ਜਾਂ ਨਹੀਂ ?

**ਮੰਤਰੀ** : ਅਪਰੋਚ ਕੀਤਾ ਹੈ ਜੀ। ਜੰਮੂ ਕਸ਼ਮੀਰ ਵਾਲੇ ਨਹੀਂ ਦੇ ਸਕਦੇ। (ਵਿਘਨ) ਵਿਧਾਨ ਦੀ ਧਾਰਾ 255 ਦੇ ਆਰਟੀਕਲ 2 ਦੇ ਮੁਤਾਬਕ ਇਹ ਨਹੀਂ। (ਵਿਘਨ) ਜੋ ਪੈਸੇ ਹਨ ਉਹ ਵੀ ਸੈਂਟਰ ਸਰਕਾਰ ਨੇ ਹੀ ਖਰਚ ਕਰਨੇ ਹਨ।

**ਸਰਦਾਰ ਸੁਰਜੀਤ ਸਿੰਘ** : ਸਪੀਕਰ ਸਾਹਿਬ, ਮੈ ਤਾਂ ਇਹੀ ਪੁਛਿਆ ਹੈ ਕਿ ਕੀ ਸੈਂਟਰ ਨੂੰ ਅਪਰੋਚ ਕੀਤਾ ਹੈ ਕਿ ਸਾਨੂੰ ਜ਼ਮੀਨ ਐਕੁਆਇਰ ਕਰਕੇ ਦਿਉ ?

**ਮੰਤਰੀ** : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਅਪਰੋਚ ਕੀਤਾ ਸੀ। ਉਥੇ ਮੀਟਿੰਗ ਹੋਈ ਅਤੇ ਅਸੀਂ ਇਸ ਗਲ ਤੇ ਇਨਸਿਸਟ ਕੀਤਾ ਸੀ। ਇਹ ਇਕ ਵਿਧਾਨਿਕ ਅੜਚਨ ਹੈ ਇਸ ਨੂੰ ਨਾ ਅਸੀਂ ਤੇ ਨਾ ਤੁਸੀ ਹੀ ਚੇਂਜ ਕਰ ਸਕਦੇ ਹੋ। ਫਿਰ, ਸਪੀਕਰ ਸਾਹਿਬ, ਮੈਂ ਇਹ ਵੀ ਦੱਸ ਦਿਆਂ ਕਿ ਮੀਟਿੰਗ 1970 ਵਿਚ ਵੀ ਹੋਈ ਸੀ ਅਤੇ ਉਸ ਵੇਲੇ ਦੇ ਆਈ.ਪੀ.ਐਮ. ਸਾਹਿਬ ਇਹ ਗਲ ਐਗਰੀ ਕਰਕੇ ਆਏ ਸੀ ਕਿ ਸੈਂਟਰ ਬੇਸ਼ਕ ਬਣਾ ਲਵੇ। (ਵਿਘਨ)

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਹਿਮਾਚਲ ਅਤੇ ਜੰਮੂ ਕਸ਼ਮੀਰ ਦਾ ਇਲਾਕਾ ਇਸ ਦੇ ਵਿਚ ਆਇਆ ਹੈ, ਇਸ ਕਰਕੇ ਸੈਂਟਰ ਗੌਰਮਿੰਟ ਨੂੰ ਦਿਤਾ ਗਿਆ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਭਾਖੜਾ ਨੰਗਲ ਜਦੋਂ ਸ਼ੁਰੂ ਕੀਤਾ ਸੀ ਤਾਂ ਇਹ ਹਿਮਾਚਲ ਵਿਚ ਨਹੀਂ ਸੀ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਦੱਸ ਦਿਆਂ ਕਿ ਜੰਮੂ ਕਸ਼ਮੀਰ ਸਟੇਟ ਦਾ ਕੰਸਟੀ-ਚਿਊਸ਼ਨ ਹੋਰ ਅਤੇ ਹਿਮਾਚਲ ਦੀ ਗਲ ਹੋਰ ਹੈ।

**ਸਰਦਾਰ ਧੰਨਾ ਸਿੰਘ ਗੁਲਸ਼ਨ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਫ਼ੁਰਮਾਇਆ ਹੈ ਕਿ ਬਿਜਲੀ 5-6 ਸਾਲ ਤੋਂ ਬਾਦ ਲੋਕਾਂ ਨੂੰ ਮਿਲ ਸਕੇਗੀ ਅਤੇ ਪਾਣੀ 3 ਸਾਲ ਦੇ ਅੰਦਰ ਮਿਲ ਸਕੇਗਾ, ਉਤਨਾ ਚਿਰ ਪਾਕਿਸਤਾਨ ਨੂੰ ਜਿਹੜਾ ਪਾਣੀ ਜਾਂਦਾ ਹੈ ਉਹ ਉਸੇ ਤਰ੍ਹਾਂ ਜਾਂਦਾ ਰਹੇਗਾ ਜਾਂ ਕੋਈ ਬੰਧ ਵਗੈਰਾ ਲਗਾ ਕੇ ਪੰਜਾਬ ਨੂੰ ਉਹ ਪਾਣੀ ਦਿਤਾ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਕੁਐਸਚਨ ਦੇ ਉਤੇ ਬੜਾ ਕ੍ਰਿਟੀਸਿਜ਼ਮ ਹੋਇਆ ਹੈ ਲੇਕਿਨ ਅਸਲ ਗਲ ਇਹ ਹੈ ਕਿ ਥੀਨ ਡੈਮ 1970 ਵਿਚ ਸ਼ੁਰੂ ਹੋ ਜਾਣਾ ਚਾਹੀਦਾ ਸੀ। ਸੰਨ 1970 ਵਿਚ ਕਈ ਮੀਟਿੰਗਾਂ ਇਸ ਦੇ ਬਾਰੇ ਵਿਚ ਹੋਈਆਂ ਸੀ। ਕਿਉਂਕਿ ਪੰਜਾਬ ਦਾ 75 ਪ੍ਰਤੀਸ਼ਤ ਪਾਣੀ ਦਾ ਹਿਸਾ ਬਣਦਾ ਹੈ ਇਸ ਕਰਕੇ ਪੰਜਾਬ ਨੇ ਜ਼ਿਆਦਾ ਯਤਨ ਕੀਤਾ। ਜਿਹੜੀ ਸੰਨ 1970 ਵਿਚ ਸ੍ਰੀਨਗਰ ਵਿਖੇ ਮੀਟਿੰਗ ਹੋਈ ਸੀ ਉਹ ਮੀਟਿੰਗ ਦੀ ਪ੍ਰੋਸੀਡਿੰਗਜ਼ ਦੇ ਕੁਝ ਅੰਸ਼ ਮੈਂ ਆਪ ਜੀ ਨੂੰ ਪੜ੍ਹ ਕੇ ਸੁਣਾਉਂਦਾ ਹਾਂ—

In a meeting held at Sirinagar on 11th May, 1970 with the J and K Government, Saidar Sohan Singh Bassi, the then I P. M. Punjab, conceded that the in Dam Project was likely to be taken over by the Centre and stated categorically that in that event Punjab would give all the help for the rehabilitation of the oustees from the land to be sub-merged in the reservior.

ਸਪੀਕਰ ਸਾਹਿਬ, ਅਸਲ ਪੋਜ਼ੀਸ਼ਨ ਇਹ ਹੈ ਕਿ ਅਕਾਲੀ ਸਰਕਾਰ ਦੇ ਵੇਲੇ ਸਾਡੇ ਇਰੀਗੇਸ਼ਨ ਮਨਿਸਟਰ ਸਾਹਿਬ ਇਹ ਪ੍ਰੋਪੋਜ਼ਲ ਉਥੇ ਦੇ ਆਏ ਸੀ। ਇਹ ਪ੍ਰੋਪੋਜ਼ਲ ਦੇਣ ਦੇ ਬਾਦ ਅਸੀਂ ਫਿਰ ਵੀ ਇਹ ਯਤਨ ਕੀਤਾ ਕਿ ਕਿਉਂਕਿ ਪਾਣੀ ਜ਼ਿਆਦਾ ਤੋਂ ਜ਼ਿਆਦਾ ਪੰਜਾਬ ਨੇ ਕਨਜ਼ਿਊਮ ਕਰਨਾ ਹੈ ਔਰ ਹਿਮਾਚਲ ਦਾ ਹਿੱਸਾ ਬਹੁਤ ਥੋੜ੍ਹਾ ਹੈ, ਇਸ ਕਰਕੇ ਪੰਜਾਬ ਨੂੰ ਇਹ ਡੈਮ ਬਨਾਉਣ ਦਾ ਮੌਕਾ ਦਿਤਾ ਜਾਵੇ। (ਥੰਪਿੰਗ) ਇਸ ਸਬੰਧ ਵਿਚ ਕਈ ਮੀਟਿੰਗਾਂ ਹੋਈਆਂ ਲੇਕਿਨ ਕੰਨਸਟੀਚਿਊਸ਼ਨਲ ਪੋਜ਼ੀਸ਼ਨ ਇਹ ਹੈ ਕਿ ਜੰਮੂ ਅਤੇ ਕਸ਼ਮੀਰ ਸਟੇਟ ਸੈਂਟਰ ਗੌਰਮਿੰਟ ਵਾਸਤੇ ਆਪਣੀ ਜ਼ਮੀਨ ਐਕੁਆਇਰ ਕਰਕੇ ਦੇ ਸਕਦੇ ਹਨ ਕਿਸੀ ਦੂਸਰੀ ਸਟੇਟ ਨੂੰ ਨਹੀਂ ਦੇ ਸਕਦੇ । ਵੱਧ ਤੋਂ ਵੱਧ ਏਰੀਆ ਜੰਮੂ ਅਤੇ ਕਸ਼ਮੀਰ ਦਾ ਹੈ ਉਸ ਦੇ ਬਾਦ ਸਾਡਾ ਪੰਜਾਬ ਦਾ ਆਉਂਦਾ ਹੈ ਅਤੇ ਸਭ ਤੋਂ ਘੱਟ ਹਿਮਾਚਲ ਦਾ ਏਰੀਆ ਆਉਂਦਾ ਹੈ। ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਸੀ ਜਿਹੜਾ ਸਾਡਾ ਸਟਾਫ ਲਗਿਆ ਹੈ ਅਤੇ ਜਿਹੜਾ ਸਾਡਾ ਖਰਚ ਹੋਇਆ ਹੈ ਉਹ ਵੀ ਸਾਰਾ ਗਿਣਿਆ ਜਾਵੇਗਾ। ਜਿਹੜੇ ਇੰਜਨੀਅਰ ਲਗੇ ਹਨ ਜਾਂ ਹੋਰ ਲਗਣੇ ਹਨ ਉਹ ਸਭ ਤੋਂ ਪਹਿਲਾਂ ਪੰਜਾਬ ਦੇ ਲਾਏ ਜਾਣਗੇ ਅਤੇ ਫਿਰ ਦੂਸਰੀ ਸਟੇਟ ਵਿਚੋਂ ਲਾਏ ਜਾਣਗੇ । ਜੇ ਦੋਨਾਂ ਵਿਚੋਂ ਪੂਰੇ ਨਾ ਹੋਏ ਤਾਂ ਗੌਰਮਿੰਟ ਆਫ਼ ਇੰਡੀਆ ਵਲੋਂ ਹੋਰ ਥਾਂ ਤੋਂ ਆਉਣਗੇ । ਇਹ ਇਕ ਬਹੁਤ ਚੰਗੀ ਗੱਲ ਹੈ ਕਿ ਸੈਂਟਰ ਗੌਰਮਿੰਟ ਇਸ ਤੇ ਖਰਚ ਕਰੇ। ਦੂਸਰੀ ਗਲ ਇਹ ਕਿ ਸਾਰੀਆਂ ਸਟੇਟਾਂ ਨੇ ਆਪਣਾ ਹਿਸਾ ਪਾਉਣਾ ਹੈ।' (ਵਿਘਨ) ਜਿਹੜਾ ਸਾਨੂੰ ਫੰਡ ਮਿਲੇਗਾ ਇਹ ਕਟਿਆ ਜਾਵੇਗਾ ਇਹ ਇਕ ਬੜੀ ਬੇ-ਬੁਨਿਆਦ ਗੱਲ ਹੈ। ਮੈਂ ਸਮਝਦਾ ਹਾਂ ਕਿ ਇਹ ਚੰਗਾ ਫੈਸਲਾ ਹੈ ਅਤੇ ਇਹ ਜਲਦੀ ਤੋਂ ਜਲਦੀ ਡੈਮ ਸ਼ੁਰੂ ਹੋ ਜਾਵੇਗਾ। ਅੱਜ ਇਹ ਦੱਸਣਾ ਕਿ ਕਿਹੜੀ ਤਾਰੀਖ ਤਕ ਹੋ ਸਕਦਾ ਹੈ ਇਹ ਤਾਂ ਮਾਹਰੀਨ ਹੀ ਦੱਸ ਸਕਦੇ ਹਨ। ਇਸ ਕਰਕੇ ਇਸ ਤੇ ਜ਼ਿਆਦਾ ਕੁਐਸਚਨ ਕਰਨ ਦੀ ਲੋੜ ਨਹੀਂ (ਥੰਪਿੰਗ) (ਵਿਘਨ)

---

## Proposed closure of Nangal Fertilizer Factory to meet the power Crisis in the State

***1162. Chaudhri Ram Singh** : Will the Minister for Irrigation and Power be pleased to state —

(a) whether the State Government has approached the Central Government for the closure of Nangal Fertilizer Factory for some months, with a view to meet the present power crisis in Punjab ;

Original with;
Punjab Vidhan Sabha
Digitized by;
Panjab Digital Library

(b) if the reply to part (a) above be in the affirmative, the date by which the said Factory is likely to be closed and the period for which it would remain closed ?

**Shri Gurmail Singh :** (a) Yes.

(b) The Government of India have not agreed to the closing of the Nangal Factory. They have, however, agreed to reduce the power consumption of the Factory from 98 MW to 60 MW with effect from 10th February, 1973, for a period of 2 months for the present.

[(ਏ) ਜੀ ਹਾਂ ।

(ਬੀ) ਭਾਰਤ ਸਰਕਾਰ ਨੇ ਫੈਕਟਰੀ ਨੂੰ ਬੰਦ ਕਰਨ ਦੀ ਤਜਵੀਜ਼ ਪ੍ਰਵਾਨ ਨਹੀਂ ਕੀਤੀ । ਇਸ ਦੀ ਥਾਂ ਫੈਕਟਰੀ ਦੀ ਬਿਜਲੀ ਦੀ ਖੱਪਤ ਹਾਲ ਦੀ ਘੜੀ 10 ਫਰਵਰੀ, 1973, ਤੋਂ ਦੋ ਮਹੀਨਿਆਂ ਲਈ 98 ਮੈਗਾਵਾਟ ਤੋਂ ਘਟਾ ਕੇ 60 ਮੈਗਾਵਾਟ ਕਰ ਦਿਤੀ ਹੈ ।]

**ਸਰਦਾਰ ਗੁਰਦੇਵ ਸਿੰਘ ਸਿਧੂ :** * * * *

**ਸ੍ਰੀ ਸਪੀਕਰ :** ਇਹ ਜੋ ਕੁਝ ਮੈਂਬਰ ਸਾਹਿਬ ਨੇ ਕਿਹਾ ਹੈ that should not form part of the proceedings. (Whatever the hon. Member has said, should not form part of the proceedings.)

**ਚੌਧਰੀ ਰਾਮ ਸਿੰਘ :** ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੀ ਇਥੋਂ ਬਿਜਲੀ ਸਾਨੂੰ ਮਿਲੀ ਹੈ ਉਹ ਕਿਸ ਤਰ੍ਹਾਂ ਸਟੇਟਾਂ ਵਿਚ ਡਿਸਟਰੀਬਿਊਟ ਕੀਤੀ ਗਈ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਪੰਜਾਬ ਅਤੇ ਹਰਿਆਣਾ ਦੋ ਸਟੇਟਾਂ ਨੂੰ ਮਿਲੀ ਹੈ । ਪੰਜਾਬ ਨੂੰ 5.29 ਲੱਖ ਯੂਨਿਟ ਮਿਲੀ ਹੈ ਅਤੇ ਹਰਿਆਣੇ ਨੂੰ ਬਾਕੀ ਤਕਰੀਬਨ ਸਵਾ ਚਾਰ ਲੱਖ ਯੂਨਿਟ ਮਿਲੀ ਹੈ ।

---

## Shortage of Electricity in the State

***1130. Shri Yash Pal :** Will the Minister for Irrigation and Power be pleased to state the details of the steps taken by the Government to meet the shortage of electricity in the State and the time by which normal supply is likely to be resumed ?

**Shri Gurmail Singh :** The details regarding the action taken to meet the shortage of Power are placed on the Table of the House. The resumption of the normal supply mainly depends on favourable/weather conditons by which the inflow of water in the Gobind Sagar could increase during the next few months to step up generation in the Bhakra complex.

[ਬਿਜਲੀ ਦੀ ਕਮੀ ਦੂਰ ਕਰਨ ਲਈ ਕੀਤੀ ਗਈ ਕਾਰਵਾਈ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ । ਸਾਧਾਰਣ ਸਪਲਾਈ ਬਹਾਲ ਕਰਨਾ ਇਸ ਗੱਲ ਤੇ ਨਿਰਭਰ ਹੈ ਕਿ ਅਗਲੇ ਕੁਝ ਮਹੀਨਿਆਂ ਵਿਚ ਮੌਸਮ ਅਨੁਕੂਲ ਹੋਵੇ ਜਿਸ ਨਾਲ ਗੋਬਿੰਦ ਸਾਗਰ ਵਿਚ ਪਾਣੀ ਦਾ ਬਹਾਓ ਪੂਰਾ ਹੋਵੇ ਤਾਂ ਕਿ ਭਾਖੜਾ ਪਾਵਰ ਹਾਊਸਾਂ ਤੋਂ ਬਿਜਲੀ ਪੈਦਾ ਕਰਨ ਦੀ ਸਮਰਥਾ ਵੱਧ ਸਕੇ ।]

---

*Expunged as ordered by the Chair

Original with;
Punjab Vidhan Sabha
Digitized by;
Panjab Digital Library

**Details regarding the action taken to meet the shortage of Power Supply.**

(i) All the surplus power available from Bassi Power House (HP) is being purchased. Further surplus power to the extent available from Talwara Thermal Power Station is also being purchased

(ii) The Punjab State Electricity Board is installing 41 Nos. Diesel Generating Sets with an aggregate installed capacity of 52.52 MW at various places in Punjab. 33 Nos. Diesel Generating Sets with an aggregate installed capacity of 35.92 MW have already been commissioned. One set of 3.52 MW capacity at Nakodar is on trial run. Vigorious efforts are afoot to commission remaining Diesel Generating Sets expeditiously.

(iii) The Nangal Fertilizer Factory was being allowed to draw 98 MW. Matter regarding its total closure had been taken up with the Government of India and as a result of these efforts, the drawal of Nangal Fertilizer Factory has been reduced to 60 MW with effect from 10th February, 1973. Punjab is getting additional supply of 5.30 lakh units per day out of this saving.

(iv) The power to the extent of 5 lakh units per day had been arranged from Satpura Thermal Power Station (MP) through Rajasthan since 11th September, 1972. Since second week of November, 1972, no power is however, being made available from Satpura Thermal Power Station (M.P.) by Rajasthan. The matter has been taken up with the Central Government and other concerned authorities for making available that much power from Satpura Thermal Power Station (M.P.) through Rajasthan.

(v) The completion of Punjab Projects in hand, such as Shanan Renovation, UBDC, Power House III, Guru Nanak Plant, Bhatinda (Ist unit) is being expedited.

(vi) The first unit of Rajasthan Atomic Power Station became critical on 11th August, 1972 and is expected to feed power to Rajasthan system shortly. The first unit of Badarpur Thermal Power Plant (Delhi) is likely to be commissioned during the year 1973. The P.S.E.B. is pursuing with the Government of India for the allocation of power from these power plants to Punjab.

(vii) The P.S.E.B. has framed the proposal of installation of 3 Nos. Gas Turbine Generaing sets each having an installed capacity of 20/25 MW. The power from these sets may be available in a year's time.

[(1) ਹਿਮਾਚਲ ਪ੍ਰਦੇਸ਼ ਦੇ ਬਸੀ ਪਾਵਰ ਹਾਊਸ ਤੋਂ ਸਾਰੀ ਵਾਧੂ ਬਿਜ਼ਲੀ ਖਰੀਦੀ ਜਾ ਰਹੀ ਹੈ । ਇਸੇ ਤਰ੍ਹਾਂ ਤਲਵਾੜਾ ਥਰਮਲ ਪਾਵਰ ਸਟੇਸ਼ਨ ਤੋਂ ਵੀ ਵਾਧੂ ਬਿਜਲੀ ਲਈ ਜਾ ਰਹੀ ਹੈ ।

(2) ਪੰਜਾਬ ਰਾਜ ਬਿਜਲੀ ਬੋਰਡ ਦੁਆਰਾ 41 ਡੀਜ਼ਲ ਜੈਨਰੇਟਿੰਗ ਸੈਟ ਜਿਨ੍ਹਾਂ ਦੀ ਕੈਪੇਸਿਟੀ 52.52 ਮੈਗਾਵਾਟ ਹੈ ਉਹ ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਲਗਾਏ ਜਾ ਰਹੇ ਹਨ । ਇਨ੍ਹਾਂ ਵਿਚੋਂ 33 ਸੈਟ ਜਿਨ੍ਹਾਂ ਦੀ ਤਾਕਤ 35.92 ਮੈਗਾਵਾਟ ਹੈ, ਚਾਲੂ ਹੋ ਚੁਕੇ ਹਨ । 3.52 ਮੈਗਾਵਾਟ ਦੀ ਤਾਕਤ ਦਾ ਇਕ ਸੈੱਟ ਨਕੋਦਰ ਲੱਗ ਗਿਆ ਹੈ । ਇਸ ਨੂੰ ਤਜਰਬੇ ਦੇ ਤੌਰ ਤੇ ਚਲਾਇਆ ਜਾ ਰਿਹਾ ਹੈ, ਬਾਕੀ ਰਹਿੰਦੇ ਜੈਨਰੇਟਿੰਗ ਸੈਟਾਂ ਨੂੰ ਚਲਾਓਣ ਲਈ ਅਤਿਅੰਤ ਯਤਨ ਹੋ ਰਹੇ ਹਨ ।

(3) ਨੰਗਲ ਖਾਦ ਫੈਕਟਰੀ ਨੂੰ 98 ਮੈਗਾਵਾਟ ਬਿਜਲੀ ਦਿੱਤੀ ਜਾ ਰਹੀ ਸੀ । ਕੇਂਦਰੀ ਸਰਕਾਰ ਨੂੰ ਇਸ ਫੈਕਟਰੀ ਦੇ ਬੰਦ ਕਰਨ ਸਬੰਧੀ ਪੱਤਰ-ਵਿਹਾਰ ਕੀਤਾ ਗਿਆ ਜਿਸ ਦੇ ਫਲ ਸਰੂਪ ਇਹ ਫੈਸਲਾ ਹੋਇਆ ਕਿ ਇਹ ਫੈਕਟਰੀ 10 ਫਰਵਰੀ, 1973 ਤੋਂ 98 ਮੈਗਾਵਾਟ ਦੀ ਜਗ੍ਹਾ 60 ਮੈਗਾਵਾਟ ਬਿਜਲੀ ਦੀ ਵਰਤੋਂ ਕਰੇਗੀ । ਪੰਜਾਬ ਵਿਚ ਬੱਚਤ ਵਿਚੋਂ 5.3 ਲੱਖ ਯੂਨਿਟ ਪ੍ਰਤੀ ਦਿਨ ਵਾਧੂ ਸਪਲਾਈ ਪ੍ਰਾਪਤ ਕਰ ਰਿਹਾ ਹੈ ।

(4) ਮਧਿਆ ਪ੍ਰਦੇਸ਼ ਸਤਪੁੜਾ ਥਰਮਲ ਪਾਵਰ ਸਟੇਸ਼ਨ ਤੋਂ 0.5 ਮੈਗਾਵਟ ਹਰ ਰੋਜ਼ ਬਿਜਲੀ ਲੈਣ ਦਾ ਪ੍ਰਬੰਧ 11 ਸਤੰਬਰ, 1972 ਨੂੰ ਕੀਤਾ ਸੀ ਪਰ ਨਵੰਬਰ ਦੇ ਦੂਜੇ ਹਫਤੇ ਤੋਂ ਇਸ

Original with;
Punjab Vidhan Sabha
Digitized by;
Panjab Digital Library

ਪਾਵਰ ਸਟੇਸ਼ਨ ਤੋਂ ਬਿਜਲੀ ਨਹੀਂ ਆ ਰਹੀ । ਇਸ ਕਾਰਨ ਇਹ ਮਾਮਲਾ ਕੇਂਦਰੀ ਸਰਕਾਰ ਨਾਲ ਛੇੜਿਆ ਹੋਇਆ ਹੈ ਤਾਂ ਕਿ ਮੱਧਿਆ ਪ੍ਰਦੇਸ਼ ਤੋਂ ਰਾਜਸਥਾਨ ਰਾਹੀਂ ਇਸ ਬਿਜਲੀ ਦੀ ਪ੍ਰਾਪਤੀ ਹੋ ਸਕੇ ।

(5) ਇਸ ਸਮੇਂ ਹੱਥ ਵਿਚ ਲਏ ਪ੍ਰਾਜੈਕਟਾਂ ਅਰਥਾਤ ਸਾਨਨ ਰੈਨੋਵੇਸ਼ਨ, ਯੂ. ਬੀ. ਡੀ. ਸੀ. ਬਿਜਲੀ ਘਰ ਨੰ. 3, ਗੁਰੂ ਨਾਨਕ ਪਲਾਂਟ, ਬਠਿੰਡਾ (ਪਹਿਲੀ ਯੂਨਿਟ) ਤੇ ਕੰਮ ਤੇਜ਼ ਕੀਤਾ ਜਾ ਰਿਹਾ ਹੈ ।

(6) ਰਾਜਸਥਾਨ ਦੇ ਪ੍ਰਮਾਣੂ ਪਾਵਰ ਸਟੇਸ਼ਨ ਦੀ ਪਹਿਲੀ ਯੂਨਿਟ 11 ਅਗਸਤ, 1972 ਨੂੰ ਚਾਲੂ ਹੋ ਗਈ ਹੈ ਅਤੇ ਆਸ ਹੈ ਕਿ ਜਲਦੀ ਹੀ ਇਸ ਵਿਚੋਂ ਰਾਜਸਥਾਨ ਸਟੇਸ਼ਨ ਨੂੰ ਬਿਜਲੀ ਪ੍ਰਾਪਤ ਹੋਣ ਲੱਗ ਪਵੇਗੀ। ਬਦਰਪੁਰ ਥਰਮਲ ਪਾਵਰ ਪਲਾਂਟ ਦਾ ਪਹਿਲਾ ਯੂਨਿਟ (ਦਿਲੀ) ਸਾਲ 1973 ਦੇ ਦੌਰਾਨ ਚਾਲੂ ਕੀਤੇ ਜਾਣ ਦੀ ਆਸ ਹੈ। ਇਨ੍ਹਾਂ ਬਿਜਲੀ ਘਰਾਂ ਵਿਚੋਂ ਪੰਜਾਬ ਨੂੰ ਬਿਜਲੀ ਦੇਣ ਲਈ ਬਿਜਲੀ ਬੋਰਡ ਭਾਰਤ ਸਰਕਾਰ ਤੇ ਜ਼ੋਰ ਪਾ ਰਿਹਾ ਹੈ।

(7) ਪੰਜਾਬ ਰਾਜ ਬਿਜਲੀ ਬੋਰਡ ਨੇ 20/25 ਮੈਗਾਵਾਟ ਦੀ ਸਮਰਥਾ ਵਾਲੇ 3 ਗੈਸ ਟਰਬਾਈਨ ਜਨਰੇਟਿੰਗ ਸੈਟ ਲਾਉਣ ਦੀ ਤਜਵੀਜ਼ ਕੀਤੀ ਹੈ। ਇਨ੍ਹਾਂ ਸੈਟਾਂ ਤੋਂ ਇਕ ਸਾਲ ਦੇ ਅੰਦਰ ਅੰਦਰ ਬਿਜਲੀ ਮਿਲਣ ਲੱਗ ਪਵੇਗੀ।]

**ਸ੍ਰੀ ਯਸ਼ ਪਾਲ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਹਿਮਾਚਲ ਦੇ ਬਸੀ ਪਾਵਰ ਹਾਊਸ ਤੋਂ ਸਾਰੀ ਵਾਧੂ ਬਿਜਲੀ ਖਰੀਦਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਥੋਂ ਸਾਨੂੰ ਕਿੰਨੀ ਬਿਜਲੀ ਮਿਲੇਗੀ ਅਤੇ ਕਦੋਂ ਮਿਲੇਗੀ ? ਅਤੇ ਕੀ ਇਸ ਦੇ ਬਾਰੇ ਵਿਚ ਇੰਜਨੀਅਰਜ਼ ਨੂੰ ਪੁਛ ਲਿਆ ਹੈ ਕਿ ਉਹ ਬਿਜਲੀ ਇਥੇ ਪੰਜਾਬ ਵਿਚ ਪੁਜ ਸਕਦੀ ਹੈ ਜਾਂ ਨਹੀਂ ?

**ਮੰਤਰੀ :** ਸਾਨੂੰ ਉਥੋਂ 5 ਲੱਖ ਯੂਨਿਟ ਬਿਜਲੀ ਮਿਲੇਗੀ।

**ਸ੍ਰੀ ਯਸ਼ਪਾਲ :** ਸੱਤਪੜੇ ਦੀ ਬਿਜਲੀ ਵਾਂਗ ਤਾਂ ਨਹੀਂ ਹੋਵੇਗਾ ?

**ਮੰਤਰੀ :** ਸਤਪੁੜਾ ਤੋਂ ਵੀ ਬਿਜਲੀ ਲੈਣ ਲਈ ਅਸੀਂ ਇਹ ਕੋਸ਼ਿਸ਼ ਕਰ ਰਹੇ ਹਾਂ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗਲ ਠੀਕ ਹੈ ਕਿ ਮਈ ਦੇ ਮਹੀਨੇ ਦੇ ਅੱਧ ਵਿਚ ਗੋਬਿੰਦ ਸਾਗਰ ਵਿਚ ਪਾਣੀ ਇਤਨਾ ਘੱਟ ਜਾਏਗਾ ਕਿ ਉਹ ਡੈਡ ਸਟੋਰੇਜ਼ ਵਿਚ ਚਲਾ ਜਾਏਗਾ ਅਤੇ ਜਿਹੜੀ ਹੁਣ ਬਿਜਲੀ ਮਿਲ ਰਹੀ ਹੈ ਇਹ ਵੀ ਘੱਟ ਜਾਏਗੀ। ਇਹ ਜਿਹੜੀ ਖ਼ਬਰ ਅਖਬਾਰਾਂ ਵਿਚ ਆਈ ਹੈ ਕੀ ਵਿਹ ਠੀਕ ਹੈ ਅਤੇ ਜੇ ਇਹ ਠੀਕ ਹੈ ਤਾਂ ਇਸ ਦੇ ਲਈ ਕੀ ਕਦਮ ਚੁਕੇ ਗਏ ਹਨ ?

**ਮੰਤਰੀ :** ਸਪੀਕਰ ਸਾਹਿਬ, ਇਸ ਸਬੰਧ ਵਿਚ ਜੋ ਕੁਝ ਹਾਊਸ ਦੀ ਟੇਬਲ ਤੇ ਰਖਿਆ ਹੈ ਉਹ ਮੈਂਬਰ ਸਾਹਿਬ ਨੇ ਪੜ੍ਹਿਆ ਨਹੀਂ । ਬਿਜਲੀ ਇਕ ਦਿਨ ਵਿਚ ਨਾ ਕਿਤੋਂ ਇੰਪੋਰਟ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਇਕ ਦਿਨ ਵਿਚ ਬਣਾਈ ਜਾ ਸਕਦੀ ਹੈ। ਇਸ ਦੇ ਲਈ ਪੈਸੇ ਦੀ ਲੋੜ ਹੁੰਦੀ ਹੈ। ਇਹ ਗਲ ਦਰੁਸੱਤ ਹੈ ਕਿ ਪਾਣੀ ਗੋਬਿੰਦ ਸਾਗਰ ਵਿਚ ਮਈ ਅਤੇ ਜੂਨ ਦੇ ਮਹੀਨੇ ਵਿਚ ਘੱਟ ਜਾਏਗਾ, ਪਰ ਮੈਂ ਇਹ ਦਸਦਿਆਂ ਕਿ ਪਿਛਲੇ ਸਾਲ ਨਾਲੋਂ ਇਸ ਵਕਤ ਪਾਣੀ ਗੋਬਿੰਦ ਸਾਗਰ ਵਿਚ ਜ਼ਿਆਦਾ ਆ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਰੀਗੇਸ਼ਨ ਮਨਿਸਟਰ ਨੂੰ ਪੁਛਣਾ ਚਾਹੁੰਦਾ ਹਾਂ ਕਿ ਬਿਜਲੀ ਦਾ ਜਿਹੜਾ ਘਾਟਾ ਹੈ ਪੰਜਾਬ ਵਿਚ ਇਸ ਨੂੰ ਪੱਕੇ ਤੌਰ ਤੇ ਪੂਰਾ ਕਰਨ ਲਈ ਪੰਜਾਬ ਸਰਕਾਰ ਨੇ ਸੈਂਟਰ ਨੂੰ ਕੋਈ ਅਟਾਮਿਕ ਪਲਾਂਟ ਲਾਉਣ ਲਈ ਬੇਨਤੀ ਕੀਤੀ ਹੈ ?

**ਮੰਤਰੀ** : ਹਾਂ ਜੀ ਬੇਨਤੀ ਕੀਤੀ ਹੈ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਇਸ ਵਕਤ ਬਿਜਲੀ ਦੀ ਕੰਜ਼ੰਪਸ਼ਨ ਕੋਈ 47 ਲੱਖ ਯੂਨਿਟ ਹੈ। ਜਿਸ ਦੇ ਵਿਚੋਂ 18 ਲੱਖ ਯੂਨਿਟ ਦੇ ਕਰੀਬ ਵੇਸਟੇਜ ਹੈ ਅਕਾਰਡਿੰਗ ਟੂ ਦੀ ਸਟੇਟਮੈਂਟ ਆਫ ਸੈਂਟਰਲ ਮਨਿਸਟਰ ਸ਼੍ਰੀ ਕੇ. ਐਲ. ਰਾਓ। ਇਸ ਤਰ੍ਹਾਂ ਕੋਈ 34 ਪ੍ਰਤੀਸ਼ਤ ਬਿਜਲੀ ਵੇਸਟ ਜਾ ਰਹੀ ਹੈ। ਦਿਸ ਇਜ਼ ਦਾ ਹਾਈਐਸਟ ਇਨ ਇੰਡੀਆ। ਇਸ ਵੇਸਟੇਜ਼ ਨੂੰ ਰੋਕਣ ਲਈ ਕੀ ਪੰਜਾਬ ਸਰਕਾਰ ਕੋਈ ਸਾਧਨ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਮੈਂ ਦਸਦਾ ਹਾਂ ਕਿ ਪੰਜਾਬ ਇਕ ਐਕਗਰੀਕਲਚਰਲ ਸਟੇਟ ਹੈ ਅਤੇ ਟਿਊਬਵੈਲਾਂ ਨੂੰ ਬਿਜਲੀ ਦੇਣ ਲਈ ਕਾਫੀ ਲੰਮੀਆਂ ਲਾਈਨਾ ਵਛਾਉਣੀਆਂ ਪੈਂਦੀਆਂ ਹਨ। ਜੇ ਕਿਤੇ ਇੰਡਸਟਰੀ ਨੂੰ ਬਿਜਲੀ ਦੇਣੀ ਹੋਵੇ ਤਾਂ ਉਸ ਦੇ ਲਈ ਇੰਨੀਆਂ ਲੰਮੀਆਂ ਲਾਈਨਾਂ ਦੀ ਲੋੜ ਨਹੀਂ ਪੈਂਦੀ। ਪੰਜਾਬ ਇਕ ਐਗਰੀਕਲਚਰਲ ਸਟੇਟ ਹੈ ਅਤੇ ਸਾਨੂੰ ਆਪਣੇ ਐਗਰੀਕਲਚਰਲ ਪ੍ਰੋਡਕਟ ਦੇ ਟੀਚੇ ਪੂਰੇ ਕਰਨ ਲਈ ਇਹ ਲਾਈਨਾਂ ਦੇ ਖ਼ਰਚ ਝਲਣੇ ਪੈਣਗੇ।

**ਚੌਧਰੀ ਦਰਸ਼ਨ ਸਿੰਘ** : ਲਾਈਨਾਂ ਤਾਂ ਰਾਜਸਥਾਨ ਵਿਚ ਵੀ ਲੰਮੀਆਂ ਹਨ ਪਰ ਉਥੇ ਤਾਂ ਵੇਸਟੇਜ ਘੱਟ ਹੈ। (ਵਿਘਨ)

**ਸ਼੍ਰੀ ਸਪੀਕਰ** : ਵੇਸਟੇਜ ਦੇ ਨਾਲ ਕਿਤੇ ਚੋਰੀ ਤਾਂ ਨਾਲ ਨਹੀਂ ਰਲ ਗਈ ? (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਵੇਸਟੇਜ ਦੇ ਮੁਤਅੱਲਕ ਜੋ ਕੁਝ ਵੀ ਕਿਹਾ ਗਿਆ ਹੈ ਉਹ ਬਿਲਕੁਲ ਦਰੁਸੱਤ ਹੈ। ਤੁਹਾਨੂੰ ਯਾਦ ਹੋਣਾ ਹੈ ਕਿ ਕਲ ਇਥੇ ਕਿਸੇ ਆਨਰੇਬਲ ਮੈਂਬਰ ਨੇ ਕਿਹਾ ਸੀ ਕਿ ਬਿਜਲੀ ਬੋਰਡ ਵਿਚ ਡੀ. ਆਈ. ਜੀ. ਦੀ ਪੋਸਟ ਕਿਉਂ ਕਰੀਏਟ ਕੀਤੀ ਗਈ ਹੈ। ਡੀ. ਆਈ. ਜੀ. ਇਸ ਲਈ ਲਗਾਇਆ ਗਿਆ ਹੈ ਤਾਂ ਕਿ ਵੇਸਟੇਜ ਨਾ ਹੋ ਸਕੇ ਅਤੇ ਸਰਕਾਰੀ ਮੁਲਾਜ਼ਮ ਅਤੇ ਚੋਰੀ ਕਰਨ ਵਾਲੇ ਆਪਸ ਵਿਚ ਮਿਲ ਨਾ ਜਾਣ। ਬਿਜਲੀ ਬੋਰਡ ਦੇ ਕਰਮਚਾਰੀ ਅਤੇ ਚੋਰੀ ਕਰਨ ਵਾਲੇ ਦੀ ਮਿਲਭਗਤ ਨਾਲ ਬਿਜਲੀ ਦੀ ਚੋਰੀ ਹੁੰਦੀ ਸੀ, ਉਸ ਨੂੰ ਰੋਕਣ ਵਾਸਤੇ ਇਹ ਜ਼ਰੂਰੀ ਸੀ ਕਿ ਕੋਈ ਵੱਡਾ ਅਫ਼ਸਰ ਲਾਇਆ ਜਾਂਦਾ, ਜਿਸ ਤਰ੍ਹਾਂ ਬਾਕੀ ਸਟੇਟਾਂ ਨੇ ਵੀ ਲਾਏ ਹਨ। ਆਨਰੇਬਲ ਮੈਂਬਰ ਚੌਧਰੀ ਦਰਸ਼ਨ ਸਿੰਘ ਜੀ ਦਾ ਕਹਿਣਾ ਬਿਲਕੁਲ ਦਰੁਸੱਤ ਹੈ ਅਤੇ ਅਗੇ ਨੂੰ ਚੋਰੀ ਕਰਨ ਵਾਲੇ ਪਕੜ ਲਿਆ ਜਾਇਆ ਕਰਨਗੇ।

**ਸਰਦਾਰ ਸਤਨਾਮ ਸਿੰਘ ਬਾਜਵਾ** : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਡੀ. ਆਈ. ਜੀ. ਲਾਇਆ ਹੈ ਉਹ ਅਫ਼ਸਰਾਂ ਨੂੰ ਤਾਂ ਪਕੜਨਗੇ ਅਤੇ ਨਾਲ ਹੀ ਕਿਹਾ ਹੈ ਕਿ ਬਿਜਲੀ ਬੋਰਡ ਦੇ ਮੈਂਬਰਾਂ ਨੂੰ ਨਹੀਂ। ਕੀ ਉਨ੍ਹਾਂ ਵਾਸਤੇ ਕੋਈ ਛੋਟ ਦਿਤੀ ਹੋਈ ਹੈ, ਉਨ੍ਹਾਂ ਨੂੰ ਕਿਉਂ ਨਹੀਂ ਪਕੜ ਸਕਣਗੇ ?

**ਮੰਤਰੀ** : ਤੁਹਾਨੂੰ ਕਿਉਂ ਖ਼ਤਰਾ ਪੈ ਗਿਆ ਹੈ ?

**ਸ਼੍ਰੀ ਯਸ਼ਪਾਲ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਵੇਸਟੇਜ ਬਾਰੇ ਪੋਜ਼ੀਸ਼ਨ ਕਲੀਅਰ ਕਰ ਦਿਤੀ ਹੈ। ਲੇਕਿਨ ਜੋ ਗਲ ਮਨਿਸਟਰ ਸਾਹਿਬ ਨੇ ਜਵਾਬ ਦੇ

Original with;
Punjab Vidhan Sabha
Digitized by;
Panjab Digital Library

ਚੌਥੇ ਹਿੱਸੇ ਵਿਚ ਕਹੀ ਹੈ ਉਸ ਦੇ ਬਾਰੇ ਵਿਚ ਮੈਂ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਸੱਤਪੁੜੇ ਦੀ ਬਿਜਲੀ ਪੰਜਾਬ ਵਿਚ ਕਿਉਂ ਨਹੀਂ ਪੁੱਜੀ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਤਪੁੜੇ ਦੀ ਬਿਜਲੀ ਗੰਗਾਨਗਰ ਦੇ ਇਲਾਕੇ ਤਕ ਪੁਜ ਸਕਦੀ ਹੈ ਜਿਸ ਦੇ ਲਈ ਸਾਡਾ ਖ਼ਿਆਲ ਸੀ ਕਿ ਸਾਨੂੰ ਜਿਹੜੀ ਸਤਪੁੜੇ ਤੋਂ ਮਿਲਣੀ ਹੈ ਉਹ ਗੰਗਾਨਗਰ ਦੇ ਇਲਾਕੇ ਵਿਚ ਇਸਤੇਮਾਲ ਹੋ ਜਾਏਗੀ ਅਤੇ ਜਿਹੜੀ ਬਿਜਲੀ ਗੰਗਾਨਗਰ ਵਾਸਤੇ ਭਾਖੜਾ ਤੋਂ ਜਾਂਦੀ ਹੈ ਉਹ ਪੰਜਾਬ ਵਿਚ ਰੱਖ ਲਿਆ ਕਰਾਂਗੇ ਕੀ ਸੱਤਪੁੜੇ ਦੀ ਬਿਜਲੀ ਰਾਜਿਸਥਾਨ ਵਿਚ ਪੁਜਣ ਲਈ ਕੋਈ ਲਾਈਨ ਹੈ ?

**ਮੰਤਰੀ** : ਸਤਪੁੜੇ ਤੋਂ ਪੰਜਾਬ ਵਿਚ ਬਿਜਲੀ ਪੁਜਣ ਲਈ ਕੋਈ ਡਾਇਰੈਕਟ ਲਾਈਨ ਨਹੀਂ ਹੈ। ਮਧਿਆ ਪ੍ਰਦੇਸ਼ ਵਿਚ ਜਿਹੜੀ ਬਿਜਲੀ ਤਿਆਰ ਹੋਈ ਸੀ ਉਸ ਦਾ 60 ਪ੍ਰਤੀਸ਼ਤ ਮਧਿਆਂ ਪ੍ਰਦੇਸ਼ ਨੇ ਰਖਣਾ ਸੀ ਅਤੇ 40 ਪ੍ਰਤੀਸ਼ਤ ਰਾਜਿਸਥਾਨ ਨੇ, ਜਿਹੜਾ ਕਿ ਅਗੇ ਪੰਜਾਬ ਨੂੰ ਸਪਲਾਈ ਹੋਣਾ ਸੀ ਕਿਉਂਕਿ ਸਾਡੀਆਂ ਐਫ਼ਰਟਸ ਨਾਲ ਮਧਿਆ ਪ੍ਰਦੇਸ਼ ਨੂੰ ਕੋਇਲਾ ਜ਼ਿਆਦਾ ਮਿਲਿਆ ਸੀ। ਸਾਨੂੰ ਮਧਿਆ ਪ੍ਰਦੇਸ਼ ਦਾ ਹਿੱਸਾ ਦੋ ਮਹੀਨੇ ਲਈ ਡੇਢ, ਦੋ ਲੱਖ, ਚਾਰ ਲੱਖ ਯੂਨਿਟਾਂ daily ਵੀ ਆਉਂਦੇ ਰਹੇ। ਸੱਤਪੁੜੇ ਵਾਲੀ ਰਾਜਿਸਥਾਨ ਵਾਲੇ ਇਸਤੇਮਾਲ ਕਰਦੇ ਅਤੇ ਅਸੀਂ ਭਾਖੜੇ ਤੋਂ ਰਾਜਿਸਥਾਨ ਦਾ ਹਿੱਸਾ ਲੈਂਦੇ ਰਹੇ। ਉਹ ਜਿਹੜੇ ਬਿਜਲੀ ਸਾਨੂੰ ਸਤਪੁੜੇ ਤੋਂ ਮਿਲਣੀ ਹੈ ਉਹ ਰਾਜਿਸਥਾਨ ਵਾਲੇ ਕੰਜ਼ਿਊਮ ਕਰ ਸਕਦੇ ਹਨ। ਅਸੀਂ ਯਤਨ ਕਰ ਰਹੇ ਹਾਂ ਕਿ ਉਹ ਸਾਡਾ ਹਿੱਸਾ ਉਥੋਂ ਲੈ ਲਿਆ ਕਰਨ ਅਤੇ ਭਾਖੜਾ ਵਿਚੋਂ ਸਾਨੂੰ ਆਪਣਾ ਹਿੱਸਾ ਦੇ ਦਿਆ ਕਰਨ।

**श्री बलराम** : मैं मन्त्री महोदय से पूछना चाहता हूं कि सतलुज ब्यास योजना से कितनी बिजली पैदा होने वाली है और उस के लिये क्या यत्न किये जा रहे हैं ?

**ਮੰਤਰੀ** : ਇਹ ਸੁਆਲ ਇਸ ਦੇ ਵਿਚੋਂ ਪੈਦਾ ਤਾਂ ਨਹੀਂ ਹੁੰਦਾ। ਪਰ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਉਸ ਦੀ ਪੋਜ਼ੀਸ਼ਨ ਚੰਗੀ ਚਲ ਰਹੀ ਹੈ।

**आचार्य पृथ्वी सिंह आज़ाद** : क्या वज़ीर साहिब यह बताने की कृपा करेंगे कि सरकार ने बिजली की कमी को दूर करने के लिये जो विशेष प्रयत्न किये हैं वे 1980 तक तो काफी हैं लेकिन 1980 के बाद जो बिजली की कमी की हालत बदतर होने वाली है उस के लिये क्या यत्न किये जा रहे हैं ?

**ਮੰਤਰੀ** : ਇਸ ਦੇ ਲਈ ਅਸੀਂ ਸਾਰੀ ਪਲੈਨਿੰਗ ਕਰਦੇ ਪਏ ਹਾਂ। ਬਿਜਲੀ ਦੀ ਡਿਮਾਂਡ ਹਰ ਸਾਲ 25 ਪ੍ਰਤੀਸ਼ਤ ਵੱਧਦੀ ਰਹਿੰਦੀ ਹੈ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

**Mr. Speaker** : The Question Hour is over. The remaining questions will be deemed to have been answered under Rule 38 of the Rules of Procedure and Conduct of Business in the Punjab Legislative Assembly.

---

Original with;
Punjab Vidhan Sabha
Digitized by;
Panjab Digital Library

**Rise in prices of essential commodities in the State**

*1160. **Chaudhri Ram Singh** : Will the Minister of State for Food and Supplies by pleased to state :

(a) the main factors responsible for the present unprecedented rise in the prices essential commodities in the State ;

(b) the details of the steps the Government propose to take to reduce the prices of essential commodities in the State ?

**Shri Gian Chand Kharbanda** : (a) and (b) Information is laid on the Table of the House.

[(ੲ) ਅਤੇ (ਬੀ) ਸੂਚਨਾ ਵਿਧਾਨ ਸਭਾ ਵਿਚ ਪੇਸ਼ ਕੀਤੀ ਜਾਂਦੀ ਹੈ। ]

ANNEXURE

(a) Rise in prices of essential commodities is not only confined to Punjab State alone but it is a national phenomenon. Main factors for rising trend in prices during 1972 are listed below :—

(1) Insufficient monsoon during 1972, resulting in failure of Kharif Crops during the year and drought conditions in major parts of the country.

(2) Depletion of National Food Reserve due to supply of wheat to Bangla Desh and feeding nearly one crore of evacuees from Bangla Desh to India, during 1971-72.

(3) Supplies of other essential commodities including pulses to Bangla Desh when India was already not self-sufficient in these commodities.

(4) Hoarding of essential commodities by some dealers in the hope of getting higher prices subsequently.

(5) Low production of sugar during 1971-72 and 1972-73.

(6) Increase in population by 1.25 crore every year.

(b) State Government have taken following steps to maintain the supply line of essential commodities :—

(1) Distribution of wheat, wheat atta and rice through fair price shops has been started right from 2nd week of July, 1972. Allocations of 96,690 tonnes of wheat were obtained from Government of India and placed at the disposal of District Food and Supplies Controllers from July to February, 1973.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਇੱਕ ਕਾਲ ਅਟੈਨਸ਼ਨ ਨੋਟਿਸ ਦਿਤਾ ਸੀ ਪਰ ਤੁਸੀਂ ਉਹ ਰਿਜੈਕਟ ਕਰ ਦਿੱਤੀ ਹੈ। ਪੰਜਾਬ ਦੇ 80 ਹਜ਼ਾਰ ਟੀਚਰਜ਼ ਦਾ ਮੁਆਮਲਾ ਹੈ। 10,000 ਟੀਚਰਜ਼ ਨੇ ਕੱਲ ਐਜੀਟੇਸ਼ਨ ਕੀਤੀ ਹੈ। ਗੌਰਮਿੰਟ ਨੇ ਉਨ੍ਹਾਂ ਦੇ ਨਾਲ ਕੁਝ ਪ੍ਰੋਮਿਸਿਜ਼ ਕੀਤੇ ਹਨ। ਇਹ ਸਿਚੂਏਸ਼ਨ ਬੜੀ ਗਰੇਵ ਹੈ। ਪਰ ਤੁਸੀਂ ਕਹਿੰਦੇ ਹੋ ਕਿ ਸਿਚੂਏਸ਼ਨ ਗਰੇਵ ਨਹੀਂ।

**ਸ੍ਰੀ ਸਪੀਕਰ** : ਜੋਸ਼ ਸਾਹਿਬ ਤੁਸੀਂ ਚੈਂਬਰ ਵਿਚ ਆ ਜਾਣਾ। ਤੁਹਾਡੇ ਨਾਲ ਡਿਸਕਸ ਕਰ ਲਵਾਂਗੇ। (Josh ji please come to my chamber ; we will discuss it there).

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ ਇਹ ਮਾਮਲਾ 80,000 ਟੀਚਰਜ਼ ਦਾ ਹੈ। ਤੁਹਾਡੇ ਨਾਲ ਡਿਸਕਸ ਕਰਨ ਨਾਲ ਕੀ ਬਣਨਾ ਹੈ ? ਜਨਾਬ, ਇਸ ਨੂੰ ਜ਼ਰੂਰ ਅਡਮਿਟ ਕਰੋ। ਗੌਰਮਿੰਟ ਇਸ ਤੇ ਸਟੇਟਮੈਂਟ ਦੇਵੇ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ ਜੇਕਰ ਤੁਸੀਂ ਫੈਸਲਾ ਹੀ ਕੀਤਾ ਹੋਇਆ ਹੈ ਕਿ ਕਾਲ ਅਟੈਨਸ਼ਨਾਂ ਐਡਮਿਟ ਨਹੀਂ ਕਰਨੀਆਂ ਤਾਂ ਦਸ ਦਿਓ । ਮੈਦਾ ਮੁਕਿਆ ਹੋਇਆ ਹੈ ਅਤੇ ਨਾ ਹੀ ਕੋਈ ਡਬਲ ਰੋਟੀ ਮਿਲਦੀ ਹੈ । ਤੁਸੀਂ ਕਹਿ ਦਿਤਾ ਹੈ ਕਿ ਕਿਸੇ ਮੈਂਬਰ ਨੇ ਸਵਾਲ ਦਿਤਾ ਹੈ । ਜਾਂ ਤਾਂ ਹੋਰ ਕੋਈ ਰੀਜ਼ਨ ਹੈ ਤਾਂ ਦਸ ਦਿਓ ਜਿਸ ਕਾਰਨ ਕਿ ਕਾਲ ਅਟੈਨਸ਼ਨ ਐਡਮਿਟ ਨਹੀਂ ਕਰਦੇ । ਅੱਜ ਡਬਲ ਰੋਟੀ ਨਹੀਂ ਮਿਲਦੀ, ਮੈਦਾ ਨਹੀਂ ਮਿਲਦਾ ਅਤੇ ਜੇਕਰ ਅਸੀਂ ਕਾਲ ਅਟੈਨਸ਼ਨਾਂ ਦਿਤੀਆਂ ਹਨ ਤਾਂ ਉਹ ਤੁਸੀਂ ਰੀਜੈਕਟ ਕਰ ਦਿਤੀਆਂ ਹਨ । (ਵਿਘਨ)

**ਸ੍ਰੀ ਸਪੀਕਰ** : ਡਾਂਗ ਸਾਹਿਬ ਰੋਟੀ ਨਹੀਂ ਮਿਲਦੀ ਤਾਂ ਤੁਸੀਂ ਫਰੂਟ ਖਾ ਲਵੋ । (ਹਾਸਾ)
(Satya Pal Dang Sahib, if bread is not available, then you may take fruit) (*laughter*)

---

## RESOLUTION REGARDING GIVING RIGHT TO VOTE TO EVERY CITIZEN OF INDIA WHO IS NOT LESS THAN 18 YEARS OF AGE

**ਕਾਮਰੇਡ ਅੱਛਰਾ ਸਿੰਘ** : ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ ਕਿ "ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਇਹ ਕੇਂਦਰ ਸਰਕਾਰ ਨੂੰ ਭਾਰਤ ਦੇ ਸੰਵਿਧਾਨ ਨੂੰ ਇਸ ਤਰ੍ਹਾਂ ਸੋਧਣ ਬਾਰੇ ਕਾਰਵਾਈ ਕਰਨ ਲਈ ਬਿਨੈ ਕਰੇ ਕਿ ਭਾਰਤ ਦੇ ਹਰ ਇਕ ਨਾਗਰਿਕ ਨੂੰ ਜੋ 18 ਸਾਲ ਦੀ ਉਮਰ ਤੋਂ ਘੱਟ ਨਾ ਹੋਵੇ ਵੋਟ ਦੇਣ ਦਾ ਅਧਿਕਾਰ ਦੇਵੇ ।"

**ਸਿਖਿਆ ਮੰਤਰੀ** : ਸਪੀਕਰ ਸਾਹਿਬ ਇਹ ਕਾਲ ਅਟੈਨਸ਼ਨ ਪੜ੍ਹ ਰਹੇ ਹਨ ਜਾਂ ਰੈਜ਼ੋਲਿਊਸ਼ਨ ਮੂਵ ਕਰ ਰਹੇ ਹਨ ।

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਜੀ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਸ੍ਰੀ ਸਪੀਕਰ** : ਸੰਧੂ ਸਾਹਿਬ ਇਸ ਤਰ੍ਹਾਂ ਬਾਰ ਬਾਰ ਇਨਟਰੱਪਟ ਕਰਨ ਦਾ ਯਤਨ ਨਾ ਕਰੋ ।
(Sandhu Sahib, please do not try to interrupt time and again.)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਪਹਿਲਾਂ ਮੇਰਾ ਪੁਆਇੰਟ ਆਫ ਆਰਡਰ ਸੁਣ ਤਾਂ ਲਵੋ ।

**ਸ੍ਰੀ ਸਪੀਕਰ** : ਰੈਜ਼ੋਲਿਊਸ਼ਨ ਦੇ ਬਾਰੇ ਕੋਈ ਪੁਆਇੰਟ ਆਫ ਆਰਡਰ ਹੈ ਤਾਂ ਦਸੋ ।
(You may raise a point of order in regard to this resolution.)

**ਸਰਦਾਰ ਅਜਾਇਬ ਸਿੰਘ ਸੰਧੂ** : ਕੀ ਰੈਜ਼ੋਲਿਊਸ਼ਨ ਮੂਵ ਹੋ ਗਿਆ ਹੈ ?

**Mr. Speaker**: Hon. Member is already speaking on the resolution.

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਮੈਂਬਰ ਸਾਹਿਬ ਨੂੰ ਘੇਰ ਲਿਆ ਹੈ । ਤੁਸੀਂ ਮੇਰਾ ਪੁਆਇੰਟ ਤਾਂ ਸੁਣੋ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ**: ਸੰਧੂ ਸਾਹਿਬ ਤੁਸੀਂ ਤਸ਼ਰੀਫ ਰਖੋ। (Sandhu Sahib, please resume your seat).

**ਕਾਮਰੇਡ ਅੱਛਰਾ ਸਿੰਘ**: ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਪਾਸ ਕਰ ਦਿਤਾ ਜਾਵੇ। ਇਹ ਜਾਇਜ਼ ਮੰਗ ਹੈ। ਇਹ ਮੰਗ ਹੈ ਕਿ ਸਾਰੇ ਨਾਗਰਿਕਾਂ ਦੀ ਉਮਰ ਵੋਟ ਪਾਉਣ ਵਾਸਤੇ 21 ਸਾਲਾਂ ਤੋਂ ਘਟਾ ਕੇ 18 ਸਾਲ ਕਰ ਦਿਤੀ ਜਾਵੇ। ਇਹ ਇਕ ਜਾਇਜ਼ ਮੰਗ ਹੈ ਕਿਉਂ ਕਿ ਜੇਕਰ 18 ਸਾਲਾਂ ਦਾ ਨਾਗਰਿਕ ਫੌਜ ਵਿਚ ਭਰਤੀ ਹੋਕੇ ਦੇਸ਼ ਦੀ ਸੇਵਾ ਕਰ ਸਕਦਾ ਹੈ, ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਸਕਦਾ ਹੈ ਤਾਂ ਕੋਈ ਵੀ ਵਜਾਹ ਨਹੀਂ ਹੈ ਕਿ ਉਸ ਨੂੰ ਆਪਣੀ ਕਿਸਮਤ ਆਪ ਘੜਨ ਲਈ ਮੌਕਾ ਨਾ ਦਿਤਾ ਜਾਵੇ। (ਵਿਘਨ) (ਇਸ ਸਮੇਂ ਟਰੇਜ਼ਰੀ ਬੈਂਚਾਂ ਉਤੇ ਬੈਠੇ ਕੁਝ ਆਨਰੇਬਲ ਮੈਂਬਰ ਸਾਹਿਬਾਨ ਆਪਸ ਵਿਚ ਗਲਾਂ ਕਰ ਰਹੇ ਸਨ)।

**ਸ਼੍ਰੀ ਸਪੀਕਰ**: ਆਰਡਰ ਪਲੀਜ਼। ਮੈਂ ਟਰੇਜ਼ਰੀ ਬੈਂਚਾਂ ਵਾਲਿਆਂ ਨੂੰ ਬੇਨਤੀ ਕਰਾਂਗਾ ਕਿ ਉਹ ਨਾਨ-ਆਫੀਸ਼ੀਅਲ ਡੇ ਉਤੇ ਨਾਨ-ਆਫੀਸ਼ੀਅਲ ਬਿਜ਼ਨੈਸ ਨੂੰ ਵੀ ਸੁਣ ਲੈਣ। (ਵਿਘਨ)

(Order please, I will request the Treasury Benches to pay attention to non-official business on this non-official day)

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਇਹ ਤਾਂ ਹਾਲੇ ਵੀ ਹਟਦੇ ਨਹੀਂ ਹਨ।

**ਸਿੰਚਾਈ ਅਤੇ ਬਿਜਲੀ ਮੰਤਰੀ**: (ਵਿਘਨ) ਜਦ ਤੁਸੀਂ ਚੰਗੀ ਗਲ ਕੋਈ ਨਹੀਂ ਕਰਦੇ ਤਾਂ ਇਸ ਤਰ੍ਹਾਂ ਹੀ ਕਰਨਾ ਹੈ। (ਹਾਸਾ)

**ਕਾਮਰੇਡ ਅੱਛਰਾ ਸਿੰਘ**: ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜੇਕਰ ਨੌਜਵਾਨ ਫੌਜ ਵਿਚ ਭਰਤੀ ਹੋਕੇ ਆਪਣੇ ਦੇਸ਼ ਦੀ ਹਰ ਤਰ੍ਹਾਂ ਨਾਲ ਸੇਵਾ ਕਰ ਸਕਦਾ ਹੈ ਤਾਂ ਕੋਈ ਵਜਾਹ ਨਹੀਂ ਹੈ ਕਿ ਦੇਸ਼ ਦੀ ਸਿਆਸੀ ਜ਼ਿੰਦਗੀ ਵਿਚ ਉਸ ਨੂੰ ਦਖਲ ਦੇਣ ਦਾ ਮੌਕਾ ਨਾ ਦਿਤਾ ਜਾਵੇ। ਇਸ ਤਰ੍ਹਾਂ, ਸਪੀਕਰ, ਸਾਹਿਬ ਜੇਕਰ ਉਨ੍ਹਾਂ ਦੀ ਉਮਰ 18 ਸਾਲ ਕਰ ਦਿਤੀ ਜਾਵੇ ਤਾਂ ਉਨ੍ਹਾਂ ਦੀ ਇਛਾ ਪੂਰੀ ਹੋ ਸਕਦੀ ਹੈ। (ਟਰੇਜ਼ਰੀ ਬੈਂਚਾਂ ਵਲੋਂ ਵਿਘਨ) ਇਹ ਠੀਕ ਹੈ ਕਿ ਕਈ ਪੁਰਾਣੀਆਂ ਪਾਰਟੀਆਂ ਇਸ ਗਲ ਦੀ ਵਿਰੋਧਤਾ ਕਰਦੀਆਂ ਹਨ ਅਤੇ ਉਨ੍ਹਾਂ ਦੇ ਆਰਗੂਮੈਂਟਸ ਇਸ ਗਲ ਉਪਰ ਬੇਸ ਕਰਦੇ ਹਨ ਕਿ ਨੌਜਵਾਨਾਂ ਨੂੰ ਸਿਆਸਤ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ। ਸਪੀਕਰ ਸਾਹਿਬ, ਅੱਜ 20 ਵੀਂ ਸਦੀ ਚਲ ਰਹੀ ਹੈ। ਅੱਜ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਦੇ ਆਪਣੇ ਜੀਵਨ ਵਿਚ ਤਬਦੀਲੀ ਆ ਰਹੀ ਹੈ। ਜਿਸ ਤਰਾਂ ਹਾਊਸ ਵਿਚ ਵੀ ਗਲਾਂ ਹੁੰਦੀਆਂ ਸਨ ਬੇਰੁਜ਼ਗਾਰੀ ਬਾਰੇ, ਅੱਜ ਕਰੋੜਾਂ ਲੋਕ ਬੇਰੁਜ਼ਗਾਰ ਹਨ। (ਟਰੇਜ਼ਰੀ ਬੈਂਚਾਂ ਵਲੋਂ ਗਲਾਂ ਬਾਤਾਂ ਕਰਨ ਦੀਆਂ ਆਵਾਜ਼ਾਂ)।

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਇਨ੍ਹਾਂ ਨੇ ਅਜੇ ਤੱਕ ਰੌਲਾ ਬੰਦ ਨਹੀਂ ਕੀਤਾ। ਇਨ੍ਹਾਂ ਨੂੰ ਬੰਦ ਕਰਾਓ।

**ਕਾਮਰੇਡ ਅੱਛਰਾ ਸਿੰਘ**: ਸਪੀਕਰ ਸਾਹਿਬ, ਮੈਂ ਇਸ ਗਲ ਦਾ ਜ਼ਿਕਰ ਕਰ ਰਿਹਾ ਸੀ ਕਿ ਪੁਰਾਣੇ ਲੋਕ ਇਸ ਗਲ ਦੀ ਮੁਖਾਲਫਤ ਕਰਦੇ ਹਨ ਅਤੇ ਕਹਿੰਦੇ ਹਨ ਕਿ ਸਿਆਸਤ ਵਿਚ ਪੈ ਕੇ ਨੌਜਵਾਨ ਚੰਗੀ ਤਰ੍ਹਾਂ ਪੜ੍ਹਾਈ ਨਹੀਂ ਕਰਨਗੇ। ਹੋਰ ਦੇਸ਼ਾਂ ਵਿਚ 18 ਸਾਲਾਂ ਦੇ ਨੌਜਵਾਨ ਨੂੰ ਵੋਟ ਦਾ ਹੱਕ ਦਿੱਤਾ ਗਿਆ ਹੈ। ਅਤੇ ਜੇ ਕਰ ਅਸੀਂ ਇਸ ਤਰ੍ਹਾਂ ਹੀ ਤੰਗ ਨਜ਼ਰੀਏ ਨਾਲ ਵੇਖਣਾ ਹੈ ਤਾਂ ਅਸੀਂ ਸੋਸ਼ਲਿਜ਼ਮ ਕਿਸ ਤਰ੍ਹਾਂ ਲਿਆ ਸਕਦੇ ਹਾਂ। ਮੈਂ ਸਮਝਦਾ ਹਾਂ ਕਿ ਇਹ ਜਾਇਜ਼ ਮੰਗ ਹੈ ਅਤੇ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਸਰਵਸੰਮਤੀ ਨਾਲ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰੀਏ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਛੱਰਾ ਸਿੰਘ]

ਸਪੀਕਰ ਸਾਹਿਬ, ਸਾਰੇ ਸਮਾਜ ਵਾਦੀ ਦੇਸ਼ਾਂ ਵਿਚ, ਸੋਸ਼ਲਿਸਟ ਦੇਸ਼ਾਂ ਵਿਚ 18 ਸਾਲਾਂ ਦੇ ਨਾਗਰਿਕਾਂ ਨੂੰ ਵੋਟ ਦੇਣ ਦਾ ਹੱਕ ਹਾਸਲ ਹੈ। ਜਿਹੜੇ ਸਰਮਾਏਦਾਰ ਮੁਲਕ ਹਨ ਜਿਵੇਂ ਕਿ ਯੂ. ਐਸ. ਏ. ਹੈ ਜਾਂ ਹੋਰ ਕਈ ਦੇਸ਼ ਹਨ ਉਥੇ ਵੀ 18 ਸਾਲ ਦਾ ਹੱਕ ਦਿੱਤਾ ਗਿਆ ਹੈ। ਸਾਡੇ ਦੇਸ਼ ਵਿੱਚ ਜਿਥੇ ਕਿ ਸੋਸ਼ਲਿਜ਼ਮ ਦਾ ਨਾਹਰਾ ਦਿੱਤਾ ਜਾਂਦਾ ਹੈ ਇਨ੍ਹਾਂ ਲੋਕਾਂ ਦਾ ਅਮਲ ਕਿਸ ਤਰ੍ਹਾਂ ਦਾ ਹੈ। ਜੇਕਰ ਇਸ ਤਰ੍ਹਾਂ ਨਾਲ ਵੇਖਿਆ ਜਾਵੇ ਤਾਂ ਇਨ੍ਹਾਂ ਦਾ ਅਮਲ ਕੈਪੀਟੋਲਿਸਟਾਂ ਤੋਂ ਵੀ ਭੈੜਾ ਹੈ। ਚਾਹੀਦਾ ਤਾਂ ਇਹ ਹੈ ਕਿ ਇਹ ਸਮਾਜਵਾਦੀ ਅਖਵਾਉਣ ਵਾਲੀ ਸਰਕਾਰ ਇਸ ਰੈਜ਼ੋਲਿਊਸ਼ਨ ਨੂੰ ਛੇਤੀ ਤੋਂ ਛੇਤੀ ਪਾਸ ਕਰੇ ਅਤੇ ਕੇਂਦਰ ਦੀ ਸਰਕਾਰ ਨੂੰ 18 ਸਾਲ ਉਮਰ ਕਰਾਉਣ ਲਈ ਯਤਨ ਕਰੇ। ਜਦੋਂ ਪਾਰਲੀਮੈਂਟ ਦੇ ਅੱਗੇ ਮੁਜ਼ਾਹਰਾ ਹੋਇਆ ਸੀ ਅਤੇ ਇਥੋਂ ਤੱਕ ਕਿ ਦਿੱਲੀ ਵਿਚ ਹਜ਼ਾਰਾਂ ਨੌਜਵਾਨਾਂ ਨੂੰ ਗਰਿਫਤਾਰ ਕੀਤਾ ਗਿਆ ਸੀ, ਜਿਥੇ ਉਨ੍ਹਾਂ ਦੀਆਂ ਮੰਗਾਂ ਸਨ ਬੇਰੁਜ਼ਗਾਰੀ ਨੂੰ ਦੂਰ ਕਰਨ ਦੀਆਂ, ਬੇਰੁਜ਼ਗਾਰੀ ਅਲਾਉਂਸ ਦੇਣ ਦੀਆਂ, ਉਥੇ ਇਹ ਵੀ ਮੰਗ ਸੀ ਕਿ ਜਿਹੜੀ ਵੋਟ ਪਾਉਣ ਦੀ ਉਮਰ ਹੈ ਇਹ 21 ਸਾਲਾਂ ਤੋਂ ਘਟਾ ਕੇ 18 ਸਾਲ ਦਿਤੀ ਜਾਵੇ।

ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਅਸੀਂ ਵੇਖ ਰਹੇ ਹਾਂ ਅੱਜ ਨੌਜਵਾਨ ਇਸ ਗਲ ਨੂੰ ਵੇਖ ਕੇ ਕਿ ਉਹ ਬੇਰੁਜ਼ਗਾਰ ਹਨ, ਉਹ ਉਲਟਾ ਰਸਤਾ ਅਪਣਾ ਲੈਂਦੇ ਹਨ । ਅੱਜ ਦੋ ਕਰੋੜ ਇਸ ਹਿੰਦੋਸਤਾਨ ਵਿਚ ਨੌਜਵਾਨ ਬੇਰੁਜ਼ਗਾਰ ਹੈ। ਪਤਾ ਨਹੀਂ ਹੈ ਕਿ ਜਿਹੜੀਆਂ ਪਲੈਨਿੰਗ ਕਮਿਸ਼ਨ ਪਲੈਨਜ਼ ਬਣਾਉਂਦਾ ਹੈ ਉਹ ਕਿਧਰ ਨੂੰ ਚਲੀਆਂ ਜਾਂਦੀਆਂ ਹਨ। ਸਨ 1957 ਵਿਚ ਪਲੈਨਿੰਗ ਹੋਈ ਤਾਂ ਇਕ ਕਰੋੜ ਦੇ ਕਰੀਬ ਬੇਰੁਜ਼ਗਾਰ ਸਨ ਅਤੇ ਇਹ 1972 ਵਿਚ ਦੋ ਕਰੋੜ ਦੇ ਆਂਕੜੇ ਦਸਦੇ ਹਨ । ਤੁਸੀਂ ਦਸੋ ਕਿ ਇਨ੍ਹਾਂ ਦੀ ਕਹਿਣੀ ਵਿਚ ਅਤੇ ਅਮਲਾਂ ਵਿਚ ਕਿਤਨਾ ਫ਼ਰਕ ਹੈ। ਜੇਕਰ ਕੋਈ ਸੌਲਿਡਿਟੀ ਹੋਵੇ ਅਤੇ ਚੰਗੇ ਪਾਸੇ ਜਾਣ ਤਾਂ ਸ਼ਾਇਦ ਬੇਰੁਜ਼ਗਾਰੀ ਘੱਟ ਜਾਵੇ । ਜੇਕਰ, ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਪਲਾਨਾਂ ਬਣਦੀਆਂ ਰਹੀਆਂ ਅਤੇ ਪਾਰਟੀ ਦਾ ਇਹ ਹੀ ਪ੍ਰੋਗਰਾਮ ਰਿਹਾ ਤਾਂ ਕੋਈ ਵਜਾਹ ਨਹੀਂ ਕਿ ਇਹ ਬੇਰੁਜ਼ਗਾਰੀ ਤਿੰਨ ਚਾਰ ਕਰੋੜ ਤੋਂ ਵੱਧ ਨਾ ਹੋ ਜਾਵੇ। ਜਿਸ ਤਰ੍ਹਾਂ ਕਿ ਮੈਂ ਅਰਜ਼ ਕਰ ਰਿਹਾ ਸੀ ਕਿ ਅੱਜ ਦਾ ਨੌਜਵਾਨ ਇਨ੍ਹਾਂ ਸਾਰੇ ਹਾਲਾਤ ਨੂੰ ਵੇਖ ਕੇ ਕਈ ਤਰ੍ਹਾਂ ਦੀਆਂ ਲਹਿਰਾਂ ਦਾ ਸ਼ਿਕਾਰ ਹੋ ਰਿਹਾ ਹੈ, ਜਿਸ ਤਰ੍ਹਾਂ ਕਿ ਨਕਸਲ ਵਾਦੀ ਲਹਿਰ ਹੈ। ਇਸ ਤਰ੍ਹਾਂ ਦੀਆਂ ਲਹਿਰਾਂ ਨਾਲ ਅਸਲ ਮਕਸਦ ਤਾਂ ਹਲ ਨਹੀਂ ਹੁੰਦਾ । ਪਰ ਗਲਤ ਰੁਚੀਆਂ ਦਾ ਲੁਬੇ ਲੁਬਾਬ ਇਹ ਹੀ ਹੈ ਕਿ ਉਹ ਚਾਹੁੰਦੇ ਹਨ ਤਬਦੀਲੀ ਆਵੇ ਅਤੇ ਇਸ ਤਬਦੀਲੀ ਲਈ ਓਹ ਤੱਤਪਰ ਹਨ। ਉਨ੍ਹਾਂ ਨੂੰ ਆਪਣੀ ਕਿਸਮਤ ਬਣਾਉਣ ਦਾ ਮੌਕਾ ਦੇਣਾ ਚਾਹੀਦਾ ਹੈ ਅਤੇ ਇਹ ਤਦ ਹੀ ਹੋ ਸਕਦਾ ਹੈ ਜੇਕਰ ਵੋਟ ਦੇ ਹੱਕ ਦੀ ਉਮਰ ਨੂੰ 18 ਸਾਲ ਕਰ ਦਿਤਾ ਜਾਵੇ।

10.18 A.M.

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਫਿਰ ਡਿਪਟੀ ਸਪੀਕਰ ਸਾਹਿਬ, ਪਲੈਨਿੰਗ ਕਮਿਸ਼ਨ ਦੀ ਇਹ ਪੰਜਵੀਂ ਪਲੈਨ ਹੈ । ਇਸ ਉਪਰ ਵਿਚਾਰ ਕੀਤਾ ਗਿਆ ਹੈ ਕਿ ਕਿਵੇਂ ਇਸ ਨੂੰ ਸਿਰੇ ਚੜ੍ਹਾਇਆ ਜਾਵੇ । ਇਨ੍ਹਾਂ ਨੂੰ ਇਸ ਗਲ ਦਾ ਦੁਖ ਹੈ ਕਿ ਬੇਰੁਜ਼ਗਾਰੀ ਅਤੇ ਹੋਰ ਕਈ ਪਰਾਬਲਜ਼ਮ ਵਧ ਗਈਆਂ ਹਨ ਜਿਨ੍ਹਾਂ ਨੂੰ ਸਾਲਵ ਕਰਨ ਲਈ ਇਨ੍ਹਾਂ ਨੇ ਇਹ ਪਲੈਨ ਬਣਾਇਆ ਹੈ । ਬੇਰੁਜ਼ਗਾਰੀ ਦੀ ਸਮੱਸਿਆ ਅਤੇ ਦੂਜੀਆਂ ਸਮੱਸਿਆਵਾਂ ਜਿਹੜੀਆਂ ਹਨ ਜਿਨ੍ਹਾਂ ਨੂੰ ਇਹ ਹੱਲ ਨਹੀਂ ਕਰ ਸਕੇ ਉਨ੍ਹਾਂ ਬਾਰੇ ਸਰਕਾਰੀ ਬੈਂਚਾਂ ਵਲੋਂ ਇਕ ਚੀਜ਼ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਕੁਦਰਤ ਦੀ ਕਰੋਪੀ ਸੀ। ਹੋ ਸਕਦਾ

Original with;
Punjab Vidhan Sabha
Digitized by;
Panjab Digital Library

ਹੈ ਕਰੋਪੀ ਵੀ ਹੋਵੇ, ਪਰ ਬਹੁਤ ਸਾਰਾ ਹਿਸਾ ਰਾਸ਼ਟਰ ਵਾਦੀ ਪਾਰਟੀ ਦੇ ਪਰੋਗਰਾਮ ਦੇ ਨਾਕਸ ਹੋਣ ਦਾ ਹੈ ਫਿਰ ਜਿਸ ਦਾ ਪਰੋਗਰਾਮ ਨਾਕਸ ਹੋਵੇ ਉਸ ਤੇ ਅਮਲ ਉਸ ਤੋਂ ਵੀ ਵੱਧ ਨਾਕਸ ਹੋ ਗਿਆ ਅਤੇ ਬਦਤਰ ਹੋ ਗਿਆ। (ਪ੍ਰਸ਼ੰਸਾ) ਅਗਰ ਨੌਜਵਾਨ ਨੂੰ ਆਪਣੇ ਨਾਲ ਮਿਲਾ ਕੇ ਚਲਣਾ ਹੈ ਤਾਂ ਜ਼ਰੂਰੀ ਹੈ ਕਿ ਉਸ ਦੀ ਵੋਟ ਦੇਣ ਦੀ ਉਮਰ ਨੂੰ ਘਟਾ ਕੇ 18 ਸਾਲ ਕਰ ਦਿਤਾ ਜਾਵੇ। ਜਿਥੇ ਵੀ ਦੇਸ਼ ਨੂੰ ਲੋੜ ਪੈਂਦੀ ਹੈ ਭਾਵੇਂ ਫੌਜ ਵਿਚ ਹੋਵੇ ਜਾਂ ਕਿਸੇ ਹੋਰ ਕੰਮ ਲਈ ਤਾਂ ਨੌਜਵਾਨ ਸਦਾ ਹੀ ਹੰਗਾਲਾ ਭਰਦੇ ਹਨ ਇਸ ਲਈ ਦੇਸ਼ ਦੀ ਉਸਾਰੀ ਵਿਚ ਉਸ ਨੂੰ ਹੱਕ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਆਪਣੇ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਵੋਟ ਦੇਣ ਦੀ ਏਜ ਨੂੰ 18 ਸਾਲ ਕਰ ਦਿਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਹਾਵਭਾਵ ਦੇਸ਼ ਉਸਾਰੀ ਵਲ ਲਗ ਜਾਣਗੇ। ਫਿਰ ਇਕ ਹੋਰ ਪਖ ਵੀ ਹੈ ਕਿ ਪੰਜਵੇਂ ਪਲਾਨ ਵਿਚ ਅਸੀਂ ਜਦ ਇਸ ਗਲ ਤੇ ਜ਼ੋਰ ਦੇ ਰਹੇ ਹਾਂ ਕਿ ਪੀਪਲਜ਼ ਪਾਰਟੀਸੀਪੇਸ਼ਨ ਕੀਤੀ ਜਾਵੇ ਤਾਂ ਇਸ ਲਈ ਵੀ ਜ਼ਰੂਰੀ ਹੈ ਕਿ ਨੌਜਵਾਨ ਨੂੰ ਨਾਲ ਸ਼ਾਮਿਲ ਕੀਤਾ ਜਾਵੇ ਅਤੇ ਵੋਟ ਦੀ ਏਜ ਨੂੰ ਰਿਡਿਊਸ ਕੀਤਾ ਜਾਵੇ। ਇਸ ਤਰ੍ਹਾਂ ਨੌਜਵਾਨਾਂ ਵਿਚ ਕੁਝ ਉਮੀਦ ਵੱਧ ਸਕਦੀ ਹੈ ਕਿ ਪਲਾਨ ਦੇ ਟੀਚੇ ਅਸੀਂ ਪੂਰੇ ਪੂਰੇ ਕਰ ਲਵਾਂਗੇ ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਪੋਜ਼ੀਸ਼ਨ ਬੈਡ ਟੂ ਵਰਸ ਹੋ ਜਾਵੇਗੀ। ਇਸ ਲਈ ਮੈਂ ਸਦਨ ਅਗੇ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਜਾਵੇ ਅਤੇ ਪਾਰਲੀਮੈਂਟ ਨੂੰ ਪੁਰ ਜ਼ੋਰ ਸਿਫ਼ਾਰਸ਼ ਕੀਤੀ ਜਾਵੇ ਕਿ ਨਾਗਰਿਕਾਂ ਦੀ ਵੋਟ ਦੇਣ ਦੀ ਏਜ ਨੂੰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿਤਾ ਜਾਵੇ।

**Mr. Deputy Speaker** : Motion moved—

> "This House recommends to the State Government to approach the Union Government to take steps to so amend the Constitution of India as to give the right to vote to every citizen of India who is not less than 18 years of age".

**ਸਰਦਾਰ ਹਰਬੰਸ ਸਿੰਘ ਜਲਾਲ** (ਫੂਲ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੂਲਿਊਸ਼ਨ ਹਾਊਸ ਵਿਚ ਪੇਸ਼ ਕੀਤਾ ਕਿਆ ਹੈ ਕਿ ਕੇਂਦਰ ਦੀ ਸਰਕਾਰ ਪਾਸ ਸਿਫ਼ਾਰਸ਼ ਕੀਤੀ ਜਾਵੇ ਕਿ ਵੋਟਿੰਗ ਏਜ ਨੂੰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿਤੀ ਜਾਵੇ ਇਹ ਇਕ ਚੰਗਾ ਮਤਾ ਹੈ ਅਤੇ ਮੇਰੀ ਪਾਰਟੀ ਇਸ ਮਤੇ ਦੀ ਤਾਈਦ ਕਰਦੀ ਹੈ। ਕੇਂਦਰ ਵਿਚ ਕਾਫੀ ਚਿਰ ਤੋਂ ਅਤੇ ਸਟੇਟਾਂ ਵਿਚ ਵੀ ਕਿਸੇ ਹੱਦ ਤੱਕ ਇਸ ਗਲ ਤੇ ਕੰਟਰੋਵਰਸੀ ਚਲਦੀ ਆ ਰਹੀ ਹੈ ਕਿ ਲੋਇਰਿੰਗ ਆਫ ਵੋਟਿੰਗ ਏਜ. ਕੀਤੀ ਜਾਵੇ ਜਾਂ ਨਾ ਕੀਤੀ ਜਾਵੇ। ਇਸ ਸਬੰਧ ਵਿਚ ਸੰਨ 1972 ਵਿਚ ਕੇਂਦਰ ਸਰਕਾਰ ਨੇ ਇਕ ਸਿਲੈਕਟ ਕਮੇਟੀ ਬਣਾਈ ਸੀ ਜਿਸ ਨੂੰ ਇਹ ਕੰਮ ਸੌਂਪਿਆ ਗਿਆ ਸੀ ਕਿ ਉਹ ਆਪਣੀ ਰਿਪੋਰਟ ਦੇਵੇ ਕਿ ਕੀ ਦੇਸ਼ ਵਿਚ ਵੋਟ ਦੇਣ ਦੀ ਉਮਰ ਘਟਾਣੀ ਚਾਹੀਦੀ ਹੈ ? ਅਤੇ ਇਹ ਵੀ ਉਸ ਕਮੇਟੀ ਨੂੰ ਅਧਿਕਾਰ ਦਿਤਾ ਗਿਆ ਸੀ ਕਿ ਉਹ ਇਸ ਗਲ ਦੀ ਵੀ ਸਿਫਾਰਸ਼ ਕਰੇ ਕਿ ਕਿਸ ਹੱਦ ਤੱਕ ਉਮਰ ਨੂੰ ਘਟਾਇਆ ਜਾਣਾ ਚਾਹੀਦਾ ਹੈ। ਪਤਾ ਨਹੀਂ ਉਸ ਕਮੇਟੀ ਦਾ ਕੀ ਹਾਲ ਹੋਇਆ। ਇਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਉਸ ਕਮੇਟੀ ਦੀ ਰਿਪੋਰਟ ਪੇਸ਼ ਨਹੀਂ ਕੀਤੀ ਗਈ। ਹੁਣ ਪਤਾ ਲਗਾ ਹੈ ਕਿ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕਰਨ ਲਈ ਹੋਰ ਟਾਈਮ ਮੰਗਿਆ ਹੈ ਅਤੇ ਇਸ ਸਬੰਧ ਵਿਚ ਕੇਂਦਰ ਨੂੰ ਲਿਖਿਆ ਹੈ ਇਸ ਵਿਚ ਡਿਲੇ ਕਿਉਂ ਹੋ ਰਹੀ ਹੈ ? ਇਸ ਦਾ ਕਾਰਨ ਨਾ ਮਾਲੂਮ ਹੈ। ਇਸ ਦਾ ਕਾਰਨ ਇਹ ਹੈ ਕਿ ਕੇਂਦਰ ਦੀ ਸਰਕਾਰ ਮਹਿਸੂਸ ਕਰਦੀ ਹੈ ਕਿ ਨੌਜਵਾਨ ਜਜ਼ਬਾਤੀ ਹੁੰਦੇ ਹਨ ਅਤੇ ਕਈ ਜਜ਼ਬਾਤੀ ਪਾਰਟੀਆਂ ਇਨ੍ਹਾਂ ਨੂੰ ਆਪਣੇ ਨਾਲ ਲਾ ਲੈਂਦੀਆਂ ਹਨ। ਇਸੇ ਤਰ੍ਹਾਂ ਕਈ ਰੀਜਨਲ ਪਾਰਟੀਆਂ ਵੀ ਆਪਣੇ ਰੀਜਨਲ ਮਾਮਲਿਆਂ ਸਬੰਧੀ ਆਪਣੇ ਨਾਲ ਇਨ੍ਹਾਂ ਨੂੰ ਮਿਲਾ ਕੇ ਆਪਣੀ ਪੋਜ਼ੀਸ਼ਨ ਨੂੰ ਮਜ਼ਬੂਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਬੰਸ ਸਿੰਘ ਜਲਾਲ]

ਕਰਦੀਆਂ ਹਨ। ਪਰ ਇਸ ਕਾਰਨ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਕਿ ਇਸ ਕਰਕੇ ਨੌਜਵਾਨ ਭੜਕ ਵੀ ਸਕਦੇ ਹਨ (ਪ੍ਰਸ਼ੰਸਾ) ਇਸ ਗਲ ਦਾ ਸਬੂਤ ਅਸੀਂ ਆਪਣੇ ਘਰਾਂ ਵਿਚ ਹੀ ਵੇਖ ਸਕਦੇ ਹਾਂ ਕਿ ਜਿਹੜਾ ਛੋਟਾ ਬੱਚਾ ਹੁੰਦਾ ਹੈ ਉਸ ਦੇ ਭੀ ਘਰ ਵਿਚ administration ਦੇ ਖਲਾਫ ਕਈ ਗੁਸੇ ਗਿਲੇ ਹੁੰਦੇ ਹਨ ਜੇਕਰ ਉਨ੍ਹਾਂ ਗਿਲਿਆਂ ਨੂੰ ਨਾ ਸੁਣਿਆ ਜਾਵੇ ਤਾਂ ਉਹ ਮਜਬੂਰ ਹੋ ਕੇ ਵਾਇਲੈਂਟ ਹੋ ਜਾਂਦਾ ਹੈ ਤੇ ਜੇਕਰ ਉਸ ਨੂੰ ਘਰ ਦੀ ਮਾਲਕੀ ਦਾ ਹਿਸੇਦਾਰ ਬਣਾ ਦਿਤਾ ਜਾਵੇ ਅਤੇ ਕੁਝ ਜ਼ਿੰਮੇ-ਵਾਰੀ ਸੌਂਪ ਦਿਤੀ ਜਾਵੇ ਤਾਂ ਉਹ ਵਾਇਲੈਂਟ ਨਹੀਂ ਰਹਿੰਦਾ। ਨੌਜਵਾਨ ਜਜ਼ਬਾਤੀ ਤਾਂ ਹੁੰਦਾ ਹੈ ਜਦ ਕਿ ਉਸ ਦੀਆਂ ਜਾਇਜ਼ ਮੰਗਾਂ ਨੂੰ ਨਾ ਮੰਨਿਆ ਜਾਵੇ ਜੇਕਰ ਉਸ ਨੂੰ ਪ੍ਰਬੰਧ ਵਿਚ ਬਰਾਬਰ ਦਾ ਹਿੱਸਾ ਦਿੱਤਾ ਜਾਵੇ ਤਾਂ ਕੋਈ ਵਜ੍ਹਾ ਨਹੀਂ ਕਿ ਨੌਜਵਾਨ ਜਜ਼ਬਾਤੀ ਹੋਣ ਦੀ ਜਾਂ ਵਾਇਲੈਂਟ ਹੋਣ।

ਇਕ ਗਲ ਹੋਰ ਵੇਖਣ ਵਾਲੀ ਹੈ ਜਦ ਅਸੀਂ ਦੁਨੀਆਂ ਦਾ ਇਤਹਾਸ ਵੇਖਦੇ ਹਾਂ ਆਪਣੇ ਦੇਸ਼ ਦਾ ਇਤਹਾਸ ਫਰੋਲਦੇ ਹਾਂ ਜਾਂ ਕਿਸੇ ਲੀਡਰ ਜਾਂ ਮੂਵਮੈਂਟ ਦੇ ਬਾਰੇ ਵਿਚ ਜਾਣਨਾ ਚਾਹੁੰਦੇ ਹਾਂ ਤਾਂ ਇਹ ਪਤਾ ਲਗਦਾ ਹੈ ਕਿ ਦੇਸ਼ ਦੀ ਖਾਤਰ ਜਿਨ੍ਹਾਂ ਹਿੱਸਾ ਨੌਜਵਾਨਾਂ ਨੇ ਪਾਇਆ ਹੈ ਜਾਂ ਜਿੰਨੀਆਂ ਕਰਬਾ-ਨੀਆਂ ਕੀਤੀਆਂ ਹਨ ਉਹ ਬਹੁਤ ਹੱਦ ਤਕ 40 ਸਾਲ ਤੋਂ ਹੇਠਾਂ ਦੀ ਉਮਰ ਦੇ ਨੌਜਵਾਨਾਂ ਨੇ ਕੀਤੀਆਂ ਹਨ ਬਾਕੀਆਂ ਵਡੇਰੀਆਂ ਉਮਰ ਦੀਆਂ ਨੇ ਉਨੀਆਂ ਕੁਰਬਾਨੀਆਂ ਨਹੀਂ ਕੀਤੀਆਂ। ਫਿਰ ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਨੌਜਵਾਨ ਜਿਹੜਾ ਕਿ ਦੇਸ਼ ਦੀਆਂ ਸਰਹਦਾਂ ਦੀ ਰਾਖੀ ਕਰ ਸਕਦਾ ਹੈ ਅਤੇ ਦੇਸ਼ ਦੀ ਅੰਦਰੂਨੀ ਸੁਰਖਿਆ ਕਰ ਸਕਦਾ ਹੈ। ਫੌਜ ਵਿਚ ਜਾਣ ਲਈ ਉਸ ਦੀ ਉਮਰ 18 ਸਾਲ ਨੀਅਤ ਕੀਤੀ ਗਈ ਹੋਵੇ ਫਿਰ ਪੜ੍ਹਾਈ ਦੇ ਖੇਤਰ ਵਿਚ ਭੀ ਜਦ 18 ਸਾਲ ਦਾ ਨੌਜਵਾਨ ਮੁਢਲੀ ਵਿਦਿਆ ਮੁੱਕਾ ਲੈਂਦਾ ਹੈ ਤਾਂ ਉਹ ਇਹ ਫੈਸਲਾ ਕਰ ਸਕਦਾ ਹੋਵੇ ਕਿ ਉਸ ਨੇ ਅਗਾਂਹ ਕਿਸ ਕਿਤੇ ਜਾਂ ਲਾਈਨ ਵਿਚ ਜਾਣਾ ਹੈ ਅਤੇ ਆਪਣੀ ਅਗਲੇਰੀ ਪੜ੍ਹਾਈ ਲਈ ਫੈਸਲਾ ਕਰਨਾ ਹੁੰਦਾ ਹੈ। ਜਦ ਉਹ 18 ਸਾਲ ਦਾ ਹੁੰਦਾ ਹੋਇਆ ਵਿਆਹ ਬਾਰੇ ਉਹ ਜ਼ਿੰਦਗੀ ਦਾ ਮਹਾਨ ਫੈਸਲਾ ਕਰਨ ਦੇ ਯੋਗ ਸਮਝਿਆ ਜਾਂਦਾ ਹੈ, ਜੇਕਰ ਇਸ ਤਰ੍ਹਾਂ ਦੇ ਜੀਵਨ ਦੇ ਵਡੇ ਵੱਡੇ ਫੈਸਲਿਆਂ ਨੂੰ ਉਹ ਇਸ ਉਮਰ ਤੇ ਪਹੁੰਚ ਕੇ ਕਰ ਸਕਦਾ ਹੈ ਤਾਂ ਇਹ ਕਿਉਂ ਨਹੀਂ ਕਰ ਸਕਦਾ ਕਿ ਵੋਟ ਭਾਵ ਰਾਇ ਦੇ ਕੇ ਆਪਣੇ ਯੋਗ ਨੁਮਾਇੰਦਿਆਂ ਨੂੰ ਇਥੇ ਹਾਊਸ ਵਿਚ ਭੇਜੇ। ਉਸ ਨੂੰ ਵੋਟ ਦੇਣ ਦਾ ਹੱਕ ਫਿਰ ਇਸ ਉਮਰ ਵਿਚ ਕਿਉਂ ਨਾ ਦਿਤਾ ਜਾਵੇ? ਜੇਕਰ ਅਸੀਂ ਨੌਜਵਾਨ ਨੂੰ ਇਸ ਪੱਖ ਵਿਚ ਵੋਟ ਦੇਣ ਦਾ ਹੱਕ ਦੇ ਦਿਆਂਗੇ ਤਾਂ ਇਨਡਿਸਪਲਿਨ ਘੱਟ ਜਾਵੇਗਾ। ਇਸ ਲਈ ਕੇਂਦਰ ਸਰਕਾਰ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਇਸ ਸਬੰਧ ਵਿਚ ਉਚਿਤ ਕਾਰਵਾਈ ਕਰ ਕੇ 18 ਸਾਲ ਦੀ ਉਮਰ ਤੱਕ ਵੋਟ ਦੇਣ ਦਾ ਹੱਕ ਦਿਤਾ ਜਾ ਸਕੇ। ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਇਸ ਦੇ ਯੋਗ ਨਹੀਂ। ਇਨ੍ਹਾਂ ਨੌਜਵਾਨਾਂ ਦੀਆਂ ਉਮੰਗਾਂ ਹਨ, ਰੀਝਾਂ ਹਨ, ਹੱਕ ਹਨ। ਉਨ੍ਹਾਂ ਨੂੰ ਸਾਹਮਣੇ ਰਖ ਕੇ ਅਸਾਨੂੰ ਅੰਧ ਵਿਸ਼ਵਾਸ਼ ਵਿਚ ਨਹੀਂ ਪਏ ਰਹਿਣਾ ਚਾਹੀਦਾ।

ਦੁਨੀਆਂ ਦੇ ਇਤਿਹਾਸ ਨੂੰ ਜੇਕਰ ਵੇਖੀਏ ਤਾਂ ਪਤਾ ਲਗਦਾ ਹੈ ਕਿ ਲੈਨਿਨ ਦੇ ਕੇਸ ਵਿਚ, ਵੈਸਟ ਬੰਗਾਲ ਵਿਚ, ਨੌਜਵਾਨ ਭਾਰਤ ਸਭਾ ਅਤੇ ਪੰਜਾਬ ਵਿਚ ਆਜ਼ਾਦੀ ਦੀ ਲਹਿਰ ਵਿਚ ਜਿਨ੍ਹਾਂ ਹਿੱਸਾ ਨੌਜਵਾਨਾਂ ਨੇ ਪਾਇਆ ਇਹ ਸਾਰਿਆਂ ਦੇ ਸਾਹਮਣੇ ਹੈ। ਸਰਦਾਰ ਭਗਤ ਸਿੰਘ ਸ਼ਹੀਦ ਅਤੇ ਸਰਦਾਰ ਕਰਤਾਰ ਸਿੰਘ ਸਰਾਬਾ ਦੀਆਂ ਮਹਾਨ ਕੁਰਬਾਨੀਆਂ ਸਾਡੇ ਸਾਹਮਣੇ ਹਨ। ਉਹ ਕਿਸ ਉਮਰ ਦੇ ਸਨ? ਛੋਟੀ ਉਮਰ ਵਿਚ ਦੇਸ਼ ਪਿਆਰ ਦਾ ਐਨਾ ਜਜ਼ਬਾ ਅਤੇ ਦੇਸ਼ ਲਈ ਆਪਾ ਵਾਰਨ ਦੀ ਚਾਹ ਜੇਕਰ ਨੌਜਵਾਨ ਵਿਚ ਹੈ ਤਾਂ ਉਹ ਵੋਟ ਦੇਣ ਦੇ ਹੱਕ ਤੋਂ ਵੰਚਿਤ ਨਹੀਂ ਕੀਤਾ ਜਾਣਾ ਚਾਹੀਦਾ। ਇਸ ਤਰ੍ਹਾਂ ਦੀਆਂ ਕੁਰਬਾਨੀਆਂ ਤੋਂ ਬਾਅਦ ਇਸ ਕਲਾਸ ਨੂੰ ਵੋਟ ਦੇ ਹੱਕ ਤੋਂ ਕੇਂਦਰ ਸਰਕਾਰ ਮਾਹਿਰੂਮ ਕਰੇ

Original with;
Punjab Vidhan Sabha
Digitized by;
Panjab Digital Library

ਇਹ ਸ਼ਰਮ ਦੀ ਗਲ ਹੈ (ਪਰਸ਼ੰਸਾ) ਜੇਕਰ ਉਹ ਦੇਸ਼ ਆਜ਼ਾਦ ਕਰਵਾਉਣ ਲਈ ਆਪਣੀ ਗਲ ਤੇ ਜਾਨ ਤੇ ਖੇਲ ਸਕਦੇ ਹਨ ਤਾਂ ਕੀ ਉਹ ਦੇਸ਼ ਦੀ ਆਜ਼ਾਦੀ ਇਨਟੈਗਰੇਟੀ, ਲੋਕ ਰਾਜ ਕਾਇਮ ਰਖਣ ਲਈ ਵੋਟ ਦੀ ਸੂਝ ਨਹੀਂ ਰਖਦੇ ?

ਕਈ ਰੀਜਨਾਂ ਵਿਚ ਵਿਦਿਆਰਥੀ ਐਜੀਟੇਸ਼ਨਾਂ ਹੋਈਆਂ ਅਤੇ ਇਹ ਵਾਇਲੈਂਸ ਹੋਏ ਹਨ ਪਰ ਇਹ ਕੀ ਕਰਦੇ। ਸਮੇਂ ਦੀ ਸਰਕਾਰ ਨੇ ਉਹਨਾਂ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਸੀ 'ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜਸ਼ਤ, ਹਲਾਲ ਅਸ਼ਤ ਬੁਰਦਨ ਬ ਸ਼ਮਸ਼ੀਰ ਦਸਤ' ਜਦ ਕੋਈ ਹੀਲੇ ਵਸੀਲੇ ਕੰਮ ਨਾ ਆਉਣ ਅਤੇ ਕੋਈ ਚਾਰਾ ਨਜ਼ਰ ਨਾ ਆਵੇ ਤਾਂ ਉਹ ਨੌਜਵਾਨ ਵਾਇਲੈਂਟ ਹੁੰਦਾ ਹੈ ਇਸ ਲਈ ਉਨ੍ਹਾਂ ਦੀ ਨਬਜ਼ ਨੂੰ ਪਛਾਣਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਰੁਚੀ ਤੋਂ ਹਟਾਣ ਲਈ ਆਪਣੀ ਰਾਇ ਦਾ ਇਜ਼ਹਾਰ ਕਰਨ ਲਈ ਉਨ੍ਹਾਂ ਨੂੰ ਵੋਟ ਦਾ ਹੱਕ ਦੇਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਪਾਰਲੀਮੈਂਟ ਵਿਚ, ਸਟੇਟ ਦੀਆਂ ਲੈਜਿਸਲੇਟਰਾਂ ਅਸੈਂਬਲੀਆਂ ਵਿਚ ਅਤੇ ਦੇਸ਼ ਵਿਚ ਹੋਰ ਜਿਨੀਆਂ ਪਬਲਿਕ ਸੈਕਟਰ ਦੀਆਂ ਸੰਸਥਾਵਾਂ ਹਨ ਉਹਨਾਂ ਵਿਚ ਭੇਜਿਆ ਜਾਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਦੀ ਆਬਾਦੀ ਇਸ ਸਮੇਂ 54.78 ਕਰੋੜ ਹੈ ਅਤੇ ਸਨ 1972-73 ਦੀਆਂ ਚੋਣਾਂ ਵਿਚ 30 ਕਰੋੜ ਜਨਤਾ ਨੂੰ ਵੋਟ ਦੇਣ ਦਾ ਹੱਕ ਦਿਤਾ ਹੋਇਆ ਸੀ। ਇਸ ਦੇ ਨਾਲ ਹੀ ਇਹ ਭੀ ਵਿਚਾਰ ਯੋਗ ਹੈ ਕਿ ਭਾਰਤ ਵਿਚ ਲਿਟਰੇਸੀ ਦੀ ਪਰਸੈਂਟੇਜ 30 ਫੀ ਸਦੀ ਹੈ ਜਦ ਕਿ ਨੌਂਵੀਂ ਦਸਵੀਂ ਕਲਾਸ ਤੱਕ 18 ਤੋਂ 21 ਸਾਲ ਦੀ ਉਮਰ ਵਾਲਿਆਂ ਵਿਚ ਲਿਟਰੇਸੀ ਦੀ ਪਰਸੈਂਟੇਜ 75 ਫੀਸਦੀ ਹੈ। ਬਾਕੀ ਉਮਰ ਦੇ ਲਿਹਾਜ਼ ਨਾਲ ਲਿਟਰੇਸੀ 25 ਫੀ ਸਦੀ ਰਹਿ ਜਾਂਦੀ ਹੈ ਫਿਰ ਮੈਨੂੰ ਸਮਝ ਨਹੀਂ ਆਉਂਦੀ ਕਿ ਜਦ ਵਡੇ ਮਸਲੇ ਬੇਰੋਜ਼ਗਾਰੀ, ਅਨਪੜ੍ਹਤਾ ਪਛੇੜਤਾ, ਆਦਿ ਦੇਸ਼ ਦੇ ਸਾਹਮਣੇ ਹੋਵੇ ਤਾਂ ਕਿਉਂ ਨਾ ਲਿਟ੍ਰੇਟਾਂ ਨੂੰ ਹੱਕ ਦਿਤਾ ਨਾ ਜਾਵੇ ਕਿ ਉਨ੍ਹਾਂ ਦੇ ਹੱਥ ਐਡਮਨਿਸਟ੍ਰੇਸ਼ਨ ਹੋਵੇ। ਇਹ ਸਚਾਈ ਹੈ ਕਿ ਇਨਟੈਲੀਜੈਂਸੀਆ ਹੀ ਇਨਟੈਲੀਜੈਂਸੀਆ ਨੂੰ ਵੋਟ ਦੇ ਕੇ ਅਗੇ ਲਿਆ ਸਕਦਾ ਹੈ ਅਤੇ ਕਿਉਂ ਖੁਦਗਰਜ਼ੀ ਕਾਰਨ ਇਨੇ ਵਡੇ ਲਿਟ੍ਰੇਟ ਤਬਕੇ ਨੂੰ ਆਪਣੇ ਵੋਟ ਦੇਣ ਦੇ ਹੱਕਾਂ ਤੋਂ ਭੀ ਡਿਪਰਾਈਵ ਰਖਿਆ ਜਾਵੇ। ਇਹ ਲੋਕ ਰਾਜ ਲਈ ਇਕ ਲਾਹਨਤ ਹੈ।

ਫਿਰ ਇਕ ਹੋਰ ਪਖ ਤੋਂ ਇਸ ਗਲ ਤੇ ਵਿਚਾਰ ਕੀਤਾ ਜਾ ਸਕਦਾ ਹੈ ਕਿ ਪਹਿਲੀ ਤੋਂ ਅੱਠਵੀਂ ਤੱਕ 8 ਕਰੋੜ ਵਿਦਿਆਰਥੀ ਹਨ ਜਿਨ੍ਹਾਂ ਵਿਚੋਂ 6 ਕਰੋੜ ਸਕੂਲਾਂ ਵਿਚ ਜਾਂਦੇ ਹਨ ਅਤੇ ਦੋ ਕਰੋੜ ਖਾਸ ਕਾਰਨਾ ਕਰ ਕੇ ਸਕੂਲਾਂ ਵਿਚ ਨਹੀਂ ਜਾ ਸਕਦੇ। ਦੂਜੀ ਵਿਚ ਵਿਦਿਆ ਦੀ ਸਟੇਜ ਵੀ ਇਸੇ ਤਰ੍ਹਾਂ 8 ਕਰੋੜ ਹੀ ਹੈ ਜਿਨ੍ਹਾਂ ਵਿਚੋਂ 2 ਕਰੋੜ ਉਚ ਵਿਦਿਆ ਪ੍ਰਾਪਤ ਕਰਦੇ ਹਨ ਅਤੇ 6 ਕਰੋੜ ਉਚੀ ਵਿਦਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਫਿਰ ਇਨ੍ਹਾਂ 2 ਕਰੋੜ ਲਿਟ੍ਰੇਟਾਂ ਨੂੰ ਜੋ ਕਿ 18 ਤੋਂ 21 ਦੀ ਦਰਮਿਆਨੀ ਉਮਰ ਦੇ ਹਨ ਕਾਨਸਟੀਚੂਸ਼ਨਲ ਕੰਮ ਵਿਚ ਕਿਉਂ ਨਾ ਹਿਸਾ ਲੈਣ ਦਿਤਾ ਜਾਵੇ ਅਤੇ ਵਿਧਾਨਕਾਰਾਂ ਦੀ ਚੋਣ ਵਿਚ ਇਨ੍ਹਾਂ ਵਲੋਂ ਹਿੱਸਾ ਪਾਇਆ ਜਾਵੇ ਇਸ ਲਈ ਵੋਟ ਦੇਣ ਦੇ 18 ਸਾਲ ਦੀ ਉਮਰ ਦੇ ਹੱਕ ਤੋਂ ਇਨ੍ਹਾਂ ਨੂੰ ਮਹਿਰੂਮ ਨਹੀਂ ਕੀਤਾ ਜਾਣਾ ਚਾਹੀਦਾ।

ਪੰਜਾਬ ਵਿਚ 1,35 ਕਰੋੜ ਦੀ ਆਬਾਦੀ ਹੈ ਅਤੇ ਕੇਵਲ 70 ਲੱਖ ਵੋਟ ਦੇਣ ਦੇ ਅਧਿਕਾਰੀ ਹਨ ਪੰਜਾਬ ਵਿਚ ਹਾਲਾਂ ਕਿ ਲਿਟ੍ਰੇਸੀ ਬਾਕੀ ਰਾਜਾਂ ਨਾਲੋਂ 3 ਫੀ ਸਦੀ ਜਾਂ 4 ਫੀ ਸਦੀ ਵੱਧ ਹੈ ਅਤੇ ਇਹ 33 ਫੀ ਸਦੀ ਹੈ ਉਸ ਵਿਚੋਂ 20 ਲੱਖ ਛੋਟੀ ਉਮਰ ਦੇ ਹਨ ਪਰੰਤੂ ਇਨ੍ਹਾਂ ਵਿਚੋਂ 5 ਲੱਖ ਨੂੰ ਕੇਵਲ ਵੋਟ ਦੇਣ ਦਾ ਹੱਕ ਦੇ ਕਰ ਜਾਂ ਜੇਕਰ ਏਜ ਨੂੰ ਲੋਅਰ ਕਰ ਕੇ 5 ਜਾਂ ਪੌਣੇ ਪੰਜ ਲੱਖ ਲਿਟਰੇਟ ਤਬਕੇ ਨੂੰ ਦੇਸ਼ ਦੀ ਉਸਾਰੀ ਵਿਚ ਹਿੱਸਾ ਪਾਉਣ ਦੇ ਕਾਬਲ ਬਣਾ ਸਕਦੇ ਹਾਂ ਵੋਟ ਦਾ ਅਧਿਕਾਰ ਦੇ ਕਰ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਬੰਸ ਸਿੰਘ ਜਲਾਲ]

ਇਸ ਗਲ ਵਿਚ ਜੇਕਰ ਤਲਖੀ ਮਹਿਸੂਸ ਨਾ ਕੀਤੀ ਜਾਵੇ ਤਾਂ ਮੈਂ ਇਹ ਗਲ ਕਹਾਂਗਾ ਕਿ ਜਦ ਵੀ ਮੌਕਾ ਮਿਲਿਆ ਦੇਸ਼ ਲਈ ਕੁਰਬਾਨੀ ਕਰਨ ਦਾ ਦੇਸ਼ ਤੋਂ ਆਪਣੇ ਆਪ ਨੂੰ ਨਛਾਵਰ ਕਰਨ ਦਾ ਬੇਇਨਸਾਫੀ ਨੂੰ ਰੋਕਣ ਦਾ ਤਾਂ ਦੁਨੀਆਂ ਦੇ ਇਤਹਾਸ ਵਿਚ, ਦੇਸ਼ ਦੇ ਇਤਹਾਸ ਵਿਚ ਅਤੇ ਪੰਜਾਬ ਦੇ ਇਤਹਾਸ ਵਿਚ ਇਹ ਸਪਸ਼ਟ ਹੈ ਕਿ ਸਾਰਿਆਂ ਤੋਂ ਪਹਿਲੀ ਆਵਾਜ਼ ਨੌਜਵਾਨ ਨੇ ਉਠਾਈ ਸੀ। ਕਾਫੀ ਹੱਦ ਤੱਕ ਨੌਜਵਾਨ ਬੇਰੋਜ਼ਗਾਰ ਹਨ। ਇਥੋਂ ਤੱਕ ਕਿ 7—7 ਸਾਲ ਤੱਕ ਨੌਕਰੀਆਂ ਲਈ ਉਹ ਵੇਟਿੰਗ ਲਿਸਟ ਦੇ ਵਿਚ ਚਲੇ ਆ ਰਹੇ ਹਨ ਉਹ ਦੇਸ਼ ਦੇ ਵਿਧਾਨ ਵਿਚ ਕੁਝ ਤਬਦੀਲੀਆਂ ਚਾਹੁੰਦੇ ਹਨ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਉਹ ਦਲੇਰੀ ਕਰਨ ਅਤੇ 21 ਸਾਲ ਦੀ ਬਜਾਏ 18 ਸਾਲ ਦੇ ਬੰਦੇ ਨੂੰ ਵੋਟਿੰਗ ਦਾ ਅਧਿਕਾਰ ਦੇਣ ਦੀ ਸਿਫਾਰਸ਼ ਕੇਂਦਰ ਨੂੰ ਕਰਨ। ਜਿਥੋਂ ਤੱਕ ਭੀ ਮੇਰੀ ਰਾਇ ਹੈ ਕਿ ਜਦੋਂ ਤੱਕ ਸਰਵਿਸਿਜ਼ ਵਿਚ ਅਤੇ ਹੋਰ ਕੰਮ ਕਰਨ ਵਾਲਿਆਂ ਦੀ ਉਮਰ ਦੀ ਲਿਮਿਟ ਘਟਾਈ ਨਹੀਂ ਜਾਂਦੀ ਤੇ ਵੋਟ ਦੇਣ ਦੇ ਅਧਿਕਾਰ ਵਿਚ ਵੀ ਇਹ ਉਮਰ ਘਟਾ ਕੇ 21 ਸਾਲ ਤੋਂ 18 ਸਾਲ ਨਹੀਂ ਕਰ ਦਿਤੀ ਜਾਂਦੀ ਹੈ, ਉਨੀ ਦੇਰ ਤਕ ਦੇਸ਼ ਦੇ ਜ਼ਰੂਰੀ ਮਸਲੇ ਹਲ ਨਹੀਂ ਹੋ ਸਕਦੇ। ਹੁਣ ਇਹ ਪੁਜ਼ੀਸ਼ਨ ਹੈ ਕਿ 16 ਸਾਲ ਦੀ ਉਮਰ ਦਾ ਬੰਦਾ ਦਸਵੀਂ ਪਾਸ ਕਰ ਲੈਂਦਾ ਹੈ ਅਤੇ 2 ਸਾਲ ਇਸ ਕਰ ਕੇ ਉਹ ਬੇਕਾਰ ਰਹਿੰਦਾ ਹੈ ਕਿ ਉਹ 18 ਸਾਲ ਤੋਂ ਘੱਟ ਸਰਕਾਰ ਦੀ ਨੌਕਰੀ ਹੀ ਨਹੀਂ ਕਰ ਸਕਦਾ।.........

**ਸ੍ਰੀ ਬ੍ਰਿਜ ਲਾਲ ਗੋਇਲ**: ਮੈਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਹ ਰਾਈਟ ਆਫ ਵੋਟ ਦੇ ਰੈਜ਼ੋਲਿਊਸ਼ਨ ਤੇ ਬੋਲ ਰਹੇ ਹਨ ਜਾਂ ਬੇਰੁਜ਼ਗਾਰੀ ਤੇ ਬੋਲਣਾ ਚਾਹੁੰਦੇ ਹਨ ?

**ਸਰਦਾਰ ਹਰਬੰਸ ਸਿੰਘ ਜਲਾਲ**: ਮਾਨਯੋਗ ਮੈਂਬਰ ਨੂੰ ਹਾਊਸ ਦੀ ਰੈਲੇਵੈਂਸੀ ਦਾ ਪਤਾ ਹੋਣਾ ਚਾਹੀਦਾ ਹੈ ਕਿ ਕੀ ਹੁੰਦੀ ਹੈ। ਪਰ ਅਜ ਨੌਜਵਾਨ ਤੰਗ ਹੈ ਕਿਉਂਕਿ ਸਾਹਮਣੇ ਬੈਂਚਾਂ ਤੇ ਬੈਠੇ 70--75 ਸਾਲ ਦੀ ਉਮਰ ਦੇ ਬਜ਼ੁਰਗ ਕੋਟੇ ਪਰਮਿਟਾਂ ਦੇ ਲਾਲਚਾਂ ਵਿਚ ਲਗੇ ਹੋਏ, ਆਪਣੀਆਂ ਜੇਬਾਂ ਭਰਨ ਵਿਚ ਲਗੇ ਹੋਏ ਹਨ। ਉਨ੍ਹਾਂ ਨੂੰ ਨੌਜਵਾਨਾਂ ਦਾ ਕੋਈ ਖਿਆਲ ਨਹੀਂ। ਇਹ ਨੀਤੀ ਹੁਣ ਸਾਰਿਆਂ ਨੂੰ ਅਪਨਾਉਣੀ ਚਾਹੀਦੀ ਹੈ ਕਿ ਨੌਜਵਾਨਾਂ ਨੂੰ ਅੱਗੇ ਲਿਆਂਦਾ ਜਾਵੇ ਨਹੀਂ ਤਾਂ ਜਿਵੇਂ ਅਗੇ ਦੇਸ਼ ਦੇ ਕਰੋੜਾਂ ਨੌਜਵਾਨਾਂ ਨੇ ਪਹਿਲਾਂ ਫਤਵਾ ਦਿੱਤਾ ਸੀ ਹੁਣ ਵੀ ਉਹ ਤਿਆਰ ਹਨ ਇਸ ਹਾਊਸ ਵਿਚ ਹੀ ਮੇਰੀ ਇਕ ਮੈਂਬਰ ਭੈਣ ਨੇ ਕਿਹਾ ਸੀ ਕਿ "ਪਿਪਲ ਦਿਆ ਪਤਿਆ ਵੇ ਕਿਵੇਂ ਖੜ੍ਹ ਖੜ੍ਹ ਲਾਈ ਏ, ਪਤਝੜ ਗਏ ਪੁਰਾਣੇ ਵੇ ਰੁਤ ਨਵਿਆਂ ਦੀ ਆਈ ਹੈ।" ਇਸ ਲਈ ਮੈਂ ਉਨ੍ਹਾਂ ਪੁਰਾਣੇ ਉਨ੍ਹਾਂ ਪਤਿਆਂ ਨੂੰ ਕਹਾਂਗਾ ਕਿ ਉਹ ਆਪਣੇ ਆਪ ਹੀ ਝੜ ਜਾਣ ਨਹੀਂ ਤਾਂ ਆਪਣੇ ਹੱਕਾਂ ਦੀ ਖਾਤਰ ਐਸਾ ਨੌਜਵਾਨਾਂ ਦਾ ਝਖੜ ਆਵੇਗਾ ਕਿ ਉਹ ਆਪਣੇ ਆਪ ਹੀ ਇਨ੍ਹਾਂ ਕੁਰੱਪਟ ਪੱਤਿਆ ਨੂੰ ਝਾੜ ਦੇਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ।

**ਸ੍ਰੀ ਬ੍ਰਿਜ ਲਾਲ ਗੋਇਲ** (ਰਾਜਪੁਰਾ): ਡਿਪਟੀ ਸਪੀਕਰ ਸਾਹਿਬ, ਆਪ ਦੇ ਰਾਹੀਂ ਮੈਂ ਆਪਣੇ ਵਿਚਾਰ ਹਾਊਸ ਦੇ ਅਗੇ ਰਖਣਾ ਚਾਹੁੰਦਾ ਹਾਂ। ਰਾਈਟ ਆਫ ਵੋਟ ਦੇ ਮੁਤੱਅਲਕ ਇਕ ਪ੍ਰਸਤਾਵ ਹਾਊਸ ਦੇ ਸਾਹਮਣੇ ਪੇਸ਼ ਹੋਇਆ ਹੈ ਕਿ ਵੋਟ ਦੇਣ ਦਾ ਅਧਿਕਾਰ 18 ਸਾਲ ਦੇ ਬਦਿਆਂ ਨੂੰ ਹੋਣਾ ਚਾਹੀਦਾ ਹੈ।

**ਇਕ ਮਾਨਯੋਗ ਮੈਂਬਰ**: ਤੁਸੀਂ ਹੋ 18 ਸਾਲ ਦੇ ? (ਹਾਸਾ) ਤੁਹਾਡੇ ਨਾਲੋਂ ਫੇਰ ਵੀ ਵੱਡਾ ਹਾਂ (ਹਾਸਾ)। ਪ੍ਰਸਤਾਵ ਬਿਲਕੁਲ ਜਾਇਜ਼ ਹੈ। ਜਦੋਂ ਵੋਟ ਦੇਣ ਦਾ ਅਧਿਕਾਰ 21 ਸਾਲ ਦੀ ਉਮਰ ਦਾ ਰਖਿਆ ਗਿਆ ਸੀ ਉਦੋਂ ਲੋਕਾਂ ਦੇ ਵਿਚ ਇਤਨੀ ਜਾਗਰਤੀ ਨਹੀਂ ਸੀ, ਨਾ ਕੋਈ ਤਾਲੀਮ ਸੀ

Original with;
Punjab Vidhan Sabha
Digitized by;
Panjab Digital Library

ਨਾ ਕੋਈ ਸਕੂਲ ਕਾਲਜ ਜਾਂਦਾ ਸੀ। ਅਜ 18 ਸਾਲ ਦੀ ਉਮਰ ਦਾ ਬੰਦਾ ਬੀ. ਏ. ਕਰਨ ਤੋਂ ਬਾਅਦ ਜਦੋਂ ਕਿ ਉਸ ਨੂੰ ਸਾਰੀ ਸੂਝ ਬੂਝ ਹੁੰਦੀ ਹੈ ਆਪਣਾ ਰਾਈਟ ਆਫ਼ ਵੋਟ ਇਸਤੇਮਾਲ ਨਹੀਂ ਕਰ ਸਕਦਾ। ਇਹ ਤਾਂ ਉਸ ਵਕਤ ਲਈ 21 ਸਾਲ ਦਾ ਅਧਿਕਾਰ ਦਿੱਤਾ ਗਿਆ ਸੀ ਜਦੋਂ ਕਿ ਕੋਈ ਤਾਲੀਮ ਯਾਫਤਾ ਨਹੀਂ ਸੀ ਹੁੰਦਾ ਕੋਈ ਅਖਬਾਰ ਨਹੀਂ ਸੀ ਹੁੰਦਾ। ਪਰ ਹੁਣ ਪਿਛਲੇ 25 ਸਾਲਾਂ ਦੇ ਵਿਚ ਹਿੰਦੁਸਤਾਨ ਦੀ ਇਤਨੀ ਤਰੱਕੀ ਹੋਈ ਹੈ ਕਿ ਮੁਲਕ ਵਿਚ ਐਜੂਕੇਸ਼ਨ ਦਾ ਫਲਾ ਆ ਗਿਆ ਹੈ। ਲੋਕਾਂ ਨੂੰ ਸਾਰੀ ਸੂਝ ਹੈ ਜੇ ਉਹ 18 ਸਾਲ ਦੀ ਉਮਰ ਦੇ ਵਿਚ ਵੋਟ ਦੇਣਗੇ ਉਹ ਕੋਈ ਗਲਤੀ ਨਹੀਂ ਕਰਨਗੇ। ਮੈਂ ਸਮਝਦਾ ਹਾਂ ਜੇ ਇਹ ਰਾਈਟ ਆਫ ਵੋਟ ਦੇ ਦਿੱਤਾ ਜਾਵੇ ਇਸ ਵਿਚ ਕੋਈ ਹਰਜ ਨਹੀਂ। ਜਿਸ ਤਰ੍ਹਾਂ ਉਸ ਵੇਲੇ 21 ਸਾਲ ਦੀ ਉਮਰ ਵਾਲੇ ਨੂੰ ਰਾਈਟ ਆਫ ਵੋਟ ਦੇ ਵਿਚ ਕੋਈ ਨੁਕਸਾਨ ਨਹੀਂ ਸੀ। ਮੈਂ ਸਮਝਦਾ ਹਾਂ ਕਿ ਹੁਣ 18 ਸਾਲ ਦੇ ਬੰਦੇ ਨੂੰ ਰਾਈਟ ਆਫ ਵੋਟ ਦੇਣ ਦੇ ਵਿਚ ਕੋਈ ਨੁਕਸਾਨ ਨਹੀਂ। ਇਸ ਤਰ੍ਹਾਂ ਮੁਲਕ ਦੇ ਵਧ ਤੋਂ ਵੱਧ ਲੋਕਾਂ ਦੀ ਰਾਏ ਲੈ ਕੇ ਅਸੀਂ ਡੈਮੋਕਰੇਸੀ ਨੂੰ ਹੋਰ ਵੀ ਮਜ਼ਬੂਤ ਕਰ ਸਕਦੇ ਹਾਂ। ਜੇ ਮੁਲਕ ਦੇ ਵਿਚ ਪੜ੍ਹੇ ਲਿਖੇ ਲੋਕਾਂ ਦੀ ਸਰਕਾਰ ਆਵੇਗੀ ਅਤੇ ਉਸ ਵਿਚ ਵੱਧ ਤੋਂ ਵੱਧ ਲੋਕਾਂ ਦੀ ਰਾਏ ਹੋਵੇਗੀ ਤਾਂ ਉਸ ਵਿਚ ਮੁਲਕ ਦਾ ਫਾਇਦਾ ਹੀ ਹੈ। 18 ਸਾਲ ਦੀ ਉਮਰ ਤੱਕ ਕੋਈ ਬੰਦਾ ਐਸਾ ਨਹੀਂ ਹੁਣ ਜਿਹੜਾ ਪੜ੍ਹਿਆ ਲਿਖਿਆ ਨਾ ਹੋਵੇ ਅਤੇ ਉਸ ਨੂੰ ਆਪਣੇ ਅਧਿਕਾਰ ਵਰਤਣ ਦੀ ਸੂਝ ਨਾ ਹੋਵੇ। ਮੈਂ ਸਮਝਦਾ ਹਾਂ ਸਰਕਾਰ ਨੂੰ ਇਹ ਪ੍ਰਸਤਾਵ ਪਾਸ ਕਰਕੇ ਡੈਮੋਕ-ਰੇਸੀ ਦੀ ਨੀਂਹ ਨੂੰ ਹੋਰ ਵੀ ਮਜ਼ਬੂਤ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਜਿਹੜਾ ਇਹ ਪ੍ਰਸਤਾਵ ਦੀ ਸ਼ਕਲ ਦੇ ਵਿਚ ਅਕਾਲੀਆਂ ਦੇ ਵੱਲੋਂ ਆਇਆ ਹੈ, ਇਹ ਉਨ੍ਹਾਂ ਦੀ ਸਰਕਾਰ ਨੂੰ ਹੀ ਸਰਕਾਰੀ ਮਤੇ ਦੀ ਸ਼ਕਲ ਵਿਚ ਲਿਆਉਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਕੋਤਾਹੀ ਕੀਤੀ ਕਿਉਂਕਿ ਉਸ ਵੇਲੇ ਇਨ੍ਹਾਂ ਨੂੰ ਤਾਂ ਕੋਈ ਫੁਰਸਤ ਹੀ ਨਹੀਂ ਸੀ। ਇਹ ਤਾਂ ਲੋਕਾਂ ਦੀਆਂ ਜੇਬਾਂ ਲੁਟਣ ਦੇ ਵਿਚ ਲਗੀ ਹੋਈ ਸੀ। ਇਹ ਆਪਣੀਆਂ ਕੁਰਸੀਆਂ ਸੰਭਾਲਣ ਦੇ ਵਿਚ ਲਗੇ ਹੋਏ ਸੀ, ਇਹ ਉਸ ਵੇਲੇ ਲੋਕਾਂ ਨੂੰ ਕੋਈ ਰਾਈਟ ਆਫ ਵੋਟ ਦੇ ਨਹੀਂ ਸਕੇ। ਇਹ ਇਕ ਬਹੁਤ ਹੀ ਚੰਗਾ ਕੰਮ ਹੈ ਭਾਵੇਂ ਇਹ ਅਧਿਕਾਰ ਦੇਣ ਦਾ ਮਤਾ ਦੇਰ ਬਾਅਦ ਆਇਆ ਹੈ ਮੈਂ ਇਸ ਮਤੇ ਦੀ ਸ਼ਲਾਘਾ ਕਰਦਾ ਹਾਂ.........

**ਗਿਆਨੀ ਕੁੰਦਨ ਸਿੰਘ ਪਤੰਗ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਜਦੋਂ ਸਾਡਾ ਬੰਦਾ ਬੋਲਿਆ ਤਾਂ ਇਹ ਕਹਿੰਦੇ ਸਨ ਕਿ ਉਹ ਰੈਲੇਵੈਂਟ ਨਹੀਂ, ਕੀ ਹੁਣ ਉਹ ਮਤੇ ਦੇ ਮਜ਼ਮੂਨ ਉਤੇ ਬੋਲ ਰਹੇ ਹਨ?

**Mr. Deputy Speaker**: It is no point of order.

**ਸ੍ਰੀ ਬ੍ਰਿਜ ਲਾਲ ਗੋਇਲ**: ਮੈਂ ਤਾਂ ਤੁਹਾਡੀ ਹੀ ਤਾਰੀਫ ਕਰਦਾ ਹਾਂ ਕਿ ਤੁਸੀਂ ਇਹ ਮਤਾ ਲਿਆਂਦਾ ਹੈ। ਡਿਪਟੀ ਸਪੀਕਰ ਸਾਹਿਬ, 18 ਸਾਲ ਦੇ ਬੰਦੇ ਨੂੰ ਰਾਈਟ ਆਫ ਵੋਟ ਦੇਣ ਤੋਂ ਬਾਅਦ ਇਹ ਸਾਰੀ ਡੈਮੋਕਰੇਸੀ ਪ੍ਰੋਗਰੈਸਿਵ ਹੋਵੇਗੀ, ਕਿਉਂਕਿ ਇਸ ਉਮਰ ਦਾ ਨੌਜਵਾਨ ਤਬਕਾ ਬੜੇ ਪ੍ਰੋਗਰੈਸਿਵ ਵਿਚਾਰ ਰਖਦਾ ਹੈ, ਉਹ ਆਪਣੇ ਵੋਟ ਨੂੰ ਜਾਇਜ਼ ਹੀ ਇਸਤੇਮਾਲ ਕਰੇਗਾ, ਮੈਨੂੰ ਇਸ ਗਲ ਦਾ ਯਕੀਨ ਹੈ ਕਿ ਅੱਜ ਕੱਲ ਦਾ ਪੜ੍ਹਿਆ ਲਿਖਿਆ 18 ਸਾਲ ਦਾ ਨੌਜਵਾਨ ਦੇਸ਼ ਭਗਤ ਅਤੇ ਪ੍ਰੋਗਰੈਸਿਵ ਖਿਆਲਾਂ ਦਾ ਹੈ, ਉਹ ਮੁਲਕ ਦੀ ਸੇਵਾ ਵਿਚ ਜ਼ਿਆਦਾ ਹਿੱਸਾ ਪਾ ਸਕਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡੇ ਤੋਂ ਖਿਮਾ ਮੰਗਦਾ ਹਾਂ।

**ਇਕ ਮਾਨਯੋਗ ਮੈਂਬਰ**: ਨਾਲ ਇਆਣੇ ਦੋਸਤੀ ਕਦੇ ਨਾ ਆਵੇ ਰਾਸ। (ਹਾਸਾ)

**ਸਰਦਾਰ ਬਸੰਤ ਸਿੰਘ ਖਾਲਸਾ** (ਦਾਖਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਕਾਮਰੇਡ ਅੱਛਰਾ ਸਿੰਘ ਹੋਰਾਂ ਨੇ ਜਿਹੜਾ ਮਤਾ ਰਖਿਆ ਹੈ ਕਿ ਵੋਟ ਦੇਣ ਦਾ ਅਧਿਕਾਰ ਦੇਸ਼ ਦੇ ਨੌਜਵਾਨ ਨੂੰ 18 ਸਾਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਦੀ ਉਮਰ ਦੇ ਵਿਚ ਹੋ ਜਾਣਾ ਚਾਹੀਦਾ ਹੈ. ਮੈਂ ਇਸ ਮਤੇ ਦੇ ਹੱਕ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ। ਇਹ ਇਕ ਚੰਗੇ ਪਾਸੇ ਵਲ ਕਦਮ ਚੁਕਿਆ ਗਿਆ ਹੈ ਅਤੇ ਦੇਸ਼ ਦੇ ਨੌਜਵਾਨ ਨੂੰ ਪਬਲਿਕ ਵਿਚ ਆਉਣ ਲਈ ਇਕ ਮੌਕਾ ਮਿਲੇਗਾ। ਪਰ ਮੈਂ ਇਸ ਗਲ ਦੇ ਨਾਲ ਸਹਿਮਤ ਨਹੀਂ ਹਾਂ ਕਿ ਨੌਜਵਾਨਾਂ ਨੂੰ ਇਹ ਹੱਕ ਨਹੀਂ ਮਿਲਣਾ ਚਾਹੀਦਾ ਸਾਡੀ ਪਾਰਟੀ ਕਦੇ ਭੀ ਇਸ ਦੇ ਖਿਲਾਫ਼ ਨਹੀਂ ਸੀ। ਪਰ ਇਸ ਸਬੰਧ ਵਿਚ ਲੋਕ ਸਭਾ ਤੇ ਰਾਜ ਸਭਾ ਦੀ ਇਕ ਕਮੇਟੀ ਬਣੀ ਉਸ ਤੇ ਹੋਰ ਵਿਚਾਰ ਕਰਨ ਲਈ ਇਹ ਮਸਲਾ ਸਿਲੈਕਟ ਕਮੇਟੀ ਦੇ ਸਪੁਰਦ ਕੀਤਾ। ਫਿਰ ਇਸ ਮਾਮਲੇ ਨੂੰ ਭਟਕਾਉਣ ਤੇ ਡੇਲਾ ਕਰਨ ਲਈ ਇਕ ਕਮੇਟੀ ਦੇ ਸਪੁਰਦ ਕਰ ਦਿਤਾ ਤੇ ਅੱਜ ਤੱਕ ਕੁਝ ਨਹੀਂ ਕੀਤਾ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਇਹ ਇਸ ਕਰਕੇ ਨਹੀਂ ਕੀਤਾ ਕਿਉਂਕਿ ਇਨ੍ਹਾਂ ਨੂੰ ਇਹ ਡਰ ਸੀ ਕਿ ਜੇ ਨੌਜਵਾਨਾਂ ਨੂੰ ਵੋਟ ਦਾ ਅਧਿਕਾਰ ਦੇ ਦਿਤਾ ਗਿਆ ਤਾਂ ਉਹ ਦੇਸ਼ ਦੀ ਨੁਹਾਰ ਬਦਲਣ ਲਈ ਵੋਟਾਂ ਦੀ ਵਰਤੋਂ ਵੇਲੇ ਨਾ ਕਿਸੇ ਦੇ ਰੋਹਬ ਥਲੇ ਆਉਣਗੇ, ਨਾ ਪੈਸੇ ਦਾ ਰੋਹਬ ਮੰਨਣਗੇ ਨਾ ਸ਼ਰਾਬ ਦਾ ਅਤੇ ਨਾਹੀ ਕਿਸੇ ਹੋਰ ਚੀਜ਼ ਦੇ ਰੋਹਬ ਥੱਲੇ ਆਉਣਗੇ। ਇਹ ਲੋਕ ਇਸ ਲਈ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਨਹੀਂ ਦੇਣਾ ਚਾਹੁੰਦੇ ਸੀ ਕਿਉਂਕਿ ਇਹ ਸਮਝਦੇ ਹਨ ਕਿ ਨੌਜਵਾਨ ਲੋਕ ਜੋ ਪੋਲੀਟੀਕਲ ਕੁਰੱਪਸ਼ਨ ਹੈ ਜਾਂ ਗਲਤ ਨਾਹਰੇ ਆਦਿ ਦਿਤੇ ਜਾਂਦੇ ਹਨ ਜਿਵੇਂ ਕਿ ਗਰੀਬੀ ਹਟਾਓ ਦਾ ਨਾਹਰਾ, ਉਨ੍ਹਾਂ ਵਿਚ ਨਹੀਂ ਫਸਣਗੇ।

(ਇਸ ਵੇਲੇ ਕੁਝ ਮੈਂਬਰ ਸਾਹਿਬਾਨ ਕਾਂਗਰਸੀ ਬੈਂਚਾਂ ਤੇ ਬੈਠੇ ਹੋਏ ਡਿਸਕਸ਼ਨ ਕਰ ਰਹੇ ਸੀ।)

**ਸ੍ਰੀ ਡਿਪਟੀ ਸਪੀਕਰ** : ਜਿਨ੍ਹਾਂ ਆਨਰੇਬਲ ਮੈਂਬਰਾਂ ਨੇ ਡਿਸਕਸ਼ਨ ਕਰਨੀ ਹੈ ਉਹ ਲਾਬੀ ਵਿਚ ਜਾ ਕੇ ਕਰ ਲੈਣ। ਇਥੇ ਦੂਜੀ ਸਭਾ ਨਾ ਬਣਾਉਣ। (There should not be a Sabha within the Sabha. If the hon Members want to discuss something they may do so in the lobby.)

**ਸਰਦਾਰ ਬਸੰਤ ਸਿੰਘ ਖਾਲਸਾ** : ਮੈਂ ਕਹਾਂਗਾ ਡਿਪਟੀ ਸਪੀਕਰ ਸਾਹਿਬ, ਕਿ ਨੌਜਵਾਨਾਂ ਨੂੰ ਇਹ ਮੌਕਾ ਮਿਲਣਾ ਚਾਹੀਦਾ ਹੈ ਕਿ ਉਹ ਦੇਸ਼ ਦੀ ਬਿਗੜੀ ਹਾਲਤ ਨੂੰ ਸੁਧਾਰਣ ਵਿਚ ਆਪਣਾ ਹਿੱਸਾ ਪਾਉਣ। ਮੇਰੇ ਆਪਣੇ ਹਲਕੇ ਵਿਚ ਕਈ ਨੌਜਵਾਨ ਸਭਾਵਾਂ ਹਨ ਅਤੇ ਜਦੋਂ ਕਦੇ ਮੈਨੂੰ ਮੌਕਾ ਮਿਲਦਾ ਹੈ ਉਨ੍ਹਾਂ ਵਿਚ ਜਾਣ ਦਾ ਤਾਂ ਸਾਨੂੰ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਦਿਲ ਵਿਚ ਆਪਣੇ ਦੇਸ਼ ਦੀ ਹਾਲਤ ਨੂੰ ਬੇਹਤਰ ਕਰਨ ਦਾ ਆਪਣੇ ਸੂਬੇ, ਨਗਰ ਅਤੇ ਪਿੰਡ ਦੀ ਹਾਲਤ ਨੂੰ ਬੇਹਤਰ ਕਰਨ ਦਾ ਕਿਤਨਾ ਜਜ਼ਬਾ ਹੈ। ਪਰ ਇਹ ਉਨ੍ਹਾਂ ਦੀ ਬਦਕਿਸਮਤੀ ਹੈ ਕਿ ਉਨ੍ਹਾਂ ਨੂੰ ਵੋਟਾਂ ਪਾਉਣ ਦਾ ਅਧਿ-ਕਾਰ ਨਹੀਂ ਹੈ। ਜੇਕਰ ਉਨ੍ਹਾਂ ਨੂੰ ਇਹ ਅਧਿਕਾਰ ਹੋਵੇ ਤਾਂ ਉਹ ਦੇਸ਼ ਦੀ ਉਸਾਰੀ ਵਿਚ ਵੱਧ ਚੜ੍ਹ ਕੇ ਹਿੱਸਾ ਪਾ ਸਕਦੇ ਹਨ। ਇਸ ਲਈ ਮੈਂ ਇਹ ਆਖਾਂਗਾ ਕਿ ਉਨ੍ਹਾਂ ਨੂੰ ਇਹ ਮੌਕਾ ਮਿਲਣਾ ਚਾਹੀਦਾ ਹੈ। ਜੇ ਉਨ੍ਹਾਂ ਨੌਜਵਾਨਾਂ ਨੂੰ ਵੋਟ ਦੇਣ ਦਾ ਅਧਿਕਾਰ ਹੋਵੇ ਤਾਂ ਜਿਹੜੇ ਲੋਕ ਕੁਰੱਪਟ ਹਨ ਪੁਲੀਟੀਕਲੀ ਤੌਰ ਤੇ ਜਾਂ ਇਕਤਸਾਦੀ ਤੌਰ ਤੇ ਉਨ੍ਹਾਂ ਨੂੰ ਵੋਟਾਂ ਉਹ ਨਹੀਂ ਪਾਉਣਗੇ। ਅੱਜ ਕੱਲ ਕੀ ਹੋ ਰਿਹਾ ਹੈ। ਵੋਟਾਂ ਕਿਸ ਤਰ੍ਹਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਇਸ ਨਾਲ ਕੁਰੱਪਸ਼ਨ ਵਧਦੀ ਹੈ। ਮੈਂ ਸਮਝਦਾ ਹਾਂ ਕਿ ਜੇ ਮੇਰੇ ਜ਼ਿਲ੍ਹੇ ਵਿਚ ਆਪਣੇ ਇਨ੍ਹਾਂ ਨੌਜਵਾਨਾਂ ਨੂੰ ਵੋਟਾਂ ਪਾਉਣ ਦਾ ਅਧਿਕਾਰ ਹੁੰਦਾ ਤਾਂ ਉਥੋਂ ਉਹ ਵਜ਼ੀਰ ਜਿਤ ਕੇ ਨਾ ਆਉਂਦਾ ਜੋ ਕਿ ਕੁਰੱਪਟ ਹੈ ਅਤੇ 55-55 ਹਜ਼ਾਰ ਰੁਪਏ ਦੀਆਂ ਥੈਲੀਆਂ ਪ੍ਰਾਪਤ ਕਰ ਕੇ ਚੰਡੀਗੜ੍ਹ ਮੁੜ ਆਉਂਦਾ ਹੈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਰੈਲੇਵੈਂਟ ਨਹੀਂ ਹੋ। (You are not relevant.)

Original with; Punjab Vidhan Sabha Digitized by; Panjab Digital Library

**ਸਰਦਾਰ ਬਸੰਤ ਸਿੰਘ ਖਾਲਸਾ :** ਮੈਂ ਰੈਲੇਵੈਂਟ ਹਾਂ ਜੀ। ਇਸ ਲਈ ਮੈਂ ਸਮਝਦਾ ਹਾਂ ਕਿ ਦੇਸ਼ ਵਿਚ ਜਿਹੜੀ ਕੁਰੱਪਸ਼ਨ ਫੈਲੀ ਹੋਈ ਹੈ ਜੇ ਨੌਜਵਾਨਾਂ ਨੂੰ ਵੋਟ ਦਾ ਅਧਿਕਾਰ ਮਿਲ ਜਾਵੇ ਤਾਂ ਉਹ ਇਸ ਵਿਚ ਸੁਧਾਰ ਲਿਆ ਸਕਦੇ ਹਨ ਕਿਉਂਕਿ ਉਹ ਅਜਿਹੇ ਬੰਦੇ ਨੂੰ ਵੋਟਾਂ ਨਹੀਂ ਪਾਉਣਗੇ ਜਿਹੜਾ ਕਿ ਕਿਸੇ ਤਰ੍ਹਾਂ ਦੇ ਵੀ ਕੁਰਪਟ ਹੋਵੇ। ਇਸ ਲਈ ਮੈਂ ਇਹ ਸਮਝਦਾ ਹਾਂ ਕਿ ਉਨ੍ਹਾਂ ਨੂੰ ਵੋਟਾਂ ਪਾਉਣ ਦਾ ਮੌਕਾ ਮਿਲਣਾ ਚਾਹੀਦਾ ਹੈ ਅਤੇ ਮਿਲਣਾ ਵੀ ਸਰਬ ਸੰਮਤੀ ਦੇ ਨਾਲ ਚਾਹੀਦਾ ਹੈ। ਸਾਡੀ ਪੰਜਾਬ ਸਰਕਾਰ ਨੂੰ ਸੈਂਟਰ ਨੂੰ ਇਹ ਰਿਕਮੈਂਡੇਸ਼ਨ ਭੇਜਣੀ ਚਾਹੀਦੀ ਹੈ ਕਿ ਉਹ ਵਿਧਾਨ ਵਿਚ ਤਰਮੀਮ ਕਰ ਕੇ ਵੋਟ ਦੇਣ ਦਾ ਹੱਕ 18 ਸਾਲ ਤੱਕ ਦੇ ਨੌਜਵਾਨਾਂ ਨੂੰ ਵੀ ਦੇ ਦੇਵੇ। ਮੈਨੂੰ ਆਸ ਹੈ ਕਿ ਉਹ ਨੌਜਵਾਨ ਹੀ ਦੇਸ਼ ਦੀ ਹਾਲਤ ਸੁਧਾਰ ਸਕਦੇ ਹਨ। ਮੈਂ ਨੂੰ ਇਹ ਆਸ ਇਸ ਕਰ ਕੇ ਵੀ ਹੈ ਕਿਉਂਕਿ ਆਈ. ਏ ਐਸ. ਵਿਚ ਜਿਹੜੇ ਨੌਜਵਾਨ ਸਿਧੇ ਭਰਤੀ ਹੋ ਕੇ ਆਉਂਦੇ ਹਨ ਉਨ੍ਹਾਂ ਵਿਚ ਹਿੰਮਤ ਹੁੰਦੀ ਹੈ ਸੁਧਾਰ ਦੀ ਅਤੇ ਉਹ ਕੁਰੱਪਸ਼ਨ ਤੋਂ ਦੂਰ ਹੁੰਦੇ ਹਨ ਅਤੇ ਚੰਗੇ ਕੰਮਾਂ ਵਾਸਤੇ ਉਨ੍ਹਾਂ ਵਿਚ ਉਤਸ਼ਾਹ ਹੁੰਦਾ ਹੈ। ਇਸ ਤਰ੍ਹਾਂ ਹੀ ਜੇਕਰ 18 ਸਾਲ ਦੇ ਨੌਜਵਾਨਾਂ ਨੂੰ ਵੋਟਾਂ ਦਾ ਅਧਿਕਾਰ ਦਿਤਾ ਗਿਆ ਤਾਂ ਮੈਂ ਸਮਝਦਾ ਹਾਂ ਕਿ ਉਹ ਦੇਸ਼ ਦੀ ਹਾਲਤ ਨੂੰ ਚੰਗਾ ਬਣਾਉਣ ਲਈ ਆਪਣਾ ਹਿੱਸਾ ਪਾਉਣਗੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਹਾਊਸ ਵਿਚ ਜੋ ਮਤਾ ਪੇਸ਼ ਹੋਇਆ ਹੈ ਕਿ ਵੋਟ ਪਾਉਣ ਦੀ ਏਜ 21 ਸਾਲ ਤੋਂ 18 ਸਾਲ ਦੀ ਕਰ ਦਿਤੀ ਜਾਵੇ, ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੇ ਪਾਰਲੀਮੈਂਟਰੀ ਡੈਮੋਕ੍ਰੇਟਿਕ ਇਤਿਹਾਸ ਵਿਚ ਇਹ ਇਕ ਚੰਗੀ ਗਲ ਹੈ। ਇਸ ਮਤੇ ਦੇ ਰਾਹੀਂ ਕੇਂਦਰ ਦੀ ਸਰਕਾਰ ਤੋਂ ਇਹ ਮੰਗ ਕੀਤੀ ਜਾਣੀ ਹੈ ਕਿ ਆਈਨ ਵਿਚ ਤਰਮੀਮ ਕਰ ਕੇ ਵੋਟ ਪਾਉਣ ਦੀ ਉਮਰ 21 ਸਾਲ ਤੋਂ 18 ਸਾਲ ਦੀ ਕਰ ਦਿਤੀ ਜਾਵੇ। ਇਸ ਤਰ੍ਹਾਂ ਜਿਹੜਾ ਡਾਊਨ ਲੇਡਰ ਹੈ ਉਸ ਨੂੰ ਵੀ ਡੈਮੋਕਰੇਸੀ ਵਿਚ ਪਾਰਟੀਸੀਪੈਂਟ ਬਣਾਇਆ ਜਾਵੇ। ਡਿਪਟੀ ਸਪੀਕਰ ਸਾਹਿਬ, ਇਹ ਇਕ ਚੰਗੀ ਗੱਲ ਹੈ। ਜੇ ਹੋਰ ਕਿਸੇ ਪੱਖ ਤੋਂ ਨਾ ਵੀ ਦੇਖੀਏ ਤਾਂ ਵੀ ਇਹ ਗੱਲ ਇਸ ਪਖ ਤੋਂ ਚੰਗੀ ਹੈ ਕਿ ਜਿਹੜੇ 18 ਸਾਲ ਦੇ ਨੌਜਵਾਨ ਮੇਰੇ ਭੈਣ ਭਰਾ ਸਰਕਾਰੀ ਨੌਕਰੀ ਕਰ ਸਕਦੇ ਹਨ, ਰਿਸਪੌਂਸੀਬਿਲਟੀ ਦਾ ਕੰਮ ਕਰ ਸਕਦੇ ਹਨ, ਜੇ ਉਨ੍ਹਾਂ ਨੂੰ ਵੋਟ ਦਾ ਹੱਕ ਦਿਤਾ ਜਾਵੇ ਤਾਂ ਉਹ ਇਸ ਨੂੰ ਵੀ ਰਿਸਪਾਂਸੀਬਿਲਟੀ ਨਾਲ ਵਰਤਣਗੇ। ਮੈਂ ਇਸ ਬਾਰੇ ਲੰਮੀਆਂ ਚੌੜੀਆਂ ਗਲਾਂ ਵਿਚ ਨਹੀਂ ਜਾਣਾ ਚਾਹੁੰਦਾ। ਜੇਕਰ ਅਸੀਂ ਆਪਣਾ ਡੈਮੋਕਰੇਟਿਕ ਇਤਿਹਾਸ ਸਟਡੀ ਕਰੀਏ ਤਾਂ ਪੱਤਾ ਲਗਦਾ ਹੈ ਕਿ ਅਸੀਂ ਇਹ ਸਿਸਟਮ ਇੰਗਲੈਂਡ ਤੋਂ ਲਿਆ ਹੈ। ਇੰਗਲੈਂਡ ਦਾ ਡੈਮੋਕਰੇਟਿਕ ਇਤਿਹਾਸ ਗਰੈਜੂਲੀ ਡਿਵੈਲਪ ਹੋਇਆ ਹੈ। ਪਹਿਲਾਂ ਕਿਸੇ ਨੂੰ ਵੋਟਾਂ ਦਾ ਅਧਿਕਾਰ ਸੀ, ਫਿਰ ਕਿਸੇ ਨੂੰ ਦਿਤਾ ਗਿਆ ਫਿਰ ਕਿਸੇ ਹੋਰ ਨੂੰ ਦਿਤਾ ਗਿਆ ਅਤੇ ਫਿਰ ਆਮ ਜਨਤਾ ਨੂੰ ਇਹ ਅਧਿਕਾਰ ਦਿਤਾ ਗਿਆ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਅਰਜ਼ ਕਰਦਾ ਹਾਂ ਕਿ ਇੰਗਲੈਂਡ ਵਿਚ ਪਿਟ ਦੀ ਯੰਗਰ 21 ਸਾਲ ਦੀ ਉਮਰ ਵਿਚ ਇੰਗਲੈਂਡ ਦਾ ਪ੍ਰਧਾਨ ਮੰਤਰੀ ਬਣਿਆ ਅਤੇ ਉਸ ਨੇ ਉਸ ਪਦਵੀ ਦੀਆਂ ਜ਼ਿਮੇਵਾਰੀਆਂ ਬੜੀ ਖ਼ੂਬੀ ਨਾਲ ਨਿਭਾਈਆਂ। ਉਸ ਨੇ ਦਸ ਦਿਤਾ ਕਿ ਇੰਨੀ ਛੋਟੀ ਉਮਰ ਵਿਚ ਵੀ ਇਹ ਰਿਸਪਾਂਸੀਬਿਲਟੀ ਵਾਲੇ ਕੰਮ ਕੀਤੇ ਜਾ ਸਕਦੇ ਹਨ। ਅੱਜ ਹਿੰਦੁਸਤਾਨ ਦੀ 55 ਕਰੋੜ ਜਨਤਾ ਵਿਚੋਂ ਕੇਵਲ 18 ਕਰੋੜ ਲੋਕਾਂ ਨੂੰ ਹੀ ਵੋਟ ਦੇਣ ਦਾ ਅਧਿਕਾਰ ਹੈ। ਜੇਕਰ ਅਸੀਂ 18 ਸਾਲ ਤੱਕ ਦੇ ਨੌਜਵਾਨਾਂ ਨੂੰ ਵੀ ਵੋਟਾਂ ਦੇਣ ਦਾ ਅਧਿਕਾਰ ਦੇ ਦਿਆਂਗੇ ਤਾਂ ਇਸ ਨਾਲ 3–4 ਕਰੋੜ ਹੋਰ ਲੋਕ ਡੈਮੋਕਰੇਸੀ ਵਿਚ ਪਾਰਟੀਸਿਪੈਂਟ ਬਣ ਜਾਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਸ਼ਾਇਦ ਇਸ ਗੱਲ ਨਾਲ ਤਾਂ ਸਹਿਮਤ ਨਾ ਹੋਵਾਂ ਕਿ ਜੇ ਇਨਾਂ ਨੂੰ ਵੋਟਾਂ ਦਾ ਅਧਿਕਾਰ ਮਿਲ ਗਿਆ ਤਾਂ ਦੇਸ਼ ਵਿਚ ਅਨਇੰਪਲਾਇਮੈਂਟ ਦੀ ਸਮੱਸਿਆ ਹੱਲ ਹੋ ਜਾਵੇਗੀ ਜਾਂ ਸਮਾਜ-ਵਾਦ ਆ ਜਾਵੇਗਾ ਜਾਂ ਸਮਾਜ ਵਿਚ ਹੋਰ ਸੁਧਾਰ ਹੋ ਜਾਵੇਗਾ। ਪਰ ਮੈਨੂੰ ਇਸ ਗਲ ਤੇ ਵਿਸ਼ਵਾਸ਼

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]
ਹੈ ਕਿ ਜੇ ਇਨਾਂ ਲੋਕਾਂ ਨੂੰ ਵੋਟ ਦਾ ਅਧਿਕਾਰ ਦੇ ਦਿਤਾ ਗਿਆ ਤਾਂ ਇਨ੍ਹਾਂ ਵਿਚ ਕਨਫੀਡੈਂਸ ਪੈਦਾ ਹੋ ਜਾਵੇਗਾ, ਉਹ ਮਹਿਸੂਸ ਕਰਨਗੇ ਕਿ ਇਹ ਜੋ ਮੁਲਕ ਦਾ ਢਾਂਚਾ ਹੈ ਇਸ ਵਿਚ ਉਨ੍ਹਾਂ ਦਾ ਆਪਣਾ ਵੀ ਹਿਸਾ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਦੇਸ਼ ਦੇ ਯੰਗ ਬਲੱਡ ਵਿਚ ਫ੍ਰਸਟਰੇਸ਼ਨ ਹੈ, ਜੇਕਰ ਇਨ-ਫੈਂਸੀ ਵਿਚ ਹੀ ਉਨ੍ਹਾਂ ਨੂੰ ਜ਼ਿੰਮੇਦਾਰੀ ਦਾ ਅਹਿਸਾਸ ਕਰਵਾ ਦਿਤਾ ਜਾਵੇ ਤਾਂ ਉਨ੍ਹਾਂ ਨੂੰ ਜਿਹੜੇ ਲੋਕ ਐਕਸਪਲਾਇਟ ਕਰਦੇ ਹਨ, ਉਹ ਨਹੀਂ ਕਰ ਸਕਣਗੇ। ਅੱਜ ਰੀਐਕਸ਼ਨਰੀ ਫੋਰਸਿਜ਼ ਔਰ ਕੈਪਟਾ-ਲਿਸਟਿਕ ਫੋਰਸਿਜ਼ ਐਕਸਪਲਾਇਟ ਕਰਦੀਆਂ ਹਨ ਪਰ ਜੇ ਨੌਜਵਾਨਾਂ ਤੇ ਕੋਈ ਜ਼ਿੰਮੇਵਾਰੀ ਪਾ ਦਿਤੀ ਜਾਵੇਗੀ ਤਾਂ ਉਹ ਐਕਸਪਲਾਇਟ ਨਹੀਂ ਹੋਣਗੇ। ਜੇ ਉਨ੍ਹਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਨੇ ਮੁਲਕ ਵਿਚ ਕੀ ਰੋਲ ਪਲੇ ਕਰਨਾ ਹੈ ਤਾਂ ਉਨ੍ਹਾਂ ਦਾ ਰਵੀਆ ਬਦਲ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਤੁਸੀਂ 1972 ਦੀਆਂ ਚੋਣਾਂ ਦੇਖ ਲਓ, 1971 ਦੀਆਂ ਪਾਰਲੀਮੈਂਟ ਦੀਆਂ ਚੋਣਾਂ ਦੇਖ ਲਓ, ਉਨ੍ਹਾਂ ਦੀਆਂ ਫ਼ਿਗਰਜ਼ ਇਕਠੀਆਂ ਕਰ ਲਓ ਤਾਂ ਪਤਾ ਲਗੇਗਾ ਕਿ ਇਸ ਵਿਚ ਯੰਗ ਜਨਰੇਸ਼ਨ ਨੇ ਕਿਤਨਾ ਹਿੱਸਾ ਪਾਇਆ ਹੈ। 8-9 ਸਾਲ ਬਾਅਦ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ, ਮਿਉਂਸਪੈਲਟੀਆਂ ਦੀਆਂ ਚੋਣਾਂ ਹੋਈਆਂ ਹਨ, ਤੁਸੀਂ ਫਿਗਰਜ਼ ਦੇਖੋ ਕਿ ਇਨ੍ਹਾਂ ਇਨਸਟੀਚੂਸ਼ਨਜ਼ ਵਿਚ ਯੰਗ ਜਨਰੇਸ਼ਨ ਨੇ ਕਿਤਨਾ ਹਿਸਾ ਪਾਇਆ ਹੈ। ਕਿਤਨੇ ਹੀ ਨੌਜਵਾਨ ਸਰਪੰਚ, ਪੰਚ ਅਤੇ ਮਿਉਂਸਪਲ ਕਮਿਸ਼ਨਰ ਚੁਣੇ ਗਏ ਹਨ। ਫਿਰ ਲੋਅਰ ਹਾਊਸ ਦੇ ਮੈਂਬਰ ਬਣਨ ਦੀ ਉਮਰ 25 ਸਾਲ ਹੈ ਭਾਵੇਂ ਉਹ ਅਸੈਂਬਲੀ ਹੋਵੇ ਅਤੇ ਭਾਵੇਂ ਲੋਕ ਸਭਾ। ਜੇ ਕਿਸੇ ਨੌਜਵਾਨ ਨੂੰ ਕੈਂਡੀਡੇਟ ਬਣਨ ਤੋਂ 7-8 ਸਾਲ ਪਹਿਲਾਂ ਵੋਟ ਪਾਉਣ ਦਾ ਤਜਰਬਾ ਹੋਵੇਗਾ ਤਾਂ ਵਧੇਰੇ ਚੰਗੇ ਕੰਮ ਕਰ ਸਕੇਗਾ।

**ਸਰਦਾਰ ਹਰਚੰਦ ਸਿੰਘ** : ਸਾਨੂੰ ਤਾਂ ਤੁਸੀਂ ਹੀ ਤੰਗ ਕਰ ਰਖਿਆ ਹੈ। (ਹਾਸਾ)

**ਸ਼੍ਰੀ ਪ੍ਰੇਮ ਗੁਪਤਾ** : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਬੜੇ ਨਰਮੀ ਨਾਲ ਬੋਲ ਰਿਹਾ ਹਾਂ ਪਰ ਪਤਾ ਨਹੀਂ ਫਿਰ ਵੀ ਮੈਨੂੰ ਕਿਉਂ ਇੰਟਰਪਟ ਕੀਤਾ ਜਾ ਰਿਹਾ ਹੈ। (ਵਿਘਨ)

(ਇਸ ਵੇਲੇ ਸਰਦਾਰ ਗੁਰਦੇਵ ਸਿੰਘ ਸਿੱਧੂ ਨੇ ਬਾਹਰ ਜਾਣ ਲਈ ਫਲੋਰ ਕਰਾਸ ਕੀਤਾ।)

**ਸ਼੍ਰੀ ਡਿਪਟੀ ਸਪੀਕਰ** : ਸਿੱਧੂ ਸਾਹਿਬ, ਤੁਸੀਂ ਇਸ ਤਰ੍ਹਾਂ ਫਲੋਰ ਕਰਾਸ ਨਹੀਂ ਕਰ ਸਕਦੇ। ਜਦ ਤਕ ਆਨਰੇਬਲ ਮੈਂਬਰ ਬੋਲ ਰਹੇ ਹਨ ਤੁਸੀਂ ਇਥੇ ਹੀ ਬੈਠੋ) (Sidhu Sahib, you cannot cross the floor like this. You may take some other seat so long as the hon. Member is on this legs.)

(ਸਰਦਾਰ ਗੁਰਦੇਵ ਸਿੰਘ ਸਿੱਧੂ ਕਾਂਗਰਸੀ ਬੈਂਚਾਂ ਤੇ ਹੀ ਬੈਠ ਗਏ।)

**ਸ਼੍ਰੀ ਪ੍ਰੇਮ ਗੁਪਤਾ** : ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਰੈਜ਼ੋਲਿਊਸ਼ਨ ਇਸ ਤਰ੍ਹਾਂ ਦਾ ਹੈ। ਇਹ ਬੜਾ ਚੰਗਾ ਰੈਜ਼ੋਲਿਊਸ਼ਨ ਹੈ। ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ 1950 ਵਿਚ ਵਿਧਾਨ ਬਣਿਆ ਅਤੇ ਲਾਗੂ ਹੋਇਆ। ਇਥੇ ਜੋ ਇੰਗਲੈਂਡ ਦੀ ਹਿਸਟਰੀ ਹੈ ਉਸ ਨੂੰ ਰਿਪੀਟ ਨਹੀਂ ਕੀਤਾ ਗਿਆ। ਹਰ ਮਰਦ ਔਰ ਇਸਤਰੀ ਨੂੰ ਜਿਸ ਦੀ 21 ਸਾਲ ਦੀ ਉਮਰ ਹੈ ਚਾਹੇ ਉਹ ਦੀ ਕੋਈ ਵੀ ਕੁਆਲੀਫੀਕੇਸ਼ਨ ਹੋਵੇ, ਕੋਈ ਜਾਇਦਾਦ ਸੀ ਜਾਂ ਨਹੀਂ ਸੀ ਵੋਟ ਦਾ ਅਧਿਕਾਰ ਦਿਤਾ ਗਿਆ ਸੀ। ਮੁਲਕ ਨੇ ਬਰਾਡਬੇਸਡ ਡੈਮੋਕਰੇਸੀ ਬਣਾਈ। ਸਮਾਜਵਾਦ ਵਲ ਸਾਡੀਆਂ ਜਿਹੜੀਆਂ ਨੀਤੀਆਂ ਬਣ ਰਹੀਆਂ ਹਨ, ਇਸ ਲਈ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਮੁਲਕ ਦੀ ਡੈਮੋਕਰੇਸੀ ਵਿਚ ਪਾਰਟੀਸੀਪੇਟ ਕਰਨ ਵਾਸਤੇ ਵੱਧ ਤੋਂ ਵੱਧ ਮੌਕਾ ਮਿਲਣਾ ਚਾਹੀਦਾ ਹੈ। ਨਾਲ ਹੀ ਨਾਲ ਕਿਉਂਕਿ ਇਨ੍ਹਾਂ ਤੇ ਵਿਸ਼ਵਾਸ਼ ਕੀਤਾ ਜਾਵੇਗਾ ਇਸ ਨਾਲ ਡਿਸਰਪਟਿਵ ਐਕਟਿਵਿਟੀਜ਼ ਤੇ ਕੰਟਰੋਲ ਹੋ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦੀ ਹਾਂ, ਤੁਸੀਂ ਮੈਨੂੰ ਇਸ ਰੈਜ਼ੋਲਿਸ਼ਨ ਤੇ ਦੋ ਚਾਰ ਗਲਾਂ

Original with;
Punjab Vidhan Sabha
Digitized by;
Panjab Digital Library

ਕਹਿਣ ਦਾ ਮੌਕਾ ਦਿਤਾ ਹੈ। ਮੈਂ ਇਸ ਰੈਜ਼ੋਲਿਊਸ਼ਨ ਦੀ ਸਪਿਰਟ ਨੂੰ ਐਪਰੀਸ਼ਿਏਟ ਕਰਦਾ ਹਾਂ ਲੇਕਿਨ ਇਹ ਦੇ ਨਾਲ ਹੀ ਨਾਲ ਜਿਹੜੀਆਂ ਜਿਹੜੀਆਂ ਗੱਲਾਂ ਅਸੀਂ ਕੀਤੀਆਂ ਹਨ ਸਮਾਜਵਾਦ ਲਿਆਉਣ ਵਿਚ ਉਹ ਸਾਰੀਆਂ ਦੀਆਂ ਸਾਰੀਆਂ ਇਹ 18 ਸਾਲ ਵੋਟ ਦੇਣ ਦੇ ਅਧਿਕਾਰ ਨਾਲ ਹੱਲ ਹੋ ਜਾਣ-ਗੀਆਂ। ਇਹ ਦੇ ਨਾਲ ਨਾਲ ਮੈਂ ਸਮਝਦਾ ਹਾਂ ਕਿ ਐਕਸਪਲਾਇਟਿੰਗ ਏਜੰਸੀਜ਼ ਨੂੰ ਮੁਲਕ ਵਿਚ ਕੈਪੀ-ਟੈਲਿਸਟਸ ਨੂੰ, ਇੰਡਸਟੀਅਲਿਸਟਸ ਨੂੰ, ਲੈਂਡਲਾਰਡਜ਼ ਨੂੰ ਅਤੇ ਕਮਿਊਨਲ ਆਰਗੇਨਾਈਜ਼ੇਸ਼ਨਜ਼ ਨੂੰ ਕੰਟਰੋਲ ਕਰਨ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਵਿਚ ਇਹ ਗਲ ਆਉਣੀ ਚਾਹੀਦੀ ਸੀ। ਜਿਥੇ ਅਸੀਂ ਵੋਟ ਦੀ ਏਜ ਲਿਮਿਟ ਘੱਟਾ ਰਹੇ ਹਾਂ ਉਥੇ ਮੁਲਕ ਵਿਚ ਇਹ ਰਿਕੁਮੈਂਡ ਕਰ ਦਈਏ ਇਸ ਰੈਜ਼ੋਲੂਸ਼ਨ ਰਾਹੀਂ ਗੌਰਮਿੰਟ ਆਫ ਇੰਡੀਆ ਨੂੰ ਕਿ ਵਿਧਾਨ ਵਿਚ ਤਰਮੀਮ ਹੋਣੀ ਚਾਹੀਦੀ ਹੈ ਕਿ ਮੁਲਕ ਦੀਆਂ ਜੋ ਕਮਿਊਨਲ ਜਾਂ ਰੀਐਕਸ਼ਨਰੀ ਪਾਰਟੀਆਂ ਹਨ ਉਨ੍ਹਾਂ ਤੇ ਬੈਨ ਲਗਾਇਆ ਜਾਵੇ। ਕੋਈ ਵੀ ਆਪਣੇ ਧਰਮ ਨਾਲ, ਜ਼ਾਤ ਪਾਤ ਨਾਲ, ਪੈਸੇ ਨਾਲ, ਗਲਤ ਢੰਗ ਨਾਲ ਕਿਸੇ ਨੂੰ ਐਕਸਪਲਾ-ਇਟ ਨਾ ਕਰੇ। ਇਹ ਚੀਜ਼ ਇਸ ਰੈਜ਼ੋਲਿਊਸ਼ਨ ਵਿਚ ਇਨਕਲੂਡ ਹੋਣੀ ਚਾਹੀਦੀ ਹੈ। ਮੁਲਕ ਦੀਆਂ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਇਸ ਗੱਲ ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਡੈਮੋਕਰੇਟਿਕ ਕੰਟਰੀ ਵਿਚ ਨੌਜਵਾਨਾਂ ਨੂੰ ਕਮਿਊਨਲ ਪਾਰਟੀਆਂ ਜਾਂ ਰੀਐਕਸ਼ਨਰੀ ਪਾਰਟੀਆਂ ਵਲੋਂ ਐਕਸਪਲਾ-ਇਟ ਨਹੀਂ ਹੋਣ ਦੇਣਾ ਚਾਹੀਦਾ (ਵਿਘਨ), ਡਿਪਟੀ ਸਪਕੀਰ ਸਾਹਿਬ, ਅਜ ਮੁਲਕ ਨੂੰ ਜਿਹੜੀਆਂ ਮੁਸੀਬਤਾਂ, ਜਿਹੜੀਆਂ ਪਰਾਬਲਮਜ਼ ਪੇਸ਼ ਹਨ ਉਨਾਂ ਵਿਚੋਂ ਸਭ ਤੋਂ ਪਹਿਲਾਂ ਮਸਲਾ ਇਥੇ ਵੋਟ ਲਈ ਏਜ ਘਟਾ-ਉਣ ਦਾ ਨਹੀਂ ਬਲ ਕਿ ਇਥੇ ਸਮਾਜਵਾਦ ਲਿਆਉਣ ਦਾ ਹੈ। ਇਸ ਦੇ ਰਸਤੇ ਵਿਚ ਜੋ ਜੋ ਵੀ ਕਲਾਸਿਜ਼ ਆਉਂਦੀਆਂ ਹਨ ਚਾਹੇ ਉਹ ਲੈਂਡ ਲਾਰਡਜ਼ ਹੋਣ, ਚਾਹੇ ਕੈਪੀਟਿਲਿਸਟਸ ਹੋਣ, ਚਾਹੇ ਕੋਈ ਹੋਰ ਹੋਵੇ ਉਹ ਦੇ ਨਾਲ ਦਲੇਰੀ ਨਾਲ ਨਿਪਟਣ ਦੀ ਲੋੜ ਹੈ। ਇਸ ਸਬੰਧੀ ਸਾਡੀ ਮਹਾਨ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਮੁਲਕ ਦੀ ਕਾਫੀ ਸੇਵਾ ਕਰ ਰਹੀ ਹੈ। ਇਹ ਕਾਨੂੰਨਾਂ ਰਾਹੀਂ, ਐਕਟਾਂ ਰਾਹੀਂ ਇਥੇ ਯੂਨੀਫਾਰਮਿਟੀ ਲਿਆਉਣਾ ਚਾਹੁੰਦੀ ਹੈ। ਇਸ ਵੇਲੇ ਹਾਲਾਤ ਇਹ ਹਨ ਕਿ ਨੌਜਵਾਨਾਂ ਵਿਚ ਫਰਸਟਰੇਸ਼ਨ ਹੋਈ ਹੋਈ ਹੈ ਜੇ ਇਨ੍ਹਾਂ ਨੂੰ ਛੋਟ ਦੇ ਦਿਤੀ ਜਾਵੇ ਤਾਂ ਇਹ ਐਕਸਪਲਾਇਟਿੰਗ ਕਲਾ-ਸਿਜ਼ ਦੀ ਇਕ ਇਕ ਬੋਟੀ ਵੀ ਨਾ ਛਡਣ (ਵਿਘਨ)। ਇਨ੍ਹਾਂ ਰੀਐਕਸ਼ਨਰੀ ਪਾਰਟੀਆਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਸ ਰੈਜ਼ੋਲਿਊਸ਼ਨ ਦੀ ਉਮਰ ਘਟਾਉਣ ਦੀ ਮੈਂ ਪਰੋੜਤਾ ਕਰਦਾ ਹਾਂ।

**ਸਰਦਾਰ ਅਜਾਇਬ ਸਿੰਘ ਸੰਧੂ** (ਮੋਰਿੰਡਾ, ਐਸ. ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਮਤਾ ਇਹ ਹੈ ਕਿ ਜਿਹੜੇ 18 ਸਾਲ ਦੇ ਹਿੰਦੁਸਤਾਨ ਦੇ ਨੌਜਵਾਨ ਹਨ ਉਨ੍ਹਾਂ ਨੂੰ ਵੋਟ ਦਾ ਹੱਕ ਹੋਣਾ ਚਾਹੀਦਾ ਹੈ। ਇਹ ਰੈਜ਼ੋਲਿਊਸ਼ਨ ਬੜਾ ਚੰਗਾ ਹੈ ਔਰ ਮੈਂ ਸਮਝਦਾ ਹਾਂ ਕਿ ਇਹ ਦੇ ਪਾਸ ਕਰਨ ਵਿਚ ਕੋਈ ਢਿਲ ਨਹੀਂ ਹੋਣੀ ਚਾਹੀਦੀ ਖਾਸ ਕਰ ਕੇ ਜਿਹੜੀ ਸਰਕਾਰ ਦੀ ਪਾਰਟੀ ਹੈ ਉਸ ਨੂੰ ਮਤਾ ਆਪ ਲਿਆਉਣਾ ਚਾਹੀਦਾ ਸੀ। ਮੈਂ ਸਮਝਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਬਹੁਤ ਚੰਗਾ ਹੈ ਔਰ ਬਹੁਤ ਸਿਧਾ ਔਰ ਸਰਲ ਹੈ। ਜੰਗੇ ਆਜ਼ਾਦੀ ਵਿਚ, ਡਿਪਟੀ ਸਪੀਕਰ ਸਾਹਿਬ, ਸਾਡੇ ਨੌਜ-ਵਾਨਾਂ ਨੇ ਭਾਵੇਂ ਵਿਦਿਆਰਥੀ ਸਨ ਭਾਵੇਂ ਕਿਸੇ ਹੋਰ ਖੇਤਰ ਵਿਚ ਕੰਮ ਕਰ ਦੇ ਸਨ ਇਨ੍ਹਾਂ ਨੇ ਆਜ਼ਾਦੀ ਦੀ ਜੰਗ ਲੜਨ ਵਿਚ ਆਪਣਾ ਬਹੁਤ ਹਿੱਸਾ ਪਾਇਆ। ਸਾਰੇ ਹਿੰਦੁਸਤਾਨ ਨੂੰ ਇਸ ਗਲ ਤੇ ਮਾਨ ਹੈ। ਸਰਦਾਰ ਭਗਤ ਸਿੰਘ, ਰਾਜ ਗੁਰੂ ਆਦਿ ਇਹ ਸ਼ਹੀਦ ਹੋਏ ਹਨ। ਇਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਵਾਸਤੇ ਆਪਣਾ ਖੂਨ ਵੀ ਡੋਲ੍ਹਿਆ ਅਤੇ ਇਨ੍ਹਾਂ ਦੇ ਸਦਕਾ ਹੀ ਹਿੰਦੁਸਤਾਨ ਆਜ਼ਾਦ ਹੋਇਆ। ਮੈਂ ਸਮਝਦਾ ਹਾਂ ਕਿ ਜੇ ਹਿੰਦੁਸਤਾਨ ਦੇ ਜਵਾਨ ਆਜ਼ਾਦੀ ਲੈਣ ਵਾਸਤੇ ਆਪਣੇ ਪਰਾਣਾਂ ਦੀ ਆਹੁਤੀ ਦੇ ਸਕਦੇ ਹਨ, ਹਿੰਦੁਸਤਾਨ ਨੂੰ ਬਲਵਾਨ ਦੇਖਣ ਵਾਸਤੇ ਬੜਾ ਹਿੱਸਾ ਪਾ ਸਕਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਸੰਧੂ]

ਹਨ, ਸਾਡੇ ਆਈਨ ਵਿਚ ਵੀ ਇਹ ਹੈ ਇਥੇ ਅਡੱਲਟ ਫਰੈਂਚਾਈਜ਼ ਦਿਤਾ ਗਿਆ ਹੈ, ਜੇ ਕਾਨੂੰਨੀ ਤੌਰ ਤੇ ਦੇਖੀਏ ਤਾਂ ਅਡੱਲਟ ਹਿੰਦੁਸਤਾਨ ਵਿਚ ਮੈਰਿਜ ਦੇ ਲਿਹਾਜ਼ ਨਾਲ, ਕੰਟ੍ਰੈਕਟ ਲੈਣ ਦੇ ਲਿਹਾਜ਼ ਨਾਲ, ਹੋਰ ਹਰ ਗਲਾਂ ਕਰਨ ਦੇ ਲਿਹਾਜ਼ ਨਾਲ ਠੀਕ ਸਮਝਿਆ ਜਾਂਦਾ ਹੈ ਤਾਂ ਇਨ੍ਹਾਂ ਨੂੰ ਵੋਟ ਦੇ ਹੱਕ ਤੋਂ ਵਾਂਝਿਆਂ ਰਖਣਾ ਵੀ ਇਨ੍ਹਾਂ ਨਾਲ ਧੱਕਾ ਹੈ। ਮੈਂ ਸਮਝਦਾ ਹਾਂ ਕਿ ਜੇ ਹਿੰਦੁਸਤਾਨ ਵਿਚ ਸਮਾਜਵਾਦ ਲਿਆਉਣਾ ਹੈ ਤਾਂ ਇਹ ਵੀ ਨੌਜਵਾਨਾਂ ਨੇ ਹੀ ਲਿਆਉਣਾ ਹੈ, ਬੁਢਿਆਂ ਨੇ ਨਹੀਂ ਲਿਆਉਣਾ ਹੈ। ਇਸ ਲਈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੇ ਸਹੀ ਮਾਹਨਿਆਂ ਵਿਚ ਸਾਡੀ ਸਰਕਾਰ ਸਮਾਜ ਵਾਦ ਲਿਆਉਣਾ ਚਾਹੁੰਦੀ ਹੈ ਤਾਂ ਇਨ੍ਹਾਂ 18 ਸਾਲ ਦੇ ਨੌਜਵਾਨਾਂ ਨੂੰ ਵੋਟ ਦੇਣ ਦਾ ਹੱਕ ਮਿਲਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਚੰਗੀ ਤਰ੍ਹਾਂ ਪੱਤਾ ਹੋਣਾ ਹੈ ਕਿ ਕੁਰਪਸ਼ਨ ਜ਼ਿਆਦਾ ਬੁਢਿਆਂ ਵਿਚ ਹੁੰਦੀ ਹੈ ਅਤੇ ਨੌਜਵਾਨਾਂ ਵਿਚ ਕੁਰਪਸ਼ਨ ਘੱਟ ਹੁੰਦੀ ਹੈ। (ਵਿਘਨ) ਮੇਰਾ ਇਹ ਤਜਰਬਾ ਹੈ ਕਿ ਬੁਢੇ ਨੌਜਵਾਨਾਂ ਨਾਲੋਂ ਜ਼ਿਆਦਾ ਕੁਰੱਪਟ ਹੁੰਦੇ ਹਨ। ਜੇ ਕੁਰਪਸ਼ਨ ਦੂਰ ਕਰਨੀ ਹੈ ਤਾਂ ਇਨ੍ਹਾਂ ਨੌਜਵਾਨਾਂ ਨੂੰ ਵੋਟ ਦੇਣ ਦਾ ਹੱਕ ਦੇਣਾ ਚਾਹੀਦਾ ਹੈ। ਇਹ ਮੇਰੇ ਦੋਸਤ ਪ੍ਰੇਮ ਗੁਪਤਾ ਨੇ ਕਿਹਾ ਸੀ ਕਿ ਰੀਐਕਸ਼ਨਰੀ ਪਾਰਟੀਆਂ ਅਤੇ ਕਮਿਊਨਲ ਪਾਰਟੀਆਂ ਨੂੰ ਬੈਨ ਕਰਨਾ (ਵਿਘਨ) ਜੇ ਹਿੰਦੁਸਤਾਨ ਦੀ ਗੌਰਮਿੰਟ ਪਰੋਗਰੈਸਿਵ ਹੈ ਤਾਂ ਉਹ ਸਰਕਾਰ ਚਲਾ ਰਹੀ ਪਾਰਟੀ ਨੂੰ ਕਹੇ ਕਿ ਉਹ ਇਸ ਰੈਜ਼ੋਲਿਊਸ਼ਨ ਦੀ ਪਰੋੜਤਾ ਕਰਨ (ਵਿਘਨ)। ਇਹ ਚੰਗਾ ਰੈਜ਼ੋਲਿਊਸ਼ਨ ਹੈ। ਮੈਂ ਅਕਾਲੀ ਦਲ ਵਲੋਂ ਕਹਿੰਦਾ ਹਾਂ ਅਤੇ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕਰਦਾ ਹਾਂ ਇਨ੍ਹਾਂ ਨੂੰ 18 ਸਾਲ ਦੇ ਨੌਜਵਾਨਾਂ ਨੂੰ ਵੋਟ ਦੇਣ ਦਾ ਹੱਕ ਮਿਲਣਾ ਚਾਹੀਦਾ ਹੈ। ਜੇ 18 ਸਾਲ ਦੇ ਨੌਜਵਾਨ ਹੋਰ ਸਾਰੇ ਕੰਮ ਕਰ ਸਕਦੇ ਹਨ ਤਾਂ ਵੋਟ ਦੇਣ ਦੇ ਹੱਕਦਾਰ ਵੀ ਹੋਣੇ ਚਾਹੀਦੇ ਹਨ। ਅਡੱਲਟ ਫਰੈਂਚਾਈਜ਼ ਇਹੀ ਹੈ। ਇਨ੍ਹਾਂ ਨੂੰ ਵੋਟ ਦੇਣ ਦਾ ਹੱਕ ਹੋਣਾ ਚਾਹੀਦਾ ਹੈ। ਇਹ ਦੇ ਵਿਚ ਕੋਈ ਮਾੜੀ ਗੱਲ ਨਹੀਂ ਹੈ। ਇਸ ਗੱਲ ਦਾ ਮੈਂ ਸਮਰਥਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਤੇ ਹੋਰ ਬਹੁਤੀ ਬਹਿਸ ਕਰਨ ਦੀ ਲੋੜ ਨਹੀਂ ਹੈ ਅਤੇ ਇਸ ਨੂੰ ਸਰਵ ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ। ਇਸ ਨਾਲ ਹਿੰਦੁਸਤਾਨ ਵਿਚ ਇਹ ਗਲ ਕਹੀ ਜਾਵੇਗੀ ਕਿ ਪੰਜਾਬ ਦੀ ਅਸੈਂਬਲੀ ਨੇ ਬਹੁਤ ਚੰਗਾ ਕੰਮ ਕੀਤਾ ਹੈ। ਇਹ ਦੇ ਨਾਲ ਇਹ ਵੀ ਫਾਇਦਾ ਹੋਵੇਗਾ ਕਿ ਲੋਕ ਸਭਾ ਅਤੇ ਅਸੈਂਬਲੀਆਂ ਵਿਚ ਕੋਈ ਕੁਰੱਪਟ ਬੰਦਾ ਮੈਂਬਰ ਨਹੀਂ ਬਣ ਸਕੇਗਾ। ਜ ਕੁਰੱਪਟ ਹੋਵੇਗਾ ਜਾਂ ਮਾੜਾ ਕੰਮ ਕਰੇਗਾ ਉਸ ਨੂੰ ਇਹ ਮੁੰਡੇ ਸੰਭਾਲ ਲੈਣਗੇ। ਇਸ ਲਈ ਇਹ ਮਤਾ ਪਾਸ ਹੋਣਾ ਚਾਹੀਦਾ ਹੈ।

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ** (ਬਾਘਾਪੁਰਾਣਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਕਮਿਊਨਿਸਟ ਪਾਰਟੀ ਨੇ ਰੱਖਿਆ ਹੈ ਕਿ ਇਸ ਮੁਲਕ ਦੇ ਵਿਚ ਵੋਟ ਦਾ ਅਧਿਕਾਰ 21 ਸਾਲ ਤੋਂ ਘਟਾ ਕੇ 18 ਸਾਲ ਦੇ ਨੌਜਵਾਨਾਂ ਤੱਕ ਲਿਆਉਣਾ ਚਾਹੀਦਾ ਹੈ ਮੈਂ ਇਸ ਦੇ ਖਿਲਾਫ ਹਾਂ। ਇਹ ਠੀਕ ਹੈ ਕਿ ਹਰ ਇਕ ਨੇ ਆਪਣੇ ਆਪਣੇ ਐਂਗਲ ਤੋਂ ਦੇਖਣਾ ਹੁੰਦਾ ਹੈ। ਮੇਰੀ ਪਾਰਟੀ ਵੱਲੋਂ ਵੀ ਦੋ ਨੌਜਵਾਨ ਬੋਲੇ ਹਨ ਉਹ ਵੀ 18 ਸਾਲ ਦੀ ਉਮਰ ਦੇ ਹੱਕ ਵਿਚ ਹੀ ਬੋਲੇ ਹਨ। ਪਰ ਮੈਨੂੰ ਸਮਝ ਨਹੀਂ ਆਈ ਕਿ ਅਡੇ ਛੋਟੇ ਜਿਹੇ ਇਸ਼ੂ ਨੂੰ ਕਿਥੇ ਲੈ ਗਏ ਹਨ। ਸੰਧੂ ਸਾਹਿਬ ਵੀ ਬੋਲੇ ਹਨ। ਪਰ ਜੋ ਗੱਲਾਂ ਕਹੀਆਂ ਹਨ ਕੋਈ ਵੀ ਸਕੋਪ ਦੇ ਅੰਦਰ ਨਹੀਂ ਹੈ। ਇਨ੍ਹਾਂ ਨੇ ਕਿਹਾ ਹੈ ਕਿ 21 ਸਾਲ ਤੋਂ ਉਮਰ ਘੱਟਾ ਕੇ 18 ਸਾਲ ਕਰ ਦੇਣ ਨਾਲ ਸਮਾਜਵਾਦ ਕੁਰੱਪਟ ਹੋ ਜਾਵੇਗਾ, ਅਸੈਂਬਲੀਆਂ ਵਿਚ ਇਹ ਹੋ ਜਾਵੇਗਾ, ਉਹ ਹੋ ਜਾਵੇਗਾ, ਪਾਰਲੀਮੈਂਟ ਵਿਚ ਇਹ ਹੋ ਜਾਵੇਗਾ, ਉਹ ਜਾਵੇਗਾ। ਪਰ ਮੈਨੂੰ ਇਸ ਚੀਜ਼ ਦੀ ਸਮਝ ਨਹੀਂ ਆਈ। ਡਿਪਟੀ ਸਪੀਕਰ ਸਾਹਿਬ, ਮੈਂ ਦੋ ਤਿੰਨ ਗੱਲਾਂ ਦੱਸਣਾ ਚਾਹੁੰਦਾ ਹਾਂ। ਮੁਲਕ ਦੇ ਵਿਚ ਕਾਇਦੇ ਕਾਨੂੰਨ

Original with;
Punjab Vidhan Sabha
Digitized by;
Panjab Digital Library

ਬਣਾਉਂਦੇ ਹਨ। ਸਾਡੇ ਮੁਲਕ ਵਿਚ ਕਾਨੂੰਨ ਬਣੇ ਹਨ ਅਤੇ ਉਸ ਦੇ ਵਿਚ 21 ਸਾਲ ਦੀ ਉਮਰ ਰੱਖੀ ਗਈ ਹੈ। ਇਹ 21 ਸਾਲ ਦੀ ਉਮਰ ਕਿਉਂ ਰੱਖੀ ਗਈ ਹੈ ? ਕਿਉਂਕਿ ਨੌਜਵਾਨ ਵਿਚ ਥੋੜੀ ਬਹੁਤ ਮੈਚਿਓਰਟੀ ਆ ਜਾਵੇ ਅਤੇ ਜੇ ਉਸ ਨੇ ਐਜੂਕੇਸ਼ਨ ਹਾਸਲ ਕਰਨੀ ਹੈ ਤਾਂ ਉਹ ਕਰ ਲਵੇ। ਕੋਈ ਵੀ ਨੌਜਵਾਨ 20-21 ਸਾਲ ਤੋਂ ਪਹਿਲਾਂ ਗਰੈਜੂਏਟ ਜਾਂ ਲਾ-ਗਰਜੂਏਟ ਨਹੀਂ ਹੋ ਸਕਦਾ, ਐਮ. ਏ., ਪੀ. ਐਚ. ਡੀ. ਨਹੀਂ ਕਰ ਸਕਦਾ। (ਵਿਘਨ) ਇਸ ਤਰ੍ਹਾਂ ਵਿਦਿਆ ਹਾਸਲ ਕਰਦਿਆਂ ਉਸ ਨੂੰ 25-26 ਸਾਲ ਲੱਗ ਜਾਂਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਆਮ ਲੋਕ ਕਹਿੰਦੇ ਹਨ ਜਿਹੜੇ ਪਾਲਿਟੀਸ਼ਨ, ਹਨ ਲੀਡਰ ਹਨ ਜਾਂ ਬਿਜ਼ਨਸਮੈਨ ਹਨ ਜਾਂ ਅਫਸਰ ਹਨ, ਉਹ ਕਹਿੰਦੇ ਹਨ ਕਿ ਇਸ ਮੁਲਕ ਦਾ ਡੈਮੋਕਰੇਸੀ ਨੇ ਬੇੜਾ ਗਰਕ ਕਰ ਦਿੱਤਾ ਹੈ। (ਵਿਘਨ)।

**Mr. Deputy Speaker** : Please address the Chair.

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** : ਡਿਪਟੀ ਸਪੀਕਰ ਸਾਹਿਬ, ਮੈਂ ਦੋ ਤਿੰਨ ਗੱਲਾਂ ਦੇ ਬਾਰੇ ਦੱਸਣਾ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਮਲਕ ਦੇ ਵਿਚ ਐਜੂਕੇਸ਼ਨ ਬਿਲਕੁਲ ਤਬਾਹ ਹੋ ਜਾਵੇਗੀ ਜੇ ਤੁਸੀਂ 21 ਸਾਲ ਤੋਂ ਉਮਰ ਘੱਟਾ ਕੇ 18 ਸਾਲ ਦੀ ਉਮਰ ਵਿਚ ਵੋਟ ਦੀ ਕਾਨੂੰਨੀ ਤੌਰ ਤੇ ਇਜਾਜ਼ਤ ਦੇ ਦਿੱਤੀ ਕਿਉਂਕਿ ਪੁਲਿਟੀਕਲ ਪਾਰਟੀਆਂ ਨੂੰ ਇਨ੍ਹਾਂ ਨੌਜਵਾਨਾਂ ਨਾਲ ਕੋਈ ਪਿਆਰ ਨਹੀਂ ਹੈ। ਇਹ ਤਾਂ ਉਨ੍ਹਾਂ ਨੂੰ ਐਕਸਪਲਾਇਟ ਕਰਦੇ ਹਨ। (ਵਿਘਨ) ਇਹ ਕਹਿੰਦੇ ਹਨ ਕਿ ਜੇ ਇਨ੍ਹਾਂ ਨੌਜਵਾਨਾਂ ਤੇ ਜ਼ਿੰਮੇਵਾਰੀ ਪਾ ਦਿਤੀ ਜਾਵੇ ਤਾਂ ਉਹ ਕੰਮ ਸੰਭਾਲ ਲੈਣਗੇ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਸਾਰੇ ਨੌਜਵਾਨ ਨਕਸਲਾਈਟਸ ਵਾਲੇ ਪਾਸੇ, ਜਿਸ ਤਰ੍ਹਾਂ ਇਥੇ ਚੱਲਦਾ ਰਿਹਾ ਹੈ, ਲੱਗ ਜਾਣਗੇ। (ਵਿਘਨ) ਜੇ ਉਨ੍ਹਾਂ ਤੇ ਜ਼ਿੰਮੇਵਾਰੀ ਪਾ ਦੇਈਏ ਤਾਂ ਕੀ ਨਕਸਲਾਈਟਸ ਖ਼ਤਮ ਹੋ ਜਾਣਗੇ? ਮੈਂ ਸਮਝਦਾ ਹਾਂ ਕਿ ਸਭ ਤੋਂ ਪਹਿਲਾਂ ਇਹ ਚੀਜ਼ ਸਾਹਮਣੇ ਰੱਖਣੀ ਚਾਹੀਦੀ ਹੈ ਕਿ ਐਜੂਕੇਸ਼ਨ ਨੂੰ ਠੇਸ ਨਾ ਲੱਗੇ। ਇਸ ਪੁਲਿਟੀਕਲ ਡਸੀਜ਼ਨ ਕਰਨ ਤੋਂ ਬਾਅਦ ਕੌਣ ਕਹਿ ਸਕਦਾ ਹੈ ਕਿ 18 ਸਾਲ ਦੀ ਉਮਰ ਵਾਲੇ ਨੂੰ ਵੋਟ ਦਾ ਅਧਿਕਾਰ ਦੇਣ ਨਾਲ ਇਹ ਜਿਹੜੀ ਅਨਇੰਪਲਾਇਮੈਂਟ ਹੈ, ਇਹ ਦੂਰ ਹੋ ਜਾਵੇਗੀ। ਅੱਗੇ ਤਾਂ ਮੁੰਡਾ ਪੜ੍ਹ ਲਿਖ ਕੇ ਨੌਕਰੀ ਦੀ ਤਲਾਸ਼ ਕਰਦਾ ਸੀ ਜਾਂ ਬਿਜ਼ਨੈਸ ਦੀ ਤਲਾਸ਼ ਕਰਦਾ ਸੀ, ਪਰ ਜੇ ਹੁਣ ਉਨ੍ਹਾਂ ਨੂੰ 18 ਸਾਲ ਦੀ ਉਮਰ ਵਿਚ ਵੋਟ ਦਾ ਅਧਿਕਾਰ ਦੇ ਦਿੱਤਾ ਤਾਂ ਉਹ ਪੜ੍ਹ ਲਿਖ ਕੇ ਨੌਕਰੀ ਦੀ ਤਲਾਸ਼ ਨਹੀਂ ਕਰੇਗਾ ਸਗੋਂ ਉਹ ਲੀਡਰ ਬਣਨ ਦੀ ਕਰੇਗਾ, ਉਹ ਬਿਜ਼ਨੈਸਮੈਨ ਨਹੀਂ ਬਣੇਗਾ। ਸਭ ਤੋਂ ਵੱਡੀ ਗੱਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਮੁਲਕ ਵਿਚ ਜਦ ਡੈਮੋਕਰੇਟਿਕ ਸੱਟ ਅੱਪ ਹੋਵੇ ਤਾਂ ਵੋਟਾਂ ਨਾਲ ਅਸੈਂਬਲੀਆਂ ਬਣਦੀਆਂ ਹਨ, ਪਾਰਲੀਮੈਂਟ ਬਣਦੀ ਹੈ ,ਤਾਂ ਕੌਣ ਇਹ ਗੱਲ ਬਰਦਾਸ਼ਤ ਕਰੇਗਾ ਕਿ ਮੁਲਕ ਦੀਆਂ ਅਸੈਂਬਲੀਆਂ ਜਾਂ ਪਾਰਲੀਮੈਂਟ ਵਿਚ ਇਮ ਮੇਚਿਅਰ ਆਦਮੀ ਆਉਣ। ਜਿੰਨ੍ਹਾ ਚਿਰ ਮੇਚਿਉਅਰ ਆਦਮੀ ਅੱਗੇ ਨਹੀਂ ਆਉਂਦੇ, ਉਹ ਕੋਈ ਡਿਸੀਜ਼ਨ ਨਹੀਂ ਲੈ ਸਕਦੇ। ਜੇ ਹੁਣ 21 ਸਾਲ ਤੋਂ ਉਮਰ ਘਟਾ ਕੇ 18 ਸਾਲ ਦੀ ਕਰ ਦਿੱਤੀ ਜਾਵੇ ਤਾਂ ਕੱਲ ਨੂੰ ਇਹ ਸਵਾਲ ਆਵੇਗਾ ਕਿ 16 ਸਾਲ ਦੀ ਕਰ ਦਿਓ। ਫਿਰ ਇਸ ਤੋਂ ਵੀ ਘਟਾਉਣ ਦੀ ਮੰਗ ਕੀਤੀ ਜਾਵੇਗੀ ਅਤੇ ਕਿਸੇ ਵੇਲੇ ਇਹ ਸਟੇਜ ਆਵੇਗੀ ਕਿ ਜਿਹੜਾ ਜੰਮਦਾ ਹੈ ਉਸ ਨੂੰ ਹੀ ਹੱਕ ਦੇ ਦਿਓ। ਜਿਸ ਵੇਲੇ ਇਸ ਮੁਲਕ ਵਿਚ ਕਾਇਦੇ ਕਾਨੂੰਨ ਨਹੀਂ ਸਨ, ਤਾਂ ਉਸ ਵੇਲੇ ਕੁੜੀ ਨੂੰ 12 ਸਾਲ ਦੀ ਉਮਰ ਵਿਚ ਹੀ ਵਿਆਹ ਦਿੰਦੇ ਸਨ। ਲੜਕੇ ਨੂੰ 10 ਸਾਲ ਦੀ ਉਮਰ ਵਿਚ ਵਿਆਹ ਦਿੰਦੇ ਸਨ। ਇਸ ਸਬੰਧੀ ਸਰਕਾਰ ਨੇ ਕਾਨੂੰਨ ਬਣਾਇਆ ਕਿ ਜਿਹੜਾ ਵੀ ਇਸ ਤੋਂ ਘੱਟ ਉਮਰ ਵਿਚ ਵਿਆਹ ਕਰੇਗਾ ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਇਸ ਦੇ ਨਾਲ ਲੋਕਾਂ ਵਿਚ ਸੁਧਾਰ ਆਇਆ। ਇਸ ਲਈ ਮੈਂ ਸਮਝਦਾ ਹਾਂ ਕਿ ਹਰ ਇਸ਼ੂ ਤੇ ਚੰਗੀ ਤਰ੍ਹਾਂ ਸੋਚਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ]

ਮੈਨੂੰ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਮੇਰੇ ਵੀਰ ਕਮਿਊਨਿਸਟ ਅਤੇ ਅਕਾਲੀ ਪਾਰਟੀ ਵਾਲੇ ਇਹ ਆਸਾਂ ਲਾਈ ਬੈਠੇ ਸੀ ਕਿ ਨੌਜਵਾਨਾਂ ਦੀ ਉਮਰ 21 ਸਾਲ ਤੋਂ ਘੱਟਾ ਕੇ 18 ਸਾਲ ਦੀ ਉਮਰ ਵਾਲੇ ਨੂੰ ਅਧਿਕਾਰ ਵੋਟ ਦੇ ਪਾਉਣ ਦਾ ਦਿੱਤਾ ਜਾਵੇ ਅਤੇ ਕਹਿੰਦੇ ਸੀ ਕਿ ਇਸ ਨਾਲ ਇਹ ਮੁਲਕ ਬਹਿਸ਼ਤ ਬਣ ਜਾਵੇਗਾ, ਇਹ ਠੀਕ ਨਹੀਂ ਹੈ। ਪਿੰਡਾਂ ਵਿਚ ਜਿਹੜੀਆਂ ਪੰਚਾਇਤਾਂ ਬਣੀਆਂ ਹਨ ਉਥੇ ਜਿਹੜੇ 12--12 ਸਾਲ ਦੇ ਹਨ ਉਹ ਵੋਟਰ ਬਣੇ ਹਨ। ਸਰਪੰਚ ਅਤੇ ਪਟਵਾਰੀ ਨਾਲ ਮਿਲਕੇ ਉਨ੍ਹਾਂ ਨੇ ਘੱਟ ਤੋਂ ਘੱਟ ਉਮਰ ਦੇ ਮੁੰਡਿਆਂ ਨੂੰ ਵੋਟਰ ਬਣਾਇਆ ਹੈ। ਇਹੋ ਜਿਹੇ ਵੋਟਰ ਬਣਾਏ ਹਨ ਜਿਹੜੇ ਕਿ ਹੋਰ ਪੰਜ ਸੱਤ ਸਾਲ ਵੋਟਰ ਨਹੀਂ ਸੀ ਬਣ ਸਕਦੇ। ਸਰਪੰਚੀ ਦੀ ਖਾਤਰ ਉਨ੍ਹਾਂ ਨੇ ਇਹ ਵੋਟਰ ਬਣਵਾਏ । ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਖੁੱਲ੍ਹੀ ਛੁੱਟੀ ਨਹੀਂ ਹੋਣੀ ਚਾਹੀਦੀ। ਇਹ ਤਰੀਕਾ ਬੰਦ ਹੋਣਾ ਚਾਹੀਦਾ ਹੈ। ਇਸ ਚੀਜ਼ ਨੂੰ ਦੇਖਣਾ ਚਾਹੀਦਾ ਹੈ। ਇਹ ਕਰਨਾ ਚਾਹੀਦਾ ਹੈ ਕਿ 21 ਸਾਲ ਤੋਂ ਘੱਟ ਕੋਈ ਵੋਟਰ ਨਾ ਹੋਵੇ। ਇਤਨੀ ਚੀਜ਼ ਕਹਿੰਦਾ ਹੋਇਆ ਮੈਂ ਬੈਠਦਾ ਹਾਂ ।

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਡਿਪਟੀ ਸਪੀਕਰ ਸਾਹਿਬ **** (ਵਿਘਨ)

**ਸਰਦਾਰ ਗੁਰਚਰਨ ਸਿੰਘ** (ਨਿਹਾਲ ਸਿੰਘ ਵਾਲਾ) : ***** (ਵਿਘਨ)

**ਸ੍ਰੀ ਡਿਪਟੀ ਸਪੀਕਰ:** ਇਹ ਜੋ ਕੁਝ ਦੋਨਾਂ ਮੈਂਬਰ ਸਾਹਿਬਾਨ ਨੇ ਕਿਹਾ ਹੈ ਇਹ ਹਾਊਸ ਦੀ ਕਾਰਵਾਈ ਵਿਚੋਂ ਕੱਟ ਦਿਤਾ ਜਾਵੇ। (Whatever both the hon. Members have said should be expunged from the proceedings of the House.)

**ਕਾਮਰੇਡ ਸੱਤ ਪਾਲ ਡਾਂਗ:** ਡਿਪਟੀ ਸਪੀਕਰ ਸਾਹਿਬ, ਹਾਊਸ ਦੀ ਕਾਰਵਾਈ ਵਿਚੋਂ ਲਫਜ਼ ਕਾਨੂੰਨ ਦੇ ਮੁਤਾਬਿਕ ਕੱਟੇ ਜਾਂਦੇ ਹਨ। ਜੇ ਲਫਜ਼ ਅਨਪਾਰਲੀਮੈਂਟਰੀ ਹੋਣ ਤਾਂ ਉਸ ਲਈ ਵੀ ਕੁਝ ਕਾਨੂੰਨ ਹਨ ਅਤੇ ਉਸ ਦੇ ਮੁਤਾਬਿਕ ਹੀ ਕੱਢੇ ਜਾਂਦੇ ਹਨ। (ਵਿਘਨ)

**ਸ੍ਰੀ ਡਿਪਟੀ ਸਪੀਕਰ** : ਇਹ ਤਾਂ ਐਸਪਰਸ਼ਨ ਸੀ। ਇਹ ਰੈਲੇਵੈਂਟ ਨਹੀਂ ਸੀ । (ਵਿਘਨ) (It was an aspersion. It was not relevant.) (*interruption*)

**ਇਕ ਆਵਾਜ਼** : ਇਹ ਫੈਕਟ ਹੈ ਕਿ ਇਨ੍ਹਾਂ ਨੇ ਪਾਰਟੀਆਂ ਬਦਲੀਆਂ।

**ਕਾਮਰੇਡ ਸੱਤ ਪਾਲ ਡਾਂਗ** : ਜੇ ਰੈਲੇਵੈਂਟ ਨਹੀਂ ਸੀ ਤਾਂ ਤੁਸੀਂ ਕਹਿ ਸਕਦੇ ਸੀ ਕਿ ਇਹ ਠੀਕ ਨਹੀਂ ਹੈ। ਇਸ ਤਰ੍ਹਾਂ ਤੁਸੀਂ ਉਨ੍ਹਾਂ ਨੂੰ ਇਨਕਰੇਜ ਕਰ ਰਹੇ ਹੋ ਕਿ ਉਹ ਅਕਾਲੀ ਬਣ ਜਾਵੇ । (ਹਾਸਾ) (ਵਿਘਨ)

**ਕਾਮਰੇਡ ਜੰਗੀਰ ਸਿੰਘ ਜੋਗਾ** : ਅੱਜ 18 ਸਾਲ ਦੇ ਨੌਜਵਾਨਾਂ ਨੂੰ ਕਿਉਂ ਹੱਕ ਦੇਣਾ ਚਾਹੀਦਾ ਹੈ। ਸਾਡੇ ਦੇਸ਼ ਦੇ ਵਿਚ ਆਜ਼ਾਦੀ ਦੀ ਲੜਾਈ ਲੜੀ ਗਈ। ਮੇਰਾ ਖਿਆਲ ਹੈ ਕਿ ਗੁਰਚਰਨ ਸਿੰਘ ਐਵੇਂ ਸ਼ਹੀਦ ਬਣ ਗਿਆ ਹੈ। (ਵਿਘਨ) ਭਾਵੇਂ ਉਹ ਅਕਾਲੀ ਟਿਕਟ ਤੇ ਲੜਿਆ ਅਤੇ ਭਾਵੇਂ ਕਾਂਗਰਸ ਦੀ ਟਿਕਟ ਤੇ ਲੜਿਆ ਅਤੇ ਜਿਤਿਆ। (ਵਿਘਨ) 18 ਸਾਲਾਂ ਦੇ ਨੌਜਵਾਨਾਂ ਨੇ ਜੇਲ੍ਹਾਂ ਦੇ ਵਿਚ ਬੈਂਤ ਖਾਧੇ ਜਿਨ੍ਹਾਂ ਨੇ ਦੇਸ਼ ਦੀ ਲੜਾਈ ਵਿਚ ਹਿੱਸਾ ਲਿਆ ਇਸ ਦੇ ਵਿਚ ਇਕੜ ਦੁੱਕੜ ਹੀ ਨਹੀਂ ਸਨ ਲੱਖਾਂ ਦੀ ਗਿਣਤੀ ਦੇ ਵਿਚ ਜੇਲ੍ਹਾਂ ਦੇ ਵਿਚ ਗਏ ਅਤੇ ਸ਼ਹੀਦੀਆਂ ਪਾਈਆਂ। ਉਨ੍ਹਾਂ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਲੋਕਾਂ ਦੇ ਇਸ ਵਿਚ ਹਿੱਸਾ ਪਾਇਆ ਜਿਨ੍ਹਾਂ ਦੀ ਉਮਰ ਹਾਲਾਂ 18 ਸਾਲ ਦੀ ਨਹੀਂ ਹੋਈ ਸੀ। ਸੋ ਮੈਂ ਅਰਜ਼ ਕਰਦਾ ਹਾਂ ਕਿ ਅੱਜ ਅਗਰ ਫੌਜ ਵਿਚ ਭਰਤੀ ਹੋਣਾ ਹੈ ਤਾਂ 18 ਸਾਲ ਦੀ ਉਮਰ ਵਿਚ ਹੋ ਸਕਦਾ ਹੈ, ਪੁਲਿਸ ਵਿਚ ਕਿਸੇ ਨੇ ਭਰਤੀ ਹੋਣਾ ਹੈ ਤਾਂ 18 ਸਾਲ ਦੀ ਉਮਰ ਵਿਚ ਹੋ ਸਕਦਾ ਹੈ ਜਾਂ ਕਿਸੇ ਹੋਰ ਕੰਮ ਵਿਚ ਜਾਣਾ ਹੈ ਤਾਂ ਕੋਈ 18 ਸਾਲ ਦੀ ਉਮਰ ਵਿਚ ਜਾ ਸਕਦਾ ਹੈ ਤਾਂ ਕੀ ਵਜ੍ਹਾ ਹੈ ਕਿ ਉਸ ਨੂੰ ਸਿਰਫ ਇਸ ਗਲ ਤੋਂ ਵਾਂਜਿਆਂ ਰਖਿਆ ਜਾਵੇ ਕਿ ਉਹ ਆਪਣੀ ਵੋਟ 21 ਸਾਲ ਦੀ ਉਮਰ ਵਿਚ ਹੀ ਦੇ ਸਕਦਾ ਹੈ ਅਤੇ ਉਹ ਆਪਣਾ ਇਸ ਗਲ ਦਾ ਅਧਿਕਾਰ 18 ਸਾਲ ਦੀ ਉਮਰ ਵਿਚ ਨਹੀਂ ਵਰਤ ਸਕਦਾ। ਇਸ ਦੁਨੀਆਂ ਵਿਚ ਦੋ ਕਿਸਮ ਦੇ ਲੋਕ ਹਨ। ਇਕ ਸੋਸ਼ਲਿਸਟਿਕ ਹਨ ਜਿਥੇ ਉਨ੍ਹਾਂ ਨੂੰ 18 ਸਾਲ ਦਾ ਵੋਟਰ ਮੰਨਿਆ ਗਿਆ ਹੈ ਅਤੇ ਉਹ ਆਪਣੀ ਵੋਟ ਦਾ ਅਧਿਕਾਰ 18 ਸਾਲ ਦੀ ਉਮਰ ਵਿਚ ਵਰਤ ਸਕਦੇ ਹਨ। ਇਹ ਠੀਕ ਹੈ ਕਿ ਇੰਗਲੈਂਡ ਅਤੇ ਅਮਰੀਕਾ ਵਿਚ ਇਹ ਸਿਸਟਮ ਹੈ ਕਿ ਉਥੇ ਵੋਟ 21 ਸਾਲ ਦੀ ਉਮਰ ਵਿਚ ਹੀ ਦਿਤੀ ਜਾ ਸਕਦੀ ਹੈ ਨਹੀਂ ਤਾਂ ਸਭ ਜਗ੍ਹਾ ਅਸੀਂ ਦੇਖਦੇ ਹਾਂ ਕਿ 18 ਸਾਲ ਦੀ ਉਮਰ ਹੀ ਇਕ ਵੋਟਰ ਬਣਨ ਵਾਸਤੇ ਰਖੀ ਹੋਈ ਹੈ। ਸਾਡੇ ਦੇਸ਼ ਵਿਚ 20--25 ਸਾਲਾਂ ਤੋਂ ਜਦੋਂ ਤੋਂ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਹੈ ਉਸ ਤੋਂ ਬਾਦ ਇਥੇ ਲੋਕਾਂ ਵਿਚ ਤਾਲੀਮ ਵੱਧੀ ਹੈ ਅਤੇ ਹੋਰ ਸਭ ਤਰ੍ਹਾਂ ਦੀ ਜਾਗਰਤੀ ਆਈ ਹੈ ਤਾਂ ਕੀ ਵਜ੍ਹਾ ਹੈ ਕਿ ਬਾਕੀ ਦੇ ਕੰਮਾਂ ਵਾਸਤੇ ਤਾਂ 18 ਸਾਲ ਦੇ ਬਾਲਗ ਨੂੰ ਜਗ੍ਹਾ ਦਿਤੀ ਜਾਵੇ ਅਤੇ ਵੋਟ ਦੇ ਅਧਿਕਾਰ ਤੋਂ ਇਸ ਨੂੰ ਵਾਂਝਿਆ ਰਖਿਆ ਜਾਵੇ ਅਤੇ ਉਨ੍ਹਾਂ ਤੇ ਕੋਈ ਜ਼ਿਮੇਵਾਰੀ ਪਾਉਣ ਦਾ ਵਿਸ਼ਵਾਸ ਨਾ ਕੀਤਾ ਜਾਵੇ। ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਜਿਹੜੀਆਂ ਹਿੰਸਾਂ ਦੀਆਂ ਕਾਰਵਾਈਆਂ ਹੁੰਦੀਆਂ ਹਨ ਉਹ ਵੀ ਰੁਕ ਸਕਦੀਆਂ ਹਨ। ਘਰਾਂ ਵਿਚ ਅਸੀਂ ਦੇਖਦੇ ਹਾਂ ਕਿ ਜਦੋਂ ਬਚਿਆਂ ਤੇ ਕੋਈ ਜ਼ਿਮੇਵਾਰੀ ਪਾਈ ਜਾਂਦੀ ਹੈ ਤਾਂ ਉਹ ਬੜੀ ਅੱਛੀ ਤਰ੍ਹਾਂ, ਪੂਰੀ ਤਰ੍ਹਾਂ ਨਿਭਾਉਂਦੇ ਹਨ। ਜੇ ਅਸੀਂ ਉਨ੍ਹਾਂ ਨੂੰ ਕੋਈ ਜ਼ਿਮੇਵਾਰੀ ਨਹੀਂ ਦਿੰਦੇ ਤਾਂ ਸਾਨੂੰ ਬੜਾ ਖਜਲ ਖੁਆਰ ਹੋਣਾ ਪੈਂਦਾ ਹੈ। ਇਸ ਲਈ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ 18 ਸਾਲ ਦੇ ਬਾਲਗ ਨੂੰ ਅਸੈਂਬਲੀ ਦਾ ਮੈਂਬਰ ਚੁਣਨ ਲਈ ਜਾਂ ਪਾਰਲੀਮੈਂਟ ਦਾ ਮੈਂਬਰ ਬਣਾਉਣ ਲਈ ਪੂਰਾ ਹੱਕ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਪੂਰੀ ਜ਼ਿਮੇਵਾਰੀ ਤੋਂ ਕੰਮ ਲੈ ਸਕੇ। (ਵਿਘਨ)

ਸਰਦਾਰ ਗੁਰਚਰਨ ਸਿੰਘ ਨੇ ਮੇਰਾ ਖਿਆਲ ਹੈ ਕਿ 5-6 ਵਾਰੀ ਪਾਰਟੀਆਂ ਬਦਲੀਆਂ ਹਨ ਅਤੇ ਹੋਰ ਪਤਾ ਨਹੀਂ ਕਿਤਨੀ ਵਾਰੀ ਬਦਲਣੀਆਂ ਹਨ। ਇਨ੍ਹਾਂ ਨੂੰ ਕਿਸੇ ਗਲ ਤੇ ਸਟੈਂਡ ਕਰਨਾ ਚਾਹੀਦਾ ਹੈ ਐਵੇਂ ਖਾਹਮਖਾਹ ਲਗੇ ਰਹਿੰਦੇ ਹਨ। (ਵਿਘਨ) ਮੈਂ ਕਹਿੰਦਾ ਹਾਂ ਕਿ ਪਾਰਲੀਮੈਂਟ ਇਕ ਐਸਾ ਕਾਨੂੰਨ ਲਿਆਵੇ ਜਿਸ ਨਾਲ ਕਿ ਜਿਹੜੇ ਇਹੋ ਜਿਹੇ ਲੋਕ ਹਨ ਅਗਰ ਉਹ ਇਕ ਪਾਰਟੀ ਛੱਡ ਕੇ ਦੂਸਰੀ ਪਾਰਟੀ ਵਿਚ ਜਾਣ ਤਾਂ ਉਹ ਆਪਣੀ ਪਹਿਲੀ ਪਾਰਟੀ ਵਿਚੋਂ ਅਸਤੀਫਾ ਦੇ ਕੇ ਜਾਣ ਅਤੇ ਦੁਬਾਰਾ ਇਲੈਕਸ਼ਨ ਲੜ ਕੇ ਆਉਣ। (ਵਿਘਨ)

**Mr. Deputy Speaker :** Please be relevant.

**ਕਾਮਰੇਡ ਜੰਗੀਰ ਸਿੰਘ ਜੋਗਾ** : ਸਾਨੂੰ ਇਹ ਵੀ ਪਤਾ ਲਗਾ ਹੈ ਕਿ ਪਾਰਲੀਮੈਂਟ ਛੇਤੀ ਹੀ ਕੋਈ ਇਸ ਕਿਸਮ ਦਾ ਕਾਨੂੰਨ ਪਾਰਲੀਮੈਂਟ ਵਿਚ ਲਿਆ ਰਹੀ ਹੈ। (ਵਿਘਨ)

ਸੋ ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ 18 ਸਾਲ ਦੇ ਨੌਜਵਾਨਾਂ ਦਾ ਸਬੰਧ ਹੈ ਉਨ੍ਹਾਂ ਨੂੰ ਵੋਟ ਦੇਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਇਨ੍ਹਾਂ ਨੇ ਇਹ ਜਿਹੜਾ ਕਿਹਾ ਸੀ ਕਿ ਸਰਕਾਰ ਨੇ ਇਨ੍ਹਾਂ ਬੁਰਾਈਆਂ ਨੂੰ ਤਾਂ ਰੋਕ ਦਿਤਾ ਹੈ ਜਿਸ ਤਰ੍ਹਾਂ ਕਿ ਲੜਕੀ ਦੀ ਸ਼ਾਦੀ ਦੀ ਉਮਰ ਅਤੇ ਲੜਕੇ ਦੀ ਸ਼ਾਦੀ ਦੀ ਉਮਰ ਦੀ ਹੱਦ ਰਖ ਦਿਤੀ ਹੈ ਅਤੇ ਕਾਫੀ ਸੁਧਾਰ ਕੀਤਾ ਹੈ। ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਦੀਆਂ ਹੋਰ ਬੁਰਾਈਆਂ ਨੂੰ ਰੋਕਣ ਦੇ ਵਾਸਤੇ 18 ਸਾਲ ਦੇ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਦੇਣਾ ਚਾਹੀਦਾ ਹੈ ਤਾਂ ਕਿ ਉਹ ਅਗੇ ਵੱਧ ਸਕਣ ਅਤੇ ਬੁਰਾਈਆਂ ਨੂੰ ਖ਼ਤਮ ਕਰ ਸਕਣ ਕਿਉਂਕਿ 18 ਸਾਲ ਦੀ ਉਮਰ ਤਕ ਇਕ ਲੜਕੇ ਜਾਂ ਲੜਕੀ ਨੂੰ ਪੂਰੀ ਸੂਝ ਬੂਝ ਹੋ ਜਾਂਦੀ ਹੈ ਅਤੇ ਕਾਫੀ ਪੜ੍ਹ ਲਿਖ ਜਾਂਦਾ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਇਹ ਇਕਲੇ ਪੰਜਾਬ ਦਾ ਹੀ ਮਸਲਾ ਨਹੀਂ, ਹੋਰ ਕਈ ਅਸੈਂਬਲੀਆਂ ਨੇ ਵੀ ਇਹ ਮਸਲਾ ਜ਼ੇਰੇ ਬਹਿਸ ਕਰਕੇ ਸੈਂਟਰ ਦੀ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਸਵਿੰਧਾਨ ਵਿਚ ਤਰਮੀਮ ਕਰੇ। ਇਸ ਲਈ ਮੇਰੀ ਇਹ ਬੇਨਤੀ ਹੈ ਕਿ ਪੰਜਾਬ ਸਰਕਾਰ ਵੀ ਸੈਂਟਰ ਦੀ ਸਰਕਾਰ ਨੂੰ ਇਸ ਗਲ ਦੀ ਸਿਫਾਰਸ਼ ਕਰੇ ਤਾਂ ਕਿ ਸੰਵਿਧਾਨ ਵਿਚ ਤਰਮੀਮ ਕੀਤੀ ਜਾ ਸਕੇ। ਜਦੋਂ ਦਾ ਸਾਡਾ ਸੰਵਿਧਾਨ ਬਣਿਆ ਹੈ ਉਦੋਂ ਤੋਂ ਲੈ ਕੇ ਇਸ ਵਿਚ 18-19 ਤਰਮੀਮਾਂ ਹੋ ਚੁਕੀਆਂ ਹਨ ਜਿਸ ਤਰ੍ਹਾਂ ਕਿ ਜਿਮੀਦਾਰਾਂ, ਰਜਵਾੜਾਸ਼ਾਹੀ ਆਦਿ ਨੂੰ ਖਤਮ ਕਰਨ ਲਈ ਤਰਮੀਮ ਕੀਤੀ ਹੈ ਇਸ ਤਰ੍ਹਾਂ ਆਈ. ਸੀ. ਐਸ. ਅਫਸਰਾਂ ਦੇ ਅਖਤਿਆਰ ਘਟਾਉਣ ਦੇ ਲਈ ਤਰਮੀਮ ਕੀਤੀ ਹੈ। ਸੋ ਮੇਰਾ ਕਹਿਣ ਦਾ ਭਾਵ ਹੈ ਕਿ ਵਿਧਾਨ ਵਿਚ ਤਰਮੀਮ ਹੁੰਦੀ ਰਹਿੰਦੀ ਹੈ ਅਤੇ ਸਾਡੀ ਸਰਕਾਰ ਨੂੰ ਇਹ ਸੈਂਟਰ ਦੀ ਸਰਕਾਰ ਕੋਲ ਸਿਫਾਰਸ਼ ਕਰਨੀ ਚਾਹੀਦੀ ਹੈ ਕਿ 18 ਸਾਲ ਦੇ ਬਾਲਗ ਨੂੰ ਵੋਟ ਪਾਉਣ ਦਾ ਅਧਿਕਾਰ ਦਿਤਾ ਜਾਣਾ ਚਾਹੀਦਾ ਹੈ। (ਵਿਘਨ)

ਸਰਦਾਰ ਗੁਰਚਰਨ ਸਿੰਘ ਨੇ ਜਿਹੜਾ ਜਿਕਰ ਕੀਤਾ ਹੈ ਕਿ ਪਿੰਡਾਂ ਵਿਚ 12 ਸਾਲ 14 ਸਾਲ ਦੇ ਬਚਿਆਂ ਦੀਆਂ ਵੀ ਵੋਟਾਂ ਪੁਆਈਆਂ ਜਾਂਦੀਆਂ ਹਨ ਅਤੇ ਇਹ ਕੰਮ ਪਟਵਾਰੀਆਂ ਆਦਿ ਕੋਲੋਂ ਇਸ ਤਰ੍ਹਾਂ ਦਾ ਕਾਰਵਾਇਆ ਜਾਂਦਾ ਹੈ। ਮੈ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੰਮ ਤਾਂ ਹੁਕਮਰਾਨ ਪਾਰਟੀ ਹੀ ਕਰਵਾ ਸਕਦੀ ਹੈ। ਅਸੀਂ ਤਾਂ ਇਹ ਨਹੀਂ ਕਰਵਾ ਸਕਦੇ, ਸਾਡੇ ਕਹੇ ਤੇ ਨਾ ਕੋਈ ਪਟਵਾਰੀ ਮੰਨਦਾ ਹੈ ਅਤੇ ਨਾ ਹੀ ਕੋਈ ਤਹਿਸੀਲਦਾਰ ਜਾਂ ਕੋਈ ਹੋਰ ਅਫ਼ਸਰ ਹੀ ਮੰਨਦਾ ਹੈ। ਇਹ ਤਾਂ ਜਿਹੜੀ ਪਾਰਟੀ ਪਾਵਰ ਵਿਚ ਹੁੰਦੀ ਹੈ ਉਹੀ ਇਸ ਤਰ੍ਹਾਂ ਦੇ ਕੰਮ ਕਰਵਾਉਂਦੀ ਹੈ।

(ਸਰਦਾਰ ਗੁਰਚਰਨ ਸਿੰਘ ਵਲੋਂ ਵਿਘਨ)

ਡਿਪਟੀ ਸਪੀਕਰ ਸਾਹਿਬ, ਹੁਣੇ ਹੀ ਸ੍ਰੀ ਪਰੇਮ ਗੁਪਤਾ ਜੀ ਨੇ ਮਿਸਾਲ ਦਿਤੀ ਸੀ ਕਿ ਇੰਗ-ਲੈਂਡ ਦੇ ਪ੍ਰਾਈਮ ਮਨਿਸਟਰ ਦੀ ਉਮਰ 21 ਸਾਲ ਦੀ ਹੈ। ਉਥੇ 21 ਸਾਲ ਦੀ ਉਮਰ ਵਿਚ ਹੀ ਇਲੈਕਸ਼ਨ ਵਿਚ ਕੋਈ ਖੜਾ ਹੋ ਸਕਦਾ ਹੈ। ਸਾਡੇ ਵਿਧਾਨ ਵਿਚ ਤਾਂ 25 ਸਾਲ ਦੀ ਉਮਰ ਰਖੀ ਗਈ ਹੈ ਅਤੇ 25 ਸਾਲ ਦੀ ਉਮਰ ਤੋਂ ਘੱਟ ਦਾ ਆਦਮੀ ਇਲੈਕਸ਼ਨ ਵਾਸਤੇ ਹੀ ਨਹੀਂ ਖੜਾ ਹੋ ਸਕਦਾ। ਇਸ ਲਈ ਮੈ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਉਥੇ ਇਤਨੀ ਉਮਰ ਵਿਚ ਲੋਕਾਂ ਵਿਚ ਅਹਿਸਾਸ ਹੈ ਤਾਂ ਇਥੇ ਵੀ ਇਸ ਤਰ੍ਹਾਂ ਦਾ ਅਹਿਸਾਸ ਲਿਆਉਣਾ ਚਾਹੀਦਾ ਹੈ। ਜਿਹੜੇ ਲੋਕ ਸੋਸ਼ਲਿਸਟਿਕ ਮੁਲਕਾਂ ਵਿਚ ਜਾ ਕੇ ਆਏ ਹਨ ਉਹ ਦਸਦੇ ਹਨ ਅਤੇ ਮੈਂ ਖੁਦ ਵੀ ਦੇਖਿਆ ਹੈ ਕਿ ਉਥ 18-18 ਸਾਲ ਦੇ ਬਚਿਆਂ ਵਿਚ ਕਿਤਨਾ ਅਹਿਸਾਸ ਹੈ ਚਾਹੇ ਉਹ ਕਾਰਖਾਨੇ ਵਿਚ ਕੰਮ ਵਾਲਾ ਹੈ, ਚਾਹੇ ਮੁਲਾਜਮਤ ਵਿਚ ਹੈ ਅਤੇ ਚਾਹੇ ਉਹ ਕਿਸੀ ਹੋਰ ਕੰਮ ਵਿਚ ਲਗਾ ਹੋਇਆ ਹੈ ਪਰ ਇਥੇ ਤਾਂ 70 ਸਾਲੇ ਬੁਢੇ ਨੂੰ ਵੀ ਅਹਿਸਾਸ ਨਹੀਂ। ਸੋ ਇਸ ਕਰਕੇ ਮੈਂ ਡਿਪਟੀ ਸਪੀਕਰ ਸਾਹਿਬ, ਇਸ ਗਲ ਲਈ ਗਿਆਨੀ ਜੀ ਦੀ ਵਜਾਰਤ ਨੂੰ ਅਤੇ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਅਰਜ਼ ਕਰਾਂਗਾ ਕਿ 2-3 ਅਸੈਂਬਲੀਆਂ ਨੇ ਅਗੇ ਹੀ ਰੈਜ਼ੋਲਿਊਸ਼ਨ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜੇ ਹਨ ਅਤੇ ਜੇ ਇਹ ਵੀ ਇਸ ਰੈਜ਼ੋਲਿਊਸ਼ਨ ਨੂੰ ਸਰਬਸੰਮਤੀ ਨਾਲ ਪਾਸ ਕਰਕੇ ਭੇਜ ਦੇਣਗੇ ਤਾਂ ਇਸ ਦਾ ਕੋਈ ਭਾਰ ਨਹੀਂ। ਅੱਜ ਭਾਵੇਂ ਮੈਂ ਬੁਢਾ ਹੋ ਗਿਆ ਹਾਂ ਪਰ ਜਦੋਂ ਮੈਂ ਲੜਾਈ

Original with;
Punjab Vidhan Sabha
Digitized by;
Panjab Digital Library

ਵਿਚ ਸ਼ਾਮਲ ਹੋਇਆ ਸੀ ਉਸ ਵਕਤ ਮੇਰੀ ਉਮਰ ਸਿਰਫ 12-13 ਸਾਲ ਦੀ ਹੀ ਸੀ। (ਵਿਘਨ) ਸੋ ਮੇਰੀ ਅਰਜ਼ ਹੈ ਕਿ 18 ਸਾਲ ਦੇ ਬਚੇ ਕਾਫੀ ਤਾਲੀਮ ਹਾਸਲ ਕਰ ਲੈਂਦੇ ਹਨ ਅਤੇ ਉਨ੍ਹਾਂ ਨੂੰ ਪੂਰੀ ਸੂਝ ਬੂਝ ਹੁੰਦੀ ਹੈ ਅਤੇ ਉਹ ਆਪਣੇ ਫਰਜ਼ ਦੀ ਅਦਾਇਗੀ ਪੂਰੀ ਤਰ੍ਹਾਂ ਕਰ ਸਕਦੇ ਹਨ, ਇਸ ਕਰਕੇ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਮੈਂ ਸਾਰੇ ਹਾਊਸ ਨੂੰ ਇਹ ਬੇਨਤੀ ਕਰਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਸ ਨੂੰ ਸਰਬ ਸੰਮਤੀ ਨਾਲ ਪਰਵਾਨ ਕੀਤਾ ਜਾਵੇ।

------

## PERSONAL EXPLANATIONS BY SARDAR GURCHARAN SINGH NIHAL SINGHWALA AND COMRADE SATYA PAL DANG

**ਸਰਦਾਰ ਗੁਰਚਰਨ ਸਿੰਘ** (ਨਿਹਾਲ ਸਿੰਘ ਵਾਲਾ) : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ ਸਰ। ਡਿਪਟੀ ਸਪੀਕਰ ਸਾਹਿਬ, ਜੋਗਾ ਸਾਹਿਬ ਨੇ ਅਤੇ ਡਾਂਗ ਸਾਹਿਬ ਨੇ ਮੇਰੇ ਤੇ ਐਲੀਗੇਸ਼ਨ ਲਗਾਇਆ ਕਿ ਮੈਂ ਕਦੀ ਇਧਰ ਤੇ ਕਦੀ ਉਧਰ ਬੈਂਚਾਂ ਤੇ ਬੈਠ ਜਾਂਦਾ ਹਾਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਮੈਂ ਜਿਤ ਕੇ ਪਹਿਲਾਂ ਆਇਆ ਸੀ ਤਾਂ ਅਕਾਲੀ ਪਾਰਟੀ ਵਿਚ ਇਲੈਕਸ਼ਨ ਲੜੀ ਸੀ। ਉਨ੍ਹਾਂ ਦੀ ਗੌਰਮਿੰਟ ਬਣੀ ਅਤੇ ਅਸੀਂ ਇਨ੍ਹਾਂ ਨਾਲ ਇਕਠਾ ਰਾਜ ਕੀਤਾ। (ਵਿਘਨ) ਇਨ੍ਹਾਂ ਨੂੰ ਵਜ਼ੀਰੀ ਨਾ ਮਿਲੀ ਤਾਂ ਇਹ ਛੱਡ ਕੇ ਚਲੇ ਗਏ। (ਵਿਘਨ) ਮੇਰੇ ਅਕਾਲੀ ਪਾਰਟੀ ਨਾਲ ਲੜਨ ਤੋਂ ਬਾਦ ਮੈਂ ਉਸੇ ਕਨਸਟੀਚਿਊਐਂਸੀ ਵਿਚੋਂ ਕਾਂਗਰਸ ਦੀ ਟਿਕਟ ਲਈ ਅਤੇ ਉਥੋਂ ਜਿਤ ਕੇ ਆਇਆ ਅਤੇ ਇਨ੍ਹਾਂ ਦੀ ਜ਼ਮਾਨਤ ਜ਼ਬਤ ਕਰਵਾਈ। (ਵਿਘਨ) ਇਹ ਮੇਰੇ ਦੋਸਤ ਕਾਂਗਰਸ ਨਾਲ ਰਲ ਕੇ 10 ਸੀਟਾਂ ਮਾਰ ਗਏ। ਇਨ੍ਹਾਂ ਨੇ ਅਕਾਲੀਆਂ ਨਾਲ ਰਲ ਕੇ ਮੌਜਾਂ ਕੀਤੀਆਂ ਅਤੇ ਉਨ੍ਹਾਂ ਨੂੰ ਫਿਰ ਧੋਖਾ ਦਿਤਾ ਅੱਜ ਇਹ ਮੈਨੂੰ ਕਹਿੰਦੇ ਹਨ। (ਵਿਘਨ)

**ਕਾਮਰੇਡ ਜੰਗੀਰ ਸਿੰਘ ਜੋਗਾ** : ***(ਵਿਘਨ)

**ਸ੍ਰੀ ਡਿਪਟੀ ਸਪੀਕਰ** : ਜੋਗਾ ਸਾਹਿਬ, ਜੋ ਕੁਝ ਵੀ ਕਹਿ ਰਹੇ ਹਨ ਇਹ ਪ੍ਰੋਸੀਡਿੰਗ ਦਾ ਭਾਗ ਨਾ ਬਣੇ। (ਵਿਘਨ) [Whatever the hon. Member Comrade Joga is saying should not form part of the proceedings. (*Interruption*)]

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਪਰਸਨਲ ਐਕਸਪਲਾਨੇਸ਼ਨ। ਡਿਪਟੀ ਸਪੀਕਰ ਸਾਹਿਬ, ਜੋ ਤੁਸੀਂ ਆਗਿਆ ਦਿਤੀ ਹੈ ਉਨ੍ਹਾਂ ਨੂੰ (ਸਰਦਾਰ ਗੁਰਚਰਨ ਸਿੰਘ ਹੋਰਾਂ ਵਲ ਇਸ਼ਾਰਾ ਕਰਦੇ ਹੋਏ) ਪਰਸਨਲ ਅਕਸਪਲਾਨੇਸ਼ਨ ਦੀ ਉਹ ਕੋਈ ਪਰਸਨਲ ਅਕਸਪਲਾਨੇਸ਼ਨ ਨਹੀਂ ਸੀ। ਉਨ੍ਹਾਂ ਨੇ ਮੇਰੀ ਪਾਰਟੀ ਬਾਰੇ ਕੁਝ ਗਲਾਂ ਕਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਉਹ ਇਕ ਟਿਕਟ ਤੋਂ ਜਾਂ ਦੂਜੇ ਟਿਕਟ ਤੋਂ ਜਿਤ ਕੇ ਆ ਰਹੇ ਹਨ ਇਹ ਉਨ੍ਹਾਂ ਦੀ ਮੋਰੇਲਿਟੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਮਿਊਨਿਸਟ ਪਾਰਟੀ ਦਾ ਕੋਈ ਵੀ ਮੈਂਬਰ ਅਜ ਤਕ ਪੰਜਾਬ ਵਿਚ ਕਿਸੇ ਲਾਲਚ ਵਿਚ ਆ ਕੇ ਉਸ ਨੇ ਫਲੋਰ ਕਰਾਸ ਨਹੀਂ ਕੀਤਾ। (ਵਿਘਨ)

**ਸਰਦਾਰ ਗੁਰਚਰਨ ਸਿੰਘ** (ਨਿਹਾਲ ਸਿੰਘ ਵਾਲਾ): ਮੈਂ ਫਲੋਰ ਕਰਾਸ ਨਹੀਂ ਕੀਤਾ, ਮੈਂ ਜਨਤਾ ਦਾ ਵਰਡਿਕਟ ਲੈ ਕੇ ਆਇਆ ਹਾਂ।

**ਕਾਮਰੇਡ ਸੱਤ ਪਾਲ ਡਾਂਗ** : ਸਾਡੀ ਇਸ ਗਲ ਦੇ ਬਾਰੇ ਵਿਚ ਸਾਰੇ ਹਿੰਦੁਸਤਾਨ ਵਿਚ ਮਿਸਾਲ ਹੈ। ਬਾਕੀ ਰਿਹਾ ਦੂਜੀ ਪੁਲੀਟੀਕਲ ਪਾਰਟੀਆਂ ਨਾਲ ਅਡਜਸਟਮੈਂਟ ਦੀ ਗਲ ਹੈ। ਕਮਿਊਨਿਸਟ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਪਾਰਟੀ ਦੇ ਸਾਹਮਣੇ ਇਕੋ ਅਸੂਲ ਹੈ ਕਿ ਲੋਕਾਂ ਦੇ ਇੰਟਰਸਟ ਦੀ ਡਿਮਾਂਡ ਕਰਨਾ। ਅਤੇ ਕਮਿਊ-ਨਿਸਟ ਪਾਰਟੀ ਇਹ ਕਰਦੀ ਰਹੀ ਹੈ। ਯੂਨਾਈਟਿਡ ਕਾਂਗਰਸ ਨੂੰ ਹੋਸ਼ ਆਉਣੀ ਚਾਹੀਦੀ ਹੈ ਕਿ ਉਹ 1967 ਵਿਚ 7 ਸੂਬਿਆਂ ਵਿਚ ਹਾਰੀ ਅਤੇ ਕੰਮਿਊਨਿਸਟ ਪਾਰਟੀ ਨੇ ਉਸ ਵਿਚ ਬੜਾ ਰੋਲ ਅਦਾ ਕੀਤਾ। ਨਵੀਂ ਕਾਂਗਰਸ ਜੋ ਵੀ ਚੰਗੇ ਕੰਮ ਕਰੇਗੀ ਅਸੀਂ ਉਸਦਾ ਸਾਥ ਦਿਆਂਗੇ। ਜੇ ਪੰਜਾਬ ਦੀ ਕਾਂਗਰਸ ਸਰਦਾਰ ਗੁਰਚਰਨ ਸਿੰਘ ਵਰਗੇ ਟਰਨ ਕੋਟ ਨੂੰ ਨਾਲ ਲਵੇਗੀ ਤਾਂ ਅਸੀਂ ਉਸ ਦੀ ਵਿਰੋਧਤਾ ਕਰਾਂਗੇ। ਇਹ ਰੋਜ਼ ਪਾਰਟੀ ਬਦਲਣ ਵਾਲੇ ਹਨ (ਵਿਘਨ)। ਅਸੀਂ ਇਨ੍ਹਾਂ ਦਾ ਕਿਸ ਤਰ੍ਹਾਂ ਸਾਥ ਦੇ ਸਕਦੇ ਹਾਂ।

---

## RESOLUTION RE. GIVING RIGHT TO VOTE TO EVERY CITIZEN OF INDIA WHO IS NOT LESS THAN 18 YEARS OF AGE (RESUMPTION OF DISCUSSION)

**ਸਰਦਾਰ ਦਰਸ਼ਨ ਸਿੰਘ ਕੇ. ਪੀ.** (ਜਮਸ਼ੇਰ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਅਜ ਇਹ ਜੋ ਮਤਾ ਹਾਊਸ ਦੇ ਸਾਹਮਣੇ ਆਇਆ ਹੈ ਕਿ ਵੋਟ ਦੇ ਹਕ ਲਈ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿਤੀ ਜਾਵੇ, ਇਸ ਦੇ ਬਾਰੇ ਵਿਚ ਮੈਂ ਆਪਣੀ ਰਾਏ ਦੇਣਾ ਚਾਹੁੰਦਾ ਹਾਂ। (ਵਿਘਨ) ਡਿਪਟੀ ਸਪੀਕਰ ਸਾਹਿਬ, ਦੇਸ਼ ਵਿਚ ਜਦ ਤਾਈਂ ਕਈ ਇਨਸਾਨ ਆਪਣੇ ਕਦਮਾਂ ਤੇ ਆਪ ਖੜਾ ਨਹੀਂ ਹੁੰਦਾ ਉਸ ਨੂੰ ਜ਼ਿੰਦਗੀ ਦਾ ਪਤਾ ਨਹੀਂ ਲਗਦਾ। ਜਦ ਤਕ ਉਹ ਇਹ ਨਹੀਂ ਸੋਚ ਸਕਦਾ ਕਿ ਉਸ ਨੇ ਕਿਧਰ ਨੂੰ ਜਾਣਾ ਹੈ, ਉਸ ਨੇ ਦੇਸ਼ ਲਈ ਜਾਂ ਆਪਣੇ ਲਈ ਕੀ ਕਰਨਾ ਹੈ, ਤਦ ਤਕ ਉਹ ਤਰਕੀ ਨਹੀਂ ਕਰ ਸਕਦਾ। ਮਾਪਿਆਂ ਦਾ ਫਰਜ਼ ਇਹ ਹੈ ਕਿ ਬਚਿਆਂ ਨੂੰ ਅਛੀ ਵਿਦਿਆ ਦੇਣ ਔਰ ਉਸ ਤੋਂ ਬਾਦ ਉਸ ਨੂੰ ਕੋਈ ਅਛੀ ਨੌਕਰੀ ਦਿਲਾਉਣ। ਅਗਰ ਵਿਦਿਆ ਨਹੀਂ ਮਿਲ ਸਕਦੀ ਤਾਂ ਅਛੀ ਦਸਤਕਾਰੀ ਸਿਖਲਾਉਣ ਔਰ ਉਹ ਬਚਾ ਤਦ ਹੀ ਖੁਸ਼ਹਾਲ ਹੋ ਸਕਦਾ ਹੈ। ਅਗਰ ਅਸੀਂ ਇਸ ਚੀਜ਼ ਨੂੰ ਨਹੀਂ ਸਮਝਾਂਗੇ ਅਤੇ ਵਿਦਿਆ ਜਾਂ ਦਸਤਕਾਰੀ ਬਚੇ ਨੂੰ ਨਹੀਂ ਦੇ ਸਕਾਂਗੇ ਤਾਂ ਉਹ ਆਪਣੇ ਪੈਰਾਂ ਤੇ ਖੜਾ ਨਹੀਂ ਹੋ ਸਕਦੇ ਅਤੇ ਉਸ ਦੇ ਰਸਤੇ ਵਿਚ ਕਈ ਰੁਕਾਵਟਾਂ ਆਉਣ-ਗੀਆਂ। ਜੇ ਕੋਈ ਬਚਾ ਕੰਮ ਕਰੇਗਾ ਤਾਂ ਉਸ ਦਾ ਅਸਰ ਅਛਾ ਹੋਵੇਗਾ। ਬਚੇ ਨੂੰ ਅਛੀ ਵਿਦਿਆ ਚਾਹੀਦੀ ਹੈ ਤਾਂ ਕਿ ਉਹ ਅਛਾ ਬਣ ਸਕੇ। ਮੈਂ ਸਮਝਦਾ ਹਾਂ ਕਿ 18 ਸਾਲ ਦਾ ਬਚਾ ਬਾਲਕ ਹੁੰਦਾ ਹੈ, ਪਰ ਉਸ ਨੂੰ ਆਪਣੇ ਦੇਸ਼ ਦਾ ਪੂਰਾ ਪਤਾ ਨਹੀਂ ਹੁੰਦਾ ਅਤੇ ਨਾ ਹੀ ਉਸ ਨੂੰ ਅਸੂਲਾਂ ਦੀ ਬੈਕਗਰਾਊਂਡ ਦੀ ਵਾਕਫ਼ੀਅਤ ਹੁੰਦੀ ਹੈ। ਉਹ ਤਾਂ ਅਨਜਾਣਪੁਣੇ ਵਿਚ ਸਿਰਫ਼ ਭੜਕਾਉਣੀਆਂ ਗਲਾਂ ਹੀ ਕਰਣ ਲਗ ਪੈਂਦਾ ਹੈ। ਇਸ ਲਈ ਮੈਂ ਤਾਂ ਇਹ ਸਮਝਦਾ ਹਾਂ ਕਿ ਜਦ ਤਕ ਇੰਨਸਾਨ ਵਿਦਿਆ ਔਰ ਦਸਤਕਾਰੀ ਨਹੀਂ ਪ੍ਰਾਪਤ ਕਰ ਲੈਂਦਾ ਤਦ ਤਕ ਇਹ ਠੀਕ ਨਹੀਂ ਕਿ ਉਸ ਨੂੰ ਵੋਟ ਦਾ ਹਕ ਦਿਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਦਰਜੀ ਦਾ ਕੰਮ ਸਿਖਿਆ ਸੀ 23 ਸਾਲ ਦੀ ਉਮਰ ਤਕ ਅਤੇ 24 ਸਾਲ ਦੀ ਉਮਰ ਵਿਚ ਮੈਂ ਆਪਣਾ ਕੰਮ ਕਰਨਾ ਸ਼ੁਰੂ ਕਰ ਦਿਤਾ (ਵਿਘਨ)। ਔਰ ਜੇ ਕਿਸੇ ਨੇ ਬੀ. ਏ. ਕਰਕੇ ਵਕੀਲ ਬਣਨਾ ਹੋਵੇ ਤਾਂ ਉਹ 26-27 ਸਾਲ ਦੀ ਉਮਰ ਤੋਂ ਘਟ ਨਹੀਂ ਬਣ ਸਕਦਾ। ਇਸ ਤਰ੍ਹਾਂ ਇੰਜੀਨਅਰੀ ਦੀ ਲਾਈਨ ਹੈ ਅਤੇ ਹੋਰ ਇਸ ਤਰ੍ਹਾਂ ਦੀਆਂ ਟੇਕਨੀਕਲ ਲਾਈਨਾਂ ਹਨ। ਜਦ ਤਕ ਕੋਈ ਇਨਸਾਨ ਜ਼ਿੰਦਗੀ ਵਿਚ ਆਪਣੇ ਆਪ ਨੂੰ ਕਾਬਲ ਨਹੀਂ ਬਣਾ ਸਕਦਾ ਕਿਸੇ ਢੰਗ ਨਾਲ, ਤਦ ਤਕ ਮੇਰਾ ਆਪਣਾ ਖਿਆਲ ਹੈ ਕਿ ਮਸਲਾ ਵੋਟ ਨਾਲ ਹਲ ਨਹੀਂ ਹੋ ਸਕਦਾ। ਮੈਨੂੰ ਤਰਜਰਬਾ ਹੈ ਕਿ ਪਿੰਡਾਂ ਵਿਚ, ਸ਼ਹਿਰਾਂ ਵਿਚ ਵੋਟ ਦੀ ਰੁਕਾਵਟ ਨਾਲ ਕਈ ਅਛੇ ਅਛੇ ਲੜਕੇ ਜਿਹੜੇ ਅਛੀ ਤਾਲੀਮ ਅਤੇ ਦਸਤਕਾਰੀ ਕਰ ਸਕਦੇ ਹਨ ਉਹ ਉਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

ਰੁਚੀ ਕਿਸੇ ਹੋਰ ਪਾਸੇ ਲਗ ਗਈ ਹੈ। ਕੋਈ ਸਰਕਾਰ ਨਾਲ ਲਗ ਕੇ, ਕੋਈ ਕਿਸੇ ਹੋਰ ਪੁਲਟੀਕਲ ਪਾਰਟੀ ਨਾਲ ਲਗ ਕੇ, ਕੋਈ ਕਾਲਜਾਂ ਨਾਲ ਅਤੇ ਕੋਈ ਕਿਸੇ ਹੋਰ ਸੰਸਥਾਵਾਂ ਨਾਲ ਲਗ ਕੇ, ਕੁਝ ਦਾ ਕੁਝ ਬਣ ਗਏ ਹਨ। ਮੈਂ ਇਸ ਗਲ ਨਾਲ ਸਹਿਮਤ ਹਾਂ ਕਿ ਵੋਟ ਦਾ ਜਿਹੜਾ ਹਕ ਹੈ ਇਹ ਇਕ ਜਮਹੂਰੀ ਹਕ ਹੈ ਅਤੇ ਹਰ ਇਕ ਨੂੰ ਪ੍ਰਾਪਤ ਹੋਣਾ ਚਾਹੀਦਾ ਹੈ ਪਰ ਮੇਰੀ ਰਾਏ ਵਿਚ ਇਹ ਜਿਹੜੀ 18 ਸਾਲ ਦੀ ਉਮਰ ਹੈ ਇਹ ਤਾਲੀਮ ਪ੍ਰਾਪਤ ਕਰਨ ਦੀ ਉਮਰ ਹੈ ਅਤੇ ਇਸ ਵਿਚ ਤਾਂ ਕਈ ਤਜਰਬੇ ਪ੍ਰਾਪਤ ਕਰਨੇ ਹੁੰਦੇ ਹਨ। 18 ਸਾਲ ਵਾਲੇ ਇਨਸਾਨ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਸ ਨੇ ਵੋਟ ਦਾ ਇਸਤੇਮਾਲ ਕਿਸ ਤਰ੍ਹਾਂ ਕਰਨਾ ਹੈ ਅਤੇ ਉਹ ਆਪਣੇ ਆਪ ਸਮਝ ਨਹੀਂ ਸਕਦਾ ਕਿ ਉਸ ਨੇ ਵੋਟ ਦੇ ਮੁਤਅਲਕ ਕੀ ਮੰਗ ਕਰਨੀ ਹੈ, ਉਸ ਨੂੰ ਕੀ ਚਾਹੀਦਾ ਹੈ, ਕੀ ਨਹੀਂ ਚਾਹੀਦਾ। ਮੇਰੀ ਰਾਏ ਇਹ ਹੈ ਕਿ ਜਦ ਤਕ ਬਚਿਆਂ ਦੀ ਰੁਚੀ ਇੰਡਸਟਰੀ ਅਤੇ ਤਾਲੀਮ ਵਲ ਨਹੀਂ ਜਾਂਦੀ ਵੋਟ ਦੇ ਹਕ ਨਾਲ ਮਸਲਾ ਹਲ ਨਹੀਂ ਹੋ ਸਕਦਾ। ਕਈ ਪਾਰਟੀਆਂ ਵਿਚ ਤਾਂ ਇਹ ਹੈ ਕਿ ਕੰਮ ਨਾ ਕਰੋ ਉਹ ਹੋਰ ਕਿਸਮ ਨਾਲ ਇਨ੍ਹਾਂ ਬਚਿਆਂ ਨੂੰ ਭੜਕਾਂਉਂਦੇ ਹਨ ਉਸ ਦੇ ਨਾਲ ਦੇਸ਼ ਵਿਚ ਅਗਾਂ ਲਗਦੀਆਂ ਹਨ, ਬਚਿਆਂ ਦਾ ਨੁਕਸਾਨ ਹੁੰਦਾ ਹੈ। ਮੈਂ ਆਪਣੀ ਰਾਏ ਦਿੰਦਾ ਹਾਂ ਕਿ ਜਦ ਤਕ ਬਚਾ ਆਪ ਕਾਬਲ ਨਹੀਂ ਬਣਦਾ ਤਦ ਤਕ ਉਸ ਨੂੰ ਪੁਲਿਟਿਕਲ ਲਾਈਨ ਤੋਂ ਅਲਗ ਰਖਣਾ ਚਾਹੀਦਾ ਹੈ ਵੈਸੇ ਠੀਕ ਹੈ ਆਜ਼ਾਦੀ ਮਿਲੀ ਹੈ ਕੋਈ ਕਿਸੇ ਨੂੰ ਕੁਝ ਨਹੀਂ ਕਹਿ ਸਕਦਾ। ਪਰ ਆਪਣੀ ਰਾਏ ਦੇਣਾ ਹਰ ਇਕ ਦਾ ਫਰਜ਼ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਆਪਣੀ ਆਪਣੀ ਰਾਏ ਹੈ ਆਪਣੀ ਆਪਣੀ ਸਮਝ ਹੈ। ਸਰਦਾਰ ਗੁਰਚਰਨ ਸਿੰਘ ਹੋਰਾਂ ਨੇ ਆਪਣੀ ਰਾਏ ਦਿਤੀ ਹੈ, ਜੋਗਾ ਸਾਹਿਬ ਨੇ ਆਪਣੀ ਰਾਏ ਦਿਤੀ ਹੈ, ਸੰਧੂ ਸਾਹਿਬ ਨੇ ਆਪਣੇ ਢੰਗ ਨਾਲ ਕਿਹਾ ਹੈ, ਮੇਰੀ ਰਾਏ ਤਾਂ ਇਹ ਹੈ ਕਿ ਜਦ ਤਕ ਬਚਾ ਆਪਣੇ ਦੇਸ਼ ਨੂੰ ਸਮਝ ਨਹੀਂ ਸਕਦਾ ਤਦ ਤਕ ਉਸ ਨੂੰ ਵੋਟ ਦਾ ਹਕ ਠੀਕ ਨਹੀਂ ਹੈ (ਵਿਘਨ)। ਡਿਪਟੀ ਸਪੀਕਰ ਸਾਹਿਬ, ਅਸੀਂ ਦਸਤਕਾਰੀ ਦਾ ਕੰਮ ਕਰਨ ਵਾਲੇ ਹਾਂ ਕਿਨਾ ਚਿਰ ਹੋ ਗਿਆ ਹੈ ਸਾਨੂੰ ਇਸ ਕੰਮ ਵਿਚ ਪਰ ਅਸੀਂ ਹੁਣ ਸੋਚਦੇ ਹਾਂ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਤੁਸੀਂ ਵੇਖੋ ਡਿਪਟੀ ਸਪੀਕਰ ਸਾਹਿਬ ਇਹ ਪਤਾ ਨਹੀਂ ਕਿਥੋਂ ਗਠਾਂ ਦੀਆਂ ਗਠਾਂ ਆ ਗਈਆਂ ਹਨ ਪਤਾ ਨਹੀਂ ਕਿਥੋਂ ਇਹ ਪੁਰਾਣੇ ਸੂਟ ਆ ਗਏ ਹਨ। ਸਾਰੇ ਹਿੰਦੁਸਤਾਨ ਭਰ ਦੇ ਦਰਜੀ ਲਿਖਦੇ ਹਨ ਕਿ ਉਹ ਵੇਹਲੇ ਹੋ ਗਏ ਹਨ। ਇਹ ***** ਪਤਾ ਨਹੀਂ ਕਿਥੋਂ ਆ ਗਈਆਂ ਹਨ। (ਵਿਘਨ)

**ਸ੍ਰੀ ਡਿਪਟੀ ਸਪੀਕਰ** : ਇਹ ਸ਼ਬਦ ਜੋ ਕੇ. ਪੀ. ਸਾਹਿਬ ਨੇ ਕਹੇ ਹਨ ਪ੍ਰੋਸੀਡਿੰਗ ਦਾ ਭਾਗ ਨਾ ਬਣਨ। ਕੇ. ਪੀ. ਸਾਹਿਬ ਆਪਣੇ ਵਿਸ਼ੇ ਤੋਂ ਲਾਂਭੇ ਚਲੇ ਜਾ ਰਹੇ ਹਨ। (ਵਿਘਨ) (These words said by S. Darshan Singh K. P. should not form part of the proceedings. The hon. Member is not relevant.)

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਕਾਹਲੀ ਵਿਚ ਇਸ ਤਰ੍ਹਾਂ ਹੋ ਗਿਆ ਹੈ। ਮੈਂ ਲੇਬਰ ਕਲਾਸ ਨਾਲ ਸਬੰਧਤ ਹਾਂ ਅਤੇ ਸਤਵੇਂ ਆਸਮਾਨ ਤੋਂ ਰੋਜ਼ੀ ਮਿਲਦੀ ਹੈ। (ਵਿਘਨ) ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਬੋਗਸ ਚੀਜ਼ਾਂ ਆਉਂਦੀਆਂ ਹਨ ਇਨ੍ਹਾਂ ਲਈ ਜੋ ਇੰਪੋਰਟ ਲਾਈਸੰਸ ਦਿਤੇ ਹੋਏ ਹਨ। ਉਹ ਬੰਦ ਕਰਨੇ ਚਾਹੀਦੇ ਹਨ। ਇਨ੍ਹਾਂ ਪੁਰਾਣੇ ਕਪੜਿਆਂ ਨਾਲ ਸਾਡੇ ਰੋਜ਼ਗਾਰ ਦਾ ਭਠਾ ਬੈਠ ਗਿਆ ਹੈ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਬਾਰੇ ਸੈਂਟਰ ਦੀ ਸਰਕਾਰ ਨੂੰ ਚਿਠੀ ਲਿਖੇ। (ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਕੇ. ਪੀ. ਸਾਹਿਬ ਮਤੇ ਤੇ ਬੋਲੋ। (K. P. Sahib, please speak on the resolution.)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਪੜਿਆਂ ਬਾਰੇ ਬੋਲਣਾ ਕੀ ਇਹ ਰੈਜ਼ੋਲਿਊਸ਼ਨ ਹੈ...ਵਿਘਨ।

**ਸ੍ਰੀ ਡਿਪਟੀ ਸਪੀਕਰ** : ਮੈਂ ਉਨ੍ਹਾਂ ਨੂੰ ਰੈਲੇਵੈਂਟ ਬੋਲਣ ਲਈ ਪਹਿਲੋਂ ਹੀ ਕਿਹਾ ਹੈ। (I have already asked him to be relevant.)

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਹੜੇ ਦਸਤਕਾਰ ਲੋਕ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਕੇ. ਪੀ. ਸਾਹਿਬ, ਰੈਜ਼ੋਲਿਊਸ਼ਨ ਤੇ ਬੋਲੋ। (K. P. Sahib, please speak on the resolution.)

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 18 ਸਾਲ ਦੀ ਉਮਰ ਵਿਚ ਤਾਂ ਬਚਾ ਹਾਲੇ ਮੈਟਰਿਕ ਹੀ ਪਾਸ ਕਰਦਾ ਹੈ। ਉਸ ਨੂੰ ਆਪਣੀ ਰੋਜ਼ੀ ਲਈ ਕੋਈ ਦਸਤਕਾਰੀ ਆਦਿ ਸਿਖਣੀ ਹੁੰਦੀ ਹੈ, ਜਿਸ ਦੇ ਲਈ ਅਸੀਂ ਵਡੇ ਵਡੇ ਇੰਸਟੀ-ਚਿਊਟ ਖੋਲ੍ਹੇ ਹੋਏ ਹਨ। ਦਸਤਕਾਰੀ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਜਿਹੜੀ 18 ਸਾਲੇ ਦੇ ਬਚੇ ਨੂੰ ਵੋਟ ਦੇਣ ਵਾਲੀ ਗਲ ਹੈ ਇਹ ਸਿਵਾਏ ਜੋਸ਼ ਦੇ ਹੋਰ ਕੁਝ ਨਹੀਂ। ਬਚਾ ਉਦੋਂ ਤਕ ਵਿਚਾਰ ਧਾਰਾ ਨੂੰ ਸਮਝ ਤਕ ਨਹੀਂ ਸਕਦਾ। ਮੇਰੀ ਆਪਣੀ ਰਾਏ ਇਹ ਹੈ ਕਿ ਜਿਹੜੀ ਉਮਰ 21 ਸਾਲ ਪਹਿਲਾਂ ਵੋਟ ਵਾਸਤੇ ਹੈ ਉਹ ਠੀਕ ਹੀ ਹੈ।

**ਸਰਦਾਰ ਗੁਰਬਚਨ ਸਿੰਘ** (ਰੋਪੜ) : ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਵੋਟ ਪਾਉਣ ਦੀ ਉਮਰ ਘਟਾ ਕੇ 18 ਸਾਲ ਕਰ ਦੇਣ ਬਾਰੇ ਹੈ। ਮੇਰੇ ਕਈ ਦੋਸਤਾਂ ਨੇ ਬੜੇ ਚੰਗੇ ਢੰਗ ਨਾਲ ਮਿਸਾਲਾਂ ਦਿੱਤੀਆਂ ਹਨ ਅਤੇ ਕਿਹਾ ਕਿ ਸ਼ਹੀਦੇ-ਆਜ਼ਮ ਭਗਤ ਸਿੰਘ ਤੇ ਰਾਜ ਗੁਰ ਨੇ ਛੋਟੀ ਉਮਰ ਵਿਚ ਹੀ ਕੁਰਬਾਨੀਆਂ ਦਿੱਤੀਆਂ ਸਨ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਹਿੱਸਾ ਪਾਇਆ। ਮੈਂ ਕਹਿੰਦਾ ਹਾਂ ਕਿ ਗੁਰੂ ਗੋਬਿੰਦ ਸਿਘ ਜੀ ਦੇ 4 ਬੱਚਿਆਂ ਨੇ ਇਸ ਤੋਂ ਵੀ ਛੋਟੀ ਉਮਰ ਵਿਚ ਕੁਰਬਾਨੀ ਦੇ ਕੇ ਆਜ਼ਾਦੀ ਦੇ ਆਲੰਬਰਦਾਰ ਬਣੇ। ਉਨ੍ਹਾਂ ਦੀ ਉਮਰ 10 ਤੋਂ 14 ਸਾਲ ਸੀ। ਇਸ ਲਈ ਇਹ ਕਿਉਂ ਨਾਂ 10 ਸਾਲ ਕਰ ਦਿੱਤੀ ਜਾਵੇ। 18 ਸਾਲ ਕਰਨ ਦੀ ਕੀ ਲੋੜ ਹੈ। ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਜਿਹੜੀਆਂ ਮਿਸਾਲਾਂ ਦਿੱਤੀਆਂ ਹਨ, ਇਹ ਠੀਕ ਨਹੀਂ। ਜਿਵੇਂ ਕਿਹਾ ਹੈ:

"ਸਚਾਈ ਛੁਪ ਨਹੀਂ ਸਕਤੀ ਬਨਾਵਟ ਕੇ ਅਸੂਲੋਂ ਸੇ,
ਕਿ ਖੁਸ਼ਬੂ ਆ ਨਹੀਂ ਸਕਤੀ ਕਭੀ ਕਾਗਜ਼ ਕੇ ਫੂਲੋਂ ਸੇ।"

ਸਾਡੇ ਹਿੰਦੁਸਤਾਨ ਦੀ ਕਲਚਰ ਤਹਜ਼ੀਬ-ਉ-ਤਮੱਦਨ ਅਤੇ ਸਨਅੱਤ ਸਾਰੀ ਦੁਨੀਆਂ ਵਿਚੋਂ ਸਭ ਤੋਂ ਚੰਗੀ ਸੀ। ਸਾਡਾ ਦੇਸ਼ ਸਾਰੀ ਦੁਨੀਆਂ ਦਾ ਸਰਦਾਰ ਸੀ। ਜੇਕਰ ਅਸੀਂ ਫਿਰ ਹਿੰਦੁਸਤਾਨ ਨੂੰ ਉਨੱਤ ਕਰਨਾ ਹੈ ਤਾਂ ਕੁਝ ਸੂਝ ਬੂਝ ਤੋਂ ਕੰਮ ਲੈਣਾ ਚਾਹੀਦਾ ਹੈ। ਪੁਰਾਣੇ ਜ਼ਮਾਨੇ ਵਿਚ 25 ਸਾਲ ਦੀ ਉਮਰ ਤਕ ਬ੍ਰਹਮਚਾਰੀ ਆਸ਼ਰਮ ਰਖਿਆ ਜਾਂਦਾ ਸੀ। ਇਨਸਾਨ ਦੀ ਜ਼ਿੰਦਗੀ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਹ 25 ਸਾਲ ਦੀ ਉਮਰ ਤਕ ਬ੍ਰਹਮਚਾਰਯ ਆਸ਼ਰਮ ਇਸ ਲਈ ਰਖਿਆ ਗਿਆ ਸੀ ਤਾਂ ਕਿ ਬੱਚਾ, ਚੰਗੀ ਤਾਲੀਮ ਹਾਸਲ ਕਰ ਸਕੇ ਅਤੇ ਆਪਣਾ

Original with;
Punjab Vidhan Sabha
Digitized by;
Panjab Digital Library

ਰੋਜ਼ਗਾਰ ਢੂੰਡ ਸਕੇ । ਇਸ ਲਈ ਹਿੰਦੁਸਤਾਨ ਦੀ ਤਰੱਕੀ ਲਈ ਇਹ ਜ਼ਰੂਰੀ ਹੈ ਕਿ ਬੱਚੇ ਹਾਈਲੀ ਕੁਆਲੀਫਾਈਡ ਹੋਣ ਅਤੇ ਐਜੂਕੇਟਿਡ ਹੋਣ । ਜੇਕਰ ਛੋਟੀ ਉਮਰ ਵਿਚ ਹੀ ਨੌਜਵਾਨਾਂ ਨੂੰ ਇਸ ਪਾਸੇ ਲਾ ਦਿੱਤਾ ਗਿਆ ਤਾਂ ਫਿਰ ਇਹ ਉਸੀ ਰਸਤੇ ਲਗ ਜਾਣਗੇ ਜਿਸ ਰਸਤੇ ਅਸੀਂ ਲਗੇ ਹਾਂ। ਮੈਂ ਸਮਝਦਾ ਹਾਂ ਕਿ ਜਿਸ ਆਨਰੇਬਲ ਮੈਂਬਰ ਨੇ ਇਹ ਰੈਜ਼ੋਲਿਊਸ਼ਨ ਰਖਿਆ ਹੈ, ਉਨਾਂ ਨੇ ਇਸ ਗਲ ਨੂੰ ਚੰਗੀ ਤਰ੍ਹਾਂ ਨਾਲ ਆਪਣੀ ਵਿਚਾਰ ਧਾਰਾ ਵਿਚ ਪਰਖਿਆ ਨਹੀਂ। ਕਿ ਇਸ ਦਾ ਕੀ ਹਸ਼ਰ ਹੋਵੇਗਾ। ਮੈਂ ਸਮਝਦਾ ਹਾਂ ਕਿ ਆਉਣ ਵਾਲੀਆਂ ਨਸਲਾਂ ਇਹ ਗਲ ਕਹਿਣ-ਗੀਆਂ ਕਿ ਇਸ ਅਸੰਬਲੀ ਵਿਚ ਕਿਹੋ ਜਿਹੇ ਮੈਂਬਰ ਸਨ ਜਿਨ੍ਹਾਂ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਅਤੇ ਇਸ ਦੀ ਤਾਈਦ ਕੀਤੀ। ਮੈਂ ਸਮਝਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਮੁਲਕ ਦੀ ਇਕਾਨਮੀ ਅਤੇ ਤਰੱਕੀ ਲਈ ਸੈਟ-ਬੈਕ ਸਾਬਤ ਹੋਵੇਗਾ। ਇਸ ਲਈ ਮੈਂ ਤਾਂ ਸਗੋਂ ਇਹ ਕਹਾਂਗਾ ਕਿ 21 ਸਾਲ ਦੀ ਬਜਾਏ ਇਹ 22 ਸਾਲ ਹੋਣੀ ਚਾਹੀਦੀ ਹੈ ਤਾਂ ਕਿ ਨੌਜਵਾਨ ਨੂੰ ਇਹ ਸੂਝ ਬੂਝ ਹੋਵੇ ਕਿ ਆਪਣੀ ਵੋਟ ਦਾ ਕਿਸ ਤਰ੍ਹਾਂ ਇਸਤੇਮਾਲ ਕਰਨਾ ਹੈ ਅਤੇ ਰਾਜ ਦੇ ਢਾਂਚੇ ਨੂੰ ਕਿਸ ਤਰ੍ਹਾਂ ਬਦਲਣਾ ਹੈ। ਇਸ ਲਈ ਮੇਰੀ ਰਾਏ ਹੈ ਕਿ ਇਸ ਨੂੰ ਬਿਲਕੁਲ ਨਾਂ ਘਟਾਇਆ ਜਾਵੇ ।

ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ।

**ਗਿਆਨੀ ਅਰਜਨ ਸਿੰਘ ਲਿਟ** (ਕਿਲਾ ਰਾਇਪੁਰ): ਡਿਪਟੀ ਸਪੀਕਰ ਸਾਹਿਬ, ਅੱਜ ਇੱਕ ਬਹੁਤ ਅਹਿਮ ਰੈਜ਼ੋਲਿਊਸ਼ਨ ਕੈਮਿਊਨਿਸਟ ਪਾਰਟੀ ਵਲੋਂ ਇਥੇ ਪੇਸ਼ ਕੀਤਾ ਗਿਆ ਹੈ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸੀਂ ਆਪਣੀ ਔਲਾਦ ਉੱਤੇ ਬਹੁਤ ਸਾਰੇ ਗਲਤ ਇਲਜ਼ਾਮ ਲਗਾਉਂਦੇ ਹਾਂ। ਸਾਡੇ ਦੇਸ਼ ਦੀ ਇਹ ਪਰੰਪਰਾ ਹੈ ਕਿ ਬੱਚਾ ਪੈਦਾ ਹੋਣ ਤੋਂ ਪਹਿਲਾਂ ਸਾਰੀ ਜ਼ਿੰਮੇਂਵਾਰੀ ਮਾਂ ਤੇ ਆਉਂਦੀ ਹੈ। ਜਿਹੋ ਜਿਹਾ ਬੱਚਾ ਪੈਦਾ ਹੋਣ ਵੇਲੇ ਮਾਹੌਲ ਹੋਵੇਗਾ, ਉਸੀ ਤਰ੍ਹਾਂ ਦਾ ਬੱਚਾ ਹੋਵੇਗਾ। ਸ੍ਰੀ ਗੁਰੂ ਨਾਨਕ ਜੀ ਨੇ ਕਿਹਾ ਹੈ:

> "ਜਨਣੀ ਜਣੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ,
> ਨਹੀਂ ਤਾਂ ਜਨਣੀ ਬਾਂਝ ਰਹੇ ਕਾਹੇ ਗਵਾਏ ਨੂਰ"

ਉਸ ਤੋਂ ਉਪਰੰਤ ਜ਼ਿੰਮੇਂਵਾਰੀ ਉਸਤਾਦ ਤੇ ਆਉਂਦੀ ਹੈ। ਮਾਂ ਬਾਪ ਜਦੋਂ ਬੱਚਾ 6 ਸਾਲ ਦਾ ਹੋ ਜਾਂਦਾ ਹੈ ਤਾਂ ਉਸ ਨੂੰ ਉਸਤਾਦ ਦੇ ਸਪੁੱਰਦ ਕਰ ਦਿੰਦੇ ਹਨ। ਪਰ ਆਜ਼ਾਦੀ ਤੋਂ ਬਾਅਦ ਇਸ ਗਲ ਦਾ ਬਿਲਕੁਲ ਭੱਠਾ ਬੈਠ ਗਿਆ ਹੈ। ਉਸਤਾਦ ਉਸਤਾਦ ਨਹੀਂ ਰਹੇ ਅਤੇ ਸ਼ਗਿਰਦ ਸ਼ਗਿਰਦ ਨਹੀਂ ਰਹੇ। ਸਾਡੀ ਵਿਦਿਆ ਖ਼ੁਦਗਰਜ਼ੀ ਅਤੇ ਲਾਲਚ ਦੀ ਵਿਦਿਆ ਬਣ ਕੇ ਰਹਿ ਗਈ ਹੈ। ਬੱਚੇ ਨੂੰ ਕੋਈ ਸ਼ਿਖਸ਼ਾ ਨਹੀਂ ਦਿੱਤੀ ਜਾਂਦੀ ਕਿ ਉਸ ਨੇ ਦੇਸ਼ ਲਈ, ਕੌਮ ਲਈ ਕੀ ਕਰਨਾ ਹੈ। ਜਿਹੜੇ ਪੁਰਾਣੇ ਬਜ਼ੁਰਗ ਹਨ ਇਹ ਡਰਦੇ ਹਨ ਜੇ ਨੌਜਵਾਨ ਨੂੰ ਹੱਕ ਦੇ ਦਿੱਤਾ ਤਾਂ ਇਹ ਸਾਡੇ ਅਧਿਕਾਰ ਖੋਹ ਲੈਣਗੇ। ਤੁਹਾਡੇ ਸਾਹਮਣੇ ਦੀ ਮਿਸਾਲ ਹੈ ਕਿ ਭਾਵੇਂ ਮੁੰਡਾ ਬੁੱਢਾ ਹੋ ਜਾਵੇ ਪਰ ਉਸ ਨੂੰ ਜ਼ਮੀਨ ਵਿਚੋਂ ਕੋਈ ਹਿੱਸਾ ਨਹੀਂ ਦਿੱਤਾ ਜਾਂਦਾ ਸੀ। ਉਸ ਨੂੰ ਬਾਪ ਦੀ ਵਿਰਾਸਤ ਵਿਚੋਂ ਕੁਝ ਵੀ ਨਹੀਂ ਮਿਲਦਾ ਸੀ। ਇਸ ਗਲ ਤੋਂ ਬਜ਼ੁਰਗ ਡਰਦੇ ਹਨ ਕਿ ਕਿਤੇ ਨੌਜਵਾਨ ਸਾਡਾ ਹੱਕ ਨਾਂ ਖੋਹ ਲੈਣ। ਸੈਂਟਰ ਦੀ ਸਰਕਾਰ ਅਤੇ ਸਟੇਟਾਂ ਦੀਆਂ ਸਰਕਾਰਾਂ ਪਰਚਾਰ ਕਰਦੀਆਂ ਹਨ ਕਿ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਕੇਵਲ ਨੌਜਵਾਨ ਹੀ ਦੇਸ਼ ਦੀ ਰੱਖਿਆ ਕਰ ਸਕਦਾ ਹੈ, ਦੇਸ਼ ਦੀ ਭਲਾਈ ਕਰ ਸਕਦਾ ਹੈ। ਤਾਂ ਕੀ ਗਲ ਹੈ ਕਿ 18 ਸਾਲ ਦੇ ਨੌਜਵਾਨ ਨੂੰ ਵੋਟ ਦੇਣ ਦਾ ਹੱਕ ਨਾਂ ਦਿੱਤਾ ਜਾਵੇ। ਵੋਟ ਦਾ ਹੱਕ ਦੇਣ ਦੇ ਨਾਲ ਨਾਲ ਇਹ ਸਾਡੀ ਜ਼ਿੰਮੇਂਵਾਰੀ ਹੈ ਕਿ ਅਸੀਂ

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਨ ਸਿੰਘ ਲਿੱਟ]

ਨੌਜਵਾਨਾਂ ਨੂੰ ਰੋਜ਼ਗਾਰ ਵੀ ਦੇਈਏ। ਦਰਅਸਲ ਨੌਜਵਾਨਾਂ ਦੇ ਗੁਮਰਾਹ ਹੋਣ ਦਾ ਇਹੀ ਕਾਰਣ ਹੈ ਕਿ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਮਿਲਦਾ। ਜਿਹੜਾ ਨੌਜਵਾਨ ਤਕਨੀਕੀ ਵਿਦਿਆ ਪ੍ਰਾਪਤ ਕਰਦਾ ਹੈ, ਜਾਂ ਖੇਤੀਬਾੜੀ ਕਰਦਾ ਹੈ ਉਸ ਨੂੰ ਕੁਝ ਵੀ ਨਹੀਂ ਪੱਤਾ ਕੇ ਕੀ ਕਰਨਾ ਹੈ। ਪਿੱਛੇ ਜਿਹੇ ਲੈਂਡ ਸੀਲਿੰਗ ਦੇ ਮਸਲੇ ਤੇ ਬੜਾ ਰੌਲਾ ਪਿਆ ਪਰ ਇੱਕ ਮਰਲਾ ਜ਼ਮੀਨ ਵੀ ਇਸ ਨਾਲ ਨਹੀਂ ਨਿਕਲੀ।

"ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ,
ਜੋ ਚੀਰਾ ਤੋ ਇਕ ਕਤਰਾਏ ਖੂਨ ਨਿਕਲਾ"

**ਸ੍ਰੀ ਗੁਰਦਿਆਲ ਸੈਣੀ** : ਡਿਪਟੀ ਸਪੀਕਰ ਸਾਹਿਬ, ਕੀ ਇਹ 18 ਸਾਲ ਦੇ ਨੌਜਵਾਨ ਨੂੰ ਵੋਟ ਦੇਣ ਦੇ ਹੱਕ ਤੇ ਬੋਲ ਰਹੇ ਹਨ।

**ਗਿਆਨੀ ਅਰਜਨ ਸਿਘ ਲਿਟ** : ਮੈਂ ਇਹ ਅਰਜ ਕਰਦਾ ਹਾਂ ਕਿ ਅਸੀਂ 18 ਸਾਲ ਦੇ ਨੌਜਵਾਨ ਨੂੰ ਹੱਕ ਦੇਣ ਤੋਂ ਕਿਉਂ ਕਤਰਾਉਂਦੇ ਹਾਂ। ਸਾਡੀਆਂ ਬਹੁਤ ਸਾਰੀਆਂ ਜਿਮੇਂਵਾਰੀਆਂ ਹਨ ਪਰ ਅਸੀਂ ਉਨ੍ਹਾਂ ਦਾ ਅਹਿਸਾਸ ਨਹੀਂ ਕਰਦੇ। ਇੱਕ ਪਾਸੇ ਅਸੀਂ ਕਹਿੰਦੇ ਹਾਂ ਕਿ "ਜੈ ਜਵਾਨ ਜੈ ਕਿਸਾਨ" ਪਰ ਦੂਜੇ ਪਾਸੇ ਨੌਜਵਾਨਾਂ ਨੂੰ ਹੱਕ ਦੇਣ ਤੋਂ ਸੰਕੋਚ ਕਰਦੇ ਹਾਂ। ਸਹੀ ਮਾਨਿਆਂ ਵਿਚ ਦੇਸ਼ ਨੂੰ ਨੌਜਵਾਨ ਲੀਡਰਾਂ ਦੀ ਲੋੜ ਹੈ। ਲੀਡਰਾਂ ਦੇ ਕਰੈਕਟਰ ਨੀਵੇਂ ਹਨ। ਰੋਜ ਉਨ੍ਹਾਂ ਤੇ ਇਲਜ਼ਾਮ ਲਗਦੇ ਹਨ ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਕਿਸ ਤਰ੍ਹਾਂ ਬਰਦਾਸ਼ਤ ਕਰਦੇ ਹਨ। ਖੁਦ ਤਾਂ ਆਪਣੇ ਆਪ ਨੂੰ ਵੇਖਦੇ ਨਹੀਂ ਪਰ ਦੂਜਿਆਂ ਨੂੰ ਕੋਸਣਾ ਚਾਹੁੰਦੇ ਹਨ। ਬੇਰੁਜ਼ਗਾਰੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤਕਨੀਕੀ ਵਿਦਿਆ ਨੌਜਵਾਨਾਂ ਨੂੰ ਦਿਉ ਜਿਹੜੀ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਵਿਚ ਕੰਮ ਆਵੇ। ਅੰਗਰੇਜ਼ਾਂ ਨੇ ਜੋ ਵਿਦਿਆ ਚਲਾਈ ਸੀ ਉਸ ਦਾ ਕੋਈ ਫਾਇਦਾ ਨਹੀਂ।

**ਸ੍ਰੀ ਡਿਪਟੀ ਸਪੀਕਰ** : ਗਿਆਨੀ ਜੀ ਇਸ ਰੈਜ਼ੋਲਿਊਸ਼ਨ ਦਾ ਸਕੋਪ ਬੜਾ ਲਿਮਿਟਡ ਹੈ। (Giani ji, the scope of this resolution is very limited)

**ਗਿਆਨੀ ਅਰਜਨ ਸਿੰਘ ਲਿੱਟ** : ਬਸ ਜਨਾਬ ਮੈਂ ਖਤਮ ਹੀ ਕਰਦਾ ਹਾਂ। ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਮੇਰੀ ਇਹ ਪ੍ਰਾਰਥਨਾ ਹੈ ਕਿ 18 ਸਾਲ ਦੇ ਨੌਜਵਾਨ ਨੂੰ ਵੋਟ ਦਾ ਹੱਕ ਜ਼ਰੂਰ ਮਿਲਣਾ ਚਾਹੀਦਾ ਹੈ।

**ਸ੍ਰੀ ਗੁਰਦਿਆਲ ਸੈਣੀ** (ਜਲੰਧਰ ਉਤਰ) : ਡਿਪਟੀ ਸਪੀਕਰ ਸਾਹਿਬ, ਸਰਦਾਰ ਅੱਛਰਾ ਸਿੰਘ ਜੀ ਨੇ ਜਿਹੜਾ ਰੈਜ਼ੋਲਿਊਸ਼ਨ 18 ਸਾਲ ਦੇ ਨੌਜਵਾਨ ਨੂੰ ਵੋਟ ਪਾਉਣ ਦੇ ਹੱਕ ਬਾਰੇ ਪੇਸ਼ ਕੀਤਾ ਹੈ ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸੀ. ਪੀ. ਆਈ. ਅਤੇ ਅਕਾਲੀਆਂ ਦੇ ਖਿਆਲਾਤ ਬਿਲਕੁਲ ਇੱਕ ਦੂਜੇ ਨਾਲ ਮਿਲਦੇ ਜੁਲਦੇ ਹਨ। ਉਨ੍ਹਾਂ ਦੀ ਇੱਕੋ ਬੋਲੀ ਹੈ। ਸੀ. ਪੀ. ਆਈ. ਦੀ ਇਹ ਬੋਲੀ ਹੈ ਕਿ 18 ਸਾਲ ਦੇ ਨੌਜਵਾਨ ਨੂੰ ਵੋਟ ਪਾਉਣ ਦਾ ਅਖਤਿਆਰ ਦੇਣਾ ਚਾਹੀਦਾ ਹੈ। ਮੈਂ ਅਰਜ ਕਰਨਾ ਚਾਹੁੰਦਾ ਹਾਂ ਕਿ ਆਰ. ਐਸ. ਐਸ. ਦੇ ਵਰਕਰ ਵੀ ਇਹੀ ਬੋਲੀ ਬੋਲਦੇ ਸਨ। ਉਨ੍ਹਾਂ ਦੀ ਇਹ ਰਾਏ ਸੀ ਕਿ 18 ਸਾਲ ਦੇ ਨੌਜਵਾਨ ਨੂੰ ਵੋਟ ਪਾਉਣ ਦਾ ਹੱਕ ਲਾਜ਼ਮੀ ਤੌਰ ਤੇ ਦੇਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ** : ਤੁਹਾਡੇ ਕਾਂਗਰਸ ਵਾਲੇ ਵੀ ਕਈ ਇਸ ਦੇ ਹੱਕ ਵਿਚ ਬੋਲਦੇ ਹਨ। (Many Congressmen also speak in favour of it.)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੁਰਦਿਆਲ ਸੈਣੀ**: ਡਿਪਟੀ ਸਪੀਕਰ ਸਾਹਿਬ ਇਸ ਦਾ ਰਾਜ਼ ਕੀ ਹੈ। ਜਿਸ ਤਰ੍ਹਾਂ ਆਰ. ਐਸ. ਐਸ. ਵਾਲੇ ਇੱਕ ਛੋਟੇ ਬੱਚੇ ਨੂੰ ਗੁਮਰਾਹ ਕਰਕੇ, ਆਪਣੇ ਮਾਂ ਬਾਪ ਨਾਲ ਲੜਾ ਕੇ ਉਸ ਨੂੰ ਵਖਰਾ ਕਰ ਦਿੰਦੇ ਸਨ। ਇਸੇ ਤਰ੍ਹਾਂ ਹੀ ਕੋਮਿਊਨਿਸਟ ਵੀ ਬੱਚਿਆਂ ਨੂੰ ਗੁਮਰਾਹ ਕਰਕੇ ਅਤੇ ਬੱਚਿਆਂ ਨੂੰ ਮਾਂ ਬਾਪ ਨਾਲ ਲੜਾ ਕੇ ਆਪਣਾ ਕੰਮ ਸਿੱਧਾ ਕਰਦੇ ਹਨ। ਇਨ੍ਹਾਂ ਦੇ ਕੈਂਪ ਹਰ ਤਿੰਨ ਮਹੀਨਿਆਂ ਬਾਅਦ ਲਗਦੇ ਹਨ। ਇਹ ਛੋਟੇ ਛੋਟੇ ਬੱਚਿਆਂ ਨੂੰ ਗੁਮਰਾਹ ਕਰਦੇ ਹਨ।

ਜਿਸ ਤਰ੍ਹਾਂ ਆਰ. ਐਸ. ਐਸ. ਦੀ ਨੀਤੀ ਸੀ ਇਹ ਵੀ ਉਸ ਨੀਤੀ ਉਪਰ ਹੀ ਚਲ ਰਹੇ ਹਨ। ਇਨ੍ਹਾਂ ਦੀ ਪੜ੍ਹਾਈ ਲਖਾਈ ਇਹ ਹੈ ਕਿ ਉਹ ਵਿਆਹ ਵੀ ਨਾ ਕਰਾਉਣ। ਤੁਸੀਂ ਵੇਖ ਲਵੋ ਜਨਸੰਘ ਦੇ ਆਲ ਇੰਡੀਆ ਦੇ ਪਰਧਾਨ ਸ੍ਰੀ ਵਾਜਪਾਈ ਨੇ ਸ਼ਾਦੀ ਨਹੀਂ ਕਰਵਾਈ। ਇਨ੍ਹਾਂ ਦਾ ਮਕਸਦ ਤਾਂ ਇਹ ਹੈ ਕਿ ਨਾ ਨੌਜਵਾਨ ਘਰ ਦਾ ਰਹੇ ਅਤੇ ਨਾ ਘਾਟ ਦਾ। 18 ਸਾਲਾਂ ਦੇ ਬੱਚੇ ਦੀ ਪੜ੍ਹਾਈ ਕੰਪਲੀਟ ਨਹੀਂ ਹੁੰਦੀ। 16 ਜਾਂ 17 ਸਾਲਾਂ ਦੀ ਉਮਰ ਵਿਚ ਉਹ ਹਾਇਰ ਸੈਕੰਡਰੀ ਪਾਸ ਕਰਦਾ ਹੈ। ਛੇ ਸਾਲ ਦੀ ਉਮਰ ਵਿਚ ਉਹ ਦਾਖਲ ਹੁੰਦਾ ਹੈ। ਹਾਇਰ ਸੈਕੰਡਰੀ ਪਾਸ ਕਰਨ ਨਾਲ ਬੱਚਾ ਕੋਈ ਆਫੀਸਰ ਨਹੀਂ ਬਣ ਸਕਦਾ। ਬੀ. ਏ. ਪਾਸ 21 ਸਾਲ ਵਿਚ ਹੁੰਦੀ ਹੈ। ਅਤੇ ਬੀ. ਏ. ਪਾਸ ਕਰਨ ਪਿੱਛੋਂ ਹੀ ਕੋਈ ਆਈ. ਏ. ਐਸ. ਜਾਂ ਪੀ. ਸੀ. ਐਸ. ਅਫਸਰ ਬਣ ਸਕਦਾ ਹੈ। ਇਨ੍ਹਾਂ ਦਾ ਮਨਸ਼ਾ ਹੈ ਕਿ ਉਹ ਆਈ. ਏ. ਐਸ. ਅਫਸਰ ਨਾ ਬਣ ਸਕਣ ਅਤੇ ਜਾਂ ਕੋਈ ਹੋਰ ਪਾਸੇ ਉਪਰ ਨਾ ਉਠ ਸਕਣ। ਇਹ ਬੱਚਿਆਂ ਨਾਲ ਦੁਸ਼ਮਣੀ ਕਰ ਰਹੇ ਹਨ। ਇਨ੍ਹਾਂ ਦਾ ਖਿਆਲ ਹੈ ਕਿ 18 ਸਾਲਾਂ ਦੇ ਬੱਚੇ ਤੋਂ ਜਿਸ ਤਰ੍ਹਾਂ ਇਹ ਚਾਹੁਣ ਗਲਤ ਗਲਾਂ ਜਾਂ ਹੇਰਾ ਫੇਰੀਆਂ ਕਰਵਾ ਸਕਣ ਅਤੇ ਇਨ੍ਹਾਂ ਦਾ ਖਿਆਲ ਹੈ ਕਿ ਨੌਜਵਾਨਾਂ ਨੂੰ ਆਪਣੇ ਘਰ ਤੋਂ ਦੂਰ ਹੀ ਰਖਿਆ ਜਾਵੇ।

ਇਕ ਗਲ ਹੋਰ ਵੀ ਹੈ ਕਿ ਅਗਰ 18 ਸਾਲਾਂ ਦੇ ਨੌਜਵਾਨ ਨੂੰ ਵੋਟ ਪਾਉਣ ਦਾ ਅਧਿਕਾਰ ਦੇ ਕੇ ਉਨ੍ਹਾਂ ਨੂੰ ਬੇਰੁਜ਼ਗਾਰ ਰਹਿਣ ਦਿੱਤਾ ਜਾਵੇ ਕਿਉਂਕਿ ਉਹ ਨਾ ਚੰਗੀ ਤਰ੍ਹਾਂ ਪੜ੍ਹਾਈ ਹੀ ਕਰ ਸਕਣਗੇ ਅਤੇ ਉਚੇ ਉਠ ਸਕਣਗੇ। ਇਸ ਤਰ੍ਹਾਂ ਇਹ ਬੇਰੁਜ਼ਗਾਰੀ ਨੂੰ ਬੜਾਵਾ ਦੇਣਾ ਚਾਹੁੰਦੇ ਹਨ। ਇਨ੍ਹਾਂ ਨੇ ਇਸ ਦੇ ਬਾਰੇ ਵਿਚ ਹੁਣ ਹੀ ਦਸਿਆ ਹੈ ਕਿ ਇਹ ਕਿਹਾ ਗਿਆ ਹੈ ਕਿ ਸੀਲਿੰਗ ਬਿੱਲ ਦਾ ਕੋਈ ਫਾਇਦਾ ਨਹੀਂ ਹੋਇਆ ਹੈ। ਪਹਿਲਾਂ ਇਨ੍ਹਾਂ ਨੇ ਕਿਹਾ ਸੀ ਕਿ ਸੀਲਿੰਗ ਬਿਲ ਪਾਸ ਹੋ ਗਿਆ ਹੈ ਇਹ ਚੰਗਾ ਹੋਇਆ ਹੈ। ਪਰ ਹੁਣ ਇਹ ਕੋਮਿਊਨਿਸਟ ਪਾਰਟੀ ਇਸ ਤਰ੍ਹਾਂ ਦੀਆਂ ਗਲਾਂ ਕਰ ਰਹੀ ਹੈ। (ਵਿਘਨ) ਮੈਂ ਕਹਿੰਦਾ ਹਾਂ ਕਿ ਅਕਾਲੀਆਂ ਅਤੇ ਕੋਮਿਊਨਿਸਟਾਂ ਨੇ 25 ਸਾਲ ਦੇ ਬੱਚੇ ਨੂੰ ਇਸ ਤਰ੍ਹਾਂ ਦੀਆਂ ਗਲਾਂ ਕਰਕੇ ਗਰਿਸਤ ਜੀਵਨ ਤੋਂ ਵੀ ਦੂਰ ਰਖਣਾ ਹੈ। ਮੇਰਾ ਖਿਆਲ ਹੈ ਕਿ ਨੌਜਵਾਨਾਂ ਦੇ ਵੋਟ ਪਾਉਣ ਦੀ ਉਮਰ 21 ਸਾਲ ਵੀ ਘਟ ਹੈ ਇਹ 25 ਸਾਲ ਹੋਣੀ ਚਾਹੀਦੀ ਹੈ ਤਾਂ ਜੋ ਉਹ ਠੀਕ ਤਰ੍ਹਾਂ ਪੜ੍ਹਾਈ ਕਰਕੇ ਆਪਣੇ ਜੀਵਨ ਨੂੰ ਠੀਕ ਢੰਗ ਨਾਲ ਬਿਤਾ ਸਕੇ।

**चौधरी बल राम** (अबोहर) : डिप्टी स्पीकर साहिब, आज इस हाउस के सामने वोट देने की आयु को कम करने का प्रस्ताव है। डिप्टी स्पीकर साहिब, जैसे कि हम रोज की खबरों में देखते हैं उन में से कई बातें सच्ची होती हैं और कई बातें सच्ची नहीं होतीं। लेकिन जो हमारे धार्मिक ग्रंथ हैं जैसे कि वेद हैं उन में जो बातें लिखी हुई हैं वह आदि में भी सच्ची थीं, अब भी सच्ची हैं। इसी तरह ही मैं कहना चाहता हूं कि जिस तरह वेदों में लिखा है कि जीवन के चार आश्रम होते हैं। एक ब्रह्मचर्य आश्रम, दूसरा गृहस्थ आश्रम, तीसरा वानप्रस्थ और चौथा सन्यास आश्रम है।

Original with;
Punjab Vidhan Sabha
Digitized by;
Panjab Digital Library

**ਸਰਦਾਰ ਪੰਨਾ ਸਿੰਘ ਗੁਲਸ਼ਨ** : ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਇਕ ਕੁਰਪਸ਼ਨ ਆਸ਼ਰਮ ਵੀ ਬਣਾਇਆ ਹੈ। (ਹਾਸਾ) (ਵਿਘਨ)

**चौधरी बल राम** : डिप्टी स्पीकर साहिब, जब हम इन आश्रमों को भूल जाते हैं तो गलतियां होती हैं । वेदों ने लिखा है कि 25 साल के बाद गृहस्थ आश्रम शुरू होता है, अगर हम इस को न भूलें तो फैमिली पलैनिंग की आज जरूरत ही न पड़ती और यह दुनियां अपने आप ठीक तरह से चलती । पापूलेशन ऐक्सपलोयन न होता । इस लिए मैं कहता हूं कि अगर हम ग्रंथों में विश्वास रखते हैं तो जो बात वहां लिखी हुई है और वह सोच समझ कर लिखी हुई है उस पर हमें अमल करना चाहिये । हम ने यह देखना है कि हमारे बच्चों की किश्ती ठीक तरह से किनारे भी लगे । हम को यह देखना पड़ेगा कि जो बच्चा 18 साल की उम्र का पढ़ाई में लगा हुआ है उस के जीवन की किश्ती खड़ी है या आगे चल रही है । पालेटिक्स में उस की किश्ती किनारे नहीं लगती यह हमें सोचना पड़ेगा ।

मुझे पंचतन्त्र की एक कहानी याद आ गई है । चार दोस्तों ने पढ़ना शुरू किया । वह पढ़ाई में पारंगत हो गये । तीन तो पूरे पूरे उतर गये और एक बच्चा रह गया । उन तीनों ने सोचा कि अब हमें काम करना चाहिये । एक बोला कि हमें चौथे को भी साथ लेना चाहिये । लेकिन दूसरे ने कहा कि इस को घर रहना चाहिये । आखिरकार उन्हों ने उस को भी साथ ले लिया । वह घर से चले गये और बाहर जा कर एक वृक्ष के नीचे बैठ गये । एक कहने लगा कि मैं एक ऐसा सर्जन हूं कि इन हड्डियों का ढांचा बना दूं । दूसरा कहने लगा कि मैं इसको ऐसी शक्ल दूंगा कि यह मास्टर पीस बन जाएगा । तीसरा कहने लगा कि मेरे में ऐसी ताकत है कि मैं इस में जान डाल दूं । चौथा जो कि अभी तक चुप था और पढ़ा नहीं था वह बोला कि ऐसा न करना क्योंकि अगर इस ढांचे में जान डाल दी गई तो यह जो शेर की हड्डियां हैं यह जीवित शेर ही बन जाएगा और हमें खा जाएगा । दूसरे कहने लगे कि ऐसा नहीं हो सकता । इस लिये इसमें जान जरूर डालनी चाहिये । वह बोला कि अगर आपने बिल्कुल जान डालनी ही है तो मुझे इस वृक्ष पर चढ़ लेने दो ।

इसलिये यह ज़रूरी है कि थ्यूरी के साथ प्रैक्टीकल ज्ञान भी होना चाहिये । मैं ज्ञानी जी के साथ सहमत हूं लेकिन हम उन बच्चों को काबिल बनाएं कि वह हर तरह से आगे बढ़ सकें । वह देश का भविष्य हैं । देश की बागडोर उनके हाथ में आनी है । मैं ज्यादा और नहीं कहूंगा । लेकिन यह जरूर कहूंगा कि जिस तरह की शिक्षा हम उन को देना चाहते हैं वह देनी चाहिये ।

**ਭਗਤ ਗੁਰਾਂ ਦਾਸ ਹੰਸ** (ਸ਼ਾਮ ਚੁਰਾਸੀ ਐਸ. ਸੀ.): ਡਿਪਟੀ ਸਪੀਕਰ ਸਾਹਿਬ, ਜੋ ਰੈਜ਼ੋਲਿਊਸ਼ਨ ਪੇਸ਼ ਹੋਇਆ ਹੈ ਮੈਂ ਉਸ ਉਪਰ ਵਿਚਾਰ ਕਰਨ ਲਈ ਖੜਾ ਹੋਇਆ ਹਾਂ। ਸ੍ਰੀ ਬਲਰਾਮ ਜੀ ਨੇ ਦਸਿਆ ਹੈ ਕਿ ਬਚਿਆਂ ਨੂੰ ਸਿਖਿਆ ਚੰਗੀ ਦੇਣੀ ਅਤੇ ਉਚੀ ਸਿਖਿਆ ਦੇਣੀ ਬੜੀ ਜ਼ਰੂਰੀ ਹੈ। ਸਰਦਾਰ ਅਰਜਨ ਸਿੰਘ ਜੀ ਵੀ ਬੋਲੇ ਹਨ। ਬੱਚੇ ਨੂੰ ਅੱਛੀ ਸਿਖਿਆ ਦੇਣੀ ਮਾਤਾ ਪਿਤਾ ਦਾ ਫਰਜ਼ ਬਣਦਾ ਹੈ। ਡਿਪਟੀ ਸਪੀਕਰ ਸਾਹਿਬ ਮੇਰੀ ਬੇਨਤੀ ਹੈ ਕਿ ਵਿਧਾਨ ਬਨਾਉਣ ਵਾਲਿਆਂ ਨੇ ਬੜਾ ਸੋਚ ਸਮਝ ਕੇ ਵੋਟਰ ਦੀ 21 ਸਾਲ ਉਮਰ ਰਖੀ ਹੈ। ਉਨ੍ਹਾਂ ਨੇ ਵਿਧਾਨ ਬੜਾ ਸੋਚ ਸਮਝ ਕੇ ਬਣਾਇਆ ਹੈ।

Original with;
Punjab Vidhan Sabha
Digitized by;
Panjab Digital Library

ਮੈਨੂੰ ਇਸ ਗਲ ਦਾ ਫਖਰ ਹੈ ਕਿ ਵਿਧਾਨ ਬਨਾਉਣ ਵਾਲਾ ਡਾਕਟਰ ਅੰਬੇਦਕਰ ਇਕ ਹਰੀਜਨ ਸੀ। ਉਨ੍ਹਾਂ ਨੇ ਬੜੀ ਸੋਚ ਸਮਝ ਕੇ 21 ਸਾਲ ਦੀ ਉਮਰ ਰਖੀ ਹੈ। ਅਗਰ ਅਸੀਂ ਇਤਹਾਸ ਵੇਖੀਏ ਤਾਂ ਵੇਦਾਂ ਦੇ ਮੁਤਾਬਿਕ ਵੀ 25 ਸਾਲਾਂ ਤਕ ਪੜ੍ਹਨਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਸਾਨੂੰ ਕਈ ਮਿਸਾਲਾਂ ਮਿਲਦੀਆਂ ਹਨ। ਇਸ ਲਈ 25 ਸਾਲਾਂ ਤਕ ਵਿਦਿਆ ਪ੍ਰਾਪਤ ਕਰਨ ਦਾ ਸਮਾਂ ਹੈ। ਅਤੇ ਉਸ ਤੋਂ ਪਿੱਛੋਂ ਬੱਚਾ ਆਪਣੇ ਅਗਲੇ ਕਾਰ ਵਿਹਾਰ ਵਿਚ ਪੈ ਜਾਵੇ ਤਾਂ ਠੀਕ ਹੈ। ਬੱਚਿਆਂ ਨੂੰ ਠੀਕ ਤਰ੍ਹਾਂ ਨਾਲ ਵਿਦਿਆ ਦੇਣੀ ਚਾਹੀਦੀ ਹੈ। ਪਰ ਅੱਜ ਦੀ ਹਾਲਤ ਇਹ ਹੈ ਕਿ ਗਰੀਬ ਦੇ ਲੜਕੇ ਨੂੰ ਪਰ੍ਹੇ ਪਰ੍ਹੇ ਬਿਠਾ ਕੇ ਵਿਦਿਆ ਦਿੱਤੀ ਜਾਂਦੀ ਹੈ। ਜਿਹੜੇ ਸਿਖਿਅਕ ਹਨ ਉਨ੍ਹਾਂ ਦੇ ਜੀਵਨ ਵਿਚ ਵੀ ਕਮੀਂ ਆ ਗਈ ਹੈ ਅਤੇ ਜਿਹੜੇ ਮਾਸਟਰ ਹਨ ਉਨ੍ਹਾਂ ਦੇ ਜੀਵਨ ਵਿਚ ਵੀ ਕਮੀਂ ਆ ਗਈ ਹੈ। ਉਹ ਅਮੀਰਾਂ ਦੇ ਲੜਕਿਆਂ ਵਲ ਜ਼ਿਆਦਾ ਧਿਆਨ ਦਿੰਦੇ ਹਨ।

ਡਿਪਟੀ ਸਪੀਕਰ ਸਾਹਿਬ ਸਾਨੂੰ ਗੁਰੂਆਂ ਦੇ ਜੀਵਨ ਤੋਂ ਸਿਖਿਆ ਮਿਲਦੀ ਹੈ। ਉਨ੍ਹਾਂ ਨੇ ਆਜ਼ਾਦੀ ਲਈ ਸਰਬੰਸ ਲੁਟਾਇਆ। ਛੋਟੇ ਬਚੇ ਸ਼ਹੀਦ ਕਰਵਾਏ। ਇਥੇ ਵੋਟਾਂ ਦਾ ਸਵਾਲ ਨਹੀਂ। ਚਾਹੀਦਾ ਇਹ ਹੈ ਕਿ ਚੰਗੀ ਸਿੱਖਿਆ ਦਿਤੀ ਜਾਵੇ। ਚੰਗੀ ਸਿੱਖਿਆ ਕੀ ਹੈ? ਮੈਂ ਨੌਜਵਾਨਾਂ ਤੇ ਕੋਈ ਨੁਕਤਾਚੀਨੀ ਕਰਨ ਦੇ ਖਿਆਲ ਨਾਲ ਨਹੀਂ ਕਹਿ ਰਿਹਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਦੇ ਬਾਪ ਨੂੰ ਕੋਈ ਕੌੜਾ ਸ਼ਬਦ ਕਹਿ ਦਿਤਾ ਜਾਵੇ ਜਾਂ ਉਸਤਾਦ ਨੂੰ ਕੁਝ ਕਹਿ ਦਿਤਾ ਜਾਵੇ ਤਾਂ ਨੌਜਵਾਨ ਫੀਲ ਕਰਦਾ ਹੈ, ਐਜੀਟੇਸ਼ਨ ਕਰਦਾ ਹੈ, ਸਤਿਆ ਗ੍ਰਹਿ ਕਰਦਾ ਹੈ ਅਤੇ ਹੜਤਾਲ ਕਰਦਾ ਹੈ। ਪਰ ਦੂਜੇ ਪਾਸੇ ਅਸੀਂ ਕੀ ਵੇਖਦੇ ਹਾਂ ਕਿ ਨੌਜਵਾਨ ਲੜਕੇ ਲੜਕੀਆਂ ਐਸੀਆਂ ਥਾਵਾਂ ਤੇ ਜਿਥੇ ਕਿ ਸ਼ਰਾਬ ਗਾਂਜਾ ਜਾਂ ਚਰਸ ਚਲਦੀ ਹੈ ਕੀ ਕਰਦੇ ਹਨ? ਬਾਪ ਦੀ ਨਿੰਦਾ, ਹਰ ਕਿਸੇ ਦੀ ਨਿੰਦਾ ਨਸ਼ੇ ਵਿਚ ਕਰਦੇ ਹਨ ਅਤੇ ਫਿਰ ਕਹਿੰਦੇ ਹਨ 'ਦਮ ਮਾਰੋ ਦਮ' ਸੁਬਹ ਸ਼ਾਮ ਗਾਣਾ ਗਾਂਦੇ ਹਨ ਅਤੇ ਫਿਰ ਨਾਲ ਹੀ 'ਹਰੇ ਕ੍ਰਿਸ਼ਨ ਹਰੇ ਰਾਮ' ਕਹਿ ਦਿੰਦੇ ਹਨ। ਉਨ੍ਹਾਂ ਮਹਾਨ ਵਿਅਕਤੀਆਂ ਅਤੇ ਗੁਰੂਆਂ ਦਾ ਨਾਮ ਨਾਲ ਜੋੜਦੇ ਹਨ ਅਜ ਇਹ ਮਸਤ ਹੁੰਦੇ ਹਨ ਸ਼ਰਾਬ ਅਤੇ ਚਰਸ ਵਿਚ ਅਤੇ ਗੁਰੂਆਂ ਦਾ ਨਾਮ ਲੈਂਦੇ ਹਨ ਇਸ ਲਈ ਮੈਂ ਇਹ ਕਹਾਂਗਾ ਕਿ ਇਹ ਸਾਰਿਆਂ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਮਾਤਾ ਪਿਤਾ ਗੁਰੂ ਅਤੇ ਆਪਣੇ ਦੇਸ਼ ਪ੍ਰਤੀ ਸ਼ਰਧਾ ਆਣੀ ਚਾਹੀਦੀ ਹੈ। ਜੇਕਰ ਇਹ ਸਿਖਿਆ ਆ ਜਾਵੇ ਤਾਂ ਮੈਂ ਇਸ ਵਿਚ ਕੋਈ ਹਰਜ ਨਹੀਂ ਸਮਝਦਾ ਕਿ ਇਹ ਵੋਟ ਦੇਣ ਦੀ ਉਮਰ 18 ਸਾਲ ਤਾਂ ਕੀ ਬੇਸ਼ਕ ਘਟ ਕਰ ਦਿੱਤੀ ਜਾਵੇ। ਇਥੇ ਹੁਣੇ ਹੀ ਕਿਹਾ ਗਿਆ ਸੀ ਕਿ ਸਾਡਾ ਸਿਆਸੀ ਜੀਵਨ ਚੰਗਾ ਨਹੀਂ। ਕੁਰਪਸ਼ਨ ਹਰ ਪਾਸੇ ਵਧ ਰਹੀ ਹੈ ਤਾਂ ਕਿ ਜੇਕਰ 18 ਸਾਲ ਦੀ ਉਮਰ ਤਕ ਕਰ ਦਿਤੀ ਜਾਵੇ ਤਾਂ ਉਨ੍ਹਾਂ ਨੌਜਵਾਨਾਂ ਨੂੰ ਤੁਸੀਂ ਇਸ ਕੁਰਪਸ਼ਨ ਵਿਚ ਹਿੱਸੇਦਾਰ ਬਨਾਉਣਾ ਚਾਹੁੰਦੇ ਹੋ ਉਨ੍ਹਾਂ ਦਾ ਜੀਵਨ ਇਸ ਤਰ੍ਹਾਂ ਉਮਰ ਘਟ ਕਰਕੇ ਖਰਾਬ ਕਰਨਾ ਚਾਹੁੰਦੇ ਹੋ। ਅਸਾਨੂੰ ਤਾਂ ਇਹ ਯਤਨ ਕਰਨੇ ਚਾਹੀਦੇ ਹਨ ਕਿ ਨੌਜਵਾਨਾਂ ਦਾ ਜੀਵਨ ਚੰਗਾ ਹੋਵੇ ਅਤੇ ਕੀ ਉਨ੍ਹਾਂ ਨੂੰ ਸ੍ਰੀ ਰਾਮ ਚੰਦਰ ਜੀ ਜਾਂ ਸ੍ਰੀ ਕ੍ਰਿਸ਼ਨ ਜੀ ਜਾਂ ਲਵ ਅਤੇ ਕੁਸ਼ ਵਰਗੇ ਮਹਾਨ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸਿੱਖਿਆ ਮਿਲੇ ਕਿ ਉਹ ਮਾਤਾ ਪਿਤਾ ਅਤੇ ਗੁਰੂਆਂ ਦਾ ਆਦਰ ਅਤੇ ਸਤਿਕਾਰ ਕਰਨ। ਇਸੇ ਲਈ ਹੀ ਨੀਤੀਵਾਨਾਂ ਨੇ ਇਹ ਹਦਾਇਤ ਕੀਤੀ ਸੀ ਕਿ 25 ਸਾਲ ਤਕ ਪੜ੍ਹਾਈ ਕਰਨੀ ਚਾਹੀਦੀ ਹੈ ਅਤੇ 25 ਸਾਲ ਤੋਂ ਬਾਦ ਉਹ ਆਪਣਾ ਰਾਹ ਉਲੀਕ ਲੈਣ। ਕਿ ਉਸ ਨੇ ਡਾਕਟਰ ਬਣਨਾ ਹੈ ਜਾਂ ਪਰੋਫੈਸਰ ਬਣਨਾ ਹੈ ਜਾਂ ਕਿਸੇ ਟੈਕਨੀਕਲ ਸ਼ੋਬੇ ਵਿਚ ਜਾਣਾ ਹੈ ਅਤੇ ਇਸ ਤਰ੍ਹਾਂ ਉਚ ਸਿੱਖਿਆ ਪ੍ਰਾਪਤ ਕਰਕੇ ਦੇਸ਼ ਲਈ ਗੌਰਵ ਬਣ ਸਕੇ। ਅਸਾਨੂੰ ਨੌਜਵਾਨਾਂ ਦੇ ਜੀਵਨ ਨੂੰ ਚੰਗੇਰਾ ਬਨਾਣ ਦਾ ਪੂਰਾ ਪੂਰਾ ਯਤਨ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਕਹਾਣੀ ਯਾਦ ਆ ਗਈ ਹੈ ਕਿ ਅਰਜਨ ਮਹਾਨ ਧਨੁਸ਼ਧਾਰੀ ਅਤੇ ਸੂਰਵੀਰ ਹੋਇਆ ਹੈ। ਇਸ ਦੀ ਵੀਰਤਾ ਨੂੰ ਵੇਖ ਕੇ ਇਕ ਔਰਤ ਦੇ ਮਨ ਵਿਚ ਇਹ ਖਿਆਲ ਆਇਆ ਕਿ ਜੇਕਰ ਇਹ ਮੇਰੇ ਨਾਲ ਸ਼ਾਦੀ ਕਰ ਲਏ ਤਾਂ ਇਸ ਤਰ੍ਹਾਂ ਦਾ ਸੂਰਵੀਰ ਅਤੇ ਯੋਧਾ ਬਾਲਕ ਮੇਰੇ ਘਰ ਹੋ ਸਕਦਾ ਹੈ। ਇਸ ਖਿਆਲ ਨੂੰ ਲੈ ਕੇ ਉਹ ਜੰਗਲ ਵਿਚ ਚਲੀ ਗਈ ਜਿਥੇ ਕਿ ਅਰਜਨ ਦਾ ਨਿਵਾਸ ਸੀ ਅਤੇ ਰਾਤ ਨੂੰ 12 ਵਜੇ ਬੂਹਾ ਜਾ ਖੜਕਾਇਆ ਉਨ੍ਹਾਂ ਨੇ ਬੂਹਾ ਖੋਲ੍ਹ ਕੇ ਵੇਖਿਆ ਕਿ ਕੌਣ ਹੈ ਤਾਂ ਇਕ ਸੁੰਦਰ ਇਸਤਰੀ ਵੇਖ ਕੇ ਪੁਛਿਆ ਕਿ ਐਨੀ ਦੂਰ ਉਹ ਕਿਸ ਲਈ ਆਈ ਹੈ? ਤਾਂ ਉਸ ਔਰਤ ਨੇ ਇਹ ਕਿਹਾ ਕਿ ਮੈਂ ਇਸ ਕਰਕੇ ਆਈ ਹਾਂ ਕਿ ਤੇਰੇ ਨਾਲ ਸ਼ਾਦੀ ਜੇਕਰ ਹੋ ਜਾਵੇ ਤਾਂ ਤੇਰੇ ਵਰਗਾ ਪੁੱਤਰ ਮੇਰੇ ਘਰ ਪੈਦਾ ਹੋਵੇਗਾ। ਤਾਂ ਅਰਜਨ ਨੇ ਉੱਤਰ ਦਿੱਤਾ ਕਿ ਐਨਾ ਕਸ਼ਟ ਕਰਕੇ ਐਨੀ ਦੂਰ ਆਣ ਦੀ ਕੀ ਲੋੜ ਸੀ ? ਜੇਕਰ ਤੈਨੂੰ ਮੇਰੇ ਵਰਗਾ ਪੁੱਤਰ ਚਾਹੀਦਾ ਹੈ ਤਾਂ ਤੂੰ ਆਪਣਾ ਇਰਾਦਾ ਬਦਲ ਲੈ ਮੇਰੀ ਜ਼ਿਮੇਵਾਰ ਬਣ ਜਾ ਮੈਂ ਤੇਰਾ ਬੇਟਾ ਬਨੂੰ ਤੂੰ ਮੇਰੀ ਮਾਂ ਬਣ ਜਾ। ਇਰਾਦਾ ਤੇਰਾ ਹੈ ਤਾਂ ਮੇਰੇ ਸਿਰ ਤੇ ਹਥ ਰਖ ਦੇ ਅਤੇ ਮੇਰੀ ਮਾਂ ਬਣ ਜਾ ਅਤੇ ਮੈਨੂੰ ਆਪਣਾ ਪੁੱਤਰ ਬਣਾ ਲੈ" । ਇਸ ਤਰ੍ਹਾਂ ਦਾ ਆਦਰਸ਼ ਜੀਵਨ ਵਿਚ ਹੋਣਾ ਚਾਹੀਦਾ ਹੈ ਅਤੇ ਅਸਾਨੂੰ ਸਾਰਿਆਂ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਇਸ ਤਰ੍ਹਾਂ ਦਾ ਜੀਵਨ ਨੌਜਵਾਨਾਂ ਦਾ ਬਣਾਈਏ ।

ਇਹ ਤਾਂ ਅਸੀਂ ਮਤਾ ਲੈ ਆਉਂਦਾ ਹੈ ਕਿ ਵੋਟ ਦੇਣ ਦੀ ਉਮਰ 18 ਸਾਲ ਕਰ ਦਿੱਤੀ ਜਾਵੇ ਪਰ ਇਹ ਮਤਾ ਅਸੀਂ ਨਹੀਂ ਲਿਆਂਦਾ ਕਿ ਸਵੇਰ ਸ਼ਾਮ ਹਰ ਵਕਤ ਅਸਾਡੇ ਨੌਜਵਾਨ ਸਿਨਮੇ ਘਰਾਂ ਵਿਚ ਫਿਰਦੇ ਹਨ। ਸਵੇਰ 11 ਵਜੇ ਵੇਖ ਲਓ ਸਕੂਲ ਟਾਈਮ ਵਿਚ ਕਾਲਜ ਦੇ ਵਕਤ ਵਿਚ ਕਿਤਾਬਾਂ ਬਸਤੇ ਨਾਲ ਫੜੀ ਇਹ ਸਿਨਮੇ ਵਿਚ ਫਿਲਮਾਂ ਆ ਕੇ ਵੇਖਦੇ ਰਹਿੰਦੇ ਹਨ ਅਤੇ ਇਸ ਨਾਲ ਉਨ੍ਹਾਂ ਦੇ ਇਖਲਾਕ ਤੇ ਕਿੰਨਾ ਬੁਰਾ ਅਸਰ ਪੈ ਰਿਹਾ ਹੈ। ਇਸ ਗਲ ਨੂੰ ਰੋਕਣ ਦਾ ਯਤਨ ਕਰਨਾ ਚਾਹੀਦਾ ਸੀ ਅਤੇ ਇਸ ਤਰ੍ਹਾਂ ਦਾ ਮਤਾ ਲਿਆਉਣਾ ਚਾਹੀਦਾ ਹੈ ਤਾਂ ਕਿ ਅਸਾਡੀ ਕੌਮ ਦਾ ਅਤੇ ਨੌਜਵਾਨਾਂ ਦਾ ਕਲਿਆਣ ਹੋ ਸਕੇ। ਨੌਜਵਾਨ ਦੇਸ਼ ਦੇ ਸਤੂਨ ਹਨ ਅਸੀਂ ਤਾਂ ਅਜ ਨਹੀਂ ਤਾਂ ਕਲ ਚਲੇ ਜਾਣਾ ਹੈ ਅਤੇ ਦੇਸ਼ ਨੂੰ ਇਨ੍ਹਾਂ ਨੌਜਵਾਨਾਂ ਤੇ ਹੀ ਮਾਣ ਹੈ ਅਤੇ ਇਨ੍ਹਾਂ ਨੇ ਹੀ ਦੇਸ਼ ਦੀ ਵਾਗਡੋਰ ਸੰਭਾਲਣੀ ਹੈ। ਇਸ ਲਈ ਇਨ੍ਹਾਂ ਨੂੰ ਚੰਗੀ ਸਿੱਖਿਆ ਦੇਣ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਇਹ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਮਹਾਰਾਜ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਦਸੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ ਤੇ ਚਲਣ ਅਤੇ ਦੇਸ਼ ਲਈ ਗੌਰਵ ਪ੍ਰਾਪਤ ਕਰਨ।

**ਸਰਦਾਰ ਧੰਨਾ ਸਿੰਘ ਗੁਲਸ਼ਨ** (ਨਥਾਣਾ ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਹ ਲਿਖਿਆ ਹੈ ਕਿ ਪੰਜ ਸਾਲ ਦੀ ਆਯੂ ਤਕ ਪਾਲਨ ਪੋਸ਼ਨ ਮਾਤਾ ਪਿਤਾ ਨੇ ਕਰਨਾ ਹੈ ਬਾਲਕ ਸਮਝ ਕੇ ਫਿਰ ਜਦ 16 ਸਾਲ ਦਾ ਹੋ ਜਾਵੇ ਤਾਂ ਉਸ ਨੂੰ ਮਿਤਰ ਸਮਝਣਾ ਚਾਹੀਦਾ ਹੈ। ਨੀਤੀ ਵਿਚ ਇਸ ਗਲ ਦਾ ਜ਼ਿਕਰ ਆਂਦਾ ਹੈ ਕਿ ਇਸ ਆਯੂ ਵਿਚ ਉਸ ਨੂੰ ਮਿਤ੍ਰ ਸਮਝਿਆ ਜਾਵੇ ਅਤੇ ਤਾੜਨਾ ਠੀਕ ਨਹੀਂ। ਇਸ ਲਈ ਇਹ ਜਿਹੜਾ ਤੌਖਲਾ ਕੁਝ ਮਿਤਰਾਂ ਨੇ ਪਰਗਟ ਕੀਤਾ ਹੈ ਕਿ ਉਹ ਵਿਗੜ ਜਾਵੇਗਾ ਇਹ ਠੀਕ ਨਹੀਂ। (ਪ੍ਰਸੰਸ਼ਾ) ਜੇਕਰ ਇਹ ਪਖ ਹੀ ਲਿਆ ਜਾਵੇ ਤਾਂ ਉਹ 21 ਸਾਲ ਤਕ ਵੀ ਵਿਗੜ ਸਕਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਨੀਤੀ ਵਿਚ ਜ਼ਿਕਰ ਹੈ ਕਿ 16 ਸਾਲ ਦੀ ਉਮਰ ਤੇ ਉਸ ਨੂੰ ਮਿਤਰ ਸਮਝੋ ਇਹ ਠੀਕ ਹੈ ਅਤੇ ਇਸ ਲਈ ਵੋਟ ਦਾ ਹਕ 18 ਸਾਲ ਦੀ ਉਮਰ ਵਾਲੇ ਨੂੰ ਦੇਣਾ ਚਾਹੀਦਾ ਹੈ। ਫਿਰ ਇਕ ਹੋਰ ਪਖ ਇਹ ਹੈ ਕਿ 21 ਸਾਲ ਤਕ ਉਹ ਪੜਦਾ ਹੈ ਅਤੇ ਫਿਰ ਬੇਰੁਜ਼ਗਾਰ ਹੋ ਜਾਂਦਾ ਹੈ ਕਿਉਂਕਿ ਪੜ੍ਹਾਈ ਮੁਕਣ ਤੇ ਉਸ ਨੂੰ ਨੌਕਰੀ ਨਹੀਂ ਮਿਲਦੀ ਅਤੇ ਰੋਜ਼ਗਾਰ ਦੀ

Original with;
Punjab Vidhan Sabha
Digitized by;
Panjab Digital Library

ਭਾਲ ਵਿਚ ਫਿਰਦਾ ਹੈ ਅਤੇ ਇਸ ਪਰੇਸ਼ਾਨੀ ਨੂੰ ਦੂਰ ਕਰਨ ਲਈ ਜੀਵਨ ਦਾ ਆਪਣਾ ਰਸਤਾ ਇਖਤਿਆਰ ਕਰ ਲੈਂਦਾ ਹੈ। ਜੇਕਰ ਵੋਟ ਦਾ ਹਕ 18 ਸਾਲ ਵਿਚ ਹੀ ਦੇ ਦਿੱਤਾ ਜਾਵੇ ਤਾਂ ਪਰੇਸ਼ਾਨੀ ਘਟ ਸਕਦੀ ਹੈ ਅਤੇ ਉਸਾਰੀ ਦੇ ਕੰਮ ਵਲ ਉਸ ਦੀ ਰੁਚੀ ਨੂੰ ਮੋੜਿਆ ਜਾ ਸਕਦਾ ਹੈ।

ਦੇਸ਼ ਦੇ ਵੱਡੇ ਵੱਡੇ ਨੇਤਾ ਇਹ ਹਮੇਸ਼ਾਂ ਹੀ ਕਹਿੰਦੇ ਰਹਿੰਦੇ ਹਨ। ਅਸੈਂਬਲੀਆਂ ਵਿਚ ਅਤੇ ਪਾਰਲੀਮੈਂਟ ਵਿਚ ਜਦ ਇਲੈਕਸ਼ਨਾ ਹੁੰਦੀਆਂ ਹਨ ਤਾਂ ਵੀ ਕਹਿੰਦੇ ਹਨ ਕਿ ਨਵੇਂ ਖੂਨ ਨੂੰ ਦਾਖਲ ਕਰਨਾ ਚਾਹੀਦਾ ਹੈ ਤਾਂ ਕਿ ਲੋਕ ਰਾਜ ਦੀ ਨੀਤੀ ਵਿਚ ਪਲਟਾ ਆਵੇ, ਪਰ ਜਦ ਇਸ ਮਤੇ ਨੂੰ ਪੇਸ਼ ਕੀਤਾ ਗਿਆ ਹੈ ਤਾਂ ਕਾਂਗਰਸ ਵਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਹ ਠੀਕ ਨਹੀਂ। ਨੌਜਵਾਨ ਨੂੰ ਨਾਲ ਮਿਲਾ ਕੇ ਹੀ ਤੁਰਨਾ ਜ਼ਰੂਰੀ ਹੈ ਤਾਂ ਹੀ ਲੋਕ ਰਾਜ ਦੀਆਂ ਨੀਹਾਂ ਪੱਕੀਆਂ ਕੀਤੀਆਂ ਜਾ ਸਕਦੀਆਂ ਹਨ।

ਮੈਂ ਸਮਝਦਾ ਹਾਂ ਕਿ ਨੌਜਵਾਨਾਂ ਨੂੰ ਅਧਿਕਾਰ ਦਿੰਦਿਆਂ ਪਾਬੰਦੀ ਨਹੀਂ ਲਗਾਈ ਜਾ ਸਕਦੀ। ਇਹ ਨਹੀਂ ਕਿਹਾ ਜਾ ਸਕਦਾ ਕਿ ਪੜ੍ਹਾਈ ਵਿਚ ਕੋਈ ਰੁਕਾਵਟ ਪਏਗੀ। ਵੋਟ ਦਾ ਹਕ ਦੇਣਾ ਕੋਈ ਦੀਵਾਰ ਨਹੀਂ ਉਸ ਦੇ ਆਪਣੇ ਜੀਵਨ ਵਿਚ ਹੋਰ ਕਿੱਤੇ ਅਪਨਾਣ ਵਿਚ। ਇਸ ਲਈ ਸੈਣੀ ਸਾਹਿਬ ਦਾ ਤੌਖਲਾ ਠੀਕ ਨਹੀਂ।

ਵਿਦਿਆ ਪਰਾਪਤੀ ਦੇ ਖੇਤਰ ਵਿਚ ਨੌਜਵਾਨ ਦੀ ਰੁਚੀ ਅਨੁਸਾਰ ਹੀ ਰਾਹ ਉਲੀਕਿਆ ਜਾਂਦਾ ਹੈ। ਜਿਸ ਬਚੇ ਦੀ ਰੁਚੀ ਖੇਤੀ ਵਲ ਹੈ ਜਾਂ ਜਿਸ ਦੀ ਇੰਡਸਟਰੀ ਵਲ ਹੈ ਤਾਂ ਉਹੀ ਸਬਜੈਕਟ ਉਹ ਲੈ ਲੈਂਦਾ ਹੈ ਅਤੇ ਉਸਤਾਦ ਉਸ ਨੂੰ ਓਹੀ ਸਬਜੈਕਟ ਦੇ ਦਿੰਦੇ ਹਨ। ਇਸ ਲਈ 21 ਸਾਲ ਦਾ ਹੋਣਾ ਜਾਂ 18 ਸਾਲ ਦੇ ਹੋਣ ਵਿਚ ਕੋਈ ਫਰਕ ਨਹੀਂ। ਉਸ ਨੇ ਪੜ੍ਹਾਈ ਦਾ ਰਾਹ ਨਿਖੇੜ ਲਿਆ ਹੁੰਦਾ ਹੈ। ਇਸ ਲਈ ਇਹ ਕੋਈ ਰੁਕਾਵਟ ਨਹੀਂ ਕਿ ਉਮਰ ਵੋਟ ਦੇਣ ਦੀ ਕਿਉਂ ਘਟ ਕੀਤੀ ਜਾਵੇ।

ਸਾਡਾ ਲੋਕ ਰਾਜ ਹੈ ਅਤੇ ਲੋਕ ਤੰਤਰ ਦਾ ਤਕਾਜ਼ਾ ਹੈ ਕਿ ਜਦੋਂ ਵੀ ਕੋਈ ਬਾਲਗ 18 ਸਾਲ ਦਾ ਹੋ ਜਾਵੇ ਤਾਂ ਉਹ ਸਰਵਿਸ ਵਿਚ ਭਰਤੀ ਕੀਤਾ ਜਾਵੇ। ਜਦੋਂ ਕਿਸੇ ਨੇ ਆਪਣੀ ਜ਼ਮੀਨ ਦਾ ਇੰਤਕਾਲ ਕਰਾਉਣਾ ਹੁੰਦਾ ਹੈ ਤਾਂ ਉਸ ਨੂੰ ਕੋਰਟ ਵਿਚ ਪੁਛਿਆ ਜਾਂਦਾ ਹੈ ਕਿ ਕੀ ਤੇਰੀ ਉਮਰ 18 ਸਾਲ ਦੀ ਹੈ ? ਜੇ ਹੈ ਤਾਂ ਉਸ ਨੂੰ ਬਾਲਗ ਸਮਝਿਆ ਜਾਂਦਾ ਹੈ। ਇਸ ਲਈ ਵੋਟ ਦੇਣ ਦਾ ਅਧਿਕਾਰ ਵੀ ਹਰ ਬਾਲਗ਼ ਨੂੰ ਹੀ ਹੋਣਾ ਚਾਹੀਦਾ ਹੈ। ਸਾਨੂੰ ਬਦਲੇ ਹੋਏ ਯੁਗ ਮੁਤਾਬਿਕ ਡੈਮੋਕਰੇਟਿਕ ਅਤੇ ਆਰਥਕ ਢਾਂਚੇ ਨੂੰ ਦਰੁੱਸਤ ਰਖਣ ਲਈ, ਮੁਲਕ ਵਿਚ ਇਕ ਨਵਾਂ ਇਨਕਲਾਬ ਲਿਆਉਣ ਲਈ ਇਹ ਮਤਾ ਪਰਵਾਨ ਕਰ ਲੈਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** (ਗੜ੍ਹਸ਼ੰਕਰ): ਡਿਪਟੀ ਸਪੀਕਰ ਸਾਹਿਬ, ਮੈਂ ਇਸ ਰੈਜ਼ੋ-ਲਿਊਸ਼ਨ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਜਿਸ ਮਤੇ ਤੇ ਅਜ ਬਹਿਸ ਚਲ ਰਹੀ ਹੈ ਇਹ ਇਕ ਬੜਾ ਹੀ ਗੰਭੀਰ ਮਸਲਾ ਹੈ, ਇਸ ਤੇ ਕਾਂਗਰਸ ਪਾਰਟੀ ਨੂੰ ਵਿਸ਼ੇਸ਼ ਕਰਕੇ ਧਿਆਨ ਦੇਣਾ ਚਾਹੀਦਾ ਸੀ। ਪਰ ਜਿਸ ਤਰ੍ਹਾਂ ਉਨ੍ਹਾਂ ਦੇ ਵਿਚਾਰ ਆਏ ਉਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਕਾਂਗਰਸ ਪਾਰਟੀ ਨੂੰ ਆਪਣੇ ਆਪ ਨੂੰ ਹੀ ਖਤਰਾ ਲਗਦਾ ਹੈ, ਇਸ ਤਰ੍ਹਾਂ ਦੀਆਂ ਉਨ੍ਹਾਂ ਨੇ ਗਲਾਂ ਕੀਤੀਆਂ। ਉਨ੍ਹਾਂ ਦੀ ਜਮ-ਹੂਰੀਅਤ ਨੂੰ ਖਤਰਾ ਲਗਿਆ, ਉਨ੍ਹਾਂ ਦੀ ਆਪਣੀ ਕਲਚਰ ਨੂੰ ਖਤਰਾ ਲਗਿਆ ਅਤੇ ਇਸ ਤਰ੍ਹਾਂ ਦੀਆਂ ਦਲੀਲਾਂ ਉਨ੍ਹਾਂ ਨੇ ਇਕ ਦੂਜੇ ਤੋਂ ਬਾਅਦ ਦਿੱਤੀਆਂ ਇਹ ਇਕ ਬਹੁਤ ਹੀ ਅਜੀਬ ਜਿਹੀ ਗਲ ਹੈ। ਮੈਂ ਨਹੀਂ ਸਮਝਦਾ ਕਿ 18 ਸਾਲ ਦੇ ਬੰਦੇ ਨੂੰ ਜੇ ਵੋਟ ਪਾਉਣ ਦਾ ਅਧਿਕਾਰ ਦੇ ਦਿੱਤਾ ਜਾਵੇ ਤਾਂ ਕੀ ਤਬਾਹੀ ਹੋ ਜਾਵੇਗੀ, ਉਨ੍ਹਾਂ ਦੀ ਸਿਆਸਤ ਵਿਚ ਪਤਾ ਨਹੀਂ ਕਿਵੇਂ ਦੀਵਾਰ ਬਣਕੇ ਉਹ ਖੜ੍ਹਾ ਹੋਵੇਗਾ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਕੀ ਤੂਫਾਨ ਮਚ ਜਾਵੇਗਾ, ਇਹ ਗਲਾਂ ਮੈਨੂੰ ਉਨ੍ਹਾਂ ਦੀਆਂ ਸਮਝ ਨਹੀਂ ਆਉਂਦੀਆਂ। ਜੇ ਉਹ ਪੁਰਾਣੀ ਸਭਅਤਾ ਦੀ ਗਲ ਕਰਦੇ ਹਨ ਤਾਂ ਉਨ੍ਹਾਂ ਨੂੰ 25 ਸਾਲ ਦੀ ਉਮਰ ਦੇ ਵਿਚ ਅਧਿਕਾਰ ਦੇਣ ਲਈ ਕਹਿਣਾ ਚਾਹੀਦਾ ਸੀ, ਕਿਉਂਕਿ ਇਹ ਗਲ ਮਨੂਸਮਿਰਤੀ ਵਿਚ ਕਹੀ ਗਈ ਹੈ, ਇਹ ਅਜ ਤੋਂ ਕਈ ਹਜ਼ਾਰ ਸਾਲ ਪਹਿਲਾਂ ਦੀਆਂ ਗਲਾਂ ਕਹਿ ਕੇ ਹਕੀਕਤ ਨੂੰ ਝੁਠਲਾ ਨਹੀਂ ਸਕਦੇ। ਜਦੋਂ 18 ਸਾਲ ਦੀ ਉਮਰ ਦੇ ਵਿਚ ਤੁਸੀਂ ਉਸ ਨੂੰ ਘਰ ਬਾਰ ਦੇ ਮੁਆਮਲੇ ਵਿਚ ਸਿਆਣੇ ਸਮਝਦੇ ਹੋ ਅਤੇ ਹਰ ਤਰ੍ਹਾਂ ਦੇ ਇਖਤਿਆਰ ਦੇਂਦੇ ਹੋ, ਕੀ ਦੁਕਾਨਦਾਰੀ, ਕੀ ਸਰਵਿਸ ਤੇ ਕੀ ਖੇਤੀ-ਬਾੜੀ, ਸੰਸਾਰ ਦੀਆਂ ਹਰ ਗਲਾਂ ਵਿਚ ਉਸ ਨੂੰ ਸਿਆਣਾ ਸਮਝਦੇ ਹੋਏ ਬਾਲਗ ਕਰਾਰ ਦੇਂਦੇ ਹੋ ਤਾਂ ਰਾਈਟ ਆਫ ਵੋਟ ਦੇ ਮੁਆਮਲੇ ਵਿਚ 40–45 ਸਾਲ ਦੀ ਉਮਰ ਵਾਲੇ ਨੂੰ ਤਾਂ ਸਿਆਣਾ ਸਮਝਦੇ ਹੋ ਅਤੇ ਇਕ ਨੌਜਵਾਨ ਨੂੰ ਇਕ ਅਨਜਾਣ ਸਮਝਦੇ ਹੋ। ਪੁਰਾਣਾ ਯੁਗ ਸੀ ਜਦੋਂ ਇਕੋ ਇਕ ਟੈਕਸਲਾ ਯੂਨੀਵਰਸਿਟੀ ਸੀ ਪਰ ਅਜ ਦੇ ਯੁਗ ਵਿਚ ਵਿਦਿਆ ਨੇ ਸਾਇੰਸ ਨੇ ਇਤਨੀ ਤਰੱਕੀ ਕੀਤੀ ਹੈ ਕਿ ਅਜ ਦਾ ਨੌਜਵਾਨ ਚੰਦਰਮਾ ਤੱਕ ਪਹੁੰਚਦਾ ਹੈ ਬਦਲਾਂ ਨੂੰ ਛੋਹੰਦਾ ਹੈ ਜੰਗ ਵਿਚ ਧਰਤੀ ਤੇ ਆਪਣੇ ਦਿਲ-ਦਿਮਾਗ ਅਤੇ ਤਾਕਤ ਦੇ ਬਲ ਬੋਤੇ, ਧੱਕੇ ਨਾਲ ਉਸ ਨੇ ਕਬਜ਼ਾ ਕੀਤਾ। ਉਹ 18 ਸਾਲ ਦਾ ਭਰਤੀ ਹੋ ਕੇ ਜੰਗ ਲੜ ਸਕਦਾ ਹੈ। ਪਰ ਜਦੋਂ ਜਮਹੂਰੀਅਤ ਦਾ ਹਕ ਦੇਣ ਦਾ ਸਵਾਲ ਆਉਂਦਾ ਹੈ, ਜਦੋਂ ਉਸ ਨੇ ਜਨਤਾ ਦੀ ਸੇਵਾ ਦੇ ਵਿਚ ਹਿਸਾ ਪਾਉਣਾ ਹੁੰਦਾ ਹੈ ਤਾਂ ਉਸ ਨੂੰ ਪਰਪਕ ਨਹੀਂ ਸਮਝਿਆ ਜਾਂਦਾ। ਕਹਿੰਦੇ ਹੋ ਦੇਸ਼ ਗੁਮਰਾਹ ਹੋ ਜਾਵੇਗਾ, ਉਸ ਨੂੰ ਇਤਨੀ ਅਜੇ ਅਕਲ ਨਹੀਂ ਹੈ। ਕੀ ਕਾਂਗਰਸ ਪਾਰਟੀ ਪਿਛਲੀਆਂ ਇਲੈਕਸ਼ਨਾਂ ਦੀ ਗਲ ਭੁਲ ਗਈ ਜਦੋਂ ਹਜ਼ਾਰਾਂ ਨਹੀਂ ਬਲਕਿ ਲੱਖਾਂ ਨੌਜਵਾਨਾਂ ਨੇ ਇਨਸਿਪੀਰੇਟ ਹੋ ਕੇ ਅਲੈਕਸ਼ਨਾਂ ਵਿਚ ਆਪਣਾ ਇਰਾਦਾ ਵਿਖਾਇਆ ਸੀ। ਉਹ ਸਿਰਫ ਇਸ ਲਈ ਕਿ ਸ੍ਰੀਮਤੀ ਇੰਦਰਾ ਗਾਂਧੀ ਨੇ ਇਕ ਨਵਾਂ ਫਿਕਰਾ ਕਿਹਾ ਸੀ, ਸਿਰਫ ਵੰਗਾਰਨ ਲਈ, ਕਿਉਂਕਿ ਵਿਚੋਂ ਉਸ ਨਾਹਰੇ ਦੇ ਕੁਝ ਨਹੀਂ ਨਿਕਲਿਆ, ਉਹ ਫੋਕਾ ਨਾਹਰਾ ਸੀ, ਪਰ ਫੇਰ ਵੀ ਉਹ ਨੌਜਵਾਨ ਨੂੰ ਪਰਪਕ ਸਮਝਦੇ ਨਹੀਂ, ਭਾਵੇਂ ਉਹ ਐਫ. ਏ., ਬੀ. ਏ., ਕਿਉਂ ਨਾ ਪਾਸ ਕਰ ਲਵੇ, ਭਾਵੇ ਕਿਤਨਾ ਅਹਿਮ ਰੋਲ ਅਦਾ ਕਰਦਾ ਹੋਵੇ ਉਸ ਨੂੰ ਫੇਰ ਵੀ ਸਿਆਣਾ ਸਮਝਿਆ ਜਾਂਦਾ ਹੈ। ਕੁਝ ਬਜ਼ੁਰਗ ਕਹਿੰਦੇ ਹਨ ਕਿ ਇਹ ਸਿਨਮੇ ਵੇਖਦਾ ਹੈ, ਮੈਂ ਕਹਿੰਦਾ ਹਾਂ ਇਹ ਕੋਈ ਦਲੀਲ ਨਹੀਂ ਤੁਸੀਂ ਉਸ ਨੂੰ ਸਿਨਮੇ ਵਖਾਉਣੇ ਬੰਦ ਕਰ ਦੇਓ। ਪਰ ਇਹ ਨਹੀਂ ਕਿ ਉਸ ਨੂੰ ਉਸ ਦਾ ਬੇਸਿਕ ਅਧਿਕਾਰ ਹੀ ਨਾ ਦਿੱਤਾ ਜਾਵੇ। ਜਦੋਂ 18 ਸਾਲ ਦੀ ਉਮਰ ਵਿਚ ਤੁਸੀਂ ਆਪਣੇ ਪੁੱਤਰ ਨੂੰ ਬਾਲਗ਼ ਹੋਣ ਦਾ ਅਧਿਕਾਰ ਦੇ ਦਿੱਤਾ, ਉਹ ਹਰ ਤਰ੍ਹਾਂ ਦਾ ਮਾਲਕ ਹੈ, ਖੁਦ ਮੁਖਤਿਆਰ ਹੈ, ਉਸ ਨੂੰ ਤੁਹਾਡੀ ਜਾਇਦਾਦ ਮਿਲੇ ਤੁਹਾਡੀ ਵਿਰਾਸਤ ਦੇ ਸਾਰੇ ਹਕ ਮਿਲਣ ਇਹ ਕੀ ਕਾਰਨ ਹੈ ਕਿ ਉਹ ਸਿਆਸਤ ਵਿਚ ਹਿੱਸਾ ਪਾਉਣ ਦੇ ਅਧਿਕਾਰ ਤੋਂ ਅਸਮਰਥ ਰਹੇ। ਅਸਲ ਗਲ ਇਹ ਹੈ ਕਿ ਸਰਮਾਏਦਾਰੀ ਢਾਂਚੇ ਵਿਚ ਕੁਝ ਪਖ ਮਾਰੂ ਗਲਾਂ ਹਨ ਉਹ ਇਮ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਤੋਂ ਰੋਕਦੀਆਂ ਹਨ। ਜਿਹੜੇ 52–52 ਸਾਲ ਦੇ ਹਨ ਉਹੀ ਮੁੜ ਮੁੜ ਕੇ ਆਉਂਦੇ ਤੇ ਕੁਰਸੀਆਂ ਨੂੰ ਜਫਾ ਪਾਇਆ ਹੋਇਆ ਹੈ, ਉਹ ਆਪਣੀ ਪੁਜ਼ੀਸ਼ਨ ਆਪਣੇ ਆਪ ਛਡਣਾ ਨਹੀਂ ਚਾਹੁੰਦੇ ਅਤੇ ਨੌਜਵਾਨ ਨੂੰ ਅਗੇ ਨਹੀਂ ਆਉਣ ਦੇਣਾ ਚਾਹੁੰਦੇ। ਲੋਕ ਕਹਿੰਦੇ ਹਨ ਕਿ ਕਮਿਊਨਿਸਟ ਨੌਜਵਾਨਾਂ ਨੂੰ ਭੜਕਾਉਂਦੇ ਹਨ ਉਹ ਆਪਣੀ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ, ਪਰ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਅਸੀਂ ਇਸ ਲਈ ਕਹਿੰਦੇ ਹਾਂ ਕਿ ਸਾਡੀ ਵਿਚਾਰ-ਧਾਰਾ ਸਾਫ ਹੈ ਅਸੀਂ ਡਰਦੇ ਨਹੀਂ, ਕੋਈ ਵਕਤ ਆਉਣਾ ਹੈ ਜਦੋਂ ਉਨ੍ਹਾਂ ਲੋਕਾਂ ਨੂੰ ਮੂੰਹ ਦੀ ਖਾਣੀ ਪੈਣੀ ਹੈ।

**ਸ੍ਰੀ ਡਿਪਟੀ ਸਪੀਕਰ:** ਤੁਸੀਂ ਕਮਿਊਨਿਸਟ ਪਾਰਟੀ ਦਾ ਪਰਚਾਰ ਨਾ ਕਰੋ।
**(Please do not do propaganda in favour of the Communist Party)**

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਜੇ ਮੇਰੀ ਪਾਰਟੀ ਗੁਮਰਾਹ ਕਰਦੀ ਹੈ ਤਾਂ ਮੈਨੂੰ ਉਹ ਵੋਟ ਨਹੀਂ ਦੇਣਗੇ।

Original with;
Punjab Vidhan Sabha
Digitized by;
Panjab Digital Library

**Mr. Deputy Speaker** : Please be relevant.

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਮੈਂ ਅਜ ਦੇ ਨੌਜਵਾਨ ਨੂੰ ਵੰਗਾਰ ਕੇ ਕਹਿੰਦਾ ਹਾਂ ਕਿ ਤੁਸੀਂ ਦੇਸ਼ ਦੀ ਰਾਜਨੀਤੀ ਦੇ ਵਿਚ ਹਿਸਾ ਪਾਓ। ਇਸ ਤਰ੍ਹਾਂ ਦੀਆਂ ਗਲਾਂ ਭਾਵੇਂ ਅਮਰੀਕਾ ਵਾਲੇ ਵੀ ਕਰਦੇ ਹਨ ਕਿ ਅਸੀਂ ਚਾਹੁੰਦੇ ਹਾਂ ਨੌਜਵਾਨ ਉੱਚੇ ਉਠਣ, ਮੁਲਕ ਵਿਚ ਇਕੁਐਲਟੀ ਆਵੇ, ਕਿਉਂਕਿ ਉਹ ਕਹਿੰਦੇ ਹਨ ਸਾਡੇ ਵੀ ਜਮਹੂਰੀ ਨਜ਼ਾਮ ਹੈ, ਪਰ ਸਾਡਾ ਆਖੀਰ ਵਿਚ ਕਹਿੰਦੇ ਹਨ ਰਸਤਾ ਹੋਰ ਹੈ। ਉਹ ਕਹਿੰਦੇ ਹਨ ਕਿ ਤੁਹਾਨੂੰ ਰੋਟੀ ਵੀ ਦੇਵਾਂਗੇ ਤੁਹਾਡੀ ਤਾਲੀਮ ਲਈ ਰਹਿਨ-ਸਹਿਨ ਦੀ ਹਰ ਤਰ੍ਹਾਂ ਦੀ ਸਾਡੇ ਵਿਧਾਨ ਵਿਚ ਖੁਲ੍ਹ ਹੈ ਪਰ ਮੋੜ ਤੋੜ ਕੇ ਜਦੋਂ ਹਕ ਦੇਣ ਦਾ ਸਵਾਲ ਆਉਂਦਾ ਹੈ ਤਾਂ ਇਸ ਮਸਲੇ ਤੇ ਸਾਈਡ ਟਰੈਕ ਕਰ ਜਾਂਦੇ ਹਨ। ਇਹ ਜਿਹੜਾ ਰੈਜ਼ੋਲਿਊਸ਼ਨ ਪੇਸ਼ ਹੈ ਇਹ ਇਕ ਬੜੀ ਗੰਭੀਰ ਸਮਸਿਆ ਹੈ। ਭਾਵੇਂ ਬੜੇ ਬੜੇ ਮੁਲਕਾਂ ਦੇ ਵਿਚ ਆਜ਼ਾਦੀ ਹੈ ਅਸੀਂ ਵੀ ਕਹਿੰਦੇ ਹਾਂ ਹਮ ਭੀ ਆਜ਼ਾਦ ਹੈਂ ਪਰ 18 ਸਾਲ ਦੇ ਨੌਜਵਾਨ ਦੇ ਅਧਿਕਾਰ ਦੇਣ ਤੋਂ ਡਰਦੇ ਹਨ ਕਿ ਕਿਤੇ ਇਹ ਭਠਾ ਹੀ ਨਾ ਬਠਾ ਦੇਵੇ। ਸਾਡੀ ਤਾਂ ਹਜ਼ਾਰਾਂ ਸਾਲ ਦੀ ਪੁਰਾਣੀ ਸਭਤਾ ਹੈ, ਅਮਰੀਕਾ ਦੀ ਆਜ਼ਾਦੀ ਦਾ ਇਤਹਾਸ ਤਾਂ 3-4 ਸੌ ਸਾਲ ਦਾ ਪੁਰਾਣਾ ਹੈ, ਉਹ ਸਾਇੰਸ ਦੇ ਯੁਗ ਵਿਚ ਕਿਥੇ ਦੀ ਕਿਥੇ ਪਹੁੰਚ ਗਿਆ ਹੈ। ਜੇ ਅਸੀਂ ਪੁਰਾਣੀਆਂ ਰਵਾਇਤਾਂ ਤੇ ਹੀ ਚਲਦੇ ਰਹੇ ਤਾਂ ਅਸੀਂ ਪਹਿਲਾਂ ਹੀ ਉਸ ਦੇ ਨਤੀਜੇ ਬੜੇ ਭੈੜੇ ਤੇ ਭਿਆਨਕ ਵੇਖੇ ਹਨ, ਕੀ ਸਮਾਜੀ ਅਤੇ ਕੀ ਸਿਆਸੀ ਸਰਮਾਏਦਾਰ ਨਜ਼ਾਮ ਪੁਰਾਣੀਆਂ ਲੀਹਾਂ ਨੂੰ ਛਡਣਾ ਨਹੀਂ ਚਾਹੁੰਦਾ। ਜਿਵੇਂ ਘਰ ਦਾ ਬਜ਼ੁਰਗ ਆਪਣੇ ਬਚਿਆਂ ਨੂੰ ਭਾਵੇਂ ਘਰ ਦੇ ਸਾਰੇ ਧੰਦੇ ਚਲਦੇ ਹੋਣ, ਕਹਿੰਦਾ ਹੈ ਜੇ ਮੈਂ ਮਰ ਗਿਆ ਤਾਂ ਸਾਰਾ ਬੇੜਾ ਹੀ ਰੁੜ੍ਹ ਜਾਵੇਗਾ, ਇਹ ਕੰਮ ਕਾਰ ਮੇਰੇ ਕਰਕੇ ਹੀ ਚਲਦਾ ਹੈ, ਆਪ ਭਾਵੇਂ ਹਥ ਨਾ ਲਾਉਂਦਾ ਹੋਵੇ ਕਹਿੰਦਾ ਇਹੋ ਹੀ ਹੈ। ਇਹ ਆਦਤ ਹੀ ਬਣ ਗਈ ਹੈ ਉਹ ਕਹਿੰਦਾ ਹੈ ਜੇ ਮੈਂ ਨਾ ਰਿਹਾ ਆਉਣ ਵਾਲੀ ਫਸਲ ਘਟ ਜਾਣੀ ਹੈ ਭਠਾ ਹੀ ਬੈਠ ਜਾਣਾ ਹੈ। ਇਹ ਉਸ ਦਾ ਇਕ ਭੁਲੇਖਾ ਹੀ ਹੈ। ਮੈਂ ਸਮਝਦਾ ਹਾਂ ਅਜ ਦਾ 18 ਸਾਲ ਦਾ ਜਵਾਨ, ਉਸ ਪੁਰਾਣੇ ਬਜ਼ੁਰਗ ਨਾਲੋਂ ਕਿਤੇ ਸੁਚੱਜੇ ਢੰਗ ਨਾਲ ਸੋਚਦਾ ਹੈ, ਪਰ ਉਹ ਕਹਿੰਦਾ ਇਹੋ ਰਹਿੰਦਾ ਹੈ ਕਿ ਜੇ 18 ਸਾਲ ਦੇ ਬਚੇ ਨੂੰ ਅਧਿਕਾਰ ਦੇ ਦਿੱਤਾ ਤਾਂ ਸਮਾਜ ਦਾ ਭਠਾ ਹੀ ਬੈਠ ਜਾਣਾ ਹੈ, ਕਖ ਨਹੀਂ ਰਹਿਣਾ। ਮੈਂ ਕਹਿੰਦਾ ਹਾਂ ਕਿ ਜੇ ਦਲੀਲ ਦੇਣੀ ਹੈ ਤਾਂ ਇਸ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕਰੋ।

ਹੁਣ ਯੁਗ ਬਦਲਿਆ ਹੈ। ਨੌਜਵਾਨ ਸਿਆਣੇ ਹਨ। ਇਹ ਤੁਹਾਡੇ ਕੋਲ ਇਕ ਅਜਿਹੀ ਡੈਨੇਮਿਕ ਫੋਰਸ ਹੈ ਜਿਹੜੀ ਅਕਾਸ਼ਾਂ ਤੇ ਜਾ ਸਕਦੀ ਹੈ। ਇਸ ਨੂੰ ਉਸਾਰੀ ਢੰਗ ਨਾਲ ਵਰਤੋ। ਜਿਹੜੀ ਤੁਹਾਡੀ ਰਾਜਸੀ ਪਰਨਾਲੀ ਹੈ ਇਸ ਵਿਚ ਇਨ੍ਹਾਂ ਨੂੰ ਹਿੱਸੇਦਾਰ ਬਣਾਓ। ਹੁਣ ਮਨੂ ਸਮਿਰਤੀ ਦੀਆਂ ਗਲਾਂ ਭੁਲ ਜਾਓ ਅਤੇ ਜਿਹੜੀ ਚੰਗੀ ਚੀਜ਼ ਹੈ ਉਹ ਹੀ ਰਖੋ। ਇਸ ਲਈ ਮੇਰੀ ਇਹ ਨਿਮਰਤਾ ਸਹਿਤ ਬੇਨਤੀ ਹੈ ਖਾਸ ਕਰਕੇ ਕਾਂਗਰਸੀ ਭਰਾਵਾਂ ਅਗੇ ਬੇਨਤੀ ਹੈ ਕਿ ਚੰਗੇ ਪਾਸੇ ਵਲ ਤੁਰੋ ਅਤੇ ਇਹ ਵਿਧਾਨ ਵਿਚ ਤਰਮੀਮ ਕਰਾ ਲਓ। ਇਨਾਂ ਨੇ ਚੰਗੇ ਕਾਨੂੰਨ ਵੀ ਪਾਸ ਕੀਤੇ ਹਨ ਪਰ ਕੁਝ ਇਕ ਅਜਿਹੇ ਚੰਗੇ ਕਾਨੂੰਨ ਹਨ ਜਿਨ੍ਹਾਂ ਤੋਂ ਇਹ ਡਰਦੇ ਹਨ। ਜਿਵੇਂ ਕਿ ਸੀਲਿੰਗ ਦਾ ਬਿਲ ਹੈ। ਪਤਾ ਨਹੀਂ ਇਸ ਵਿਚੋਂ ਕੀ ਨਿਕਲਣਾ ਹੈ। ਪਤਾ ਨਹੀਂ ਪਾਸ ਹੋਣਾ ਹੈ ਕਿ ਨਹੀਂ। ਵੈਸੇ ਇਹ ਕਹਿੰਦੇ ਹਨ ਕਿ ਅਸੀਂ ਇੰਦਰਾ ਗਾਂਧੀ ਦੇ ਪਿਛੇ ਹਾਂ, ਸਮਾਜਵਾਦ ਲਿਆਉਣਾ ਹੈ ਪਰ ਜੇ ਜ਼ਮੀਨ ਦੀ ਹੱਦ 18 ਏਕੜ ਹੋ ਗਈ ਹੈ ਤਾਂ ਕਹਿੰਦੇ ਹਨ ਕਿ ਮਾਰੇ ਗਏ, ਲੁਟੇ ਗਏ। ਫਿਰ ਗਾਲ੍ਹਾਂ ਕਾਮਰੇਡਾਂ ਨੂੰ ਕਢਦੇ ਹਨ ਮੁਫਤ ਦੀਆਂ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ। 2-3 ਸਾਲ ਬਾਅਦ ਜਦੋਂ ਦਿਲੀ ਤੋਂ ਤਾਰਾਂ ਹਿਲੀਆਂ ਤਾਂ ਤੁਸੀਂ ਆਪ ਹੀ ਇਹ ਗਲ ਕਰ ਲੈਣੀ ਹੈ। ਫਿਰ ਇਹ ਕਾਨੂੰਨ ਤੁਸੀਂ ਕੋਈ ਨਹੀਂ ਬਣਾਉਣਾ ਤੁਸੀਂ ਤਾਂ ਕੇਵਲ ਰਿਕਮੈਂਡੇਸ਼ਨ ਹੀ ਕਰਨੀ ਹੈ। ਦਿੱਲੀ ਬੈਠੀ ਸਰਕਾਰ ਨੂੰ ਕਿ ਵੋਟ ਦਾ ਰਾਈਟ 18 ਸਾਲ ਤਕ ਦੇ ਨੌਜਵਾਨ ਨੂੰ ਹੋਣਾ ਚਾਹੀਦਾ ਹੈ। ਇਸ ਨਾਲ ਤਖਤ ਦਾ ਕੋਈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]
ਚੌਥਾ ਪਾਵਾ ਨਹੀਂ ਡਿਗਣ ਲਗਾ। ਐਵੇਂ ਤੇਗਾਂ ਵਾਹੁਣ ਦਾ ਕੋਈ ਲਾਭ ਨਹੀਂ। ਇਨ੍ਹਾਂ ਸ਼ਬਦਾਂ ਨਾਲ ਡਿਪਟੀ ਸਪੀਕਰ ਸਾਹਿਬ ਮੈਂ ਬੈਠਦਾ ਹਾਂ।

**ਸਰਦਾਰ ਬੇਅੰਤ ਸਿੰਘ (ਪਾਇਲ)**: ਡਿਪਟੀ ਸਪੀਕਰ ਸਾਹਿਬ, ਕਾਮਰੇਡ ਅਛਰਾ ਸਿੰਘ ਜੀ ਨੇ ਹਾਊਸ ਵਿਚ ਅਜ ਇਕ ਬਹੁਤ ਜ਼ਰੂਰੀ ਸਵਾਲ ਉਠਾਇਆ ਹੈ। ਪਤਾ ਨਹੀਂ ਕੈਨੇਡੀਅਨ ਸਾਹਿਬ ਨੂੰ ਇਹ ਸ਼ਕ ਕਿਸ ਤਰ੍ਹਾਂ ਪੈ ਗਿਆ ਹੈ ਕਿ ਇਧਰ ਬੈਠੇ ਹੋਏ ਮੈਂਬਰ ਘਟ ਪ੍ਰੋਗ੍ਰੈਸਿਵ ਹਨ। ਅਜ ਇਹ ਖੁਲ ਹੈ ਕਿ ਹਰ ਕੋਈ ਆਪਣੇ ਵਿਚਾਰਾਂ ਦਾ ਅਜ਼ਾਦੀ ਨਾਲ ਪ੍ਰਗਟਾ ਕਰੇ।

ਅਜ ਇਸ ਗਲ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਅਜ ਦਾ ਨੌਜਵਾਨ ਜਾਗਦਾ ਹੈ। ਇਹ ਨੌਜਵਾਨਾਂ ਦਾ ਮਸਲਾ ਸਿਰਫ਼ ਹਿੰਦੁਸਤਾਨ ਦਾ ਹੀ ਨਹੀਂ ਹੈ ਸਗੋਂ ਸਾਰੀ ਦੁਨੀਆਂ ਵਿਚ ਇਹ ਮਸਲਾ ਚਲ ਰਿਹਾ ਹੈ। ਪਿਛੇ ਜਿਹੇ ਅਮਰੀਕਾ ਵਿਚ ਪ੍ਰੈਜ਼ੀਡੈਂਸ਼ਲ ਚੋਣਾਂ ਹੋਈਆਂ ਸੀ ਤਾਂ ਮੈਂ ਬਹੁਤ ਸਾਰੀਆਂ ਫੋਟੋ ਦੇਖੀਆਂ ਅਤੇ ਇਕ ਵਾਰ ਟੈਲੀਵੀਜ਼ਨ ਵੀ ਦੇਖਣ ਦਾ ਇਤਫਾਕ ਹੋਇਆ ਤਾਂ ਮੈਂ ਦੇਖਿਆ ਕਿ ਨਿਕਸਨ ਜੋ ਪ੍ਰਧਾਨ ਚੁਣੇ ਗਏ ਅਤੇ ਜਿਹੜੇ ਦੂਜੇ ਉਮੀਦਵਾਰ ਸੀ ਉਨ੍ਹਾਂ ਦੇ ਦੁਆਲੇ ਆਮ ਤੌਰ ਤੇ ਨੌਜਵਾਨ ਮੁੰਡੇ ਕੁੜੀਆਂ ਹੀ ਹੁੰਦੀਆਂ ਸੀ ਅਤੇ ਉਹ ਹੀ ਉਨ੍ਹਾਂ ਦਾ ਜਲੂਸ ਆਦਿ ਕਢਦੇ ਸਨ। ਇਸ ਗਲ ਤੋਂ ਇਹ ਸਾਬਤ ਹੁੰਦਾ ਹੈ ਕਿ ਅਜ ਅਮਰੀਕਾ ਦਾ ਨੌਜਵਾਨ ਰਾਜਨੀਤੀ ਵਿਚ ਵੀ ਮੂਹਰੇ ਆ ਰਿਹਾ ਹੈ। ਇਸੇ ਤਰ੍ਹਾਂ ਇੰਗਲੈਂਡ ਵਿਚ ਚੋਣਾਂ ਹੋਈਆਂ ਤਾਂ ਕੰਜ਼ਰਵੇਟਿਵ ਪਾਰਟੀ ਦੇ ਮਿਸਟਰ ਹੀਥ ਪ੍ਰਾਈਮ ਮਨਿਸਟਰ ਬਣੇ ਤਾਂ ਉਨ੍ਹਾਂ ਦਾ ਜਲੂਸ ਵੀ ਜਿਨ੍ਹਾਂ ਨੇ ਕਢਿਆ ਉਨ੍ਹਾਂ ਵਿਚ ਬਹੁਤੇ ਨੌਜਵਾਨ ਮੁੰਡੇ ਕੁੜੀਆਂ ਹੀ ਸੀ। ਇਸ ਤੋਂ ਇਹ ਪਤਾ ਲਗਦਾ ਹੈ ਕਿ ਸਾਰੀ ਦੁਨੀਆਂ ਦਾ ਨੌਜਵਾਨ ਅਜ ਬੇਦਾਰ ਹੋ ਗਿਆ ਹੈ।

ਹਿੰਦੁਸਤਾਨ ਵਿਚ ਡੈਮੋਕ੍ਰੇਸੀ ਦਾ ਇਕ ਤਜਰਬਾ ਹੋ ਰਿਹਾ ਹੈ। ਇੰਨਾਂ ਵੱਡਾ ਤਜਰਬਾ ਹੋਰ ਕਿਸੇ ਮੁਲਕ ਵਿਚ ਨਹੀਂ ਹੋ ਰਿਹਾ। ਕਮਿਊਨਿਸਟ ਕੰਟਰੀਜ਼ ਵਿਚ ਵੀ ਨਹੀਂ ਭਾਵੇਂ ਉਹ ਰਸ਼ੀਆ ਹੋਵੇ ਜਾਂ ਚਾਈਨਾ। ਉਥੇ ਦੇ ਲੋਕਾਂ ਨੂੰ ਫਰੈਂਚਾਈਜ਼ ਦਾ ਇਤਨਾ ਅਧਿਕਾਰ ਨਹੀਂ ਹੈ ਜਿਤਨਾ ਕਿ ਲੋਕਾਂ ਨੂੰ ਹਿੰਦੁਸਤਾਨ ਵਿਚ ਹੈ। ਹਿੰਦੁਸਤਾਨ ਵਿਚ ਹਰ ਬੰਦੇ ਨੂੰ ਵੋਟ ਦਾ ਅਧਿਕਾਰ ਹੈ ਭਾਵੇਂ ਉਹ ਵੱਡਾ ਹੈ ਜਾਂ ਛੋਟਾ ਭਾਵੇਂ ਉਹ ਕੋਈ ਵੀ ਧੰਧਾ ਕਰਦਾ ਹੈ। ਸਾਰਿਆਂ ਨੂੰ ਇਸ ਕਾਂਗਰਸ ਦੀ ਸਰਕਾਰ ਨੇ ਵੋਟ ਦਾ ਹਕ ਦਿੱਤਾ ਹੈ। ਇਸ ਵਿਚ ਕੋਈ ਰੁਕਾਵਟ ਨਹੀਂ ਹੈ। ਮੈਂ ਸਮਝਦਾ ਹਾਂ ਕਿ ਅੰਗਰੇਜ਼ਾਂ ਨਾਲੋਂ ਇਹ ਹਕ ਬਹੁਤ ਜ਼ਿਆਦਾ ਲੋਕਾਂ ਨੂੰ ਦਿੱਤਾ ਗਿਆ ਹੈ। ਅੰਗਰੇਜ਼ਾਂ ਦੇ ਵਕਤ ਸਿਰਫ ਕੁਝ ਇਕ ਜਗੀਰਦਾਰਾਂ ਜਾਂ ਪੜੇ ਲਿਖੇ ਬੰਦਿਆਂ ਨੂੰ ਹੀ ਵੋਟ ਦਾ ਹੱਕ ਦਿੱਤਾ ਜਾਂਦਾ ਸੀ, ਪਰ ਹੁਣ ਸਾਰਿਆਂ ਨੂੰ ਹੈ। ਪਰ ਫਿਰ ਵੀ ਮੈਂ ਇਹ ਕਹਾਂਗਾ ਕਿ ਅਜੇ ਸਾਡੇ ਵਿਚ ਇਸ ਗਲ ਦੀ ਪੂਰੀ ਜਾਗਰਿਤੀ ਨਹੀਂ ਆਈ ਕਿ ਵੋਟ ਦਾ ਇਸਤੇਮਾਲ ਕਿਸ ਤਰ੍ਹਾਂ ਕਰਨਾ ਹੈ। ਮੈਂ ਇਸ ਬਾਰੇ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਮੇਰਾ ਹਲਕਾ ਪਹਿਲਾਂ ਪਟਿਆਲੇ ਵਿਚ ਹੁੰਦਾ ਸੀ। ਪਿਛਲੀਆਂ ਚੋਣਾਂ ਵਿਚ ਮੈਂ ਇਕ ਬਜ਼ੁਰਗ ਨੂੰ ਪੁਛਿਆ ਕਿ ਵੋਟ ਕਿਸ ਨੂੰ ਪਾਉਣੀ ਹੈ ਤਾਂ ਉਸ ਨੇ ਜਵਾਬ ਦਿੱਤਾ ਕਿ ਸਾਡੇ ਹਲਕੇ ਵਿਚ ਇਕ ਮਹਾਰਾਜੇ ਦਾ ਰਿਸ਼ਤੇਦਾਰ ਖੜਾ, ਹੈ ਉਸ ਨੂੰ ਵੋਟ ਪਾਉਣੀ ਹੈ, ਜਦੋਂ ਮੈਂ ਇਸ ਦਾ ਕਾਰਣ ਪੁਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਹੋ ਸਕਦਾ ਹੈ ਕਿ ਇਸ ਨਾਲ ਹੀ ਰਾਜੇ ਦਾ ਕੁਝ ਭਲਾ ਹੋ ਜਾਵੇ। ਸੋ ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਅਜੇ ਵੀ ਲੋਕਾਂ ਦੇ ਮਨਾਂ ਵਿਚ ਵੋਟ ਪਾਉਣ ਲਈ ਰੀਜ਼ਰਵੇਸ਼ਨਜ਼ ਹਨ। ਇਸ ਲਈ ਨਵੇਂ ਬਦਲੇ ਹਾਲਾਤ ਦੇ ਮੁਤਾਬਕ ਜ਼ਰੂਰੀ ਹੈ ਕਿ ਵੋਟਾਂ ਦਾ ਹੱਕ ਉਨ੍ਹਾਂ ਨੌਜਵਾਨਾਂ ਨੂੰ ਦਿੱਤਾ ਜਾਵੇ ਜਿਨ੍ਹਾਂ ਵਿਚ ਇਨ੍ਹਾਂ ਬਜ਼ੁਰਗਾਂ ਤੋਂ ਵਧੇਰੇ ਸਮਝ ਹੈ। ਇੰਗਲੈਂਡ ਤੋਂ ਆਏ ਲੋਕਾਂ ਨੇ ਦਸਿਆ ਹੈ ਕਿ ਉਥੇ ਬੜੇ ਅਮਨ ਅਮਾਨ ਨਾਲ ਚੋਣਾਂ ਹੁੰਦੀਆਂ ਹਨ। ਉਮੀਦਵਾਰ ਇਕ ਗਡੀ ਵਿਚ ਬੈਠ ਕੇ ਲੋਕਾਂ ਦੇ ਘਰ ਵਿਚ ਇਸ਼ਤੇਹਾਰ ਸੁਟ ਦਿੰਦੇ ਹਨ ਅਤੇ ਲੋਕਾਂ ਨੇ ਲੇਬਰ ਪਾਰਟੀ ਜਾਂ

Original with;
Punjab Vidhan Sabha
Digitized by;
Panjab Digital Library

ਕੰਜ਼ਰਵੇਟਿਵ ਪਾਰਟੀ, ਜਿਸ ਨੂੰ ਵੀ ਵੋਟ ਪਾਉਣੀ ਹੋਵੇ ਪਾ ਦਿੰਦੇ ਹਨ। ਪਰ ਇਥੇ ਹਿੰਦੁਸਤਾਨ ਵਿਚ ਕੀ ਹੋ ਰਿਹਾ ਹੈ। ਇਥੇ ਪੈਸਿਆਂ ਤੋਂ ਬਿਨਾਂ ਕੰਮ ਨਹੀਂ ਚਲਦਾ। ਲੋਕ ਸ਼ਰਾਬਾਂ ਪਿਲਾ ਕੇ ਵੋਟਾਂ ਖਰੀਦ ਲੈਂਦੇ ਹਨ। ਲੋਕਾਂ ਨੂੰ ਪਤਾ ਨਹੀਂ ਹੁੰਦਾ ਕਿ ਇਸ ਇਕਤਸਾਦੀ ਪ੍ਰੋਗਰਾਮ ਵਿਚ ਵੋਟ ਕਿਸ ਨੂੰ ਪਾਉਣੀ ਚਾਹੀਦੀ ਹੈ। ਜਦੋਂ ਇਹੋ ਜਿਹਾ ਮਾਹੌਲ ਪੈਦਾ ਹੋ ਜਾਵੇ ਤਾਂ ਇਹ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਅਗੇ ਲਿਆਂਦਾ ਜਾਵੇ ਜਿਹੜੇ ਕਿ ਅਜਿਹੇ ਹਥਕੰਡਿਆਂ ਵਿਚ ਨਾ ਫਸਣ ਤਾਂ ਇਸ ਵਿਚ ਮੈਂ ਸਮਝਦਾ ਹਾਂ ਕਿ ਕੋਈ ਹਰਜ਼ ਵਾਲੀ ਗਲ ਨਹੀਂ ਹੋਵੇਗੀ। ਮੈਂ ਦੇਖਿਆ ਹੈ ਕਿ ਸਾਡੇ ਘਰਾਂ ਵਿਚ ਜੋ ਮਾਂ ਬਾਪ ਹਨ ਉਹ ਆਪਣੇ ਬਚਿਆਂ ਨੂੰ ਇਤਨਾ ਖਿਚ ਕੇ ਰਖਦੇ ਹਨ ਕਿ ਜਿਧਰ ਉਨ੍ਹਾਂ ਦੀ ਮਰਜ਼ੀ ਹੁੰਦੀ ਹੈ ਉਧਰ ਹੀ ਉਨ੍ਹਾਂ ਦੇ ਬੱਚੇ ਵੀ ਵੋਟ ਪਾਉਂਦੇ ਹਨ, ਸਾਡੇ ਘਰਾਂ ਵਿਚ ਬੁਢੇ ਬੁਢੀਆਂ ਅਤੇ ਹੋਰ ਉਹ ਛੋਟੀ ਉਮਰ ਦੇ ਲੋਕ ਵੀ ਜੋ ਕਿ ਮਾਂ ਬਾਪ ਬਣ ਚੁਕੇ ਹਨ, ਆਪਣੇ ਬਚਿਆਂ ਨੂੰ ਕਿਸੇ ਕਿਸਮ ਦੀ ਅਜ਼ਾਦੀ ਦੇ ਕੇ ਰਾਜ਼ੀ ਨਹੀਂ ਹਨ। ਅਜ ਯੂਨੀਵਰਸਿਟੀਜ਼ ਵਿਚ ਐਜੀਟੇਸ਼ਨਜ਼ ਚਲ ਰਹੀਆਂ ਹਨ। ਇਨ੍ਹਾਂ ਦਾ ਕਾਰਣ ਕੀ ਹੈ? ਇਨ੍ਹਾਂ ਦਾ ਕਾਰਣ ਮਾਯੂਸੀ ਹੈ। ਇਸ ਮਾਯੂਸੀ ਦਾ ਕਾਰਣ ਉਨ੍ਹਾਂ ਦੀ ਐਜੂਕੇਸ਼ਨ ਦਾ ਢਾਂਚਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਤਾਲੀਮੀ ਢਾਂਚੇ ਵਿਚ ਤਬਦੀਲੀ ਕਰਨੀ ਚਾਹੀਦੀ ਹੈ। ਭਾਵੇਂ ਜਦੋਂ ਉਹ 15-16 ਸਾਲ ਦੇ ਹੋਣ ਤਾਂ ਉਨ੍ਹਾਂ ਦਾ ਸਾਈਕਾਲੋਜਿਕਲੀ ਟੈਸਟ ਹੋਣਾ ਚਾਹੀਦਾ ਹੈ। ਇਸ ਲਈ ਹਰ ਸਕੂਲ ਵਿਚ ਸਾਈਕਾਲੋਜਿਸਟ ਰਖੇ ਜਾਣੇ ਚਾਹੀਦੇ ਹਨ। ਉਹ ਦਸਣ ਕਿ ਕਿਸ ਬਚੇ ਨੂੰ ਟੈਕਨੀਕਲ ਲਾਈਨ ਦੀ ਟਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ ਅਤੇ ਕਿਸ ਬੱਚੇ ਨੂੰ ਯੂਨੀਵਰਸਿਟੀ ਦੀ ਸਿਖਿਆ ਦੇਣੀ ਚਾਹੀਦੀ ਹੈ। ਹਰ ਬੱਚੇ ਨੂੰ ਕਾਲਜ ਵਿਚ ਨਹੀਂ ਭੇਜਣਾ ਚਾਹੀਦਾ। ਕੇਵਲ ਉਹ ਜੀਨੀਅਸ ਵਿਦਿਆਰਥੀ ਹੀ ਕਾਲਜ ਵਿਚ ਜਾਣੇ ਚਾਹੀਦੇ ਹਨ ਜਿਨਾਂ ਨੇ ਅਗੇ ਜਾ ਕੇ ਆਈ. ਏ. ਐਸ. ਜਾਂ ਡਾਕਟਰ ਜਾਂ ਇੰਜੀਨੀਅਰ ਬਣਨਾ ਹੈ। ਬਾਕੀਆਂ ਨੂੰ ਫੈਕਟਰੀਆਂ ਵਿਚ ਜਾਂ ਕਾਰੀਗਰੀ ਦੀ ਲਾਈਨ ਵਿਚ ਭੇਜਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਵਿਚੋਂ ਫਰਸਟਰੇਸ਼ਨ ਘਟੇਗੀ। ਅਤੇ ਉਹ ਜ਼ਿੰਮੇਵਾਰੀ ਮਹਿਸੂਸ ਕਰਨਗੇ। ਮੈਂ ਸਮਝਦਾ ਹਾਂ ਕਿ ਜੇ ਅਜਿਹੇ ਬਚਿਆਂ ਨੂੰ ਵੋਟ ਦਾ ਹਕ ਦੇ ਦਿਤਾ ਜਾਵੇ ਤਾਂ ਕੋਈ ਆਫ਼ਤ ਨਹੀਂ ਆ ਜਾਵੇਗੀ। ਕਮਿਊਨਿਸਟ ਵੀਰਾਂ ਨੂੰ ਇਹ ਖਿਆਲ ਦਿਲੋਂ ਕਢ ਦੇਣਾ ਚਾਹੀਦਾ ਹੈ ਕਿ ਅਸੀਂ ਇਸ ਦੇ ਖਿਲਾਫ਼ ਹਾਂ। ਸਗੋਂ ਕਾਂਗਰਸ ਤਾਂ ਪਹਿਲਾਂ ਹੀ ਇਸ ਬਾਰੇ ਸੋਚ ਵਿਚਾਰ ਕਰ ਰਹੀ ਹੈ, ਹੋ ਸਕਦਾ ਹੈ ਕਿ 2-3 ਸਾਲਾਂ ਤੋਂ ਬਾਅਦ ਕਾਂਗਰਸ ਦੀ ਕੇਂਦਰੀ ਦੀ ਸਰਕਾਰ ਆਪ ਹੀ ਇਹ ਕੰਮ ਕਰ ਦੇਵੇ। ਇਹ ਗਲ ਹੁਣ ਫੈਸਲਾ ਕੁਨ ਹਾਲਤ ਤਕ ਪਹੁੰਚ ਗਈ ਹੈ ਅਤੇ ਬਹੁਤ ਜਲਦੀ ਹੀ ਸਾਰਿਆਂ ਦੇ ਸਾਹਮਣੇ ਆਉਣ ਵਾਲੀ ਹੈ। ਇਥੇ ਮਿਸਾਲਾਂ ਦਿੱਤੀਆਂ ਗਈਆਂ। ਸ਼ਹੀਦ ਭਗਤ ਸਿੰਘ ਦੀ ਮਿਸਾਲ ਦਿਤੀ ਗਈ, ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਮਿਸਾਲ ਦਿੱਤੀ ਗਈ, ਛੋਟੇ ਸਾਹਿਬਜ਼ਾਦਿਆਂ ਦੀ ਮਿਸਾਲ ਦਿਤੀ ਗਈ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਦੇ ਦਿਲ ਮਜ਼ਬੂਤ ਸੀ, ਕਿਸੇ ਨਾ ਕਿਸੇ ਕੁਰਬਾਨੀ ਲਈ ਉਹ ਤਿਆਰ ਰਹਿੰਦੇ ਸੀ। ਹੁਣ ਵੀ ਪਿੰਡਾਂ ਦੇ ਨੌਜਵਾਨਾਂ ਨੇ ਨੌਜਵਾਨ ਸਭਾਵਾਂ ਬਣਾ ਲਈਆਂ ਹਨ ਔਰ ਉਹ ਪਿੰਡਾਂ ਵਿਚ ਬਹੁਤ ਕੰਮ ਕਰ ਰਹੀਆਂ ਹਨ। ਜੋ ਕੰਮ ਪੁਰਾਣੇ ਬਜ਼ੁਰਗ ਨਹੀਂ ਕਰ ਸਕੇ ਸੀ ਉਹ ਇਹ ਨੌਜਵਾਨ ਕਰ ਰਹੇ ਹਨ। ਉਨ੍ਹਾਂ ਨੇ ਪਿੰਡਾਂ ਨੂੰ ਬਹਿਸ਼ਤ ਦਾ ਨਮੂਨਾ ਬਣਾ ਦਿਤਾ ਹੈ।

ਫਿਰ ਡਿਪਟੀ ਸਪੀਕਰ ਸਾਹਿਬ ਸਾਨੂੰ ਪਿਛੇ ਜਿਹੇ ਪੰਚਾਇਤ ਚੋਣਾਂ ਦਾ ਤਜਰਬਾ ਹੋਇਆ ਹੈ। ਪੰਚਾਇਤਾਂ ਦਾ ਤਜਰਬਾ ਵੀ ਹਾਲੇ ਹਿੰਦੁਸਤਾਨ ਵਿਚ ਹੋ ਰਿਹਾ ਹੈ। ਇਸ ਸਿਸਟਮ ਵਿਚ ਕੁਝ ਨੁਕਸ ਵੀ ਹਨ ਪਰ ਉਹ ਹੁਣ ਹੌਲੀ ਹੌਲੀ ਦੂਰ ਕੀਤੇ ਜਾ ਰਹੇ ਹਨ। ਇਨ੍ਹਾਂ ਪੰਚਾਇਤਾਂ ਦੀਆਂ ਚੋਣਾਂ ਵਿਚ ਕਈ ਲੋਕਾਂ ਨੇ ਧੋਖੇ ਨਾਲ 18 ਸਾਲ ਤੋਂ ਘਟ ਉਮਰ ਦੇ ਨੌਜਵਾਨਾਂ ਦੀਆਂ ਵੀ ਵੋਟਾਂ ਬਣਵਾ ਲਈਆਂ ਸੀ। ਜੇ ਕਰ ਉਨ੍ਹਾਂ ਨੂੰ ਧੋਖੇ ਨਾਲ ਵੋਟਰ ਬਣਾ ਲਿਆ ਜਾਂਦਾ ਹੈ ਤਾਂ ਕਿਉਂ ਨਹੀਂ ਅਸੀਂ ਕਾਨੂੰਨੀ ਤੌਰ ਤੇ ਉਨ੍ਹਾਂ ਨੂੰ ਇਹ ਹੱਕ ਦਿੰਦੇ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨਾ ਡੈਮੋਕ੍ਰੈਸੀ ਦੇ ਭਲੇ ਦੀ ਗਲ ਹੈ। ਚੋਣਾਂ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]
ਅਸੀਂ ਵੇਖਿਆ ਹੈ ਕਿ ਬੁਢੇ ਬੁਢੀਆਂ ਨੂੰ, ਜਿਹੜੇ ਚਲ ਨਹੀਂ ਸਕਦੇ, ਜਿਨ੍ਹਾਂ ਨੂੰ ਦਿਸਦਾ ਕੁਝ ਨਹੀਂ ਜਿਹੜੇ ਨਾਬੀਨੇ ਹੁੰਦੇ ਹਨ, ਉਨ੍ਹਾਂ ਨੂੰ ਮੰਜਿਆਂ ਤੇ ਪਾ ਕੇ ਲਿਆਇਆ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਵੋਟਾਂ ਪੁਆਈਆਂ ਜਾਂਦੀਆਂ ਹਨ ਅਤੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਨਾਲੋਂ ਨੌਜਵਾਨਾਂ ਨੂੰ ਵੋਟ ਦਾ ਹੱਕ ਦੇਣਾ ਚੰਗਾ ਹੈ ਜਿਹੜੇ ਕਿ ਅਜਿਹੇ ਬੁਢਿਆਂ ਤੋਂ ਵਧੇਰੇ ਸਮਝਦਾਰ ਹਨ ਭਾਵੇਂ ਉਹ ਅਜੇ ਰਾਅ ਹਨ ਪਰ ਫਿਰ ਵੀ ਮੈਂ ਸਮਝਦਾ ਹਾਂ ਕਿ ਡੈਮੋਕ੍ਰੇਸੀ ਲਈ ਇਹ ਫਾਇਦੇਮੰਦ ਗਲ ਹੈ।

ਕਾਮਰੇਡ ਅੱਛਰਾ ਸਿੰਘ ਨੇ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ ਉਸ ਰੈਜ਼ੋਲਿਊਸ਼ਨ ਨੂੰ ਚੰਗੀ ਤਰ੍ਹਾਂ ਸੋਚ ਲੈਣਾ ਚਾਹੀਦਾ ਹੈ ਅਗਰ ਅਸੀਂ ਇਸ ਨੂੰ ਅਗੇ ਭੇਜ ਦੇਈਏ ਰਿਕੁਮੈਂਡ ਕਰਕੇ ਤਾਂ ਮਾੜੀ ਗਲ ਤਾਂ ਨਹੀਂ ਹੈ। (ਥੰਪਿੰਗ)।

**ਸੰਸਦੀ ਸਕੱਤਰ (ਸਰਦਾਰ ਗੁਰਮੇਜ ਸਿੰਘ)**: ਮਾਨਯੋਗ ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਵਕਤ ਦਿਤਾ ਹੈ। ਪਰ ਅੱਜ ਜੋ ਅਗੇ ਬਹਿਸ ਚਲ ਰਹੀ ਹੈ ਮੈਨੂੰ ਇਕ ਉਸ ਭੋਲੇ ਭਾਲੇ ਇਨਸਾਨ ਦੀ ਗਲ ਯਾਦ ਆ ਗਈ ਹੈ ਜੋ ਇਕ ਦਿਨ ਮੇਰੇ ਨਾਲ ਕਿਧਰੇ ਬਾਹਰ ਜਾਣ ਲਗਾ ਸੀ। ਉਹ ਮੈਨੂੰ ਕਹਿਣ ਲਗਾ ਸਰਦਾਰ ਗੁਰਮੇਜ ਸਿੰਘ ਮੈਂ ਆਪਣਾ ਕੀਮਤੀ ਸਾਮਾਨ ਘਰ ਰਖ ਆਵਾਂ ਫੇਰ ਮੈਂ ਤੇਰੇ ਨਾਲ ਚਲਦਾ ਹਾਂ ਕਿਧਰੇ ਉਹ ਗਵਾਚ ਨਾ ਜਾਵੇ। ਉਹੀ ਹਾਲ ਅੱਜ ਮੈਨੂੰ ਕਾਮਰੇਡ ਅਛਰਾ ਸਿੰਘ ਹੋਰਾਂ ਦਾ ਜਾਪਦਾ ਹੈ। ਇਹ ਘਰੋਂ ਆਉਣ ਲਗੇ ਅਕਲ ਨੂੰ ਘਰ ਰਖ ਆਏ ਹਨ ਅਤੇ ਆਪ ਇਥੇ ਆ ਗਏ ਹਨ। (ਵਿਘਨ) ਆਖਰ ਇਨ੍ਹਾਂ ਦੀ ਮਰਜ਼ੀ ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜੇ ਜਜ਼ਬਾਤ ਇਨ੍ਹਾਂ ਨੇ ਰਖੇ ਹਨ ਕਿ ਨੌਜਵਾਨਾਂ ਨੂੰ ਦੇਸ਼ ਦੀ ਉਸਾਰੀ ਤੇ ਦੇਸ਼ ਦੀ ਤਾਮੀਰ ਵਿਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਦੇਸ਼ ਦੀ ਬਾਨ-ਬਣਤਰ ਵਿਚ ਵੋਟ ਦਾ ਅਧਿਕਾਰ ਹੋਣਾ ਚਾਹੀਦਾ ਹੈ ਔਰ ਉਸ ਵੋਟ ਦੇ ਅਧਿਕਾਰ ਦੀ 18 ਸਾਲ ਦੀ ਉਮਰ ਰਖੀ ਹੈ। ਮੈਂ ਅਰਜ਼ ਕਰਾਂ ਕਿ ਇਨ੍ਹਾਂ ਨੇ ਆਪਣੇ ਨੁਕਤਾ ਨਿਗਾਹ ਨਾਲ ਠੀਕ ਰਖੀ ਹੈ। ਇਨ੍ਹਾਂ ਦਾ ਨੁਕਤਾ ਨਿਗਾਹ ਇਹ ਨਹੀਂ ਕਿ ਫੈਕਟਰੀਆਂ ਚਲਣ, ਇਨ੍ਹਾਂ ਦਾ ਨੁਕਤਾ ਨਿਗਾਹ ਇਹ ਨਹੀਂ ਕਿ ਦਸਤਕਾਰੀ ਚਲੇ, ਇਨ੍ਹਾਂ ਦਾ ਨੁਕਤਾ ਨਿਗਾਹ ਇਹ ਨਹੀਂ ਕਿ ਖੇਤੀ ਬਾੜੀ ਦਾ ਕੰਮ ਚਲੇ, ਇਨ੍ਹਾਂ ਦਾ ਨੁਕਤਾ ਨਿਗਾਹ ਇਹ ਨਹੀਂ ਕਿ ਬਸਾਂ ਚਲਣ, ਇਨ੍ਹਾਂ ਦਾ ਨੁਕਤਾ ਨਿਗਾਹ ਇਹ ਨਹੀਂ ਕਿ ਡਿਸਪੈਂਸਰੀਆਂ ਚਲਣ, ਇਨ੍ਹਾਂ ਦਾ ਨੁਕਤਾ ਨਿਗਾਹ ਇਹ ਨਹੀਂ ਕਿ ਐਡਮਨਿਸਟ੍ਰੇਸ਼ਨ ਚਲੇ ਜਾਂ ਸਕੂਲ ਚਲਣ ਜਾਂ ਹੋਰ ਐਸੇ ਅਦਾਰੇ ਚਲਣ। ਇਨ੍ਹਾਂ ਦਾ ਨੁਕਤਾ ਨਿਗਾਹ ਇਹ ਹੈ ਕਿ ਦੇਸ਼ ਵਿਚ ਅਫਰਾ-ਤਫਰੀ ਪੈਦਾ ਹੋਵੇ, ਐਜੀਟੇਸ਼ਨਾਂ ਚਲਦੀਆਂ ਰਹਿਣ, ਐਜੀਟੇਸ਼ਨਾਂ ਚਲਣ ਨਾਲ ਮੁਲਕ ਦੇ ਲੋਕ ਐਜੀਟੇਟਰ ਬਣਦੇ ਰਹਿਣ ਔਰ ਉਹ ਬੇਕਾਰ ਰਹਿਣ ਔਰ ਬੇਕਾਰ ਰਹਿ ਕੇ ਭੁੱਖ ਨੰਗ ਦਾ ਸ਼ਿਕਾਰ ਬਣਦੇ ਰਹਿਣ। ਇਨ੍ਹਾਂ ਦਾ ਨਜ਼ਰੀਆ ਲੋਕਾਂ ਨੂੰ ਗਰੀਬ ਕਰਨਾ ਹੈ ਤਾਂ ਕਿ ਉਹ ਕੈਮਿਊਨਿਸਟ ਬਣ ਸਕਣ ਹੋਰ ਇਨ੍ਹਾਂ ਦਾ ਕੋਈ ਨਜ਼ਰੀਆ ਹੈ ਨਹੀਂ। (ਵਿਘਨ) ਬਾਕੀ ਅੱਜ ਇਕ ਗਲ ਨਵੀਂ ਦੇਖੀ ਹੈ। ਉਹ ਇਹ ਹੈ ਕਿ ਜਦ ਮੇਰੇ ਕੈਮਿਊਨਿਸਟ ਭਾਈ ਸਪੀਚ ਕਰਦੇ ਹਨ ਤਾਂ ਅਕਾਲੀ ਭਾਈ ਇਸ ਦੀ ਤਾਈਦ ਕਰਦੇ ਹਨ (ਵਿਘਨ) ਇਹ ਮੈਂ ਡਿਪਟੀ ਸਪੀਕਰ ਸਾਹਿਬ, ਕੋਈ ਖਤਰੇ ਦੀ ਘੰਟੀ ਮਹਿਸੂਸ ਕਰਦਾ ਹਾਂ। (ਵਿਘਨ) ਅਕਾਲੀਆਂ ਨੇ ਜਨ-ਸੰਘੀਆਂ ਨਾਲ ਵੀ ਇਸੇ ਤਰ੍ਹਾਂ ਦੀ ਚਾਦਰ ਅੰਦਾਜ਼ੀ ਕੀਤੀ ਸੀ, ਉਨ੍ਹਾਂ ਦੀ ਫਟੀ ਤਾਂ ਪੋਚੀ ਗਈ ਹੈ ਅਤੇ ਇਥੇ ਕੋਈ ਸੰਘੀ ਦਿਸਦਾ ਨਹੀਂ ਹੈ। ਹੁਣ ਅਕਾਲੀ ਕੈਮਿਊਨਿਸਟਾਂ ਨਾਲ ਚਾਦਰ ਅੰਦਾਜ਼ੀ ਕਰ ਰਹੇ ਹਨ ਅਤੇ ਕਮਿਊਨਿਸਟਾਂ ਦੀ ਫਟੀ ਵੀ ਪੋਚੀ ਜਾਣੀ ਹੈ (ਵਿਘਨ) ਪਿਛਲੇ ਦਿਨਾਂ ਵਿਚ ਕੁਝ ਵਾਕਿਆਤ ਦੇਖੇ ਹਨ, ਡਿਪਟੀ ਸਪੀਕਰ ਸਾਹਿਬ। ਉਹ ਵਾਕਿਆਤ ਕੀ ਸਨ? ਉਹ ਇਹ ਸਨ ਕਿ ਭੋਲੇ ਭਾਲੇ ਉਹ ਮਾਸੂਮ ਬਚੇ ਜਿਨ੍ਹਾਂ ਨੂੰ ਆਪਣੀ ਤਾਲੀਮ ਦਾ ਜਾਂ ਆਪਣੇ ਭਵਿਸ਼ ਦਾ ਇਲਮ ਨਹੀਂ ਸੀ ਉਨ੍ਹਾਂ ਨੇ ਸੜਕਾਂ ਤੇ ਜਲੂਸ ਕਢ ਕੇ ਸਰਕਾਰੀ ਬਸਾਂ ਨੂੰ ਇਟਾਂ ਮਾਰੀਆਂ। ਇਨ੍ਹਾਂ ਨੇ ਸਰਕਾਰੀ ਬਸਾਂ ਸਾੜਨ

Original with;
Punjab Vidhan Sabha
Digitized by;
Panjab Digital Library

ਦਾ ਯਤਨ ਕੀਤਾ ਔਰ ਕੁਝ ਬਸਾਂ ਸਾੜੀਆਂ ਵੀ। ਇਨ੍ਹਾਂ ਨੇ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ। ਅਸਲ ਗਲ ਇਹ ਹੈ ਕਿ ਉਹ ਇਹ ਕੰਮ ਨਹੀਂ ਸੀ ਕਰ ਸਕਦੇ ਜੇਕਰ ਉਨ੍ਹਾਂ ਨੂੰ ਸਾਡੇ ਕੌਮਿਊਨਿਸਟ ਭਾਈ ਇਹ ਥੀਊਰੀ ਨਾ ਸਮਝਾਉਂਦੇ। ਇਨ੍ਹਾਂ ਦੀ ਮਨਸ਼ਾ ਬਚਿਆਂ ਨੂੰ ਵਿਦਿਆ ਨਾ ਦੇਣ ਦੀ ਹੈ। (ਵਿਘਨ)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਆਨ ਏ ਪੁਆਇੰਟ ਆਫ ਆਰਡਰ ਸਰ। ਇਹ ਵੋਟਿੰਗ ਰਾਈਟ ਤੇ ਭਾਸ਼ਣ ਦੇ ਰਹੇ ਹਨ ਜਾਂ ਕਿ ਕਮਿਊਨਿਸ਼ਟਾਂ ਤੇ ਭਾਸ਼ਣ ਦੇ ਰਹੇ ਹਨ ? (ਵਿਘਨ)

**ਸੰਸਦੀ ਸਕੱਤਰ**: ਗੱਲ ਬਚਿਆਂ ਦੀ ਚਲਦੀ ਹੈ। ਬਚਿਆਂ ਦਾ ਮਸਲਾ ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰਦਾ ਹਾਂ। ਉਹ ਬਚੇ ਜਿਨ੍ਹਾਂ ਨੂੰ ਮਾਂ ਬਾਪ ਦੇ ਵਸ ਵਿਚ ਰਹਿ ਕੇ ਵਿਦਿਆ ਪ੍ਰਾਪਤ ਕਰਨੀ ਚਾਹੀਦੀ ਹੈ, ਇਨ੍ਹਾਂ ਨੂੰ ਦਸਤਕਾਰੀ ਦੀ ਟ੍ਰੇਨਿੰਗ ਲੈਣੀ ਚਾਹੀਦੀ ਹੈ, ਡਾਕਟਰ ਬਣਨਾ ਚਾਹੀਦਾ ਹੈ, ਲਾਅ ਗਰੈਜੂਏਟ ਬਣਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਹੋਰ ਉਚ ਡਿਗਰੀਆਂ ਲੈ ਕੇ ਆਪਣੇ ਮਾਂ ਬਾਪ ਦੇ ਨਾਂ ਨੂੰ ਅਤੇ ਆਪਣੇ ਵਤਨ ਦੇ ਨਾਂ ਨੂੰ ਉੱਚਾ ਕਰਨ ਲਈ ਜਾਗ੍ਰਿਤੀ ਲਿਆਉਣੀ ਚਾਹੀਦੀ ਹੈ। ਜੇ ਉਹ ਇਸ ਚੱਕਰ ਵਿਚ ਰਹੇ ਔਰ ਇਹ ਮੇਰੇ ਭਾਈ ਐਜੀਟੇਟਰ ਬਣਦੇ ਰਹੇ ਤਾਂ ਇਹ ਨਾ ਵਿਦਿਆ ਪ੍ਰਾਪਤ ਕਰ ਸਕਣਗੇ ਨਾ ਦੇਸ਼ ਦਾ ਨਾਂ ਉਚਾ ਕਰ ਸਕਣਗੇ ਅਤੇ ਨਾ ਹੀ ਆਪਣੇ ਮਾਂ ਬਾਪ ਦੀ ਆਗਿਆ ਵਿਚ ਰਹਿ ਸਕਣਗੇ। ਇਹ ਮੈਨੂੰ ਬਹੁਤ ਵਡਾ ਸ਼ੰਕਾ ਜਾਪਦਾ ਹੈ। ਇਸ ਬਿਲ ਨਾਲ ਇਹ ਵੀ ਜਾਪਦਾ ਹੈ ਕਿ ਜਿਹੜੇ ਬਚੇ ਇਨ੍ਹਾਂ ਦੇ ਆਖੇ ਲਗਦੇ ਹਨ ਉਨ੍ਹਾਂ ਨੂੰ ਇਹ ਵੋਟ ਦਾ ਅਧਿਕਾਰ ਦਿਵਾ ਕੇ ਐਜੀਟੇਟਰ ਬਨਾਉਣ ਦਾ ਅਧਿਕਾਰ ਦਿਵਾਉਣਾ ਚਾਹੁੰਦੇ ਹਨ। ਅਜਿਹੇ ਬੱਚੇ ਆਪਣੇ ਮਾਂ ਬਾਪ ਦੀ ਇਜ਼ਤ ਨਹੀਂ ਕਰਨਗੇ ਅਤੇ ਜਿਹੜੇ ਇਜ਼ਤ ਨਹੀਂ ਕਰਦੇ ਉਹ ਸਮਾਜ ਵਿਚ ਸਨਮਾਨ ਹਾਸਲ ਨਹੀਂ ਕਰ ਸਕਦੇ। ਪੁਰਾਨੇ ਜ਼ਮਾਨੇ ਵਿਚ ਥੀਊਰੀ ਗਲਤ ਨਹੀਂ ਸੀ। 25 ਸਾਲ ਦੀ ਉਮਰ ਤਕ ਕੋਈ ਬਚਾ ਵਿਆਹ ਨਹੀਂ ਕਰਵਾਉਂਦਾ ਸੀ, ਕਿਉਂਕਿ ਇਹ ਖਿਆਲ ਕੀਤਾ ਜਾਂਦਾ ਸੀ ਕਿ 25 ਸਾਲ ਤਕ ਕਿਸੇ ਬੱਚੇ ਨੂੰ ਆਪਣੇ ਭਵਿਸ਼ ਦੀ ਪੂਰੀ ਵਾਕਫੀਅਤ ਨਹੀਂ ਹੋਵੇਗੀ। ਉਸ ਵੇਲੇ ਇਹ ਜ਼ਮਾਨਾਂ ਸੀ। ਉਸ ਵੇਲੇ ਕੌਮਿਊਨਿਸਟ ਹੁੰਦੇ ਨਹੀਂ ਸਨ। ਹੁਣ ਕੌਮਿਊਨਿਸਟ ਹੈਗੇ ਇਸ ਵਾਸਤੇ (ਵਿਘਨ)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਆਨ ਏ ਪੁਆਇੰਟ ਆਫ ਆਰਡਰ ਸਰ। ਸੰਸਦੀ ਸਕੱਤਰ ਸਾਹਿਬ ਨੇ ਕਿਹਾ ਹੈ ਕਿ ਕਾਮਰੇਡ ਅਛਰਾ ਸਿੰਘ ਜੀ ਅੱਜ ਅਕਲ ਘਰ ਰਖ ਕੇ ਆਏ ਜਾਪਦੇ ਹਨ ਪਰ ਇਹ ਆਪ ਤਾਂ ਆਪਣੀ ਅਕਲ ਸਦਾ ਹੀ ਆਪਣੇ ਘਰ ਰਖਕੇ ਆਉਂਦੇ ਹਨ (ਵਿਘਨ)

**ਸੰਸਦੀ ਸਕੱਤਰ**: ਇਨ੍ਹਾਂ ਨੂੰ ਅਕਲ ਘਰ ਰਖਣ ਦਾ ਭੁਲੇਖਾ ਲਗਿਆ ਹੈ (ਵਿਘਨ) ਅਸਲ ਗੱਲ ਇਹ ਹੈ ਕਿ ਉਸ ਵੇਲੇ ਗੁਰੂ ਨਾਨਕ ਦੇਵ ਜੀ ਪੈਦਾ ਹੋਏ, ਗੁਰੂ ਗੋਬਿੰਦ ਸਿੰਘ ਜੀ ਪੈਦਾ ਹੋਏ, ਭਗਵਾਨ ਰਾਮ ਅਤੇ ਭਗਵਾਨ ਕ੍ਰਿਸ਼ਨ ਪੈਦਾ ਹੋਏ। ਉਸ ਵੇਲੇ ਕੌਮਿਊਨਿਸਟ ਹੈ ਨਹੀਂ ਸਨ (ਵਿਘਨ) ਅੱਜ ਇਨ੍ਹਾਂ ਦੇ ਆਖੇ ਲਗ ਕੇ ਬਚਿਆਂ ਦੇ ਨਾਉਂ ਕੀ ਰਖੇ ਜਾਂਦੇ ਹਨ ਟੀਟੂ, ਕੂਕੂ, ਬੇਬੂ, ਬਿਲੂ ਆਦਿ। ਇਹ ਉਦੋਂ ਅਜਿਹੇ ਨਾਂ ਨਹੀਂ ਰਖੇ ਜਾਂਦੇ ਸਨ। ਇਨ੍ਹਾਂ ਦਾ ਖਿਆਲ ਹੈ ਕਿ ਨੌਜਵਾਨਾਂ ਨੂੰ ਅਸੰਬਲੀਆਂ ਵਿਚ ਆਉਣਾ ਚਾਹੀਦਾ ਹੈ। ਮੈਂ ਇਨ੍ਹਾਂ ਦੇ ਖਿਆਲ ਤੇ ਮੁਬਾਰਕਬਾਦ ਦਿੰਦਾ ਹਾਂ। ਪਰ ਪਹਿਲਾਂ ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਆਪਣੀ ਪੀੜ੍ਹੀ ਥਲੇ ਸੋਟਾ ਮਾਰਦੇ। (ਵਿਘਨ)

**Mr. Deputy Speaker**: Please be relevant.

**ਕਾਮਰੇਡ ਜੰਗੀਰ ਸਿੰਘ ਜੋਗਾ**: On a point of order, Sir. ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗਿਆਨੀ ਜੀ ਨੂੰ ਅਰਜ਼ ਕਰਾਂਗਾ ਕਿ ਇਨ੍ਹਾਂ ਨੂੰ ਮਨਿਸਟਰ ਬਣਾ ਦੇਣ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

**ਸੰਸਦੀ ਸਕੱਤਰ**: ਮੇਰੀ ਗੁਜ਼ਾਰਿਸ਼ ਇਹ ਹੈ ਕਿ ਕੈਨੇਡਿਅਨ ਸਾਹਿਬ ਨੇ ਆਪਣੀ ਸਪੀਚ ਵਿਚ ਕਿਹਾ ਕਿ ਕਾਂਗਰਸ ਵਾਲੇ 18 ਸਾਲ ਦੇ ਬੱਚੇ ਨੂੰ ਵੋਟ ਦਾ ਅਧਿਕਾਰ ਇਸ ਕਰਕੇ ਨਹੀਂ ਦਿੰਦੇ ਕਿ ਉਹ ਅਸੰਬਲੀਆਂ ਵਿਚ ਆ ਜਾਣਗੇ ਅਤੇ ਇਧਰ ਜਿਹੜੇ ਬੁਢੇ ਬੈਠੇ ਹਨ ਉਹ ਰਹਿਣਗੇ ਨਹੀਂ ।

ਮੈਂ ਕਹਿੰਦਾ ਹਾਂ ਕਿ ਕਨੇਡੀਅਨ ਸਾਹਿਬ ਆਪਣੀ ਉਮਰ ਵੇਖ ਲੈਣ ਉਨ੍ਹਾਂ ਦੀ ਉਮਰ ਕਿਤਨੀ ਹੈ। ਫਿਰ ਇਨ੍ਹਾਂ ਦੇ ਨਾਲ ਬੈਠੇ ਹਨ ਜੋਗਾ ਜੀ ਉਨ੍ਹਾਂ ਦੀ ਉਮਰ ਕਿਤਨੀ ਹੋਵੇਗੀ, ਉਹ ਵੇਖ ਲੈਣ ਫਿਰ ਡਾਂਗ ਸਾਹਿਬ ਹਨ, ਇਹ ਕਿਧਰ ਦੇ ਖੀਰੇ ਮੁੰਡੇ ਹਨ। (ਹਾਸਾ) ਉਹ ਵੀ ਆਪਣੇ ਆਪ ਨੂੰ ਵੇਖ ਲੈਣ । ਸਭ ਤੋਂ ਪਹਿਲਾਂ ਇਨ੍ਹਾਂ ਨੂੰ ਵੇਖਣਾ ਚਾਹੀਦਾ ਸੀ ਕਿ ਬੱਚਿਆਂ ਨੂੰ ਅਧਿਕਾਰ ਕਾਂਗਰਸ ਨੇ ਦਿੱਤੇ ਇਧਰ ਬੈਠੇ ਹਨ ਗੋਇਲ ਸਾਹਿਬ, ਗੁਪਤਾ ਜੀ ਆਦਿ । ਇਹ ਨੌਜਵਾਨਾਂ ਵਿਚੋਂ ਆਏ ਹਨ। ਕਾਂਗਰਸ ਹਮੇਸ਼ਾ ਨੌਜਵਾਨਾਂ ਨੂੰ ਅਗੇ ਲਿਆਉਣਾ ਚਾਹੁੰਦੀ ਹੈ । ਕਾਂਗਰਸ ਦਾ ਨਜ਼ਰਿਆ ਇਹ ਹੈ ਕਿ ਨੌਜਵਾਨਾਂ ਨੂੰ ਲਿਆਕੇ ਉਨ੍ਹਾਂ ਨੂੰ ਆਪਣੇ ਨਾਲ ਰਲਾ ਕੇ ਟਰੇਨਿੰਗ ਦਿਤੀ ਜਾਵੇ ਤਾਕਿ ਉਹ ਆਪਣੇ ਦੇਸ਼ ਦੇ ਭਵਿਸ਼ ਨੂੰ ਸਮਝਦੇ ਹੋਏ ਦੇਸ਼ ਦੇ ਭਵਿੱਸ਼ ਨੂੰ ਉਚਾ ਲੈਜਾ ਸਕਣ। ਪਰ ਇਨ੍ਹਾਂ ਨੇ ਜਿਹੜੇ ਮੁੰਡੇ ਲਿਆਂਦੇ ਹਨ ਜਾਂ ਤਾਂ ਉਹ ਆਪ ਮੁੰਡੇ ਹਨ ਅਤੇ ਜਾਂ ਫਿਰ ਉਨ੍ਹਾਂ ਨੂੰ ਆਪਣੀ ਉਮਰ ਦਾ ਪਤਾ ਹੀ ਨਹੀਂ ਹੈ। ਜੇ ਇਹ ਦਿਨ ਗਿਣਦੇ ਰਹੇ ਹਨ ਤਾਂ ਰਾਤਾਂ ਨਹੀਂ ਗਿਣੀਆਂ। (ਵਿਘਨ) ਇਹ ਆਪਣੀ ਉਮਰ ਅੱਧੀ ਗਿਣਦੇ ਰਹੇ ਹਨ। ਇਹ ਇਨ੍ਹਾਂ ਨੂੰ ਪਤਾ ਹੋਵੇਗਾ । ਖੈਰ ਦੱਲੋ ਲੰਬੀ ਗੱਲ ਕੀ ਕਰਨੀ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਬਾਇੱਜ਼ਤ ਬੇਨਤੀ ਕਰਾਂਗਾ ਕਿ 21 ਸਾਲ ਦੇ ਉਮਰ ਦੇ ਬੱਚਿਆਂ ਨੂੰ ਜੋ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ, ਉਹ ਬਿਲਕੁਲ ਦਰੁਸਤ ਹੈ। ਗੁਲਸ਼ਨ ਜੀ ਮੇਰੇ ਵੱਡੇ ਵੀਰ ਹਨ, ਮੇਰੇ ਵੱਡੇ ਭਾਈ ਹਨ, ਮੇਰੇ ਬਜ਼ੁਰਗ ਵੀ ਹਨ ਉਨ੍ਹਾਂ ਨੇ ਕਿਹਾ ਸੀ ਕਿ 10 ਸਾਲ ਦੀ ਉਮਰ ਵਾਲੇ ਨੂੰ ਅਧਿਕਾਰ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਬੜੀ ਸਿਆਣਪ ਆ ਜਾਂਦੀ ਹੈ। ਪਰ ਮੈਨੂੰ 10 ਸਾਲ ਵਾਲੀ ਗੱਲ ਸਮਝ ਨਹੀਂ ਆਈ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਤੁਸੀਂ ਸੀਟ ਅਲਾਟ ਕਰਨ ਲੱਗਿਆਂ ਉਨ੍ਹਾਂ ਨੂੰ 10 ਨੰਬਰ ਦੇ ਦਿੱਤਾ ਹੈ ਫਿਰ ਉਨ੍ਹਾਂ ਦੀ ਉਮਰ 10 ਸਾਲ ਦੀ ਹੈ। ਕਿਉਂਕਿ ਉਹ 10 ਸਾਲਾਂ ਤੋਂ ਉਪਰ ਚੁਣ ਕੇ ਆਏ ਹਨ ਆਪਣੀ ਪਾਰਟੀ ਵਲੋਂ । (ਵਿਘਨ) ਪਰ ਮੈਨੂੰ ਇਸ ਦੀ ਸਮਝ ਨਹੀਂ ਲੱਗਦੀ। ਆਪ 70 ਸਾਲਾਂ ਦੇ ਹੋ ਗਏ ਹਨ ਪਰ ਗੱਲਾਂ ਕਰਦੇ ਹਨ ਮੁੰਡਿਆਂ ਲਈ । ਫਿਰ ਕਰਦੇ ਹਨ ਕਿ ਕਾਂਗਰਸ ਵਾਲੇ ਮੁੰਡਿਆਂ ਨੂੰ ਨਹੀਂ ਲਿਆਉਣਾ ਚਾਹੁੰਦੇ ਅਤੇ ਅਸੀਂ ਲਿਆਉਣਾ ਚਾਹੁੰਦੇ ਹਾਂ । (ਵਿਘਨ)

**ਗਿਆਨੀ ਅਰਜਨ ਸਿੰਘ ਲਿਟ** :- ਆਨ ਏ ਪੁਆਇੰਟ ਆਫ਼ ਆਰਡਰ ਸਰ। ਮੈਂ ਕਹਿੰਦਾ ਹਾਂ ਕਿ ਸ਼ਾਦੀ ਦੀ ਉਮਰ ਜਿਹੜੀ 18 ਸਾਲਾਂ ਦੀ ਰੱਖੀ ਹੈ ਉਹ 25 ਸਾਲ ਕਰ ਦੇਣੀ ਚਾਹੀਦੀ ਹੈ। ਜੇ 25 ਸਾਲ ਦੀ ਕਰ ਦਿਤੀ ਜਾਵੇ ਤਾਂ ਫਿਰ ਫੈਮਿਲੀ ਪਲਾਨਿੰਗ ਕਰਨ ਦੀ ਜ਼ਰੂਰਤ ਨਹੀਂ ਹੈ।

**Mr. Deputy Speaker**: This is no point of order.

**ਮੁੱਖ ਮੰਤਰੀ** :- ਪੁਆਇੰਟ ਆਫ ਆਰਡਰ, ਸਰ। ਮੈਨੂੰ ਦਖਲ ਦੇਣ ਦੀ ਲੋੜ ਨਹੀਂ ਸੀ ਪਰ ਜਿਸ ਤਰ੍ਹਾਂ ਗਿਆਨੀ ਜੀ ਨੇ ਕਿਹਾ ਹੈ, ਅਗਰ ਉਨ੍ਹਾਂ ਦੀ ਸਾਂਝ ਹੈ ਤਾਂ ਜਿਸ ਤਰ੍ਹਾਂ ਡਿਸਕਸ਼ਨ ਤਾਂ ਹੋ ਹੀ ਰਹੀ ਹੈ, ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪ੍ਰਾਰਥਨਾ ਕਰਾਂਗਾ ਕਿ ਇਸ ਮਾਮਲੇ ਤੇ ਵੀ ਮੈਂਬਰਾਂ ਦੀ ਰਾਏ ਆ ਜਾਵੇ ਕਿ 17 ਸਾਲ ਦੀ ਜਿਹੜੀ ਸ਼ਾਦੀ ਦੀ ਉਮਰ ਹੈ ਉਹ 25 ਸਾਲ ਹੋ ਜਾਣੀ ਚਾਹੀਦੀ ਹੈ। ਇਸ ਉਤੇ ਮੈਂਬਰ ਆਪਣੀ ਰਾਏ ਦੇ ਸਕਣ, ਜੇ ਖੁਲੀ ਛੁੱਟੀ ਦੇ ਦਿਓ ਤਾਂ ਬੜਾ ਚੰਗਾ ਹੈ ਇਹ ਆਪਣੀ ਰਾਏ ਦੇ ਲੈਣ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ**: ਜਿਸ ਤਰ੍ਹਾਂ ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਸ਼ਾਦੀ ਦੀ ਉਮਰ 18 ਸਾਲ ਦੀ ਬਜਾਏ 25 ਸਾਲਾਂ ਵਾਲਾ ਟਾਪਿਕ ਵਿਚ ਹੀ ਲੈ ਲਿਆ ਜਾਵੇ, ਇਹ ਠੀਕ ਹੈ ਕਿ ਇਸ ਨੂੰ ਨਾਲ ਹੀ ਲੈ ਲਿਆ ਜਾਵੇ।

(As suggested by the hon. Chief Minister topic of marriage at the age of 25 years instead of 18 also may be discussed alongwith the resolution under discussion.)

**ਸਰਦਾਰ ਅਜਾਇਬ ਸਿੰਘ ਸੰਧੂ**: ਇਹ ਰੈਜ਼ੋਲਿਊਸ਼ਨ ਲਿਆਉਣ।

**ਸ੍ਰੀ ਡਿਪਟੀ ਸਪੀਕਰ**: ਇਸ ਨੂੰ ਇਸੇ ਡਿਸਕਸ਼ਨ ਵਿਚ ਕਰ ਲਵੋ।

(This may be included in the discussion which is going on.)

**ਗਿਆਨੀ ਅਰਜਨ ਸਿੰਘ ਲਿਟ**: ਜਿਹੜਾ ਇਨ੍ਹਾਂ ਨੇ ਕਿਹਾ ਹੈ ਮੈਂ ਇਨ੍ਹਾਂ ਦੇ ਨਾਲ ਸਹਿਮਤ ਹਾਂ। ਇਹ ਆਫੀਸ਼ਲ ਰੈਜ਼ੋਲਿਊਸ਼ਨ ਲਿਆਉਣ ਅਸੀਂ ਯੂਨੇਨੀਮਸਲੀ ਇਸ ਨੂੰ ਪਾਸ ਕਰਾਂਗੇ।

**ਸਰਦਾਰ ਅਜਾਇਬ ਸਿੰਘ ਸੰਧੂ**: ਡਿਪਟੀ ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਇਸ ਦੇ ਉਤੇ ਵੀ ਬਹਿਸ ਹੋਣੀ ਚਾਹੀਦੀ ਹੈ। ਮੈਂ ਬੇਨਤੀ ਕਰਾਂਗਾ ਕਿ ਹੁਣ ਕਿਉਂਕਿ ਸਾਢੇ ਬਾਰਾਂ ਵੱਜ ਗਏ ਹਨ ਅਤੇ ਟਾਈਮ ਥੋੜ੍ਹਾਂ ਰਹਿ ਗਿਆ ਹੈ। ਇਸ ਕਰਕੇ ਇਨ੍ਹਾਂ ਸੱਜਣਾਂ ਨੂੰ ਇਸ ਗੱਲ ਦੀ ਖੁੱਲ ਨਾ ਦਿਓ ਕਿ ਉਹ ਇਧਰ ਉਧਰ ਦੀਆਂ ਗੱਲਾਂ ਕਰਨ। ਇਸ ਦੇ ਲਈ ਫੈਸਲਾ ਹੋਣਾ ਚਾਹੀਦਾ ਹੈ।

**Mr. Deputy Speaker** : I am observing that they are relevant.

**ਸੰਸਦੀ ਸਕੱਤਰ**: ਮੁੰਡਿਆਂ ਦੇ ਹੱਕ ਵਿਚ ਸੰਧੂ ਸਾਹਿਬ ਬੜੇ ਉਤਾਵਲੇ ਹਨ। ਉਨ੍ਹਾਂ ਦੀ ਆਪਣੀ ਉਮਰ ਦੇਖ ਲਵੋ। ਉਨ੍ਹਾਂ ਨੂੰ ਇਹ ਗੱਲ ਮੁਬਾਰਿਕ। ਮੈਂ ਤਾਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਇਕ ਇਸ਼ੂ ਰੱਖ ਰਿਹਾ ਸੀ ਕਿ ਪਹਿਲਾਂ ਅਧਿਕਾਰ ਦਿੱਤਾ 21 ਸਾਲ ਦੀ ਉਮਰ ਦਾ ਅਤੇ ਫਿਰ ਹੁਣ ਰੈਜ਼ੋਲਿਊਸ਼ਨ ਆਇਆ ਹੈ ਕਿ ਇਹ ਅਧਿਕਾਰ 18 ਸਾਲ ਦੀ ਉਮਰ ਵਾਲਿਆਂ ਨੂੰ ਦਿਤਾ ਜਾਵੇ ਵੋਟਰ ਬਣਨ ਵਾਸਤੇ। ਫਿਰ ਗੁਲਸ਼ਨ ਜੀ ਦੁਆਰਾ 10 ਸਾਲ ਦੀ ਗੱਲ ਕੀਤੀ ਗਈ। ਉਹ ਕਹਿੰਦੇ ਹਨ ਕਿ 10 ਸਾਲ ਵਾਲੇ ਨੂੰ ਅਧਿਕਾਰ ਦਿਤਾ ਜਾਵੇ। (ਵਿਘਨ) ਫਿਰ ਇਹ ਹੋਵੇਗਾ ਕਿ ਇਹ ਕਹਿਣਗੇ ਕਿ 8 ਸਾਲਾਂ ਦੇ ਮੁੰਡੇ ਨੂੰ ਵਿਆਹ ਕਰਨ ਦੀ ਆਗਿਆ ਦਿਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਇਕ ਜ਼ਮਾਨਾ ਸੀ ਜਦ ਦੇਸ਼ ਵਿਚ ਲੋਕਾਂ ਨੂੰ ਪਰੇਰਨਾ ਦਿਤੀ ਜਾਂਦੀ ਸੀ ਕਿ ਪਾਪੂਲੇਸ਼ਨ ਵਧਾਉ। ਪਰ ਅੱਜ ਇਹ ਪਰੇਰਨਾ ਦਿਤੀ ਜਾਂਦੀ ਹੈ ਕਿ ਪਾਪੂਲੇਸ਼ਨ ਘਟਾਉ। ਇਹ ਕਿਉਂ ਦਿਤੀ ਜਾਂਦੀ ਹੈ? ਜਦ ਅਸੀਂ ਇਹ ਨਹੀਂ ਸਮਝਦੇ ਕਿ ਬੱਚੇ ਦੀ ਸ਼ਾਦੀ ਕਿਸ ਉਮਰ ਵਿਚ ਕਰਨੀ ਚਾਹੀਦੀ ਹੈ ਅਤੇ ਬੱਚੇ ਨੂੰ ਉਸ ਦੇ ਘਰ ਦੇ ਅਧਿਕਾਰ ਕਿਸ ਉਮਰ ਵਿਚ ਦੇਣੇ ਚਾਹੀਦੇ ਹਨ, ਇਹ ਅਸੀਂ ਮਹਿਸੂਸ ਨਹੀਂ ਕਰਦੇ। ਅਸੀਂ ਬੱਚੇ ਨਾਲ ਪਿਆਰ ਵਜੋਂ ਅਤੇ ਬੱਚਿਆਂ ਨੂੰ ਮਗਰ ਲਾਉਣ ਲਈ ਐਕਸਪਲਾਇਟ ਕਰਨ ਲਈ ਅਸੀਂ, ਸਾਰੀਆਂ ਗੱਲਾਂ ਕਰੀ ਜਾਂਦੇ ਹਾਂ। ਇਹ ਹੈ ਸਾਡੇ ਸੋਚਣ ਦਾ ਢੰਗ।

**ਸਰਦਾਰ ਕਰਨੈਲ ਸਿੰਘ ਮਰੜੀ**: ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਕਿਹਾ ਹੈ ਕਿ 25 ਸਾਲ ਦੀ ਉਮਰ ਵਿਚ ਵਿਆਹ ਹੋਣਾ ਚਾਹੀਦਾ ਹੈ। ਮੈਂ ਇਸਦੇ ਉਲਟ ਹਾਂ। ਗਿਆਨੀ ਜੀ ਪੁਰਾਣੀਆਂ ਫਾਇਲਾਂ ਕਢਾ ਕੇ ਦੇਖ ਲੈਣ ਜੇ ਤਾਂ ਇਨ੍ਹਾਂ ਨੇ 25 ਸਾਲ ਦੀ ਉਮਰ ਵਿਚ ਵਿਆਹ ਕਰਵਾਇਆ ਹੋਵੇਗਾ ਤਾਂ ਫਿਰ 25 ਸਾਲ ਦੀ ਉਮਰ ਠੀਕ ਹੈ ਨਹੀਂ 18 ਸਾਲ ਦੀ ਉਮਰ ਠੀਕ ਹੈ।

Original with;
Punjab Vidhan Sabha
Digitized by;
Panjab Digital Library

**Mr. Deputy Speaker**: This is no point of order.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਰੈਜ਼ੋਲਿਊਸ਼ਨ ਉਤੇ ਕਾਫੀ ਬਹਿਸ ਹੋ ਚੁਕੀ ਹੈ ਅਤੇ ਇਹ ਜੋ ਮੈਂਬਰ ਬੋਲ ਰਹੇ ਹਨ ਇਹ 15 ਮਿੰਟ ਬੋਲੇ ਹਨ ਅਤੇ 12 ਮਿੰਟ ਤਾਂ ਇਹ ਹੋਰ ਹੀ ਗੱਲਾਂ ਕਰਦੇ ਰਹੇ ਹਨ। ਲੈਂਡ ਸੀਲਿੰਗ ਦਾ ਬਿਲ ਜਿਹੜਾ ਸੀ ਜੋ ਉਹ ਤਿੰਨ ਘੰਟਿਆਂ ਵਿਚ ਹੋ ਸਕਦਾ ਹੈ ਤਾਂ ਇਸ ਦੇ ਉਤੇ ਬਹੁਤ ਬਹਿਸ ਹੋ ਚੁਕੀ ਹੈ, ਇਸ ਲਈ ਮੈਂ ਕਲੋਜ਼ਰ ਮੋਸ਼ਨ ਮੂਵ ਕਰਦਾ ਹਾਂ।

**Mr. Deputy Speaker**: He is on his legs. You can not make a closer motion.

**ਡਾਕਟਰ ਅਮੀਰ ਸਿੰਘ ਕਲਕਟ**: ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਬੜਾ ਅਹਿਮ ਰੈਜ਼ੋਲਿਊਸ਼ਨ ਹੈ। ਇਸ ਦੇ ਉਤੇ ਅਸੀਂ ਸਾਰਿਆਂ ਨੇ ਬੋਲਣਾ ਹੈ। ਇਨ੍ਹਾਂ ਨੇ ਕਿਵੇਂ ਅੰਦਾਜ਼ਾ ਲਗਾ ਲਿਆ ਕਿ ਕੋਈ ਬੋਲਣ ਵਾਲਾ ਨਹੀਂ ਹੈ।

**ਸੰਸਦੀ ਸਕੱਤਰ** : ਡਿਪਟੀ ਸਪੀਕਰ ਸਾਹਿਬ, ਜੋਸ਼ ਸਾਹਿਬ ਨੇ ਫਰਮਾਇਆ ਹੈ ਕਿ ਬਹੁਤ ਬੋਲ ਗਏ ਹਨ। ਪਰ ਮੇਰਾ ਸਮਾਂ ਤਾਂ ਬੈਠਕਾਂ ਕੱਢਣ ਵਿਚ ਹੀ ਲੱਗਾ ਰਿਹਾ ਹੈ। ਇਨ੍ਹਾਂ ਦੇ ਪੁਆਇੰਟ ਆਫ ਆਰਡਰ ਤੇ, ਅਸਲ ਵਿਚ ਜੋ ਮੈਂ ਖਰੀਆਂ ਖਰੀਆਂ ਚਾਰ ਗੱਲਾਂ ਕੀਤੀਆਂ ਹਨ ਤਾਂ ਉਸ ਦੇ ਨਾਲ ਇਨ੍ਹਾਂ ਨੂੰ ਸੇਕ ਲੱਗਾ ਹੈ। ਸੀਟਾਂ ਗਰਮ ਹੋ ਗਈਆਂ ਹਨ ਅਤੇ ਇਹ ਬੈਠ ਨਹੀਂ ਸਕਦੇ।

**ਸਰਦਾਰ ਕਰਨੈਲ ਸਿੰਘ ਮਰੜ੍ਹੀ**: ਇਨ੍ਹਾਂ ਨੂੰ ਸੇਕ ਜ਼ਿਆਦਾ ਲੱਗਾ ਹੈ।

**ਸੰਸਦੀ ਸਕੱਤਰ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਤਵੱਜੋ ਇਸ ਪਾਸੇ ਦਿਵਾਉਣੀ ਚਾਹੁੰਦਾ ਹਾਂ ਕਿ ਜੇ ਕਰ ਅਸੀਂ ਘੱਟ ਉਮਰ ਕਰਦੇ ਗਏ ਤਾਂ ਫਿਰ ਨਜ਼ਰੀਆ ਇਹ ਹੋਵੇਗਾ ਕਿ ਪਾਰਟੀਸ਼ਨ ਵੇਲੇ ਪਾਪੂਲੇਸ਼ਨ 35 ਕਰੋੜ ਸੀ। ਫਿਰ 25 ਸਾਲਾਂ ਵਿਚ ਅਸੀਂ 55 ਕਰੋੜ ਹੋ ਗਏ। ਇਤਨੀ ਪਾਪੂਲੇਸ਼ਨ ਕਿਉਂ ਹੋ ਗਈ ? ਕਿਉਂਕਿ ਜਿਵੇਂ ਜਿਵੇਂ ਮੁੰਡਿਆਂ ਨੂੰ ਅਸੀਂ ਥਾਪੀ ਦਿੰਦੇ ਗਏ ਅਤੇ ਉਨ੍ਹਾਂ ਦਾ ਛੋਟੀ ਉਮਰ ਵਿਚ ਵਿਆਹ ਕਰਦੇ ਰਹੇ। ਉਸ ਦੇ ਬਾਅਦ ਇਸੇ ਕਰਕੇ 25 ਸਾਲਾਂ ਦੀ ਉਮਰ ਕੀਤੀ ਸੀ। ਅੱਜ ਕੱਲ 30 ਸਾਲ ਦੀ ਉਮਰ ਦੇ ਬੱਚੇ ਦੇ 11 ਨਿਆਣੇ ਹੋ ਜਾਂਦੇ ਹਨ। ਉਨ੍ਹਾਂ ਨੂੰ ਨਿਆਣਿਆਂ ਦੇ ਨਾਮ ਰੱਖਣ ਦਾ ਪਤਾ ਨਹੀਂ ਲੱਗਦਾ। ਉਨ੍ਹਾਂ ਕੋਲੋਂ ਨਾਂ ਨਹੀਂ ਗਿਣ ਹੁੰਦੇ। ਇਸ ਨਾਲ ਪਰਾਬਲਮ ਵੱਧ ਜਾਂਦੀ ਹੈ। ਅਤੇ ਇਹ ਪਰਾਬਲਮ ਇਸ ਨਤੀਜੇ ਤੇ ਪਹੁੰਚ ਚੁੱਕੀ ਹੈ ਕਿ ਇਕ ਪਾਸੇ ਤਾਂ ਸਾਰੇ ਆਖਦੇ ਹਨ ਕਿ ਦੇਸ਼ ਦੀ ਡਿਵਲਪਮੈਂਟ ਹੋਣੀ ਚਾਹੀਦੀ ਹੈ। (ਵਿਘਨ)

**ਸਰਦਾਰ ਕਰਨੈਲ ਸਿੰਘ ਮਰੜ੍ਹੀ**: ਪੁਆਇੰਟ ਆਫ ਆਰਡਰ, ਸਰ। ਇਹ ਆਰਡੀਨੈਂਸ ਨੂੰ ਜਾਰੀ ਕਰ ਦੇਣਾ ਚਾਹੀਦਾ ਹੈ ਤਾਕਿ ਲੋਕ ਛੜੇ ਰਹਿਣ ਅਤੇ ਵਿਆਹ ਨਾ ਕਰਾਉਣ। (ਹਾਸਾ)

**ਸੰਸਦੀ ਸਕੱਤਰ** : ਖ਼ੈਰ ਮਰੜ੍ਹੀ ਸਾਹਿਬ ਨੂੰ ਇਹ ਮੁਬਾਰਕ ਹੋਵੇ। ਡਿਪਟੀ ਸਪੀਕਰ ਸਾਹਿਬ ਮੇਰੇ ਪਿੰਡ ਦਾ ਇਕ ਆਦਮੀ ਹੈ ਮੈਂ ਉਸ ਨੂੰ ਆਖਿਆ ਭਈ ਭਲਿਆ ਮਾਣਸਾ ਤੂੰ ਇਤਨੇ ਨਿਆਣੇ ਬਣਾਈਂ ਜਾਂਦਾ ਹੈਂ, ਇਨ੍ਹਾਂ ਨੂੰ ਪੜ੍ਹਾਂ ਤੂੰ ਸਕਦਾ ਨਹੀਂ ਤਾਂ ਕਰੇਂਗਾ ਕੀ ? ਉਸ ਆਖਿਆ ਕਿ ਮੈਂ ਜਟ ਦੇ ਆਸਣੀਂ ਲਵਾ ਦੇਣੇ ਨੇ। ਇਨ੍ਹਾਂ ਵਿਚੋਂ ਮਰੜ੍ਹੀ ਸਾਹਿਬ ਹਨ। ਚਲੋ ਇਹ ਜਿਤਨੇ ਮਰਜ਼ੀ ਨਿਆਣੇ ਬਣਾਈ ਜਾਣ ਕੋਈ ਗਲ ਨਹੀਂ। ਸੋ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਦੇਸ਼ ਵਿਚ ............

Original with;
Punjab Vidhan Sabha
Digitized by;
Panjab Digital Library

## WALK OUT

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਫਿਰਕਾਪ੍ਰਸਤੀ ਦੀ ਗਲ ਕੀਤੀ ਹੈ ਇਨ੍ਹਾਂ ਨੂੰ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ। ਜੇ ਇਨ੍ਹਾਂ ਨੇ ਇਹ ਲਫਜ਼ ਵਾਪਸ ਨਾ ਲਏ ਤਾਂ ਮੈਂ ਵਾਕ ਆਊਟ ਕਰਾਂਗਾਂ । (ਵਿਘਨ) (ਸ਼ੋਰ) (ਹਾਸਾ) ਮੈਂ ਡਿਪਟੀ ਸਪੀਕਰ ਸਾਹਿਬ, ਹਾਊਸ ਦੀ ਕਾਰਵਾਈ ਨਹੀਂ ਚਲਣ ਦੇਣੀ। (ਵਿਘਨ) ਇਹ ਕਿਥੋਂ ਦਾ ਬਾਹਮਣ ਦਾ ਪੁਤਰ ਹੈ। (ਵਿਘਨ)

**ਸ੍ਰੀ ਡਿਪਟੀ ਸਪੀਕਰ**: ਉਨ੍ਹਾਂ ਨੇ ਕਿਹਾ ਕੀ ਹੈ ? ਤੁਸੀਂ ਉਨ੍ਹਾਂ ਨੂੰ ਬੋਲਣ ਦਿਉ। (ਵਿਘਨ) (ਸ਼ੋਰ)
(Has he said nothing objectionable. Let him proceed.) (Interruption)

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਮੈਂ ਬਿਲਕੁਲ ਨਹੀਂ ਬੋਲਣ ਦੇਣਾ, ਚਾਹੇ ਤੁਸੀਂ ਮੈਨੂੰ ਕਹੀ ਜਾਓ। (ਵਿਘਨ) ਇਹ ਲਫ਼ਜ਼ ਵਾਪਸ ਲਏ ਨਹੀਂ ਤਾਂ ਮੈਂ ਹਾਊਸ ਬਿਲਕੁਲ ਨਹੀਂ ਚਲਣ ਦੇਣਾ (ਵਿਘਨ ) (ਸ਼ੋਰ) ਮੈਂ ਬਿਲਕੁਲ ਨਹੀਂ ਬੋਲਣ ਦੇਣਾ (ਵਿਘਨ) ।

**ਸੰਸਦੀ ਸਕੱਤਰ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਰੜ੍ਹੀ ਸਾਹਿਬ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਮੈਂ ਕੋਈ ਫਿਰਕਾਪ੍ਰਸਤੀ ਦੀ ਗਲ ਨਹੀਂ ਕੀਤੀ। ਮਰੜ੍ਹੀ ਸਾਹਿਬ ਪਤਾ ਨਹੀਂ ਕਿਸ ਫਿਰਕੇ ਵਿਚੋਂ ਹਨ ਲੇਕਿਨ ਮੈਂ ਮਹਿਸੂਸ ਕਰਦਾ ਹਾਂ ਕਿ ਜਿਸ ਬਰਾਦਰੀ ਵਿਚੋਂ ਮੈਂ ਪੈਦਾ ਹੋਇਆ ਹਾਂ ਉਸੇ ਬਰਾਦਰੀ ਵਿਚੋਂ ਉਹ ਬੰਦੇ ਪੈਦਾ ਹੋਏ ਹਨ। ਮੈਂ ਕੋਈ ਫਿਰਕਾਪ੍ਰਸਤੀ ਨਹੀਂ ਕਰ ਸਕਦਾ (ਵਿਘਨ ) (ਸ਼ੋਰ) ।

(ਇਸ ਵਕਤ ਸਰਦਾਰ ਕਰਨੈਲ ਸਿੰਘ ਮਰੜ੍ਹੀ ਕੁਝ ਬੋਲਦੇ ਹੋਏ ਆਪਣੀ ਸੀਟ ਤੋਂ ਵਾਕ ਆਊਟ ਕਰ ਗਏ )

## RESOLUTION RE. GIVING RIGHT TO VOTE TO EVERY CITIZEN OF INDIA WHO IS NOT LESS THAN 18 YEARS OF AGE (RESUMPTION OF DISCUSSION)

ਡਿਪਟੀ ਸਪੀਕਰ ਸਾਹਿਬ, ਮਰਹੜੀ ਸਾਹਿਬ ਨੇ ਮੇਰੇ ਤੇ ਗਿਲਾ ਕੀਤਾ ਹੈ ਕਿ ਮੈਂ ਮਜ਼ਹਬੀ ਸਿੱਖਾਂ ਨੂੰ ਕੋਈ ਫਿਰਕਾਪ੍ਰਸਤੀ ਦੀ ਗਲ ਕੀਤੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੂੰ ਮਰੜ੍ਹੀ ਸਾਹਿਬ ਨੂੰ ਇਸ ਗਲ ਦੀ ਗਲਤ ਫਹਿਮੀ ਹੋਈ ਹੈ ਕਿ ਮੈਂ ਉਨ੍ਹਾਂ ਨਾਲ ਕੋਈ ਫਿਰਕਾ ਪ੍ਰਸਤੀ ਦੀ ਗਲ ਕੀਤੀ ਹੈ, ਮੈਂ ਫਿਰਕਾਪ੍ਰਸਤੀ ਦੀ ਬਿਲਕੁਲ ਕੋਈ ਗਲ ਨਹੀਂ ਕੀਤੀ। ਮੈਂ ਉਸ ਬਰਾਦਰੀ ਵਿਚੋਂ ਹਾਂ ਜਿਸ ਬਰਾਦਰੀ ਵਿਚੋਂ ਮਰੜ੍ਹੀ ਸਾਹਿਬ ਹਨ। ਮੈਂ ਮਰਹੜੀ ਸਾਹਿਬ ਨੂੰ ਕੋਈ ਗਲ ਗੁਸੇ ਵਜੋਂ ਨਹੀਂ ਕਹੀ। ਮੈਂ ਸਿਰਫ ਇਤਨੀ ਗਲ ਕਹੀ ਸੀ ਕਿ ਪਾਪੂਲੇਸ਼ਨ ਵਧਾਉਣੀ ਨਹੀਂ ਚਾਹੀਦੀ ਔਰ ਜੇ ਪਾਪੂਲੇਸ਼ਨ ਵਧਾਈ ਗਈ ਤਾਂ ਮਜ਼ਦੂਰ ਜਾਂ ਹੋਰ ਐਸੇ ਬੇਕਾਰ ਨਿਆਣੇ ਪੈਦਾ ਕਰਦੇ ਗਏ ਜਿਨ੍ਹਾਂ ਦੀ ਨਾਂ ਤਾਲੀਮ ਹੋਵੇ ਨਾ ਉਨ੍ਹਾਂ ਨੂੰ ਦਸਤਕਾਰੀ ਹੁਨਰ ਹੋਵੇ ਤਾਂ ਉਸ ਦੇ ਨਾਲ ਦੇਸ਼ ਤੇ ਬੋਝ ਪਵੇਗਾ ਅਤੇ ਦੇਸ਼ ਵਿਚ ਬਦਨਾਮੀ ਹੋਵੇਗੀ। ਇਸ ਲਈ ਬਚੇ ਸਾਨੂੰ ਇਤਨੇ ਪੈਦਾ ਕਰਨੇ ਚਾਹੀਦੇ ਹਨ ਜਿਨ੍ਹਾਂ ਨੂੰ ਅਸੀਂ ਚੰਗੀ ਵਿਦਿਆ ਦੇ ਸਕੀਏ, ਚੰਗੀ ਦਸਤਕਾਰੀ ਸਿਖਾ ਸਕੀਏ ਤਾਂ ਕਿ ਉਹ ਆਪ ਅਤੇ ਆਪਣੇ ਖਾਨਦਾਨ ਦਾ ਭਵਿਸ਼ ਬਣਾ ਸਕਣ। ਇਸ ਕਰਕੇ ਮੈਂ ਕੋਈ ਐਸੀ ਗਲ ਨਹੀਂ ਕੀਤੀ ਜਿਸ ਦਾ ਕਿ ਉਨ੍ਹਾਂ ਨੇ ਗੁਸਾ ਕੀਤਾ ਹੈ। ਮੈਂ ਗੁਸੇ ਵਾਲੀ ਕੋਈ ਗਲ ਨਹੀਂ ਸੀ ਕੀਤੀ। ਇਕ ਗਲ ਜ਼ਰੂਰ ਜਾਪਦੀ ਹੈ ਕਿ ਮੈਨੂੰ ਸ਼ਾਇਦ ਉਹ ਆਪਣੀ ਬਰਾਦਰੀ ਵਿਚੋਂ ਨਾ ਸਮਝਣ ਕਿਉਂਕਿ ਮੇਰਾ ਰੰਗ ਉਨ੍ਹਾਂ ਨਾਲੋਂ ਚਿਟਾ ਨਹੀਂ। ਮੇਰਾ ਰੰਗ ਕਾਲਾ ਹੋਣ ਕਰਕੇ ਅਤੇ ਉਨ੍ਹਾਂ ਦਾ ਰੰਗ ਚਿਟਾ ਹੋਣ ਕਰਕੇ ਸ਼ਾਇਦ ਉਹ ਆਪਣੇ ਆਪ ਨੂੰ ਕਿਸੇ ਵਖਰੀ ਬਰਾਦਰੀ ਵਿਚੋਂ ਸਮਝਦੇ ਹੋਣਗੇ।

Original with;
Punjab Vidhan Sabha
Digitized by;
Panjab Digital Library

ਇਹ ਮੈਂ ਮਹਿਸੂਸ ਕਰਦਾ ਹਾਂ ਅਤੇ ਸ਼ਾਇਦ ਇਸੇ ਲਈ ਉਨ੍ਹਾਂ ਨੂੰ ਇਹ ਗੁਸਾ ਲਗਾ ਹੈ। (ਵਿਘਨ) ਸ਼ਾਇਦ ਮੇਰਾ ਰੰਗ ਮੇਰੀ ਬਰਾਦਰੀ ਤੇ ਗਿਆ ਹੈ। ਤੁਸੀਂ ਕਿਧਰੇ ਵੀ ਅੰਮ੍ਰਿਤਸਰ, ਫਿਰੋਜ਼ਪੁਰ ਜਾਂ ਜਿਥੇ ਕਿਤੇ ਵੀ ਸਾਡੀ ਬਰਾਦਰੀ ਦੇ ਬੰਦੇ ਹੋਣ ਉਨ੍ਹਾਂ ਦਾ ਰੰਗ ਮੇਰੇ ਨਾਲ ਮਿਲਦਾ ਹੋਵੇਗਾ ਪਰ ਮਰੜ੍ਹੀ ਸਾਹਿਬ ਨਾਲ ਨਹੀਂ ਮਿਲਦਾ, ਇਸ ਲਈ ਉਨ੍ਹਾਂ ਨੂੰ ਗੁਸਾ ਲਗਾ। (ਵਿਘਨ)

**ਸਰਦਾਰ ਅਰਜਨ ਸਿੰਘ ਲਿਟ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮਰਹੜੀ ਸਾਹਿਬ ਇਸ ਵਕਤ ਹਾਊਸ ਵਿਚ ਹਾਜ਼ਰ ਨਹੀਂ ਤੇ ਇਨ੍ਹਾਂ ਨੇ ਉਨ੍ਹਾਂ ਦੇ ਬਰਖਿਲਾਫ ਲਫਜ਼ ਕਹੇ ਹਨ .........(ਵਿਘਨ)

**ਸ੍ਰੀ ਡਿਪਟੀ ਸਪੀਕਰ** : ਉਨ੍ਹਾਂ ਨੇ ਕੋਈ ਬਰਖਿਲਾਫ ਗਲ ਨਹੀਂ ਕੀਤੀ। (ਵਿਘਨ)
(He has not made any remarks against Shri Marhri) (*interruption*)

**ਸਰਦਾਰ ਅਜਾਇਬ ਸਿੰਘ ਸੰਧੂ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮਰਹੜੀ ਸਾਹਿਬ ਮਜ਼ਹਬੀ ਹਨ। ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਜ਼ਾਤ ਹੋਰ ਹੈ ਅਤੇ ਮੇਰੀ ਹੋਰ ਹੈ। ਮੈਂ ਪੁਛਦਾ ਹਾਂ ਕਿ ਉਹ ਮਜ਼ਹਬੀ ਸਿੱਖ ਹਨ ਇਨ੍ਹਾਂ ਦੀ ਕਿਹੜੀ ਜ਼ਾਤ ਹੈ ? (ਵਿਘਨ)

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮਰੜ੍ਹੀ ਸਾਹਿਬ, ਤਾਂ ਇਥੇ ਹੈ ਨਹੀਂ, ਇਥੋਂ ਚਲੇ ਗਏ ਹਨ ਪਰ ਜਵਾਬ ਇਹ ਦੂਜੇ ਦੇ ਰਹੇ ਹਨ .........(ਵਿਘਨ)

**ਸ੍ਰੀ ਡਿਪਟੀ ਸਪੀਕਰ** : ਅਸੀਂ ਬੜੇ ਇਮਪਾਰਟੈਂਟ ਮੈਟਰ ਤੇ ਡਿਬੇਟ ਕਰ ਰਹੇ ਹਾਂ ਪਲੀਜ਼ ਬੀ ਸੀਰੀਅਸ।

(The House is discussing a very important matter. Please be serious)

**ਸੰਸਦੀ ਸਕੱਤਰ** : ਸੋ ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਦੋਂ ਤਕ ਬਚੇ ਨੂੰ ਪੂਰੀ ਵਿਦਿਆ ਦੀ ਉਮਰ ਨਾ ਮਿਲੀ, ਪੂਰੀ ਜਾਣਕਾਰੀ ਦੀ ਉਮਰ ਨਾ ਮਿਲੀ, ਦਸਤਕਾਰੀ ਸਿਖਣ ਦੀ ਅਤੇ ਪੂਰੀ ਵਿਦਿਆ ਪੜ੍ਹਨ ਦੀ ਉਸ ਨੂੰ ਉਮਰ ਨਾ ਮਿਲੀ ਤਾਂ ਉਸ ਨੂੰ ਸਿਆਸਤ ਵਿਚ ਸੁਟ ਕੇ ਉਸ ਦੇ ਜੀਵਨ ਨੂੰ ਬਰਬਾਦ ਕਰਨਾ, ਉਸ ਦੇ ਭਵਿਸ਼ ਨੂੰ ਬਰਬਾਦ ਕਰਨਾ ਇਹ ਕੋਈ ਬਹੁਤ ਸ਼ੋਭਾ ਵਾਲੀ ਗਲ੍ਹ ਨਹੀਂ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੇਰੀ ਇਸ ਰੇਜ਼ੋਲਿਊਸ਼ਨ ਨਾਲ ਸਹਿਮਤ ਨਹੀਂ। ਕਿਉਂਕਿ ਮੈਂ ਤਾਂ ਇਹ ਚਾਹਾਂਗਾ ਕਿ ਬਚੇ ਨੂੰ ਤਾਲੀਮ ਦੀ ਪੂਰੀ ਉਮਰ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਆਪਣੀ ਭਵਿਸ਼ ਨੂੰ ਉਜਲਾ ਬਣਾ ਸਕੇ। ਚਾਹੇ ਉਹ ਫਿਰ ਸਿਆਸਤ ਵਿਚ ਆਵੇ, ਚਾਹੇ ਉਹ ਸਰਵਿਸ ਵਿਚ ਆਵੇ ਤੇ ਚਾਹੇ ਉਹ ਦਸਤਕਾਰੀ ਵਿਚ ਆਵੇ ਉਹ ਨੂੰ ਇਤਨੀ ਉਮਰ ਮਿਲਣੀ ਚਾਹੀਦੀ ਹੈ ਜਿਸ ਨਾਲ ਕਿ ਉਹ ਤਰੱਕੀ ਕਰ ਸਕੇ। 18 ਸਾਲ ਦਾ ਬਚਾ ਮੈਟ੍ਰਿਕ ਤਕ ਜਾਏਗਾ ਜਾਂ ਹਾਇਰ ਸਕੈਂਡਰੀ ਤਕ ਜਾਏਗਾ ਅਤੇ ਉਸ ਦੀ ਤਾਲੀਮ ਅਧੂਰੀ ਹੀ ਰਹਿ ਜਾਵੇਗੀ। ਫਿਰ ਉਹ ਘਰ ਜੋਗਾ ਵੀ ਨਹੀਂ ਰਹੇਗਾ ਅਤੇ ਨੌਕਰੀ ਤੇ ਵੀ ਨਹੀਂ ਜਾ ਸਕੇਗਾ। ਨਾ ਘਰ ਦਾ ਰਹੇਗਾ ਨਾ ਘਾਟ ਦਾ ਰਹੇਗਾ। ਉਹ ਫਿਰ ਕਾਮਰੇਡ ਭਾਈਆਂ ਦੇ ਅੱਡੇ ਤੇ ਚੜ੍ਹੇਗਾ ਅਤੇ ਐਜੀਟੇਟਰ ਬਣੇਗਾ। ਫਿਰ ਉਹ ਬਸਾਂ ਸਾੜਨ, ਇਟਾਂ ਮਾਰਨ, ਸਕੂਲਾਂ ਨੂੰ ਅਗਾਂ ਲਾਉਣ, ਅਤੇ ਰੇਲਾਂ ਸੜਾਉਣ ਅਤੇ ਮੁਲਕ ਵਿਚ ਹਫੜਾਦਫੜੀ ਪਾਉਣ ਲਈ ਇਹ ਮੇਰੇ ਭਾਈ ਉਨ੍ਹਾਂ ਮਾਸੂਮ ਬਚਿਆਂ ਨੂੰ ਵਰਤਣਗੇ। ਇਸ ਲਈ ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਰੱਦ ਹੋਣਾ ਚਾਹੀਦਾ ਹੈ। ਮੈਂ ਅੰਤ ਵਿਚ ਆਪ ਦਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਡਰ** (ਸਰਦੂਲਗੜ੍ਹ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਦਾ ਜਿਹੜਾ ਮਤਾ ਹੈ ਇਹ ਇਕ ਬੜਾ ਹੀ ਗੰਭੀਰ ਮਤਾ ਹੈ। ਅਜ ਦੀ ਸਾਡੇ ਦੇਸ਼ ਦੀ ਸਥਿਤੀ ਦੇ ਮੁਤਾਬਿਕ ਇਹ ਠੀਕ ਹੋਣਾ ਚਾਹੀਦਾ ਹੈ। ਜਦ ਕਿ ਇਕ ਬਾਲਗ ਦੀ ਉਮਰ 18 ਸਾਲ ਹੈ ਵਿਧਾਨ ਦੇ ਮੁਤਾਬਕ । ਮੈਂ ਕਹਿੰਦਾ ਹਾਂ ਕਿ ਜਦੋਂ ਅਸੀਂ 18 ਸਾਲਾਂ ਦੇ ਬਚੇ ਨੂੰ ਵਿਧਾਨ ਦੇ ਮੁਤਾਬਕ ਬਾਲਗ ਮਨ ਲਿਆ ਤਾਂ ਫਿਰ ਕੀ ਗਲ ਹੈ ਕਿ ਵੋਟ ਦੇ ਹਕ ਵਜੋਂ ਅਸੀਂ ਉਸ ਨੂੰ ਸਿਆਣਾ ਨਹੀਂ ਗਿਣਦੇ। ਜਦੋਂ ਵਿਧਾਨ ਵਿਚ ਹਕ ਦਿਤਾ ਹੋਇਆ ਹੈ ਤਾਂ ਫਿਰ ਇਹ ਦੋ ਰੁਖੀ ਪਾਲਿਸੀ ਕਿਉਂ ਅਪਣਾਈ ਜਾਂਦੀ ਹੈ। ਜਿਹੜੀ ਇਥੇ ਰੂਲਿੰਗ ਸਰਕਾਰ ਹੈ ਵਿਧਾਨ ਬਣਾਉਣ ਵਿਚ ਇਸ ਦੇ ਹੀ ਆਪਣੇ ਮੈਂਬਰ ਬਹੁਮਤ ਵਿਚ ਸਨ, ਇਹ ਪਾਰਟੀ ਇਸ ਗਲ ਨੂੰ ਨਾ ਮੰਨ ਕੇ ਵਿਧਾਨ ਦੇ ਨਾਲ ਖ਼ੁਦ ਫਰਾਡ ਕਰ ਰਹੀ ਹੈ। ਇਸ ਦਾ ਪਤਾ ਨਹੀਂ ਕਿ ਕੀ ਮਤਲਬ ਹੈ ਕਿ 18 ਸਾਲ ਦੇ ਬੱਚੇ ਨੂੰ ਬਾਲਗ ਤਾਂ ਮੰਨ ਲਵੋ ਪਰ ਵੋਟ ਦਾ ਹਕ 21 ਸਾਲ ਦੇ ਨੂੰ ਦਿਉ। ਪਹਿਲੀ ਮੁੱਢਲੀ ਗਲ ਤਾਂ ਇਹ ਹੈ ਵਿਧਾਨ ਦੇ ਖਿਲਾਫ ਜਨਤਾ ਨਾਲ ਇਹ ਫਰਾਡ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 18 ਸਾਲ ਦੇ ਬੱਚੇ ਨੂੰ ਸਮਝ ਨਹੀਂ ਹੁੰਦੀ ਅਤੇ। ਉਹ ਵੋਟ ਦਾ ਇਸਤੇਮਾਲ ਸਹੀ ਨਹੀਂ ਕਰ ਸਕਦਾ, ਅਤੇ ਉਹ ਬਚੇ ਗਲਤ ਤਰੀਕੇ ਨਾਲ ਪਾਲਿਟਿਕਸ ਵਿਚ ਪੈ ਜਾਣਗੇ ਅਤੇ ਦੇਸ਼ ਨੂੰ ਤਬਾਹੀ ਵਲ ਲੈ ਜਾਣਗੇ । ਇਹ ਗਲਤ ਹੈ। ਅਸਲੀਅਤ ਇਹ ਹੈ ਕਿ ਜੇ ਕਿਸੇ ਬਚੇ ਨੂੰ ਕਿਸੇ ਆਦਮੀ ਨੂੰ ਆਪਣੇ ਖਿਆਲਾਤ ਦੇ ਇਜ਼ਹਾਰ ਦਾ ਮੌਕਾ ਦਿਤਾ ਜਾਵੇ ਤਾਂ ਉਹ ਜਿਹੜੀ ਗਲ ਗਰਮੀ ਨਾਲ ਕਰਦਾ ਹੈ ਉਹ ਸੁਚੱਜੇ ਢੰਗ ਨਾਲ ਕਰੇਗਾ। ਉਹ ਗਲਤ ਰਸਤਿਆਂ ਤੇ ਜਾਣ ਦੀ ਬਜਾਏ ਸਾਡੇ ਦੇਸ਼ ਨੂੰ ਸਹੀ ਰਸਤੇ ਤੇ ਲੈ ਆਉਣਗੇ । ਸਾਨੂੰ ਡੈਮੋਕਰੇਟਿਕ ਦੇਸ਼ ਲਈ ਸਿਆਣੇ ਅਤੇ ਪੜ੍ਹੇ ਲਿਖੇ ਆਦਮੀਆਂ ਦੀ ਲੋੜ ਹੈ ਅਤੇ ਸਾਡਾ ਨੌਜਵਾਨ ਤਬਕਾ ਹੀ ਪੜ੍ਹਿਆ ਲਿਖਿਆ ਹੈ। ਜੇ ਕਰ ਅੱਜ 70 ਸਾਲ ਦੇ ਨੂੰ ਵੋਟ ਦਾ ਹੱਕ ਹੈ ਅਤੇ ਆਪਣੀ ਰਾਏ ਦੇਣ ਦਾ ਹੱਕ ਹੈ ਤਾਂ ਉਸ ਨੌਜਵਾਨ ਤਬਕੇ ਨੂੰ ਵੀ ਆਪਣੀ ਰਾਏ ਅਤੇ ਵੋਟ ਦਾ ਹਕ ਹੋਣਾ ਚਾਹੀਦਾ ਹੈ ਅਤੇ ਉਸਨੂੰ ਇਹ ਵੀ ਹਕ ਹੋਣਾ ਚਾਹੀਦਾ ਹੈ ਕਿ ਉਹ ਇਸ ਅਸੈਂਬਲੀ ਦਾ ਮੈਂਬਰ ਬਣ ਕੇ ਇਥੇ ਆ ਕੇ ਆਪਣੀ ਰਾਏ ਦੇਵੇ ਅਤੇ ਕਾਨੂੰਨ ਪਾਸ ਕਰੇ; ਇਹ ਹੁਣ ਦੀ ਸਰਕਾਰ ਜਿਸ ਤਰ੍ਹਾਂ ਗਲਾਂ ਕਰ ਰਹੀ ਹੈ ਇਸ ਤਰ੍ਹਾਂ ਦੀਆਂ ਗਲਾਂ ਤਾਂ ਅੰਗਰੇਜ਼ ਸਰਕਾਰ ਕਰਦੀ ਹੁੰਦੀ ਸੀ। ਸਾਡੇ ਨੌਜਵਾਨ ਵੀਰ ਸੁਭਾਸ਼ ਚੰਦਰ ਬੋਸ, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਆਜ਼ਾਦ ਜਾਂ ਸਰਦਾਰ ਕਰਤਾਰ ਸਿੰਘ ਸਰਾਬਾ ਜਦੋਂ ਗਲ ਕਰਦੇ ਹੁੰਦੇ ਸਨ ਕਿ ਸਾਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ ਤਾਂ ਉਹ ਫਾਂਸੀ ਲਟਕਾ ਦਿਤੇ ਗਏ। ਇਹ ਅੰਗਰੇਜ਼ਾਂ ਵਾਲੀ ਗਲ ਕਰ ਰਹੇ ਹਨ। ਜਦੋਂ ਉਹ ਨੌਜਵਾਨ ਆਪਣਾ ਵੋਟ ਦਾ ਹਕ ਮੰਗਦੇ ਹਨ ਤਾਂ ਇਹ ਟਰੈਜ਼ਰੀ ਬੈਂਚਾਂ ਵਾਲੇ ਉਨ੍ਹਾਂ ਦੇ ਹਕ ਨੂੰ ਤਸਲੀਮ ਕਰਨ ਦੀ ਬਜਾਏ ਉਨ੍ਹਾਂ ਨੂੰ ਕੰਡੈਮ ਕਰ ਰਹੇ ਹਨ (ਵਿਘਨ)

**ਸ੍ਰੀ ਡਿਪਟੀ ਸਪੀਕਰ**: ਕਾਂਗਰਸ ਬੈਂਚਾਂ ਨੇ ਵੀ ਸਪੋਰਟ ਕੀਤੀ ਹੈ (ਵਿਘਨ)

(It has also been supported by the Congress Benches)

**ਸਰਦਾਰ ਬਲਵਿੰਦਰ ਸਿੰਘ ਭੂੰਡਰ**: ਡਿਪਟੀ ਸਪੀਕਰ ਸਾਹਿਬ, ਵਜ਼ੀਰਾਂ ਨੇ ਨਹੀਂ ਕੀਤੀ ਹੈ ਡਿਪਟੀ ਸਪੀਕਰ ਸਾਹਿਬ, ਮੈਂ ਗਲ ਕਰ ਰਿਹਾ ਸੀ ਕਿ ਇਹ ਕਿਹਾ ਜਾਣਾ ਕਿ ਉਹ ਵੋਟ ਦਾ ਸਹੀ ਇਸਤੇਮਾਲ ਨਹੀਂ ਕਰ ਸਕਣਗੇ ਮੈਂ ਇਸ ਦੇ ਨਾਲ ਸਹਿਮਤ ਨਹੀਂ। ਮੈਂ ਇਸ ਬਾਰੇ ਵਿਚ ਮਿਸਾਲ ਦਿੰਦਾ ਹਾਂ ਕਿ ਮੇਰੀ 28 ਸਾਲ ਦੀ ਉਮਰ ਹੈ। 19 ਸਾਲ ਦੀ ਉਮਰ ਵਿਚ ਮੈਂ ਆਪਣੇ ਪਿੰਡ ਦਾ ਸਰਪੰਚ ਬਣਿਆ ਅਤੇ ਅੱਜ 28 ਸਾਲ ਦੀ ਉਮਰ ਵਿਚ ਮੈਂ ਤੁਹਾਡੇ ਸਾਮ੍ਹਣੇ ਅਸੈਂਬਲੀ ਦੇ ਮੈਂਬਰ ਦੇ ਰੂਪ ਵਿਚ ਖੜਾ ਹਾਂ। ਮੈਨੂੰ ਇਹ ਦਸਣ ਕਿ ਮੈਂ ਕੀ ਕੁਰੀਤੀ ਕੀਤੀ ਹੈ। ਇਹ ਆਪ ਬੁਢੇ ਹੋ ਚੁਕੇ ਹਨ ਇਹ ਸਾਰੇ ਦੇ ਸਾਰੇ ਬਜ਼ੁਰਗ ਆਪਸ ਵਿਚ ਲੜ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਕੁਰਸਿਆਂ ਛੱਡ ਦੇਣੀਆਂ ਚਾਹੀਦੀਆਂ ਹਨ। 50 ਸਾਲਾਂ ਬਾਦ ਜਿਵੇਂ ਮੁਲਾਜ਼ਮਾਂ ਦੀ ਪੈਨਸ਼ਨ ਹੋ ਜਾਂਦੀ ਹੈ ਇਨ੍ਹਾਂ ਦੀ ਵੀ ਪੈਨਸ਼ਨ ਹੋ ਜਾਣੀ ਚਾਹੀਦੀ ਹੈ । ਇਥੇ ਨੌਜਵਾਨ ਤਬਕੇ ਨੂੰ ਲਿਆਉਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਇਥੇ ਇਕ ਗਲ ਸ਼ਾਦੀ ਦੀ ਚਲ ਪਈ ਹੈ। ਗਿਆਨੀ ਜੀ ਨੇ ਠੀਕ ਹੀ ਕਿਹਾ ਹੈ ਕਿ ਸ਼ਾਦੀ 25 ਸਾਲ ਦੀ ਉਮਰ ਵਿਚ ਹੋਣੀ ਚਾਹੀਦੀ ਹੈ। (ਵਿਘਨ)

**ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ)**: ਡਿਪਟੀ ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਹ ਕਲੈਰੀਫ਼ਿਕੇਸ਼ਨ ਚਾਹੁੰਦਾ ਹਾਂ ਕਿ ਇਨ੍ਹਾਂ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਹ 19 ਸਾਲ ਦੀ ਉਮਰ ਵਿਚ ਸਰਪੰਚ ਬਣ ਗਏ ਸਨ। ਜਦ 21 ਸਾਲ ਦੀ ਉਮਰ ਤੋਂ ਪਹਿਲਾਂ ਕੋਈ ਵੋਟਰ ਹੀ ਨਹੀਂ ਬਣ ਸਕਦਾ ਤਾਂ 19 ਸਾਲ ਦੀ ਉਮਰ ਵਿਚ ਇਹ ਸਰਪੰਚ ਕਿਵੇਂ ਬਣੇ ?

**ਸਰਦਾਰ ਬਲਵਿੰਦਰ ਸਿੰਘ ਭੂੰਡਰ** : ਕਲੈਰੀਫ਼ਿਕੇਸ਼ਨ ਇਹ ਹੈ ਕਿ ਮੇਰੀ ਡੇਟ ਆਫ਼ ਬਰਥ 21 ਸਤੰਬਰ, 1946 ਹੈ, ਅਤੇ 20 ਦਸੰਬਰ, 1963 ਵਿਚ ਮੈਂ ਸਰਪੰਚ ਬਣਿਆ ਅਤੇ ਹੁਣ ਮੈਂ ਅਸੰਬਲੀ ਵਿਚ ਆਇਆ। ਇਹ ਸਿਲਸਿਲਾ ਤੁਹਾਡਾ ਹੀ ਚਲ ਰਿਹਾ ਹੈ। (ਵਿਘਨ)

**ਸ਼੍ਰੀ ਗੁਰਦਿਆਲ ਸੈਣੀ**: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਸਿਰਫ਼ ਇਨੀਂ ਗਲ ਦੀ ਕਲੈਰੀਫ਼ਿਕੇਸ਼ਨ ਚਾਹੁੰਦਾ ਹਾਂ ਕਿ ਜਮਣ ਤੋਂ ਦੋ ਸਾਲ ਪਹਿਲਾਂ ਤਾਂ ਵੋਟ ਨਹੀਂ ਬਣ ਗਈ ਸੀ (ਵਿਘਨ)

**ਸ਼੍ਰੀ ਡਿਪਟੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (This is no point of order)

**ਸਰਦਾਰ ਬਲਵਿੰਦਰ ਸਿੰਘ ਭੂੰਡਰ**: ਡਿਪਟੀ ਸਪੀਕਰ ਸਾਹਿਬ, ਮੈਂ ਗਲ ਕਰ ਰਿਹਾ ਸੀ ਕਿ ਚੀਫ਼ ਮਨਿਸਟਰ ਸਾਹਿਬ ਨੇ ਸ਼ਾਦੀ ਦੀ ਗਲ ਤੋਰੀ। ਮੈਂ ਸਮਝਦਾ ਹਾਂ ਕਿ ਇਹ ਬੜੀ ਵਾਜਬ ਗਲ ਹੈ। ਸਾਡੇ ਦੇਸ਼ ਵਿਚ ਅਨਾਜ ਅਤੇ ਆਬਾਦੀ ਦਾ ਮਸਲਾ ਹੈ। ਅਨਾਜ ਦਾ ਮਸਲਾ ਤਾਂ ਹੀ ਠੀਕ ਹੋ ਸਕਦਾ ਹੈ ਜੇਕਰ ਆਬਾਦੀ ਠੀਕ ਹੋਵੇ। ਆਬਾਦੀ ਕਿਸ ਤਰਾਂ ਠੀਕ ਹੋਵੇਗੀ। ਇਹ ਵਿਚਾਰ ਕਰਨ ਵਾਲੀ ਗਲ ਹੈ। ਸ਼੍ਰੀ ਬਲਰਾਮ ਜੀ ਨੇ ਕਿਹਾ ਸੀ ਕਿ 4 ਪ੍ਰਸਤ ਹੁੰਦੇ ਹਨ। ਸਾਡੇ ਸ਼ਾਸਤਰਾਂ ਨੇ ਸਾਡੀ ਜ਼ਿੰਦਗੀ ਦੇ ਚਾਰ ਹਿਸੇ ਕੀਤੇ ਹਨ। ਪਹਿਲਾ ਬਰਹਮਚਰੀਆ, ਫਿਰ ਗ੍ਰਿਹਸਥ, ਤੀਸਰਾ ਬਾਨਪ੍ਰਸਤ ਅਤੇ ਚੌਥਾ ਸਨਿਆਸ ਆਸ਼ਰਮ। ਇਸ ਦੇ ਮੁਤਾਬਕ ਇਹ ਹੈ ਕਿ ਪਹਿਲੇ 25 ਸਾਲਾਂ ਤਕ ਕੁਆਰਾ ਰਹਿਣਾ ਹੈ ਅਤੇ ਅਗਲੇ 25 ਸਾਲਾਂ ਵਿਚ ਗ੍ਰਿਹਸਥ ਦੀ ਜ਼ਿੰਦਗੀ ਬਤੀਤ ਕਰਨੀ ਹੈ। ਮੈਂ ਬਾਕੀ ਦੇ ਦੋ ਛਡ ਦਿੰਦਾ ਹਾਂ। ਸ਼ਾਦੀ ਦਾ ਸਮਾਂ 25 ਸਾਲ ਤੋਂ ਘਟ ਨਹੀਂ ਹੋਣਾ ਚਾਹੀਦਾ। ਇਹ ਚੀਜ਼ ਸਾਡੀ ਹੈਲਥ ਅਤੇ ਦਿਮਾਗ ਵਾਸਤੇ ਵੀ ਠੀਕ ਹੈ। ਦੂਜੀ ਗਲ ਇਹ ਹੈ ਕਿ 25 ਸਾਲਾਂ ਤੋਂ ਬਾਦ 50 ਸਾਲਾਂ ਤਕ ਗਿਰਸਥ ਦੀ ਜ਼ਿੰਦਗੀ ਬਤੀਤ ਕਰਕੇ ਸਾਡੇ ਬਜ਼ੁਰਗ ਘਰ ਬਾਰ ਛਡ ਕੇ ਚਲੇ ਜਾਂਦੇ ਸਨ। ਹੁਣ ਮੈਂ ਆਪਣੇ ਇਥੇ ਬੈਠੇ 50 ਸਾਲ ਤੋਂ ਉਪਰ ਦੇ ਬਜ਼ੁਰਗਾਂ ਨੂੰ ਕਹਾਂਗਾ ਕਿ ਉਹ ਹੁਣ ਪਾਲਿਟਿਕਸ ਨੂੰ ਛੱਡ ਦੇਣ ਅਤੇ ਕਿਸੇ ਕਿਸਮ ਦਾ ਦਖਲ ਨਾ ਦੇਣ (ਵਿਘਨ)

ਸਤਿਕਾਰ ਯੋਗ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਵੀ ਕੋਈ ਮਾਮੂਲੀ ਜਿਹੀ ਗਲ ਇਧਰੋਂ ਕੀਤੀ ਜਾਂਦੀ ਹੈ ਤਾਂ ਟਰੇਜ਼ਰੀ ਬੈਂਚਾਂ ਵਾਲੇ ਬੜਾ ਮਹਿਸੂਸ ਕਰਦੇ ਹਨ। (ਵਿਘਨ) ਮੈਂ ਇਕ ਕਿਤਾਬ ਪੜ੍ਹੀ ਕਿ ਜਦੋਂ ਸੁਭਾਸ਼ ਚੰਦਰ ਬੋਸ ਕਾਂਗਰਸ ਦੇ ਪ੍ਰਧਾਨ ਸਨ ਤਾਂ ਮਹਾਤਮਾ ਗਾਂਧੀ ਜੀ ਨੂੰ ਗੁੱਸਾ ਆ ਗਿਆ ਅਤੇ ਉਨ੍ਹਾਂ ਨੇ ਕਿਹਾ ਕਿ ਇਕ ਨੌਜਵਾਨ ਨੂੰ ਕਿਉਂ ਪ੍ਰਧਾਨ ਬਣਾਇਆ ਹੈ ਅਤੇ ਉਸ ਨੂੰ ਅਗਲੇ ਸਾਲ ਹੀ ਪ੍ਰਧਾਨਗੀ ਤੋਂ ਹਟਾ ਦਿਤਾ ਗਿਆ (ਵਿਘਨ)।

**ਸ਼੍ਰੀ ਡਿਪਟੀ ਸਪੀਕਰ**: ਨੌਜਵਾਨ ਕਰਕੇ ਨਹੀਂ, ਬਲਕਿ ਵਿਚਾਰਾਂ ਦੇ ਇਖਤਲਾਫ਼ ਕਰਕੇ। (It was due to his ideology and not his youth.)

**ਸਰਦਾਰ ਬਲਵਿੰਦਰ ਸਿੰਘ ਭੂੰਡਰ** : ਡਿਪਟੀ ਸਪੀਕਰ ਸਾਹਿਬ, ਉਸ ਨੂੰ 26 ਸਾਲ ਦੀ ਉਮਰ ਵਿਚ ਉਸ ਨੂੰ ਬਾਹਰ ਜਾਣਾ ਪਿਆ ਅਤੇ ਉਸ ਨੂੰ ਆਪਣੇ ਖਿਆਲਾਤ ਦੇ ਮੁਤਾਬਕ ਫੌਜ ਬਣਾਉਣੀ ਪਈ ਅਤੇ ਆਜ਼ਾਦੀ ਦੀ ਜੰਗ ਲੜੀ (ਵਿਘਨ)

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਇਹ ਕਿਹਾ ਹੈ ਕਿ ਮਹਾਤਮਾ ਗਾਂਧੀ ਜੀ ਨੇ ਅਸਤੀਫਾ ਦੇਣ ਲਈ ਮਜਬੂਰ ਕਰ ਦਿਤਾ ਇਹ ਨਾ ਵਾਜਬ ਹੈ ਇਸ ਲਈ ਪ੍ਰੋਸੀਡਿੰਗ ਵਿਚੋਂ ਕੱਢ ਦੇਣਾ ਚਾਹੀਦਾ ਹੈ।

**Mr. Deputy Speaker**: There is nothing that requires to be expunged.

**ਸਰਦਾਰ ਬਲਵਿੰਦਰ ਸਿੰਘ ਭੂੰਡਰ** : ਡਿਪਟੀ ਸਪੀਕਰ ਸਾਹਿਬ ਮੈਂ ਤਾਂ ਬੜੇ ਢੰਗ ਨਾਲ ਗਲ ਕਰ ਰਿਹਾ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗਲ ਬਿਲਕੁਲ ਗਲਤ ਹੈ ਕਿ ਜੇ ਨੌਜਵਾਨਾਂ ਨੂੰ ਵੋਟ ਦਾ ਹੱਕ ਦਿੱਤਾ ਗਿਆ ਤਾਂ ਉਹ ਰੇਲਾਂ ਸਾੜਨਗੇ। ਇਸ ਦੇਸ਼ ਨੂੰ ਸਹੀ ਰਸਤੇ ਤੇ ਨੌਜਵਾਨ ਹੀ ਲਿਆ ਸਕਦੇ ਹਨ। ਅਗਰ ਉਨ੍ਹਾਂ ਨੂੰ ਨੁਮਾਇੰਦਗੀ ਦੇਈਏ ਵੋਟ ਦਾ ਹੱਕ ਦੇਈਏ ਤਾਂ ਨੌਜਵਾਨ ਤਬਕਾ ਅੱਗੇ ਆਵੇਗਾ। ਨੌਜਵਾਨ ਤਬਕੇ ਵਿਚ ਕੰਮ ਕਰਨ ਦੀ ਸ਼ਕਤੀ ਹੋਵੇਗੀ, ਇਮਾਨਦਾਰੀ ਦੀ ਸ਼ਕਤੀ ਹੋਵੇਗੀ, ਉਹ ਅਕਲ ਦਾ ਸਹੀ ਸਹੀ ਪ੍ਰਯੋਗ ਕਰਨਗੇ ਅਤੇ ਡੈਮੋਕਰੇਸੀ ਚੰਗੇ ਢੰਗ ਨਾਲ ਚਲੇਗੀ ਅਤੇ ਦੇਸ਼ ਤਰੱਕੀ ਕਰੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪੁਰ ਜ਼ੋਰ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਾਰਾ ਹਾਊਸ, ਜਿਸ ਤਰ੍ਹਾਂ ਕਿ ਉਧਰੋਂ ਵੀ ਕੁਝ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ ਹੈ, ਇਸ ਨੂੰ ਸਰਵ-ਸੰਮਤੀ ਨਾਲ ਪਾਸ ਕਰਕੇ ਭੇਜਣਗੇ।

**ਸ੍ਰੀ ਪ੍ਰੇਮ ਗੁਪਤਾ**: ਜਨਾਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਾਰਿਆਂ ਮੈਂਬਰਾਂ ਨੇ ਆਪਣੀ ਰਾਏ ਇਸ ਰੈਜ਼ੋਲਿਊਸ਼ਨ ਬਾਰੇ ਪ੍ਰਗਟ ਕੀਤੀ ਹੈ ਅਤੇ ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਵੀ ਇਸ ਗਲ ਨਾਲ ਇਤਫਾਕ ਕੀਤਾ ਹੈ ਕਿ ਵੋਟਰ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਜਾਵੇ ਅਤੇ ਨਾਲ ਹੀ ਕਮਿਊਨਲ ਪਾਰਟੀਆਂ ਤੇ ਵੀ ਪਾਬੰਦੀ ਲਗਣੀ ਚਾਹੀਦੀ ਹੈ। ਅਕਾਲੀ ਪਾਰਟੀ ਨੂੰ ਵੀ ਕਿਸੇ ਨੌਜਵਾਨ ਨੂੰ ਲੀਡਰ ਬਣਾਉਣਾ ਚਾਹੀਦਾ ਹੈ। ਬਾਦਲ ਸਾਹਿਬ ਕਾਫੀ ਬੁੱਢੇ ਹੋ ਗਏ ਹਨ। (ਸ਼ੋਰ)

**ਸ੍ਰੀਮਤੀ ਜਸਵੰਤ ਕੌਰ** (ਖਡੂਰ ਸਾਹਿਬ): ਡਿਪਟੀ ਸਪੀਕਰ ਸਾਹਿਬ, ਅੱਜ ਜੋ ਮੱਤਾ ਕਾਮਰੇਡ ਸਾਹਿਬ ਨੇ ਵੋਟਰ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਦਾ ਰਖਿਆ ਹੈ, ਉਸਦੇ ਖਿਲਾਫ ਬੋਲਣ ਵਾਸਤੇ ਮੈਂ ਖੜੀ ਹੋਈ ਹਾਂ। ਡਿਪਟੀ ਸਪੀਕਰ ਸਾਹਿਬ, ਅੱਜ ਦਾ ਯੁਗ ਸਾਇੰਸ ਦਾ ਯੁਗ ਹੈ, ਤਜ਼ਰਬੇ ਦਾ ਯੁਗ ਹੈ। ਤਾਲੀਮ ਦੀ ਲੋੜ ਹੈ। ਮੇਰੀ ਰਾਏ ਤਾਂ ਇਹ ਹੈ ਕਿ 18 ਸਾਲ ਦੀ ਉਮਰ ਤਕ ਕੋਈ ਵੀ ਬੱਚਾ ਨਾਂ ਤਾਂ ਐਮ. ਬੀ. ਬੀ. ਐਸ ਕਰ ਸਕਦਾ ਹੈ ਅਤੇ ਨਾਂ ਹੀ ਲਾ-ਗਰੈਜੂਏਟ ਬਣ ਸਕਦਾ ਹੈ ਅਤੇ ਨਾਂ ਹੀ ਕੋਈ ਹੋਰ ਅੱਛੀ ਤਾਲੀਮ ਹਾਸਲ ਕਰ ਸਕਦਾ ਹੈ। 18 ਸਾਲ ਦੀ ਉਮਰ ਇੱਕ ਬਚਪਨ ਦੀ ਉਮਰ ਹੈ। ਕਮਿਊਨਿਸਟ ਅਤੇ ਅਕਾਲੀ ਭਰਾ ਸਿਰਫ ਵੋਟ ਦਾ ਹੱਕ ਨੌਜਵਾਨਾਂ ਨੂੰ ਦਿਵਾ ਕੇ ਹੀ ਫਾਰਗ ਹੋ ਜਾਣਗੇ, ਮੈਂ ਸਮਝਦੀ ਹਾਂ ਕਿ ਸਾਡੀ ਬੱਚਿਆਂ ਪ੍ਰਤੀ ਬੜੀ ਭਾਰੀ ਜ਼ਿਮੇਂਵਾਰੀ ਹੈ। ਅਸੀਂ ਵੋਟ ਦਾ ਹੱਕ ਦੇ ਕੇ ਫਾਰਗ ਨਹੀਂ ਹੋ ਸਕਦੇ। ਇਹ ਅਕਾਲੀ ਭਰਾ ਬੜੇ ਗਿਆਨੀ ਹਨ ਅਤੇ ਵਿਦਵਾਨ ਹਨ। ਮੈਂ ਇਨ੍ਹਾਂ ਦੀ ਗਿਆਤ ਲਈ ਦੱਸਦੀ ਹਾਂ ਕਿ ਗੁਰੂ ਅਰਜਨ ਦੇਵੀ ਜੀ ਨੇ ਕਿਹਾ ਹੈ ਕਿ:

"ਦਸ ਬਾਲਪਨ, ਬੀਸ ਰਵਣ, ਤੀਸਾਂਕਾ ਸੁੰਦਰ ਕਹਾਵੇ,,
ਚਾਲੀਸੇ ਪੁਰ ...."

ਉਨ੍ਹਾਂ ਦੇ ਅਨੁਸਾਰ ਤੀਹ ਸਾਲ ਦੀ ਉਮਰ ਵਿਚ ਹੀ ਇੱਕ ਆਦਮੀ ਪੂਰਾ ਸੁੰਦਰ ਅਤੇ ਸਿਆਣਾ ਨੌਜਵਾਨ ਬਣਦਾ ਹੈ। ਇਸ ਲਈ ਮੈਂ ਸਮਝਦੀ ਹਾਂ ਕਿ ਇਹ ਹੱਦ ਘਟਾ ਕੇ 18 ਸਾਲ ਨਹੀਂ ਕਰਨੀ ਚਾਹੀਦੀ। ਗਿਆਨੀ ਜੀ ਨੇ ਅੱਜ ਕਿਹਾ ਹੈ ਕਿ ਸ਼ਾਦੀ ਦੀ ਉਮਰ 25 ਸਾਲ ਜ਼ਰੂਰ ਹੋਣੀ ਚਾਹੀਦੀ ਹੈ ਕਿਉਂਕ ਇਸ ਵੇਲੇ ਹਿੰਦੁਸਤਾਨ ਦੀ ਸੱਭ ਤੋਂ ਵੱਡੀ ਪਰਾਬਲਮ ਅਬਾਦੀ ਦੀ ਪ੍ਰਾਬਲਮ ਹੈ। ਇਹ ਬੜਾ ਫਿਕਰਮੰਦ ਮਸਲਾ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਜਸਵਿੰਦਰ ਕੌਰ]

ਹੈ। ਇਸ ਲਈ ਸ਼ਾਦੀ ਦੀ ਉਮਰ 25 ਸਾਲ ਨਿਯਤ ਹੋਣੀ ਚਾਹੀਦੀ ਹੈ ਅਤੇ ਵੋਟ ਦੇਣ ਦੀ ਉਮਰ ਜੋ ਅੱਗੇ ਨੀਯਤ ਹੈ, ਯਾਨੀ 21 ਸਾਲ ਰਹਿਣੀ ਚਾਹੀਦੀ ਹੈ। ਇਹ ਗਲ ਨਹੀਂ ਕਿ ਮੈਨੂੰ ਨੌਜਵਾਨਾਂ ਨਾਲ ਪਿਆਰ ਨਹੀਂ। ਮੈਂ ਆਪ ਬੱਚਿਆਂ ਵਾਲੀ ਹੈ। ਮੈਂ ਮਾਂ ਦੇ ਹਿਰਦੇ ਨਾਲ ਇਹ ਕਹਿੰਦੀ ਹਾਂ ਕਿ ਸਾਡੀ ਸੱਭ ਤੋਂ ਵੱਡੀ ਜ਼ਿਮੇਂਵਾਰੀ ਬੱਚਿਆਂ ਨੂੰ ਤਾਲੀਮ ਦੇਣ ਦੀ ਹੈ ਅਤੇ ਉਸ ਨੂੰ ਸਿਆਣਾ ਅਤੇ ਸੁਚੱਜਾ ਬਣਾਉਣ ਦੀ ਹੈ। ਮੈਂ ਤਾਂ ਇਹ ਸਮਝਦੀ ਹਾਂ ਕਿ ਇਸ ਸੰਸਾਰ ਵਿਚ ਬੱਚਿਆਂ ਅਤੇ ਫੁੱਲਾਂ ਦੀ ਕੋਈ ਵੰਡ ਨਹੀਂ। ਇਹ ਸਾਰਿਆਂ ਦੇ ਸਾਂਝੇ ਹਨ। ਇਸ ਲਈ ਮੈਂ ਇਹ ਬੇਨਤੀ ਕਰਦੀ ਹਾਂ ਕਿ ਵੋਟ ਦੇਣ ਦੀ 21 ਸਾਲ ਦੀ ਉਮਰ ਜੋ ਪਹਿਲਾਂ ਨਿਯਤ ਹੈ, ਉਹ ਠੀਕ ਹੈ। ਮੈਂ ਆਪ ਜੀ ਦੀ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਮੈਨੂੰ ਟਾਈਮ ਦਿੱਤਾ ਹੈ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ): ਡਿਪਟੀ ਸਪੀਕਰ ਸਾਹਿਬ ਕੈਮਿਉਨਿਸਟ ਮੈਂਬਰ ਸਾਹਿਬ ਨੇ ਹਾਉਸ ਵਿਚ ਇਹ ਪ੍ਰਸਤਾਵ ਰਖਿਆ ਹੈ ਕਿ ਵੋਟ ਪਾਉਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਜਾਵੇ। (ਸ਼ੋਰ) ਡਿਪਟੀ ਸਪੀਕਰ ਸਾਹਿਬ ਮੇਰੇ ਦੋਸਤ ਗੁਲਸ਼ਨ ਜੀ ਨੇ ਕਿਹਾ ਕਿ ਇਹ ਘਟਾ ਕੇ 10 ਸਾਲ ਕਰ ਦਿੱਤੀ ਜਾਣੀ ਚਾਹੀਦੀ ਹੈ। ਇਹੋ ਜਿਹੀਆਂ ਗਲਾਂ ਪ੍ਰੈਸ ਵਿਚ ਜਾਣ ਕਿ ਅਸੈਂਬਲੀ ਦੇ ਮੈਂਬਰ ਕਹਿੰਦੇ ਹਨ ਕਿ ਵੋਟ ਪਾਉਣ ਦੀ ਉਮਰ ਘਟਾ ਕੇ 10 ਸਾਲ ਕਰ ਦਿੱਤੀ ਜਾਵੇ, ਤਾਂ ਇਸ ਵਿਚ ਅਕਲ ਦੀ ਅਤੇ ਰੀਜ਼ਨਿੰਗ ਦੀ ਗਲ ਨਜ਼ਰ ਨਹੀਂ ਆਉਂਦੀ (ਸ਼ੋਰ) ਡਿਪਟੀ ਸਪੀਕਰ ਸਾਹਿਬ ਇਹ ਉਮਰ ਘਟਾ ਕੇ 18 ਸਾਲ ਕਰ ਦੇਣ ਬਾਰੇ ਦੋਹਾਂ ਪਾਸਿਆਂ ਤੋਂ ਦਲੀਲਾਂ ਦਿੱਤੀਆਂ ਗਈਆਂ। 1950 ਵਿਚ ਜਿਸ ਵੇਲੇ ਡਾਕਟਰ ਅਮਬੇਦਕਰ ਹਿੰਦੁਸਤਾਨ ਦਾ ਵਿਧਾਨ ਬਣਾਉਣ ਲਗੇ ਸਨ ਤਾਂ ਇਹ ਪੁਆਇੰਟ ਰੇਜ਼ ਹੋਇਆ ਸੀ ਕਿ ਆਇਆ ਵੋਟਰ ਦੀ ਉਮਰ ਘਟਾਈ ਜਾਵੇ। ਵੋਟਰ ਅਤੇ ਨੁਮਾਇੰਦਿਆਂ ਨੂੰ ਮਿਕਸ ਅਪ ਨਹੀਂ ਕਰਨਾ ਚਾਹੀਦਾ। ਨੁਮਾਇੰਦਾ ਬਣਨ ਵਾਸਤੇ ਮਿਨੀਮੱਮ ਏਜ ਲਿਮਟ 25 ਸਾਲ ਹੈ ਅਤੇ 25 ਸਾਲ ਹੀ ਰਹਿਣੀ ਹੈ। ਇਹ ਮੰਗ ਕੀਤੀ ਗਈ ਹੈ ਕਿ ਵੋਟ ਪਾਉਣ ਦਾ ਹੱਕ 18 ਸਾਲ ਦੀ ਉਮਰ ਵਾਲੇ ਨੂੰ ਦਿੱਤਾ ਜਾਵੇ। ਇਸ ਗਲ ਤੇ ਵਿਚਾਰ ਉਸ ਵੇਲੇ ਵੀ ਹੋਇਆ। ਕਈ ਮੈਂਬਰਾਂ ਨੇ ਡਿਸਕਸ਼ਨ ਵਿਚ ਹਿੱਸਾ ਲਿਆ। ਉਸ ਵੇਲੇ ਇਹ ਦਲੀਲ ਦਿੱਤੀ ਗਈ ਸੀ ਕਿ ਜੇ ਵੋਟ ਪਾਉਣ ਵਾਲੇ ਦੀ ਉਮਰ ਘਟਾ ਕੇ 18 ਸਾਲ ਕਰ ਦਿੱਤੀ ਗਈ ਤਾਂ ਉਸ ਵਿਚ ਤਿੰਨ ਡਿਫੈਕਟ ਹੋਣਗੇ। ਮੈਂ ਡਿਬੇਟਾਂ ਫਰੋਲੀਆਂ ਹਨ ਅਤੇ ਉਨਾ ਵਿਚ ਜੋ ਦਲੀਲਾਂ ਦਿੱਤੀਆਂ ਗਈਆਂ ਸਨ ਉਹ ਕੱਢੀਆਂ ਹਨ। ਨੰਬਰ ਇੱਕ ਤਾਂ ਪੜ੍ਹਨ ਵਾਲਿਆਂ ਦੀ ਪੜ੍ਹਾਈ ਵਿਚ ਇੰਟਰਪਸ਼ਨ ਹੋਵੇਗੀ। ਨੰਬਰ ਦੋ ਉਸ ਦੇ ਵਿਚ ਮੈਚਿਉਰਟੀ ਨਹੀਂ ਹੋਵੇਗੀ ਅਤੇ ਨੰਬਰ ਤਿੰਨ ਉਹ ਬਗੈਰ ਮੈਚਿਉਰਟੀ ਦੇ ਪੁਲੀਟੀਕਲ ਫੀਲਡ ਵਿਚ ਜੰਪ ਕਰੇਗਾ ਅਤੇ ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਉਸ ਦਾ ਸਟੈਪ ਗਲਤ ਸਾਬਤ ਹੋਵੇ। ਇਸ ਲਈ ਸਾਡੀ ਵਿਧਾਨ ਬਣਾਉਣ ਵਾਲੀ ਕੰਸਟੀਚੂਏਂਟ ਅਸੰਬਲੀ ਨੇ ਕਿਹਾ ਸੀ ਕਿ ਇਹ ਉਮਰ 21 ਸਾਲ ਹੀ ਰਹਿਣੀ ਚਾਹੀਦੀ ਹੈ। ਹਿੰਦੁਸਤਾਨ ਵਿਚ ਸੱਭ ਤੋਂ ਵੱਡੀ ਜ਼ਮਹੂਰੀਅਤ ਹੈ। ਜੇ ਹੋਰ ਜ਼ਮਹੂਰੀ ਮੁਲਕਾਂ ਵਲ ਨਿਗਾਹ ਮਾਰੀਏ ਤਾਂ ਪੱਤਾ ਲਗਦਾ ਹੈ ਕਿ ਉਥੇ ਵੀ ਇਹੋ ਜਿਹੇ ਕਈ ਮੌਕੇ ਪੈਦਾ ਹੋਏ। ਅਮਰੀਕਾ, ਇੰਗਲੈਂਡ ਅਤੇ ਰੂਸ ਵਿਚ ਵੀ ਏਜ ਨੂੰ ਘਟਾਉਣ ਦੀ ਲੋੜ ਪਈ। ਅਮਰੀਕਾ ਵਿਚ ਇਹ ਮੰਗ ਹੋਈ ਕਿ ਔਰਤਾਂ ਨੂੰ ਅਤੇ ਨੀਗਰੋਜ਼ ਨੂੰ ਵੋਟ ਦਾ ਅਧਿਕਾਰ ਦਿੱਤਾ ਜਾਵੇ। ਸੋਸਾਇਟੀ ਤੇ ਪ੍ਰੈਸ਼ਰ ਪਿਆ ਅਤੇ ਵੋਟ ਦਾ ਅਧਿਕਾਰ ਔਰਤਾਂ ਅਤੇ ਨੀਗਰੋਜ਼ ਨੂੰ ਦਿੱਤਾ ਗਿਆ। 1954-55 ਦੀ ਗਲ ਹੈ ਕਿ ਅਮਰੀਕਾ ਵਿਚ ਇਹ ਮੌਕਾ ਪੈਦਾ ਹੋਇਆ ਕਿ ਵੋਟ ਪਾਉਣ ਦੀ ਏਜ ਘਟਾ ਕੇ 18 ਸਾਲ ਕਰ ਦਿੱਤੀ ਜਾਵੇ। ਇਸ ਮੰਗ ਤੇ ਅਮਰੀਕੀ ਸੈਨੇਟ ਵਿਚ ਬਹਿਸ ਹੋਈ ਅਤੇ ਅਲਟੀਮੇਟਲੀ ਅਮਰੀਕਾ ਨੇ ਕਨਸੀਡ ਕੀਤਾ। ਉਥੋਂ ਦੇ ਪ੍ਰੈਜ਼ੀਡੈਂਟ ਦੀ ਸਪੀਚ ਵਿਚ ਲਿਖਿਆ ਕਿ :

Original with;
Punjab Vidhan Sabha
Digitized by;
Panjab Digital Library

"The Nation which does not rely on its youth is a Nation without faith in itself".

ਜਿਸ ਨੇਸ਼ਨ ਦਾ ਆਪਣੇ ਯੂਥ ਉਤੇ ਯਕੀਨ ਨਹੀਂ ਰਹਿੰਦਾ ਉਸ ਨੇਸ਼ਨ ਦਾ ਆਪਣੇਂ ਆਪ ਵਿਚ ਫੇਥ ਨਹੀਂ ਰਹਿੰਦਾ। ਉਨ੍ਹਾਂ ਨੇ ਫਰਦਰ ਆਖਿਆ ਹੈ:

"We are living in the world, that is young. That is becoming younger everyday. We must depend upon our youth."

ਉਨ੍ਹਾਂ ਨੇ ਵੋਟ ਦੇਣ ਦੀ ਉਮਰ ਨੂੰ ਰਿਡਿਊਸ ਕੀਤਾ ਹੈ ਅਤੇ 18 ਸਾਲ ਕੀਤਾ ਹੈ । ਇਸ ਤਰ੍ਹਾਂ ਹੀ ਸੈਂਟਰ ਦੇ ਲੀਡਰਾਂ ਦੇ ਇਹ ਮਸਲਾ ਜ਼ੇਰੇ ਗੌਰ ਹੈ ਕਿ 21 ਸਾਲਾਂ ਤੋਂ ਘਟਾ ਕੇ 18 ਸਾਲ ਕੀਤਾ ਜਾਵੇ । ਲੇਕਿਨ ਸਾਨੂੰ ਇਨ੍ਹਾਂ ਪਰਾਸ ਐਂਡ ਕਾਇਨਜ਼ ਨੂੰ ਸੋਚਣਾ ਪਵੇਗਾ। ਰੀਵੋਲਟ ਕਿਉਂ ਹੁੰਦੇ ਹਨ ? ਉਨ੍ਹਾਂ ਦਾ ਕੀ ਕਾਰਣ ਹੁੰਦਾ ਹੈ ਉਨ੍ਹਾਂ ਦਾ ਇਹ ਹੀ ਕਾਰਣ ਹੁੰਦਾ ਹੈ ਕਿ ਜਿਸ ਤਰ੍ਹਾਂ ਇਕ ਰਾਈਟਰ ਨੇ ਲਿਖਿਆ ਹੈ:

"The man at the age of 20, who is not a socialist, has got no heart. The man, who is socialist at the age of 40, has no head."

ਉਹ ਕਹਿੰਦਾ ਹੈ ਕਿ ਅਗਰ ਕੋਈ ਅਮੀਰ 20 ਸਾਲ ਦੀ ਉਮਰ ਵਿਚ ਸੋਸ਼ਲਿਸਟ ਨਹੀਂ ਹੈ ਤਾਂ ਉਸ ਦਾ ਹਾਰਟ ਨਹੀਂ ਹੈ, ਦਿਲ ਨਹੀਂ ਹੈ, ਉਹ ਤੰਗ ਦਿਲ ਹੈ। ਜਿਹੜਾ 40 ਸਾਲਾਂ ਤੋਂ ਬਾਅਦ ਸੋਸ਼ਲਿਸਟ ਬਣਦਾ ਹੈ he has no head. ਬੰਦਾ ਚੇਂਜ ਹੁੰਦਾ ਹੈ by the passage of time ਮੈਂ ਉਹ ਆਰਟੀਕਲ ਪੜ੍ਹਿਆ ਹੈ ਜਿਸ ਵਿਚ ਕਿ ਆਚਾਰੀਆ ਕਿਰਪਲਾਨੀ ਨੇ ਲਿਖਿਆ ਹੈ :—

"Why we should hand over our reign to the young man ?"

ਉਸ ਨੇ ਲਿਖਿਆ ਹੈ ਕਿ ਜਿਸ ਵੇਲੇ ਮੈਂ ਕਾਲਜ ਵਿਚ ਪੜ੍ਹਦਾ ਸੀ ਤਾਂ 80/90% ਸਟੂਡੈਂਟਸ ਤਰੰਗਾ ਝੰਡਾ ਚੁਕ ਕੇ ਇੰਡੀਪੈਂਡੈਂਸ ਲਈ ਮਾਰਚ ਕਰਿਆ ਕਰਦੇ ਸਨ । ਪਰ after the passage of time ਜਿਸ ਵੇਲੇ ਕਾਲਜ ਤੋਂ ਬਾਹਰ ਨਿਕਲੇ ਤਾਂ we were left only three persons in the congress and others joined services.

ਚੌਧਰੀ ਬਲਰਾਮ ਜੀ ਨੇ ਦਸਿਆ ਹੈ ਕਿ time is changing ਟਾਈਮ ਮੰਗ ਕਰਦਾ ਹੈ ਅਤੇ ਇਜ਼ਰਾਈਲ, ਗੋਟੇਮਾਲਾ, ਇੰਡੋਨੇਸ਼ੀਆ ਵਰਗੇ ਮੁਲਕਾਂ ਨੇ 18 ਸਾਲ ਦੀ ਉਮਰ ਕਰ ਦਿਤੀ ਹੈ। ਸਟੂਡੈਂਟਸ ਨੇ ਅਯੂਬ ਨੂੰ ਫੋਰਸ ਕਰ ਦਿਤਾ।

It were students who forced President, Ayub Khan, to quit the Presidentship and make room for the next person. ਪਾਰਲੀਮੈਂਟਰੀ ਸਕੱਤਰ ਸਾਹਿਬ ਦਾ ਖਿਆਲ ਠੀਕ ਹੈ ਕਿ ਜੇਕਰ ਅਸੀਂ ਨੌਜਵਾਨਾਂ ਨੂੰ ਸਿੱਧੇ ਪਾਸੇ ਨਹੀਂ ਲਾਵਾਂਗੇ, ਉਨ੍ਹਾਂ ਨੂੰ ਉੱਚਾ ਨਹੀਂ ਕਰਾਂਗੇ ਤਾਂ ਅਸੀਂ ਉਨ੍ਹਾਂ ਨਾਲ ਬੇਇੰਨਸਾਫੀ ਕਰਾਂਗੇ। ਜਦ ਤਕ ਅਸੀਂ ਜੋਸ਼ ਅਤੇ ਹੋਸ਼ ਦਾ ਮਿਕਸਚਰ ਨਹੀਂ ਕਰਾਂਗੇ we can not get results ਹੋਸ਼ ਮੀਨਜ਼ ਐਕਸਪੀਰੀਐਂਸ ਅਤੇ ਜੋਸ਼ ਮੀਨਜ਼ ਹਿੰਮਤ।

ਡਿਪਟੀ ਸਪੀਕਰ ਸਾਹਿਬ ਅਸੀਂ ਵੇਖੀਏ ਕਿ ਨਕਸਲਬਾੜੀ ਲਹਿਰ ਕਿਉਂ ਪੈਦਾ ਹੋਈ। ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਪਰੈਜ਼ੰਟ ਨਿਜ਼ਾਮ ਵਿਚ ਤਬਦੀਲੀ ਲਿਆਉਣੀ ਹੈ ਔਰ ਇਹ ਇਮੀਜੀਏਟਲੀ ਹੀ ਲਿਆਉਣੀ ਹੈ। ਅਸੀਂ ਕਹਿੰਦੇ ਹਾਂ ਕਿ ਹੌਲੀ ਹੌਲੀ ਸਮਾਜਵਾਦ ਲਿਆਓ ਲੇਕਿਨ ਉਹ ਕਹਿੰਦੇ ਹਨ ਕਿ ਵਾਇਲੈਂਸ ਦਾ ਤਰੀਕਾ ਹੀ ਅਡਾਪਟ ਕਰਨਾ ਚਾਹੀਦਾ ਹੈ। ਕੀ ਉਹ ਪਿੰਡਾਂ ਦੇ ਅਨਪੜ੍ਹ ਲੋਕ ਨਕਸਲਵਾਦੀ ਸਨ? ਨਹੀਂ ਉਹ ਗਰੈਜੂਏਟਸ ਸਨ। ਅਤੇ ਇਸ ਤੋਂ ਵੀ ਜ਼ਿਆਦਾ ਪੜ੍ਹੇ ਲਿਖੇ ਲੋਕ ਸਨ। ਇਸ ਕਰਕੇ ਮੇਰਾ ਖਿਆਲ ਹੈ ਕਿ ਅੱਜ ਦੇ ਹਾਲਾਤ ਨੂੰ ਵੇਖਕੇ ਜਿਹੜਾ ਮਤਾ ਹਾਊਸ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਦੇ ਸਾਹਮਣੇ ਹੈ। ਉਸ ਉਪਰ ਸੋਚ ਵਿਚਾਰ ਕੀਤੀ ਜਾਵੇ ਕਿ 18 ਸਾਲ ਉਮਰ ਕਰਨ ਨਾਲ ਕੀ ਕੀ ਫਾਇਦੇ ਹੋਣਗੇ। ਇਥੇ ਰੈਡੀਕਲ ਚੇਂਜਿਜ਼ ਆਉਣੀਆਂ ਚਾਹੀਦੀਆਂ ਹਨ ਪਰ ਇਹ ਚੇਂਜਿਜ਼ ਕਿਸ ਨੇ ਲਿਆਉਣੀਆਂ ਹਨ ।

It is the youth who bring the radical changes in the country and not the old men. Youth is less corrupt. Old age is more corrupt. I may further correct myself : youth is never corrupt. Youth is always with new ideas and with new thoughts (Thumping). ਓਲਡ ਏਜ਼ ਸੋਚਦਾ ਹੈ ਕਿ ਮੈਂ ਚਲਿਆ ਹਾਂ ਤਾਂ ਆਪਣੇ ਬੱਚਿਆਂ ਲਈ ਕੀ ਛੱਡ ਚੱਲਿਆ ਹਾਂ। ਮੇਰੇ ਪਿੱਛੋਂ ਬੱਚਿਆਂ ਦਾ ਕੀ ਬਣੇਗਾ। ਉਹ ਇਸ ਤਰ੍ਹਾਂ ਸੋਚਦਾ ਹੈ। (ਵਿਘਨ)

ਲੇਕਿਨ ਯੂ. ਐਸ. ਐਸ. ਆਰ. ਵਿਚ ਵੀ ਏਜ ਲਿਮਿਟ 18 ਸਾਲ ਹੀ ਹੈ। ਔਰ ਯੂ. ਐਸ. ਏ. ਵਿਚ ਵੀ 18 ਸਾਲ, ਯੂ. ਕੇ ਵਿਚ ਵੀ 18 ਸਾਲ ਦੀ ਹੈ। ਬਾਕੀ ਛੋਟੇ ਛੋਟੇ ਮੁਲਕ ਜਿਸ ਤਰ੍ਹਾਂ ਕਿ ਅਜਰਾਈਲ, ਗੌਟੇਮਾਲਾ ਅਤੇ ਇੰਡੋਨੇਸ਼ੀਆ ਨੇ ਵੀ ਇਤਨੀ ਹੀ ਉਮਰ ਦੀ ਲਿਮਿਟ ਰਖੀ ਹੈ। ਕਈ ਲੋਕ ਕਹਿੰਦੇ ਹਨ ਹਨ ਕਿ 18 ਸਾਲਾਂ ਦਾ ਬੱਚਾ ਪਾਲੇਟਿਕਸ ਵਿਚ ਪੈ ਜਾਵੇਗਾ, ਉਹ ਗੁਮਰਾਹ ਹੋ ਜਾਵੇਗਾ ਕਿਉਂਕਿ ਉਸ ਨੂੰ ਪਾਲੇਟਿਕਸ ਦਾ ਪਤਾ ਨਹੀਂ ਹੁੰਦਾ। ਡਿਪਟੀ ਸਪੀਕਰ ਸਾਹਿਬ, 18 ਸਾਲ ਦਾ ਬੱਚਾ ਸਭ ਕੁਝ ਜਾਣਦਾ ਹੈ। 18 ਸਾਲ ਦੇ ਬੱਚੇ ਨੂੰ ਪੁਲੀਟੀਕਲ ਪਾਰਟੀਆਂ ਦਾ ਸੱਭ ਪਤਾ ਹੁੰਦਾ ਹੈ। ਜੇਕਰ ਪੁਲੀਟੀਕਲ ਪਾਰਟੀਆਂ ਬਾਰੇ ਤੁਸੀਂ ਵੇਖੋ ਤਾਂ ਪਤਾ ਲਗੇਗਾ ਕਿ old people defected much more than the young people ਇਸ ਲਈ ਡਿਪਟੀ ਸਪੀਕਰ ਸਾਹਿਬ ਮੈਂ ਇਹ ਗੁਜ਼ਾਰਸ਼ ਕਰਨਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਯੂਥ ਨੂੰ ਮੌਕਾ ਦੇਣਾ ਚਾਹੁੰਦੇ ਹਾਂ ਕਿ 18 ਸਾਲ ਦੀ ਉਮਰ ਦੇ ਵਿਚ ਉਸ ਨੂੰ ਵੋਟ ਦਾ ਅਧਿਕਾਰ ਹੋਵੇ। ਇਹ ਵੀ ਕਿਹਾ ਗਿਆ ਹੈ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ 18 ਸਾਲ ਦੀ ਉਮਰ ਵਿਚ ਉਹ ਪਾਲੇਟਿਕਸ ਵਿਚ ਪੈ ਜਾਣਗੇ। ਪਰ ਅਸੀਂ ਉਨ੍ਹਾਂ ਨੂੰ ਪਾਲੇਟਿਕਸ ਵਿਚ ਨਹੀਂ ਪਾ ਰਹੇ। ਵੋਟ ਦਾ ਅਧਿਕਾਰ ਦੇ ਰਹੇ ਹਾਂ।

They must be shareholders in our Constitution. They must be shareholders in the system of our Government. I think the young man can behave better and he is going towards socialism. ਅੱਗਾਂ ਲਾਉਣ ਦੇ ਕਾਜ਼ ਲੱਭੋ। ਨਰਵਾਣਾ ਵਿਚ ਉਨ੍ਹਾਂ ਦੇ ਜਨਰਲ ਸੈਕਟਰੀ ਬੋਲੇ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਕਹਿੰਦੇ ਹਾਂ ਕਿ ਗਰੀਬੀ ਹਟਾਓ। ਮੁੰਡੇ ਵੀ ਕਹਿੰਦੇ ਹਨ ਕਿ ਗਰੀਬੀ ਹਟਾਓ। How can you kill poverty ? Unless you kill the creator of the poverty you cannot kill the poverty. The youth are misled. ਅਸੀਂ ਕਹਿੰਦੇ ਹਾਂ ਕਿ ਮੁੰਡੇ ਅੱਗਾਂ ਲਾਂਦੇ ਹਨ ਪਰ they feel that the system of the Government should be changed. They must have place in the system of the Government. That is their basic idea.

ਡਿਪਟੀ ਸਪੀਕਰ ਸਾਹਿਬ ਇਨ੍ਹਾਂ ਦੇ ਸਾਨੂੰ ਕਾਜ਼ ਸਮਝਣੇ ਚਾਹੀਦੇ ਹਨ। ਇਸ ਕਰਕੇ ਮੇਰੀ ਤੁਹਾਡੇ ਰਾਹੀਂ ਇਸ ਹਾਊਸ ਨੂੰ ਬਿਨੈ ਹੈ ਕਿ ਸਾਨੂੰ ਸੋਚਣਾ ਚਾਹੀਦਾ ਹੈ।

ਆਉਣ ਵਾਲੀ ਜੈਨਰੇਸ਼ਨ ਨੂੰ ਦੇਸ਼ ਦੀ ਵਾਗ ਡੋਰ ਅਸੀਂ ਸੰਭਾਲਣੀ ਹੈ ਇਸ ਲਈ ਧਿਆਣ ਦੇਣਾ ਬਹੁਤ ਜ਼ਰੂਰੀ ਹੈ ਅੱਜ ਦਾ ਨੌਜਵਾਨ ਕੀ ਕਹਿੰਦਾ ਹੈ ਕਿ:

ਮੇਰੀ ਸਦਾ ਕੋ ਦਬਾਨਾ ਤੋ ਖਰ ਮੁਮਕਿਨ ਹੈ
ਨਯੇ ਜ਼ਮਾਨੇ ਕੀ ਲਲਕਾਰ ਕੋ ਕੌਨ ਰੋਕੇਗਾ ॥

Original with;
Punjab Vidhan Sabha
Digitized by;
Panjab Digital Library

ਇਸ ਲਈ ਅਸੀਂ ਇਸ ਨੂੰ ਜ਼ਿਆਦਾ ਦੇਰ ਤਕ ਹੋਲਡ ਅਪ ਨਹੀਂ ਕਰ ਸਕਦੇ। ਇਸ ਗੱਲ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਸਾਡੀ ਬਣਨ ਵਾਲੀ ਜਨਰੇਸ਼ਨ ਵੱਲ ਤਵੱਜੋ ਥੋੜ੍ਹੀ ਹੈ। ਸਾਡੇ ਮਿਤਰ ਸ੍ਰੀ ਸਰਦਾਰੀ ਲਾਲ ਕਪੂਰ ਵਲੋਂ ਇਕ ਸਵਾਲ ਕੀਤਾ ਗਿਆ ਕਿ ਪਰਾਇਮਰੀ ਸਕੂਲਾਂ ਦੇ ਬਚਿਆਂ ਲਈ ਕੋਈ ਮੈਡੀਕਲ ਚੈਕ-ਅਪ ਦਾ ਇੰਤਜ਼ਾਮ ਕੀਤਾ ਗਿਆ ਹੈ ਤਾਂ ਇਸ ਦਾ ਸਰਕਾਰ ਵਲੋਂ ਆਨਸਰ ਆਇਆ ਕਿ "ਨੋ" ਕਿਉਂਕਿ 18 ਲਖ ਬਚੇ ਹਨ। ਇਹ ਠੀਕ ਹੈ ਪਰ ਅਸੀਂ ਮਿਡਲ ਸਕੂਲਾਂ ਵਿਚ ਤਾਂ ਮੈਡੀਕਲ ਚੈਕ-ਅਪ ਦਾ ਇੰਤਜ਼ਾਮ ਕਰ ਸਕਦੇ ਸਾਂ। ਜੇਕਰ ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦੇ ਤਾਂ ਇਸ ਦਾ ਨਤੀਜਾ ਕੀ ਨਿਕਲਦਾ ਹੈ। ਕਿ ਅਸੀਂ ਉਨ੍ਹਾਂ ਵੱਲ ਤਵੱਜੋ ਘਟਾ ਦਿੰਦੇ ਹਾਂ ਫਿਰ ਓਹ ਬਸਾਂ ਨੂੰ ਨਾ ਅਗਾਂ ਲਾਉਣ ਤਾਂ ਕੀ ਕਰਨ? ਸਾਨੂੰ ਇਸ ਦਾ ਕਾਰਨ ਲੱਭਣਾ ਚਾਹੀਦਾ ਹੈ

Try to find out the cause. They point out that here is a multi-millionaire and I am a hungry man. What should we do ? We are to cut the rich people to size. We are to reduce the multi-millionaire to ordinary citizens. We have done away with Rajas and Maharajas. But new Rajas and Maharajas are there. People who are bigger in size should be reduced.
ਇਕ ਪਾਸੇ ਕਰੋੜਾਂ ਰੁਪਏ ਦਾ ਮਾਲਕ ਹੈ ਅਤੇ ਦੂਜੇ ਪਾਸੇ ਭੁਖਾ ਆਦਮੀ ਹੈ। ਓਹ ਕੀ ਕਰੇ? ਫਿਰ ਗਰੀਬ ਜੱਟ ਦਾ ਬੱਚਾ ਹੈ ਜਿਹੜਾ ਦਿਹਾੜੀ ਕਰਕੇ ਕਿਤਾਬਾਂ ਖਰੀਦ ਦਾ ਹੈ। ਜੇਕਰ ਇਸ ਖਿਆਲ ਨੂੰ ਸਾਹਮਣੇ ਰਖੀਏ ਤਾਂ ਨੌਜਵਾਨ ਕੀ ਕਰਨ, ਅੱਗਾਂ ਨਾ ਲਾਉਣ ਤਾਂ ਕੀ ਕਰਨ? ਇਸ ਪਾੜੇ ਨੂੰ ਘਟਾਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਯੂਥ ਨਗਲੈਕਟਿਡ ਹੈ ਅਤੇ ਜੇਕਰ ਉਸ ਵਲ ਪੂਰਾ ਧਿਆਨ ਨਾ ਦਿਆਂਗੇ ਤਾਂ ਓਹ ਕੀ ਕਰੇਗਾ? ਹਰ ਪਿੰਡ ਵਿਚ ਨੌਜਵਾਨ ਸਭਾ ਕਾਇਮ ਹੋਈ ਹੋਈ ਹੈ। The School going children also know that this is their property. They also know that this is their Country. They also want a change in the system. With the passage of time, we will also have to change ourselves slowly, if not with a fast speed. ਓਹ ਇਕ ਵਗਦੇ ਪਾਣੀ ਵਾਂਗ ਹਨ ਅਤੇ ਤੁਸੀਂ ਜੇਕਰ ਇਹ ਕਹੋ ਕਿ ਵਗਦੇ ਪਾਣੀ ਨੂੰ ਰੋਕ ਲਿਆ ਜਾਵੇਗਾ ਤਾਂ ਮੁਸ਼ਕਲ ਹੈ। ਉਨ੍ਹਾਂ ਵਗਦੇ ਪਾਣੀ ਨੂੰ ਰੋਕਣ ਨਹੀਂ ਦੇਣਾ। ਇਸ ਲਈ ਅੱਜ ਜਿਹੜਾ ਮਤਾ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਭਾਵੇਂ ਸੀ. ਪੀ. ਆਈ. ਵਾਲਿਆਂ ਵਲੋਂ ਆਇਆ ਹੈ ਇਸ ਦੀ ਸਚਾਈ ਨੂੰ ਵੇਖਣਾ ਚਾਹੀਦਾ ਹੈ ਇਸ ਦੀ ਲੋੜ ਨੂੰ ਮਹਿਸੂਸ ਕਰਨਾ ਚਾਹੀਦਾ ਹੈ। ਮੈਂ ਤਾਂ ਇਨ੍ਹਾਂ ਅਕਾਲੀ ਭਰਾਵਾਂ ਨੂੰ ਵੀ ਕਹਿੰਦਾ ਹਾਂ ਅਤੇ ਤੁਹਾਨੂੰ ਵੀ ਜਿਹੜੇ ਇਸ ਪਾਸੇ ਬੈਠੇ ਹਨ ਕਿ ਤੁਹਾਨੂੰ ਨੌਜਵਾਨਾਂ ਨੂੰ ਵੋਟ ਦੇਣ ਦੀ ਪਾਵਰ ਦੇਣੀ ਚਾਹੀਦੀ ਹੈ (ਵਿਘਨ)

**ਇਕ ਆਵਾਜ਼:** ਅਕਾਲੀ ਤਾਂ ਇਸ ਮਤੇ ਨਾਲ ਸਹਿਮਤ ਹਨ ਇਸ ਨੂੰ ਪਾਸ ਕਰਾਓ।

**ਚੌਧਰੀ ਦਰਸ਼ਨ ਸਿੰਘ:** ਡਿਪਟੀ ਸਪੀਕਰ ਸਾਹਿਬ, ਗਿਆਨੀ ਜੀ ਨੇ ਕਿਹਾ ਹੈ ਕਿ ਉਮਰ 25 ਸਾਲ ਹੋਣੀ ਚਾਹੀਦੀ ਹੈ ਜੇਕਰ ਇਹ ਰਖਣਾ ਹੈ ਤਾਂ ਇਹ ਵੀ ਰਖ ਦਿਓ ਕਿ ਜਿਸ ਦੇ ਚਾਰ ਤੋਂ ਵੱਧ ਬੱਚੇ ਹੋਣ ਉਹ ਐਮ. ਐਲ. ਏ. ਨਹੀਂ ਬਣ ਸਕਦਾ (ਹਾਸਾ) (ਵਿਘਨ)

ਡਿਪਟੀ ਸਪੀਕਰ ਸਾਹਿਬ ਅੱਜ ਹਾਲਤ ਇਹ ਹੈ ਕਿ ਟੀਚਰ ਦੀ ਸ਼ਿਕਾਇਤ ਹੈ ਕਿ ਸਟੂਡੈਂਟ ਮਿਸਬੀ-ਹੇਵ ਕਰਦੇ ਹਨ ਪੇਰੈਂਟਸ ਨੂੰ ਕੁਟਦੇ ਹਨ ਅਸੀਂ ਸਾਰੇ ਇਸ ਗੱਲ ਲਈ ਕਨਸਰਡ ਹਾਂ ਪਰ ਜਿਹੜੀ ਟਾਰਚ ਲਾਈਟ ਅਸੀਂ ਫੜੀ ਹੋਈ ਹੈ ਜਾਂ ਸਾਡੇ ਆਗੂਆਂ ਪਾਸ ਹੈ ਕੀ ਉਸ ਨੂੰ ਅਸੀਂ ਧਿਆਨ ਨਹੀਂ ਦਿਤਾ ਕਿ ਓਹ ਕੀ ਹੈ ਅਤੇ ਉਸ ਦਾ ਅਸਰ ਯੂਥ ਤੇ ਕੀ ਪੈ ਰਿਹਾ ਹੈ? ਇਸ ਗਲ ਤੋਂ ਇਨਕਾਰ ਨਹੀਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਕੀਤਾ ਜਾ ਸਕਦਾ ਕਿ ਅਸਾਡੀਆਂ ਮੋਰਲ ਵੈਲੱਯੂਜ਼ ਥਲੇ ਹੀ ਥੱਲੇ ਜਾ ਰਹੀਆਂ ਹਨ। ਜਦ ਤਕ ਇਨ੍ਹਾਂ ਨੂੰ ਉਤਾਂਹ ਨਾ ਚੁਕੀਏ ਗੱਲ ਨਹੀਂ ਬਣਦੀ। ਇਨ੍ਹਾਂ ਨੂੰ ਇਮਪਰੂਵ ਕਰਨ ਦੀ ਲੋੜ ਹੈ। ਜਿਸ ਮੁਲਕ ਵਿਚ ਐਨਾ ਰਿਲੀਜਨ ਦਾ ਪਰਚਾਰ ਹੋਵੇ ਜਿਸ ਮੁਲਕ ਵਿਚ ਹਰ ਮੋੜ ਤੇ ਮੰਦਰ, ਮਸਜਦ, ਗੁਰਦਵਾਰਾ ਹੋਵੇ ਅਤੇ ਧਰਮ ਦੀ ਇਕ ਨਹੀਂ ਕਿੰਨੀਆਂ ਹੀ ਕਿਤਾਬਾਂ ਹੋਣ ਅਤੇ ਜਿਸ ਦੇਸ਼ ਵਿਚ ਸਵੇਰ ਸ਼ਾਮ ਰੋਟੀ ਖਾਣ ਲਗਿਆਂ ਇਹ ਕਿਹਾ ਜਾਵੇ ਸਰਬਤ ਦਾ ਭਲਾ ਉਸ ਵਿਚ ਮਾਰਲ ਵੈਲਿਯੂਜ਼ ਨੂੰ ਉਤਾਂਹ ਚੁਕਣ ਦੀ ਲੋੜ ਹੈ। ਸੰਸਾਰ ਵਿਚ 1/3 ਹਿੱਸਾ ਰਬ ਨੂੰ ਮੰਨਣ ਵਾਲਾ ਨਹੀਂ ਅਤੇ ਇਕ ਬਟਾ ਤਿੰਨ ਹਿਸਾ ਕਰਾਇਸਟ ਨੂੰ ਗੁਰੂ ਮੰਨਦਾ ਹੈ।

They go to Church only on Sunday. That too, hardly 10 per cent of the population.

In the first two categories, there is no adulteration. Hundreds of shops are there, without business men. They go to their shops and collect the money.

Coming to the third part ਅਸੀਂ ਕੀ ਹਾਲਤ ਵੇਖਦੇ ਹਾਂ। ਮੈਂ ਤੁਹਾਡੇ ਤੇ ਜ਼ਿਮੇਂਵਾਰੀ ਪਾਉਂਦਾ ਹਾਂ। ਸਾਨੂੰ ਤਾਂ ਤੁਸੀਂ ਨਾਸਤਕ ਸਮਝਦੇ ਹੋ। ਪਰ ਤਸੀ ਉਸ ਕਲਾਸ ਦੇ ਅਖਵਾਂਦੇ ਹੋ ਜਿਹੜੀ ਕਿ ਧਰਮ ਦੇ ਅਲੰਮਬਰਦਾਰ, ਝੰਡਾਬਰਦਾਰ, ਅਤੇ ਠੇਕੇਦਾਰ ਕਹਾਂਦੀ ਹੈ। 13 ਲਖ ਲੋਕ ਹਰਦੁਵਾਰ ਕੁੰਭ ਤੇ ਇਸ਼ਨਾਨ ਕਰਦੇ ਹਨ ਅਤੇ 3 ਲਖ ਮੱਸਿਆ ਤੇ ਇਸ਼ਨਾਨ ਕਰਨ ਜਾਂਦੇ ਹਨ। ਫਿਰ ਘੋੜਿਆਂ ਦੀ ਲਿੱਦ ਮਸਾਲੇ ਵਿਚ ਕਿਉਂ ਪਾਂਦੇ ਹੋ? (ਸ਼ੋਰ)।

**ਇਕ ਆਵਾਜ਼**: ਇਹ ਤਾਂ ਤੁਹਾਡੇ ਹੀ ਸਾਥੀ ਹਨ ਇਸ ਪਾਸੇ ਕੋਈ ਨਹੀਂ।

**ਚੌਧਰੀ ਦਰਸ਼ਨ ਸਿੰਘ**: ਜਿਥੇ ਤੁਹਾਡਾ ਪੌਣੇ ਦੋ ਕਰੋੜ ਦਾ ਬਜਟ ਹੋਵੇ ਉਥੇ ਅਸਾਨੂੰ ਤੁਹਾਡੇ ਤੋਂ ਟਾਰਚ ਲਾਈਟ ਮਿਲਣੀ ਚਾਹੀਦੀ ਹੈ। ਕਿਉਂਕਿ ਹਮ ਉਸ ਦੇਸ਼ ਦੇ ਬਾਸੀ ਹੈ ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ। (ਵਿਘਨ)

ਦਸ਼ਮੇਸ਼ ਪਿਤਾ ਸਿਰੀ ਗੁਰੂ ਗੋਬਿੰਦ ਸਿੰਘ ਨੇ ਜਿੰਨੀਆਂ ਕੁਰਬਾਨੀਆਂ ਕੀਤੀਆਂ ਤੁਹਾਡੇ ਸਾਹਮਣੇ ਹਨ। ਇਹ ਇਤਿਹਾਸ ਕੋਈ ਬਹੁਤ ਪੁਰਾਣਾ ਨਹੀਂ। 500 ਸਾਲ ਪੁਰਾਣਾ ਇਤਿਹਾਸ ਹੈ ਅਤੇ ਇਨ੍ਹਾਂ ਵਿਚ ਜਿੰਨੀਆਂ ਕੁਰਬਾਨੀਆਂ ਕੀਤੀਆਂ ਗਈਆਂ ਤੁਹਾਨੂੰ ਪਤਾ ਹੈ। ਬੰਦ ਬੰਦ ਕਟਾਏ, ਖਲਾਂ ਲੁਹਾਈਆਂ ਕਿਸੇ ਹੋਰ ਧਾਰਮਿਕ ਆਗੂ ਦਾ ਨਾਂ ਤਾਂ ਲੈ ਕੇ ਦਸੋ ਜਿਸ ਨੇ ਐਨੀਆਂ ਕੁਰਬਾਨੀਆਂ ਕੀਤੀਆਂ ਹੋਣ ਜਿੰਨੀਆਂ ਕਿ ਦਸ਼ਮੇਸ਼ ਪਿਤਾ ਨੇ ਕੀਤੀਆਂ। ਦਸ਼ਮੇਸ਼ ਜੀ ਨੇ ਜਵਾਨੀ ਵਿਚ ਮਸੰਦਾਂ ਨੂੰ ਸਾੜਿਆ। (ਵਿਘਨ)

ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਇਤਨਾ ਸ਼ਾਨਦਾਰ ਸੁਨਹਿਰੀ ਇਤਿਹਾਸ ਹੈ ਅਤੇ ਐਨੇ ਪਵਿਤਰ ਧਰਮ ਅਸਥਾਨ ਹਨ ਇਨ੍ਹਾਂ ਨੂੰ ਮਾਰਲ ਵੈਲਿਯੂਜ਼ ਨੂੰ ਉਚਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ ਹੈ (ਵਿਘਨ)।

**Mr. Deputy Speaker**: The House stands adjourned till 9.00 A.M. on 2nd March, 1973.

1.30 p.m.

*(The Sabha then adjourned till 9.00 A.M. on Friday, the 2nd March, 1973).*

10845 P.V.S.—24-5-74—Govt. Press, Chandigarh.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

[redacted]

© 1974.

Published under the authority of the Punjab Vidhan Sabha and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*2nd March, 1973*

Vol. I—No : 3

**Official Report**

Contents

*Friday the 2nd March, 1973* **Page**


| | |
|---|---|
| Starred Questions and Answers. | (3)1 |
| Written Answers to Starred Questions laid on the Table under Rule 38. | (3)35 |
| Unstarred Questions and Answers. | (3)55 |
| Question of Privilege. | (3)57 |
| Call Attention Notices Under Rule 66. | (3)59 |
| Summary of the Findings of the Enquiry Commission regarding Moga Firing (Laid on the Table) | (3)63 |
| Resumption of Discussion on Governor's Address. | (3)66 |
| Decision Regarding Expunction of 'No points of order'. | (3)67 |
| Resumption of Discussion on Governor's Address | (3)74 |
| Walk out. | (3)82 |
| Resumption of Discussion on Governor's Address. | (3)83 |
| Personal Explanation by Sardar Jasdev Singh Sandhu. | (3)94 |
| Resumption of Discussion on Governor's Address. | (3)94 |


---


**Price Rs. :**

**20/45 P.**



Original with;
Punjab Vidhan Sabha
Digitized by;
Panjab Digital Library

*Rea*
Mir
Fi
con
eve
rec
De
re
ਅੰਰ
de
a
g
3
ਟ
ਸ

Original with;
Punjab Vidhan Sabha
Digitized by;
Panjab Digital Library

# *ERRATA*

TO

## Punjab Vidhan Sabha Debates

*2nd March, 1973*

*Vol. I—No.* 3

| *Read* | *For* | *Page* | *Line* |
|---|---|---|---|
| Minister for Finance | Ministea for Finance | (3)8 | 1 |
| continue | eontinue | (3)8 | 6 |
| evening | evenlng | (3)8 | 13 |
| receptionist | receptiouist | (3)10 | 2nd from below |
| Deputy | Depnty | (3)12 | 24th from below |
| required | requtred | (3)12 | 3rd from below |
| ਅੰਗਰੇਜ਼ਾਂ | ਅੰ ਗਰੇਸ਼ਾਂ | (3)33 | 3 |
| departmental | departmenta | (3)38 | 30 |
| and | aad | (3)43 | 25 |
| given | givee | (3)47 | 38 |
| 31 ਮਾਰਚ, 1974 | 81 ਮਾਰਚ, 1974 | (3)52 | 17 |
| ਲੇ | ਲ | (3)59 | 2 |
| ਸਰਦਾਰ ਸੁਰਜੀਤ ਸਿੰਘ ਅਟਵਾਲ | ਸਰਦਾਰ ਸਰਜੀਤ ਸਿੰਘ ਅਟਵਾਲ | (3)74 | 5th from below |
| address | addess | (3)76 | 2nd frombelow |
| ਸਰਦਾਰ ਜਸਵਿੰਦਰ ਸਿੰਘ ਬਰਾੜ | ਸਰਦਾਰ ਜਸਵਿੰਤਚ ਸਿੰਘ ਬਰਾੜ | (3)86 | 1 |
| cannot | camot | (3)88 | 11 |
| of | op | (3)93 | Head line |
| PERSONAL | ERSONAL | (3)94 | 15 |
| SARDAR JASDEV SINGH SANDHU | SARDAR JASDEV SINGH SANDH | (3)94 | 15 |
| ਪਾਂਡੇ ਸਾਹਿਬ | ਪਾਂਡ ਸਾਹਿਬ | (3)103 | 13 |
| ਡਿਪਟੀ ਸਪੀਕਰ ਸਾਹਿਬ | ਡਿਪਟ ਸਪੀਕਰ ਸਾਹਿਬ | (3)114 | 4 |

Original with;
Punjab Vidhan Sabha
Digitized by;
Panjab Digital Library

Original with
Punjab Vidhan Sabha
Digitized by
Panjab Digital Library

# PUNJAB VIDHAN SABHA

Friday, the 2nd March, 1973

*The Vidhan Sabha met in the Punjab Vidhan Sabha Hall, Vidhan Bhavan, Sector-1 Chandigarh, at 9.00 A.M. of the Clock. Mr. Speaker (Sardar Darbara Singh) in the Chair.*

## STARRED QUESTIONS AND ANSWERS

9.00 A.M.

(ਇਸ ਵੇਲੇ ਮਾਰਸ਼ਲ ਨੇ ਮਿਸਟਰ ਸਪੀਕਰ ਦੀ ਥਾਉਂ ਗਲਤੀ ਨਾਲ ਪੁਕਾਰਿਆ 'ਮਿਸਟਰ ਗਵਰਨਰ' । ਮੈਂਬਰ ਸਾਹਿਬਾਨ ਵਲੋਂ "ਸਪੀਕਰ ਸਾਹਿਬ ਮੁਬਾਰਕਾਂ" ਦੀਆਂ ਆਵਾਜ਼ਾਂ) (ਹਾਸਾ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਸਪੀਕਰ ਸਾਹਿਬ, ਮੁਬਾਰਕ ਹੋਵੇ ਤੁਹਾਡਾ ਅਹੁਦਾ ਵਧ ਗਿਆ ਹੈ ।

**ਸ੍ਰੀ ਸਪੀਕਰ**: ਇਹ ਤਾਂ ਬਜ਼ੁਰਗਾਂ ਦਾ ਕੰਮ ਹੈ (ਹਾਸਾ) Questions please. (That post is for the elders) (Laughter) Now the House will take up the questions please.)

### MEMORANDUM SUBMITTED BY SCHEDULED CASTES AND BACKWARD CLASSES GOVERNMENT EMPLOYEES FEDERATION, PUNJAB.

*1216 **Sardar Basant Singh Khalsa**: Will the Minister for Education and Revenue be pleased to state whether the Scheduled Castes and Backward Classes Government Employees Federation, Punjab, submitted a Memorandum bearing No. S-256/72 dated the 20th December, 1972 regarding promotion as Giani/Prabhakar teacher in District Ludhiana; if so, the action, if any, so far taken thereon?

**Sardar Umrao Singh**: Yes, the posts have been reserved for Scheduled Castes and Backward Classes candidates for promotion in accordance with the existing instructions of Government. These reserved posts have been/are being filled up from the available suitable candidates belonging to these categories.

[ਹਾਂ ਜੀ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਦੇ ਕਰਮਚਾਰੀਆਂ ਲਈ, ਪੰਜਾਬ ਸਰਕਾਰ ਦੀਆਂ ਮੌਜੂਦਾ ਹਦਾਇਤਾਂ ਅਨੁਸਾਰ, ਤਰੱਕੀ ਲਈ ਰਾਖਵੀਆਂ ਆਸਾਮੀਆਂ ਰਖੀਆਂ ਗਈਆਂ ਹਨ । ਇਹ ਆਸਾਮੀਆਂ ਇਨ੍ਹਾਂ ਜਾਤੀਆਂ ਦੇ ਯੋਗ ਕਰਮਚਾਰੀਆਂ ਵਿਚੋਂ ਭਰ ਲਈਆਂ/ਭਰੀਆਂ ਜਾ ਰਹੀਆਂ ਹਨ ।]

**ਸਰਦਾਰ ਬਸੰਤ ਸਿੰਘ ਖਾਲਸਾ**: ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀਆਂ ਆਸਾਮੀਆਂ ਲਈ ਇਸ ਵੇਲੇ ਯੋਗ ਕੈਂਡੀਡੇਟ ਮਿਲ ਨਹੀਂ ਰਹੇ, ਉਨ੍ਹਾਂ ਆਸਾਮੀਆਂ ਲਈ ਸ਼ੈਡੂਲਡ ਜਾਤੀਆਂ ਤੇ ਪਛੜੀਆਂ ਸ਼ਰੇਣੀਆਂ ਦੇ ਉਮੀਦਵਾਰ ਐਂਪਲਾਇਮੈਂਟ ਐਕਸਚੇਂਜ ਵਿਚੋਂ ਲੈ ਕੇ ਸਿਕਸ ਮੰਥਸ ਬੇਸਿਜ਼ ਤੇ ਲਾਣ ਲਈ ਸਰਕਾਰ ਕੋਈ ਉਚਿਤ ਕਾਰਵਾਈ ਕਰੇਗੀ ਅਤੇ ਸਾਡੀ ਰਿਜ਼ਰਵੇਸ਼ਨ ਪੂਰੀ ਕੀਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਜਿਹੜੀਆਂ ਆਸਾਮੀਆਂ ਖਾਲੀ ਹਨ, ਉਨ੍ਹਾਂ ਲਈ ਅਸੀਂ ਦੁਬਾਰਾ ਅਰਜ਼ੀਆਂ ਮੰਗੀਆਂ ਹਨ ਅਤੇ ਇਹ ਕੰਮ ਜਲਦੀ ਹੀ ਪੂਰਾ ਕੀਤਾ ਜਾਵੇਗਾ ।

**ਚੌਧਰੀ ਦਰਸ਼ਨ ਸਿੰਘ**: ਜਿਹੜੀਆਂ ਵੇਕੈਂਸੀਆਂ ਲਈ ਸੂਟੇਬਲ ਉਮੀਦਵਾਰ ਮਿਲ ਨਹੀਂ ਰਹੇ ਉਨ੍ਹਾਂ ਨੂੰ ਪੁਰ ਕਰਨ ਲਈ ਵਜ਼ੀਰ ਸਾਹਿਬ ਨੇ ਭਾਵੇਂ ਬੈਠਿਆਂ ਬੈਠਿਆਂ ਇਹ ਜਵਾਬ ਦਿੱਤਾ ਹੈ ਕਿ ਵੇਕੈਂਟ ਰਖਿਆ ਜਾਵੇਗਾ, ਮੈਂ ਉਨ੍ਹਾਂ ਨੂੰ ਅਰਜ਼ ਕਰਾਂਗਾ ਕਿ ਕੀ ਉਨ੍ਹਾਂ ਨੂੰ ਆਰਜ਼ੀ ਤੌਰ ਤੇ ਫਿਲ ਅਪ ਨਹੀਂ ਕੀਤਾ ਜਾਵੇਗਾ ?

**ਮੰਤਰੀ**: ਮੇਰਾ ਮਤਲਬ ਸੀ ਪਰਮਾਨੈਂਟ ਵੇਕੈਂਸੀਆਂ ਖਾਲੀ ਹੀ ਰਹਿਣਗੀਆਂ ਜਦੋਂ ਤੱਕ ਉਨ੍ਹਾਂ ਤੇ ਸੂਟੇਬਲ ਕੈਂਡੀਡੇਟ ਨਾ ਲਗ ਜਾਣ ।

**ਸਰਦਾਰ ਬਸੰਤ ਸਿੰਘ ਖਾਲਸਾ**: ਕੀ ਵਜ਼ੀਰ ਸਾਹਿਬ ਇਨ੍ਹਾਂ ਖਾਲੀ ਪਈਆਂ ਪੋਸਟਾਂ ਨੂੰ ਸਿਕਸ ਮੰਥਸ ਬੇਸਿਜ਼ ਤੇ ਫਿਲ ਕਰਨ ਦੀ ਕੋਸ਼ਿਸ਼ ਕਰਨਗੇ, ਕਿਉਂਕਿ ਇਨ੍ਹਾਂ ਦੇ ਖਾਲੀ ਰਹਿਣ ਤੇ ਬੱਚਿਆਂ ਦੀ ਪੜ੍ਹਾਈ ਵਿਚ ਬੜਾ ਨੁਕਸਾਨ ਹੋ ਰਿਹਾ ਹੈ ?

**ਮੰਤਰੀ** : ਸਰਕਾਰ ਵਲੋਂ ਇਸ ਮੁਆਮਲੇ ਤੇ ਕੋਈ ਜ਼ਿਆਦਾ ਦੇਰੀ ਨਹੀਂ ਲਗੇਗੀ, ਕਿਉਂਕਿ ਦੇਰ ਕਰਨ ਵਾਲੇ ਬੰਦੇ ਹੁਣ ਏਧਰ ਨਹੀਂ (ਹਾਸਾ) ਵੈਸੇ ਜੋ ਸੁਝਾਓ ਆਨਰੇਬਲ ਮੈਂਬਰ ਨੇ ਦਿੱਤਾ ਹੈ ਉਸ ਤੇ ਗੌਰ ਕਰ ਲਵਾਂਗੇ ।

## MIDDLE AND HIGH SCHOOLS TAKEN OVER BY THE GOVERNMENT

*1259. **Master Gurbanta Singh,** (Put by Sardar Darshan Singh K.P.): Will the Minister for Education and Revenue be pleased to state:—

(a) the total number of privately managed Middle and High Schools taken over by the Govt. during the period from 1st April, 1972, to the 5th February, 1973, together with the names of places where each of the said schools is situated;

(b) whether the Govt. intend to take over some more privately managed schools;

(c) whether the teachers working in the schools referred to in Part (a) above have been decided to be kept in the Govt. service; if not, the reasons therefor ?

**Sardar Umrao Singh**: (a) One school only.
Public High School, Teli Chak (Distt. Hoshiarpur)

(b) The matter is under consideration of Govt.

(c) Those teachers who fulfil the prescribed qualifications have been taken in Govt. service.

[(ਏ) ਇਕ ਸਕੂਲ,
ਪਬਲਿਕ ਹਾਈ ਸਕੂਲ ਤੇਲੀ ਚੱਕ (ਜ਼ਿਲ੍ਹਾ ਹੁਸ਼ਿਆਰਪੁਰ) ।

(ਬੀ) ਮਾਮਲਾ ਅਜੇ ਸਰਕਾਰ ਦੇ ਵਿਚਾਰ ਅਧੀਨ ਹੈ ।

(ਸੀ) ਜਿਹੜੇ ਅਧਿਆਪਕ ਨਿਸਚਿਤ ਯੋਗਤਾਵਾਂ ਪੂਰੀਆਂ ਕਰਦੇ ਸਨ, ਸਰਕਾਰੀ ਨੌਕਰੀ ਵਿਚ ਰਖ ਲਏ ਗਏ ਹਨ ।]

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਕੇ.ਪੀ**: ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਗੜ੍ਹਸ਼ੰਕਰ ਦੇ ਦੋ ਸਕੂਲਾਂ ਨੂੰ ਆਪਣੇ ਅਧਿਕਾਰ ਵਿਚ ਲੈਣ ਲਈ ਗਵਰਨਰ ਸਾਹਿਬ ਨੇ ਵੀ ਐਲਾਨ ਕੀਤਾ ਸੀ ਉਹ ਹੁਣ ਤੱਕ ਟੇਕਓਵਰ ਕਿਉਂ ਨਹੀਂ ਕੀਤੇ ਗਏ ?

**ਮੰਤਰੀ**: ਜਿਹੜੇ ਸਕੂਲ ਟੇਕ-ਓਵਰ ਕਰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਉਹ ਉਸ ਵੇਲੇ ਤੱਕ ਨਹੀਂ ਲਏ ਜਾਂਦੇ ਜਦੋਂ ਤਾਈਂ ਸ਼ਰਤਾਂ ਪੂਰੀਆਂ ਨਾ ਹੋ ਜਾਣ, ਇਸੇ ਕਰਕੇ ਇਹ ਟੇਕਓਵਰ ਨਹੀਂ ਕੀਤੇ ਗਏ ।

**ਡਾਕਟਰ ਅਮੀਰ ਸਿੰਘ ਕਲਕਟ**: ਇਹ ਠੀਕ ਹੈ ਕਿ ਪ੍ਰਾਈਵੇਟ ਸਕੂਲ ਅਪਗਰੇਡ ਕਰਨ ਲਈ ਸ਼ਰਤਾਂ ਪੂਰੀਆਂ ਨਹੀਂ ਕਰਦੇ ਕਿਉਂਕਿ ਉਥੇ ਮੈਨੇਜਮੈਂਟ ਦਾ ਕੰਮ ਠੀਕ ਨਹੀਂ । ਜਿਸ ਦਾ ਕਾਰਨ ਹੈ ਕਿ ਉਥੇ ਕੋਈ ਪੜ੍ਹਾਈ ਠੀਕ ਨਹੀਂ, ਨਾ ਹੀ ਮਾਸਟਰ ਕੰਮ ਕਰਦੇ ਹਨ, ਉਹ ਕੁਰੱਪਸ਼ਨ ਦੇ ਅਡੇ ਬਣੇ ਹੋਏ ਹਨ ।

(ਕੋਈ ਜਵਾਬ ਨਹੀਂ ਦਿਤਾ ਗਿਆ)

**आचार्य पृथ्वी सिंह आज़ाद**: खालसा हाई स्कूल मदी जिला लुध्याना सब शर्तें पूरी करता है, इसके बावजूद यह अभी तक टेक ओवर क्यों नहीं किया गया ।

**ਮੰਤਰੀ** : ਇਹ ਗਲ ਮੇਰੇ ਨੋਟਿਸ ਦੇ ਵਿਚ ਨਹੀਂ, ਉਹ ਲਿਖ ਕੇ ਭੇਜ ਦੇਣ ਕਿ ਸਾਰੀਆਂ ਸ਼ਰਤਾਂ ਪੂਰੀਆਂ ਹਨ, ਅਸੀਂ ਜ਼ਰੂਰ ਗੌਰ ਕਰਾਂਗੇ ।

**आचार्य पृथ्वी सिंह आज़ाद**: वजीर साहिब, मैनेजिंग कमेटी ने आप को लिख कर भेजा हुआ है ।

**ਮੰਤਰੀ** : ਤੁਸੀਂ ਸਵਾਲ ਦਾ ਬਾਕਾਇਦਾ ਨੋਟਿਸ ਦੇ ਦਿਓ ਜਵਾਬ ਦੇ ਦਿੱਤਾ ਜਾਵੇਗਾ ।

**ਕਾਮਰੇਡ ਸੱਤ ਪਾਲ ਡਾਂਗ**: ਕੀ ਇਸ ਗਲ ਦੀ ਰੋਸ਼ਨੀ ਵਿਚ ਕਿ ਪ੍ਰਾਈਵੇਟਲੀ ਮੈਨੇਜਡ ਸਕੂਲਾਂ ਵਿਚ ਤਾਲੀਮ ਦੀ ਅਤੇ ਮਾਸਟਰਾਂ ਦੀ ਬੁਰੀ ਹਾਲਤ ਹੈ, ਸਰਕਾਰ ਉਨ੍ਹਾਂ ਨੂੰ ਟੇਕਓਵਰ ਕਰਨ ਲਈ ਕੋਈ ਸਟੈਪਸ ਲਵੇਗੀ ?

**ਮੰਤਰੀ** : ਐਕਸਟਰਾ ਖਰਚੇ ਦਾ ਸਵਾਲ ਹੈ, ਜਿਹੜਾ ਟੈਕਸਾਂ ਰਾਹੀਂ ਪੂਰਾ ਹੋ ਸਕਦਾ ਹੈ, ਜੇਕਰ ਹਾਊਸ ਦੀ ਰਾਏ ਹੋਵੇ ਤਾਂ ਐਜੂਕੇਸ਼ਨ ਟੈਕਸ ਲਾਇਆ ਜਾ ਸਕਦਾ ਹੈ । ਹਾਊਸ ਕਮੇਟੀ ਦੀ ਇਕ ਮੀਟਿੰਗ ਹੋਈ ਸੀ ਜਿਸ ਵਿਚ ਡਾਂਗ ਸਾਹਿਬ ਵੀ ਮੌਜੂਦ ਸਨ । ਉਥੇ ਵੀ ਗਲ ਹੋਈ ਸੀ । ਜੇ ਫਾਈਨੈਂਸ ਮਨਿਸਟਰ ਸਾਹਿਬ ਟੈਕਸ ਲਾ ਦੇਣ, ਤਾਂ ਓਵਰ ਆਲ ਟੇਕਓਵਰ ਦਾ ਕੰਮ ਹੋ ਸਕਦਾ ਹੈ ।

**ਸ਼੍ਰੀ ਸਪੀਕਰ**: ਇਹ ਕਹਿੰਦੇ ਹਨ ਨਾ ਹਿੰਗ ਲੱਗੇ ਨਾ ਫਟਕੜੀ ਰੰਗ ਵੀ ਚੋਖਾ ਆਏ । (ਹਾਸਾ) (He would like to eat the cake and keep it too) (Laughter)

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਸ਼ਨ ਸਿੰਘ: ਕੀ ਵਜ਼ੀਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਲਾਂਭੜੇ ਦੇ ਸਕੂਲ ਨੂੰ ਇਹ ਟੇਕ ਓਵਰ ਕਰ ਲੈਣਗੇ । ਅਸੀਂ ਇਕ ਸਾਲ ਤੋਂ ਇਹ ਮੰਗ ਕਰ ਰਹੇ ਹਾਂ ਅਤੇ ਲਿਖ ਕੇ ਵੀ ਦਿੱਤਾ ਹੈ ਅਤੇ ਉਹ ਸਕੂਲ ਸ਼ਰਤਾਂ ਵੀ ਸਾਰੀਆਂ ਪੂਰੀਆਂ ਕਰਦਾ ਹੈ ।

ਮੰਤਰੀ : ਤੁਹਾਡੇ ਲਿਖ ਕੇ ਦੇਣ ਨਾਲ ਕੁਝ ਨਹੀਂ ਬਣਦਾ । ਤੁਸੀਂ ਮਾਸਟਰ ਜੀ ਨੂੰ ਪਰਸੂ ਕਰੋ ਉਹ ਕਮੇਟੀ ਵਲੋਂ ਲਿਖਵਾ ਕੇ ਭੇਜਣ ਤਾਂ ਅਸੀਂ ਜ਼ਰੂਰ ਇਸ ਸਕੂਲ ਨੂੰ ਵੀ ਟੇਕ ਓਵਰ ਕਰਨ ਲਈ ਵਿਚਾਰ ਲਵਾਂਗੇ ।

---

### SCHOOLS INSPECTED BY D.E.O. AND OTHER OFFICIALS IN DISTRICT JULLUNDUR

*1260 **Master Gurbanta Singh (Put by Chaudhri Jagat Ram):** Will the Minister for Education and Revenue be pleased to state :—

(a) the names of the D.E.O. Jullundur and other Officials working under him who are required to under take inspection of various Schools in the said district;

(b) the names of the Schools inspected by each of the said officers/officials in the said district during the period from Ist April, 1972 to 20th February, 1973 specifying the date of inspection undertaken by each;

(c) whether any remarks have also been given by any officer/official in the inspection report about the teachers of the respective schools inspected by them?

ਸਰਦਾਰ ਉਮਰਾਓ ਸਿੰਘ: ਸੂਚਨਾ ਇਕੱਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨੱਤ ਦੇ ਟਾਕਰੇ ਵਿਚ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਤੁਲਨਾ ਨਹੀਂ ਹੋਵੇਗੀ !

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਅੱਜ ਮਾਸਟਰ ਜੀ ਆਪ ਹਾਊਸ ਵਿਚ ਹਾਜ਼ਰ ਨਹੀਂ ਹਨ ਇਸ ਲਈ ਇਸ ਸਵਾਲ ਤੇ ਸੈਪਲੀਮੈਂਟਰੀ ਕਲ ਤੇ ਪੋਸਟਪੋਨ ਕਰ ਦਿਉ ।

---

### UPGRADING OF PRIMARY SCHOOL OF VILLAGE JHUNER DISTRICT SANGRUR

*1378 **Giani Kundan Singh Patang** : Will the Minister for Education and Revenue be pleased to state the time by which the Primary School of village Jhuner, Tehsil Malerkotla, District Sangrur, which is working as such since long, is likely to be upgraded to Middle standard?

**Sardar Umrao Singh** : It is not possible to fix time limit for the purpose.

[ਸਮੇਂ ਦੀ ਹੱਦ ਨਿਸਚਿਤ ਕਰਨੀ ਸੰਭਵ ਨਹੀਂ ।]

ਗਿਆਨੀ ਕੁੰਦਨ ਸਿੰਘ ਪਤੰਗ : ਕੀ ਵਜ਼ੀਰ ਸਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਜਦੋਂ ਸਰਦਾਰ ਸੁਰਜੀਤ ਸਿੰਘ ਜੀ ਮਨਿਸਟਰ ਹੁੰਦੇ ਸਨ ਤਾਂ ਉਨ੍ਹਾਂ ਨੇ ਇਹ ਸਕੂਲ ਮਿਡਲ ਸਕੂਲ ਬਣਾਉਣ ਦਾ ਫੈਸਲਾ ਕੀਤਾ ਸੀ ਪਰ ਹੁਣ ਤੱਕ ਕਿਉਂ ਨਹੀਂ ਹੋ ਸਕਿਆ ।

Original with; Punjab Vidhan Sabha Digitized by; Panjab Digital Library

**ਸਿਖਿਆ ਮੰਤਰੀ**: ਉਹ ਕਾਫ਼ੀ ਦੇਰ ਤਕ ਵਿਦਿਆ ਮੰਤਰੀ ਰਹੇ ਹਨ ਉਨ੍ਹਾਂ ਤੋਂ ਹੀ ਪੁਛ ਲੈਣਾ ਸੀ।

**ਸਰਦਾਰ ਸੁਰਜੀਤ ਸਿੰਘ** (ਬਰਨਾਲਾ) : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਇਹ ਸਕੂਲ ਅੱਪ-ਗ੍ਰੇਡ ਹੋਣ ਵਾਲੇ ਸਕੂਲਾਂ ਦੀ ਲਿਸਟ ਵਿਚ ਸੀ ਜਿਹੜਾ ਕਿ ਬਾਅਦ ਵਿਚ ਪ੍ਰੈਜ਼ੀਡੈਂਟ ਦੇ ਰਜੀਮ ਵਿਚ ਕਟਿਆ ਗਿਆ ਸੀ। ਜੇ ਅਜਿਹਾ ਹੈ ਤਾਂ ਉਹ ਸਕੂਲ ਮੁੜ ਕੇ ਅਪਗ੍ਰੇਡਿੰਗ ਵਾਸਤੇ ਕਨਸਿਡਰ ਕਿਉਂ ਨਹੀਂ ਕੀਤਾ ਗਿਆ ?

ਮੰਤਰੀ: ਪ੍ਰੈਜ਼ੀਡੈਂਟ ਰਜੀਮ ਵਿਚ ਸਿਰਫ ਇਕ ਸਕੂਲ ਹੀ ਅਪ-ਗ੍ਰੇਡ ਹੋਇਆ ਸੀ ਜਿਹੜਾ ਕਿ ਡਾਂਗ ਸਾਹਿਬ ਨੇ ਕਰਵਾਇਆ ਸੀ ਬਾਕੀ ਕੋਈ ਸਕੂਲ ਅੱਪ-ਗ੍ਰੇਡ ਨਹੀਂ ਹੋਇਆ ਸੀ ਕਿਉਂ ਕਿ ਜਿਤਨੇ ਸਕੂਲ 5 ਸਾਲਾਂ ਵਿਚ ਅਪ-ਗ੍ਰੇਡ ਹੋਣੇ ਸੀ ਉਹ ਇਨ੍ਹਾਂ ਨੇ 2 ਸਾਲਾਂ ਵਿਚ ਕਰ ਦਿਤੇ ਸੀ।

**ਸਰਦਾਰ ਸੁਰਜੀਤ ਸਿੰਘ** (ਬਰਨਾਲਾ): ਜਿਹੜਾ ਇਨ੍ਹਾਂ ਨੇ ਇਹ ਕਰੈਡਿਟ ਦਿਤਾ ਹੈ ਕਿ 5 ਸਾਲਾਂ ਦਾ ਕੰਮ 2 ਸਾਲਾਂ ਵਿਚ ਕਰ ਦਿਤਾ ਸੀ ਉਸ ਲਈ ਧੰਨਵਾਦ। ਪਰ ਕੀ ਇਹ ਦਸਣਗੇ ਕਿ ਜਦੋਂ ਗਵਰਨਰੀ ਰੂਲ ਵਿਚ ਉਸ ਸਕੂਲ ਦਾ ਨਾਂ ਲਿਸਟ ਵਿਚੋਂ ਕੱਟਿਆ ਗਿਆ ਸੀ ਤਾਂ ਮੁੜ ਕੇ ਉਹ ਕਨਸਿਡਰ ਕਿਉਂ ਨਾ ਕੀਤਾ ਗਿਆ ?

ਮੰਤਰੀ: ਇਹ ਗਵਰਨਰ ਵੇਲੇ ਦੀ ਗਲ ਹੈ ਸਾਡੇ ਨੋਟਿਸ ਵਿਚ ਨਹੀਂ ਆਈ ਇਹ ਚੀਜ਼। ਇਹ ਨੋਟਿਸ ਦੇ ਦੇਣ ਮੈਂ ਪਤਾ ਕਰਕੇ ਦਸ ਦਿਆਂਗਾ।

**ਸ਼੍ਰੀ ਸਪੀਕਰ** : ਪਰ ਸਰਕਾਰ ਤਾਂ ਇਕ ਕੰਟੀਨੀਉਸ ਪਰੋਸੈਸ ਹੈ। ਤੁਸੀਂ ਤਾਂ ਇਨ੍ਹਾਂ ਦੀ ਸਰਕਾਰ ਵੇਲੇ ਦੀਆਂ ਗਲਾਂ ਵੀ ਦਸੀ ਜਾਂਦੇ ਹੋ ਤਾਂ ਗਵਰਨਰ ਰਜੀਮ ਵੇਲੇ ਦੀਆਂ ਗਲਾਂ ਕਿਸ ਤਰ੍ਹਾਂ ਤੁਹਾਡੇ ਨੋਟਿਸ ਵਿਚ ਨਹੀਂ? (But the Govt. is a continuous process. You are referring to even the matters relating to Akali Ministry's time so the matters relating to the Governor's regime must be known to you)

**ਮੰਤਰੀ**: ਸਪੀਕਰ ਸਾਹਿਬ, ਜਿਹੜਾ ਪਲੈਨ ਦਾ ਟਾਰਗੇਟ ਸੀ ਉਹ ਇਨ੍ਹਾਂ ਦੀ ਸਰਕਾਰ ਨੇ 2 ਸਾਲਾਂ ਵਿਚ ਹੀ ਪੂਰਾ ਕਰ ਲਿਆ ਫਿਰ ਸਪੈਸ਼ਲ ਪਰਮਿਸ਼ਨ ਦੇ ਨਾਲ 273 ਹੋਰ ਸਕੂਲ ਅਪ ਗ੍ਰੇਡ ਕੀਤੇ ਗਏ ਹਨ। ਇਹ ਸਕੂਲ ਵੀ ਪਲੈਨ ਦੇ ਟਾਰਗੇਟ ਨਾਲੋਂ ਵਧ ਹੀ ਹਨ। ਪਲੈਨ ਵਿਚ ਟਾਰਗੇਟ ਜੋ ਸੀ ਉਹ ਸਕੂਲ ਇਨ੍ਹਾਂ ਨੇ 2 ਸਾਲਾਂ ਵਿਚ ਹੀ ਪੂਰਾ ਕਰ ਲਿਆ।

**ਸ਼੍ਰੀ ਸਰਦਾਰੀ ਲਾਲ ਕਪੂਰ**: ਇਥੇ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਕ ਇਕ ਸਕੂਲ ਹਰ ਇਕ ਐਮ. ਐਲ. ਏ. ਦੇ ਕਹਿਣ ਤੇ ਅਪ-ਗ੍ਰੇਡ ਕੀਤਾ ਜਾਵੇਗਾ। ਇਨ੍ਹਾਂ ਨੇ ਜੋ ਲਿਸਟ ਬਣਾਈ ਉਸ ਵਿਚ ਮੇਰੇ ਨਾਂ ਅਗੇ ਵੀ ਇਕ ਸਕੂਲ ਲਿਖਿਆ ਹੋਇਆ ਸੀ। ਪਰ ਮੈਂ ਨਾ ਦਰਖਾਸਤ ਦਿਤੀ ਨਾ ਵਾਸਤਾ। ਕੀ ਵਜ਼ੀਰ ਸਾਹਿਬ ਇਸ ਗਲ ਦੀ ਇਨਕੁਆਇਰੀ ਕਰਨਗੇ ਕਿ ਉਹ ਸਕੂਲ ਕਿਸ ਤਰ੍ਹਾਂ ਅਪਗ੍ਰੇਡ ਕੀਤਾ ਗਿਆ ਕਿਸ ਨੇ ਕਰਵਾਇਆ ਅਤੇ ਮੇਰਾ ਨਾਂ ਕਿਉਂ ਉਸ ਦੇ ਸਾਹਮਣੇ ਲਿਖਿਆ ਗਿਆ ਹੈ ?

**ਮੰਤਰੀ**: ਸਪੀਕਰ ਸਾਹਿਬ, ਇਹ ਮੈਨੂੰ ਵਖਰੇ ਮਿਲ ਕੇ ਗਲ ਕਰ ਲੈਣ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਚਲੋ ਕਪੂਰ ਸਾਹਿਬ, ਇਕ ਨੇਕ ਕੰਮ ਹੋ ਗਿਆ ਹੈ। ਤੁਸੀਂ ਕਰਵਾਇਆ ਹੈ ਜਾਂ ਨਹੀਂ ਪਰ ਤੁਹਾਡੇ ਨਾਂ ਤੇ ਹੋ ਗਿਆ ਹੈ। (ਹਾਸਾ) (Mr. Kapur, you should be content that one noble work has been done May be, you had asked for it or not, but the same has been done in your name.) (Laughter)

---

PAYING CLINICS STARTED IN HOSPITALS

*1299. **Sardar Surjit Singh (Barnala),**: Will the Minister for Finance be pleased to state.

(a) whether it is a fact that paying Clinics have started working in all the Hospitals in the State; if so, the details of this system;

(b) whether it is also a fact that most of the time of the Doctors in big Hospitals is spent in the wards and very little time is left for them to attend to the general out-door patients at District Headquarters or Tehsil Headquarters when all the patients present in the out-door cannot be attended to;

(c) if the reply to part (b) above be in the affirmative, whether the patients thus left out are attended to during paying clinic hours; f so, the utility of this new system;

(d) whether the Government propose to take steps to ensure that any patient who enters the hospital before the paying clinic time starts and gets out-door chit is entitled to be attended to without paying any fee?

**Shri Hans Raj Sharma**: (a) Yes, Sir. A copy of the details of this system is laid on the Table of the House.

(b) No Sir.

(c) The question does not arise.

(d) In view of the various provisions in the scheme to this effect, the question does not arise.

[(ੳ) ਜੀ ਹਾਂ। ਇਸ ਸਿਸਟਮ ਦੇ ਵਿਸਥਾਰ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਜੀ ਨਹੀਂ।

(ੲ) ਸਵਾਲ ਹੀ ਨਹੀਂ ਉਠਦਾ।

(ਸ) ਇਸ ਸਬੰਧੀ ਸਕੀਮ ਵਿਚ ਭਿੰਨ ਭਿੰਨ ਉਪਬੰਧਾਂ ਕਾਰਨ ਸਵਾਲ ਹੀ ਪੈਦਾ ਨਹੀਂ ਹੁੰਦਾ।]

Original with;
Punjab Vidhan Sabha
Digitized by;
Panjab Digital Library

## ANNEXURE 'A'

Subject ;—Rationalization of private practice by doctors in Government hospitals opening of Paying Clinics etc.

---

Government have considered various proposals in the matter of making arrangements with a view to implementing the policy to rationalize private practice to achieve objective of improving standard of medical care and providing better attention and facilities to the comparatively poorer sections of the society in particular, simultaneously keeping in view the aspect of making adequate consultation/medical facilities available to the richer sections of the society also. Besides strengthening of out-patients Departments and emergency services, a system of paying clinics is being introduced as explained hereinafter.

2. There have been various rates of Non-practising Allowances in the matter of different categories of medical personnel in the general cadres of the health services and in the teaching cadres of medical colleges/hospitals. As a matter of uniformity, the following revised rates of non-practising allowances mentioned against each category will be allowed to the various categories of medical personnel.

A. GENERAL CADRES

| | | | |
|---|---|---|---|
| (a) | | PJMS doctors | 33—$\frac{1}{3}$% of the basic pay. |
| (b) | (i) | PCMS-II doctors with less than ten years Service | 33—$\frac{1}{3}$% of the basic pay subject to a minimum of Rs. 150/- P.M. |
| | (ii) | PCMS-II doctors with more than ten years service. | 50% of the basic pay subject to a maximum of Rs. 600/- P.M. |
| (c) | (i) | PCMS-I doctors with service upto ten years (both in PCMS—II and I). | 33—$\frac{1}{3}$% of the basic pay. |
| | (ii) | PCMS-I doctors with service more than ten years (both in PCMS-II and I) | 50% of the basic pay subject to a maximum of Rs. 600/- P.M. |

NOTE ;—PCMS-II and I doctors who are not in receipt of Non-practising Allowances at present will share income from various categories of fees, as in the case of teaching cadres, detailed below. They will receive no. N.P.A. Any doctors receiving N.P.A., if required to work in a pay-Clinic, will not get any portion of the fees as his/her share, which will be credited to the State.

B. TEACHING CADRES

| | | |
|---|---|---|
| (a) | Lecturers on non-clinical side without post-graduate qualifications. | 33—$\frac{1}{3}$% of the basic pay. |
| (b) | Senior Lecturers/Assistant professor/Associate Professor/Additional Prof/Professors in non-clinical subjects. | 50% of the basic pay subject to a maximum of Rs. 600/- P.M. |
| (c) | Doctors appointed on the clinical side i.e. Senior Lecturers, Assistant Professors, Associate Professors, Additional Professors and Professors will share the income accrued from the pay-Clinics, operations, deliveries, and visits to the private wards in the hospitals as well as at the residence of a patient. | — |

Original with;
Punjab Vidhan Sabha
Digitized by;
Panjab Digital Library

[Ministea for Finance]

These fees will be shared in the following manner :—

(i) Medical officers—————50%

(ii) Paramedical Staff—————10%

(iii) Government—————40%

NOTE :—Registrars appointed on clinical side shall eontinue to draw non-practising allowance admissible to them as members of PCMS-II.

3. ORGANIZATION OF THE PAY-CLINICS

(I) District/Tehsil/Primary Health Centre and Dispensary level

(i) A Pay-clinic will be set up in each district/tehsil, Hospital and also at the Primary Health Centre/Dispensa ry.

(ii) This clinic will work for one hour in the morning and one hour in the evenlng both in winter and summer which will be arranged in such a manner as does not affect the working of the out-patients department.

(iii) Proper arrangements for the reception of patients will be made in each clinic.

(iv) Following staff, will be provided for each pay-clinic :—

(a) Pay-Clinic at district hospital :—

(1) Receptionist-cum-clerk—————1
(2) Ward Attendants—————2 (one male and one female)
(3) Sweeper—————1

(b) Pay-clinic at Tehsil Hospitals :—

(1) Receptionist-cum-clerk—————1

(2) Sweeper—————1

(c) Pay-Clinic at Primary Health Centre/Dispensary :—
No Special pattern is provided. Local arrangements with the available staff will be made.

(v) (a) Following will be the rates of fees to be charged :—

| | Pay-clinic fee. | Day time visit fee. | Fee for night hours in the hospital. | Fee for night calls at home. | Daily visiting for private room. |
|---|---|---|---|---|---|
| (i) C.M.O./P.M.O. Med. Supdt. | Rs. 16/- | Rs. 20/- | Rs. 24/- | Rs. 32/- | Rs. 8/- |
| (ii) S.M.O. | 12/ | 15/- | 18/- | 24/- | 6/- |
| (iii) Specialist. P.C.M.S.-II | 8/- | 10/- | 12/- | 16/- | 4/- |
| (iv) M.O., PCMS-II | 5/- | 6/- | 8/- | 10/- | 3/- |

Original with;
Punjab Vidhan Sabha
Digitized by;
Panjab Digital Library

Following will be the rates of fees outside the town (beyond5 KMs.)

| | MO/PMO/ Med. Supdt. | SMO/ Specialist Class-I | Med.Offr/ Specialist Class-II | PCMS Class-II |
|---|---|---|---|---|
| (a) Up to a distance of 10 KM. | Rs. 20/- | Rs. 16/- | Rs. 10/- | Rs. 8/- |
| (b) —do— 25 KM. | 40/- | 24/- | 18/- | 12/- |
| (c) —do— 50 KMs. | 80/- | 48/- | 36/- | 24/- |
| (d) —do— 100 KMs. | 120/- | 72/- | 54/- | 36/- |
| (e) —do— 150 KMs. | 160/- | 96/- | 70/- | 48/- |

(f) Above 150 KMs :— The rates given against 150 KMs. distances (e) above will be increased by 50% of the rates of fees against (a), (b), (c) and (d) above, depending upon the distance covered.

(II) Pay-Clinic (Dental) in district/tehsil hospital.

No special pattern is necessary as Dental treatment is already organised on payment basis. The existing staff will, therefore, work in pay-clinics and will share the income there in the following ratio :—

Dental Surgeon————50%

Paramedical staff————10%

Government————40%

Note :— The manner in which the doctors share in fees is further distributed amongst doctors working in each clinic will be decided by the C.M.O. and the S.M.O. in consultation with the Deputy Director. (Regional) concerned.

(III) Reception Centres and the Clinics in teaching Institutions/hospitals.

(i) Three Reception Centres for patients will be set up at V.J. Hospital, Amritsar and at the attached institutions of the Medical College, Amritsar. Similarly, two Reception Centres for the patients will be set up at Rajindra Hospital and at the attached hospitals of the Medical College at Patiala. The Principals/Medical Superintendents will select suitable places for the purpose and make necessary arrangement in this regard.

(ii) Atleast one pay clinic will run every day at the specified times in each speciality.

(iii) Pay clinics in each speciality will run from 11.30 A.M. to 1.30 P.M. in summer and from 3 P.M. to 5.00 P.M. in winter. This will not in any way affect the out patients services, visits to the general/paying wards and the teaching arrangements.

(a) Staff for the Reception Centre/Pay Clinic.

(i) Senior Receptionist————2 (1 at Amritsar and I at Patiala

(ii) Junior Rceptionists————15 (9 for Amritsar and 6 for Patiala,.

(iii) Staff Nurses————10 (six for Amritsar and four for Patiala)

(iv) Ward Attendances————10 ( Ditto )

(v) Sweepers————10 ( Ditto )

(b) Staff for Pay-Clinic (Dental).

(i) Junior Receptionist————1

(ii) Staff Nurse————1

(iii) Sweeper ————1

(iv) Dental Mechanic————1

Original with;
Punjab Vidhan Sabha
Digitized by;
Panjab Digital Library

[Minister for Finance]

IV. (a) Rates of fees in Medical College Hospitals will be as follow :—

| | Pay-Clinic | Fee for day time home visits. | Fee for night hours in the hospital. | Fee for night calls at homes | Daily Visiting for Private room. |
|---|---|---|---|---|---|
| (i) Professor/ Addl. Prof. | Rs. 20/- | Rs. 25/- | Rs. 30/- | Rs. 40/- | Rs. 10/- |
| (ii) Associate Professors/ Assistant Professor. | 16/- | 20/- | 24/- | 32/- | 8/- |
| (iii) Senior Lecturer/ Lecturer. | 8/- | 10/- | 12/- | 16/- | 4/- |

(b) Fees for visits outside the town i. e. beyond 5 KMs. shall be as under :—

| | Professor/ Addl. Prof. | Associate Professors/ Assistant Professors. | Senior Lecturer/ Lecturers |
|---|---|---|---|
| (a) Upto a distance of 10KM. | Rs. 48/- | Rs. 24/- | Rs. 16/- |
| (b) Ditto 25 KM. | 80/- | 40/- | 30/- |
| (c) Ditto 50 KM. | 160/- | 80/- | 60/- |
| (d) Ditto 100 KM. | 240/- | 120/- | 90/- |
| (e) Dttio 150 KM. | 320/- | 160/- | 120/- |
| (f) Ditto 150 KM. | The rates given against 150 KMs. distance in (e) above will be increased by 50% of the rates of fees against (a), (b), (c) and (d) above depending upon the distance covered. | | |

4. EXISTING HOSPITAL CHARGES.

Charges for various Services such as operation, deliveries, sterilisation, anaesthesia X—Ray admissions to wards and private rooms, electricity lab. examinations, dental treatment, blood transfusion services etc. will continue to be as prescribed from time to time.

5. GENERAL

(i) Pay- clinics will work on all days except sundays and other holidays allowed in College/District hospitals respectively on these days and also after hospital hours, emergency services will be made available in the teaching hospitals and other hospitals in the State.

(ii) No specialist/doctor will examine any patient at his/her (patient) residence. He/She will not attend any private nursing home clinic for giving consultation, performina operations and for rendering any other services.

(iii) A doctor required to attend a patient at his/her (patient) residence will obtain the permission of the Principal/Medical Superintendent/ C.M.O./S.M.O./Incharge of the P.H.C., as the case may be before doing so. But in case a senior officer is not available and the emergency does not permit time to the doctor to obtain such permission he/she will visit the patient and inform his/her senior officer as early as possible after doing so.

(iv) The prescribed fees will be collected by the receptionist and proper receipt issued. Doctors may also collect fees and issue proper receipts in cases of emergency home visits which will be deposited by them with the receptiouist of the pay-clinic on the next day or as early as possible.

Original with;
Punjab Vidhan Sabha
Digitized by;
Panjab Digital Library

(v) Fees once charged shall not be refunded in any case.

(vi) After the first consultation till such time a complete diagnosis is not made subsequent consultations with the specialist/doctor for the consideration of blood, X-Ray and other reports will be free of cost. If the case is referred by one specialist/doctor to another specialist, 50% fee prescribed for that particular category of specialist/doctor will be charged.

(vii) Half the prescribed fees will be charged for revisits for the same illness or its complication within a period of two months.

(viii) All doctors will be issued pay-clinic/hospital sheets/prescription cards on which they will prescribe treatment and properly fill the history sheet. These history sheets will be kept in safe custody at the pay clinics so that whenever the patient revisits for consultation her/his cemplete record is made available to the doctor concerned.

(ix) Duty roster will be issued by the Medical Superintendent/Chief Medical Officer/Senior Medical Officer concerned, weekly, and this would be maintained at the Reception of the Pay Clinic for the information and guidance of the public. It shall be the duty of the Receptionist to advise the patient that a particular doctor will be on duty in the Pay clinic on a particular day, if the patient likes to consult that particular doctor and chooses to come later.

(x) Doctors making visits in and outside the town at the residences of the patients will be deemed to be on duty. Whenever a doctor uses his own conveyance, he/she will be entitled to receive extra propulsion charges at the following rates from the patient :—

(a) 10% of the prescribed fee for a cycle.

(b) 20% of the fee for a motor-cycle/Car.

(xi) Patients coming through the pay clinics will not be entitled automatically to admission in private wards/rooms unless their declared income makes them eligible to this facility in accordance with Govt. instructions. Patients entitled for private wards/rooms will normally be admitted under the care of doctor on duty in the Pay Clinic.

(xii) Pay Clinic patients in the event of non- availability of private rooms, will be admitted in the General wards as heretofore and will pay the fees as applicable under the rules according to their income. Whenever a private room/ward falls vacant, such patients will be given preference for moving to it.

(xiii) Lady doctors will attend to emergencies during day time alongwith Hospital employees. They will not be compelled to go out for local visits at night unless they choose to do so.

(xiv) Doctors allowed non-practising allowance will have to deposit the entire amount in respect of fees received for issuing certificates, standing Medical Board fees Medico Legal fees, fees for examination on first entry into Govt. service. from various categories of personnel employed by the Electricity Board, Central Government Local Bodies etc.

(xv) Medical officers of teaching Institutions/district and Tehsil level hospitals will be allowed, with the sanction of the competent authority :—

(a) to become examiners in their speciality;

(b) to become part-time Lecturers/part-time Medical officers in Govt/private Institutions;

(c) to become approved specialists under the E.S.I. scheme,

(d) to become part-time Medical Examiner for the L-I.C.

(e) to become part-time medical examines of P.L.I.(Postal Life Insurance Scheme. in all such cases, they will share their income with Govt. as provided under the Civil Service Rules.

Original with;
Punjab Vidhan Sabha
Digitized by;
Panjab Digital Library

[Minister for Finance]

(xvi) In the X-ray Departments, the existing pattern of sharing of fees will continue.

(xvii) When a patient arrives at the Reception Centre or is brought there, the Receptionist on duty will complete the registration record for each paying patient separately, receive the prescribed fees and issue necessary receipt therefor.

(xviii) After the registration the receptionist will issue a reference slip to the patient for the doctor available on duty in the Pay Clinic and will arrange to send the patient to the doctor.

(xix) The Receptionist will maintain separate registers for the Punjab Government employees seen at their residences and for the Central Government Employees examined in the pay clinics.

(xx) The receptionist will also maintain unit-wise account of the fees received. He/She will deposit the entire amount collected daily with the Cashier of the Medical Superintendent, in the case of teaching institutions and with the Cashier designate of the district/tehsil level hospital or the M.O. of the P.H.C. Administrative and Accounts Officer of the Medical Colleges and in the office of C.M.O. will ensure proper maintenance of accounts.

(xxi) Out of the total amount collected, the doctor's share will be given to him/her, the paramedical staff will be disbursed its share by the Medical Superintendents/S.M.O./M.O. and Government share deposited in accordance with the instructions to be issued by the Director Health Services. Proper registers will be maintained in each hospital for each pay Clinic.

(xxii) Receipt books will also be issued to doctors for use by them in case of emergency calls at the residence of the patient to enable them to accept fees and issue receipt therefor. The fees so collected by them will be deposited with the Receptionist the next day or as early as possible after the visit.

PUNJAB GOVERNMENT EMPLOYEES

(i) Whenever under the existing rules Punjab Govt. employees are entitled to free medical aid at their residence, the authorised medical attendant will not normally refuse such call if the condition of the patient warrants such attendance and a suitable conveyance is provided by the employee. In such cases no fee will be charged but due intimation of having atended the employee at his residence will be given to the Receptionist of the Pay Clinic where a separate register for such purpose will be maintained.

(ii) Government employees drawing more than Rs. 300/- P.M. can avail of the facilities of the pay clinics, from whom no fee would be charged in respect of their dependants, who are entitled to free medical aid. At the Pay Clinic a Govt. Servant will bring an identity card/letter from the Head of the Office failing which he/she is liable to be charged the Pay Clinic's fee, which will not be refunded/ reimbursed to the Government employee under any circumstances.

7. CENTRAL GOVERNMENT EMPLOYEES

The doctors on duty at the O.P.D./Pay-Clinics hours will be considered se A.M A. for Government employees, E.S.I. employees for the purpose of consultation/prescribing treatment etc. etc. The rates of fees to be charged from the Central Govt. employees will be the same provided by the Central Services Medical Attendants Rules, 1944 amended from time to time for various categories of employees. They can continue to have consultation from the C.M.O./ Depnty C.M.O. (m), as already allowed. The Central Govt. employees are also requtred to produce indentity card/letter from Head of Department/Office, failing which he/she is liable to be charged the Pay-Clinic's fee which will not be refunded/ reimbursed to the Government employee, under any circumstances.

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਡਾਕਟਰ ਵਾਰਡਰਾਂ ਵਿਚ ਜ਼ਿਆਦਾ ਸਮਾਂ ਲਗਾਉਂਦੇ ਹਨ ਅਤੇ ਆਊਟ ਡੋਰ ਪੇਸ਼ੈਂਟਸ ਵਲ ਘਟ ਸਮਾਂ ਦਿੰਦੇ ਹਨ ਇਸ ਕਰਕੇ ਉਨ੍ਹਾਂ ਨੂੰ ਤਕਲੀਫ ਹੁੰਦੀ ਹੈ ਅਤੇ ਉਨ੍ਹਾਂ ਨੂੰ ਪੇਇੰਗ ਟਾਈਮ ਵਿਚ ਆਉਣਾ ਪੈਂਦਾ ਹੈ ।

ਵਿੱਤ ਮੰਤਰੀ: ਇਹ ਗਲ ਨਹੀਂ ਹੈ ਜੀ । ਵਾਰਡਾਂ ਵਿਚ ਜਾਣ ਦਾ ਅਤੇ ਆਊਟ ਡੋਰ ਪੇਸ਼ੈਂਟਸ ਦਾ ਸਮਾਂ ਵੱਖਰਾ ਵੱਖਰਾ ਹੈ। ਕੋਈ ਵੀ ਗਰੀਬ ਆਦਮੀ ਸਵੇਰੇ 1.30 ਵਜੇ ਤਕ ਆਪਣੀ ਬੀਮਾਰੀ ਦਿਖਾ ਸਕਦਾ ਹੈ । ਜਿਹੜੇ ਅਮੀਰ ਲੋਕ ਹਨ ਅਤੇ ਫੀਸ ਦੇ ਸਕਦੇ ਹਨ ਸਿਰਫ ਉਹ ਸ਼ਾਮੀ ਆਉਂਦੇ ਹਨ ਅਤੇ ਫੀਸ ਦੇ ਕੇ ਇਲਾਜ ਕਰਵਾਉਂਦੇ ਹਨ। ਕਿਉਂਕਿ ਇਨ੍ਹਾਂ ਦੋਨਾਂ ਟਾਈਮਾਂ ਵਿਚ ਕੋਈ ਕਲੈਸ਼ ਨਹੀਂ ਹੈ, ਇਸ ਲਈ ਲੋਕਾਂ ਨੂੰ ਕੋਈ ਤਕਲੀਫ ਨਹੀਂ ਹੁੰਦੀ ।

ਕਾਮਰੇਡ ਸੱਤ ਪਾਲ ਡਾਂਗ: ਭਾਵੇਂ ਵਜ਼ੀਰ ਸਾਹਿਬ ਮੰਨਣ ਜਾਂ ਨਾ ਮੰਨਣ ਪਰ ਇਹ ਇਕ ਹਕੀਕਤ ਹੈ ਕਿ ਇਸ ਪੇਇੰਗ ਸਿਸਟਮ ਨਾਲ ਲੋਕਾਂ ਨੂੰ ਕੋਈ ਰਿਲੀਫ ਨਹੀਂ ਮਿਲਿਆ। ਇਸ ਲਈ ਕੀ ਵਜ਼ੀਰ ਸਾਹਿਬ ਸਰਕਾਰੀ ਡਾਕਟਰਾਂ ਦੀ ਪ੍ਰਾਈਵੇਟ ਪ੍ਰੈਕਟਿਸ ਨੂੰ ਟੋਟਲੀ ਬੰਦ ਕਰਨ ਤੇ ਵਿਚਾਰ ਕਰਨਗੇ?

ਮੰਤਰੀ: ਸਪੀਕਰ ਸਾਹਿਬ, ਅਸੀਂ ਇਹ ਰੈਸ਼ਨੇਲਾਈਜ਼ੇਸ਼ਨ ਆਫ ਪ੍ਰਾਈਵੇਟ ਪ੍ਰੈਕਟਿਸ ਤਜਰਬੇ ਦੇ ਤੌਰ ਤੇ ਸ਼ੁਰੂ ਕੀਤੀ ਹੈ । ਇਸ ਵਿਚ ਇਸ ਗੱਲ ਦਾ ਧਿਆਨ ਰਖਿਆ ਗਿਆ ਹੈ ਕਿ ਗਰੀਬ ਆਦਮੀ ਨੂੰ ਹਾਰਡਸ਼ਿਪ ਨਾ ਹੋਵੇ । ਇਸ ਲਈ ਗਰੀਬ ਆਦਮੀ ਦਿਨ ਦੇ 1.30 ਵਜੇ ਤਕ ਆਪਣਾ ਇਲਾਜ ਮੁਫਤ ਕਰਵਾ ਸਕਦਾ ਹੈ ਅਤੇ ਜਿਹੜੇ ਅਮੀਰ ਆਦਮੀ ਹਨ ਉਹ ਸ਼ਾਮੀ ਪੇਇੰਗ ਟਾਈਮ ਤੇ ਆਕੇ ਆਪਣਾ ਇਲਾਜ ਕਰਵਾ ਸਕਦੇ ਹਨ । ਅਸੀਂ ਇਸ ਤਜਰਬੇ ਨੂੰ ਕਾਮਯਾਬ ਕਰਨਾ ਚਾਹੁੰਦੇ ਹਾਂ ਅਤੇ ਜੋ ਰਿਪੋਰਟਾਂ ਸਾਨੂੰ ਆ ਰਹੀਆਂ ਹਨ ਉਨ੍ਹਾਂ ਤੋਂ ਵੀ ਇਹ ਪਤਾ ਲਗਦਾ ਹੈ ਕਿ ਇਹ ਤਜਰਬਾ ਕਾਮਯਾਬ ਹੋ ਰਿਹਾ ਹੈ ਅਤੇ ਜਿਥੇ ਇਕ ਦੋ ਥਾਂਵਾਂ ਤੋਂ ਸ਼ਿਕਾਇਤਾਂ ਆਈਆਂ ਵੀ ਸੀ ਉਨ੍ਹਾਂ ਸ਼ਕਾਇਤਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਥੇ ਤਕ ਟੋਟਲ ਪ੍ਰਾਈਵੇਟ ਪ੍ਰੈਕਟਿਸ ਬੰਦ ਕਰਨ ਦਾ ਸਵਾਲ ਹੈ, ਇਹ ਇਸ ਤਜਰਬੇ ਤੋਂ ਬਾਅਦ ਸੋਚਾਂਗੇ ।

ਕਾਮਰੇਡ ਸੱਤ ਪਾਲ ਡਾਂਗ: ਕੀ ਹਕੀਕਤ ਇਹ ਨਹੀਂ ਹੈ ਕਿ ਇਹ ਪੇਇੰਗ ਸਿਸਟਮ ਸ਼ੁਰੂ ਹੋਣ ਤੋਂ ਪਹਿਲਾਂ ਅਮੀਰ ਆਦਮੀ ਜਨਰਲ ਵਾਰਡ ਵਿਚ ਦਾਖਲ ਨਹੀਂ ਸੀ ਹੋ ਸਕਦੇ ਅਤੇ ਪ੍ਰਾਈਵੇਟ ਵਾਰਡ ਵਿਚ ਦਾਖ਼ਲ ਹੁੰਦੇ ਸੀ ਪਰ ਹੁਣ ਅਮੀਰ ਆਦਮੀ ਜਨਰਲ ਵਾਰਡ ਵਿਚ ਜ਼ਿਆਦਾ ਦਾਖਲ ਹੁੰਦੇ ਹਨ ਅਤੇ ਗਰੀਬ ਆਦਮੀ ਜਨਰਲ ਵਾਰਡ ਵਿਚ ਘਟ ਦਾਖ਼ਲ ਹੁੰਦੇ ਹਨ; ਉਨ੍ਹਾਂ ਅਮੀਰ ਆਦਮੀਆਂ ਨੂੰ ਪ੍ਰੈਫਰੈਂਸ ਦਿਤੀ ਜਾਂਦੀ ਹੈ, ਜਿਹੜੇ ਕਿ ਡਾਕਟਰਾਂ ਨੂੰ ਫੀਸਾਂ ਦੇ ਕੇ ਆਪਣਾ ਇਲਾਜ ਕਰਵਾਉਂਦੇ ਹਨ ?

**Finance Minister**: This is a matter of opinion, Sir.

**Mr. Speaker**: Is it a fact or not?

**Finance Minister**: Sir, it is not a fact. I have already given my answer in reply to the question.

---

Original with;
Punjab Vidhan Sabha
Digitized by;
Panjab Digital Library

OUTLETS REMODELLED/SHIFTED IN FARIDKOT AND FEROZEPORE DISTRICTS.

*1295. **Sardar Gurcharn Singh Nihalsinghwala**: Will the Minister for irrigation and Power be pleased to state :-

(a) the total number of outlets remodelled and shifted from one place to another on Sirhind Canal in districts Faridkot and Ferozepore, respectively during 1972 and 1973 and the reasons therefor;

(b) the total amount incurred by the Government in connection with the said remodelling and shifting of outlets?

**Shri Gurmail Singh**: (a) A statment giving the details is laid on the table of the House.

(b) Total expenditure Rs. 8,862.

[(ੲ) ਵੇਰਵੇ ਸਹਿਤ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਥ) ਕੁਲ ਖਰਚ..........—..............8,862 ਰੁਪਏ]

STATEMENT

The Number of outlets remodelled in Faridkot and Ferozepore Distt. on Sirhind Canal during 1972 and 1973 are 99 and 39, respectively. The Number of outlets shifted during tha period is three in Feridkot District only.

Reasons for remodelling/shifting of outlets are as given below:-

| | |
|---|---|
| (I) 96 No. outlets remodelled in Faridkot Distt. | For increase of water allowance from 2.4 Cs. to 3.05 Cs % acres at outlet head. |
| (2) Remodelling of 3 No. outlets in Faridkot Distt. and 39 outlets in Ferozepore Distt. | For the better means of Irrigation at the request of Zamindar- |
| (3) Shifting of 3 Nos. outlets in Faridkot Distt. | Ditto |

[ਸਾਲ 1972 ਅਤੇ 1973 ਵਿੱਚ ਸਰਹੰਦ ਨਹਿਰ ਤੇ ਜ਼ਿਲ੍ਹਾ ਫਰੀਦਕੋਟ ਅਤੇ ਫਿਰੋਜ਼ਪੁਰ ਵਿੱਚ ਕੁਲ 99 ਅਤੇ 39 ਮੋਘੇ ਕਰਮਵਾਰ ਨਵਰੂਪਣ ਕੀਤੇ ਗਏ ਹਨ । ਇਸ ਸਮੇਂ ਵਿੱਚ ਸਿਰਫ ਤਿੰਨ ਮੋਘੇ ਜ਼ਿਲ੍ਹਾ ਫਰੀਦਕੋਟ ਵਿੱਚ ਇਕ ਥਾਂ ਤੋਂ ਦੂਜੀ ਥਾਂ ਤੇ ਸ਼ਿਫਟ ਕੀਤੇ ਗਏ ਹਨ । ਇਨ੍ਹਾਂ ਮੋਘਿਆਂ ਦੇ ਨਵਰੂਪਣ ਤੇ ਥਾਂ ਬੱਦਲਣ ਦੇ ਕਾਰਣ ਨਿਮਨ ਲਿਖਤ ਹਨ:—

| | |
|---|---|
| (1) ਫਰੀਦਕੋਟ ਜ਼ਿਲ੍ਹੇ ਵਿੱਚ 96 ਮੋਘਿਆਂ ਦਾ ਨਵਰੂਪਣ । | ਆਉਟਲੈਟ ਹੈਡ ਤੇ ਵਾਟਰ ਅਲਾਊਂਸ 2.4 ਕਿਯੂਸਿਕਸ ਤੋਂ ਵਧਾ ਕੇ 3.05 ਕਿਯੂਸਿਕਸ ਪ੍ਰਤੀ ਹਜ਼ਾਰ ਕਰਨ ਹਿਤ । |
| (2) ਫਰੀਦਕੋਟ ਜ਼ਿਲ੍ਹੇ ਵਿਚ ਤਿੰਨ ਮੋਘੇ ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ 39 ਮੋਘਿਆਂ ਦਾ ਨਵਰੂਪਣ । | ਜ਼ਿਮੀਦਾਰਾਂ ਦੀ ਮੰਗ ਅਨੁਸਾਰ ਚੰਗੀ ਸਿੰਜਾਈ ਕਰਨ ਦੇ ਹਿਤ ਵਿਚ। |

Original with;
Punjab Vidhan Sabha
Digitized by;
Panjab Digital Library

(3) ਫਰੀਦਕੋਟ ਜ਼ਿਲ੍ਹੇ ਵਿਚ 3 ਮੋਘਿਆਂ ਉਪਰ ਅਨੁਸਾਰ ।)
ਦੀ ਸ਼ਿਫਟਿੰਗ । x x x x

---

BREACHES OCCURRED IN THE BRIDGES CONSTRUCTED ON KURAR DRAIN ETC.

*1380. **Giani Kundan Singh Patang** : Will the Minister for Irrigation and Power be pleased to state:-

(a) whether it is a fact that breaches occurred in the bridges constructed on the water-logging drains of Sehjra-Mahal Kalan Road, Kurar Drain and the Barnala- Shehna- Bhadaur Lisara Drain soon after their construction; if so, the reasons therefor;

(b) whether the Government is aware of the fact that old bridges constructed hundred years ago have not given way so far;

(c) whether the Government propose to hold any enquiry against the contractors who constructed the bridges mentioned in part (a) above?

**Shri Gurmail Singh** (a) Yes. Minor cracks had developed in the wing walls of bridge R.D 86950 Kurar Drain which have been repaired. In the case of bridge at R.D. No. 71276 upper Lissara Nallah which was constructed in 1964-65, complete decking has deteriorated. The causes of these damages are being enquired into by a Committee.

(b) The Hon'ble Member should give a specific name of the Bridge if he wants any views of the Government.

(c) An enquiry is being held into the damage to the bridge and necessary action will be taken against the persons at fault.

[(ਏ) ਹਾਂ ਜੀ । ਕੁਰਰ ਨਾਲੇ ਦੀ ਬੁਰਜੀ ਨੰ 86950 ਪਰ ਬਣੇ ਪੁਲ ਦੀਆਂ ਵਿੰਗ ਵਾਲਜ਼ ਵਿੱਚ ਛੋਟੀਆਂ ਛੋਟੀਆਂ ਤਰੇੜਾਂ ਆ ਗਈਆਂ ਸਨ ਜਿਨ੍ਹਾਂ ਦੀ ਮੁਰੰਮਤ ਕਰ ਦਿੱਤੀ ਗਈ ਹੈ । ਅਪਰ ਲਿਸਾੜਾ ਨਾਲੇ ਦੀ ਬੁਰਜੀ ਨੰ: 71276 ਉਤੇ ਸਾਲ 1964-65 ਵਿੱਚ ਬਣਾਏ ਪੁਲ ਦੀ ਡੈਕਿੰਗ ਮੁਕੰਮਲ ਤੌਰ ਤੇ ਖਰਾਬ ਹੋ ਗਈ । ਇਸ ਮਾਮਲੇ ਦੀ ਪੜਤਾਲ ਇੱਕ ਕਮੇਟੀ ਕਰ ਰਹੀ ਹੈ ।

(ਬੀ) ਮਾਨਯੋਗ ਮੈਂਬਰ ਜਿਸ ਖਾਸ ਪੁਲ ਬਾਰੇ ਸਰਕਾਰ ਦੇ ਵਿਚਾਰ ਜਾਣਨਾ ਚਾਹੁੰਦੇ ਹੋਣ ਉਸ ਪੁਲ ਦਾ ਨਾਂ ਦੱਸਣ ਦੀ ਖੇਚਲ ਕਰਨ ।

(ਸੀ) ਪੁਲ ਨੂੰ ਪੁੱਜੇ ਨੁਕਸਾਨ ਬਾਰੇ ਪੜਤਾਲ ਕਰਵਾਈ ਜਾ ਰਹੀ ਹੈ ਅਤੇ ਕਸੂਰਵਾਰ ਵਿਅਕਤੀਆਂ ਵਿਰੁੱਧ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ, ਜੀ । ]

**ਸਰਦਾਰ ਸੁਰਜੀਤ ਸਿੰਘ** ਬਰਨਾਲਾ : ਇਹ ਮੇਰੀ ਕੰਸਟੀਚੂਐਂਸੀ ਦਾ ਸਵਾਲ ਹੈ ਪਿੰਡ ਭਾਵੇਂ ਪਤੰਗ ਜੀ ਦਾ ਹੈ । ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਹ ਇਨਕੁਆਇਰੀ ਕਦੋਂ ਤੋਂ ਸ਼ੁਰੂ ਹੋਈ ਹੈ ਅਤੇ ਇਹ ਕਦ ਤਕ ਮੁਕੰਮਲ ਹੋ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਇਹ ਇਨਕੁਆਇਰੀ ਜੁਲਾਈ, 1971 ਵਿਚ ਸ਼ੁਰੂ ਹੋਈ ਸੀ ਇਸ ਦੀ ਇਕ ਪ੍ਰਿਲਿਮਿਨਰੀ ਰਿਪੋਰਟ ਸਰਕਾਰ ਪਾਸ ਆਈ ਹੈ। ਹੁਣ ਸਰਕਾਰ ਨੇ ਫਿਰ ਆਰਡਰ ਕੀਤਾ ਹੈ ਕਿ ਭਾਵੇਂ ਕੋਈ ਅਫ਼ਸਰ ਬਦਲ ਜਾਵੇ ਜਾਂ ਪਰਮੋਟ ਹੋ ਜਾਵੇ ਪਰ ਇਸ ਇਨਕੁਆਇਰੀ ਦੀ ਰਿਪੋਰਟ ਇਕ ਮਹੀਨੇ ਦੇ ਅੰਦਰ ਅੰਦਰ ਸਰਕਾਰ ਨੂੰ ਮਿਲ ਜਾਵੇ।

**ਸਰਦਾਰ ਸੁਰਜੀਤ ਸਿੰਘ:** ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਹ ਪੁਲ ਦੀ ਮੁਰੰਮਤ ਕਦੋਂ ਤਕ ਕਰ ਦਿਤੀ ਜਾਵੇਗੀ ?

**ਮੰਤਰੀ:** ਰਿਪੋਰਟ ਆਉਣੇ ਤੇ ਫੇਰ ਪਤਾ ਕਰਕੇ ਦੱਸ ਦਿਆਂਗੇ।

**Sardar Surjit Singh (Barnala)** : Every-time the question is evaded. This should not be allowed.

ਇਹ ਪੁਲ 1964 ਦਾ ਬਣਿਆ ਹੋਇਆ ਹੈ ਅਤੇ ਜੁਲਾਈ, 1971 ਵਿਚ ਟੁਟਿਆ ਸੀ ਅਤੇ ਮੰਤਰੀ ਸਾਹਿਬ ਕਹਿੰਦੇ ਹਨ ਕਿ ਅਜੇ ਤਕ ਇਨਕੁਆਇਰੀ ਰਿਪੋਰਟ ਨਹੀਂ ਮਿਲੀ।

**ਸ੍ਰੀ ਸਪੀਕਰ** : ਇਹ ਤਾਂ ਤੁਹਾਡੇ ਵੇਲੇ ਤੋਂ ਪਹਿਲਾਂ ਦਾ ਟੁਟਿਆ ਹੋਇਆ ਹੈ। (ਵਿਘਨ) (The bridge had given way even before your party came into power.) (*Interruption*)

**ਮੰਤਰੀ** : ਕਰੈਕਸ ਇਨ੍ਹਾਂ ਦੇ ਵੇਲੇ ਦੇ ਆਏ ਹਨ ਅਤੇ ਮੁਰੰਮਤ ਅਸੀਂ ਕਰਾਵਾਂਗੇ।

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਅੱਜ ਕੱਲ ਆਮ ਹਾਲਤ ਇਹ ਹੈ ਕਿ ਪੁਲ ਬਣਦੇ ਮਗਰੋਂ ਹਨ ਅਤੇ ਤਰੇੜਾਂ ਪਹਿਲਾਂ ਆ ਜਾਂਦੀਆਂ ਹਨ। ਠੇਕੇਦਾਰਾਂ ਦਾ ਪਰਬੰਧ ਛਡ ਕੇ ਇਨ੍ਹਾਂ ਨੂੰ ਆਪਣੀ ਸੁਪਰਵੀਜ਼ਨ ਹੇਠ ਪੁਲ ਬਣਾਉਣੇ ਚਾਹੀਦੇ ਹਨ ਤਾਂ ਕਿ ਪੱਕਾ ਕੰਮ ਹੋਵੇ।

**ਮੰਤਰੀ** : ਸਰਕਾਰ ਸਾਰਾ ਕੰਮ ਆਪਣੇ ਹਥ ਵਿਚ ਨਹੀਂ ਲੈ ਸਕਦੀ। ਜੇ ਤੁਹਾਨੂੰ ਪਤਾ ਲਗਦਾ ਹੈ ਕਿ ਕਿਤੇ ਭੈੜਾ ਮੈਟੀਰੀਅਲ ਲਗਦਾ ਹੈ ਤਾਂ ਇਸ ਬਾਰੇ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਜਾਵੇ, ਇਸ ਤੇ ਐਕਸ਼ਨ ਲਿਆ ਜਾਵੇਗਾ।

**ਕਾਮਰੇਡ ਸੱਤਪਾਲ ਡਾਂਗ** : ਅਗਰ ਪੰਜਾਬ ਦਾ ਬਿਜਲੀ ਬੋਰਡ ਤਕਰੀਬਨ ਸਾਰਾ ਕੰਮ ਮਹਿਕਮਾਨਾ ਤੌਰ ਤੇ ਕਰਵਾ ਸਕਦਾ ਹੈ ਤਾਂ ਬਾਕੀ ਦਾ ਕੰਮ ਕਿਉਂ ਨਹੀਂ ਮਹਿਕਮਾਨਾ ਤੌਰ ਤੇ ਹੋ ਸਕਦਾ ?

**ਮੰਤਰੀ** : ਪਤਾ ਨਹੀਂ ਲਗਦਾ ਅੱਜ ਇਹ ਮਹਿਕਮਾਨਾ ਕੰਮ ਤੋਂ ਕਿਉਂ ਸੈਟਿਸਫਾਈਡ ਹਨ।

**ਕਾਮਰੇਡ ਸੱਤ ਪਾਲ ਡਾਂਗ** : ਅੱਜ ਮੈਂ ਦਸੂੰਗਾ ਕਿ ਕਿੰਨਾ ਮੈਂ ਮਹਿਕਮਾਨਾ ਕੰਮ ਤੋਂ ਸੈਟਿਸਫਾਈਡ ਹਾਂ (ਵਿਘਨ)

**ਮੰਤਰੀ:** ਕੁਝ ਕੰਮ ਸਰਕਾਰ ਕਰਦੀ ਹੈ ਅਤੇ ਕੁਝ ਕੰਮ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਕਰਾਉਂਦੀ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਰਜਨ ਸਿੰਘ ਮਸਤਾਨਾ** : ਖੇਮਕਰਨ ਦੇ ਇਲਾਕੇ ਵਿਚ ਦੋ ਵਾਰੀ ਪੁਲ ਟੁਟਿਆ ਹੈ । ਉਥੇ ਚਾਰ ਪਿੰਡ ਬਿਲਕੁਲ ਤਬਾਹ ਹੋ ਗਏ ਹਨ । ਸਾਉਂਣੀ ਦੀ ਫਸਲ ਤਬਾਹ ਹੋ ਗਈ ਹੈ । (ਵਿਘਨ) ਇਹ ਕਦੋਂ ਤਕ ਬਣ ਜਾਵੇਗਾ ?

**ਮੰਤਰੀ** : ਇਹ ਸਪਲੀਮੈਂਟਰੀ ਇਸ ਸਵਾਲ ਤੋਂ ਪੈਦਾ ਨਹੀਂ ਹੁੰਦਾ ।

---

## INTEREST-FREE LOANS FOR INDUSTRIALISTS FOR THE PURCHASE OF GENERATORS

*1202 1. **Sardar Harbans Singh Jalal,**
2. **Sardar Dhanna Singh Gulshan** : Will the Minister for Irrigation and Power be pleased to State :—

(a) whether the Chief Minister announced on 20th January, 1973 that interest-free loans would be advanced to the industrialists of Patiala for the purchase of generators for generation of power;

(b) if the reply to part (a) above be in the affirmative, the names of other cities, the industrialists of which would also be benefited by this announcement ;

(c) whether the benefit mentioned in part (a) above will also be made available to the farmers keeping in view the shortage of power in the villages ?

**Sardar Nasib Singh Gill** (Deputy Minister for Home and Industries): (a) It was announced by the Chief Minister that the question of grant of interest free loan or payment of suitable subsidy for the purchase of generators will be favourably considered.

(b) On representations made by industrialists Government has modified the shape of the concession to make it an outright subsidy to the extent of 20% of the price of the generating set to be given as part of margin money required for loan to be raised by the industrialists from Punjab Financial Corporation or the Commercial banks.

(c) No.

[(ਏ) ਮੁੱਖ ਮੰਤਰੀ ਜੀ ਨੇ ਘੋਸ਼ਣਾ ਕੀਤੀ ਸੀ ਕਿ ਜਨਰੇਟਰਜ਼ ਖਰੀਦਣ ਲਈ ਬਿਨਾ ਸੂਦ ਦੇ ਕਰਜ਼ਾ ਜਾਂ ਯੋਗ ਸਬਸਿਡੀ ਦੀ ਅਦਾਇਗੀ ਬਾਰੇ ਸਵਾਲ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ ।

(ਬੀ) ਉਦਯੋਗਕਾਰਾਂ ਵੱਲੋਂ ਪ੍ਰਤੀਬੇਨਤੀਆਂ ਤੇ ਇਸ ਰਿਆਇਤ ਦੀ ਸ਼ਕਲ ਵਿਚ ਸਰਕਾਰ ਨੇ ਸੋਧ ਕਰ ਦਿੱਤੀ ਹੈ ਤਾਂ ਜੋ ਉਦਯੋਗਕਾਰਾਂ ਵੱਲੋਂ ਪੰਜਾਬ ਵਿੱਤੀ ਕਾਰਪੋਰੇਸ਼ਨ ਜਾਂ ਕਮਰਸ਼ੀਅਲ ਬੈਂਕਾਂ ਤੋਂ, ਜਨਰੇਟਿੰਗ ਸੈਟ ਦੀ ਕੀਮਤ ਲਈ ਲਏ ਜਾਣ ਵਾਲੇ ਕਰਜ਼ੇ ਦਾ ਮਾਰਜਨ ਮਨੀ ਦੇ ਹਿੱਸੇ ਦੇ ਤੌਰ ਤੇ 20% ਸਬਸਿਡੀ ਦਿੱਤੀ ਜਾਵੇ ।

(ਸੀ) ਨਹੀਂ ਜੀ ]

**ਸਰਦਾਰ ਧੰਨਾ ਸਿੰਘ ਗੁਲਸ਼ਨ** : ਕਿਸਾਨਾਂ ਨੂੰ ਇਹ ਰਿਆਇਤਾਂ ਦਿਤੀਆਂ ਸਨ ਜਨਰੇਟਰ ਖਰੀਦਣ ਵਾਸਤੇ । ਪਹਿਲਾਂ ਇਹ ਸੈਟ ਖਰੀਦਣ ਵਾਸਤੇ ਸਰਕਾਰ ਵਲੋਂ ਦੁਕਾਨਾਂ ਮੁਕੱਰਰ ਕੀਤੀਆਂ ਹੁੰਦੀਆਂ ਸਨ । ਕੀ ਹੁਣ ਵੀ ਸਰਕਾਰ ਅਜਿਹੀਆਂ ਦੁਕਾਨਾਂ ਮੁਕੱਰਰ ਕਰੇਗੀ ਜਾਂ ਜਿਥੋਂ ਮਰਜ਼ੀ ਚਾਹੇ ਕਿਸਾਨ ਇਹ ਖਰੀਦ ਕਰ ਸਕੇਗਾ । ਇਸ ਬਾਰੇ ਦਸਿਆ ਜਾਵੇ ।

Original with;
Punjab Vidhan Sabha
Digitized by;
Panjab Digital Library

**ਉਪ ਮੰਤਰੀ** : ਡੀਜ਼ਲ ਇੰਜਣ ਦਾ ਸਵਾਲ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ ਹੈ। ਜਿਹੜੀਆਂ ਸਹੂਲਤਾਂ ਇੰਡਸਟ੍ਰੀਅਲਿਸਟਾਂ ਨੂੰ ਇਸ ਸਬੰਧੀ ਦਿਤੀਆਂ ਜਾਂਦੀਆਂ ਹਨ ਉਹੀ ਸਹੂਲਤਾਂ ਕਿਸਾਨਾਂ ਨੂੰ ਐਗਰੀਕਲਚਰ ਪਰਪਜ਼ਿਜ਼ ਲਈ ਦਿਆਂਗੇ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਇਸ ਸਬੰਧੀ ਕਿੰਨੀਆਂ ਦਰਖਾਸਤਾਂ ਆਈਆਂ ਹਨ (ਵਿਘਨ) (ਇਸ ਵੇਲੇ ਮਾਈਕ ਬੰਦ ਹੋ ਗਿਆ)

**ਉਪ ਮੰਤਰੀ** : ਤੁਸੀਂ ਸਾਨੂੰ ਮਿਲ ਲੈਣਾ ਪੁਛਕੇ ਦਸ ਦਿਆਂਗੇ।

**ਸ੍ਰੀ ਯਸ਼ ਪਾਲ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਤਕ ਇਸ ਸਕੀਮ ਤਹਿਤ ਕਿਸਾਨਾਂ ਨੂੰ ਕੋਈ ਕਰਜ਼ਾ ਦਿਤਾ ਗਿਆ ਹੈ ਜਾਂ ਕਿ ਨਹੀਂ ਜੇ ਨਹੀਂ ਦਿਤਾ ਗਿਆ ਤਾਂ ਇਸ ਦੀ ਕੀ ਵਜ੍ਹਾ ਹੈ ?

**ਉਪ ਮੰਤਰੀ** : ਇਸ ਸਕੀਮ ਬਾਰੇ ਇਕ ਹਾਈ ਪਾਵਰਡ ਕਮੇਟੀ ਮੁਕਰੱਰ ਕੀਤੀ ਸੀ ਅਤੇ ਇਸ ਦੀਆ ਸਿਫਾਰਸ਼ਾਂ ਨੂੰ ਦੇਖ ਕੇ ਸਰਕਾਰ ਨੇ ਅੰਤਮ ਫੈਸਲਾ ਥੋੜ੍ਹੇ ਦਿਨ ਹੋਏ ਹਨ ਕੀਤਾ ਹੈ। ਇਸ ਦੀ ਐਡਵਰਟਾਈਜ਼ਮੈਂਟ ਹੋ ਰਹੀ ਹੈ ਅਤੇ ਉਸ ਤੋਂ ਬਾਅਦ ਇੰਡਸਟ੍ਰੀਅਲਿਸਟ ਆਪਣੀ ਜ਼ਰੂਰਤ ਅਨੁਸਾਰ ਕਰਜ਼ੇ ਲੈਣਗੇ। ਅੱਜ ਤੱਕ ਕਿਸੇ ਨੂੰ ਕਰਜ਼ੇ ਨਹੀਂ ਮਿਲੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਨਰੇਟਰ ਸੈਟ ਖਰੀਦਣ ਵਾਸਤੇ ਇੰਡਸਟ੍ਰੀਅਲਿਸਟਾਂ ਨੂੰ ਕਰਜ਼ੇ ਦਿਤੇ ਗਏ ਸਨ ਔਰ ਉਨ੍ਹਾਂ ਨੇ ਜਨਰੇਟਰ ਸੈਟ ਨਹੀਂ ਖਰੀਦੇ ਇਸ ਗਲ ਕਰਕੇ ਕਿ ਜਨਰੇਟਰ ਤੋਂ ਕੋਈ 32, 34 ਪੈਸੇ ਬਿਜਲੀ ਮਾਂਹਗੀ ਪੈਦਾ ਹੁੰਦੀ ਹੈ ਔਰ ਹਾਈਡਰੋ ਬਿਜਲੀ ਸਸਤੀ ਪੈਂਦੀ ਹੈ। ਆਇਆ ਜਿਨ੍ਹਾਂ ਇੰਡਸਟ੍ਰੀਅਲਿਸਟਾਂ ਨੂੰ ਇਹ ਸੈਟ ਖਰੀਦਣ ਵਾਸਤੇ ਕਰਜ਼ੇ ਦਿਤੇ ਸਨ ਅਤੇ ਜਿਨ੍ਹਾਂ ਨੇ ਇਸ ਕਰਕੇ ਕਿ ਜਨਰੇਟਰ ਤੋਂ ਬਿਜਲੀ ਮਹਿੰਗੀ ਪੈਦਾ ਹੁੰਦੀ ਹੈ ਇਹ ਜਨਰੇਟਰ ਨਹੀਂ ਖਰੀਦੇ, ਕੀ ਉਨ੍ਹਾਂ ਤੋਂ ਗੌਰਮੈਂਟ ਨੇ ਇਹ ਕਰਜ਼ੇ ਦੀ ਰਕਮ ਵਾਪਸ ਲੈਣ ਵਾਸਤੇ ਕੋਈ ਸਟੈਪਸ ਲਏ। ਇਸ ਸਬੰਧ ਵਿਚ ਸਾਰੀ ਪੁਜ਼ੀਸ਼ਨ ਦਸੀ ਜਾਵੇ।

**ਉਪ ਮੰਤਰੀ** : ਅਜਿਹਾ ਮਸਲਾ ਅਜੇ ਸਰਕਾਰ ਦੇ ਨੋਟਿਸ ਵਿਚ ਨਹੀਂ ਆਇਆ ਹੈ ਕਿ ਇੰਡਸਟ੍ਰੀਅਲਿਸਟਸ ਨੇ ਇਸ ਕਰਕੇ ਜਨਰੇਟਰ ਸੈਟ ਨਾ ਖਰੀਦੇ ਹੋਣ ਕਿ ਇਸ ਤੋਂ ਬਿਜਲੀ ਮਹਿੰਗੀ ਪੈਦਾ ਹੁੰਦੀ ਹੈ।

**आचार्य पृथ्वी सिंह आज़ाद** : रूल इस सिलसिले में अकतूबर, 1972 में बन गया था तो फिर आज तक क्यों नहीं इस रूल के मुताबिक काम चला ? इस हाई पावर्ड कमेटी के कौन कौन से मैंबर्ज़ हैं ?

**ਉਪ ਮੰਤਰੀ** : ਇਸ ਬਾਰੇ ਨੋਟਿਸ ਦਿਤਾ ਜਾਵੇ।

**Acharya Prithvi Singh Azad** : I object to the reply of the Hon'ble Minister. I put a question that when Rules were framed in 1972, why action has not been taken on these Rules ? Who are the Members of the High Powered Committee ?

Original with;
Punjab Vidhan Sabha
Digitized by;
Panjab Digital Library

**ਉਪ ਮੰਤਰੀ** : ਇਸ ਸਵਾਲ ਵਿਚੋਂ ਹਾਈ ਪਾਵਰਡ ਕਮੇਟੀ ਦੇ ਮੈਂਬਰਜ਼ ਕਿਨੇ ਸਨ ਇਹ ਚੀਜ਼ ਪੈਦਾ ਨਹੀਂ ਹੁੰਦੀ ।

**ਸਰਦਾਰ ਸੁਰਜੀਤ ਸਿੰਘ** : ਇੰਡਸਟ੍ਰੀਅਲਿਸਟਾਂ ਨੂੰ ਬਿਜਲੀ ਦੀ ਘਾਟ ਕਰਕੇ ਡੀਜ਼ਲ ਪੰਪਿੰਗ ਸੈਟ ਖਰੀਦਣ ਵਾਸਤੇ ਇੰਟ੍ਰੈਸਟ ਫਰੀ ਲੋਨ ਦਿਤੇ ਗਏ । ਕੀ ਕਿਸਾਨਾਂ ਨੂੰ ਵੀ ਉਹੀ ਬਿਜਲੀ ਦੀ ਘਾਟ ਕਰਕੇ ਜੋ ਜਨਰੇਟਰ ਖਰੀਦਣ ਵਾਸਤੇ ਲੋਨਜ਼ ਦਿਤੇ ਜਾਂਦੇ ਹਨ, ਉਹ ਵੀ ਇੰਟ੍ਰੈਸਟ ਫਰੀ ਹੋਣਗੇ ?

**ਵਿਕਾਸ ਮੰਤਰੀ** : ਉਹ ਗਵਰਨਮੈਂਟ ਆਫ ਇੰਡੀਆ ਦੀ ਸਕੀਮ ਸੀ । ਘਟ ਵਿਆਜ ਤੇ ਕਰਜ਼ੇ ਦਿਤੇ ਗਏ ਹਨ । ਦਸ ਹਜ਼ਾਰ ਟਿਊਬਵੈਲਜ਼ ਲਈ 50% ਸਬਸਿਡੀ ਇਨਕਲੂਡਿੰਗ ਬੋਰਿੰਗ ਪਾਈਪ ਸੀ । ਇਹਦੇ ਵਿਚ ਕੋਈ ਵਿਤਕਰੇ ਵਾਲੀ ਗਲ ਨਹੀਂ ਹੈ । (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਬਿਜਲੀ ਦੀ ਘਾਟ ਨਾਲ ਪਰੋਡਕਸ਼ਨ ਸਫਰ ਕਰਦੀ ਹੈ, ਵਰਕਰਜ਼ ਬੇਕਾਰ ਹੁੰਦੇ ਹਨ । ਕੀ ਸਰਕਾਰ ਕਾਨੂੰਨੀ ਤੌਰ ਤੇ ਇਹ ਜਬਰੀ ਕਰਾਰ ਦੇਣ ਨੂੰ ਤਿਆਰ ਹੈ ਕਿ ਜਿੰਨੀਆਂ ਮਿਲਾਂ ਨੂੰ ਇਮਦਾਦੀ ਕਰਜ਼ੇ ਮਿਲਦੇ ਹਨ, ਜਨਰੇਟਰ ਖਰੀਦਣ । ਜਦੋਂ ਸਰਕਾਰ ਚਾਹੇ ਅਤੇ ਬਿਜਲੀ ਦੀ ਦਿੱਕਤ ਹੋਵੇ ਤਾਂ ਉਨ੍ਹਾਂ ਨੂੰ ਜਨਰੇਟਰਾਂ ਨਾਲ ਬਿਜਲੀ ਪੈਦਾ ਕਰਨੀ ਪਵੇਗੀ । ਇਹ ਜਬਰੀ ਅਤੇ ਕੰਪਲਸਰੀ ਹੋਵੇ ਔਰ ਉਹਦੇ ਨਾਲ ਕਾਰਖਾਨੇ ਚੱਲਣ ।

**ਉਪ ਮੰਤਰੀ** : ਇਹ ਸੁਜੈਸ਼ਨ ਹੈ, ਇਸ ਤੇ ਵਿਚਾਰ ਕਰ ਲਵਾਂਗੇ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਸ ਵੇਲੇ ਤੱਕ ਕਿੰਨਾ ਰੁਪਿਆ ਸਰਕਾਰ ਦਾ ਇੰਡਸਟਰੀਅਲਿਸਟਸ ਵੱਲ ਲੱਗਦਾ ਹੈ ਇਸ ਸਕੀਮ ਦੇ ਤਹਿਤ ?

**ਉਪ ਮੰਤਰੀ** : ਇਸ ਦੇ ਬਾਰੇ ਨੋਟਿਸ ਦੇ ਦੇਣ, ਦੱਸ ਦਿਆਂਗੇ ।

---

## ADDITIONAL AMOUNT CHARGED BY PUNJAB STATE ELECTRICITY BOARD FROM THE DOMESTIC CONSUMERS

***1284. Sardar Dilbagh Singh** : Will the Minister for Irrigation and Power be pleased to state :—

(a) whether the Punjab State Electricity Board has taken a decision to charge an additional payment of Rs 20 from the people already having electric connections with them for domestic use; if so, the facts kept in view while taking the said decision ;

(b) whether the people have deposited money according to the above decision ;

(c) if the reply to part (b) above be in the affirmative, whether the said amount is being refunded to the people now; if so, the reason for this refund ;

(d) whether it is a fact that in some cases the amount paid by the people has not so far been refunded to them ; if so, the reasons therefor together with the time by which the said amount is likely to be refunded ?

Original with;
Punjab Vidhan Sabha
Digitized by;
Panjab Digital Library

**Shri Gurmail Singh** : (a) No. The amount of additional security demanded is Rs. 10 only due to bi-monthly billing scheme.

(b) Yes; Only Rs. 10 have been deposited as additional amount.

(c) & (d) No. Security is refundable only at the time of permanent disconnection.

[(ਏ) ਨਹੀਂ ਜੀ । ਦੋ ਮਹੀਨੇਵਾਰ ਬਿਲਾਂ ਦੀ ਸਕੀਮ ਕਰਕੇ ਵਾਧੂ ਮੰਗੀ ਗਈ ਸਿਕਿਉਰਿਟੀ ਦੀ ਰਕਮ ਸਿਰਫ 10 ਰੁਪਏ ਹੈ ।

(ਬੀ) ਹਾਂ ਜੀ । ਕੇਵਲ 10 ਰੁਪਏ ਵਾਧੂ ਜਮ੍ਹਾਂ ਹੋਏ ਹਨ ।

(ਸੀ ਤੇ ਡੀ) ਨਹੀਂ ਜੀ । ਸਿਕਿਉਰਿਟੀ ਪੱਕੇ ਡਿਸਕੁਨੈਕਸ਼ਨ ਸਮੇਂ ਹੀ ਰਿਫੰਡ ਕੀਤੀ ਜਾਵੇਗੀ ]

**ਸ੍ਰੀ ਗੁਰਦਿਆਲ ਸੈਣੀ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀ ਸਿਕਿਉਰਿਟੀ 20 ਰੁਪਏ ਤੋਂ 80 ਰੁਪਏ ਕਰ ਰਹੇ ਹਨ, ਉਹ ਕਿਉਂ ਵਧਾ ਰਹੇ ਹਨ ?

**ਮੰਤਰੀ** : ਮੈਂ ਅੱਗੇ ਦੱਸਿਆ ਹੈ ਕਿ ਮੀਟਰ ਦੀ ਕੀਮਤ 10 ਰੁਪਏ ਸੀ ਅਤੇ ਪਹਿਲਾਂ ਇਕ ਮਹੀਨੇ ਦਾ ਬਿੱਲ ਲੈਂਦੇ ਸੀ, ਤਾਂ ਇਸ ਤਰ੍ਹਾਂ ਰਲਕੇ ਉਹ 20 ਰੁਪਏ ਬਣਦੇ ਸੀ । ਪਰ ਹੁਣ ਕਿਉਂਕਿ ਮੀਟਰ ਦੀ ਕੀਮਤ ਵਧ ਗਈ ਹੈ ਅਤੇ ਉਹ 20 ਰੁਪਏ ਦਾ ਹੋ ਗਿਆ ਹੈ ਅਤੇ ਹੁਣ ਜਿਹੜਾ ਨਵਾਂ ਮੀਟਰ ਲੈਂਦਾ ਹੈ ਉਨ੍ਹਾਂ ਤੋਂ 20 ਰੁਪਏ ਲੈਂਦੇ ਹਾਂ । ਪਹਿਲਾਂ ਕਿਉਂਕਿ ਬਿੱਲ ਇਕ ਮਹੀਨੇ ਪਿੱਛੋਂ ਲੈਂਦੇ ਸੀ ਹੁਣ 2 ਮਹੀਨੇ ਬਾਅਦ ਲੈਣਾ ਹੈ ਇਸ ਕਰਕੇ ਉਹ ਅਮਾਊਂਟ 2 ਮਹੀਨਿਆਂ ਦੀ ਸਿਕਿਉਰਿਟੀ ਵਧੀ ਹੈ ।

**ਸਰਦਾਰ ਜਸਦੇਵ ਸਿੰਘ ਸੰਧੂ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਨ੍ਹਾਂ ਨੇ ਘਰੇਲੂ ਕੁਨੈਕਸ਼ਨ 10 ਸਾਲ ਪੁਰਾਣੇ ਲਏ ਹੋਏ ਹਨ ਉਨ੍ਹਾਂ ਤੋਂ ਵੀ ਇਹ ਵਧੀ ਹੋਈ ਸਿਕਿਉਰਿਟੀ ਵਸੂਲ ਕੀਤੀ ਜਾ ਰਹੀ ਹੈ ?

**ਮੰਤਰੀ** : ਤੁਹਾਡੇ ਇਸ ਸਪਲੀਮੈਂਟਰੀ ਦੇ ਮੈਂ ਦੋ ਪਾਰਟ ਕਰਦਾ ਹਾਂ । ਇਕ ਪਾਰਟ ਤਾਂ ਇਹ ਹੈ ਕਿ ਪਹਿਲਾਂ ਜਿਹੜੇ ਮੀਟਰ ਸੀ ਉਨ੍ਹਾਂ ਦੀ ਸਿਕਿਉਰਿਟੀ ਦੀ ਅਮਾਊਂਟ ਨਹੀਂ ਵਧਾਈ । ਉਥੇ ਵਧਾਇਆ ਹੈ ਜਿਥੇ ਬਿੱਲ ਮਹੀਨੇ ਪਿਛੋਂ ਲੈਂਦੇ ਸੀ । ਹੁਣ ਕਿਉਂਕਿ ਬਿੱਲ ਦੋ ਮਹੀਨੇ ਪਿਛੋਂ ਲੈਣਾ ਹੈ, ਇਸ ਲਈ ਇਹ ਸਿਕਿਉਰਿਟੀ ਵਧਾਈ ਹੈ ।

**ਸ੍ਰੀ ਸਪੀਕਰ** : ਮੈਂ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਰੀਜਨ ਬਸਤੀਆਂ ਹਨ ਉਨ੍ਹਾਂ ਲੋਕਾਂ ਨੂੰ ਤੁਹਾਡੇ ਡਿਪਾਜ਼ਿਟਸ ਦੇਣੇ ਬਹੁਤ ਔਖੇ ਹਨ । ਉਹ 80-100 ਰੁਪਏ ਦੇ ਨਹੀਂ ਸਕਦੇ । ਇਸ ਲਈ ਉਨ੍ਹਾਂ ਨੂੰ ਕੋਈ ਉਚੇਚੀ ਰਿਆਇਤ ਦੇਣੀ ਚਾਹੀਦੀ ਹੈ । (I would like to bring to your notice that it is very difficult for the Harijans, living in Harijan Colonies, to pay Rs. 80-100 at a time. Therefore, they must be given some special concessions.)

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੀ ਤੁਹਾਡੀ ਸੁਜੈਸ਼ਨ ਹੈ, ਇਸ ਨੂੰ ਅਸੀਂ ਵੈਲਕੰਮ ਕਰਦੇ ਹਾਂ ।

**ਚੌਧਰੀ ਰਾਮ ਸਿੰਘ** : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਜਿਹੜੇ ਸਬ ਮਾਊਂਟੇਨਸ ਏਰੀਆਜ਼ ਹਨ ਉਨ੍ਹਾਂ ਕੋਲੋਂ ਬਿਜਲੀ ਬੋਰਡ ਵਾਲੇ ਸਿਕਿਉਰਿਟੀ ਦੇ 80 ਰੁਪਏ ਚਾਰਜ ਕਰ ਰਹੇ ਹਨ ਜਦ ਕਿ ਹਿਮਾਚਲ ਪ੍ਰਦੇਸ਼ ਵਿਚ 20 ਰੁਪਏ ਲਏ ਜਾਂਦੇ ਹਨ। ਉਸ ਦੇ ਨਾਲ ਨੀਮ ਪਹਾੜੀ ਇਲਾਕੇ ਦੇ ਗਰੀਬ ਲੋਕ ਕੁਨੈਕਸ਼ਨ ਲੈਣ ਵਾਸਤੇ ਤਿਆਰ ਨਹੀਂ ਹਨ । ਕੀ ਇਸ ਨੂੰ ਰਿਵਾਈਜ਼ ਕੀਤਾ ਜਾਵੇਗਾ ਅਤੇ ਕੀ ਇਸ ਚੀਜ਼ ਤੇ ਵਿਚਾਰ ਕਰਕੇ ਕੋਈ ਰਿਆਇਤ ਕਰੋਗੇ ?

**ਮੰਤਰੀ** : ਇਸ ਬਾਰੇ ਸਰਕਾਰ ਸੋਚੇਗੀ ।

**ਸ਼੍ਰੀ ਪ੍ਰੇਮ ਗੁਪਤਾ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪੁਰਾਣੇ ਮੀਟਰ ਹਨ ਉਨ੍ਹਾਂ ਦੀ ਸਿਕਿਉਰਿਟੀ ਬਾਈ ਮੰਥਲੀ ਪੇਮੈਂਟ ਦਾ ਸਿਸਟਮ ਇਸ ਤੋਂ ਪਹਿਲਾਂ ਇੰਟਰੋਡਿਊਸ ਕੀਤਾ ਗਿਆ ਇਹ ਬਿਲਕੁਲ ਸਾਫ ਜ਼ਾਹਿਰ ਹੈ ਕਿ ਪੁਰਾਣੇ ਮੀਟਰ ਦੀ ਸਿਕਿਉਰਿਟੀ ਵਧਾਈ ਹੈ । ਤਾਂ ਕਿ ਇਸ ਦੀ ਵਜ਼ੀਰ ਸਾਹਿਬ ਇਨਕੁਆਇਰੀ ਕਰਕੇ ਰਕਮ ਰੀਫੰਡ ਕਰਾਉਣਗੇ ?

**ਮੰਤਰੀ** : ਜਿਥੇ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੈ, ਉਸ ਦੀ ਇਨਕੁਆਇਰੀ ਕਰਵਾ ਲਵਾਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ 34% ਬਿਜਲੀ ਤਾਂ ਰਾਹ ਵਿਚ ਹੀ ਗੁੰਮ ਹੋ ਜਾਂਦੀ ਹੈ, ਚੋਰੀ ਹੋ ਜਾਂਦੀ ਹੈ । ਚਾਰ ਘੰਟੇ ਬਿਜਲੀ ਮਿਲਦੀ ਹੈ ਅਤੇ 80 ਰੁਪਏ ਮੀਟਰ ਵਾਸਤੇ ਚਾਹੀਦੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਤਰ੍ਹਾਂ ਗਰੀਬੀ ਘਟ ਰਹੀ ਹੈ ਜਾਂ ਕਿ ਵੱਧ ਰਹੀ ਹੈ ?

**Mr. Speaker** : Supplementary Disallowed.

**आचार्य पृथ्वी सिंह आज़ाद** : इन्हों ने कहा है कि मीटर की कीमत बढ़ गई है । क्या यह हकीकत नहीं है कि बिजली बोर्ड ने ऐसे वह मीटर खरीदें हैं जिन की कीमत ज़यादा थी ? वे 2 कंपनियां हैं ।

**ਮੰਤਰੀ** : ਇਹ ਕੰਪਨੀ ਦੱਸ ਦੇਣ ਕਿ ਕਿਥੋਂ ਖਰੀਦੇ ਹਨ ।

**ਸ਼੍ਰੀ ਸਪੀਕਰ** : ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਥੋਂ ਖਰੀਦੇ ਹਨ । (The hon. Minister should know from where the said purchases have been made.)

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਦੋ ਮਹੀਨਿਆਂ ਦਾ ਬਿੱਲ ਲੈਂਦੇ ਹਾਂ ਇਸ ਕਰਕੇ ਸਿਕਿਉਰਿਟੀ ਡਬਲ ਕਰ ਦਿੱਤੀ ਹੈ । ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਸਿਕਿਉਰਿਟੀ ਡਬਲ ਕਰਨ ਤੋਂ ਇਲਾਵਾ ਇਕ ਨਵਾਂ ਟੈਕਸ ਲਾ ਦਿੱਤਾ ਹੈ ਮੀਟਰ ਚਾਰਜਜ਼ ਦੇ ਨਾਮ ਤੇ । ਇਕ ਨਵੇਂ ਕੁਨੈਕਸ਼ਨ ਵਾਸਤੇ, ਇਕ ਲਾਟੂ ਵਾਸਤੇ 80 ਰੁਪਏ ਤਾਰਨੇ ਪੈਂਦੇ ਹਨ, ਇਸ ਦੇ ਨਾਲ ਕੀ ਗਰੀਬੀ ਘੱਟ ਰਹੀ ਹੈ ਜਾਂ ਕਿ ਵਧ ਰਹੀ ਹੈ ? ਕੀ ਗਰੀਬਾਂ ਨੂੰ ਹਨੇਰੇ ਵਿਚ ਰੱਖਣਾ ਹੈ ?

(ਕੋਈ ਜਵਾਬ ਨਹੀਂ ਦਿਤਾ ਗਿਆ ।)

---

Original with;
Punjab Vidhan Sabha
Digitized by;
Panjab Digital Library

HARIJAN KALYAN FUND

***1217. Sardar Basant Singh Khalsa** : Will the Minister for Irrigation and Power be pleased to state :—

(a) the total amount in the Harijan Kalyan Fund as at present;

(b) whether there is any proposal under the consideration of the Government to transfer the said funds to the Punjab Scheduled Caste Land Development and Finance Corporation; if not, the details of other schemes, if any, under consideration for the Scheduled Castes and Backward Classes in the State ?

**Shri Gurmail Singh** : (a) Rs. 1,62,46,876.

(b) No. This fund is meant for such programmes as would not deplete the capital. No such programmes are under consideration of Government at present.

[(ੳ) 1,62,46,876 ਰੁਪਏ ।

(ਅ) ਨਹੀਂ ਜੀ । ਇਹ ਫੰਡ ਅਸਲ ਵਿਚ ਉਨ੍ਹਾਂ ਪ੍ਰੋਗਰਾਮਾਂ ਲਈ ਹੀ ਵਰਤਿਆ ਜਾਣਾ ਹੈ ਜਿਸ ਨਾਲ ਅਸਲ ਪੂੰਜੀ ਖਤਮ ਨਾ ਹੋਵੇ । ਇਸ ਵੇਲੇ ਕੋਈ ਅਜਿਹੇ ਪ੍ਰੋਗਰਾਮ ਸਰਕਾਰ ਦੇ ਵਿਚਾਰ ਅਧੀਨ ਨਹੀਂ ।]

**ਸਰਦਾਰ ਬਸੰਤ ਸਿੰਘ ਖਾਲਸਾ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਤੁਹਾਡੇ ਕੋਲ ਪੈਸਾ ਵੀ ਹੈ ਅਤੇ ਦੂਜੇ ਪਾਸੇ ਇਹ ਦੱਸਿਆ ਹੈ ਕਿ ਨਾਂ ਉਹ ਕਾਰਪੋਰੇਸ਼ਨ ਨੂੰ ਦੇਣਾ ਹੈ ਅਤੇ ਨਾਂ ਕਿਸੇ ਹੋਰ ਨੂੰ ਦੇਣਾ ਹੈ ਅਤੇ ਨਾ ਕੋਈ ਹਾਲੇ ਸਕੀਮ ਹੈ ਤੇ ਫਿਰ ਇਸ ਪੈਸੇ ਦਾ ਕੀ ਬਣੇਗਾ ?

**ਮੰਤਰੀ** : ਮੈਂ ਦੱਸਿਆ ਹੈ ਕਿ ਇਸ ਵੇਲੇ ਕੋਈ ਸਕੀਮ ਨਹੀਂ ਹੈ । ਲੇਕਿਨ ਇਸ ਪੈਸੇ ਨਾਲ ਚੰਗੀ ਸਕੀਮ ਬਣਾਵਾਂਗੇ ਜਿਸ ਦੇ ਨਾਲ ਕੋਈ ਲਾਭ ਹੋ ਸਕੇ ।

**आचार्य पृथ्वी सिंह आज़ाद** : वज़ीर साहिब ने बताया है कि कार्पोरेशन के पास 1,62,46,876 रु: हैं । क्या इन्हें मालूम है कि जो हरिजन इन्डस्ट्री का काम करतें है उन्हें इस लिए करज़े नहीं दिये जा रहे कि कार्पोरेशन के पास पैसा कम है ?

**ਮੰਤਰੀ** : ਕਾਰਪੋਰੇਸ਼ਨ ਵੱਖਰੀ ਹੈ । ਇਹ ਜਿਹੜਾ ਕਲਿਆਣ ਫੰਡ ਹੈ, ਇਹ ਵੱਖਰਾ ਹੈ ।

**ਸਰਦਾਰ ਅਜਾਇਬ ਸਿੰਘ ਸੰਧੂ** : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਬਣੀ ਹੈ ਇਸ ਨੂੰ 5 ਕਰੋੜ ਰੁਪਇਆ ਦੇਣਾ ਹੈ । ਤੇ ਇਹ ਜੇ ਇਸ ਵਿਚੋਂ ਨਹੀਂ ਦਿੰਦੇ ਤਾਂ ਹੋਰ ਕਿਥੋਂ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਉਸ ਦੇ ਵਿਚੋਂ ਵੀ ਦਿੰਦੇ ਹਾਂ ਅਤੇ ਇਸ ਦੇ ਵਿਚੋਂ ਵੀ ਦੇ ਸਕਦੇ ਹਾਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਜਿਹੜੇ ਹੋਮ ਲੈਸ ਹਨ ਅਤੇ ਜਿਨ੍ਹਾਂ ਦੇ ਘਰ ਨਹੀਂ ਹਨ ਉਨ੍ਹਾਂ ਨੂੰ 5 ਮਰਲੇ ਦੀਆਂ ਸਾਈਟਸ ਦੇਣੀਆਂ ਹਨ । ਤਾਂ ਕੀ ਇਹ ਪੌਣੇ ਦੋ ਕਰੋੜ ਰੁਪਿਆ ਜਿਹੜਾ ਹੈ, ਇਹ ਉਨ੍ਹਾਂ ਨੂੰ ਮਕਾਨ ਬਣਾਉਣ ਲਈ ਦੇਣ ਲਈ ਤਿਆਰ ਹਨ ?

**ਮੰਤਰੀ** : ਇਨ੍ਹਾਂ ਨੂੰ ਪਤਾ ਨਹੀਂ ਹਾਊਸਿੰਗ ਬੋਰਡ ਵੱਖਰਾ ਹੈ । ਜੇ ਉਨ੍ਹਾਂ ਲਈ ਖਰਚ ਕਰਨਾ ਹੈ ਤਾਂ ਉਨ੍ਹਾਂ ਲਈ ਹੋਰ ਪੈਸਾ ਖਰਚ ਕਰਨਾ ਹੈ । ਇਹ ਅਮਾਊਂਟ ਸਿਰਫ਼ ਹਰੀਜਨਾਂ ਲਈ ਹੈ ।

**ਸਰਦਾਰ ਹਰਚੰਦ ਸਿੰਘ** : ਕੀ ਗਿਆਨੀ ਜੀ ਦੀ ਸਰਕਾਰ ਦੁਬਾਰਾ ਹਰੀਜਨ ਕਲਿਆਣ ਫੰਡ ਇਕੱਠਾ ਕਰਨ ਤੇ ਵਿਚਾਰ ਕਰੇਗੀ ? (ਹਾਸਾ)

**ਮੰਤਰੀ** : ਇਹ ਤਾਂ ਪਰਪੋਜ਼ਲ ਹੀ ਹੈ ।

---

## MEDICAL FACILITIES PROVIDED TO CONVICTS / UNDERTRIALS IN GURDASPUR JAIL.

*1249. **Comrade Raj Kumar** : Will the Minister of State for Local Government and Jails be pleased to state :—

(a) the total number of convicts and undertrials lodged in Gurdaspur Jail monthwise, since July, 1972 ;

(b) the details of medical facilities provided in the said jail indicating the number of Doctors/Pharmacists engaged and their daily hours of work particularly since July, 1972 ;

(c) the total provisions of funds for providing medical facilities to the prisoners and under-trials in Gurdaspur Jail during 1972 and the net total expenditure incurred in this respect during the current financial year upto 30th September, 1972 ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ਏ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਬੀ) ਇਸ ਜੇਲ੍ਹ ਲਈ ਇਕ ਡਾਕਟਰ ਅਤੇ ਇਕ ਡਿਸਪੈਂਸਰ ਦੀ ਅਸਾਮੀ ਦੀ ਰਚਨਾਂ ਕੀਤੀ ਹੋਈ ਹੈ । ਡਾਕਟਰ ਅਤੇ ਡਿਸਪੈਂਸਰ ਆਮ ਤੌਰ ਤੇ ਜੇਲ੍ਹ ਵਿਚ ਹੀ ਰਹਿੰਦੇ ਹਨ ਅਤੇ ਉਹ 24 ਘੰਟੇ ਡਿਊਟੀ ਤੇ ਸਮਝੇ ਜਾਂਦੇ ਹਨ ।

(ਸੀ) ਕਿਸੇ ਇਕ ਜੇਲ੍ਹ ਵਾਸਤੇ ਮੈਡੀਕਲ ਸਹੂਲਤਾਂ ਲਈ ਕੋਈ ਰਕਮ ਨਿਸ਼ਚਿਤਾ ਨਹੀਂ ਕੀਤੀ ਜਾਂਦੀ । ਜਿੰਨਾਂ ਖਰਚ ਹੋਵੇ ਉਹ ਬਜਟ ਵਿਚੋਂ ਕਰ ਲਿਆ ਜਾਂਦ ਹੈ । 1 ਅਪਰੈਲ, 1972 ਤੋਂ 30 ਸਤੰਬਰ, 1972 ਤਕ 3,745 ਰੁਪਏ 35 ਪੈਸੇ ਮੈਡੀਕਲ ਸਹੂਲਤਾਂ ਤੇ ਖਰਚ ਹੋਏ ਹਨ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਜ਼ਿਲ੍ਹਾ ਜੇਲ੍ਹ, ਗੁਰਦਾਸਪੁਰ

| | ਕੈਦੀ | ਹਵਾਲਾਤੀ |
|---|---|---|
| ਜੁਲਾਈ, 1972 | 198 | 216 |
| ਅਗਸਤ, 1972 | 190 | 220 |
| ਸਤੰਬਰ, 1972 | 182 | 190 |
| ਅਕਤੂਬਰ, 1972 | 183 | 210 |
| ਨਵੰਬਰ, 1972 | 217 | 211 |
| ਦਸੰਬਰ, 1972 | 210 | 206 |
| ਜਨਵਰੀ, 1973 | 203 | 192 |

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਵਿਚ ਪੁਛਿਆ ਸੀ ਕਿ ਗੁਰਦਾਸਪੁਰ ਜੇਲ੍ਹ ਵਿਚ ਕੈਦੀਆਂ ਨੂੰ ਜਿਹੜੀਆਂ ਸਹੂਲਤਾਂ ਦਿਤੀਆਂ ਜਾਂਦੀਆਂ ਹਨ ਉਨ੍ਹਾਂ ਦਾ ਵੇਰਵਾ ਦਿਤਾ ਜਾਵੇ । ਇਸ ਦੇ ਜਵਾਬ ਵਿਚ ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਇਸ ਜੇਲ੍ਹ ਲਈ ਇਕ ਡਾਕਟਰ ਅਤੇ ਇਕ ਡਿਸਪੈਂਸਰ ਦੀ ਆਸਾਮੀ ਦੀ ਰਚਨਾ ਕੀਤੀ ਹੋਈ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਰਚਨਾ ਕੀਤੀ ਹੋਈ ਹੈ ਆਇਆ ਉਸ ਦੇ ਮੁਤਾਬਕ ਜੁਲਾਈ, 1972 ਤੋਂ ਲੈ ਕੇ ਦਸੰਬਰ, 1972 ਤਕ ਉਥੇ ਕੋਈ ਡਾਕਟਰ ਹੈ ਸੀ ਜਾਂ ਨਹੀਂ ? ਜਾਂ ਨਿਰੀ ਰਚਨਾਂ ਹੀ ਕੀਤੀ ਹੋਈ ਸੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਥੋੜੇ ਅਰਸੇ ਲਈ ਡਾਕਟਰ ਨਹੀਂ ਸੀ ਮਿਲ ਸਕਿਆ ਇਸ ਕਰਕੇ ਉਸ ਪੀਰੀਅਡ ਵਿਚ ਹੋਲ ਟਾਈਮ ਡਾਕਟਰ ਨਹੀਂ ਸੀ ਪਾਰਟ ਟਾਈਮ ਕੰਮ ਕਰਦਾ ਸੀ । ਉਸ ਦੇ ਬਾਅਦ ਡਾਕਟਰ ਆ ਗਿਆ ਤਾਂ ਹੋਲ ਟਾਈਮ ਹੀ ਕੰਮ ਕਰਦਾ ਹੈ ਅਤੇ ਉਥੇ ਹੀ ਰਹਿੰਦਾ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਵੇਰਵਾ ਦਿਤਾ ਹੈ ਉਸ ਦੇ ਮੁਤਾਬਿਕ 400 ਕੈਦੀ, ਕਨਵਿਕਟਡ ਅਤੇ ਅੰਡਰ ਟਰਾਇਲ,ਰਹਿੰਦੇ ਹਨ ਅਤੇ ਉਨ੍ਹਾਂ ਤੇ 3,745 ਰੁਪਏ ਮੈਡੀਕਲ ਸਹੂਲਤਾਂ ਤੇ ਖਰਚ ਹੋਏ ਹਨ ਜਿਹੜੇ ਕਿ 75 ਪੈਸੇ ਫੀ ਕੈਦੀ ਇਕ ਮਹੀਨੇ ਦਾ ਖਰਚਾ ਬਣਦਾ ਹੈ । ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗੱਲ ਤੇ ਵਿਚਾਰ ਕਰਨਗੇ ਕਿ ਘੱਟ ਤੋਂ ਘੱਟ 5/- ਰੁਪਏ ਫੀ ਕੈਦੀ ਇਕ ਮਹੀਨੇ ਦਾ ਖਰਚ ਕਰਨ ਦਾ ਉਨ੍ਹਾਂ ਲਈ ਪ੍ਰੋਵੀਜ਼ਨ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਸਵਾਲ ਕੀਤਾ ਸੀ ਉਸ ਦਾ ਜਵਾਬ ਤਾਂ ਮੈਂ ਦੇ ਦਿਤਾ ਹੈ, ਅਗਰ ਕੋਈ ਹੋਰ ਵੇਰਵਾ ਚਾਹੁੰਦੇ ਹਨ ਤਾਂ ਨੋਟਿਸ ਦੇ ਦੇਣ ਅਸੀਂ

Original with;
Punjab Vidhan Sabha
Digitized by;
Panjab Digital Library

ਉਸਦਾ ਜਵਾਬ ਦੇ ਦੇਵਾਂਗੇ। ਵੈਸੇ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਕੋਈ ਇਨ੍ਹਾਂ ਵਰਗਾ ਜਾਂ ਮੇਰੇ ਵਰਗਾ ਕੋਈ ਹੋਵੇ ਤਾਂ ਉਸ ਤੇ ਕੋਈ ਖਰਚਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । (ਵਿਘਨ)

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜਿਨ੍ਹਾਂ ਕੈਦੀਆਂ ਵਾਸਤੇ ਇਹ ਜਵਾਬ ਦਿਤਾ ਹੈ ਉਨ੍ਹਾਂ ਵਿਚ ਇਨਸੀਡੈਂਟਸ ਆਫ਼ ਸਿਕਨੈਸ ਸੀ । (ਵਿਘਨ) ਇਹ ਜਿਹੜਾ ਖਰਚ ਇਨ੍ਹਾਂ ਨੇ ਦਸਿਆ ਹੈ ਇਹ ਢਾਈ ਪੈਸੇ ਰੋਜ਼ ਦਾ ਬਣਦਾ ਹੈ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਇਹ ਖਰਚਾ ਘਟੋ ਘੱਟ 5/- ਰੁਪਏ ਫੀ ਕੈਦੀ ਇਕ ਮਹੀਨੇ ਦਾ ਕਰਨ ਦਾ ਪ੍ਰੋਵੀਜ਼ਨ ਕਰਨ ਨੂੰ ਤਿਆਰ ਹਨ ? (ਵਿਘਨ)

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਬੀਮਾਰੀ ਦਾ ਪੂਰਾ ਇਲਾਜ ਕੀਤਾ ਜਾਵੇਗਾ । ਅਗਰ ਕਿਸੀ ਦਾ ਨਹੀਂ ਹੋਇਆ ਤਾਂ ਇਹ ਸਾਨੂੰ ਦੱਸਣ ਅਸੀਂ ਉਸ ਦਾ ਇੰਤਜ਼ਾਮ ਕਰਾਂਗੇ । ਇਸ ਦੇ ਵਿਚ ਖਰਚੇ ਦਾ ਕੋਈ ਸਵਾਲ ਨਹੀਂ ਕਿ ਕਿਤਨਾ ਹੋਵੇਗਾ ਜਾਂ ਨਹੀਂ ਹੋਵੇਗਾ ।

---

## MEMORANDUM FROM BHARTYA MASIH COUNCIL

*1248 **Comrade Raj Kumar** : Will the Chief Minister be pleased to state :—

(a) whether the Government received copies of Memoranda dated 9th August and 11th Sept., 1972 from the Bhartya Masih Council (Ashok Mill, G. T. Road, Chheharta) regarding demand of Christian Community, if so, a copy thereof be laid on the Table of the house;

(b) the action taken regarding the demands mentioned in the said Memoranda ?

**Shri Gurmail Singh** (Irrigation and power Minister) : (a) Yes. Copies of the Memoranda are laid on the table of the House.

(b) Christians have been declared as Backward Class by the State Government to get all facilities/benefits allowed in the case of Backward Classes.

[(ੳ) ਹਾਂ ਜੀ। ਮੈਮੋਰੰਡਾ ਦੀਆਂ ਕਾਪੀਆਂ ਹਾਊਸ ਦੇ ਟੇਬਲ ਤੇ ਰਖੀਆਂ ਜਾਂਦੀਆਂ ਹਨ।

(ਅ) ਈਸਾਈਆਂ ਨੂੰ ਪੰਜਾਬ ਸਰਕਾਰ ਨੇ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰ ਲਿਆ ਹੈ ਤਾਂ ਜੋ ਇਹ ਉਹ ਸਾਰੀਆਂ ਸਹੂਲਤਾਂ/ਲਾਭ ਪ੍ਰਾਪਤ ਕਰ ਸਕਣ ਜੋ ਬੈਕਵਰਡ ਕਲਾਸਾਂ ਨੂੰ ਦਿਤੀਆਂ ਜਾਂਦੀਆਂ ਹਨ ।]

Original with;
Punjab Vidhan Sabha
Digitized by;
Panjab Digital Library

Copy of letter dated 9.8.72 from Sadiq Samuel Chheharta, President Bhartya Masih Council, Ashok Mills, G.T. Road, Chheharata District Amritsar, addressed to the Honourable President, Government of India, New Delhi and copy to Prime Minister of India, Home Minister Union of India, and Chief Minister of Punjab, Chandigarh.

Subject :—Representation of justice and fair play to Christians of India.

---

Honourable Sir,

We have the honour to bring to your kind notice :—

1. That the Christians of India, after the attainment of Independence in the year 1947, have suffered a lot owing to the communal feeling of the communalist elements in India with the result that they stand unrepresented in every walk of life. There is no representation in services, in the field of Agriculture, Industry, bussiness or commerce. They have done meritorious service in the field of Education, Medical Aid and other fields of social service without any consideration for reward. But the justice enshrined in the Constitution of India denies equality to Christians. This is clearly a case of injustice.

That prior to this, through the good offices of the Punjab Masih Sabha, Lal Kothi, G.T. Road, Amritsar, several memoranda have been sent to the Government, but no heed appears to have been given to all of them. The Christians of Punjab particularly, at this stage have been so reduced to poverty that they can easily be tempted to convert themselves to other religion to which many Christians have already taken recourse to. We do not understand that this should have been the intention of the Constitution of India, more so when it is a secular State.

We have, therefore decided to undertake an indefinite hunger strike beginning from the 15th September, 1972, in case the Government does not take appropriate measures to redress the grievances of the Christians till that date. A further detailed memorandum will be sent separately.

This resort to hunger strike has been undertaken in order to agitate our point of view before the general public.

---

Copy of letter dated 11th Sept., 1972 from the President, Bhartya Masih Council Ashok Mills, G.T. Road, Chhehrata, Distt. Amritsar to the Hon'ble President, Government of India, NEW DELHI, copy to the Prime Minister of India Home Minister of Union of India, Chief Minister, Punjab, Chief Secretary to Government of Punjab, Deputy Commissioner, Punjab, Gurdaspur, and S.S.P. Gurdaspur.

---

Subject :—Representation of justice and fair play to Christians of Punjab.

INDEFINITE HUNGER STRIKE BEGINNING FROM 15th SEPT., 1972 BEFORE THE OFFICE OF D.C. SAHIB GURDASPUR AT 6.30 P.M.

Ref :—Your letter No. D. 2496-P-G/70 dated 18th July, 1970 and letter No. 2774 -P-II(3)-72 dated 23rd August., 1972.

---

Benevolent Sir,

We, the members of Bhartya Masih Council, Ashok Mills, G.T. Road Chheharta Distt. Amritsar, beg to lay down the following few lines for your favourable and sympathetic consideration;

Original with;
Punjab Vidhan Sabha
Digitized by;
Panjab Digital Library

1. That we had posted you a letter dated 18th July, 1970 and in reply vide your letter No. D 2496-P-G/70 deted 18th July, 1970 your goodself had informed that your application has been forwarded to the Secretary, Government of India, Ministry of Home Affairs, New Delhi and thereafter we had again posted a letter dated 9th August, 1972 and reply vide your letter No. 2774 P-II (3)/72 dated 23rd August, 1972 wherein your goodself had informed that my application has been forwarded to the Chief Secretary, Government of Punjab, Chandigarh but no action has been taken by any office uptil now.

2. We, the Christians residing in the Punjab State, beg to submit as under :—

"That the Christians of India, after the attainment of Independence in the year 1947, have suffered a lot owing to the communal feelings of the communalist elements in India with the result that they stand unrepresented in every walk of life. There is no representation in services, in the field of Agriculture Industry, business or commerce. They have done meritorious service in the field of Education, Medical Aid and other fields of social service without any consideration for reward But the justice enshrined in the Constitution of India deni es• equality to christians. This is clearly a case of injustice.

That the Christians constitute about 25% of the Punjab Christian Community. They rightly belong to the depressed classes although consequently they are deprived of the rights and privileges of people. The christians of Punjab particularly, at this stage have been so reduced to porerty that they can easily be tempted to convert themselves to other religion to which many christians have already recourse to. We do not understand that this should have been the intention of the Constitution of India, more so when it is a secular State.

We have therefore decided to undertake an indefinite hunger strike beginning from the 15th September, 1972 in case the Government does not take appropriate measures to redress the grievances of the Christians till that date. A further detailed memoranda will be sent separately.

This resort to hunger strike had been undertaken in order to agitate our point of view before the general Public.

---

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜਿਹੜਾ ਮੈਮੋਰੰਡਮ ਸਦਨ ਦੀ ਮੇਜ਼ ਰੱਖਿਆ ਗਿਆ ਹੈ ਉਸ ਦੇ ਵਿਚ ਬੜੀ ਰਿਵੀਲਿੰਗ ਗਲ ਕਹੀ ਗਈ ਹੈ ਕਿ ਕਰਿਸ਼ਚਿਅਨ ਬਹੁਤ ਗਰੀਬ ਹਨ ਅਤੇ ਲਗ ਭਗ ਬਾਕੀ ਦੀਆਂ ਗਰੀਬ ਸ਼੍ਰੇਣੀਆਂ ਨਾਲੋਂ ਉਨ੍ਹਾਂ ਦਾ ਕੋਈ ਜ਼ਿਆਦਾਂ ਫਰਕ ਨਹੀਂ ਉਨ੍ਹਾਂ ਨੂੰ ਸਹੂਲਤਾਂ ਪ੍ਰਾਪਤ ਕਰਨ ਲਈ ਜਿਹੜੀਆਂ ਕਿ ਐਜੂਕੇਸ਼ਨ ਵਿਚ ਰਿਜ਼ਰਵੇਸ਼ਨ ਆਫ਼ ਸੀਟਸ ਜਾਂ ਹੋਰ ਇਸ ਕਿਸਮ ਦੀਆਂ ਸਹੂਲਤਾਂ ਹਾਸਲ ਕਰਨ ਲਈ ਆਪਣਾ ਮਜ਼ਹਬ ਛੱਡਣ ਅਤੇ ਦੂਸਰਾ ਮਜ਼ਹਬ ਅਖਤਿਆਰ ਕਰਨ ਤੇ ਮਜ਼ਬੂਰ ਹੋਣਾ ਪਿਆ ਹੈ ਕੀ ਇਸ ਗਲ ਦੇ ਪੇਸ਼ੇ ਨਜ਼ਰ ਮਨਿਸਟਰ ਸਾਹਿਬ ਇਸ ਹਾਊਸ ਵਿਚ ਐਸ਼ੋਰੈਂਸ ਦੇਣਗੇ ਕਿ ਕ੍ਰਿਸਚੀਅਨ ਜਿਹੜੇ ਬਿਲਕੁਲ ਗਰੀਬ ਤਬਕੇ ਦੇ ਹਨ ਉਨ੍ਹਾਂ ਨੂੰ ਸ਼ੈਡਿਊਲਡ ਕਾਸਟ ਕਰਾਰ ਦੇਣਗੇ ?

ਮੰਤਰੀ : ਜਿਥੋਂ ਤਕ ਸਪੀਕਰ ਸਾਹਿਬ, ਕ੍ਰਿਸ਼ਚੀਅਨਜ਼ ਨੂੰ ਸ਼ੈਡਿਊਲਡ ਕਾਸਟ ਕਰਾਰ ਦੇਣ ਦਾ ਤੁਅੱਲਕ ਹੈ ਇਹ ਪੰਜਾਬ ਸਰਕਾਰ ਨੇ ਨਹੀਂ ਦੇਣਾ, ਇਹ ਸੈਂਟਰ ਸਰਕਾਰ ਦਾ ਕੰਮ ਹੈ। ਜਿਹੜੀ ਸ਼ੈਡਿਊਲਡ ਕਾਸਟ ਦੀ ਲਿਸਟ ਹੈ ਉਸ ਦੇ ਵਿਚ ਇਹ ਸ਼ਾਮਲ ਨਹੀਂ ਇਸ ਲਈ ਇਨ੍ਹਾਂ ਨੂੰ ਉਹ ਸਹੂਲਤਾਂ ਨਹੀਂ ਮਿਲ ਸਕਦੀਆਂ ਹਨ।

ਕਾਮਰੇਡ ਰਾਜ ਕੁਮਾਰ : ਕੀ ਪੰਜਾਬ ਸਰਕਾਰ ਸੈਂਟਰ ਦੀ ਸਰਕਾਰ ਨੂੰ ਇਹ ਰਿਕਮੈਂਡ ਕਰੇਗੀ ਕਿ ਜਿਹੜੇ ਗਰੀਬ ਕਰਿਸ਼ਚਿਅਨ ਹਨ ਉਨ੍ਹਾਂ ਨੂੰ ਸ਼ੈਡਿਊਲਡ ਕਾਸਟ ਕਰਾਰ ਦਿਤਾ ਜਾਵੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਬੈਕਵਰਡ ਕਲਾਸ ਸਮਝ ਕੇ ਬੈਕਵਰਡ ਕਲਾਸ ਨੂੰ ਜੋ ਸਹੂਲਤਾਂ ਮਿਲਦੀਆਂ ਹਨ ਉਹ ਉਨ੍ਹਾਂ ਨੂੰ ਦਿਤੀਆਂ ਹਨ । ਇਹ ਜ਼ਰੂਰੀ ਨਹੀਂ ਕਿ ਪੰਜਾਬ ਸਰਕਾਰ ਸੈਂਟਰ ਸਰਕਾਰ ਨੂੰ ਇਹ ਰਿਕਮੈਂਡ ਕਰੇ। ਇਸ ਦੇ ਲਈ ਅਸੀਂ ਵਚਨ ਬੱਧ ਨਹੀਂ । (ਵਿਘਨ)

**Acharya Prithvi Singh Azad** : Sir, previously there were instructions that only those Christians who are converted from Scheduled Castes should be considered Backward Classes. May I know whether those instructions have been withdrawn and the Government is going to consider all Christians as Scheduled Caste ?

ਮੰਤਰੀ : ਸਾਡੇ ਨੋਟਿਸ ਵਿਚ ਇਹ ਗਲ ਨਹੀਂ ਆਈ । (ਵਿਘਨ)

ਕਾਮਰੇਡ ਰਾਜ ਕੁਮਾਰ : ਕੀ ਪੰਜਾਬ ਸਰਕਾਰ ਉਨ੍ਹਾਂ ਦੇ ਲਈ ਐਜੂਕੇਸ਼ਨ ਦੇ ਵਿਚ ਸੀਟਸ ਰਿਜ਼ਰਵ ਕਰਨ ਦੇ ਲਈ, ਸਰਵਿਸਿਜ਼ ਵਿਚ ਸੀਟਸ ਰਿਜ਼ਰਵ ਕਰਨ ਲਈ ਜਾਂ ਪ੍ਰੋਮੋਸ਼ਨ ਦੇ ਮਾਮਲੇ ਵਿਚ ਅਤੇ ਹੋਰ ਇਸ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਆਪਣੇ ਤੌਰ ਤੇ ਕੋਈ ਐਸਾ ਐਲਾਨ ਕਰਨ ਦੇ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਜੋ ਸਹੂਲਤਾਂ ਬੈਕਵਰਡ ਕਲਾਸ ਨੂੰ ਮਿਲਦੀਆਂ ਹਨ ਉਹੀ ਉਨ੍ਹਾਂ ਨੂੰ ਦਿਤੀਆਂ ਜਾਂਦੀਆਂ ਹਨ, ਇਸ ਤੋਂ ਵੱਧ ਹਾਲੀਂ ਅਸੀਂ ਕਰਨ ਨੂੰ ਤਿਆਰ ਨਹੀਂ ।

ਚੌਧਰੀ ਜਗਤ ਰਾਮ : ਕੀ ਮਨਿਸਟਰ ਸਾਹਿਬ ਇਸ ਗੱਲ ਦਾ ਖਿਆਲ ਰਖਣਗੇ ਕਿ ਜਿਹੜੇ ਲੋਕ ਸ਼ੈਡਿਊਲਡ ਕਾਸਟ ਸਨ ਅਤੇ ਉਨ੍ਹਾਂ ਨੂੰ ਛੱਡ ਕੇ ਦੂਸਰੀਆਂ ਸ੍ਰੇਣੀਆਂ ਨਾਲ ਜਾ ਰਲੇ ਹਨ ਜੇ ਉਹ ਮੁੜ ਕੇ ਆਉਣਾ ਚਾਹੁਣ ਤਾਂ ਕੀ ਉਨ੍ਹਾਂ ਨੂੰ ਸ਼ੈਡਿਊਲਡ ਕਾਸਟ ਕਰਾਰ ਦਿਤਾ ਜਾਵੇਗਾ ? (ਵਿਘਨ) (ਹਾਸਾ)

ਸਰਦਾਰ ਕਰਨੈਲ ਸਿੰਘ ਮਰ੍ਹੜੀ : ਅੱਜ ਕੋਈ ਅਕਲ ਦੀ ਗਲ ਕੀਤੀ ਹੈ ਇਸ ਨੇ। (ਵਿਘਨ) (ਹਾਸਾ)

---

## RAID MADE BY THE POLICE ON A GAMBLING PARTY IN MANDI RAM PURA PHUL, DISTRICT BHATINDA.

*1203. 1. **Sardar Harbans Singh Jalal**
2. **Sardar Dhanna Singh Gulshan** ) Will the Chief Minister be pleased to state:—

(a) whether it is a fact that in the last week of October, 1972, the Police Inspector working in the Sub-Division, Rampura Phul, district Bhatinda, with the help of Police Officials posted at Police Station, Dialpur Bhai, conducted a raid at night on a gambling party in Mandi Rampura Phul ;

(b) whether it is also a fact that the said gamblers were arrested and kept at the Dialpura Bhai Police Station for the night and a sum of Rs. 35 thousands, the wrist watches of 21 persons and gold rings were recovered from them and these articles were misappropriated thereafter ;

Original with;
Punjab Vidhan Sabha
Digitized by;
Panjab Digital Library

(c) whether any enquiry was conducted by the S.P., Bhatinda in this respect ; if so, the results thereof ?

ਸਰਦਾਰ ਨਸੀਬ ਸਿੰਘ ਗਿੱਲ (ਉਪ-ਮੰਤਰੀ ਗ੍ਰਿਹ ਅਤੇ ਉਦਯੋਗ) : (ਏ) ਹਾਂ ਜੀ ।

(ਬੀ) ਇਹ ਠੀਕ ਹੈ ਕਿ ਇਸ ਜੂਏ ਦੇ ਮੁਕੱਦਮੇ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਰਾਤ ਲਈ ਥਾਨਾ ਦਿਆਲਪੁਰਾ ਭਾਈਕਾ ਰਖਿਆ ਗਿਆ ਅਤੇ ਸ੍ਰੀ ਹਰਬੰਸ ਲਾਲ ਵਿਜ, ਇਨਸਪੈਕਟਰ ਪੁਲਿਸ ਦੇ ਵਿਰੁਧ ਦਰਜ ਕੀਤੇ ਗਏ ਮੁ: ਨੰਬਰ 197/72 ਅ/ਧ 5(2) ਐਕਟ ਇਨਸਦਾਦ ਰਿਸ਼ਵਤਸਤਾਨੀ ਥਾਨਾ ਫੂਲ ਦੀ ਪਹਿਲੀ ਸੂਚਨਾਂ ਰਿਪੋਰਟ ਅਨੁਸਾਰ ਉਪ੍ਰੋਕਤ ਜੂਏ ਦੇ ਮੁਕੱਦਮੇ ਦੇ ਦੋਸ਼ੀਆਂ ਪਾਸੋਂ 32,876.90 ਰੁਪਏ ਨਕਦ, ਕੁਝ ਸੋਨੇ ਦੀਆਂ ਮੁੰਦਰੀਆਂ ਅਤੇ ਘੜੀਆਂ ਬਰਾਮਦ ਹੋਈਆਂ ਜੋ ਸ੍ਰੀ ਹਰਬੰਸ ਲਾਲ ਵਿਜ ਨੇ ਦੋਸ਼ੀਆਂ ਪਾਸੋਂ ਕਾਗਜ਼ਾਂ ਵਿਚ ਕੇਵਲ 3531.45 ਪੈਸੇ ਦੀ ਹੀ ਬਰਾਮਦਗੀ ਵਖਾਈ ਤੇ ਬਾਕੀ ਦੀ ਰਕਮ, 4 ਘੜੀਆਂ ਅਤੇ 3 ਸੋਨੇ ਦੀਆਂ ਮੁੰਦਰੀਆਂ ਖੁਦ ਹੜਪ ਕਰਨੀਆਂ ਦਸੀਆਂ ਗਈਆਂ ਹਨ ।

(ਸੀ) ਜੀ ਹਾਂ, ਇਸ ਸਬੰਧ ਵਿਚ ਇਨਸਪੈਕਟਰ ਹਰਬੰਸ ਲਾਲ ਦੇ ਵਿਰੁੱਧ ਮੁਕਦਮਾ ਪਹਿਲੀ ਸੂਚਨਾਂ ਰਿਪੋਰਟ ਨੰਬਰ 197 ਮਿਤੀ 13 ਨਵੰਬਰ, 1972 ਅ/ਧ 5(2) ਪੀ.ਸੀ. ਐਕਟ ਥਾਨਾ ਫੂਲ ਦਰਜ ਕੀਤਾ ਗਿਆ ਹੈ । ਨਤੀਜੇ ਦੇ ਤੌਰ ਤੇ ਉਸ ਦੀ ਗਿਰਫਤਾਰੀ ਅਮਲ ਵਿਚ ਆਈ ਹੈ ਤੇ ਹੁਣ ਉਹ ਸਪੈਸ਼ਲ ਜੱਜ, ਬਰਨਾਲਾ ਦੀ ਕੋਰਟ ਤੋਂ ਜ਼ਮਾਨਤ ਤੇ ਹੈ । ਉਕਤ ਦੋਸ਼ੀ ਇਨਸਪੈਕਟਰ ਮੁਅੱਤਲ ਹੈ । ਮੁਕੱਦਮੇ ਦੀ ਤਫਤੀਸ਼ ਮੁਕੰਮਲ ਕੀਤੀ ਜਾ ਰਹੀ ਹੈ ।

ਸਰਦਾਰ ਹਰਬੰਸ ਸਿੰਘ ਜਲਾਲ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਰਕਮ 3,500/- ਰੁਪਏ ਹੈ ਜਾਂ 35,000/- ਅਤੇ ਬਾਕੀ ਰਕਮ ਜਿਹੜੀ ਲੁਕਾਈ ਗਈ ਸੀ ਕੀ ਉਹ ਸਾਹਮਣੇ ਲਿਆਂਦੀ ਜਾਵੇਗੀ ? (ਵਿਘਨ)

ਉਪ ਮੰਤਰੀ : ਮੈਂਬਰ ਸਾਹਿਬ ਨੇ ਜਵਾਬ ਚੰਗੀ ਤਰ੍ਹਾਂ ਸੁਣਿਆਂ ਨਹੀਂ, ਸਾਰਾ ਕੁਝ ਜਵਾਬ ਵਿਚ ਦਸ ਦਿਤਾ ਗਿਆ ਹੈ ।

ਸਰਦਾਰ ਸੁਖਦੇਵ ਸਿੰਘ ਢਿਲੋਂ : ਕੀ ਵਜ਼ੀਰ ਸਾਹਿਬ ਇਹ ਗਲ ਦਸਣਗੇ ਕਿ ਜਿਹੜਾ ਰੁਪਈਆ ਇੰਸਪੈਕਟਰ ਸਾਹਿਬ ਖਾ ਗਏ ਸਨ ਕੀ ਉਸ ਦੀ ਰਿਕਵਰੀ ਹੋ ਚੁਕੀ ਹੈ, ਕਿਉਂਕਿ ਉਸ ਰੁਪਏ ਨੂੰ ਕਾਗਜ਼ਾਂ ਵਿਚ ਨਹੀਂ ਲਿਆਂਦਾ ਗਿਆ । (ਵਿਘਨ) ਮੇਰਾ ਕਹਿਣ ਦਾ ਮਤਲਬ ਹੈ ਕਿ ਚੋਰਾਂ ਤੇ ਮੋਰ ਪੈ ਗਏ ਹਨ । (ਵਿਘਨ)

ਉਪ ਮੰਤਰੀ : ਇਹ ਤੁਸੀਂ ਦਰਖਾਸਤ ਦੇ ਦਿਉ ਕਿ ਚੋਰਾਂ ਤੇ ਮੋਰ ਪੈ ਗਏ ਹਨ ।

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘਵਾਲਾ : ਕੀ ਡਿਪਟੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਇਹ ਜਿਹੜਾ ਅਮਾਉਂਟ ਹੈ ਇਹ ਰਿਕਵਰ ਹੋ ਚੁਕਾ ਹੈ ਜਾਂ ਨਹੀਂ ?

ਉਪ ਮੰਤਰੀ : ਇਸ ਅਮਾਉਂਟ ਬਾਰੇ ਤਫਤੀਸ਼ ਹੋ ਰਹੀ ਹੈ । ਤਫਤੀਸ਼ ਇਹ ਹੋ ਰਹੀ ਹੈ ਕਿ ਜੂਏ ਬਾਜ਼ਾਂ ਕੋਲੋਂ 32,876.90 ਰੁਪਏ ਫੜੇ ਗਏ ਸਨ, ਉਸ ਤੋਂ ਬਾਅਦ ਕਾਗਜ਼ਾਂ ਵਿਚ ਇੰਸਪੈਕਟਰ ਹਰਬੰਸ ਲਾਲ ਨੇ 3531.45 ਰੁਪਏ ਦੋਸ਼ੀਆਂ ਪਾਸੋਂ ਬਰਾਮਦ

Original with;
Punjab Vidhan Sabha
Digitized by;
Panjab Digital Library

ਵਿਖਾਏ ਹਨ । ਜਿਹੜੀ ਬਾਕੀ ਦੀ ਰਕਮ ਹੈ, ਉਸ ਬਾਰੇ ਇੰਸਪੈਕਟਰ ਦੇ ਖ਼ਿਲਾਫ਼ ਇਹ ਗਲ ਹੈ ਕਿ ਉਸ ਨੇ ਆਪ ਹੜੱਪ ਕਰ ਲਈ ਹੈ । ਇਸ ਬਾਰੇ ਤਫਤੀਸ਼ ਹੋ ਰਹੀ ਹੈ, ਕੇਸ ਪ੍ਰਾਈਮਾ ਫੇਸਾਈ ਸਾਬਤ ਹੋ ਚੁਕਾ ਹੈ, ਜਿਸ ਦੇ ਮੁਤਾਬਕ ਇੰਸਪੈਕਟਰ ਗ੍ਰਿਫ਼ਤਾਰ ਕੀਤਾ ਜਾ ਚੁਕਾ ਹੈ । ਹੁਣ ਉਹ ਸਪੈਸ਼ਲ ਜੱਜ, ਬਰਨਾਲਾ ਦੀ ਕੋਰਟ ਤੋਂ ਜ਼ਮਾਨਤ ਤੇ ਹੈ । ਉਕਤ ਦੋਸ਼ੀ ਮੁਅੱਤਲ ਹੈ ਅਤੇ ਕੇਸ ਦੀ ਤਫਤੀਸ਼ ਮੁਕੰਮਲ ਕੀਤੀ ਜਾ ਰਹੀ ਹੈ ।

**ਸ੍ਰੀ ਸਪੀਕਰ** : ਬਾਕੀ ਦਾ 32 ਹਜ਼ਾਰ ਰੁਪਈਆ ਰਿਕਵਰ ਹੋ ਚੁਕਾ ਹੈ ਜਾਂ ਨਹੀਂ ? (Has the remaining amount of rupees thirtytwo thousand, since been recovered or not ?)

(ਕੋਈ ਉੱਤਰ ਨਹੀਂ ਆਇਆ)

**ਸਰਦਾਰ ਸੁਖਦੇਵ ਸਿੰਘ ਢਿਲੋਂ** : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਸ ਗਲ ਦਾ ਪੂਰਾ ਜਵਾਬ ਦੇਣਗੇ ਕਿ ਜਿਹੜਾ ਉਹ 32 ਹਜ਼ਾਰ ਰੁਪਈਆ ਹੈ ਕੀ ਉਹ ਰਿਕਵਰ ਹੋ ਚੁਕਾ ਹੈ ?

(ਕੋਈ ਉੱਤਰ ਨਹੀਂ ਆਇਆ)

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਇਸ ਦੀ ਇਨਕੁਆਇਰੀ ਹੋ ਰਹੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨਕੁਆਇਰੀ ਤੋਂ ਬਾਅਦ ਉਸ ਦਾ ਚਲਾਨ ਹੋ ਗਿਆ, ਅਤੇ ਰੁਪਈਆ ਰਿਕਵਰ ਨਹੀਂ ਹੋਇਆ । ਕੀ ਇਸ ਗਲ ਦਾ ਵਜ਼ੀਰ ਸਾਹਿਬ ਨੂੰ ਪਤਾ ਹੈ ?

**ਉਪ ਮੰਤਰੀ** : ਸਪੀਕਰ ਸਾਹਿਬ, ਅਸਲ ਵਿਚ ਇਸ ਗਲ ਦੇ ਵਾਕਿਆਤ ਇਸ ਤਰ੍ਹਾਂ ਹਨ । ਇਨਸਪੈਕਟਰ ਹਰਬੰਸ ਲਾਲ ਦੇ ਖਿਲਾਫ਼ ਮੁਕੱਦਮਾ ਦਰਜ ਹੋਣ ਤੋਂ ਬਾਅਦ ਇਕ ਡੈਪੂਟੇਸ਼ਨ ਮੁੱਖ ਮੰਤਰੀ ਸਾਹਿਬ ਨੂੰ ਮਿਲਿਆ, ਉਸ ਨੇ ਕਿਹਾ ਕਿ ਇੰਸਪੈਕਟਰ ਸਾਹਿਬ ਦੇ ਖਿਲਾਫ ਇਹ ਪਰਚਾ ਇਸ ਕਰਕੇ ਦਰਜ ਕੀਤਾ ਗਿਆ ਕਿਉਂਕਿ ਉਸ ਨੇ ਜੂਏ ਬਾਜਾਂ ਦੇ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ । ਇਸ ਬਾਰੇ ਅਸੀਂ ਸੀ.ਆਈ.ਡੀ. ਤੋਂ ਇਨਕੁਆਇਰੀ ਕਰਵਾ ਰਹੇ ਹਾਂ । ਇਸ ਤਫਤੀਸ਼ ਤੋਂ ਪਹਿਲਾਂ ਕਿਸੇ ਸਿੱਟੇ ਤੇ ਪੁਜਣਾ ਮੁਸ਼ਕਲ ਹੈ । ਇਹ ਕੇਸ ਹਾਲੇ ਅੰਡਰ ਇਨਵੈਸਟੀਗੇਸ਼ਨ ਹੈ ਅਤੇ ਜਿਹੜੀ ਸਟੇਜ ਹੁਣ ਤਕ ਇੰਨਵੈਸ-ਟੀਗੇਸ਼ਨ ਦੀ ਪੁਜੀ ਉਹ ਮੈਂ ਹਾਊਸ ਦੇ ਸਾਹਮਣੇ ਰੱਖ ਦਿਤੀ ।

---

## UNIFORM OF PUNJAB POLICE PERSONNEL

*1218 **Sardar Basant Singh Khalsa** :— Will the Chief Minister be pleased to state :—

(a) whether there is any proposal under the consideration of the Government to change the present uniform of Punjab Police personnel; if so, the details of change so proposed;

(b) the difference in Winter and Summer Uniforms of the Punjab Police personnel, Rank-wise at present in the State ?

Original with;
Punjab Vidhan Sabha
Digitized by;
Panjab Digital Library

ਸਰਦਾਰ ਨਸੀਬ ਸਿੰਘ ਗਿਲ (ਉਪ-ਮੰਤਰੀ ਗ੍ਰਿਹ ਅਤੇ ਉਦਯੋਗ) : (ੳ) ਜੀ ਨਹੀਂ । ਸਰਕਾਰ ਨੇ ਲੋਅਰ ਸੁਬਾਰਡੀਨੇਟਸ ਦੀ ਵਰਦੀ ਵਿੱਚ ਹੀ ਥੋੜ੍ਹੀ ਤਬਦੀਲੀ ਕੀਤੀ ਹੈ। ਉਨ੍ਹਾਂ ਨੂੰ ਨੀਕਰ ਬੋਕਰ ਦੀ ਜਗਾ ਹੁਣ ਟਰਾਉਜ਼ਰਜ਼ ਮਿਲਣਗੇ । ਇਸ ਸਬੰਧ ਵਿਚ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾ ਚੁਕੀਆਂ ਹਨ ।

(ਅ) ਇਸ ਬਾਰੇ ਜੋ ਸੂਚਨਾਂ ਮੰਗੀ ਹੈ ਉਹ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

| ਪੰਜਾਬ ਪੁਲਿਸ ਦੇ ਅਪਰ ਅਮਲੇ ਨੂੰ ਮਿਲ ਰਹੀਆਂ ਵਸਤੂਆਂ ਦਾ ਵੇਰਵਾ: | | (Upper Subordinates) District Police |
|---|---|---|
| **ਸਰਦੀਆਂ ਦੀ ਵਰਦੀ** | | **Winter Uniform** |
| 1. ਵੱਡਾ ਕੋਟ (ਬਰਾਂਡੀ) | .. | Great Coat |
| 2. ਟਿਊਨਿਕ ਸਰਜ ਵੂਲਨ | .. | Tunic Serge Woollen |
| 3. ਸਲੈਕਸ ਸਰਜ ਵੂਲਨ | .. | Slucks Serge Woollen |
| 4. ਹੋਜ਼ਟਾਪਸ ਵੂਲਨ | .. | Hosetops Woollen |
| 5. ਅੱਧੀ ਪੱਟੀ ਵੂਲਨ | .. | Half patti Woollen |
| 6. ਸਟਾਕਿੰਗ ਵੂਲਨ | .. | Stocking Woollen |
| 7. ਐਂਕਲ ਬੂਟ ਬਰਾਊਨ | .. | Ankle Boot Brown |
| **ਗਰਮੀਆਂ ਦੀ ਵਰਦੀ** | | **Summer Uniform** |
| 1. ਟਿਊਨਿਕ ਖਾਕੀ | .. | Tunic Khaki |
| 2. ਬੁਸ਼-ਸ਼ਰਟ ਖਾਕੀ | .. | Bush Shirts Khaki |
| 3. ਸ਼ਾਰਟਸ ਖਾਕੀ | .. | Shorts Khaki |
| 4. ਸਲੈਕਸ ਖਾਕੀ | .. | Slacks Khaki |
| 5. ਸਾਫ਼ਾ ਖਾਕੀ | .. | Safa Khaki |
| 6. ਕੁਲਾ ਸਿਲਵਰ ਟਾਪ | .. | Kullah Silver Top |
| 7. ਝਾਲਰ ਰੇਸ਼ਮੀ ਖਾਕੀ | .. | Fringes Silken Khaki |
| 8. ਸਟਾਕਿੰਗ ਖਾਕੀ | .. | Stocking Khaki |

| ਪੰਜਾਬ ਪੁਲਿਸ ਦੇ ਨਿਚਲੇ ਦਰਜੇ ਦੇ ਪੁਲਿਸ ਅਧਿਕਾਰੀਆਂ ਨੂੰ ਮਿਲਣ ਵਾਲੀ-ਆਂ ਵਸਤੂਆਂ ਦਾ ਵੇਰਵਾ :— | | (Lower Subordinates) District Police |
|---|---|---|
| **ਸਰਦੀਆਂ ਦੀ ਵਰਦੀ** | | **Winter Uniform** |
| 1. ਜਰਸੀ | .. | Jersey |
| 2. ਵੱਡਾ ਕੋਟ (ਬਰਾਂਡੀ) | .. | Great Coat |
| 3. ਕੁਰਤਾ ਸਰਜ ਵੂਲਨ | .. | Kurta Serge Woollen |

Original with;
Punjab Vidhan Sabha
Digitized by;
Panjab Digital Library

[ਉਪ ਮੰਤਰੀ ਗ੍ਰਿਹ]

| | | |
|---|---|---|
| 4. ਟਰਾਊਜ਼ਰਜ਼ ਸਰਜ ਵੂਲਨ | .. | Trousers Serge Woolen |
| 5. ਹੋਜ਼ਟਾਪਸ ਵੂਲਨ | .. | Hosetops Woollen |
| 6. ਅੱਧੀ ਪੱਟੀ ਵੂਲਨ | | Half Patti Woollen |
| 7. ਸਾਕਸ ਵੂਲਨ | .. | Socks Woollen |
| 8. ਐਮੂਨੀਸ਼ਨ ਬੂਟ | .. | Ammunition Boots |
| | ਗਰਮੀਆਂ ਦੀ ਵਰਦੀ | **Summer Uniform** |
| 1. ਸ਼ਰਟ ਖਾਕੀ | .. | Shirt Khaki |
| 2. ਕੁਰਤਾ ਖਾਕੀ | .. | Kurta Khaki |
| 3. ਸ਼ਾਰਟਸ ਖਾਕੀ | .. | Shorts Khaki |
| 4. ਟਰਾਊਜ਼ਰਜ਼ ਖਾਕੀ | .. | Trousers Khaki |
| 5. ਸਾਫਾ ਬਿਲਯੂ | .. | Safa Blue |
| 6. ਕੁਲਾ ਲਾਲ | .. | Kullah Red |
| 7. ਝਾਲਰ ਲਾਲ | .. | Fringes Red |
| 8. ਸਾਕਸ ਕਾਟਨ | .. | Socks Cotton |
| 9. ਚੱਪਲ | .. | Chappal |

ਇਸ ਵੇਲੇ ਸਰਕਾਰ ਦੇ ਵਿਚਾਰ ਅਧੀਨ ਕੋਈ ਵੀ ਅਜਿਹੀ ਸਕੀਮ ਨਹੀਂ ਹੈ ਜਿਸ ਰਾਹੀਂ ਪੁਲਿਸ ਕਰਮਚਾਰੀਆਂ ਦੀਆਂ ਮੌਜੂਦਾ ਵਰਦੀਆਂ ਦੀਆਂ ਵਸਤੂਆਂ ਵਿੱਚ ਸੋਧ ਕਰਨ ਦਾ ਸਬੰਧ ਹੋਵੇ ।

ਸਰਕਾਰ ਨੇ ਲੋਅਰ ਸੁਬਾਰਡੀਨੇਟਸ ਦੀ ਵਰਦੀ ਵਿੱਚ ਹਾਲ ਹੀ ਵਿੱਚ ਥੋੜ੍ਹੀ ਤਬਦੀਲੀ ਕੀਤੀ ਹੈ । ਉਨ੍ਹਾਂ ਨੂੰ ਨੀਕਰ ਬੋਕਰ ਦੀ ਜਗ੍ਹਾ ਹੁਣ ਟਰਾਊਜ਼ਰਜ਼ ਮਿਲਣਗੇ । ਇਸ ਸਬੰਧ ਵਿਚ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਜਾ ਚੁਕੀਆਂ ਹਨ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ)

**ਸ੍ਰੀ ਸਪੀਕਰ** : ਖ਼ਾਲਸਾ ਜੀ ।

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਕੀ ਇਹ ਕੱਲ੍ਹੇ ਹੀ ਖ਼ਾਲਸਾ ਜੀ ਹਨ ?

**ਸ੍ਰੀ ਸਪੀਕਰ** : ਤੁਸੀ ਕਲ੍ਹੇ ਰਤਨ ਜੀ ਤਾਂ ਨਹੀਂ ਹੋ । (ਵਿਘਨ) (Your name is also not 'Rattan Ji' only.)

**ਸਰਦਾਰ ਬਸੰਤ ਸਿੰਘ ਖ਼ਾਲਸਾ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੇ ਹੇਠਲੇ ਦਰਜੇ ਦੇ ਮੁਲਾਜ਼ਮ ਹਨ ਕੀ ਉਨ੍ਹਾਂ ਨੂੰ ਨਿਕਰ ਦੀ ਬਜਾਏ ਕੋਈ ਪੈਂਟਾਂ ਆਦਿ ਦਿਤੀਆਂ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

ਉਪ ਮੰਤਰੀ : ਇਸ ਬਾਰੇ ਜਵਾਬ ਵਿਚ ਦਿਤਾ ਹੋਇਆ ਹੈ ।

ਕਾਮਰੇਡ ਰਾਜ ਕੁਮਾਰ : ਕੀ ਵਜ਼ੀਰ ਸਾਹਿਬ ਇਸ ਗਲ ਤੇ ਵਿਚਾਰ ਕਰਨਗੇ ਕਿ ਜਿਹੜੀਆਂ ਵਰਦੀਆਂ ਅੰਗਰੇਜ਼ਾਂ ਦੇ ਵਕਤ ਸਨ ਅਤੇ ਜਿਨ੍ਹਾਂ ਦਾ ਰੰਗ ਯੂਨੀਅਨ ਜੈਕ ਨਾਲ ਮਿਲਦਾ ਹੈ ਨੀਲਾ ਅਤੇ ਲਾਲ, ਕੀ ਉਸ ਨੂੰ ਬਦਲ ਕੇ ਤੇ ਉਸ ਦੀ ਥਾਂ ਸਫੇਦ ਪਗੜੀ ਕਰ ਦੇਣਗੇ ?

ਸਰਦਾਰ ਜਸਵਿੰਦਰ ਸਿੰਘ ਬਰਾੜ : ਕਾਮਰੇਡ ਰਾਜਕੁਮਾਰ ਜੀ ਨੇ ਸੁਆਲ ਕੀਤਾ ਹੈ ਕਿ ਕੀ ਚਿੱਟੀ ਪਗੜੀ ਕਰ ਦੇਣਗੇ ? ਚਿੱਟੀ ਪਗੜੀ ਨੇ ਤਾਂ ਅਗੇ ਹੀ ਚੰਨ ਚੜ੍ਹਾਇਆ ਹੋਇਆ ਹੈ, ਮੇਰਾ ਖਿਆਲ ਹੈ ਕਿ ਇਹ ਨਾ ਹੀ ਕਰਨ ਤੇ ਚੰਗਾ ਹੈ । (ਵਿਘਨ)

ਸ੍ਰੀ ਸਪੀਕਰ : ਇਹ ਨੀਲੀਆਂ ਪਗਾਂ ਵਾਲੇ ਸਾਰੇ ਸਿਪਾਹੀ ਭਰਤੀ ਕਰ ਲਵੋ । (ਹਾਸਾ)

(All the hon. Members in blue turbans may be recruited as constables in the police department.) (Laughter)

ਸ੍ਰੀ ਸਪੀਕਰ : ਤੁਸੀਂ ਜਿਹੜਾ ਰੰਗ ਚਾਹੋ ਕਰ ਦੇਣਗੇ, ਪਰ ਤੁਸੀਂ ਪੁਲਿਸ ਦੇ ਖਿਲਾਫ਼ ਨਾਅਰੇ ਲਉਣੇ ਬੰਦ ਕਰ ਦਿਉ । (ਹਾਸਾ) (They will change the colour of the Police turban according to your desire But you should also stop raising slogans against the Police). (laughter)

ਉਪ ਮੰਤਰੀ : ਇਹ ਚੀਜ਼ ਵਿਚਾਰ ਅਧੀਨ ਨਹੀਂ ਹੈ । (ਵਿਘਨ) ਕਲ ਨੂੰ ਤਾਂ ਇਹ ਕਹਿ ਦੇਣਗੇ ਕਿ ਸਾਡਾ ਲਾਲ ਰੰਗ ਕਰ ਦਿਉ (ਵਿਘਨ)

---

DISPUTES OVER CONSTRUCTION OF GURDWARAS ETC.

*1258 **Sardar Gurbanta Singh**: Will the Chief Minister be pleased to state the names of places in the State where disputes arose over the Construction of New Gurdwaras and enthroning of Shri Guru Granth Sahib therein during the period from Ist April, 1972 to 5th Feb. 1973 ?

**Sardar Nasib Singh Gill**: (Deputy Minister for Home and Industries) There was a dispute between two parties of Village Laroi, P. S. Kartarpur and village Kot Sadiq, P. S. Sadar Jullundur, District Jullundur, over the contruction of new Gurdwaras.

Shri Guru Granth Sahib had already been enthroned after constructing a room at both the places in these villages, before a dispute had occurred.

Original with;
Punjab Vidhan Sabha
Digitized by;
Panjab Digital Library

(ਉਪ ਮੰਤਰੀ ਗ੍ਰਹਿ)

[ਪਿੰਡ ਲੋੜੋਈ ਥਾਣਾ ਕਰਤਾਰਪੁਰ ਅਤੇ ਕੋਟ ਸਦੀਕ ਥਾਣਾ ਸਦਰ ਜਲੰਧਰ ਵਿਚ ਪਿੰਡ ਦੀਆਂ ਦੋ ਪਾਰਟੀਆਂ ਵਿਚਕਾਰ ਗੁਰਦਵਾਰਾ ਬਣਾਉਣ ਤੇ ਝਗੜਾ ਹੋਇਆ।ਇਨ੍ਹਾਂ ਦੋਨਾਂ ਪਿੰਡਾਂ ਵਿਚ ਜਿਥੇ ਕਿ ਗੁਰਦਵਾਰੇ ਬਣਾਉਣ ਬਾਰੇ ਝਗੜਾ ਹੋਇਆ ਸੀ ਉਸ ਥਾਂ ਝਗੜਾ ਹੋਣ ਤੋਂ ਪਹਿਲਾਂ ਇਕ-ਇਕ ਕਮਰਾ ਬਣਾਕੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਰਕਾਸ਼ ਕੀਤਾ ਹੋਇਆ ਸੀ ।]

**ਸਰਦਾਰ ਗੁਰਬੰਤਾ ਸਿੰਘ :** ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਹ ਜਿਹੜੇ ਦੋ ਪਿੰਡਾਂ ਵਿਚ 2 ਗੁਰਦੁਆਰੇ ਬਣਾਏ ਹਨ ਅਤੇ ਜਿਨ੍ਹਾਂ ਬਾਰੇ ਝਗੜਾ ਪਿਆ ਹੈ, ਉਸ ਜ਼ਮੀਨ ਦੀ ਮਲਕੀਅਤ ਕਿਸ ਦੀ ਸੀ ?

**ਉਪ ਮੰਤਰੀ :** ਪਿੰਡ ਲੜੋਈ ਥਾਣਾ ਕਰਤਾਰਪੁਰ, ਜ਼ਿਲ੍ਹਾ ਜਲੰਧਰ ਵਿਚ ਜਿਹੜਾ ਗੁਰਦੁਆਰਾ ਬਣਿਆ ਹੈ ਉਸ ਜ਼ਮੀਨ ਦੀ ਮਲਕੀਅਤ ਸਰਦਾਰ ਕਰਤਾਰ ਸਿੰਘ ਦੀ ਦਸੀ ਗਈ ਹੈ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਸਾਢੇ ਚਾਰ ਕਨਾਲ ਜ਼ਮੀਨ ਗੁਰਦੁਆਰੇ ਲਈ ਦੇ ਦਿੱਤੀ ਸੀ । ਜਿਥੋਂ ਤਕ ਕੋਟ ਸਦੀਕ, ਥਾਣਾ ਸਦਰ, ਜਲੰਧਰ, ਜ਼ਿਲ੍ਹਾ ਜਲੰਧਰ ਦਾ ਤੁਅੱਲਕ ਹੈ ਉਹ ਉਥੇ ਦੀ ਪੰਚਾਇਤ ਨੇ ਢੇਡ ਕਨਾਲ ਜ਼ਮੀਨ ਹਰੀਜਨ ਗੁਰਦੁਆਰਾ ਬਣਾਉਣ ਲਈ ਨਿਯਤ ਕੀਤੀ ਹੈ ।

**ਸਰਦਾਰ ਗੁਰਬੰਤਾ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀ ਜ਼ਮੀਨ ਕੋਟ ਸਦੀਕ ਵਾਲੀ ਹੈ ਅਤੇ ਜਿਥੇ ਗੁਰਦੁਆਰਾ ਬਣਾਇਆ ਗਿਆ ਹੈ ਉਥੇਂ ਸ਼ਮਸ਼ਾਨਭੂਮੀ ਅਤੇ ਕਬਰਿਸਤਾਨ ਸੀ । ਮਹਿਕਮਾ ਮਾਲ ਦੇ ਰਿਕਾਰਡ ਵਿਚ ਇਹ ਚੀਜ਼ ਦਰਜ ਹੈ । ਪਰ ਉਥੇ ਪੁਲੀਸ ਜ਼ਬਰਦਸਤੀ ਗੁਰਦੁਆਰਾ ਬਣਵਾ ਕੇ ਆਈ ਹੈ ?

**ਉਪ ਮੰਤਰੀ :** ਇਹ ਗਲਤ ਹੈ।

**ਸਰਦਾਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ, ਮੇਰੇ ਸੁਆਲ ਦਾ ਜੁਆਬ ਨਹੀਂ ਆਇਆ ।

**ਸ੍ਰੀ ਸਪੀਕਰ :** ਮਾਸਟਰ ਜੀ, ਜਵਾਬ ਤਾਂ ਆ ਗਿਆ ਹੈ, ਪਰ ਆਇਆ 'ਨਾ' ਵਿਚ ਹੈ 'ਹਾਂ' ਵਿਚ ਨਹੀਂ ਆਇਆ । (Master ji, the reply has already been given. But it is in the negative and not in affirmative)

**ਸਰਦਾਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ, ਮੈਂ ਅਸੈਂਬਲੀ ਵਿਚ ਖੜ੍ਹਾ ਹੋ ਕੇ ਚੈਲੇਂਜ ਕਰਦਾ ਹਾਂ ਕਿ ਜੇ ਇਹ ਗਲ ਗਲਤ ਹੋਵੇ ਤਾਂ ਮੈਂ ਅਸੈਂਬਲੀ ਵਿਚੋਂ ਅਸਤੀਫ਼ਾ ਦੇ ਦੇਵਾਂਗਾ। ਉਥੇ ਇਹ ਜ਼ਮੀਨ ਮਹਿਕਮੇ ਮਾਲ ਦੇ ਰਿਕਾਰਡ ਵਿਚ ਕਬਰਿਸਤਾਨ ਯਾ ਮਸਾਣ ਦੇ ਨਾਂ ਹੇਠ ਲਿਖੀ ਹੈ । ਪੁਲਿਸ ਨੇ ਜ਼ਬਰਦਸਤੀ ਮਿਲ ਕੇ ਉਥੇ ਗੁਰਦਵਾਰਾ ਨਾ ਬਣਾਇਆ ਹੋਵੇ ਤਾਂ ਮੈਂ ਅਸੈਂਬਲੀ ਵਿਚੋਂ ਅਸਤੀਫ਼ਾ ਦੇ ਦੇਵਾਂਗਾ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਨਕੁਆਇਰੀ ਕਰਾ ਲਓ । ਜਾਂ ਤਾਂ ਮਾਸਟਰ ਜੀ ਅਸਤੀਫਾ ਦੇ ਦੇਣ ਜਾਂ ਫਿਰ ਨਸੀਬ ਸਿੰਘ ਗਿੱਲ ਅਸਤੀਫਾ ਦੇ ਦੇਵੇ ।

ਸ੍ਰੀ ਸਪੀਕਰ : ਡਾਂਗ ਸਾਹਿਬ ਇਹ ਤਾਂ ਸੌਖੀ ਸੁਜੈਸ਼ਨ ਹੈ ਕਿ ਜਾਂ ਤਾਂ ਉਹ ਅਸਤੀਫਾ ਦੇਵੇ ਜਾਂ ਉਹ ਦੇਵੇ । (Dang Sahib this is a simple suggestion that one question of them may resign.)

ਡਾਕਟਰ ਹਰਭਜਨ ਸਿੰਘ : ਸਪਲੀਮੈਂਟਰੀ ਸਰ ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਸਪਲੀਮੈਂਟਰੀ ਕਲ ਪੁਛ ਲੈਣਾ । (Dr. Harbhajan Singh, you may put the supplementary question tomorrow). Now the question hour is over. The remaining starred questions on today's list shall be deemed to have been answered under Rule 38 of the Rules of Procedure in the Punjab Legislative Assembly.

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### CASES REGISTERED UNDER UNTOUCHABILITY (OFFENCES) ACT, 1955.

*1323. **Sardar Jasdev Singh Sandhu**: Will the Chief Minister be pleased to state :—

(a) the total number of cases registered with the police in the State under the Untouchability (Offences) Act, 1955 during the last one year (1972-73);

(b) the action taken by the Government against the accused involved in the said cases ;

(c) whether untouchability still prevails in the State ?

**ਗਿਆਨੀ ਜ਼ੈਲ ਸਿੰਘ** : (ਏ) ਮਿਤੀ 1 ਅਪਰੈਲ, 1972 ਤੋਂ 22 ਫ਼ਰਵਰੀ, 1973 ਤੱਕ 3 ਕੇਸ ਦਰਜ ਕੀਤੇ ਗਏ ।

(ਬੀ) ਇਕ ਕੇਸ ਵਿਚ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਦੂਜਾ ਕੇਸ ਜੋ ਕਿ 22 ਫਰਵਰੀ, 1973 ਨੂੰ ਦਰਜ ਕੀਤਾ ਗਿਆ ਸੀ ਦੀ ਤਫਤੀਸ਼ ਅਜੇ ਜਾਰੀ ਹੈ । ਤੀਸਰਾ ਕੇਸ ਮਨਸੂਖ ਕੀਤਾ ਗਿਆ ਹੈ ।

(ਸੀ) ਆਮ ਤੌਰ ਤੇ ਨਹੀਂ ।

---

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

STARRED QUESTION NO. 1301.

ਮੁੱਖ ਮੰਤਰੀ,

ਗ਼ੈਲ ਸਿੰਘ

ਅ: ਸ: ਪੱਤਰ ਮ. ਮ. ਪ. 73/2869/ਸ-5,
ਚੰਡੀਗੜ੍ਹ ।

ਮਿਤੀ 27 ਫਰਵਰੀ, 1973
1 ਮਾਰਚ, 1973

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 1301 ਜੋ ਮਿਤੀ 2 ਮਾਰਚ, 1973 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਸੁਰਜੀਤ ਸਿੰਘ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾਂ ਸਬੰਧਤ ਥਾਵਾਂ ਤੋਂ ਇੱਕਤਰ ਕੀਤੀ ਜਾ ਰਹੀ ਹੈ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 16 ਮਾਰਚ, 1973 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸ਼ਪਾਤਰ,

ਸਹੀ/—

(ਜ਼ੈਲ ਸਿੰਘ)

ਸ: ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

* * * * *

## PRINCIPAL, GOVERNMENT POLYTECHNIC FOR WOMEN JULLUNDUR

***1247. Comrade Raj Kumar**: Will the Chief Minister be pleased to state :—

(a) whether it is a fact that the post of Principal, Government Polytechnic for Women, Jullundur was advertised, if so, on what date ;

(b) the qualifications prescribed and experience required for the said post ;

Original with;
Punjab Vidhan Sabha
Digitized by;
Panjab Digital Library

(c) the name of the person appointed against the said post together with his qualifications ;

(d) whether any representation has been received by the Government against the appointment of the present incumbent on the said post; if so, a copy there of be laid on the table of the House;

(e) the action taken by the Government on the representation mentioned in part (d) above ?

Giani Zail Singh : (a) Yes, on 22nd February, 1970 and 12 April, 1970.

(b) (i) Second Class M. Com or Second Class M. Sc. in Library Science with not less than 8 years professional experience of which at least 4 years should be teaching/administration.

(ii) Knowledge of Punjabi up to Matric or its equivalent standard.

(c) Shri Ram Sarup Sharma; Second Class M. Sc. in Library Science with about three years experience after obtaining minimum qualification for the post.

(d) Yes, a copy of the representation form Shri Gian Chand Bansal is placed on the Table of the House.

(e) The representation was considered. Shri Gian Chand Bansal had experience of only about 2 years after obtaining minimum qualifications for the post, which is less than that of Shri Ram Sarup Sharma.

(ਅ) (ੳ) ਹਾਂ ਜੀ । ਇਹ ਅਸਾਮੀ 22 ਫਰਵਰੀ, 1970 ਅਤੇ 12 ਅਪਰੈਲ, 1970 ਨੂੰ ਵਿਗਿਆਪਣ ਕਾਰਵਾਈ ਗਈ ਸੀ।

(ਅ) (I) ਐਮ. ਕਾਮ ਜਾਂ ਐਮ. ਐਸ. ਸੀ. ਲਾਇਬਰੇਰੀ ਸਾਇੰਸ ਦੀ ਦੂਜੇ ਦਰਜੇ ਦੀ ਡਿਗਰੀ ਅਤੇ 8 ਸਾਲਾਂ ਦਾ ਪਰੋਫ਼ੈਸ਼ਨਲ ਤਜਰਬਾ ਜਿਸ ਵਿਚ ਘੱਟੋ ਘੱਟ ਚਾਰ ਸਾਲਾਂ ਦਾ ਪੜ੍ਹਾਉਣ ਦਾ/ਪ੍ਰਸ਼ਾਸਕੀ ਹੋਣਾ ਚਾਹੀਦਾ ਹੈ ।

(II) ਮੈਟਰਿਕ ਪੱਧਰ ਜਾਂ ਇਸਦੇ ਬਰਾਬਰ ਦੀ ਪੰਜਾਬੀ ਭਾਸ਼ਾ ਦਾ ਗਿਆਨ ।

(ੲ) ਸ਼੍ਰੀ ਰਾਮ ਸਰੂਪ ਸ਼ਰਮਾ; ਐਮ. ਐਸ. ਸੀ. ਲਾਇਬਰੇਰੀ ਸਾਇੰਸ ਦੂਜਾ ਦਰਜਾ ਅਤੇ ਤਕਰੀਬਨ 3 ਸਾਲ ਦਾ ਤਜਰਬਾ ਇਸ ਅਸਾਮੀ ਲਈ ਲੋੜੀਂਦੀ ਡਿਗਰੀ ਲੈਣ ਤੋਂ ਬਾਅਦ ਦਾ ।

(ਸ) ਹਾਂ ਜੀ । ਸ਼੍ਰੀ ਗਿਆਨ ਚੰਦ ਬਾਂਸਲ ਵਲੋਂ ਪ੍ਰਤੀ ਬੇਨਤੀ ਦੀ ਇਕ ਨਕਲ ਹਾਊਸ ਦੀ ਮੇਜ਼ ਤੇ ਪੇਸ਼ ਹੈ ਜੀ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਤੁਸੀਂ ਹਮੇਸ਼ਾ ਲੋਕ ਸਭਾ ਦੇ ਪ੍ਰੈਸੀਡੈਂਟਸ ਰੈਫਰ ਕਰਦੇ ਹੋ । ਲੋਕ ਸਭਾ ਵਿਚ ਇਹ ਕਦੇ ਨਹੀਂ ਹੋਇਆ ਕਿ ਇਤਨੀ ਇਮਪਾਰਟੈਂਟ ਚੀਜ਼ ਜਿਸ ਤੇ ਕਿ ਸਾਰੇ ਪੰਜਾਬ ਵਿਚ ਤੂਫਾਨ ਉਠਿਆ ਅਤੇ ਜੂਡੀਸ਼ਲ ਕਮਿਸ਼ਨ ਬਿਠਾਇਆ ਗਿਆ ਅਤੇ ਉਸ ਕਮਿਸ਼ਨ ਨੇ ਆਪਣੀ ਰਿਪੋਰਟ ਦਿੱਤੀ । ਹਾਊਸ ਸੈਸ਼ਨ ਵਿਚ ਹੈ ਪਰ ਉਸ ਰਿਪੋਰਟ ਦੀ ਸਮਰੀ ਬਾਹਰ ਰਿਲੀਜ਼ ਕਰ ਦਿੱਤੀ । ਹਾਊਸ ਵਿਚ ਫੁਲ ਟੈਕਸਟ ਨਹੀਂ ਰਖਿਆ ਗਿਆ । ਸਪੀਕਰ ਸਾਹਿਬ ਜੇ ਇਹ ਬ੍ਰੀਚ ਆਫ ਪ੍ਰਿਵਲਿਜ ਨਹੀਂ ਤਾਂ ਫਿਰ ਕਿਹੜੀ ਗਲ ਬ੍ਰੀਚ ਆਫ ਪ੍ਰਿਵਲਿਜ ਹੈ । ਦੂਜਾ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਨੋਟਿਸ ਦਿੱਤਾ ਹੈ ਕਿ ਉਸ ਰਿਪੋਰਟ ਦੇ ਟੈਕਸਟ ਦੀ ਸਮਰੀ ਅਜੀਂ ਹਾਊਸ ਵਿਚ ਰਖਣੀ ਹੈ । ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹ ਕਿ ਫੁਲ ਟੈਕਸਟ ਉਸ ਰਿਪੋਰਟ ਦਾ ਸਦਨ ਦੀ ਮੇਜ਼ ਤੇ ਕਿਉਂ ਨਹੀਂ ਰਖਿਆ ਜਾਂਦਾ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਡਾਂਗ ਸਾਹਿਬ ਜਿਥੋਂ ਤਕ ਲੋਕ ਸਭਾ ਦੇ ਪ੍ਰੋਸੀਜ਼ਰ ਦਾ ਤੁਅੱਲਕ ਹੈ ਉਥੇ ਤਾਂ ਉਨ੍ਹਾਂ ਕਮਿਸ਼ਨਾਂ ਦੀਆਂ ਰਿਪੋਰਟਸ ਜਿਨ੍ਹਾਂ ਦੀ ਕਿ ਅਸ਼ੋਰੈਂਸ ਹਾਊਸ ਵਿਚ ਦਿੱਤੀ ਗਈ ਸੀ, ਵੀ ਹਾਊਸ ਤੋਂ ਬਾਹਰ ਦਿੱਤੀਆਂ ਹਨ । (Dang Sahib, in the case of Lok Sabha, reports of even those commissions, the assurance about which had been given on the floor of the House, had been released outside.)

ਸਿਖਿਆ ਮੰਤਰੀ : ਸਪੀਕਰ ਸਾਹਿਬ ਮੇਰੇ ਕੋਲ ਲੋਕ ਸਭਾ ਦੀਆਂ ਰੂਲਿੰਗਜ਼ ਹਨ । ਜੇ ਕਹੋ ਤਾਂ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਜਿਸ ਵਿਚ ਕਲੀਅਰਲੀ ਦਿੱਤਾ ਗਿਆ ਹੈ ਕਿ ਉਨ੍ਹਾਂ ਕਮਿਸ਼ਨਾਂ ਦੇ ਮੁਤਲਿਕ ਹਾਊਸ ਵਿਚ ਅਸ਼ੋਰੈਂਸ ਦਿੱਤੀ ਗਈ ਮਗਰ ਉਸ ਦੀ ਰਿਪੋਰਟ ਬਾਹਰ ਛਪੀ ।

ਸ਼੍ਰੀ ਸਪੀਕਰ: ਚੰਗਾ ਹੁੰਦਾ ਜੇ ਤੁਸੀਂ ਇਹ ਰਿਪੋਰਟ ਪਹਿਲਾਂ ਹਾਊਸ ਵਿਚ ਲੈ ਆਉਂਦੇ । (It would have been better if the report had been first laid before the House)

ਮੁੱਖ ਮੰਤਰੀ : ਸਨਮਾਨਯੋਗ ਸਪੀਕਰ ਸਾਹਿਬ, ਮੈਂ ਇਹ ਗਲ ਮੰਨਦਾ ਹਾਂ ਕਿ ਚੰਗਾ ਹੁੰਦਾ ਜੇ ਇਥੇ ਆ ਜਾਂਦੀ । ਲੇਕਿਨ ਸਪੀਕਰ ਸਾਹਿਬ ਕੱਲ੍ਹ ਮੈਨੂੰ ਆਨਰੇਬਲ ਮੈਂਬਰ ਮਿਸਟਰ ਡਾਂਗ ਮਿਲੇ ਸਨ । ਇਨ੍ਹਾਂ ਨੇ ਕਿਹਾ ਕਿ ਰਿਪੋਰਟ ਆ ਗਈ ਹੈ. ਇਸ ਨੂੰ ਜਲਦੀ ਤੋਂ ਜਲਦੀ ਸ਼ਾਇਆ ਕਰ ਦਿਉ । ਮੈਂ ਕਿਹਾ ਕਿ ਇੱਕ ਦੋ ਦਿਨ ਵਿਚ ਕਰ ਦਿਆਂਗੇ । ਇਤਫਾਕ ਨਾਲ ਡਾਂਗ ਸਾਹਿਬ ਮੈਨੂੰ ਮਿਲ ਕੇ ਗਏ ਹੀ ਸਨ ਕਿ ਹੋਮ ਸਕੱਤਰ ਆ ਗਏ । ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਰਿਪੋਰਟ ਸ਼ਾਇਆ ਕਰ ਦੇਣ। ਇਸ ਖਿਆਲ ਨਾਲ ਨਾ ਮੈਂ ਉਸ ਨੂੰ ਸਪੈਸੀਫਿਕਲੀ ਕਿਹਾ ਤੇ ਨਾ ਉਸ ਨੇ ਸਮਝਿਆ । ਉਹ ਰਿਪੋਰਟ ਅੱਜ ਇਥੇ ਵੀ ਰੱਖੀ ਜਾ ਸਕਦੀ ਸੀ ਪਰ ਉਨ੍ਹਾਂ ਨੇ ਪ੍ਰੈਸ ਨੂੰ ਦੇ ਦਿੱਤੀ । ਗਲ ਸਿਰਫ ਇਤਨੀ ਹੈ । ਇਸ ਦੇ ਵਿਚ ਜੇ ਕਿਸੇ ਦਾ ਕਸੂਰ ਹੈ ਤਾਂ ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਦਾ ਹੈ । ਮੈਂ ਤਾਂ ਇਨ੍ਹਾਂ ਦੀ ਗਲ ਮੰਨੀ ਹੈ । ਜੋ ਇਨ੍ਹਾਂ ਨੇ ਕਿਹਾ ਉਹੀ ਮੈਂ ਕਰ ਦਿੱਤਾ ।

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਬੜਾ ਵਾਈਟਲ ਪੁਆਇੰਟ ਰੇਜ਼ ਕੀਤਾ ਹੈ ਜਿਹੜਾ ਤੁਸੀਂ ਨੋਟਿਸ ਵਿਚ ਨਹੀਂ ਲਿਆ । ਇਨ੍ਹਾਂ ਨੇ ਜਿਹੜੀ ਗਲ ਕਹੀ ਹੈ ਮੈਂ ਉਸ ਦੇ ਬਾਰੇ ਨਹੀਂ ਕਹਿਣਾ ਚਾਹੁੰਦਾ । ਮੈਂ ਤਾਂ ਸਿਰਫ ਇਹੀ ਕਿਹਾ ਸੀ ਕਿ ਰਿਪੋਰਟ ਛੇਤੀ ਤੋਂ ਛੇਤੀ ਮਿਲਣੀ ਚਾਹੀਦੀ ਹੈ । ਮੈਂ ਇਹ ਨਹੀਂ ਕਿਹਾ ਕਿ ਇਹ ਰਿਪੋਰਟ ਦੀ ਸਮਰੀ ਹਾਊਸ ਦੇ ਸਾਹਮਣੇ ਪੇਸ਼ ਕਰ ਰਹੇ ਹਾਂ । ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਸਮਰੀ ਕਿਉਂ ਦੇਣ, ਹਾਊਸ ਨੂੰ ਫੁਲ ਟੈਕਸਟ ਰਿਪੋਰਟ ਦੇਣ । ਫੁਲ ਟੈਕਸਟ ਤੋਂ ਬਿਨਾਂ ਅਸੀਂ ਕੋਈ ਜਜਮੈਂਟ ਨਹੀਂ ਕਰ ਸਕਦੇ ਕਿ ਕਿਸ ਅਫਸਰ ਨੂੰ ਰਿਸਪਾਂਸੀਬਲ ਹੋਲਡ ਕੀਤਾ ਹੈ । ਸਮਰੀ ਡਿਸਟਾਰਟਿਡ ਵੀ ਹੋ ਸਕਦੀ ਹੈ । ਇਸ ਹਾਊਸ ਨੂੰ ਫੁਲ ਟੈਕਸਟ ਮਿਲਣਾ ਚਾਹੀਦਾ ਹੈ । ਇਸ ਦੇ ਬਾਰੇ ਕੋਈ ਫੈਸਲਾ ਕਰੋ ।

Original with;
Punjab Vidhan Sabha
Digitized by;
Panjab Digital Library

ਸਿਖਿਆ ਮੰਤਰੀ : ਸਪੀਕਰ ਸਾਹਿਬ, ਲੋਕ ਸਭਾ ਵਿਚ ਕਮਿਸ਼ਨ ਦੀ ਰਿਪੋਰਟ ਦੀਆਂ ਫਾਈਂਡਿੰਗਜ਼ ਦਿੱਤੀਆਂ ਜਾਂਦੀਆਂ ਹਨ । ਅਸੀਂ ਵੀ ਕਾਪੀ ਲੈ ਕਰ ਦਿਆਂਗੇ । ਬਾਕੀ ਸਾਰੀ ਰਿਪੋਰਟ ਗੌਰਮਿੰਟ ਦੇ ਅੰਡਰ ਕੰਸਿਡਰੇਸ਼ਨ ਹੈ । ਜਦੋਂ ਗੌਰਮਿੰਟ ਕੰਸਿਡਰ ਕਰ ਲਵੇਗੀ ਤਾਂ ਉਹ ਵੀ ਸ਼ਾਇਆ ਕਰ ਦਿੱਤੀ ਜਾਵੇਗੀ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ, ਆਫ਼ ਆਰਡਰ ਸਰ । ਸਪੀਕਰ ਸਾਹਿਬ, ਸਰਕਾਰ ਨੂੰ ਪੀਸ-ਮੀਲ ਕੰਮ ਕਰਨ ਦੀ ਆਦਤ ਹੈ । ਅਸੀਂ ਤੁਹਾਡੇ ਕੋਲੋਂ ਤਵੱਕੋ ਰੱਖਦੇ ਹਾਂ ਕਿ ਇਨ੍ਹਾਂ ਨੂੰ ਪੀਸ-ਮੀਲ ਕੰਮ ਕਰਨ ਤੋਂ ਰੋਕੋ । ਸਪੀਕਰ ਸਾਹਿਬ, ਇਹ ਤਾਂ ਬੜਾ ਭਾਰੀ ਪ੍ਰਿਵਲਿਜ ਦਾ ਬ੍ਰੀਚ ਹੋਇਆ ਹੈ । ਹਾਊਸ ਨੂੰ ਇਨ੍ਹਾਂ ਨੂੰ ਸਾਰੀ ਰਿਪੋਰਟ ਦੇਣੀ ਚਾਹੀਦੀ ਸੀ । ਲੇਕਿਨ ਹੁਣ ਵੀ ਇਹ ਹਾਊਸ ਦੇ ਸਾਹਮਣੇ ਸਿਰਫ਼ ਸਮਰੀ ਰਖਣਾ ਚਾਹੁੰਦੇ ਹਨ । ਸਪੀਕਰ ਸਾਹਿਬ ਕਮਿਸ਼ਨ ਦੀ ਪੂਰੀ ਰਿਪੋਰਟ ਹਾਊਸ ਨੂੰ ਮਿਲਣੀ ਚਾਹੀਦੀ ਹੈ । ਕੋਈ ਟਾਈਮ ਫਿਕਸ ਕਰੋ ਤਾਂ ਕਿ ਇਸ ਤੇ ਡਿਸਕਸ਼ਨ ਹੋਵੇ । (ਸ਼ੋਰ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । Please resume your seat (This is no point of order. Please resume your seat.)

ਸਿਖਿਆ ਮੰਤਰੀ : ਸਪੀਕਰ ਸਾਹਿਬ, ਫ਼ਿਰੋਜ਼ਪੁਰ ਜੇਲ੍ਹ ਵਿਚ ਫਾਇਰਿੰਗ ਹੋਈ ਸੀ । ਇਸ ਗਲ ਦੇ ਡਾਂਗ ਸਾਹਿਬ ਤੇ ਤੁਸੀਂ ਗਵਾਹ ਹੋ ਕੇ ਅਸੀਂ ਇਨਕੁਆਇਰੀ ਦੀ ਮੰਗ ਕੀਤੀ ਸੀ । ਪਰ ਸੰਧੂ ਸਾਹਿਬ ਦੇ ਸਾਥੀਆਂ ਨੇ ਉਸ ਰਿਪੋਰਟ ਨੂੰ ਹਾਊਸ ਵਿਚ ਲਿਆਉਣਾ ਤਾਂ ਇੱਕ ਪਾਸੇ ਰਿਹਾ, ਉਸ ਨੂੰ ਰੋਸ਼ਨੀ ਵੀ ਨਹੀਂ ਦਿਵਾਣੀ । ਸਾਡੀ ਸਰਕਾਰ ਨੇ ਤਾਂ ਇਮੀਜੀਏਟਲੀ ਸਦਨ ਵਿਚ ਰਿਪੋਰਟ ਲੈ ਆਂਦੀ ਹੈ ਅਤੇ ਲੋਕਾਂ ਨੂੰ ਵੀ ਦਿੱਤੀ ਹੈ । ਜੇ ਹੁਣ ਵੀ ਇਨ੍ਹਾਂ ਨੂੰ ਸੰਤੋਸ਼ ਨਹੀਂ ਤਾਂ ਫਿਰ ਪਰਮਾਤਮਾ ਹੀ ਇਨ੍ਹਾਂ ਦੀ ਸੰਤੁਸ਼ਟੀ ਕਰ ਸਕਦਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ. ਇਨ੍ਹਾਂ ਨੂੰ ਕਹੋ ਕਿ ਪੂਰੀ ਰਿਪੋਰਟ ਦੇਣ ਫ਼ਿਰ ਅਸੀਂ ਇਨ੍ਹਾਂ ਦੀ ਸੰਤੁਸ਼ਟੀ ਕਰਾਵਾਂਗੇ ।

---

## CALL ATTENTION NOTICES UNDER RULE 66

(Serial No. 21)

**Shri Gurdial Saini** : Sir, I beg to draw the attention of the Government towards a matter of urgent public importance, namely, that there prevails great resentment among the teachers for non accepting their. legitimate and outstanding demands Punjab National Teachers Federation affiliated to INTUC'S two leaders Yash Pal Azad and Sikander Singh have resorted to fasten to death since 25th February. Before starting fast the teachers gave a silent demonstration in support of their demands.

The Education Minister may please make a statement in the House.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement).

(ਕ੍ਰਮ ਨੰ: 22)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪਾਕਿਸਤਾਨ ਦੇ ਕਬਜ਼ੇ ਤੋਂ ਵਾਪਸ ਮਿਲੇ ਪਿੰਡਾਂ ਦੀ ਵਾਅਦੇ ਮੁਤਾਬਕ ਸਰਕਾਰ ਜ਼ਮੀਨ ਵਾਹ ਕੇ ਦੇਵੇਗੀ ਜਦੋਂ ਕਿ 1965 ਵਿਚ ਵਾਹ ਕੇ ਦਿਤੀ ਸੀ ਹੁਣ ਜਦੋਂ ਕਿ ਸਾਉਣੀ ਦੀ ਬਿਜਾਈ ਸ਼ੁਰੂ ਹੋ ਚੁਕੀ ਹੈ । ਕੀ ਸਰਕਾਰ ਤਾਰੀਖ਼ ਮੁਕਰੱਰ ਕਰੇਗੀ ਕਿ ਕਦੋਂ ਤਕ ਜ਼ਮੀਨ ਵਾਹ ਦਿਤੀ ਜਾਵੇਗੀ ।

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

(Serial No. 24)

**Sardar Gurcharan Singh Nihalsinghwala** : Sir, I beg to draw the attention of the Government towards a matter of urgent public importance, namely, that one so called Sant Gurmail Singh of Baghapurana, District Faridkot has cheated about forty two persons by collecting from them Rs, 35000 each by making a false propeganda by misusing the name of our Prime Minister, Shrimati Indira Gandhi using an aeroplane of civil aviation by which he threw handbills. This involves the Government. The Government should clear its position and should give a statement. There is great resentment among the people of the area.

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ (Admitted. The Minister concerned may please make a statement.)

(Serial No. 29)

**Comrade Darshan Singh Canadian** : Sir, I beg to draw the attention of the Government towards a matter of urgent public importance, namely, a large number of Punjabi Students who got admission in a private Medical College at Faridabad after paying huge capitation fees face ruination of their careers as the College is unable to run.

The Government of India requested the Punjab Government to help in the matter by finding a way out. As yet, however, nothing has resulted from this. The students are now on hungerstrike in Delhi.

Their parents in Punjab and others are much agitated over the matter.

Original with;
Punjab Vidhan Sabha
Digitized by;
Panjab Digital Library

[Com. Darshan Singh Canadian]

In view of the obvious and urgent importance of the matter, the Government may please be asked to make a statement in the House.

**ਸ੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement).

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਫਰੀਦਾਬਾਦ ਦਾ ਮਾਮਲਾ ਹੈ ਇਸ ਦਾ ਪੰਜਾਬ ਸਰਕਾਰ ਨਾਲ ਕੋਈ ਸਬੰਧ ਨਹੀਂ ਹੈ ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ, ਉਹ ਸੀ. ਐਮ. ਸਾਹਿਬ ਨੂੰ ਮਿਲੇ ਸਨ ਅਤੇ ਉਨ੍ਹਾਂ ਨਾਲ ਸਾਰੀ ਗਲ ਬਾਤ ਹੋਈ ਹੈ ।(Minister Sahib, the students had met the hon. Chief Minister and the whole matter had been brought to his notice).

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਉਹ ਤਾਂ ਉਨ੍ਹਾਂ ਨੇ ਪਰਸਨਲ ਕਪੈਸਿਟੀ ਵਿਚ ਗਲਬਾਤ ਕੀਤੀ ਸੀ । ਅਦਰਵਾਈਜ਼ ਸਰਕਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ ਅਤੇ ਇਹ ਇਥੇ ਹਾਊਸ ਵਿਚ ਐਡਮਿਟ ਨਹੀਂ ਹੋਣੀ ਚਾਹੀਦੀ ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ, ਲੋਕਾਂ ਨੂੰ ਇਸ ਗਲ ਉਪਰ ਬੜੀ ਬੇਚੇਨੀ ਹੈ । (ਵਿਰੋਧੀ ਧਿਰ ਵਲੋਂ ਥੰਪਿੰਗ) ਜਾਂ ਤਾਂ ਤੁਸੀਂ ਕਹਿ ਦਿਓ ਕਿ ਅਸੀਂ ਇਹ ਮਸਲਾ ਹੱਲ ਨਹੀਂ ਕਰਨਾ ।(Minister Sahib, the people are greatly concerned about this matter. If it pleases the Government, it may at least announce that it has no intention to do anything in the matter.)

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਸ ਦਾ ਸਬੰਧ ਪੰਜਾਬ ਗੌਰਮਿੰਟ ਨਾਲ ਨਹੀਂ ਹੈ । ਹਰਿਆਣੇ ਗੌਰਮਿੰਟ ਨਾਲ ਜਾਂ ਸੈਂਟਰ ਦੀ ਸਰਕਾਰ ਨਾਲ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜੇਕਰ ਇਹ ਕਾਲ ਅਟੈਨਸ਼ਨ ਐਡਮਿਟ ਹੋਈ ਹੈ ਤਾਂ ਮੈਂ ਸਮਝਦਾ ਹਾਂ ਕਿ ਮੈਨੂੰ ਸਵਾਲ ਪੁੱਛਣ ਦਾ ਹੱਕ ਹੈ ।

**ਸ੍ਰੀ ਸਪੀਕਰ** : ਹਾਂ ਜੀ, ਜ਼ਰੂਰ ਪੁਛੋ । (Yes, you may ask a question).

**ਕਾਮਰੇਡ ਸੱਤ ਪਾਲ ਡਾਂਗ**: ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਹਕੀਕਤ ਹੈ ਜਾਂ ਨਹੀਂ ਕਿ ਹਿੰਦ ਸਰਕਾਰ ਨੇ ਗਿਆਨੀ ਜ਼ੈਲ ਸਿੰਘ ਹੋਰਾਂ ਨੂੰ ਕਿਹਾ ਕਿ ਉਹ ਜ਼ਾਤੀ ਤੌਰ ਉਤੇ ਇਸ ਵਿਚ ਦਖਲ ਦੇ ਕੇ ਇਸ ਦਾ ਹੱਲ ਕੱਢਣ । ਸਮੁੰਦਰੀ ਸਾਹਿਬ ਜਿਹੜੇ ਕਿ ਗੁਰੂ ਨਾਨਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਨ ਉਨ੍ਹਾਂ ਨੂੰ ਇਥੇ ਗਿਆਨੀ ਜੀ ਨੇ ਸੱਦਿਆ । ਮੁੰਡੇ ਆਏ ਅਤੇ ਉਨ੍ਹਾਂ ਦੇ ਮਾਪੇ ਵੀ ਆਏ ਇਸ ਕਾਲਜ ਨੂੰ ਗੁਰੂ ਨਾਨਕ ਯੂਨੀਵਰਸਿਟੀ ਨਾਲ ਐਫਿਲੀਏਟ ਕਰਨ ਦੀ ਗਲ ਬਾਤ ਹੋਈ । ਮੁੰਡਿਆਂ ਦੇ ਮਾਪੇ ਪੰਜਾਬ ਦੇ ਰਹਿਣ ਵਾਲੇ ਹਨ । ਕੁਝ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਉਪਰ ਆਪਣੇ ਕਾਲਜ ਦਾ ਨਾਉਂ ਰਖ ਕੇ ਦੱਸ ਦੱਸ ਹਜ਼ਾਰ ਵੀਹ ਵੀਹ ਹਜ਼ਾਰ ਰੁਪਏ ਮੁੰਡਿਆਂ ਤੋਂ ਲੈ ਕੇ ਉਨ੍ਹਾਂ ਦੇ ਕੈਰੀਅਰ ਤਬਾਹ ਕਰ ਰਹੇ ਹਨ ਅਤੇ ਇਹ ਕਹਿੰਦੇ ਹਨ ਕਿ ਸਾਡਾ ਕੋਈ ਸਬੰਧ ਨਹੀਂ ਹੈ । ਇਨ੍ਹਾਂ ਦਾ ਸਬੰਧ ਕਿਉਂ ਨਹੀਂ ਹੈ।

*Original with;*
Punjab Vidhan Sabha
*Digitized by;*
Panjab Digital Library

**ਸਿਖਿਆ ਮੰਤਰੀ:** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਥੋਂ ਤਕ ਕਾਲਜ ਦਾ ਤੁਅਲਕ ਹੈ, ਇਹ ਪੰਜਾਬ ਤੋਂ ਬਾਹਰ ਹੈ । ਇਹ ਤਾਂ ਇੰਡੀਵਿਜੂਅਲ ਲੈਵਲ ਤੇ ਹੀ ਗਲ ਜਾ ਸਕਦੀ ਹੈ । ਪਰ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਪਾਸ ਕੋਈ ਐਸਾ ਮਸਲਾ ਪੈਂਡਿੰਗ ਨਹੀਂ ਹੈ ।

**ਸਰਦਾਰ ਅਜਾਇਬ ਸਿੰਘ ਸੰਧੂ :** ਉਸ ਵਿਚ ਕਾਂਗਰਸੀ ਇਨਵਾਲਵਡ ਹਨ । (ਵਿਘਨ)

(Serial No. 30)

**Comrade Satya Pal Dang**: Sir, I beg to draw the attention of the Government towards an urgent matter of public importance, namely, the following :—

A very large number of industrial establishments, Mills and factories in the State have closed down others are laying off workers.

Thousands of workers have been rendered unemployed. This large scale unemployment of industrial workers is being taken advantage of by the employers to keep wages very low.

In view of the urgent importance of the matter the Government may please be asked to make a statement in the House.

**ਸ੍ਰੀ ਸਪੀਕਰ :** ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement).

(Serial No. 34)

**Sardar Gurdev Singh Sidhu** : Sir, I beg to draw the attention of the Government towards a matter of urgent public importance, namely, wide publicity being given in Punjab to a Calender published by a Firm named M/S Shankar Lal Virdi Chand Tiwari 7/8 Budhwarpeth, Sholapur 2-Maharastra displaying advertisement of Biris along with photos of Sikh Gurus and Golden Temple. This Calender is very objectionable and amounts to injuring the Religious sentiments of the Sikhs due to which great resentment is prevailing in the Sikhs. They demand that its circulation in Punjab should be banned and protest be launched with the Maharastra Government in this connection.

**ਸ੍ਰੀ ਸਪੀਕਰ:** ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement.)

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਸਿੱਧੂ, ਵਲੋਂ ਮੁਖ ਮੰਤਰੀ ਜੀ ਨੂੰ ਕਲੰਡਰ ਵਿਖਾਇਆ ਗਿਆ) (ਡਾਕਟਰ ਅਮੀਰ ਸਿੰਘ, ਕਲਕਟ ਵਲੋਂ ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਡਾਕਟਰ ਸਾਹਿਬ ਤੁਸੀਂ ਤਸ਼ਰੀਫ ਰਖੋ । (Doctor Sahib, please resume your seat.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ, ਅਖਬਾਰਾਂ ਵਿਚ ਇਕ ਸਨਸਨੀਖੇਜ਼ ਖਬਰ ਹੈ । ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਹੈ ।

ਸ਼੍ਰੀ ਸਪੀਕਰ: ਡਾਕਟਰ ਸਾਹਿਬ ਤੁਸੀ ਬੈਠੋ (Doctor Sahib, please take your seat).

Dr. Amar Singh Kalkat : x x x x

Mr. Speaker: It should not form part of the proceedings.

ਡਾਕਟਰ. ਅਮੀਰ ਸਿੰਘ ਕਲਕਟ x x (ਵਿਘਨ) (ਸ਼ੋਰ)

Mr. Speaker : Please resume your seat. Whatever is being said without the permission of the Chair, should not form part of the proceedings.

(ਇਸ ਸਮੇਂ ਕੁਝ ਮਾਨਯੋਗ ਮੈਂਬਰ ਅਕਾਲੀ ਪਾਰਟੀ ਦੇ ਖੜ੍ਹੇ ਹੋ ਕੇ ਬੋਲਣ ਲਗ ਪਏ ਅਤੇ ਡਾਕਟਰ ਅਮੀਰ ਸਿੰਘ ਕਲਕਟ ਵੀ ਬੋਲ ਰਹੇ ਸਨ (ਸ਼ੋਰ) x x x x

Mr. Speaker: Order please. Whatever is being said without the permission of the Chair shou'd not form part of the proceedings.

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮਾਨਯੋਗ ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਿੱਧੂ ਸਾਹਿਬ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਮੇਰਾ ਧਿਆਨ ਇਕ ਇਤਰਾਜ਼ਯੋਗ ਕੈਲੰਡਰ ਵਲ ਦਿਲਾਇਆ ਹੈ । ਇਹ ਸ਼ੋਲਾਪੁਰ. ਮਹਾਰਾਸ਼ਟਰ ਵਿਚ ਛਪਿਆ ਹੈ । ਮੈਂ ਇਸ ਸਬੰਧ ਵਿਚ ਮਹਾਰਾਸ਼ਟਰ ਦੇ ਚੀਫ ਮਨਿਸਟਰ ਨੂੰ ਆਪਣੇ ਵਲੋਂ ਸਟ੍ਰਾਂਗ ਪਰੋਟੈਸਟ ਲਿਖ ਕੇ ਭੇਜਾਂਗਾ ਅਤੇ ਇਸ ਨੂੰ ਬੰਦ ਕਰਵਾ ਦਿਆਂਗੇ । (ਵਿਘਨ) ਪੰਜਾਬ ਵਿਚ ਇਸ ਨੂੰ ਜ਼ਬਤ ਕਰਵਾ ਦਿਆਂਗੇ ਅਤੇ ਨਹੀਂ ਚਲਣ ਦਿਆਂਗੇ । (ਪ੍ਰਸ਼ੰਸਾ)

---

## SUMMARY OF THE FINDINGS OF THE ENQUIRY COMMISSION REGARDING MOGA FIRING

*(Laid on the Table)*

**Sardar Umrao Singh (Education Minister)**: Sir, I lay on the table of the House a copy of the findings of the Enquiry Commission regarding Moga firing.

### SUMMARY OF THE FINDINGS INTO MOGA FIRING

(i) The management of both the cinemas at Moga, particularly that of Regal cinema, often used to sell more tickets than the authorised seating capacity and committed other irregularities and the student community at Moga felt agitated about this, with the result that they took up the matter with the Sub-Divisional Magistrate towards the end of August. Though on th September the managers of both the cinemas agreed to decrease the rates

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

of the cinema tickets, to open the booking windows of all classes simultaneously and not to sell more tickets than the licensed seating capacity, the agreement was not honoured by the management of the two cinemas during the month of September. Shri Harbhajan Singh, Sub-Divisional Magistrate, through whose intervention the agreement had been arrived at, did not care to check up during this period whether it was being honoured or not and treated the matter most casually. He even did not inform the Deputy Commissioner of the newly-formed Faridkot about the students' genuine demands and the irregularities which were being committed by the management of the two cinemas. When the colleges re-opened on 27th September, finding that there had been no improvement in the conditions prevailing in the two cinemas, the students formed a committee to press their demands and held a peaceful demonstration in front of the two cinemas on the morning of 3rd October. Subsequently the same afternoon the students again contacted the Sub Divisional Magistrate and brought their demands to his notice and also presented a memorandum listing their grievances. Shri Harbhajan Singh not only slept over the matter during the whole of September but took no concrete action even on 3rd October and sent the students away on some minor pretext. Not only Shri Harbhajan Singh himself failed to rise to the occasion in appreciating and handling the situation but he even kept Shri Cheema, Deputy Commissioner, Faridkot, totally in the dark and thereby deprived Shri Cheema of the opportunity to deal with the matter while the situation could still be saved. The management of Majestic cinema accepted all the demands of the students on the evening of 3rd October and entered into an agreement in this respect with the result that the agitation against the management of Majestic cinema was withdrawn. Shri Krishan Lal, however, left the meeting on a false pretext and decided to have a show-down with the students with the help of the local police and the bad characters. As Shri Krishan Lal had indirectly declined to accept the reasonable demands of the students, they decided to continue the agitation and held a peaceful demonstration in front of Regal cinema on the morning of 4th October. On this occasion the students were assaulted by some employees of Regal cinema and some bad characters who had emerged from the cinema premises while their representatives were engaged in negotiations with Shri Krishan Lal. The assault was made in the presence of the police guard and seems to have been engineered by Shri Krishan Lal in connivance with the local police and the bad characters. A complaint about this attack was made to Shri Harbhajan Singh who brought the relevant facts to the notice of Shri Gian Singh DSP and under the latter's orders a case was then registered at Police Station, City Moga. The investigation of this case which was conducted by Shri Piara Lal was a mere eye-wash and no serious effort was made by him to apprehend the culprits on the pretext that their names had not been disclosed by the complainant or other witnesses. If Shri Piara Lal had conducted the investigation with vigour and honesty of purpose he would have been able to round up the culprits and thereby save the situation. The conduct of Krishan Lal in getting the students assaulted and the inaction of the Police guard while the assault was in progress coupled with the half-hearted manner in which investigation was conducted by Shri Piara Lal were largely responsible for creating a situation which roused the students' anger and ultimately culminated in the firing. The conduct of Shri Gian Singh DSP in accepting the naive excuse offered by Shri Piara Lal for not arresting the culprits, even if one were to take a charitable view of it, displays a lack of capacity to supervise investigation. It may also be added that if Shri Harbhajan Singh had acted with some foresight and had taken firm and prompt measures on 3rd and 4th October the unfortunate episode may have been avoided. Up to the incident of 4th October the attitude of the students was most reasonable but after the assault on them they assumed a posture of unreasonableness and aggresiveness in the meeting which was held at the shop of Shri Behari Lal on the 4th evening at the instance of the Sub-Divisional Magistrate and the Deputy Superintendent of police. The students even held out a threat at this meeting that if the arrests were not made by the next morning they would resort to other means to have their grievances redressed. By this time their original demands had been thrown into the background and their most pressing grievance had come to be that the cinema management and the bad characters who were responsible for the attack on them be brought to book and the members of the police guard in whose presence the attack had been made be also punished. To a considerable extent the somewhat hostile posture assumed by the students was due to a feeling of righteous indignation that they had because of the earlier incident. By the time the meeting at the shop of Shri Behari Lal was over Shri Harbhajan Singh could have appreciated the tenseness of the situation and the necessity to

Original with;
Punjab Vidhan Sabha
Digitized by;
Panjab Digital Library

(Education Minister)

take the District Magistrate, who was the licensing authority, into confidence so that action could be taken against the management of Regal cinema, and it Could be forced to give up its evasive and strong-arm tactics in dealing with the students and to agree to those of the demands of the students which were just and reasonable and had been accepted by the management of Majestic cinema. The failure of Shri Harbhajan Singh to bring the district administration into the picture even at this stage displays an utter lack of capacity to perceive the realities of the situation and to take appropriate measure to deal with it. As no arrests of the bad characters who had participated in the attack on the students, had been made by the morning of 5th October, the students continued the agitation and came to the Court of the Sub Divisional Magistrate in the form of a procession at about 11 or 11.30 a.m. Simultaneously a demonstration was held by the students in front of Regal cinema. The crowd which had gathered on railway road was without any guidance and leadership. The anger and frustration of students was exploited by some bad characters and extremist elements and while their representatives were holding negotiations with the Sub-Divisional Magistrate and were waiting for the arrival of the Deputy Commissioner the activities of the students on Railway Road became violent and aggressive. Even the attitude of those students who had come in a procession to the Sub Divisional Magistrate was far from reasonable and smacked of hostility towards the police. Their demands had undergone a change and at this stage they wanted the D.S.P. and the S.H.O. to be suspended. Shri Jagrup Singh and other student leaders who had been selected to negotiate with the Deputy Commissioner failed to exercise sobering influence on the students who had come in a procession to the Court of the Sub Divisional Magistrate with the result that this group went away towards Regal cinema without waiting for the arrival of the Deputy Commissioner on the pretext that teargas had been used against the students who were demonstrating in front of Regal cinema. Shri Jagrup Singh, Shri Jagraj Singh and other local leaders who were present in the premises of the Sub Divisional Magistrate's Court when the main body of the demonstrators left for Railway Road did not proceed towards the spot but kept away and thereby failed to provide proper leadership and guidance to the students at the time when it was most needed. The failure of the leaders, who had been taking part in the negotiations earlier, to reach the sensitive area at the critical time to some extent contributed to the worsening of the situation as the absence of leadership made the students vulnerable to the influence of irresponsible and unruly element. Coupled with this is the conduct of Shri Harbhajan Singh in not rushing to the spot on learning about the deterioration in the situation and the use of teargasby the police.

(ii) and (iii) The firing which was resorted to in front of Regal cinema and from the T junction before or after the arrival of the Deputy Commissioner was justified because of the violent activities of the mob which included the students and some unruly elements. This firing was not excessive as it has not been brought out that any death had been caused or that injuries had been caused to many persons at this stage. The firing at this stage was, however, uncontrolled. It appears that the order to open fire was given either by Shri Charan Das or by Shri Cheema or probably by both of them within a short interval and that having obtained this order, the constables fired a few shots from near the T junction and then started firing indiscriminately when the mob started receding. Though the order to open fire at the mob was justified, but the firing was uncontrolled and the Constables chased the crowd to distant places like the two mandis, the chowk of Dr. Sham Lal and the area around the mill of Devi Das and fired indiscriminately. Firing in these areas can neither be considered justified nor in consonance with the requirements of the situation. As a result of this firing, a number of persons, who otherwise had to concern either with the demonstration or with the activities of the mob received injuries while they were going about performing their innocent activities. The constables who had fired in these areas were entirely on their own and the firing was not being guided or controlled by any officer. The senior officers including the Deputy Commissioner and the Superintendent of Police, either consciously or unconsciously, became silent spectators to the utter lawlessness that prevailed for a few minutes after the firing was opened, and were either unable to exercise a restraint on the Constables or had no intention to do so. The manner in which the firing was resorted to in the two markets and the two extreme ends of Railway Road or the end of Chamber Road was vindictive, punitive and without control. Moreover, the use of a .12 bore gun by a member of the police force, whose identity could not be established, which had resulted in injuries to eight persons, was not only wholly unjustified but was clearly in contravention of the rules, and in fact highlights the reckless manner in which the police force had acted.

Original with;
Punjab Vidhan Sabha
Digitized by;
Panjab Digital Library

ਚੌਧਰੀ ਰਾਮ ਸਿੰਘ: * * *

ਸਰਦਾਰ ਸੁਰਜੀਤ ਸਿੰਘ ਬਰਨਾਲਾ: * * *

Mr. Speaker This should not form part of the proceedings.

---

## RESUMPTION OF DISCUSSION ON GOVERNOR'S ADDRESS

Mr. Speaker: Now the House will resume discussion on the motion moved by Shri Yash Pal, and seconded by Sardar Harcharan Singh.

I have received two more notices of Amendments to this motion, one from Comrade Shamsher Singh Josh and the other from Sardar Dhanna Singh Gulshan. These will also be deemed to have been read and moved. Sardar Surjit Singh Atwal was on his legs when the House Adjourned on the 28th February, 1973. He will please resume his speech.

COMRADE SHAMSHER SINGH JOSH

That in the motion, the following be added at the end, namely—

"but regret that the Address—

(1) does not mention about the nationalization of Cinemas and Transport Industry in the State.

(2) does not mention the non-fulfilment of promises and assurance given to College Teachers of Government aided Private Colleges and Government School Teachers.

(3) does not mention the failure of the State Government to give proprietary rights to thousands of Abadkar families of the Bet areas of Sutluj who are now facing ejectment.

(4) does not mention the fact that political parties of the State have not been given representation on the District grievances Committees formed by the State Government."

SARDAR DHANNA SINGH GULSHAN

That in the motion, the following be added at the end, namely—

"but regret that no mention has been made in the Address—

(1) for stopping the recovery of the revenue within the belt of 16 kilometers of the International Border, which was ordered to be remitted.

(2) for checking the increasing poverty and rise in prices.

(3) regarding the new measures to be adopted for Development Plans.

(4) regarding authority under which the State Government has handed over the Thein Dam to the Central Government.

(5) for reducing the prices of fertilizers and Diesel in order to increase the agricultural production and for ensuring suitable prices of the agricultural produce to the farmers.

---

* Expunged as ordered by the Chair.

Original with;
Punjab Vidhan Sabha
Digitized by;
Panjab Digital Library

(6) for providing free built-up residential houses instead of providing free plots to the houseless families belonging to the Scheduled Castes.

(7) for providing reservation in the fresh appointments and selection grades in the Government services to the Members of the Scheduled Castes."

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ,

ਸ੍ਰੀ ਸਪੀਕਰ : ਹਾਊਸ ਦੇ ਸਾਹਮਣੇ ਕੀ ਵਿਸ਼ਾ ਹੈ ਜਿਸ ਤੇ ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੁੰਦੇ ਹੋ ? (What is the topic on which you want to raise a point of order ?)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਸ ਹਾਊਸ ਵਿਚ ਸਪੀਕਰ ਸਾਹਿਬ, ਹੁਣੇ ਹੀ ਮੋਗਾ ਫਾਇਰਿੰਗ ਦੇ ਸਬੰਧ ਵਿਚ ਕਮਿਸ਼ਨ ਦੀਆਂ ਫਾਈਂਡਿੰਗਜ਼ ਲੇ ਕੀਤੀਆਂ ਗਈਆਂ ਹਨ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਇਸ ਵਿਚ ਅਨਇਕਵੀਵੋਕਲ ਟਰਮਜ਼ ਵਿਚ ਇਹ ਕਿਹਾ ਗਿਆ ਹੈ ਕਿ ਵਧੀਕੀ ਕੀਤੀ ਗਈ ਹੈ, ਇਸ ਲਈ ਇਸ ਦਾ ਫਾਲੋ ਅਪ ਐਕਸ਼ਨ ਲੈਣਾ ਚਾਹੀਦਾ ਹੈ। ਇਹ ਜਿਹੜਾ ਮੋਗੇ ਵਿਖੇ ਖੂਨੀ ਸਾਕਾ ਹੋਇਆ ਇਸ ਦੇ ਜਿਹੜੇ ਦੋਸ਼ੀ ਹਨ—ਡੀ.ਐਸ.ਪੀ., ਡੀ.ਸੀ. ਆਦਿ ਇਨ੍ਹਾਂ ਨੂੰ ਫੌਰੀ ਤੌਰ ਤੇ ਸਸਪੈਂਡ ਕਰਨਾ ਚਾਹੀਦਾ ਹੈ। ਇਸ ਗਲ ਦੇ ਬਾਰੇ ਚੀਫ਼ ਮਨਿਸਟਰ ਸਾਹਿਬ ਹਾਊਸ ਨੂੰ ਦੱਸਣ ਕਿ ਕੀ ਫਾਲੋ ਅਪ ਐਕਸ਼ਨ ਲਿਆ ਗਿਆ ਹੈ ? (ਵਿਘਨ)

ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ (ਸ੍ਰੀ ਜੋਗਿੰਦਰ ਪਾਲ ਪਾਂਡੇ) : ਸਪੀਕਰ ਸਾਹਿਬ ਮੇਰੀ ਅਰਜ਼ ਇਹ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਉਸ ਦਿਨ ਤਕਰੀਰ ਕਰ ਰਹੇ ਸਨ (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਕਿਸ ਵਿਸ਼ੇ ਤੇ ਬੋਲ ਰਹੇ ਹੋ (ਵਿਘਨ) (ਸ਼ੋਰ) (What is the issue about which you are speaking ?

ਰਾਜ ਮੰਤਰੀ : * * *

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਅਤੇ ਹੋਰ ਅਕਾਲੀ ਪਾਰਟੀ ਦੇ ਮੈਂਬਰ ਖੜੇ ਹੋ ਕੇ ਬੋਲਣ ਲਗ ਪਏ ਪਰ ਸ਼ੋਰ ਕਾਰਨ ਕੁਝ ਸੁਣਾਈ ਨਹੀਂ ਦਿਤਾ।)

Mr. Speaker : Whatever is being said without the permission of the Chair, should not form part of the proceedings.

---

## DECISION REGARDING EXPUNCTION OF 'NO POINTS OF ORDER

ਵਿਕਾਸ ਮੰਤਰੀ : (ਕੈਪਟਨ ਰਤਨ ਸਿੰਘ) ਆਨ ਏ ਪੁਆਇੰਟ ਆਫ ਆਰਡਰ, ਸਰ, (ਵਿਘਨ)

(ਸਰਦਾਰ ਕਰਨੈਲ ਸਿੰਘ ਮਰੜ੍ਹੀ ਵਲੋਂ ਵਿਘਨ)

ਸ੍ਰੀ ਸਪੀਕਰ : ਮਰੜ੍ਹੀ ਸਾਹਿਬ ਤੁਸੀਂ ਤਸ਼ਰੀਫ ਰਖੋ (Mr. Marhari, please take your seat.)

---

* Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਿਕਾਸ ਮੰਤਰੀ: ਸਪੀਕਰ ਸਾਹਿਬ, ਜਿਹੜੇ ਇਸ ਹਾਊਸ ਦੀ ਕਾਰਵਾਈ ਨੂੰ ਚਲਾਉਣ ਦੇ ਰੂਲ ਹਨ ਉਨ੍ਹਾਂ ਵਿਚ ਰੂਲ 57 ਇਸ ਸਬੰਧ ਵਿਚ ਕਲੀਅਰ ਹੈ ਕਿ ਜੇਕਰ ਕਿਸੇ ਮਨਿਸਟਰ ਨੇ ਕੁਝ ਬਿਆਨ ਦੇਣਾ ਹੋਵੇ ਅਤੇ ਤੁਹਾਡੀ ਇਜ਼ਾਜਤ ਹੋ ਜਾਵੇ ਤਾਂ ਉਹ ਆਪਣੀ ਗਲ ਕਹਿ ਸਕਦਾ ਹੈ। ਜੇਕਰ ਸਪੀਕਰ ਸਾਹਿਬ ਮੈਂ ਸਹੀ ਸੁਣਿਆਂ ਹੈ ਤਾਂ ਤੁਹਾਡੀ ਇਨਟੈਨਸ਼ਨ ਇਹ ਨਹੀਂ ਹੋ ਸਕਦੀ ਕਿ ਉਨ੍ਹਾਂ ਨੇ ਜੋ ਕੁਝ ਕਿਹਾ ਉਹ ਪ੍ਰੋਸੀਡਿੰਗ ਦਾ ਪਾਰਟ ਨਾ ਬਣੇ। ਜਿਹੜੀ ਗਲ ਪਾਰਟ ਆਫ ਦੀ ਪਰੋਸੀਡਿੰਗਜ਼ ਨਾ ਬਣਾਈ ਜਾਣੀ ਹੋਵੇ ਉਸ ਦੇ ਬਾਰੇ ਵੀ ਰੂਲ ਸਪਸ਼ਟ ਹੈ ਕਿ ਜਾਂ ਤਾਂ ਕੋਈ ਅਨਪਾਰਲੀਮੈਂਟਰੀ ਲਫਜ਼ ਕਹੇ ਗਏ ਹੋਣ ਜਾਂ ਕੋਈ ਗਲ ਕਹਿਣ ਲਈ ਤੁਹਾਡੀ ਇਜਾਜ਼ਤ ਨਾ ਲਈ ਗਈ ਹੋਵੇ। ਪਰ ਇਸ ਕੇਸ ਵਿਚ ਪਾਂਡੇ ਸਾਹਿਬ ਨੇ ਆਪ ਦੀ ਇਜਾਜ਼ਤ ਲਈ ਅਤੇ ਕੋਈ ਅਨਪਾਰਲੀਮੈਂਟਰੀ ਲਫਜ਼ ਵੀ ਨਹੀਂ ਕਹੇ। ਇਸ ਲਈ ਇਹ ਪਰੋਸੀਡਿੰਗ ਦਾ ਪਾਰਟ ਰਹਿਣਾ ਚਾਹੀਦਾ ਹੈ। ਸਾਨੂੰ ਰੂਲ ਦੇ ਅਨੁਸਾਰ ਹੀ ਚਲਣਾ ਚਾਹੀਦਾ ਹੈ। (ਵਿਘਨ)

ਸ੍ਰੀ ਸਪੀਕਰ: ਮੈਂ ਬੇਨਤੀ ਕਰਾਂਗਾ ਕਿ ਉਹ ਪਹਿਲਾਂ ਆਪਣੇ ਮਨਿਸਟਰ ਸਾਹਿਬ ਨੂੰ ਕੋਚ ਕਰ ਲਿਆ ਕਰਨ ਕਿ ਕਿਸ ਰੂਲ ਦੇ ਅਧੀਨ ਬੋਲਣਾ ਹੈ ਅਤੇ ਗਵਰਨਮੈਂਟ ਨੇ ਇਹ ਸਾਈਡ ਲੈਣੀ ਹੈ ਜਾਂ ਨਹੀਂ। (ਸ਼ੋਰ) (The Govt. should coach their Ministers that they have to speak under such and such rule and that they have to take this or that side) (Noise)

ਵਿਕਾਸ ਮੰਤਰੀ: ਮੈਂ ਆਪਣੇ ਪੁਆਇੰਟ ਆਫ ਆਰਡਰ ਤੇ ਖੜਾ ਹਾਂ ਤੁਸੀਂ ਕਹੋ ਤਾਂ ਮੈਂ ਕੁਝ ਬੋਲਾਂ———— (ਸ਼ੋਰ)

Mr. Speaker: You should first see the relevant rule. It is laid down there that a copy of the statement shall be forwarded to the Speaker one day in advance of the day on which it is proposed to be made.. ....."

ਵਿਕਾਸ ਮੰਤਰੀ: ਸਪੀਕਰ ਸਾਹਿਬ, ਰੂਲਜ਼ ਤੁਹਾਡੇ ਆਪਣੇ ਹਨ ਜਿਸ ਵਿਚ ਤੁਸੀਂ ਕਾਫੀ ਖੁਲ੍ਹ ਦਿੱਤੀ ਹੋਈ ਹੈ, ਜੇ ਅਸੀਂ ਤੁਹਾਡੀ ਖੁਲ੍ਹ ਤੋਂ ਕੋਈ ਫਾਇਦਾ ਉਠਾਈਏ ਤਾਂ ਤੁਸੀਂ ਨਾਰਾਜ਼ ਹੋ ਜਾਂਦੇ ਹੋ। ਹੁਣੇ ਤੁਸੀਂ ਇਕ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਕੀਤੀ ਜਿਸ ਦਾ ਡਾਇਰੈਕਟਲੀ ਸਰਕਾਰ ਦੇ ਨਾਲ ਕੋਈ ਸਬੰਧ ਨਹੀਂ.. .. (ਸ਼ੋਰ)

ਸ੍ਰੀ ਸਪੀਕਰ: ਇਹਦੇ ਨਾਲ ਸੀ. ਐਮ. ਸਬੰਧਤ ਸੀ। (The C. M. was concerned with it.)

ਵਿਕਾਸ ਮੰਤਰੀ: ਦੋ ਗਲਾਂ ਹਨ। ਇਕ ਤਾਂ ਟਰਾਂਸਫਰ ਆਫ ਪ੍ਰਿਜ਼ਨਰਜ਼ ਆਫ ਵਾਰ ਹੈ। ਇਸ ਦੇ ਮੁਤਾਲਿਕ ਦੋ ਕਲੀਅਰ ਕਟ ਇਨਸਟਰਕਸ਼ਨਜ਼ ਹਨ.... (ਸ਼ੋਰ)

ਸ੍ਰੀ ਸਪੀਕਰ: ਕਪਤਾਨ ਸਾਹਿਬ, ਇਸ ਬਾਰੇ ਬਹੁਤ ਗਲਾਂ ਆ ਚੁਕੀਆਂ ਹਨ। ਜਿਤਨਾ ਪਰਚਾਰ ਕਰੋਗੇ ਇਹ ਗਲ ਵਧੇਗੀ। ਪਰ ਕੰਸਟੀਚਿਊਸ਼ਨ ਵਿਚ ਤਕਰੀਰ ਅਤੇ ਤਹਿਰੀਰ ਦੀ ਹਰ ਇਕ ਨੂੰ ਆਜ਼ਾਦੀ ਹੈ। (ਸ਼ੋਰ) (Captain Sahib, a lot of references have been made to this matter. The more it is discussed

Original with;
Punjab Vidhan Sabha
Digitized by;
Panjab Digital Library

the more complicated it will become. The Constitution guarantees freedom of speech and expression to every body.) (Noise)

ਵਿਕਾਸ ਮੰਤਰੀ: ਆਜ਼ਾਦੀ ਇਕ ਪਾਸੇ ਨਹੀਂ ਹੋਣੀ ਚਾਹੀਦੀ ਦੋਹਾਂ ਪਾਸੇ ਹੋਵੇ। (ਸ਼ੋਰ)

ਸ੍ਰੀ ਸਪੀਕਰ: ਤੁਸੀਂ ਆਪਣੇ ਸਾਥੀਆਂ ਨੂੰ ਮਹਿਦੂਦ ਜਿਹੀ ਗਲ ਕਰਨ ਲਈ ਕਹੋ। (You should ask your party members to limit their remarks to the topic before the House.)

ਵਿਕਾਸ ਮੰਤਰੀ: ਜੇ ਕੋਈ ਨੈਸ਼ਨਲ ਇੰਟਰੈਸਟ ਦੇ ਖਿਲਾਫ ਬੋਲੇ ਤੁਸੀਂ ਆਜ਼ਾਦੀ ਦਿਉਗੇ ?

ਸ੍ਰੀ ਸਪੀਕਰ: ਜੇ ਕੋਈ ਬੋਲੇਗਾ ਉਹ ਲੋਕਾਂ ਦੇ ਅਗੇ ਆਪੇ ਐਕਸਪੋਜ਼ ਹੋਵੇਗਾ। ਤੁਹਾਡੀ ਆਪਣੀ ਅਸੈਂਬਲੀ ਦਾ ਹੁਣ ਤਕ ਦਾ ਰਿਕਾਰਡ ਹੈ ਕਿ ਤੁਸੀਂ ਪੁਲੀਟੀਕਲੀ ਹੈਲਪ ਕਰਦੇ ਹੋ। (ਵਿਘਨ) ਤੁਸੀਂ ਆਪਣੇ ਬੰਦਿਆਂ ਨੂੰ ਕਹੋ ਕਿ ਉਹ ਆਰਡਰਲੀ ਰਹਿਣ। ਇਸ ਮਸਲੇ ਤੇ ਕਾਫ਼ੀ ਬਹਿਸ ਹੋ ਚੁਕੀ ਹੈ। (Let us proceed further. Any body who speaks against the national interest, will expose himself. This House has, in the past, extended help of a political nature. (interruption) You should ask your party men to be orderly. This matter has now been amply discussed.)

**ਵਿਕਾਸ ਮੰਤਰੀ**: I would like to make a point. If you allow me, well and good, otherwise I will take my seat. ਤੁਸੀਂ ਮੈਨੂੰ ਬੋਲਣ ਦਾ ਰਾਈਟ ਦਿਤਾ ਹੈ, ਜੇ ਇਜਾਜ਼ਤ ਨਹੀਂ ਦੇਂਦੇ ਤਾਂ ਮੈਂ ਬੈਠ ਜਾਂਦਾ ਹਾਂ

**ਸ੍ਰੀ ਸਪੀਕਰ**: ਇਸ ਮਸਲੇ ਤੇ ਕਾਫੀ ਬਹਿਸ ਹੋ ਚੁਕੀ ਹੈ। (This matter has been amply discussed.)

**ਵਿਕਾਸ ਮੰਤਰੀ**: I have raised a very important point. ਜੇ ਤੁਸੀਂ ਇਜਾਜ਼ਤ ਦਿਉ ਤਾਂ ਮੈਂ ਗਲ ਕਰਾਂ।

**ਸ੍ਰੀ ਸਪੀਕਰ**: ਇਹ ਇਸ਼ੂ ਤੁਸੀਂ ਬਹੁਤ ਵੇਰ ਰੇਜ਼ ਕਰ ਲਿਆ ਹੈ। (You have already raised this issue many a time.)

**ਸਿਖਿਆ ਮੰਤਰੀ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਤੁਸੀਂ ਆਪਣੀ ਇਕ ਆਬਜ਼ਰਵੇਸ਼ਨ ਦਿਤੀ ਹੈ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਨੂੰ ਰੀ-ਕਨਸੀਡਰ ਕਰੋ। ਇਹ ਠੀਕ ਹੈ ਕਿ ਤਕਰੀਰ ਔਰ ਤਹਿਰੀਰ ਦੀ ਆਜ਼ਾਦੀ ਸਾਰਿਆਂ ਨੂੰ ਹੈ, ਪਰ ਕਿਸੇ ਖਾਸ ਕੰਡੀਸ਼ਨ ਤੇ। ਜਿਥੋਂ ਤਕ ਮੁਲਕ ਦੀ ਸੀਕਿਉਰਿਟੀ ਦਾ ਸਵਾਲ ਹੈ......

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ: ਤੁਹਾਡੀ ਆਪਣੀ ਸਰਕਾਰ ਹੈ, ਜੇ ਕੋਈ ਮੁਲਕ ਦੇ ਹਿਤ ਦੇ ਖਿਲਾਫ ਗਲ ਕਰਦਾ ਹੈ, ਤੁਸੀਂ ਉਸਦੇ ਅਗੇਨਸਟ ਲੀਗਲ ਐਕਸ਼ਨ ਲਉ। (ਸ਼ੋਰ) (You have your own Govt. You can take legal action against any person who acts against the interests of the country.)

ਸਿਖਿਆ ਮੰਤਰੀ: ਇਸ ਫੋਰਮ ਵਿਚ ਇਹ ਗਲ ਨਹੀਂ ਕਹੀ ਜਾ ਸਕਦੀ। ਕਿਸੇ ਪਾਰਟੀ ਨੇ ਮੁਲਕ ਦੇ ਹਿਤ ਦੇ ਖਿਲਾਫ ਗਲ ਕੀਤੀ ਹੋਵੇ ਤੁਸੀਂ ਐਲਾਉ ਹੀ ਨਹੀਂ ਕਰੋਗੇ।

ਸ੍ਰੀ ਸਪੀਕਰ: ਵਜ਼ੀਰ ਸਾਹਿਬ, ਟਰੈਜ਼ਰੀ ਬੈਂਚਿਜ਼ ਇਸਤਰ੍ਹਾਂ ਇਕ ਗਲ ਨੂੰ ਲੈ ਕੇ ਡਿਸਕਸ ਕਰਨ ਇਹ ਠੀਕ ਨਹੀਂ ਲਗਦਾ। (It is not proper for the Treasury Benches to go on raising a matter like this.)

ਕਾਮਰੇਡ ਸਤਪਾਲ ਡਾਂਗ: ਆਨ ਏ ਪੁਆਇੰਟ ਆਫ ਆਰਡਰ, ਸਰ, ਸਪੀਕਰ ਸਾਹਿਬ ਇਹ ਇਕ ਵਾਈਟਲ ਇਸ਼ੂ ਹੈ ਜੇ ਤੁਸੀਂ ਐਲਾਉ ਕਰੋ ਤਾਂ ਮੈਂ ਇਕ ਗਲ ਕਹਾਂ।

Mr. Speaker Please resume your seat.

ਕਾਮਰੇਡ ਸਤਪਾਲ ਡਾਂਗ: ਸਪੀਕਰ ਸਾਹਿਬ, ਅੱਜ ਤਕ ਇਹ ਪ੍ਰੈਸੀਡੈਂਟ ਰਿਹਾ ਹੈ ਕਿ ਮੇਜਰ ਇਸ਼ੂ ਨੂੰ ਤੁਸੀਂ ਅਲਾਉ ਕਰ ਦੇਂਦੇ ਹੋ ———

ਸ੍ਰੀ ਸਪੀਕਰ: ਕੋਈ ਗਲ ਹੈ ਹੀ ਨਹੀਂ, ਉਨ੍ਹਾਂ ਨੇ ਐਕਸਪੰਜ ਕਰਨ ਦੇ ਖਿਲਾਫ ਪ੍ਰੋਟੈਸਟ ਕੀਤਾ ਸੀ ਜਿਹੜਾ ਕਿ ਡਿਸਪੋਜ਼ ਆਫ ਕਰ ਦਿਤਾ ਗਿਆ ਹੈ। (There is no issue before the House. The Treasury Benches protested against the expunction of certain remarks. The matter was disposed of then.)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਤੁਸੀਂ ਕਈ ਕੇਸਿਜ਼ ਦੇ ਵਿਚ ਪਰਮਿਟ ਕੀਤਾ ਹੈ, ਪਰ ਇਸ ਵਿਚ ਕਿਉਂ ਪਰਮਿਟ ਨਹੀਂ ਕਰਦੇ। ਕਿਸੇ ਅਖਬਾਰ ਦੇ ਵਿਚ ਰਿਪੋਰਟ ਛਪੀ, ਕਿ ਡੀ. ਸੀ. ਅਤੇ ਐਸ. ਪੀ. ਨੂੰ ਸਸਪੈਂਡ ਕਰ ਦਿੱਤਾ, ਇਹ ਕਿਸ ਇਸ਼ੂ ਤੇ ਗਲ ਹੋਈ ਸੀ।

ਸ੍ਰੀ ਸਪੀਕਰ: ਇਹ ਇਸ਼ੂ ਉਸ ਵੇਲੇ ਹਾਊਸ ਦੇ ਸਾਹਮਣੇ ਸੀ, ਕਿਉਂਕਿ ਐਜੂਕੇਸ਼ਨ ਮਨਿਸਟਰ ਨੇ ਇਕ ਰਿਪੋਰਟ ਰਖੀ ਸੀ। (This issue was raised in the House when the Education Minister placed a report on the Table of the House.)

ਸ੍ਰੀ ਯਸ਼ ਪਾਲ ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ: ਕੀ ਇਸ਼ੂ ਹੈ। (What is the issue )

Original with;
Punjab Vidhan Sabha
Digitized by;
Panjab Digital Library

**ਸ੍ਰੀ ਯਸ਼ ਪਾਲ**: ਅਗਰ ਇਸ਼ੂ ਐਕਸਪਲੇਨ ਕਰਨ ਦਾ ਮੌਕਾ ਦਿਉਗੇ ਤਾਂ ਹੀ ਅਰਜ਼ ਕਰਾਂਗਾ।

**ਸ੍ਰੀ ਸਪੀਕਰ**: ਕਿਸ ਇਸ਼ੂ ਬਾਰੇ ਕਹਿਣਾ ਚਾਹੁੰਦੇ ਹੋ। (About which issue do you want to raise a point of order)

**ਸ੍ਰੀ ਯਸ਼ ਪਾਲ**: ਇਕ ਐਸੇ ਇਸ਼ੂ ਬਾਰੇ ਜਿਸ ਬਾਰੇ ਹੁਣੇ ਹੀ ਗਲ ਹੋਈ ਹੈ। ਉਸ ਤੇ ਤੁਸੀਂ ਇਕ ਰੂਲਿੰਗ ਦਿੱਤਾ ਹੈ।

Mr. Speaker: My ruling cannot be discussed.

Captain Rattan Singh: Sir, I rise on a point of order.

Mr. Speaker: What is the issue?

Captain Rattan Singh: Please listen to me first. If it is not a proper point of order, you may rule it out of order.

Mr. Speaker: Let Mr. Dang speak first.

**ਕਾਮਰੇਡ ਸਤਪਾਲ ਡਾਂਗ**: ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾਂ ਕਿ ਇਹ ਇਕ ਬੜਾ ਅਹਿਮ ਇਸ਼ੂ ਹੈ ਇਸ ਗਲ ਤੇ ਕਿਸੇ ਸ਼ਖਸ ਦੀਆਂ ਵੀ ਦੋ ਰਾਇਆਂ ਨਹੀਂ ਹੋ ਸਕਦੀਆਂ। ਏਥੇ ਪ੍ਰਿਜ਼ਨਰ ਆਫ ਵਾਰ ਅਤੇ ਉਨ੍ਹਾਂ ਦੀ ਰੀਲੀਜ਼ ਬਾਰੇ ਅਤੇ ਬੰਗਲਾ ਦੇਸ਼ ਦਾ ਜ਼ਿਕਰ ਕੀਤਾ ਗਿਆ। ਮੈਂ ਇਕ ਗਲ ਦਾ ਜ਼ਿਕਰ ਕਰਾਂ ਜਿਥੋਂ ਤਕ ਵਾਰ ਪ੍ਰਿਜ਼ਨਰਜ਼ ਦੇ ਰੀਲੀਜ਼ ਦਾ ਸਵਾਲ ਹੈ ਉਹ ਬੰਗਲਾ ਦੇਸ਼ ਅਤੇ ਹਿੰਦੁਸਤਾਨ ਦੀ ਯੂਨੀਲਿਟਰਲ ਰਜ਼ਾਮੰਦੀ ਤੋਂ ਬਿਨਾ ਰੀਲੀਜ਼ ਨਹੀਂ ਕੀਤੇ ਜਾ ਸਕਦੇ ਅਤੇ ਨਾ ਹੀ ਕਰਨੇ ਚਾਹੀਦੇ ਹਨ। ਅਗਰ ਅਕਾਲੀ ਪਾਰਟੀ ਦੇ ਮੈਂਬਰ ਇਸ ਗਲ ਦੇ ਖਿਲਾਫ ਹਨ ਤਾਂ ਮੇਰੀ ਉਨ੍ਹਾਂ ਦੇ ਨਾਲ ਕੋਈ ਸਹਿਮਤੀ ਨਹੀਂ। (ਸ਼ੋਰ)

ਦੂਸਰੀ ਬੇਨਤੀ ਇਹ ਹੈ ਕਿ ਦੋਹਾਂ ਸਰਕਾਰਾਂ ਨੂੰ ਰਲ ਕੇ ਪਾਕਿਸਤਾਨ ਦੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਜਦ ਤਕ ਮੀਆਂ ਭੁਟੋ ਦੀ ਸਰਕਾਰ ਬੰਗਲਾ ਦੇਸ਼ ਨੂੰ ਤਸਲੀਮ ਨਹੀਂ ਕਰਦੀ ....(ਵਿਘਨ)। ਬਾਕੀ ਇਹ ਰਾਏ ਰੱਖਣਾ ਮੈਂ ਸਮਝਦਾ ਹਾਂ ਕੋਈ ਜੁਰਮ ਨਹੀਂ ਕਿ ਬੰਗਲਾ ਦੇਸ਼ ਦੀ ਸਰਕਾਰ ਜੰਗੀ ਮੁਜ਼ਰਮਾ ਤੇ ਮੁਕਦਮੇ ਜ਼ਰੂਰ ਚਲਾਏ।

ਕਾਮਰੇਡ ਸਤਪਾਲ ਡਾਂਗ: ਮੈਂ ਇਹ ਅਖਬਾਰਾਂ ਵਿਚ ਪੜ੍ਹਿਆ ਹੈ, ਫੁਲ ਟੈਸਟ ਨਹੀਂ ਪੜ੍ਹਿਆ। ਸਾਡੇ ਅਕਾਲੀ ਪਾਰਟੀ ਨਾਲ ਡਿਫਰੈਂਸ ਕਾਂਗਰਸ ਵਾਲਿਆਂ ਨਾਲੋ ਜ਼ਿਆਦਾ ਹਨ ਪਰ ਉਨ੍ਹਾਂ ਦੀ ਵਿਰੋਧਤਾ ਵੀ ਠੀਕ ਤਰੀਕੇ ਦੇ ਨਾਲ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਗਲਤ ਤਰੀਕੇ ਨਾਲ ਕੀਤੀ ਗਈ ਵਿਰੋਧਤਾ ਵੀ ਉਨ੍ਹਾਂ ਨੂੰ ਫਾਇਦਾ ਪਹੁੰਚਾ ਸਕਦੀ ਹੈ। ਮੁਲਕ ਵਿਚ ਅਜ ਇਸ ਬਾਰੇ ਦੋ ਰਾਵਾਂ ਨਹੀਂ ਕਿ ਜੋ ਪਰਿਜ਼ਨਰਜ਼ ਆਫ ਵਾਰ ਹਨ ਉਨ੍ਹਾਂ ਬਾਰੇ ਸਾਡੀ ਸਰਕਾਰ ਬੰਗਲਾਦੇਸ਼ ਦੀ ਸਰਕਾਰ ਵੀ ਰਜ਼ਾਮੰਦੀ ਤੋਂ ਬਗੈਰ ਕੋਈ ਫੈਸਲਾ ਨਹੀ ਲੈ ਸਕਦੀ। ਇਹ ਸਟੈਂਡ ਪ੍ਰਧਾਨ ਮੰਤਰੀ ਦਾ ਬਿਲਕੁਲ ਠੀਕ ਹੈ ਅਤੇ ਜੇ ਅਕਾਲੀ ਪਾਰਟੀ ਇਸ ਸਟੈਂਡ ਦੇ ਨਾਲ ਸਹਿਮਤ ਨਹੀਂ ਤਾਂ ਫਿਰ ਮੈਂ ਅਕਾਲੀ ਪਾਰਟੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਦੇ ਨਾਲ ਸਹਿਮਤ ਨਹੀਂ ਹਾਂ (ਕਾਂਗਰਸੀ ਬੈਂਚਾਂ ਵਲੋਂ ਥਪਿੰਗ) ਪਰ ਇਹ ਰਾਏ ਰੱਖਣਾ ਵੀ ਕੋਈ ਜੁਰਮ ਨਹੀਂ ਕਿ ਜਿਹੜੇ ਜੰਗੀ ਮੁਜਰਮ ਹਨ ਜੋ ਉਨ੍ਹਾਂ ਨੂੰ ਛਡ ਕੇ ਬਾਕੀ ਜੰਗੀ ਕੈਦੀਆਂ ਨੂੰ ਰਿਹਾ ਕਰਨ ਬਾਰੇ ਭਾਰਤ ਸਰਕਾਰ ਅਤੇ ਬੰਗਲਾ ਦੇਸ਼ ਦੀ ਸਰਕਾਰ ਫ਼ੈਸਲਾ ਕਰ ਲਵੇ ਤਾਂ ਮਾੜੀ ਗਲ ਨਹੀਂ ਹੈ। (ਅਕਾਲੀ ਬੈਂਚਾਂ ਵਲੋਂ ਥੰਪਿੰਗ) ਮੈਨੂੰ ਪਤਾ ਨਹੀਂ ਕਿ ਇਨ੍ਹਾਂ ਦਾ ਰੈਜ਼ੋਲੀਊਸ਼ਨ ਕੀ ਹੈ (ਅਵਾਜ਼ਾਂ, ਇਹੋ ਹੀ ਹੈ, ਇਹੋ ਹੀ ਹੈ।) ਇਹ ਫਾਇਦੇ-ਮੰਦ ਗਲ ਹੈ।

**Mr. Speaker** : This issue is not before the House. You have referred to this issue after reading some news paper. As such, it is not at all a point of order. (Noise in the House)

(ਇਸ ਵੇਲੇ ਸਰਦਾਰ ਜਸਵਿੰਦਰ ਸਿੰਘ ਬਰਾੜ ਅਤੇ ਹੋਰ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ ਜੇ ਤੁਸੀ ਡਾਂਗ ਸਾਹਿਬ ਨੂੰ ਸਮਾਂ ਦਿਤਾ ਹੈ ਜਿਹੜੇ ਕਿ ਉਨ੍ਹਾਂ ਦੇ ਹੀ ਸਾਥੀ ਹਨ ਤਾਂ ਸਾਨੂੰ ਵੀ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ। ਇਹ ਠੀਕ ਨਹੀਂ ਕਿ ਉਨ੍ਹਾਂ ਨੂੰ ਸਮਾਂ ਦਿਤਾ ਜਾਵੇ ਅਤੇ ਸਾਨੂੰ ਨਾ ਦਿਤਾ ਜਾਵੇ । ਉਨ੍ਹਾਂ ਵਾਸਤੇ ਹੋਰ ਰੂਲ ਹੋਣ ਅਤੇ ਸਾਡੇ ਵਾਸਤੇ ਹੋਰ ਹੋਣ ਤਾਂ ਇਹ ਠੀਕ ਨਹੀਂ ਹੈ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਅਗੇ ਹੀ ਬੜੀ ਮੁਸ਼ਕਲ ਨਾਲ ਹਾਊਸ ਕੰਟਰੋਲ ਵਿਚ ਆਇਆ ਹੈ — — — (I have controlled the House with great difficulty.)———

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ, ਪਰ ਉਨ੍ਹਾਂ ਵਾਸਤੇ ਰੂਲ ਹੋਰ ਅਤੇ ਸਾਡੇ ਵਾਸਤੇ ਹੋਰ ਕਿਉਂ ਹੋਣ ਰੂਲ ਸਾਰਿਆਂ ਵਾਸਤੇ ਇਕੋ ਜਿਹੇ ਹੋਣੇ ਚਾਹੀਦੇ ਹਨ। (ਵਿਘਨ) (ਸ਼ੋਰ)

**ਸ੍ਰੀ ਸਪੀਕਰ**: ਇਨ੍ਹਾਂ ਨੇ ਜੋ ਕੁਝ ਵੀ ਕਿਹਾ ਸੀ ਉਹ ਐਕਸਪੰਜ ਕਰਵਾ ਦਿਤਾ ਸੀ ਫਿਰ ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਕਿ ਰੂਲ ਇਨ੍ਹਾਂ ਵਾਸਤੇ ਹੋਰ ਅਤੇ ਤੁਹਾਡੇ ਵਾਸਤੇ ਹੋਰ ਹਨ? (Whatever Captain Rattan Singh, has said has been expunged. How can you say that there are different rules for you ?)

**ਸ੍ਰੀ ਯਸ਼ ਪਾਲ** : ਆਨ ਏ ਪੁਆਇੰਟ ਆਫ ਆਰਡਰ ਸਰ । ਜਨਾਬ ਤੁਸੀ ਫਰਮਾਇਆ ਹੈ ਕਿ ਇਹ ਮਾਮਲਾ ਹਾਊਸ ਦੇ ਸਾਹਮਣੇ ਨਹੀਂ ਹੈ ਪਰ ਮੇਰੀ ਸਬਮਿਸ਼ਨ ਇਹ ਹੈ ਕਿ ਇਹ ਮਸਲਾ ਹਾਊਸ ਦੇ ਸਾਹਮਣੇ ਕਈ ਦਿਨਾਂ ਤੋਂ ਹੈ। (ਵਿਘਨ) ਸਪੀਕਰ ਸਾਹਿਬ, ਤੁਸੀਂ ਮੇਰੀ

Original with;
Punjab Vidhan Sabha
Digitized by;
Panjab Digital Library

ਬੇਨਤੀ ਤਾਂ ਸੁਣ ਲਉ । 2-3 ਦਿਨ ਪਹਿਲਾ ਜਦੋਂ ਤੁਸੀ ਹਾਊਸ ਵਿਚ ਨਹੀਂ ਸੀ ਤਾਂ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਥੀਨ ਡੈਮ ਨਾ ਬਣਨ ਕਰਕੇ ਬਹੁਤ ਸਾਰਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ । ਉਸ ਵੇਲੇ ਸ਼੍ਰੀ ਪਾਂਡੇ ਨੇ ਸਹਿਵਨ ਹੀ ਕਿਹਾ ਕਿ ਉਹ ਤਾਂ ਤੁਹਾਡੇ ਦੋਸਤ ਹਨ ਪਰ ਇਨ੍ਹਾਂ ਨੇ ਉਸ ਵੇਲੇ ਬੜਾ ਪ੍ਰੋਟੈਸਟ ਕੀਤਾ ਕਿ ਇਹ ਗਲਤ ਹੈ ਕਿਉਂ ਕਿਹਾ ਗਿਆ ਹੈ । (ਵਿਘਨ) (ਸ਼ੋਰ) ਪਰ ਅਜ ਜੋ ਇਹ ਰੈਜੋਲੀ-ਊਸ਼ਨ ਲਿਆਏ ਹਨ (ਵਿਘਨ) (ਸ਼ੋਰ) ਇਸ ਨੇ ਸਾਬਤ ਕਰ ਦਿਤਾ ਹੈ ਕਿ ਸ਼੍ਰੀ ਪਾਂਡੇ ਨੇ ਜੋ ਕੁਝ ਕਿਹਾ ਸੀ ਉਹ ਬਿਲਕੁਲ ਠੀਕ ਹੈ । (ਵਿਘਨ) (ਸ਼ੋਰ)

**ਸ਼੍ਰੀ ਸਪੀਕਰ** : ਇਹ ਬਿਲਕੁਲ ਪੁਆਇੰਟ ਆਫ ਆਰਡਰ ਨਹੀਂ ਹੈ । (It is no point of order at all)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਇਹ ਬਿਲਕੁਲ ਵੇਗ ਹੈ, ਇਰਰੇਲੇਵੈਂਟ ਹੈ, ਕੋਈ ਪੁਆਇੰਟ ਆਫ ਆਰਡਰ ਨਹੀਂ । (ਵਿਘਨ) (ਸ਼ੋਰ)

**ਵਿਕਾਸ ਮੰਤਰੀ** : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਪੁਆ-ਇੰਟ ਆਫ ਆਰਡਰ ਬਾਰੇ ਸਾਡੇ ਰੂਲਜ਼ ਵਿਚ ਬੜਾ ਕਲੀਅਰ ਕਟ ਲਿਖਿਆ ਹੋਇਆ ਹੈ ਅਤੇ ਜੋ ਪੁਆਇੰਟ ਆਫ ਆਰਡਰ ਇਥੇ ਰੇਜ਼ ਕੀਤੇ ਜਾਂਦੇ ਹਨ ਉਨ੍ਹਾਂ ਦੀ ਆਗਿਆ ਰੂਲਜ਼ ਦੀ ਉਲਘੰਣਾ ਕਰਕੇ ਦਿਤੀ ਜਾਂਦੀ ਹੈ । (ਵਿਘਨ) (ਅਵਾਜ਼ਾਂ ਇਹ ਸਪੀਕਰ ਸਾਹਿਬ ਤੇ ਐਸਪਰਸ਼ਨ ਹੈ ।) (ਸ਼ੋਰ) ਸਾਨੂੰ ਅਜ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਜੇ ਕੋਈ ਪੁਆਇੰਟ ਆਫ ਆਰਡਰ ਨਾ ਹੋਵੇ ਤਾਂ ਉਹ ਦੀ ਇਜ਼ਾਜ਼ਤ ਨਾ ਦਿਤੀ ਜਾਵੇ । (ਵਿਘਨ) (ਸ਼ੋਰ) ਹਰ ਇਕ ਪੁਆਇੰਟ ਆਫ ਆਰਡਰ ਅਗੇ ਤੋਂ ਅਕਾਰਡੰਗਟੂ ਨੂੰ ਦੀ ਰੂਲਜ਼ ਹੋਵੇ ।

**ਸ਼੍ਰੀ ਸਪੀਕਰ** : ਕਪਤਾਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਸਾਰੇ ਹਾਊਸ ਦਾ ਧਿਆਨ ਰੂਲ ਵਲ ਦਿਵਾਇਆ ਹੈ । ਜੇ ਹਾਊਸ ਦੀ ਇਹ ਮਰਜ਼ੀ ਹੋਵੇ ਤਾਂ ਇਹ ਫੈਸਲਾ ਕਰ ਲਿਆ ਜਾਵੇ ਕਿ ਜਿਹੜਾ ਪੁਆਇੰਟ ਆਫ ਆਰਡਜ਼ ਰੇਜ਼ ਹੋਵੇ ਜੇ ਉਹ ਬਾਦ ਵਿਚ ਪੁਆਇੰਟ ਆਫ ਆਰਡਰ ਹੇਲਡ ਨਾ ਹੋਵੇ ਤਾਂ ਰਿਕਾਰਡ ਦਾ ਭਾਗ ਨਾ ਬਣੇ । ਇਸ ਨਾਲ ਕੰਟਰੋਵਰਸੀ ਨਹੀਂ ਪਵੇਗੀ ।

Is it the pleasure of the House?

(Voices: Yees, Yes)

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਇਸ ਨਾਲ ਹੁਣ ਅਨਪਲੈਜ਼ੈਂਟ —ਡਿਸਕਸ਼ਨ ਨਹੀਂ ਹੋਵੇਗੀ । ਜਿਹੜਾ ਵੀ ਪੁਆਇੰਟ ਆਫ ਆਰਡਰ ਨਹੀਂ ਹੋਵੇਗੀ That would not farm part the proceedings whenever directed by the Chair. Captain Sahib, I am much obliged to You for drawing the attention of the House towards the Rules. If the House agrees, it may be decided that any point of order which is not held in order and is declared as a 'no point of order,' may not form part of the record of the proceedings of the House. It will save the House from a lot of controversy. Is it the pleasure of the House ?)

(Voices: Yes, Yes.)

Now this decision will help us avoid unpleasant discussion. Any point of order which is declared as 'no point of order that, would not form part of the proceedings whenever directed by the Chair.)

---

RESUMPTION OF DISCUSSION ON GOVERNOR'S ADDRESS

**ਸਰਦਾਰ ਸੁਰਜੀਤ ਸਿੰਘ ਅਟਵਾਲ:** (ਫਿਲੌਰ) ਸਪੀਕਰ ਸਾਹਿਬ, ਪਰਸੋਂ ਮੈਂ ਗਵਰਨਰ ਐਡਰੈਸ ਤੇ ਬੋਲ ਰਿਹਾ ਸੀ .......... ।

**ਸਰਦਾਰ ਹਰਚੰਦ ਸਿੰਘ:** * * * * * * * * *

**ਸ੍ਰੀ ਸਪੀਕਰ:** ਜੋ ਕੁਝ ਸਰਦਾਰ ਹਰਚੰਦ ਸਿੰਘ ਨੇ ਕਿਹਾ ਹੈ ਉਹ ਐਕਸਪੰਜ ਕਰ ਦਿੱਤਾ ਜਾਵੇ । (Whatever has been said by Sardar Harchand Singh may be expunged)

**ਸਰਦਾਰ ਸਰਜੀਤ ਸਿੰਘ ਅਟਵਾਲ :** ਗਵਰਨਰ ਐਡਰੈਸ ਵਿਚ ਇਲੈਕਟਰੀਸਿਟੀ ਬਾਰੇ ਕਾਫੀ ਕੁਝ ਕਿਹਾ ਗਿਆ ਹੈ ਕਿ ਇਸ ਦੀ ਕਾਫੀ ਸ਼ਾਰਟੇਜ ਹੈ ਪਰ ਇਹ ਸ਼ਾਰਟੇਜ ਜਲਦੀ ਤੋਂ ਜਲਦੀ ਪੂਰੀ ਹੋਣੀ ਚਾਹੀਦੀ ਹੈ । ਮੈਂ ਆਪਣੀ ਸਰਕਾਰ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਇਸ ਨੇ ਇਸ ਸਬੰਧ ਵਿਚ ਜ਼ਰੂਰੀ ਸਟੇਪਸ ਪਹਿਲੇ ਹੀ ਚੁਕ ਲਏ ਹਨ । ਫਿਰ

---

*Expunged as ordered by the chair.

Original with;
Punjab Vidhan Sabha
Digitized by;
Panjab Digital Library

ਇਥੇ ਥੇਂਈਂ ਡੈਮ ਬਾਰੇ ਬੜੀ ਡਿਸਕਸ਼ਨ ਹੋਈ । ਆਪੋਜੀਸ਼ਨ ਦੇ ਲੀਡਰ ਸਾਹਿਬ ਨੇ ਇਹ ਕਿਹਾ ਕਿ ਕੇਂਦਰੀ ਸਰਕਾਰ ਨੂੰ ਥੇਂਈਂ ਡੈਮ ਦੀ ਕੰਸਟ੍ਰਕਸ਼ਨ ਸੁਰੇਂਡਰ ਕਰਕੇ ਗਿਆਨੀ ਸਰਕਾਰ ਨੇ ਪੰਜਾਬ ਦੇ ਨਾਲ ਧ੍ਰੋਹ ਕੀਤਾ ਹੈ । ਮਗਰ ਕਲ੍ਹ ਕੁਐਸ਼ਚਨ ਆਵਰ ਤੋਂ ਬਾਅਦ ਇਹ ਪਤਾ ਲਗ ਗਿਆ ਜਦੋਂ ਕਿ ਗਿਆਨੀ ਜੀ ਨੇ ਸਾਰੀ ਪੁਜ਼ੀਸ਼ਨ ਕਲੀਅਰ ਕਰ ਦਿੱਤੀ ਕਿ ਥੇਂਈਂ ਡੈਮ ਕਿਸ ਹੱਦ ਤੱਕ ਕੇਂਦਰੀ ਸਰਕਾਰ ਨੇ ਬਣਾਉਣਾ ਹੈ ਅਤੇ ਕਿਥੇ ਤਕ ਪੰਜਾਬ ਸਰਕਾਰ ਨੇ ਬਣਾਉਣਾ ਹੈ, ਇਸ ਬਾਰੇ ਫੈਸਲਾ ਅਕਾਲੀ ਸਰਕਾਰ ਵੱਲੋਂ ਬਾਜੀ ਸਾਹਿਬ ਆਪ ਕਰ ਗਏ ਸੀ ।

(ਇਸ ਵੇਲੇ ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਫਿਰ ਇਥੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਫਰਮਾਇਆ ਕਿ ਇਥੇ ਇਤਨੇ ਕਤਲ ਹੋ ਗਏ ਹਨ, ਫਲਾਣੀ ਥਾਂ ਤੇ ਕਤਲ ਹੋ ਗਿਆ ਹੈ, ਫਲਾਣੀ ਥਾਂ ਤੇ ਕਤਲ ਹੋ ਗਿਆ ਹੈ ਪਰ ਉਨ੍ਹਾਂ ਨੂੰ ਇਹ ਕਹਿੰਦਿਆਂ ਸੁਣ ਕੇ ਮੈਨੂੰ ਇੰਝ ਜਾਪਿਆ ਜਿਵੇਂ ਕਿ ਉਹ ਆਪਣੇ ਰਾਜ ਦੇ ਵੇਲੇ ਦੇ ਹਾਲਾਤ ਹੀ ਦਸ ਰਹੇ ਹਨ ਸਾਰੀਆਂ ਚੀਜ਼ਾਂ ਉਨ੍ਹਾਂ ਦੇ ਰਾਜ ਵਿਚ ਹੋਈਆਂ ਸਨ ।

ਚੇਅਰਮੈਨ ਸਾਹਿਬਾ, ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲ ਰਿਹਾ ਹਾਂ (ਵਿਘਨ) ਜੇ ਅਕਾਲੀ ਮੈਂਬਰਾਂ ਨੇ ਕੁਝ ਮੈਨੂੰ ਕਹਿਣਾ ਹੈ ਤਾਂ ਉਹ ਬਾਹਰ ਜਾਕੇ ਕਹਿਣ ਮੈਂ ਇਨ੍ਹਾਂ ਨੂੰ ਜਵਾਬ ਦੇ ਦਿਆਂਗਾ (ਵਿਘਨ) ਮੈਂ ਸੰਧੂ ਸਾਹਿਬ ਨੂੰ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਾਬਾਦ ਨਾਲ ਮੇਰਾ ਜੇ ਤਾਲੁਕ ਹੋਵੇ ਔਰ ਇਹ ਇਸ ਗਲ ਨੂੰ ਪਰੂਵ ਕਰ ਦੇਣ ਤਾਂ ਮੈਂ ਅਸੈਂਬਲੀ ਤੋਂ ਅਸਤੀਫ਼ਾ ਦੇਣ ਨੂੰ ਤਿਆਰ ਹਾਂ ਨਹੀਂ ਤਾਂ ਇਹ ਦੇਣ (ਵਿਘਨ) ਥੰਪਿੰਗ) ਚੇਅਰਮੈਨ ਸਾਹਿਬਾ, ਕਤਲ ਦੇ ਬਾਰੇ ਇਹ ਜੋ ਕੁਝ ਕਹਿੰਦੇ ਹਨ ਇਸ ਬਾਰੇ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਬਸੰਤ ਸਿੰਘ ਹੋਰਾਂ ਦਾ ਕਤਲ ਹੋਇਆ ਪਰ ਕੋਈ ਨਹੀਂ ਫੜਿਆ ਗਿਆ ।ਉਸ ਵੇਲੇ ਅਕਾਲੀ ਪਾਰਟੀ ਦੀ ਸਰਕਾਰ ਸੀ । ਇਕ ਡੀ. ਐਸ. ਪੀ. ਦਾ ਕਤਲ ਹੋਇਆ, ਕੋਈ ਐਕਸ਼ਨ ਨਹੀਂ ਲਿਆ ਗਿਆ । ਉਸ ਵੇਲੇ ਵੀ ਅਕਾਲੀ ਪਾਰਟੀ ਦੀ ਸਰਕਾਰ ਸੀ । ਕੀ ਉਸ ਵੇਲੇ ਇਨ੍ਹਾਂ ਨੂੰ ਕੋਈ ਸ਼ਰਮ ਨਹੀਂ ਸੀ ਆਈ । ਸਭ ਤੋਂ ਜ਼ਿਆਦਾ ਕਤਲ ਅਕਾਲੀ ਸਰਕਾਰ ਵੇਲੇ ਹੋਏ । ਫੇਰੂਮਾਨ ਦਾ ਕਤਲ ਹੋਇਆ ਉਹ ਬੇਕਸੂਰ ਮਾਰਿਆ ਗਿਆ. ਉਸ ਵੇਲੇ ਅਕਾਲੀ ਪਾਰਟੀ ਨੂੰ ਸ਼ਰਮ ਨਹੀਂ ਆਈ (ਥੰਪਿੰਗ) (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ** : ਫੇਰੂਮਾਨ ਦੇ ਕਤਲ ਦੀ ਜ਼ਿੰਮੇਂਵਾਰੀ ਹਿੰਦ ਸਰਕਾਰ ਤੇ ਹੈ । ਉਨ੍ਹਾਂ ਨੂੰ ਫੈਸਲਾ ਕਰਨਾ ਚਾਹੀਦਾ ਸੀ (ਵਿਘਨ)

**ਸਰਦਾਰ ਸੁਰਜੀਤ ਸਿੰਘ ਅਟਵਾਲ** : ਚੀਮਾ ਸਾਹਿਬ, ਉਸ ਵੇਲੇ ਮਨਿਸਟਰ ਸਨ ਉਨ੍ਹਾਂ ਨੂੰ ਇਹ ਗੱਲ ਭੁੱਲ ਗਈ ਕਿ ਜਿਹੜਾ ਉਨ੍ਹਾਂ ਨੇ ਮਰਨ ਵਰਤ ਰਖਿਆ ਸੀ ਉਹ ਇਸ ਲਈ ਰਖਿਆ ਸੀ ਕਿ ਮੈਨੂੰ ਹਰਿਮੰਦਰ ਸਾਹਿਬ ਜਾਣ ਦਿਤਾ ਜਾਵੇ (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਇਹ ਬਿਲਕੁਲ ਗਲਤ ਹੈ ਉਹ ਕਹਿੰਦੇ ਸਨ ਕਿ ਚੰਡੀਗੜ੍ਹ ਪੰਜਾਬ ਨੂੰ ਦਿਓ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ ਅਟਵਾਲ** : ਬਾਰ ਬਾਰ ਅਰਦਾਸ ਕਰਨ ਵਾਸਤੇ ਜੋ ਸਿੱਖ ਕੌਮ ਤੇ ਧੱਬਾ ਲਗਾ ਹੋਇਆ ਸੀ ਉਸ ਨੂੰ ਉਹ ਦੂਰ ਕਰਨਾ ਚਾਹੁੰਦੇ ਸੀ (ਵਿਘਨ)

**ਸ੍ਰੀ ਸਭਾਪਤੀ** : ਮੈਂ ਆਨਰੇਬਲ ਮੈਂਬਰਜ਼ ਨੂੰ ਦਰਖ਼ਾਸਤ ਕਰਦੀ ਹਾਂ ਕਿ ਉਹ ਆਪਸ ਵਿਚ ਇਕ ਦੂਸਰੇ ਨਾਲ ਗੱਲਾਂ ਨਾ ਕਰਨ ਅਤੇ ਜਦੋਂ ਵੀ ਕਿਸੇ ਨੇ ਗੱਲ ਕਰਨੀ ਹੋਵੇ ਉਹ ਚੇਅਰ ਨੂੰ ਐਡਰੈਸ ਕਰੇ। (I would request all the hon. Members that they should not talk to each other. Whenever any one wants to speak, he should address the Chair).

**ਸਰਦਾਰ ਸੁਰਜੀਤ ਸਿੰਘ ਅਟਵਾਲ** : ਹਾਂ ਤਾਂ ਮੈਂ ਕਹਿ ਰਿਹਾ ਸੀ ਕਿ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਬੋਲਦੇ ਹੋਏ ਇਹ ਕਿਹਾ ਕਿ ਸੈਂਟਰ ਨੇ ਹਰ ਗੱਲ ਵਿਚ ਸਾਡੇ ਨਾਲ ਧੱਕਾ ਕੀਤਾ ਤੇ ਜਦੋਂ ਸਾਡੀ ਮਨਿਸਟਰੀ ਸੀ ਤਾਂ ਉਨ੍ਹਾਂ ਨੇ ਡਿਵੈਲਪਮੈਂਟ ਵਾਸਤੇ ਪੈਸੇ ਨਹੀਂ ਦਿਤੇ (ਵਿਘਨ) ਸੰਧੂ ਸਾਹਿਬ ਨੂੰ ਸ਼ਾਇਦ ਇਹ ਗੱਲ ਭੁੱਲ ਗਈ ਹੈ ਕਿ ਜਿਸ ਵੇਲੇ ਅਕਾਲੀ ਸਰਕਾਰ ਸੀ ਤਾਂ ਸੜਕਾਂ ਵਾਸਤੇ ਸੈਂਟਰ ਵਲੋਂ ਜੋ ਪੈਸੇ ਦਿਤੇ ਜਾਂਦੇ ਸਨ ਉਹ ਵੀ ਖਰਚ ਨਹੀਂ ਕੀਤੇ ਜਾ ਸਕੇ। ਮੈਂ ਤੁਹਾਡੀ ਮਾਰਫ਼ਤ ਚੀਮਾਂ ਸਾਹਿਬ ਨੂੰ ਪੁੱਛਦਾ ਹਾਂ ਕਿ ਤਿੰਨ ਕਰੋੜ ਰੁਪਏ ਸੈਂਟਰ ਦੇ ਜੋ ਆਏ ਸਨ ਉਹ ਸੁਰੈਂਡਰ ਕਿਉਂ ਹੋਏ (ਵਿਘਨ) (ਕਾਂਗਰਸ ਬੈਂਚਾਂ ਵਲੋਂ ਸ਼ੇਮ, ਸ਼ੇਮ) ਚੇਅਰਮੈਨ ਸਾਹਿਬਾ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਬੋਲਦੇ ਹੋਏ ਕਿਹਾ ਕਿ ਇਹ ਨਹੀਂ ਹੋ ਰਿਹਾ ਉਹ ਨਹੀਂ ਹੋ ਰਿਹਾ ਅਤੇ ਭਾਵੇਂ 20 ਸਾਲ ਕਾਂਗਰਸ ਪਾਰਟੀ ਦੀ ਸਰਕਾਰ ਰਹੀ, ਪੰਜਾਬ ਵਿਚ ਕੁਝ ਡਿਵੈਲਪਮੈਂਟ ਨਹੀਂ ਹੋਈ। (ਵਿਘਨ) ਇਨ੍ਹਾਂ ਨੇ ਕਿਹਾ ਕਿ 20 ਸਾਲ ਕਾਂਗਰਸ ਸਰਕਾਰ ਰਹੀ ਪਰ ਉਦੋਂ ਕੁਝ ਨਹੀਂ ਹੋਇਆ ਅਤੇ ਪੰਜ ਸਾਲ, ਜਦੋਂ ਅਕਾਲੀ ਪਾਰਟੀ ਦੀ ਸਰਕਾਰ ਰਹੀ ਤਾਂ ਉਦੋਂ ਡਿਵੈਲਪਮੈਂਟ ਬਹੁਤ ਹੋਈ ਸੀ। ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਦਾ ਬੜਾ ਧੰਨਵਾਦੀ ਹਾਂ ਕਿਉਂਕਿ ਜੋ ਅਕਾਲੀ ਪਾਰਟੀ ਦੀ ਸਰਕਾਰ ਨੇ ਪੰਜ ਸਾਲ ਵਿਚ ਡਿਵੈਲਪਮੈਂਟ ਕੀਤੀ ਉਹ ਇਹ ਸੀ ਕਿ ਇਥੇ ਕੁਰੱਪਸ਼ਨ ਦਾ ਗੜ੍ਹ ਬਣਾ ਕੇ ਰਖ ਦਿਤਾ (ਵਿਘਨ) ਗਿਆਨੀ ਜੀ ਨੂੰ ਮੈਂ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ ਇਕ ਸਾਲ ਵਿਚ ਉਹ ਸਾਰੀ ਚੀਜ਼ ਨੂੰ ਕਵਰ ਕਰਕੇ ਆਫੀਸ਼ਲ ਮਸ਼ੀਨਰੀ ਨੂੰ ਇਸ ਸਟੇਜ ਤੇ ਲੈ ਆਂਦਾ ਹੈ ਕਿ ਇਨ੍ਹਾਂ ਨੇ ਜਨਤਾ ਦੀ ਸੇਵਾ ਕਰਨੀ ਹੈ ਅਤੇ ਵੇਹਲੇ ਨਹੀਂ ਬੈਠਣਾ ਹੈ। (ਵਿਘਨ) (ਇਸ ਸਮੇਂ ਸਰਦਾਰ ਰਣਧੀਰ ਸਿੰਘ ਚੀਮਾ ਅਤੇ ਅਟਵਾਲ ਸਾਹਿਬ ਆਪਸ ਵਿਚ ਕੁਝ ਗਲਾਂ ਕਰ ਰਹੇ ਸਨ।)

**ਮਾਨਯੋਗ ਸਭਾਪਤੀ**: ਚੀਮਾ ਸਾਹਿਬ ਅਤੇ ਅਟਵਾਲ ਸਾਹਿਬ ਆਪਸ ਵਿਚ ਨਾ ਬੋਲੋ ਅਤੇ ਚੇਅਰ ਨੂੰ ਐਡਰੈਸ ਕਰੋ। (Cheema Sahib and Atwal Sahib please stop talking; if you have any thing to say please addess the Chair)

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਧੀਰ ਸਿੰਘ ਚੀਮਾ** : ਜੇ ਇਹ ਸਾਨੂੰ ਛੇੜਦੇ ਹਨ ਤਾਂ ਅਸੀਂ ਬੋਲਦੇ ਹਾਂ (ਵਿਘਨ)

**ਸਰਦਾਰ ਸੁਰਜੀਤ ਸਿੰਘ ਅਟਵਾਲ** : ਚੇਅਰਮੈਨ ਸਾਹਿਬਾ ਮੈਂ ਤੁਹਾਨੂੰ ਹੀ ਐਡਰੈਸ ਕਰਾਂਗਾ ਅਤੇ ਮੈਂਬਰ ਸਾਹਿਬਾਨ ਅਗੇ ਦਰਖਾਸਤ ਕਰਾਂਗਾ ਕਿ ਖਾਹਮਖਾਹ ਉਹ ਟਪੂਸੀਆਂ ਨਾ ਮਾਰਨ । ਚੇਅਰਮੈਨ ਸਾਹਿਬਾ, ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੇ ਪਾਸ ਇਕ ਬੜਾ ਭਾਰੀ ਪਰੂਫ ਹੈ ਜਿਸ ਤੋਂ ਸਾਡੀ ਸਰਕਾਰ ਦੀ ਇਕ ਸਾਲ ਦੀ ਐਡਮਨਿਸਟ੍ਰੇਸ਼ਨ ਦੀ ਐਫੀਸ਼ੈਂਸੀ ਦਾ ਪਤਾ ਲਗਦਾ ਹੈ । ਜਲੰਧਰ ਵਿਚ ਪੌਣੇ ਅੱਠ ਲੱਖ ਦੀ ਚੋਰੀ ਨੂੰ ਇਨ੍ਹਾਂ ਨੇ 22 ਘੰਟਿਆਂ ਵਿਚ ਲੱਭ ਲਿਆ ਹੈ । ਕੀ ਅਕਾਲੀ ਸਰਕਾਰ ਵੇਲੇ ਕੋਈ ਅਜਿਹੀ ਗੱਲ ਹੋਈ ਜਿਸ ਨਾਲ ਇਨ੍ਹਾਂ ਨੇ ਚੋਰੀ ਘੰਟਿਆਂ ਦੀ ਬਜਾਏ ਮਹੀਨਿਆਂ ਵਿਚ ਵੀ ਲਭ ਲਈ ਹੋਏ । (ਥੰਪਿੰਗ) ਇਸ ਵੇਲੇ ਇਲੈਕਟ੍ਰੀਸਿਟੀ ਦੀ ਜੋ ਸ਼ਾਰਟੇਜ ਹੈ ਉਸ ਬਾਰੇ ਚੇਅਰਮੈਨ ਸਾਹਿਬਾ; ਮੈਂ ਇਕ ਪਰੋਪੋਜ਼ਲ ਦਿਆਂਗਾ ਕਿ ਜੋ ਜਾਪਾਨ ਤੋਂ ਜਨਰੇਟਰ ਸੈਟ ਮਿਲਦੇ ਹਨ ਉਹ ਛੇਤੀ ਤੋਂ ਛੇਤੀ ਲੈ ਲਿਤੇ ਜਾਣ ਅਤੇ ਸਤਪੁੜਾ ਵਿਚ ਜੋ 1,000 ਮੈਗਾਵਾਟ ਬਿਜਲੀ ਦੇ ਉਤਪਾਦਨ ਲਈ ਜੋ ਥਰਮਲ ਪਲਾਂਟ ਹੈ ਉਸ ਨੂੰ ਜਲਦੀ ਤੋਂ ਜਲਦੀ ਲਗਾਉਣਾ ਚਾਹੀਦਾ ਹੈ । ਇਥੇ ਜੋ ਥਰਮਲ ਪਾਵਰ ਸਟੇਸ਼ਨ ਬਣ ਰਿਹਾ ਹੈ ਉਸ ਬਾਰੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਇਸ ਨੂੰ ਜਾਣ ਬੁਝ ਕੇ ਡਿਲੇ ਕਰ ਦਿਤਾ ਹੈ । ਸ਼ਾਇਦ ਇਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਸ ਦਾ ਕੰਟ੍ਰੈਕਟ ਪੰਜਾਬ ਇੰਡਸਟ੍ਰੀਜ਼ ਲਿਮਿਟਿਡ ਕਨਸਰਨ ਨੂੰ ਦਿਤਾ ਗਿਆ ਸੀ ਜਿਸ ਵਿਚ ਕਿ ਐਕਸ ਫਾਈਨੈਂਸ ਮਨਿਸਟਰ ਦੀ ਵਾਈਫ ਸ਼ੇਅਰਹੋਲਡਰ ਸਨ । ਉਹ ਇਸ ਕੰਮ ਨੂੰ ਨਹੀਂ ਕਰ ਸਕੇ ਅਤੇ ਇਸੇ ਲਈ ਇਹਦੀ ਕੰਸਟ੍ਰਕਸ਼ਨ ਵਿਚ ਦੇਰੀ ਹੋ ਗਈ । ਹੁਣ ਵੀ ਚੇਅਰਮੈਨ ਸਾਹਿਬਾ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਵਿਚ ਰੋੜਾ ਅਟਕਾਊ ਲੋਕਾਂ ਨੂੰ ਜਿਨ੍ਹਾਂ ਨੂੰ ਇਸ ਥਰਮਲ ਪਾਵਰ ਸਟੇਸ਼ਨ ਤੇ ਕੰਮ ਦਿੱਤੇ ਗਏ ਹਨ, ਉਨ੍ਹਾਂ ਨੂੰ ਹਟਾ ਦੇਣਾ ਚਾਹੀਦਾ ਹੈ ਤਾਂ ਕਿ ਇਸ ਥਰਮਲ ਪਾਵਰ ਸਟੇਸ਼ਨ ਦਾ ਕੰਮ ਛੇਤੀ ਤੋਂ ਪੂਰਾ ਹੋ ਜਾਵੇ ।

11.00 A.M.

ਇਸ ਦੇ ਨਾਲ ਹੀ ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਹਾਈਡਲ ਪਲਾਂਟ ਜਿਹੜਾ ਕਿ ਅਨੰਦਪੁਰ ਸਾਹਿਬ ਵਿਖੇ ਹੈ, ਇਸ ਦੀ ਜਲਦੀ ਤੋਂ ਜਲਦੀ ਕਨਸਟਰੱਕਸ਼ਨ ਸ਼ੁਰੂ ਕਰਾ ਦੇਣੀ ਚਾਹੀਦੀ ਹੈ ਤਾਂ ਕਿ ਜਿਹੜੀ ਬਿਜਲੀ ਦੀ ਸ਼ਾਰਟੇਜ ਹੈ, ਇਸ ਨੂੰ ਜਲਦੀ ਤੋਂ ਜਲਦੀ ਓਵਰ-ਕਮ ਕਰ ਲਈਏ ਇਹ ਨਾ ਹੋਵੇ ਕਿ ਜੋ ਪਿਛਲੇ ਪੰਜ ਸਾਲਾਂ ਵਿਚ ਹੁੰਦਾ ਰਿਹਾ ਹੈ ਉਸ ਤੋਂ ਸਿਖਿਆ ਲੈਣ ਦੀ ਬਜਾਏ ਉਸੇ ਤਰ੍ਹਾਂ ਹੀ ਬੈਠੇ ਰਹੀਏ !

ਇਸ ਦੇ ਬਾਅਦ, ਚੇਅਰਮੈਨ ਸਾਹਿਬਾ, ਮੈਂ ਰੋਡਵੇਜ਼ ਦੇ ਮੁਤੱਲਕ ਅਰਜ਼ ਕਰਨੀ ਚਾਹੁੰਦਾ ਹਾਂ । ਮੈਂ ਹਮੇਸ਼ਾਂ ਇਸ ਖਿਆਲ ਦਾ ਰਿਹਾ ਹਾਂ ਕਿ ਇਹ ਜਿਹੜੀਆਂ ਪ੍ਰਾਈਵੇਟ ਬੱਸਾਂ ਚਲਦੀਆਂ ਹਨ, ਇਨ੍ਹਾਂ ਨੂੰ ਨੇਸ਼ਨੇਲਾਈਜ਼ ਕਰ ਲੈਣਾ ਚਾਹੀਦਾ ਹੈ । ਰੋਡਵੇਜ਼ ਜਿਹੜੀ ਇਸ ਵੇਲੇ ਚੱਲ ਰਹੀ ਹੈ ਉਸ ਦਾ ਜਿਹੜਾ ਚਲਾਉਣ ਦਾ ਸਿਸਟਮ ਹੈ, ਉਸ ਨੂੰ ਓਵਰਹਾਲ ਕਰਨ ਦੀ ਲੋੜ ਹੈ ਅਤੇ ਉਸ ਦੇ ਉਤੇ ਕੰਟਰੋਲ ਕਰਨ ਦੀ ਬੜੀ ਭਾਰੀ ਜ਼ਰੂਰਤ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤਸਿੰਘ ਅਟਵਾਲ]

ਕਿਉਂਕਿ ਉਸ ਨੂੰ ਦੇਖਕੇ ਕੋਈ ਵੀ ਮੇਰੇ ਵਰਗਾ ਸ਼ਖਸ਼ ਇਹ ਨਹੀਂ ਕਹੇਗਾ ਕਿ ਟਰਾਂਸਪੋਰਟ ਨੂੰ ਨੇਸ਼ਨੇਲਾਈਜ਼ ਨਾ ਕੀਤਾ ਜਾਵੇ । ਮੈਂ ਨਹੀਂ ਮੰਨਾਂਗਾ ਕਿ ਇਸ ਨੂੰ ਨੇਸ਼ਨੇਲਾਈਜ਼ ਨਾ ਕੀਤਾ ਜਾਵੇ। ਮੈਂ ਇਹ ਬੇਨਤੀ ਕਰਾਂਗਾ ਅਤੇ ਅੱਗੇ ਵੀ ਬੇਨਤੀ ਕੀਤੀ ਸੀ ਕਿ ਜਦ ਤੱਕ ਇਸ ਟਰਾਂਸਪੋਰਟ ਦੇ ਵਰਕਿੰਗ ਸਿਸਟਮ ਨੂੰ ਚੰਗੀ ਤਰ੍ਹਾਂ ਕੰਟਰੋਲ ਨਾ ਕੀਤਾ ਜਾਵੇ ਅਤੇ ਵਰਕਰਜ਼ ਨੂੰ ਉਸ ਦੀ ਮੈਨੇਜਮੈਂਟ/ਕਮੇਟੀਆਂ ਵਿਚ ਨਾ ਲਿਆਂਦਾ ਜਾਵੇ ਉਦੋਂ ਤੱਕ ਇਸ ਦੀ ਦਰੁਸਤੀ ਨਹੀਂ ਹੋ ਸਕਦੀ । ਇਸ ਲਈ ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗਾ ਕਿ ਇਹ ਜਿਹੜੇ ਵਰਕਰ ਹਨ ਉਨ੍ਹਾਂ ਨੂੰ ਮੈਨੇਜਮੈਂਟ/ਕਮੇਟੀਆਂ ਵਿਚ ਜਲਦੀ ਤੋਂ ਜਲਦੀ ਲੈ ਲੈਣਾ ਚਾਹੀਦਾ ਹੈ । ਜਦ ਤੱਕ ਉਹ ਆਪਣੀ ਜ਼ਿੰਮੇਂਵਾਰੀ ਨਹੀਂ ਮਹਿਸੂਸ ਕਰਨਗੇ ਕਿ ਅਸੀਂ ਪਬਲਿਕ ਦੀ ਸੇਵਾ ਕਰਨੀ ਹੈ ਉਦੋਂ ਤੱਕ ਇਹ ਕੰਮ ਚੰਗੀ ਤਰ੍ਹਾਂ ਨਹੀਂ ਚਲ ਸਕਣਾ । ਇਸ ਲਈ ਟਰਾਂਸਪੋਰਟ ਦਾ ਚੰਗੀ ਤਰ੍ਹਾਂ ਸੁਧਾਰ ਕੀਤਾ ਜਾਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬਾ, ਅੱਜ ਦੀ ਸਰਕਾਰ ਨੇ ਇਕ ਬੜਾ ਭਾਰੀ ਸਟੈਪ ਲਿਆ ਹੈ । ਉਹ ਇਹ ਹੈ ਕਿ ਉਨ੍ਹਾਂ ਲੋਕਾਂ ਨੂੰ ਘਰਾਂ ਵਾਸਤੇ ਜ਼ਮੀਨ ਦੇਣੀ ਹੈ ਜਿਨ੍ਹਾਂ ਦਾ ਕੋਈ ਘਰ ਘਾਟ ਨਾ ਹੋਵੇ ਅਤੇ ਨਾਂ ਉਨ੍ਹਾਂ ਦੇ ਕੋਲ ਕੋਈ ਜ਼ਮੀਨ ਹੈ । ਇਸ ਦੇ ਵਾਸਤੇ ਜਿਹੜਾ ਸਰਕਾਰ ਨੇ ਕਦਮ ਚੁੱਕਿਆ ਹੈ ਇਹ ਬੜਾ ਚੰਗਾ ਹੈ । ਇਹ ਸਹੀ ਮਾਅਨਿਆਂ ਵਿਚ ਡਿਵੈਲਪਮੈਂਟ ਦਾ ਕਦਮ ਹੈ । ਇਸ ਲਈ ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗਾ ਕਿ ਇਹ ਬੜਾ ਚੰਗਾ ਹੋਵੇਗਾ ਕਿ ਅਗਰ ਜਿੰਨੇ ਵੀ ਲੋਕਾਂ ਨੂੰ ਪਲਾਟ ਦੇਣੇ ਹਨ ਉਸ ਦੇ ਵਾਸਤੇ ਇਕ ਕਾਰਪੋਰੇਸ਼ਨ ਬਣਾਉਣ, ਇਕ ਸੁਸਾਇਟੀ ਬਣੇ ਜਿਹੜੀ ਕਿ ਇਕ ਨਵਾਂ ਫੰਡ ਕਰੀਏਟ ਕਰੇ ਅਤੇ ਚੰਗੇ ਸੁਚੱਜੇ ਢੰਗ ਦੇ ਨਾਲ ਸਾਰੇ ਮਕਾਨ ਅਤੇ ਨਵੀਆਂ ਕਲੋਨੀਜ਼ ਨੂੰ ਬਣਾਏ । ਕਿਉਂਕਿ ਬਹੁਤ ਸਾਰੇ ਲੋਕ ਐਸੇ ਹਨ ਜਿਨ੍ਹਾਂ ਕੋਲ ਕੋਈ ਆਮਦਨ ਦਾ ਵਸੀਲਾ ਨਹੀਂ ਹੈ ਅਤੇ ਉਨ੍ਹਾਂ ਦੇ ਕੋਲ ਕੋਈ ਪੈਸਾ ਨਹੀਂ ਹੈ ਜਿਸ ਨਾਲ ਉਹ ਮਕਾਨ ਬਣਾ ਸਕਣ । ਅਤੇ ਮਕਾਨ ਬਣਾ ਕੇ ਦੇਣ ਦੇ ਬਾਅਦ ਜਿਹੜਾ ਖਰਚਾ ਆਵੇ ਉਹ ਹੌਲੀ ਹੌਲੀ ਲੋਕਾਂ ਕੋਲੋਂ ਵਸਲਿਆ ਜਾਵੇ (ਵਿਘਨ)

**ਸਰਦਾਰ ਰਣਧੀਰ ਸਿਘ ਚੀਮਾਂ** : ਪੁਆਇੰਟ ਆਫ ਆਰਡਰ ਮੈਡਮ ਚੇਅਰਮੈਨ ਸਾਹਿਬਾ, ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੀ ਜ਼ਮੀਨ ਪਿੰਡ ਦੀ ਪੰਚਾਇਤ ਕੋਲੋਂ ਲੈ ਕੇ ਦੇਣੀ ਹੈ ਉਸ ਦਾ ਕਰੈਡਿਟ ਪੰਚਾਇਤ ਨੂੰ ਜਾਣਾ ਹੈ ਫਿਰ ਇਸ ਦਾ ਕਰੈਡਿਟ ਸਰਕਾਰ ਨੂੰ ਕਿਸ ਤਰ੍ਹਾਂ ਜਾਣਾ ਹੈ । ਇਹ ਪੰਚਾਇਤ ਨੂੰ ਪੈਸੇ ਦੇਣ ।

**ਸਰਦਾਰ ਸੁਰਜੀਤ ਸਿਘ ਅਟਵਾਲ** : ਚੇਅਰਮੈਨ ਸਾਹਿਬਾ, ਮੈਂ ਤੁਹਾਡੇ ਰਾਹੀਂ ਆਨ-ਰੇਬਲ ਮੈਂਬਰ ਸਰਦਾਰ ਰਣਧੀਰ ਸਿੰਘ ਚੀਮਾ, ਜੋ ਕਿ ਮਨਿਸਟਰ ਵੀ ਰਹਿ ਚੁੱਕੇ ਹਨ, ਨੂੰ ਅਰਜ਼ ਕਰਾਂਗਾ ਕਿ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਜਿਹੜੀ ਪੰਚਾਇਤ ਦੀ ਜ਼ਮੀਨ ਵੀ ਲੈਣੀ ਹੈ ਉਸ ਦਾ ਪੈਸਾ ਪੰਚਾਇਤ ਨੂੰ ਦੇਣਾ ਹੈ ।

ਚੇਅਰਮੈਨ ਸਾਹਿਬਾ, ਇਸ ਦੇ ਬਾਅਦ ਸਾਡੀ ਸਰਕਾਰ ਨੇ ਇਕ ਹੋਰ ਬੜਾ ਚੰਗਾ ਪ੍ਰੋਗ-ਰਾਮ ਸ਼ੁਰੂ ਕੀਤਾ ਹੈ । ਮਿਲਕਬਾਰ ਸ਼ੁਰੂ ਕੀਤੀਆਂ ਹਨ । ਚਿਲਿੰਗ ਪਲਾਂਟ ਲਗਾਉਣੇ ਸ਼ੁਰੂ ਕੀਤੇ ਹਨ । ਇਹ ਬੜਾ ਚੰਗਾ ਕੰਮ ਹੈ । ਇਹ ਬੜਾ ਚੰਗਾ ਕਦਮ ਹੈ । ਮਗਰ ਮੈਂ

Original with;
Punjab Vidhan Sabha
Digitized by;
Panjab Digital Library

ਰਿਕੁਐਸਟ ਕਰਾਂਗਾ ਇਹ ਜਿਹੜੀਆਂ ਬਾਰਾਂ ਖੋਲੀਆਂ ਗਈਆਂ ਹਨ ਉਥੇ ਜਿਹੜਾ ਸਟਾਫ ਮੁਕੱਰਰ ਹੈ ਉਸ ਉਤੇ ਪਿਛਲੀ ਅਕਾਲੀ ਸਰਕਾਰ ਦਾ ਕੁਝ ਪ੍ਰਭਾਵ ਹੈ । ਇਹ ਨਾ ਹੋਵੇ ਕਿ ਉਹ ਇਹੀ ਸਮਝਣ ਕਿ ਉਨ੍ਹਾਂ ਨੇ ਹਰ ਇਕ ਕੰਮ ਪਹਿਲੇ ਤਰੀਕੇ ਨਾਲ ਹੀ ਕਰਨਾ ਹੈ । ਇਸ ਲਈ ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗਾ ਕਿ ਇਨ੍ਹਾਂ ਨੇ ਇਹ ਜਿਹੜਾ ਚੰਗੇ ਸੁਚੱਜੇ ਢੰਗ ਨਾਲ ਕਦਮ ਉਠਾਇਆ ਹੈ ਇਸ ਵਲ ਹੋਰ ਧਿਆਨ ਦਿਤਾ ਜਾਵੇ ਅਤੇ ਇਥੇ ਜਿਹੜੀ ਸਰਕਾਰੀ ਮਸ਼ੀਨਰੀ ਹੈ ਉਸ ਨੂੰ ਚੰਗੇ ਜ਼ੋਰ ਨਾਲ ਕਿਹਾ ਜਾਵੇ ਕਿ ਇਹ ਪਬਲਿਕ ਦੀ ਬਿਹਤਰੀ ਵਾਸਤੇ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਨੂੰ ਚੰਗੇ ਸੁਚੱਜੇ ਤਰੀਕੇ ਨਾਲ ਚਲਾਇਆ ਜਾਵੇ । ਇਹ ਨਾ ਹੋਵੇ ਉਥੇ ਦੇ ਜਿਹੜੇ ਸੇਲਜ਼ਮੈਨ ਹਨ ਉਹ ਪੂਰੀ ਬੋਤਲ ਦੀ ਬਜਾਏ ਦੁੱਧ ਦੀ ਅੱਧੀ ਬੋਤਲ ਹੀ ਦੇਈ ਜਾਣ ਅਤੇ ਪੈਸੇ ਪੂਰੀ ਬੋਤਲ ਦੇ ਉਗਰਾਹੀ ਜਾਣ । ਜਿਨ੍ਹਾਂ ਉਤੇ 5 ਸਾਲ ਇਨ੍ਹਾਂ ਲੋਕਾਂ ਦਾ ਪਰਭਾਵ ਰਿਹਾ ਹੈ ਕਿ ਕੋਈ ਵੀ ਚੀਜ਼ ਚੋਰੀ ਜਾਂ ਕੁਰੱਪਸ਼ਨ ਦੇ ਬਗੈਰ ਨਹੀਂ ਕਰਨੀ ਤਾਂ ਉਸ ਦੇ ਵਾਸਤੇ ਇਕ ਸਾਲ ਵਿਚ ਸੁਧਾਰ ਕਰਨਾ ਬੜਾ ਮੁਸ਼ਕਲ ਕੰਮ ਹੈ । ਇਸ ਲਈ ਮੈਂ ਡਿਵੈਲਪਮੈਂਟ ਮਨਿਸਟਰ ਸਾਹਿਬ ਨੂੰ ਰਿਕੁ-ਐਸਟ ਕਰਾਂਗਾ ਕਿ ਜਿਹੜੇ ਇਨ੍ਹਾਂ ਨੇ ਕਦਮ ਉਠਾਏ ਹਨ ਇਨ੍ਹਾਂ ਦੀ ਪੂਰਤੀ ਲਈ ਇਨ੍ਹਾਂ ਨੂੰ ਧਿਆਨ ਨਾਲ ਦੇਖਿਆ ਜਾਵੇ । (ਤਾੜੀਆਂ)

ਇਸ ਤੋਂ ਅੱਗੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮਹਿੰਗਾਈ ਐਨੀ ਹਰ ਚੀਜ਼ ਦੀ ਹੋ ਗਈ ਹੈ ਕਿ ਜਿਹੜੇ ਆਮ ਮਿਡਲ ਕਲਾਸ ਦੇ ਜਾਂ ਗਰੀਬ ਲੋਕ ਹਨ ਉਨ੍ਹਾਂ ਵਾਸਤੇ ਜੀਊਣਾ ਬੜਾ ਮੁਸ਼ਕਲ ਹੋ ਗਿਆ ਹੈ । ਮੈਂ ਆਪਣੇ ਫੂਡ ਅਤੇ ਸਪਲਾਈ ਮਨਿਸਟਰ ਸਾਹਿਬ ਨੂੰ, ਜੋ ਕਿ ਬੜੇ ਭੋਲੇ ਭਾਲੇ ਹਨ, ਰਿਕੁਐਸਟ ਕਰਾਂਗਾ ਕਿ ਉਹ ਜੋ ਵੀ ਐਕਸ਼ਨ ਲੈਣ ਠੀਕ ਢੰਗ ਨਾਲ ਲੈਣ ਅਤੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਮੀਟ ਵਿਦ ਕਰਨ ਵਾਸਤੇ ਜੋ ਵੀ ਕਾਰਵਾਈ ਕਰਨ ਅਤੇ ਉਹ ਡੰਡੇ ਦੇ ਜ਼ੋਰ ਨਾਲ ਕਰਨ । ਇਸ ਤਰ੍ਹਾਂ ਭੋਲੇ ਭਾਲੇ ਬਣਕੇ ਗੱਲਾਂ ਨਹੀਂ ਬਣਦੀਆਂ । ਕਿਉਂਕਿ ਜਦ ਤੱਕ ਅਸੀਂ ਲੋਕਾਂ ਨੂੰ ਸਹੀ ਮਾਅਨਿਆਂ ਦੇ ਵਿਚ ਰੀਜ਼ਨੇਬਲ ਪਰਾਈਸ ਦੇ ਉਤੇ ਚੀਜ਼ਾਂ ਮੁਹੱਈਆਂ ਨਹੀਂ ਕਰਾਂਗੇ ਉਦੋਂ ਤੱਕ ਗੱਲ ਨਹੀਂ ਬਣਨੀ ਮਹਿੰਗਾਈ ਬਹੁਤ ਵਧ ਗਈ ਹੈ। ਹਰ ਇਕ ਚੀਜ਼ ਦੇ ਦਾਮ ਬਹੁਤ ਵਧ ਗਏ ਹਨ ਇਸ ਲਈ ਜੇ ਅਸੀਂ ਆਪਣੇ ਫਰਜ਼ ਤੋਂ ਕੁਤਾਹੀ ਕਰਾਂਗੇ ਤਾਂ ਇਹ ਠੀਕ ਨਹੀਂ ਹੋਵੇਗਾ । ਜਿਹੜਾ ਪਿਛਲੇ 5 ਸਾਲਾਂ ਦਾ ਅਕਾਲੀ ਹਕੂਮਤ ਦਾ ਪ੍ਰਭਾਵ ਪਿਆ ਹੋਇਆ ਹੈ, ਉਹ ਆਰਾਮ ਨਾਲ ਨਹੀਂ ਹਟਣਾ ਜਦ ਤੱਕ ਕਿ ਸਟਰੋਂਗ ਐਕਸ਼ਨ ਨਾਲ ਉਹ ਨਾ ਹਟਾਇਆ ਜਾਵੇ । ਇਸ ਲਈ ਸਟਰੋਂਗ ਐਕਸ਼ਨ ਲੈਣੇ ਪੈਣਗੇ ਤਾਕਿ ਲੋਕ ਸੁਖ ਦਾ ਸਾਹ ਲੈ ਸਕਣ ਅਤੇ ਉਹ ਪਿਛਲੇ 5 ਸਾਲਾਂ ਦਾ ਸੁਪਨਾ ਹੀ ਨਾ ਲੈਣ ਕਿ ਅਸੀਂ ਦੁੱਖ ਵਿਚ ਬੈਠੇ ਹਾਂ ।

ਇਸ ਤੋਂ ਇਲਾਵਾ ਮੈਂ ਹੋਰ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਨੇ ਇਕ ਹੋਰ ਬੜਾ ਚੰਗਾ ਕਦਮ ਚੁਕਿਆ ਹੈ। ਪਿਛਲੇ ਸਾਲ ਕੋਈ 8 ਹਜ਼ਾਰ ਨਵੇਂ ਟੀਚਰ ਭਰਤੀ ਕੀਤੇ ਹਨ । ਇਹ ਇੰਪਲਾਇਮੈਂਟ ਸਾਈਡ ਬਾਰੇ ਬੜਾ ਚੰਗਾ ਕਦਮ ਹੈ । ਮਗਰ ਇਸ ਤਰੀਕੇ ਨਾਲ 8 ਹਜ਼ਾਰ ਦੀ ਜਗ੍ਹਾਂ ਜੇ ਅਸੀਂ ਇਹ ਸਮਝੀਏ ਕਿ ਲੱਖਾਂ ਦੀ ਬੇਕਾਰੀ ਦੂਰ ਹੋ ਸਕਦੀ ਹੈ ਤਾਂ ਇਹ ਨਹੀਂ ਹੋ ਸਕਣਾ । ਐਜੂਕੇਸ਼ਨ ਮਨਿਸਟਰ ਇਥੇ ਬੈਠੇ ਹਨ, ਮੈਂ ਉਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਸਭ ਤੋਂ ਪਹਿਲਾਂ ਇਸ ਐਜੂਕੇਸ਼ਨ ਸਿਸਟਮ ਨੂੰ ਖਤਮ ਕਰ ਦਿੱਤਾ ਜਾਵੇ। ਇਸ ਸਿਸਟਮ ਨਾਲ ਕੰਮ ਨਹੀਂ ਬਣਨਾ । (ਵਿਘਨ) (ਹਾਸਾ) ਕਿਉਂਕਿ ਇਹ ਜਿਹੜਾ ਸਿਸਟਮ ਹੈ ਇਸ ਦੇ ਨਾਲ ਲੋਕ ਖਾਲੀ ਕਲਰਕ ਹੀ ਬਣ ਸਕਦੇ ਹਨ ਹੋਰ ਕੁਝ ਨਹੀਂ ਬਣ ਸਕਦੇ ।

Original with;
Punjab Vidhan Sabha
Digitized by;
Panjab Digital Library

**ਇਕ ਆਵਾਜ਼:** ਜਾਂ ਉਹ ਅਕਾਲੀ ਬਣ ਸਕਦੇ ਹਨ । (ਵਿਘਨ)

**ਸਰਦਾਰ ਸੁਰਜੀਤ ਸਿੰਘ ਅਟਵਾਲ:** ਸਾਡਾ ਜਿਹੜਾ ਐਜੂਕੇਸ਼ਨ ਦਾ ਸਿਸਟਮ ਹੈ ਉਸ ਨੂੰ ਇਸ ਤਰੀਕੇ ਨਾਲ ਬਦਲਣਾ ਚਾਹੀਦਾ ਹੈ ਜਦੋਂ ਲੜਕਾ ਮੈਟਰਿਕ ਵਿਚ ਪਹੁੰਚਦਾ ਹੈ ਤਾਂ ਉਸ ਨੂੰ ਕੋਈ ਟੈਕਨੀਕਲ ਨਾਲਜ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਹੁਣ ਕੀ ਕੰਮ ਕਰਨਾ ਹੈ। ਫਿਰ ਜਿਹੜਾ ਸਾਡਾ ਪੜ੍ਹਿਆ ਲਿਖਿਆ ਨੌਜਵਾਨ ਹੈ ਉਸ ਦੇ ਵਿਚ ਸਰਕਾਰ ਦੇ ਜ਼ਰੀਏ, ਯੂਨੀਵਰਸਿਟੀ ਦੇ ਜ਼ਰੀਏ ਇਹ ਫੀਲਿੰਗ ਲਿਆਉਣੀ ਚਾਹੀਦੀ ਹੈ ਕਿ ਲੇਬਰ ਦਾ ਕੰਮ ਕਰਨਾ, ਹੱਥ ਨਾਲ ਕੰਮ ਕਰਨਾ ਕੋਈ ਲੋ ਡਿਗਨਿਟੀ ਦਾ ਕੰਮ ਨਹੀਂ ਹੈ, ਇਹ ਬੜੀ ਹਾਈ ਡਿਗਨਿਟੀ ਦਾ ਕੰਮ ਹੈ ਤਾ ਕਿ ਜਿਹੜਾ ਪੜ੍ਹਿਆ ਲਿਖਿਆ ਤਬਕਾ ਹੈ ਉਹ ਖਾਲੀ ਕਲਰਕ ਬਣਨ ਵਾਸਤੇ ਹੀ ਤਿਆਰ ਨਾ ਹੋਈ ਜਾਵੇ ਸਗੋਂ ਕੋਈ ਟੈਕਨੀਕਲ ਟਰੇਨਿੰਗ ਲੈ ਕੇ ਆਪਣਾ ਕੰਮ ਸ਼ੁਰੂ ਕਰ ਸਕੇ ਅਤੇ ਉਹ ਨੌਕਰੀ ਪਿਛੇ ਹੀ ਨਾ ਦੌੜੀ ਫਿਰਨ ਇਹ ਗੱਲ ਤਦ ਹੋ ਸਕਦੀ ਹੈ ਜੇਕਰ ਸਰਕਾਰ ਪਿੰਡਾਂ ਦੇ ਵਿਚ ਛੋਟੀ ਛੋਟੀ ਇੰਡਸਟਰੀਜ਼ ਲਗਾਏ ਤਾਂ ਕਿ ਪੜ੍ਹੇ ਲਿਖੇ ਨੌਜਵਾਨ ਆਪਣਾ ਰੋਜ਼ਗਾਰ ਕਮਾ ਸਕਣ ।(ਵਿਘਨ)

ਦੂਸਰੀ ਗੱਲ ਚੇਅਰਮੈਨ ਸਾਹਿਬਾ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ਜੋ ਪਿੰਡਾਂ ਵਿਚ ਡਿਸਪੈਨਸਰੀਆਂ ਜਾਂ ਹਸਪਤਾਲ ਖੋਲ੍ਹਣ ਵਾਸਤੇ ਕਦਮ ਚੁਕਿਆ ਹੈ ਇਹ ਬੜਾ ਚੰਗਾ ਕਦਮ ਚੁਕਿਆ ਹੈ । (ਵਿਘਨ)

ਚੇਅਰਮੈਨ ਸਾਹਿਬ, ਚੀਮਾਂ ਸਾਹਿਬ ਜਦੋਂ ਮਨਿਸਟਰ ਸਨ ਤਾਂ ਉਹ ਆਪਣੇ ਵੇਲੇ ਆਪਣੇ ਹਲਕੇ ਵਿਚ ਹੀ ਸੜਕਾਂ ਬਣਾਉਂਦੇ ਰਹੇ ਹਨ, ਇਸ ਲਈ ਹੁਣ ਇਹ ਚੁੱਪ ਨਹੀਂ ਰਹਿ ਸਕਦੇ ਅਤੇ ਆਪਣੀਆਂ ਸਾਰੀਆਂ * * * * * * ਦਸੀ ਜਾ ਰਹੇ ਹਨ ।(ਵਿਘਨ)

**ਸਰਦਾਰ ਜਸਵਿੰਦਰ ਸਿੰਘ ਬਰਾੜ:** ਚੇਅਰਮੈਨ ਸਾਹਿਬ * * * ਅਨਪਾਰਲੀਮੈਂਟਰੀ ਹੈ, ਇਹ ਐਕਸਪੰਜ ਕਰ ਦਿਤਾ ਜਾਵੇ ।

**ਸ਼੍ਰੀ ਸਭਾਪਤੀ:** ਇਹ ਲਫ਼ਜ਼ * * * * * ਐਕਸਪੰਜ ਕਰ ਦਿੱਤਾ ਜਾਵੇ ।
(The words * * * be expunged)

**ਸਿਖਿਆ ਮੰਤਰੀ:** (ਸਰਦਾਰ ਉਮਰਾਓ ਸਿੰਘ) ਇਹ * * * * * * * ਅਨਪਾਰਲੀਆਮੈਂਟਰੀ ਨਹੀਂ ਜੀ । * * * * ਚੰਗੀਆਂ ਵੀ ਹੋ ਸਕਦੀਆਂ ਹਨ ਅਤੇ ਮਾੜੀਆਂ ਵੀ ਹੋ ਸਕਦੀਆਂ ਹਨ । ਅਸੀਂ ਚੰਗੀਆਂ * * * * ਕਰਦੇ ਹਾਂ ਅਤੇ ਇਹ ਮਾੜੀਆਂ * * * * ਕਰਦੇ ਰਹੇ ਹਨ । (ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ. ਚੇਅਰਮੈਨ ਸਾਹਿਬਾ, ਜੇ ਸਰਦਾਰ ਉਮਰਾਓ ਸਿੰਘ ਹੋਰੀ ਪੰਜਾਬ ਦੇ ਐਜੂਕੇਸ਼ਨ ਮਨਿਸਟਰ ਰਹੇ ਤਾਂ ਪੰਜਾਬ ਦੀ ਪੜ੍ਹਾਈ ਦਾ ਭੱਠਾ ਬੈਠ ਜਾਣਾ ਹੈ, * * * * ਸ਼ਬਦ ਕਦੇ ਚੰਗੀਆਂ ਵਾਸਤੇ ਨਹੀਂ ਵਰਤਿਆ ਜਾਂਦਾ । (ਵਿਘਨ)

ਇਕ ਆਵਾਜ਼: ਇਹ ਪੰਜਾਬੀ ਜ਼ਬਾਨ ਹੈ । (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ:** * * * * * * * * * *

**ਮਾਨਯੋਗ ਸਭਾਪਤੀ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।(This is no point of order )

**ਸਰਦਾਰ ਸੁਰਜੀਤ ਸਿੰਘ ਅਟਵਾਲ:** ਚੇਅਰਮੈਨ ਸਾਹਿਬਾ, ਜਿਹੜਾ ਲਫਜ਼ ਮੈਂ ਵਰਤਿਆ ਹੈ, ਉਹ ਅਨਪਾਰਲੀਮੈਂਟਰੀ ਨਹੀਂ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਦੇ ਐਕਸ਼ਨ ਸਨ ਉਹ ਉਨ੍ਹਾਂ ਨੂੰ ਹੁਣ ਮੁੜ ਮੁੜ ਕੇ ਯਾਦ ਆਉਂਦੇ ਹਨ ਅਤੇ ਇਸ ਕਰਕੇ ਬੋਲਦੇ ਹਨ । (ਵਿਘਨ) ਚੇਅਰਮੈਨ ਸਾਹਿਬਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਰਕਾਰ ਨੇ ਇਹ ਕਦਮ ਚੁਕਿਆ ਹੈ ਕਿ ਪਿੰਡ ਪਿੰਡ ਵਿਚ ਡਿਸਪੈਂਸਰੀ ਜਾਂ ਹਸਪਤਾਲ ਖੋਲ੍ਹਣੇ ਹਨ ਇਹ ਬਹੁਤ ਚੰਗਾ ਕਦਮ ਹੈ ਪਰ ਮੇਰੀ ਅਰਜ਼ ਹੈ ਕਿ ਇਤਨੀ ਜਲਦੀ ਸਾਰੇ ਪਿੰਡਾਂ ਵਿਚ ਸਰਕਾਰ ਡਿਸਪੈਂਸਰੀਆਂ ਵਗ਼ੈਰਾ ਪ੍ਰੋਵਾਈਡ ਨਹੀਂ ਕਰ ਸਕਦੀ । ਉਸ ਦੇ ਲਈ ਮੈਂ ਆਪਣੀ ਸਰਕਾਰ ਨੂੰ ਮੋਬਾਈਲ ਡਿਸਪੈਂਸਰੀਆਂ ਖੋਲ੍ਹਣ ਦੀ ਇਕ ਪ੍ਰੋਪੋਜ਼ਲ ਦਸਣਾ ਚਾਹੁੰਦਾ ਹਾਂ । ਕਿ ਉਹ ਬਲਾਕ ਲੈਵਲ ਤੇ ਡਿਸਪੈਂਸਰੀਆਂ ਖੋਲ੍ਹੇ ਅਤੇ ਸਾਰੇ ਡਾਕਟਰਾਂ ਦੀ ਇਹ ਡਿਊਟੀ ਲਗਾਏ ਕਿ ਉਹ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਡਾਕਟਰੀ ਸਹੂਲਤਾਂ ਦੇਣ । ਇਹ ਜਿਹੜੀ ਚੀਜ਼ ਹੈ ਇਸ ਦੇ ਨਾਲ ਕੋਈ ਬਹੁਤ ਖਰਚਾ ਵੀ ਨਹੀਂ ਆਵੇਗਾ ਅਤੇ ਬਿਲਡਿੰਗਾਂ ਵਗੈਰਾਂ ਦਾ ਵੀ ਬਹੁਤਾ ਖਰਚਾ ਬਚ ਸਕਦਾ ਹੈ । ਜੇ ਇਹ ਚੀਜ਼ ਕਰ ਦਿਤੀ ਜਾਵੇ ਤਾਂ ਇਸ ਦਾ ਨਤੀਜਾ ਚੰਗਾ ਹੋਵੇਗਾ ਨਹੀਂ ਤਾਂ ਸਾਨੂੰ 10-15 ਸਾਲ ਹੋਰ ਵੇਟ ਕਰਨਾ ਪਵੇਗਾ ਹਰ ਪਿੰਡ ਵਿਚ ਡਿਸਪੈਂਸਰੀ ਜਾਂ ਹਸਪਤਾਲ ਖੁਲ੍ਹਣ ਲਈ । (ਵਿਘਨ)

**ਇਕ ਆਵਾਜ਼ :** ਸਮਾਜਵਾਦ ਦਾ ਵਾਇਦਾ ਕੀਤਾ ਹੈ । ਲਿਆਉ ਹੁਣ ਸਮਾਜਵਾਦ । (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਤੋ ਚੇਅਰਮੈਨ ਸਾਹਿਬਾ, ਮੈਂ ਰਿਕੁਐਸਟ ਕਰਦਾ ਹਾਂ ਕਿ ਐਜੂਕੇਸ਼ਨ ਦੇ ਸਿਸਟਮ ਨੂੰ ਬਦਲਣਾ ਚਾਹੀਦਾ ਹੈ, ਪਰਾਈਸਿਜ਼ ਨੂੰ ਕੰਟਰੋਲ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਅੰਪਲਾਇਮੈਂਟ ਮੁਹੱਈਆ ਕਰਨੀ ਚਾਹੀਦੀ ਹੈ । ਮੈਂ ਆਪਣੀ ਸਰਕਾਰ ਨੂੰ ਅਰਜ਼ ਕਰਾਂਗਾ ਕਿ ਅਨਐਮਪਲਾਇਮੈਂਟ ਉਦੋਂ ਤਕ ਖਤਮ ਨਹੀਂ ਹੋ ਸਕਦੀ ਜਦੋਂ ਤਕ ਅਸੀਂ ਪਿੰਡਾਂ ਵਿਚ ਛੋਟੀਆਂ ਛੋਟੀਆਂ ਦਸਤਕਾਰੀਆਂ ਨਹੀਂ ਖੋਲ੍ਹਦੇ । ਇਸ ਅਨਐਮਪ-

Expunged as ordered by the Chair

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਅਟਵਾਲ]

ਲਾਇਮੈਂਟ ਨੂੰ ਦੂਰ ਕਰਨ ਲਈ ਪਿੰਡ ਪਿੰਡ ਵਿਚ ਛੋਟੀਆਂ ਛੋਟੀਆਂ ਇੰਡਸਟਰੀਆਂ ਖੋਲ੍ਹਣ ਲਈ ਅਗਰ ਸਾਡੀ ਸਰਕਾਰ ਨੂੰ 10-15 ਕਰੋੜ ਰੁਪਿਆ ਖਰਚ ਕਰਨਾ ਪਵੇ ਤਾਂ ਇਸ ਦੇ ਲਈ ਸਾਨੂੰ ਖਰਚ ਕਰ ਦੇਣਾ ਚਾਹੀਦਾ ਹੈ। ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਨਐਮਪ-ਲਾਇਮੈਂਟ ਇਸ ਤਰ੍ਹਾਂ ਵੀ ਦੂਰ ਹੋ ਸਕਦੀ ਹੈ ਕਿ ਪਿੰਡਾਂ ਵਿਚ ਜਿਹੜੀਆਂ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ ਉਥੇ ਉਨ੍ਹਾਂ ਰੂਟਾਂ ਤੇ ਮਿਨੀ ਬੱਸਾਂ ਚਲਾਈਆਂ ਜਾਣ ਤਾਂ ਕਿ ਪੜ੍ਹੇ ਲਿਖੇ ਜਾਂ ਦੂਸਰੇ ਲੋਕ ਡਰਾਈਵਰੀ ਵਗੈਰਾ ਸਿੱਖ ਕੇ ਇਹ ਕੰਮ ਕਰ ਸਕਣ ਅਤੇ ਆਪਣੇ ਬੱਚਿਆਂ/ਪ੍ਰਵਾਰ ਨੂੰ ਪਾਲ ਸਕਣ।

(ਘੰਟੀ)

**ਮਾਨਯੋਗ ਸਭਾਪਤੀ :** ਹੁਣ ਵਾਈਂਡ ਅੱਪ ਕਰ ਦਿਉ ਜੀ। (Please wind up now)

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸੋ ਚੇਅਰਮੈਨ ਸਾਹਿਬਾ, ਮੈਂ ਆਪਣੀ ਸਰਕਾਰ ਨੂੰ ਇਕ ਵਾਰੀ ਫਿਰ ਰਿਕੁਐਸਟ ਕਰਾਂਗਾ ਕਿ ਜਿਹੜਾ ਇਲੈਕਟਰੀਸਿਟੀ ਦਾ ਮਸਲਾ ਹੈ, ਮਹਿੰਗਾਈ ਦਾ ਮਸਲਾ ਹੈ ਔਰ ਅਨਐਮਪਲਾਇਮੈਂਟ ਦਾ ਮਸਲਾ ਹੈ ਇਨ੍ਹਾਂ ਨੂੰ ਦੂਰ ਕਰਨ ਦੇ ਲਈ ਜਲਦੀ ਤੋਂ ਜਲਦੀ ਕੋਈ ਐਕਸ਼ਨ ਲੈਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਕ ਹੋਰ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਨੈਸ਼ਨੇਲਾਈਜ਼ਡ ਬਸਾਂ ਚਲਦੀਆਂ ਹਨ ਉਥੇ ਪ੍ਰਾਈਵੇਟ ਬਸਾਂ ਜਿਹੜੀਆਂ ਚਲਦੀਆਂ ਹਨ ਉਹ ਨਹੀਂ ਚਲਣੀਆਂ ਚਾਹੀਦੀਆਂ ਜਿਵੇਂ ਕਿ ਜਲੰਧਰ ਤੋਂ (ਹਾਸਾ) ਪਠਾਨਕੋਟ ਜੋ ਬਸਾਂ ਚਲਦੀਆਂ ਹਨ ਉਹ ਜਾਂ ਤਾਂ ਨੈਸ਼ਨੈਲਾਈਜ਼ ਰੂਟ ਵਿਚ ਰਹਿਣ ਜਾਂ ਉਹ ਰੂਟਸ ਪ੍ਰਾਈਵੇਟ ਉਪਰੇਟਰਜ਼ ਕੋਲ ਰਹਿਣ। (ਵਿਘਨ) (ਹਾਸਾ) ਅੰਤ ਵਿਚ ਚੇਅਰਮੈਨ ਸਾਹਿਬਾ, ਮੈਂ ਤੁਹਾਡੇ ਰਾਹੀਂ ਇਕ ਵਾਰੀ ਫੇਰ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

---

## WALK-OUT

(ਇਸ ਵਕਤ ਸਰਦਾਰ ਜਸਵਿੰਦਰ ਸਿੰਘ ਬਰਾੜ, ਕਾਮਰੇਡ ਸੱਤਪਾਲ ਡਾਂਗ ਅਤੇ ਹੋਰ ਕਈ ਆਨਰੇਬਲ ਮੈਂਬਰਜ਼ ਬੋਲਣ ਲਈ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਸ੍ਰੀ ਡਿਪਟੀ ਸਪੀਕਰ ਨੇ ਸਰਦਾਰ ਜਸਵਿੰਦਰ ਸਿੰਘ ਬਰਾੜ ਨੂੰ ਬੋਲਣ ਲਈ ਕਿਹਾ)

**ਕਾਮਰੇਡ ਸਤਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਕਾਂਗਰਸ ਵਲੋਂ ਤਿੰਨ ਮੈਂਬਰ ਬੋਲ ਚੁਕੇ ਹਨ। ਇਧਰੋਂ ਬਾਦਲ ਸਾਹਿਬ ਬੋਲ ਚੁਕੇ ਹਨ, ਹੁਣ ਸਾਨੂੰ ਬੋਲਣ ਦੇਣਾ ਚਾਹੀਦਾ (ਵਿਘਨ) ਹੈ। ਇਸ ਤਰ੍ਹਾਂ ਦਾ ਕਦੇ ਕੋਈ ਪ੍ਰੈਸੀਡੈਂਟ ਨਹੀਂ ਹੋਇਆ। (ਵਿਘਨ)

**Mr Deputy Speaker :** I have already called upon Sardar Jaswinder Singh Brar. You may please speak after him.

**ਕਾਮਰੇਡ ਸੱਤਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਅਸੀਂ ਐਜ਼ ਏ ਪ੍ਰੋਟੈਸਟ ਵਾਕ-ਆਊਟ ਕਰਦੇ ਹਾਂ (ਵਿਘਨ)

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ

## RESUMPTION OF DISCUSSION ON GOVERNOR'S ADDRESS

**ਸਰਦਾਰ ਜਸਵਿੰਦਰ ਸਿੰਘ ਬਰਾੜ** : (ਕੋਟ ਕਪੂਰਾ) ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਦੇ ਬਣਨ ਤੋਂ ਬਾਅਦ ਇਹ ਇਨ੍ਹਾਂ ਵਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਭਾਈ ਲਾਲੋ ਦੀ ਸਰਕਾਰ ਹੈ, ਇਹ ਗਰੀਬਾਂ ਦੀ ਗਰੀਬੀ ਦੂਰ ਕਰੇਗੀ, ਕਿਸਾਨ ਨੂੰ ਖੁਸ਼ਹਾਲ ਕਰੇਗੀ, ਪਬਲਿਕ ਸੈਕਟਰ ਵਿਚ ਵੱਧ ਇੰਡਸਟਰੀ ਲਾਏਗੀ ਅਤੇ ਸੋਸ਼ਲਿਜ਼ਮ ਲਿਆਉਣ ਵਾਸਤੇ ਵੱਧ ਤੋਂ ਵੱਧ ਕੰਮ ਕਰੇਗੀ । (ਵਿਘਨ)

**ਸ੍ਰੀ ਡਿਪਟੀ ਸਪੀਕਰ** : ਗੱਲ ਬੜੀ ਮਾਮੂਲੀ ਸੀ, ਉਨ੍ਹਾਂ ਨੂੰ ਵਾਕ-ਆਊਟ ਨਹੀਂ ਕਰਨਾ ਚਾਹੀਦਾ ਸੀ ਹਾਲੇ ਡਿਸਕਸ਼ਨ ਦੇ ਦੋ ਦਿਨ ਹੋਰ ਪਏ ਹਨ । (It was an ordinary matter. They should not have staged walk-out. There are two days more for the discussion on the Governor's address.)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਲੇਕਿਨ ਡਿਪਟੀ ਸਪੀਕਰ ਸਾਹਿਬ, ਹੋਇਆ ਕੀ ਇਨ੍ਹਾਂ ਦੀ ਸਰਕਾਰ ਬਣਨ ਦੇ ਬਾਅਦ ਕੁਨਬਾਪ੍ਰਵਰੀ, ਰਿਸ਼ਵਤਖੋਰੀ, ਨਿਪੋਟਿਜ਼ਮ ਅਤੇ ਫੇਵਰਿਟਿਜ਼ਮ ਬਹੁਤ ਵੱਧ ਗਈ । ਇਸ ਦੀਆਂ ਪ੍ਰਤੱਖ ਮਿਸਾਲਾਂ ਮੈਂ ਆਪ ਦੇ ਸਾਹਮਣੇ ਰਖਾਂਗਾ ।

ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਇਕ ਪੋਲਿਸਟਰ ਪਲਾਂਟ ਜਿਹੜਾ ਪਬਲਿਕ ਸੈਕਟਰ ਵਿਚ ਲਾਉਣ ਵਾਸਤੇ ਸੈਂਟਰ ਗੌਰਮੈਂਟ ਨੇ ਰਿਕੁਮੈਂਡ ਕਰਕੇ ਘਲਿਆ ਸੀ ਉਸ ਬਾਰੇ ਥਾਪਰ ਕੰਪਨੀ ਨਾਲ ਸੌਦੇ ਬਾਜ਼ੀ ਕਰਨ ਦੇ ਯਤਨ ਕੀਤੇ ਗਏ ਹਨ। ਸੋ ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਗਰੀਬੀ ਦੂਰ ਕਰਨ ਦਾ ਦਾਅਵਾ ਕਰਦੇ ਹਨ, ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹਨ, ਜਿਹੜੇ ਗਰੀਬਾਂ ਦੇ ਹਮਦਰਦ ਬਣਦੇ ਹਨ, ਇਹ ਪਬਲਿਕ ਸੈਕਟਰ ਵਿਚ ਵੱਡੇ ਵੱਡੇ ਸਰਮਾਏਦਾਰਾਂ ਨੂੰ, ਇਜ਼ਾਰਾਦਾਰਾਂ ਨੂੰ, ਮਨਾਪੋਲਿਸਟਾਂ ਨੂੰ ਅਤੇ ਬਲੈਕਮਾਰਕੀਟੀਆਂ ਨੂੰ ਲਿਆ ਰਹੇ ਹਨ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਸੋਸ਼ਲਿਜ਼ਮ ਆ ਨਹੀਂ ਸਕਦਾ, (ਵਿਘਨ) ਤੇ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਉਹ ਪੋਲਿਸਟਰ ਪਲਾਂਟ ਜਿਸਦਾ ਥਾਪਰ ਕੰਪਨੀ ਨਾਲ ਸੌਦਾ ਕੀਤਾ ਜਾ ਰਿਹਾ ਹੈ ਇਹ ਪਬਲਿਕ ਸੈਕਟਰ ਵਿਚ ਲਾਉਣਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਸੈਂਟਰਲ ਗੌਰਮਿੰਟ ਨੇ ਪਬਲਿਕ ਸੈਕਟਰ ਵਿਚ ਲਾਉਣ ਵਾਸਤੇ ਰਿਕੁਮੈਂਡ ਕੀਤਾ ਹੈ । ਇਹ ਕਿਸੇ ਪ੍ਰਾਈਵੇਟ ਫ਼ਰਮ ਨੂੰ ਅਮੀਰ ਬਣਾਉਣ ਵਾਸਤੇ ਮੁਤਕਿਲ ਨਹੀਂ ਕਰਨਾ ਚਾਹੀਦਾ ।

ਦੂਸਰੀ ਗੱਲ ਇਹ ਹੈ ਕਿ ਇਸ ਸਰਕਾਰ ਦਾ ਲੁਧਿਆਣਾ ਵਿਚ ਬ੍ਰਿਊਰੀ ਪਬਲਿਕ ਸੈਕਟਰ ਵਿਚ ਲਾਉਣ ਦਾ ਵਿਚਾਰ ਸੀ । (ਵਿਘਨ) ਸਰਕਾਰ ਨੇ ਸ਼ਰਾਬ ਤਾਂ ਪਹਿਲਾਂ ਹੀ ਖੁਲ੍ਹੀ ਕੀਤੀ ਹੋਈ ਹੈ, ਪਰ ਇਜ਼ਾਰੇਦਾਰਾਂ ਨੂੰ ਹੋਰ ਖੁਸ਼ਹਾਲ ਬਣਾਉਣ ਵਾਸਤੇ ਉਹ ਵੀ ਉਬਰਾਏ ਹੋਟਲ ਦੇ ਮਾਲਕ ਨੂੰ ਦੇਣ ਦੇ ਯਤਨ ਕੀਤੇ ਜਾ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦਾ ਸਮਾਜਵਾਦ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬਾਂ ਨੂੰ ਹੋਰ ਗਰੀਬ ਬਣਾਉਂਦਾ ਹੀ ਨਹੀਂ ਬਲਕਿ ਗਰੀਬਾਂ ਨੂੰ ਇਥੇ ਨਾ ਰਹਿਣ ਦੇਣ ਵਾਸਤੇ ਯਤਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਵਿੰਦਰ ਸਿੰਘ ਬਰਾੜ]

ਕੀਤੇ ਜਾ ਰਹੇ ਹਨ । ਜੇ ਇਸ ਤਰ੍ਹਾਂ ਹੁੰਦਾ ਰਿਹਾ ਤਾਂ ਜਿਹੜਾ ਇਨ੍ਹਾਂ ਦਾ ਫੋਕਾ ਨਾਅਰਾ ਸਮਾਜਵਾਦ ਦਾ ਹੈ ਉਹ ਜਨਤਾ ਦੇ ਸਾਹਮਣੇ ਨੰਗਾ ਹੋ ਚੁਕਾ ਹੈ ਅਤੇ ਜਨਤਾ ਨੇ ਉਧਰ ਬੈਠੇ ਸੱਜਣਾ ਨੂੰ ਉਧਰ ਨਹੀਂ ਬੈਠਣ ਦੇਣਾ ।

ਤੀਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਇਨ੍ਹਾਂ ਨੇ ਦੋ ਹੋਰ ਪ੍ਰਾਜੈਕਟ ਖੋਲ੍ਹਣ ਦੇ ਉਪਰਾਲੇ ਕੀਤੇ ਹਨ । ਇਕ ਟੈਲੀਵੀਜ਼ਨ ਸੈਟ ਬਣਾਉਣ ਵਾਲਾ ਹੈ ਜੋ ਕਿ ਪਬਲਿਕ ਸੈਕਟਰ ਵਿਚ ਲਾਉਣਾ ਚਾਹੀਦਾ ਹੈ ਤਾਂ ਕਿ ਪਬਲਿਕ ਸੈਕਟਰ ਵਿਚ ਵੱਧ ਤੋਂ ਵੱਧ ਇੰਡਸਟਰੀ ਲਾਈ ਜਾਵੇ । ਲੇਕਿਨ ਬੰਬਈ ਦੇ ਇਕ ਮਿਸਟਰ ਭੱਟੀ ਹਨ ਅਤੇ ਉਨ੍ਹਾਂ ਤੋਂ ਇਸ ਸਰਕਾਰ ਦੇ ਨੁਮਾਇੰਦਿਆਂ ਨੇ ਹੱਥ ਗਰਮ ਕੀਤੇ ਹਨ ਅਤੇ ਉਸ ਪ੍ਰਾਜੈਕਟ ਦਾ ਮਿਸਟਰ ਭੱਟੀ ਨੂੰ ਮੈਨੇਜਿੰਗ ਡਾਇਰੈਕਟਰ ਬਣਾ ਰਹੇ ਹਨ ਅਤੇ ਉਸ ਦੇ ਲੜਕੇ ਨੂੰ ਮੈਨੇਜਰ ਬਣਾਇਆ ਜਾ ਰਿਹਾ ਹੈ । ਇਹ ਸਰਕਾਰ ਇਕ ਪਾਸੇ ਤਾਂ ਸੋਸ਼ਲਿਜ਼ਮ ਦਾ ਰੋਣਾ ਰੋਂਦੀ ਹੈ ਅਤੇ ਦੂਜੇ ਪਾਸੇ ਇਹ ਚੀਜ਼ ਕਰਦੀ ਹੈ । ਸੋ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਸਰਕਾਰ ਇਹੋ ਜਿਹੀਆਂ ਕੁਚਾਲਾਂ ਚਲਦੀ ਰਹੀ ਤਾਂ ਗਰੀਬੀ ਨੇ ਤਾਂ ਕੀ ਦੂਰ ਹੋਣਾ ਹੈ ਗਰੀਬ ਹੀ ਦੂਰ ਹੋ ਜਾਣਗੇ।

ਫਿਰ ਡਿਪਟੀ ਸਪੀਕਰ ਸਾਹਿਬ, ਤੋਸ਼ਿਬਾ ਆਨੰਦ ਬੈਟਰੀ ਪਲਾਂਟ ਦੀ ਗਲ ਹੈ । ਉਸ ਵਿਚ ਇਨ੍ਹਾਂ ਨੇ 20 ਲੱਖ ਰੁਪਿਆਂ ਦਿਵਾਇਆ ਹੈ ਅਤੇ 6 ਲੱਖ ਰੁਪਇਆਂ ਉਨ੍ਹਾਂ ਤੋਂ ਲੈ ਲਿਆ ਹੈ ਅਤੇ 14 ਲੱਖ ਰੁਪਏ ਉਨ੍ਹਾਂ ਨੂੰ ਹੋਰ ਲੋਨ ਵਧਾ ਦੇਣ ਦੇ ਯਤਨ ਕੀਤੇ ਜਾ ਰਹੇ ਹਨ । ਜੇ ਇਸ ਤਰ੍ਹਾਂ ਫੇਵਰਟਇਜ਼ਮ ਅਤੇ ਨੇਪੋਟਿਜ਼ਮ ਹੁੰਦੀ ਰਹੀ ਤਾਂ ਇਹ ਅਮੀਰਾਂ ਨੂੰ ਹੋਰ ਅਮੀਰ ਬਣਾਉਣ ਦੇ ਯਤਨ ਹਨ । ਇਸ ਤਰ੍ਹਾਂ ਪੰਜਾਬ ਦੇ ਵਿਚ ਵੱਡੇ ਸਕੈਂਡਲ ਕੀਤੇ ਜਾ ਰਹੇ ਹਨ ਅਤੇ ਵਜ਼ੀਰ ਸਾਹਿਬ ਆਪਣੀਆਂ ਜੇਬਾਂ ਅਤੇ ਤਲੀਆਂ ਗਰਮ ਕਰਕੇ ਅਮੀਰ ਬਣਨ ਦੇ ਯਤਨ ਕਰ ਰਹੇ ਹਨ ।

ਅਗਲੀ ਗੱਲ ਮੈਂ ਇਹ ਅਰਜ਼ ਕਰਦਾ ਹਾਂ ਕਿ ਹਾਰਵੈਸਟਰ ਕੰਬਾਈਨਜ਼ ਜੋ 512 ਅਸੀਂ ਮੰਗਵਾਈਆਂ ਸੀ ਉਨ੍ਹਾਂ ਦੀ ਗਲ ਬੜੀ ਸੁਣਨ ਵਾਲੀ ਹੈ । ਜਿਹੜੀ ਮਸ਼ੀਨ ਦਾ ਬਲੇਡ 14 ਫੁਟ ਸੀ ਅਸੀਂ 95 ਹਜ਼ਾਰ ਰੁਪਏ ਵਿਚ ਮੰਗਵਾਈ ਸੀ । ਇਸ ਸੋਸ਼ਲਿਜ਼ਮ ਲਿਆਉਣ ਵਾਲੀ ਸਰਕਾਰ ਨੇ ਗਰੀਬੀ ਦੂਰ ਕਰਨ ਵਾਸਤੇ ਕਿਸੇ ਹੋਰ ਕੰਪਨੀ ਨਾਲ ਸੌਦਾ ਕੀਤਾ ਹੈ ਇਕ ਛੋਟੀ ਮਸ਼ੀਨ 1.27 ਲੱਖ ਰੁਪਏ ਵਿਚ ਖਰੀਦੀ ਹੈ । ਡਿਪਟੀ ਸਪੀਕਰ ਸਾਹਿਬ, ਉਹ ਮਸ਼ੀਨ ਛੋਟੀ ਹੈ ਅਤੇ ਉਸ ਦੇ ਸਿਰਫ਼ 8 ਬਲੇਡ ਹਨ ਜਿਨ੍ਹਾਂ ਦਾ ਸੌਦਾ ਇਨ੍ਹਾਂ ਨੇ 1.27 ਲੱਖ ਰੁਪਏ ਵਿਚ ਕੀਤਾ ਹੈ ਅਤੇ ਜਿਹੜੀ ਅਸੀਂ ਮੰਗਵਾਈ ਸੀ ਉਹ 14 ਬਲੇਡਾਂ ਵਾਲੀ ਸੀ ਅਤੇ 95 ਹਜ਼ਾਰ ਵਿਚ ਆਈ ਸੀ । ਹੁਣ ਤੁਸੀਂ ਆਪ ਹੀ ਕੰਪੇਰੀਜ਼ਨ ਕਰ ਲਵੋ । ਇਸ ਤਰ੍ਹਾਂ ਇਨ੍ਹਾਂ ਕੁਣਬਾਪਰਵਰੀ ਕੀਤੀ ਅਤੇ ਅਮੀਰਾਂ ਨੂੰ ਹੋਰ ਅਮੀਰ ਬਣਾਉਣ ਦੇ ਯਤਨ ਕੀਤੇ ਹਨ । ਇਹ ਗਰੀਬਾਂ ਨੂੰ, ਮਜ਼ਦੂਰਾਂ ਨੂੰ, ਕਿਸਾਨਾਂ ਨੂੰ ਰਾਹਤ ਦੇਣ ਵਾਲੀ ਸਰਕਾਰ ਆਪਣੇ ਅਡੋ ਅਡੀ ਜੇਬਾਂ ਭਰ ਰਹੀ ਹੈ ਅਤੇ ਗਰੀਬਾਂ ਨੇ ਇਨ੍ਹਾਂ ਨੂੰ ਰਹਿਣ ਨਹੀਂ ਦੇਣਾ ।

ਅਗਲੀ ਗਲ ਡਿਪਟੀ ਸਪੀਕਰ ਸਾਹਿਬ, ਸਿਨੇਮਾ ਨੈਸ਼ਨਲਾਈਜ਼ੇਸ਼ਨ ਦੀ ਹੈ । ਡਿਪਟੀ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਵਰਕਰ ਘਰਾਣੇ ਵਿਚੋਂ ਚੀਫ ਮਨਿਸਟਰ ਬਣੇ ਹਨ । ਲੋਕਾਂ ਦਾ ਵਿਚਾਰ ਸੀ ਕਿ ਉਹ ਲੋਕਾਂ ਲਈ ਕੋਈ ਚੰਗੇ ਕੰਮ ਕਰਨਗੇ । ਅਤੇ ਲੋਕਾਂ

Original with;
Punjab Vidhan Sabha
Digitized by;
Panjab Digital Library

ਦੀਆਂ ਤਕਲੀਫ਼ਾਂ ਛੇਤੀ ਤੋਂ ਛੇਤੀ ਦੂਰ ਕਰਨ ਦਾ ਯਤਨ ਕਰਨਗੇ । ਅਸੀਂ ਕਿਹਾ ਕਿ ਜੋ ਵੀ ਤੁਸੀਂ ਚੰਗੀ ਗਲ ਕਰੋਗੇ ਅਸੀਂ ਉਸ ਦੀ ਪ੍ਰੋੜ੍ਹਤਾ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਅਸੀਂ ਪ੍ਰੋੜ੍ਹਤਾ ਕੀਤੀ ਅਸੀਂ ਕਿਹਾ ਕਿ ਸਿਨੇਮਾ ਨੈਸ਼ਨੇਲਾਈਜ਼ ਹੋਣੇ ਚਾਹੀਦੇ ਹਨ, ਅਰਬਨ ਪ੍ਰਾਪਰਟੀ ਤੇ ਸੀਲਿੰਗ ਹੋਣੀ ਚਾਹੀਦੀ ਹੈ । ਮੈਂ ਕਿਹਾ ਕਿ ਢਾਈ ਲੱਖ ਦੀ ਜਾਇਦਾਦ ਪਿੰਡਾਂ ਵਿਚ ਅਤੇ ਢਾਈ ਲੱਖ ਦੀ ਜਾਇਦਾਦ ਸ਼ਹਿਰਾਂ ਵਿਚ ਹੋਣੀ ਚਾਹੀਦਾ ਹੈ । ਪਰ ਚੀਫ ਮਨਿਸਟਰ ਸਾਹਿਬ ਜੋ ਇਸ ਤਰ੍ਹਾਂ ਦੀਆਂ ਗੱਲਾਂ ਪਹਿਲਾਂ ਕਰਦੇ ਹੁੰਦੇ ਸਨ ਉਹ ਸਾਰੀਆਂ ਫ਼ਰਾਡ ਨਿਕਲੀਆ ਅਤੇ ਉਹ ਜਨਤਾ ਦੇ ਸਾਹਮਣੇ ਨੰਗੇ ਹੋ ਗਏ । ਗਿਆਨੀ ਜੀ ਵਰਕਰਾਂ ਦੇ ਨੁਮਾਇੰਦੇ ਨਾ ਰਹਿ ਕੇ ਅਮੀਰਾਂ ਦੇ ਨੁਮਾਇੰਦੇ, ਸਰਮਾਇਦਾਰਾਂ ਦੇ ਨੁਮਾਇੰਦੇ ਅਤੇ ਇਜ਼ਾਰੇਦਾਰਾਂ ਦੇ ਨੁਮਾਇੰਦੇ ਬਣ ਗਏ । ਮੈਂ ਅਰਜ਼ ਕਰਾਂ ਕਿ ਇਸ ਸਰਕਾਰ ਦੇ ਵਜ਼ੀਰਾਂ ਨੇ ਇਸ ਕਾਂਗਰਸ ਪਾਰਟੀ ਦੇ ਨੁਮਾਇੰਦਿਆਂ ਨੇ ਅਤੇ ਵੱਡੇ ਵੱਡੇ ਅਹੁਦੇਦਾਰਾਂ ਨੇ ਸਿਨੇਮਾਂ ਦੇ ਮਾਲਕਾਂ ਤੋਂ ਕੋਈ 6-7 ਲੱਖ ਰੁਪਏ ਲੈ ਲਏ ਹਨ । ਡਿਪਟੀ ਸਪੀਕਰ ਸਾਹਿਬ, ਲੋਕ ਕਹਿੰਦੇ ਹਨ ਕਿ ਇਸ ਤਰ੍ਹਾਂ ਇਲਜ਼ਾਮ ਲਾਉਂਦੇ ਹਨ ਮੈਂ ਅਰਜ਼ ਕਰਾਂਗਾ ਕਿ ਮੈਂ ਸਾਬਤ ਕਰਨ ਨੂੰ ਤਿਆਰ ਹਾਂ ਕਿ ਇਨ੍ਹਾਂ ਨੇ ਸਿਨੇਮਾਂ ਦੇ ਮਾਲਕਾਂ ਕੋਲੋਂ ਕਾਂਗਰਸ ਭਵਨ ਬਣਾਉਣ ਲਈ ਪੈਸੇ ਲਏ ਹਨ ਅਤੇ ਉਨ੍ਹਾਂ ਦੇ ਕੋਲ ਫਿਕਸਡ ਡਿਪਾਜ਼ਿਟਸ ਦੀਆਂ ਰਸੀਦਾਂ ਹਨ । ਟੇਪ ਰਿਕਾਰਡਿੰਗ ਹੋਈ ਹੋਈ ਹੈ ਕਿ ਇਸ ਕਾਂਗਰਸ ਪਾਰਟੀ ਦੇ ਨੁਮਾਇੰਦਿਆਂ ਨੇ ਕਿਹਾ ਕਿ ਇਹ ਪੈਸੇ ਘੱਟ ਹਨ, ਵੱਧ ਹੋਣੇ ਚਾਹੀਦੇ ਸੀ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਦੇ ਆਗੂ ਗਰੀਬਾਂ ਨੂੰ ਕੀ ਨਿਆਏ ਦੇਣਗੇ ਅਤੇ ਕੀ ਸੋਸ਼ਲਿਜ਼ਮ ਲਿਆਉਣਗੇ । ਇਨ੍ਹਾਂ ਦੀ ਤਾਂ ਇਹ ਹਾਲਤ ਹੈ ਕਿ ਇਹ ਤਾਂ ਆਪਣੀਆ ਤਿਜੌਰੀਆਂ ਭਰ ਰਹੇ ਹਨ । ਇਹ ਕਮਿਊਨਿਸਟਾਂ ਤੇ ਇਲਜ਼ਾਮ ਲਾਉਂਦੇ ਹਨ ਕਿ ਤੁਸੀਂ ਲੋਕਾਂ ਤੋਂ ਨਾਜਾਇਜ਼ ਪੈਸੇ ਲੈ ਕੇ ਭਵਨ ਬਣਾਇਆ ਹੈ, ਪਰ ਇਹ ਉਹ ਚੀਜ਼ ਸਾਬਤ ਨਹੀਂ ਕਰ ਸਕੇ । ਇਨ੍ਹਾਂ ਨੇ ਆਪਣੇ ਭਵਨ ਲਈ ਪੈਸੇ ਲਏ ਹਨ ਸਿਨੇਮਾਂ ਦੇ ਮਾਲਕਾਂ ਕੋਲੋਂ ਮੈਂ ਇਹ ਸਾਬਤ ਕਰ ਸਕਦਾ ਹਾਂ । ਸਿਨਮੇ ਵਾਲਿਆਂ ਕੋਲ ਰਸੀਦਾਂ ਹਨ ਜਿਹੜੀਆਂ ਕਾਂਗਰਸ ਦਾ ਭਵਨ ਬਣਾਉਣ ਵਾਸਤੇ ਇਨ੍ਹਾਂ ਵਜ਼ੀਰਾਂ ਨੇ ਕਾਂਗਰਸ ਦੇ ਆਗੂਆਂ ਨੇ ਉਨ੍ਹਾਂ ਨੂੰ ਦਿਤੀਆਂ ਹਨ ਅਤੇ ਅਜੇ ਸੌਦਾ ਬੰਦ ਨਹੀਂ ਹੋਇਆ ਹੋਰ ਗੱਲ ਚੱਲ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਇਨ੍ਹਾਂ ਨੇ, ਆਪਣੀਆ ਜੇਬਾਂ ਭਰਨ ਦਾ ਯਤਨ ਕੀਤਾ ਹੈ ਅਤੇ ਸਿਨਮੇ ਨੈਸ਼ਨੇਲਾਈਜ਼ ਨਹੀਂ ਕੀਤੇ । ਇਨਾਂ ਦਾ ਸੋਸ਼ਲਿਜ਼ਮ ਇਕ ਫ਼ਰਾਡ ਬਣ ਕੇ ਰਹਿ ਗਿਆ ਹੈ । ਇਹ ਲੋਕਾਂ ਨੂੰ ਕਹਿੰਦੇ ਹਨ ਕਿ ਅਸੀਂ ਸਿਨਮੇ ਨੈਸ਼ਨਲਾਈਜ਼ ਕਰਨ ਲੱਗੇ ਹਾਂ ਪਰ ਮੈਨੂੰ ਪਤਾ ਲਗਾ ਹੈ ਕਿ ਇਹ ਸਿਨੇਮਾ ਨੈਸ਼ਨੇਲਾਈਜ਼ੇਸ਼ਨ ਦਾ ਬਿਲ ਇਥੇ ਨਹੀਂ ਲਿਆ ਰਹੇ । ਡਿਪਟੀ ਸਪੀਕਰ ਸਾਹਿਬ, ਕਿੰਨੀ ਸ਼ਰਮ ਦੀ ਗੱਲ ਹੈ ਇਥੇ ਸੈਂਟਰ ਦੇ ਏਜੰਟ ਬੈਠੇ ਹੋਏ ਹਨ ਉਨ੍ਹਾਂ ਨੇ ਇਨ੍ਹਾਂ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਨੇ ਸਾਡਾ ਘਰ ਪੂਰਾ ਕਰ ਦਿਤਾ ਹੈ ਅਤੇ ਰੱਬ ਦਾ ਵਾਸਤਾ ਜੇ ਕਿ ਸਿਨੇਮਾਂ ਨੈਸ਼ਨੇਲਾਈਜ਼ ਨਾ ਕਰੋ ।

ਹੁਣ ਮੈਂ ਟਰਾਂਸਪੋਰਟ ਦੀ ਗੱਲ ਤੇ ਆਉਂਦਾ ਹਾਂ । ਇਸ ਬਾਰੇ ਮੈਂ ਅਰਜ਼ ਕਰਾਂ ਕਿ ਕੁਰੱਪਸ਼ਨ ਸਿਰ ਤੋਂ ਲੈ ਕੇ ਪੈਰ ਤਕ ਇਸ ਸਰਕਾਰ ਦੇ ਰੋਮ ਰੋਮ ਵਿਚ ਰਚੀ ਹੋਈ ਹੈ । ਟਰਾਂਸਪੋਰਟ ਦੀਆਂ ਪ੍ਰਾਈਵੇਟ ਬਸਾਂ ਬਾਰੇ ਮੈਂ ਅਰਜ਼ ਕਰਾਂ ਕਿ ਇਕ ਉਂਕਾਰ ਬੱਸ ਸਰਵਿਸ ਜਲੰਧਰ ਅਤੇ ਸਤਲੁਜ ਬਸ ਟਰਾਂਸਪੋਰਟ, ਜਲੰਧਰ ਅਤੇ ਦੁਆਬਾ ਟਰਾਂਸਪੋਰਟ ਹੁਸ਼ਿਆਰਪੁਰ ਹੈ ਜਿਨ੍ਹਾਂ ਨਾਲ ਢਾਈ ਲੱਖ ਰੁਪਏ ਦਾ ਇਨ੍ਹਾਂ ਨੇ ਸੌਦਾ ਕੀਤਾ ਹੈ ਅਤੇ ਪ੍ਰਾਈਵੇਟ ਰੂਟ ਉਨ੍ਹਾਂ ਨੂੰ ਦੇ ਦਿਤੇ ਗਏ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਵਿੰਤਰ ਸਿੰਘ ਬਰਾੜ]

ਡਿਪਟੀ ਸਪੀਂਕਰ ਸਾਹਿਬ, 60 ਤੇ 40 ਦੀ ਰੇਸ਼ੋ ਇਸ ਸਰਕਾਰ ਨੇ ਮੁਕਰਰ ਕੀਤੀ ਸੀ ਅਤੇ ਅਸੀਂ ਇਸ ਦੀ ਪ੍ਰੋੜ੍ਹਤਾ ਕੀਤੀ ਸੀ ਕਿ ਇਸ ਨੂੰ ਪੂਰੇ ਤੌਰ ਤੇ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ । ਇਸ ਵਿਚ ਵਰਕਰਾਂ ਨੂੰ ਹਿੱਸਾ ਮਿਲਣਾ ਚਾਹੀਦਾ ਹੈ ਅਤੇ ਗਰੀਬਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ ਅਤੇ ਇਕਨਾਮਿਕ ਹਾਲਤ ਸੂਬੇ ਦੀ ਚੰਗੀ ਹੋਣੀ ਚਾਹੀਦੀ ਹੈ। ਲੇਕਿਨ 60 ਤੇ 40 ਦੀ ਰੇਸ਼ੋ ਨੂੰ ਤੋੜ ਦਿੱਤਾ ਹੈ । ਇਹ ਉਸੇ ਸਰਕਾਰ ਨੇ ਤੋੜ ਦਿੱਤਾ ਹੈ ਜਿਹੜੀ ਕਿ ਸੋਸ਼ਲਿਜ਼ਮ ਅਤੇ ਗਰੀਬੀ ਦੂਰ ਕਰਨ ਦਾ ਨਾਹਰਾ ਲਾਉਂਦੀ ਹੈ । ਪਰ, ਡਿਪਟੀ ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ ਉਹੀ ਸਰਕਾਰ ਜਿਸ ਦੇ ਮੂੰਹ ਵਿਚੋਂ ਸੋਸ਼ਲਿਜ਼ਮ ਦਾ ਨਾਹਰਾ ਨਿਕਲਦਾ ਹੈ ਉਹ ਅੱਜ ਢਾਈ ਤਿੰਨ ਲੱਖ ਰੁਪਏ ਲੈ ਕੇ ਉਨ੍ਹਾਂ ਲੋਕਾਂ ਨੂੰ ਜਿਹੜੇ ਕਿ ਪਹਿਲੇ ਬੜੇ ਵੱਡੇ ਅਜ਼ਾਰੇਦਾਰ ਹਨ, ਹੋਰ ਛੁਟ ਦੇ ਰਹੀ ਹੈ । ਮੈਂ ਸਾਹਮਣੇ ਬੈਠੇ ਹਰੀਜਨ ਵੀਰਾਂ ਨੂੰ ਅਤੇ ਹੋਰ ਗਰੀਬ ਵੀਰਾਂ ਨੂੰ ਕਹਿੰਦਾ ਹਾਂ ਕਿ ਜੇ ਸਰਕਾਰ ਨੇ ਅਕਾਲੀਆਂ ਦੀ ਗੱਲ ਨਹੀਂ ਮੰਨਣੀ ਤਾਂ ਫਿਰ ਉਹ ਕਹਿ ਦੇਣ ਕਿ ਅਮੀਰਾਂ ਦੀ ਜੇਬ ਭਰਨ ਦੀ ਥਾਂ ਤੇ ਗਰੀਬਾਂ ਦੀ ਜੇਬ ਭਰ ਦਿੱਤੀ ਜਾਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਇੰਡੀਵਿਜ਼ਅਲ ਮਿਸਾਲ ਦਿੰਦਾ ਹੈ । ਮੈਂ ਇੰਡੀਵਿਜ਼ਅਲ ਮਿਸਾਲਾਂ ਇਸ ਕਰਕੇ ਲਿਆਂਦੀਆਂ ਹਨ ਕਿਉਂਕਿ ਕੁਰੱਪਸ਼ਨ ਇਸ ਸਰਕਾਰ ਦੇ ਰੋਮ ਰੋਮ ਵਿਚ ਵੱਸੀ ਹੈ ਅਤੇ ਇਹ ਘਟਣ ਦੀ ਥਾਂ ਤੇ ਦਿਨ ਬਦਿਨ ਵੱਧ ਰਹੀ ਹੈ । ਅਖਬਾਰਾਂ ਪੜ੍ਹ ਕੇ ਜਾਂ ਕਿਸੇ ਸਿਆਣੇ ਸੁਚੱਜੇ ਆਦਮੀਆਂ ਨੂੰ ਮਿਲ ਕੇ ਪੱਤਾ ਲਗਦਾ ਹੈ ਕਿ ਕੁਰੱਪਸ਼ਨ ਵੱਧ ਗਈ ਹੈ । ਸਾਡੇ ਮਾਨਯੋਗ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਫਰਮਾਇਆ ਸੀ ਕਿ ਇਨ੍ਹਾਂ ਦਾ ਹਰ ਮੈਂਬਰ, ਹਰ ਐਮ. ਐਲ. ਏ, ਹਰ ਡਿਸਟ੍ਰਿਕਟ ਕਾਂਗਰਸ ਦਾ ਪ੍ਰਧਾਨ, ਹਰ ਤਹਿਸੀਲ ਅਤੇ ਥਾਣੇ ਵਿਚ ਮਦਾਖਲਤ ਕਰਾਕੇ ਨਿਆਂ ਨਹੀਂ ਹੋਣ ਦਿੰਦੇ ਅਤੇ ਆਪ ਹੋਮ ਮਨਿਸਟਰ ਬਣ ਬੈਠੇ ਹਨ । ਇਹ ਗੱਲ ਕੋਈ ਛੁਪੀ ਨਹੀਂ । ਐਡਮਿਨਿਸਟਰੇਟਿਵ ਮੈਂਬਰ ਜ਼ੋਰਾ ਸਿੰਘ ਨੇ ਤੇਲੂ ਰਾਮ ਨੂੰ 22 ਹਾਰਸ ਪਾਵਰ ਦਾ ਕੁਨੈਕਸ਼ਨ ਉਸ ਵੇਲੇ ਦਿੱਤਾ ਜਦੋਂ ਪੰਜਾਬ ਦੀ ਜਨਤਾ ਬਿਜਲੀ ਲਈ ਤਰਸ ਰਹੀ ਸੀ, ਕਰੋੜਾਂ ਰੁਪਿਆ ਦਾ ਸਾਡਾ ਇੰਡਸਟਰੀ ਦਾ ਨੁਕਸਾਨ ਹੋ ਰਿਹਾ ਸੀਂ, ਟਿਊਬਵੈਲਾਂ ਨੂੰ ਬਿਜਲੀ ਨਹੀਂ ਮਿਲ ਰਹੀ ਸੀ । ਇਹ ਕਨੈਕਸ਼ਨ ਉਸ ਵੇਲੇ ਦਿੱਤਾ ਗਿਆ ਜਦੋਂ ਬਿਜਲੀ ਵਾਸਤੇ ਸਾਰੇ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਸੀ । ਇਹ ਇਕ ਸ਼ਰਮ ਦੀ ਗੱਲ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅਤੇ ਮੇਰੇ ਕਾਮਰੇਡ ਵੀਰ ਤੁਹਾਡੀ ਕਿਰਪਾ ਨਾਲ ਸਾਊਥ ਦਾ ਟੂਰ ਕਰਕੇ ਆਏ ਹਾਂ । ਅਸੀਂ ਬਿਜਲੀ ਬੋਰਡ ਦੇ ਅਹੁਦੇਦਾਰ ਨੂੰ ਉਥੇ ਬਹੁਤ ਕੁਝ ਕਰਦਿਆਂ ਵੇਖਿਆ । ਲੇਕਿਨ ਅਸੀਂ ਇਸ ਹਾਊਸ ਵਿਚ ਆਪਣੇ ਇਖਲਾਕ ਤੋਂ ਗਿਰਕੇ ਗੱਲ ਨਹੀਂ ਕਰਨਾ ਚਾਹੁੰਦੇ । ਮੈਂ ਇਕੋ ਗੱਲ ਕਹਿਣਾ ਚਾਹੁੰਦਾ ਹਾਂ ਕਿ ਉਹ ਰੇਲਵੇ ਵਿਚ ਥਰਡ, ਸੈਕੰਡ ਜਾਂ ਫਸਟ ਕਲਾਸ ਵਿਚ ਸਫ਼ਰ ਕਰਨ ਦੀ ਥਾਂ ਤੇ 165 ਹਜ਼ਾਰ ਰੁਪਏ ਦੀ ਕਾਰ ਲੈ ਕੇ ਗਿਆ । ਮੈਂ ਮਿਸਿਜ਼ ਫਿਰੋਜ਼ ਗਾਂਧੀ, ਆਨਰੇਬਲ ਪ੍ਰਾਈਮ ਮਨਿਸਟਰ ਨੂੰ ਇਹ ਲਿਖਿਆ ਹੈ ਕਿ ਜੇ ਹਾਰੇ ਹੋਏ ਜਵਾਰੀਆਂ ਨੂੰ, ਹਾਰੇ ਸਿਆਸਤਦਾਨਾਂ ਨੂੰ ਮੁਨਾਫਾ-ਬਖਸ਼ ਅਹੁਦਿਆਂ ਤੇ ਤੁਸੀਂ ਲਾਉਣਾ ਹੈ ਤਾਂ ਤੁਹਾਡੀ ਸਰਕਾਰ ਅੱਜ ਵੀ ਗਈ ਅਤੇ ਕੱਲ੍ਹ ਵੀ ਗਈ ਅਤੇ ਪਰਸੋਂ ਵੀ ਗਈ ।

**ਸਰਦਾਰ ਰਣਧੀਰ ਸਿੰਘ ਚੀਮਾ** : ਆਂਧਰਾ ਚਲਾ ਗਿਆ, ਉੜੀਸਾ ਚਲਾ ਗਿਆ। ਹੁਣ ਬਾਕੀ ਦੇ ਸੂਬਿਆਂ ਵਿਚ ਵੀ ਇਨ੍ਹਾਂ ਦਾ ਰਾਜ ਖਤਮ ਹੋ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਕੇਸ਼ੋ ਰਾਮ** : * * * * * * * * * * *

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order).

**ਸਰਦਾਰ ਜਸਵਿੰਦਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਮੇਰੇ ਆਨਰੇਬਲ ਮੈਂਬਰ ਨੇ ਮੈਨੂੰ ਚੈਲਿੰਜ ਕੀਤਾ ਹੈ । ਇਹ ਚੈਲਿੰਜ ਤਾਂ ਬਾਹਰ ਸਾਬਤ ਕਰਾਂਗੇ । ਇਹ ਬੈਠੇ ਰਹਿਣ ਮੈਂ ਹੁਣ ਦੱਸਦਾ ਹਾਂ ਕਿ ਇਨ੍ਹਾਂ ਨੇ ਕੀ ਕਾਰਨਾਮੇ ਕੀਤੇ ਹਨ । ਡਿਪਟੀ ਸਪੀਕਰ ਸਾਹਿਬ, 165 ਹਜ਼ਾਰ ਰੁਪਏ ਦੀ ਕਾਰ ਉਸ ਵਕਤ ਲੈਣਾ ਜਦੋਂ ਕਿ ਮੁਲਕ ਵਿਚ ਮਹਿੰਗਾਈ ਦਾ ਜ਼ੋਰ ਹੋਵੇ ਅਤੇ ਗ਼ਰੀਬ ਸੜਕਾਂ ਤੇ ਸੌਂਦੇ ਹੋਣ ਅਤੇ ਬੋਰਡ ਨੂੰ ਕਰੋੜਾਂ ਰੁਪਏ ਦਾ ਘਾਟਾ ਹੋਵੇ, ਬੜੀ ਗਲਤ ਗੱਲ ਹੈ । ਉਸ ਦਿੱਲੀ ਵਾਲੇ ਅਧਿਕਾਰੀ ਨੂੰ, ਅਫ਼ਸਰ ਨੂੰ ਜ਼ੋਰ ਦੇ ਕੇ ਮੱਲੋ ਮੱਲੀ 165 ਹਜ਼ਾਰ ਰੁਪਏ ਦਾ ਚੈਕ ਇਸ਼ੂ ਕਰਾਉਣਾ ਮੈਂ ਸਮਝਦਾ ਹਾਂ ਕਿ ਸ਼ਰਮ ਦੀ ਗੱਲ ਹੈ, ਉਸ ਬੰਦੇ ਲਈ ਜਿਸ ਨੂੰ ਕਿ ਇਤਨੇ ਵੱਡੇ ਅਹੁਦੇ ਤੇ ਲਾਇਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਆਪਣੀ ਜੇਬ ਗਰਮ ਕਰਕੇ ਇੱਕ ਅਫਸਰ ਨੂੰ ਅੰਮ੍ਰਿਤਸਰ ਡਰੇਨੇਜ਼ ਦਾ ਅਫ਼ਸਰ ਲਾਇਆ ਹੈ । ਮੈਂ ਕਾਂਗਰਸੀ ਅਖਬਾਰ ਦੀ ਖਬਰ ਇਸ ਬਾਰੇ ਸੁਣਾਉਂਦਾ ਹਾਂ :

> "ਅੰਮ੍ਰਿਤਸਰ ਡਰੇਨੇਜ਼ ਸਰਕਲ ਮੇਂ ਪਿਛਲੇ ਸਾਲ ਨਿਸਫ ਦਰਜਨ ਡਰੇਨੇਜ਼ ਮੇਂ ਸਿਲਟ ਕੇ ਇਖਰਾਜ ਕੇ ਲੀਏ 12 ਲਾਖ ਰੁਪਏ ਕੀ ਰਕਮ ਮਖਸੂਸ ਕੀ ਗਈ । ਮਗਰ ਹਕੂਮਤ ਨੇ ਬਾਅਦ ਮੇਂ ਇਸ ਰਕਮ ਕੋ ਬੜ੍ਹਾ ਦੀਆ ਔਰ ਇਸ ਕਾਮ ਪਰ 20 ਸੇ 25 ਲਾਖ ਰੁਪਏ ਕੀ ਭਾਰੀ ਰਕਮ ਰਕਮ ਖਰਚ ਹੂਈ ।"

ਡਿਪਟੀ ਸਪੀਕਰ ਸਾਹਿਬ, ਇਹ ਖਬਰ ਕਾਫੀ ਲੰਬੀ ਹੈ । ਬਾਅਦ ਵਿਚ ਇੱਕ ਅੰਗਰੇਜ਼ੀ ਦਾ ਫਿਕਰਾ ਲਿਖਿਆ ਹੈ :

**Rs. 25 lakhs have been spent without removing a blade of grass even.**

ਡਿਪਟੀ ਸਪੀਕਰ ਸਾਹਿਬ, ਇੱਕ ਘਾਹ ਦਾ ਤਿਣਕਾ ਨਹੀਂ ਕਟਿਆ ਗਿਆ ਪਰ 25 ਲੱਖ ਰੁਪਏ ਖਾ ਗਏ * * * * * * ਚੀਫ ਇੰਜੀਨੀਅਰ ਨੇ 21 ਲੱਖ ਰੁਪਿਆ ਖਾਧਾ ਹੈ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਕਿਸੇ ਅਫ਼ਸਰ ਦਾ ਨਾਂ ਨਾ ਲਓ । ਇਹ ਐਕਸਪੰਜ ਕਰ ਦਿੱਤਾ ਜਾਵੇ । (You should not name any officer. This may be expunged.)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਉਸ ਅਫਸਰ ਤੇ ਇਸ ਤੋਂ ਪਹਿਲਾਂ ਵੀ ਹਜ਼ਾਰਾਂ ਕੁਰੱਪਸ਼ਨ ਦੇ ਇਲਜ਼ਾਮ ਲਗੇ ਹਨ । ਇਸ ਅਫ਼ਸਰ ਨੇ 4 ਲੱਖ ਰੁਪਿਆ ਸਰਕਾਰ ਨੂੰ ਦਿੱਤਾ । 21 ਲੱਖ ਰੁਪਿਆ ਆਪ ਅਤੇ ਆਪਣੇ ਮਾਤਹਿਤਾਂ ਦੇ ਜੇਬ ਵਿਚ ਪਾ ਦਿੱਤਾ । ਜੇ ਇਹ ਸਰਕਾਰ ਈਮਾਨਦਾਰ ਹੈ, ਨੇਕ ਨੀਅਤ ਹੈ ਅਤੇ ਇਨਸਾਫ ਦੇਣਾ ਚਾਹੁੰਦੀ ਹੈ ਤਾਂ ਇਨਕੁਆਇਰੀ ਕਰਾਉ ਕਿ ਉਹ 21 ਲੱਖ ਰੁਪਿਆ ਕਿੱਧਰ ਗਿਆ ਜਿਹੜਾ ਕਿ ਪਬਲਿਕ ਦੀ ਗਾੜ੍ਹੇ ਖੂਨ ਪਸੀਨੇ ਦੀ ਕਮਾਈ ਸੀ । ਉਸ ਨੂੰ ਚੀਫ ਇੰਜੀਨੀਅਰ ਡਰੇਨੇਜ਼ ਲਾਉਣ ਵਾਸਤੇ 4 ਲੱਖ ਰੁਪਏ ਦਾ ਸੌਦਾ ਕੀਤਾ ਸੀ । 5 ਸੀਨੀਅਰ ਅਫਸਰਾਂ ਨੂੰ ਇਸ ਤੋਂ ਜੂਨੀਅਰ ਬਣਾ ਦਿੱਤਾਂ ਗਿਆ । ਡਿਪਟੀ ਸਪੀਕਰ ਸਾਹਿਬ, ਸਮਾਂ ਥੋੜ੍ਹਾ ਹੈ ਨਹੀਂ ਤਾਂ ਮੈਂ ਹੋਰ

*Expunged as ordered by the Chair.

Original with;
Punjab Vidhan Sabha
Digitized by;
Panjab Digital Library

(ਸਰਦਾਰ ਜਸਵਿੰਦਰ ਸਿੰਘ ਬਰਾੜ

ਵੀ ਬਹੁਤ ਸਾਰੀਆਂ ਮਿਸਾਲਾਂ ਦਿੰਦਾ । ਕਿਸੇ ਨਾਲ ਸੌਦਾ ਕਰਕੇ ਅਤੇ ਕਿਸੇ ਤੋਂ ਪੈਸਾ ਖਾ ਕੇ ਇਥੇ ਪ੍ਰਮੋਸ਼ਨਾਂ ਕੀਤੀਆਂ ਗਈਆਂ ਹਨ । ਟਰਾਂਸਫਰਾਂ ਵੀ ਇਸੇ ਤਰ੍ਹਾਂ ਅਫੈਕਟ ਹੋਈਆਂ ਹਨ । ਇਸੇ ਤਰ੍ਹਾਂ * * * ਡਾਇਰੈਕਟਰ ਆਫ ਇੰਡਸਟਰੀਜ਼ ਨੇ ਗੋਲ ਮਾਲ ਕੀਤਾ ਹੈ ।

**ਸ੍ਰੀ ਡਿਪਟੀ ਸਪੀਕਰ** : ਇਹ ਨਾਂ * * * ਐਕਸਪੰਜ ਕਰ ਦਿਤਾ ਜਾਵੇ । (This name * * * may be expunged)

**ਮਾਸਟਰ ਚੰਦ ਸਿੰਘ ਚੋਪੜਾ** : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜਿਹੜਾ ਕੋਈ ਕੁਰੱਪਟ ਅਫ਼ਸਰ ਹੈ ਜੇ ਉਸ ਦਾ ਨਾਂ ਨਹੀਂ ਲਵਾਂਗੇ ਤਾਂ ਫਿਰ ਇਨਕੁਆਇਰੀ ਕਿਸ ਤਰ੍ਹਾਂ ਹੋਵੇਗੀ ।

**ਸ੍ਰੀ ਡਿਪਟੀ ਸਪੀਕਰ** : ਸਾਡੇ ਰੂਲਜ਼ ਇਹ ਪ੍ਰਮਿਟ ਨਹੀਂ ਕਰਦੇ ਕਿ ਕਿਸੇ ਅਫ਼ਸਰ ਦਾ ਨਾਂ ਜਿਹੜਾ ਕਿ ਆਪਣੇ ਆਪ ਨੂੰ ਪ੍ਰੋਟੈਕਟ ਨਹੀਂ ਕਰ ਸਕਦਾ, ਹਾਊਸ ਵਿਚ ਲਿਆ ਜਾਵੇ (Our rules do not permit that any officer who camot protect himself in the House be criticised by name.)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਇਸੇ ਤਰ੍ਹਾਂ ਡਾਇਰੈਕਟਰ ਆਫ ਇੰਡਸਟਰੀਜ਼ ਨੇ ਹਰਿਆਣੇ ਦੇ ਮੁਖ ਮੰਤਰੀ ਬੰਸੀ ਲਾਲ ਨਾਲ ਮਿਲ ਕੇ ਅਤੇ ਉਸ ਦੇ ਹੱਥਾਂ'ਤੇ ਨੱਚ ਕੇ ਸਾਡੀ ਸਟੇਟ ਦੀਆਂ ਫਰੀਦਾਬਾਦ ਵਿਚ ਜੋ ਕੰਪਨੀਆਂ ਸਨ ਅਤੇ ਪੰਜਾਬ ਦਾ ਹਿੱਸਾ ਸੀ, ਉਸ ਨੇ ਰਲ਼ਕੇ ਪੰਜਾਬ ਨਾਲ ਧੋਖਾ ਕੀਤਾ ਹੈ ਅਤੇ ਮੁੜ ਕੇ ਸਕੱਤਰ ਸਾਹਿਬ ਨੂੰ ਸੱਚਾ ਕਰਨ ਦਾ ਯਤਨ ਕੀਤਾ ਹੈ । ਮੈਂ ਕਹਿੰਦਾ ਹਾਂ ਕਿ ਜੇ ਇਹੋ ਜਿਹੇ ਅਫਸਰ ਜੋ ਕਮਿਊਨਲ ਮਾਂਈਡਿਡ ਹਨ, ਨੂੰ ਸਰਕਾਰ ਪ੍ਰਮੋਟ ਕਰਦੀ ਗਈ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਬੋਲੋ ਰਾਮ ਛੇਤੀ ਹੋ ਜਾਵੇਗਾ ।

ਡਿਪਟੀ ਸਪੀਕਰ ਸਾਹਿਬ, ਇੱਕ ਇਨ੍ਹਾਂ ਦੇ ਜਨਰਲ ਸਕੱਤਰ ਦੀ * * * * ਦੱਸਦਾ ਹਾਂ ।

**ਸ੍ਰੀ ਡਿਪਟੀ ਸਪੀਕਰ** : * * * * ਸ਼ਬਦ ਐਕਸਪੰਜ ਕਰ ਦਿੱਤਾ ਜਾਵੇ । (The word * * * be expunged.)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਸੱਜਣ ਸੋਮ ਨਾਥ ਤੋਂ ਪੈਟੀਸ਼ਨ ਕਰਾਈ । ਐਸ.ਈ. ਇਸ ਦਾ ਆਰਬੀਟਰੇਟਰ ਸੀ । ਬਤੌਰ ਪੈਨਲਟੀ ਦੇ ਜਿਹੜਾ 35 ਹਜ਼ਾਰ ਰੁਪਏ ਦਾ ਫਾਈਨ ਸੀ, ਉਹ ਇਨ੍ਹਾਂ ਦੇ ਜਨਰਲ ਸਕੱਤਰ ਨੇ ਆਰਬੀਟਰੇਟਰ ਤੇ ਜ਼ੋਰ ਪਾ ਕੇ ਮੁਆਫ ਕਰ ਦਿੱਤਾ । (ਅਕਾਲੀ ਬੈਂਚਾਂ ਵਲੋਂ 'ਸ਼ੇਮ' 'ਸ਼ੇਮ' ਦੀਆਂ ਅਵਾਜ਼ਾਂ) 85 ਹਜ਼ਾਰ ਰੁਪਏ ਦੀ ਉਸ ਨੂੰ ਹੋਰ ਪੇਮੈਂਟ ਸਗੋਂ ਕਰਾਈ ਗਈ । ਡਿਪਟੀ ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਦਿਨ ਦਿਹਾੜੇ ਕੁਰੱਪਸ਼ਨ ਹੁੰਦੀ ਰਹੀ ਅਤੇ ਡਾਕੇ ਵੱਜਦੇ ਰਹੇ ਤਾਂ ਫਿਰ ਇਹ ਸਰਕਾਰ ਜ਼ਿਆਦਾ ਦਿਨ ਨਹੀਂ ਚਲ ਸਕਦੀ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਇਕ ਸੱਜਣ ਸ੍ਰੀ ਰਾਮ ਸਿੰਗਲਾ, ਕੋਆਪਰੇਟਿਵ ਰਾਮਪੁਰਾ ਫੂਲ ਵਿਚ 235 ਰੁਪਏ ਦਾ ਮੁਲਾਜ਼ਮ ਹੈ। ਉਹ ਸਸਪੈਂਡ ਹੋਇਆ, ਮੁਅਤਲ ਹੋ ਗਿਆ ਅਤੇ ਕਾਗਜ਼ੀ ਕਾਰਵਾਈ ਚਲੀ। ਫਿਰ ਸਰਕਾਰ ਨਵੀਂ ਆ ਗਈ । ਇਨ੍ਹਾਂ ਨੇ ਉਸ ਸੱਜਣ ਨੂੰ ਪਰਮੋਟ ਕਰ ਦਿੱਤਾ ਜਿਹੜਾ ਕਿ ਬਹੁਤ ਜ਼ਿਆਦਾ ਸਮੱਗਲਿੰਗ ਕਰਦਾ ਹੈ ਅਤੇ ਬਲੈਕ ਮਾਰਕਿਟਿੰਗ ਕਰਦਾ ਹੈ ।

ਪਰ, ਡਿਪਟੀ ਸਪੀਕਰ ਸਾਹਿਬ, ਉਹ ਸ੍ਰੀ ਰਾਮ ਸਿੰਗਲਾ ਜਿਹੜਾ ਕਿ ਅਫ਼ਸਰਾਂ ਦੀ, ਚੀਫ਼ ਮਨਿਸਟਰ ਦੀ ਜਾਂ ਹੋਰ ਉਚੇ ਅਧਿਕਾਰੀਆਂ ਦੀ, ਐਮ.ਐਲ.ਏਜ਼ ਦੀ ਝੋਲੀ ਚੁਕਦਾ ਰਿਹਾ ਹੈ, ਉਸ ਦੀ ਪ੍ਰਾਪਰਟੀ ਬਾਰੇ ਵੀ ਸੁਣ ਲਓ । ਜਿਸ ਪਾਸ ਅੱਜ ਤੋਂ ਪੰਜ ਸੱਤ ਸਾਲ ਪਹਿਲਾਂ ਘਰ ਨਹੀਂ ਸੀ ਹੁੰਦਾ ਅੱਜ ਉਸ ਪਾਸ ਡੇਢ ਲੱਖ ਰੁਪਏ, ਦੋ ਕੋਠੀਆਂ ਹਨ, ਐਂਬੈਸਡਰ ਕਾਰ ਹੈ, ਦੋ ਮੋਟਰ ਸਾਈਕਲ, ਇਕ ਟਰੈਕਟਰ, 20 ਏਕੜ ਜ਼ਮੀਨ ਅਤੇ ਦੋ ਪਲਾਟ ਹਨ ਜਿਨ੍ਹਾਂ ਦਾ ਵੇਰਵਾ ਮੇਰੇ ਪਾਸ ਹੈ । ਇਹ, ਡਿਪਟੀ ਸਪੀਕਰ ਸਾਹਿਬ, ਉਹ ਆਦਮੀ ਹੈ ਜਿਸ ਨੇ ਕਿ ਦੋ ਲੱਖ ਰੁਪਏ ਦੀ ਖੰਡ ਇਹ ਕਹਿਕੇ ਕਿ ਉਹ ਪਾਣੀ ਵਿਚ ਖੁਰ ਗਈ ਹੈ, ਹਜ਼ਮ ਕਰ ਲਈ ਹੈ । (ਸ਼ੇਮ—ਸ਼ੇਮ)

ਡਿਪਟੀ ਸਪੀਕਰ ਸਾਹਿਬ, ਇਹ ਉਹ ਭੱਦਰ ਪੁਰਸ਼ ਹੈ ਜਿਹੜਾ ਕਿ ਕਾਟਨ ਦੀ ਪਰਕਿਉਰਮੈਂਟ ਉਪਰ ਲਾਇਆ ਗਿਆ ਹੈ । ਉਹ ਅਫ਼ਸਰਾਂ ਦੀ ਅਤੇ ਵਜ਼ੀਰਾਂ ਦੀਆਂ ਜੇਬਾਂ ਭਰਦਾ ਹੈ । ਜਿਹੜੀ ਸਰਕਾਰ ਕੁਰੱਪਸ਼ਨ ਦੂਰ ਕਰਨ ਦੇ ਦਾਅਵੇ ਕਰਦੀ ਹੈ, ਜਿਹੜੀ ਸਰਕਾਰ ਕਹਿੰਦੀ ਹੈ ਕਿ ਲੋਕਾਂ ਨੂੰ ਨਿਆਂ ਦੇਣਾ ਹੈ, ਗਰੀਬ ਲੋਕਾਂ ਦੀ ਗਰੀਬੀ ਹਟਾਉਣੀ ਹੈ, ਉਨ੍ਹਾਂ ਦਾ ਇਹ ਹਾਲ ਹੈ ਕਿ ਐਸ.ਡੀ.ਐਮ. ਨੇ 29 ਜਨਵਰੀ, 1973 ਨੂੰ ਖੰਡ ਦੇ ਕੇਸ ਵਿਚ 14 ਨੰਬਰ ਐਫ. ਆਈ. ਆਰ ਕੋਟ ਕਪੂਰੇ ਵਿਚ ਦਰਜ ਕਰਵਾਈ ਹੈ । ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਸ ਭੱਦਰ ਪੁਰਸ਼ ਦੇ ਖਿਲਾਫ਼ ਮਾਮਲਾ ਵਾਪਸ ਲੈ ਲਿਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਜੇਕਰ ਆਪਣੀ ਹਥੇਲੀਂ ਗਰਮ ਕਰਨ ਲਈ ਸਮੱਗਲਰਾਂ ਨੂੰ, ਡਾਕੇ ਮਾਰਨ ਵਾਲਿਆਂ ਨੂੰ ਸਰਕਾਰ ਇਸ ਤਰ੍ਹਾਂ ਸ਼ਹਿ ਦੇਵੇ ਤਾਂ ਤੁਸੀਂ ਸੋਚ ਸਕਦੇ ਹੋ ਕਿ ਜਨਤਾ ਨੂੰ ਇਨਸਾਫ ਕਿਵੇਂ ਮਿਲ ਸਕਦਾ ਹੈ ।

ਇਨ੍ਹਾਂ ਦੇ ਇਨਸਾਫ ਦੀ ਮੈਂ ਇਕ ਮਿਸਾਲ ਦਿੰਦਾ ਹਾਂ। ਇਨ੍ਹਾਂ ਨੇ ਕੁਝ ਐਮ. ਵੀ. ਆਈਜ਼ ਲਗਾਏ ਹਨ । ਅਫਸਰਸ਼ਾਹੀ ਨੂੰ ਖੁਸ਼ ਕਰਨ ਵਾਸਤੇ ਅਤੇ ਆਪਣੀਆਂ ਜੇਬਾਂ ਨੂੰ ਗਰਮ ਕਰਨ ਵਾਸਤੇ ਇਨ੍ਹਾਂ ਨੇ * * * * ਨੂੰ ਲਗਾਇਆ ਹੈ ।
(ਆਵਾਜ਼ਾਂ । ਕਿਸੇ ਦਾ ਨਾਂ ਨਹੀਂ ਹੋਣਾ ਚਾਹੀਦਾ)

**ਸ੍ਰੀ ਡਿਪਟੀ ਸਪੀਕਰ** : * * * * ਦੇ ਨਾਉਂ ਕੱਟ ਦਿਤੇ ਜਾਣ । ਬਰਾੜ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਕਿਸੇ ਵਿਅਕਤੀ ਦਾ, ਜਿਹੜਾ ਕਿ ਆਪਣੇ ਆਪ ਨੂੰ ਡੀਫੈਂਡ ਨਾ ਕਰ ਸਕਦਾ ਹੋਵੇ, ਨਾਉਂ ਨਾ ਲਵੋ । (The name * * * should be expunged. Brar Sahib, please do not name any individual who cannot defend himself in the House.)

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਇਹ ਤੁਹਾਡੀ ਗੱਲ ਉਪਰ ਅਮਲ ਨਹੀਂ ਕਰਦੇ ।

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਵਿੰਦਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਅਸ਼ੋਕ ਕੁਮਾਰ ਨੇ ਤਿੰਨ ਸਾਲ ਨੌਕਰੀ ਛੱਡੀ ਰੱਖੀ । ਤਿੰਨ ਸਾਲਾਂ ਤੋਂ ਬਾਅਦ ਉਸ ਨੂੰ ਸਾਰੀ ਤਨਖਾਹ ਦਵਾਈ ਗਈ ਅਤੇ ਉਸ ਨੂੰ ਵੈਹੀਕਲ ਇਨਸਪੈਕਟਰ ਲਗਾਇਆ ਗਿਆ । ਉਹ ਇਕ ਹਜ਼ਾਰ ਰੁਪਏ ਰੋਜ਼ ਕਮਾਕੇ ਇਨ੍ਹਾਂ ਵਜ਼ੀਰਾਂ ਨੂੰ ਦਿੰਦਾ ਹੈ ਅਤੇ ਅਫਸਰਾਂ ਦੀਆਂ ਜੇਬਾਂ ਗਰਮ ਕਰਦਾ ਹੈ । ਇਕ ਐਮ.ਪੀ. ਨੂੰ ਖੁਸ਼ ਕਰਨ ਵਾਸਤੇ ਇਹ ਕੰਮ ਕੀਤਾ ਗਿਆ ਹੈ । ਇਸੇ ਤਰਾਂ ਹੀ ਇਕ ਉਚ ਅਧਿਕਾਰੀ ਦਾ ਲੜਕਾ ਹੈ । ਉਹ ਸੀ.ਐਮ. ਸਾਹਿਬ ਦੇ ਬਹੁਤ ਨੇੜੇ ਰਹਿੰਦੇ ਹਨ ਉਸ ਦੀ ਕੁਆਲੀਫੀਕੇਸ਼ਨ ਹੈ ਆਈ.ਟੀ.ਆਈ. ਉਸ ਨੂੰ ਵੀ ਵੈਹੀਕਲ ਇਨਸਪੈਕਟਰ ਲਗਾਇਆ ਗਿਆ ਹੈ । ਇਹ ਇਸ ਅਸਾਮੀਂ ਲਈ ਕੋਈ ਕੁਆਲੀਫੀਕੇਸ਼ਨ ਨਹੀਂ ਹੈ, ਇਹ ਫੇਵਰੇਟਿਜ਼ਮ ਹੈ । ਇਨ੍ਹਾਂ ਦੇ ਨੈਪੋਟਿਜ਼ਮ ਨੂੰ ਵੇਖੋ ਕਿ ਆਪਣੀ ਕੁਨਬਾਪਰਵਰੀ ਕਰਨ ਵਾਸਤੇ ਉਸ ਲੜਕੇ ਨੂੰ ਇਨਸਪੈਕਟਰ ਲਗਾ ਦਿਤਾ ਗਿਆ ਹੈ । ਇਨ੍ਹਾਂ ਨੇ ਕਮਿਊਨਲ ਬੇਸਿਜ਼ ਬਣਾਏ ਹਨ । ਇਸ ਤਰ੍ਹਾਂ ਦੀ ਸਰਕਾਰ ਤੋਂ ਜਨਤਾ ਕੀ ਆਸ ਕਰ ਸਕਦੀ ਹੈ । ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਹੁਣੇ ਹੁਣੇ ਹੀ ਇਕ ਹੋਰ ਗਲ ਹੋਈ ਹੈ ।

ਹਰਿਆਣਾ ਗੌਰਮਿੰਟ ਨੇ ਸਪਰੇ ਕਰਨ ਲਈ ਪੰਜ ਰੁਪਏ ਫੀ ਏਕੜ ਦਿਤੇ ਹਨ ਪਰ ਸਾਡੀ ਸਰਕਾਰ ਨੇ ਜਿਹੜੀ ਕਿ ਗਰੀਬਾਂ ਦੀ ਸਰਕਾਰ ਹੈ ਉਸ ਨੇ ਪੰਜ ਰੁਪਏ 12 ਆਨੇ ਫੀ ਏਕੜ ਦਿਤੇ ਹਨ । ਮੈਨੂੰ ਪਤਾ ਲਗਾ ਹੈ ਕਿ ਇਹ ਸਪਰੇ ਪੰਜ ਲੱਖ ਏਕੜ ਉਪਰ ਕੀਤਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਹਿਸਾਬ ਵਿਚ ਤਾਂ ਮਾਹਰ ਨਹੀਂ ਹਾਂ ਲੇਕਿਨ ਇਹ ਲੱਖਾਂ ਰੁਪਏ ਬਣ ਜਾਂਦੇ ਹਨ ਜਿਹੜੇ ਕਿ ਅਸੀਂ ਹਰਿਆਣੇ ਤੋਂ ਵਾਧੂ ਦਿਤੇ ਹਨ । ਜੇਕਰ ਅਸੀਂ ਇਸ ਨੂੰ ਭਰਿਸ਼ਟਾਚਾਰੀ ਨਹੀਂ ਕਹਾਂਗੇ ਤਾਂ ਭਰਿਸ਼ਟਾਚਾਰੀ ਕਿਸ ਗੱਲ ਦੀ ਹੋ ਸਕਦੀ ਹੈ । ਹਰਿਆਣਾ ਦੀ ਸਰਕਾਰ ਨੇ ਪੰਜ ਰੁਪਏ ਦਿਤੇ ਪਰ ਸਾਡੀ ਪੰਜਾਬ ਦੀ ਸਰਕਾਰ ਨੇ ਜਿਹੜੀ ਕਿ ਗਰੀਬਾਂ ਦੀ ਸਰਕਾਰ ਹੈ ਅਤੇ ਉਨ੍ਹਾਂ ਦੀ ਡੀਵੈਲਪਮੈਂਟ ਕਰਦੀ ਹੈ ਉਸ ਨੇ ਚਾਰ ਲੱਖ ਰੁਪਏ ਜ਼ਿਆਦਾ ਦਿਤੇ ਹਨ । (ਵਿਘਨ)

**ਸ੍ਰੀ ਡਿਪਟੀ ਸਪੀਕਰ** : ਬਰਾੜ ਸਾਹਿਬ, ਤੁਸੀਂ ਪੰਜ ਮਿੰਟ ਹੋਰ ਲੈ ਲਵੋ ਤਾਂ ਤੁਹਾਡਾ ਅੱਧਾ ਘੰਟਾ ਹੋ ਜਾਵੇਗਾ । (Brar Sahib, you may take five minutes more. By then you will have taken half an hour.)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਠੀਕ ਹੈ ਜੀ । ਸੋ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਕਮਿਊਨਿਸਟ ਪਾਰਟੀ ਦੇ ਲੀਡਰ ਭੁਪੇਸ਼ ਗੁਪਤਾ ਨੇ ਆਖਿਆ ਹੈ ਕਿ ਸੈਂਟਰ ਦੀ ਸਰਕਾਰ ਥੋਕ ਦੀ ਕੁਰੱਪਸ਼ਨ ਹੈ ਅਤੇ ਪੰਜਾਬ ਦੀ ਪਰਚੂਨ ਦੀ । ਪੇਪਰ ਵਿਚ ਖਬਰ ਹੈ ਕਿ :—

> "ਪੰਜਾਬ ਅਸੰਬਲੀ ਕੇ ਬੱਜਟ ਸੈਸ਼ਨ ਮੇਂ ਕਮਿਊਨਿਸਟ ਪਾਰਟੀ ਸੰਤ ਅਕਾਲੀ ਦਲ ਕਾ ਕਿਸੀ ਭੀ ਅਸੂਲ ਪਰ ਸਾਥ ਨਹੀਂ ਦੇਗਾ । ਸੂਬਾਈ ਕਮਿਊਨਿਸਟ ਪਾਰਟੀ ਕੇ ਸੈਕਟਰੀ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੇ ਆਜ ਯਹਾਂ ਏਕ ਪ੍ਰੈਸ ਕਾਨਫਰੰਸ ਮੇਂ ਕਹਾ ਕਿ ਇਨ ਕੀ ਪਾਰਟੀ ਇਜਲਾਸ ਮੇਂ ਮਹਿੰਗਾਈ ਵਗੈਰਾ ਕੇ ਮੁਆਮਲਾਤ ਪਰ ਤਹਰੀਕ ਅਲਤਵਾ ਪੇਸ਼ ਕਰੇਗੀ । ਉਨਹੋਂ ਨੇ ਏਕ ਸਵਾਲ ਕੇ ਜਵਾਬ ਮੇਂ ਕਹਾ ਕਿ ਕੁਰੱਪਸ਼ਨ ਕੇ ਮਾਮਲਾ ਪਰ ਮੌਜੂਦਾ ਕਾਂਗਰਸ ਸਰਕਾਰ ਅਕਾਲੀ ਸਰਕਾਰ ਸੇ ਭੀ ਆਗੇ ਨਿਕਲ ਗਈ ਹੈ ।"

Original with;
Punjab Vidhan Sabha
Digitized by;
Panjab Digital Library

(ਆਵਾਜ਼ਾਂ : ਤੁਸੀਂ ਪੁਜ਼ੀਸ਼ਨ ਮੰਨਦੇ ਹੋ ) (ਹਾਸਾ)

ਡਿਪਟੀ ਸਪੀਕਰ ਸਾਹਿਬ, ਇਹ ਬਿਆਨ ਹਿੰਦੁਸਤਾਨ ਦੇ ਮਸ਼ਹੂਰ ਪਾਰਲੀਮੈਂਟੇਰੀਅਨ ਦੇ ਰਹੇ ਹਨ । ਇਸ ਦਾ ਹੱਲ ਇਹ ਹੀ ਹੈ ਕਿ ਸਰਕਾਰ ਅਸਤੀਫ਼ਾ ਦੇ ਦੇਵੇ । (ਵਿਘਨ)

ਇਸ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਮੇਰੀ ਭੈਣ ਨੂੰ ਖੇਤੀਬਾੜੀ ਕਮਿਸ਼ਨ ਦਾ ਮੈਂਬਰ ਲਗਾਇਆ ਹੈ । ਲੇਕਿਨ ਮੈਂ ਬੇਨਤੀ ਕਰਦਾ ਹਾਂ ਕਿ ਉਸ ਭੈਣ ਦੇ * * * (ਵਿਘਨ)

**ਉਪ ਮੰਤਰੀ (ਗ੍ਰਿਹ ਅਤੇ ਉਦਯੋਗ)**: ਡਿਪਟੀ ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਉਸ ਲੜਕੀ ਦੀ ਤਾਂ ਸ਼ਾਦੀ ਨਹੀਂ ਹੋਈ ਹੋਈ, ਇਹ ਸੌਹਰਾ ਕਿਥੋਂ ਆ ਗਿਆ ।

**ਸਰਦਾਰ ਜਸਵਿੰਦਰ ਸਿੰਘ ਬਰਾੜ:** ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਵਿਚ ਨਹੀਂ ਜਾਂਦਾ ਪਰ ਮੈਂ ਦਸੱਦਾ ਹਾਂ ਕਿ * * * (ਵਿਘਨ)

**ਸ੍ਰੀ ਡਿਪਟੀ ਸਪੀਕਰ:** ਬਰਾੜ ਸਾਹਿਬ, ਨੇ ਜੋ ਕੁਝ * * ਬਾਰੇ ਕਿਹਾ ਹੈ ਇਸ ਨੂੰ ਕਾਰਵਾਈ ਵਿਚੋਂ ਕੱਢ ਦਿਤਾ ਜਾਵੇ । ਬਰਾੜ ਸਾਹਿਬ, ਤੁਸੀਂ ਹੋਰ ਕੋਈ ਇਸ਼ੂ ਲੈ ਲਵੇ । (Whatever Shri Brar has said about (* * * *) should not form part of the proceedings. Brar Sahib, you may take up another issue.)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮਿਊਨਿਸਪਲ ਕਮੇਟੀ ਲਹਿਰਾਗਾਗਾ ਨੇ ਮੈਮੋਰੰਡਮ ਦਿਤਾ ਹੈ, ਰੈਜੋਲਿਊਸ਼ਨ ਪਾਸ ਕੀਤਾ ਹੈ । ਸੀ. ਐਮ. ਸਾਹਿਬ ਨੂੰ ਉਨ੍ਹਾਂ ਨੇ ਮਿਲਣਾ ਹੈ ਪਰ ਸੀ. ਐਮ. ਸਾਹਿਬ ਨੂੰ ਵਕਤ ਨਹੀਂ ਮਿਲ ਸਕਿਆ । ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਇਸ ਤਰ੍ਹਾਂ ਦੀਆਂ ਕੁਰੀਤੀਆਂ ਹੁੰਦੀਆਂ ਰਹੀਆਂ ਤਾਂ ਇਹ ਸਰਕਾਰ ਕਿਸ ਤਰ੍ਹਾ ਗਰੀਬਾਂ ਦੀ ਦਾਅਵੇਦਾਰ ਬਣ ਸਕਦੀ ਹੈ । ਇਹ ਕਿਸ ਤਰ੍ਹਾਂ ਕਹਿ ਸਕਦੀ ਹੈ ਕਿ ਲੋਕਾਂ ਨੂੰ ਇਨਸਾਫ ਮਿਲਦਾ ਹੈ । ਜਿਸ ਪਰਧਾਨ ਦੇ ਨਾਲ ਬਹੁ ਗਿਣਤੀ ਨਹੀਂ, ਉਸ ਨੂੰ ਇਕ ਦਿਨ ਵੀ ਪਰਧਾਨ ਨਹੀਂ ਰਹਿਣਾ ਚਾਹੀਦਾਂ । ਉਹ ਇਸ ਲਈ ਪਰਧਾਨ ਹੈ ਕਿ ਉਹ ਸਮਝਦਾ ਹੈ ਕਿ ਉਸ ਦਾ ਪੰਜਾਬ ਸਰਕਾਰ ਵਿਚ ਹੱਥ ਹੈ । ਇਸ ਬਾਰੇ ਡਿਪਟੀ ਕਮਿਸ਼ਨਰ ਸਾਹਿਬ ਨੇ ਐਸ. ਡੀ. ਐਮ. ਨੂੰ ਹੁਕਮ ਦਿਤਾ । ਪਰ ਐਸ.ਡੀ.ਐਮ. ਆਪ ਮਜਬੂਰ ਹੈ ਕਿਉਂਕਿ ਉਸ ਅਫਸਰ ਨੂੰ ਇਨ੍ਹਾਂ ਵੀਰਾਂ ਤੋਂ ਡਰ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਉਸ ਨੂੰ ਕਿਉਂਕਿ ਉਸ ਨਾਲ ਬਹੁਸੰਮਤੀ ਨਹੀਂ ਹੈ, ਇਸ ਲਈ ਪਰਧਾਨ ਨਹੀਂ ਰਹਿਣ ਦੇਣਾ ਚਾਹੀਦਾ । ਉਸ ਤੋਂ ਬਾਅਦ ਸਰਕਾਰੀ ਬੈਂਚਾਂ ਤੇ ਮਗਰ ਬੈਠੇ ਵਜ਼ੀਰ ਸਾਹਿਬ ਨੇ ਇਤਰਾਜ਼ ਕੀਤਾ ਸੀ ਕਿ * * * * (ਵਿਘਨ) (ਸ਼ੋਰ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਿਦਿਆ ਮੰਤਰੀ (ਸਰਦਾਰ ਉਮਰਾਓ ਸਿੰਘ): ਆਨ ਏ ਪੁਆਇੰਟ ਆਫ ਆਰਡਰ, ਸਰ । ਸਾਡੇ ਰੂਲਜ਼ ਵਿਚ ਇਹ ਪਰੋਵਾਈਡ ਕੀਤਾ ਹੋਇਆ ਹੈ ਕਿ ਕਿਸੇ ਮੈਂਬਰ ਦੇ ਕਾਨਡਕਟ ਦੇ ਬਾਰੇ ਕੋਈ ਗੱਲ ਨਹੀਂ ਕਹੀ ਜਾ ਸਕਦੀ ਅਤੇ ਨਾ ਹੀ ਐਲੀਗੇਸ਼ਨਾਂ ਲਗਾਈਆਂ ਜਾ ਸਕਦੀਆਂ ਹਨ ਜਦ ਤਕ ਕਿ ਉਸ ਦੇ ਖਿਲਾਫ ਸਬਸਟਾਂਟਿਵ ਮੋਸ਼ਨ ਨਾ ਆਵੇ । ਜੇਕਰ ਇਨ੍ਹਾਂ ਨੂੰ ਇਤਰਾਜ਼ ਹੈ ਤਾਂ ਇਕ ਸੈਪਰੇਟ ਮੋਸ਼ਨ ਲੈ ਆਉਣ ਫਿਰ ਡਿਸਕਸ ਕਰ ਲੈਣ । (ਵਿਘਨ) ਇਹ ਸਭ ਜੋ ਇਨ੍ਹਾਂ ਕਿਹਾ ਹੈ ਐਕਸਪੰਜ ਹੋਣਾ ਚਾਹੀਦਾ ਹੈ ।

**ਸ੍ਰੀ ਡਿਪਟੀ ਸਪੀਕਰ**: ਬਰਾੜ ਸਾਹਿਬ ਨੂੰ ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀਆਂ ਐਲੀਗੇਸ਼ਨਾਂ ਨਾ ਲਾਉਣ ਅਤੇ ਜੇਕਰ ਲਗਾਣੀਆਂ ਹੀ ਹਨ ਤਾਂ ਸਬਸਟਾਂਟਿਵ ਮੋਸ਼ਨ ਲੈ ਆਉਣ । ਇਹ ਸ਼ਬਦ ਐਕਸਪੰਜ ਕੀਤੇ ਜਾਂਦੇ ਹਨ (I would request Shri Brar not to level allegations in this manner. However if, he wants to do so, then he should bring in a Substantive Motion to that effect. Whatever has been said by the hon. Member in this connection is hereby expunged. (Noise)

ਸ੍ਰੀ ਪ੍ਰੇਮ ਗੁਪਤਾ: ਆਨ ਏ ਪਆਇੰਟ ਆਫ ਆਰਡਰ ਸਰ । ਅਰਜ਼ ਇਹ ਹੈ ਕਿ ਇਸ ਹਾਊਸ ਵਿਚ ਤੁਹਾਡੀ ਰੂਲਿੰਗ ਆ ਗਈ ਹੈ ਕਿ ਜਿਹੜਾ ਬਦਾ ਆਪਣੇ ਆਪ ਨੂੰ ਹਾਊਸ ਵਿਚ ਡੀਫੈਂਡ ਨਾ ਕਰ ਸਕਦਾ ਹੋਵੇ ਉਸ ਦਾ ਜ਼ਿਕਰ ਨਹੀਂ ਕੀਤਾਂ ਜਾਣਾ ਚਾਹੀਦਾ ਇਥੇ * * ਦਾ ਜ਼ਿਕਰ ਕੀਤਾ ਗਿਆ ਹੈ ਅਤੇ ਐਲੀਗੇਸ਼ਨਾਂ ਲਗਾਈਆਂ ਗਈਆਂ ਹਨ ਇਸ ਨੂੰ ਕਰਵਾਈ ਵਿਚੋਂ ਕੱਢ ਦੇਣਾ ਚਾਹੀਦਾ ਹੈ

**ਸ੍ਰੀ ਡਿਪਟੀ ਸਪੀਕਰ** : ਇਹ ਸ਼ਬਦ ਪਹਿਲਾਂ ਹੀ ਐਕਸਪੰਜ ਕਰਵਾ ਦਿਤੇ ਗਏ ਹਨ । (These words have already been got expunged.)

ਸ੍ਰੀ ਕੇਸ਼ੋ ਰਾਮ: * * * * *

**ਸ੍ਰੀ ਡਿਪਟੀ ਸਪੀਕਰ**: ਇਹ ਜੋ ਕੁਝ ਕਿਹਾ ਗਿਆ ਹੈ ਇਹ ਵੀ ਐਕਸਪੰਜ ਕਰ ਦਿਤਾ ਜਾਵੇ (Whatever has been said by the hon. Member should be expunged.)

**ਸਰਦਾਰ ਜਸਵਿੰਦਰ** ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਇਹ ਮੈਂਬਰ ਨੇ ਜਿੰਨੀ ਜਾਂਇਦਾਦ ਇਲੈਕਸ਼ਨਾਂ ਤੋਂ ਬਾਅਦ ਬਣਾਈ ਹੈ ਅਤੇ ਜਿੰਨੀ ਇਨ੍ਹਾਂ ਦੀ ਪਹਿਲਾਂ ਸੀ ਇਸ ਨੂੰ ਵੇਖ ਲਿਆ ਜਾਵੇ ਜੇਕਰ ਵੱਧ ਹੋਵੇ ਤਾਂ ਇਹ ਅਸੈਂਬਲੀ ਵਿਚੋਂ ਅਸਤੀਫਾ ਦੇ ਦੇਣ ਅਤੇ ਜੇਕਰ ਮੇਰੀ ਜਾਇਦਾਦ ਜਿਹੜੀ ਪਹਿਲਾਂ ਸੀ ਉਸ ਤੋਂ ਬਾਅਦ ਹੁਣ ਕੋਈ ਜ਼ਿਆਦਾ ਹੋਈ ਹੋਵੇ ਤਾਂ ਮੈਂ ਅਸਤੀਫਾ ਦੇਣ ਨੂੰ ਤਿਆਰ ਹਾਂ । (ਸ਼ੋਰ) (ਵਿਘਨ)

ਸ੍ਰੀ ਕੇਸ਼ੋ ਰਾਮ: ਮੈਨੂੰ ਇਹ ਚੈਲੰਜ ਮਨਜ਼ੂਰ ਹੈ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ:** ਆਨ ਏ ਪੁਆਇੰਟ ਆਫ਼ ਆਰਡਰ, ਸਰ । ਇਹ ਮਾਮਲਾ ਬੜਾ ਗੰਭੀਰ ਹੈ ਕਿ ਬਰਾੜ ਸਾਹਿਬ ਨੇ ਕੇਸ਼ੋ ਰਾਮ ਹੋਰਾਂ ਨੂੰ ਚੈਲੰਜ ਕੀਤਾ ਹੈ ਕਿ ਜੇਕਰ ਉਨ੍ਹਾਂ ਦੀ ਜਾਇਦਾਦ ਇਲੈਕਸ਼ਨ ਤੋਂ ਪਹਿਲਾਂ ਘੱਟ ਸੀ ਅਤੇ ਹੁਣ ਵਧ ਗਈ ਹੈ ਤਾਂ ਉਹ ਅਸਤੀਫ਼ਾ ਦੇਣ ਅਤੇ ਜੇਕਰ ਬਰਾੜ ਸਾਹਿਬ ਦੀ ਵਧ ਗਈ ਹੈ ਤਾਂ ਇਹ ਅਸਤੀਫ਼ਾ ਦੇਣ ਨੂੰ ਤਿਆਰ ਹਨ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਹਾਊਸ ਦੀ ਇਕ ਕਮੇਟੀ ਬਣਾ ਦਿਤੀ ਜਾਵੇ ਤਾਂ ਕਿ ਉਹ ਇਨ੍ਹਾਂ ਦੋਹਾਂ ਮੈਂਬਰਾਂ ਦੀ ਜਾਇਦਾਦ ਦੇ ਬਾਰੇ ਤਫਤੀਸ਼ ਕਰਕੇ ਹਾਊਸ ਨੂੰ ਦੱਸੇ ਕਿ ਕਿਸ ਦੀ ਜਾਇਦਾਦ ਜ਼ਿਆਦਾ ਬਣ ਗਈ ਹੈ ਤਾਂ ਕਿ ਪਤਾ ਲਗ ਸਕੇ ਕਿ ਸ਼੍ਰੀ ਕੇਸ਼ੋ ਰਾਮ ਕੁਰੱਪਟ ਹੈ ਜਾਂ ਨਹੀਂ ।(ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾਂ :** * * * * * (ਵਿਘਨ)

**Mr. Deputy speaker:** This is no Point of Order.

**ਸਰਦਾਰ ਜਸਵਿੰਦਰ ਸਿੰਘ ਬਰਾੜ :** ਡਿਪਟੀ ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਜਿਹੜੀ ਕੁਰੱਪਸ਼ਨ ਚਲ ਰਹੀ ਹੈ ਜੇ ਕਰ ਇਸ ਨੂੰ ਰੋਕ ਨਾਂ ਸਕੇ ਤਾਂ ਉਹ ਦਿਨ ਦੂਰ ਨਹੀਂ ਕਿ ਲੋਕ ਸਿਧੇ ਉਨਾਂ ਤੇ ਐਲੀਗੇਸ਼ਨ ਲਗਾਣ ਲਗ ਪੈਣਗੇ । ਮੈ, ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਦਾ ਬੜਾ ਆਦਰ ਅਤੇ ਸਤਿਕਾਰ ਕਰਦਾ ਹਾਂ ਇਸ ਲਈ ਉਨ੍ਹਾਂ ਨੂੰ ਜਿਹੜੀਆਂ ਉਨ੍ਹਾਂ ਦੀ ਸਰਕਾਰ ਵਿਚ ਊਣਤਾਈਆਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ ਨਹੀਂ ਤਾਂ ਇਹ ਇਕ ਬਦਨੁਮਾ ਧੱਬਾ ਬਣ ਕੇ ਉਨ੍ਹਾਂ ਤੇ ਲਗ ਜਾਵੇਗਾ । ਅਤੇ ਸਾਡਾਂ ਫਰਜ਼ ਬਣਦਾ ਹੈ ਕਿ ਅਸੀਂ ਜਿਹੜੇ ਪਿੰਡਾਂ ਵਿਚੋਂ ਅਤੇ ਇਲੈਕਸ਼ਨ ਲੜ ਕੇ ਲੋਕਾਂ ਦੀ ਨੁਮਾਇੰਦਗੀ ਕਰਨ ਆਏ ਹਾਂ ਉਨ੍ਹਾਂ ਊਣਤਾਈਆਂ ਵਲ ਧਿਆਨ ਦਿਵਾਈਏ ਅਤੇ ਦੱਸੀਏ ਕਿ ਇਨ੍ਹਾਂ ਦੇ ਆਲੇ ਦੁਆਲੇ ਜਿਹੜਾ ਘੇਰਾ ਪਿਆ ਹੋਇਆ ਹੈ ਇਹ ਕਿਨ੍ਹਾਂ ਆਦਮੀਆਂ ਦਾ ਹੈ ਅਤੇ ਉਹ ਕੀ ਕੁਝ ਕਰਦੇ ਹਨ । ਜੇਕਰ ਸਾਡੀਆਂ ਲਗਾਈਆਂ ਐਲੀਗੇਸ਼ਨਾਂ ਝੂਠੀਆਂ ਹੋਣ ਤਾਂ ਇਹ ਜੋ ਸਜ਼ਾ ਦੇਣਾ ਚਾਹੁਣ ਅਸੀਂ ਭੁਗਤਣ ਨੂੰ ਤਿਆਰ ਹਾਂ ।

**ਸ਼੍ਰੀ ਡਿਪਟੀ ਸਪੀਕਰ:** ਤੁਸੀਂ ਹੁਣ ਕਿਰਪਾ ਕਰਕੇ ਵਾਈਂਡ ਅੱਪ ਕਰੋ ਜੀ । (I would request you to please wind up now.)

**ਸਰਦਾਰ ਜਸਵਿੰਦਰ ਸਿੰਘ ਬਰਾੜ :** ਮੈਂ ਇਕ ਦੋ ਬੇਨਤੀਆਂ ਕਰਕੇ ਖਤਮ ਕਰਦਾ ਹਾਂ ਕਿ ਥੇਈ ਡੈਮ ਦਾ ਜ਼ਿਕਰ ਕਰਦਿਆਂ ਸਤਿਕਾਰ ਯੋਗ ਚੀਫ ਮਨਿਸਟਰ ਸਾਹਿਬ ਨੇ ਇਹ ਕਿਹਾ ਕਿ ਬਾਸੀ ਸਾਹਿਬ ਨੇ ਇਸ ਨੂੰ ਸੈਂਟਰ ਨੂੰ ਹੈਂਡ ਓਵਰ ਕਰ ਦਿਤਾ ਸੀ । ਇਸ ਦੀ ਪੜਤਾਲ ਇਹ ਕਰਵਾ ਕੇ ਦੇਖ ਲੈਣ ਇਹ ਗਲਤ ਗੱਲ ਹੈ । ਅਤੇ ਇਨ੍ਹਾਂ ਨੂੰ ਗਲਤ ਇਨਫਰਮੇਸ਼ਨ ਦਿਤੀ ਗਈ ਹੈ। ਅਸੀਂ ਤਾਂ ਅਕਾਲੀ ਸਰਕਾਰ ਵਿਚ ਇਸ ਡੈਮ ਦੀ ਕਨਸ਼ਟ੍ਰਕਸ਼ਨ ਵੀ ਸ਼ੁਰੂ ਕਰ ਦਿਤੀ ਸੀ । ਅਕਾਲੀ ਵਜ਼ਾਰਤ ਨੇ ਇਸ ਨੂੰ ਸੈਂਟਰ ਨੂੰ ਹੈਂਡ ਓਵਰ ਨਹੀਂ ਕੀਤਾ।

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਤਸ਼ਰੀਫ ਰਖੋ (Please resume your seat now)

**ਸਰਦਾਰ ਜਸਵਿੰਦਰ ਸਿੰਘ ਬਰਾੜ:** ਡਿਪਟੀ ਸਪੀਕਰ ਸਾਹਿਬ, ਜੇ ਕਰ ਇਨ੍ਹਾਂ ਨੇ ਸੋਸ਼ਲਿਜ਼ਮ ਕਾਇਮ ਕਰਨਾ ਹੈ, ਗਰੀਬੀ ਦੂਰ ਕਰਨੀ ਹੈ, ਅਨਿਆਂ ਦੂਰ ਕਰਨਾ ਹੈ ਤਾਂ ਅਸੀਂ ਪਹਿਲਾਂ ਵੀ ਵਚਨ ਦਿਤਾ ਸੀ ਕਿ ਅਸੀਂ ਇਨ੍ਹਾਂ ਦੀ ਹਮਾਇਤ ਕਰਾਂਗੇ ਹੁਣ ਵੀ ਵਾਅਦਾ ਕਰਦੇ ਹਾਂ ਕਿ ਇਹ ਸਿਨੇਮਿਆਂ ਨੂੰ ਹੱਥ ਵਿਚ ਲੈਣ ਲਈ ਬਿਲ ਲਿਆਉਣ ਅਸੀਂ ਇਨ੍ਹਾਂ ਦੀ ਪਰੋੜ੍ਹਤਾ ਕਰਾਂਗੇ । ਅਜਾਰੇਦਾਰੀ ਨੂੰ ਖਤਮ ਕਰਨ ਅਸੀਂ ਇਨ੍ਹਾਂ ਦਾ ਸਾਥ ਦਿਆਂਗੇ । ਬਲੈਕ ਮਾਰਕਿਟ ਨੂੰ ਖਤਮ ਕਰਨ ਅਸੀਂ ਇਨ੍ਹਾਂ ਦੀ ਹਮਾਇਤ ਕਰਾਗੇ ਪਰ ਡਿਪਟੀ ਸਪੀਕਰ ਸਾਹਿਬ, ਇਹ ਅਸੀਂ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ । ਬਲੈਕ ਮਾਰਕਿਟ ਕਰਨ ਵਾਲੇ ਨੂੰ ਜਾਂ ਕਾਲਾ ਧੰਦਾ ਕਰਨ ਵਾਲੇ ਨੂੰ ਬਖਸ਼ਿਆ ਨਾਂ ਜਾਵੇ । ਇਹ ਲੋਕਾਂ ਨਾਲ ਗੁਨਾਹ ਕਰਨਾ ਹੈ । ਸੀ. ਐਮ. ਸਾਹਿਬ ਲੋਕਾਂ ਦੇ ਨੁਮਾਇੰਦੇ ਹਨ ਅਤੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਲੋਕਾਂ ਨੂੰ ਨਿਆਂ ਦੇਵੇ, ਠੱਗੀ, ਚੋਰ ਬਜ਼ਾਰੀ, ਅਜਾਰੇਦਾਰੀ ਨੂੰ ਖਤਮ ਕਰੇ। ਤਹਿਰੀਰ ਅਤੇ ਤਕਰੀਰ ਵਿਚ ਪੂਰਾ ਉਤਰੇ ਅਸੀਂ ਇਨ੍ਹਾਂ ਦੇ ਨਾਲ ਹੋਵਾਂਗੇ । ਇਨ੍ਹਾਂ ਸ਼ਬਦਾਂ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਤਕਰੀਰ ਖ਼ਤਮ ਕਰਦਾ ਹਾਂ ।

## ERSONAL EXPLANATION BY SARDAR JASDEV SINGH SANDH

**ਸਰਦਾਰ ਜਸਦੇਵ ਸਿੰਘ ਸੰਧੂ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ਸਰ । ਸਰਦਾਰ ਉਮਰਾਓ ਸਿੰਘ ਹੋਰਾਂ ਇਹ ਕਿਹਾ ਸੀ ਕਿ ਮੈਂ ਸਿਰੀ ਰਾਮ ਸਿੰਗਲ ਜਿਹੜਾ ਕਿ ਮਾਰਕਫੈਡ ਵਿਚ ਸੀ ਦੀ ਹਮਾਇਤ ਕਰਦਾ ਰਿਹਾ ਹਾਂ ਅਤੇ ਉਸ ਦੀ ਸਿਫਾਰਸ਼ ਕਰਦਾ ਰਿਹਾ ਹਾਂ ਇਹ ਗੱਲ ਗਲਤ ਹੈ ਉਹ ਤਾਂ ਇਨ੍ਹਾਂ ਦਾ ਆਪਣਾ ਆਦਮੀ ਹੈ ਅਤੇ ਇਨ੍ਹਾਂ ਨੇ ਪਿਛੇ ਹੋਈਆਂ ਕਾਂਗਰਸ ਪਾਰਟੀ ਦੀਆਂ ਚੋਣਾ ਵਿਚ ਉਸ ਨੂੰ ਪਟਿਆਲੇ ਜਿਲ੍ਹੇ ਦਾ ਡੀ. ਆਰ ਓ. ਲਗਾਇਆ ਸੀ ।

## RESUMTPION OF DISCUSSION ON GOVERNORS ADDRESS

**ਕਾਮਰੇਡ ਸੱਤ ਪਾਲ ਡਾਂਗ** : (ਅੰਮ੍ਰਿਤਸਰ ਪੱਛਮੀ) ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਉਤੇ ਧਨਵਾਦ ਦਾ ਮਤਾ ਰੂਲਿੰਗ ਪਾਰਟੀ ਵਲੋਂ ਪੇਸ਼ ਕੀਤਾ ਗਿਆ ਹੈ । ਇਹ ਜਿਹੜਾ ਐਡਰੈਸ ਪੇਸ਼ ਕੀਤਾ ਗਿਆ ਹੈ ਇਹ ਇਕ ਐਸੇ ਸਮੇਂ ਪੇਸ਼ ਕੀਤਾ ਗਿਆ ਹੈ ਜਿਸ ਵੇਲੇ ਸਾਡੇ ਦੇਸ਼ ਵਿਚ ਹਾਲਾਤ ਕਾਫੀ ਖਤਰਨਾਕ ਹਨ । ਬੰਗਲਾ ਦੇਸ਼ ਵਿਚ ਜੋ ਵਾਕਿਆਤ ਹੋਏ, ਸਾਮਰਾਜ ਨੂੰ ਸ਼ਿਕਸਤ ਹੋਈ ਇਸ ਤੇ ਸਾਮਰਾਜ ਚੁਪ ਨਹੀਂ ਬੈਠਾ । ਸਾਰੇ ਬੱਰੇਆਜ਼ਮ ਵਿਚ ਸਾਜ਼ਸ ਚਲ ਰਹੀ ਹੈ । ਹਿੰਦੁਸਤਾਨ ਵਿਚ ਆਸਾਮ ਵਿਚ ਛੋਟੇ ਜਿਹੇ ਮਸਲੇ ਨੂੰ ਲੈ ਕੇ ਆਸਾਮ ਅਤੇ ਬੰਗਾਲੀ ਜਨਤਾ ਨੇ ਕੀ ਕੁਝ ਕੀਤਾ । ਆਂਧਰਾ ਵਿਚ ਚਾਰ ਨੌਕਰੀਆਂ ਦੇ ਸਵਾਲ ਨੂੰ ਲੈ ਕੇ ਇਹ ਚਾਰ ਨੌਕਰੀਆਂ ਵਧ ਕਿਸ ਇਲਾਕੇ ਨੂੰ ਜਾਣ, ਅਜਿਹੇ ਹਾਲਾਤ ਪੈਦਾ ਕਰ ਦਿਤੇ ਅਤੇ ਇਸ ਤਰ੍ਹਾਂ ਦੇ ਨਾਹਰੇ ਲਗਾਏ ਗਏ ਕਿ ਹਿੰਦੁਸਤਾਨ ਵਿਚ 50 ਸੂਬੇ ਬਣਨੇ ਚਾਹੀਦੇ ਹਨ । ਇਸ ਤਰ੍ਹਾਂ ਦੇ ਹਾਲਾਤ ਵਿਚ ਗਵਰਨਰ ਸਾਹਿਬ ਨੇ ਆਪਣਾ ਭਾਸ਼ਣ ਇਸ ਸਦਨ ਵਿਚ ਦਿਤਾ । ਇਕ ਪਾਸੇ ਤਾਂ ਇਹ ਹਾਲਾਤ ਸਨ ਅਤੇ ਦੂਜੇ ਪਾਸੇ ਹਿੰਦੁਸਤਾਨ ਦੀ ਸਰਕਾਰ ਨੇ ਪਿਛੇ ਚੋਣਾਂ ਕਰਾਈਆਂ, ਇਹ ਨਾਹਰਾ ਦਿਤਾ ਕਿ ਗਰੀਬੀ ਹਟਾਣੀ ਹੈ ।

Original with;
Punjab Vidhan Sabha
Digitized by;
Panjab Digital Library

ਗਵਰਨਰ ਸਾਹਿਬ ਦੇ ਭਾਸ਼ਣ ਨੂੰ ਇਸ ਗੱਲ ਦੇ ਜਾਇਜ਼ੇ ਵਿਚ ਵੇਖਣਾ ਹੈ ਕਿ ਦੇਸ਼ ਵਿਚ ਖਤਰਨਾਕ ਹਾਲਾਤ ਹਨ ਅਤੇ ਜਿਹੜੀਆਂ ਸ਼ਕਤੀਆਂ ਪੈਦਾ ਹੋ ਗਈਆਂ ਹਨ ਕੀ ਸਰਕਾਰ ਨੇ ਉਨ੍ਹਾਂ ਦਾ ਕੋਈ ਨੋਟ ਲਿਆ ਹੈ, ਕੀ ਸਰਕਾਰ ਉਨ੍ਹਾਂ ਤੋਂ ਚੇਤੰਨੀ ਹੈ ?

12.00 Noon

ਦੂਸਰੇ ਪਾਸੇ ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਇਹ ਵੀ ਕਿਤੇ ਜ਼ਿਕਰ ਨਹੀਂ ਹੈ ਕਿ ਮਹਿੰਗਾਈ ਕਿਤਨੀ ਵਧ ਗਈ ਹੈ ਅਤੇ ਪੰਜਾਬ ਦੇ ਲੋਕਾਂ ਦੀ ਕੀ ਹਾਲਤ ਹੈ । ਜੇ ਇਸ ਤਰ੍ਹਾਂ ਦੀਆਂ ਸਾਰੀਆਂ ਗ਼ੱਲਾਂ ਨੂੰ ਅਸੀਂ ਸਾਹਮਣੇ ਰਖੀਏ ਤਾਂ, ਡਿਪਟੀ ਸਪੀਕਰ ਸਾਹਿਬ ਸਾਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਤਜਜ਼ੀਆ ਕਰਨਾ ਪਵੇਗਾ ਜੇ ਇਹ ਗਵਰਨਰ ਸਾਹਿਬ ਦੇ ਭਾਸ਼ਣ ਬਾਰੇ ਕਿਹਾ ਜਾਵੇ ਕਿ ਜਦੋਂ ਰੋਮ ਜਲ ਰਿਹਾ ਸੀ ਤਾਂ ਨੀਰੋ ਬੰਸਰੀ ਵਜਾਉਂਦਾ ਸੀ, ਤਾਂ ਮੁਨਾਸਿਬ ਹੀ ਹੋਵੇਗਾ । ਇਸ ਭਾਸ਼ਣ ਵਿਚ ਇਸ ਗੱਲ ਬਾਰੇ ਕੋਈ ਜ਼ਿਕਰ ਤੱਕ ਨਹੀਂ ਕਿ ਮਹਿੰਗਾਈ ਅਜ ਕਿਥੇ ਤੋਂ ਕਿਥੇ ਤੱਕ ਚਲੀ ਗਈ ਹੈ ਜਾਂ ਸਰਕਾਰ ਕੀ ਕਰ ਰਹੀ ਸੀ, ਮੇਰੀ ਉਪਰਲੀ ਕਹਾਵਤ ਕਹਿਣ ਤੇ ਗਵਰਨਰ ਸਾਹਿਬ ਤੇ ਕੋਈਂ ਐਸਪਰਸ਼ਨ ਵਾਲੀ ਗੱਲ ਨਹੀਂ ਹੋਵੇਗੀ । ਗਵਰਨਰ ਸਾਹਿਬ ਆਏ ਹਮੇਸ਼ਾ ਦੀ ਤਰ੍ਹਾਂ ਪੜ੍ਹ ਕੇ ਚਲੇ ਗਏ । ਜਿਵੇਂ ਜਨਤਾ ਦਾ ਕਚੂਮਰ ਕੱਢਿਆ ਜਾ ਰਿਹਾ ਹੈ ਇਸ ਦਾ ਗਵਰਨਰ ਸਾਹਿਬ ਦੇ ਭਾਸ਼ਣ ਦੇ ਵਿਚ ਕਿਤੇ ਵੀ ਕੋਈ ਜ਼ਿਕਰ ਨਹੀਂ । ਬਾਦਲ ਸਾਹਿਬ ਨੇ ਮਹਿੰਗਾਈ ਦੇ ਮੁਤਾਲਿਕ ਥੋਕ ਕੀਮਤਾਂ ਦੇ ਆਂਕੜੇ ਦਿੱਤੇ । ਉਨ੍ਹਾਂ ਤੋਂ ਖੈਰ ਜੇ ਹਿਸਾਬ ਲਾਇਆ ਜਾਵੇ ਤਾਂ ਪਤਾ ਨਹੀਂ ਲਗਦਾ ਪਰ ਜੇ ਪਰਚੂਨ ਕੀਮਤਾਂ ਤੋਂ ਅੰਦਾਜ਼ਾ ਲਾਇਆ ਜਾਵੇ ਇਨ੍ਹਾਂ ਤੋਂ ਵੀ ਕੋਈ ਪਤਾ ਨਹੀਂ ਲਗ ਸਕਦਾ । ਗਰੀਬ ਆਦਮੀ ਕੀ ਖਾਵੇਗਾ । ਆਟਾ ਸਵਾ ਰੁਪਿਆ ਕਿਲੋ ਮਿਲਦਾ ਹੈ ਇਨ੍ਹਾਂ ਦੀ ਸਰਕਾਰ ਨੇ ਕੋਈ ਧਿਆਨ ਹੀ ਨਹੀਂ ਦਿੱਤਾ । ਇਕ ਬਾਰੀ ਜਦੋਂ ਗਿਆਨੀ ਗੁਰਮੁਖ ਸਿੰਘ ਮੁਸਾਫਰ ਚੀਫ ਮਨਿਸਟਰ ਸਨ ਆਟਾ ਡੇਢ ਰੁਪਏ ਕਿਲੋ ਹੋ ਗਿਆ ਸੀ ਉਹ ਆਪ ਡਿਪੂਆਂ ਤੇ ਗਿਆ ਅਤੇ ਜਿਸ ਤਰ੍ਹਾਂ ਵੀ ਇਹ ਤਕਲੀਫ ਦੂਰ ਹੋ ਸਕਦੀ ਸੀ ਆਪ ਪਰਸਨਲ ਇੰਟਰੈਸਟ ਲੈਕੇ ਲੋਕਾਂ ਦੀ ਦਿਕਤ ਦੂਰ ਕੀਤੀ । ਅੱਜ ਫ਼ੀ ਜੀ 500 ਗਰਾਮ ਖੰਡ ਪਿੰਡਾਂ ਦੇ ਵਿਚ ਦਿੱਤੀ ਜਾ ਰਹੀ ਹੈ । ਪਰ ਖੁਲ੍ਹੀ ਮਾਰਕਿਟ ਵਿਚ ਇਹ ਸ਼ਰੇ ਆਮ 4 ਰੁ: ਜਾਂ 4.50 ਰੁਪਏ ਕਿਲੋ ਆਮ ਵਿਕਦੀ ਹੈ । ਮੈਂ ਪੁਛਦਾ ਹਾਂ ਇਹ ਕਿਹੜਾ ਗ਼ਰੀਬ ਲੈ ਸਕਦਾ ਹੈ । ਦਿੱਲੀ ਵਿਚ ਦਰਮਿਆਨਾ ਤਬਕੇ ਦੇ ਲੋਕ ਮੈਦਾ ਨਾ ਮਿਲਣ ਕਰਕੇ ਡਬਲ ਰੋਟੀ ਖਾ ਕੇ ਗੁਜ਼ਾਰਾ ਕਰਦੇ ਹਨ, ਪਰ ਗਰੀਬ ਆਦਮੀ ਆਪਣਾ ਨਾਸ਼ਤਾ ਬਣਾਉਣ ਲਈ ਵੀ ਤਰਸਦੇ ਹਨ, ਉਨ੍ਹਾਂ ਨੂੰ ਲਭਦਾ ਹੀ ਕੁਝ ਨਹੀਂ । ਘਿਉ ਡਾਲਡੇ ਦਾ ਇਹ ਹਾਲ ਕਿ ਪਿਛਲੇ ਸਾਲ ਵਿਚ ਇਸ ਦੀਆਂ ਕੀਮਤਾਂ 6-7 ਵਾਰੀ ਵਧ ਚੁਕੀਆਂ ਹਨ, ਕੋਈ ਸੋਚਦਾ ਹੀ ਨਹੀਂ ਕਿ ਲੋਕ ਕਿਥੋਂ ਤੱਕ ਇਸ ਤਰ੍ਹਾਂ ਵਧ ਕੀਮਤਾਂ ਨਾਲ ਗੁਜ਼ਾਰਾ ਕਰਦੇ ਚਲੇ ਜਾਣਗੇ । ਇਹ ਇਕ ਬਹੁਤ ਹੀ ਗੰਭੀਰ ਮਸਲਾ ਹੈ ਜਿਸ ਤੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਦੇ ਵਿਚ ਬਿਲਕੁਲ ਜ਼ਿਕਰ ਹੀ ਨਹੀਂ ਕੀਤਾ । ਕਿਤੇ ਇਹ ਗੱਲ ਨੋਟ ਨਹੀਂ ਹੋਈ ਕਿ ਇਹ ਮਸਲਾ ਕਿਵੇਂ ਅਤੇ ਕਦੋਂ ਨਜਿਠਿਆ ਜਾਵੇਗਾ । ਇਹ ਮਸਲਾ ਇਕੱਲੇ ਪੰਜਾਬ ਦਾ ਹੀ ਨਹੀਂ ਬਲਕਿ ਇਹ ਤਾਂ ਸਾਰੇ ਹਿੰਦੁਸਤਾਨ ਦਾ ਮਸਲਾ ਹੈ ਇਕ ਬੈਨਲਅਕਵਾਮੀ ਮਸਲਾ ਹੈ ਇਥੇ ਇਹ ਕਿਹਾ ਗਿਆ ਕਿ ਬੰਗਲਾ ਦੇਸ਼ ਦੇ ਵਾਕਿਆਤ ਕਰਕੇ ਮੁਲਕ ਦੀ ਇਕਾਨਮੀ ਤੇ ਬੋਝ ਪਿਆ ਜਿਸ ਕਰਕੇ ਕੀਮਤਾਂ ਵਧ ਗਈਆਂ । ਮੈਂ ਇਸ ਗੱਲ ਦਾ ਜਵਾਬ ਉਨ੍ਹਾਂ ਨੂੰ ਵੀਟਨਾਮ ਦੀ ਮਿਸਾਲ ਦੇ ਕੇ ਦਸਦਾ ਹਾਂ। ਹਿੰਦੁਸਤਾਨ ਦੇ ਮੁਕਾਬਲੇ ਵਿਚ ਵੀਟਨਾਮ ਇਕ ਛੋਟਾ ਜਿਹਾ ਮੁਲਕ ਹੈ । ਉਥੇ ਲਗਾਤਾਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

25 ਸਾਲ ਲੜਾਈ ਲਗੀ ਰਹੀ, ਸਾਮਾਰਾਜ ਸ਼ਾਹੀ ਨੇ ਆਪਣ ਬਲ ਬੋਤੇ ਉਸ ਮੁਲਕ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ । ਏਥੋਂ ਦੇ ਮੁਤਾਬਿਕ ਟਾਈਮਜ਼ ਆਫ ਇੰਡੀਆਂ ਨੇ ਇਕ ਅਸਲੀਅਤ ਬਿਆਨ ਕੀਤੀ ਹੈ ਕਿ ਸਾਡਾ ਰਿਪਰੇਜ਼ੈਂਟੇਟਿਵ ਦਲੀਪ ਮੁਕਰਜੀ ਹੈਨੋਈ ਗਿਆ, ਉਸ ਨੇ ਦਸਿਆ ਹੈ ਕਿ ਉਥੇ 64 ਪੈਸੇ ਕਿਲੋ ਚਾਵਲ ਮਿਲਦੇ ਹਨ, ਗੋਸ਼ਤ 4.50 ਫ਼ੀ ਕਿਲੋ ਹੈ ਅਤੇ 64 ਪੈਸੇ ਦਾ ਹੀ ਇਕ ਵਕਤ ਦਾ ਖਾਣਾ ਇਕ ਆਦਮੀ ਨੂੰ ਮਿਲਦਾ ਹੈ । ਇਹ ਕੀਮਤਾਂ ਉਥੇ ਕਈ ਸਾਲ ਤੋਂ ਹਨ । ਕਿਤਨੀ ਉਥੇ ਲੜਾਈ ਰਹੀ ਪਰ ਖਾਨ ਪੀਨ ਦੀਆਂ ਕੀਮਤਾਂ ਨਹੀਂ ਵਧੀਆਂ । ਪਰ ਇਥੇ ਬੰਗਲਾ ਦੇਸ਼ ਕਰਕੇ ਕੀਮਤਾਂ ਵਧ ਗਈਆਂ ਅਤੇ ਇਤਨੀਆਂ ਵਧੀਆਂ ਹਨ ਕਿ ਕੰਟਰੋਲ ਹੋ ਹੀ ਨਹੀਂ ਰਿਹਾ, ਅਜਾਰਾਦਾਰੀ ਨੇ ਅਜ ਗਰੀਬਾਂ ਦਾ ਗਲਾਂ ਘੁਟਿਆ ਹੋਇਆ ਹੈ ਅਤੇ ਇਹ ਲੋਕ ਪੰਜਾਬ ਅਤੇ ਹਿੰਦੁਸਤਾਨ ਦੀ ਜਨਤਾ ਨੂੰ ਲੂਟ ਲੂਟ ਖਾ ਰਹੇ ਹਨ । ਜਿਤਨਾ ਚਿਰ ਇਨ੍ਹਾਂ ਅਜਾਰਾਦਾਰਾਂ ਦਾ ਕੋਈ ਇੰਤਜ਼ਾਮ ਨਹੀਂ ਹੋਵੇਗਾ ਕੀਮਤਾਂ ਵਧਣੀਆਂ ਹੀ ਹਨ । ਇਸ ਐਡਰੈਸ ਵਿਚ ਕੀਮਤਾਂ ਨੇ ਵਧਣ ਦੇ ਮੁਤਾਲਿਕ ਕੋਈ ਜ਼ਿਕਰ ਨਹੀਂ । ਕਿਤਨੇ ਅਫਸੋਸ ਦੀ ਗੱਲ ਹੈ ਕਿ ਅਜਰਾਦਾਰੀ ਖਤਮ ਕਰਨ ਵਾਲੇ ਪਾਸੇ ਕੋਈ ਕਦਮ ਨਹੀਂ ਚੁਕੇ ਗਏ । ਇਨ੍ਹਾਂ ਨੂੰ ਬਲਕਿ ਹੋਰ ਉਚਾ ਚੁਕਣ ਲਈ ਲਿਫਟ ਦਿੱਤੀ ਜਾ ਰਹੀ ਹੈ । ਕੀਮਤਾਂ ਇਤਨੀਆਂ ਵਧ ਗਈਆ ਹਨ ਕਿ ਇਨ੍ਹਾਂ ਦੀ ਲਿਮਟ ਹੀ ਕੋਈ ਨਹੀਂ ਰਹੀ ਇਸ ਮੁਲਕ ਦੀ ਸਰਕਾਰ ਵਿਚ ਵੀ ਅਜਾਰਾਦਾਰਾਂ ਦਾ ਹੀ ਹੱਥ ਹੈ ਇਨ੍ਹਾਂ ਦੀ ਆਪਣੀ ਮਰਜ਼ੀ ਦੇ ਮੁਤਾਬਿਕ ਸਾਰਾ ਕੁਝ ਜਦੋਂ ਹੋ ਰਿਹਾ ਹੈ ਤਾਂ ਕੀਮਤਾਂ ਦਾ ਇਹ ਹਾਲ ਹੋਣਾ ਤਾਂ ਲਾਜ਼ਮੀ ਸੀ ।

ਜਿਥੋਂ ਤੱਕ ਅਨਾਜ ਦਾ ਮਸਲਾ ਹੈ ਇਹ ਤਜਾਵਜ਼ ਤੋਂ ਬਾਹਰ ਹੈ । ਇਨ੍ਹਾਂ ਨੇ ਫੇਰ ਚਾਉਲਾਂ ਦੇ ਵਿਉਪਾਰ ਨੂੰ ਲਿਆ ਕਿ ਸਰਕਾਰ ਖ਼ੁਦ ਕਰੇਗੀ ਪਰ ਇਨ੍ਹਾਂ ਨੇ ਝੋਨੇ ਦੇ ਥੋਕ ਬਿਉਪਾਰ ਨੂੰ ਕਿਉਂ ਨਹੀਂ ਲਿਆ । ਜੇ ਝੋਨਾ ਲੈਵੀ ਸਿਸਟਮ ਦੇ ਆਧਾਰ ਤੇ ਲਿਆ ਜਾਂਦਾ ਤਾਂ ਉਸ ਵਿਚ ਕਿਸਾਨ ਨੂੰ ਕੀਮਤ ਮਿਲਣੀ ਸੀ ਪਰ ਕਿਸਾਨ ਦੇ ਹੱਥ ਨਹੀਂ ਵਿਉਪਾਰੀਆਂ ਦੇ ਹੱਥ ਮਜ਼ਬੂਤ ਕਰਨਾ ਚਾਹੁੰਦੇ ਹਨ । ਇਹ ਵੇਖਣ ਅੱਜ ਪੰਜਾਬ ਵਿਚ ਮੈਦੇ ਦੀਆਂ ਕੀਮਤਾਂ ਕੀ ਹਨ, ਆਟੇ ਦੀਆ ਕੀ ਕੀਮਤਾਂ ਹਨ । ਆਟੇ ਦੀਆਂ ਮਿੱਲਾਂ ਕਮਾ ਰਹੀਆਂ ਹਨ ਅਤੇ ਲੋਕਾਂ ਨੂੰ ਆਪਣੀ ਜ਼ਿੰਦਗੀ ਦਾ ਮਿਆਰ ਉਚਾ ਕਰਨ ਦਾ ਕੋਈ ਮੌਕਾਂ ਹੀ ਨਹੀਂ ਮਿਲ ਰਿਹਾ । ਅਨਾਜ ਨੂੰ ਛਡ ਕੇ ਜਿਹੜਾ ਲੋਕਾਂ ਨੂੰ ਪਰਚੂਨ ਦੀਆਂ ਦੁਕਾਨਾਂ ਰਾਹੀਂ ਮਹਿੰਗਾਈ ਦੀ ਚੱਕੀ ਵਿੱਚ ਪੀਸਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਕੰਟਰੋਲ ਹੇਠ ਰਖਿਆ ਜਾ ਰਿਹਾ ਹੈ । ਇਸ ਮਹਿੰਗਾਈ ਤੋਂ ਬਚਣ ਦਾ ਇਲਾਜ ਕਿਵੇਂ ਹੋਵੇਗਾ ? ਇਨ੍ਹਾਂ ਗੱਲਾਂ ਦਾ ਕਿਤੇ ਵੀ ਇਸ ਭਾਸ਼ਣ ਵਿਚ ਜਿਕਰ ਨਹੀਂ ਕੀਤਾ ਗਿਆ ।

ਮਹਿੰਗਾਈ ਤੋਂ ਅੱਗੇ ਇਕ ਬੇਕਾਰੀ ਦਾ ਮਸਲਾ ਹੈ, ਪੜ੍ਹੇ ਲਿਖੇ ਨੌਜਵਾਨਾਂ ਦੀ ਕੀ ਹਾਲਤ ਹੈ । ਉਹ ਕੰਮ ਲੱਭਦੇ ਹਨ ਮਿਲਦਾ ਨਹੀਂ । ਮੇਰੇ ਪਾਸ ਨਵਾਂ ਜ਼ਮਾਨਾ, ਟ੍ਰਿਬਿਊਨ ਅਤੇ ਰੋਜ਼ਾਨਾ ਹਿੰਦ ਸਮਾਚਾਰ ਅਖਬਾਰ ਹਨ ਜਿਨ੍ਹਾਂ ਵਿਚ ਇਕ ਖਬਰ ਛਪੀ ਹੈ ਕਿ ਨੌਜਵਾਨ ਲੜਕੇ 4 ਰੁ: ਦਿਹਾੜੀ ਤੇ ਮਿੱਟੀ ਪੁਟਣ ਦਾ ਕੰਮ ਕਰਦੇ ਹਨ । ਮਜ਼ਦੂਰਾਂ ਦੀ ਕੀ ਹਾਲਤ ਹੈ, ਇਸ ਬਾਰੇ ਮੇਰਾ ਇਕ 577 ਨੰ: ਦਾ ਸਵਾਲ ਸੀ। ਸਰਕਾਰ ਨੇ ਆਪਣੇ ਜਵਾਬ ਦੇ ਵਿਚ ਦਸਿਆ ਹੈ ਕਿ ਅੰਮ੍ਰਿਤਸਰ ਵਿਚ 19 ਮਿਲਾਂ ਬੰਦ ਪਈਆਂ ਹਨ, ਇਸੇ ਤਰ੍ਹਾਂ ਦਾ ਹੀ ਹਾਲ ਲੁਧਿਆਣੇ ਅਤੇ ਪਟਿਆਲੇ ਦਾ ਹੈ, ਜਾਂ ਮਿਲਾਂ ਬੰਦ ਹਨ ਜਾਂ ਮਜ਼ਦੂਰ ਹੜਤਾਲ ਤੇ ਹਨ ।

Original with;
Punjab Vidhan Sabha
Digitized by;
Panjab Digital Library

ਅਤੇ ਕਿਤੇ ਮਾਲਕਾਂ ਨੇ ਮਜ਼ਦੂਰਾਂ ਦੀ ਛਾਂਟੀ ਕਰ ਦਿੱਤੀ । ਇਸ ਤਰ੍ਹਾਂ ਬੇਕਾਰੀ ਦੀ ਸੱਟ ਵਜੋਂ ਰਹੀ ਹੈ । ਛੇਹਰਟੇ ਵਿਚ 3 ਮਹੀਨੇ ਤੋਂ ਇਕ ਹਜ਼ਾਰ ਮਜ਼ਦੂਰ ਬੇਕਾਰ ਹੈ, ਉਥੇ ਛਾਂਟੀ ਕੀਤੀ ਗਈ ਅਤੇ ਉਨ੍ਹਾਂ ਦਾ ਇਸ ਮਹਿੰਗਾਈ ਵਿਚ ਬੁਰਾ ਹਾਲ ਹੈ । ਮੈਂ ਇਕ ਮਸਾਲ ਦਿੱਤੀ ਹੈ ਛੇਹਰਟੇ ਦੇ ਕਾਰਖਾਨੇ ਦੀ । ਉਥੇ ਇਕ ਸਾਲ ਵਿਚ 10,727 ਦਿਨ ਮੈਨ ਡੇਜ਼ ਦੇ ਹਨ । ਅਮਲ ਵਿਚ ਭਾਵੇਂ ਕੁਝ ਵੀ ਹੋਵੇ ਪਰ ਸਾਰੇ ਪੰਜਾਬ ਵਿਚ ਮਜ਼ਦੂਰ ਬੇਕਾਰ ਹਨ । ਇਹ ਹੀ ਨਹੀਂ ਜੇ ਰੂਰਲ ਐਂਪਲਾਇਮੈਂਟ ਦਾ ਮਸਲਾ ਲਈਏ ਤਾਂ ਇਹ ਮੰਨਣਾ ਪਵੇਗਾ ਕਿ ਬੇਜ਼ਮੀਨਿਆਂ ਨੂੰ ਕਿਤੇ ਕੰਮ ਕਰਨ ਨੂੰ ਹੀ ਨਹੀਂ ਮਿਲਦਾ, ਅਤੇ ਇਹ ਬੇਕਾਰੀ 12 ਮਹੀਨੇ ਹੀ ਹੈ । ਇਸ ਕਿਸਮ ਦੀ ਹਾਲਤ ਹੈ ਮਜ਼ਦੂਰੀ ਦੀ ਅਤੇ ਦੂਸਰੇ ਪਾਸੇ ਮਹਿੰਗਾਈ ਹੈ । ਪੁਜੀਸ਼ਨ ਇਹ ਹੈ ਕਿ ਆਦਮੀ ਅਤੇ ਔਰਤ ਨੂੰ ਹਰ ਗੱਲ ਵਿਚ ਬਰਾਬਰ ਦੇ ਅਧਿਕਾਰ ਹਨ । ਪਰ ਔਰਤ ਉਤਨੀ ਦੇਰ ਤੱਕ ਮਰਦ ਦੇ ਬਰਾਬਰ ਨਹੀਂ ਆ ਸਕਦੀ ਜਦ ਤਕ ਇਹ ਬਰਾਬਰ ਦਾ ਕੰਮ ਨਾ ਕਰੇ । ਕੰਮ ਕਿਤੇ ਕਰਨ ਨੂੰ ਮਿਲਦਾ ਨਹੀਂ । ਉਨ੍ਹਾਂ ਦਾ ਗੁਜ਼ਾਰਾ ਤਦ ਹੀ ਹੋ ਸਕਦਾ ਹੈ, ਜੇ ਉਹ ਮੀਆਂ-ਬੀਵੀ ਦੋਵੇਂ ਰਲ ਕੇ ਕੰਮ ਕਰਨ ।

ਔਰਤਾਂ ਅੱਜ ਕੰਮ ਕਰ ਰਹੀਆਂ ਹਨ ਪਰ ਰੋਜ਼ਗਾਰ ਨਹੀਂ ਮਿਲਦਾ । ਜਿਹੜੀਆਂ ਲੱਗੀਆਂ ਹੋਈਆਂ ਹਨ ਵੀ ਉਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ । ਗਵਰਨਰ ਦੇ ਐਡਰੈਸ ਵਿਚ ਉਸ ਦਾ ਸੌਵਾਂ ਹਿੱਸਾ ਵੀ ਨਹੀਂ ਹੈ ਜਿਸ ਦੀ ਅਸੀਂ ਤਵੱਕੋ ਕਰਦੇ ਸੀ । ਮੈਂ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਜਦੋਂ ਤਕ ਇਸ ਮਸਲੇ ਤੇ ਸਾਡੀ ਗਰਿਪ ਨਹੀਂ ਹੁੰਦੀ ਉਦੋਂ ਤਕ ਇਹ ਮਸਲਾ ਹੱਲ ਨਹੀਂ ਹੋਵੇਗਾ ।

ਫਿਰ ਇਥੇ ਯਸ਼ ਜੀ ਨੇ ਇਹ ਦਾਵਾ ਕੀਤਾ ਕਿ ਇਹ ਸਰਕਾਰ ਚੰਗੇ ਕੰਮ ਕਰ ਰਹੀ ਹੈ । ਇਸ ਨੇ 5 ਹਜ਼ਾਰ ਟੀਚਰਾਂ ਨੂੰ ਨੌਕਰੀਆਂ ਦੇ ਦਿਤੀਆਂ ਹਨ । ਪਿੰਡਾਂ ਦੀ ਉਨਤੀ ਲਈ ਕਰੈਸ਼ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ । ਪਰ ਇਹ ਗੱਲ ਤਾਂ ਹੁਣ ਸਰਕਾਰ ਵੀ ਮੰਨਦੀ ਹੈ ਕਿ ਪਿੰਡਾਂ ਵਿਚ ਕਰੈਸ਼ ਪ੍ਰੋਗਰਾਮ ਹੁਣ ਫੇਲ੍ਹ ਹੋ ਗਏ ਹਨ । ਇਸ ਗੱਲ ਨੂੰ ਹੁਣ ਤਾਂ ਭਾਰਤ ਸਰਕਾਰ ਵੀ ਮੰਨਦੀ ਹੈ । ਫਿਰ 2-4 ਹਜ਼ਾਰ ਟੀਚਰਾਂ ਨੂੰ ਨੌਕਰੀਆਂ ਦੇਣ ਦੇ ਨਾਲ ਇਹ ਮਸਲਾ ਹੱਲ ਨਹੀਂ ਹੋਵੇਗਾ। ਇਹ ਤਾਂ ਇਸ ਪ੍ਰਾਬਲਮ ਨੂੰ ਹੱਲ ਕਰਨ ਲਈ ਆਟੇ ਵਿਚ ਲੂਣ ਵੀ ਨਹੀਂ ਹੈ। ਕੀਮਤਾਂ ਦਾ ਮਸਲਾ, ਮਹਿੰਗਾਈ ਦਾ ਮਸਲਾ ਔਰ ਬੇਕਾਰੀ ਦਾ ਮਸਲਾ ਤਾਂ ਵਾਰ ਫੂਟਿੰਗ ਤੇ ਹੱਲ ਕਰਨ ਦੀ ਜ਼ਰੂਰਤ ਹੈ। ਇਸ ਗੱਲ ਨਾਲ ਇਹ ਮਸਲਾ ਹੱਲ ਨਹੀਂ ਹੋਵੇਗਾ ਕਿ ਬਲਾਕਾਂ ਵਿਚ ਹੈਲਥ ਸੈਂਟਰ ਇਕ ਦੀ ਥਾਂ ਤੇ ਦੋ ਕਰ ਦਿਤੇ ਗਏ ਹਨ ਜਾਂ ਕੁਝ ਟੀਚਰਾਂ ਨੂੰ ਨੌਕਰੀਆਂ ਦੇ ਦਿਤੀਆਂ ਗਈਆਂ ਹਨ। ਕੁਝ ਬੁਨਿਆਦੀ ਤਬਦੀਲੀਆਂ ਦੀ ਲੋੜ ਹੈ। ਇਥੇ ਪਿੰਡਾਂ ਵਿਚ ਬੇਕਾਰੀ ਦੂਰ ਕਰਨ ਲਈ ਜ਼ਰੂਰੀ ਹੈ ਕਿ ਜ਼ਮੀਨੀ ਸੁਧਾਰ ਲਾਗੂ ਕੀਤੇ ਜਾਣ ਪਰ ਇਥੇ ਇਕ ਜ਼ਮੀਨ ਸੀਲਿੰਗ ਦਾ ਬਿਲ ਪਾਸ ਕੀਤਾ ਗਿਆ ਜਿਸ ਵਿਚ ਕਿ ਕਈ ਨੁਕਸ ਸੀ ਪਰ ਫਿਰ ਵੀ ਉਸ ਬਿਲ ਦੀ ਮਨਜ਼ੂਰੀ ਪ੍ਰਧਾਨ ਪਾਸੋਂ ਨਹੀਂ ਆ ਰਹੀ । ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਕੋਈ ਜ਼ਮੀਨ ਸਰਪਲਸ ਨਹੀਂ । ਜੇ ਵੱਡੇ ਜ਼ਮੀਨਦਾਰਾਂ ਦੀਆਂ ਹੀ ਕਮੇਟੀਆਂ ਬਣਾ ਦਿਤੀਆਂ ਗਈਆਂ। ਜੇ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਕਮੇਟੀਆਂ ਬਣਾਈਆਂ ਜਾਣ ਜਿਨ੍ਹਾਂ ਨੂੰ ਕਿ ਉਹ ਸਰਪਲਸ ਜ਼ਮੀਨ ਮਿਲਣੀ ਹੈ ਤਾਂ ਕੁਝ ਬੇਨਾਮੀ ਸਰਪਲਸ ਜ਼ਮੀਨ ਮਿਲ ਸਕਦੀ ਹੈ । ਨਹੀਂ ਤਾਂ ਕੋਈ ਨਹੀਂ ਮਿਲਣੀ । ਗਵਰਨਰ ਸਾਹਿਬ ਦੇ ਐਡਰੈਸ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ ਆਇਆ ਹੈ । ਫਿਰ ਡਿਪਟੀ ਸਪੀਕਰ ਸਾਹਿਬ, ਜੇ ਸਰਕਾਰ ਬੇਕਾਰੀ ਬਾਰੇ ਸੀਰੀਅਸ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਇੰਡਸਟਰੀ ਡਿਪਾਰਟਮੈਂਟ ਨੂੰ ਤਾਲਾ ਬੰਦੀਆਂ, ਮਿਲ ਬੰਦੀਆਂ, ਛਾਂਟੀ ਅਤੇ ਲੇਅ ਆਫ਼ ਆਦਿ ਪੂਰੀ ਤਰ੍ਹਾਂ ਮਨ੍ਹਾਂ ਕਰ ਦੇਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

ਹੈਲਥ ਦੀ ਤੇਜ਼ੀ ਨਾਲ ਤਰੱਕੀ ਕੀਤੀ ਜਾਣੀ ਚਾਹੀਦੀ ਹੈ। ਪਰ ਸਭ ਤੋਂ ਬੁਨਿਆਦੀ ਗੱਲ ਹੈ ਸੰਨਅਤ ਦੀ ਤਰੱਕੀ। ਇਹ ਬਹੁਤ ਤੇਜ਼ੀ ਨਾਲ ਹੋਣੀ ਚਾਹੀਦੀ ਹੈ। ਤਾਂ ਹੀ ਦੇਸ਼ ਵਿਚੋਂ ਬੇਕਾਰੀ ਦੂਰ ਹੋ ਸਕਦੀ ਹੈ। ਔਰ ਇਹ ਮਸਲਾ ਹੱਲ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਬੇਕਾਰੀ ਦਾ ਮਸਲਾ ਹੋਵੇ ਜਾਂ ਗਰੀਬੀ ਦਾ ਮਸਲਾ ਹੋਵੇ, ਜਾਂ ਕੀਮਤਾਂ ਚੜ੍ਹਨ ਦਾ ਮਸਲਾ ਹੋਵੇ ਇਨ੍ਹਾਂ ਦਾ ਸਭ ਤੋਂ ਵਡਾ ਕਾਰਨ ਹੈ ਕਿ ਵੈਸਟਿਡ ਇੰਟਰੈਸਟ, ਟਾਟੇ, ਬਿਰਲੇ ਅਤੇ ਹੋਰ ਵੱਡੇ ਜਗੀਰਦਾਰ ਅਤੇ ਹੋਲਡਰ ਕਾਬੂ ਵਿਚ ਨਹੀਂ ਆਉਂਦੇ। ਇਸ ਲਈ ਇਹ ਮਸਲੇ ਹੱਲ ਨਹੀਂ ਹੋ ਸਕਦੇ। ਯਸ਼ ਜੀ ਨੇ ਇਥੇ ਤਕਰੀਰ ਕਰਦੇ ਹੋਏ ਕਿਹਾ ਕਿ ਅਸੀਂ ਹੁਣ ਇਸ ਗੱਲ ਵਲ ਧਿਆਨ ਦੇ ਰਹੇ ਹਾਂ ਕਿ ਦੌਲਤ ਦੀ ਵੰਡ ਇਸ ਤਰੀਕੇ ਨਾਲ ਕੀਤੀ ਜਾਵੇ ਕਿ ਉਪਰਲੇ ਵਰਗ ਕੋਲ ਭਾਵੇਂ ਘੱਟ ਰਹਿ ਜਾਵੇ ਪਰ ਹੇਠਲੇ ਵਰਗ ਕੋਲ ਜ਼ਿਆਦਾ ਹੋਵੇ। ਪਰ ਮੈਂ ਅਰਜ਼ ਕਰਦਾ ਹਾਂ ਕਿ ਇਸ ਗੱਲ ਨਾਲ ਕੋਈ ਮਸਲਾ ਹੱਲ ਨਹੀਂ ਹੋਵੇਗਾ। ਜਦੋਂ ਤਕ ਕਿ ਇਨ੍ਹਾਂ ਨੂੰ ਅੱਜ ਏ ਕਲਾਸ ਹੀ ਖਤਮ ਨਹੀਂ ਕੀਤਾ ਜਾਂਦਾ। ਔਰ ਲਗਦਾ ਹੈ ਕਿ ਸਰਕਾਰ ਅਜੇ ਇਸ ਲਈ ਤਿਆਰ ਨਹੀਂ ਹੈ। ਗਵਰਨਰ ਦਾ ਐਡਰੈਸ ਸਾਡੇ ਇਸ ਖਦਸੇ ਨੂੰ ਵਧਾਉਂਦਾ ਹੀ ਹੈ। ਫਿਰ ਯਸ਼ ਜੀ ਨੇ ਕਿਹਾ ਕਿ ਚੌਥੇ ਪੰਜ ਸਾਲਾ ਪਲੈਨ ਵਿਚ ਪਹਿਲਾਂ ਰਕਮ 293 ਕਰੋੜ ਰੱਖੀ ਗਈ ਸੀ ਪਰ ਹੁਣ ਇਹ ਵਧਾ ਕੇ 426 ਕਰੋੜ ਕਰ ਦਿਤੀ ਗਈ ਹੈ, ਮੈਂ ਇਸ ਬਾਰੇ ਅਰਜ਼ ਕਰ ਦੇਵਾਂ ਕਿ ਇਸ ਨਾਲ ਕੋਈ ਜ਼ਿਆਦਾ ਡਿਵੈਲਪਮੈਂਟ ਨਹੀਂ ਹੋਵੇਗੀ ਬਲਕਿ ਡਿਵੈਲਪਮੈਂਟ ਤਾਂ ਉਤਨੀ ਹੀ ਹੋਵੇਗੀ ਜਿਤਨੀ ਪਹਿਲਾਂ ਹੋਣੀ ਸੀ ਕਿਉਂਕਿ ਕੀਮਤਾਂ ਬਹੁਤ ਵਧ ਗਈਆਂ ਹਨ ਇਸ ਲਈ ਇਹ ਰਕਮ ਵਧਾਈ ਗਈ ਹੈ। ਫਿਰ ਉਨ੍ਹਾਂ ਨੇ ਇਹ ਕਿਹਾ ਹੈ ਕਿ ਪੰਜਾਬ ਵਿਚ ਇੰਡਸਟਰੀ ਹੋਰ ਵਧਾਈ ਗਈ ਹੈ। ਇਸ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਆਪ ਇਕ ਤਕਰੀਰ ਕੀਤੀ ਸੀ ਕਿ ਵੈਸਟ ਬੰਗਾਲ ਵਿਚ ਇਕ ਆਦਮੀ ਪਿਛੇ ਇੰਡਸਟਰੀਅੱਲ ਇਨਕਮ 171 ਰੁਪਏ ਹੈ, ਮਹਾਰਾਸ਼ਟਰ ਵਿਚ 154 ਰੁਪਏ ਹੈ, ਗੁਜਰਾਤ ਵਿਚ 151 ਰੁਪਏ ਹਨ ਪਰ ਪੰਜਾਬ ਵਿਚ 31 ਰੁਪਏ ਹੈ। ਕਿਤਨੀ ਅਫ਼ਸੋਸਨਾਕ ਹਾਲਤ ਹੈ ਪੰਜਾਬ ਵਿਚ ਇੰਡਸਟਰੀ ਦੀ ਪਰ ਫਿਰ ਵੀ ਕੀ ਕੀਤਾ ਜਾ ਰਿਹਾ ਹੈ ਇੰਡਸਟਰੀ ਲਈ? ਚੌਥੇ ਪੰਜ ਸਾਲਾ ਪਲਾਨ ਵਿਚ ਪਹਿਲਾਂ ਇੰਡਸਟਰੀ ਲਈ 16 ਕਰੋੜ 15 ਲਖ ਰੁਪਏ ਰੱਖੇ ਗਏ ਸੀ ਪਰ ਹੁਣ ਇਹ ਘਟਾ ਕੇ 13 ਕਰੋੜ 55 ਲਖ ਰੁਪਏ ਕਰ ਦਿਤੇ ਗਏ ਹਨ। ਇਸ ਦਾ ਮਤਲਬ ਹੈ ਕਿ ਹੁਣ ਇਥੇ ਅਗੇ ਨਾਲੋਂ ਘੱਟ ਇੰਡਸਟਰੀ ਲਗੇਗੀ। ਫਿਰ ਜਿਹੜੀ ਇੰਡਸਟਰੀ ਇਥੇ ਲੱਗੀ ਹੋਈ ਹੈ ਵੀ ਉਸ ਦੀ ਕੀ ਹਾਲਤ ਹੈ? ਬਿਜਲੀ ਨਹੀਂ ਹੈ, ਇੰਡਸਟਰੀ ਬੰਦ ਪਈ ਹੈ। ਮੈਨੂੰ ਇਸ ਗੱਲ ਦਾ ਦੁਖ ਹੈ ਕਿ ਚੀਫ਼ ਮਨਿਸਟਰ ਸਾਹਿਬ ਨੇ ਜਲੰਧਰ ਵਿਚ ਇਕ ਤਕਰੀਰ ਕਰਦੇ ਹੋਏ ਇਹ ਗੱਲ ਮੰਨੀ ਕਿ ਕੋਲਾ ਬੋਗਸ ਫਰਮਾਂ ਲੈ ਲੈਂਦੀਆਂ ਹਨ। ਅੰਮ੍ਰਿਤਸਰ ਵਿਚ ਇਹ ਹਾਲਤ ਹੈ ਕਿ ਰਾਅ ਸਿਲਕ ਦਾ ਯਾਰਨ ਉਹ ਲੋਕ ਲੈ ਜਾਂਦੇ ਹਨ ਜਿਨ੍ਹਾਂ ਦੀਆਂ ਕੋਈ ਫੈਕਟਰੀਆਂ ਨਹੀਂ ਹਨ ਕੋਈ ਕਾਰਖਾਨੇ ਨਹੀਂ ਹਨ ਅਤੇ ਫਿਰ ਉਹ ਬਲੈਕ ਵਿਚ ਉਨ੍ਹਾਂ ਨੂੰ ਵੇਚਦੇ ਹਨ ਜਿਨ੍ਹਾਂ ਦੀਆਂ 4, 4 ਪਾਵਰਾਂ ਲਗੀਆਂ ਹੋਈਆ ਹਨ ਇਹੀ ਹਾਲ ਲੋਹੇ ਦਾ ਹੈ। ਇਹੀ ਹਾਲ ਹਰ ਇਕ ਕੱਚੇ ਮੈਟੀਰੀਅਲ ਦਾ ਹੈ। ਮੈਨੂੰ ਦੁਖ ਹੈ ਕਿ ਚੀਫ਼ ਮਨਿਸਟਰ ਨੇ ਇਹ ਗੱਲ ਮੰਨੀ ਪਰ ਨਾਲ ਹੀ ਇਹ ਕਿਹਾ ਕਿ ਅਸੀਂ ਇਸ ਦੇ ਖਿਲਾਫ਼ ਐਕਸ਼ਨ ਨਹੀਂ ਲੈਣਾ ਕਿਉਂਕਿ ਭਾਰਤ ਸਰਕਾਰ ਸਾਡਾ ਕੋਟਾ ਘਟ ਕਰ ਦੇਵੇਗੀ। ਮੈਂ ਅਰਜ਼ ਕਰਦਾ ਹਾਂ ਕਿ ਬੇਕਾਰੀ ਔਰ ਗਰੀਬੀ ਦਾ ਇਹ ਹੱਲ ਨਹੀਂ ਹੈ। ਚਾਹੀਦਾ ਹੈ ਕਿ ਜੋ ਬੋਗਸ ਫਰਮਾਂ ਹਨ ਉਨ੍ਹਾਂ ਦਾ ਕੋਟਾ

Original with;
Punjab Vidhan Sabha
Digitized by;
Panjab Digital Library

ਬੰਦ ਕਰਕੇ ਉਨ੍ਹਾਂ ਨੂੰ ਕੋਟਾ ਦਿਤਾ ਜਾਵੇ ਜਿਨ੍ਹਾਂ ਦੇ ਸਚਮੁਚ ਕਾਰਖਾਨੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਮੰਨਦੇ ਹੋਏ ਵੀ ਇਹ ਦਾਅਵਾ ਕਰਦੇ ਹਨ ਕਿ ਪੰਜਾਬ ਵਿਚ ਇੰਡਸਟਰੀ ਵਧ ਰਹੀ ਹੈ । ਗਵਰਨਰ ਸਾਹਿਬ ਦੇ ਐਡਰੈਸ ਵਿਚ ਦਸਿਆ ਹੈ ਕਿ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਕੁਝ ਇੰਡਸਟਰੀਜ਼ ਲਗਾ ਰਹੀ ਹੈ । ਇਕ ਟੈਲੀਵੀਜ਼ਨ ਦੀ ਇੰਡਸਟਰੀ ਹੈ, ਇਕ ਬੀਅਰ ਦੀ ਫੈਕਟਰੀ ਹੈ, ਇਕ ਬੈਟਰੀਜ਼ ਦੀ ਫੈਕਟਰੀ ਹੈ, ਰਾਜਪੁਰੇ ਵਿਚ ਇਕ ਸਾਬਣ ਦੀ ਫੈਕਟਰੀ ਵੀ ਲਗ ਰਹੀ ਹੈ । ਇਹ ਚੰਗੀ ਗੱਲ ਹੈ, ਇਸ ਨਾਲ ਵੀ ਕੁਝ ਲੋਕਾਂ ਨੂੰ ਰੁਜ਼ਗਾਰ ਮਿਲੇਗਾ । ਪਰ ਇਹ ਸਾਰੇ ਕਾਰਖਾਨੇ ਪਬਲਿਕ ਸੈਕਟਰ ਵਿਚ ਨਹੀਂ ਲਗ ਰਹੇ । ਜੁਆਇੰਟ ਸੈਕਟਰ ਵਿਚ ਲਗ ਰਹੇ ਹਨ । ਜੋ ਜੋ ਐਗਰੀਮੈਂਟ ਵਿਚ ਸ਼ਰਤਾਂ ਹਨ ਉਹ, ਉਹ ਸ਼ਰਤਾਂ ਹਨ ਜੋ ਟਾਟਾ ਮੰਗਦਾ ਸੀ । ਇਨ੍ਹਾਂ ਸ਼ਰਤਾਂ ਦੇ ਮੁਤਾਬਕ ਜ਼ਿਆਦਾ ਪੈਸੇ ਇਹ ਪਾਉਣਗੇ ਅਤੇ ਘਟ ਪੈਸੇ ਉਹ ਪਾਉਣਗੇ ਅਤੇ ਮੈਨੇਜਿੰਗ ਡਰੈਕਟਰ ਉਨ੍ਹਾਂ ਦਾ ਹੋਵੇਗਾ। ਫਿਰ ਕੁਝ ਸਾਲਾਂ ਤੋਂ ਬਾਅਦ ਉਹ ਕਾਰਖਾਨੇ ਉਨ੍ਹਾਂ ਦੇ ਹੋ ਜਾਣਗੇ । ਇਸ ਤਰ੍ਹਾਂ ਉਹ ਘਟ ਪੈਸੇ ਲਾਕੇ ਜ਼ਿਆਦਾ ਨਫ਼ਾ ਕਮਾਉਣਾ ਚਾਹੁੰਦੇ ਹਨ । ਉਹ ਕੱਪੜੇ ਦੇ ਕਾਰਖਾਨੇ ਨਹੀਂ ਲਾਉਂਦੇ ਖੰਡ ਦੇ ਕਾਰਖਾਨੇ ਨਹੀਂ ਲਗਾਉਂਦੇ, ਕਿਉਂਕਿ ਉਹ ਤਾਂ ਕਿੱਲਤ ਪੈਦਾ ਕਰਕੇ ਜ਼ਿਆਦਾ ਨਫ਼ਾ ਕਮਾਉਣਾ ਚਾਹੁੰਦੇ ਹਨ । ਇਸ ਤਰ੍ਹਾਂ ਜੁਆਇੰਟ ਸੈਕਟਰ ਵਿਚ ਇਹ ਕਾਰਖਾਨੇ ਲਗਾ ਕੇ ਉਨ੍ਹਾਂ ਦੀ ਮਨਾਪਲੀ ਬਹਾਲ ਰੱਖੀ ਗਈ ਹੈ । ਇਨ੍ਹਾਂ ਨੂੰ ਲੰਬੀ ਦੌੜ ਬਾਰੇ ਸੋਚਣਾ ਚਾਹੀਦਾ ਸੀ । ਉਨ੍ਹਾਂ ਦੀ ਮਨਾਪਲੀ ਖਤਮ ਕਰਨ ਬਾਰੇ ਕੋਸ਼ਿਸ਼ ਕਰਨੀ ਚਾਹੀਦੀ ਸੀ । ਪਰ ਇਸ ਤਰ੍ਹਾਂ ਜੁਆਇੰਟ ਸੈਕਟਰ ਵਿਚ ਇਹ ਕਾਰਖਾਨੇ ਲਗਾ ਕੇ ਤਾਂ ਉਨ੍ਹਾਂ ਦੀ ਮਨਾਪਲੀ ਬਹਾਲ ਰਖੀ ਗਈ ਹੈ । ਮੈਂ ਇਸ ਵੇਲੇ ਜ਼ਿਆਦਾ ਤਫ਼ਸੀਲ ਵਿਚ ਨਹੀਂ ਜਾਣਾ ਚਾਹੁੰਦਾ ਸਿਰਫ ਇਤਨਾ ਕਹਾਂਗਾ ਕਿ ਇਨ੍ਹਾਂ ਦੀ ਪਬਲਿਕ ਸੈਕਟਰ ਬਾਰੇ ਪਾਲਿਸੀ ਕੀ ਹੈ, ਇਹ ਸਪੱਸ਼ਟ ਕਰਨ । ਫਿਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀਆਂ ਜਿਹੜੀਆਂ ਨੀਤੀਆਂ ਹਨ ਉਹ ਗ਼ਰੀਬੀ ਘਟਾਉਣ ਵਾਲੀਆਂ ਨਹੀਂ ਹਨ । ਵਧਾਉਣ ਵਾਲੀਆਂ ਹਨ। ਇਨ੍ਹਾਂ ਕਿਹਾ ਕਿ ਨਵੇਂ ਕੁਨੈਕਸ਼ਨ ਦਿਆਂਗੇ ਪਰ ਉਸ ਲਈ 80-80 ਰੁਪਏ ਦਿਓ। ਜਿਹੜਾ 80 ਰੁਪਏ ਦੇਵੇ ਉਸ ਨੂੰ ਕੁਨੈਕਸ਼ਨ ਮਿਲਦਾ ਹੈ, ਕੀ ਇਹ ਨੀਤੀ ਗ਼ਰੀਬਾਂ ਦੇ ਭਲੇ ਲਈ ਹੈ? ਫਿਰ ਇਨ੍ਹਾਂ ਨੇ ਕਿਹਾ ਹੈ ਕਿ ਟਿਊਬਵੈਲਾਂ ਦੇ ਕੁਨੈਕਸ਼ਨ ਉਨ੍ਹਾਂ ਨੂੰ ਦਿਤੇ ਜਾਣ ਜੋ ਕਿ ਸਾਰਾ ਖ਼ਰਚਾ 6 ਹਜ਼ਾਰ ਰੁਪਏ ਦੇ ਦੇਵੇ । ਇਸ ਤਰ੍ਹਾਂ ਤਾਂ ਆਮ ਗ਼ਰੀਬ ਕਿਸਾਨ ਦੀ ਵਾਰੀ 4 ਸਾਲ ਤਕ ਨਹੀਂ ਆ ਸਕਦੀ । ਫਿਰ ਇਨ੍ਹਾਂ ਨੇ ਕਿਹਾ ਕਿ ਹਰੀਜਨਾਂ ਨੂੰ ਲਾਟੂ ਲਗਾ ਕੇ ਦੇਵੋ। ਉਸ ਲਈ ਇਨ੍ਹਾਂ ਨੇ 80 ਰੁਪਏ ਫੀ ਲਾਟੂ ਮੰਗਿਆ । ਹਰੀਜਨ ਕਹਿਣ ਲਗੇ ਕਿ ਅਸੀਂ ਤਾਂ ਮੋਮਬਤੀਆਂ ਨਾਲ ਗੁਜ਼ਾਰਾ ਕਰ ਲਵਾਂਗੇ । ਫਿਰ ਐਗਰੋ-ਇੰਡਸਟਰੀਅਲ ਕਾਰਪੋਰੇਸ਼ਨ ਨੇ ਕੰਬਾਈਨਾਂ ਵੇਚਣ ਦਾ ਫੈਸਲਾ ਕੀਤਾ ਹੈ। ਇਸ ਦਾ ਨਤੀਜਾ ਇਹ ਹੋਵੇਗਾ ਕਿ ਪਹਿਲਾਂ ਵੱਡੇ ਵੱਡੇ ਜ਼ਿਮੀਂਦਾਰ ਇਹ ਕੰਬਾਈਨਾਂ ਖਰੀਦ ਲੈਣਗੇ ਅਤੇ ਫਿਰ ਦੂਜਿਆਂ ਦੀ ਛਿਲ ਲਾਹੁਣਗੇ। ਡਿਪਟੀ ਸਪੀਕਰ ਸਾਹਿਬ, ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਫਿਰ ਸਾਡੇ ਲੇਬਰ ਮਨਿਸਟਰ ਨੇ ਇਕ ਪੈਰਾ ਲੇਬਰ ਪਾਲਿਸੀ ਬਾਰੇ ਵੀ ਗਵਰਨਰ ਐਡਰੈਸ ਵਿਚ ਪਵਾ ਦਿਤਾ ਹੈ । ਉਸ ਪੈਰੇ ਤੋਂ ਇਹ ਪਤਾ ਲਗਦਾ ਹੈ ਕਿ ਪੰਜਾਬ ਸਰਕਾਰ ਦੀ ਲੇਬਰ ਨੀਤੀ ਮਜ਼ਦੂਰਾਂ ਦੇ ਹੱਕ ਵਿਚ ਨਹੀਂ ਉਨ੍ਹਾਂ ਦੀ ਦੁਸ਼ਮਣੀ ਦੀ ਹੈ । ਅਤੇ ਸਰਮਾਇਆਦਾਰ ਪੱਖੀ ਹੈ। ਡਿਪਟੀ ਸਪੀਕਰ ਸਾਹਿਬ, ਕਿਉਂਕਿ ਮੈਂ ਇਹ ਗੱਲ ਕਹਿੰਦਾ ਹਾਂ ਇਸ ਬਾਰੇ ਸਰਕਾਰ ਦੇ ਆਪਣੇ ਆਂਕੜੇ ਦਸਦਾ ਹਾਂ । ਇਹ ਆਂਕੜੇ ਸਰਕਾਰ ਦੇ ਆਪਣੇ ਕੱਢੇ ਹੋਏ ਹਨ ਅਤੇ ਕੋਈ ਇਨ੍ਹਾਂ ਨੂੰ ਚੈਲਿੰਜ ਨਹੀਂ ਕਰ ਸਕਦਾ । ਇਸ ਦੇ ਮੁਤਾਬਕ ਇਕ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਮਜ਼ਦੂਰ ਦੀ ਜੋ ਇਕ ਔਸਤ ਤਨਖਾਹ ਹੈ ਉਸ ਲਿਸਟ ਵਿਚ ਪੰਜਾਬ ਦਾ ਸਾਰੇ ਦੇਸ਼ ਵਿਚ ਹੇਠਲੇ ਪਾਸੇ ਤੋਂ ਦੂਜਾ ਨੰਬਰ ਹੈ। ਪਹਿਲਾ ਨੰਬਰ ਹੇਠਾਂ ਵੱਲ ਦਾ ਕਸ਼ਮੀਰ ਦਾ ਹੈ ਅਤੇ ਦੂਜਾ ਪੰਜਾਬ ਦਾ ਨੰਬਰ ਹੈ । ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਦੀ ਜ਼ਿਆਦਾ ਤੋਂ ਜ਼ਿਆਦਾ ਤਨ੍ਖਾਹ ਸਾਰੇ ਦੇਸ਼ ਵਿਚ 2,500 ਰੁਪਏ ਸਾਲਾਨਾ ਹੈ ਜਦੋਂ ਕਿ ਪੰਜਾਬ ਵਿਚ ਇਹ ਸਿਰਫ਼ 1,750 ਰੁਪਏ ਸਾਲਾਨਾ ਹੈ । ਅਜ ਦੇ ਹਾਲਾਤ ਵਿਚ ਇਕ ਬੀਵੀ, ਇਕ ਮਰਦ ਅਤੇ ਦੋ ਬੱਚਿਆਂ ਦਾ ਗੁਜ਼ਾਰਾ 250 ਰੁਪਏ ਮਹੀਨੇ ਤੋਂ ਘਟ ਨਹੀਂ ਹੋ ਸਕਦਾ । ਪਰ ਇਥੇ ਸ਼ਰਮਾ ਜੀ ਨੇ ਹਾਤਮਤਾਈ ਦੀ ਕਬਰ ਨੂੰ ਲੱਤ ਮਾਰੀ ਹੈ ਕਿ ਇਹ ਘਟੋ ਘਟ ਮਜ਼ਦੂਰੀ 125 ਰੁਪਏ ਮਹੀਨਾ ਕਰਵਾ ਦਿਤੀ ਹੈ । ਪਰ ਇਕ ਮਰਦ, ਇਕ ਬੀਵੀ ਅਤੇ 2 ਬੱਚਿਆਂ ਵਾਲੇ ਟੱਬਰ ਦਾ ਗੁਜ਼ਾਰਾ ਘਟੋ ਘੱਟ 250 ਵਿਚ ਹੋ ਸਕਦਾ ਹੈ, ਇਸ ਤੋਂ ਘੱਟ ਨਹੀਂ ।

ਡਿਪਟੀ ਸਪੀਕਰ ਸਾਹਿਬ, ਇਸ ਗਲ ਨੂੰ ਛਡੋ । ਮੈਂ ਬੇਕਾਰੀ ਦਾ ਜ਼ਿਕਰ ਕਰ ਚੁੱਕਾ ਹਾਂ । ਨੌਕਰੀ ਦਾ ਕੋਈ ਤੁਹੱਫਜ਼ ਹੋਣਾ ਚਾਹੀਦਾ ਹੈ । 12 ਮਹੀਨੇ ਖਰਾਦਾਂ ਚਲਦੀਆਂ ਹਨ ਪਰ ਮਜ਼ਦੂਰ ਕੱਚੇ ਦੇ ਕੱਚੇ ਰਹਿੰਦੇ ਹਨ । ਸਰਕਾਰ ਨੂੰ ਪੱਕੀ ਨੌਕਰੀ ਉਤੇ ਪੱਕੇ ਮਜ਼ਦੂਰ ਰੱਖਣੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਹਨ । ਜਦੋਂ ਸਾਂਝੀ ਕਾਂਗਰਸ ਵੇਲੇ ਪਾਵਰ ਵਾਲਿਆਂ ਨੇ ਐਜੀਟੇਸ਼ਨ ਕੀਤੀ ਉਨ੍ਹਾਂ ਨੇ ਬਿਨਾ ਸੂਦ ਕਰਜ਼ੇ ਮੰਗੇ (ਵਿਘਨ) ਉਸ ਤੇ ਇੰਦਰਾ ਗਾਂਧੀ ਵੱਖਰੀ ਹੋਈ । ਪਰ ਹੁਣ ਕੀ ਹੋ ਰਿਹਾ ਹੈ ਬਿਜਲੀ ਨਾਲ ਮਰੇ ਮਜ਼ਦੂਰਾਂ ਨੂੰ ਵੀ ਸਰਕਾਰ ਕੋਈ ਗਰਾਂਟ ਦੇਣ ਨੂੰ ਤਿਆਰ ਨਹੀਂ ਹੈ । ਜਦੋਂ ਪਾਕਿਸਤਾਨ ਨਾਲ ਲੜਾਈ ਹੋਈ ਉਦੋਂ ਵੀ ਮਜ਼ਦੂਰਾਂ ਨੂੰ ਕੋਈ ਗਰਾਂਟ ਨਹੀਂ ਮਿਲੀ । ਸਸਾਂ ਉਨ੍ਹਾਂ ਲੋਕਾਂ ਨੂੰ ਕਰਜ਼ੇ ਮਿਲੇ ਸੀ । ਇਨ੍ਹਾਂ ਨੇ ਵਾਅਦਾ ਕੀਤਾ ਕਿ ਇਨ੍ਹਾਂ ਕਰਜ਼ਿਆਂ ਨੂੰ ਗਰਾਂਟਾਂ ਵਿਚ ਤਬਦੀਲ ਕਰ ਦਿਤਾ ਜਾਵੇਗਾ ਪਰ ਉਹ ਵੀ ਕੁਝ ਨਹੀਂ ਹੋਇਆ। ਇਕ ਸਾਲ ਪਹਿਲਾਂ ਇਥੇ ਵਾਅਦਾ ਹੋਇਆ ਸੀ ਕਿ ਇਨ੍ਹਾਂ ਗਰੀਬ ਮਜ਼ਦੂਰਾਂ ਨੂੰ ਕੁਆਰਟਰ ਟਰਾਂਸਫਰ ਕਰ ਦਿਤੇ ਜਾਣਗੇ ਪਰ ਹਾਲੇ ਤਕ ਇਹ ਕੁਆਰਟਰ ਵੀ ਟਰਾਂਸਫਰ ਇਨ੍ਹਾਂ ਲੋਕਾਂ ਨੂੰ ਨਹੀਂ ਹੋਇਆ ਹੈ । ਅੰਮ੍ਰਿਤਸਰ ਵਿਚ ਮਿਲ ਨੇ 90,000 ਰੁਪਿਆ ਇਨ੍ਹਾਂ ਗ਼ਰੀਬ ਲੋਕਾਂ ਦਾ ਪਰਾਵੀਡੈਂਟ ਫੰਡ ਦਾ ਗ਼ਬਨ ਕਰ ਲਿਆ ਹੈ ਲੁਧਿਆਣੇ ਵਿਚ ਵੀ ਇਸੇ ਤਰ੍ਹਾਂ ਹੀ ਕਾਰਖਾਨਿਆਂ ਨੇ ਲੱਖਾਂ ਰੁਪਏ ਪਰਾਵੀਡੈਂਟ ਫੰਡ ਦੇ ਗ਼ਬਨ ਕੀਤੇ ਹਨ। ਜੇ ਕਿਸੇ ਕਿਸਾਨ ਨੂੰ ਤਕਾਵੀ ਦੇਣੀ ਹੋਵੇ ਤਾਂ ਉਸ ਵਾਸਤੇ ਤਹਿਸੀਲਦਾਰ ਨੂੰ ਮੁਕੱਰਰ ਕਰ ਦਿਤਾ ਜਾਂਦਾ ਹੈ ਪਰ ਜੇ ਮਜ਼ਦੂਰ ਨੂੰ ਕੁਝ ਦੇਣਾ ਹੋਵੇ ਤਾਂ ਮਿਲ ਮਾਲਕ ਨੂੰ ਤਹਿਸੀਲਦਾਰ ਦੇ ਅੰਡਰ ਕਿਉਂ ਨਹੀਂ ਕੀਤਾ ਜਾਂਦਾ। (ਵਿਘਨ) (ਸ਼ੇਮ, ਸ਼ੇਮ) ਜਲੰਧਰ ਵਿਚ ਇਕ ਲੀਡਰ ਇੰਜਨੀਅਰਿੰਗ ਵਰਕਸ ਨਾਮੀ ਕਾਰਖਾਨਾ ਹੈ । ਜਦੋਂ ਚੀਨ ਨਾਲ ਲੜਾਈ ਹੋਈ ਤਾਂ ਉਹ ਮਜ਼ਦੂਰਾਂ ਕੋਲੋਂ ਲਗਾਤਾਰ ਕਈ ਸਾਲ ਮੁਫਤ ਕੰਮ ਲਈ ਗਿਆ ਅਤੇ ਇਨ੍ਹਾਂ ਮਜ਼ਦੂਰਾਂ ਨੂੰ ਡਬਲ ਤਨਖਾਹ ਦੇਣ ਦੀ ਬਜਾਏ ਇਨ੍ਹਾਂ ਨੂੰ ਸਿੰਗਲ ਤਨਖਾਹ ਵੀ ਨਹੀਂ ਦਿਤੀ ਗਈ । ਉਸ ਨੇ ਸਾਰਾ ਪੈਸਾ ਇਨ੍ਹਾਂ ਦਾ ਗ਼ਬਨ ਕਰ ਲਿਆ । ਜਦੋਂ ਮਨਿਸਟਰ ਸਾਹਿਬ ਨੂੰ ਇਸ ਸਬੰਧੀ ਕਿਹਾ ਗਿਆ ਤਾਂ ਇਨ੍ਹਾਂ ਨੇ ਜਵਾਬ ਵਿਚ ਕਿਹਾ ਕਿ ਇਨਸਪੈਕਟਰ ਕਾਰਖਾਨਾ ਚੈਕ ਕਰਨ ਗਿਆ ਸੀ ਪਰ ਉਹਨੂੰ ਉਥੇ ਵੜਨ ਹੀ ਨਹੀਂ ਦਿਤਾ ਗਿਆ। ਲੱਖਾਂ ਰੁਪਿਆ ਮਜ਼ਦੂਰਾਂ ਦਾ ਉਥੇ ਗ਼ਬਨ ਹੋ ਗਿਆ । ਡਿਪਟੀ ਸਪੀਕਰ ਸਾਹਿਬ, ਜਿਹੜੇ ਸਰਕਾਰੀ ਅਦਾਰੇ ਹਨ ਉਥੇ ਵੀ ਸਰਕਾਰ ਦੀ ਕੀ ਨੀਤੀ ਹੈ । ਗੱਲਾਂ ਤਾਂ ਉਹ ਮਜ਼ਦੂਰਾਂ ਨੂੰ ਮਨੇਜਮੈਂਟ ਵਿਚ ਹਿੱਸਾ ਦੇਣ ਦੀਆਂ ਕਰਦੇ ਹਨ ਪਰ ਇਨ੍ਹਾਂ ਗਰੀਬਾਂ ਨਾਲ ਉਥੇ ਕੀ ਟਰੀਟਮੈਂਟ ਕੀਤਾ ਜਾਂਦਾ ਹੈ। ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਹੈ ।

Original with;
Punjab Vidhan Sabha
Digitized by;
Panjab Digital Library

ਕੀ ਉਥੇ ਮੁਲਾਜ਼ਮਾਂ ਨੂੰ ਸਰਕਾਰੀ ਗਰੇਡਾਂ ਦੇ ਬਰਾਬਰ ਗਰੇਡ ਦਿੰਦੇ ਹੋ ? ਉਥੇ ਅੱਧੀ ਲੇਬਰ ਅਜਿਹੀ ਲੱਭੇਗੀ ਜਿਨ੍ਹਾਂ ਨੂੰ ਅੱਧੀ ਤਨਖਾਹ ਮਿਲਦੀ ਹੈ । ਉਥੇ ਇਕ ਗੇਟ ਤੇ ਤਾਂ ਚੌਕੀਦਾਰ ਖੜ੍ਹਾ ਹੈ, ਉਹ ਪੂਰੀ ਤਨਖਾਹ ਲੈ ਰਿਹਾ ਹੈ ਪਰ ਜੇ ਦੂਜੇ ਗੇਟ ਤੇ ਚੌਕੀਦਾਰ ਨੂੰ ਵੇਖੋ ਤਾਂ ਪਤਾ ਲਗੇਗਾ ਕਿ ਉਸਨੂੰ ਕੇਵਲ 90 ਰੁਪਏ ਹੀ ਤਨਖਾਹ ਮਿਲਦੀ ਹੈ । ਜੇ ਪੁਛਿਆ ਜਾਵੇ ਕਿ ਇਸਨੂੰ ਇੰਨੀ ਘਟ ਤਨਖਾਹ ਕਿਉਂ ਮਿਲਦੀ ਹੈ ਤਾਂ ਦੱਸਿਆ ਜਾਂਦਾ ਹੈ ਕਿ ਇਹ ਐਡਹਾਕ ਬੇਸਿਜ਼ ਤੇ ਲਗਿਆ ਹੋਇਆ ਹੈ ।

ਡਿਪਟੀ ਸਪੀਕਰ ਸਾਹਿਬ, ਪੰਜ ਸਾਲ ਪਹਿਲਾਂ ਓ.ਸੀ. ਐਮ. ਦਾ ਜਿਹੜਾ ਕਾਰਖਾਨਾ ਹੈ ਉਥੇ ਮਜ਼ਦੂਰਾਂ ਦਾ ਝਗੜਾ ਹੋ ਗਿਆ ਇਸ ਤੇ ਪੁਰੀ ਸਾਹਿਬ ਆਰਬੀਟ੍ਰੇਟਰ ਮੁਕਰਰ ਹੋ ਗਏ । ਚਲੋ ਖੈਰ ਉਹ ਤਾਂ ਪ੍ਰਾਈਵੇਟ ਅਦਾਰਾ ਹੈ ਉਸ ਨੂੰ ਛੱਡੋ । ਪਰ ਇਹ ਜਿਹੜਾ ਵੇਰਕਾ ਡੇਅਰੀ ਡਿਵੈਲਪਮੈਂਟ ਦਾ ਝਗੜਾ ਹੈ । ਇਥੇ ਕਿਉਂ ਨਹੀਂ ਐਕਸ਼ਨ ਲਿਤਾ ਜਾਂਦਾ । ਜਦੋਂ ਮਾਮਲਾ ਸਾਲਸ ਕੋਲ ਪੇਸ਼ ਹੋਇਆ ਤਾਂ ਕਿਹਾ ਗਿਆ ਕਿ ਇਸ ਨੂੰ ਸਾਲਸ ਕੋਲ ਪੇਸ਼ ਹੋਣ ਦਾ ਅਖਤਿਆਰ ਹੀ ਨਹੀਂ ਹੈ । ਪੰਜ ਸਾਲ ਇਸੇ ਗਲ ਵਿਚ ਹੀ ਲੰਘ ਗਏ ਹਨ । ਇਹ ਜਿਹੜੀ ਸਰਕਾਰ ਦੀ ਲੇਬਰ ਪਾਲਿਸੀ ਹੈ ਇਸ ਵਿਚ ਸੁਧਾਰ ਕਰਨ ਦੀ ਲੋੜ ਹੈ । ਇਨ੍ਹਾਂ ਨੇ ਹੁਣ ਇਕ ਸਟੈਂਡਿੰਗ ਆਰਡਰ ਬਣਾਇਆ ਹੈ । ਇਸ ਰਾਹੀਂ ਇਹ 50 ਦੀ ਥਾਂ 20 ਤੇ ਲਾਗੂ ਕਰਨ ਲੱਗੇ ਹਨ । ਇਸ ਨਾਲ ਵੀ ਮਜ਼ਦੂਰਾਂ ਦੀ ਭਲਾਈ ਨਹੀਂ ਹੋਣ ਵਾਲੀ ਹੈ । ਸਟੈਂਡਿੰਗ ਆਰਡਰ ਐਕਟ ਮਜ਼ਦੂਰਾਂ ਦੇ ਹਿੱਤ ਵਿਚ ਨਹੀਂ ਹੈ । ਇਹ ਇਨ੍ਹਾਂ ਦੇ ਹਿੱਤਾਂ ਦੇ ਖਿਲਾਫ ਜਾਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਮਿਊਂਸਪਲ ਮੁਲਾਜ਼ਮਾਂ ਦੀ ਤਰਫ ਹੀ ਦੇਖ ਲਵੋ । ਇਨ੍ਹਾਂ ਨੂੰ ਬਗੈਰ ਚਾਰਜ਼ ਸ਼ੀਟ ਤੋਂ ਕੱਢਿਆ ਜਾਂਦਾ ਹੈ । ਇਨ੍ਹਾਂ ਨੇ ਐਗਰੀਕਲਚਰ ਨੋਟੀਫਿਕੇਸ਼ਨ ਵਿਚ ਮਿਨੀਮਮ ਵੇਜ ਵਿਚ 6 ਰੁਪਏ ਦਿਹਾੜੀ ਕੀਤੀ ਹੈ, ਰੋਟੀ ਨਾਲ 5 ਕੀਤਾ ਗਿਆ ਹੈ, ਸਾਢੇ ਛੇ ਰੁਪਏ ਹੋਰ ਕੀਤੇ ਗਏ ਹਨ । ਪਰ ਅਸਲ ਗਲ ਤਾਂ ਇਹ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਲਾਗੂ ਕੌਣ ਕਰੇਗਾ । (ਵਿਘਨ) ਪਹਿਲਾਂ ਕਹਿੰਦੇ ਸੀ ਕਿ ਪਟਵਾਰੀ ਕੋਲ ਜਾਓ ਅਤੇ ਹੁਣ ਕਹਿੰਦੇ ਹਨ ਕਿ ਬੀ.ਡੀ. ਓ. ਕੋਲ ਜਾਓ । ਇਹ ਠੀਕ ਨਹੀਂ ਹੈ । ਇਨ੍ਹਾਂ ਚੀਜ਼ਾਂ ਦਾ ਗਵਰਨਰ ਦੇ ਭਾਸ਼ਨ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ । ਨਰਮੇਂ ਦੀ ਹਾਲਤ ਦੇਖ ਲਓ । ਇਹ 300 ਰੁਪਏ ਕੁਇੰਟਲ ਤੋਂ 150 ਰੁਪਏ ਕੁਇੰਟਲ ਹੋ ਗਿਆ ਹੈ । ਇਸੇ ਤਰ੍ਹਾਂ ਖਾਦ ਦੀ ਹਾਲਤ ਦੇਖ ਲਵੋ, ਡੀਜ਼ਲ ਦੀ ਹਾਲਤ ਦੇਖ ਲਵੋ । ਕਪੜਾ ਮਹਿੰਗਾ ਹੈ । ਨਰਮੇਂ ਵਿਚ ਲੁਟ ਕਿਵੇਂ ਹੋਈ । ਕਾਟਨ ਕਾਰਪੋਰੇਸ਼ਨ ਦੁਆਰਾ ਖ਼ਰੀਦ ਕਰਨ ਤੇ ਹੀ ਕਿਸਾਨ ਬਚ ਸਕਦਾ ਹੈ । ਪਰ ਇਸ ਕਾਟਨ ਕਾਰਪੋਰੇਸ਼ਨ ਤੇ ਕਬਜ਼ਾ ਹੋ ਗਿਆ ਉਨ੍ਹਾਂ ਦਾ ਜਿਹੜੇ ਕਪੜੇ ਦੀਆਂ ਮਿਲਾਂ ਦੇ ਮਾਲਕ ਹਨ । ਇਕ ਅਜਿਹਾ ਸੱਜਣ ਹੈ ਜਿਸ ਦੀਆਂ 20 ਮਿਲਾਂ ਹਨ । ਇਹ 50 ਕਰੋੜ ਰੁਪਏ ਦੇ ਨਰਮੇ ਦੀ ਖਰੀਦ ਕਰਦਾ ਹੈ । ਇਸ ਕਾਰਪੋਰੇਸ਼ਨ ਉੱਤੇ ਇਸ ਆਦਮੀ ਦਾ ਕਬਜ਼ਾ ਹੋ ਗਿਆ ਹੈ । ਫੇਰ ਕਿਸਾਨਾਂ ਨੂੰ ਉਥੇ ਕੀ ਲੱਭਣਾ ਹੈ । ਮੁਜ਼ਾਰੇ ਅਤੇ ਆਬਾਦਕਾਰ ਉਜੜ ਰਹੇ ਹਨ । ਇਨ੍ਹਾਂ ਚੀਜ਼ਾਂ ਉਤੇ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਜ਼ਿਕਰ ਹੋਵੇ, ਕੋਈ ਨਹੀਂ । ਵੈਸਟਿਡ ਇੰਟ੍ਰੈਸਟ ਨੂੰ ਤੋੜਨ ਦੀ ਗਲ ਇਹ ਸਰਕਾਰ ਨਹੀਂ ਕਰ ਰਹੀ ਹੈ । ਚੰਗਾ ਕੀਤਾ ਪਰਾਈਵੇਟ ਅਦਾਰਿਆਂ ਵਿਚ ਤਾਲੀਮ ਦਾ ਬਹੁਤ ਬੁਰਾ ਹਾਲ ਹੈ, ਇਥੇ ਸਰਵਸੰਮਤੀ ਨਾਲ ਇਹ ਪਾਸ ਕਰ ਦਿਤਾ ਅਤੇ ਹਿੰਦ ਦੀ ਸਰਕਾਰ ਨੂੰ ਬੇਨਤੀ ਕਰ ਦਿਤੀ ਕਿ ਵਿਧਾਨ ਵਿਚ ਤਰਮੀਮ ਕਰੋ ਪਰ ਜਿੰਨਾ ਚਿਰ ਇਹ ਨਹੀਂ ਹੁੰਦਾ ਉਨਾਂ ਚਿਰ ਕੀ ਪੰਜਾਬ ਦੀ ਸਰਕਾਰ ਨੂੰ ਕੋਈ ਅਖਤਿਆਰ ਨਹੀਂ ਕਿ ਇਨ੍ਹਾਂ ਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

ਸੁਧਾਰ ਵਲ ਕੋਈ ਕਦਮ ਚੁਕ ਸਕੇ ? ਰਾਜਪੁਰੇ ਵਿਚ ਕਸਤੂਰਬਾ ਇਨਸਟੀਚੂਸ਼ਨ ਵਲ ਹੀ ਦੇਖ ਲਵੋ । ਉਥੇ ਕਿੰਨੀ ਬੁਰੀ ਹਾਲਤ ਹੈ । ਗੁਰੂ ਗੋਬਿੰਦ ਸਿੰਘ ਕਾਲਜ ਦੀ ਕਹਾਣੀ ਸਵੇਰੇ ਆ ਗਈ ਹੈ । ਕਸਤੂਰਬਾ ਇੰਸਟੀਚਿਊਸ਼ਨ, ਰਾਜਪੁਰਾ ਵਿਚ ਹੜਤਾਲ ਖੋਲ੍ਹੀ ਗਈ ਇਸ ਅਪੀਲ ਤੇ ਕਿ ਕਿਸੇ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਵੇਗਾ । ਪਰ ਉਥੇ 21 ਟੀਚਰਾਂ ਨੂੰ ਕੱਢਿਆ ਹੋਇਆ ਹੈ । ਸਰਕਾਰ ਕਹਿੰਦੀ ਹੈ ਕਿ ਅਸੀਂ ਬੇ-ਬਸ ਹਾਂ । ਕਿਉਂ ਨਹੀਂ ਇਹ ਅਸੈਂਬਲੀ ਵਿਚ ਬਿਲ ਲਿਆਉਂਦੇ ਅਤੇ ਪਾਵਰ ਲੈ ਕੇ ਕਿਉਂ ਨਹੀਂ ਉਥੇ ਮੈਨੇਜਮੈਂਟ ਨੂੰ ਕਹਿੰਦੇ ਕਿ ਉਹ ਇਨ੍ਹਾਂ 21 ਟੀਚਰਾਂ ਨੂੰ ਬਹਾਲ ਕਰਨ । ਹੋਰ ਦੇਖੋ ਸਕੂਲਾਂ ਦੇ ਮਾਸਟਰਾਂ ਨੇ ਹੜਤਾਲ ਕੀਤੀ। ਇਥੇ ਲਾਠੀ ਚਾਰਜ ਹੋਇਆ। ਉਨ੍ਹਾਂ ਨਾਲ ਵਾਅਦਾ ਕੀਤਾ ਗਿਆ ਕਿ ਉਨ੍ਹਾਂ ਨੂੰ ਤਨਖਾਹ ਸਿਧੀ ਮਿਲਿਆ ਕਰੇਗੀ। ਪਰ ਇਹ ਵਾਅਦਾ ਹਾਲੇ ਤੱਕ ਕਿਉਂ ਨਹੀਂ ਪੂਰਾ ਕੀਤਾ ਗਿਆ । ਉਨ੍ਹਾਂ ਦੀ ਸਿਕਿਉਰਟੀ ਆਫ ਸਰਵਿਸ ਦਾ ਕਾਨੂੰਨ ਨਾਕਸ ਸੀ। ਵਾਅਦਾ ਹੋਇਆ ਕਿ ਇਸ ਨੂੰ ਸੁਧਾਰਿਆ ਜਾਵੇਗਾ । ਪਰ ਹਾਲੇ ਤੱਕ ਇਸ ਸਬੰਧੀ ਕਿਉਂ ਨਹੀਂ ਬਿਲ ਪੇਸ਼ ਕੀਤਾ ਗਿਆ ਹੈ । ਕਾਲਜ ਦੇ ਟੀਚਰਾਂ ਨੇ ਹੜਤਾਲ ਕੀਤੀ । ਇਨ੍ਹਾਂ ਨਾਲ ਵਾਅਦੇ ਹੋਏ ਕਿ ਇਨ੍ਹਾਂ ਦੀ ਸਿਕਿਉਰਟੀ ਆਫ ਸਰਵਿਸ ਦਾ ਬਿਲ ਲਿਆਵਾਂਗੇ । ਪਰ ਇਸ ਸੈਸ਼ਨ ਵਿਚ ਤਾਂ ਇਹ ਬਿਲ ਆਉਂਦਾ ਨਜ਼ਰ ਨਹੀਂ ਆਉਂਦਾ ਹੈ ।

ਪਰਾਈਵੇਟ ਮੈਨੇਜਮੈਂਟਾਂ ਵਾਲੇ ਇਸ ਪਾਸੇ ਅਤੇ ਦੂਜੇ ਪਾਸੇ ਵੀ ਬੈਠੇ ਹਨ ਇਨ੍ਹਾਂ ਦੇ ਦਬਾਉ ਥੱਲੇ ਆਕੇ ਸਰਕਾਰ ਇਹ ਕਾਨੂੰਨ ਨਹੀਂ ਲਿਆ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਤਾਲੀਮ ਦਾ ਜ਼ਿਕਰ ਕਰਦਿਆਂ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰੀ ਟੀਚਰਾਂ ਵਿਚ ਬੇਚੈਨੀ ਹੈ, ਇਸ ਨੂੰ ਦੂਰ ਕਰਨਾ ਚਾਹੀਦਾ ਹੈ । ਇਹ ਕਹਿ ਰਹੇ ਹਨ ਕਿ ਐਜੂਕੇਸ਼ਨ ਸੈਸ ਤਜਵੀਜ਼ ਹੋ ਰਿਹਾ ਹੈ । ਇਸ ਦੀ ਕੋਈ ਜਸਟੀਫਿਕੇਸ਼ਨ ਨਹੀਂ ਹੈ । ਨਾਭਾ ਵਿਚ ਪਬਲਿਕ ਸਕੂਲ ਹੈ ਉਥੇ ਲੱਖਾਂ ਰੁਪਏ ਬਰਬਾਦ ਹੋ ਰਹੇ ਹਨ । ਉਥੇ ਸਿਰਫ 500 ਬੱਚੇ ਪੜ੍ਹਦੇ ਹਨ ਅਤੇ ਉਹ ਵੀ ਵਡੇ ਵਡੇ ਅਮੀਰ ਆਦਮੀਆਂ ਦੇ ਬੱਚੇ ਹਨ । ਉਸ ਤੋਂ ਗ਼ਰੀਬ ਆਦਮੀਆਂ ਦੇ ਬੱਚਿਆਂ ਨੂੰ ਕੋਈ ਫਾਇਦਾ ਨਹੀਂ ਹੈ । ਇਸੇ ਤਰ੍ਹਾਂ ਪਟਿਆਲਾ ਵਿਚ ਮਹਾਰਾਜੇ ਨੇ ਪਬਲਿਕ ਸਕੂਲ ਖੋਲ੍ਹਿਆ ਹੋਇਆ ਹੈ। ਇਥੇ ਵੀ ਲੱਖਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ ਅਤੇ ਬਰਬਾਦ ਕੀਤੇ ਜਾਂਦੇ ਹਨ । ਕੀ ਇਹ ਸੋਸ਼ਲਿਜ਼ਮ ਲਿਆਉਣ ਦੀਆਂ ਗੱਲਾਂ ਹੋ ਰਹੀਆਂ ਹਨ । ਇਹ ਗੱਲਾਂ ਖਤਮ ਕਰਨੀਆਂ ਚਾਹੀਦੀਆਂ ਹਨ । ਜੇ ਐਜੂਕੇਸ਼ਨ-ਸੈਸ ਲਗਾਉਣਾ ਹੈ ਤਾਂ ਇਹ ਸਿਰਫ ਅਮੀਰਾਂ ਉਤੇ ਹੀ ਲਗਣਾ ਚਾਹੀਦਾ ਹੈ । ਗ਼ਰੀਬ ਆਦਮੀ ਇਸ ਬੋਝ ਨੂੰ ਨਹੀਂ ਝਲ ਸਕਣਗੇ । ਨਾਭੇ ਵਿਚ ਪਬਲਿਕ ਸਕੂਲ ਦੇ ਮਾਲਕ ਨੇ ਅੱਧੇ ਨਾਭੇ ਦੀ ਜ਼ਮੀਨ ਖਰੀਦੀ ਹੋਈ ਹੈ ਅਤੇ ਉਸ ਦਾ ਮਾਲਕ ਬਣਿਆ ਬੈਠਾ ਹੈ। ਉਥੇ ਬੱਚੇ ਸਿਰਫ 500 ਪੜ੍ਹਦੇ ਹਨ ਅਤੇ ਉਹ ਬੜੇ ਅਮੀਰਾਂ ਦੇ ਬੱਚੇ ਪੜ੍ਹਦੇ ਹਨ । ਇਸ ਤਰ੍ਹਾਂ ਨਾਲ ਡਿਪਟੀ ਸਪੀਕਰ ਸਾਹਿਬ, ਤਾਲੀਮ ਦੇ ਢਾਂਚੇ ਵਿਚ ਤਬਦੀਲੀ ਹੋਣੀ ਚਾਹੀਦੀ ਹੈ । ਇਨ੍ਹਾਂ ਗੱਲਾਂ ਦਾ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕੋਈ ਜ਼ਿਕਰ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਵਿਦਿਆਰਥੀਆਂ ਵਿਚ ਕਿੰਨੀ ਬੇਚੈਨੀ ਹੈ । ਇਨ੍ਹਾਂ ਦੇ ਮੁਸਤਕਬਿਲ ਵਾਸਤੇ ਇਸ ਭਾਸ਼ਣ ਵਿਚ ਇਕ ਵੀ ਅੱਖਰ ਨਹੀਂ ਪਾਇਆ ਗਿਆ ਹੈ । ਮੋਗੇ ਵਰਗੇ ਕਾਂਡ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਾਸਤੇ ਕੁਝ ਨਹੀਂ ਕਿਹਾ ਗਿਆ ਹੈ। ਮੋਗੇ ਕਾਂਡ ਦੀ ਰਿਪੋਰਟ ਆ ਗਈ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅਖਬਾਰ ਵਿਚੋਂ ਪੜ੍ਹਦਾ

Original with;
Punjab Vidhan Sabha
Digitized by;
Panjab Digital Library

ਹਾਂ ਕਿ ਸ਼ਰਮਾਂ ਸਾਹਿਬ ਨੇ ਪਟਿਆਲਾ ਵਿਚ ਤਕਰੀਰ ਕਰਦੇ ਹੋਏ ਕੀ ਕਿਹਾ ਹੈ :—

"Mr. Sharma fully supported a resolution earlier passed at the meeting that students should be given representation in the executive bodies of the University, besides, their proposed representation in the Senates of the Universities. "

ਇਨ੍ਹਾਂ ਨੇ ਕਿਹਾ ਹੈ ਕਿ ਸੈਨੇਟ ਵਿਚ ਅਤੇ ਸਿੰਡੀਕੇਟ ਵਿਚ ਵੀ ਵਿਦਿਆਰਥੀਆਂ ਨੂੰ ਹਿੱਸਾ ਮਿਲਣਾ ਚਾਹੀਂਦਾ ਹੈ । ਪਰ ਇਸ ਬਾਰੇ ਬਿਲ ਕੋਈਂ ਨਹੀਂ ਆਇਆ ਹੈ । ਕਾਨੂੰਨ ਕੋਈ ਨਹੀਂ ਹੈ । ਫੇਰ ਇਹ ਹੱਕ ਇਨ੍ਹਾਂ ਵਿਦਿਆਰਥੀਆਂ ਨੂੰ ਮਿਲੇਗਾ ਕਿਸ ਤਰ੍ਹਾਂ ? ਗਵਰਨਰ ਸਾਹਿਬ ਦੇ ਭਾਸ਼ਣ ਵਿਚ ਇਸ ਸਬੰਧੀਂ ਇਕ ਲਫ਼ਜ਼ ਵੀ ਨਜ਼ਰ ਨਹੀਂ ਆਉਂਦਾ ਹੈ । ਇਨ੍ਹਾਂ ਦਾ ਡੈਮੋਕ੍ਰੇਟਿਕ ਹੱਕ ਜੋ ਹੈ ਕਿ ਇਹ ਯੂਨੀਅਨ ਬਨਾਉਣ, ਇਹ ਹੱਕ ਵੀਂ ਇਨ੍ਹਾਂ ਨੂੰ ਮਿਲਣਾ ਚਾਹੀਦਾ ਹੈ ਇਸ ਦੇ ਬਾਰੇ ਵੀ ਗਵਰਨਰ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।

ਇਨ੍ਹਾਂ ਦੀਂ ਵੈਸਟਿਡ ਇੰਟ੍ਰੈਸਟ ਨਾਲ ਯਾਰੀਂ ਚਲ ਰਹੀ ਹੈ । ਸਿਨੇਮੇ ਨੈਸ਼ਨੇਲਾਈਜ਼ੇਸ਼ਨ ਬਾਰੇ ਇਸ ਗਵਰਨਰ ਦੇ ਭਾਸ਼ਣ ਵਿਚ ਜ਼ਿਕਰ ਕਿਉਂ ਨਹੀਂ ਹੈ । ਪਾਂਡ ਸਾਹਿਬ ਟਰਾਂਸਪੋਰਟ ਨੈਸ਼ਨੇਲਾਈਜ਼ੇਸ਼ਨ ਬਾਰੇ ਵੀ ਕਾਫੀ ਕੁਝ ਕਹਿੰਦੇ ਰਹੇ ਹਨ, ਪਰ ਇਸ ਬਾਰੇ ਵੀ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ।

ਪਰ ਨੈਸ਼ਨੇਲਾਈਜ਼ੇਸ਼ਨ ਵਾਲੀ ਕੋਈ ਗੱਲ ਨਜ਼ਰ ਨਹੀਂ ਆਉਂਦੀ । ਇਸ ਦਾ ਗਵਰਨਰ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਟਰਾਂਪੋਰਟ ਦੇ ਮਸਲੇ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ । ਇਕ ਬੇਨਤੀ ਕਰਾਂਗੇ ਕਿ 90% ਵੈਹੀਕਲਾ ਰੋਡਵੇਜ਼ ਦੀਆਂ ਸਟੈਪਨੀਂਜ਼ ਨਹੀਂ ਹੁੰਦੀਆਂ । ਆਪਣੇ ਟਰਿੱਪ ਮਿੱਸ ਕਰਕੇ ਪਰਾਈਵੇਟ ਓਪਰੇਟਰਾਂ ਨੂੰ ਦਿੱਤੇ ਜਾਂਦੇ ਹਨ । ਉਨ੍ਹਾਂ ਦੀ ਮੱਦਦ ਕੀਤੀ ਜਾਂਦੀ ਹੈ ਤਾਂ ਕਿ ਰੂਟ ਉਨ੍ਹਾਂ ਨੂੰ ਦਿੱਤਾ ਜਾਵੇ । ਆਪਣੇ ਰੂਟ ਉਨ੍ਹਾਂ ਨੂੰ ਦੇ ਦਿੰਦੇ ਹਨ ਅਤੇ ਉਨ੍ਹਾਂ ਦੇ ਆਪ ਲੈ ਲੈਂਦੇ ਹਨ । ਇਸ ਦੇ ਵਿਚ ਨੈਸ਼ਨੇਲਾਈਜ਼ੇਸ਼ਨ ਦਾ ਕਸੂਰ ਨਹੀਂ ਹੈ, ਅਫਸਰ ਚੰਗੇ ਹੋਣੇ ਚਾਹੀਦੇ ਹਨ, ਲੋਕਾਂ ਦਾ ਕੰਟਰੋਲ ਹੋਣਾ ਚਾਹੀਦਾ ਹੈ । ਹੁਣ ਪੈਪਸੂ ਰੋਡਵੇਜ਼ ਦਾ ਜਨਰਲ ਮੈਨੇਜਰ ਲਗਾ ਦਿੱਤਾ ਜਿਹੜਾ ਕਿ ਸਸਪੈਂਡ ਰਿਹਾ ਹੈ। ਧਾਰੀਵਾਲ ਮਿਲ ਵਿਚ ਰੌਲਾ ਪਿਆ ਪਰ ਉਸ ਨੂੰ ਬਾਅਦ ਵਿਚ ਪੈਪਸੂ ਰੋਡਵੇਜ਼ ਦਾ ਜਨਰਲ ਮੈਨੇਜਰ ਲਾ ਦਿਤਾ ਗਿਆ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਅਦਾਰੇ ਕਿਸ ਤਰ੍ਹਾਂ ਚੱਲਣਗੇ । ਇਸ ਤਰ੍ਹਾਂ ਦੇ ਜਿਹੜੇ ਕੁਰੱਪਟ ਅਫਸਰ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਇਨ੍ਹਾਂ ਅਦਾਰਿਆਂ ਦਾ ਲੋਕਾਂ ਨੂੰ ਕੰਟਰੋਲ ਦਿਓ । ਪਰ ਇਸ ਚੀਜ਼ ਬਾਰੇ ਗਵਰਨਰ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੇ ਬਾਰੇ ਗਵਰਨਰ ਦੇ ਐਡਰੈਸ ਵਿਚ ਲਿਖਿਆ ਹੈ ਕਿ ਅੱਗੇ ਨਾਲੋਂ ਹਾਲਤ ਬਿਹਤਰ ਹੋਈ ਹੈ । ਮੈਂ ਕਹਿੰਦਾ ਹਾਂ ਕਿ 25 ਸਾਲਾਂ ਦੇ ਗਵਰਨਰਾਂ ਦੇ ਭਾਸ਼ਣ ਕਢਾ ਕੇ ਦੇਖ ਲਵੋ ਹਰ ਇਕ ਭਾਸ਼ਣ ਵਿਚ ਇਹੀ ਕਿਹਾ ਗਿਆ ਹੈ ਕਿ ਲਾਅ ਐਂਡ ਆਰਡਰ ਦੀ ਹਾਲਤ ਅੱਗੇ ਨਾਲੋਂ ਬਿਹਤਰ ਹੋਈ ਹੈ । ਮੈਂ ਕਹਿੰਦਾ ਹਾਂ ਕਿ ਜੇ ਇਸੇ ਤਰ੍ਹਾਂ ਹੀ ਲਗਾਤਾਰ ਇੰਪਰੂਵਮੈਂਟ ਹੁੰਦੀ ਰਹੀ ਹੈ ਤਾਂ ਫਿਰ ਅੱਜ ਪੰਜਾਬ ਵਿਚ ਕੋਈ ਕਰਾਈਮ ਨਹੀਂ ਰਹਿਣਾ ਚਾਹੀਦਾ । ਇਹ ਕਹਿੰਦੇ ਹਨ ਕਿ ਜਲੰਧਰ ਵਿਚ ਜਿਹੜਾ ਡਾਕਾ ਵੱਜਿਆ ਉਸ ਨੂੰ ਦੋ ਦਿਨਾਂ ਵਿਚ ਹੀ ਫੜ ਲਿਆ ਗਿਆ ।

One sparrow does not make a summer:

ਪਰ ਕਈ ਲੋਕ ਕਹਿੰਦੇ ਹਨ ਕਿ ਡਾਕਾ ਆਪ ਹੀ ਮਰਵਾ ਕੇ ਆਪ ਹੀ ਫੜ ਲਿਆ।

But one sparrow does not make a summer.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

ਪਰ ਪੁਜ਼ੀਸ਼ਨ ਕੀ ਹੈ, ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਦੀ ਕਮੇਟੀ ਉਤੇ ਕਾਂਗਰਸ ਦਾ ਕਬਜ਼ਾ ਹੈ । ਮੇਰੇ ਕੋਲ 28 ਤਾਰੀਕ ਦੀ "ਟ੍ਰਿਬਿਊਨ" ਹੈ, ਇਸ ਦੇ ਵਿਚ ਲਿਖਿਆ ਹੈ, ਉਹ ਮੈਂ ਤੁਹਾਨੂੰ ਪੜ੍ਹਕੇ ਸੁਣਾਉਂਦਾ ਹਾਂ :

"A meeting of the Municipal Committee presided over by Mr. Kirpal Singh on Monday unanimously adopted a resolution moved by Mr. Mehnga Singh (Independent) and supported by Mr. Inder Nath Bhatia (Congress) and others, expressing deep concern at the deteriorated law and order situation in the city involving risks to life and property and particularly to the free movement of women, in view of the recent acts of goondaism, and urged the authorities to take necessary steps to ensure proper safety for the citizens.

ਡਿਪਟੀ ਸਪੀਕਰ ਸਾਹਿਬ, ਇਸ 'ਟ੍ਰਿਬਿਊਨ' ਵਿਚ ਲੁਧਿਆਣਾ ਦੀ ਖਬਰ ਹੈ । ਝਗੜਾ ਕੀ ਹੁੰਦਾ ਹੈ ਕਿ ਜੋ ਕਰਾਈਮ ਹੁੰਦੇ ਹਨ ਜਾਂ ਗੁੰਡਾ ਗਰਦੀ ਹੁੰਦੀ ਹੈ, ਸਿਆਸਤ ਵਾਲੇ ਕਹਿੰਦੇ ਹਨ ਇਹ ਸਭ ਕੁਝ ਪੁਲਿਸ ਕਰਾਉਂਦੀ ਹੈ ਅਤੇ ਉਹ ਉਨ੍ਹਾਂ ਦੇ ਨਾਲ ਮਿਲੇ ਹੋਏ ਹਨ ਪਰ ਪੁਲਿਸ ਵਾਲੇ ਕਹਿੰਦੇ ਹਨ ਕਿ ਸਿਆਸਤਦਾਨ ਉਨ੍ਹਾਂ ਦੇ ਨਾਲ ਮਿਲੇ ਹੋਏ ਹਨ ਅਤੇ ਉਹ ਇਹੋ ਜਿਹੀਆਂ ਗੱਲਾਂ ਕਰਵਾ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਕੁਝ ਲੋਕ ਛੇਤੀ ਅਮੀਰ ਹੋਣ ਦੀਆਂ ਸੰਭਾਵਨਾਵਾਂ ਰੱਖਦੇ ਹਨ ।ਇਸ ਤਰ੍ਹਾਂ ਦੇ ਲੋਕ ਕੁਰੱਪਸ਼ਨ ਨਾਲ ਜਾਂ ਕਈ ਹੋਰ ਜੁਰਮ ਕਰਕੇ, ਕਈ ਤਰੀਕਿਆਂ ਨਾਲ ਇਸ ਤਰ੍ਹਾਂ ਦੇ ਕਈ ਜੁਰਮ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਸਮੱਗਲਰਾਂ ਦੇ ਕਈ ਐਸੇ ਅੱਡੇ ਹਨ ਜਿਨ੍ਹਾਂ ਦੀ ਪੁਲਿਸ ਵਿਚ ਕੋਈ ਗਿਣਤੀ ਨਹੀਂ ਹੁੰਦੀ । ਕਰਾਈਮ ਦੀ ਹਾਲਤ ਖਰਾਬ ਹੋ ਰਹੀ ਹੈ । 50%ਤੋਂ ਵੀ ਵੱਧ ਪੁਲਿਸ ਦੇ ਕੁਰੱਪਟ ਅਫਸਰ ਇਹੋ ਜਿਹੀਆਂ ਗੱਲਾਂ ਆਪ ਕਰਾਉਂਦੇ ਹਨ । ਪਾਲਿਟੀਸ਼ੀਅਨ 50% ਤੋਂ ਵੱਧ ਇਹੋ ਜਿਹੀਆਂ ਗੱਲਾਂ ਕਰਾਉਂਦੇ ਹਨ । ਇਸ ਕਰਕੇ ਹਾਲਤ ਖਰਾਬ ਹੋ ਰਹੀ ਹੈ । ਇਸ ਦਾ ਸੁਧਾਰ ਕਿਸ ਤਰ੍ਹਾਂ ਹੋ ਸਕਦਾ ਹੈ ? ਇਸ ਨੂੰ ਸੁਧਾਰਨ ਵਾਸਤੇ ਵੈਸਟਿਡ ਇੰਟਰੈਸਟ ਦੇ ਖਿਲਾਫ ਸਟੈਂਡ ਲਵੋ ।

ਡਿਪਟੀ ਸਪੀਕਰ ਸਾਹਿਬ, ਇਸ ਭਾਸ਼ਣ ਵਿਚ ਲਿਖਿਆ ਹੈ ਕਿ ਇਹ ਸਰਕਾਰ ਜਮਹੂਰੀਅਤ ਨੂੰ ਬਹੁਤ ਮਜ਼ਬੂਤ ਕਰ ਰਹੀ ਹੈ । ਇਹ ਕਹਿੰਦੇ ਹਨ ਕਿ ਪੰਚਾਇਤਾਂ ਦੇ ਚੁਣਾਓ ਕਰਾਓ, ਕਮੇਟੀਆਂ ਦੇ ਚੁਣਾਉ ਕਰਾਓ, ਇਸ ਕਰਕੇ ਕਿ ਜਮਹੂਰੀਅਤ ਨੂੰ ਕਾਇਮ ਕਰਨਾ ਹੈ। ਇਹ ਇੰਦਰਾ ਦੀ ਆਵਾਜ਼ ਹੈ । ਪਰ ਹੁਣ ਇਹ ਕੋਈ ਆਵਾਜ਼ ਨਹੀਂ ਰਹੀ ਅਤੇ ਚੁਣਾਓ ਨਹੀਂ ਹੁੰਦੇ । ਬਲਾਕ ਸਮਿਤੀਆਂ ਦੇ ਚੁਣਾਓ ਕਿਉਂ ਨਹੀਂ ਹੁੰਦੇ ਇਸ ਪਾਸ ਕਿਉਂ ਨਹੀਂ ਯਤਨ ਕੀਤੇ ਜਾਂਦੇ । ਪਰ ਇਨ੍ਹਾਂ ਦੀ ਕੋਸ਼ਿਸ਼ ਇਸ ਕਿਸਮ ਦੀ ਹੈ ਕਿ ਢਾਂਚਾ ਇਸ ਕਿਸਮ ਦਾ ਹੋ ਜਾਵੇ ਕਿ ਕਾਂਗਰਸ ਹੀ ਚੁਣੀ ਜਾਏ । ਇਸੇ ਤਰ੍ਹਾਂ ਕਮੇਟੀਆਂ ਦੇ ਚੁਣਾਓ ਕਿਉਂ ਨਹੀਂ ਹੁੰਦੇ ਇਨ੍ਹਾਂ ਦਾ ਖਿਆਲ ਹੈ ਕਮੇਟੀਆਂ ਤੋੜ ਕੇ ਉਥੇ ਆਪਣਾ ਐਡਮਨਿਸਟਰੇਟਰ ਲਗਾ ਦਿਓ । ਇਸ ਤਰ੍ਹਾਂ ਉਤੇ ਤੋਂ ਲੈ ਕੇ ਹੇਠਾਂ ਤੱਕ ਆਪਣੇ ਹੀ ਆਦਮੀ ਹੋ ਜਾਣ, ਕੀ ਇਸ ਤਰ੍ਹਾਂ ਜਮਹੂਰੀਅਤ ਤਕੜੀ ਹੁੰਦੀ ਹੈ ? ਇਸ ਤਰ੍ਹਾਂ ਜਮਹੂਰੀਅਤ ਕਾਇਮ ਨਹੀਂ ਰਹਿ ਸਕਦੀ । ਹੁਸ਼ਿਆਰਪੁਰ ਦੀ ਮਿਉਂਸਿਪਲ ਕਮੇਟੀ ਦੇ ਪ੍ਰੈਜ਼ੀਡੈਂਟ ਨੂੰ ਲਾਅ ਦਿੱਤਾ ਗਿਆ ਉਹ ਜਨਸੰਘੀ ਸੀ, ਮੈਨੂੰ ਕੋਈ ਇਤਰਾਜ਼ ਨਹੀਂ। ਇਸਦੇ ਬਾਰੇ ਪਾਂਡੇ ਸਾਹਿਬ ਦੱਸਣਗੇ । ਪਰ ਅਸੀਂ ਜਮਹੂਰੀਅਤ ਦੇ ਸਵਾਲ ਨੂੰ ਦੇਖਣਾ ਹੈ। ਲਹਿਰਾਗਾਗਾ ਦੀ ਕਮੇਟੀ ਦੇ 15 ਮਿਉਂਸਿਪਲ ਕਮਿਸ਼ਨਰਾਂ ਵਿਚੋਂ 11 ਨੇ ਪ੍ਰੈਜ਼ੀਡੈਂਟ ਦੇ ਖਿਲਾਫ ਬਦਇਤਮਾਦੀ ਦਾ ਮਤਾ ਪਾਸ ਕੀਤਾ ਪਰ ਉਹ ਗਜ਼ਟ ਨਹੀਂ ਹੁੰਦਾ । ਉਹ ਮਤਾ,

Original with;
Punjab Vidhan Sabha
Digitized by;
Panjab Digital Library

ਪਤਾ ਨਹੀਂ ਕਿਥੇ ਪਿਆ ਹੈ ਜਦ ਅਕਤੂਬਰ ਵਿਚ ਕਮਿਊਨਿਸਟ ਪਾਰਟੀ ਨੇ ਮਹਿੰਗਾਈ ਦੇ ਖਿਲਾਫ ਸਤਿਆਗ੍ਰਹਿ ਕੀਤਾ ਸੀ ਤਾਂ ਪੰਜਾਬ ਦੇ ਕੋਨੇ ਕੋਨੇ ਵਿਚ ਦਫਾ 144 ਲਗਾ ਦਿੱਤੀ ਗਈ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਮਹੂਰੀਅਤ ਹੈ ? ਸਤਿਆਗ੍ਰਹਿ ਪੂਰੇ ਅਮਨ ਅਮਾਨ ਨਾਲ ਚੱਲਿਆ, ਪਰ ਸਾਰੇ ਪੰਜਾਬ ਵਿਚ ਉਨ੍ਹਾਂ ਦੇ ਖਿਲਾਫ ਦਫਾ 144 ਲਗਾ ਦਿੱਤੀ ਗਈ।

ਇਸ ਤੋਂ ਅਗੇ ਬਿਜਲੀ ਦੀ ਗੱਲ ਹੈ। ਬਿਜਲੀ ਦੀ ਜੋ ਹਾਲਤ ਹੈ ਅਤੇ ਜੋ ਤਬਾਹੀ ਹੋ ਰਹੀ ਹੈ, ਉਸਦੇ ਬਾਰੇ ਮੈਂ ਦੱਸਦਾ ਹਾਂ। ਭਾਵੇਂ ਬਿਜਲੀ ਦਾ ਸੰਕਟ ਹੈ, ਭਾਵੇਂ ਘਾਟਾ ਹੈ, ਇਸਦਾ ਬਹੁਤ ਜ਼ਿਕਰ ਹੋਇਆ ਹੈ। ਪਰ ਮੈਨੂੰ ਇਕ ਗੱਲ ਦੀ ਬਹੁਤ ਖੁਸ਼ੀ ਹੈ ਕਿ ਇਸ ਗਵਰਨਰ ਦੇ ਭਾਸ਼ਣ ਵਿਚ ਕਿਹਾ ਗਿਆ ਹੈ ਅਤੇ ਪਹਿਲੀ ਦਫਾ ਮੰਨਿਆ ਹੈ ਕਿ ਇਹ ਸਭ ਭੈੜੀ ਪਲਾਨਿੰਗ ਦਾ ਨਤੀਜਾ ਹੈ, ਨਹੀਂ ਤਾਂ ਪਹਿਲੇ ਇਹ ਕਿਹਾ ਜਾਂਦਾ ਸੀ ਕਿ ਇਹ ਸਭ ਰੱਬ ਦਾ ਕਰੋਪ ਹੈ। ਇਹ ਹਾਲਤ ਪਹਿਲਾਂ ਤੋਂ ਹੀ ਭੈੜੀ ਤੁਰੀ ਆਉਂਦੀ ਹੈ। ਜੇ ਅਟਾਮਿਕ ਪਲਾਂਟ ਲਾਉਣਾ ਹੋਵੇ ਤਾਂ 10 ਸਾਲ ਲੱਗਦੇ ਹਨ ਅਤੇ ਥਰਮਲ ਪਲਾਂਟ ਵਾਸਤੇ 5 ਸਾਲ ਲਗਦੇ ਹਨ। ਪਲਾਨਿੰਗ ਸ਼ੁਰੂ ਕਰਨੀ ਫਿਰ ਪੂਰੀ ਕਰਨੀ ਅਤੇ ਫਿਰ ਪਰੋਡਕਸ਼ਨ ਹੋਣੀ ਹੁੰਦੀ ਹੈ। ਜੇ ਹਾਈਡਲ ਪਰਾਜੈਕਟ ਹੋਵੇ ਤਾਂ 10 ਸਾਲ ਲਗਦੇ ਹਨ। ਮੈਂ ਕਹਿੰਦਾ ਹਾਂ ਕਿ ਪਰਸਾਨਲ ਦੀ ਪਲਾਨਿੰਗ ਠੀਕ ਹੋਣੀ ਚਾਹੀਦੀ ਹੈ, ਇਹ ਪਲਾਨਿੰਗ ਕਦੇ ਨਹੀਂ ਹੋਈ। ਫਿਰ ਡਿਪਟੀ ਸਪੀਕਰ ਸਾਹਿਬ, ਹੋਰ ਕਈ ਝਗੜੇ ਹਨ। ਜਿਹੜੀ ਸਾਡੀ ਯੂ.ਬੀ.ਡੀ.ਸੀ. ਦੀ ਸਕੀਮ ਸੀ ਉਹ ਲੇਟ ਕਿਉਂ ਹੋਈ। ਕਿਉਂਕਿ ਇਹ ਇਰੀਗੇਸ਼ਨ ਨੂੰ ਦੇ ਦਿੱਤੀ ਹੈ। ਇਸੇ ਤਰ੍ਹਾਂ ਅਨੰਦਪੁਰ ਸਾਹਿਬ ਵਿਖੇ ਹਾਈਡਲ ਪਰਾਜੈਕਟ ਦਾ ਬਿਜਲੀ ਬੋਰਡ ਅਤੇ ਇਰੀਗੇਸ਼ਨ ਡਿਪਾਰਟਮੈਂਟ ਵਿਚ ਫੈਸਲਾ ਨਹੀਂ ਹੋ ਸਕਿਆ। ਇਸ ਤਰ੍ਹਾਂ ਇਹ ਮਸਲੇ ਹੱਲ ਨਹੀਂ ਹੋਣਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੈਨਰੇਟਰ ਆ ਗਏ ਪਰ ਉਹ ਡੇਢ ਸਾਲ ਚਲੇ। ਵੇਰਕੇ ਦਾ ਡੇਢ ਸਾਲ ਲਈ ਆ ਗਿਆ ਪਰ ਉਹ ਚੱਲਿਆ ਨਹੀਂ। ਹੁਣ ਪਤਾ ਨਹੀਂ ਖਰਾਬ ਹੈ ਜਾਂ ਕੀ ਹਾਲਤ ਹੈ। ਇਸ ਬੋਰਡ ਦੇ ਅੰਦਰ ਲੱਖਾਂ ਰੁਪਿਆ ਜ਼ਾਇਆ ਹੁੰਦਾ ਹੈ। ਇਨ੍ਹਾਂ ਦੀਆਂ ਵੱਡੀਆਂ ਵੱਡੀਆਂ ਫਰਮਾਂ ਦੇ ਨਾਲ ਯਾਰੀਆਂ ਹਨ। ਇਹ ਜਿਹੜੇ ਬਿਜਲੀ ਬੋਰਡ ਵਾਲੇ ਹਨ ਇਹ ਦੋ ਦੋ ਲਖ ਰੁਪਏ ਦੀਆਂ ਇੰਪੋਰਟਡ ਕਾਰਾਂ ਵਰਤਦੇ ਹਨ। ਜਿਸ ਤਰ੍ਹਾਂ ਸਰਦਾਰ ਜ਼ੋਰਾ ਸਿੰਘ ਕੋਲ ਹੈ। ਇਹ ਕਹਿੰਦੇ ਹਨ ਕਿ ਬਿਜਲੀ ਦੇ ਰੇਟ ਵਧਾਉਣ ਦੀ ਲੋੜ ਹੈ। ਇਸ ਤਰ੍ਹਾਂ ਇਹ ਲੱਖਾਂ ਨਹੀਂ ਕਰੋੜਾਂ ਰੁਪਏ ਖਰਚ ਕਰ ਰਹੇ ਹਨ। ਇਸ ਤਰ੍ਹਾਂ ਬਿਜਲੀ ਦਾ ਸਿਸਟਮ ਠੀਕ ਨਹੀਂ ਹੋਵੇਗਾ। ਪਿਛੇ ਜਿਹੇ ਇਸ ਵਿਚ ਕੁਝ ਗੜ ਬੜ ਜਿਹੀ ਹੋ ਗਈ ਅਤੇ ਚੀਫ ਮਨਿਸਟਰ ਸਾਹਿਬ ਨੇ ਵਿਚ ਪੈ ਕੇ ਸੁਲਾਹ ਕਰਾ ਦਿੱਤੀ ਪਰ ਹਾਲਾਤ ਇਥੋਂ ਤਕ ਪਹੁੰਚ ਗਏ ਕਿ ਲੋਕੀਂ ਨਖੌਲ ਕਰਦੇ ਪਏ ਹਨ। (ਵਿਘਨ) ਉਹ ਐਸ.ਡੀ.ਓ. ਤੋਂ ਪੈਸੇ ਲੈਣ ਤੇ ਉਹ ਫਿਰ ਅੱਗੇ ਫਰਮਾਂ ਤੋਂ ਲੈਣ (ਵਿਘਨ) ਜੇ ਇਸੇ ਤਰ੍ਹਾਂ ਰਿਹਾ ਤਾਂ ਹਾਲਤ ਠੀਕ ਨਹੀਂ ਹੋ ਸਕੇਗੀ। ਇਸ ਲਈ ਮੈਂ ਕਹਿੰਦਾ ਹਾਂ ਕਿ ਸਾਰੇ ਬੋਰਡ ਨੂੰ ਓਵਰਹਾਲ ਕਰਾਓ ਅਤੇ ਪੰਜਾਬ ਦਾ ਥਰਮਲ ਪਲਾਂਟ ਛੇਤੀ ਚਲੇ। ਜੈਨਰੇਟਰ ਜੋ ਬੰਦ ਪਏ ਹਨ, ਚਲਾਏ ਜਾਣ। ਅਟਾਮਿਕ ਪਲਾਂਟ ਚਲਾਏ ਜਾਣ। ਕਾਰਖਾਨਿਆਂ ਨੂੰ ਜ਼ਬਰਦਸਤੀ ਕਹੋ ਕਿ ਜਨਰੇਟਰ ਰੱਖਣ, ਚਲਾਉਣ। ਵਾਰ ਫੁੱਟਿੰਗ ਤੇ ਇਹ ਸਾਰਾ ਪ੍ਰੋਗਰਾਮ ਹੋਣਾ ਚਾਹੀਦਾ ਹੈ। ਤਾਂ ਹੀ ਇਹ ਮਸਲਾ ਹੱਲ ਹੋਵੇਗਾ। ਕਿਸਾਨਾਂ ਨੂੰ ਫਲੈਟ ਰੇਟ ਵਿਚ ਰਿਆਇਤ ਦੇ ਦਿਓ, ਗਰੀਬਾਂ ਨੂੰ ਬਿਜਲੀ ਵਿਚ ਰਿਆਇਤ ਦੇ ਦਿਓ। ਮੈਂ ਕਹਿੰਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹਾਂ ਕਿ ਕੁਰੱਪਸ਼ਨ ਬਹੁਤ ਵਧ ਰਹੀ ਹੈ, ਘੱਟ ਨਹੀਂ ਰਹੀ । ਮੇਰੇ ਕੋਲ ਅਨੇਕਾਂ ਹੀ ਮਿਸਾਲਾਂ ਹਨ । ਜੋ ਕਿ ਮੈਂ ਦੱਸ ਸਕਦਾ ਹਾਂ । 895 ਨੰਬਰ ਦਾ ਕੁਐਸ਼ਚਨ ਹੈ ਕਿ ਕੋਆਪ੍ਰੇਟਿਵ ਕਲੋਨੀ ਵਿਚ 2-3 ਲੱਖ ਦਾ ਗਬਨ ਹੈ । ਇਸ ਦਾ ਛੇ ਸਾਲ ਝਗੜਾ ਰਿਹਾ । ਗਵਰਨਰ ਰਾਜ ਵਿਚ ਕੇਸ ਰਜਿਸਟਰ ਹੋਇਆ । ਆਰਬੀਟਰੇਸ਼ਨ ਚਾਲੂ ਹੋ ਗਈ ਪਰ ਹੁਣ ਆਰਬੀ-ਟਰੇਸ਼ਨ ਰੁਕ ਗਈ ਹੈ । ਮੈਂ ਪੁੱਛਿਆ ਕਿ ਕਿਉਂ ਨਹੀਂ ਚਲਦੀ ਤਾਂ ਇਹ ਕਹਿੰਦੇ ਹਨ ਕਿ ਆਡੀਟਰ ਨੇ ਮੁੜ ਕੇ ਆਡਿਟ ਕਰ ਦਿੱਤਾ । ਇਕ ਮਨਿਸਟਰ ਨੇ ਵਿਚ ਦਖਲ ਦੇ ਕੇ ਮੁੜਕੇ ਆਰਬੀਟਰੇਸ਼ਨ ਕਰਾਕੇ ਉਨ੍ਹਾਂ ਦੇ ਹੱਕ ਵਿਚ ਰਿਪੋਰਟ ਕਰਾ ਕੇ ਉਸ ਕੇਸ ਨੂੰ ਠੱਪ ਕਰ ਦਿੱਤਾ।

ਇਸੇ ਤਰ੍ਹਾਂ ਹੀ ਏਸ਼ੀਆ 72 ਦਾ ਠੇਕਾ ਦਿੱਤਾ ਗਿਆ ਕਿਤਾਬ ਛਾਪਣ ਲਈ । ਇਸ ਦੇ ਬਾਰੇ ਕਾਲ ਅਟੈਨਸ਼ਨ ਮੋਸ਼ਨ ਆਈ । ਜਵਾਬ ਵਿਚ ਇਹ ਕਹਿੰਦੇ ਹਨ ਕਿ ਜੇ ਸਰਕਾਰ ਆਪ ਛਾਪਦੀ ਤਾਂ ਇਹ ਮਹਿੰਗਾ ਪੈਣਾ ਸੀ । ਪਰ ਜਿਹੜੇ ਉਨ੍ਹਾਂ ਨੂੰ ਇਸ਼ਤਿਹਾਰ ਲੈ ਕੇ ਦਿੱਤੇ ਉਸ ਦੀ ਕੀਮਤ ਵਿਚ ਨਹੀਂ ਗਿਣਦੇ । ਉਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਐਪੁਆਇੰਟਮੈਂਟਸ ਕਿਸ ਤਰ੍ਹਾਂ ਹੁੰਦੀਆਂ ਹਨ ਇਸ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕੀ ਇਸ ਤਰ੍ਹਾਂ ਹੀ ਸੋਸ਼ਲਿਜ਼ਮ ਆਵੇਗਾ ? ਮੈਂ ਕਿਹਾ ਕਿ ਸਰਦਾਰ ਹਰਬੰਸ ਸਿੰਘ ਕੁਰੱਪਟ ਆਦਮੀ ਹਨ ਅਤੇ ਉਨ੍ਹਾਂ ਦਾ ਰਿਕਾਰਡ ਖਰਾਬ ਹੈ ਇਸ ਦੇ ਬਾਰੇ ਇਨਕੁਆਇਰੀ ਕਰੋ । ਇਕ ਡੀ.ਐਸ.ਪੀ. ਇਨਕੁਆਇਰੀ ਲਈ ਗਿਆ ਪਰ ਫਿਰ ਉਸ ਦਾ ਬਣਿਆ ਕੁਝ ਨਾ । (ਵਿਘਨ) ਇਕ ਬੰਦੇ ਨੂੰ ਬਿਜਲੀ ਬੋਰਡ ਦਾ ਸੈਕਟਰੀ ਲਾਉਣ ਲਗੇ, ਇਸ ਬਾਰੇ ਰੌਲਾ ਪੈ ਗਿਆ । ਮੈਂ ਸਵਾਲ ਵੀ ਕੀਤਾ । ਉਹ ਉਥੇ ਤਾਂ ਨਾ ਲੱਗਿਆ ਪਰ ਕਿਸੇ ਹੋਰ ਅੱਛੀ ਪੋਸਟ ਤੇ ਲਗ ਗਿਆ । ਇਸ ਤਰ੍ਹਾਂ ਤਾਂ ਐਪੁਆਇੰਟਮੈਂਟਸ ਹੁੰਦੀਆਂ ਹਨ । ਫਿਰ ਡਿਪਟੀ ਸਪੀਕਰ ਸਾਹਿਬ, ਹੈਲਥ ਡੀਪਾਰਟਮੈਂਟ ਦੀ ਇਕ ਰਿਸਰਚ ਕਮੇਟੀ ਬਣੀ । ਇਹ ਕਮੇਟੀ ਗਰਾਂਟ ਵਗੈਰਾ ਦਿੰਦੀ ਹੈ। ਸਭ ਤੋਂ ਵਡੀ ਗਰਾਂਟ ਡਾਇਰੈਕਟਰ ਹੈਲਥ ਸਰਵਸਿਜ਼ ਨੇ ਆਪ ਲੈ ਲਈ । ਕੀ ਇਸ ਤਰ੍ਹਾਂ ਕੁਰੱਪਸ਼ਨ ਦੂਰ ਹੋ ਰਹੀ ਹੈ? ਜੇ ਤੁਸੀਂ ਸਹੀ ਮਾਹਨਿਆਂ ਵਿਚ ਕੁਰੱਪਸ਼ਨ ਨੂੰ ਦੂਰ ਕਰਨਾ ਚਾਹੁੰਦੇ ਹੋ ਤਾਂ ਵੈਸਟਿਡ ਇਨਟਰੈਸਟ ਨੂੰ ਹਟਾਉਣਾ ਪਵੇਗਾ। ਆਪਣੀ ਮਰਜ਼ੀ ਨਾਲ ਮੁਲਾਜ਼ਮਾਂ ਨੂੰ ਰਖੋ, ਫੇਵਰੇਟਿਜ਼ਮ ਕਰੋ ਤਾਂ ਇਹ ਵੀ ਕੁਰੱਪਸ਼ਨ ਹੀ ਹੈ । ਜੇ ਇਹੀ ਹਾਲਾਤ ਰਹੇ ਤਾਂ ਮੁਲਕ ਦੀ ਹਾਲਤ ਨਹੀਂ ਬਦਲਣੀ । ਜੇ ਮੁਲਕ ਦੀ ਹਾਲਾਤ ਨੂੰ ਬਦਲਣਾ ਹੈ ਤਾਂ ਫੈਵਰੇਟਿਜ਼ਮ ਨੂੰ ਖਤਮ ਕਰੋ।

ਡਿਪਟੀ ਸਪੀਕਰ ਸਾਹਿਬ, ਅਕਾਲੀ ਪਾਰਟੀ ਨੇ ਛੰਗਾਨੀ ਕਮਿਸ਼ਨ ਦਾ ਬਾਈਕਾਟ ਕਰ ਦਿਤਾ । ਹੁਣ ਕੀ ਨਵੀਂ ਗਲ ਹੋ ਗਈ ਹੈ ਇਕ ਦਵੇ ਕਮਿਸ਼ਨ ਬਣਿਆਂ ਸੀ । ਜਿੰਨੇ ਥੋੜ੍ਹੇ ਬਹੁਤ ਇਲਜ਼ਾਮਾਂ ਦੀ ਸੁਣਵਾਈ ਉਹ ਕਰ ਸਕਿਆ ਸੀ ਤਾਂ ਉਸ ਦੀ ਇਨਟੈਰਿਮ ਰਿਪੋਰਟ ਤੋਂ ਇਨ੍ਹਾਂ ਨੂੰ ਆਪਣੇ ਅਗੇਂਸਟ ਜਾਣ ਦਾ ਕੁਝ ਜਾਪਣ ਲਗ ਪਿਆ ਹੋਣਾ ਹੈ । ਹੁਣ ਇਨ੍ਹਾਂ ਨੇ ਇਸ ਕਮਿਸ਼ਨ ਦਾ ਬਾਈਕਾਟ ਕਰ ਦਿਤਾ । ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਇਕ ਹਾਈ ਪਾਵਰਡ ਟਰਬਿਊਨਲ ਇਹ ਬਣਾਉਂਦੇ ਜਿਸ ਦੇ ਵਿਚ ਹਰ ਇਕ ਸ਼ਹਿਰੀ 200/— ਰੁਪਏ ਜ਼ਮਾਨਤ ਰਖ ਕੇ ਕਿਸੇ ਵੀ ਮਨਿਸਟਰ ਦੇ ਖਿਲਾਫ ਕੋਈ ਕੁਰਪੱਸ਼ਨ ਦੇ ਕੇਸ ਲਿਜਾ ਸਕੇ । ਚਾਹੇ ਉਹ ਹਰਿਆਣਾ ਦਾ ਹੋਵੇ ਤੇ ਚਾਹੇ ਉਹ ਪੰਜਾਬ ਦਾ ਹੋਵੇ । ਹਰ ਇਕ ਮਨਿਸਟਰ ਦੇ ਖਿਲਾਫ ਹਰ ਆਦਮੀ ਨੂੰ ਕੁਰਪੱਸ਼ਨ ਦਾ ਕੇਸ ਉਸ ਟਰਬਿਊਨਲ ਵਿਚ ਲਿਜਾਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

ਫਿਰ ਡਿਪਟੀ ਸਪੀਕਰ ਸਾਹਿਬ, ਹਾਊਸਿੰਗ ਦੇ ਬਾਰੇ ਇਕ ਸਕੀਮ ਆਈ ਹੈ; ਇਹ ਇਕ ਬਹੁਤ ਅੱਛੀ ਸਕੀਮ ਹੈ, ਅਸੀਂ ਇਸ ਦੀ ਸ਼ਲਾਘਾ ਕਰਦੇ ਹਾਂ । ਇਸ ਦੇ ਬਾਰੇ ਯੱਸ਼ ਜੀ ਨੇ ਠੀਕ ਹੀ ਕਿਹਾ ਹੈ ਕਿ ਲੋਕਾਂ ਦੀਆਂ ਕਮੇਟੀਆਂ ਬਣਨੀਆਂ ਚਾਹੀਦੀਆਂ ਹਨ । ਯੱਸ਼ ਜੀ ਨੇ ਇਹ ਵੀ ਠੀਕ ਕਿਹਾ ਹੈ ਕਿ ਕਸਬਿਆਂ ਵਿਚ ਬੜੇ ਬੜੇ ਗਰੀਬ ਆਦਮੀ ਰਹਿੰਦੇ ਹਨ ਅਤੇ ਉਹ 20-20 ਸਾਲ ਤੋਂ ਰਹਿ ਰਹੇ ਹਨ, ਉਨ੍ਹਾਂ ਨੂੰ ਮਾਲਕੀ ਦੇ ਦੇਣੀ ਚਾਹੀਦੀ ਹੈ । ਜੇ ਤੁਸੀਂ ਹਾਊਸਿੰਗ ਦਾ ਮਸਲਾ ਹੱਲ ਕਰਨਾ ਚਾਹੁੰਦੇ ਹੋ ਤਾਂ ਮੈਂ ਕਹਾਂਗਾ ਕਿ ਸ਼ਹਿਰਾਂ ਦੇ ਵਿਚ ਜਿਹੜੀ ਜ਼ਮੀਨ ਹੈ, ਪਰਾਪਰਟੀ ਹੈ ਇਸ ਨੂੰ ਜਲਦੀ ਹੀ ਨੈਸ਼ਨੇਲਾਈਜ਼ ਕਰੋ। (ਵਿਘਨ) ਪ੍ਰਾਪਰਟੀ ਸੀਲਿੰਗ ਦਾ ਬਿਲ ਜਲਦੀ ਹੀ ਇਥੇ ਲਿਆਂਦਾ ਜਾਵੇ ਅਤੇ ਪਾਸ ਕਰਵਾਇਆ ਜਾਵੇ ।

ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਟੈਕਸਾਂ ਦੀ ਗਲ ਚਲਦੀ ਰਹੀ । ਇਹ ਬਜਟ ਪੇਸ਼ ਕਰਨ ਵੇਲੇ ਗਲ ਕਰਾਂਗੇ ਪਰ ਮੈਂ ਸਰਕਾਰ ਨੂੰ ਸਪੱਸ਼ਟ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਗਰੀਬਾਂ ਤੇ ਦਰਮਿਆਨੇ ਤਬਕੇ ਦੇ ਲੋਕਾਂ ਤੇ ਕੋਈ ਟੈਕਸ ਨਹੀਂ ਲਗਣਾ ਚਾਹੀਦਾ ਅੱਜ ਜਦੋਂ ਗਿਰੀ ਸਾਹਿਬ ਪਾਰਲੀਮੈਂਟ ਵਿਚ ਜਾਂਦੇ ਹਨ ਤਾਂ ਬੜੀ ਸ਼ਾਨੋ ਸ਼ੌਕਤ, ਠਾਠ ਬਾਠ ਨਾਲ ਜਾਂਦੇ ਹਨ । ਇਹ ਇਕ ਬ੍ਰਿਟਿਸ਼ ਟਰੇਡੀਸ਼ਨ ਹੈ । ਮਨਿਸਟਰਾਂ ਤੇ ਐਮ.ਐਲ. ਏਜ਼ ਤੇ ਇਤਨਾ ਖਰਚ ਕੀਤਾ ਜਾਂਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅੰਕੜੇ ਲਾ ਕੇ ਦਸਦਾ ਹਾਂ ਕਿ ਪੰਜਾਬ ਦੇ ਇਕ ਐਮ.ਐਲ.ਏ. ਦਾ ਸਭ ਕੁਝ ਪਾ ਕੇ 1400/—ਰੁਪਏ ਮਹੀਨੇ ਦਾ ਖਰਚ ਆਉਂਦਾ ਹੈ । ਲੋਕਾਂ ਤੇ ਟੈਕਸ ਲਾਉਣ ਦਾ ਤੁਹਾਨੂੰ ਕੀ ਹੱਕ ਹੈ, ਪਹਿਲਾਂ ਇਸ ਪਾਸੇ ਵਲ ਧਿਆਨ ਦੇਵੋ ਅਤੇ ਖਰਚਾ ਘਟਾਓ । ਇਸੇ ਤਰ੍ਹਾਂ ਛੋਟੇ ਮੁਲਾਜ਼ਮਾਂ ਦੇ ਕਈ ਮਸਲੇ ਹਨ ਉਨ੍ਹਾਂ ਦੀਆਂ ਕਈ ਇਨਾਮਲੀਜ਼ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ । ਫੂਡ ਐਂਡ ਸਪਲਾਈ ਡੀਪਾਰਟਮੈਂਟ ਦੇ ਚੌਕੀਦਾਰ 24 ਘੰਟੇ ਡਿਊਟੀ ਦਿੰਦੇਹਨ ਪਰ ਉਨ੍ਹਾਂ ਨੂੰ ਰਿਲੀਫ ਵੀ ਨਹੀਂ ਦਿਤਾ ਗਿਆ । ਇਸੇ ਤਰ੍ਹਾਂ ਸਕੂਲਾਂ ਵਿਚ ਜਿਹੜੇ ਚੌਕੀਦਾਰ ਹਨ ਉਹ 24 ਘੰਟੇ ਡਿਊਟੀ ਦਿੰਦੇ ਹਨ ਪਰ ਉਨ੍ਹਾਂ ਨੂੰ ਉਹੀ ਸੁੱਕੀ ਤਨਖਾਹ ਮਿਲਦੀ ਹੈ ਜਿਹੜੀ ਕਿ ਇਕ 8 ਘੰਟੇ ਡਿਊਟੀ ਦੇਣ ਵਾਲੇ ਕਲਾਸ ਫੋਰ ਨੂੰ ਮਿਲਦੀ ਹੈ । ਇਹੋ ਜਿਹੀਆਂ ਗੱਲਾਂ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਲੋਕ ਇਹ ਨਹੀਂ ਕਹਿੰਦੇ ਕਿ ਇਕ ਸਵੇਰ ਵਿਚ ਹੀ ਸਭ ਕੁਝ ਹੋ ਜਾਵੇ ਅਤੇ ਸਾਰੇ ਮਸਲੇ ਹੱਲ ਹੋ ਜਾਣ । ਲੋਕਾਂ ਵਿਚ ਇਹ ਵਿਸ਼ਵਾਸ਼ ਪੈਦਾ ਹੋਣਾ ਚਾਹੀਦਾ ਹੈ ਕਿ ਇਸ ਪਾਸੇ ਵਲ ਯਤਨ ਹੋ ਰਹੇ ਹਨ ਅਤੇ ਇਸ ਵਿਚ ਕਿਸੇ ਦਾ ਵੈਸਟਿਡ ਇੰਨਟਰੈਸਟ ਨਹੀਂ ਹੈ । ਲੋਕ ਰੋਟੀ ਮੰਗਦੇ ਹਨ, ਕਪੜਾ ਮੰਗਦੇ ਹਨ, ਮਕਾਨ ਮੰਗਦੇ ਹਨ ਉਨ੍ਹਾਂ ਨੂੰ ਮੈਮੋਰੀਅਲ ਹਾਲ ਵਗੈਰਾ ਨਹੀਂ ਚਾਹੀਦੇ । ਇਹ ਮੈਮੋਰੀਅਲ ਬਣਾਉਣ ਨਾਲ ਮਸਲੇ ਹੱਲ ਨਹੀਂ ਹੋ ਜਾਣੇ । ਇਸ ਨਾਲ ਲੋਕਾਂ ਦੀ ਤਸੱਲੀ ਨਹੀਂ ਹੋਣੀ ਡਿਪਟੀ ਸਪੀਕਰ ਸਾਹਿਬ, ਮੈਂ ਆਪ ਨੂੰ ਇਕ ਵਾਕਿਆ ਦਸਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਛੇਹਰਟੇ ਆਏ ਕਿਸੀ ਪ੍ਰਾਈਵੇਟ ਕਾਰਖਾਨੇ ਵਿਚ ਗੁਰੂ ਗਰੰਥ ਸਾਹਿਬ ਦੀ ਨਵੀਂ ਬੀੜ ਦਾ ਉਦਘਾਟਨ ਕਰਨ ਵਾਸਤੇ ਉਹ ਸਜਣ ਕਹਿਣ ਲਗਾ ਕਿ ਮੈਂ ਕਾਂਗਰਸੀ ਬਣ ਗਿਆ ਹਾਂ, ਪਹਿਲਾਂ ਤੁਸੀਂ ਮੇਰੇ ਮੁੰਡੇ ਨੂੰ ਚੋਲਾ ਪੁਆਓ । ਪਹਿਲਾ ਚੋਲਾ ਪੁਆਇਆ ਗਿਆ ਅਤੇ ਫਿਰ ਗੁਰੂ ਗਰੰਥ ਸਾਹਿਬ ਦੀ ਬੀੜ ਦਾ ਉਦਘਾਟਨ ਕੀਤਾ ਗਿਆ । ਮੈਂ ਕਹਿੰਦਾ ਹਾਂ ਕਿ ਲੋਕਾਂ ਨੂੰ ਇਨ੍ਹਾਂ ਗੱਲਾਂ ਨਾਲ ਤਸੱਲੀ ਨਹੀਂ ਹੋਣੀ । ਇਨ੍ਹਾਂ ਸਭ ਨੂੰ ਚਾਹੀਦਾ ਹੈ ਕਿ ਚੰਗੀਆਂ ਪਾਲਿਸੀਆਂ ਬਣਾਉਣ ਲਈ ਸਰਕਾਰ ਤੇ ਜ਼ੋਰ ਪਾਉਣ ਜਿਨ੍ਹਾਂ ਨਾਲ ਕਿ ਲੋਕਾਂ ਨੂੰ ਖਾਣ ਲਈ ਰੋਟੀ, ਪਾਣ ਲਈ ਕਪੜਾ ਅਤੇ ਰਹਿਣ ਲਈ ਮਕਾਨ ਮਿਲ ਸਕੇ। ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਦੇਸ਼ ਵਿਚ ਕਿੰਨ੍ਹਾਂ ਹਾਲਾਤ ਦਾ ਮੁਕਾਬਲਾ ਕਰ ਰਹੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹਾਂ । ਆਂਧਰਾ ਵਿਚ ਕੀ ਹੋਇਆ ਇਕ ਬੋਲੀ ਵਾਲਾ ਸੂਬਾ ਹੈ । ਚੰਦ ਆਦਮੀਆਂ ਨੂੰ ਨੌਕਰੀਆਂ ਜ਼ਿਆਦਾ ਮਿਲ ਗਈਆਂ । (ਵਿਘਨ) ਇਸ ਮਸਲੇ ਨੂੰ ਲੈ ਕੇ ਉਥੇ ਕਿਤਨਾ ਕਤਲੇ-ਆਮ ਹੋਇਆ । ਜਨਸਘ ਨੇ ਇਹ ਮੰਗ ਚੁੱਕੀ ਕਿ ਸੈਕੰਡ ਸਟੇਟ ਰੀਆਰਗੇਨਾਈਜ਼ੇਸ਼ਨ ਕਮਿਸ਼ਨ ਮੁਕਰੱਰ ਕਰੋ । ਇਹ ਜਨਸੰਘ, ਵੈਸਟਿਡ ਇਨਟਰੱਸਟ ਦੇ ਲੋਕ, ਜਾਗੀਰਦਾਰ ਅਤੇ ਮਨਾਪਲਿਸਟ ਆਦਿ ਸਾਰੇ ਲੋਕਾਂ ਦੀ ਵੱਧਦੀ ਤਾਕਤ ਨੂੰ, ਵੱਧਦੀ ਸ਼ਕਤੀ ਨੂੰ ਦੇਖ ਕੇ ਸਹਾਰ ਨਹੀਂ ਸਕਦੇ ਅਤੇ ਦੇਸ਼ ਦੇ ਵਿਚ ਗੜਬੜ ਕਰਾਉਣਾ ਚਾਹੁੰਦੇ ਹਨ । ਜੋ ਆਂਧਰਾ ਵਿਚ ਹੋਇਆ ਉਹ ਮਹਾਰਾਸ਼ਟਰਾ ਵਿਚ ਕਰਾਉਣਾ ਚਾਹੁੰਦੇ ਹਨ । ਜੋ ਆਂਧਰਾ ਵਿਚ ਹੋਇਆ ਉਹ ਬਾਕੀ ਦੇ ਸੂਬਿਆਂ ਵਿਚ ਕਰਾਉਣਾ ਚਾਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਜਿਨ੍ਹਾਂ ਨੇ ਜਨਸੰਘ ਦੀ ਇਸ ਮੰਗ ਨੂੰ ਸਪੋਰਟ ਕੀਤਾ ਕਿ ਦੂਜਾ ਕਮਿਸ਼ਨ ਬਣਾਇਆ ਜਾਵੇ, ਦਸਣਾ ਚਾਹੁੰਦਾ ਹਾਂ ਕਿ ਜਨਸੰਘ ਇਮਪਰੀਆਲਿਸਟਾਂ ਦੀ ਮਦਦ ਨਾਲ ਇਹ ਚਾਹੁੰਦਾ ਹੈ ਕਿ ਹਿੰਦੁਸਤਾਨ ਦੇ ਸਾਰੇ ਸੂਬਿਆਂ ਵਿਚ ਹਾਲਾਤ ਵਿਗਾੜੇ ਜਾਣ । ਜੋ ਕੁਝ ਆਸਾਮ ਵਿਚ ਹੋਇਆ ਹੈ, ਆਂਧਰਾ ਵਿਚ ਹੋਇਆ ਹੈ ਉਹੀ ਬਾਕੀ ਥਾਵਾਂ ਤੇ ਵੀ ਕਰਵਾਉਣਾ ਚਾਹੁੰਦੇ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਡਿਸਰਪਟਿਵ ਫੋਰਸਿਸ ਆਂਧਰਾ ਤੇ ਆਸਾਮ ਵਿਚ ਇਹੋ ਜਿਹੇ ਹਾਲਾਂਤ ਪੈਦਾ ਕਰਵਾ ਕੇ ਹੁਣ ਪੰਜਾਬ ਵਿਚ ਇਹੋ ਜਿਹੇ ਹਾਲਤਾਂ ਪੈਦਾ ਕਰਾਉਣਾ ਚਾਹੁੰਦੀਆਂ ਹਨ । ਜਿਸ ਵੇਲੇ ਦੇਸ਼ ਵਿਚ ਇਸਤਰ੍ਹਾਂ ਦਾ ਖਤਰਾ ਹੋਵੇ ਤਾਂ ਉਸ ਵੇਲੇ ਗੌਰਮਿੰਟ ਨੂੰ ਜਿਹੜੀ ਕਿ ਆਪਣੇ ਆਪ ਨੂੰ ਪ੍ਰੋਗਰੇਸਿਵ ਕਹਿੰਦੀ ਹੈ ਉਸ ਦਾ ਇਹ ਫਰਜ਼ ਬਣਦਾ ਹੈ ਕਿ ਐਸੀਆਂ ਨੀਤੀਆਂ ਬਣਾਏ ਜਿਸ ਨਾਲ ਕਿ ਡਿਸਰਪਟਿਵ ਫੋਰਸਿਸ ਨੂੰ ਸ਼ਹਿ ਨਾ ਮਿਲੇ, ਮਨਾਪਲਿਸਟਾਂ ਨੂੰ, ਵਡੇ ਵਡੇ ਜਾਗੀਰਦਾਰਾਂ ਨੂੰ, ਲੈਂਡ ਲਾਰਡਾਂ ਨੂੰ ਸਿਰਫ ਕਾਗਜ਼ਾਂ ਵਿਚ ਹੀ ਨਹੀਂ ਬਲਕਿ ਅਮਲੀ ਰੂਪ ਵਿਚ ਖ਼ਤਮ ਕੀਤਾ ਜਾਵੇ । ਤਾਂ ਕਿ ਆਮ ਲੋਕਾਂ ਨੂੰ ਇਸ ਗਲ ਦਾ ਯਕੀਨ ਹੋ ਸਕੇ ਕਿ ਵਾਕਈ ਦੇਸ਼ ਵਿਚ ਗਰੀਬੀ ਹਟਣ ਵਾਲੀ ਹੈ, ਇਸ ਦੇ ਵਿਚ ਕੋਈ ਵੈਸਟਿਡ ਇੰਨਟਰੱਸਟ ਕਿਸੇ ਦਾ ਨਹੀਂ ਅਤੇ ਦੇਸ਼ ਦੇ ਹਾਲਾਤ ਚੰਗੇ ਹੋ ਰਹੇ ਹਨ । ਮੇਰਾ ਗਵਰਨਰ ਸਾਹਿਬ ਦੇ ਐਡਰੈਸ ਤੇ ਇਹ ਇਲਜ਼ਾਮ ਹੈ ਕਿ ਉਸ ਦੇ ਵਿਚ ਲੋਕਾਂ ਦੇ ਮੁੱਖ ਮਸਲਿਆਂ ਵਲ ਕੋਈ ਧਿਆਨ ਨਹੀਂ ਦਿਤਾ ਗਿਆ । (ਵਿਘਨ) ਇਸ ਦੇ ਨਾਲ ਡਿਸਰਪਟਿਵ ਫੋਰਸਿਸ ਨੂੰ ਹਮਾਇਤ ਮਿਲਦੀ ਹੈ ਜਿਹੜੀਆਂ ਸਾਮਰਾਜ ਦੇ ਹੱਥਾਂ ਵਿਚ ਖੇਡਦੀਆਂ ਹਨ ਅਤੇ ਇਹੋ ਜਿਹੇ ਹਾਲਾਤ ਪੈਦਾ ਕਰਨਾ ਚਾਹੁੰਦੀਆਂ ਹਨ । ਜਿਸ ਦੇ ਨਾਲ ਦੇਸ਼ ਵਿਚ ਅਸ਼ਾਂਤੀ ਵਧੇ ਅਤੇ ਦੇਸ਼ ਦੇ ਅੱਡ ਅੱਡ ਹਿਸੇ ਹੋ ਜਾਣ ਤੇ ਫਿਰ ਇਥੇ ਕੋਈ ਯੱਹੀਆ ਜਾਂ ਅਯੂਬ ਆ ਜਾਵੇ ਜਿਹੜਾ ਕਿ ਦੇਸ਼ ਦੀ ਬਾਗਡੋਰ ਸੰਭਾਲ ਲਵੇ । ਡਿਪਟੀ ਸਪੀਕਰ ਸਾਹਿਬ, ਯੱਸ਼ ਜੀ ਨੇ ਇਹ ਕਿਹਾ ਹੈ ਕਿ ਇਹ ਸਾਰੀ ਬੀਮਾਰੀ ਪਿਛਲੇ ਪੰਜ ਸਾਲਾਂ ਵਿਚ ਆਈ ਹੈ ਜਦ ਕਿ ਇਥੇ ਕੋਈ ਸਟੇਬਲ ਗੌਰਮਿੰਟ ਨਹੀਂ ਸੀ । ਹੁਣ ਸਟੇਬਲ ਗੌਰਮਿੰਟ ਆਈ ਹੈ ਅਤੇ ਹੁਣ ਲੋਕਾਂ ਦੇ ਮਸਲੇ ਹੱਲ ਹੋ ਜਾਣਗੇ । ਪੰਜਾਬ ਵਿਚ ਸਾਡੀ ਮਦਦ ਨਾਲ ਇਸ ਵੇਲੇ ਅਸੈਂਬਲੀ ਵਿਚ 66 ਮੈਂਬਰ ਆਏ ਹਨ ਅਤੇ ਅਸੀਂ ਇਨ੍ਹਾਂ ਦੀ ਮਦਦ ਨਾਲ 10 ਆਏ ਹਾਂ । ਪਰ ਆਂਧਰਾ ਵਿਚ ਜਿਥੇ ਬਹੁਤ ਮੁਖਾਲਫਤ ਹੋਈ, ਹਰ ਪਾਰਟੀ ਦੀ ਮੁਖਲਫਤ ਹੋਈ ਅਤੇ ਕਾਂਗਰਸ ਪਾਰਟੀ ਉਥੇ ਪੰਜਾਬ ਨਾਲੋਂ ਵੀ ਵੱਧ ਅਕਸਰੀਅਤ ਵਿਚ ਆ ਗਈ । ਪਰ ਕਿਥੇ ਹੈ ਉਹ ਕਾਂਗਰਸ ਦੀ ਅਕਸਰੀਅਤ ਜਿਹੜੇ ਆਂਧਰਾ ਪ੍ਰਦੇਸ਼ ਦੇ ਸੂਬੇ ਦੇ ਦੋ ਹਿੱਸੇ ਕਰਨਾ ਚਾਹੁੰਦੇ ਹਨ ਜਿਸ ਸੂਬੇ ਦੀ ਇਕ ਬੋਲੀ ਹੈ ਜਿਨ੍ਹਾਂ ਨੇ ਇਹ ਨਾਅਰਾ ਲਾਇਆ ਹੈ ਕਿ ਅਗਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਜਨੂਬੀ ਆਂਧਰਾ ਅੱਡ ਹੋ ਕੇ

Original with;
Punjab Vidhan Sabha
Digitized by;
Panjab Digital Library

ਬੈਠ ਜਾਵੇਗਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਟੇਬਿਲਿਟੀ ਇਸ ਤਰ੍ਹਾਂ ਨਹੀਂ ਆਉਂਦੀ ਇਸ ਤਰ੍ਹਾਂ 66 ਬੰਦੇ ਨਹੀਂ ਆਉਂਦੇ। (ਵਿਘਨ)

**ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਡਾਂਗ ਸਾਹਿਬ ਕਾਂਗਰਸ ਨੂੰ ਰੀਐਕਸ਼ਨਰੀ ਪਾਰਟੀ ਕਹਿ ਰਹੇ ਹਨ ਇਹ ਗਲਤ ਹੈ (ਵਿਘਨ) ਸ਼ਾਇਦ ਕਮਿਊਨਿਸਟ ਪਾਰਟੀ ਦੀ ਉਥੇ ਕੋਈ ਸ਼ਹਿ ਹੋਵੇ ਤਾਂ ਮੈਂ ਨਹੀਂ ਕਹਿ ਸਕਦਾ, ਪਰ ਕਾਂਗਰਸ ਪਾਰਟੀ ਯਕਹਤੀ ਵਿਚ ਵਿਸ਼ਵਾਸ ਰਖਦੀ ਹੈ ਅਤੇ ਕਾਂਗਰਸ ਨਹੀਂ ਚਾਹੁੰਦੀ ਕਿ ਕਿਸੇ ਕਿਸਮ ਦੀ ਕੋਈ ਤਕਸੀਮ ਹੋਵੇ। (ਵਿਘਨ)

**ਕਾਮਰੇਡ ਸਤਪਾਲ ਡਾਂਗ** : ਮੈਂ ਦੇਸ਼ ਦੀ ਪ੍ਰਾਈਮ ਮਨਿਸਟਰ ਦਾ ਮਾਈਂਡ ਦਸ ਰਿਹਾ ਹਾਂ। (ਵਿਘਨ) ਬੜੇ ਅਫਸੋਸ ਦੀ ਗੱਲ ਹੈ ਕਿ ਸੂਬੇ ਦੇ ਸਟੇਟ ਮਨਿਸਟਰ ਹੋਣ ਅਤੇ ਅਖਬਾਰ ਨਾ ਪੜ੍ਹਨ। ਫ਼ੈਕਟਸ ਦਾ ਪਤਾ ਨਾ ਹੋਵੇ (ਵਿਘਨ)

**ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ** : ਡਿਪਟੀ ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਕਿ ਇਹ ਪਾਰਟੀ ਦੇ ਲੀਡਰ ਕਿਹੜੀ ਅਖਬਾਰ ਪੜ੍ਹਦੇ ਹਨ ਕਿ ਇਨ੍ਹਾਂ ਨੂੰ ਪ੍ਰਾਈਮ ਮਨਿਸਟਰ ਦੇ ਮਾਈਂਡ ਦਾ ਪਤਾ ਲਗ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਇਕ ਵਾਹਦ ਪਾਰਟੀ ਹੈ ਜਿਹੜੀ ਯਕਹਤੀ ਚਾਹੁੰਦੀ ਹੈ ਅਤੇ ਦੇਸ਼ ਦੀ ਤਕਸੀਮ ਦੇ ਖਿਲਾਫ਼ ਹੈ।

**ਸ੍ਰੀ ਡਿਪਟੀ ਸਪੀਕਰ** : ਕਾਂਗਰਸ ਡਿਫੈਕਟਰ ਜਿਹੜੇ ਹਨ ਉਹ ਰੀਐਕਸ਼ਨਰੀ ਫੋਰਸਿਜ਼ ਨਾਲ ਮਿਲੇ ਹਨ। (The Congress defectors have joined hands with the reactionary forces)

**ਕਾਮਰੇਡ ਸਤਪਾਲ ਡਾਂਗ** : ਬਦ ਕਿਸਮਤੀ ਨਾਲ ਹੁਣ ਛਡ ਗਏ, ਕਲ੍ਹ ਨੂੰ ਮੁੜ ਆ ਜਾਣਗੇ। (ਵਿਘਨ)

**ਰਾਜ ਮੰਤਰੀ ਸਥਾਨਕ ਸਰਕਾਰ ਤੇ ਜੇਲ੍ਹਾਂ** : ਡਿਪਟੀ ਸਪੀਕਰ ਸਾਹਿਬ, ਇਹ ਵੀ ਸਾਨੂੰ ਛਡ ਗਏ ਹਨ ਜਾਂ....(ਵਿਘਨ)

**ਕਾਮਰੇਡ ਸਤਪਾਲ ਡਾਂਗ** : ਮੈਂ ਤਾਂ ਕਹਿ ਚੁੱਕਾ ਹਾਂ, ਪਰ ਜੇ ਪਾਂਡੇ ਸਾਹਿਬ ਨੂੰ ਸਮਝ ਨਾ ਆਵੇ ਤਾਂ ਮੈਂ ਕੀ ਕਹਿ ਸਕਦਾ ਹਾਂ। ਮੈਂ ਕਹਿੰਦਾ ਹਾਂ ਕਿ ਕਮਿਊਨਿਸਟ ਇਕੋ ਹੀ ਪਾਰਟੀ ਹੈ ਜਿਹੜੀ ਸਾਰੀ ਉਮਰ ਕਮਿਊਨਿਸਟ ਰਹੇਗੀ। ਇਨ੍ਹਾਂ ਨੂੰ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿਣਾ ਚਾਹੀਦਾ। ਇਹ ਭਾਵੇਂ ਕੱਲ੍ਹ ਨੂੰ ਜਨ-ਸੰਘੀ ਬਣ ਜਾਣ ਤਾਂ ਪਤਾ ਨਹੀਂ.. .(ਵਿਘਨ)।

ਡਿਪਟੀ ਸਪੀਕਰ ਸਾਹਿਬ, ਮੈਂ ਆਖ਼ਰ ਵਿਚ ਬੇਨਤੀ ਕਰ ਰਿਹਾ ਸੀ ਕਿ ਅਗਰ ਇਸ ਕਾਂਗਰਸ ਲੈਜਿਸਲੇਟਿਵ ਪਾਰਟੀ ਵਿਚ ਕੋਈ ਪਰੋਗਰੈਸਿਵ ਐਲੀਮੈਂਟ ਹੈ ਜਾਂ ਕੋਈ ਬਾਹਰ ਪ੍ਰੋਗਰੈਸਿਵ ਐਲੀਮੈਂਟ ਹੈ ਤਾਂ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਜੇ ਸਟੇਬਿਲਿਟੀ ਦੇਖਣੀ ਹੈ ਤਾਂ ਆਂਧਰਾ ਵਿਚ ਦੇਖੋ, ਉੜੀਸਾ ਵਿਚ ਦੇਖ। ਸਟੇਬਿਲਿਟੀ ਆਉਂਦੀ ਹੈ। ਲੋਕਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਦੀਆ ਦਰੁਸਤ ਨੀਤੀਆਂ ਅਪਨਾਉਣ ਨਾਲ । ਮੈਂ ਕਹਿੰਦਾ ਹਾਂ ਕਿ ਇਹ ਗਵਰਨਰ ਸਾਹਿਬ ਦਾ ਭਾਸ਼ਣ ਉਨ੍ਹਾਂ ਨੀਤੀਆਂ ਦਾ ਆਧਾਰ ਨਹੀਂ ਜਿਹੜੀਆਂ ਸਹੀ ਮਾਨ੍ਹਿਆਂ ਵਿਚ ਆਉਣੀਆਂ ਚਾਹੀਦੀਆਂ ਸਨ । ਤੁਸੀਂ ਵੈਸਟਿਡ ਇੰਟਰੱਸਟਾਂ ਛਡਣ ਲਈ ਤਿਆਰ ਨਹੀਂ ਇਹ ਨਿਕੀਆਂ ਨਿਕੀਆਂ ਗਲਾਂ ਨਾਲ ਜਨਤਾ ਦੀ ਤਸੱਲੀ ਨਹੀਂ ਹੋਣ ਲਗੀ । ਅੱਜ ਲੋਕਾਂ ਦੀ ਸੂਝ ਬੜੀ ਉਚੀ ਹੈ । ਬੁਨਿਆਦੀ ਨੀਤੀਆਂ ਇਹ ਨਹੀਂ ਜਿਹੜੀਆਂ ਇਸ ਐਡਰੈਸ ਵਿਚ ਹਨ । ਮੈਂ ਕਹਿੰਦਾ ਹਾਂ ਕਿ ਜੇਕਰ ਇਸ ਤਰ੍ਹਾਂ ਦੀਆਂ ਨੀਤੀਆਂ ਰਹੀਆਂ ਤਾਂ ਜਿਹੜਾ ਕੁਝ 1970 ਵਿਚ ਹੋਇਆ ਸੀ ਜਾਂ 1971 ਵਿਚ ਹੋਇਆ ਸੀ ਉਹ ਹੁਣ ਵੀ ਹੋਵੇਗਾ ।

ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦਾ ਜੋ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ ਉਸ ਮਤੇ ਵਿਚ ਅਸੀਂ ਸ਼ਾਮਲ ਨਹੀਂ ਹੋ ਸਕਦੇ ਕਿਉਂਕਿ ਲੋਕਾਂ ਦੇ ਮਸਲੇ ਨੂੰ ਹਲ ਕਰਨ ਦੀਆਂ ਨੀਤੀਆਂ ਇਸ ਵਿਚ ਨਹੀਂ ਹਨ । ਇਹ ਉਹ ਡਿਸਰੱਪਟਿਵ ਨੀਤੀਆਂ ਹਨ ਜਿਹੜੀਆਂ ਸਾਡੇ ਮੁਲਕ ਨੂੰ ਟੋਟੇ ਟੋਟੇ ਕਰਨਾ ਚਾਹੁੰਦੀਆਂ ਹਨ ।

ਇਤਨਾ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਕੇ ਬੈਠ ਜਾਂਦਾ ਹਾਂ ।

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ ਉੱਤਰ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜਾ ਧੰਨਵਾਦ ਦਾ ਮਤਾ ਯੱਸ਼ ਜੀ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਉਸ ਦੀ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ । ਮੈਂ ਸਮਝਦਾ ਹਾਂ ਕਿ ਜਿਨ੍ਹਾਂ ਹਾਲਾਤ ਵਿਚ ਕਾਂਗਰਸ ਨੂੰ ਹਕੂਮਤ ਮਿਲੀ ਹੈ ਉਹ ਐਸੇ ਹਾਲਾਤ ਸਨ ਜਿਨ੍ਹਾਂ ਹਾਲਾਤ ਵਿਚ ਪਹਿਲਾਂ ਪੰਜਾਬ ਦੀ ਜਿਹੜੀ ਸਥਿਤੀ ਸੀ ਬੜੀ ਖਰਾਬ ਸੀ । ਇਲੈਕਸ਼ਨਾਂ ਹੋਈਆਂ ਪੰਜਾਬ ਦੇ ਵਿਚ, ਆਖਰ ਸਾਰੇ ਹਿੰਦੁਸਤਾਨ ਵਿਚ ਕਾਨੂੰਨ ਹੈ, ਜਿਸ ਦੀ ਮੈਜਾਰਿਟੀ ਹੋਵੇ ਉਸਦੀ ਹਕੂਮਤ ਬਣਦੀ ਹੈ, ਆਖਰ ਕਾਂਗਰਸ ਨੂੰ ਲੋਕਾਂ ਨੇ ਵੋਟਾਂ ਦੇ ਕੇ ਤਾਕਤ ਦਿਤੀ ਇਸ ਵਾਸਤੇ ਕਿ ਕਾਂਗਰਸ ਸਾਰੇ ਪੰਜਾਬ ਦੀ ਸੇਵਾ ਕਰ ਸਕੇ । ਜਿਸ ਵੇਲੇ ਕਾਂਗਰਸ ਨੂੰ ਹਕੂਮਤ ਮਿਲੀ, ਉਸ ਵੇਲੇ ਪਾਕਿਸਤਾਨ ਦੇ ਨਾਲ ਇਕ ਬੜੀ ਜਬਰਦਸਤ ਲੜਾਈ ਲੜੀ ਗਈ ਔਰ ਉਸ ਪਾਕਿਸਤਾਨ ਦੀ ਲੜਾਈ ਦੇ ਬਾਦ ਕਈ ਲੋਕ ਆਪਣੇ ਘਰਾਂ ਤੋਂ ਜੁਦਾ ਹੋ ਗਏ ਕਈ ਨੌਜਵਾਨ ਜਿਨ੍ਹਾਂ ਨੇ ਸਰਹੱਦ ਤੇ ਆਪਣੀਆਂ ਜਾਨਾ ਦੇ ਦਿਤੀਆਂ ਅਤੇ ਜਿਹੜੀਆਂ ਜ਼ਮੀਨਾਂ ਪਾਕਿਸਤਾਨ ਦੀ ਸਰਹੱਦ ਨਾਲ ਲਗਦੀਆਂ ਸਨ ਓਹ ਜ਼ਮੀਨਾਂ ਉਜੜ ਗਈਆਂ ਅਤੇ ਨਾਲ ਹੀ ਉਥੇ ਵਸਣ ਵਾਲੇ ਲੋਕ ਵੀ ਉਜੜੇ । ਜਿਹੜੀ ਹਕੂਮਤ ਆਈ ਉਸ ਦਾ ਫਰਜ਼ ਸੀ ਕਿ ਉਹ ਉਨ੍ਹਾਂ ਉਜੜੇ ਹੋਏ ਲੋਕਾਂ ਦੀ ਮਦਦ ਕਰੇ ਅਤੇ ਉਨ੍ਹਾਂ ਨੂੰ ਮੁੜ ਵਸਾਏ । ਇਸ ਤਰ੍ਹਾਂ ਕਾਂਗਰਸ ਹਕੂਮਤ ਨੇ ਆ ਕੇ ਉਨ੍ਹਾਂ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਅਤੇ ਉਨ੍ਹਾਂ ਨੂੰ ਵਸਾਇਆ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਹਾਲਾਤ ਵਿਚ ਜਿਸ ਵੇਲੇ ਕਾਂਗਰਸ ਦੀ ਪਾਰਟੀ ਨੂੰ ਹਕੂਮਤ ਮਿਲੀ ਉਸ ਨੂੰ ਪੂਰੇ ਯਤਨ ਕਰਕੇ ਜੋ ਕੰਮ ਕੀਤੇ ਉਹ ਸ਼ਲਾਘਾ ਯੋਗ ਹਨ। ਮੈਂ ਅਰਜ਼ ਕਰਾਂ ਕਿ ਜਿਹੜੇ ਦੇਸ਼ ਦੇ ਪ੍ਰਵਾਨਿਆਂ ਨੇ ਆਪਣੀਆਂ ਜਾਨਾਂ ਦੇ ਕੇ ਅਤੇ ਆਪਣਾ ਖੂਨ ਦੇ ਕੇ ਦੇਸ਼ ਨੂੰ ਆਜ਼ਾਦ ਕਰਾਇਆ ਉਨ੍ਹਾਂ ਵਲ ਕਿਸੇ ਨੇ ਵੀ ਹੁਣ ਤਕ ਧਿਆਨ ਨਹੀਂ ਸੀ ਦਿਤਾ, ਭਾਵੇਂ ਅਕਾਲੀਆਂ ਦੀ ਸਰਕਾਰ ਸੀ ਅਤੇ ਭਾਵੇਂ ਕਿਸੇ ਹੋਰ ਦੀ। ਲੇਕਿਨ

Original with;
Punjab Vidhan Sabha
Digitized by;
Panjab Digital Library

ਗਿਆਨੀ ਜੀ ਦੀ ਸਰਕਾਰ ਨੇ ਇਹ ਜੋ ਕੰਮ ਕੀਤਾ ਬੜਾ ਹੀ ਸਰਾਹਨੀਯ ਹੈ ਕਿ ਸਰਦਾਰ ਭਗਤ ਸਿੰਘ ਸ਼ਹੀਦ ਨੂੰ ਮਾਨਤਾ ਦਿਤੀ ਅਤੇ ਉਨ੍ਹਾਂ ਦੀ ਮਾਤਾ ਜੀ ਨੂੰ ਸਾਰੇ ਪੰਜਾਬ ਦੀ ਮਾਤਾ ਦਾ ਦਰਜਾ ਦੇ ਕੇ ਬੜੀ ਅਛੀ ਗਲ ਕੀਤੀ ਹੈ। ਇਸ ਤਰ੍ਹਾਂ ਕੇਵਲ ਪੰਜਾਬ ਦਾ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦਾ ਸਿਰ ਉਚਾ ਕੀਤਾ ਹੈ । ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਿਆਨੀ ਜੀ ਨੇ ਜਿਥੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਮਾਨਤਾ ਦਿਤੀ ਹੈ ਉਥੇ ਉਨ੍ਹਾਂ ਦੇ ਜਿਹੜੇ ਸਾਥੀ ਸਨ ਜਿਹੜੇ ਉਨ੍ਹਾਂ ਦੇ ਨਾਲ ਮਿਲਕੇ ਫਾਂਸੀ ਦੇ ਤਖਤੇ ਤੇ ਲਟਕ ਕੇ ਸ਼ਹੀਦ ਹੋਏ, ਸ੍ਰੀ ਸੁਖਦੇਵ, ਰਾਜਗੁਰੂ ਅਤੇ ਹੋਰ ਵੀ ਜਿਹੜੇ ਸਨ ਉਨ੍ਹਾਂ ਨੂੰ ਵੀ ਮਾਨਤਾ ਦੇਣੀ ਚਾਹੀਦੀ ਹੈ । ਜੇ ਅਸੀਂ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੇ ਫਰਜ਼ ਦੀ ਕੋਤਾਹੀ ਕਰ ਰਹੇ ਹੋਵਾਂਗੇ ।

ਇਸ ਤੋਂ ਇਲਾਵਾ ਮੈਂ ਇਕ ਗੱਲ ਇਹ ਵੀ ਕਰਨੀ ਚਾਹੁੰਦਾ ਹਾਂ ਕਿ ਅਜ ਵੀ ਬਹੁਤ ਸਾਰੇ ਫਰੀਡਮ ਫਾਈਟਰ ਐਸੇ ਹਨ ਜਿਹੜੇ ਕਿ ਆਪਣੀਆਂ ਅਰਜ਼ੀਆਂ ਲੈ ਲੈ ਕੇ ਇਧਰ ਉਧਰ ਫਿਰਦੇ ਹਨ । ਉਨ੍ਹਾਂ ਲਈ ਕਦੇ ਕਿਸੇ ਨੇ ਧਿਆਨ ਨਹੀਂ ਦਿੱਤਾ ਕਿ ਉਨ੍ਹਾਂ ਦੀ ਕਿਸ ਤਰ੍ਹਾਂ ਨਾਲ ਕੋਈ ਸੇਵਾ ਕੀਤੀ ਜਾਏ । ਅਤੇ ਉਨ੍ਹਾਂ ਨੂੰ ਕੁਝ ਮਿਲੇ । ਉਹ ਵਿਚਾਰੇ ਆਪਣੀਆਂ ਅਰਜ਼ੀਆਂ ਲਈ ਕਦੇ ਕਿਸੇ ਦਫਤਰ ਵਿਚ ਕਦੇ ਕਿਸੇ ਦਫਤਰ ਵਿਚ ਲੈ ਕੇ ਜਾਂਦੇ ਹਨ । ਪਰ ਉਨ੍ਹਾਂ ਦੀ ਪੂਰੀ ਤਰ੍ਹਾਂ ਕੋਈ ਸੁਣਵਾਈ ਨਹੀਂ ਹੋ ਰਹੀ । ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਜੇ ਉਨ੍ਹਾਂ ਦੀ ਤੁਸੀਂ ਇੱਜ਼ਤ ਕਰਨਾ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਪੂਰਾ ਪੂਰਾ ਸਤਿਕਾਰ ਦਿਓ । ਉਨ੍ਹਾਂ ਨੂੰ ਜਗ੍ਹਾ ਜਗ੍ਹਾ ਧੱਕੇ ਨਾ ਖਾਣ ਦਿਓ। ਅਗਰ ਕਿਸੇ ਫਰੀਡਮ ਫ਼ਾਈਟਰ ਨੇ ਕੋਈ ਲੜਾਈ ਲੜੀ ਹੈ ਅਤੇ ਜੇ ਉਹ ਪੈਨਸ਼ਨ ਦਾ ਹੱਕਦਾਰ ਹੈ ਤਾਂ ਉਸ ਨੂੰ ਬੜੀ ਇਜ਼ਤ ਨਾਲ ਪੈਨਸ਼ਨ ਬਖਸ਼ੀ ਜਾਏ ਅਤੇ ਉਨ੍ਹਾਂ ਦਾ ਪੂਰਾ ਪੂਰਾ ਸਨਮਾਨ ਕੀਤਾ ਜਾਏ। ਕਈ ਤਾਂ ਬਿਚਾਰੇ ਐਸੇ ਹੋਣਗੇ ਕਿ ਜਿਨ੍ਹਾਂ ਨੇ ਅਪਲਾਈ ਤੱਕ ਵੀ ਨਹੀਂ ਕਰਨਾ । ਜੇ ਉਨ੍ਹਾਂ ਲੋਕਾਂ ਨੇ ਲੜਾਈ ਲੜੀ ਆਪਣੀਆਂ ਜਾਨਾਂ ਵਾਰੀਆਂ ਤਾਂ ਸਾਨੂੰ ਉਨ੍ਹਾਂ ਦੀ ਕਦਰ ਕਰਨੀ ਚਾਹੀਦੀ ਹੈ । ਉਹ ਆਪਣੇ ਦੇਸ਼, ਇਸ਼ਟ ਦੀ ਕੀਮਤ ਨਹੀਂ ਲੈਣਾ ਚਾਹੁੰਦੇ। ਉਨ੍ਹਾਂ ਮਹਾਂਪੁਰਸ਼ਾਂ ਦੀ ਖੋਜ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਦੀ ਖਿਦਮਤ ਕਰਨੀ ਚਾਹੀਦੀ ਹੈ । ਉਨ੍ਹਾਂ ਨੂੰ ਪੈਸੇ ਨਾ ਦਿਤੇ ਜਾਣ ਉਹ ਪੈਸਿਆਂ ਪਿਛੇ ਨਹੀਂ ਬੈਠੇ ਇਹ ਸਾਡਾ ਆਪਣਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾਂ ਦੇਸ਼ ਭਗਤਾਂ ਨੂੰ ਪੂਰਾ ਸਨਮਾਨ ਦੇਈਏ ਅਤੇ ਉਨ੍ਹਾਂ ਦਾ ਨਾਂ ਹਿਸਟਰੀ ਵਿਚ ਲਿਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਦੀ ਕਦਰ ਕਰਨੀ ਚਾਹੀਦੀ ਹੈ । ਮੈਂ ਅਰਜ਼ ਕਰਾਂ ਕਿ ਸਾਡੇ ਗਵਰਨਰ ਸਾਹਿਬ ਨੇ ਜਿਹੜੀ ਪਹਿਲੀ ਗਲ ਕੀਤੀ ਹੈ ਉਸ ਵਿਚ ਸੋਧ ਕਰਨੀ ਚਾਹੀਦੀ ਹੈ ਕਿ ਜਿਹੜੇ ਵੀ ਫਰੀਡਮ ਫਾਈਟਰ ਹਨ ਉਨ੍ਹਾਂ ਦੀ ਪੂਰੇ ਤੌਰ ਤੇ ਇੱਜ਼ਤ ਕਰਨੀ ਚਾਹੀਦੀ ਹੈ । ਸਾਡੇ ਪੰਜਾਬ ਵਿਚ ਲੜਾਈ ਤੋਂ ਬਹੁਤ ਤਕਲੀਫ਼ਾਂ ਆਈਆਂ, ਮੁਸੀਬਤਾਂ ਆਈਆਂ । ਬਿਜਲੀ ਦੀ ਮੁਸੀਬਤ ਆਈ, ਪਾਣੀ ਦੀ ਮੁਸੀਬਤ ਆਈ, ਪਾਣੀ ਘਟ ਹੋਣ ਕਰਕੇ ਖੇਤਾਂ ਦੀ ਸਿੰਜਾਈ ਪੂਰੇ ਤੌਰ ਤੇ ਨਹੀਂ ਹੋ ਸਕੀ । ਬਿਜਲੀ ਨਾ ਹੋਣ ਕਰਕੇ ਮਜ਼ਦੂਰਾਂ ਨੂੰ ਕਿਸਾਨਾਂ ਨੂੰ ਬੜਾ ਨੁਕਸਾਨ ਹੋਇਆ । ਕਾਰਖਾਨੇ ਬੰਦ ਹੋ ਗਏ ਜਿਸ ਕਾਰਖਾਨੇ ਵਿਚ ਤਿੰਨ ਸ਼ਿਫਟਾਂ ਲਗਦੀਆਂ ਸਨ ਉਥੇ ਇਕ ਸ਼ਿਫਟ ਮਸਾਂ ਚਲਦੀ ਹੈ । ਕਾਰਖਾਨੇ ਬੇਕਾਰ ਹੋ ਗਏ, ਉਥੇ ਕੰਮ ਕਰਨ ਵਾਲੇ ਮਜ਼ਦੂਰ ਬੇਕਾਰ ਹੋ ਗਏ, ਸੜਕਾਂ ਤੇ ਰੁਲਦੇ ਫਿਰਦੇ ਹਨ । ਜਿਨ੍ਹਾਂ ਦਾ ਡੇਢ ਸੌ ਰੁਪਏ ਨਾਲ ਗੁਜ਼ਾਰਾ ਨਹੀਂ ਸੀ ਚਲਦਾ ਉਹ ਮਜ਼ਦੂਰ ਅੱਜ ਬੇਕਾਰ ਹੋ ਕੇ ਕਿਥੋਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਆਪਣੇ ਬੱਚਿਆਂ ਦਾ ਪੇਟ ਪਾਲਣਗੇ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਲੋਕਾਂ ਲਈ ਵੀ ਕੋਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਸਾਡੇ ਦੇਸ਼ ਦੀ ਉੱਨਤੀ ਵਿਚ ਉਨ੍ਹਾਂ ਲੋਕਾਂ ਦੀਆਂ ਸੇਵਾਵਾਂ ਦਾ ਬੜਾ ਹੱਥ ਹੈ। ਇਹ ਜਿਹੜੀਆਂ ਉਚੀਆਂ ਉਚੀਆਂ ਕੋਠੀਆਂ ਨਜ਼ਰ ਆਉਂਦੀਆਂ ਹਨ, ਇਹ ਜਿਹੜੀਆਂ ਰੋਸ਼ਨੀਆਂ ਨਜ਼ਰ ਆਉਂਦੀਆ ਹਨ ਇਹ ਉਨ੍ਹਾ ਦਾ ਸਦਕਾ ਹੀ ਹਨ। ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾਂ ਦੇ ਭਲੇ ਲਈ ਕੰਮ ਕਰੀਏ ਅਤੇ ਉਨ੍ਹਾ ਦੇ ਜੀਵਨ ਵਿਚ ਰੌਸ਼ਨੀ ਲਿਆਈਏ ਅੱਜ ਗਰੀਬਾਂ ਦਾ ਭਲਾ ਕਰਨ ਦੀ ਲੋੜ ਹੈ।

1.00 P.M

ਡਿਪਟੀ ਸਪੀਕਰ ਸਾਹਿਬ, ਜਦੋਂ ਤਾਈਂ ਬਣਾਈਆਂ ਹੋਈਆਂ ਸਕੀਮਾਂ ਤੇ ਪੂਰੀ ਤਰ੍ਹਾਂ ਨਾਲ ਅਮਲ ਨਹੀਂ ਹੁੰਦਾ ਤਦ ਤਾਈਂ ਭਲਾਈ ਨਹੀਂ ਹੋ ਸਕਦੀ ਜੇ ਕੋਈਂ ਪਲਾਨ ਕਿਤਾਬਾਂ ਅਤੇ ਕਾਗਜ਼ਾਂ ਵਿਚ ਹੀ ਰਹਿ ਜਾਵੇ ਤਾਂ ਉਸ ਨਾਲ ਕੰਮ ਨਹੀਂ ਬਣ ਜਾਂਦਾ। ਜਦੋਂ ਉਹ ਅਮਲ ਵਿਚ ਆ ਜਾਵੇ ਤਾਂ ਹੀ ਦੇਸ਼ ਦਾ ਭਲਾ ਹੁੰਦਾ ਹੈ। ਪੰਜਾਬ ਦੀ ਭਲਾਈ ਤਾਂ ਹੀ ਹੋ ਸਕਦੀ ਹੈ ਜੇ ਇਨ੍ਹਾਂ ਸਕੀਮਾਂ ਨੂੰ ਅਮਲ ਵਿਚ ਲਿਆਂਦਾ ਜਾਵੇ।

ਡਿਪਟੀ ਸਪੀਕਰ ਸਾਹਿਬ, ਜਿਥੇ ਬਿਜਲੀ ਦੀ ਕਮੀ ਹੈ ਉਥੇ ਬਦਕਿਸਮਤੀ ਨਾਲ ਬਿਜਲੀ ਦਾ ਮਹਿਕਮਾ ਵੀ ਇਸੇ ਤਰ੍ਹਾਂ ਦਾ ਹੈ ਜਿਸ ਦਾ ਮੈਨੂੰ ਬਹੁਤ ਜ਼ਿਆਦਾ ਅਫਸੋਸ ਹੈ। ਮੈਂ ਮਨਿਸਟਰ ਸਾਹਿਬ ਅਤੇ ਸਰਕਾਰ ਕੋਲ ਪ੍ਰਾਰਥਨਾਂ ਕਰਾਂਗਾ ਕਿ ਉਹ ਇਸ ਮਹਿਕਮੇ ਵਿਚ ਸੁਧਾਰ ਕਰਨ। ਇਸ ਬੋਰਡ ਨੂੰ 24 ਕਰੋੜ ਰੁਪਏ ਦਾ ਸਮਾਨ ਮਿਲਿਆ ਹੈ ਪਰ ਉਸ ਦੇ ਵਿਚੋਂ 5 ਕਰੋੜ ਰੁਪਏ ਦੇ ਸਮਾਨ ਦਾ ਪਤਾ ਨਹੀਂ ਕਿ ਆਇਆ ਵੀ ਹੈ ਜਾਂ ਨਹੀਂ। 19 ਕਰੋੜ ਰੁਪਏ ਦੇ ਸਮਾਨ ਦਾ ਤਾਂ ਪਤਾ ਲਗਦਾ ਹੈ ਅਤੇ ਬਾਕੀ 5 ਕਰੋੜ ਰੁਪਏ ਦੇ ਸਮਾਨ ਦਾ ਕੋਈ ਪਤਾ ਨਹੀਂ ਲਗਦਾ। ਮੈਂ ਸਰਕਾਰ ਨੂੰ ਪ੍ਰਾਰਥਨਾਂ ਕਰਾਂਗਾ ਕਿ ਇਸ ਮੁਤਾਲਿਕ ਪੂਰੀ ਤਰ੍ਹਾਂ ਇਨਕੁਆਇਰੀ ਕਰਨ। ਇਹ ਸਮਾਨ 4 ਸਾਲ ਤੱਕ ਚਲ ਸਕਦਾ ਹੈ। ਮੈਂ ਸਮਝਦਾ ਹਾਂ ਕਿ ਇਸ ਮਹਿਕਮੇ ਨੂੰ ਸੁਧਾਰਨ ਦੀ ਲੋੜ ਹੈ। ਮੁੱਖ ਮੰਤਰੀ ਸਾਹਿਬ ਅਤੇ ਦੂਜੇ ਮਨਿਸਟਰਾਂ ਨੇ ਬਿਜਲੀ ਦੀ ਤੰਗੀ ਨੂੰ ਦੂਰ ਕਰਨ ਲਈ ਜੋ ਕੋਸ਼ਿਸ਼ ਕੀਤੀ ਹੈ ਮੈਂ ਉਸ ਦੀ ਸ਼ਲਾਘਾ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਨੰਗਲ ਖਾਦ ਫੈਕਟਰੀ ਤੋਂ ਸਾਨੂੰ ਜਿਹੜੀ ਬਿਜਲੀ ਮਿਲੀ ਹੈ ਉਹ ਇਨ੍ਹਾਂ ਦੀਆਂ ਕੋਸ਼ਿਸ਼ਾਂ ਕਾਰਨ ਹੀ ਮਿਲੀ ਹੈ ਨਹੀਂ ਤਾਂ ਸਾਨੂੰ ਹੋਰ ਵੀ ਜ਼ਿਆਦਾ ਨੁਕਸਾਨ ਹੁੰਦਾ ਇਸ ਬਿਜਲੀ ਦੀ ਤੰਗੀ ਨੂੰ ਦੂਰ ਕਰਨ ਵਾਸਤੇ ਜਦੋਂ ਤਾਈਂ ਸੈਂਟਰ ਤੋਂ ਮਦਦ ਲੈ ਕੇ ਅਟਾਮਿਕ ਸ਼ਕਤੀ ਨਾ ਪੈਦਾ ਕੀਤੀ ਜਾਵੇ ਇਹ ਲੋੜ ਕਦੇ ਪੂਰੀ ਨਹੀਂ ਹੋ ਸਕਦੀ। ਜੇ ਅੱਜ ਇਤਨੀ ਤੰਗੀ ਹੈ ਤਾਂ 4 ਸਾਲ ਬਾਅਦ ਬਿਜਲੀ ਦੀ ਹੋਰ ਵੀ ਤੰਗੀ ਹੋ ਜਾਵੇਗੀ। ਬਿਜਲੀ ਦੀ ਘਾਟ ਹੋਰ ਵੱਧ ਜਾਵੇਗੀ। ਅਸੀਂ ਦੋ ਸਾਲ ਦਾ ਪਲਾਨ ਬਣਾਉਂਦੇ ਹਾਂ ਜੇ ਸਾਨੂੰ ਦੋ ਸਾਲ ਵਾਸਤੇ ਬਿਜਲੀ ਮਿਲ ਵੀ ਜਾਵੇ ਫਿਰ ਵੀ ਕੰਮ ਨਹੀਂ ਹੋ ਸਕਦਾ। ਸਤਲੁਜ-ਬਿਆਸ ਲਿੰਕ ਤੋਂ ਵੀ ਪਾਣੀ ਲੈ ਕੇ ਸਾਡੀ ਲੋੜ ਪੂਰੀ ਨਹੀਂ ਹੋ ਸਕਦੀ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਇਸ ਬਿਜਲੀ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਸਾਨੂੰ ਸੈਂਟਰ ਦੀ ਮਦਦ ਲੈ ਕੇ ਅਟਾਮਿਕ ਸ਼ਕਤੀ ਦਾ ਪਲਾਂਟ ਲਾਉਣਾ ਚਾਹੀਦਾ ਹੈ ਤਾਂ ਕਿ ਅਸੀਂ ਬਿਜਲੀ ਦੀ ਘਾਟ ਨੂੰ ਪੂਰਾ ਕਰ ਸਕੀਏ।

Original with;
Punjab Vidhan Sabha
Digitized by;
Panjab Digital Library

ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਇੱਕ ਹੋਰ ਬਹੁਤ ਚੰਗਾ ਕੰਮ ਕੀਤਾ ਹੈ ਕਿ ਜਿਹੜਾ ਗਰੀਬ ਆਦਮੀ ਸੜਕਾਂ ਦੇ ਕਿਨਾਰੇ ਰੁਲਦਾ ਫਿਰਦਾ ਸੀ ਅਤੇ ਜਿਸ ਨੂੰ ਕਿਰਾਇਆ ਦੇਣਾ ਬੜਾ ਮੁਸ਼ਕਲ ਸੀ ਅਤੇ ਜਿਹੜਾ ਮਜ਼ਦੂਰ ਆਦਮੀ ਸ਼ਹਿਰ ਵਿਚ ਕੰਮ ਕਰਕੇ ਪਿੰਡ ਵਿਚ ਜਾਂਦਾ ਸੀ ਉਸ ਨੂੰ ਰਹਿਣ ਲਈ ਜਗ੍ਹਾ ਨਹੀਂ ਮਿਲਦੀ ਸੀ । ਅੱਜ ਜਿਹੜੀ ਸਰਕਾਰ ਨੇ ਉਸ ਨੂੰ ਰਹਿਣ ਲਈ ਜਗ੍ਹਾਂ ਦੇਣ ਦੀ ਕੋਸ਼ਿਸ਼ ਕੀਤੀ ਹੈ ਮੈਂ ਸਮਝਦਾ ਹਾਂ ਕਿ ਸਰਕਾਰ ਇਸ ਗਲ ਲਈ ਮੁਬਾਰਕਬਾਦ ਦੇ ਕਾਬਲ ਹੈ ਜਿਸ ਤਰ੍ਹਾਂ ਯੱਸ਼ ਜੀ ਨੇ ਕਿਹਾ ਸੀ ਇਹ ਨਾ ਹੋਵੇ ਕਿ ਪਲਾਟ ਕਿਸੇ ਦੇ ਨਾਂ ਤੇ ਅਲਾਟ ਹੋਵੇ ਅਤੇ ਲੈ ਕੋਈ ਹੋਰ ਜਾਵੇ । ਮੈਂ ਸਮਝਦਾ ਹਾਂ ਕਿ ਇਸ ਚੀਜ਼ ਨੂੰ ਬੰਦ ਕਰਨ ਵਾਸਤੇ ਲਾਜ਼ਮੀ ਤੌਰ ਤੇ ਕਮੇਟੀ ਬਣਾਉਣੀ ਚਾਹੀਦੀ ਹੈ । ਸ਼ਹਿਰਾਂ ਵਿਚ ਇਸ ਤਰ੍ਹਾਂ ਦੇ ਕਈ ਲੋਕ ਹਨ ਜਿਨ੍ਹਾਂ ਕੋਲ ਜਗ੍ਹਾਂ ਨਹੀਂ ਬਲਕਿ ਜਿਹੜਾ ਕੋਈ ਮਜ਼ਦੂਰ ਆਦਮੀ ਹੈ ਜੇ ਉਸਦੀ 200 ਰੁਪਏ ਤਨਖਾਹ ਹੈ ਤਾਂ 50 ਰੁਪਏ ਤਾਂ ਕਮ-ਅਜ-ਕਮ ਉਸ ਨੂੰ ਕਿਰਾਏ ਦਾ ਦੇਣਾ ਪੈਂਦਾ ਹੈ ਅਤੇ ਉਸ ਦੇ ਸਿਰ ਤੇ ਹੋਰ ਵੀ ਕਈ ਮੁਕੱਦਮੇ ਰਹਿੰਦੇ ਹਨ । ਕਈ ਮਾਲਕ ਮਕਾਨ ਉਸ ਨੂੰ ਕੱਢਣ ਦੀ ਕੋਸ਼ਿਸ਼ ਕਰਦੇ ਹਨ । ਮੈਂ ਸਮਝਦਾ ਹਾਂ ਕਿ ਸ਼ਹਿਰਾਂ ਵਿਚ ਰਹਿਣ ਵਾਲਿਆਂ ਨੂੰ ਵੀ ਜਗ੍ਹਾ ਮਿਲਣੀ ਚਾਹੀਦੀ ਹੈ। ਅਰਬਨ ਸੀਲਿੰਗ ਪਰਾਪਰਟੀ ਬਿਲ ਵੀ ਜਲਦੀ ਤੋਂ ਜਲਦੀ ਪਾਸ ਕਰ ਦੇਣਾ ਚਾਹੀਦਾ ਹੈ । ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਸੈਂਟਰ ਦੀ ਸਰਕਾਰ ਨੇ ਵੀ ਲਾਜ਼ਮੀ ਤੌਰ ਤੇ ਇਹ ਬਿਲ ਪਾਸ ਕਰਨਾ ਹੈ । ਅਗਰ ਪੰਜਾਬ ਗੌਰਮਿਟ ਕਰ ਵੀ ਦੇਵੇ ਤਾਂ ਵੀ ਕੋਈ ਐਸੀ ਗਲ ਨਹੀਂ । ਪੰਜਾਬ ਗੌਰਮਿੰਟ ਨੂੰ ਇਹ ਬਿਲ ਪਾਸ ਕਰਨਾ ਚਾਹੀਦਾ ਹੈ ਤਾਂ ਕਿ ਸ਼ਹਿਰਾਂ ਵਿਰ ਜਿਹੜੇ ਵਡੇ ਪਲਾਟਾਂ ਅਤੇ ਮਕਾਨਾਂ ਵਾਲੇ ਹਨ ਉਹ ਪਹਿਲਾਂ ਹੀ ਵੇਚ ਨਾ ਦੇਣ । ਜਿਸ ਤਰ੍ਹਾਂ ਪੰਜਾਬ ਵਿਚ ਲੈਂਡ ਸੀਲਿੰਗ ਵੇਲੇ ਹੋਇਆ ਹੈ, ਉਹੀ ਸ਼ਹਿਰਾਂ ਵਿਚ ਵੀ ਨਾ ਹੋਵੇ । ਇਸ ਗਲ ਵਲ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਬਹੁਤ ਦੁਖਦਾਈ ਹੈ । ਇਹ ਸਰਕਾਰ ਅਸੀਂ ਆਪ ਬਣਾਈ ਹੈ ਅਤੇ ਸਾਨੂੰ ਮਹਾਤਮਾ ਗਾਂਧੀ ਦੇ ਅਸੂਲਾਂ ਦੇ ਮੁਤਾਬਿਕ ਚਲਣਾ ਚਾਹੀਦਾ ਹੈ । ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ਜੇ ਮੇਰੇ ਕੋਲ ਤਾਕਤ ਆ ਜਾਵੇ ਤਾਂ ਮੈਂ ਆਪਣੀ ਸਾਰੀ ਤਾਕਤ ਸ਼ਰਾਬ ਨੂੰ ਬੰਦ ਕਰਨ ਲਈ ਲਾਵਾਂਗਾ। ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਮਨਿਸਟਰ ਸਾਹਿਬ ਇਹ ਬੜੇ ਖੁਸ਼ ਹੋ ਕੇ ਕਹਿੰਦੇ ਹਨ ਕਿ ਪੰਜਾਬ ਦੇ ਲੋਕਾਂ ਨੂੰ 26 ਕਰੋੜ ਰੁਪਏ ਦੀ ਦੇਸੀ ਸ਼ਰਾਬ ਪਿਲਾਈ ਹੈ । ਜਿਥੇ ਮਨਿਸਟਰ ਸਾਹਿਬ ਨੇ ਇਹ ਮਾੜਾ ਕੰਮ ਕੀਤਾ ਹੈ ਉਥੇ ਦੁੱਧ ਵਾਲੇ ਪਾਸੇ ਵੀ ਧਿਆਨ ਦਿੱਤਾ ਹੈ । ਇਹ ਬੜੀ ਸ਼ਲਾਘਾਯੋਗ ਗਲ ਹੈ । ਅੱਜ ਜਿਹੜੀ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਖਰਾਬ ਹੈ ਇਸ ਦਾ ਸਭ ਤੋਂ ਵੱਡਾ ਕਾਰਨ ਸ਼ਰਾਬ ਹੈ । ਸੜਕਾਂ ਦੇ ਕਿਨਾਰਿਆਂ ਤੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਹਨ । ਇਸ ਲਈ ਸ਼ਾਮ ਨੂੰ ਅੱਠ ਨੌਂ ਵਜੇ ਤੋਂ ਬਾਅਦ ਕਿਸੇ ਦੇਵੀ ਜਾਂ ਭੈਣ ਦੀ ਬਾਹਰ ਨਿਕਲਨ ਦੀ ਗੱਲ ਨੂੰ ਤਾਂ ਛੱਡੋ ਇਕ ਸ਼ਰੀਫ ਆਦਮੀ ਵੀ ਘਰ ਤੋਂ ਬਾਹਰ ਨਹੀਂ ਨਿਕਲ ਸਕਦਾ। ਇਹ ਸਾਰੀ ਸ਼ਰਾਬ ਦੀ ਮਿਹਰਬਾਨੀ ਹੈ ।

**ਡਾਕਟਰ ਅਮੀਰ ਸਿੰਘ ਕਲਕਟ:** * * * *

**ਸ੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.),

**ਸਰਦਾਰ ਕਰਨੈਲ ਸਿੰਘ ਮਰੜ੍ਹੀ:** * * * * *

*Expunged as ordered By the Chair

Original with;
Punjab Vidhan Sabha
Digitized by;
Panjab Digital Library

ਸ੍ਰੀ ਡਿਪਟੀ ਸਪੀਕਰ: ਮਰੜ੍ਹੀ ਸਾਹਿਬ ਦੇ ਇਹ ਸ਼ਬਦ ਐਕਸਪੰਜ ਕਰ ਦਿੱਤੇ ਜਾਣ। (These words of S. Karnail Singh Marhari should be expunged).

ਸ੍ਰੀ ਸਰਦਾਰੀ ਲਾਲ ਕਪੂਰ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਸੂਲ ਦੀ ਗਲ ਕਰ ਰਿਹਾ ਸੀ। ਬਦਕਿਸਮਤੀ ਇਹ ਹੈ ਕਿ ਜਿਸ ਵੇਲੇ ਅਸੀਂ ਪਿਕਟਿੰਗ ਕਰਦੇ ਸੀ ਤਾਂ ਅਸੀਂ ਆਪਣੀਆਂ ਛਾਤੀਆਂ ਤੁੜਾਈਆਂ ਸਨ। ਮੇਰੇ ਕਈ ਸਾਥੀ ਇਸ ਸ਼ਰਾਬ ਦੀ ਮੁਖਾਲਫਤ ਕਰਦੇ ਹੋਏ ਮੇਰੇ ਕੋਲੋਂ ਵਿੱਛੜ ਗਏ। ਉਨ੍ਹਾਂ ਨੇ ਬ੍ਰਿਟਿਸ਼ ਸਰਕਾਰ ਵੇਲੇ ਸ਼ਰਾਬ ਦੀ ਮੁਖਾਲਫਤ ਕੀਤੀ ਸੀ। ਜੇ ਕਦੇ ਇਨ੍ਹਾਂ ਨੇ ਵੀ ਲਾਠੀਆਂ ਖਾਧੀਆਂ ਹੁੰਦੀਆਂ ਤਾਂ ਇਨ੍ਹਾਂ ਨੂੰ ਪਤਾ ਲਗਦਾ। ਜੇ ਕੈਪਟਨ ਸਾਹਿਬ ਮੇਰੀ ਉਮਰ ਦੇ ਹੁੰਦੇ ਤਾਂ ਇਨ੍ਹਾਂ ਨੂੰ ਵੀ ਪਿਕਟਿੰਗ ਕਰਨੀ ਪੈਂਦੀ। ਮੈਂ ਪ੍ਰਾਰਥਨਾ ਕਰਾਂਗਾ ਕਿ ਇਸ ਗੱਲ ਲਈ ਇਕ ਤਰਕੀਬ ਹੋ ਸਕਦੀ ਹੈ। ਇਹ ਕਹਿੰਦੇ ਹਨ ਕਿ ਅਸੀਂ ਬਿਲਕੁਲ ਖਾਲਸ ਪਿਲਾਉਂਦੇ ਹਾਂ। ਇਹ ਹੈ ਤਾਂ ਸ਼ਰਾਬ, ਜ਼ਹਿਰ। ਇਹ ਭਾਵੇਂ ਖਾਲਸ ਹੈ ਜਾਂ ਨਹੀਂ। ਇਸ ਨੂੰ ਪੀਣ ਨਾਲ ਅੱਜ ਮਰ ਗਿਆ ਜਾਂ ਕਲ੍ਹ ਮਰ ਗਿਆ ਜਾਂ 10 ਸਾਲ ਬਾਅਦ ਮਰ ਗਿਆ। ਜਿਹੜੇ ਖਾਲਸ ਪੀਂਦੇ ਹਨ ਉਹ ਦੇਰ ਬਾਦ ਮਰਨਗੇ ਅਤੇ ਜਿਹੜੇ ਨਾਖਾਲਸ ਪੀਂਦੇ ਹਨ ਉਹ ਦੋ ਦਿਨ ਬਾਦ ਮਰ ਜਾਣਗੇ।

ਵਿਕਾਸ ਮੰਤਰੀ: ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਕਦੇ ਪੀਤੀ ਨਹੀਂ, ਇਨ੍ਹਾਂ ਨੂੰ ਕਿਸ ਤਰ੍ਹਾਂ ਪਤਾ ਹੈ ਕਿ ਇਹ ਜ਼ਹਿਰ ਹੈ।

ਸ੍ਰੀ ਸਰਦਾਰੀ ਲਾਲ ਕਪੂਰ: ਮੈਂ ਪ੍ਰਾਰਥਨਾ ਕਰਦਾ ਹਾਂ ਕਿ ਜੇ ਇਹ ਆਦਤ ਲੋਕਾਂ ਨੂੰ ਪੈ ਗਈ ਹੈ ਅਤੇ ਬੰਦ ਨਹੀਂ ਹੋ ਸਕਦੀ ਤਾਂ ਕਮ-ਅਜ਼-ਕਮ ਹੌਲੀ ਹੌਲੀ ਘਟਾਓ ਤਾਂ ਜ਼ਰੂਰ। ਕੈਪਟਨ ਸਾਹਿਬ ਨੇ ਚੰਦ ਦਿਨ ਹੋਏ ਇਹ ਸਟੇਟਮੈਂਟ ਦਿਤੀ ਹੈ ਕਿ ਜਿਹੜੇ ਨੌਜਵਾਨ ਬੇਕਾਰ ਹਨ ਉਨ੍ਹਾਂ ਨੂੰ ਸ਼ਰਾਬ ਦੀਆਂ ਦੁਕਾਨਾਂ ਖੋਲ੍ਹ ਕੇ ਰੁਜ਼ਗਾਰ ਦਿੱਤਾ ਜਾਵੇਗਾ। ਇਸ ਤਰ੍ਹਾਂ ਉਨ੍ਹਾਂ ਦਾ ਇਹ ਜੀਵਨ ਤਬਾਹ ਕਰ ਦੇਣਗੇ।

ਇਸ ਵਾਸਤੇ ਮੈਂ ਸਮਝਦਾ ਹਾਂ ਕਿ ਇਹ ਤਰਕੀਬ ਗਲਤ ਹੈ। ਉਨ੍ਹਾਂ ਵਿਚਾਰਿਆਂ ਨੂੰ ਰੋਟੀ ਦੇਣੀ ਹੈ ਤਾਂ ਡੇਅਰੀ ਦੇ ਕੰਮ ਤੇ ਲਗਾਓ, ਇੰਡਸਟਰੀ ਵਲ ਲਗਾਓ, ਜ਼ਮੀਨ ਦੇ ਕੇ ਕਿਸਾਨ ਬਣਾਓ। ਉਨ੍ਹਾਂ ਨੂੰ ਸ਼ਰਾਬ ਦੀਆਂ ਦੁਕਾਨਾਂ ਉਪਰ ਨਾ ਬਠਾਓ (ਥੰਪਿੰਗ)

**Mr. Deputy Speaker**: Order please.

ਸ੍ਰੀ ਸਰਦਾਰੀ ਲਾਲ ਕਪੂਰ: ਮੈਂ ਕਪਤਾਨ ਸਾਹਿਬ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਬੇਰੁਜ਼ਗਾਰਾਂ ਨੂੰ ਚੰਗੇ ਪਾਸੇ ਲਗਾਉਣ। (ਆਪੋਜੀਸ਼ਨ ਵਲੋਂ ਵਿਘਨ)

**Mr. Deputy Speaker**: Please address the Chair.

ਸ੍ਰੀ ਸਰਦਾਰੀ ਲਾਲ ਕਪੂਰ: ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਮਾਣ ਕਰਦਾ ਹਾਂ। ਮੇਰਾ ਇਨ੍ਹਾਂ ਨਾਲ ਕਿਸੇ ਗੱਲ ਉਪਰ ਇਖਤਲਾਫ ਹੋ ਸਕਦਾ ਹੈ। ਪਰ ਮੈਂ ਇਸ ਗੱਲ ਨੂੰ ਪਸੰਦ ਨਹੀਂ ਕਰਦਾ। ਇਹ ਮੇਰਾ ਜ਼ਾਤੀ ਖਿਆਲ ਹੈ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਇਹ ਹੋਰ ਪ੍ਰਾਰਥਨਾ ਵੀ ਤੁਹਾਡੇ ਰਾਹੀਂ ਸਰਕਾਰ ਨੂੰ ਕਰਨੀ ਹੈ ਕਿ ਐਡਮਿੰਨਿਸਟਰੇਸ਼ਨ ਦੇ ਵਿਚ ਬਿਲਕੁਲ ਸਫਾਈ ਹੋਣੀ ਚਾਹੀਦੀ ਹੈ। ਜਿਥੋਂ ਤਕ ਤੁਅੱਲਕ ਹੈ ਸਾਡੀ ਪੁਲਿਸ ਦਾ ਮੈਂ ਅਰਜ਼ ਕਰਾਂ ਕਿ ਇਹ ਬਦਕਿਸਮਤੀ ਦੀ ਗੱਲ ਹੈ। ਇਸ ਵੇਲੇ ਪਿਛਲੇ ਦਿਨਾਂ ਨਾਲੋਂ ਪੰਜ ਸਾਲ ਦੇ ਬਾਅਦ ਪਹਿਲੀ ਜਿਹੜੀ ਹਾਲਤ ਸੀ, ਅਕਾਲੀਆਂ ਦੀ ਹਕੂਮਤ ਵੇਲੇ ਜੋ ਲਾਲੈਸਨੈਸ ਦੀ ਹਾਲਤ ਸੀ ਉਸ ਤੋਂ ਥੋੜ੍ਹੀ ਬਹੁਤ ਘਟ ਗਈ ਹੈ ਮਗਰ ਇਥੇ ਹੀ ਬੱਸ ਨਹੀਂ, ਇਸ ਨੂੰ ਹੋਰ ਘਟਾਉਣ ਦੀ ਜਰੂਰਤ ਹੈ। ਉਸ ਵੇਲੇ ਤਾਂ ਇਹ ਹਾਲਤ ਸੀ ਕਿ ਫਿਰੋਜ਼ਪੁਰ ਦੀ ਜੇਲ ਵਿਚ ਗੋਲੀ ਚਲੀ ਜਿਸ ਦੀ ਰਿਪੋਰਟ ਅੱਜ ਤੱਕ ਨਹੀਂ ਮਿਲੀ। ਮਗਰ ਮੋਗੇ ਦਾ ਕਾਂਡ ਹੋਇਆ ਤਾਂ ਗਿਆਨੀ ਜੀ ਨੇ ਉਸੇ ਹੀ ਸਮੇਂ ਇਨਕੁਆਇਰੀ ਦਾ ਹੁਕਮ ਕਰ ਦਿਤਾ ਅਤੇ ਇਨਕੁਆਇਰੀ ਰਿਪੋਰਟ ਵੀ ਸਦਨ ਦੀ ਮੇਜ਼ ਉਤੇ ਆ ਗਈ (ਥੰਪਿੰਗ)

**ਸਰਦਾਰ ਰਣਧੀਰ ਸਿੰਘ ਚੀਮਾ** : * * * *

**Mr. Deputy Speaker**: It is no point of order.

**ਸ੍ਰੀ ਸਰਦਾਰੀ ਲਾਲ ਕਪੂਰ** : ਉਸ ਵਿਚ ਇਨ੍ਹਾਂ ਲੋਕਾਂ ਦਾ ਹੱਥ ਸੀ। ਜਿਸ ਤਰ੍ਹਾਂ ਕਿ ਡਾਂਗ ਸਾਹਿਬ ਨੇ ਦਸਿਆ ਹੈ ਅਤੇ ਮੈਂ ਵੀ ਅਰਜ਼ ਕਰਾਂਗਾ ਕਿ ਉਨ੍ਹਾਂ ਸ਼ਕਤੀਆਂ ਨੂੰ ਜਿਹੜੀਆਂ ਕਿ ਫਿਰਕਾਪ੍ਰਸਤੀ ਨੂੰ ਵਧਾਉਣਾ ਚਾਹੁੰਦੀਆਂ ਹਨ ਉਨ੍ਹਾਂ ਨੂੰ ਪੰਜਾਬ ਤੋਂ ਦੂਰ ਰੱਖਣਾ ਚਾਹੀਦਾ ਹੈ। ਇਹ ਸ਼ਕਤੀਆਂ ਪੰਜਾਬੀ ਪੰਜਾਬੀ ਵਿਚ ਪਾੜ ਪਾਉਣਾ ਚਾਹੁੰਦੀਆਂ ਹਨ। ਅੱਜ ਪੁਰਾਣੇ ਵਕਤਾਂ ਦੀ ਅਕਾਲੀ ਪਾਰਟੀ ਨਹੀਂ ਹੈ ਜਿਸ ਦੇ ਸਾਹਮਣੇ ਕਿ ਸਾਡਾ ਸਿਰ ਝੁਕਦਾ ਸੀ। ਉਹ ਅਕਾਲੀ ਸਨ ਜਿਹੜੇ ਕਿ ਹਰ ਸਮੇਂ ਦੇਸ਼ ਲਈ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਨੂੰ ਬਬਰ ਅਕਾਲੀ ਕਿਹਾ ਜਾਂਦਾ ਸੀ। ਇਹ ਮੇਰੀ ਜ਼ਾਤੀ ਰਾਏ ਹੈ ਕਿ ਅੱਜ ਦੇ ਅਕਾਲੀ ਜਿਹੜੇ ਹਨ ਉਹ ਸਹੀ ਰਸਤੇ ਉਤੇ ਨਹੀਂ ਚਲਦੇ। ਉਨ੍ਹਾਂ ਦੀ ਰਾਏ ਵਿਚ ਭਾਵੇਂ ਦਰੁਸਤ ਹੋਵੇ। ਇਨ੍ਹਾਂ ਨੇ ਜਿਹੜਾ ਰੈਜ਼ੋਲਿਊਸ਼ਨ ਪਾਸ ਕੀਤਾ ਹੈ, ਇਹ ਕਿਹੜੇ ਕੈਦੀਆਂ ਦੀ ਗਲ ਕਰਦੇ ਹਨ ਜਿਨ੍ਹਾਂ ਨੇ ਬੰਗਲਾ ਦੇਸ਼ ਵਿਚ ਔਰਤਾਂ ਦੀ ਬੇਪਤੀ ਕੀਤੀ, ਜਿਨ੍ਹਾਂ ਨੇ ਬੰਗਲਾ ਦੇਸ਼ ਦੇ ਵਿਚ ਬੇਦੋਸ਼ੇ ਲੋਕਾਂ ਨੂੰ ਕੁਚਲ ਸੁੱਟਿਆ। ਇਹ ਉਸ ਫਿਰਕੇ ਨਾਲ ਹਮਦਰਦੀ ਪਰਗਟ ਕਰਦੇ ਹਨ ਅਤੇ ਰੈਜ਼ੋਲਿਊਸ਼ਨ ਪਾਸ ਕਰਦੇ ਹਨ। ਇਸ ਗੱਲ ਵਿਚ ਮੇਰੀ ਜ਼ਾਤੀ ਰਾਏ ਇਹ ਹੈ ਕਿ ਇਨ੍ਹਾਂ ਨੇ ਇਹ ਸਾਰਾ ਕੰਮ ਕੀਤਾ ਹੈ ਅਮਰੀਕਾ ਨੂੰ ਖੁਸ਼ ਕਰਨ ਵਾਸਤੇ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਅਮਰੀਕਾ ਦੀ ਮੱਦਦ ਕਰਦੇ ਹਨ। (ਸਰਦਾਰ ਕਰਨੈਲ ਸਿੰਘ ਮਰੜ੍ਹੀ ਵਲੋਂ ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : * * * *

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

**ਸ੍ਰੀ ਸਰਦਾਰੀ ਲਾਲ ਕਪੂਰ** : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਆਪਣਾ ਆਪਣਾ ਖਿਆਲ ਹੁੰਦਾ ਹੈ। ਜੇਕਰ ਅਕਾਲੀ ਪਾਰਟੀ ਦਾ ਇਹ ਖਿਆਲ ਹੈ ਤਾਂ ਇਨ੍ਹਾਂ ਨੇ ਪੰਜਾਬ ਦੀ ਬੇਇਜ਼ਤੀ ਕੀਤੀ ਹੈ।

*Expunged as ordered by the Chair

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ: * * * * * * *

ਸ੍ਰੀ ਡਿਪਟੀ ਸਪੀਕਰ : ਇਨ੍ਹਾਂ ਸ਼ਬਦਾਂ ਨੂੰ ਐਕਸਪੰਜ ਕਰ ਦਿੱਤਾ ਜਾਵੇ । (These words Should be expunged.)

ਸੰਸਦੀ ਸਕੱਤਰ : * * * * * * * *

ਸਰਦਾਰ ਅਜਾਇਬ ਸਿੰਘ ਸੰਧੂ : * * * * * * *

**Mr. Deputy Speaker:** This is an aspersion on the Chair. This should not form part of the proceedings.

**ਵਿਕਾਸ ਮੰਤਰੀ**: ਡਿਪਟੀ ਸਪੀਕਰ ਸਾਹਿਬ, ਸਵੇਰੇ ਸਪੀਕਰ ਸਾਹਿਬ ਨੇ ਸਾਰੇ ਹਾਊਸ ਤੋਂ ਪੁੱਛ ਕੇ ਇਹ ਫੈਸਲਾ ਕੀਤਾ ਸੀ ਕਿ ਜਿਹੜਾ ਪੁਆਇੰਟ ਆਫ਼ ਆਰਡਰ ਨਾ ਬਣੇਂ ਉਹ ਆਟੋਮੈਟੀਕਲੀ ਐਕਸਪੰਜ ਹੋ ਜਾਵੇਗਾ । ਇਸ ਲਈ ਇਹ ਸ਼ਬਦ ਆਪਣੇ ਆਪ ਹੀ ਐਕਸਪੰਜ ਹੋਣੇ ਚਾਹੀਦੇ ਹਨ ।

**ਸਰਦਾਰ ਅਜਾਇਬ ਸਿੰਘ** ਸੰਧੂ: ਫਿਰ ਪਾਰਲੀਮੈਂਟਰੀ ਸੈਕਟਰੀ ਦੇ ਲਫਜ਼ ਵੀ ਐਕਸਪੰਜ ਕਰਾਓ ।

ਸ੍ਰੀ **ਡਿਪਟੀ ਸਪੀਕਰ**: ਠੀਕ ਹੈ ਉਹ ਵੀ ਐਕਸਪੰਜ ਕੀਤੇ ਜਾਂਦੇ ਹਨ । ਅਗੇ ਤੋਂ ਆਨਰੇਬਲ ਮੈਂਬਰਜ਼ ਨੋਟ ਕਰ ਲੈਣ ਜਿਹੜਾ ਪੁਆਇੰਟ ਆਫ ਆਰਡਰ ਨਹੀਂ ਹੋਵੇਗਾ ਉਹ ਸ਼ਬਦ ਆਟੋਮੈਟੀਕਲ ਐਕਸਪੰਜ ਹੋ ਜਾਣਗੇ । (Yes, these words are also expunged. Hon. Members may please note for future that any point of order which is ruled to be a 'no point of order' will automatically stand expunged.)

**ਭਗਤ ਗੁਰਾਂ ਦਾਸ ਹੰਸ** : ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਜੀ ਨੇ ਪਾਕਿਸਤਾਨ ਨੂੰ ਇਲਾਕਾ ਕਿਉਂ ਵਾਪਸ ਕਰ ਦਿਤਾ । ਮੇਰੀ ਬੇਨਤੀ ਹੈ ਕਿ ਇਹ ਸਾਡੇ ਭਾਰਤ ਦੀ ਪਰੰਪਰਾ ਹੈ । ਸ੍ਰੀ ਰਾਮ ਚੰਦਰ ਜੀ ਨੇ ਵਭੀਕਸ਼ਨ ਨੂੰ ਰਾਜ ਜਿੱਤ ਕੇ ਵਾਪਸ ਦੇ ਦਿਤਾ । ਉਹ ਵੀ ਇਸ ਹੀ ਨਕਸ਼ੇ-ਕਦਮ ਉਤੇ ਚਲਦੇ ਹਨ ।

**ਡਾਕਟਰ ਅਮੀਰ ਸਿੰਘ ਕਲਕਟ** : ਡਿਪਟੀ ਸਪੀਕਰ ਸਾਹਿਬ, ਅੱਜ ਇਨ੍ਹਾਂ ਨੇ ਰੇਜ਼ੋਲਿਊਸ਼ਨ ਪਾਸ ਕੀਤਾ ਹੈ । ਅੱਜ ਇਨ੍ਹਾਂ ਨੂੰ ਤਕਲੀਫ ਹੋਈ ਹੈ । ਇਹ ਉਸ ਵੇਲੇ ਪਾਸ ਕਰਦੇ ਜਦੋਂ ਇਲਾਕਾ ਦਿਤਾ ਗਿਆ ਸੀ (ਵਿਘਨ) ਇਸ ਸਮੇਂ ਸਰਦਾਰ (ਕਰਨੈਲ ਸਿੰਘ ਮਰੜ੍ਹੀ ਪੁਆਇੰਟ ਆਫ ਆਰਡਰ ਦੀ ਖੜ੍ਹੇ ਹੋ ਕੇ ਮੰਗ ਕਰ ਰਹੇ ਸਨ)

ਸ੍ਰੀ **ਡਿਪਟੀ ਸਪੀਕਰ**: ਮਰੜ੍ਹੀ ਸਾਹਿਬ, ਇਸ ਤਰ੍ਹਾਂ ਵਿਚੋਂ ਬੋਲਣ ਦੀ ਆਦਤ ਛੱਡ ਦਿਓ । (Marhari Sahib, please give up the habit of interrupting the proceedings like this.)

---

Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ **ਸਰਦਾਰੀ ਲਾਲ ਕਪੂਰ** : ਮੇਰੀ ਅਰਜ਼ ਤਾਂ ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਪਤਾ ਨਹੀਂ ਮੇਰੇ ਵੀਰ ਮੇਰੇ ਨਾਲ ਕਿਉਂ ਨਰਾਜ਼ ਹਨ ਇਨ੍ਹਾਂ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਇਸ ਲਈ ਅਕਾਲੀ ਵੀਰਾਂ ਨੂੰ ਉਸ ਤੇ ਸਥਿਰ ਰਹਿਣਾ ਚਾਹੀਦਾ ਹੈ । ਇਹ ਪਤਾ ਨਹੀਂ ਕਿਉਂ ਫਿਰ ਹੁਣ ਡੀਫੈਂਡ ਕਰਦੇ ਹਨ । (ਵਿਘਨ)

ਮੇਰੀ ਤਾਂ ਇਹ ਬੇਨਤੀ ਹੈ ਕਿ ਕੋਈ ਗਲ ਇਨ੍ਹਾਂ ਨੂੰ ਪਸੰਦ ਨਹੀਂ ਕੋਈ ਮੈਨੂੰ ਪਸੰਦ ਨਹੀਂ ਹੋ ਸਕਦੀ । ਪਰ ਮੈਨੂੰ ਬੋਲਣ ਦਾ ਤਾਂ ਅਧਿਕਾਰ ਹੈ ਇਸ ਵਿਚ ਟੋਕਣਾ ਨਹੀਂ ਚਾਹੀਦਾ । ਜਦ ਇਨ੍ਹਾਂ ਨੂੰ ਬੋਲਣ ਦਾ ਮੌਕਾ ਦਿਤਾ ਜਾਵੇ ਇਹ ਜੋ ਚਾਹੁਣ ਕਹਿਣ ਅਤੇ ਆਪਣਾ ਖਿਆਲ ਪਰਗਟ ਕਰਨ ।

ਮੈਂ ਤਾਂ ਇਹ ਅਰਜ਼ ਕਰ ਰਿਹਾ ਸੀ ਕਿ ਸਾਡੇ ਦੇਸ਼ ਲਈ ਯਕਜਹਿਤੀ ਬਹੁਤ ਜ਼ਰੂਰੀ ਹੈ ਇਸ ਯਕਜਹਿਤੀ ਨੇ ਜਿੰਨਾ ਰੋਲ ਪਲੇ ਕੀਤਾ ਹੈ ਪਾਕਿਸਤਾਨ ਨਾਲ ਹੋਈ 71 ਦੀ ਲੜਾਈ ਵਿਚ ਇਸ ਦੀ ਮਿਸਾਲ ਨਹੀਂ ਮਿਲਦੀ, ਬੰਗਲਾ ਦੇਸ਼ ਦੀ ਕਾਇਮੀ ਵਿਚ ਜਿਹੜਾ ਹਿੱਸਾ ਸੈਂਟਰ ਦੀ ਸਰਕਾਰ ਨੇ ਪਾਇਆ ਇਸ ਨੇ ਸਾਡੇ ਦੇਸ਼ ਦਾ ਸਿਰ ਉਚਾ ਕਰਕੇ ਰਖ ਦਿਤਾ । ਇਹ ਕਲ੍ਹੇ ਬੰਗਲਾ ਦੇਸ਼ ਦੀ ਗਲ ਨਹੀਂ ਇਹ ਤਾਂ ਸਾਰੀਆ ਇੰਪੀਰੀਅਲਿਸਟ ਤਾਕਤਾਂ ਦੀ ਸ਼ਕਸਤ ਸੀ । ਉਹ ਮੁਲਕ ਜਿਹੜੇ ਆਪਣੇ ਜਹਾਜ਼ ਭੇਜਦੇ ਰਹੇ ਪਾਕਿਸਤਾਨ ਦੀ ਮਦਦ ਲਈ ਅਤੇ ਜਿਸ ਦੇਸ਼, ਅਮਰੀਕਾ ਦਾ ਇਹ ਖਿਆਲ ਸੀ ਕਿ ਉਨ੍ਹਾਂ ਦੇ ਹਵਾਈ ਜਹਾਜ਼ ਸਾਡੇ ਜਹਾਜ਼ਾਂ ਨੂੰ ਡੇਗ ਲੈਣਗੇ ਅਤੇ ਸਾਡੇ ਦੇਸ਼ ਨੂੰ ਮਾਰ ਮੁਕਾਣਗੇ ਜਦ ਉਨ੍ਹਾਂ ਨੇ ਆਪਣੇ ਜਹਾਜ਼ਾਂ ਨੂੰ ਨਕਾਰਾ ਹੁੰਦਾ ਵੇਖਿਆ ਤਾਂ ਪਤਾ ਲਗ ਗਿਆ ਕਿ ਭਾਰਤ ਪਾਸ ਕਿਸ ਤਰ੍ਹਾਂ ਦੇ ਜਹਾਜ਼ ਹਨ । ਬੰਗਲਾ ਦੇਸ਼ ਬਣਿਆ ਅਤੇ ਇਸ ਨਾਲ ਸਾਡੀ ਹੀ ਨਹੀਂ ਇਕ ਜਮਹੂਰੀਅਤ ਦੀ ਜਿਤ ਹੋਈ ਅਤੇ ਐਨੀ ਵੱਡੀ ਜਿੱਤ ਦੀ ਮਿਸਾਲ ਦੁਨੀਆ ਦੀ ਤਾਰੀਖ ਵਿਚ ਨਹੀਂ ਮਿਲਦੀ । ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸ ਤਰ੍ਹਾਂ ਇਹ ਅਕਾਲੀ ਭਰਾ ਗੱਲਾਂ ਕਰਦੇ ਹਨ । ਇਸ ਦੇ ਬਾਰੇ ਇਕ ਗਲ ਹੋਰ ਵੀ ਅੱਖੋਂ ਓਹਲੇ ਨਹੀਂ ਕੀਤੀ ਜਾ ਸਕਦੀ ਕਿ ਬੰਗਲਾ ਦੇਸ਼ ਦੇ ਲੋਕ ਵੀ ਆਪ ਉਠੇ ਸਨ ਕਿਉਂਕਿ ਪਾਕਿਸਤਾਨ ਵਾਲੇ ਸਦਾ ਉਨ੍ਹਾਂ ਤੇ ਤਰ੍ਹਾਂ ਤਰ੍ਹਾਂ ਦੇ ਜ਼ੁਲਮ ਕਰਦੇ ਸਨ । ਬੰਗਲਾ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਦੂਭਰ ਬਣ ਗਈ ਸੀ । ਇਸ ਲਈ ਉਸ ਦੇਸ਼ ਦੇ ਲੋਕ ਉਠੇ ਉਸ ਦੇਸ਼ ਦੇ ਅਵਾਮ ਨੇ ਆਵਾਜ਼ ਉਠਾਈ ਫੌਜ ਦੀ ਮਦਦ ਕੀਤੀ ਅਤੇ ਬੰਗਲਾ ਦੇਸ਼ ਬਣਿਆ । ਅੱਜ ਇੰਨੀਆਂ ਮਹਾਨ ਕੁਰਬਾਨੀਆਂ ਤੋਂ ਬਾਦ ਬਣੇ ਬੰਗਲਾ ਦੇਸ਼ ਦੀ ਛਾਤੀ ਵਿਚ ਛੁਰੀ ਮਾਰਨ ਵਾਸਤੇ ਅਕਾਲੀ ਵੀਰ ਕਹਿੰਦੇ ਨੇ ਅਤੇ ਇਨ੍ਹਾਂ ਨੇ ਰੈਜ਼ੋਲਿਊਸ਼ਨ ਪਾਸ ਕੀਤਾ ਹੈ । ਕਿ ਕੈਦੀ ਵਾਪਸ ਕਰ ਦਿਤੇ ਜਾਣ । (ਵਿਘਨ) ਇਕ ਵੀ ਕਦੀ ਵਾਪਸ ਨਹੀਂ ਕੀਤਾ ਜਾ ਸਕਦਾ ਜਦ ਕਿ ਇਸ ਵਿਚ ਬੰਗਲਾ ਦੇਸ਼ ਵੀ ਇਨਵਾਲਵਡ ਹੈ । ਬੰਗਲਾ ਦੇਸ਼ ਦੇ ਲੋਕਾਂ ਦੀਆਂ ਹੱਡੀਆਂ ਚੂਰ ਹੋਈਆਂ ਪਈਆਂ ਹਨ ਉਨ੍ਹਾਂ ਆਪਣਾ ਖ਼ੂਨ ਦਿਤਾ ਹੈ । ਜਿੰਨੇ ਵੀ ਕੈਦੀ ਇਸ ਦੇਸ਼ ਵਿਚ ਹਨ ਬੰਗਲਾ ਦੇਸ਼ ਦੀ ਸਲਾਹ ਤੋਂ ਬਿਨਾਂ ਵਾਪਸ ਨਹੀਂ ਕੀਤੇ ਜਾ ਸਕਦੇ ।

ਅੱਜ ਡਿਪਟੀ ਸਪੀਕਰ ਸਾਹਿਬ, ਹਾਲਤ ਇਹ ਹੈ ਕਿ ਦੇਸ਼ ਭਰ ਵਿਚ ਉਹ ਤਾਕਤਾਂ ਜਿਹੜੀਆਂ ਕਿ ਜਮਹੂਰੀਅਤ ਨੂੰ ਖਤਮ ਕਰਨਾ ਚਾਹੁੰਦੀਆਂ ਹਨ ਇਮਪੀਰੀਅਲਿਸਟ ਤਾਕਤਾਂ ਰਲ ਮਿਲ ਕੇ ਇਸ ਤਰ੍ਹਾਂ ਦੀ ਕੋਸ਼ਿਸ਼ ਵਿਚ ਹਨ ਕਿ ਜਮਹੂਰੀਅਤ ਨੂੰ ਤਬਾਹ ਕਰ ਦਿਤਾ ਜਾਵੇ । ਇਸ ਲਈ ਮੈਂ ਬੇਨਤੀ ਕਰਾਂਗ ਆਪਣੇ ਅਕਾਲੀ ਪਾਰਟੀ ਦੇ ਮੈਂਬਰਾਂ ਨੂੰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਅਤੇ ਦੂਜੀਆਂ ਪਾਰਟੀਆਂ ਨੂੰ ਕਿ ਉਹ ਰਲ ਕੇ ਇਸ ਤਰ੍ਹਾਂ ਦੀਆਂ ਤਾਕਤਾਂ ਨੂੰ ਖਤਮ ਕਰਨ ਵਿਚ ਸਰਕਾਰ ਦੀ ਮਦਦ ਕਰਨ ਤਾਂ ਕਿ ਪੰਜਾਬ ਅਤੇ ਦੇਸ਼ ਪਰਫੁਲਤ ਹੋਵੇ। ਉਹ ਪੰਜਾਬ ਜਿਸ ਦੇ ਨੌਜਵਾਨਾਂ ਨੇ ਪੰਜਾਬ ਦੀਆਂ ਸਰਹੱਦਾਂ ਤੇ ਖਲੋ ਕੇ ਜਾਨਾਂ ਦਿਤੀਆਂ ਅਤੇ ਗੋਲੀਆਂ ਖਾਧੀਆਂ। ਆਪਣਾ ਖੂਨ ਦਿਤਾ ਅਤੇ ਦੇਸ਼ ਦੀ ਆਜ਼ਾਦੀ ਨੂੰ ਬਰਕਰਾਰ ਰੱਖਿਆ। ਇਸ ਵਿਚ ਮੈਂ ਸਮਝਦਾ ਹਾਂ ਕਿ ਕੇਵਲ ਫੌਜੀਆਂ ਨੇ ਹੀ ਨਹੀਂ, ਸਾਰਿਆਂ ਨੇ ਅਸੀਂ, ਤੁਸੀਂ ਸਾਰਿਆਂ ਰਲ ਕੇ ਇਸ ਲੜਾਈ ਵਿਚ ਹਿੱਸਾ ਪਾਇਆ ਇਸ ਲਈ ਇਸ ਤਰ੍ਹਾਂ ਦੀਆਂ ਜਮਹੂਰੀਅਤ ਵਿਰੁੱਧ ਤਾਕਤਾਂ ਨੂੰ ਖਤਮ ਕਰਨਾ ਚਾਹੀਦਾ ਹੈ।

ਮੈਂ ਇਕ ਗੱਲ ਅਰਜ਼ ਕਰਨੀ ਚਾਹੁੰਦਾ ਸਾਂ ਪਰ ਨਾ ਤਾਂ ਵਿਦਿਆ ਮੰਤਰੀ ਜੀ ਬੈਠੇ ਹਨ ਅਤੇ ਨਾ ਹੀ ਹੈਲਥ ਮਨਿਸਟਰ ਸਾਹਿਬ ਹੀ ਹਾਊਸ ਵਿਚ ਮੌਜੂਦ ਹਨ ਮੈਂ ਕੈਪਟਨ ਰਤਨ ਸਿੰਘ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਇਹ ਉਨ੍ਹਾਂ ਤਕ ਮੇਰੀ ਇਸ ਬੇਨਤੀ ਨੂੰ ਪਹੁੰਚਾ ਦੇਣ। ਸਾਡੀ ਜਿਹੜੀ ਛੋਟੀ ਪਨੀਰੀ ਹੈ ਇਨ੍ਹਾਂ ਨੇ ਹੀ ਵਡੇ ਹੋ ਕੇ ਕੈਪਟਨ ਰਤਨ ਸਿੰਘ ਬਣਨਾ ਹੈ ਅਤੇ ਵੱਡੇ ਆਗੂ ਬਣਨਾ ਹੈ। ਪਰ ਇਨ੍ਹਾਂ ਬੱਚਿਆਂ ਦੀ ਅਜ ਬੁਰੀ ਹਾਲਤ ਹੈ। ਇਨ੍ਹਾਂ ਛੋਟੇ ਬਚਿਆਂ ਵਲ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ। ਜਿਹੜੇ ਇਨ੍ਹਾਂ ਲਈ ਸਕੂਲ ਹਨ ਉਨ੍ਹਾਂ ਵਿਚ ਛੱਤ ਨਹੀਂ, ਬੈਠਣ ਨੂੰ ਕੋਈ ਤੱਪੜ ਨਹੀਂ, ਕੋਈ ਸਟੂਲ ਨਹੀਂ ਅਤੇ ਕਈ ਥਾਵਾਂ ਤੇ ਮਾਸਟਰ ਤੱਕ ਨਹੀਂ। ਸਿਹਤ ਇਨ੍ਹਾਂ ਦੀ ਖਰਾਬ ਹੈ ਗਰੀਬਾਂ ਦੇ ਬੱਚੇ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ, ਇਨ੍ਹਾਂ ਵਲ ਉਚੇਰਾ ਧਿਆਨ ਦੇਣ ਦੀ ਲੋੜ ਹੈ। ਬੱਚਿਆਂ ਦੀ ਸਿਹਤ ਦੇ ਬਾਰੇ ਅਦਾਦੋਸ਼ੁਮਾਰ ਇਨ੍ਹਾਂ ਨੇ ਦਿਤੇ ਹਨ ਸਰਵੇ ਕਰਕੇ ਕਿ 60% ਬੱਚਿਆਂ ਦੀਆਂ ਅੱਖਾਂ ਵਿਚ ਕੁੱਕਰੇ ਹਨ ਅਤੇ ਡਰ ਹੈ ਕਿ ਵੱਡੇ ਹੋ ਕੇ ਅੰਨ੍ਹੇ ਨਾ ਹੋ ਜਾਣ। ਇਸ ਲਈ ਬੇਨਤੀ ਹੈ ਕਿ ਇਸ ਪੁੰਗਰਦੀ ਪਨੀਰੀ ਨੂੰ ਇਸ ਰੋਗ ਤੋਂ ਬਚਾਓ ਅਤੇ ਵਡੇ ਪੈਮਾਨੇ ਤੇ ਇਸ ਪੱਖ ਵਿਚ ਕਦਮ ਚੁੱਕਣਾ ਚਾਹੀਦਾ ਹੈ। ਵੱਡੀ ਤੋਂ ਵੱਡੀ ਸਕੀਮ ਬਣਾ ਕੇ ਸਿਹਤ ਵਲ ਧਿਆਨ ਦੇਣਾ ਚਾਹੀਦਾ ਹੈ। ਅਸੀਂ ਕਾਲਜ ਬਣਾਂਦੇ ਹਾਂ ਪਰ ਪਰਾਇਮਰੀ ਸਕੂਲਾਂ ਵਲ ਵੀ ਧਿਆਨ ਦੇਣ ਦੀ ਬਹੁਤ ਲੋੜ ਹੈ। (ਘੰਟੀ) ਕਿਉਂਕਿ ਇਹੋ ਹੀ ਸਾਡੀ ਪਨੀਰੀ ਹੈ। ਕਿਉਂਕਿ, ਡਿਪਟੀ ਸਪੀਕਰ ਸਾਹਿਬ ਨੇ ਹੁਕਮ ਕਰ ਦਿਤਾ ਹੈ ਮੈਂ ਇਕ ਡਿਸਿਪਲਨਡ ਸੋਲਜਰ ਹਾਂ, ਇਸ ਲਈ ਹੁਕਮ ਮੰਨਦਾ ਹੋਇਆ ਆਪਣੀ ਥਾਂ ਲੈਂਦਾ ਹਾਂ ਅਤੇ ਗਵਰਨਰ ਸਾਹਿਬ ਵਲੋਂ ਦਿਤੇ ਗਏ ਭਾਸ਼ਣ ਤੇ ਧੰਨਵਾਦ ਦੇ ਮਤੇ ਦੀ ਤਾਈਦ ਕਰਦਾ ਹਾਂ।

**ਭਗਤ ਗੁਰਾਂ ਦਾਸ ਹੰਸ:** (ਸ਼ਾਮਚੁਰਾਸੀ, ਐਸ. ਸੀ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿਤਾ ਹੈ। ਹਰ ਸਾਲ ਗਵਰਨਰ ਸਾਹਿਬ ਸਦਨ ਵਿਚ ਆਪਣਾ ਐਡਰੈਸ ਪੜ੍ਹਦੇ ਹਨ ਜਿਸ ਵਿਚ ਪਿਛਲੇ ਸਾਲ ਦੇ ਕੀਤੇ ਕੰਮ ਦਾ ਵਰਨਣ ਹੁੰਦਾ ਹੈ ਅਤੇ ਅਗੋਂ ਕੀਤੇ ਜਾਣ ਵਾਲੇ ਕੰਮਾਂ ਦਾ ਸੰਕੇਤ ਦਿਤਾ ਜਾਂਦਾ ਹੈ। ਮੈਂ ਇਸ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਬਹੁਤ ਚੰਗੇ ਕੰਮ ਕੀਤੇ ਹਨ। ਕਿਸੇ ਵੀ ਸੂਬੇ ਦੀ ਤਰੱਕੀ ਤਦ ਤੱਕ ਨਹੀਂ ਹੋ ਸਕਦੀ ਜਦ ਤੱਕ ਕਿ ਆਵਾਜਾਈ ਦੇ ਸਾਧਨ ਚੰਗੇ ਨਾ ਬਣ ਜਾਣ ਇਸ ਉਤੇ ਹੀ ਪਿੰਡ ਦੀ, ਸ਼ਹਿਰ ਦੀ ਤਰੱਕੀ ਨਿਰਭਰ ਹੁੰਦੀ ਹੈ। ਜੇਕਰ ਆਵਾਜਾਈ ਦੇ ਸਾਧਨ ਨਾ ਹੋਣ ਤਾਂ ਤਰੱਕੀ ਦਾ ਕੰਮ ਰੁਕ ਜਾਂਦਾ ਹੈ। ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਇਸ ਗੱਲ ਦਾ ਇਸ ਪੱਖ ਵਿਚ ਇਲਾਨ ਕੀਤਾ ਸੀ ਕਿ ਦੋ ਸਾਲ ਦੇ ਸਮੇਂ ਵਿਚ ਹਰ ਪਿੰਡ ਨੂੰ ਸੜਕ ਨਾਲ ਮਿਲਾ ਦਿਤਾ ਜਾਵੇਗਾ ਇਹ ਇਕ ਸ਼ਲਾਘਾਯੋਗ ਕਦਮ ਹੈ। ਅਤੇ ਕੇਵਲ

Original with;
Punjab Vidhan Sabha
Digitized by;
Panjab Digital Library

ਇਲਾਨ ਹੀ ਨਹੀਂ ਉਨ੍ਹਾਂ ਨੇ ਵਕਤ ਦੀ ਹੱਦ ਵੀ ਮੁਕਰਰ ਕਰ ਦਿਤੀ ਹੈ ਕਿ ਸਨ 1974 ਤੱਕ ਹਰ ਪਿੰਡ ਨੂੰ ਸ਼ਹਿਰ ਦੇ ਨਾਲ ਸੜਕ ਨਾਲ ਮਿਲਾ ਦਿਤਾ ਜਾਂਵੇਗਾ । ਅਤੇ ਇਸ ਕੰਮ ਤੇ 42 ਕਰੋੜ ਰੁਪਿਆ ਖਰਚ ਆਵੇਗਾ । ਇਸੇ ਵਿਚ ਹੀ 9 ਕਰੋੜ ਰੁਪਿਆ ਇਸ ਸਰਕਾਰ ਨੇ ਇਸ ਵਾਸਤੇ ਰਖਿਆ ਹੈ ਕਿ ਜਰਨੈਲੀ ਸੜਕ ਤੇ ਫੌਜ ਦੇ ਨੁਕਤਾਨਿਗਾਹ ਤੋਂ ਤਿਆਰ ਕੀਤੀਆਂ ਜਾਣਗੀਆਂ । ਇਸ ਲਈ ਖਾਸ ਤੌਰ ਤੇ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਮੇਰੇ ਜ਼ਿਲ੍ਹੇ ਹੁਸ਼ਿਆਰਪੁਰ ਜਿਹੜਾ ਕਿ ਇਸ ਪੱਖ ਤੋਂ ਵੀ ਪੱਛੜਿਆ ਹੋਇਆ ਸੀ, ਵਲ ਧਿਆਨ ਦਿਤਾ ਹੈ ਅਤੇ ਸਾਢੇ ਸਤ ਕਰੋੜ ਰੁਪਿਆ ਖਰਚ ਕਰਕੇ ਨੈਸ਼ਨਲ ਹਾਈਵੇ ਤਿਆਰ ਕੀਤਾ ਜਾ ਰਿਹਾ ਹੈ । ਇਹ ਕਾਫ਼ੀ ਜੱਦੋ ਜ਼ਹਿਦ ਤੋਂ ਬਾਅਦ ਕੀਤਾ ਗਿਆ ਹੈ ਰੋਪੜ-ਟਾਂਡਾ ਅਤੇ ਪਠਾਨਕੋਟ ਲਿੰਕ ਤਿਆਰ ਕੀਤਾ ਜਾ ਰਿਹਾ ਹੈ । ਇਹ ਮਿਲਟਰੀ ਪੁਆਇੰਟ ਆਫ ਵਿਊ ਤੋਂ ਹਾਈਵੇ ਤਿਆਰ ਕੀਤਾ ਜਾ ਰਿਹਾ ਹੈ । ਇਸ ਦੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਹੁਸ਼ਿਆਰਪੁਰ-ਦਸੂਹਾ ਦੀ ਜਿਹੜੀ 23 ਮੀਲ ਦੀ ਸੜਕ ਹੈ ਇਸ ਨੂੰ ਵੀ ਇਸ ਸਕੀਮ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ । ਇਹ ਵੀ ਫੌਜੀ ਮਹੱਤਤਾ ਦਾ ਰਸਤਾ ਹੈ ਅਤੇ ਇਸ ਬਾਰੇ ਫੌਜ ਦੇ ਅਧਿਕਾਰੀਆਂ ਵਲੋਂ ਲਿਖ ਕੇ ਵੀ ਆਇਆ ਹੋਇਆ ਹੈ । ਜੇਕਰ ਇਸ ਨੂੰ ਵੀ ਤਿਆਰ ਕਰ ਲਿਆ ਜਾਵੇ ਤਾਂ ਚੰਗਾਂ ਰਹੇਗਾ । ਜਿੱਥੇ ਸਰਕਾਰ ਸਾਢੇ ਸੱਤ ਕਰੋੜ ਰੁਪਿਆ ਖਰਚ ਕਰ ਰਹੀ ਹੈ ਉਥੇ ਇਸ ਸੜਕ ਵਲ ਵੀ ਧਿਆਨ ਕਰਨਾ ਚਾਹੀਦਾ ਹੈ ਜਿਹੜਾ ਕਿ ਫੌਜੀ ਪੱਖ ਵਲੋਂ ਮਹੱਤਤਾ ਵਾਲਾ ਹੈ ।

ਮੇਰੇ ਇਲਾਕੇ ਵਿਚ ਇਰੀਗੇਸ਼ਨ ਵਾਲਿਆਂ ਇਕ ਪੁਲ ਤਿਆਰ ਕੀਤਾ ਹੈ ਜਿਸ ਨਾਲ ਇਸ ਪਛੜੇ ਇਲਾਕੇ ਨੂੰ ਖੁਸ਼ਹਾਲ ਬਣਾਉਣ ਦਾ ਯਤਨ ਕੀਤਾ ਗਿਆ ਹੈ ਇਹ ਇਕ ਸ਼ਲਾਘਾਯੋਗ ਕਦਮ ਹੈ । ਮੈਂ ਇਕ ਪੁਆਇੰਟ ਆਫ ਆਰਡਰ ਉਠਾਇਆ ਸੀ ਕਿ ਮੇਰੇ ਅਕਾਲੀ ਵੀਰ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰਨ । ਪਰ ਉਸ ਦੀ ਆਗਿਆ ਨਹੀਂ ਦਿਤੀ ਗਈ । ਅਕਾਲੀ ਪਾਰਟੀ ਦਾ ਆਪਣਾ ਸ਼ਾਨਦਾਰ ਇਤਿਹਾਸ ਹੈ ਇਨ੍ਹਾਂ ਦੀ ਬਹਾਦਰੀ ਤੇ ਅਸੀਂ ਸਾਰੇ ਮਾਣ ਕਰਦੇ ਹਾਂ । ਇਨ੍ਹਾਂ ਵਿਚ ਉਚ ਜੀਵਨੀਆਂ ਦੀਆਂ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਦੇਸ਼ ਦੀ ਆਜ਼ਾਦੀ ਲਈ ਲੜੇ, ਗੁਰਦਵਾਰਿਆਂ ਦੇ ਸੁਧਾਰ ਲਈ ਇਨ੍ਹਾਂ ਸੇਵਾ ਕੀਤੀ । ਮੁਲਕ ਦੀ ਆਜ਼ਾਦੀ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ। ਇਨ੍ਹਾਂ ਨੂੰ ਕੀਤੀਆਂ ਕੁਰਬਾਨੀਆਂ ਨੂੰ ਨਹੀਂ ਭੁਲਣਾ ਚਾਹੀਦਾ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਸ਼ਾਡੇ ਸਾਹਮਣੇ ਹੈ ਕਿ ਜਦ ਪਹਾੜੀ ਰਾਜਿਆਂ ਨਾਲ ਲੜਾਈ ਲੜੀ ਜਾ ਰਹੀ ਸੀ ਤਾਂ ਇਹ ਸੁਝਾਵ ਆਇਆ ਕਿ ਰਾਜ ਲੈ ਲਓ ਪਰ ਛੋਟਿਆਂ ਦੀ ਹਮਾਇਤ ਛਡ ਦਿਓ ਪਰ ਗੁਰੂ ਸਾਹਿਬ ਨੇ ਇਹ ਫਰਮਾਇਆ ਸੀ ਕਿ ਮੈਂ ਰਾਜ ਲੈਣ ਦੇ ਹੱਕ ਵਿਚ ਨਹੀਂ ਅਤੇ ਨਾ ਹੀ ਮੇਰੀ ਕੋਈ ਇਛਾ ਹੈ ਰਾਜ ਕਾਇਮ ਕਰਨ ਦੀ ਮੈਂ ਤਾਂ ਮਜ਼ਲੂਮਾਂ ਅਤੇ ਨਿਆਸਰਿਆਂ ਦੀ ਮਦਦ ਲਈ ਆਇਆ ਹਾਂ ਇਹ ਤਾਂ ਉਨ੍ਹਾਂ ਦੇ ਸ਼ਿਸ਼ ਹਨ ਇਨ੍ਹਾਂ ਨੂੰ ਦੇਸ਼ ਧ੍ਰੋਹੀਆਂ ਦੀ ਕਦੇ ਮਦਦ ਨਹੀਂ ਕਰਨੀ ਚਾਹੀਦੀ। ਦੇਸ਼ ਧ੍ਰੋਹੀਆਂ ਦਾ ਸਾਡੇ ਦੇਸ਼ ਵਿਚ ਕੋਈ ਟਿਕਾਣਾ ਨਹੀਂ ।

ਮੈਂ ਬੇਨਤੀ ਕਰਦਾ ਹਾਂ ਕਿ ਸ੍ਰੀ ਰਾਮ ਚਦਰ ਜੀ ਬਨਬਾਸ ਗਏ ਤਾਂ ਪਿਛਲਾ ਇਤਹਾਸ ਦਸਦਾ ਹੈ ਕਿ ਲੰਕਾ ਦਾ ਰਾਜ ਆਪ ਨਹੀਂ ਲਿਆ ਲਕਸ਼ਮਨ ਨੂੰ ਰਾਜ ਮੋੜਨ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਲਈ ਭੇਜਿਆ, ਲਕਸ਼ਮਨ ਤੇ ਭਵੀਸ਼ਨ ਨੂੰ ਰਾਜ ਦੇ ਦਿਤਾ । (ਵਿਘਨ ਮਰੜ੍ਹੀ ਸਾਹਿਬ ਵਲੋਂ*)

X X X X

ਇਹ ਪਰੰਪਰਾ ਹੈ ।

**ਸ੍ਰੀ ਡਿਪਟੀ ਸਪੀਕਰ:** ਇਹ ਜੋ ਕੁਝ ਮਰੜ੍ਹੀ ਸਾਹਿਬ ਬਿਨਾ ਆਗਿਆ ਕਹਿ ਰਹੇ ਹਨ ਪਰੋਸੀਡਿੰਗ ਦਾ ਭਾਗ ਨਾ ਬਣੇ

(All this that Marhari Sahib is uttering should not form part of the proceedings.)

**Mr. Deputy Speaker**: The House stands adjourned till 2.00 P.M, on 5th March, 1973.

1.30 P.M. | *(The Sabha then adjourned till 2.00 P.M. on* Monday, *the 5th* March *1973.)*

——0——

*Expunged as ordered by the Chair.

837—7-12-73—284—ਪੰਜਾਬ ਸਰਕਾਰ ਪਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*5th March, 1973*

Vol. I--No. 4

**OFFICIAL REPORT**

CONTENTS

**Monday, the 5th March, 1973**


| | | *Page* |
|---|---|---|
| Starred Questions and Answers | .. | (4) 1 |
| Written Answers to Starred Questions laid on the Table of the House Under Rule 38 | .. | (4) 24 |
| Unstarred Questions and Answers | .. | (4) 42 |
| Question of Privilege | .. | (4) 45 |
| Call Attention Notices Under Rule 66 | .. | (4) 45 |
| Statement Laid on the Table of the House in reply to Call Attention Notice No. 11 | .. | (4) 46 |
| Discussion on Governor's Address (*Resumption*) | .. | (4) 47 |
| Extension of Time | .. | (4) 99 |
| Discussion on Governor's Address (*Resumption*) | .. | (4) 99 |
| Walk-out | .. | (4)100 |
| Discussion on Governor's Address (*Resumption*) | .. | (4)101 |
| Appendix | .. | (i) |



Punjab Vidhan Sabha Secretariat, Chandigarh.

Price [illegible].00



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# *ERRATA*

TO

PUNJAB VIDHAN SABHA
DEBATES

Dated 5th March, 1973

VOL. I—No. 4

| *Read* | *For* | *Page* | *Line* |
|---|---|---|---|
| Government | Governmen | (4)44 | 1 |
| ਸ਼੍ਰੀ ਪਿਆਰਾ ਰਾਮ ਧੰਨੋਵਾਲੀ | ਸ਼੍ਰੀ ਪਿਅ ਰਾ ਰਾਮ ਧੰਠੋਵਾਲੀ | (4)60 | 9th from below |
| ਕਿਸਾਨਾਂ | ਕਿਸਾਨੀ | (4)62 | 3rd from below |
| ਖਰੀਦਣ | ਖਰਦਿਣ | (4)62 | 3rd from below |
| ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ | ਕਾਮਰ਼ੇਡ ਚਦ ਸਿੰਘ ਚੋਪੜਾ ਮਾਸਟਰ | (4)66 | 1 |
| ਕਾਮਰੇਡ ਚਦ ਸਿੰਘ ਚੋਪੜਾ ਮਾਸਟਰ | ਕਾਮਰੇਡ ਚੰਦ ਸਿੰਘ ਚੌਪੜਾ ਮਾਸਟਰ | (4)66 | 4th from below |
| ਵਾਲੇ | ਵਾਲ | (4)68 | 9 |
| ਕਰੇਗੀ | ਕਰੋਗ | (4)68 | 21 |
| ਖੜ੍ਹੇ | ਖੜੋ | (4)77 | 10 |
| ਮੁੱਢਲੀਆਂ | ਮੱਢਲੀਆਂ | (4)83 | 9 |
| ਸ਼ਲਾਘਾਯੋਗ | ਪ੍ਰਯੋਗ | (4)84 | 8th from below |
| ਨਿੱਗਰ | ਨਿਗਾਹ | (4) 85 | 12th from below |
| ਸੋਨੇ ਦੀ ਜ਼ਜੀਰੀ | ਸੋਨੀ ਦੀ ਜੀਸੀ | (4)87 | 4 |
| ਸਰਦਾਰ ਸਵਰਨ ਸਿੰਘ | ਸਰਦਾਰ ਸਵਰਨ ਸਿਘ | (4)89 | 15th from below |
| ਲੈਣ | ਲਣ | (4)89 | last line |
| ਸਕੂਲਾਂ | ਸਕਲਾਂ | (4)93 | 7 |
| ਡਾਕਟਰ ਅਮੀਰ ਸਿੰਘ ਕਲਕਟ | ਸਦਾ'ਰ ਅਮੀਰ ਸਿੰਘ ਕਲਕਟ | (4)95 | 6 |
| ਡਿਪਟੀ | ਡਪਟੀ | (4)96 | 7th from below |
| ਕਾਂਗਰਸ | ਕਾਂਰਰਸ | (4)99 | 2 |
| ਸਰਦਾਰ ਅਜਾਇਬ ਸਿੰਘ ਸੰਧੂ | ਸਰਦਾਰ ਅਜਾਇੰਬ ਸਿੰਘ ਸੱਧੂ | (4)100 | 14th from below |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## Monday, the 5th March, 1973

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 p.m. of the Clock Mr. Speaker (Sardar Darbara Singh) in the Chair.*

---

## STARRED QUESTIONS AND ANSWERS

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1258 **

**ਮਾਸਟਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਦੇ ਸਬੰਧ ਵਿਚ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੋਟ ਸਦੀਕ ਦੇ ਹਰੀਜਨ ਮਸਾਣਾਂ ਦੇ ਵਿਚ ਗੁਰਦਵਾਰਾ ਬਨਾਉਣ ਲਈ ਉਥੇ ਇਕ ਹਰੀਜਨਾਂ ਦੇ ਸੰਤ ਫਕੀਰ ਚੰਦ ਦੀ ਮੜ੍ਹੀ ਦੀਆਂ ਇਟਾਂ ਖਿਲਾਰੀਆਂ ਗਈਆਂ, ਕੀ ਇਹ ਸੱਚ ਹੈ ? ਕੀ ਇਹ ਵੀ ਸਚ ਹੈ ਕਿ ਸਾਰੇ ਪਿੰਡ ਨੂੰ ਇਕਠਾ ਕਰਕੇ ਪੁਲੀਸ ਨੇ ਇਸ ਗਲ ਤੇ ਦਸਖਤ ਕਰਾਏ ਕਿ ਮਸਾਣਾਂ ਪੁਟਣੀਆਂ ਬੰਦ ਕਰੋ ?

**ਉਪ-ਮੰਤਰੀ** (ਗ੍ਰਿਹ ਅਤੇ ਦਸਤਕਾਰੀ) : ਇਹ ਸਾਰੀ ਗਲ ਗਲਤ ਹੈ ਜੀ।

**ਮਾਸਟਰ ਗੁਰਬੰਤਾ ਸਿੰਘ** : ਮੇਰੇ ਕੋਲ ਰਿਕਾਰਡ ਹੈ, ਉਹ ਕਾਗਜ਼ਾਤ ਹਨ ਜਿਨ੍ਹਾਂ ਰਾਹੀਂ ਪੁਲਿਸ ਨੇ ਲੋਕਾਂ ਦੇ ਦਸਖਤ ਕਰਵਾਏ ਅਤੇ ਮੜ੍ਹੀਆਂ ਪੁਟਣ ਤੋਂ ਸਾਰੇ ਪਿੰਡ ਨੂੰ ਰੋਕਿਆ।

**ਸ੍ਰੀ ਸਪੀਕਰ** : ਮਾਸਟਰ ਜੀ, ਤੁਸੀਂ ਇਹ ਸਾਰੀ ਚੀਜ਼ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆ ਦਿਉ, ਉਹ ਫਰਦਰ ਐਕਸ਼ਨ ਲੈ ਲੈਣਗੇ। (Master Gurbanta Singh ji, you had better bring this matter to the notice of Minister for further action.)

**ਉਪ-ਮੰਤਰੀ** : ਸਪੀਕਰ ਸਾਹਿਬ, ਅਸਲ ਗਲ ਇਹ ਹੈ ਕਿ ਪਿੰਡ ਕੋਟ ਸਦੀਕ ਥਾਨਾ ਸਦਰ ਜਲੰਧਰ ਦੀ ਪੰਚਾਇਤ ਨੇ ਤਕਰੀਬਨ ਡੇਢ ਕਨਾਲ ਜ਼ਮੀਨ ਹਰੀਜਨ ਗੁਰਦਵਾਰਾ ਬਨਾਉਣ ਵਾਸਤੇ ਨੀਅਤ ਕੀਤੀ। ਇਸ ਜ਼ਮੀਨ ਉਤੇ ਹਰੀਜਨਾਂ ਨੇ ਇਕ ਕਮਰਾ ਬਣਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਥਾਪਤ ਕਰ ਦਿਤੀ। ਪਿੰਡ ਦੇ ਨੰਬਰਦਾਰ ਸ੍ਰੀ ਭੀਮ ਸੈਨ ਅਤੇ ਉਸਦੇ ਹਮਾਇਤੀਆਂ ਨੇ ਇਸ ਗਲ ਦੀ ਵਿਰੋਧਤਾ ਕੀਤੀ। ਮਿਤੀ 22 ਜਨਵਰੀ, 1973 ਰਾਤ ਨੂੰ ਉਕਤ ਸ੍ਰੀ ਭੀਮ ਸੈਨ ਅਤੇ ਉਸਦੇ 22/23 ਸਾਥੀਆਂ ਨੇ ਗੁਰਦਵਾਰੇ ਦੇ ਕਮਰੇ ਨੂੰ ਢਾਹ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦਵਾਰੇ ਦੀਆਂ ਹੋਰ ਵਸਤੂਆਂ ਨੂੰ ਚੁਕ ਕੇ ਲੈ ਗਏ। ਇਸ ਤੇ ਦੋ ਮੁਕਦਮੇ ਇਕ ਧਾਰਾ 295ਏ/427 ਹਿ: ਡਿੰ: ਅਤੇ ਦੂਸਰਾ ਧਾਰਾ 447 ਹਿੰ: ਡਿੰ: ਹੇਠ ਸ੍ਰੀ ਭੀਮ ਸੈਨ ਅਤੇ ਉਸਦੇ ਸਾਥੀਆਂ ਵਿਰੁਧ ਥਾਨਾ ਸਦਰ ਜਲੰਧਰ ਵਿਖੇ ਦਰਜ਼ ਕੀਤੇ ਗਏ। ਜਿਲ੍ਹਾ ਅਧਿਕਾਰੀਆਂ ਦੇ ਵਿਚ ਪੈਣ ਤੇ ਦੋਨਾਂ ਧੜਿਆਂ ਨੇ "ਪਹਿਲਾਂ ਵਾਂਗ ਸਥਿਤੀ" ਪਰਵਾਨ ਕਰ ਲਈ ਜਿਸ ਤੇ ਇਕ ਕਮਰਾ ਉਸੇ ਥਾਂ ਤੇ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੁਬਾਰਾ ਸਥਾਪਿਤ ਕਰ ਦਿਤੀ ਗਈ ਹੈ। ਮਿਤੀ 10 ਜਨਵਰੀ, 1973 ਨੂੰ ਕਝ ਅਕਾਲੀ ਲੀਡਰ ਜਿਨ੍ਹਾਂ ਵਿਚ ਸਰਵਸ੍ਰੀ ਆਤਮਾ ਸਿੰਘ ਅਤੇ ਰਵੇਲ ਸਿੰਘ ਸਾਬਕਾ ਮੰਤਰੀ, ਕੁਲਦੀਪ ਸਿੰਘ ਭਾਟੀਆ

---

**For Starred Question No. 1258 and reply thereto please see the P.V.S. Debate, dated 2nd March, 1973.

Original with;
Punjab Vidhan Sabha
Digitiz[redacted]
Panjab Digital Library

[ਉਪ-ਮੰਤਰੀ]

ਪ੍ਰਧਾਨ ਜ਼ਿਲ੍ਹਾ ਅਕਾਲੀ ਜਥਾ, ਇਕਬਾਲ ਸਿੰਘ ਢਿਲੋਂ ਗੁਰਦੀਪ ਸਿੰਘ ਬਡਾਲਾ ਅਤੇ ਮੋਹਨ ਸਿੰਘ ਵੀ ਸ਼ਾਮਲ ਹਨ, ਪਿੰਡ ਕੋਟ ਸਦੀਕ ਪੁਜੇ ਅਤੇ ਹਰੀਜਨਾਂ ਨਾਲ ਹਮਦਰਦੀ ਜਤਾਈ। ਉਨ੍ਹਾਂ ਨੇ ਉਪਰੋਕਤ ਝਗੜੇ ਵਾਲੇ ਸਥਾਨ ਤੇ ਨਿਸ਼ਾਨ ਸਾਹਿਬ ਲਹਿਰਾਉਣ ਦਾ ਯਤਨ ਕੀਤਾ, ਕਿਉਂਕਿ ਇਹ ਚੀਜ਼ "ਪਹਿਲਾਂ ਵਾਂਗ ਸਥਿਤੀ" ਦੇ ਸਮਝੌਤੇ ਦੇ ਵਿਰੁਧ ਸੀ, ਪੁਲਿਸ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿਤਾ। ਉਪਰੋਕਤ ਅਕਾਲੀ ਲੀਡਰ ਨਿਸ਼ਾਨ ਸਾਹਿਬ ਲਹਿਰਾਉਣ ਤੇ ਜ਼ਿਦ ਕਰਨ ਲਗੇ ਅਤੇ ਉਨ੍ਹਾਂ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਉਨ੍ਹਾਂ ਨੂੰ ਥਾਨਾ ਸਦਰ ਜਲੰਧਰ ਵਿਖੇ ਲਿਜਾਇਆ ਗਿਆ। ਜਿਥੇ ਜ਼ਿਲ੍ਹਾ ਅਧਿਕਾਰੀਆਂ ਨੇ ਉਨ੍ਹਾਂ ਨੂੰ "ਪਹਿਲਾਂ ਵਾਂਗ ਸਥਿਤੀ' ਦੀ ਮਹਤਤਾ ਦਸੀ ਅਤੇ ਉਹ ਸੰਤੁਸ਼ਟ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ। ਅਕਾਲੀ ਅਖਬਾਰ "ਕੌਮੀ ਦਰਦ" ਨੇ 30 ਅਤੇ 31 ਜਨਵਰੀ ਨੂੰ ਇਸ ਘਟਨਾਂ ਬਾਰੇ ਖਬਰਾਂ ਛਾਪੀਆਂ ਜਿਨ੍ਹਾਂ ਵਿਚ ਦਸਿਆ ਗਿਆ ਕਿ 30 ਅਕਾਲੀ ਗ੍ਰਿਫਤਾਰ ਕਰਕੇ ਛੱਡ ਦਿੱਤੇ ਗਏ ਸਨ ਅਤੇ ਧਮਕੀ ਦਿੱਤੀ ਕਿ ਅਕਾਲੀ ਦਲ ਇਸ ਮਾਮਲੇ ਤੇ ਮੋਰਚਾ ਲਾਵੇਗਾ। ਪਰੰਤੂ ਇਹ ਖਬਰਾਂ ਠੀਕ ਨਹੀਂ ਸਨ। ਇਸ ਸਮੇਂ "ਪਹਿਲਾਂ ਵਾਂਗ ਸਥਿਤੀ' ਕਾਇਮ ਹੈ ਅਤੇ ਸ੍ਰੀ ਭੀਮਸੈਨ ਨੰਬਰਦਾਰ ਅਤੇ ਉਸਦੇ ਸਾਥੀਆਂ ਵਿਰੁਧ ਦਰਜ਼ ਹੋਏ ਮੁਕਦਮੇ ਵਿਚ ਗ੍ਰਿਫਤਾਰੀਆਂ ਕੀਤੀਆਂ ਜਾ ਚੁਕੀਆਂ ਹਨ ਅਤੇ ਅਗੇਤੀ ਕਾਰਵਾਈ ਜਾਰੀ ਹੈ।

**ਮਾਸਟਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ ਅਸਲ ਗਲ ਇਹ ਹੈ ਕਿ ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਪੰਚਾਇਤ ਨੇ 1 ਕਨਾਲ 9 ਮਰਲੇ ਜ਼ਮੀਨ ਹਰੀਜਨਾਂ ਨੂੰ ਗੁਰਦਵਾਰਾ ਬਨਾਉਣ ਲਈ ਦਿੱਤੀ, ਇਨ੍ਹਾਂ ਤੋਂ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਦਿੱਤੀ ਗਈ ਉਸ ਦਾ ਮਾਲਕ ਕੌਣ ਸੀ? ਮੇਰੇ ਪਾਸ ਖਸਰਾ ਗਰਦਾਵਰੀ ਦੀ ਨਕਲ ਹੈ, ਇਹ ਦਸਣ ਕੌਣ ਮਾਲਕ ਹੈ ?

**ਉਪ-ਮੰਤਰੀ** : ਇਹ ਜ਼ਮੀਨ ਮਲਕੀਅਤ ਦੇਹ ਹੈ, ਮੇਰੇ ਬਜੁਰਗ ਆਨਰੇਬਲ ਮੈਂਬਰ ਨੇ ਇਹ ਦਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਜ਼ਮੀਨ ਹਰੀਜਨਾਂ ਦੀ ਹੈ। ਮੇਰੇ ਪਾਸ ਖਸਰਾ ਗਰਦਾਵਰੀ ਵੀ ਹੈ। ਇਥੇ ਰੈਵੀਨਊ ਰਿਕਾਰਡ ਦੇ ਵਿਚ ਮਾਲਕ ਦੇ ਖਾਨੇ ਦੇ ਵਿਚ ਪੰਚਾਇਤ ਦਾ ਨਾਉਂ ਲਿਖਿਆ ਹੋਇਆ ਹੈ।

**ਮਾਸਟਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਗ਼ਲਤ ਬਿਆਨੀ ਕੀਤੀ ਹੈ। ਮੈਨੂੰ ਇਸ ਮੁਤਾਲਿਕ ਜਵਾਬ ਦੇਣ ਲਈ ਵਕਤ ਮਿਲਣਾ ਚਾਹੀਦਾ ਹੈ ਤਾਂ ਜੋ ਮੈਂ ਇਹ ਕਲੀਅਰ ਕਰ ਸਕਾਂ।

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਬਜੁਰਗਾਂ ਨੂੰ ਆਪਣੇ ਕਮਰੇ ਵਿਚ ਬੁਲਾ ਕੇ ਸਾਰੀ ਗਲ ਸਮਝਾ ਦੇਣ।

**ਸ਼੍ਰੀ ਸਪੀਕਰ** : ਸੰਧੂ ਜੀ, ਤੁਸੀਂ ਵੀ ਨਾਲ ਚਲੇ ਜਾਓ ਇਨ੍ਹਾਂ ਦੀ ਵਕਾਲਤ ਕਰਨ (ਹਾਸਾ) (Sardar Ajaib Singh Sandhu, you may accompany him to plead his case) (*laughter*)

**ਸਰਦਾਰ ਅਜਾਇਬ ਸਿੰਘ ਸੰਧੂ** : ਮੇਰੇ ਜਾਣ ਨਾਲ ਇਨ੍ਹਾਂ ਦਾ ਕੇਸ ਖਰਾਬ ਹੋ ਜਾਣਾ ਹੈ। (ਹਾਸਾ) ਸਪੀਕਰ ਸਾਹਿਬ ਮੈਂ ਅਰਜ਼ ਕਰਾਂ ਕਿ . . . .

**ਮਾਸਟਰ ਗੁਰਬੰਤਾ ਸਿੰਘ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀਆਂ ਐਫ.ਆਈ. ਆਰ 16 ਦੇ ਅਧੀਨ ਪਿੰਡ ਲੜੋਈ ਥਾਨਾ ਕਰਤਾਰਪੁਰ ਗੁਰਦਵਾਰਾ ਬਨਾਉਣ ਦੇ ਸਿਲਸਿਲੇ ਵਿਚ ਗਿਰਫਤਾਰੀਆਂ ਹੋਈਆਂ ਉਹ ਕਿਸ ਕਿਸ ਦੇ ਖਿਲਾਫ਼ ਕਿਸ ਜੁਰਮ ਦੇ ਸਿਲਸਿਲੇ ਵਿਚ ਹੋਈਆਂ ?

(ਕੋਈ ਜਵਾਬ ਨਹੀਂ ਦਿਤਾ ਗਿਆ)

Original with;
Punjab Vidhan Sabha
Digitized by;
Panjab Digital Library

**ਡਾਕਟਰ ਹਰਭਜਨ ਸਿੰਘ :** ਡਿਪਟੀ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਲੜੋਈ ਪਿੰਡ ਜਿਥੇ ਗੁਰਦਵਾਰਾ ਬਣਾਇਆ ਗਿਆ ਹੈ, ਉਸ ਜ਼ਮੀਨ ਦਾ ਮਾਲਕ ਕਰਤਾਰ ਸਿੰਘ ਸੀ। ਪਰ ਖਸਰਾ ਗਿਰਦਾਵਰੀ ਦੇ ਵਿਚ ਇਹ ਮਲਕੀਅਤ ਦੇ ਖਾਨਾ 4-5 ਵਿਚ ਕਰਤਾਰ ਸਿੰਘ ਮਾਲਕ ਨਹੀਂ ਮੁਰਤਹਿਨ ਦਰਜ਼ ਹੈ। ਉਸ ਜਗ੍ਹਾ ਦੀ ਮਾਲਕ ਪੰਚਾਇਤ ਦੇਹ ਹੈ । ਡਿਪਟੀ ਮਨਿਸਟਰ ਸਾਹਿਬ ਇਹ ਦਸਣ ਕਿ ਕੀ ਕਿਸੇ ਮੁਰਤਹਿਨ ਨੂੰ ਹੱਕ ਹੈ ਕਿ ਉਸ ਜ਼ਮੀਨ ਉਪਰ ਕੋਈ ਪੱਕੀ ਇਮਾਰਤ ਜਾਂ ਕੋਈ ਗੁਰਦਵਾਰਾ ਬਣਾ ਸਕੇ ?

**ਉਪ-ਮੰਤਰੀ :** ਠੀਕ ਹੈ ਪਹਿਲਾਂ ਇਸ ਜਗ੍ਹਾ ਦੀ ਮਾਲਕ ਪੰਚਾਇਤ ਦੇਹ ਸੀ। ਪਰ ਫੇਰ ਇਹ ਜ਼ਮੀਨ ਦਾ ਪਟਾ ਕਿਸੇ ਸੰਤ ਦੇ ਨਾਉਂ ਕਰ ਦਿੱਤਾ ਗਿਆ ਸੀ। ਸੰਤ ਨੇ ਅਗੇ ਕਰਤਾਰ ਸਿੰਘ ਨੂੰ ਮਾਰਟਗੇਜ਼ ਕਰ ਦਿੱਤੀ, ਕਰਤਾਰ ਸਿੰਘ ਨੇ ਵੀ ਅਗੇ ਦੇ ਦਿੱਤੀ ਸੀ, ਹੁਣ ਫੇਰ ਇਹ ਓਨਰਸ਼ਿਪ ਪੰਚਾਇਤ ਦੀ ਹੈ। ਇਸ ਗਲ ਨੂੰ 60 ਸਾਲ ਗੁਜ਼ਰ ਚੁਕੇ ਹਨ। ਹੁਣ ਫੇਰ ਇਹ ਮੁਕਦਮਾ ਮਲਕੀਅਤ ਦਾ ਅਦਾਲਤ ਵਿਚ ਚਲ ਰਿਹਾ ਹੈ। ਮੈਂ ਇਸ ਬਾਰੇ ਅਜੇ ਕੁਝ ਨਹੀਂ ਕਹਿ ਸਕਦਾ ਇਹ ਸਿਵਲ ਸੂਟ ਦਾ ਕੇਸ ਹੈ।

**ਮਾਸਟਰ ਗੁਰਬੰਤਾ ਸਿੰਘ :** ਮੈਂ ਸਪੀਕਰ ਸਾਹਿਬ, ਇਹ ਚੀਜ਼ ਕਲੀਅਰ ਕਰਨੀ ਹੈ ਮਨਿਸਟਰ ਸਾਹਿਬ ਗਲਤ ਬਿਆਨੀ ਕਰਦੇ ਹਨ। ਮੈਨੂੰ ਇਸ ਨੂੰ ਐਕਸਪਲੇਨ ਕਰਨ ਲਈ ਘਟ ਤੋਂ ਘਟ 15 ਮਿੰਟ ਜ਼ਰੂਰ ਦਿਓ। ਮੇਰੇ ਪਾਸ ਫਰਦ ਹੈ ਇਸ ਵਿਚ ਕੋਈ ਮੁਰਤਹਿਨ ਨਹੀਂ ਇਹ ਜਿਨ੍ਹਾਂ ਹਰੀਜਨਾਂ ਦੀਆਂ ਮਸਾਨਾਂ ਦੇ ਵਾਸਤੇ ਹੈ।

**ਸ੍ਰੀ ਸਪੀਕਰ :** ਤੁਸੀਂ ਇਹ ਗਲ ਉਨ੍ਹਾਂ ਪਾਸ ਜਾ ਕੇ ਕਲੀਅਰ ਕਿਉਂ ਨਹੀਂ ਕਰ ਲੈਂਦੇ। (Why don't you get the matter clarified personally?)

**ਮਾਸਟਰ ਗੁਰਬੰਤਾ ਸਿੰਘ :** ਜਦੋਂ ਮਸਾਣਾਂ ਵਿਚ ਇਨ੍ਹਾਂ ਮੜ੍ਹੀ ਢਾਉਣੀ ਸ਼ੁਰੂ ਕੀਤੀ ਤਾਂ ਸਾਰੇ ਪਿੰਡ ਨੇ ਪੁਲਿਸ ਪਾਸ ਸ਼ਿਕਾਇਤ ਕੀਤੀ, ਪੁਲਿਸ ਨੇ ਸਾਰੇ ਪਿੰਡ ਨੂੰ ਬੁਲਾ ਕੇ ਲਿਖਵਾਇਆ ਕਿ ਉਹ ਉਥੇ ਕੋਈ ਗੁਰਦਵਾਰਾ ਨਹੀਂ ਬਨਾਉਣਗੇ, ਮੈਂ ਕਹਿੰਦਾ ਹਾਂ ਇਹ ਹਰਿਜਨਾਂ ਨਾਲ ਧਕਾ ਹੈ। ਅਕਾਲੀ ਮਨਿਸਟਰੀ ਵੇਲੇ ਉਹ ਜ਼ਬਰਦਸਤੀ ਗੁਰਦਵਾਰਾ ਖੜ੍ਹਾ ਕਰਨ ਦੀ ਕੋਸ਼ਿਸ਼ ਕਰਦੇ ਰਹੇ. . .ਅਕਾਲੀਆਂ ਨੇ ਉਥੇ ਪੁਲਿਸ ਬੁਲਾ ਲਈ, ਡੀ.ਐਸ.ਪੀ. ਬੁਲਾ ਲਿਆ। ਇਕ ਇਮਾਨਦਾਰ ਐਸ. ਪੀ. ਉਥੇ ਲਗਾ ਹੋਇਆ ਸੀ ਮੈਂ ਉਸ ਨੂੰ ਮਿਲਿਆ ਤਾਂ ਉਹ ਮੰਨਿਆ ਕਿ ਇਥੇ ਕੋਈ ਗੁਰਦਵਾਰਾ ਨਹੀਂ ਸੀ ਪਰ ਡੀ.ਐਸ.ਪੀ. ਨੇ ਅਕਾਲੀਆਂ ਤੋਂ ਡਰਦੇ ਹੋਏ ਉਥੇ ਗੁਰਦਾਵਰਾ ਬਣਵਾ ਦਿਤਾ ਇਹ ਫਰਦ ਮੇਰੇ ਕੋਲ ਹੈ ...... ..(ਵਿਘਨ)

**ਸ੍ਰੀ ਸਪੀਕਰ :** ਹੁਣ ਤੁਸੀਂ ਬੈਠ ਜਾਓ, ਅਗਲਾ ਸਵਾਲ। (Please resume your seat now. Next question.)

**ਮਾਸਟਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ ਅਕਾਲੀ ਤਾਂ ਹਰੀਜਨਾਂ ਦੇ ਮਸਾਣਾਂ ਵਿਚ ਵੀ ਗੁਰਦਵਾਰੇ ਬਣਾਈ ਜਾਂਦੇ ਹਨ (ਵਿਘਨ) (ਸ਼ੋਰ) ਸਪੀਕਰ ਸਾਹਿਬ ਇਹ ਅਸੀਂ ਨਹੀਂ ਹੋਣ ਦਿਆਂਗੇ (ਵਿਘਨ) (ਸ਼ੋਰ) ।

**ਸ੍ਰੀ ਸਪੀਕਰ :** ਅਗਲਾ ਸਵਾਲ। (Next question.)

**ਮਾਸਟਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ, ਅਕਾਲੀ ਮਾੜੀ ਮਾੜੀ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰਖਕੇ ਗੁਰਦਵਾਰੇ ਬਣਾਈ ਜਾ ਰਹੇ ਹਨ, ਤੁਸੀਂ ਇਸ ਬਾਰੇ ਕਿਧਰੇ ਬਹਿਸ ਰਖ ਦਿਓ ਜੀ। ਇਹ ਫਰਦ ਮੈਂ ਰਿਕਾਰਡ ਲਈ ਮੇਜ਼ ਤੇ ਰਖਦਾ ਹਾਂ ਜੀ। (ਵਿਘਨ) (ਸ਼ੋਰ)

(ਇਸ ਸਮੇਂ ਮਾਸਟਰ ਗੁਰਬੰਤਾ ਸਿੰਘ ਜੀ ਨੇ ਇਕ ਕਾਗਜ਼ ਮੇਜ਼ ਤੇ ਰਖਿਆ।)

**ਸ੍ਰੀ ਸਪੀਕਰ :** ਅਗਲਾ ਸਵਾਲ। (Next question.)

Original with;
Punjab Vidhan Sabha
Digitized by;
Panjab Digital Library

ਉਪ ਮੰਤਰੀ : (ਸਰਦਾਰ ਨਸੀਬ ਸਿੰਘ ਗਿੱਲ) ਸਪੀਕਰ ਸਾਹਿਬ ਇਸ ਬਾਰੇ ਮੈਂ ਮਾਸਟਰ ਜੀ ਨੂੰ ਜਵਾਬ ਦੇਣਾ ਚਾਹੁੰਦਾ ਹਾਂ....

ਕਾਮਰੇਡ ਸਤੱਪਾਲ ਡਾਂਗ : ਸਪੀਕਰ ਸਾਹਿਬ ਕੀ ਅਜ ਇਕ ਸਵਾਲ ਤੇ ਹੀ ਪੂਰਾ ਘੰਟਾ ਲਾ ਦੇਣਾ ਹੈ ?

ਸ੍ਰੀ ਸਪੀਕਰ : ਅਗਲਾ ਸਵਾਲ। (Next question.)

ਮਾਸਟਰ ਗੁਰਬੰਤਾ ਸਿੰਘ : ਅਕਾਲੀ ਤਾਂ ਕਬਰਾਂ ਪੁਟ ਕੇ ਉਸ ਥਾਂ ਤੇ ਵੀ ਗੁਰਦਵਾਰੇ ਬਣਾਈ ਜਾ ਰਹੇ ਹਨ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਤੇਰੀ ਕਬਰ ਪੁਟ ਕੇ ਵੀ ਗੁਰਦਵਾਰਾ ਬਣਾਂਵਾਂਗੇ। (ਵਿਘਨ)

---

**Incidence of T.B. Amongst Textile Workers of Phagwara**

***1027. Comrade Satya Pal Dang:** Will the Minister for Finance be pleased to state—

(a) whether the Government received a Memorandum dated the 7th November, 1972 addressed to the Finance Minister and signed by Shri Ram Sahai on behalf of the Tehsil Communist Party pointing out, besides other things, very high incidence of T.B. amongst the Textile Workers of Phagwara; if so, the action taken by the Government to combat the said disease;

(b) the extent of incidence of the said disease amongst the Textile Workers of Phagwara according to Government statistics?

**Shri Hans Raj Sharma:** (a) No Sir.

(b) To assess the incidence of T.B. among the Textile Workers in Phagwara, steps are being taken to get them X-Rayed and proper treatment will be given to those who are found suffering from the disease.

Since the number of the workers is about 6000 it will take some time to complete the task of getting them X-Rayed.

[(ੳ) ਜੀ ਨਹੀਂ।

(ਅ) ਫਗਵਾੜਾ ਟੈਕਸਟਾਈਲ ਮਿਲ ਦੇ ਮਜ਼ਦੂਰਾਂ ਵਿਚੋਂ ਟੀ. ਬੀ. ਦੇ ਮਰੀਜ਼ਾਂ ਦੀ ਗਿਣਤੀ ਦਾ ਅੰਦਾਜ਼ਾ ਲੈਣ, ਉਨ੍ਹਾਂ ਦੇ ਐਕਸਰੇ ਲੈਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵਿਚੋਂ ਇਸ ਬੀਮਾਰੀ ਦੇ ਮਰੀਜ਼ਾਂ ਦਾ ਮੁਨਾਸਬ ਇਲਾਜ ਕੀਤਾ ਜਾਵੇਗਾ। ਕਿਉਂਕਿ ਵਰਕਰਾਂ ਦੀ ਗਿਣਤੀ 6000 ਦੇ ਕਰੀਬ ਹੈ, ਇਸ ਲਈ ਇਨ੍ਹਾਂ ਦੇ ਐਕਸਰੇ ਲੈਣ ਦੇ ਕੰਮ ਨੂੰ ਮੁਕੰਮਲ ਕਰਨ ਲਈ ਕੁਝ ਸਮਾਂ ਲਗੇਗਾ।]

ਕਾਮਰੇਡ ਸਤਪਾਲ ਡਾਂਗ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਨ੍ਹਾਂ 6 ਹਜ਼ਾਰ ਮਜ਼ਦੂਰਾਂ ਦੇ ਐਕਸਰੇ ਹੋਣੇ ਸ਼ੁਰੂ ਹੋ ਗਏ ਹਨ ਜਾਂ ਅਜੇ ਹੋਣੇ ਹਨ ?

ਮੰਤਰੀ : ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਐਕਸਰੇ ਦੀਆਂ ਫਿਲਮਾਂ ਸਿਰਫ ਅਗਫਾ ਮੇਸਰਜ਼ ਕੰਪਨੀ ਤੋਂ ਹੀ ਮਿਲ ਸਕਦੀਆਂ ਹਨ ਹੋਰ ਕਿਧਰੋਂ ਨਹੀਂ ਮਿਲ ਸਕਦੀਆਂ। ਉਸ ਕੰਪਨੀ ਨੇ ਸਾਡੇ ਨਾਲ ਇਹ ਵਾਇਦਾ ਕੀਤਾ ਹੈ ਕਿ ਉਹ ਇਸ ਮਾਰਚ ਦੇ ਤੀਜੇ ਹਫਤੇ ਤਕ ਸਾਨੂੰ ਫਿਲਮਾਂ ਸਪਲਾਈ

Original with;
Punjab Vidhan Sabha
Digitized by;
Panjab Digital Library

ਕਰੇਗੀ। ਸੋ ਜਦੋਂ ਇਸ ਮਹੀਨੇ ਦੇ ਅਖੀਰ ਤਕ ਇਹ ਫਿਲਮਾਂ ਸਾਨੂੰ ਮਿਲਣਗੀਆਂ ਉਸ ਦੇ ਨਾਲ ਨਾਲ ਹੀ ਅਗੇ ਉਨ੍ਹਾਂ ਦੇ ਐਕਸਰੇ ਲੈ ਕੇ ਟਰੀਟਮੈਂਟ ਸ਼ੁਰੂ ਕਰ ਦਿਆਂਗੇ।

**ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ :** ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਸ ਮਿਲ ਵਿਚ 30 ਪ੍ਰਤੀਸ਼ਤ ਮਜ਼ਦੂਰਾਂ ਨੂੰ ਟੀ.ਬੀ ਹੋਣ ਦਾ ਸ਼ਕ ਅਤੇ ਇਸ ਦਾ ਕਾਰਣ ਇਹ ਹੈ ਕਿ ਬਾਵਜੂਦ ਏ ਕਲਾਸ ਮਿਲ ਹੋਣ ਦੇ ਇਸ ਮਿਲ ਵਿਚ ਮਜ਼ਦੂਰੀ ਸ਼ਮਾਲੀ ਹਿੰਦੁਸਤਾਨ ਵਿਚ ਸਭ ਤੋਂ ਘਟ ਹੈ। ਇਸ ਵਿਚ 145 ਰੁਪਏ ਮਿਲਦੇ ਹਨ ਜਦੋਂ ਕਿ ਦੂਜੀਆਂ ਕਈ ਮਿਲਾਂ ਵਿਚ 240-250 ਰੁਪਏ ਮਿਲਦੇ ਹਨ। ਕੀ ਇਹ ਘਟ ਤਨਖਾਹ ਮਿਲਣ ਕਰਕੇ ਇਨ੍ਹਾਂ ਨੂੰ ਟੀ.ਬੀ. ਦੀ ਬਿਮਾਰੀ ਜ਼ਿਆਦਾ ਨਹੀਂ ਹੁੰਦੀ ?

**ਮੰਤਰੀ :** ਸਪੀਕਰ ਸਾਹਿਬ, ਜਿਥੋਂ ਤਕ ਟੀ.ਬੀ. ਦੀ ਬੀਮਾਰੀ ਹੋਣ ਦਾ ਸਬੰਧ ਹੈ, ਟੈਕਸਟਾਇਲ ਮਿਲਾਂ ਦਾ ਕੰਮ ਹੀ ਇਸ ਪ੍ਰਕਾਰ ਦਾ ਹੈ, ਕਿ ਇਸ ਵਿਚ ਇਹ ਬੀਮਾਰੀ ਹੋ ਜਾਂਦੀ ਹੈ, ਜਿਥੇ ਤਕ ਵੇਜਿਜ਼ ਦਾ ਸਬੰਧ ਹੈ ਇਸ ਬਾਰੇ ਮੈਂ ਪਤਾ ਕਰਕੇ ਹੀ ਦਸ ਸਕਦਾ ਹਾਂ।

**ਸ੍ਰੀ ਸਰਦਾਰੀ ਲਾਲ ਕਪੂਰ :** ਵਜ਼ੀਰ ਸਾਹਿਬ ਨੇ ਸਿਰਫ ਫਗਵਾੜੇ ਦੇ ਮੁਤਲਕ ਜ਼ਿਕਰ ਕੀਤਾ ਹੈ, ਕੀ ਇਨ੍ਹਾਂ ਨੂੰ ਪਤਾ ਹੈ ਕਿ ਹੋਰ ਵੀ ਜਿਥੇ ਜਿਥੇ ਮਜ਼ਦੂਰ ਕੰਮ ਕਰਦੇ ਹਨ, ਕੀ ਉਥੇ ਵੀ ਟੀ.ਬੀ. ਦੀ ਪਰੇਸਟਏਜ਼ ਇਸ ਤੋਂ ਘਟ ਨਹੀਂ ਹੈ, ਕੀ ਸਰਕਾਰ ਇਸ ਵਾਸਤੇ ਉਚੇਚਾ ਧਿਆਨ ਦੇ ਕੇ ਉਨ੍ਹਾਂ ਮਜ਼ਦੂਰਾਂ ਦਾ ਇਲਾਜ ਕਰਵਾਏਗੀ ?

**ਮੰਤਰੀ :** ਸਪੀਕਰ ਸਾਹਿਬ, ਐਕਸਰੇ ਕਰਾਉਣ ਦਾ ਪ੍ਰਬੰਧ ਸਿਰਫ ਫਗਵਾੜੇ ਵਿਚ ਹੀ ਨਹੀਂ ਸਗੋਂ ਬਾਕੀ ਥਾਵਾਂ ਤੇ ਵੀ ਹੋਵੇਗਾ। ਅਸੀਂ ਆਪਣੇ ਤੌਰ ਤੇ ਹੀ ਡਾਕਟਰ ਫਗਵਾੜੇ ਤੋਂ ਬਿਨਾਂ ਮਲੋਟ, ਅਬੋਹਰ ਅਤੇ ਖਰੜ ਵਿਚ ਭੇਜੇ ਹਨ ਜਿਥੇ ਇਸ ਕਿਸਮ ਦੀਆਂ ਮਿਲਾਂ ਸਨ। ਜਦੋਂ ਫਿਲਮਾਂ ਆ ਗਈਆਂ ਤਾਂ ਅਸੀਂ ਇਨ੍ਹਾਂ ਸਾਰੀਆਂ ਥਾਵਾਂ ਵਿਚ ਅਤੇ ਲੁਧਿਆਣੇ ਵਿਚ ਵੀ ਮੋਬਾਈਲ ਵੈਨਜ਼ ਭੇਜ ਕੇ ਮਜ਼ਦੂਰਾਂ ਦਾ ਇਲਾਜ ਕਰਵਾਵਾਂਗੇ।

**ਡਾਕਟਰ ਅਮੀਰ ਸਿੰਘ ਕਲਕਟ :** ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਫਿਲਮਾਂ ਮਿਲਣਗੀਆਂ ਤਾਂ ਏਕਸਰੇ ਹੋਵੇਗਾ। ਕੀ ਇਹ ਮਿਲਾਂ ਨੂੰ ਹਿਦਾਇਤਾਂ ਦੇਣਗੇ ਕਿ ਹਰ ਇਕ ਮਿਲ ਵਿਚ ਇਕ ਸਕਰੀਨਿੰਗ ਪਲਾਂਟ ਲਗ ਜਾਵੇ ਅਤੇ ਉਥੇ ਮਜ਼ਦੂਰਾਂ ਦੀ ਸਕਰੀਨਿੰਗ ਹੋ ਜਾਵੇ ਤਾਂ ਕਿ ਬਿਨਾਂ ਫਿਲਮਾਂ ਤੋਂ ਵੀ ਉਨ੍ਹਾਂ ਮਜ਼ਦੂਰਾਂ ਦੀ ਬਿਮਾਰੀ ਦਾ ਪਤਾ ਲਗ ਸਕੇ ਕਿਉਂਕਿ ਸਕਰੀਨਿੰਗ ਦੇ ਨਾਲ ਵੀ 50 ਪ੍ਰਤੀਸ਼ਤ ਬਿਮਾਰੀ ਦਾ ਪਤਾ ਲਗ ਜਾਂਦਾ ਹੈ।

**ਮੰਤਰੀ :** ਇਹ ਚੰਗਾ ਸੁਝਾਓ ਹੈ ਇਸ ਤੇ ਅਮਲ ਕਰਾਂਗੇ।

**ਸਰਦਾਰ ਜਸਵਿੰਦਰ ਸਿੰਘ ਬਰਾੜ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਟੈਕਸਟਾਈਲ ਮਿਲਾਂ ਤੋਂ ਬਿਨਾਂ ਹੋਰ ਵੀ ਜੋ ਲੇਬਰ ਪੰਜਾਬ ਵਿਚ ਕੰਮ ਕਰ ਰਹੀ ਹੈ ਕੀ ਉਨ੍ਹਾਂ ਲਈ ਅਜਿਹਾ ਪ੍ਰਬੰਧ ਸਰਕਾਰ ਕਰੇਗੀ ?

**ਮੰਤਰੀ :** ਹੋਰ ਕਿਸੇ ਥਾਂ ਤੋਂ ਵੀ ਇਹ ਇਤਲਾਹ ਮਿਲੀ ਕਿ ਇਸ ਚੀਜ਼ ਦੀ ਲੋੜ ਹੈ ਤਾਂ ਉਥੇ ਵੀ ਪ੍ਰਬੰਧ ਕਰ ਦਿਆਂਗੇ।

**ਸਰਦਾਰ ਅਜਾਇਬ ਸਿੰਘ ਸੰਧੂ :** ਕੀ ਵਜ਼ੀਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਜਦੋਂ ਤਕ ਫਿਲਮਾਂ ਨਹੀਂ ਮਿਲਦੀਆਂ ਉਦੋਂ ਤਕ ਜੋ ਮਜ਼ਦੂਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਟੀ.ਬੀ. ਹੈ, ਕੀ ਉਨ੍ਹਾਂ ਦਾ ਇਲਾਜ ਕੀਤਾ ਜਾਵੇਗਾ ?

**ਮੰਤਰੀ :** ਕਹਿ ਤਾਂ ਉਹ 4-5 ਸਾਲਾਂ ਤੋਂ ਰਹੇ ਹਨ ਪਰ ਕਿਸੇ ਨੇ ਨਹੀਂ ਸੁਣਿਆ। ਇਸ ਸਰਕਾਰ ਨੇ ਇਸ ਪਾਸੇ ਧਿਆਨ ਦਿਤਾ ਹੈ। ਜਲਦੀ ਹੀ ਤੁਹਾਨੂੰ ਪਤਾ ਲਗ ਜਾਵੇਗਾ ਕਿ ਇਸ ਸਰਕਾਰ ਨੇ ਇਸ ਬਾਰੇ ਕੀ ਕੁਝ ਕੀਤਾ ਹੈ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

**Upgrading Primary Health Centre, Balachaur**

***1227. Master Dalip Chand:** Will the Minister for Finance be pleased to state whether there is any proposal under the consideration of the Government to upgrade the Primary Health Centre, Balachaur to Civil Hospital; if so, when, if not, the reasons therefor?

**Shri Hans Raj Sharma:** Yes, sir, during the 5th Five Year Plan.

(ਹਾਂ ਜੀ । ਪੰਜਵੀਂ ਪੰਜ ਸਾਲਾ ਯੋਜਨਾ ਦੌਰਾਨ)

**ਮਾਸਟਰ ਦਲੀਪ ਚੰਦ:** ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਹੁਸ਼ਿਆਰਪੁਰ ਜ਼ਿਲੇ ਵਿਚ ਬਲਾਚੌਰ ਦਾ ਇਲਾਕਾ ਬਹੁਤ ਪਛੜਿਆ ਹੋਇਆ ਹੈ, ਕੀ ਉਹ ਇਸ ਇਲਾਕੇ ਵਿਚ ਹੋਰ ਡਿਸਪੈਂਸਰੀਆਂ ਖੋਲ੍ਹਣਗੇ ?

**ਸਰਦਾਰ ਅਜਾਇਬ ਸਿੰਘ ਸੰਧੂ:** ਕੀ ਕਾਂਗਰਸ ਵਿਚ ਜਾਣ ਲਗਿਆਂ ਇਹ ਗਲ ਨਹੀਂ ਸੀ ਮਨਾਈ ? (ਹਾਸਾ)

**ਮੰਤਰੀ:** ਇਸ ਸਵਾਲ ਦਾ ਜਵਾਬ ਤਾਂ ਮੈਂ ਦੇ ਹੀ ਚੁੱਕਾ ਹਾਂ ਜੀ ਕਿ ਪੰਜਵੀ ਪੰਜ ਸਾਲਾ ਪਲਾਨ ਵਿਚ ਖੋਲ੍ਹੀਆਂ ਜਾਣਗੀਆਂ। ਬਾਕੀ ਜਿਥੋਂ ਤਕ ਬਲਾਚੌਰ ਦਾ ਸਬੰਧ ਹੈ ਮੈਂ ਅਰਜ਼ ਕਰ ਦਿਆਂ ਕਿ ਉਥੇ ਦੇ ਲੋਕਾਂ ਨੇ ਸਾਡੇ ਨਾਲ ਵਾਇਦਾ ਕੀਤਾ ਸੀ ਕਿ ਉਹ ਡਿਸਪੈਂਸਰੀ ਲਈ ਜਗ੍ਹਾ ਦੇਣਗੇ ਪਰ ਅਜੇ ਤਕ ਉਹ ਜਗ੍ਹਾ ਨਹੀਂ ਦਿਤੀ ਗਈ । ਹੋਸਪੀਟਲ ਨੂੰ ਤਾਂ ਹੋਰ ਵੀ ਵਧ ਜਗ੍ਹਾ ਚਾਹੀਦੀ ਹੈ। (ਵਿਘਨ)

---

**Complaints made by District Hosiery Workers Union (Regd.) Ludhiana**

***1040. Comrade Chand Singh Chopra Master:** Will the Minister for Finance be pleased to state—

(a) whether the Labour Department, Punjab, has received any complaints from the District Hosiery Workers Union (Regd.) Ludhiana against the Hosiery owners for not marking the Hosiery workers present in the Attendance Registers as required under the Factories Act, 1948 and Punjab Shops and Commercial Establishments Act, 1958;

(b) whether it is also a fact that all the Hosiery workers of Ludhiana went on one day's token strike on 14th June, 1972 in this respect (including some other demands);

(c) if the reply to parts (a) and (b) above be in the affirmative, the steps, if any, taken by the Government to get the workers marked present in the Attendance Registers and to get the 'Leave Cards' and 'Attendance Cards' issued to them according to the provisions of law?

**Shri Hans Raj Sharma:** (a) Yes Sir. Copy of the complaint is placed on the Table of the House.

(b) No. Sir.

(c) The required information is given in the Annexure which is laid on the Table of the House.

Original with;
Punjab Vidhan Sabha
Digitized by;
Panjab Digital Library

ਸ਼ਿਕਾਇਤ ਦੀ ਨਕਲ

ਜਿਲ੍ਹਾ ਹੌਜ਼ਰੀ ਵਰਕਰਜ਼ ਯੂਨੀਅਨ (ਰਜਿਸਟਰਡ) ਲੁਧਿਆਣਾ ਵਲੋਂ ਸ਼ਿਕਾ ਇਤ

ਸੇਵਾ ਵਿਖੇ

ਲੇਬਰ ਮਨਿਸਟਰ,
ਪੰਜਾਬ ਸਰਕਾਰ,
ਚੰਡੀਗੜ੍ਹ ।

ਵਿਸ਼ਾ :-ਹੌਜ਼ਰੀ ਮਜ਼ਦੂਰਾਂ ਦੀਆਂ ਮੰਗਾਂ 14/6/72 ਦੀ ਪ੍ਰੋਟੈਸਟ ਹੜਤਾਲ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਲੁਧਿਆਣਾ ਪੰਜਾਬ ਦਾ ਸਭ ਤੋਂ ਵੱਡਾ ਸੰਨਤੀ ਕੇਂਦਰ ਹੈ। ਬਾਕੀ ਸੰਨਤਾਂ ਦੇ ਮੁਕਾਬਲੇ ਵਿਚ ਹੌਜ਼ਰੀ ਦੀ ਸੰਨਤ ਲੁਧਿਆਣੇ ਦੀ ਇਹ ਅਹਿਮ ਸੰਨਤ ਹੈ, ਜਿਸ ਦੀ ਮਹੱਤਤਾ ਸੰਸਾਰ ਵਿਆਪੀ ਹੈ।

ਲੁਧਿਆਣੇ ਦੀ ਹੌਜ਼ਰੀ ਦੀ ਸੰਨਤ ਵਿਚ ਕੋਈ ਇਕ ਲੱਖ ਦੇ ਕਰੀਬ ਵਰਕਰ ਕੰਮ ਕਰਦਾ ਹੈ। ਕਾਫੀ ਗਿਣਤੀ ਵਿਚ ਔਰਤਾਂ ਵੀ ਹੌਜ਼ਰੀ ਵਿਚ ਕੰਮ ਕਰਦੀਆਂ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਕੁਝ ਉਨ੍ਹਾਂ ਵਰਕਰਾਂ ਨੂੰ ਛੱਡ ਕੇ ਵੀ ਜਿਹੜੇ ਕਿ ਫੈਕਟਰੀ ਵਿਚ ਮਾਲ ਆਪਣੇ ਘਰੀਂ ਜਾਂਦੇ ਹਨ ਅਤੇ ਕੰਮ ਕਰ ਕੇ ਵਾਪਸ ਫੈਕਟਰੀ ਵਿਚ ਦੇ ਜਾਂਦੇ ਹਨ ਜਿਨ੍ਹਾਂ ਦੀ ਗਿਣਤੀ ਬਹੁਤ ਥੋੜੀ ਹੈ ਬਾਕੀ ਦੇ ਵਰਕਰਾਂ ਵਿਚੋਂ 95 ਫੀ ਸਦੀ ਵਰਕਰਾਂ ਦੀਆਂ ਫੈਕਟਰੀਆਂ ਵਿਚ ਰਜਿਸਟਰ ਉਪਰ ਹਾਜ਼ਰੀਆਂ ਹੀ ਨਹੀਂ ਲਗਦੀਆਂ, ਜਿਸ ਦਾ ਅਰਥ ਇਹ ਹੈ ਕਿ ਹੌਜ਼ਰੀ ਦੀਆਂ ਫੈਕਟਰੀਆਂ ਉਪਰ ਕੋਈ ਫੈਕਟਰੀ ਐਕਟ ਪ੍ਰਾਵੀਡੈਂਟ ਫੰਡ ਐਕਟ ਈ.ਐਸ. ਆਈ. ਸਕੀਮ ਬੋਨਸ ਐਕਟ ਆਦਿ ਲਾਗੂ ਹੀ ਨਹੀਂ ਹੁੰਦੇ। ਇਹ ਸਾਰੀ ਚੋਰ ਬਜ਼ਾਰੀ ਪਿਛਲੇ 10 ਸਾਲ ਤੋਂ ਚਲ ਰਹੀ ਹੈ ਜਿਸ ਰਾਹੀਂ ਮਾਲਕਾਂ ਨੇ ਵਰਕਰਾਂ ਦੇ ਕਰੋੜਾਂ ਰੁਪਏ ਗ਼ੈਰ ਕਾਨੂੰਨੀ ਤੌਰ ਤੇ ਹਜ਼ਮ ਕਰ ਲਏ ਹਨ।

ਇਸ ਲਈ 21 ਮਈ, 1970 ਨੂੰ ਡਿਸਟ੍ਰਿਕਟ ਹੌਜ਼ਰੀ ਵਰਕਜ਼ ਯੂਨੀਅਨ (ਰਜਿ.) ਜੀ.ਟੀ. ਰੋਡ ਲੁਧਿਆਣਾ (ਮਿਲਰ ਗੰਜ) ਵਲੋਂ ਹੌਜ਼ਰੀ ਵਰਕਰਾਂ ਦੀ ਇਕ ਨੁਮਾਇੰਦਾ ਕਨਵੈਨਸ਼ਨ ਬੁਲਾਈ ਗਈ। ਕਨਵੈਨਸ਼ਨ ਨੇ ਸਰਬ ਸੰਮਤੀ ਨਾਲ ਹੇਠ ਲਿਖੀਆਂ ਮੰਗਾਂ ਦਾ ਚਾਰਟਰ ਪਰਵਾਨ ਕਰ ਕੇ ਫੈਸਲਾ ਕੀਤਾ ਕਿ ਜੇ ਕਰ ਲੁਧਿਆਣਾ ਦੇ ਹੌਜ਼ਰੀ ਮਾਲਕ 14 ਜੂਨ 1972 ਤਕ ਵਰਕਰਾਂ ਦੀਆਂ ਇਹ ਮੰਗਾਂ ਪਰਵਾਨ ਨਹੀਂ ਕਰਨਗੇ ਤਾਂ 14 ਜੂਨ, 1972 ਨੂੰ ਲੁਧਿਆਣੇ ਦੀ ਹੌਜ਼ਰੀ ਸੰਨਤ ਵਿਚ ਇਕ ਦਿਨ ਦੀ ਇਲਾਮਤੀ ਹੜਤਾਲ ਕੀਤੀ ਜਾਵੇਗੀ।

ਮੰਗਾਂ ਇਹ ਹਨ :-

1. ਹਰ ਮਜ਼ਦੂਰ ਦੀ ਰਜਿਸਟਰ ਤੇ ਹਾਜ਼ਰੀ ਲਾਈ ਜਾਵੇ ਅਤੇ ਵਰਕਰਾਂ ਨੂੰ 'ਹਾਜ਼ਰੀ ਕਾਰਡ' ਅਤੇ 'ਲੀਵ ਕਾਰਡ' ਦਿਤੇ ਜਾਣ।

2. ਪਿਛਲੇ ਫੈਸਲੇ ਦੇ ਅਨੁਸਾਰ ਮਸ਼ੀਨ ਦੀਆਂ ਸੂਈਆਂ ਮਾਲਕ ਦੇਵੇ।

3. ਪਿਛਲੇ ਫੈਸਲੇ ਦੇ ਅਨੁਸਾਰ ਮਸ਼ੀਨਾਂ ਦੀ ਘਸਾਈ ਦਿਤੀ ਜਾਵੇ।

4. ਰੇਟਾਂ ਵਿਚ ਕੀਤੀ ਗਈ ਕਟੌਤੀ ਬਹਾਲ ਕੀਤੀ ਜਾਵੇ।

5. ਮਹਿੰਗਾਈ ਦੇ ਅਨੁਸਾਰ ਰੇਟਾਂ ਵਿਚ ਹੋਰ ਵਾਧਾ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ)

ਡਿਸਟ੍ਰਿਕਟ ਹੌਜ਼ਰੀ ਵਰਕਰਜ਼ ਯੂਨੀਅਨ (ਰਜਿਸਟਰਡ), ਲੁਧਿਆਣਾ ਹੌਜ਼ਰੀ ਦੇ ਕੁਲ ਵਰਕਰਾਂ ਵਲੋਂ ਆਪ ਜੀ ਨੂੰ ਬੇਨਤੀ ਕਰਦੀ ਹੈ ਕਿ ਲੇਬਰ ਮਹਿਕਮਾਂ ਇਸ ਸਬੰਧ ਵਿਚ ਫੌਰਨ ਹਰਕਤ ਕਰੇ ਤਾਂ ਕਿ ਗਲਬਾਤ ਰਾਹੀਂ ਫੈਸਲਾ ਹੋ ਸਕੇ ਅਤੇ ਸੰਨਤੀ ਅਮਨ ਕਾਇਮ ਰਹਿ ਸਕੇ।

ਇਸ ਸਬੰਧ ਵਿਚ ਲੇਬਰ ਮਹਿਕਮੇਂ ਦਾ ਰੋਲ ਲਗਾਤਾਰ ਵਰਕਰ ਵਿਰੋਧੀ ਰਿਹਾ ਹੈ। ਲੇਬਰ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਥਾਂ ਲੇਬਰ ਮਹਿਕਮਾਂ ਮਾਲਕਾਂ ਦਾ ਸਲਾਹਕਾਰ ਮਹਿਕਮਾਂ ਬਣ ਗਿਆ ਹੈ। ਲੇਬਰ ਇਨਸਪੈਕਟਰ ਅਤੇ ਫੈਕਟਰੀ ਇਨਸਪੈਕਟਰ ਇਕੋ ਹੀ ਕੰਮ ਵਿਚ ਰੁਝੇ ਰਹਿੰਦੇ ਹਨ, ਉਹ ਹੈ ਮਾਲਕਾਂ ਨੂੰ ਇਹ ਦਸਣਾ ਕਿ ਉਹ ਲੇਬਰ ਕਾਨੂੰਨਾਂ ਤੋਂ ਕਿਸ ਤਰ੍ਹਾਂ ਬਚ ਸਕਦੇ ਹਨ ਅਤੇ ਕਿਵੇਂ ਮਜ਼ਦੂਰਾਂ ਦੀ ਹੋਰ ਲੁਟ ਕਰ ਸਕਦੇ ਹਨ।

ਇਸ ਲਈ ਅੱਜ ਮਜ਼ਦੂਰ ਜਮਾਤ ਕੋਲ ਅਪਿਣੀ ਜਥੇਬੰਦ ਤੇ ਜ਼ਮਾਤੀ ਤਾਕਤ ਉਪਰ ਭਰੋਸਾ ਕਰਨ ਤੋਂ ਸਿਵਾਏ ਲੇਬਰ ਮਹਿਕਮੇ ਉਪਰੋਂ ਬਿਲਕੁਲ ਭਰੋਸਾ ਉਠ ਗਿਆ ਹੈ।

ਡਿਸਟ੍ਰਿਕਟ ਹੌਜ਼ਰੀ ਵਰਕਰਜ਼ ਯੂਨੀਅਨ (ਰਜਿਸਟਰਡ), ਲੁਧਿਆਣਾ ਆਪ ਜੀ ਪਾਸੋਂ ਆਸ ਰਖਦੀ ਹੈ ਕਿ ਸਰਕਾਰ ਇਸ ਸਬੰਧ ਵਿਚ ਫੌਰਨ ਕਾਰਵਾਈ ਕਰੇਗੀ ।

ਧੰਨਵਾਦੀ ਹੋਵਾਂ ਗੇ।

ਆਪ ਜੀ ਦੇ ਵਿਸ਼ਵਾਸ਼ ਪਾਤਰ ,
(ਸਹੀ)

ਮਿਤੀ 29 ਮਈ, 1972

ਇਸ ਦਾ ਉਤਾਰਾ :-

1. ਲੇਬਰ ਕਮਿਸ਼ਨਰ, ਪੰਜਾਬ, ਚੰਡੀਗੜ੍ਹ ।
2. ਕਿਰਤ ਤੇ ਸੁਲਾਹ ਅਫਸਰ, ਸਰਕਲ-I, ਲੁਧਿਆਣਾ ।
3. ਕਿਰਤ ਤੇ ਸੁਲਾਹ ਅਫਸਰ, ਸਰਕਲ-II, ਲੁਧਿਆਣਾ ।
4. ਡਿਪਟੀ ਕਮਿਸ਼ਨਰ, ਲੁਧਿਆਣਾ ਨੂੰ ਯੋਗ ਕਾਰਵਾਈ ਅਤੇ ਸੂਚਨਾ ਹਿਤ ਭੇਜਿਆ ਜਾਂਦਾ ਹੈ।

## ANNEXURE

As the complaint received was of general nature and not against any particular factory, a meeting of the representatives of the employers and employees including that of District Hosiery workers Union (Regd.), Ludhiana was held at Ludhiana to solve the problem. During discussions, it transpired that this complaint related to such persons, who did not fall within the definition of "worker" as given under the Factories Act, 1948 and that of the employee as given in the Punjab Shops and Commercial Establishments Act, 1958 as they had entered into individual agreements with the respective managements as independent Contractors. Therefore, the Labour Department cannot force the management to enter the names of these persons in attendance registers. Under the Factories Act, only leave cards are to be issued and there is no provision for issue of attendance cards. As the above persons are not workers, the question of issuing of these cards does not arise.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ**: ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਹੌਜ਼ਰੀ ਵਰਕਰਾਂ ਦੀਆਂ ਮੰਗਾਂ ਵਜ਼ੀਰ ਸਾਹਿਬ ਨੇ ਜਾਇਜ਼ ਮੰਨੀਆਂ ਹੋਈਆਂ ਹਨ ਪਰ ਉਨ੍ਹਾਂ ਦੀ ਅੱਜ ਵੀ ਰਜਿਸਟਰ ਵਿਚ ਹਾਜ਼ਰੀ ਨਹੀਂ ਲਗਦੀ ਅਤੇ ਨਾ ਹੀ ਲੀਵ ਕਾਰਡ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ, ਕੀ ਇਸ ਦਾ ਪਰਬੰਧ ਕੀਤਾ ਜਾਵੇਗਾ ?

**ਮੰਤਰੀ**: ਇਹ ਹੋਰ ਕਲਾਸ ਹੈ ਜੋ ਕਿ ਇੰਡੀਪੈਂਡੈਂਟ ਕੰਟਰੈਕਟਰਜ਼ ਕਹਾਉਂਦੀ ਹੈ, ਇਹ ਨਾ ਹੀ ਫੈਕਟਰੀ ਐਕਟ ਹੇਠ ਆਉਂਦੇ ਹਨ ਅਤੇ ਨਾ ਹੀ ਲੇਬਰ ਐਕਟ ਹੇਠ ਆਉਂਦੇ ਹਨ । ਅਸੀਂ ਯਤਨ ਕਰ ਰਹੇ ਹਾਂ ਕਿ ਇਨ੍ਹਾਂ ਨੂੰ ਵੀ ਉਹ ਸਹੂਲਤਾਂ ਮਿਲ ਜਾਣ ਜਿਹੜੀਆਂ ਕਿ ਹੋਰ ਵਰਕਰਾਂ ਨੂੰ ਮਿਲਦੀਆਂ ਹਨ। (ਵਿਘਨ)

**ਕਾਮਰੇਡ ਸੱਤਪਾਲ ਡਾਂਗ** : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦੀ ਵਾਕਫੀਅਤ ਹੈ ਕਿ ਮੁਖਤਲਿਫ ਲੇਬਰ ਲਾਅਜ਼ ਦੇ ਬੈਨੇਫਿਟ ਤੋਂ ਡਿਪਰਾਈਵ ਕਰਨ ਵਾਸਤੇ ਨਾਜਾਇਜ਼ ਔਰ ਗਲਤ ਤੌਰ ਤੇ ਇਨ੍ਹਾਂ ਨੂੰ ਕੰਟਰੈਕਟਰਾਂ ਦੇ ਮੁਲਾਜ਼ਮ ਸ਼ੋ ਕੀਤਾ ਜਾਂਦਾ ਹੈ। ਜਿਹੜਾ ਕੰਟਰੈਕਟਰ ਹੈ ਦਰਅਸਲ ਵਿਚ ਇਨ੍ਹਾਂ ਦਾ ਸੁਪਰਵਾਈਜ਼ਰ ਹੁੰਦਾ ਹੈ।

**ਮੰਤਰੀ**: ਇਸ ਚੀਜ਼ ਨੂੰ ਅਸੀਂ ਐਗਜ਼ਾਮਿਨ ਕੀਤਾ ਸੀ। ਸਾਡੇ ਮਹਿਕਮੇ ਵਾਲੇ ਵੀ ਮਿੱਲਾਂ ਅੰਦਰ ਗਏ ਸੀ। ਕਾਫੀ ਸਜਣਾਂ ਦੀ ਹਾਜ਼ਰੀ ਨਹੀਂ ਲਗਦੀ ਅਤੇ ਇਨ੍ਹਾਂ ਦੀ ਹਾਜ਼ਰੀ ਲਗਵਾਈ ਗਈ ਸੀ। ਇਕ ਕੈਟੇਗਰੀ ਦਾ ਝਗੜਾ ਹੈ ਜਿਸ ਵਲ ਚੋਪੜਾ ਜੀ ਨੇ ਧਿਆਨ ਦਿਵਾਇਆ ਹੈ। ਇਹ ਝਗੜਾ ਪਿਛਲੇ ਦਸ ਸਾਲਾਂ ਤੋਂ ਚਲਦਾ ਆ ਰਿਹਾ ਹੈ। ਇਹ ਨਾ ਹੀ ਫੈਕਟਰੀ ਐਕਟ ਹੇਠ ਆਉਂਦੇ ਹਨ ਅਤੇ ਨਾ ਹੀ ਕਮਰਸ਼ੀਅਲ ਐਸਟੇਬਲਿਸ਼ਮੈਂਟ ਐਕਟ ਹੇਠ ਆਉਂਦੇ ਹਨ ।

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਹੌਜ਼ਰੀ ਵਰਕਰਜ਼ ਹਨ ਇਨ੍ਹਾਂ ਦੀ ਸਾਰੇ ਮਹੀਨੇ ਦੀ ਹਾਜ਼ਰੀ ਨਹੀਂ ਲਗਦੀ (ਵਿਘਨ) ਹੋਰ ਵਰਕਰਾਂ ਵਾਂਗੂ ਇਨ੍ਹਾਂ ਨਾਲ ਵੀ ਉਹੋ ਜਿਹਾ ਹੀ ਸਲੂਕ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਜਿਵੇਂ ਕਿ ਦਸ ਸਾਲ ਬਾਅਦ ਹੋਰ ਵਰਕਰਜ਼ ਪੱਕੇ ਹੋ ਜਾਂਦੇ ਹਨ ਉਸੀਂ ਤਰ੍ਹਾਂ ਇਹ ਵੀ ਪੱਕੇ ਹੋ ਸਕਣ। ਕੀ ਇਸ ਵਲ ਕੋਈ ਉਪਰਾਲਾ ਕੀਤਾ ਜਾਵੇਗਾ?

**ਮੰਤਰੀ**: ਇਹ ਕਾਨੂੰਨੀ ਤੌਰ ਤੇ ਜੁਰਮ ਹੈ ਕਿ ਕਿਸੇ ਦੀ ਹਾਜ਼ਰੀ ਨਾ ਲਗਾਈ ਜਾਵੇ ਜਾਂ ਪੱਕੇ ਨਾ ਹੋਣ ਦਿਤਾ ਜਾਵੇ। ਜਿਸ ਤੋਂ ਸ਼ਿਕਾਇਤ ਆਉਂਦੀ ਹੈ ਉਸ ਤੇ ਕਾਰਵਾਈ ਕੀਤੀ ਜਾਂਦੀ ਹੈ। ਇਸ ਸਬੰਧੀ ਇਕ ਦੋ ਥਾਵਾਂ ਤੇ ਐਕਸ਼ਨ ਲਿਆ ਵੀ ਗਿਆ ਹੈ ।

---

**Printed Agreement Forms got signed by Hosiery Owners from their Workers**

***1041. Comrade Chand Singh Chopra Master** : Will the Minister for Finance be pleased to state.—

(a) whether it has come to the notice of the Labour Department that some Hosiery Factory Owners are getting the signatures of workers forcibly on a printed "Agreement Form" individually and some other owners are getting the "Affidavits" on printed forms from workers under the lure of giving them needles of the Flat Machines so that they may be legally proved as "Fabricators" instead of workers and the owners may be able to evade the legal liabilities towards the workers;

(b) if the reply to part (a) above be in the affirmative, the steps taken or proposed to be taken by the Department for checking such wrong actions of the owners?

Original with;
Punjab Vidhan Sabha
Digitized by;
Panjab Digital Library

**Shri Hans Raj Sharma:** (a) No, Sir.

(b) In view of the reply at (a) above, question of taking any action does not arise.

**ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਫੈਬਰੀਕੇਟਰ ਹਨ ਜਿਹੜੇ ਫੈਕਟਰੀ ਐਕਟ ਹੇਠ ਨਹੀਂ ਆਉਂਦੇ ਹਨ ਇਨ੍ਹਾਂ ਤੋਂ ਹਲਫੀਆ ਬਿਆਨਾਂ ਤੇ ਧੱਕੇ ਨਾਲ ਦਸਖਤ ਕਰਾਏ ਜਾਂਦੇ ਹਨ। ਕੀ ਇਸ ਤਰ੍ਹਾਂ ਧੱਕੇ ਨਾਲ ਦਸਤਖਤ ਕਰਾਏ ਜਾਣ ਤੋਂ ਰੋਕਿਆ ਜਾਵੇਗਾ ?

**ਮੰਤਰੀ** : ਜਿਥੋਂ ਅਜਿਹੀ ਸ਼ਿਕਾਇਤ ਆਈ ਸੀ ਉਥੇ ਮੈਂ ਵੀ ਗਿਆ ਸੀ ਅਤੇ ਮਹਿਕਮਾ ਲੇਬਰ ਵਾਲੇ ਵੀ ਗਏ ਸੀ ਅਤੇ ਅਸੀਂ ਪੜਤਾਲ ਕੀਤੀ ਸੀ। ਜਿਥੇ ਅਸੀਂ ਇਹ ਸਮਝਿਆ ਕਿ ਨਾਜਾਇਜ਼ ਅਤੇ ਧੱਕੇ ਨਾਲ ਦਸਤਖਤ ਕਰਾਏ ਗਏ ਹਨ ਉਥੇ ਇਹ ਕੈਂਸਲ ਕਰਾ ਦਿਤੇ। ਅੱਗੇ ਵਾਸਤੇ ਇਨਸਟ੍ਰਕਸ਼ਨਾਂ ਵੀ ਕੀਤੀਆਂ ਸੀ ਕਿ ਕਿਸੇ ਕਾਗਜ਼ ਤੇ ਦਸਤਖਤ ਨਹੀਂ ਕਰਾਏ ਜਾ ਸਕਦੇ ਔਰ ਮਜ਼ਦੂਰਾਂ ਨੂੰ ਵੀ ਕਿਹਾ ਸੀ ਕਿ ਉਹ ਦਸਤਖਤ ਨਾ ਕਰਨ।

---

### Water Supply Scheme for Balachaur Assembly Constituency

***1226. Master Dalip Chand** : Will the Minister for Irrigation and Power be pleased to state whether the water supply scheme/programme in about 60 villages of Balachaur Assembly Constituency, where water is selling at the rate of 25 paise per pitcher at present, has been finalised; if so, whether the Government propose to supply water to the said villages within a period of 6 months?

**Shri Hans Raj Sharma** (Finance Minister) : Water Supply

| | |
|---|---|
| Schemes completed in | .. 14 villages |
| Water Supply Schemes being taken in hand | .. 17 villages |
| Estimates for water supply schemes under preparation | .. 29 villages |
| Total | .. 60 villages |

It is not possible to complete these schemes within a period of six months

(14 ਪਿੰਡਾਂ ਲਈ ਜਲ-ਸਪਲਾਈ ਸਕੀਮਾਂ ਮੁਕੰਮਲ ਹੋ ਚੁਕੀਆਂ ਹਨ। 17 ਪਿੰਡਾਂ ਦੀਆਂ ਸਕੀਮਾਂ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਹੋਰ 29 ਪਿੰਡਾਂ ਲਈ ਜਲ ਸਪਲਾਈ ਸਕੀਮਾਂ ਦੇ ਅਨੁਮਾਨ ਤਿਆਰ ਹੋ ਰਹੇ ਹਨ।

ਇਨ੍ਹਾਂ ਸਕੀਮਾਂ ਨੂੰ 6 ਮਹੀਨੇ ਦੇ ਸਮੇਂ ਦੇ ਅੰਦਰ ਅੰਦਰ ਮੁਕੰਮਲ ਕਰਨਾ ਸੰਭਵ ਨਹੀਂ ਹੈ ਜੀ)।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਅਤੇ ਇਨ੍ਹਾਂ 60 ਪਿੰਡਾਂ ਤੋਂ ਇਲਾਵਾ ਜੇ ਪੰਜਾਬ ਦੀ ਕਿਸੇ ਹੋਰ ਕਾਂਸਟੀਚੁਐਂਸੀ ਵਿਚ ਪੀਣ ਦੇ ਪਾਣੀ ਦੀ ਦਿੱਕਤ ਹੈ ਤਾਂ ਉਹ ਕਿਹੜੀ ਕਾਂਸਟੀਚੁਐਂਸੀ ਹੈ ?

**ਵਿੱਤ ਮੰਤਰੀ** : ਧਰ ਬਲਾਕ, ਹੁਸ਼ਿਆਰਪੁਰ ਦਾ ਏਰੀਆ, ਕੰਢੀ ਦਾ ਇਲਾਕਾ ਅਤੇ ਰੋਪੜ ਅਤੇ ਪਟਿਆਲਾ ਦਾ ਇਲਾਕਾ ਹੈ ਜਿਸ ਵਾਸਤੇ ਕਿ ਸਪੈਸ਼ਲ ਸਕੀਮ ਬਣਾਈ ਗਈ ਹੈ ਔਰ ਜਿਥੇ ਕਿ ਆਉਣ ਵਾਲੇ ਦੋ ਸਾਲਾਂ ਵਿਚ ਪੀਣ ਦੇ ਪਾਣੀ ਦਾ ਇੰਤਜ਼ਾਮ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**आचार्य पृथ्वी सिंह आजाद** : जो अभी अभी वजीर साहिब ने बताया है कि रोपड़, पटियाला, धार बलाक और होशियारपुर के इलाकों के लिए . स्पैशल स्कीम बनाई गई है, यह स्पैशल स्कीम क्या है और कब तक यह इम्पलीमैंट हो जायेगी ?

**ਵਿੱਤ ਮੰਤਰੀ** : ਅਸੀਂ ਇਸ ਸਾਲ ਵੀ ਕਾਫੀ ਪਿੰਡ ਇਸ ਸਕੀਮ ਵਿਚ ਕਵਰ ਕਰ ਰਹੇ ਹਾਂ ਜਿਸ ਦਾ ਜ਼ਿਕਰ ਮੈਂ ਅੱਜ ਨਹੀਂ ਕਰ ਸਕਦਾ ਅਤੇ ਕਲ ਮੈਂ ਹਾਊਸ ਦੇ ਮੈਂਬਰਾਂ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਇਸ ਸਾਲ ਕਿੰਨਾ ਖਰਚ ਆਉਣਾ ਹੈ ਅਤੇ ਕਿਥੇ ਕਿਥੇ ਇਸ ਸਬ-ਮਾਊਂਟੇਨੀਅਸ ਏਰੀਏ ਵਿਚ ਡਰਿੰਕਿੰਗ ਵਾਟਰ ਸਪਲਾਈ ਦਾ ਪਰਬੰਧ ਕਰਨਾ ਹੈ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਪੰਜਾਬ ਵਿਚ ਕਈ ਥਾਵਾਂ ਤੇ ਚਾਰ ਆਨੇ ਫੀ ਘੜੇ ਦੇ ਹਿਸਾਬ ਨਾਲ ਪਾਣੀ ਮਿਲਦਾ ਹੈ। ਸਵਾਲ ਵਿਚ ਲਿਖਿਆ ਹੋਇਆ ਹੈ।

"Will the Minister for Irrigation and Power be pleased to state whether the water supply scheme programme in about 60 villages of Balachaur Assembly Constituency, where water is selling at the rate of 25 paise per pitcher at present, has been finalised".....

ਇਹ ਸਵਾਲ ਵਿਚ ਲਿਖਿਆ ਹੋਇਆ ਹੈ ਅਤੇ ਜਿਹੜਾ ਜਵਾਬ ਦਿਤਾ ਹੈ ਉਸਦਾ ਮਤਲਬ ਹੈ ਕਿ ਇਥੇ ਇਸ ਏਰੀਏ ਵਿਚ ਪੀਣ ਦਾ ਪਾਣੀ ਚਾਰ ਆਨੇ ਫੀ ਘੜਾ ਦੇ ਹਿਸਾਬ ਨਾਲ ਮਿਲਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਹੋਰ ਕਿਹੜੀਆਂ ਕਿਹੜੀਆਂ ਥਾਵਾਂ ਅਜਿਹੀਆਂ ਹਨ ਜਿਥੇ ਕਿ ਪੀਣ ਦਾ ਪਾਣੀ ਖਰੀਦਣਾ ਪੈਂਦਾ ਹੈ ?

**ਵਿੱਤ ਮੰਤਰੀ** : ਮੈਂ ਤਾਂ ਇਹ ਕਿਹਾ ਹੈ ਕਿ ਇਨ੍ਹਾਂ ਪਿੰਡਾਂ ਵਿਚ ਕੰਮ ਮੁਕੰਮਲ ਕਰ ਦਿਤਾ ਹੈ ਅਤੇ ਬਾਕੀ ਅਗਲੇ ਡੇਢ ਸਾਲ ਵਿਚ ਇਹ ਕੰਮ ਪੂਰਾ ਕਰ ਦਿਆਂਗੇ।

---

**Grants and Loans for Peasants for erecting new underground water Channels for Irrigation**

***1265. Comrade Achhra Singh** (put by Comrade Darshan Singh Canadian) : Will the Minister for Irrigation and Power be pleased to state—

(a) whether there is any scheme under the consideration of the Government for giving grants and loans to the peasants in the State for erecting new underground water channels for irrigation ; if so, the details thereof;

(b) whether the said scheme covers cases in which a peasant having two fields situated at short distance can connect the two fields by underground channels by getting erected new underground channel beneath other peasants' field;

(c) if the answer to part (b) above be in the negative whether the Government propose to enlarge the scope of the said scheme so as to cover the cases of the type mentioned in the preceding part?

**Sardar Santokh Singh Randhawa** (Deputy Minister Development, Excise and Taxation) :(a) Yes. It is under consideration of the State Government to provide loan and subsidy @25% to the farmers for the construction of underground channels under the new Scheme for Soil Conservation Pilot Project for Saroyan and Nurpur Bedi Blocks", in view of the poor economic conditions of the farmers of these areas. However, under the existing soil conservation schemes, the Government is providing loan facilties

Original with;
Punjab Vidhan Sabha
Digitized by;
Panjab Digital Library

[Deputy Minister Development Excise and Taxation]
to farmers for the construction of underground pipe lines for the conveyance of irrigation water, in the fields of the farmers. These loans are either advanced out of the Government budget or through the institutional finance resources.

(b) Yes.

(c) Question does not arise.

[(ੳ) ਹਾਂ ਜੀ ਜ਼ਿਮੀਦਾਰਾਂ ਦੀ ਖਰਾਬ ਮਾਲੀ ਹਾਲਤ ਨੂੰ ਮੁੱਖ ਰੱਖਦਿਆਂ ਹੋਇਆਂ ਭੂਮੀ ਰੱਖਿਆਂ ਦੇ ਕੰਮਾਂ ਲਈ ਨੂਰਪੁਰ ਬੇਦੀ ਅਤੇ ਸਰੋਆ ਬਲਾਕਾਂ ਵਿੱਚ ਜ਼ਮੀਨ ਦੋਜ਼ ਨਾਲੀਆਂ ਦਾ ਕੰਮ ਕਰਾਉਣ ਲਈ ਕਰਜ਼ਾ ਅਤੇ 25 % ਉਪਦਾਨ ਦੇਣ ਦਾ ਉਪਬੰਦ ਕਰਨ ਲਈ ਸਕੀਮ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਵੇਲੇ ਭੂਮੀ ਰੱਖਿਆਂ ਦੀਆਂ ਚਾਲੂ ਸਕੀਮਾਂ ਦੇ ਅਧੀਨ ਜ਼ਿਮੀਦਾਰਾਂ ਨੂੰ ਆਪਣੇ ਖੇਤਾਂ ਵਿੱਚ ਸਿੰਚਾਈ ਦਾ ਪਾਣੀ ਪਹੁੰਚਾਉਣ ਲਈ ਜ਼ਮੀਨ ਦੋਜ਼ ਨਾਲੀਆਂ ਦਾ ਕੰਮ ਕਰਾਉਣ ਲਈ ਸਰਕਾਰ ਕਰਜ਼ੇ ਦੀਆਂ ਸਹੂਲਤਾਂ ਦੇ ਰਹੀ ਹੈ। ਇਹ ਕਰਜ਼ ਰਾਜ ਸਰਕਾਰ ਦੇ ਬੱਜਟ ਵਿਚੋਂ ਜਾਂ ਫੇਰ ਸਥਾਨਿਕ ਵਿੱਤੀ ਅਦਾਰਿਆਂ ( Institutional Finance Resources ) ਦੇ ਰਾਹੀਂ ਦਿੱਤੇ ਜਾ ਰਹੇ ਹਨ।

(ਅ) ਹਾਂ ਜੀ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ਜੀ।]

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਨੂਰਪੁਰ ਬਲਾਕ ਨੂੰ 25% ਸਬਸਿਡੀ ਦਿਤੀ ਗਈ ਹੈ, ਕੀ ਵਜ੍ਹਾ ਹੈ ਕਿ ਇਸ ਤੋਂ ਛੁਟ ਕੰਡੀ ਹੁਸ਼ਿਆਰਪੁਰ ਅਤੇ ਹੋਰ ਇਲਾਕਿਆਂ ਨੂੰ ਇਹ ਸਬਸਿਡੀ ਨਹੀਂ ਦਿਤੀ ਗਈ ?

**ਉਪ ਮੰਤਰੀ** : 1968 ਤੋਂ ਪਹਿਲਾਂ ਸਾਰੇ ਪੰਜਾਬ ਵਿਚ 25 % ਸਬਸਿਡੀ ਦੇ ਅਧਾਰ ਤੇ ਇਹ ਸਕੀਮ ਚਲਦੀ ਸੀ ਲੇਕਿਨ ਬਦਕਿਸਮਤੀ ਨਾਲ ਪਿਛਲੇ ਪੰਜ ਸਾਲਾਂ ਤੋਂ ਇਹ ਸਕੀਮ ਬੰਦ ਹੋ ਗਈ। ਹੁਣ ਦੁਬਾਰਾ 1973-74 ਤੋਂ ਪੰਜਾਬ ਸਰਕਾਰ ਨੇ ਫੇਰ ਇਹ ਸਕੀਮ ਸਰੋਵਾ ਅਤੇ ਨੂਰਪੁਰ ਬਲਾਕ ਵਿਚ ਸ਼ੁਰੂ ਕੀਤੀ ਹੈ। ਬਾਕੀ ਏਰੀਏ ਵਾਸਤੇ ਵੀ ਗੌਰ ਕਰ ਰਹੇ ਹਾਂ।

**चौधरी बलराम** : हमारे अबोहर एरिया में soil conservation का बहुत बड़ा मसला है । क्या इस के लिए भी 25% सबसिडी का प्रबन्ध कर रहे हैं ?

**ਉਪ ਮੰਤਰੀ**: 1973-74 ਵਿਚ ਇਨ੍ਹਾਂ ਉਪਰੋਕਤ ਦਸੀਆਂ ਥਾਵਾਂ ਤੇ ਇਹ ਕੰਮ ਕਰ ਰਹੇ ਹਾਂ ਅਤੇ ਅੱਗੇ ਨੂੰ ਹੋਰ ਥਾਵਾਂ ਵਾਸਤੇ ਵੀ ਗੌਰ ਕਰਾਂਗੇ।

**ਸਰਦਾਰ ਸੱਤਪਾਲ ਸਿੰਘ ਰੰਧਾਵਾ** : ਇਨ੍ਹਾਂ ਕੋਲ ਕਿਹੜਾ ਥਰਮਾਮੀਟਰ ਹੈ ਜਿਸ ਨਾਲ ਕਿ ਇਨ੍ਹਾਂ ਨੇ ਇਹ ਜਾਣਿਆ ਹੈ ਕਿ ਇਹੀ ਪਛੜੇ ਇਲਾਕੇ ਹਨ ਅਤੇ ਹੋਰ ਬਾਕੀ ਦੇ ਪਛੜੇ ਇਲਾਕੇ ਨਹੀਂ ਹਨ?

**ਉਪ ਮੰਤਰੀ** : ਥਰਮਾਮੀਟਰ ਦੇ ਮੁਤਅੱਲਕ ਤਾਂ ਜਵਾਬ ਸ਼੍ਰੀ ਹੰਸ ਰਾਜ ਸ਼ਰਮਾ ਜੋ ਹੈਲਥ ਡਿਪਾਰਟਮੈਂਟ ਦੇ ਇਨਚਾਰਜ ਹਨ ਉਹੀ ਦੇ ਸਕਦੇ ਹਨ। ਬਾਕੀ ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦਸ ਚੁਕਾ ਹਾਂ ਕਿ ਇਹ ਜੋ 25 % ਸਬਸਿਡੀ ਵਾਲਾ ਸੌਆਇਲ ਕੰਜ਼ਰਵੇਸ਼ਨ ਵਾਲਾ ਕੰਮ ਪਹਿਲਾਂ ਚਲ ਰਿਹਾ ਸੀ ਇਹ ਜੋ ਸਾਹਮਣੇ ਬੈਠੇ ਸੱਜਣ ਹਨ ਇਨ੍ਹਾਂ ਦੀ ਕਿਰਪਾ ਨਾਲ ਪਿਛਲੇ ਪੰਜਾਂ ਸਾਲਾਂ ਤੋਂ ਇਹ ਕੰਮ ਬੰਦ ਹੋ ਗਿਆ ਸੀ ਅਤੇ ਕਿਸਾਨਾਂ ਨੂੰ ਕਿਹਾ ਗਿਆ ਕਿ ਉਹ ਲੈਂਡ ਮਾਰਟਗੇਜ ਬੈਂਕ ਵਿਚ ਜਾਣ। ਹੁਣ ਇਸ ਸਰਕਾਰ ਨੇ ਫਿਰ ਡਿਪਾਰਟਮੈਂਟ ਨੂੰ ਕਿਹਾ ਹੈ ਕਿ ਦੁਬਾਰਾ ਇਸ ਤੇ ਗੌਰ ਕੀਤਾ ਜਾਵੇ। ਇਨ੍ਹਾਂ ਹਾਲੇ ਸਾਨੂੰ ਦੋ ਬਲਾਕ ਹੀ ਰਿਕਮੈਂਡ ਕੀਤੇ ਹਨ ਅਤੇ ਅੱਗੇ ਵਾਸਤੇ ਵੀ ਵਿਚਾਰ ਕਰਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ 25 % ਸਬਸਿਡੀ ਦਿਤੀ ਹੈ, ਜਿਹੜੇ ਕਿਸਾਨ ਨੇ ਪੰਜਾਬ ਦਾ ਸਿਰ ਹਿੰਦੁਸਤਾਨ ਦੇ ਵਿਚ ਉਚਾ ਕੀਤਾ ਹੈ ਅਨਾਜ ਦੇ ਮਾਮਲੇ ਵਿਚ, ਕੀ ਉਹ ਸਾਰੀ ਦੀ ਸਾਰੀ ਗਰਾਂਟ ਦੇ ਕੇ ਉਸ ਦੇ ਖਾਲੇ ਪੱਕੇ ਕਰਨ ਦਾ ਪ੍ਰਬੰਧ ਕਰਨਗੇ ?

**ਉਪ ਮੰਤਰੀ** : ਮੈਂ ਮਹਿਸੂਸ ਕਰਦਾ ਹਾਂ ਅਤੇ ਮੈਨੂੰ ਬੜੀ ਖੁਸ਼ੀ ਹੈ ਕਿ ਪੰਜਾਬ ਦੇ ਕਿਸਾਨ ਨੇ ਸਾਰੇ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਦੇ ਵਿਚ ਪੰਜਾਬ ਦਾ ਨਾਮ ਉਚਾ ਕੀਤਾ ਹੈ, ਅਨਾਜ ਦੇ ਮਾਮਲੇ ਵਿਚ। ਪਰ ਮੈਨੂੰ ਅਫਸੋਸ ਵੀ ਜ਼ਾਹਿਰ ਕਰਨਾ ਪੈਂਦਾ ਹੈ ਕਿ ਤੁਸੀਂ 5 ਸਾਲਾਂ ਵਿਚ ਜਿਹੜੀ ਉਨ੍ਹਾਂ ਦੀ ਸਬਸਿਡੀ ਬੰਦ ਕਰ ਦਿੱਤੀ ਸੀ ਉਸ ਨੂੰ ਗਿਆਨੀ ਜੀ ਦੀ ਸਰਕਾਰ ਹੁਣ ਫਿਰ ਖੋਲ੍ਹਣ ਲੱਗੀ ਹੈ। (ਪ੍ਰਸ਼ੰਸਾ)

**ਸਰਦਾਰ ਗੁਰਚਰਨ ਸਿੰਘ (ਨਿਹਾਲ ਸਿੰਘ ਵਾਲਾ)** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਇਲ ਕਨਜ਼ਰਵੇਸ਼ਨ ਦਾ ਦਫਤਰ ਮੋਗੇ ਤੋਂ ਜ਼ੀਰੇ ਲੈ ਗਏ ਹਨ, ਇਸ ਦਾ ਕੀ ਕਾਰਨ ਹੈ?

**ਉਪ ਮੰਤਰੀ** : ਇਹ ਸਵਾਲ ਵਿਚੋਂ ਨਹੀਂ ਉਠਦਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਸਕੀਮ ਦੇ ਤਹਿਤ ਇਨ੍ਹਾਂ ਨੇ ਦੋ ਹੋਰ ਬਲਾਕ ਲਏ ਹਨ। ਇਸ ਤੋਂ ਇਲਾਵਾ ਹੋਰ ਵੀ ਪੱਛੜੇ ਹੋਏ ਇਲਾਕੇ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਕੋ ਟਾਈਮ ਹੀ ਸਾਰੇ ਕਿਉਂ ਨਹੀਂ ਕਰ ਲੈਂਦੇ?

**ਸ੍ਰੀ ਸਪੀਕਰ** : ਇਹ ਰੇਪੀਟੀਸ਼ਨ ਹੈ। (ਵਿਘਨ) ਇਹ ਦੋ ਬਾਰ ਹੋ ਚੁਕਾ ਹੈ। (It is a repetition. This information has already been asked for twice)

**ਉਪ ਮੰਤਰੀ** : ਮੈਂ ਤਾਂ ਦੱਸਿਆ ਹੈ ਕਿ ਇਨ੍ਹਾਂ ਨੇ ਵਿਤਕਰਾ ਕੀਤਾ ਸੀ ਅਤੇ ਅਸੀਂ ਉਸ ਨੂੰ ਦੂਰ ਕਰ ਰਹੇ ਹਾਂ।

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਹੋਰ ਏਰੀਆਜ਼ ਹਨ ਜਿਨ੍ਹਾਂ ਦੀ ਹਾਲਤ ਸਰੋਆਂ ਅਤੇ ਨੂਰਪੁਰ ਜਿਹੀ ਹੈ ਜਾਂ ਉਨ੍ਹਾਂ ਤੋਂ ਵੀ ਮਾੜੀ ਹੈ, ਇਸ ਲਈ ਜੇ ਉਹ ਅਪਲਾਈ ਕਰਨ ਤਾਂ ਕੀ ਮਨਿਸਟਰ ਸਾਹਿਬ ਉਨ੍ਹਾਂ ਨੂੰ ਸਬਸਿਡੀ ਦੇਣ ਲਈ ਕੋਈ ਵਿਚਾਰ ਕਰਨਗੇ?

**ਉਪ ਮੰਤਰੀ** : ਵਿਚਾਰ ਕਰਾਂਗੇ।

**Rates for grinding charged by Flour Mills.**

*1022. 1. **Comrade Dana Ram.**
2. **Comrade Satya Pal Dang** } : Will the Minister of State for Food and Supplies be pleased to state—

(a) the rate of grinding wheat per quintal, which the Flour Mills in the State are allowed to charge as at present;

(b) the date since when this rate has been in force ;

(c) the date when it was last increased and the reasons therefor ?

Original with;
Punjab Vidhan Sabha
Digitized by;
Panjab Digital Library

**Shri Gian Chand Kharbanda** : (a) Rs 5.00 per quintal including Rs 0.25 on account of cost of extra bag issued by millers with every 9 quirtals of wheat;

(b) the 1st January, 1971.

(c) 1st January, 1971—Grinding margin was increased keeping in view the increase in the price of gunnies, wages and cost of production;

[(ੲ) ਰੁਪਏ 5 ਪ੍ਰਤੀ ਕੁਇੰਟਲ (ਇਸ ਵਿਚ ਰੁਪਏ 0.25 ਖਾਲੀ ਬੋਰੀ ਦੀ ਕੀਮਤ ਵੀ ਸ਼ਾਮਲ ਹੈ ਜੋ ਕਿ ਮਿਲ ਵਾਲੇ ਹਰ 9 ਕੁਇੰਟਲ ਕਣਕ ਪੀਸ ਕੇ ਕਣਕ ਆਟਾ ਭਰਦੇ ਹਨ)।

(ਬ) 1 ਜਨਵਰੀ, 1971

(ਸੀ) 1 ਜਨਵਰੀ, 1971 ਕਣਕ ਆਟੇ ਦੀ ਪਿਸਾਈ ਦੇ ਮਾਰਜਿਨ ਵਿਚ ਬੋਰੀ ਦੀ ਕੀਮਤ ਕਰਮਚਾਰੀਆਂ ਦੀ ਤਨਖਾਹ ਅਤੇ ਕਣਕ ਆਟਾ ਤਿਆਰ ਕਰਨ ਲਈ ਵਾਧੂ ਖਰਚਿਆਂ ਨੂੰ ਮੁਖ ਰਖਦੇ ਹੋਏ, ਵਾਧਾ ਕੀਤਾ ਗਿਆ ਸੀ।]

**ਕਾਮਰੇਡ ਸੱਤ ਪਾਲ ਡਾਂਗ** : ਆਟਾ ਪੀਹਣ ਵਾਲੀਆਂ ਚੱਕੀਆਂ ਨੂੰ ਇਹ ਰੇਟ ਘੱਟ ਦਿੰਦੇ ਹਨ ਅਤੇ ਮਿੱਲਾਂ ਵਾਲਿਆਂ ਨੂੰ ਇਹ ਰੇਟ ਜ਼ਿਆਦਾ ਦਿੰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਿੱਲਾਂ ਵਾਲਿਆਂ ਤੇ ਇਹ ਸਰਕਾਰ ਐਨੀ ਮਿਹਰਬਾਨ ਕਿਉਂ ਹੈ ?

**ਰਾਜ ਮੰਤਰੀ** : ਇਹ ਫੈਸਲਾ 1 ਜਨਵਰੀ, 1971 ਨੂੰ ਹੋਇਆ ਸੀ। ਸਾਡੇ ਤੋਂ ਪਹਿਲਾਂ ਚੱਕੀ ਦਾ ਰੇਟ 4 ਰੁਪਏ 35 ਪੈਸੇ ਸੀ ਔਰ 4 ਰੁਪਏ 35 ਪੈਸੇ ਉਨ੍ਹਾਂ ਨਾਲ ਸੈਟਲ ਕੀਤਾ ਗਿਆ। ਪਰ ਮਿੱਲ ਵਾਲਿਆਂ ਦਾ ਰੇਟ 5 ਰੁਪਏ ਹੈ।

**ਕਾਮਰੇਡ ਸੱਤ ਪਾਲ ਡਾਂਗ** : ਕੀ ਵਜ਼ੀਰ ਸਾਹਿਬ ਇਹ ਗੱਲ ਦੱਸਣ ਦੀ ਖੇਚਲ ਗਰਨਗੇ ਕਿ ਹਿੰਦੁਸਤਾਨ ਦੀ ਸਰਕਾਰ ਦੇ ਨਾਲ 5 ਰੁਪਏ ਕੁਇੰਟਲ ਭਾਅ ਰਖਿਆ ਹੋਇਆ ਹੈ। ਇਹ ਉਨ੍ਹਾਂ ਨੂੰ ਕਹਿਣ ਕਿ ਚੱਕੀਆਂ ਵਾਲਿਆਂ ਦੇ ਰੇਟ ਵਧਾਉਣ ਅਤੇ ਮਿੱਲਾਂ ਵਾਲਿਆਂ ਦੇ ਰੇਟ ਘਟਾਉਣ ਤਾਂਕਿ ਕੰਜ਼ਿਊਮਰ ਨੂੰ ਕੁਝ ਰਿਲੀਫ ਮਿਲੇ ?

**ਰਾਜ ਮੰਤਰੀ** : ਭਾਰਤ ਸਰਕਾਰ ਨੇ 6 ਰੁਪਏ ਕੀਤਾ ਸੀ ਅਤੇ ਪੰਜਾਬ ਸਰਕਾਰ ਨੇ 5 ਰੁਪਏ ਕੀਤਾ ਹੈ। ਉਸ ਦੇ ਬਾਅਦ ਸਾਨੂੰ ਇਸ ਗੱਲ ਦੀ ਲੋੜ ਨਹੀਂ। ਸਾਡੇ ਜਿੱਥੇ ਬਿਜਲੀ ਦੀ ਕਮੀ ਕਰਕੇ ਕਿੱਲਤ ਪੈਦਾ ਹੋਈ ਹੈ ਉਥੇ ਅਸੀਂ ਚੱਕੀਆਂ ਦੇ ਨਾਲ ਆਪਣਾ ਇੰਤਜ਼ਾਮ ਕੀਤਾ ਹੈ ਤਾਂਕਿ ਆਟੇ ਦੀ ਕੋਈ ਸ਼ਿਕਾਇਤ ਨਾ ਹੋਵੇ।

**ਸ਼੍ਰੀ ਸਪੀਕਰ** : ਜਿਹੜੀਆਂ ਮਿੱਲਾਂ ਆਟਾ ਪੀਸਦੀਆਂ ਹਨ, ਉਹ ਗਿੱਲਾ ਕਰਕੇ ਪਿਸਦੀਆਂ ਹਨ ਪਰ ਚੱਕੀਆਂ ਵਾਲਿਆਂ ਦਾ ਤਾਂ ਘੱਟ ਜਾਂਦਾ ਹੈ ਪਰ ਇਸ ਦੇ ਉਲਟ ਜਿਨ੍ਹਾਂ ਦਾ ਵਜ਼ਨ ਵੱਧ ਹੁੰਦਾ ਹੈ ਉਨ੍ਹਾਂ ਨੂੰ ਰੇਟ ਵੀ ਵਧ ਦਿੱਤਾ ਜਾਂਦਾ ਹੈ, ਇਸ ਲਈ ਇਸ ਨੂੰ ਘਟਾਉਣਾ ਚਾਹੀਦਾ ਹੈ। (The mills grind the grain after wetting it, The Chakkis do lose during the grinding process Despite this the mills are allowed to charge higher rates than the Chakkis. The flour mills should be allowed lower rates.)

**ਕਾਮਰੇਡ ਸੱਤ ਪਾਲ ਡਾਂਗ** : ਮਿੱਲ ਵਾਲਿਆਂ ਨਾਲ ਇਨ੍ਹਾਂ ਦੀ ਯਾਰੀ ਹੈ ਤਾਂ ਹੀ ਉਨ੍ਹਾਂ ਨੂੰ ਵੱਧ ਰੇਟ ਦਿੰਦੇ ਹਨ ਅਤੇ ਚੱਕੀ ਵਾਲਿਆਂ ਨੂੰ ਘੱਟ ਰੇਟ ਦਿੰਦੇ ਹਨ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਮੈਂ ਡਾਂਗ ਸਾਹਿਬ ਨੂੰ ਅਰਜ਼ ਕਰ ਦਿਆਂ ਕਿ ਯਾਰੀ ਤਾਂ ਕਿਸੇ ਹੋਰ ਦੀ ਗਵਰਨਰ ਵੇਲੇ ਸੀ ਪਰ ਇਸ ਗੌਰਮਿੰਟ ਦੀ ਕਿਸੇ ਨਾਲ ਕੋਈ ਯਾਰੀ ਨਹੀਂ ਹੈ। ਇਸ ਦੇ ਬਾਅਦ ਮਿੱਲ ਵਾਲਿਆਂ ਨੇ ਰੀਪਰੀਜ਼ੈਂਟ ਕੀਤਾ ਕਿ ਸਾਡਾ ਰੇਟ ਮਹਿੰਗਾਈ ਹੋਣ ਕਰਕੇ ਵਧਾਇਆ ਜਾਵੇ ਪਰ ਇਸ ਸਰਕਾਰ ਨੇ ਉਨ੍ਹਾਂ ਦੀ ਰੀਪਰੀਜ਼ੈਂਟੇਸ਼ਨ ਨਹੀਂ ਮੰਨੀ।

**ਸਰਦਾਰ ਜਸਵਿੰਦਰ ਸਿੰਘ ਬਰਾੜ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇਹ ਸਰਕਾਰ ਸੋਸ਼ਲਿਜ਼ਮ ਲਿਆਉਣ ਦੀ ਗੱਲ ਕਰਦੀ ਹੈ ਅਤੇ ਗਰੀਬੀ ਦੂਰ ਕਰਨ ਦੀ ਗੱਲ ਕਰਦੀ ਹੈ ਪਰ ਦੂਜੇ ਪਾਸੇ ਚੱਕੀਆਂ ਵਾਲਿਆਂ ਨੂੰ ਘੱਟ ਰੇਟ ਦਿੰਦੀ ਹੈ ਅਤੇ ਮਿੱਲਾਂ ਵਾਲਿਆਂ ਨੂੰ ਜ਼ਿਆਦਾ ਰੇਟ ਦਿੰਦੀ ਹੈ, ਇਸ ਲਈ ਇਹ ਵਿਤਕਰਾ ਕਿਉਂ ?

**ਰਾਜ ਮੰਤਰੀ :** ਵਿਤਕਰੇ ਦਾ ਸਵਾਲ ਪੈਦਾ ਨਹੀਂ ਹੁੰਦਾ। ਕੇਂਦਰ ਦੀ ਸਰਕਾਰ ਨੇ 6 ਰੁਪਏ ਕੀਤਾ ਸੀ ਪਰ ਸਾਡੀ ਪੰਜਾਬ ਸਰਕਾਰ ਨੇ 5 ਰੁਪਏ ਕਰ ਦਿਤਾ। ਉਸ ਦੇ ਬਾਅਦ ਜਿਸ ਵੇਲੇ ਬਿਜਲੀ ਦਾ ਸੰਕਟ ਆਇਆ ਤਾਂ ਸਾਨੂੰ ਇਸ ਗੱਲ ਦੀ ਲੋੜ ਪਈ ਕਿ ਅਸੀਂ ਚੱਕੀਆਂ ਤੋਂ ਆਟਾ ਪਿਹਾਈਏ। ਅਸੀਂ ਮਿੱਲ ਵਾਲਿਆਂ ਦੇ ਕੋਈ ਬੰਨ੍ਹੇ ਨਹੀਂ ਸੀ ਹੋਏ। ਫਿਰ ਜ਼ਿਲ੍ਹਾ ਫੂਡ ਕੰਟਰੋਲਰ ਨੂੰ ਕਿਹਾ ਕਿ ਜਿਸ ਭਾਅ ਹੁੰਦਾ ਹੈ ਕਰ ਲੈਣ।

**ਕਾਮਰੇਡ ਸੱਤ ਪਾਲ ਡਾਂਗ :** ਇਸ ਗਲ ਦੀ ਰੋਸ਼ਨੀ ਵਿਚ ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਮੈਦੇ ਦੀ ਕਿੱਲਤ ਪੈਦਾ ਕਰਨ ਲਈ ਇਕ ਮਿੱਲ ਵਾਲਿਆਂ ਨੇ ਮਿੱਲ ਨੂੰ ਅੱਗ ਲਾ ਲਈ। ਇਸ ਲਈ ਕੀ ਇਨ੍ਹਾਂ ਨੂੰ ਸਰਕਾਰੀ ਕਰਨ ਲਈ ਇਹ ਹਿੰਦ ਸਰਕਾਰ ਨੂੰ ਸਿਫ਼ਾਰਸ਼ ਕਰਨਗੇ ?

**ਰਾਜ ਮੰਤਰੀ :** ਇਹ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ ਪਰ ਇਸ ਦਾ ਪਤਾ ਇਨ੍ਹਾਂ ਨੂੰ ਜ਼ਿਆਦਾ ਹੋਣਾ ਚਾਹੀਦਾ ਹੈ ਕਿ ਅੱਗ ਲੱਗੀ ਜਾਂ ਨਹੀਂ ਜਾਂ ਜਾਣ ਬੁੱਝਕੇ ਲਗਾਈ ਗਈ। ਇਹ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ, ਕਿਉਂਕਿ ਇਹ ਉਨ੍ਹਾਂ ਦਾ ਹਲਕਾ ਹੈ। ਜੇ ਅੱਗ ਲਾਈ ਹੈ ਤਾਂ ਉਨ੍ਹਾਂ ਨੂੰ ਪਤਾ ਹੋਣਾ ਹੈ। ਇਸ ਵਾਸਤੇ ਜਿਥੋਂ ਤੱਕ ਸਾਡਾ ਤੁਅੱਲਕ ਹੈ ਅਸੀਂ ਆਟੇ ਦੀ ਕਿੱਲਤ ਨਹੀਂ ਪੈਦਾ ਹੋਣ ਦਿਤੀ। ਬਾਵਜੂਦ ਉਸ ਮਿੱਲ ਨੂੰ ਅੱਗ ਲਗਣ ਦੇ ਆਟਾ ਪੂਰਾ ਦਿਤਾ ਜਾ ਰਿਹਾ ਹੈ।

## Starred Question No. *1363

**ਸ੍ਰੀ ਸਪੀਕਰ :** ਸਟਾਰਡ ਸਵਾਲ ਨੰ: 1363 ਵਿਚ ਐਕਸਟੈਨਸ਼ਨ ਮੰਗੀ ਗਈ ਹੈ।

(Extension has been asked for in respect of Starred Question No. 1363)

**Acharya Prithvi Singh Azad:** This is a very simple question and Govt. can give a reply.

**ਸਰਦਾਰ ਜਸਵਿੰਦਰ ਸਿੰਘ ਬਰਾੜ :** ਸਪੀਕਰ ਸਾਹਿਬ, ਕੋਇਲੇ ਦੀ ਬੜੀ ਵੱਡੀ ਗੱਲ ਹੈ। ਇਸ ਦਾ ਜਵਾਬ ਹੁਣੇ ਆਉਣਾ ਚਾਹੀਦਾ ਹੈ। (ਵਿਘਨ) (ਸ਼ੋਰ)

**ਸ੍ਰੀ ਗੁਰਦਿਆਲ ਸੈਣੀ :** ਇਸ ਕੁਐਸ਼ਚਨ ਨੂੰ ਲੰਬਾ ਪਾਉਣ ਦੀ ਲੋੜ ਕਿਉਂ ਪਈ ? (ਵਿਘਨ) (ਸ਼ੋਰ)

**ਸਰਦਾਰ ਜਸਵਿੰਦਰ ਸਿੰਘ ਬਰਾੜ :** ਸਪੀਕਰ ਸਾਹਿਬ, ਗੱਡੀਆਂ ਦੀਆਂ ਗੱਡੀਆਂ ਇਕ ਇਕ ਬੰਦਾ ਰੱਖੀ ਬੈਠਾ ਹੈ। (ਵਿਘਨ) (ਸ਼ੋਰ) ਸਟਾਕ ਦੀਆਂ ਰਸੀਦਾਂ ਮੇਰੇ ਪਾਸ ਹਨ। (ਵਿਘਨ) ਕੋਇਲਾ ਦੂਜੇ ਭੱਠੇ ਵਾਲਿਆਂ ਨੂੰ ਨਹੀਂ ਦਿੱਤਾ ਜਾ ਰਿਹਾ। (ਸ਼ੋਰ)

---

*For Starred Question No, 1363 and reply thereto please see Punjab Vidhan Sabha Debate dated the 15th March, 1973 (Afternoon Sitting)

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਜ਼ਿਲ੍ਹਾਵਾਰ ਇਨਫਰਮੇਸ਼ਨ ਮੰਗੀ ਹੈ ਦੋ ਤਿੰਨ ਦਿਨਾਂ ਵਿਚ ਆ ਜਾਵੇਗੀ। (ਵਿਘਨ) (ਸ਼ੋਰ)

ਸਰਦਾਰ ਜਸਵਿੰਦਰ ਸਿੰਘ ਬਰਾੜ : ਭੱਠੇ ਵਾਲਿਆਂ ਨੂੰ ਨਹੀਂ ਦਿਤਾ ਜਾ ਰਿਹਾ। (ਵਿਘਨ) (ਸ਼ੋਰ) ਫਰੀਦਕੋਟ ਜਮ੍ਹਾਂ ਕੀਤਾ ਹੋਇਆ ਹੈ। (ਵਿਘਨ) ਇਨ੍ਹਾਂ ਨੂੰ ਕਿਹਾ ਸੀ ਪਰ ਇਹ ਕਹਿੰਦੇ ਹਨ ਕਿ ਅਸੀਂ ਮਜ਼ਬੂਰ ਹਾਂ (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਕੋ ਆਨਰੇਬਲ ਮੈਂਬਰ ਸਾਰੇ ਜ਼ਿਲੇ ਦਾ ਕੋਲਾ ਖਾ ਜਾਵੇ (ਵਿਘਨ)(ਸ਼ੋਰ) ਮੇਰੇ ਕੋਲ ਰਸੀਦਾਂ ਹਨ। ਅਬੋਹਰ ਦਾ ਇਕ ਇਜ਼ਾਰੇਦਾਰ ਰੱਖੀ ਬੈਠਾ ਹੈ। (ਵਿਘਨ) ਉਹ ਇਸ ਹਾਊਸ ਦਾ ਮੈਂਬਰ ਹੈ। (ਵਿਘਨ) (ਸ਼ੋਰ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਨੇ ਐਫ. ਸੀ. ਨੂੰ ਟੈਲੀਫੋਨ ਕੀਤਾ ਸੀ ਕਿ ਇਕੱਲੇ ਇਸ ਨੂੰ ਦਿੱਤਾ ਜਾਵੇ ਅਤੇ ਹੋਰਨਾਂ ਨੂੰ ਨਾ ਦਿੱਤਾ ਜਾਵੇ।

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ)

Mr. Speaker. Please resume your seat.

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ that should not form part of the proceedings. (Whatever the hon. Member is saying should not form part of the proceedings) (ਵਿਘਨ)

ਸ਼੍ਰੀ ਸਪੀਕਰ : ਇਸ ਦਾ ਜਵਾਬ ਚਾਰ ਪੰਜ ਦਿਨਾਂ ਵਿਚ ਆ ਜਾਵੇਗਾ। (Its reply will come within four or five days)

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ that should not form part of the proceedings (Whatever the hon. Member is saying should not form part of the proceedings.)

---

**Removal of certain Municipal Commissioners recommended by the Executive Officer Municipal Committee, Rampura Phul, district Bhatinda**

***1084. 1. Comrade Dana Ram**
**2. Comrade Satya Pal Dang,** } : Will the Minister of State for Local Government and Jails be pleased to state—

(a) whether the Executive Officer, Municipal Committee, Rampura Phul, district Bhatinda recommended to the Government during the second half of 1972, removal of some Municipal Commissioners; if so, the names of such Municipal Commissioners and the reasons for the recommendation in each case ;

(b) the action, if any, taken by the Government on the said recommendation?

**Shri Joginder Pal Pandey**: (a) Yes, only Shri Brij Lal, Municipal Commissioner, Rampura Phul was recommended for removal on account of his conviction by the Judicial Magistrate, Ambala, under section 9 of Opium Act.

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

(b) The matter is *sub judice*, as Shri Brij Lal has filed an appeal against his conviction in the Court of Sessions Judge, Ambala.

[(ੳ) ਹਾਂ ਜੀ, ਸਿਰਫ ਸ਼੍ਰੀ ਬ੍ਰਿਜ ਲਾਲ, ਮਿਊਂਸਪਲ ਕਮਿਸ਼ਨਰ, ਰਾਮਪੁਰਾ ਫੂਲ ਨੂੰ ਮੈਂਬਰੀ ਤੋਂ ਹਟਾਉਣ ਲਈ ਸਿਫਾਰਸ਼ ਕੀਤੀ ਸੀ ਕਿਉਂਕਿ ਉਸ ਨੂੰ ਜੁਡੀਸ਼ਲ ਮੈਜਿਸਟਰੇਟ, ਅੰਬਾਲਾ ਨੇ ਅਧੀਨ ਦਫਾ 9 ਆਫ ਅਫੀਮ ਐਕਟ, ਸਜ਼ਾ ਦਿੱਤੀ।

(ਅ) ਮਾਮਲਾ ਸਬ-ਜੁਡੀਸ਼ੀਅਲ ਹੈ ਕਿਉਂਕਿ ਸ਼੍ਰੀ ਬ੍ਰਿਜ ਲਾਲ ਨੇ ਆਪਣੀ ਸਜ਼ਾ ਦੇ ਵਿਰੁਧ ਸੈਸ਼ਨ ਜੱਜ, ਅੰਬਾਲਾ ਦੀ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੋਈ ਹੈ ]

---

**Chairmen of Improvement Trusts appointed in 1972-73**

*1204. **Sardar Dhana Singh Gulshan:** Will the Minister of State for Local Government and Jails be pleased to state —

(a) whether some appointments as Chairmen of the new Improvement Trusts have been made during the year 1972-73 ;

(b) if the reply to part (a) above be in the affirmative, the number, names and addresses of the Chairmen out of those referred to in part (a) who belong to the Scheduled Castes and Backward Classes ;

(c) the amount of salary and allowances fixed to be paid monthly to the Chairmen of the said Trusts mentioned in part (a) above ;

(d) the details of facilities, such as residential accommodation, electricity, water and servants, if any, provided to them?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : (ੳ) ਹਾਂ ਜੀ।

(ਅ) 7 ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਸ਼੍ਰੀ ਰਾਮ ਲੁਭਾਇਆ, ਕੋਠੀ ਨੰ: 327, ਸੈਕਟਰ 21 ਚੰਡੀਗੜ੍ਹ ਅਨੁਸੂਚਿਤ ਜਾਤੀ ਨਾਲ ਸਬੰਧ ਰਖਦਾ ਹੈ।

(ੲ) 6 ਨੂੰ ਰੁਪਏ 1,000 ਪ੍ਰਤੀ ਮਹੀਨਾ ਅਤੇ ਹੋਰ ਸਰਕਾਰੀ ਦਰ ਤੇ ਭੱਤੇ ਦਿਤੇ ਜਾਣਗੇ। 7 ਵਾਂ ਡਿਪਟੀ ਕਮਿਸ਼ਨਰ ਚੇਅਰਮੈਨ ਹੈ।

(ਸ) ਉਨ੍ਹਾਂ ਨੂੰ ਟਰਸਟ ਵਲੋਂ ਰਿਹਾਇਸ਼ੀ ਜਗ੍ਹਾ ਦਿਤੀ ਜਾਏਗੀ, ਨਹੀਂ ਤਾਂ ਇਸ ਦੇ ਬਦਲੇ ਮਕਾਨ ਭੱਤਾ ਦਿਤਾ ਜਾਵੇਗਾ। ਉਨ੍ਹਾਂ ਨੂੰ ਬਿਜਲੀ, ਪਾਣੀ ਅਤੇ ਨੌਕਰ ਆਦਿ ਦੀ ਰਿਆਇਤ ਨਹੀਂ ਦਿਤੀ ਜਾਂਦੀ ਹੈ।]

**ਸਰਦਾਰ ਧੰਨਾ ਸਿੰਘ ਗੁਲਸ਼ਨ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਲੋਕਾਂ ਦੀਆਂ ਚੁਣੀਆਂ ਹੋਈਆਂ ਨਗਰਪਾਲਕਾਵਾਂ ਕੰਮ ਕਰਦੀਆਂ ਹਨ ਤਾਂ ਫਿਰ ਇਹ ਇਮਪਰੂਵਮੈਂਟ ਟਰਸਟਸ ਬਣਾਉਣ ਦੀ ਕੀ ਲੋੜ ਪਈ ? ਕੀ ਇਹ ਸੱਚ ਨਹੀਂ ਕਿ ਪੋਲੀਟੀਕਲ ਤੌਰ ਤੇ ਸਰਕਾਰ ਦੇ ਨਜ਼ਦੀਕੀਆਂ ਨੂੰ ਅਤੇ ਉਨ੍ਹਾਂ ਦੇ ਵਰਕਰਾਂ ਨੂੰ ਧੰਦਾ ਦੇਣ ਲਈ ਇਹ ਕੀਤਾ ਜਾ ਰਿਹਾ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਦੇ ਸਵਾਲ ਵਿਚੋਂ ਇਹ ਸਪਲੀਮੈਂਟਰੀ ਪੈਦਾ ਨਹੀਂ ਹੁੰਦਾ। ਇਹ ਗਲ ਬਿਲਕੁਲ *** ਹੈ ਕਿ ਪੋਲੀਟੀਕਲ ਤੌਰ ਤੇ ਕਿਸੇ ਨੂੰ ਫਾਇਦਾ ਦੇਣ ਲਈ ਇਹ ਸਿਲਸਿਲਾ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਸਾਰੇ ਹਿੰਦੁਸਤਾਨ ਨਾਲ ਮਿਲਾਉਣ ਲਈ ਇਮਪਰੂਵਮੈਂਟ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਦੇ ਮਾਮਲੇ ਵਿਚ ਇਨ੍ਹਾਂ ਇਮਪਰੂਵਮੈਂਟਾਂ ਟਰਸਟ ਦੀ ਲੋੜ ਪਈ ਅਤੇ ਇਸ ਲੋੜ ਨੂੰ ਮੁਖ ਰਖਦੇ ਹੋਏ ਇਹ ਕੀਤਾ ਜਾ ਰਿਹਾ ਹੈ।

**ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ :** ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਇਹ ਛੇ ਇਮਪਰੂਵਮੈਂਟ ਟਰੱਸਟਸ ਦੇ ਜਿਹੜੇ ਚੇਅਰਮੈਨ ਲਗਾਏ ਹਨ, ਉਹ ਕੌਣ ਕੌਣ ਹਨ ਅਤੇ ਉਨ੍ਹਾਂ ਦੀ ਕੀ ਕੀ ਕੁਆਲੀਫੀਕੇਸ਼ਨ ਹੈ ?

**ਇਕ ਅਵਾਜ਼ :** ਸਪੀਕਰ ਸਾਹਿਬ ਇਹ* ਸ਼ਬਦ ਐਕਸਪੰਜ ਕਰਵਾਓ ਜੀ। (ਵਿਘਨ)

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਆਜ਼ਾਦ ਸਾਹਿਬ ਦੇ ਸਵਾਲ ਦਾ ਜਵਾਬ ਦੇ ਦਿਆਂਗਾ ਅਗਰ ਇਹ ਮੈਨੂੰ ਇਸ਼ ਦੇ ਬਾਰੇ ਨੋਟਿਸ ਦੇ ਦੇਣ। ਜੇ ਇਹ ਐਡਰੈਸ ਵੀ ਉਨ੍ਹਾਂ ਬੰਦਿਆਂ ਦਾ ਕਹਿਣਗੇ ਤਾਂ ਮੈਂ ਐਡਰੈਸ ਵੀ ਦੇ ਦਿਆਂਗਾ ਜੇ ਚਾਹੁਣਗੇ ਤਾਂ ਸਰਟੀਫਿਕੇਟ ਵੀ ਦੇ ਦਿਆਂਗਾ। (ਵਿਘਨ)

**ਸ੍ਰੀ ਸਪੀਕਰ :** ***ਸ਼ਬਦ ਐਕਸਪੰਜ ਕਰ ਦਿਤਾ ਜਾਵੇ। (The word **may be expunged).

**ਸਰਦਾਰ ਜਸਵਿੰਦਰ ਸਿੰਘ ਬਰਾੜ :** ਮੈਂ ਵਜ਼ੀਰ ਸਾਹਿਬ ਨੂੰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਹ ਜੋ ਚੇਅਰਮੈਨ ਲਗਾਏ ਗਏ ਹਨ ਉਨ੍ਹਾਂ ਦੀ ਕੀ ਕੁਆਲੀਫੀਕੇਸ਼ਨ ਦੇਖ ਕੇ ਉਨ੍ਹਾਂ ਨੂੰ ਲਾਇਆ ਗਿਆ ਹੈ ? ਆਇਆ ਪੋਲੀਟੀਕਲ ਐਕਸਪਲਾਇਟੇਸ਼ਨ ਲਈ ਇਹ ਸਾਰਾ ਕੁਝ ਕੀਤਾ ਜਾ ਰਿਹਾ ਹੈ ? (ਵਿਘਨ)

**ਰਾਜ ਮੰਤਰੀ :** ਸਪੀਕਰ ਸਾਹਿਬ, ਕੁਆਲੀਫੀਕੇਸ਼ਨ ਦੇ ਬਾਰੇ ਇਹ ਨੋਟਿਸ ਦੇਣ ਅਸੀਂ ਇਨ੍ਹਾਂ ਨੂੰ ਦੱਸ ਦਿਆਂਗੇ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਹਾਊਸਿੰਗ ਬੋਰਡ ਐਕਟ ਵਿਚ ਇਹ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਇਮਪਰੂਵਮੈਂਟ ਟਰੱਸਟ ਜਿਹੜੇ ਪਹਿਲੇ ਹਨ ਉਨ੍ਹਾਂ ਨੂੰ ਖਤਮ ਕੀਤਾ ਜਾ ਰਿਹਾ ਹੈ ਕਿਉਂਕਿ ਹਾਊਸਿੰਗ ਬੋਰਡ ਸਾਰੀਆਂ ਐਕਟਿਵਿਟੀਜ਼ ਕਰੇਗਾ ਅਤੇ ਦੂਜੇ ਪਾਸੇ ਇਹ ਨਵੇਂ ਇਮਪਰੂਵਮੈਂਟ ਟਰੱਸਟ ਬਣਾਉਣ ਦੀ ਲੋੜ ਕਿਉਂ ਹੋਈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਹਾਊਸਿੰਗ ਬੋਰਡ ਦਾ ਅਲੱਗ ਕੁਅੱਸ਼ਚਨ ਹੈ। ਅਗਰ ਉਸ ਦੇ ਬਾਰੇ ਕੋਈ ਇਨ੍ਹਾਂ ਨੇ ਪੁਛਣਾ ਹੈ ਤਾਂ ਸਾਨੂੰ ਨੋਟਿਸ ਦੇ ਦੇਣ ਅਸੀਂ ਜਵਾਬ ਦੇ ਦਿਆਂਗੇ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਦੱਸ ਦਿਉ ਕਿ ਹਾਊਸਿੰਗ ਬੋਰਡ ਦੇ ਅਤੇ ਇਮਪਰੂਵਮੈਂਟ ਟਰੱਸਟ ਦੇ ਇਕੋ ਫੰਕਸ਼ਨਜ਼ ਹਨ। ਹਾਊਸਿੰਗ ਬੋਰਡ ਐਕਟ ਵਿਚ ਇਹ ਲਿਖਿਆ ਹੋਇਆ ਹੈ ਕਿ ਇਮਪਰੂਵਮੈਂਟ ਟਰੱਸਟਾਂ ਨੂੰ ਖਤਮ ਕੀਤਾ ਜਾਵੇਗਾ। ਮੈਂ ਇਹ ਪੁਛਿਆ ਹੈ ਕਿ ਹੁਣ ਨਵੇਂ ਬਣਾਉਣ ਦੀ ਕੀ ਲੋੜ ਪੈ ਗਈ ? ਜੇ ਇਨ੍ਹਾਂ ਨੂੰ ਇਹ ਗਲ ਸਮਝ ਨਾ ਆਵੇ ਤਾਂ ਮੈਂ ਕੀ ਕਰਾਂ ਇਸੇ ਹਾਊਸ ਵਿਚ ਇਹ ਐਕਟ ਪਾਸ ਹੋਇਆ ਹੈ। (ਵਿਘਨ)

**ਚੌਧਰੀ ਦਰਸ਼ਨ ਸਿੰਘ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹੋ ਜਿਹੀਆਂ ਐਪੁਆਇੰਟਮੈਂਟਸ ਜਿਹੜੀਆਂ ਹੁੰਦੀਆਂ ਹਨ ਕੀ ਉਹ ਬਾਈ ਨੇਗੋਸ਼ੀਏਸ਼ਨ ਹੁੰਦੀਆਂ ਹਨ ਜਾਂ ਬਾਈ ਐਡਵਰਟਾਈਜ਼ਮੈਂਟ ਇਨ ਦਾ ਪੇਪਰਜ਼ ਹੁੰਦੀਆਂ ਹਨ ?

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਮੈਂ ਮੈਂਬਰ ਸਾਹਿਬ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਵਡੇ ਅਫ਼ਸਰਾਂ ਨੂੰ ਲਗਾਇਆ ਜਾਂਦਾ ਹੈ ਤਾਂ ਉਸ ਦੇ ਲਈ ਕਮਿਸ਼ਨਰਜ਼ ਅਤੇ ਡਿਪਟੀ ਕਮਿਸ਼ਨਰ ਨੂੰ ਲਿਖਿਆ ਜਾਂਦਾ ਹੈ। (ਵਿਘਨ) ਪਬਲਿਸਿਟੀ ਦਾ ਸਵਾਲ ਨਹੀਂ ਹੈ। ਜੋ ਸਰਕਾਰ ਦੇ ਰੂਲਜ਼ ਹਨ ਉਨ੍ਹਾਂ ਦੇ ਮੁਤਾਬਕ ਹੀ ਕੰਮ ਹੁੰਦੇ ਹਨ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਨਿਯੁਕਤੀਆਂ ਕਰਨ ਤੋਂ ਪਹਿਲਾਂ ਜਿਹੜੀਆਂ ਕੁਆਲੀਫੀਕੇਸ਼ਨਜ਼ ਚੇਅਰਮੈਨਾਂ ਲਈ ਨੀਅਤ ਕੀਤੀਆਂ ਗਈਆਂ ਹਨ ਉਨ੍ਹਾਂ ਦੇ ਵਿਚ ਕੁਝ ਬਦਲੀ ਕੀਤੀ ਗਈ ਹੈ ਜਾਂ ਨਹੀਂ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਗੁਲਸ਼ਨ ਜੀ ਨੇ ਜੋ ਸਵਾਲ ਕੀਤਾ ਸੀ ਮੈਂ ਉਸ ਦਾ ਜਵਾਬ ਦੇ ਦਿਤਾ ਹੈ। ਅਗਰ ਮੈਂਬਰ ਸਾਹਿਬਾਨ ਕੁਝ ਹੋਰ ਪੁਛਣਾ ਚਾਹੁੰਦੇ ਹਨ ਤਾਂ ਉਹ ਸਾਨੂੰ ਨੋਟਿਸ ਦੇ ਦੇਣ ਅਸੀਂ ਉਨ੍ਹਾਂ ਦੀ ਇਕ ਇਕ ਗਲ ਦਾ ਜਵਾਬ ਦੇ ਦਿਆਂਗੇ। (ਵਿਘਨ)

**ਸ੍ਰੀ ਸਪੀਕਰ** : ਤੁਸੀਂ ਕੋਈ ਕੁਆਲੀਫੀਕੇਸ਼ਨਜ਼ ਵਿਚ ਬਦਲੀ ਕੀਤੀ ਹੈ ਜਾਂ ਨਹੀਂ ਕੀਤੀ ਇਹ ਇਨ੍ਹਾਂ ਨੂੰ ਦਸ ਦਿਉ। (ਵਿਘਨ) **(You may inform him whether any change has been made in the qualifications or not.)** (*Interruptions*)

**ਰਾਜ ਮੰਤਰੀ** : ਤੁਸੀਂ ਹੁਕਮ ਕਰੋ ਤਾਂ ਮੈਂ ਜਵਾਬ ਦੇ ਦਿੰਦਾ ਹਾਂ ਜੀ। ਮੇਰੇ ਪਾਸ ਸਾਰੀ ਇਨਫਰ-ਮੇਸ਼ਨ ਹੈ। ਪਰ ਮੇਰੀ ਅਰਜ਼ ਹੈ ਕਿ ਜੋ ਕੁਝ ਗੁਲਸ਼ਨ ਜੀ ਨੇ ਪੁਛਿਆ ਸੀ ਉਹ ਮੈਂ ਉਨ੍ਹਾਂ ਦੇ ਸਵਾਲ ਦੇ ਜਵਾਬ ਵਿਚ ਦਸ ਦਿਤਾ ਹੈ। (ਵਿਘਨ) ਤੁਹਾਡਾ ਹੁਕਮ ਹੈ ਤਾਂ ਮੈਂ ਦਸ ਦਿੰਦਾ ਹਾਂ ਜੀ।

ਇਮਪਰੂਵਮੈਂਟ ਟਰੱਸਟ ਦਾ ਚੇਅਰਮੈਨ ਬਣਨ ਵਾਸਤੇ ਕੁਆਲੀਫੀਕੇਸ਼ਨ ਸਰਕਾਰ ਨੇ ਘਟੋ ਘਟ ਬੀ. ਏ. ਰਖੀ ਹੈ। ਪਰ ਜਿਹੜੇ ਪੋਲੀਟੀਕਲ ਸਫਰਰਜ਼ ਹਨ ਜਾਂ ਹਰੀਜਨ ਹਨ ਜਾਂ ਬੈਕਵਰਡ ਕਲਾਸ ਹਨ ਉਨ੍ਹਾਂ ਦੀ ਸਰਕਾਰ ਐਜੂਕੇਸ਼ਨਲ ਕੁਆਲੀਫੀਕੇਸ਼ਨ ਰਿਲੈਕਸ ਕਰ ਸਕਦੀ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਆਨ ਏ ਪੁਆਇੰਟ ਆਫ਼ ਆਰਡਰ, ਸਰ। (ਵਿਘਨ)

**ਸ੍ਰੀ ਸਪੀਕਰ** : ਕੋਈ ਪੁਆਇੰਟ ਆਫ਼ ਆਰਡਰ ਇਸ ਵੇਲੇ ਤਾਂ ਰੇਜ਼ ਨਹੀਂ ਕੀਤਾ ਜਾ ਸਕਦਾ। (ਵਿਘਨ) **[Please resume your seat. (No point of order can be raised during the question hour. (*Interruptions*). Please resume your seat)]**

**ਸਰਦਾਰ ਰਣਧੀਰ ਸਿੰਘ ਚੀਮਾ** : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਇਨ੍ਹਾਂ ਨੇ ਇਨ੍ਹਾਂ ਪੋਸਟਾਂ ਤੇ ਪੀ. ਸੀ. ਐਸ. ਅਫ਼ਸਰ ਨਹੀਂ ਲਾਏ ਜਿਹੜੇ ਟਰੇਂਡ ਹੁੰਦੇ ਹਨ ਅਤੇ ਆਪਣੇ ਆਦਮੀ ਇਥੇ ਲਗਾ ਕੇ ਕੀ ਕੁਰਪੱਸ਼ਨ ਨਹੀਂ ਕੀਤੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੇ ਤੁਸੀਂ ਕਹਿ ਦਿਉ ਕਿ ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਉਠਦਾ ਹੈ ਤਾਂ ਮੈਂ ਜਵਾਬ ਦੇ ਦਿੰਦਾ ਹਾਂ। ਜੇ ਤੁਸੀਂ ਹਰ ਇਕ ਸਵਾਲ ਦੀ ਇਜਾਜ਼ਤ ਦੇਣੀ ਹੈ ਤਾਂ ਮੈਂ ਜਵਾਬ ਦੇਈ ਜਾਂਦਾ ਹਾਂ। (ਵਿਘਨ) ਜਿਹੜੇ ਚੇਅਰਮੈਨ ਲਗਾਏ ਗਏ ਹਨ ਉਹ ਅਕਾਰਡਿੰਗ ਟੂ ਲਾਅ ਲਗਾਏ ਗਏ ਹਨ। ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਇਹ ਕਾਂਗਰਸ ਦੀ ਸਰਕਾਰ ਅਕਾਰਡਿੰਗ ਟੂ ਲਾਅ ਚਲਦੀ ਹੈ।

Original with;
Punjab Vidhan Sabha
Digitized by;
Panjab Digital Library

**Chief Minister's visit to Chheharta on 6th January, 1973**

***1083. 1. Comrade Dana Ram**
**2. Comrade Sataya Pal Dang** } : Will the Chief Minister be pleased to state—

(a) whether he visited Chheharta on 6th January, 1973; if so, the purpose of the visit;
(b) whether the visit was official or private?

**Sardar Nasib Singh Gill** (Deputy Minister, Home and Industries): (a) Yes, Sir. To hear public complaints and to attend a function in connection with the release of newly printed holy Guru Granth Sahib.

(b) Official.

[(ੳ) ਜੀ ਹਾਂ, ਜਨਤਾ ਦੀਆਂ ਸ਼ਕਾਇਤਾਂ ਸੁਣਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਵੀਂ ਛਪੀ ਬੀੜ ਨੂੰ ਰਿਲੀਜ਼ ਕਰਨ ਸਬੰਧੀ ਸਮਾਰੋਹ ਤੇ ਹਾਜ਼ਰ ਹੋਣ ਲਈ।

(ਅ) ਸਰਕਾਰੀ। ]

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜੇ ਛਾਪੇਖਾਨੇ ਦੇ ਵਿਚ ਗੁਰੂ ਗਰੰਥ ਸਾਹਿਬ ਛਪਦਾ ਸੀ ਉਸ ਦਾ ਨਵਾਂ ਐਡੀਸ਼ਨ ਛਪਣ ਲਈ ਚੀਫ਼ ਮਨਿਸਟਰ ਸਾਹਿਬ ਉਦਘਾਟਨ ਕਰਨ ਲਈ ਗਏ ਪਰ ਅਸਲ ਵਿਚ ਉਹ ਛਾਪੇਖਾਨੇ ਦੇ ਮਾਲਕ ਦੇ ਮੁੰਡੇ ਨੂੰ ਚੋਲਾ ਪੁਆਉਣ ਗਏ ਸੀ। ਛੇਹਰਟੇ ਦੇ ਵਿਚ ਇਹ ਆਮ ਚਰਚਾ ਹੈ ਕਿ ਚੀਫ਼ ਮਨਿਸਟਰ ਸਾਹਿਬ ਉਸ ਛਾਪੇਖਾਨੇ ਦੇ ਮਾਲਕ ਦੇ ਮੁੰਡੇ ਨੂੰ ਚੋਲਾ ਪੁਆਉਣ ਲਈ ਗਏ ਹਨ ?(ਵਿਘਨ)

**ਉਪ-ਮੰਤਰੀ** : ਇਹ ਬਿਲਕੁਲ ਗਲਤ ਹੈ। ਚੀਫ਼ ਮਨਿਸਟਰ ਸਾਹਿਬ ਉਥੇ ਮੁੰਡੇ ਨੂੰ ਚੋਲਾ ਪਾਉਣ ਨਹੀਂ ਗਏ। ਜੇ ਕੋਈ ਪਰਚਾਰ ਕੀਤਾ ਹੈ ਤਾਂ ਇਹ ਕਿਸੇ ਮਿਸਚੀਫ ਮੌਂਗਰ ਨੇ ਕੀਤਾ ਹੈ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਇਥੇ ਬੈਠੇ ਹਨ ਉਹ ਦਸ ਦੇਣ ਕਿ ਉਨ੍ਹਾਂ ਨੇ ਚੋਲਾ ਪਾਇਆ ਹੈ ਜਾਂ ਨਹੀਂ ਪਾਇਆ। (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਡਾਂਗ ਸਾਹਿਬ ਦੇ ਸਵਾਲ ਦੇ ਜਵਾਬ ਵਿਚ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਗਲਤ ਗਲ ਹੈ। (ਵਿਘਨ) ਮੇਰੀ ਅਰਜ਼ ਹੈ ਕਿ ਚੀਫ਼ ਮਨਿਸਟਰ ਸਾਹਿਬ ਇਥੇ ਬੈਠੇ ਹਨ ਉਹ ਹੁਣ ਦਸ ਦੇਣ ਜੇ ਚੋਲਾ ਪਾਇਆ ਹੈ, ਜੇ ਨਹੀਂ ਪਾਇਆ ਤਾਂ ਦਸ ਦੇਣ।

**ਉਪ ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਪੁਛਿਆ ਹੈ ਕਿ ਚੀਫ਼ ਮਨਿਸਟਰ ਸਾਹਿਬ ਚੋਲਾ ਪਾਉਣ ਲਈ ਉਥੇ ਗਏ ਸੀ ਮੈਂ ਜਵਾਬ ਵਿਚ ਕਿਹਾ ਹੈ ਕਿ ਚੋਲਾ ਪਾਉਣ ਵਾਸਤੇ ਨਹੀਂ ਸੀ ਗਏ। (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸੁਆਲ ਮੇਰੇ ਨਾਲ ਸਿੱਧਾ ਤੁਅੱਲਕ ਰਖਦਾ ਹੈ। ਮੈਂ ਉਥੇ ਇਸ ਲਈ ਗਿਆ ਸਾਂ ਕਿਉਂਕਿ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬੀੜ ਉਨ੍ਹਾਂ ਨੇ ਨਵੇਂ ਛਾਪੇ ਵਿਚ ਮੋਟੇ ਅਖਰਾਂ ਵਿਚ ਪ੍ਰਕਾਸ਼ਤ ਕਰਨੀ ਸੀ। ਇਹ ਉਨ੍ਹਾਂ ਦੀ ਮਰਜ਼ੀ ਸੀ ਕਿ ਜਦੋਂ ਪਹਿਲਾ ਸਫ਼ਾ ਛਪਣਾ ਹੈ ਉਸ ਦੇ ਲਈ ਮੈਂ ਉਥੇ ਆ ਜਾਵਾਂ ਅਤੇ ਮੈਂ ਇਸ ਕਰਕੇ ਇਹ ਮੰਨ ਲਿਆ ਸੀ। ਜਦੋਂ ਪਹਿਲਾ ਸਫਾ ਛਪਣਾ ਸੀ ਤਾਂ ਉਨ੍ਹਾਂ ਨੇ ਮਸ਼ੀਨ ਮੇਰੇ ਕੋਲੋਂ ਚਾਲੂ ਕਰਾਈ। ਉਨ੍ਹਾਂ ਦੇ ਘਰ ਸ੍ਰੀ ਗੁਰੂ

Original with;
Punjab Vidhan Sabha
Digitized by;
Panjab Digital Library

ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ, ਉਨ੍ਹਾਂ ਦੇ ਪੋਤਰੇ ਦਾ ਨਾਮਕਰਣ ਸੰਸਕਾਰ ਸੀ ਮੈਂ ਗੁਰੂ ਗ੍ਰੰਥ ਸਾਹਿਬ ਦੇ ਭੋਗ ਤੇ ਕੁਝ ਸ਼ਬਦ ਉਥੇ ਬੈਠ ਕੇ ਸੁਣੇ ਅਤੇ ਕੁਝ ਸ਼ਬਦ ਉਥੇ ਕਹੇ ਵੀ। ਚੋਲਾ ਪਾਇਆ, ਹਾਰ ਪਾਏ ਜਾਂ ਨਹੀਂ। ਫ਼ੋਟੋ ਜ਼ਰੂਰ ਲਏ ਹਨ ਇਹ ਨਹੀਂ ਮੈਨੂੰ ਪਤਾ ਕੀ ਲਥਾ ਹੈ, ਕੀ ਨਹੀਂ (ਹਾਸਾ) ਮੈਂ ਸਮਝਦਾ ਹਾਂ ਕਿ ਜੇ ਕਿਸੇ ਪੁਸਤਕ ਨੂੰ ਪ੍ਰਕਾਸ਼ਤ ਕਰਾਉਣ ਲਈ ਜਾਇਆ ਜਾ ਸਕਦਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬੀੜ ਪ੍ਰਕਾਸ਼ਤ ਕਰਾਉਣ ਲਈ ਜਾਣਾ ਕੋਈ ਬੁਰੀ ਗਲ ਨਹੀਂ ਹੈ।

---

**Road Accidents in the State**

***1007. Shri Sardari Lal Kapur** : Will the Chief Minister be pleased to state—

(a) the total number of road accidents which took place in Punjab during the period from 1st April, 1972 to-date ;

(b) the number of casualties e.g. deaths wounded etc. which took place as a result of the accidents referred to in part (a) above ;

(c) the number of challans of culprits, responsible for the said accidents sent to courts, alongwith the results thereof ?

**Shri Joginder Paul Pandey** (Minister of State for Local Government and Jails) :

(ੳ) 598

(ਅ) 703 ਜਿਸ ਦੇ ਵਿਚ ਮੌਤਾਂ ਤੇ ਜ਼ਖਮੀ ਸ਼ਾਮਲ ਹਨ।

(ੲ) 283 ਮਾਮਲੇ ਅਦਾਲਤਾਂ ਵਿਚ ਪੇਸ਼ ਕੀਤੇ ਗਏ ਜਿਨ੍ਹਾਂ ਵਿਚੋਂ 27 ਸਜ਼ਾ ਹੋਏ ਅਤੇ 31 ਬਰੀ। 225 ਮਾਮਲੇ ਅਦਾਲਤਾਂ ਵਿਚ ਚਾਲੂ ਹਾਲਤ ਵਿਚ ਹਨ।

(a) 598.

(b) 703 ;

(c) 283 Challans sent to courts out of which 27 were convicted and 31 ended in acquittal. 225 challans are still pending in courts.

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜੇ ਮਾਮਲੇ ਅਦਾਲਤ ਵਿਚ ਪੇਸ਼ ਹਨ ਉਨ੍ਹਾਂ ਨੂੰ ਕਿੰਨਾਂ ਚਿਰ ਹੋ ਗਿਆ ਹੈ।

**ਰਾਜ ਮੰਤਰੀ**: ਇਸ ਬਾਰੇ ਕਪੂਰ ਸਾਹਿਬ ਨਵਾਂ ਨੋਟਿਸ ਦੇ ਦੇਣ ਜਵਾਬ ਦੇ ਦਿਤਾ ਜਾਏਗਾ।

**ਡਾਕਟਰ ਅਮੀਰ ਸਿੰਘ ਕਲਕਟ** : ਆਇਆ ਮੰਤਰੀ ਮਹੋਦਯ ਰੌਸ਼ਨੀ ਪਾਉਣਗੇ ਕਿ ਜਿਹੜਾ ਸੇਫਟੀ ਵੀਕ ਗੌਰਮਿੰਟ ਨੇ ਮਨਾਇਆ ਅਤੇ ਇਕ ਸ਼ਲਾਘਾ ਯੋਗ ਕੰਮ ਕੀਤਾ, ਪਰ ਕੀ ਇਹ ਫ਼ਿਗਰਜ਼ ਦੇਣਗੇ ਕਿ ਐਕਸੀਡੈਂਟਸ ਅਗੇ ਨਾਲੋਂ ਵੱਧੇ ਹਨ ਜਾਂ ਘੱਟੇ ਹਨ?

**ਰਾਜ ਮੰਤਰੀ**. ਸਪੀਕਰ ਸਾਹਿਬ, ਕਪੂਰ ਸਾਹਿਬ ਨੇ ਇਕ ਸਪੈਸੀਫ਼ਿਕ ਕੁਐਸ਼ਚਨ ਦਿਤਾ ਸੀ ਜਿਸ ਦੇ ਮੁਤਾਬਕ ਉਤਰ ਦੇ ਦਿਤਾ ਗਿਆ ਹੈ। ਜਿਥੋਂ ਤਕ ਫ਼ਿਗਰਜ਼ ਦੇਣ ਦਾ ਸਬੰਧ ਹੈ ਇਸ ਦੇ ਲਈ ਨੋਟਿਸ ਦੇ ਦੇਣ ਮੈਂ ਜਵਾਬ ਦੇ ਦਿਆਂਗਾ। ਜੇਕਰ ਇਨ੍ਹਾਂ ਨੇ ਪਰਸਨਲ ਵਾਕਫ਼ੀਅਤ ਲੈਣੀ ਹੈ ਤਾਂ ਮੇਰੇ ਕੋਲ ਕਿਸੇ ਵੇਲੇ ਆ ਜਾਣ ਮੈਂ ਦਸ ਦਿਆਂਗਾ, ਵਰਨਾਂ ਇਸ ਦੇ ਲਈ ਨਵਾਂ ਨੋਟਿਸ ਦੇ ਦੇਣ ਮੈਂ ਉਤਰ ਦੇ ਦਿਆਂਗਾ।

---

**Collective Punitive Fines Imposed on certain Villages in Garhshankar Sub-Division by the British Regime after 1918**

***1073. Comrade Darshan Singh Canadian** : Will the Chief Minister be pleased to state—

(a) the names of villages in the Garhshankar Sub-Division on which collective punitive fines were imposed by the British

Original with;
Punjab Vidhan Sabha
Digitized by;
Panjab Digital Library

[Comrade Darshan Singh Canadian]

Regime after 1918 in connection with the National Movement;

(b) whether the State Government took any decision to refund these collective fines to the people of these villages after Independence ; if so, when;

(c) if the answer to part (b) above be in the affirmative, the names of villages in which these fines were refunded;

(d) whether any représentations were received by the Government from the villages of Bharowal and Sakruli for the refund of these sums ; if so, the action taken thereon ?

**Sardar Nasib Singh Gill** (Deputy Minister, Home and Industries) : (a) As the matter is very old and the relevant records are not available it has not been possible to collect the requisite information.

(b) Yes Sir, Government decided in 1948 to refund the punitive fines imposed on the Villages by the British Government for the participation of their residents in the National Movements.

(c) Punitive Fines were refunded to the following villages of Garhshankar Sub-division.

(1) Roorki Khas
(2) Bilron
(3) Rampur
(4) Kukran
(5) Pakhowal
(6) Barian Kalan
(7) Barian Khurd
(8) Baddon
(9) Akalgarh
(10) Bihran
(11) Bahbalpur
(12) Possi
(13) Nangal Kalan.

(d) Yes Sir. The claimants of village Sakruli have not been able to produce documentary evidence in support of their claim for refund of Rs7,854. Despite best efforts made by the district authorities under the guidance of the *ad hoc* Committee the deposit could not be verified even from the A.G., Punjab, in spite of issuing repeated reminders. The Deputy Commissioner, Hoshiarpur, is making efforts to procure the relevant record/information from every possible source.

2. The Gram Panchayat of village Bharowal requested the Deputy Commissioner, Hoshiarpur,—*vide* their Resolution dated 9th October, 1972, for the refund of the punitive fine. As the last date for the receipt of such applications was 23r August, 1962, the application made by the Gram Panchayat of village Bharowal was rejected by the Deputy Commissioner as being time-barred. No request was received from the Gram Panchayat of village Bharowal by Government.

[(ੲ) ਮਾਮਲਾ ਪੁਰਾਣਾ ਹੋਣ ਕਰਕੇ ਲੋੜੀਂਦੀ ਸੂਚਨਾ ਨਹੀਂ ਮਿਲ ਸਕੀ।

(ਬੀ) ਹਾਂ ਜੀ। ਸੰਨ 1948 ਵਿਚ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਜਿਨ੍ਹਾਂ ਪਿੰਡ ਵਾਸੀਆਂ ਨੂੰ ਅੰਗਰੇਜ਼ ਹਕੂਮਤ ਨੇ ਕੌਮੀ ਲਹਿਰਾਂ ਵਿਚ ਭਾਗ ਲੈਣ ਕਰ ਕੇ ਤਾਜ਼ੀਰੀ ਜੁਰਮਾਨੇ ਕੀਤੇ ਸਨ ਉਨ੍ਹਾਂ ਦੀ ਗਰਾਮ ਪੰਚਾਇਤ ਨੂੰ ਤਾਜ਼ੀਰੀ ਜੁਰਮਾਨੇ ਦੀ ਰਕਮ ਮੋੜ ਦਿਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

(ਸੀ) ਗੜ੍ਹਸ਼ੰਕਰ ਸਬ-ਡਵੀਜ਼ਨ ਦੇ ਹੇਠ ਲਿਖੇ ਪਿੰਡਾਂ ਨੂੰ ਤਾਜ਼ੀਰੀ ਜੁਰਮਾਨੇ ਵਾਪਸ ਕੀਤੇ ਗਏ ਸਨ—

(1) ਰੁੜਕੀ ਖਾਸ
(2) ਬਿਲਰੂ
(3) ਰਾਮਪੁਰ
(4) ਕਕਰੋਂ
(5) ਪੱਖੋਵਾਲ
(6) ਬਾਰੀਆਂ ਕਲਾਂ
(7) ਬਾਰੀਆਂ ਖੁਰਦ
(8) ਬੱਦੋਂ
(9) ਅਕਾਲਗੜ੍ਹ
(10) ਬਿਹਰਾਂ
(11) ਬੈਹਬਲਪੁਰ
(12) ਪੋਸੀ
(13) ਨੰਗਲ ਕਲਾਂ ।

(ਡੀ) ਹਾਂ ਜੀ, ਪਿੰਡ ਸਕਰੂਲੀ ਤੋਂ ਦਾਹਵੇਦਾਰ 7,854 ਰੁਪਏ ਦੀ ਵਾਪਸੀ ਦੇ ਆਪਣੇ ਕਲੇਮ ਦੀ ਪ੍ਰਸ਼ਟੀ ਵਿੱਚ ਕੋਈ ਤੈਹਰੀਰੀ ਸ਼ਬੂਤ ਨਹੀਂ ਦੇ ਸਕੇ। ਐਡ ਹਾਕ ਕਮੇਟੀ ਦੇ ਆਦੇਸ਼ ਅਨੁਸਾਰ ਜ਼ਿਲ੍ਹਾ ਅਧਿਕਾਰੀਆਂ ਦੁਆਰਾ ਪੂਰੇ ਯਤਨਾਂ ਦੇ ਬਾਵਜੂਦ ਜੁਰਮਾਨੇ ਦੇ ਖਜਾਨੇ ਵਿਚ ਦਾਖਲ ਕੀਤੇ ਜਾਣ ਦੀ ਪੁਸ਼ਟੀ ਮਹਾਂ ਲੇਖਾਕਾਰ, ਪੰਜਾਬ ਤੋਂ ਵੀ ਨਹੀਂ ਹੋ ਸਕੀ। ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ, ਹਰ ਸੰਭਵ ਵਸੀਲੇ ਤੋਂ ਸਬੰਧਤ ਰਿਕਾਰਡ। ਸੂਚਨਾ ਪ੍ਰਾਪਤ ਕਰਨ ਦਾ ਪੂਰਾ ਯਤਨ ਕਰ ਰਿਹਾ ਹੈ।

2. ਗ੍ਰਾਮ ਪੰਚਾਇਤ ਪਿੰਡ ਭਾਰੋਵਾਲ ਨੇ ਆਪਣੇ ਮੱਤੇ ਮਿਤੀ 9 ਅਕਤੂਬਰ, 1972 ਰਾਹੀਂ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੂੰ ਤਾਜੀਰੀ ਜੁਰਮਾਨੇ ਦੀ ਵਾਪਸੀ ਲਈ ਬੇਨਤੀ ਕੀਤੀ। ਕਿਉਂਕਿ ਅਜਿਹੀਆਂ ਅਰਜੀਆਂ ਦੇਣ ਦੀ ਅੰਤਮ ਮਿਤੀ 23 ਅਗਸਤ, 1962 ਨਿਸ਼ਚਿਤ ਕੀਤੀ ਗਈ ਸੀ ਇਸ ਲਈ ਪਿੰਡ ਭਾਰੋਵਾਲ ਦੇ ਵਸਨੀਕਾਂ ਦੀ ਬੇਨਤੀ ਮਿਆਦ ਪੁੱਗਣ ਕਰਕੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਰੱਦ ਕਰ ਦਿੱਤੀ । ਪਿੰਡ ਭਾਰੋਵਾਲ ਦੀ ਪੰਚਾਇਤ ਨੇ ਤਾਜ਼ੀਰੀ ਜੁਰਮਾਨੇ ਦੀ ਵਾਪਸੀ ਲਈ ਸਰਕਾਰ ਨੂੰ ਕੋਈ ਅਰਜ਼ੀ ਨਹੀਂ ਦਿੱਤੀ ।

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਸਪੀਕਰ ਸਾਹਿਬ, ਮਾਮਲਾ ਉਨ੍ਹਾਂ ਪਿੰਡਾਂ ਦਾ ਹੈ ਜਿਨ੍ਹਾਂ ਨੂੰ ਅੰਗਰੇਜ਼ਾਂ ਦੇ ਵੇਲੇ ਬੜੇ ਬੜੇ ਜੁਰਮਾਨੇ ਹੋਏ। ਮੈਂ ਸੁਆਲ ਦੇ ਦੋ ਹਿਸੇ ਕਰ ਦਿੰਦਾ ਹਾਂ। ਪਿੰਡ ਸਕਰੂਲੀ ਬਾਰੇ ਆਖਿਆ ਗਿਆ ਹੈ ਕਿ ਕੋਈ ਡਾਕੂਮੈਂਟਰੀ ਪਰੂਫ ਨਹੀਂ ਦਿਤਾ ਗਿਆ। ਮੈਂ ਕਹਿੰਦਾ ਹਾਂ ਕਿ ਜਦੋਂ ਇਸ ਤਰ੍ਹਾਂ ਦੇ ਪਿੰਡਾਂ ਨੂੰ ਜੁਰਮਾਨੇ ਹੁੰਦੇ ਹਨ ਤਾਂ ਕੋਈ ਸਨੱਦ ਤਾਂ ਨਹੀਂ ਕਰਕੇ ਦਿਤੀ ਜਾਂਦੀ। ਇਹ ਚੀਜ਼ ਤਾਂ ਸਰਕਾਰ ਦੇ ਆਪਣੇ ਕਾਗਜ਼ਾਂ ਵਿਚ ਹੋਣੀ ਚਾਹੀਦੀ ਸੀ। ਜੇ ਨਹੀਂ ਲਭਦੀ ਤਾਂ ਸਰਕਾਰ ਦੀ ਨਾਲਾਇਕੀ ਹੈ। (ਵਿਘਨ)

**ਸ੍ਰੀ ਸਪੀਕਰ** : ਕਾਮਰੇਡ ਸਾਹਿਬ, ਇਹ 'ਨਾਲਾਇਕੀ' ਸ਼ਬਦ ਜਿਹੜਾ ਹੈ (ਵਿਘਨ) (Comrade Sahib, the word "ਨਾਲਾਇਕੀ" is (*interruption.*)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ**: ਇਹ ਲਿਆਕਤ ਹੈ ਸਰਕਾਰ ਦੀ ਕਹਿ ਦਿੰਦਾ ਹਾਂ। ਦੂਜਾ ਪਿੰਡ ਹੈ ਭਾਰੋਵਾਲ। ਮੈਂ ਅਰਜ਼ ਕਰਾਂ ਕਿ ਜੇ ਅਸੀਂ ਸ਼ਹੀਦੇ ਆਜ਼ਮ ਭਗਤ ਸਿੰਘ ਜੀ ਦੀ ਮਾਤਾ ਨੂੰ 25 ਸਾਲਾਂ ਬਾਦ ਰੈਕਗਨੀਸ਼ਨ ਦੇ ਸਕਦੇ ਹਾਂ ਅਤੇ ਜੇ ਉਹ ਪਿੰਡ ਵਾਲੇ ਸਮੇਂ ਤੇ ਦਰਖਾਸਤ ਨਹੀਂ ਦੇ ਸਕੇ ਜਾਂ ਤਰੀਕ ਲੰਘ ਗਈ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਨ੍ਹਾਂ ਦੇ ਕਲੇਮ ਨੂੰ ਐਂਟਰਟੇਨ ਹੀ ਨਹੀਂ ਕੀਤਾ ਜਾ ਸਕਦਾ।

**ਉਪ-ਮੰਤਰੀ**: ਸਪੀਕਰ ਸਾਹਿਬ, ਕਾਨੂੰਨ ਤਾਂ ਸਾਰਿਆਂ ਲਈ ਹੀ ਇਕੋ ਜਿਹਾ ਹੁੰਦਾ ਹੈ। ਜੋ ਟਾਈਮ ਲਿਮਟ ਮੁਕਰਰ ਕੀਤੀ ਸੀ ਤਾਂ ਉਸ ਟਾਈਮ ਦੇ ਅੰਦਰ ਅੰਦਰ ਐਪਲੀਕੇਸ਼ਨ ਆ ਜਾਣੀ ਚਾਹੀਦੀ ਸੀ। 1948 ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਜੇ ਕਿਸੇ ਪਿੰਡ ਨੂੰ ਪਿਉਨਿਟਿਵ ਫਾਈਨ ਕੀਤਾ ਗਿਆ ਸੀ ਉਹ ਸਰਕਾਰ ਨੂੰ ਲਿਖ ਕੇ ਦੇ ਦੇਣ ਔਰ ਸਰਕਾਰ ਉਹ ਰਿਫੰਡ ਕਰ ਦੇਵੇਗੀ, ਪਰ ਕਈ ਪੰਚਾਇਤਾਂ 22-23 ਸਾਲਾਂ ਤਕ ਸੁਤੀਆਂ ਰਹੀਆਂ ਅਤੇ ਦਰਖਾਸਤਾਂ ਨਹੀਂ ਦਿਤੀਆਂ। ਹੁਣ ਵੀ ਜੇ ਕੋਈ ਪਿੰਡ ਆਪਣੀ ਐਪਲੀਕੇਸ਼ਨ ਨਾਲ ਇਹੋ ਜਿਹਾ ਸਬੂਤ ਦੇ ਦੇਵੇ ਕਿ ਉਹ ਵਕਤ ਦੇ ਅੰਦਰ ਅੰਦਰ ਸਬੂਤ ਨਹੀਂ ਸਨ ਦੇ ਸਕਦੇ ਜਾਂ ਉਹ ਇਸ ਸਾਬਤ ਕਰ ਦੇਣ ਕਿ ਉਸ ਵਕਤ ਐਵੀਡੈਂਸ ਨਹੀਂ ਸਨ ਸਾਬਤ ਕਰਣ ਲਈ ਜਾਂ ਕਿਸੇ ਵਲੋਂ ਕੋਈ ਰੈਸਟ੍ਰਿਕਸ਼ਨ ਆ ਗਈ ਸੀ ਜਾਂ ਉਹ ਇਹ ਸਾਬਤ ਕਰ ਦੇਣ ਕਿ ਉਨ੍ਹਾਂ ਦੀ ਐਪਲੀਕੇਸ਼ਨ ਖੁਰਦ ਖੁਰਦ ਹੋ ਗਈ ਹੈ ਜੇ ਕੋਈ ਇਹੋ ਜਿਹੀ ਗਲ ਹੈ ਤਾਂ ਉਸ ਐਪਲੀ-ਕੇਸ਼ਨ ਤੇ ਗੌਰ ਕੀਤਾ ਜਾ ਸਕਦਾ ਹੈ।

**Mr. Speaker**: Question Hour is over. The remaining Questions will be deemed to have been answered under rule 38 of the Rules of Procedure and Conduct of Business in the Punjab Legislative Assembly.

**Acharya Prithvi Singh Azad**: Sir this question relates to freedom fighters. I would request you to ask the Chief Minister to give a statement. Since he is showing sympathy towards the freedom fighters, they should not suffer because they could not apply in time.

**ਉਪ-ਮੰਤਰੀ**: ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਉਹ ਇਸ ਕਰਕੇ ਸਫ਼ਰ ਨਹੀਂ ਕਰਨਗੇ ਕਿ ਉਨ੍ਹਾਂ ਨੇ ਵਕਤ ਦੇ ਅੰਦਰ ਦਰਖਾਸ਼ਤ ਨਹੀਂ ਦਿਤੀ। ਉਹ ਅੱਜ ਸਬੂਤ ਦੇ ਦੇਣ ਅਸੀਂ ਪੜਤਾਲ ਕਰ ਲਵਾਂਗੇ ਅਤੇ ਜੋ ਵੀ ਉਨ੍ਹਾਂ ਦਾ ਹਕ ਬਣਦਾ ਹੋਵੇਗਾ ਅਸੀਂ ਉਨ੍ਹਾਂ ਨੂੰ ਦੇ ਦਿਆਂਗੇ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਬੋਲਣ ਲਈ ਖੜ੍ਹੇ ਹੋ ਗਏ)

**ਸ੍ਰੀ ਸਪੀਕਰ**: ਇਸ ਤੋਂ ਵੱਧ ਅਸ਼ਿਓਰੈਂਸ ਨਹੀਂ ਦਿਤੀ ਜਾ ਸਕਦੀ। (No more assurance can be given in this case.)

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Punjab and Pepsu Buses plying during 1971-72 and 1972-73

**Shri Gurdial Saini**: Will the Chief Minister be pleased to state the total number of Punjab and Pepsu Roadways buses plying separately in the State during each of the years 1971-72 and 1972-73, to-date-year-wise ?

Original with;
Punjab Vidhan Sabha
Digitized by;
Panjab Digital Library

**Giani Zail Singh**

| | Total No. of buses | |
|---|---|---|
| | 1971-72 | 1972-73 |
| Punjab Roadways | 1259 | 1390 (as on 31st January, 1973 |
| P. R. T. C. | 578 | 631 (to-date) |

[ਬੱਸਾਂ ਦੀ ਕੁਲ ਗਿਣਤੀ :

| | 1971-72 | 1972-73 | |
|---|---|---|---|
| ਪੰਜਾਬ ਰੋਡਵੇਜ਼ | 1,259 | 1,390 | (31-1-1973 ਨੂੰ) |
| ਪੀ. ਆਰ. ਟੀ. ਸੀ ... | 578 | 631 | (ਅੱਜ ਤਕ)] |

**Circular issued by Cane Commissioner, Punjab to the Cane- growers Cooperative Societies**

*1266. **Comrade Achhra Singh** : Will the Chief Minister be pleased to state—

(a) whether the Cane Commissioner, Punjab, ever issued a circular to the Cane growers, Cooperative Societies prescribing the minimum qualifications for the post of Secretary;

(b) if the answer to part (a) above be in the affirmative, whether the above mentioned circular was issued to the Cane growers Cooperative Society, Dhuri; if so, the details thereof?

**Giani Zail Singh**: (a) Yes.

(b) A copy of this circular was sent to the Cane Growers Cooperative Societies in the State including Dhuri and a copy of the same is laid on the Table of the House.

(ੳ) ਜੀ ਹਾਂ।

(ਅ) ਜੀ ਹਾਂ। ਇਸ ਸਰਕੂਲਰ ਦੀ ਇਕ ਕਾਪੀ ਸਾਰੀਆਂ ਕੇਨ ਗਰੋਵਰਜ਼ ਸਹਿਕਾਰੀ ਸਭਾਵੀ ਨੂੰ ਅਤੇ ਨਾਲ ਹੀ ਧੂਰੀ ਨੂੰ ਭੇਜੀ ਗਈ ਸੀ ਅਤੇ ਇਸ ਦੀ ਇਕ ਕਾਪੀ ਹਾਊਸ ਦੀ ਟੇਬਲ ਤੇ ਰੱਖੀ ਜਾਂਦੀ ਹੈ।

ORDER

I, J.S. Sarohia, I.A.S., Cane Commissioner, Punjab, exercising the powers of Registrar, Cooperative Societies, Punjab, conferred upon me vide Government notification No. 12220-Coop-V-61/7767-68, dated 19th December, 1961, hereby order under rule 56 of the Punjab Cooperative Societies Rules, 1956, that the grades of Secretaries, Supervisors and Clerks working in the offices of the Cane-growers Cooperative Societies functioning in Punjab be revised as mentioned below with effect from 1st August, 1962. These societies have been divided into three categories namely, A.B. &C:—

*Category 'A'*. The Canegrowers Cooperative Societies which normally supply 10 lac maunds or more of cane each year. These are:—

**Yamunanagar Sugar Factory Area**

(1) The Ambala Canegrowers Coop. Society, Limited, Ambala.

ਇਸੇ ਹੀ ਪੱਖ ਵਿਚ ਇਕ ਅਰਜ਼ ਮੈਂ ਹੋਰ ਕਰਨਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਅਮੀਰ ਆਦਮੀ ਬਹੁਤ ਵਸਦੇ ਹਨ ਅਤੇ ਗਰੀਬ ਵੀ ਵਸਦੇ ਹਨ ਅਤੇ ਅਜਿਹੇ ਲੋਕ ਵੀ ਹਨ ਜਿਨ੍ਹਾਂ ਪਾਸ ਆਪਣਾ ਕੋਈ ਮਕਾਨ ਨਹੀਂ ਹੁੰਦਾ। ਇਸ ਲਈ ਮੈਂ ਆਪਣੇ ਮੁੱਖ ਮੰਤਰੀ ਗਿਆਨੀ ਜੀ ਪਾਸ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਪਿੰਡਾਂ ਵਿਚ ਵਸਣ ਵਾਲੇ ਗਰੀਬ ਆਦਮੀਆਂ ਲਈ ਮਕਾਨ ਬਨਾਣ ਦੀ ਤਜਵੀਜ਼ ਕੀਤੀ ਗਈ ਹੈ ਇਸੇ ਤਰ੍ਹਾਂ ਸ਼ਹਿਰਾਂ ਵਿਚ ਵੀ ਐਸੇ ਲੋਕ ਹਨ ਜਿਨ੍ਹਾਂ ਪਾਸ ਮਕਾਨ ਨਹੀਂ ਅਤੇ ਅਜਿਹੇ ਘਰਾਂ ਵਿਚ ਰਹਿੰਦੇ ਹਨ ਜਿਨ੍ਹਾਂ ਵਿਚ ਪਸ਼ੂ ਤਕ ਵੜਨਾ ਪਸੰਦ ਨਾ ਕਰੇ। ਉਨ੍ਹਾਂ ਨੂੰ ਵੀ ਮਕਾਨ ਲਈ ਪਲਾਟ ਅਲਾਟ ਕਰਨੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਦੀ ਹਾਲਤ ਵੀ ਚੰਗੀ ਹੋ ਸਕੇ। (ਘੰਟੀ) ਸਪੀਕਰ ਸਾਹਿਬ ਮੈਂ ਉਸ ਦਿਨ ਵੀ ਦੋ ਤਿੰਨ ਮਿੰਟ ਹੀ ਬੋਲਿਆ ਸਾਂ ਅਤੇ ਹੁਣ ਵੀ ਇਕ ਅਧਾ ਮਿੰਟ ਹੀ ਹੋਇਆ ਹੈ। (ਵਿਘਨ)

ਮੈਂ ਬੇਨਤੀ ਕਰਦਾ ਹਾਂ ਕਿ ਮੈਂ ਇਸ ਸਰਕਾਰ ਦਾ ਖੈਰਖੁਆਹ ਹਾਂ ਅਤੇ ਇਹ ਸਮਝਦਾ ਹਾਂ ਕਿ ਜੋ ਕੁਝ ਵੀ ਸੈਂਟਰ ਦੀ ਸਰਕਾਰ ਕਰਦੀ ਹੈ ਚੰਗਾ ਹੀ ਕਰਦੀ ਹੈ ਪਰ ਇਕ ਬੇਨਤੀ ਕਰਦਾ ਹਾਂ ਕਿ ਮੇਰਾ ਇਲਾਕਾ ਕੰਢੀ, ਜ਼ਿਲਾ ਹੁਸ਼ਿਆਰਪੁਰ ਵਿਚ ਕੁਝ ਪਿੰਡਾਂ ਨੂੰ 1901 ਦੇ ਐਕਟ ਅਧੀਨ ਆਰਜ਼ੀ ਤੌਰ ਤੇ ਫਾਇਰਿੰਗ ਏਰੀਆ ਕਰਾਰ ਦਿੱਤਾ ਗਿਆ ਸੀ। ਇਹ ਇਲਾਕਾ ਚਹਾਨ ਖਡੂ ਦਾ ਸੀ ਅਤੇ ਮਹਾਂਗਰੋਵਾਲ ਤਕ ਜਾਂਦਾ ਸੀ। ਅਤੇ ਪਿੰਡਾਂ ਵਿਚ ਹਦਾਇਤ ਕਰ ਦਿੱਤੀ ਜਾਂਦੀ ਸੀ ਕਿ ਘਰੋਂ ਬਾਹਰ ਨਾ ਨਿਕਲੋ ਅਤੇ ਘਰਾਂ ਦੇ ਅੰਦਰ ਹੀ ਰਹਿਣ ਦਾ ਦੋ ਚਾਰ ਰੁਪਏ ਰੋਜ਼ ਮੁਆਵਜ਼ਾ ਦਿੱਤਾ ਜਾਂਦਾ ਸੀ ਪਰ ਹੁਣ ਇਹ ਇਲਾਕਾ ਨੰਗਲ, ਮੰਗਵਾਲ, ਨਾਰੀ ਚਹਾਣ, ਪਟਿਆਲਾ, ਬਾਗਪੁਰ, ਤਾਜੋਵਾਲ, ਡਡੋ ਦੇ ਦਰਮਿਆਨ ਦਾ ਕੋਈ 49 ਪਿੰਡਾਂ ਦਾ ਹੈ ਜਿਸ ਨੂੰ ਫਾਇਰਿੰਗ ਏਰੀਆ ਕਰਾਰ ਦਿੱਤਾ ਗਿਆ ਹੈ (ਵਿਘਨ) ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਸ ਗਲ ਦਾ ਸਬੰਧ ਡਿਫੈਂਸ ਦੇ ਮਾਮਲੇ ਨਾਲ ਹੈ, ਇਸ ਲਈ ਇਸ ਦਾ ਜ਼ਿਕਰ ਕਿਰਪਾ ਕਰਕੇ ਇਥੇ ਨਾ ਕਰੋ । (This matter relates to the defence of the country and may not be referred to here.)

**ਭਗਤ ਗੁਰਾਂ ਦਾਸ ਹੰਸ** : ਮੈਂ ਇਸ ਗਲ ਦਾ ਇਤਰਾਜ ਕਰਦਾ ਹਾਂ ਕਿ ਮੈਂ ਕੋਈ ਗਲ ਡਫੈਂਸ ਦੇ ਵਿਰੁਧ ਨਹੀਂ ਕਹਿ ਰਿਹਾ ਮੈਂ ਤਾਂ ਇਸ ਇਲਾਕੇ ਦੇ ਬਾਰੇ ਵਿਚ ਜ਼ਿਕਰ ਕੀਤਾ ਹੈ ਕਿ ਇਥੇ ਲੋਕਾਂ ਨੇ ਕਰਜ਼ਾ ਲੈ ਕੇ ਟਯੂਬ ਵੈਲ ਲਗਾਏ ਹਨ ਅਤੇ ਜ਼ਮੀਨਾਂ ਨੂੰ ਆਬਾਦ ਕੀਤਾ ਹੈ ਅਤੇ ਇਹ ਉਹ ਇਲਾਕਾ ਹੈ ਜਿਥੇ ਦੇ 80% ਲੋਕ ਫੌਜੀ ਹਨ । ਜੇਕਰ ਇਸ ਇਲਾਕੇ ਨੂੰ ਫਾਇਰਿੰਗ ਏਰੀਆ ਕਰਾਰ ਦੇ ਦਿਤਾ ਗਿਆ ਤਾਂ ਇਥੇ ਦੇ ਲੋਕਾਂ ਦੇ ਹੌਸਲੇ ਪਸਤ ਹੋ ਜਾਣਗੇ ਜਿਨ੍ਹਾਂ ਨੇ ਐਨੀ ਮੇਹਨਤ ਕਰਕੇ ਇਲਾਕਾ ਤਿਆਰ ਕੀਤਾ ਹੈ । ਜੇਕਰ ਸਰਕਾਰ ਨੇ ਏਰੀਆ ਮੁਕਰਰ ਕਰਨਾ ਹੀ ਹੈ ਤਾਂ ਇਸ ਤੋਂ ਅਗੇ ਦੇ ਪਹਾੜੀ ਇਲਾਕੇ ਦੇ ਨਾਲ ਲਗਦੇ ਇਲਾਕੇ ਨੂੰ ਕਰਾਰ ਦੇ ਦਿਤਾ ਜਾਵੇ । ਮੈਂ ਇਹ ਨਹੀਂ ਕਹਿੰਦਾ ਕਿ ਇਸ ਕੰਮ ਵਿਚ ਰੋਕ ਪਾਈ ਜਾਵੇ ਜਾਂ ਇਸ ਨੂੰ ਬੰਦ ਕਰ ਦਿਤਾ ਜਾਵੇ ਪਰ ਇਨ੍ਹਾਂ ਪਿੰਡਾਂ ਤੋਂ ਅਗੇ ਦਾ ਜਿਹੜਾ ਇਲਾਕਾ ਬੰਜਰ ਪਿਆ ਹੈ ਅਤੇ ਪਹਾੜੀ ਅਤੇ ਬਰਬਾਦ ਪਿਆ ਹੈ ਉਸ ਨੂੰ ਫਾਇਰਿੰਗ ਰੇਂਜ ਬਣਾ ਦਿਤਾ ਜਾਵੇ ਅਤੇ ਇਹ ਜਿਹੜਾ ਹੁਣ ਬਣਾਇਆ ਗਿਆ ਹੈ ਇਹ ਸਰਸਬਜ਼ ਇਲਾਕਾ ਹੈ ਅਤੇ ਲੋਕਾਂ ਨੇ ਮੇਹਨਤ ਕਰਕੇ ਇਸ ਨੂੰ ਆਬਾਦ ਕਰ ਲਿਆ ਹੈ ਇਸ ਲਈ ਇਸ ਨੂੰ ਛੱਡ ਦਿਤਾ ਜਾਵੇ । ਗੌਰਮੈਂਟ ਬੇਸ਼ਕ ਇਸ ਇਲਾਕੇ ਦੀ ਸਰਵੇ ਕਰਵਾ ਲਏ ਅਤੇ ਵੇਖ ਲਏ ਕਿਉਂਕਿ ਇਸ ਇਲਾਕੇ ਦੀ ਜ਼ਮੀਨ ਕਾਬਲੇ ਕਾਸ਼ਤ ਹੈ। ਇਸ ਤੋਂ ਅਗੇ ਪਹਾੜ ਦੇ ਨਾਲ ਲਗਦਾ ਇਲਾਕਾ ਹੈ ਇਹ ਇਲਾਕਾ ਲਿਆ ਜਾ ਸਕਦਾ ਹੈ । ਇਸ ਵਿਚ ਇਤਰਾਜ ਨਹੀਂ ਲੋਕੀਂ ਖੈਰਖਾਹ ਹਨ ਸਰਕਾਰ ਅਤੇ ਫੌਜੀ ਹਨ । ਇਸ ਲਈ ਬੇਨਤੀ ਕਰਦਾ ਹਾਂ ਕਿ ਫਾਇਰਿੰਗ ਏਰੀਆ ਮੌਜੂਦਾ ਇਲਾਕੇ ਦੀ ਥਾਂ ਬੰਜਰ ਅਤੇ ਪਹਾੜ ਦੇ ਨਾਲ ਲਗਦੇ ਇਲਾਕੇ ਨੂੰ ਲੈ ਲਿਆ ਜਾਵੇ । (ਵਿਘਨ)

**Mr. Speaker.** Please wind up.

**ਭਗਤ ਗੁਰਾਂ ਦਾਸ ਹੰਸ** : ਮੈਂ ਇਕ ਦੋ ਬੇਨਤੀਆਂ ਹੀ ਹੋਰ ਕਰਕੇ ਖਤਮ ਕਰਦਾ ਹਾਂ । ਸਾਨੂੰ ਜਿੰਨੇ ਵੀ ਰਿਸ਼ੀ ਮੁਨੀ ਅਵਤਾਰ ਅਤੇ ਗੁਰੂ ਸਹਿਬਾਨ ਹੋਏ ਹਨ ਉਨ੍ਹਾਂ ਦਾ ਪੂਰਣ ਸਤਿਕਾਰ ਕਰਨਾ ਚਾਹੀਦਾ ਹੈ ਭਾਵੇਂ ਅਕਾਲੀ ਵੀਰ ਹੋਣ ਜਾਂ ਕਾਂਗਰਸ ਵਾਲੇ ਹੋਣ। ਭਾਵੇਂ ਕਾਂਗਰਸ ਪਾਰਟੀ ਇਸ ਗੱਲ ਤੇ ਨਾਰਾਜ਼ ਹੋ ਜਾਵੇ । ਅੱਜ ਸਾਡੇ ਸਾਹਮਣੇ ਮਹਾਤਮਾ ਗਾਂਧੀ ਜੀ ਦੀ ਫੋਟੋ ਹੈ ਉਹ ਵੀ ਰਿਸ਼ੀਆਂ ਮੁਨੀਆਂ ਨੂੰ ਮੰਨਦੇ ਸਨ ਅਤੇ ਰਾਮ ਜੀ ਦੀ ਬਾਣੀ ਦਾ ਪਾਠ ਕਰਦੇ ਸਨ । ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗਬਿੰਦ ਸਿੰਘ ਜੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਸਨ ਅਤੇ ਲੋੜ ਪੈਣ ਤੇ ਤਲਵਾਰ ਹੱਥ ਵਿਚ ਫੜਦੇ ਸਨ । ਸਿਆਸਤ ਅਲਗ ਚੀਜ਼ ਹੈ ਪਰ ਆਪਣੇ ਰਿਸ਼ੀਆਂ ਮੁਨੀਆਂ ਦਾ ਸਤਕਾਰ ਅਲਗ ਚੀਜ਼ ਹੈ ਇਸ ਨੂੰ ਅਮਲੀ ਰੂਪ ਵਿਚ ਸਤਿਕਾਰ ਅਤੇ ਇਜ਼ਤ ਦੇਣ ਦੀ ਲੋੜ ਹੈ ਮੈਨੂੰ ਇਕ ਕਲੰਡਰ ਵੇਖਕੇ ਬੜਾ ਦੁਖ ਹੋਇਆ ਜਿਹੜਾ ਕਿ ਇਥੇ ਹੀ ਛਾਪਿਆ ਗਿਆ ਹੈ ਸ੍ਰੀ ਕਿਸ਼ਨ ਅਤੇ ਅਰਜਨ ਦਾ ਜਿਨ੍ਹਾਂ ਅਗੇ ਬੇਸ਼ੁਮਾਰ ਲੋਕ ਮਥਾ ਟੇਕਦੇ ਹਨ ਉਨ੍ਹਾਂ ਦਾ ਇਸ ਤਰ੍ਹਾਂ ਇਸ ਕਲੰਡਰ ਵਿਚ ਨਿਰਾਦਰ ਕੀਤਾ ਗਿਆ ਹੈ । ਸਾਨੂੰ ਸਾਰਿਆਂ ਨੂੰ ਆਪਣੇ ਧਾਰਮਿਕ ਗਰੰਥਾਂ ਦੀ ਪੂਰਣ ਇਜ਼ਤ ਕਰਨੀ ਚਾਹੀਦੀ ਹੈ ਭਾਵੇਂ ਰਾਮਾਇਣ ਹੋਵੇ ਜਾਂ ਗੁਰੂ ਗਰੰਥ ਸਾਹਿਬ ਜਾਂ ਗੀਤਾ ਹੋਵੇ । ਪਰ ਇਸ ਕਲੰਡਰ ਵਿਚ ਜੋ ਕੁਝ ਛਾਪਿਆ ਗਿਆ ਹੈ ਇਹ ਵੇਖਕੇ ਦੁਖ ਹੁੰਦਾ ਹੈ ਸਭ ਤੋਂ ਪਹਿਲਾਂ ਸੰਪੂਰਣ ਰਾਮਾਇਣ ਛਾਪ ਕੇ ਉਤੇ ਭਗਵਾਨ ਰਾਮ ਬਿਠਾ ਦਿਤੇ ਹਨ ਅਤੇ ਨਾਲ ਸ੍ਰੀ ਹਨੂਮਾਨ ਦੀ ਮੂਰਤੀ ਹੈ। ਇਸੇ ਤਰ੍ਹਾਂ ਸਿਰੀਮਤ ਭਗਵਤ ਗੀਤਾ ਛਾਪ ਕੇ ਉਤੇ ਅਰਜਨ ਬਿਠਾ ਦਿਤੇ ਹਨ ਇਹ ਇਕ ਜੋਗਿੰਦਰ ਰਸਤੋਗੀ ਵਲੋਂ ਛਾਪਿਆ ਲਿਖਿਆ ਹੋਇਆ ਹੈ ਇਹ ਬੜੇ ਦੁਖ ਦੀ ਗਲ ਹੈ ਅਤੇ ਸਰਕਾਰ ਨੂੰ ਇਸ ਪਖ ਵਿਚ ਤਤਪਰ ਨੋਟਿਸ ਲੈਣਾ ਚਾਹੀਦਾ ਹੈ ਸਾਨੂੰ ਸਾਰਿਆਂ ਨੂੰ ਇਸ ਗਲ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਗਲ ਦੀ ਨਖੇਧੀ ਕਰਨੀ

Original with;
Punjab Vidhan Sabha
Digitized by;
Panjab Digital Library

ਚਾਹੀਦੀ ਹੈ। ਮੈਂ ਆਪ ਦੀ ਆਗਿਆ ਨਾਲ ਇਹ ਸਭਾ ਦੀ ਮੇਜ਼ ਤੇ ਰਖਦਾ ਹਾਂ। ਹਰ ਕੌਮ ਦੇ ਜਿੰਨੇ ਵੀ ਧਾਰਮਿਕ ਨੇਤਾ ਹੋਏ ਹਨ ਰਿਸ਼ੀ, ਮੁਨੀ, ਅਵਤਾਰ ਹੋਏ ਹਨ ਉਨ੍ਹਾਂ ਦਾ ਸਤਿਕਾਰ ਕਰਨਾ ਸਾਰਿਆਂ ਦਾ ਫਰਜ਼ ਹੈ ਭਾਵੇ ਕਿਸੇ ਵੀ ਮਜ਼ਹਬ ਦਾ ਕੋਈ ਹੋਵੇ। ਮੈਂ ਇਹ ਇਸ ਲਈ ਹਾਊਸ ਵਿਚ ਪੇਸ਼ ਕਰ ਰਿਹਾ ਹਾਂ ਕਿਉਂਕਿ ਤੁਸੀਂ ਆਪ ਵੀ ਨਿਰਪਖ ਹੋ ਅਤੇ ਇਸ ਨੂੰ ਵੇਖ ਕੇ ਇਸ ਦੀ ਨਿਖੇਧੀ ਕਰੋਗੇ ਅਤੇ ਸਰਕਾਰ ਦੇ ਨੋਟਿਸ ਵਿਚ ਲਿਆਓਗੇ ਤਾਂ ਕਿ ਉਚਿਤ ਕਾਰਵਾਈ ਕੀਤੀ ਜਾ ਸਕੇ। (ਵਿਘਨ)

**ਸ੍ਰੀ ਸਪੀਕਰ**: ਸਰਕਾਰ ਦੇ ਨੋਟਿਸ ਵਿਚ ਇਹ ਗਲ ਆ ਗਈ ਹੈ ਹੁਣ ਤੁਸੀਂ ਵਾਈਂਡ ਅਪ ਕਰੋ। (This has come to the notice of the Government. Now please wind up.)

**ਭਗਤ ਗੁਰਾਂ ਦਾਸ ਹੰਸ**: ਮੈਂ ਇਕ ਅਰਜ਼ ਹਰੀਜਨਾਂ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ। ਇਹ ਠੀਕ ਹੈ ਕਿ ਹਰੀਜਨਾਂ ਨੂੰ ਵਜ਼ੀਫੇ ਦਿਤੇ ਗਏ ਹਨ ਅਤੇ ਮਕਾਨ ਬਨਾਣ ਲਈ ਜ਼ਮੀਨ ਅਲਾਟ ਕੀਤੀ ਜਾ ਰਹੀ ਹੈ ਪਰ ਗਿਆਨੀ ਜੀ ਇਸ ਗਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ 25 ਸਾਲਾਂ ਦੀ ਆਜ਼ਾਦੀ ਤੋਂ ਬਾਦ ਵੀ ਅਸੀਂ ਕੀ ਵੇਖਦੇ ਹਾਂ ਕਿ ਹਰੀਜਨਾਂ ਦੀਆਂ ਲੜਕੀਆਂ ਸ਼ਹਿਰਾਂ ਵਿੱਚ ਆਪਣੇ ਸਿਰਾਂ ਤੇ ਟੱਟੀ ਚੁਕਦੀਆਂ ਹਨ ਕਿਤਨੀ ਸ਼ਰਮ ਦੀ ਗਲ ਹੈ। ਅਸੀਂ ਫਾਰਨ ਦੇ ਮੁਲਕਾਂ ਵਿਚ ਵੀ ਵੇਖਦੇ ਹਾਂ ਕਿ ਇਸ ਦਾ ਕੀ ਇੰਤਜ਼ਾਮ ਕੀਤਾ ਗਿਆ ਹੈ ਅਤੇ ਅਸੀਂ ਇੰਨੀ ਰਕਮ ਹੋਰਨਾਂ ਕਮਾਂ ਤੇ ਖਰਚ ਕਰਦੇ ਹਾਂ ਕਿਉਂ ਨਾ ਕੁਝ ਰਕਮ ਲਗਾ ਕੇ ਫਲਸ਼ ਦੀਆਂ ਟੱਟੀਆਂ ਬਣਾ ਦਿਤੀਆਂ ਜਾਣ ਤਾਂ ਕਿ ਹਰੀਜਨਾਂ ਨੂੰ ਆਪਣੇ ਸਿਰਾਂ ਤੇ ਟੱਟੀ ਨਾ ਚੁਕਣੀ ਪਏ ਹਰੀਜਨਾਂ ਵਿਚ ਫਰਕ ਇਤਨਾ ਪਿਆ ਹੈ ਕਿ ਇਨ੍ਹਾਂ ਦੇ ਝਾੜੂ ਦਾ ਕਿਲਾ ਵੱਡਾ ਹੋ ਗਿਆ ਹੈ ਹੋਰ ਇਨ੍ਹਾਂ ਦੀ ਕੋਈ ਤਰਕੀ ਨਹੀਂ ਹੋਈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਬ੍ਰਿਸ਼ਭਾਨ ਕਮੇਟੀ ਬਣਾਈ ਗਈ, ਯਸ਼ ਕਮੇਟੀ ਬਣਾਈ ਗਈ ਅਤੇ ਇਹ ਸਿਫਾਰਸ਼ ਕੀਤੀ ਗਈ ਕਿ 6 ਸਾਲ ਤੋਂ 15 ਸਾਲ ਤਕ ਦੀ ਉਮਰ ਦਾ ਕੋਈ ਬਾਲਕ ਭੰਗੀ ਦਾ ਕੰਮ ਨਾ ਕਰੇ ਅਤੇ ਜੇਕਰ ਕਰੇ ਤਾਂ ਉਸ ਦੇ ਮਾਂ ਬਾਪ ਨੂੰ ਸਜ਼ਾ ਦਿਤੀ ਜਾਵੇ। ਅਤੇ ਉਸ ਨੂੰ ਸਰਕਾਰ ਵਲੋਂ ਵਜ਼ੀਫ਼ਾ ਦੇ ਦਿਤਾ ਜਾਵੇ ਤਾਂ ਕਿ ਉਹ ਪੜ੍ਹ ਲਿਖ ਸਕੇ। ਜੇਕਰ ਇਸ ਤਰ੍ਹਾਂ ਨਹੀਂ ਕੀਤਾ ਜਾ ਸਕਦਾ ਤਾਂ ਭੰਗੀ ਦਾ ਕੰਮ ਕਰਨ ਵਾਲਿਆਂ ਨੂੰ ਹਰੀਜਨਾਂ ਦੀ ਲਿਸਟ ਵਿਚੋਂ ਭੀ ਕਢ ਦੇਣਾ ਚਾਹੀਦਾ ਹੈ ਅਤੇ ਮੈਂ ਅਸਤੀਫਾ ਦੇਣ ਨੂੰ ਤਿਆਰ ਹਾਂ। ਇਸ ਪਾਸੇ ਜ਼ਰੂਰ ਧਿਆਨ ਦੇਣ ਦੀ ਲੋੜ ਹੈ ਅਤੇ ਰਕਮ ਖਰਚ ਕਰਨੀ ਚਾਹੀਦੀ ਹੈ ਤਾਂ ਕਿ ਭੰਗੀਆਂ ਦੇ ਜੀਵਨ ਵਿਚ ਤਰੱਕੀ ਹੋ ਸਕੇ।

ਇਥੇ ਇਹ ਕਿਹਾ ਗਿਆ ਕਿ 1911 ਦੀ ਮਿਉਨਿਸੀਪਲ ਐਕਟ ਦੀ ਤਰਮੀਮ 62 ਅਨੁਸਾਰ ਮਿਉਨਿਸੀਪਲ ਕਮੇਟੀਆਂ ਵਿਚ ਇਕ ਇਕ ਭੰਗੀ ਨੂੰ ਲੈ ਲਿਆ ਗਿਆ ਹੈ। ਇਹ ਕੋਈ ਮੈਂ ਸਮਝਦਾ ਹਾਂ ਇਹਸਾਨ ਨਹੀਂ ਕੀਤਾ ਗਿਆ। ਇਹ ਜਿੰਨੇ ਵੀ ਲੋਕੀ ਆਏ ਇਹ ਵਿਰੋਧੀ ਖਿਆਲਾਂ ਦੇ ਸਨ ਅਤੇ ਜਨਸੰਘ ਵੇਲੇ ਨੌਕਰੀਆਂ ਵੀ ਜਨਸੰਘ ਦੇ ਖਿਆਲਾਂ ਵਾਲਿਆਂ ਨੂੰ ਦਿਤੀਆਂ ਗਈਆਂ ਪਰ ਸਵੀਪਰ ਤਾਂ 90% ਵੋਟ ਕਾਂਗਰਸ ਨੂੰ ਪਾਂਦੇ ਹਨ ਪਰ ਉਨ੍ਹਾਂ ਨੇ ਇਹ ਕਰਕੇ ਹਾਤਮ ਤਾਈ ਦੀ ਕਬਰ ਤੇ ਲਤ ਮਾਰੀ ਹੈ। ਮੈਂ ਤਾਂ ਏਥੋਂ ਤਕ ਕਹਾਂ ਗਾ ਕਿ ਜਿਹੜਾ ਭੰਗੀ ਟਟੀ ਸਾਫ ਕਰਦਾ ਹੈ ਅਤੇ ਇਸ ਕਿਸਮ ਦਾ ਗੰਦਾ ਕੰਮ ਕਰਦਾ ਹੈ ਉਸ ਨੂੰ ਪਾਰਲੀਮੈਂਟ ਵਿਚ ਸੀਟ ਮਿਲਣੀ ਚਾਹੀਦੀ ਹੈ। ਉਸ ਦੀ ਸੀਟ ਦੀ ਰੀਜ਼ਰਵੇਸ਼ਨ ਅਸੈਂਬਲੀਆਂ ਦੇ ਵਿਚ ਵੀ ਹੋਣੀ ਚਾਹੀਦੀ ਹੈ। ਹਰੀਜਨਾਂ ਦੀ 95% ਆਬਾਦੀ ਦੇ ਵਿਚ 70% ਐਸੇ ਹਨ ਜਿਹੜੇ ਕਾਂਗਰਸ ਦੇ ਖਿਲਾਫ ਹਨ। ਮੈਂ ਕਹਿੰਦਾ ਹਾਂ ਬੇਸ਼ਕ ਸਾਨੂੰ ਨਾ ਦਿਓ ਪਰ ਇਹ ਸੀਟਾਂ ਭੰਗੀਆਂ ਵਾਸਤੇ ਜ਼ਰੂਰ ਰੀਜ਼ਰਵ ਕੀਤੀਆਂ ਜਾਣ।

**ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ)**: ਸਪੀਕਰ ਸਾਹਿਬ, ਜਿਹੜਾ ਮਤਾ ਪੰਜਾਬ ਦੀ 1,35,00,000 ਜਨਤਾ ਦੀ ਤਰਜ਼ਮਾਨੀ ਕਰਨ ਲਈ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਗਵਰਨਰ ਸਾਹਿਬ ਦੇ ਐਡਰੈਸ ਦਾ ਧੰਨਵਾਦ ਕਰਨ ਲਈ ਪੇਸ਼ ਕੀਤਾ ਸੀ, ਮੈਂ ਉਸ ਦਾ ਸਮਰਥਕ ਕਰਨ ਲਈ ਖੜ੍ਹਾ ਹੋਇਆ ਹਾਂ।

Original with;
Punjab Vidhan Sabha
Digitized by;
Panjab Digital Library

[ਡਾ. ਕੇਵਲ ਕ੍ਰਿਸ਼ਨ]

ਇਹ ਗਲ ਠੀਕ ਹੈ, ਸਪੀਕਰ ਸਾਹਿਬ, ਕਿ ਗਵਰਨਰ ਸਾਹਿਬ ਦੇ ਐਡਰੈਸ ਪੜ੍ਹਨ ਵੇਲੇ ਜੋ ਪ੍ਰੋਟੈਸਟ ਕੀਤਾ ਜਾਂਦਾ ਹੈ, ਉਸ ਵਿਚ ਬਹੁਤ ਤਬਦੀਲੀ ਆ ਗਈ ਹੈ, ਅਤੇ ਇਹ ਦਿਨੋ ਦਿਨ ਬਦਲਦੀ ਹੀ ਜਾ ਰਹੀ ਹੈ। ਪਹਿਲਾਂ ਇਹ ਹੁੰਦਾ ਸੀ ਕਿ ਵਾਕ ਆਊਟ ਪ੍ਰੋਟੈਸਟ ਕਰਕੇ ਹੁੰਦਾ ਸੀ, ਫੇਰ ਇਹ ਵੀ ਹੋਇਆ ਕਿ ਐਡਰੈਸ ਦੀਆਂ ਕਾਪੀਆਂ ਫਾੜੀਆਂ ਗਈਆਂ। ਐਤਕੀਂ ਇਕ ਨਵਾਂ ਤਰੀਕਾ ਅਖਤਿਆਰ ਕੀਤਾ ਗਿਆ। ਜਿਸ ਤਰ੍ਹਾਂ ਦਾ ਐਡਰੈਸ ਗਵਰਨਰ ਸਾਹਿਬ ਲਿਖਕੇ ਪੜ੍ਹਦੇ ਸਨ ਉਸੇ ਤਰ੍ਹਾਂ ਦਾ ਹੀ ਇਕ ਜਵਾਬ ਲਿਖਕੇ ਲਿਆਂਦਾ ਗਿਆ ਅਤੇ ਹਾਊਸ ਦੇ ਵਿਚ ਪੜ੍ਹਿਆ ਗਿਆ। ਇਸ ਹਾਊਸ ਦਾ ਵੀ ਕੋਈ ਵਿਧਾਨ ਹੈ, ਰੂਲਜ਼ ਹਨ, ਜਿਨ੍ਹਾਂ ਦੇ ਆਧਾਰ ਤੇ ਚਲਦਿਆਂ ਹੋਇਆਂ ਇਸ ਦੀ ਪਵਿਤਰਤਾ ਅਤੇ ਡੈਕੋਰਮ ਨੂੰ ਅਸੀਂ ਕਾਇਮ ਰਖਣਾ ਹੈ। ਇਸ ਤਰ੍ਹਾਂ ਦੀਆਂ ਗਲਾਂ ਇਕ ਸਟੇਟ ਦੇ ਹੈਡ ਦੇ ਸਾਹਮਣੇ ਕਰਨੀਆਂ ਜਿਹੜਾ ਡੈਮੋਕਰੇਸੀ ਦਾ ਰਾਖਾ ਹੈ, ਮੁਨਾਸਬ ਨਹੀਂ ਲਗਦੀਆਂ। ਸਟੇਟ ਦੇ ਹੈਡ ਦੇ ਸਾਹਮਣੇ ਇਸ ਤਰ੍ਹਾਂ ਐਡਰੈਸ ਦਾ ਫਾੜਿਆ ਜਾਣਾ ਰੂਲਜ਼ ਦੀ ਉਲੰਘਣਾ ਨਹੀਂ ਤਾਂ ਹੋਰ ਕੀ ਹੈ? ਇਹ ਇਕ ਤਰ੍ਹਾਂ ਨਾਲ ਇਸ ਵਿਧਾਨ ਦਾ ਮਜ਼ਾਕ ਹੈ। ਇਹ ਉਹ ਵਿਧਾਨ ਹੈ ਜਿਸ ਦੇ ਹੱਕ ਵਿਚ ਹਿੰਦੁਸਤਾਨ ਦੀ 35 ਕਰੋੜ ਜਨਤਾ ਨੇ ਫੈਸਲਾ ਦਿੱਤਾ ਹੈ। ਇਹ ਉਹੀ ਵਿਧਾਨ ਹੈ ਜਿਹੜਾ ਪਿਛਲੇ 25 ਸਾਲ ਤੋਂ ਇਸ ਦੇਸ਼ ਨੂੰ ਮਜ਼ਬੂਤ ਅਤੇ ਸ਼ਕਤੀਸਾਲੀ ਬਣਾਉਂਦਾ ਚਲਿਆ ਆ ਰਿਹਾ ਹੈ

(ਇਸ ਵਕਤ ਮਾਈਕ ਖਰਾਬ ਹੋ ਗਿਆ)

**ਸ਼੍ਰੀ ਸਪੀਕਰ**: ਇਹ ਮਾਈਕ ਖਰਾਬ ਹੈ। ਡਾਕਟਰ ਸਾਹਿਬ ਤੁਸੀਂ ਹੋਰ ਸੀਟ ਤੇ ਚਲੇ ਜਾਓ। (*Addressing Dr. Kewal Krishan*: This mike is out of order, please shift to another seat.)

**ਡਾਕਟਰ ਕੇਵਲ ਕ੍ਰਿਸ਼ਨ**: ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਸ ਤਰ੍ਹਾਂ ਦੇ ਵਾਕਿਆਤ ਬੜੇ ਨਾਮੁਨਾਸਿਬ ਹਨ ਅਤੇ ਸਾਨੂੰ ਇਸ ਤੇ ਪੂਰੀ ਤਰ੍ਹਾਂ ਵਿਚਾਰ ਕਰਨਾ ਚਾਹੀਦਾ ਹੈ। ਇਸ ਵਿਧਾਨ ਦੀ ਪਵਿਤਰਤਾ ਨੂੰ ਸਾਨੂੰ ਕਾਇਮ ਰਖਣਾ ਚਾਹੀਦਾ ਹੈ। ਮੈਂ ਅਪੋਜ਼ੀਸ਼ਨ ਬੈਂਚਾਂ ਤੇ ਬੈਠਣ ਵਾਲੇ ਮੈਂਬਰਾਂ ਨੂੰ ਕਹਾਂਗਾ ਕਿ ਇਸ ਆਗਸਟ ਹਾਊਸ ਦਾ ਪੂਰਾ ਪੂਰਾ ਡੈਕੋਰਮ ਰਖਣਾ ਚਾਹੀਦਾ ਹੈ। ਇਹ ਕੋਈ ਚੰਗੀ ਗਲ ਨਹੀਂ।

ਇਸ ਦੇ ਨਾਲ ਨਾਲ ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਚਾਹੁੰਦੇ ਹਾਂ ਕਿ ਦੇਸ਼ ਵਿਚ ਅਮਨ ਰਹੇ ਅਤੇ ਲਾ ਐਂਡ ਆਰਡਰ ਤੇ ਪੂਰੀ ਤਰ੍ਹਾਂ ਕਾਬੂ ਰਹੇ ਇਸ ਲਈ ਸਾਨੂੰ ਐਸੇ ਅਨਸਰ ਦੇ ਨਾਲ, ਜੋ ਲਾਂ ਐਂਡ ਆਰਡਰ ਭੰਗ ਕਰਦਾ ਹੈ, ਭਾਵੇਂ ਉਹ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ ਕਦੇ ਵੀ ਆਪਣੀ ਸਿੰਮਪਥੀਜ਼ ਦਾ ਪ੍ਰਗਟਾਵਾ ਨਹੀਂ ਕਰਨਾ ਚਾਹੀਦਾ। ਪੰਜਾਬ ਵਿਚ ਪਿਛਲੇ ਦਿਨਾਂ ਵਿਚ ਮੋਗੇ ਦਾ ਕਾਂਡ ਜਿਹੜਾ ਹੋਇਆ ਇਹ ਇਕ ਨਿਹਾਇਤ ਹੀ ਨਾਖੁਸ਼ਗਵਾਰ ਵਾਕਾ ਹੈ ਇਸ ਵਾਕੇ ਤੇ ਸਾਰੇ ਪੰਜਾਬ ਨੂੰ ਅਫਸੋਸ ਹੈ! ਪਰ ਪੰਜਾਬ ਦੇ ਮੁੱਖ-ਮੰਤਰੀ ਨੇ ਜਿਸ ਦਿਨ ਇਹ ਵਾਕਾ ਹੋਇਆ ਉਸੇ ਦਿਨ ਬਗੈਰ ਕਿਸੇ ਝਿਜਕ ਦੇ ਕਿਹਾ ਕਿ ਜਿਹੜੇ ਉਥੇ ਗੋਲੀ ਨਾਲ ਬੱਚੇ ਮਰੇ ਹਨ ਉਹ ਉਨ੍ਹਾਂ ਵਾਲਦੈਨ ਦੇ ਬੱਚੇ ਨਹੀਂ ਮਰੇ ਮੇਰੇ ਆਪਣੇ ਪੁਤਰ ਮਰੇ ਹਨ। ਇਨ੍ਹਾਂ ਨੇ ਫੌਰਨ ਇਸ ਬਾਰੇ ਜੁਡੀਸ਼ਲ ਇਨਕੁਆਇਰੀ ਕਰਨ ਲਈ ਇਕ ਹਾਈਕੋਰਟ ਦੇ ਜੱਜ ਨੂੰ ਕਿਹਾ। ਜਿਨ੍ਹਾਂ ਦੇ ਬੱਚੇ ਮਰੇ ਸਨ ਉਨ੍ਹਾਂ ਦੇ ਵਾਲਦੈਨ ਨੂੰ ਭਾਰੀ ਰਕਮ ਮੁਆਵਜ਼ੇ ਦੇ ਤੌਰ ਤੇ ਦਿੱਤੀ। ਮੇਰੀ ਇਸ ਤਰ੍ਹਾਂ ਦੀ ਗਲ ਕਹਿਣ ਦਾ ਇਹ ਭਾਵ ਹੈ ਕਿ ਇਸ ਤਰ੍ਹਾਂ ਮੌਕੇ ਤੇ ਮੁੱਖ ਮੰਤਰੀ ਜੀ ਨੇ ਹਾਲਾਤ ਨੂੰ ਸੰਭਾਲਿਆ ਕਿ ਹਰ ਤਰ੍ਹਾਂ ਨਾਲ ਏਥੇ ਅਮਨ ਰਹੇ। ਉਨ੍ਹਾਂ ਨੇ ਪੰਜਾਬ ਵਿਚ ਲਾਅ ਐਂਡ ਆਰਡਰ ਬਰਕਰਾਰ ਰਖਣ ਵਿਚ ਸਾਡੀ ਅਗਵਾਈ ਕੀਤੀ। ਜਿਸ ਤਰ੍ਹਾਂ ਨਾਲ ਬਸਾਂ ਫੂਕੀਆਂ ਗਈਆਂ, ਡਾਕ ਘਰਾਂ ਨੂੰ ਜਲਾਇਆ ਗਿਆ ਇਸ ਦਾ ਅੱਜ ਹਰ ਪੰਜਾਬੀ ਨੂੰ ਸਖਤ ਅਫ਼ਸੋਸ ਹੈ। ਇਸ ਤਰ੍ਹਾਂ ਦੀਆਂ ਗਲਾਂ ਜਦੋਂ ਹੁੰਦੀਆਂ ਹਨ ਸਾਡੀ ਆਪਣੀ ਹਿਸਟਰੀ ਦਸਦੀ ਹੈ ਕਿ ਹਮੇਸ਼ਾ

Original with;
Punjab Vidhan Sabha
Digitized by;
Panjab Digital Library

ਦੇਸ਼ ਨੂੰ ਨੁਕਸਾਨ ਹੋਇਆ ਹੈ। ਜਿਹੜੀਆਂ ਮੌਤਾਂ ਹੋਈਆਂ, ਪਾਕਿਸਤਾਨ ਦੇ ਅਖਬਾਰਾਂ ਨੇ ਇਕ ਇਕ ਕਰਕੇ ਗਲਾਂ ਕੀਤੀਆਂ ਅਤੇ ਪੰਜਾਬੀਆਂ ਨੂੰ ਭੜਕਾਉਣ ਦਾ ਪੂਰਾ ਯਤਨ ਕੀਤਾ। ਪਰ ਇਹ ਸਾਡੀ ਖੁਸ਼ ਕਿਸਮਤੀ ਸਮਝੋ ਕਿ ਪੰਜਾਬੀਆਂ ਦੀ ਸੂਝ ਬੂਝ ਕਾਬਲੇ ਤਾਰੀਫ ਹੈ ਕਿ ਉਹ ਇਨ੍ਹਾਂ ਦੇ ਭੜਕਾਊ ਪਰਚਾਰ ਦੇ ਵਿਚ ਨਹੀਂ ਆਏ। ਪੰਜਾਬ ਵਿਚ ਲਾਅ ਐਂਡ ਆਰਡਰ ਕਾਬੂ ਵਿਚ ਰਿਹਾ।

ਇਸ ਹਾਊਸ ਵਿਚ ਵੀ ਕਲ੍ਹ ਇਕ ਖਿਚਾ-ਤਾਨੀ ਦੀ ਗਲ ਹੋਈ ਜਦੋਂ ਕਿ ਕੁਝ ਹਾਊਸ ਦੇ ਮੈਂਬਰ ਸਾਹਿਬਾਨ ਨੇ ਜੰਗੀ ਕੈਦੀਆਂ ਦੀ ਰਿਹਾਈ ਤੇ ਜ਼ੋਰ ਦਿੱਤਾ। ਮੈਂ ਇਸ ਬਾਰੇ ਕਹਾਂਗਾ ਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ। ਸਾਨੂੰ ਇਸ ਤੇ ਬੜੀ ਸੂਝ ਬੂਝ ਨਾਲ ਵਿਚਾਰ ਕਰਨਾ ਚਾਹੀਦਾ ਹੈ। ਅਸੀਂ ਪਾਕਿਸਤਾਨ ਦੀ ਲੜਾਈ ਜਿੱਤੀ ਜਿਸ ਨੂੰ ਚੀਨ ਅਤੇ ਅਮਰੀਕਾ ਦੀ ਇਮਦਾਦ ਹਾਸਲ ਸੀ। ਇਹ ਛੇੜ ਛਾੜ ਪਾਕਿਸਤਾਨ ਦੇ ਆਪਣੇ ਮੁਲਕ ਵਿਚ ਹੋਈ ਜਦੋਂ ਕਿ ਹਿੰਦੋਸਤਾਨ ਆਪਣੀ ਬਾਰਡਰ ਸਟੇਟ ਵਿਚ ਅਮਨ ਵੇਖਣਾ ਚਾਹੁੰਦਾ ਸੀ। ਉਸ ਦੇ ਆਪਣੇ ਮੁਲਕ ਵਿਚ ਹੀ ਸਾਢੇ-ਸੱਤ ਕਰੋੜ ਬੰਗਾਲੀਆਂ ਨੇ ਬਗਾਵਤ ਕੀਤੀ ਜਿਸ ਦਾ ਨਤੀਜਾ ਇਹ ਹੋਇਆ ਕਿ 2 ਕਰੋੜ ਸ਼ਰਨਾਰਥੀ ਸਾਡੇ ਮੁਲਕ ਦੇ ਵਿਚ ਆ ਦਾਖਲ ਹੋਏ, ਇਹ ਇਕ ਪਾਕਿਸਤਾਨ ਦੀ ਚਾਲ ਸੀ ਜੋ ਸਾਡੇ ਮੁਲਕ ਦੀ ਇਕਤਸਾਦੀ ਹਾਲਤ ਨੂੰ ਖਰਾਬ ਕਰਨਾ ਚਾਹੁੰਦਾ ਸੀ। ਇਨ੍ਹਾਂ ਹਾਲਾਤ ਦਾ ਸੈਂਟਰਲ ਸਰਕਾਰ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਰਹਿਨੁਮਾਈ ਵਿਚ ਡਟ ਕੇ ਇਸ ਮਸਲੇ ਤੇ ਅਸੀਂ ਕਾਬੂ ਪਾਇਆ। ਅਸੀਂ ਉਨ੍ਹਾਂ ਦੀ ਰਿਹਾਇਸ਼ ਅਤੇ ਖਾਣ ਪੀਣ ਦਾ ਇੰਤਜ਼ਾਮ ਕੀਤਾ ਅਤੇ ਸਾਡੀ ਇਮਦਾਦ ਦਾ ਸਦਕਾ ਸਾਢੇ ਸੱਤ ਕਰੋੜ ਦੀ ਆਬਾਦੀ ਦਾ ਇਕ ਨਵਾਂ ਮੁਲਕ ਬੰਗਲਾ ਦੇਸ਼ ਆਜ਼ਾਦ ਹੋਇਆ। ਉਨ੍ਹਾਂ ਦੇ ਸ਼ਰਨਾਰਥੀ ਵੀ ਵਾਪਸ ਕੀਤੇ। ਸਾਡੇ ਮੁਲਕ ਦਾ ਅੱਜ ਸਾਰੀ ਦੁਨੀਆਂ ਵਿਚ ਸਿਰ ਉਚਾ ਹੋ ਜਾਂਦਾ ਹੈ ਜਦੋਂ ਅਸੀਂ ਇਹ ਵਖਦੇ ਹਾਂ ਕਿ ਸਾਡੇ ਲੀਡਰਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਅਗਵਾਈ ਹੇਠ ਇਸ ਮੁਲਕ ਦੇ ਅਤੇ ਬੰਗਾਲ ਦੇਸ਼ ਦੇ ਮਸਲੇ ਨੂੰ ਸੁਲਝਾਇਆ ਹੈ। ਐਸੇ ਮੌਕੇ ਤੇ ਜਦੋਂ ਕਿ ਸਾਡੇ ਸੈਂਟਰ ਦੇ ਲੀਡਰ ਪਾਕਿਸਤਾਨ ਅਤੇ ਬੰਗਲਾ ਦੇਸ਼ ਦੇ ਮਸਲੇ ਨੂੰ ਸੁਲਝਾਉਣ ਲਗੇ ਹੋਏ ਹਨ, ਇਸ ਤਰ੍ਹਾਂ ਦੀਆਂ ਗਲਾਂ ਜੰਗੀ ਕੈਦੀਆਂ ਬਾਰੇ ਕਰਨੀਆਂ ਕੋਈ ਸ਼ੋਭਾ ਨਹੀਂ ਦੇਂਦੀਆਂ। ਅਸੀਂ ਕਹਿੰਦੇ ਹਾਂ ਕਿ ਠੀਕ ਹੈ ਜੰਗੀ ਕੈਦੀਆਂ ਨੂੰ ਰਿਹਾ ਕੀਤਾ ਜਾਵੇ, ਪਰ ਜਦੋਂ ਤੱਕ ਬੰਗਲਾ ਦੇਸ਼ ਦੀ ਸਰਕਾਰ ਨੂੰ ਉਹ ਤਸਲੀਮ ਨਹੀਂ ਕਰਦੇ ਇਹ ਕਿਵੇਂ ਹੋ ਸਕਦਾ ਹੈ। ਪਾਕਿਸਤਾਨ, ਹਿੰਦੁਸਤਾਨ ਦਾ ਦੁਸ਼ਮਨ ਮੁਲਕ ਹੈ। ਉਨ੍ਹਾਂ ਨੇ ਇਸ ਮੁਲਕ ਦੀ ਜਾਇਦਾਦ ਅਤੇ ਬੰਦਿਆਂ ਨੂੰ ਨੁਕਸਾਨ ਪਹੁੰਚਾਇਆ ਹੈ। ਐਸੇ ਹਾਲਾਤ ਹੁੰਦੇ ਹੋਏ ਵੀ ਪਾਕਿਸਤਾਨ ਦੇ ਹਿਤ ਦੀਆਂ ਗਲਾਂ ਕਾਰਨੀਆਂ, ਉਨ੍ਹਾਂ ਨਾਲ ਦੋਸਤੀ ਦਾ ਹੱਥ ਬੜ੍ਹਾਉਣਾ ਕਿਤਨੀ ਬੁਰੀ ਗਲ ਹੈ। ਅਸੀਂ ਜੰਗੀ ਕੈਦੀਆਂ ਨੂੰ ਆਜ਼ਾਦ ਕਰਨਾ ਚਾਹੁੰਦੇ ਹਾਂ ਪਰ ਇਕ ਅਸੂਲੀ ਗਲ ਨੂੰ ਜਦੋਂ ਤਸਲੀਮ ਕੀਤਾ ਗਿਆ ਤਾਂ ਪਾਕਿਸਤਾਨ ਉਸ ਨੂੰ ਕਿਉਂ ਨਹੀਂ ਮੰਨਦਾ। ਅਸੀਂ ਇਕ ਅਸੂਲ ਨੂੰ ਕੁਰਬਾਨ ਕਰਨ ਦੇ ਹਕ ਵਿਚ ਨਹੀਂ। ਇਸ ਲਈ ਇਸ ਮਸਲੇ ਬਾਰੇ ਮੈਂ ਤਾਂ ਇਤਨੀ ਹੀ ਗਲ ਕਹਾਂਗਾ ਕਿ ਲੋਕਾਂ ਦੇ ਜਜ਼ਬਾਤ ਨੂੰ ਸਾਹਮਣੇ ਰਖਦੇ ਹੋਏ ਇਸ ਮਸਲੇ ਤੇ ਗੰਭੀਰਤਾ ਨਾਲ ਮੇਰੇ ਦੋਸਤ ਵਿਚਾਰ ਕਰਨ। ਜੇਕਰ ਇਸ ਦੇ ਵਿਚ ਕੋਈ ਸੁਧਾਰ ਕਰ ਸਕਦੇ ਹੋਣ ਤਾਂ ਇਹ ਬੜੀ ਖੁਸ਼ੀ ਦੀ ਗਲ ਹੈ। ਜਿਸ ਤਰ੍ਹਾਂ ਦੇ ਜਜ਼ਬਾਤ ਕਲ੍ਹ ਕੁਝ ਐਮ.ਐਲ.ਏ. ਸਾਹਿਬਾਨ ਨੇ ਇਸ ਹਾਊਸ ਵਿਚ ਵਿਖਾਏ ਹਨ ਉਹ ਮੁਨਾਸਿਬ ਨਹੀਂ। ਇਸ ਹਾਊਸ ਦਾ ਕੀਮਤੀ ਵਕਤ ਜ਼ਾਇਆ ਹੋਇਆ ਅਤੇ ਦੂਸਰੇ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨੂੰ ਇਸ ਤਰ੍ਹਾਂ ਦੀਆਂ ਗਲਾਂ ਨਾਲ ਭਾਰੀ ਸਟ ਵਜੀ।

ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦਾ, ਐਡਰੈਸ ਲਈ ਧੰਨਵਾਦ ਕਿਉਂ ਕਰਨਾ ਚਾਹੁੰਦਾ ਹਾਂ, ਇਸ ਬਾਰੇ ਮੈਂ 2, 4 ਗਲਾਂ ਕਹਾਂਗਾ। ਸਭ ਤੋਂ ਪਹਿਲੀ ਗਲ ਇਹ ਵੀ ਹੈ ਕਿ ਜੋ ਮੁਲਾਜ਼ਮ ਹੁੰਦੇ ਹਨ

Original with;
Punjab Vidhan Sabha
Digitized by;
Panjab Digital Library

[ਡਾ. ਕੇਵਲ ਕ੍ਰਿਸ਼ਨ]

ਇਹ ਸਾਡੇ ਪ੍ਰਸ਼ਾਸਨ ਦੀ ਰੀੜ੍ਹ ਦੀ ਹਡੀ ਹਨ ਅਤੇ ਕੋਈ ਵੀ ਸਰਕਾਰ ਇਨ੍ਹਾਂ ਨੂੰ ਨਰਾਜ਼ ਕਰਕੇ ਔਰ ਥੋੜੀ ਤਨਖਾਹ ਦੇ ਕੇ ਡੰਡੇ ਦੇ ਜ਼ੋਰ ਨਾਲ ਕੰਮ ਲੈਣ ਵਿਚ ਕਾਮਯਾਬ ਨਹੀਂ ਹੋ ਸਕਦੀ। ਇਸ ਦੇ ਨਾਲ ਹੀ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਜ਼ਮਹੂਰੀਅਤ ਵਿਚ ਹਰ ਨਾਗਰਿਕ ਦਾ ਜੋ ਹਕ ਹੈ ਉਹ ਉਸ ਨੂੰ ਦੇਵੇ। ਪੰਜਾਬ ਦੀ ਇਹ ਪਹਿਲੀ ਸਰਕਾਰ ਹੈ, ਗਿਆਨੀ ਜ਼ੈਲ ਸਿੰਘ ਦੀ ਸਰਕਾਰ, ਜਿਸ ਨੇ ਕਿ ਆਪਣੇ ਕੀਤੇ ਹੋਏ ਵਾਇਦੇ ਦੇ ਮੁਤਾਬਿਕ ਇਕ ਕਰੋੜ ਨਹੀਂ 2 ਕਰੋੜ ਨਹੀਂ ਬਲਕਿ 9.11 ਕਰੋੜ ਰੁਪਏ ਦੀ ਇੰਟੈਰਮ ਰੀਲੀਫ 2 ਕਿਸ਼ਤਾਂ ਵਿਚ ਮੁਲਾਜ਼ਮਾਂ ਨੂੰ ਦਿਤੀ। 6 ਕਰੋੜ ਪਹਿਲਾਂ ਉਨ੍ਹਾਂ ਮੁਲਾਜ਼ਮਾਂ ਨੂੰ ਦਿਤਾ ਜਿਨ੍ਹਾਂ ਦੀ ਤਨਖਾਹ 575 ਰੁਪਏ ਤਕ ਸੀ ਅਤੇ ਫਿਰ 1 ਕਰੋੜ ਰੁਪਿਆ ਉਨ੍ਹਾਂ ਮੁਲਾਜਮਾਂ ਨੂੰ ਦਿਤਾ ਜਿਨ੍ਹਾਂ ਦੀ ਤਨਖਾਹ 575 ਤੋਂ 1250 ਰੁਪਏ ਤਕ ਸੀ। ਫਿਰ ਦੂਜੀ ਵਾਰ 5 ਕਰੋੜ ਰੁਪਏ ਦਾ ਇੰਟੈਰਮ ਰਿਲੀਫ ਕੇਂਦਰੀ ਸਰਕਾਰ ਦੇ ਮੁਤਾਬਿਕ ਭੀ ਮੁਲਾਜ਼ਮਾਂ ਨੂੰ ਦਿਤਾ ਗਿਆ। ਮੈਂ ਸਮਝਦਾ ਹਾਂ ਕਿ ਇਹ ਇਕ ਮੁਲਾਜ਼ਮਾਂ ਦੀ ਬਹੁਤ ਵਡੀ ਮੰਗ ਸੀ ਜਿਹੜੀ ਕਿ ਮੰਨੀ ਗਈ। ਪਰ ਫਿਰ ਵੀ ਮੁਲਾਜ਼ਮਾਂ ਵਿਚ ਬੇਚੈਨੀ ਪੈਦਾ ਹੋ ਜਾਂਦੀ ਹੈ। ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਕਈ ਕਾਰਣ ਹਨ। ਇਕ ਕਾਰਣ ਤਾਂ ਮਹਿੰਗਾਈ ਹੈ। ਮਹਿੰਗਾਈ ਵਧਦੀ ਜਾਂਦੀ ਹੈ ਅਤੇ ਮੁਲਾਜ਼ਮਾਂ ਦਾ ਗੁਜ਼ਾਰਾ ਨਹੀਂ ਹੁੰਦਾ ਜਿਸ ਕਰਕੇ ਉਨ੍ਹਾਂ ਦੇ ਵਿਚ ਬੇਚੈਨੀ ਪੈਦਾ ਹੋ ਜਾਂਦੀ ਹੈ। ਪਰ ਇਸ ਦੇ ਨਾਲ ਹੀ ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਮੁਲਾਜ਼ਮਾਂ ਦੇ ਵਿਚ ਵੀ ਇਕ ਅਜਿਹਾ ਅੰਸਰ ਹੈ ਜਿਹੜਾ ਉਨ੍ਹਾਂ ਨੂੰ ਐਕਸਪਲਾਇਟ ਕਰਦਾ ਹੈ, ਗੁੰਮਰਾਹ ਕਰਦਾ ਹੈ। ਉਹ ਅੰਸਰ ਮੁਲਾਜ਼ਮਾਂ ਵਿਚ ਬੇਚੈਨੀ ਪੈਦਾ ਕਰਦਾ ਹੈ। ਪੰਜਾਬ ਦੇ ਟੀਚਰ ਮੈਂ ਸਮਝਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚੋਂ ਸਭ ਤੋਂ ਜ਼ਿਆਦਾ ਤਨਖਾਹ ਲੈ ਰਹੇ ਹਨ। ਪਰ ਇੰਟੈਰਮ ਰਿਲੀਫ ਲੈਣ ਦੇ ਬਾਵਜੂਦ ਅਤੇ ਇਤਨੀ ਜ਼ਿਆਦਾ ਤਨਖਾਹ ਲੈਣ ਦੇ ਬਾਵਜੂਦ ਵੀ ਉਹ ਐਜੀਟੇਸ਼ਨ ਕਰਨ ਨੂੰ ਤਿਆਰ ਹਨ। ਇਹ ਰੁਝਾਨ ਮੈਂ ਸਮਝਦਾ ਹਾਂ ਕਿ ਦੇਸ਼ ਦੀ ਉਨਤੀ ਵਲ ਲਿਜਾਣ ਵਾਲਾ ਨਹੀਂ ਹੈ ਇਹ ਦੇਸ਼ ਨੂੰ ਪਿਛੇ ਲੈ ਜਾਣ ਵਾਲਾ ਹੈ। ਮੈਂ ਸਮਝਦਾ ਹਾਂ ਕਿ ਇਹ ਪਿਛਾਂਹ ਖਿਚੂ ਰੁਝਾਨ ਪੈਦਾ ਕਰਨ ਵਾਲੀਆਂ ਕੁਝ ਉਹ ਤਾਕਤਾਂ ਹਨ ਜਿਹੜੀਆਂ ਕਿ ਹਿੰਦੁਸਤਾਨ ਵਿਚ ਜਮਹੂਰੀਅਤ ਨਹੀਂ ਦੇਖਣਾ ਚਾਹੁੰਦੀਆਂ, ਇਥੇ ਸੈਕੂਲਰਇਜ਼ਮ ਨਹੀਂ ਦੇਖਣਾ ਚਾਹੁੰਦੀਆਂ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਇਨ੍ਹਾਂ ਤਾਕਤਾਂ ਨੂੰ ਪੂਰੀ ਸਖਤੀ ਨਾਲ ਦਬਾ ਦੇਣ ਲਈ ਯਤਨ ਕਰੇ ਉਨ੍ਹਾਂ ਨੂੰ ਕੁਚਲ ਦਿਤਾ ਜਾਵੇ। ਮੈਂ ਸਮਝਦਾ ਹਾਂ ਕਿ ਹੁਣ ਆਮ ਮੁਲਾਜ਼ਮ ਸੈਟਿਸਟਫਾਈਡ ਹੈ। ਫਿਰ ਸੈਂਟਰ ਦੀ ਸਰਕਾਰ ਦਾ ਤੀਜਾ ਪੇ ਕਮਿਸ਼ਨ ਜੋ ਹੈ ਉਸ ਦੀ ਰਿਪੋਰਟ 31 ਮਾਰਚ ਤਕ ਆ ਜਾਣੀ ਹੈ ਅਤੇ ਹੋਰ ਕਰੋੜਾਂ ਰੁਪਏ ਮੁਲਾਜ਼ਮਾਂ ਨੂੰ ਮਿਲ ਜਾਣੇ ਹਨ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ ਅਤੇ ਕੇਂਦਰ ਦੀ ਸਰਕਾਰ ਨੇ ਬਹੁਤ ਸਾਰਾ ਰੁਪਿਆ ਮੁਲਾਜ਼ਮਾਂ ਲਈ ਦਿਤਾ ਹੈ।

ਫਿਰ ਪੰਜਾਬ ਸਰਕਾਰ ਨੇ ਬੇਰੁਜ਼ਗਾਰੀ ਨੂੰ ਦੂਰ ਕਰਨ ਦੇ ਪੂਰੇ ਯਤਨ ਕੀਤੇ ਹਨ। ਬੇਕਾਰੀ ਦਾ ਮਸਲਾ ਸਿਰਫ ਪੰਜਾਬ ਦਾ ਮਸਲਾ ਹੀ ਨਹੀਂ ਹੈ, ਇਹ ਸਾਰੇ ਹਿੰਦੁਸਤਾਨ ਦਾ ਮਸਲਾ ਹੈ, ਅਜ ਦਾ ਬੇਕਾਰ ਨੌਜਵਾਨ ਫਰਸਟਰੇਟਿਡ ਹੈ। ਫਰਸਟਰੇਟਿਡ ਹੋ ਕੇ ਉਹ ਗਲਤ ਪਾਸੇ ਵਲ ਚਲਾ ਜਾਂਦਾ ਹੈ, ਚੋਰੀਆਂ ਕਰਨ ਲਗ ਪੈਂਦਾ ਹੈ, ਡਾਕੇ ਮਾਰਨ ਲਗ ਪੈਂਦਾ ਹੈ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਇਹ ਬੇਕਾਰੀ ਸਾਡੇ ਦੇਸ਼ ਦੇ ਜਿਸਮ ਤੇ ਇਕ ਵਡਾ ਜ਼ਖਮ ਹੈ। ਇਸ ਤੇ ਮਲ੍ਹਮ ਲਾਣ ਲਈ ਪੰਜਾਬ ਸਰਕਾਰ ਨੇ ਇਕ ਸਾਲ ਵਿਚ 27574 ਲੋਕਾਂ ਨੂੰ ਰੁਜ਼ਗਾਰ ਦਿਤਾ ਹੈ। ਜਿਸ ਵਿਚ 16414 ਪੜ੍ਹੇ ਲਿਖੇ ਲੋਕ ਹਨ। ਇਸ ਤੋਂ ਬਿਨਾਂ 4000 ਐਡਹਾਕ ਇੰਮਪਲਾਈਜ਼ ਨੂੰ ਕੰਨਫਰਮ ਕੀਤਾ ਹੈ।

ਫਿਰ, ਸਪੀਕਰ ਸਾਹਿਬ, ਇਹ ਗਿਆਨੀ ਜੀ ਦੀ ਸਰਕਾਰ ਪੰਜਾਬ ਦੀ ਪਹਿਲੀ ਸਰਕਾਰ ਹੈ ਜਿਸ ਨੇ ਕਿ ਇਹ ਸੋਚਿਆ ਹੈ ਕਿ ਅਸੀਂ ਸਮੁਚੇ ਪੰਜਾਬ ਦੀ ਉਨੱਤੀ ਕਰਨੀ ਹੈ। ਤਾਂ ਕਿ ਅਜ਼ਾਦੀ ਦੇ 25 ਸਾਲ

Original with;
Punjab Vidhan Sabha
Digitized by;
Panjab Digital Library

ਬਾਦ ਉਨ੍ਹਾਂ ਲੋਕਾਂ ਨੂੰ ਵੀ ਢਾਰਸ ਹੋਵੇ ਜਿਨ੍ਹਾਂ ਨੂੰ ਕਿ ਅਜੇ ਤਕ ਆਜ਼ਾਦੀ ਦੇ ਸੁਖ ਨਹੀਂ ਪਹੁੰਚੇ ਅਤੇ ਉਹ ਅਜ਼ਾਦੀ ਦੇ ਸੁਖਾਂ ਦੀ ਥਾਟ ਦੇਖ ਰਹੇ ਹਨ। ਮੈਂ ਸਮਝਦਾ ਹਾਂ ਕਿ ਅਜ ਵੀ ਪੰਜਾਬ ਵਿਚ ਕੁਝ ਹਿਸੇ ਅਜਿਹੇ ਹਨ ਜਿਥੇ ਅਜ਼ਾਦੀ ਦੀ ਹਵਾ ਨਹੀਂ ਪਹੁੰਚੀ। ਇਹ ਪਹਿਲੀ ਸਰਕਾਰ ਹੈ ਜਿਸ ਨੇ ਸਰਹਦੀ ਇਲਾ-ਕਿਆਂ ਬਾਰੇ ਸੋਚਿਆ ਹੈ। 1962 ਵ੍ਵਿਚ ਵੀ, 1965 ਵਿਚ ਵੀ ਅਤੇ 1971 ਵਿਚ ਵੀ ਇਨ੍ਹਾਂ ਸਰਹਦੀ ਇਲਾਕੇ ਦੇ ਲੋਕਾਂ ਨੇ ਤਬਾਹੀ ਦਾ ਮੁਕਾਬਲਾ ਕੀਤਾ ਹੈ ਅਤੇ ਆਪਣਾ ਖੂਨ ਦੇਸ਼ ਦੇ ਲਈ ਡੋਹਲਿਆ ਹੈ। ਇਹ ਡੋਲ੍ਹਦੇ ਵੀ ਕਿਉਂ ਨਾ ਜਦੋਂ ਕਿ ਉਨ੍ਹਾਂ ਦੇ ਸਾਹਮਣੇ ਹੀ ਦੇਸ਼ ਦੇ ਫੌਜੀ ਜਵਾਨ ਸ਼ਹੀਦ ਹੋ ਰਹੇ ਸੀ। ਇਸ ਲਈ ਉਹ ਸਰਹਦੀ ਇਲਾਕੇ ਦੇ ਲੋਕ ਗੋਲੀਆਂ ਵਿਚ ਵੀ ਅਤੇ ਹਵਾਈ ਜਹਾਜ਼ਾਂ ਦੇ ਹਮਲਿਆਂ ਦੇ ਬਾਵਜੂਦ ਵੀ ਉਥੇ ਡਟੇ ਰਹੇ ਅਤੇ ਆਪਣੇ ਫੌਜੀ ਭਰਾਵਾਂ ਦੀ ਮਦਦ ਵੀ ਕੀਤੀ ਅਤੇ ਰੱਜ ਕੇ ਕੋਆਪ੍ਰੇਟ ਵੀ ਕੀਤਾ। ਇਸ ਸਰਕਾਰ ਨੇ ਉਸ ਸਰਹਦੀ ਇਲਾਕੇ ਦੀ ਡਿਵੈਲਪਮੈਂਟ ਲਈ ਪਹਿਲੀ ਵਾਰ ਇਕ ਕਮੇਟੀ ਕਾਇਮ ਕੀਤੀ ਹੈ। ਇਸੇ ਤਰ੍ਹਾਂ ਪੰਜਾਬ ਦੇ ਪਹਾੜੀ ਅਤੇ ਨੀਮ ਪਹਾੜੀ ਇਲਾਕੇ ਵੀ ਨਿਗਲੈਗਟਡ ਰਹੇ ਸੀ। ਉਨ੍ਹਾਂ ਦੀਆਂ ਖੁੰਗਰਾਂ ਤਕ ਕੋਈ ਅੱਜ ਤਕ ਨਹੀਂ ਸੀ ਗਿਆ। ਕਿਸੇ ਨੇ ਉਨ੍ਹਾਂ ਨੂੰ ਅਜ ਤਕ ਨਹੀਂ ਸੀ ਪੁਛਿਆ। ਉਸ ਇਲਾਕੇ ਲਈ ਵੀ ਇਸ ਸਰਕਾਰ ਨੇ ਪਹਿਲੀ ਵਾਰ ਇਕ ਕਮੇਟੀ ਕਾਇਮ ਕੀਤੀ। ਫਿਰ ਬੇਟ ਦੇ ਇਲਾਕੇ ਦੇ ਲਈ ਇਕ ਕਮੇਟੀ ਬਣਾਈ ਗਈ ਹੈ। ਇਸ ਤਰ੍ਹਾਂ ਇਹ ਤਿੰਨੇ ਕਮੇਟੀਆਂ ਕੰਮ ਕਰ ਰਹੀਆਂ ਹਨ ਅਤੇ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਦਾ ਇਹ ਕਦਮ ਸ਼ਲਾਘਾਯੋਗ ਹੈ। ਫਿਰ, ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਹ ਵਾਹਿਦਾ ਕੀਤਾ ਸੀ ਕਿ 2 ਸਾਲਾਂ ਵਿਚ ਹਰ ਇਕ ਪਿੰਡ ਸੜਕ ਦੇ ਨਾਲ ਜੋੜ ਦਿਤਾ ਜਾਵੇਗਾ। ਇਸ ਵਾਇਦੇ ਨੂੰ ਪੂਰਾ ਕਰਨ ਵਾਸਤੇ ਹੁਣ ਤਕ 1816 ਕਿਲੋਮੀਟਰ ਸੜਕ ਬਣ ਵੀ ਚੁਕੀ ਹੈ ਅਤੇ 3622 ਕਿਲੋਮੀਟਰ ਬਣ ਰਹੀ ਹੈ। ਇਹ ਇਕ ਨਵੀਂ ਗਲ ਹੈ ਜਿਸ ਨਾਲ ਕਿ ਸਾਡੇ ਜਿਹੜੇ 80 ਪ੍ਰਤੀਸ਼ਤ ਦਿਹਾਤੀ ਹਨ ਉਨ੍ਹਾਂ ਤਕ ਵੀ ਨਵੀਂ ਰੋਸ਼ਨੀ ਅਤੇ ਆਜ਼ਾਦੀ ਦੀ ਰਾਹਿਤ ਪਹੁੰਚੇਗੀ। ਇਹ ਠੀਕ ਹੈ ਕਿ ਅਕਾਲੀ ਸਰਕਾਰ ਨੇ ਵੀ ਮਾਡਲ ਪਿੰਡ ਬਣਾਉਣ ਦੀ ਸਕੀਮ ਬਣਾਈ ਸੀ। ਪਰ ਉਹ ਪਿੰਡ ਤਾਦਾਦ ਵਿਚ ਬਹੁਤੇ ਨਹੀਂ ਸੀ ਅਤੇ ਜੇ ਉਹ ਪੱਕੀ ਸੜਕ ਨਾਲ ਨਾ ਜੁੜੇ ਹੋਏ ਹੁੰਦੇ ਤਾਂ ਉਨ੍ਹਾਂ ਦਾ ਫਾਇਦਾ ਵੀ ਕੋਈ ਨਹੀਂ ਹੋਣਾ ਸੀ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਇਕ ਇਨਕਲਾਬੀ ਕਦਮ ਹੈ ਜਿਸ ਲਈ ਕਿ ਗਿਆਨੀ ਜੀ ਦੀ ਸਰਕਾਰ ਵਧਾਈ ਦੀ ਹੱਕਦਾਰ ਹੈ।

ਫਿਰ ਇਸ ਤੋਂ ਬਾਅਦ, ਸਪੀਕਰ ਸਾਹਿਬ, ਇਸ ਸਰਕਾਰ ਨੇ ਇੰਡਸਟਰੀ ਬਾਰੇ ਜੋ ਕੰਮ ਕੀਤਾ ਹੈ ਉਹ ਬੜਾ ਸ਼ਲਾਘਾ ਯੋਗ ਹੈ। ਇਹ ਇਕ ਅਜਿਹੀ ਸਾਇਡ ਸੀ ਜਿਹੜੀ ਕਿ ਨਿਗਲੈਕਟ ਕੀਤੀ ਹੋਈ ਸੀ। ਇਸ ਸਰਕਾਰ ਨੇ ਇਧਰ ਧਿਆਨ ਦਿਤਾ ਹੈ ਅਤੇ ਇੰਡਸਟਰੀ ਦੇ 14 ਵਡੇ ਅਤੇ ਦਰਮਿਆਨੇ ਸੈਂਟਰ ਕਾਇਮ ਕੀਤੇ ਹਨ ਅਤੇ 1400 ਛੋਟੇ ਇੰਡਸਟਰੀ ਦੇ ਸੈਂਟਰ ਕਾਇਮ ਕੀਤੇ ਹਨ। ਇਸ ਤੇ 78.50 ਕਰੋੜ ਦੀ ਲਾਗਤ ਆਉਣੀ ਹੈ ਅਤੇ ਇਸ ਦੇ ਨਾਲ 7 ਲੱਖ ਲੋਕਾਂ ਨੂੰ ਰੋਜ਼ਗਾਰ ਮਿਲਣਾ ਹੈ।

ਫਿਰ, ਸਪੀਕਰ ਸਾਹਿਬ, ਮੈਂ ਸਕੂਲਾਂ ਬਾਰੇ ਕੁਝ ਕਹਾਂਗਾ। ਹਰ ਇਕ ਪਿੰਡ ਵਿਚ ਇਕ ਪ੍ਰਾਇਮਰੀ ਸਕੂਲ ਖੋਲਣ ਦਾ ਫੈਸਲਾ ਬੜਾ ਸ਼ਲਾਘਾ ਯੋਗ ਹੈ। ਜਿਸ ਵਕਤ ਤਕ ਲੋਕ ਪੜ੍ਹੇ ਲਿਖੇ ਨਹੀਂ ਹੋਣਗੇ, ਸਟੇਟ ਉੱਨਤੀ ਨਹੀਂ ਕਰ ਸਕੇਗੀ। ਇਸ ਸਰਕਾਰ ਨੇ ਇਕ ਸਾਲ ਵਿਚ 1 ਹਜ਼ਾਰ ਪ੍ਰਾਇਮਰੀ ਸਕੂਲ ਪਹਿਲਾਂ ਖੋਲ੍ਹੇ ਹਨ ਅਤੇ 1 ਹਜ਼ਾਰ ਹੁਣ ਖੋਲ੍ਹ ਰਹੀ ਹੈ। ਇਸ ਨਾਲ ਸਾਡੇ ਹਜ਼ਾਰਾਂ ਟੀਚਰਾਂ ਨੂੰ ਰੋਜ਼ਗਾਰ ਵੀ ਮਿਲੇਗਾ ਅਤੇ ਸਾਡੇ ਬੱਚੇ ਵੀ ਪੜ੍ਹ ਲਿਖ ਕੇ ਸਟੇਟ ਦੀ ਤਰੱਕੀ ਵਿਚ ਆਪਣਾ ਹਿਸਾ ਪਾਉਣਗੇ, ਪੰਜਾਬ ਨੂੰ ਤਾਮੀਰ ਕਰਨ ਵਿਚ ਮਦਦ ਕਰਨਗੇ।

ਫਿਰ, ਸਪੀਕਰ ਸਾਹਿਬ, ਇਸ ਸਰਕਾਰ ਨੇ ਇਕ ਸਾਲ ਵਿਚ ਹੀ 14671 ਹੈਕਟਰ ਜਾਂ 445.85 ਏਕੜ ਜ਼ਮੀਨ ਨੂੰ ਪਾਣੀ ਦੇਣ ਦਾ ਪ੍ਰਬੰਧ ਕੀਤਾ ਹੈ। ਇਸ ਦੇ ਨਾਲ ਹੀ ਲੈਂਡ ਰੀਫ਼ਾਰਮ ਦਾ ਬਿਲ ਪਾਸ

Original with;
Punjab Vidhan Sabha
Digitized by;
Panjab Digital Library

[ਡਾ. ਕੇਵਲ ਕ੍ਰਿਸ਼ਨ]

ਕਰਕੇ ਸਰਕਾਰ ਬੇਦਖਲ ਮੁਜ਼ਾਰਿਆਂ ਨੂੰ ਜ਼ਮੀਨ ਦੇਣ ਦਾ ਪ੍ਰਬੰਧ ਕਰ ਰਹੀ ਹੈ। ਫਿਰ 79 ਮਿਯੂਨਸਪੈਲ-ਟੀਆਂ ਦੀਆਂ ਚੋਣਾਂ ਕਰਵਾਈਆਂ ਹਨ। ਅਤੇ ਪੰਚਾਇਤਾਂ ਦੀਆਂ ਚੋਣਾਂ ਵੀ ਕਰਵਾਈਆਂ ਹਨ, ਜਿਹੜੀਆਂ ਕਿ ਅਗੇ ਤੋਂ ਅਗੇ ਹੀ ਪੈਂਦੀਆਂ ਜਾ ਰਹੀਆਂ ਸੀ ਅਤੇ ਕੋਈ ਵੀ ਸਰਕਾਰ ਉਨ੍ਹਾਂ ਨੂੰ ਹਥ ਲਾਉਣ ਲਈ ਤਿਆਰ ਨਹੀਂ ਸੀ। ਇਸ ਸਰਕਾਰ ਨੇ ਸਾਰੀਆਂ ਪੰਚਾਇਤਾਂ ਦੀਆਂ ਚੋਣਾਂ ਕਰਵਾ ਦਿਤੀਆਂ। ਫਿਰ ਇਹ ਪਹਿਲੀ ਸਰਕਾਰ ਹੈ ਜਿਸ ਨੇ 182 ਔਰਤਾਂ ਨੂੰ ਮਿਯੂਨਸਪੈਲਟੀਆਂ ਵਿਚ ਨਾਮੀਨੇਟ ਕੀਤਾ ਹੈ ਅਤੇ ਇਸ ਤਰ੍ਹਾਂ ਮਯੂਨਸਪੈਲਟੀਆਂ ਦੇ ਕੰਮ ਵਿਚ ਉਨ੍ਹਾਂ ਨੂੰ ਹਿਸੇਦਾਰ ਬਣਾਇਆ ਹੈ। ਇਸ ਦੇ ਨਾਲ ਹੀ 184 ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਮਯੂਨਸਿਪੈਲਟੀਆਂ ਵਿਚ ਨਾਮਜ਼ਦ ਕੀਤਾ ਹੈ। ਅਤੇ ਉਹ ਸੈਕਸ਼ਨ ਜਿਹੜਾ ਕਿ ਨੈਗਲੈਕਟ ਹੋਇਆ ਪਿਆ ਸੀ ਉਸ ਨੂੰ ਮਿਯੂਨਸਪੈਲਟੀਆਂ ਦੀ ਵਰਕਿੰਗ ਵਿਚ ਹਿਸੇਦਾਰ ਬਣਾਇਆ ਹੈ। ਫਿਰ 1972-73 ਵਿਚ ਜੋ ਡਿਵੈਲਪਮੈਂਟ ਲਈ 85 ਕਰੋੜ ਰੁਪਿਆ ਸੀ ਉਸ ਨੂੰ ਵਧਾ ਕੇ 94 ਕਰੋੜ ਕਰ ਦਿਤਾ ਹੈ। ਅਤੇ 1973-74 ਲਈ 123 ਕਰੋੜ ਰੁਪਿਆ ਰਖਿਆ ਗਿਆ ਹੈ। ਇਹ ਇਕ ਨੇਕ ਕਦਮ ਹੈ। ਫਿਰ ਸਰਕਾਰ ਦੁੱਧ ਦਾ ਇਨਕਲਾਬ ਲਿਆਉਣ ਲਈ ਯਤਨ ਕਰ ਰਹੀ ਹੈ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿਚ ਇਹ ਪੰਜਾਬ ਦੀ ਸਰਕਾਰ ਪਹਿਲੀ ਸਰਕਾਰ ਹੈ ਜਿਸ ਨੇ ਦੁੱਧ ਵਿਚ ਇਨਕਲਾਬ ਲਿਆਉਣ ਲਈ ਯਤਨ ਕੀਤਾ ਹੈ। ਪੰਜਾਬ ਅਨਾਜ ਦੇ ਬਾਰੇ ਵਿਚ ਤਾਂ ਪਹਿਲਾਂ ਹੀ ਮਸ਼ਹੂਰ ਹੈ। ਬਾਕੀ ਦੇ ਹਿੰਦੁਸਤਾਨ ਦੇ ਸੂਬੇ ਜਿੰਨਾ ਅਨਾਜ ਪੈਦਾ ਕਰਦੇ ਹਨ। ਉਸਦੇ ਨਾਲੋਂ ਦੋ ਤਿੰਨ ਗੁਣਾਂ ਜ਼ਿਆਦਾ ਅਨਾਜ ਪੰਜਾਬ ਇਕਲਾ ਪੈਦਾ ਕਰਦਾ ਹੈ। ਪੰਜਾਬ ਸਰਕਾਰ ਨੇ ਟੀਚਾ ਰਖਿਆ ਹੈ ਕਿ ਇਸ ਸਾਲ ਅਸੀਂ 82 ਲਖ ਟਨ (ਵਿਘਨ) ਅਨਾਜ ਪੈਦਾ ਕਰਨਾ ਹੈ। ਇਹ ਟੀਚਾ ਪੰਜਾਬ ਸਰਕਾਰ ਨੇ 1973-74 ਲਈ ਰਖਿਆ ਹੈ। (ਵਿਘਨ)

ਜਿਥੇ ਪੜ੍ਹਾਈ ਦੇ ਮੈਦਾਨ ਵਿਚ ਪੰਜਾਬ ਸਰਕਾਰ ਦਾ ਕੰਮ ਸ਼ਲਾਘਾਯੋਗ ਹੈ ਉਥੇ ਜ਼ਮੀਨੀ ਸੁਧਾਰ ਲਈ ਵੀ ਇਥੇ ਦੀ ਸਰਕਾਰ ਦਾ ਕੰਮ ਸ਼ਲਾਘਾਯੋਗ ਹੈ। ਸਿਹਤ ਦਾ ਖਿਆਲ ਰਖਣ ਵਾਸਤੇ ਇਸ ਸਰਕਾਰ ਦਾ ਕੰਮ ਸ਼ਲਾਘਾਯੋਗ ਹੈ। ਪੰਜ ਹਜ਼ਾਰ ਦੀ ਆਬਾਦੀ ਪਿਛੇ ਇਕ ਡਾਕਟਰ ਦੇਣ ਦਾ ਜਿਹੜਾ ਟੀਚਾ ਮਿਥਿਆ ਹੈ ਉਹਦੇ ਨਾਲ ਮੈਂ ਸਮਝਦਾ ਹਾਂ ਕਿ ਡਾਕਟਰ ਨਾਲ, ਕੰਪਾਊਡਰ ਅਤੇ ਨਰਸਾਂ ਵੀ ਹੋਣਗੀਆਂ। ਇਸ ਨਾਲ ਲੋਕਾਂ ਨੂੰ ਕਾਫੀ ਰਾਹਤ ਪਹੁੰਚੇਗੀ। ਇਸ ਦੇ ਨਾਲ ਹੀ ਪੌਣੇ ਦੋ ਲਖ ਬੇ-ਘਰ ਲੋਕਾਂ ਨੂੰ 15 ਅਗਸਤ, 1973 ਤਕ ਜੋ ਪਲਾਟ ਦੇਣ ਦਾ ਸਰਕਾਰ ਦਾ ਮਨਸ਼ਾ ਹੈ ਇਸ ਨਾਲ ਬੇ-ਘਰ ਲੋਕਾਂ ਨੂੰ ਜੋ ਕਿ ਅੱਜ ਤਕ ਜ਼ਮੀਨ ਤੇ ਲੇਟ ਕੇ ਆਸਮਾਨ ਨੂੰ ਹੀ ਛਤ ਸਮਝਦੇ ਸਨ ਹੁਣ ਇਹ ਲੋਕ ਆਪਣੇ ਘਰ ਬਣਾ ਕੇ ਰਹਿ ਸਕਣਗੇ। ਪੀਣ ਦੇ ਪਾਣੀ ਦਾ ਸਰਕਾਰ ਨੇ ਜੋ ਇਕ ਹਜ਼ਾਰ ਪਿੰਡਾਂ ਵਾਸਤੇ ਇੰਤਜ਼ਾਮ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਕੁਝ ਗਲਾਂ ਮੈਂ ਕਹਿਣੀਆਂ ਚਾਹੁੰਦਾ ਹਾਂ ਜਿਹੜੀਆਂ ਕਿ ਸਾਰੇ ਪੰਜਾਬ ਵਿਚ ਮਹਿਸੂਸ ਕੀਤੀਆਂ ਜਾਂਦੀਆਂ ਹਨ ਜਿਸਨੂੰ ਕਿ ਪੰਜਾਬ ਸਰਕਾਰ ਵੀ ਮਹਿਸੂਸ ਕਰਦੀ ਹੈ, ਆਪੋਜੀਸ਼ਨ ਵੀ ਮਹਿਸੂਸ ਕਰਦੀ ਹੈ ਔਰ ਪੰਜਾਬ ਦੀ ਜੰਤਾਂ ਵੀ ਮਹਿਸੂਸ ਕਰਦੀ ਹੈ। ਪਹਿਲੀ ਗਲ ਹੈ ਬਿਜਲੀ ਦੀ ਕਮੀ। ਇਸਦੇ ਵਾਸਤੇ ਠੀਕ ਹੈ ਕਿ ਬਿਜਲੀ ਦੀ ਕਮੀ ਲਈ ਬਾਰਸ਼ਾਂ ਜਾਂ ਪਰਮਾਤਮਾ ਬਹੁਤ ਜ਼ਿਆਦਾ ਜ਼ਿਮੇਵਾਰ ਹੈ। ਇਹ ਕਰਾਈਸਿਜ਼ ਸਾਰੇ ਹਿੰਦੁਸਤਾਨ ਵਿਚ ਹੈ ਅਤੇ ਇਕੱਲੇ ਪੰਜਾਬ ਵਿਚ ਹੀ ਨਹੀਂ ਹੈ। (ਵਿਘਨ) ਲੇਕਿਨ ਇਸ ਦੇ ਨਾਲ ਹੀ ਇਹ ਗਲ ਕਹਿ ਕੇ ਕਿਸੇ ਰਾਜ ਸਰਕਾਰ ਦੀ ਜ਼ਿਮੇਂਵਾਰੀ ਘਟ ਨਹੀਂ ਜਾਂਦੀ। ਇਹ ਕਹਿਣਾ ਕਿ ਪਰਮਾਤਮਾ ਦੀ ਜ਼ਿਮੇਂਵਾਰੀ ਹੈ ਇਸ ਦੇ ਨਾਲ ਸਰਕਾਰ ਬਰੀ ਨਹੀਂ ਹੋ ਜਾਂਦੀ। ਮੈਨੂੰ ਸ਼ਬਦ ਯਾਦ ਹੈ ਜਦੋਂ ਕਲਕੱਤੇ ਕਾਂਗਰਸ ਸੈਸ਼ਨ ਹੋਇਆ ਸੀ ਤਾਂ ਉਥੇ ਇਕ ਐਮ. ਪੀ. ਨੇ ਬੋਲਦੇ ਹੋਏ ਕੁਝ ਕਿਹਾ ਸੀ ਕਿ ਇਹ ਠੀਕ ਹੈ ਕਿ ਬਾਰਸ਼ਾਂ ਨਹੀਂ ਹੋਈਆਂ ਹਨ ਔਰ ਬਾਰਸ਼ਾਂ ਨਾ ਹੋਣ ਕਰਕੇ ਬਿਜਲੀ ਦਾ ਕਰਾਇਸਿਜ਼ ਆ ਗਿਆ ਹੈ। ਇਹ ਵੀ ਠੀਕ ਹੈ ਕਿ ਜੇ ਬਾਰਸ਼ਾਂ ਜ਼ਿਆਦਾ ਹੋ ਜਾਣ ਤਾਂ ਲੋਕ ਬਰਬਾਦ ਹੋ ਜਾਂਦੇ ਹਨ ਲੇਕਿਨ ਉਨ੍ਹਾਂ ਦੇ ਸ਼ਬਦ ਦੇ ਮੁਤਾਬਕ 25 ਸਾਲ ਦੇ ਅਰਸੇ ਵਿਚ ਕਿਸੇ ਸਰਕਾਰ ਨੇ ਇਹ ਕਿਉਂ ਨਹੀਂ ਸੋਚਿਆ ਕਿ ਹਰ ਵੇਲੇ

Original with;
Punjab Vidhan Sabha
Digitized by;
Panjab Digital Library

ਪ੍ਰਮਾਤਮਾ ਮੇਹਰਬਾਨੀ ਨਹੀਂ ਕਰ ਸਕਦਾ ਅਤੇ ਇਸ ਦਾ ਪਰਬੰਧ ਕਰਨਾ ਚਾਹੀਦਾ ਹੈ। ਦਰਿਆਵਾਂ ਵਿਚ ਹੜ੍ਹ ਆਉਂਦੇ ਹਨ ਅਤੇ ਇਸ ਨਾਲ ਲੱਖਾਂ ਲੋਕ ਬਰਬਾਦ ਹੁੰਦੇ ਹਨ, ਲੱਖਾਂ ਏਕੜ ਜ਼ਮੀਨ ਬਰਬਾਦ ਹੋ ਜਾਂਦੀ ਹੈ, ਉਸ ਤੁਗਿਆਨੀ ਨੂੰ ਰੋਕ ਕੇ ਦਰਿਆਵਾਂ ਨੂੰ ਬੰਨ੍ਹ ਲਗਾ ਕੇ ਹਿੰਦੁਸਤਾਨ ਦੀ ਬੰਜਰ ਧਰਤੀ ਨੂੰ ਸੈਰਾਬ ਕਰਨ ਦਾ ਸੋਚਣਾ ਚਾਹੀਦਾ ਸੀ। ਅਤੇ ਇਸ ਨਾਲ ਬਿਜਲੀ ਪੈਦਾ ਕਰਨੀ ਚਾਹੀਦੀ ਸੀ। ਬਿਜਲੀ ਇਕ ਜ਼ਿੰਦਗੀ ਹੈ ਅਤੇ ਕਿਸੇ ਵੀ ਦੇਸ਼ ਦੀ ਤਰਕੀ ਵਾਸਤੇ ਬਿਜਲੀ ਦਾ ਹੋਣਾ ਜ਼ਰੂਰੀ ਹੈ। 25 ਸਾਲਾਂ ਵਿਚ ਇਸ ਚੀਜ਼ ਦਾ ਪਰਬੰਧ ਕਰਨਾ ਚਾਹੀਦਾ ਸੀ ਜਿਸ ਨਾਲ ਅੱਜ ਲੋਕਾਂ ਨੂੰ ਬਿਜਲੀ ਮਿਲਦੀ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਦੇ ਜਜ਼ਬਾਤ ਠੀਕ ਸੀ ਲੇਕਿਨ ਸਰਕਾਰ ਕੋਲ ਕਈ ਹੋਰ ਪਰਾਬਲਮਜ਼ ਰਹੀਆਂ ਹਨ। ਜਿਸ ਵੇਲੇ ਇਥੇ ਅੰਗਰੇਜ਼ਾਂ ਦੇ ਜਾਣ ਤੇ ਕਾਂਗਰਸ ਦਾ ਰਾਜ ਆਇਆ ਸੀ ਉਸ ਵੇਲੇ ਇਥੇ ਕੋਈ ਕਾਰਖਾਨੇ ਨਹੀਂ ਸੀ, ਬਾਰੂਦ ਨਹੀਂ ਸੀ, ਟਰੈਕਟਰ ਹਵਾਈਜਹਾਜ਼ ਆਦਿ ਨਹੀਂ ਸਨ। ਪਰ ਹੁਣ 25 ਸਾਲ ਦੇ ਸਮੇਂ ਵਿਚ ਇਹ ਚੀਜ਼ਾਂ ਸੱਭ ਹਨ। ਜਿਨ੍ਹਾਂ ਲਾਈਨਜ਼ ਤੇ ਹੁਣ ਦੇਸ਼ ਚਲ ਰਿਹਾ ਹੈ ਜੇ ਇਨ੍ਹਾਂ ਲਾਈਨਜ਼ ਤੇ ਦੇਸ਼ ਚਲਦਾ ਰਿਹਾ ਤਾਂ ਮੈਨੂੰ ਪੂਰੀ ਉਮੀਦ ਹੈ ਕਿ ਇਹ ਦੇਸ਼ ਅਵਾਮ ਲਈ ਜਿੰਨੀਆਂ ਵੀ ਚੀਜ਼ਾਂ ਇਨ੍ਹਾਂ ਲਈ ਚਾਹੀਦੀਆਂ ਹਨ ਉਹ ਪੂਰੀਆਂ ਕਰੇਗਾ। ਬਿਜ਼ਲੀ ਦੇ ਬਾਰੇ ਵਿਚ ਮੈਂ ਦਸ ਰਿਹਾ ਹਾਂ ਕਿ ਕਰੋੜਾਂ ਰੁਪਏ ਦੇ ਖਰਚ ਨਾਲ ਜੈਨਰੇਟਰ ਬਾਹਰਲੇ ਦੇਸ਼ਾਂ ਤੋਂ ਮੰਗਵਾਏ ਗਏ ਸੀ। ਉਹ ਨੁਕਸਾਨ ਜਾਣਕੇ ਹੋਇਆ, ਪਿਛਲੀ ਸਰਕਾਰ ਨੇ ਕੀਤਾ ਮੈਂ ਕੁਝ ਨਹੀਂ ਕਹਿੰਦਾ ਲੇਕਿਨ ਮੈਂ ਇਹ ਕਹਾਂਗਾ ਕਿ ਐਨੀ ਦੇਰ ਵਿਚ ਉਹ ਜੈਨਰੇਟਰ ਠੀਕ ਹੋ ਕੇ ਚਲਣੇ ਚਾਹੀਦੇ ਸਨ ਅਗਰ ਨਹੀਂ ਚਲੇ ਤਾਂ ਇਹ ਅਣਗਹਿਲੀ ਹੈ। ਹੁਣ ਵੀ ਯਤਨ ਕਰਨਾ ਚਾਹੀਦਾ ਹੈ ਕਿ ਉਹ ਜੈਨਰੇਟਰ ਬਰਾਬਰ ਚਲਣ। ਬਠਿੰਡੇ ਦਾ ਥਰਮਲ ਪਲਾਂਟ ਬਹੁਤ ਸੁਸਤੀ ਨਾਲ ਚਲ ਰਿਹਾ ਹੈ। ਇਹ ਪਿਛਲੇ ਸਾਲ ਕੰਪਲੀਟ ਹੋਣਾ ਚਾਹੀਦਾ ਸੀ। ਮੈਂ ਸਮਝਦਾ ਹਾਂ ਕਿ ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਉਹ ਪਲਾਂਟ ਜਲਦੀ ਪੂਰਾ ਹੋਵੇ। ਇਕ ਹੋਰ ਗਲ ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਮੁਕੇਰੀਆਂ ਕਾਂਸਟੀਚੁਐਂਸੀ ਦਾ ਰਹਿਣ ਵਾਲਾ ਹਾਂ। ਉਥੋਂ ਤਲਵਾੜਾ ਨਜ਼ਦੀਕ ਹੀ ਹੈ ਉਥੇ ਪਾਂਗ ਡੈਮ ਬਣ ਰਿਹਾ ਹੈ। ਹੁਣ ਤਕ ਤਾਂ ਇਸ ਨੂੰ ਕੰਪਲੀਟ ਹੋ ਜਾਣਾ ਚਾਹੀਦਾ ਸੀ (ਵਿਘਨ) ਲੇਕਿਨ ਮੈਨੂੰ ਇਹ ਅਫਸੋਸ ਆਉਂਦਾ ਹੈ ਔਰ ਮੈਂ ਦੁਖ ਨਾਲ ਕਹਾਂਗਾ ਕਿ ਉਥੇ ਡੈਮ ਬਨਾਉਣ ਦੇ ਬਾਅਦ ਦੋ ਸਟੇਸ਼ਨ ਲਗਣੇ ਚਾਹੀਦੇ ਸੀ ਬਿਜਲੀ ਜੈਨਰੇਟ ਕਰਨ ਵਾਸਤੇ ਲੇਕਿਨ ਉਹ ਨਹੀਂ ਬਣੇ। ਇਹ ਚੀਜ਼ ਮੈਨੂੰ ਉਥੇ ਦੇ ਜੀ. ਐਮ. ਨੇ ਦਸੀ ਹੈ। ਉਸ ਨੇ ਕਿਹਾ ਹੈ ਕਿ 1978 ਤਕ ਸ਼ਾਇਦ ਟਰਬਾਈਨ ਮਿਲ ਸਕਣ ਅਤੇ ਇਸ ਨਾਲ 1983-84 ਤਕ ਬਿਜਲੀ ਪੈਦਾ ਹੋ ਸਕੇਗੀ। ਆਉਣ ਵਾਲੇ ਦਸਾਂ ਸਾਲਾਂ ਤਕ ਵੀ ਇਸ ਪਾਂਗ ਡੈਮ ਤੋਂ ਬਿਜਲੀ ਦਾ ਸਾਨੂੰ ਕੋਈ ਫਾਇਦਾ ਨਹੀਂ ਹੋਵੇਗਾ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਇਹ ਪਰਬੰਧ ਹੋ ਜਾਣਾ ਚਾਹੀਦਾ ਸੀ ਤਾਂ ਕਿ ਇਹ ਜੋ ਹੁਣ ਬਿਜਲੀ ਦੀ ਘਾਟ ਪੰਜਾਬ, ਹਰਿਆਣਾ ਅਤੇ ਹਿਮਾਚਲ ਪਰਦੇਸ਼ ਨੂੰ ਮਹਿਸੂਸ ਹੋ ਰਹੀ ਹੈ, ਇਹ ਇਸ ਤਰ੍ਹਾਂ ਨਾ ਹੁੰਦੀ। ਹੁਣ ਵੀ ਪੰਜਾਬ ਦੀ ਸਰਕਾਰ ਨੂੰ ਸੈਂਟਰ ਦੀ ਸਰਕਾਰ ਨੂੰ ਲਿਖਣਾ ਚਾਹੀਦਾ ਹੈ ਕਿ ਉਸਦੇ ਲਈ ਟਰਬਾਈਨ ਲਿਆਉਣ ਦਾ ਪਰਬੰਧ ਜਲਦੀ ਤੋਂ ਜਲਦੀ ਕੀਤਾ ਜਾਵੇ ਤਾਂ ਕਿ ਉਥੇ ਬਿਜਲੀ ਜਲਦੀ ਤੋਂ ਜਲਦੀ ਪੈਦਾ ਹੋ ਸਕੇ ਅਤੇ ਇਹ ਦਸ ਸਾਲ ਦਾ ਗੈਪ ਘਟ ਸਕੇ।

ਮਹਿੰਗਾਈ ਦਾ ਹੋਣਾ, ਬਾਰਸ਼ਾਂ ਦਾ ਨਾ ਹੋਣਾ ਅਤੇ ਬੰਗਲਾ ਦੇਸ਼ ਦਾ ਮਸਲਾ ਹੈ। ਇਹ ਮਹਿੰਗਾਈ ਇਨ੍ਹਾਂ ਦੋਵਾਂ ਚੀਜ਼ਾਂ ਨੇ ਪੈਦਾ ਕੀਤੀ ਹੈ। ਲੇਕਿਨ ਚੀਜ਼ਾਂ ਦੀ ਗਲਤ ਤਕਸੀਮ ਔਰ ਜਿਹੜੇ ਕੈਪੀਟਿਲਿਸਟ ਹਨ ਉਨ੍ਹਾਂ ਵਲੋਂ ਚੀਜ਼ਾਂ ਦਾ ਹੋਰਡ ਕਰਨਾ, ਜ਼ਖੀਰਾ ਕਰਨਾ, ਚੀਜ਼ਾਂ ਵਿਚ ਮਿਲਾਵਟ ਕਰਨੀ, ਇਹ ਵੀ ਮਹਿੰਗਾਈ ਦੇ ਕਾਰਨ ਹਨ। ਮੈਨੂੰ ਇਕ ਗਲ ਯਾਦ ਆ ਗਈ ਹੈ। ਇਕ ਆਟੇ ਵਾਲੇ ਨੇ ਆਟੇ ਦੀ ਬੋਰੀ ਵਿਚ ਚੌਲਾਂ ਦੀ ਕਣੀ ਅਤੇ ਫਕ ਮਿਲਾ ਦਿਤੀ ਔਰ ਪੀਹ ਦਿਤੀ। ਇਸ ਚੀਜ਼ ਨੂੰ ਪਬਲਿਕ ਵਲੋਂ ਫੂਡ ਇਨਸਪੈਕਟਰ ਦੇ ਨੋਟਿਸ ਵਿਚ ਲਿਆਂਦਾ ਗਿਆ ਪਰ ਉਸਨੇ ਇਹ ਗਲ ਕਹਿ ਕੇ ਟਾਲ ਦਿਤੀ ਕਿ ਚਲੋ ਇਹ ਬੋਰੀ ਬਦਲ ਦਿੰਦੇ ਹਾਂ। ਨਾ ਡਿਪੋ ਹੋਲਡਰ ਦੇ ਖਿਲਾਫ ਅਤੇ ਨਾ ਹੀ ਆਟਾ ਪੀਸਣ ਵਾਲੇ ਦੇ ਖਿਲਾਫ

Original with;
Punjab Vidhan Sabha
Digitized by;
Panjab Digital Library

[ਡਾ. ਕੇਵਲ ਕ੍ਰਿਸ਼ਨ]

ਐਕਸ਼ਨ ਲੈਣਾ, ਮੈਂ ਸਮਝਦਾ ਹਾਂ, ਕਿ ਇਹ ਕੋਈ ਅਛੀ ਗਲ ਨਹੀਂ ਹੈ ਅਤੇ ਇਸ ਨਾਲ ਇਹ ਵੀ ਸਿਧ ਹੁੰਦਾ ਹੈ ਕਿ ਸਾਡੇ ਮੁਲਾਜ਼ਮਾਂ ਵਿਚ ਨੈਸ਼ਨਲ ਕਰੈਕਟਰ ਦੀ ਕਮੀ ਹੈ। ਉਹ ਆਪਣੀ ਪੂਰੀ ਡਿਊਟੀ ਨਹੀਂ ਕਰਦੇ ਹਨ। ਉਹ ਕੁਰਪਸ਼ਨ ਦੇ ਪਾਸੇ ਜਾਂਦੇ ਹਨ ਅਤੇ ਆਪਣੀ ਡਿਊਟੀ ਸਹੀ ਤਰੀਕੇ ਨਾਲ ਨਹੀਂ ਕਰਦੇ ਹਨ। ਇਸ ਨਾਲ ਪਬਲਿਕ ਨੂੰ ਪੂਰੀ ਰਾਹਤ ਨਹੀਂ ਮਿਲਦੀ ਹੈ। ਇਸ ਸਬੰਧੀ ਮੇਰਾ, ਸਪੀਕਰ ਸਾਹਿਬ, ਇਕ ਸੁਝਾਉ ਹੈ ਜੋ ਕਿ ਮੈਂ ਪੰਜਾਬ ਸਰਕਾਰ ਨੂੰ ਤੁਹਾਡੇ ਰਾਹੀਂ ਦੇਣਾ ਚਾਹੁੰਦਾ ਹਾਂ। ਜਿੰਨੀਆਂ ਵੀ ਐਸੈਂਸ਼ਿਅਲ ਕਮੋਡਿਟੀਜ਼ ਹਨ ਭਾਵੇਂ ਦਸ ਹੋਣ ਜਾਂ ਪੰਦਰਾਂ ਹੋਣ, ਜਿੰਨੀਆਂ ਮਰਜ਼ੀ ਹੋਣ, ਉਨ੍ਹਾਂ ਦੇ ਰੇਟਸ ਫਿਕਸ ਕਰ ਦੇਣੇ ਚਾਹੀਦੇ ਹਨ। ਅਤੇ ਇਹ ਚੀਜ਼ਾਂ ਉਹੀ ਰੇਟਸ ਤੇ ਮਿਲਣੀਆਂ ਚਾਹੀਦੀਆਂ ਹਨ। ਇਨ੍ਹਾਂ ਚੀਜਾਂ ਦੀ ਵੰਡ ਲਈ ਸਰਕਾਰ ਆਪ ਕੋਆਪਰੇਟਿਵ ਸਟੋਰ ਖੋਲ੍ਹੇ ਅਤੇ ਏਜੰਸੀਆਂ ਰਾਹੀਂ ਇਹ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ। ਇਹ ਸਸਤੀਆਂ ਚੀਜ਼ਾਂ ਘਟ ਤਨਖਾਹ ਵਾਲੇ ਜਿਹੜੇ ਕਿ ਮਹਿੰਗੀਆਂ ਚੀਜ਼ਾਂ ਨਹੀਂ ਖਰੀਦ ਸਕਦੇ ਅਤੇ ਉਹ ਲੋਕ ਜਿਹੜੇ ਵਿਚਾਰੇ ਰੋਜ਼ ਦੋ, ਤਿੰਨ ਰੁਪਏ ਕਮਾਉਂਦੇ ਹਨ ਜਾਂ ਜਿਹੜੇ ਲੋਕ ਇਕ ਰੁਪਿਆ ਰੋਜ਼ ਵੀ ਨਹੀਂ ਕਮਾਉਂਦੇ, ਇਹ ਚੀਜ਼ਾਂ ਸਸਤੇ ਰੇਟਸ ਤੇ ਅਜਿਹਿਆਂ ਲੋਕਾਂ ਨੂੰ ਮਿਲਣੀਆਂ ਚਾਹੀਦੀਆਂ ਹਨ।

ਉਨ੍ਹਾਂ ਵਾਸਤੇ ਸਸਤੇ ਭਾਅ ਤੇ ਚੀਜ਼ਾਂ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਸ ਸਬੰਧ ਵਿਚ ਜ਼ਰੂਰੀ ਕਦਮ ਉਠਾਵੇ। ਹਰ ਪਿੰਡ ਦੇ ਵਿਚ ਇਸ ਤਰ੍ਹਾਂ ਦਾ ਪਰੋ-ਵੀਜ਼ਨ ਹੋਵੇ ਕਿ ਉਨ੍ਹਾਂ ਲੋਕਾਂ ਨੂੰ ਜ਼ਰੂਰੀ ਚੀਜ਼ਾਂ ਸਸਤੇ ਭਾਅ ਤੇ ਮਿਲ ਸਕਣ। ਇਸੇ ਤਰ੍ਹਾਂ ਛੋਟੇ ਮੁਲਾਜ਼ਮ ਜਿਹੜੀ ਥੋੜ੍ਹੀ ਤਨਖਾਹ ਲੈਣ ਵਾਲੇ ਹਨ ਅਤੇ ਜਿਹੜੀ ਗਰੀਬ ਜਨਤਾ ਹੈ ਜਿਨ੍ਹਾਂ ਦੀ ਕਿ ਮਹਿੰਗਾਈ ਨਾਲ ਕਮਰ ਟੁੱਟੀ ਹੋਈ ਹੈ ਉਨ੍ਹਾਂ ਨੂੰ ਵੀ ਕੁਝ ਸਸਤੇ ਭਾਅ ਤੇ ਚੀਜ਼ਾਂ ਮਿਲ ਸਕਣ।

ਇਸ ਤੋਂ ਅੱਗੇ ਮੈਂ ਲਾਅ ਐਂਡ ਆਰਡਰ ਦੇ ਮੁਤੱਲਕ ਕੁਝ ਕਹਿਣਾ ਚਾਹੁੰਦਾ ਹਾਂ। ਲਾਅ ਐਂਡ ਆਰਡਰ ਦੀ ਹਾਲਤ ਅੱਗੇ ਨਾਲੋਂ ਤਸੱਲੀਬਖਸ਼ ਹੈ। ਅਕਾਲੀ ਦੋਸਤ ਜ਼ਰੂਰ ਕਹਿਣਗੇ ਕਿ ਇਹ ਗੱਲ ਠੀਕ ਨਹੀਂ ਹੈ। (ਵਿਘਨ) ਮੈਂ ਕਹਾਂਗਾ ਕਿ ਹੁਣ ਥਾਣੇ ਨਿਲਾਮ ਨਹੀਂ ਹੁੰਦੇ, ਹੁਣ ਹਸਪਤਾਲ ਨਿਲਾਮ ਨਹੀਂ ਹੁੰਦੇ। (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ** : ਮੈਂ ਸਬੂਤ ਪੇਸ਼ ਕਰਦਾ ਹਾਂ ਕਿ ਹੁਣ ਵੀ ਨਿਲਾਮ ਹੁੰਦੇ ਹਨ। (ਵਿਘਨ)

**ਡਾਕਟਰ ਕੇਵਲ ਕ੍ਰਿਸ਼ਨ** : ਲਾਅ ਐਂਡ ਆਰਡਰ ਦੀ ਹਾਲਤ ਖਰਾਬ ਹੋਣ ਦੇ ਦੋ ਕਾਰਨ ਹਨ। (ਵਿਘਨ)

**ਸ੍ਰੀ ਪਿਮਰਾ ਰਾਮ ਧੰਨੋਵਾਲੀ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਦ ਵੀ ਚੀਮਾ ਸਾਹਿਬ ਉਠਦੇ ਹਨ ਪਤਾ ਨਹੀਂ ਲੱਗਦਾ ਕਿ ਉਹ ਕੀ ਬੋਲ ਜਾਂਦੇ ਹਨ। ਉਨ੍ਹਾਂ ਨੂੰ ਕਹੋ ਕਿ ਦੱਸਣ ਉਹ ਕੀ ਬੋਲਦੇ ਹਨ। (ਵਿਘਨ)

**ਸਦਰਾਰ ਰਣਧੀਰ ਸਿੰਘ ਚੀਮਾ** : ਮੈਂ ਕਿਹਾ ਸੀ ਕਿ ਥਾਣੇ ਨਿਲਾਮ ਹੁੰਦੇ ਹਨ।

**ਡਾਕਟਰ ਕੇਵਲ ਕ੍ਰਿਸ਼ਨ** : ਲਾਅ ਐਂਡ ਆਰਡਰ ਖਰਾਬ ਹੋਣ ਦੀਆਂ ਕੁਝ ਵਜ੍ਹਾਂ ਹਨ। ਵੱਡੀ ਵਜ੍ਹਾ ਜਿਹੜੀ ਮੈਂ ਮਹਿਸੂਸ ਕਰਦਾ ਹਾਂ ਉਹ ਇਹ ਹੈ ਕਿ ਸਾਡਾ ਜਿਹੜਾ ਨੈਸ਼ਨਲ ਕਰੈਕਟਰ ਹੈ, ਜਿਹੜਾ ਸਾਡਾ ਕੌਮੀ ਇਖਲਾਕ ਹੈ ਉਹ ਬਹੁਤ ਥੱਲੇ ਹੈ। ਉਸ ਦੇ ਵਿਚ ਚਾਹੇ ਕੋਈ ਐਮ. ਐਲ. ਏ. ਹੋਵੇ, ਚਾਹੇ ਕੋਈ ਅਫਸਰ ਹੋਵੇ ਚਾਹੇ ਸਕੂਲ ਦਾ ਵਿਦਿਆਰਥੀ ਹੋਵੇ (ਵਿਘਨ) ਇਹ ਗੱਲ ਬਿਲਕੁਲ ਮੰਨਣਯੋਗ ਹੈ ਕਿ ਜਿਹੜੇ ਸਾਡੇ ਚੁਣੇ ਹੋਏ ਪੰਚ, ਸਰਪੰਚ, ਐਮ. ਐਲ. ਏ., ਪੰਚਾਇਤ ਸਮਿਤੀਆਂ ਦੇ ਮੈਂਬਰ ਹਨ,

Original with;
Punjab Vidhan Sabha
Digitized by;
Panjab Digital Library

ਇਹ ਕਿਸੇ ਵੇਲੇ ਨਹੀਂ ਬਲਕਿ ਬਹੁਤ ਵਾਰੀ ਜਿਸ ਵੇਲੇ ਉਨ੍ਹਾਂ ਦਾ ਚੁਣਾਉ ਹੁੰਦਾ ਹੈ (ਵਿਘਨ) ਸਾਡਾ ਜਿਹੜਾ ਡੈਮੋਕਰੈਸੀ ਦਾ ਢਾਂਚਾ ਹੈ ਉਹ ਇਲੈਕਸ਼ਨ ਤੇ ਕਾਇਮ ਹੈ। ਉਸ ਦੇ ਨਾਲ ਜਿਹੜੇ ਚੁਣੇ ਹੋਏ ਲੋਕ ਹੁੰਦੇ ਹਨ, ਉਨ੍ਹਾਂ ਵਿਚੋਂ ਹਜ਼ਾਰਾਂ ਲੋਕ ਐਸੇ ਹਨ ਜਿਹੜੇ ਕਿ ਅਵਾਮ ਵਿਚੋਂ ਆਉਂਦੇ ਹਨ ਅਤੇ ਜਿਨ੍ਹਾਂ ਦਾ ਨੈਸ਼ਨਲ ਕਰੈਕਟਰ ਸਾਡੇ ਵਰਗਾ ਹੈ, ਸਾਡੇ ਬਰਾਬਰ ਹੈ ਅਤੇ ਉਹ ਚਾਹੁੰਦੇ ਹਨ ਕਿ ਮੇਰਾ ਲੜਕਾ, ਭਾਵੇਂ ਉਹ ਮੈਟਰਿਕ ਥਰਡ ਡਿਵੀਜ਼ਨ ਹੀ ਹੋਵੇ, ਉਹ ਚਾਹੁੰਦੇ ਹਨ ਕਿ ਮੇਰਾ ਲੜਕਾ ਬੀ. ਏ. ਪਾਸ ਵਾਲੀ ਨੌਕਰੀ ਤੇ ਲੱਗੇ ਮਤਲਬ ਕਿ ਜੋ ਬੀ. ਏ. ਪਾਸ ਨੂੰ ਨੌਕਰੀ ਮਿਲਦੀ ਹੈ, ਉਹੋ ਜਿਹੀ ਨੌਕਰੀ ਮਿਲੇ। ਉਹ ਇਸ ਕਿਸਮ ਦੀ ਸਿਫਾਰਸ਼ ਕਰਨਗੇ। ਪਰ ਇਹ ਠੀਕ ਹੈ ਕਿ ਸਾਡੇ ਵਜ਼ੀਰ, ਸਾਡੇ ਐਮ. ਐਲ. ਏਜ਼. ਬੜੀ ਘਟੀਆ ਸ਼ਿਫਾਰਸ਼ ਨਹੀਂ ਕਰਦੇ। ਜਦ ਕੋਈ ਐਸੀ ਗੱਲ ਹੁੰਦੀ ਹੈ ਤਾਂ ਥੋੜ੍ਹਾਂ ਜਿਹਾ ਮਜ਼ਬੂਰ ਹੋ ਜਾਂਦੇ ਹਨ ਕਿ ਕੰਮ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਜਿਹੜੇ ਵੋਟਰ ਹੁੰਦੇ ਹਨ ਉਹ ਕਹਿੰਦੇ ਹਨ ਕਿ ਮੇਰੇ ਲੜਕੇ ਨੇ ਪਹਿਲੀ ਚੋਰੀ ਕੀਤੀ ਹੈ (ਘੰਟੀ) ਇਸ ਲਈ ਤੁਸੀਂ ਥਾਣੇਦਾਰ ਨੂੰ ਕਹੋ ਕਿ ਫਿਰ ਚੋਰੀ ਨਹੀਂ ਕਰੇਗਾ ਇਸ ਲਈ ਹੁਣ ਇਸ ਨੂੰ ਮੁਆਫੀ ਦਿਉ। (ਵਿਘਨ) ਮੈਂ ਕਹਿੰਦਾ ਹਾਂ ਕਿ ਇਸ ਕਿਸਮ ਦਾ ਚੋਰ ਨਹੀਂ ਛੱਡਣਾ ਚਾਹੀਦਾ। ਜੇ ਚੁਣੇ ਹੋਏ ਨੁਮਾਇੰਦੇ ਇਸ ਕਿਸਮ ਦੀਆਂ ਗੱਲਾਂ ਕਰਦੇ ਹਨ ਤਾਂ ਉਨ੍ਹਾਂ ਦਾ ਨੈਸ਼ਨਲ ਕਰੈਕਟਰ ਕਦਰਾਂ ਤੋਂ ਥੱਲੇ ਆ ਜਾਂਦਾ ਹੈ। ਤਾਲੀਮ ਦਾ ਜਿਹੜਾ ਢਾਂਚਾ ਹੈ ਇਸ ਦੇ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ, ਇਸ ਤਾਲੀਮ ਦੇ ਢਾਂਚੇ ਵਿਚ ਤਬਦੀਲੀ ਕਰਨੀ ਚਾਹੀਦੀ ਹੈ। ਅੱਜ ਦਾ ਬੱਚਾ ਜਿਹੜਾ 8-10 ਸਾਲ ਦਾ ਹੈ ਉਹ ਪਹਿਲਾਂ ਸਕੂਲ ਜਾਂਦਾ ਹੈ ਫਿਰ ਉਸ ਦੇ ਬਾਅਦ ਕੁਝ ਸਾਲ ਕਾਲਜ ਵਿਚ ਲਾਉਂਦਾ ਹੈ। ਪਰ ਫਿਰ ਵੀ ਜਦ ਉਹ ਬਾਹਰ ਨਿਕਲਦਾ ਹੈ ਤਾਂ ਲੋਕਾਂ ਦੀ ਉਕਸਾਹਟ ਦੇ ਕਾਰਨ ਉਸ ਦੇ ਵਿਚ ਬੁਰਾਈਆਂ ਆ ਜਾਂਦੀਆਂ ਹਨ ਅਤੇ ਉਹ ਕੌਮ ਦੇ ਝੰਡੇ ਪਾੜਦਾ ਹੈ, ਉਸ ਦਾ ਅਪਮਾਨ ਕਰਦਾ ਹੈ ਜਿਸ ਦੀ ਖਾਤਰ ਇਤਨੀਆਂ ਵੱਡੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਜੇਲ੍ਹਾਂ ਕੱਟਣੀਆਂ ਪਈਆਂ ਅਤੇ ਮਾਰਾਂ ਖਾਧੀਆਂ। ਉਕਸਾਹਟ ਵਿਚ ਆ ਕੇ ਉਹ ਝੰਡੇ ਦੀ ਬੇਅਦਬੀ ਕਰਦੇ ਹਨ। ਸਾਡੀ ਰਾਸ਼ਟਰੀ ਸੰਪਤੀ ਦਾ ਨੁਕਸਾਨ ਕਰਦੇ ਹਨ, ਅੱਗਾ ਲਾਉਂਦੇ ਹਨ ਕਿਉਂਕਿ ਉਨ੍ਹਾਂ ਦਾ ਨੈਸ਼ਨਲ ਕਰੈਕਟਰ ਠੀਕ ਨਹੀਂ ਹੈ ਉਸ ਦੇ ਵਿਚ ਦੇਸ਼ ਭਗਤੀ ਦਾ ਮਾਦਾ ਨਹੀਂ ਹੈ। ਮੇਰਾ ਮਤਲਬ ਹੈ ਕਿ ਉਹ ਇਹੋ ਜਿਹੀਆਂ ਉਲਝਣਾ ਵਿਚ ਪੈ ਜਾਂਦੇ ਹਨ ਜਿਸ ਕਰਕੇ ਬਹੁਤ ਨੁਕਸਾਨ ਕਰਦੇ ਹਨ ਇਸ ਲਈ ਮੈਂ ਕਹਾਂਗਾ ਕਿ ਤਾਲੀਮ ਦੇ ਢਾਂਚੇ ਵਿਚ ਸੁਧਾਰ ਕਰਨਾ ਚਾਹੀਦਾ ਹੈ ਤਾ ਕਿ ਸਾਰਿਆਂ ਦਾ ਨੈਸ਼ਨਲ ਕਰੈਕਟਰ, ਕੌਮੀ ਇਖਲਾਕ ਡਿਵੈਲਪ ਹੋਵੇ। ਅੱਜ ਦੇ ਬੱਚੇ ਹੀ ਕੱਲ ਨੂੰ ਦੇਸ਼ ਦੇ ਨਿਰਮਾਤਾ ਬਣਨੇ ਹਨ।

ਇਸ ਤੋਂ ਅੱਗੇ ਮੈਂ ਸ਼ਰਾਬ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਨਜ਼ਾਇਜ਼ ਸ਼ਰਾਬ ਕੱਢਦੇ ਹਨ, ਉਨ੍ਹਾਂ ਵਾਸਤੇ ਸਰਕਾਰ ਨੂੰ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ। ਕਿਉਂਕਿ ਨਜ਼ਾਇਜ਼ ਸ਼ਰਾਬ ਜੋ ਕੱਢਦੇ ਹਨ ਅਤੇ ਪੁਲਿਸ ਉਨ੍ਹਾਂ ਨੂੰ ਰੋਕਦੀ ਹੈ ਤਾਂ ਉਹ ਸਮਝਦੇ ਹਨ ਕਿ 6 ਮਹੀਨਿਆਂ ਦੀ ਕੈਦ ਹੈ ਅਤੇ ਕੁਝ (10 ਰੁਪਏ) ਜੁਰਮਾਨਾ ਹੈ ਇਸ ਕਰਕੇ ਉਹ ਇਸ ਨੂੰ ਕੋਈ ਐਸੀ ਗੱਲ ਨਹੀਂ ਸਮਝਦੇ ਅਤੇ ਨਜ਼ਾਇਜ਼ ਸ਼ਰਾਬ ਕੱਢਣ ਤੋਂ ਨਹੀਂ ਹਟਦੇ। ਇਸ ਲਈ ਸਰਕਾਰ ਨੂੰ ਇਸ ਬਾਰੇ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਜ਼ਾਂ ਕੱਟਣੀ ਨਹੀਂ ਪੈਂਦੀ। ਥਾਣੇਦਾਰ ਨਾਲ ਮਿਲਕੇ ਸਭ ਠੀਕ ਹੋ ਜਾਂਦਾ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਮੈਂ ਸਮਝਦਾ ਹਾਂ ਕਿ 6 ਮਹੀਨਿਆਂ ਦੀ ਕੈਦ ਹੋਵੇ ਅਤੇ ਇਕ ਜਾਂ ਦੋ ਹਜ਼ਾਰ ਰੁਪਿਆ ਜ਼ੁਰਮਾਨਾ ਹੋਵੇ ਤਾਂ ਫਿਰ ਨਜ਼ਾਇਜ਼ ਸ਼ਰਾਬ ਕੱਢਣੋਂ ਹਟ ਸਕਦੀ ਹੈ। ਇਸ ਲਈ ਸਰਕਾਰ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਲੋਕ ਇਸ ਤਰ੍ਹਾਂ ਦੀ ਸ਼ਰਾਬ ਇਸਤੇਮਾਲ ਕਰਕੇ ਕਈ ਜ਼ੁਰਮ ਕਰਦੇ ਹਨ ਅਤੇ ਇਸ ਦੇ ਨਾਲ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਹੁੰਦੀ ਹੈ।

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਇਸ ਤੋਂ ਅੱਗੇ ਮੈਂ ਕੁਰੱਪਸ਼ਨ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। (ਘੰਟੀ) ਸਪੀਕਰ ਸਾਹਿਬ, ਕੁਰੱਪਸ਼ਨ ਅੱਗੇ ਨਾਲੋਂ ਘਟੀ ਹੈ, ਕੁਝ ਕਾਬੂ ਵਿਚ ਜ਼ਰੂਰ ਆਈ ਹੈ। ਲੇਕਿਨ ਪੁਰਾਣੀਆਂ ਆਦਤਾਂ ਜਿਹੜੀਆਂ ਅਫਸਰਾਂ ਨੂੰ ਪਈਆਂ ਹੋਈਆਂ ਹਨ ਉਹ ਹਟਦਿਆਂ ਹਟਦਿਆਂ ਹੀ ਹਟਣਗੀਆਂ। ਪੰਜਾਬ ਸਰਕਾਰ ਨੂੰ ਕੁਰੱਪਸ਼ਨ ਵੱਲ ਧਿਆਨ ਦੇ ਕੇ ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਮੈਨੂੰ ਦੁੱਖ ਹੁੰਦਾ ਹੈ ਕੁਰੱਪਸ਼ਨ ਦੇ ਬਾਰੇ ਕਹਿਣ ਵਿਚ। ਜਿਹੜੀ ਸਿੱਧੀ ਕੁਰੱਪਸ਼ਨ ਹੈ, ਉਸ ਦੇ ਬਾਰੇ ਮੈਂ ਜ਼ਿਕਰ ਕਰਦਾ ਹਾਂ। ਪੀ. ਡਬਲਿਊ. ਡੀ. ਵਿਚ ਪਰਸੈਂਟੇਜ਼ ਮੁਕੱਰਰ ਹੈ। ਇਹ ਕਈ ਸਾਲਾਂ ਤੋਂ ਚਲ ਰਿਹਾ ਹੈ। 5-10 % ਢਾਂਚਾ ਹੈ ਉਸ ਦੇ ਨਾਲ ਇਹ ਪੈਸੇ ਵੰਡੇ ਜਾਂਦੇ ਹਨ (ਵਿਘਨ) ਇਸ ਲਈ ਇਸ ਦਾ ਕੋਈ ਹੱਲ ਲੱਭਣਾ ਚਾਹਿਦਾ ਹੈ;

ਇਸ ਤੋਂ ਅੱਗੇ, ਟਰੈਫਿਕ ਪੁਲਿਸ ਵਿਚ ਕੁਰੱਪਸ਼ਨ ਹੈ। ਟਰੱਕ ਜਾਂ ਮੋਟਰਾਂ ਖੜੇ ਕਰਕੇ ਚੌਕ ਦੇ ਵਿਚ ਹੀ ਪੈਸੇ ਬੋਝੇ ਦੇ ਵਿਚ ਪਾਏ ਜਾਂਦੇ ਹਨ। ਇਸ ਚੀਜ ਨੂੰ ਦੇਖਣਾ ਚਾਹੀਦਾ ਹੈ।

ਸਮਾਲ ਸੇਵਿੰਗ ਦੇ ਬਾਰੇ ਮੈਂ ਮਨਿਸਟਰ ਸਾਹਿਬ ਨੂੰ ਅੱਗੇ ਵੀ ਅਰਜ਼ ਕੀਤੀ ਸੀ ਅਤੇ ਹੁਣ ਫਿਰ ਅਰਜ਼ ਕਰਦਾ ਹਾਂ। ਕਿ ਸਮਾਲ ਸੇਵਿੰਗ ਇਕੱਠਾ ਕਰਨ ਦਾ ਜਿਹੜਾ ਸਾਡਾ ਤਰੀਕਾ ਹੈ ਉਹ ਇਹ ਹੈ ਕਿ ਜਿਹੜੇ ਅਫਸਰ ਰਜਿਸਟਰੀਆਂ ਕਰਦੇ ਹਨ ਉਹ ਕਹਿੰਦੇ ਹਨ ਕਿ 5 ਹਜ਼ਾਰ ਰੁਪਿਆ ਸਮਾਲ ਸੇਵਿੰਗ ਲਈ ਦਿਓ ਮਗਰ ਅਗਲਾ ਕਹਿੰਦਾ ਹੈ ਕਿ ਮੈਂ ਦੇ ਨਹੀਂ ਸਕਦਾ। ਫਿਰ ਉਹ ਕਹਿੰਦਾ ਹੈ ਕਿ 3 ਹਜ਼ਾਰ ਦਿਉ ਇਸ ਤਰਾਂ ਕਰਦੇ ਕਰਦੇ ਤਿੰਨ ਚਾਰ ਸੌ ਤੇ ਆ ਜਾਂਦੇ ਹਨ ਅਤੇ ਇਸੇ ਤਰ੍ਹਾਂ ਵਿਚ ਸੌਦਾ ਹੋ ਜਾਂਦਾ ਹੈ। ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜਾ ਸਮਾਲ ਸੇਵਿੰਗ ਇਕੱਠਾ ਕਰਨ ਦਾ ਤਰੀਕਾ ਹੈ ਇਸ ਨੂੰ ਬਦਲਣਾ ਚਾਹੀਦਾ ਹੈ ਇਹ ਕਮ ਚਾਹੇ ਬੀ. ਡੀ. ਓਜ਼ ਕਰ ਲੈਣ ਜਾਂ ਐਸ. ਡੀ. ਓਜ਼ ਕਰ ਲੈਣ।

**ਸਿਖਿਆ ਮੰਤਰੀ** : ਕੀ ਸਬ ਰਜਿਸਟਰਾਰ ਲਾ ਦੇਈਏ ?

**ਡਾਕਟਰ ਕੇਵਲ ਕ੍ਰਿਸ਼ਨ** ਇਹ ਤੁਸੀਂ ਦੇਖ ਲਵੋ। ਜਿਸ ਤਰ੍ਹਾਂ ਤੁਹਾਨੂੰ ਚੰਗਾ ਜਾਪਦਾ ਹੈ, ਕਰ ਲਵੋ। ਅਖੀਰ ਵਿਚ ਮੈਂ ਗਵਰਨਰ ਸਾਹਿਬ ਦੇ ਪਰਸਤਾਵ ਦੇ ਧੰਨਵਾਦ ਦੇ ਮਤੇ ਦਾ ਸਮਰਥਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪੰਜਾਬ ਸਰਕਾਰ ਕੀਤੇ ਹੋਏ ਵਾਇਦਿਆਂ ਨੂੰ ਪੂਰਾ ਕਰਦੀ ਹੋਈ ਪੰਜਾਬ ਦੀ ਜਨਤਾ ਦੀ ਜ਼ਿਆਦਾ ਤੋਂ ਜ਼ਿਆਦਾ ਸੇਵਾ ਕਰਨ ਵਿਚ ਸਮਰੱਥ ਹੋਵੇਗੀ।

**ਸ੍ਰੀ ਸਪੀਕਰ**: ਮਾਸਟਰ ਚੰਦ ਸਿੰਘ, ਮਾਸਟਰ ਜੀ ਤੁਹਾਨੂੰ 10 ਮਿੰਟ ਮਿਲਣਗੇ ( Master Chand Singh, you may speak for ten minutes).

**ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ** (ਸ਼ੇਰਪੁਰ, ਐਸ.ਸੀ) : ਸਪੀਕਰ ਸਾਹਿਬ, ਗਵਰਨਰ ਦੇ ਐਡਰੈਸ ਤੇ ਬੋਲਣ ਲਈ ਜ਼ਿਆਦਾ ਟਾਈਮ ਦਿਓ। ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਨੂੰ ਪੜ੍ਹਿਆ, ਜਿਹੜਾ ਕੇ ਕਾਂਗਰਸ ਸਰਕਾਰ ਵਲੋਂ ਤਿਆਰ ਕੀਤਾ ਹੋਇਆ ਸੀ ਅਤੇ ਉਸ ਵਿਚ ਕਾਂਗਰਸ ਸਰਕਾਰ ਦੀ ਫੋਕੀ ਤਾਰੀਫ ਕੀਤੀ ਗਈ ਹੈ ਅਤੇ ਪ੍ਰਸੰਸ਼ਾ ਕੀਤੀ ਗਈ ਹੈ ਅਤੇ ਜੰਨਤਾ ਦੀਆਂ ਅਹਿਮ ਸਮਸਿਆਵਾਂ ਦਾ ਉਸ ਦੇ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਹ ਅਹਿਮ ਸਮਿਆਵਾਂ ਜੰਤਾ ਦੀਆਂ ਕੀ ਹਨ, ਉਹ ਮੈਂ ਆਪ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਕ ਅਹਿਮ ਸਮਸਿਆਂ ਜੰਨਤਾ ਦੀ ਹੈ, ਮਹਿੰਗਾਈ। ਅੱਜ ਮਹਿੰਗਾਈ ਛਾਲਾਂ ਮਾਰਦੀ ਉਤਾਂਹ ਨੂੰ ਜਾ ਰਹੀ ਹੈ। ਅਨਾਜ ਦਾ ਭਾਅ ਤੁਸੀਂ ਲੈ ਲਓ। ਕਣਕ ਕਿਸਾਨੀ ਤੋਂ ਖਰਦਿਣ ਵੇਲੇ ਤਾਂ 75-76 ਰੁਪਏ ਹੀ ਲਈ ਜਾਂਦੀ ਹੈ ਪਰ ਅੱਜ ਉਹੀ ਕਣਕ ਦੇ ਆਟੇ ਦਾ ਭਾਅ 110 ਰੁਪਏ ਤੋਂ 120 ਰੁਪਏ ਕੁਇੰਟਲ ਤਕ ਰਿਹਾ ਹੈ। ਇਸੇ ਤਰ੍ਹਾਂ ਖੰਡ ਦਾ ਭਾਅ ਵੀ ਬਹੁਤ ਮਹਿੰਗਾ

Original with;
Punjab Vidhan Sabha
Digitized by;
Panjab Digital Library

ਹੋ ਗਿਆ ਹੈ ਅਤੇ ਜਿਹੜੀ ਖੰਡ ਦੋ ਰੁਪਏ ਕਿਲੋ ਮਿਲਦੀ ਸੀ ਉਸ ਦਾ ਭਾਅ ਅੱਜ ਚਾਰ ਰੁਪਏ ਕਿਲੋ ਹੋ ਗਿਆ ਹੈ। ਇਸੇ ਤਰ੍ਹਾਂ ਹੋਰ ਜ਼ਰੂਰਤ ਅਤੇ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਦਾ ਭਾਅ ਦਿਨ ਪ੍ਰਤੀ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ ਅਤੇ ਹਰ ਹਫਤੇ ਨਵੇਂ ਤੋਂ ਨਵੇਂ ਭਾਅ ਹੋ ਜਾਂਦੇ ਹਨ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਅੱਜ ਕਪਾਹ ਕਿਸ ਭਾਅ ਵਿਕ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਕਦੇ ਇਹ ਸਰਕਾਰ ਨੇ ਸੋਚਿਆ ਹੈ ਕਿ ਕਪਾਹ ਕਿਸਾਨਾਂ ਤੋਂ 110 ਰੁਪਏ ਲਈ ਜਾਂਦੀ ਹੈ ਅਤੇ ਉਸ ਦੇ ਵੜੇਵੇਂ ਅਤੇ ਰੂੰਈ ਕਿਸ ਭਾਅ ਤੇ ਵਿਕ ਰਹੀ ਹੈ? ਕੀ ਕਦੇ ਸਰਕਾਰ ਨੇ ਇਹ ਸੋਚਿਆ ਹੈ ਕਿ ਜਿਹੜਾ ਮਿਟੀ ਦਾ ਤੇਲ 55 ਪੈਸੇ ਲੀਟਰ ਕੁਝ ਦਿਨ ਪਹਿਲਾਂ ਮਿਲਦਾ ਸੀ ਅੱਜ ਉਹੀ ਤੇਲ 80 ਪੈਸੇ ਲੀਟਰ ਮਿਲ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਹਰ ਇਕ ਚੀਜ਼ ਦਾ ਭਾਅ ਇਤਨਾ ਮਹਿੰਗਾ ਹੋ ਗਿਆ ਹੈ ਕਿ ਗਰੀਬ ਆਦਮੀ ਪੀਸਿਆ ਜਾ ਰਿਹਾ ਹੈ। 1968 ਦੇ ਵਿਚ ਜੇ ਕਿਸੇ ਆਦਮੀ ਦੀ ਆਮਦਨੀ ਜਾਂ ਕਿਸੇ ਮੁਲਾਜ਼ਮ ਦੀ ਤਨਖਾਹ 300 ਰੁਪਏ ਸੀ ਤਾਂ ਅੱਜ ਲੋੜੀਦੀਆਂ ਵਸਤੂਆਂ ਦੀਆਂ ਕੀਮਤਾਂ ਇਤਨੀਆਂ ਵਧ ਗਈਆ ਹਨ ਕਿ ਉਸ ਦੀ ਤਨਖਾਹ ਦਾ 300 ਰੁਪਿਆ ਅੱਜ 150 ਰੁਪਏ ਦੇ ਬਰਾਬਰ ਹੋ ਗਿਆ ਹੈ ਅਤੇ ਉਸ ਦੇ ਪਲੇ ਫਿਰ ਵੀ ਕੁਝ ਨਹੀਂ ਪੈਂਦਾ। ਇਹ ਸਾਰਾ ਕੁਝ ਕਿਉਂ ਹੋਇਆ, ਕਿਉਂਕਿ ਅੱਜ ਮਹਿੰਗਾਈ ਛਾਲਾਂ ਮਾਰ ਕੇ ਆਸਮਾਨਾਂ ਨੂੰ ਛੂਹ ਰਹੀ ਹੈ। ਪਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਇਸ ਮਹਿੰਗਾਈ ਦੇ ਮਸਲੇ ਨੂੰ ਹੱਲ ਕਰਨ ਲਈ ਕੋਈ ਜ਼ਿਕਰ ਨਹੀਂ ਕੀਤਾ।

ਫਿਰ, ਡਿਪਟੀ ਸਪੀਕਰ ਸਾਹਿਬ, ਅਗਲਾ ਮਸਲਾ ਬੇਰੁਜ਼ਗਾਰੀ ਦਾ ਹੈ। ਬੇਰੁਜ਼ਗਾਰੀ ਨੂੰ ਖਤਮ ਕਰਨ ਦੇ ਲਈ ਇਸ ਸਰਕਾਰ ਵਲੋਂ ਕਿਹਾ ਗਿਆ ਹੈ ਕਿ ਕਈ ਥਾਵਾਂ ਤੇ ਰੁਜ਼ਗਾਰ ਦਫਤਰ ਖੋਲ੍ਹੇ ਗਏ ਹਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰੁਜ਼ਗਾਰ ਦਫਤਰ ਖੋਲ੍ਹਣ ਨਾਲ ਹੀ ਸਿਰਫ ਇਹ ਮਸਲਾ ਹੱਲ ਨਹੀਂ ਹੋ ਜਾਣਾ। ਇਸ ਮਸਲੇ ਨੂੰ ਹੱਲ ਕਰਨ ਦੇ ਲਈ ਸਰਕਾਰ ਨੂੰ ਕੋਈ ਠੋਸ ਕਦਮ ਚੁਕਣੇ ਚਾਹੀਦੇ ਹਨ। ਅੱਜ ਬੇਰੁਜ਼ਗਾਰੀ ਦਾ ਇਹ ਹਾਲ ਹੈ ਕਿ ਤਕਰੀਬਨ 20,000 ਅਧਿਆਪਕ ਅਤੇ ਹੋਰ ਇਸੇ ਤਰ੍ਹਾਂ ਹੀ ਬਹੁਤ ਸਾਰੇ ਪੜ੍ਹੇ ਲਿਖੇ ਅਤੇ ਅਨਪੜ੍ਹ ਲੋਕ ਬੇਕਾਰ ਫਿਰ ਰਹੇ ਹਨ ਅਤੇ ਉਹਨਾਂ ਨੂੰ ਆਪਣਾ ਅਤੇ ਆਪਣੇ ਪਰਵਾਰ ਦਾ ਪੇਟ ਪਾਲਣ ਵਾਸਤੇ ਕੋਈ ਰੋਜ਼ਗਾਰ ਨਹੀਂ ਮਿਲ ਰਿਹਾ। ਸਿਰਫ ਇੰਪਲਾਇਮੈਂਟ ਦਫਤਰ ਖੋਲ੍ਹਣ ਨਾਲ ਹੀ ਇਹ ਬੇਰੁਜ਼ਗਾਰੀ ਦਾ ਮਸਲਾ ਹੱਲ ਨਹੀਂ ਹੋਣਾ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂ ਗਾ ਕਿ ਇਸ ਦੇ ਲਈ ਕੋਈ ਹੋਰ ਠੋਸ ਕਦਮ ਚੁਕੇ ਜਾਣ ਤਾਂ ਕਿ ਬੇਰੁਜ਼ਗਾਰਾਂ ਨੂੰ ਕੋਈ ਰੁਜ਼ਗਾਰ ਮਿਲ ਸਕੇ।

ਫਿਰ ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਦੇ ਵਿਚ ਬਿਜਲੀ ਦਾ ਜੋ ਸੰਕਟ ਹੈ ਉਸ ਨੂੰ ਦੂਰ ਕਰਨ ਦੇ ਲਈ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਕੋ ਗਲ ਵਿਚ ਕਹਿੰਦੇ ਹਨ ਕਿ ਇਹ ਰਬ ਦੀ ਕੁਦਰਤ ਹੈ ਅਤੇ ਮੀਂਹ ਨਹੀਂ ਪਿਆ ਇਸ ਕਰਕੇ ਇਹ ਬਿਜਲੀ ਦਾ ਸੰਕਟ ਆ ਗਿਆ ਹੈ। ਮੈਂ ਅਤੇ ਮੇਰੀ ਪਾਰਟੀ ਇਸ ਗਲ ਨੂੰ ਨਹੀਂ ਮੰਨਦੀ ਕਿ ਇਹ ਸੰਕਟ ਕੁਦਰਤ ਵਲੋਂ ਹੈ ਅਤੇ ਮੀਂਹ ਨਾ ਪੈਣ ਕਰਕੇ ਅੱਜ ਬਿਜਲੀ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਨ੍ਹਾਂ ਮੁਲਕਾਂ ਵਿਚ ਮੀਂਹ ਨਹੀਂ ਪੈਂਦਾ ਉਥੇ ਵੀ ਤਾਂ ਬਿਜਲੀ ਦੀ ਬਹੁਤਾਤ ਹੈ ਅਤੇ ਬਿਜਲੀ ਆਮ ਮਿਲਦੀ ਹੈ। ਇਸ ਦੀ ਵਜ੍ਹਾ ਕੀ ਹੈ? ਉਥੇ ਬਿਜਲੀ ਨੂੰ ਪੈਦਾ ਕਰਨ ਵਾਸਤੇ ਕੋਈ ਪਲਾਂਟ ਤੇ ਜੈਨਰੇਟਰ ਵਗੈਰਾ ਲਗਾਏ ਜਾਂਦੇ ਹਨ ਜਿਨ੍ਹਾਂ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ ਪਰ ਇਥੇ ਬਿਜਲੀ ਨੂੰ ਪੈਦਾ ਕਰਨ ਵਾਸਤੇ ਇਨ੍ਹਾਂ ਪਲਾਂਟਾਂ ਵਲ ਕੋਈ ਧਿਆਨ ਨਹੀਂ ਦਿਤਾ ਗਿਆ ਜਿਸ ਕਰਕੇ ਇਹ ਸੰਕਟ ਪੈਦਾ ਹੋ ਗਿਆ ਹੈ। ਇਹ ਗਲਤ ਪਾਲੀਸੀਆਂ ਦੇ ਕਾਰਨ ਹੈ। ਚਲੋ ਜੇ ਇਹਨਾਂ ਦੀ ਗਲ ਮੰਨ ਲਈਏ ਕਿ ਇਹ ਸੰਕਟ ਕੁਦਰਤੀ ਹੈ ਅਤੇ ਮੀਂਹ ਨਾ ਪੈਣ ਕਰਕੇ ਇਹ ਮਸਲਾ ਆ ਗਿਆ ਹੈ, ਪਰ ਕਿਸਾਨਾਂ ਤੋਂ ਜਿਹੜਾ ਇਹ ਬਿਜਲੀ ਦਾ ਫਲੈਟ ਰੇਟ ਵਸੂਲ ਕਰਦੇ ਹਨ ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ]

ਤਾਂ ਕੁਦਰਤੀ ਗਲ ਨਹੀਂ ਹੈ। ਇਹ ਤਾਂ ਸਰਕਾਰ ਦੇ ਆਪਣੇ ਵਸ ਦੀ ਗਲ ਹੈ ਕਿ ਉਹ ਫਲੈਟ ਰੇਟ ਨਾ ਵਸੂਲ ਕਰੇ ਤੇ ਕਟੌਤੀ ਅਨੁਸਾਰ ਫਲੈਟ ਰੇਟ ਘਟ ਕਰਨ। (ਵਿਘਨ) ਹਰ ਇਕ ਸੂਬਾ ਕਿਸੇ ਨਾ ਕਿਸੇ ਪਰੋਡਕਸ਼ਨ ਵਿਚ ਅਗੇ ਹੁੰਦਾ ਹੈ। ਸਾਡਾ ਪੰਜਾਬ ਅਨਾਜ ਪੈਦਾ ਕਰਨ ਵਿਚ ਸਭ ਤੋਂ ਅਗੇ ਹੈ ਅਤੇ ਇਹ ਹਿੰਦੁਸਤਾਨ ਦੇ ਬਾਕੀ ਦੇ ਸੂਬਿਆਂ ਨੂੰ ਅਨਾਜ ਸਪਲਾਈ ਕਰਦਾ ਹੈ। ਇਹ ਅਨਾਜ ਮਧਿਆ ਪ੍ਰਦੇਸ਼ ਵਿਚ ਸਭ ਤੋਂ ਵੱਧ ਜਾਂਦਾ ਹੈ ਅਤੇ ਉਥੇ ਬਿਜਲੀ ਬਹੁਤ ਜ਼ਿਆਦਾ ਹੈ। ਪੰਜਾਬ ਦੀ ਸਰਕਾਰ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਤੋਂ ਬਿਜਲੀ ਲੈ ਕੇ ਪੰਜਾਬ ਨੂੰ ਦਿਤੀ ਜਾਵੇ। ਸਰਕਾਰ ਨੇ ਆਪ ਇਸ ਗਲ ਨੂੰ ਮਨਿਆ ਹੈ ਕਿ ਬਿਜਲੀ ਦੇ ਸੰਕਟ ਕਰਕੇ 100 ਕਰੋੜ ਰੁਪਏ ਦਾ ਘਾਟਾ ਪਿਆ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਮੁਜ਼ਾਰਿਆਂ ਅਤੇ ਹਰੀਜਨਾਂ ਦੇ ਬਾਰੇ ਵਿਚ ਬਹੁਤ ਕੁਝ ਕਹਿੰਦੀ ਆ ਰਹੀ ਹੈ ਪਰ ਬੇਟ ਦੇ ਇਲਾਕਿਆਂ ਵਿਚ ਜਿਨ੍ਹਾਂ ਮੁਜ਼ਾਰਿਆਂ ਨੇ ਆਪਣੀਆਂ ਜ਼ਮੀਨਾਂ ਨੂੰ ਮਿਹਨਤ ਨਾਲ ਪੁਟ ਪੁਟ ਕੇ ਆਬਾਦ ਕੀਤਾ ਹੈ ਅੱਜ ਉਨ੍ਹਾਂ ਨੂੰ ਬੇਦਖਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਇਹ ਕਹਿੰਦੇ ਹਨ ਕਿ ਤੁਸੀਂ ਇਹ ਜ਼ਮੀਨ ਛੱਡ ਦਿਓ ਅਸੀਂ ਤੁਹਾਨੂੰ ਹੋਰ ਜ਼ਮੀਨ ਦੇ ਦਿੰਦੇ ਹਾਂ। ਇਹ ਆਬਾਦ ਕੀਤੀ ਜ਼ਮੀਨ ਜਿਹੜੀ ਕਿ ਉਸ ਗਰੀਬ ਮੁਜ਼ਾਰੇ ਨੇ ਆਪਣੀ ਮਿਹਨਤ ਨਾਲ ਆਬਾਦ ਕੀਤੀ ਹੈ ਉਹ ਹੁਣ ਦੇਣਗੇ ਕਿਸਨੂੰ ? ਇਹ ਜ਼ਮੀਨ ਹੁਣ ਇਹ ਆਪਣੇ ਨਜ਼ਦੀਕੀ ਬੰਦਿਆਂ ਨੂੰ ਅਤੇ ਚੇਲੇ ਚਾਪਟਿਆਂ ਨੂੰ ਦੇਣਗੇ। ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਜਿਹੜਾ ਸਰਕਾਰ ਨੇ ਬੇ ਘਰਿਆਂ ਨੂੰ ਪਲਾਟ ਦੇਣ ਵਾਸਤੇ ਕਦਮ ਚੁਕਿਆ ਹੈ ਉਸ ਦੇ ਬਾਰੇ ਅਰਜ਼ ਹੈ ਕਿ ਮੇਰੀ ਪਾਰਟੀ ਨੇ ਪਹਿਲਾਂ ਵੀ ਇਹ ਕਿਹਾ ਸੀ ਕਿ ਜਿਹੜੇ ਗਰੀਬ ਵਿਚਾਰੇ ਬੇ ਘਰ ਹਨ ਉਨ੍ਹਾਂ ਨੂੰ ਰਹਿਣ ਲਈ ਮਕਾਨ ਵਗੈਰਾ ਦਿਤੇ ਜਾਣ, ਉਨ੍ਹਾਂ ਨੂੰ ਪਲਾਟ ਦਿਤੇ ਜਾਣ ਅਤੇ ਮਕਾਨ ਆਦਿ ਬਣਾ ਕੇ ਦਿਤੇ ਜਾਣ। ਭਾਵੇਂ ਸਰਕਾਰ ਨੇ ਹੁਣ ਇਹ ਮੰਨਿਆ ਹੈ ਕਿ ਬੇ ਘਰਿਆਂ ਨੂੰ ਪਲਾਟ ਅਤੇ ਘਰ ਆਦਿ ਬਣਾ ਕੇ ਦਿਆਂਗੇ ਪਰ ਮੇਰਾ ਖਿਆਲ ਹੈ ਕਿ ਇਹ ਇਸ ਤੋਂ ਵਧ ਨਹੀਂ ਹੋਵੇਗਾ ਕਿ ਪਿੰਡਾਂ ਵਿਚ ਕਿਸੇ ਇਕ ਅੱਧੇ ਨੂੰ ਪਲਾਟ ਵਗੈਰਾ ਜਾਂ ਮਕਾਨ ਬਣਾ ਕੇ ਦੇਣਗੇ ਅਤੇ ਬਾਕੀਆਂ ਨੂੰ ਕਹਿਣਗੇ ਕਿ ਇਹ ਦੇਖ ਸਾਰੇ ਤੇਰੇ ਹੀ ਘਰ ਹਨ ਤੇ ਤੂੰ ਰਬ ਦੀ ਨੀਲੀ ਛਤਰੀ ਦੇ ਥਲੇ ਰਹਿ ਅਤੇ ਤੇਨੂੰ ਵੀ ਇਹੋ ਜਿਹਾ ਘਰ ਬਣਾਕੇ ਦਿਆਂਗੇ । (ਵਿਘਣ) ਇਹ ਵੋਟਾਂ ਲੈਣ ਤੋਂ ਵੱਧ ਕੁਝ ਨਹੀਂ ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਦੇ ਵਿਚ ਦਫ਼ਾ 144 ਲਗੀ ਹੋਈ ਹੈ। ਮੇਰੀ ਪਾਰਟੀ ਨੇ ਲੋਕਾਂ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਦੇ ਲਈ 28 ਤਾਰੀਖ ਨੂੰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਅਗਵਾਈ ਹੇਠ ਬਹੁਤ ਸਾਰੇ ਲੋਕਾਂ ਨਾਲ ਇਥੇ ਆਪਣਾ ਦੁੱਖ ਦਸਣ ਲਈ ਪਹੁੰਚਣਾ ਸੀ ਪਰ ਇਥੇ ਦਫ਼ਾ 144 ਲਗਣ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ, ਇਹ ਤਾਂ ਇਥੇ ਹਾਲ ਹੈ। ਇਸ ਤਰ੍ਹਾਂ ਸ਼ਹਿਰੀ ਆਜ਼ਾਦੀਆਂ ਨੂੰ ਕੁਚਲਿਆ ਜਾ ਰਿਹਾ ਹੈ (ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਫਿਰ, ਡਿਪਟੀ ਸਪੀਕਰ ਸਾਹਿਬ, 5 ਮਾਰਚ ਨੂੰ ਜਲੰਧਰ ਵਿਚ ਮੇਰੀ ਪਾਰਟੀ ਵਲੋਂ ਲੋਕਾਂ ਦੀਆਂ ਮੰਗਾਂ ਲੈ ਕੇ ਇਸ ਸਰਕਾਰ ਦੇ ਅੱਗੇ ਰਖਣ ਲਈ ਅਤੇ ਉਨ੍ਹਾਂ ਕੋਲੋਂ ਮੰਨਾਵਾਉਣ ਲਈ ਇਕ ਸਤਿਆਗ੍ਰਿਹ ਕੀਤਾ ਜਾ ਰਿਹਾ ਸੀ, ਪਰ ਉਥੇ ਕੀ ਹੋਇਆ ? ਇਸ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ, ਇਨ੍ਹਾਂ ਦੇ ਰਾਖੇ ਜੋ ਪੁਲਿਸ ਵਾਲੇ ਹਨ, ਉਨ੍ਹਾਂ ਤੇ ਲਾਠੀਚਾਰਜ ਕੀਤਾ ਔਰ ਤਸ਼ਦਦ ਦੇ ਰਾਹੀਂ ਉਨ੍ਹਾਂ ਦੇ ਨਾਲ ਵਧੀਕੀਆਂ ਕੀਤੀਆਂ। ਪਰ ਮੈਂ ਇਹ ਕਹਿਣ ਚਾਹੁੰਦਾ ਹਾਂ ਕਿ ਤਸ਼ਦਦ ਨਾਲ ਕਿਸੇ ਨੂੰ ਦਬਾਇਆ ਨਹੀਂ ਜਾ ਸਕਦਾ, ਤਸ਼ਦਦ ਦੇ ਨਾਲ ਹਮੇਸ਼ਾ ਲੋਕ ਹੋਰ ਉਪਰ ਨੂੰ ਉਠਦੇ ਹਨ। ਇਸ ਲਈ ਮੈਂ ਸਰਕਾਰ ਨੂੰ ਇਹ ਕਹਿੰਦਾ ਹਾਂ ਕਿ ਜੇ ਉਸ ਨੇ ਇਹ ਤਸ਼ਦਦ ਦਾ ਤਰੀਕਾ ਨਾ ਬਦਲਿਆ ਤਾਂ ਲੋਕ ਉਨ੍ਹਾਂ ਨੂੰ ਤਸ਼ਦਦ ਦਾ ਤਰੀਕਾ ਬੰਦ ਕਰਾਉਣ ਅਤੇ ਆਪਣੀਆਂ

Original with;
Punjab Vidhan Sabha
Digitized by;
Panjab Digital Library

ਮੰਗਾਂ ਮੰਨ ਵ ਉਣ ਲਈ ਕੋਈ ਹੋਰ ਸਟੈਪ ਚੁਕਣ ਲਈ ਮਜ਼ਬੂਰ ਹੋ ਜਾਣਗੇ। ਮੇਰੀ ਪਾਰਟੀ ਵਲੋਂ ਲੋਕਾਂ ਦੀਆਂ ਮੰਗਾਂ ਮੰਨਾਉਣ ਲਈ ਜਦੋਜਹਿਦ ਕੀਤੀ ਜਾ ਰਹੀ ਹੈ ਔਰ ਮੈਂ ਐਲਾਨ ਕਰਦਾ ਹਾਂ ਕਿ ਲੋਕਾਂ ਦੀਆਂ ਮੰਗਾਂ ਨੂੰ ਮੰਨਵਾਏ ਬਗੈਰ ਅਸੀਂ ਚੈਨ ਨਾਲ ਨਹੀਂ ਬੈਠਾਂਗੇ।

ਡਿਪਟੀ ਸਪੀਕਰ ਸਾਹਿਬ, ਲੈਂਡ ਸੀਲਿੰਗ ਦੇ ਬਾਰੇ ਵੀ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਕਰ ਦਿੱਤਾ ਹੈ। ਜਦੋਂ ਇਹ ਬਿਲ ਪਹਿਲਾਂ ਪੇਸ਼ ਕੀਤਾ ਗਿਆ ਸੀ ਤਾਂ ਮੈਂ ਉਸ ਵੇਲੇ ਵੀ ਕਿਹਾ ਸੀ ਅਤੇ ਆਪਣਾ ਪੱਖ ਪੇਸ਼ ਕੀਤਾ ਸੀ। ਹੁਣ ਵੀ ਇਹ ਗਲ ਕਹਿੰਦਾ ਹਾਂ ਕਿ ਇਹ ਜਿਹੜਾ ਬਿਲ ਹੈ ਇਹ ਪਰੋ ਲੈਂਡ ਲਾਰਡ ਬਿਲ ਹੈ ਅਤੇ ਇਸ ਦੇ ਵਿਚ ਕਢਣ ਕਢਾਣ ਨੂੰ ਕੁਝ ਨਹੀਂ (ਵਿਘਨ)

ਇਸ ਤੋਂ ਇਲਾਵਾ ਮੈਂ ਪੁਲਿਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਨੇ ਜੋ ਰਵਈਆ ਅਖਤਿਆਰ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਜਿਸ ਤਰ੍ਹਾਂ ਇਹ ਮੇਰੇ ਕਾਂਗਰਸੀ ਵੀਰ ਸ਼ਹਿ ਦੇ ਰਹੇ ਹਨ ਇਸ ਤੋਂ ਇਹ ਕਲੀਅਰ ਹੈ ਕਿ ਸਭ ਕੁਝ ਇਨ੍ਹਾਂ ਦੀ ਮਰਜ਼ੀ ਨਾਲ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਸ਼ੇਰਪੁਰ ਥਾਣੇ ਵਿਚ ਇਕ ਮਹਾਂ ਕੁਰੱਪਟ ਥਾਣੇਦਾਰ ਹੈ ਜਿਸ ਦਾ ਨਾਂ **ਹੈ। ਉਸ ਨੇ ਉਸ ਹਲਕੇ ਵਿਚ ਧਾਂਦਲੀ ਮਚਾਈ ਹੋਈ ਹੈ। ਲੋਕਾਂ ਤੇ ਨਜਾਇਜ਼ ਕੇਸ ਬਣਾਉਂਦਾ ਹੈ ਅਤੇ ਲੋਕਾਂ ਦੇ ਘਰਾਂ ਵਿਚ ਛਾਪੇ ਮਾਰ ਕੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਤੰਗ ਕਰਦਾ ਹੈ। (ਵਿਘਨ)

**ਸ੍ਰੀ ਡਿਪਟੀ ਸਪੀਕਰ** : ਇਹ ਨਾਮ ਐਕਸਪੰਜ ਕਰ ਦਿੱਤਾ ਜਾਵੇ। (ਵਿਘਨ)

(The name referred to by the hon. Member may be expunged (*interruption*)

**ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ** : ਡਿਪਟੀ ਸਪੀਕਰ ਸਾਹਿਬ, ਪੁਲਿਸ ਦੀ ਗਲ ਮੈਂ ਦਸਦਾ ਹਾਂ ਕਿ ਪਿੰਡ ਦੇ ਹਕਲਾਂ ਵਿਚ ਜਿਹੜਾ ਕਿ ਸੰਗਰੂਰ ਤਹਿਸੀਲ ਵਿਚ ਹੈ 1967 ਵਿਚ ਇਕ ਹਰੀਜਨ ਦੇ ਲੜਕੇ ਨੂੰ ਜਗੀਰਦਾਰ ਨੇ ਕਤਲ ਕਰ ਦਿਤਾ ਸੀ ਪਰ ਹਾਲੀਂ ਤਕ ਕੋਈ ਐਕਸ਼ਨ ਨਹੀਂ ਹੋਇਆ। ਪੁਲਿਸ ਰੁਪਏ ਖਾ ਖਾ ਕੇ ਇਹੋ ਜਿਹੇ ਕੇਸਾਂ ਨੂੰ ਛੁਪਾ ਰਹੀ ਹੈ ਅਤੇ ਉਨ੍ਹਾਂ ਕੇਸਾਂ ਤੇ ਕੁਝ ਐਕਸ਼ਨ ਨਹੀਂ ਲੈ ਰਹੀ। ਇਸ ਤਰ੍ਹਾਂ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਲੰਧਰ ਦੇ ਵਿਚ ਡਾਕੇ ਦੇ ਕੇਸ ਦਾ ਇਹ ਜ਼ਿਕਰ ਕਰਦੇ ਹਨ ਕਿ ਇਕ ਦਿਨ ਦੇ ਵਿਚ ਹੀ ਉਸ ਆਦਮੀ ਨੂੰ ਪਕੜਿਆ ਗਿਆ ਹੈ। ਮੈਂ ਤੁਹਾਨੂੰ ਦਸਦਾ ਹਾਂ ਕਿ 8 ਦਸੰਬਰ, 1972 ਨੂੰ ਪਿੰਡ ਕਸਬਾ ਦੇ ਨੇੜੇ ਗੁਰਦੇਵ ਸਿੰਘ ਜਮਾਦਾਰ ਕੋਲੋਂ 115 ਰੁਪਏ ਖੋਹੇ ਗਏ। ਭਾਵੇਂ ਇਹ ਮਾਈਨਰ ਕੇਸ ਹੈ ਪਰ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਪੁਲਿਸ ਦਾ ਰਵਈਆ ਕੀ ਹੈ। ਉਹ ਆਦਮੀ ਥਾਣੇ ਰਿਪੋਰਟ ਦਰਜ ਕਰਵਾਉਣ ਗਿਆ ਅਤੇ ਟੈਕਸੀ ਦਾ ਨੰਬਰ ਵੀ ਦਸਿਆ ਕਿ ਟੈਕਸੀ ਦਾ ਜੇ.ਏ. ਐਲ. 2159 ਨੰਬਰ ਹੈ ਪਰ ਕੋਈ ਸੁਣਵਾਈ ਨਹੀਂ ਹੋਈ। ਮਲੇਰਕੋਟਲੇ ਦੇ ਡੀ.ਐਸ.ਪੀ. ਨੇ ਕਿਹਾ ਜੋ ਕਿ ਕਲਿਆਂਨ ਕੋਠੀ ਬੈਠਾ ਸੀ ਕਿ ਪਹਿਲਾਂ ਰਿਪੋਰਟ ਦਰਜ ਕਰਵਾਓ ਫਿਰ ਗਲ ਕਰਾਂਗੇ। ਹਾਲਾਂਕਿ ਡੀ.ਐਸ.ਪੀ. ਜੋ ਮੌਕੇ ਤੇ ਤਕੜਾ ਹੁੰਦਾ ਤਾਂ ਫੜ ਸਕਦਾ ਸੀ। ਇਹ ਤਾਂ ਕਲੀਅਰ ਹੈ ਕਿ ਜੇ ਕਰ ਕਾਰ ਦਾ ਨੰਬਰ ਹੋਵੇ ਤਾਂ ਕਿਉਂ ਨਹੀਂ ਫੜਿਆ ਜਾਂਦਾ। ਮੈਂ ਸ਼ਕ ਕਰਦਾ ਹਾਂ ਕਿ ਇਸ ਵਿਚ ਉਨ੍ਹਾਂ ਦਾ ਹੱਥ ਹੋਵੇਗਾ ਅਤੇ ਜਾਣ ਬੁਝ ਕੇ ਨਹੀਂ ਫੜਿਆ। (ਵਿਘਨ) ਬਾਕੀ, ਡਿਪਟੀ ਸਪੀਕਰ ਸਾਹਿਬ, ਮੋਗੇ ਵਿਚ ਜੋ ਕੁਝ ਪੁਲਿਸ ਨੇ ਕੀਤਾ ਉਸ ਬਾਰੇ ਵੀ ਗਿਆਨੀ ਜੀ ਦੀ ਸਰਕਾਰ ਨੂੰ ਹੱਥ ਲਗਣੇ ਚਾਹੀਦੇ ਹਨ ਅਤੇ ਪਤਾ ਹੋਣਾ ਚਾਹੀਦਾ ਹੈ ਕਿ ਪੁਲਿਸ ਕੀ ਕਰ ਰਹੀ ਹੈ। ਇਸੇ ਪੁਲਿਸ ਦੇ ਕਾਰਣ ਮੋਗੇ ਵਿਚ ਇਹ ਘਟਨਾ ਹੋਈ। ਇਸ ਬਾਰੇ ਆਨਰੇਬਲ ਜਸਟਿਸ ਮਨਮੋਹਨ ਸਿੰਘ ਆਪਣੀ ਰਿਪੋਰਟ ਦੇ ਚੁਕੇ ਹਨ ਕਿ ਸਟੂਡੈਂਟਸ ਦਾ ਕੋਈ ਕਸੂਰ ਨਹੀਂ ਅਤੇ ਸਾਰਾ ਕਸੂਰ ਪੁਲੀਸ ਦਾ ਹੀ ਹੈ। ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਨੂੰ ਠੀਕ ਰਖਿਆ ਜਾਵੇ ਨਹੀਂ ਤਾਂ ਕੋਈ ਵਡੀ ਗਲ ਨਹੀਂ ਹੋਵੇਗੀ ਕਿ ਲਾਅ ਐਂਡ ਆਰਡਰ ਦੀ ਮਿਟੀ ਪਲੀਤ ਹੋ ਜਾਵੇ। ਇਸ ਮੋਗੇ ਦੀ ਘਟਨਾ ਵਿਚ ਵਿਦਿਆਰਥੀ ਬੇ ਕਸੂਰ ਸਿਧ ਹੋਏ ਹਨ ਅਤੇ ਉਹ ਠੀਕ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ]

ਜਦੋ ਜਹਿਦ ਕਰ ਰਹੇ ਸਨ। ਮੈਂ ਗਿਆਨੀ ਜੀ ਦੀ ਸਰਕਾਰ ਨੂੰ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਸ਼ਰੇਆਮ, ਖੁਲਮਖੁਲਾ ਵਿਦਿਆਰਥੀਆਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਕਿਉਂ ਜੋ ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ।

ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਬਾਰਡਰ ਦੇ ਏਰੀਆਂ ਬਾਰੇ ਅਰਜ਼ ਕਰਾਂਗਾ (ਵਿਘਨ)

**ਸ੍ਰੀ ਡਿਪਟੀ ਸਪੀਕਰ**: ਮੈਂ ਆਨਰੇਬਲ ਮੈਂਬਰ ਸਾਹਿਬਾ, ਸ੍ਰੀਮਤੀ ਸਜਿਦਾ ਬੇਗਮ ਨੂੰ ਕਹਾਂਗਾ ਕਿ ਉਹ ਆਪਣੀ ਸੀਟ ਤੇ ਜਾਣ ਦਾ ਕਸ਼ਟ ਕਰਨ। ਜੇ ਮਨਿਸਟਰ ਸਾਹਿਬ ਕੋਲ ਉਨ੍ਹਾਂ ਨੂੰ ਕੋਈ ਕੰਮ ਹੈ ਤਾਂ ਠੀਕ ਹੈ ਵਰਨਾ ਉਨ੍ਹਾਂ ਦੀ ਸੀਟ ਤੇ ਉਹ ਨਹੀਂ ਬੈਠ ਸਕਦੇ। (I would request the hon Member, Shrimati Sajida Begam, to go to her own seat. If she has some work with the Minister, then it is all right, otherwise she can't sit on his seat.)

(ਇਸ ਸਮੇਂ ਸ੍ਰੀਮਤੀ ਸਜਿਦਾ ਬੇਗਮ ਆਪਣੀ ਸੀਟ ਤੇ ਚਲੇ ਗਏ)

**ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ**: ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰ ਰਿਹਾ ਸੀ ਕਿ ਇਹ ਕਹਿੰਦੇ ਹਨ ਕਿ ਬਾਰਡਰ ਦੇ ਦਸ ਮੀਲ ਦੇ ਏਰੀਏ ਦੇ ਅੰਦਰ ਅੰਦਰ ਲੋਕਾਂ ਨੂੰ ਸਹੂਲਤਾਂ ਦਿਤੀਆਂ ਜਾਣਗੀਆਂ, ਐਜੂਕੇਸ਼ਨ ਅਤੇ ਹੋਰ ਹਰ ਕਿਸਮ ਦੀਆਂ, ਹਰ ਇਕ ਢੰਗ ਨਾਲ ਸਹੂਲਤਾਂ ਦਿਤੀਆਂ ਜਾਣਗੀਆਂ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਮਦਦ ਦਿਤੀ ਜਾਵੇ ਅਤੇ ਹਰ ਲਿਹਾਜ਼ ਨਾਲ ਉਨ੍ਹਾਂ ਨੂੰ ਤਰਜੀਹ ਦਿਤੀ ਜਾਵੇ। ਪਰ ਅਜ ਵੀ ਬਾਰਡਰ ਏਰੀਏ ਦੇ 10 ਮੀਲ ਦੇ ਅੰਦਰ ਮਾਮਲਾ ਉਗਰਾਹਿਆ ਜਾ ਰਿਹਾ ਹੈ ਅਤੇ ਉਥੇ ਦੇ ਕਰਮਚਾਰੀ ਕਹਿੰਦੇ ਹਨ ਕਿ ਸਾਡੇ ਕੋਲ ਅਜੇ ਤਕ ਕੋਈ ਆਰਡਰ ਨਹੀਂ ਅਤੇ ਜੇ ਆਰਡਰ ਆ ਗਏ ਤਾਂ ਅਸੀਂ ਵਾਪਸ ਕਰ ਦਿਆਂਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਕਹਿੰਦਾ ਹਾਂ ਕਿ ਸਰਕਾਰ ਨੂੰ ਕਹੋ ਕਿ ਉਨ੍ਹਾਂ ਨੂੰ ਆਰਡਰ ਭੇਜੇ ਅਤੇ ਮਾਮਲੇ ਦੀ ਵਸੂਲੀ ਬੰਦ ਕੀਤੀ ਜਾਵੇ।

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਐਜੂਕੇਸ਼ਨ ਬਾਰੇ ਕਿਹਾ ਹੈ ਕਿ ਸਰਕਾਰ ਨੇ ਬੜੇ ਇਨਕਲਾਬੀ ਕਦਮ ਚੁਕੇ ਹਨ, ਹਜਾਰ ਪ੍ਰਾਈਮਰੀ ਸਕੂਲ, ਸੌ ਮਿਡਲ ਸਕੂਲ ਅਤੇ 50 ਹਾਈ ਸਕੂਲ ਅਪਗਰੇਡ ਕੀਤੇ ਹਨ। (ਵਿਘਨ) ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸਕੂਲ ਖੋਲ੍ਹੇ ਹਨ ਇਨ੍ਹਾਂ ਦਾ ਜਿਹੜਾ ਪੈਮਾਨਾ ਜਿਸ ਨਾਲ ਸਕੂਲ ਖੋਲ੍ਹੇ ਹਨ ਉਹ ਪਤਾ ਨਹੀਂ ਕਿਹੋ ਜਿਹਾ ਹੈ। ਮੇਰਾ ਹਲਕਾ ਸ਼ੇਰਪੁਰ ਹੈ। ਮੇਰੇ ਬਾਰ ਬਾਰ ਕਹਿਣ ਤੇ ਉਥੇ ਇਕ ਵੀ ਸਕੂਲ ਅਪ-ਗਰੇਡ ਨਹੀਂ ਕੀਤਾ ਕਿਉਂਕਿ ਉਹ ਆਪੋਜ਼ੀਸ਼ਨ ਦਾ ਹਲਕਾ ਸੀ। ਪਰ ਉਸ ਦੇ ਨਾਲ ਮਲੇਰਕੋਟਲਾ ਹਲਕੇ ਦੇ ਹਥੋਆ ਪਿੰਡ ਵਿਚ ਬਚਿਆਂ ਦੀ ਗਿਣਤੀ ਪੂਰੀ ਨਹੀਂ ਉਥੇ ਮਿਡਲ ਸਕੂਲ ਨੂੰ ਹਾਈ ਸਕੂਲ ਅਪਗਰੇਡ ਕਰ ਦਿਤਾ। ਇਹ ਆਪੋਜ਼ੀਸ਼ਨ ਪਾਰਟੀਆਂ ਨਾਲ ਵਿਤਕਰਾ ਹੈ। ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਹੋ ਜਿਹੇ ਵਿਤਕਰੇ ਨੂੰ ਦੂਰ ਕਰਾਉਣ ਦੀ ਕੋਸ਼ਿਸ਼ ਕਰੋਗੇ, ਨਾਲ ਮੰਗ ਕਰਦਾ ਹਾਂ ਕਿ ਮੇਰੇ ਹਲਕੇ ਵਿਚ ਜਿਹੜੇ ਪਿੰਡ ਮੌਲੋਵਾਲ ਹੰਮਦਾਪੁਰ ਮਿਡਲ ਸਕੂਲਾਂ ਨੂੰ ਅਤੇ ਫਤਿਹਗੜ੍ਹ ਝਨੇਰ ਧਮੇਰਕਲਾਂ, ਟੀਨਾ ਬਾਜਵੇ ਹੜੀਕੇ ਹੈ ਉਨ੍ਹਾਂ ਵਿਚ ਬਚਿਆਂ ਦੀ ਗਿਣਤੀ ਪੂਰੀ ਹੈ ਉਨ੍ਹਾਂ ਨੂੰ ਮਿਡਲ ਸਕੂਲ ਅਪਗਰੇਡ ਕੀਤਾ ਜਾਵੇ।

**ਡਾਕਟਰ ਅਮੀਰ ਸਿੰਘ ਕਲਕਟ**: * *

**ਸ੍ਰੀ ਡਿਪਟੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ (This is no point of order.)

**ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ**: ਡਿਪਟੀ ਸਪੀਕਰ ਸਾਹਿਬ, ਬਸਾਂ ਬਾਰੇ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕਿਹਾ ਹੈ ਕਿ ਅਸੀਂ ਜਿਹੜੀਆਂ ਬੱਸਾਂ ਹਨ ਉਹ ਬਹੁਤ ਵਧਾ ਦਿੱਤੀਆਂ ਹਨ। ਪਰ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਦਸਦਾ ਹਾਂ ਕਿ ਜ਼ਿਲਾ ਸੰਗਰੂਰ ਵਿਚ ਕੋਈ ਬੱਸਾਂ ਦੇ ਰੂਟ ਪਰਮਿਟ

*Expunged as ordered of the Chair.

Original with;
Punjab Vidhan Sabha
Digitized by;
Panjab Digital Library

ਸੈਂਕਸ਼ਨ ਹੋ ਚੁਕੇ ਹਨ ਪਰ ਉਹ ਅਜੇ ਤਕ ਚਾਲੂ ਨਹੀਂ ਕੀਤੀਆ ਉਹ ਕਿਹੜੇ ਰੂਟ ਹਨ ,ਮੈਂ ਦਸਦਾ ਹਾਂ । ਮਲੇਰਕੋਟਲੇ ਤੋਂ ਪੰਜਗ੍ਰਾਹੀਆਂ ਅਤੇ ਮਲੇਰਕੋਟਲੇ ਤੋਂ ਮਾਣਕੀ ਤੀਕ ਰੂਟ ਚਾਲੂ ਨਹੀਂ ਹੋਏ ਹਾਲਾਂਕਿ ਰੂਟ ਪਰਮਿਟ ਸੈਕਸ਼ਨ ਹੋ ਚੁਕੇ ਹਨ।

ਬਾਕੀ, ਡਿਪਟੀ ਸਪੀਕਰ ਸਾਹਿਬ, ਇਹ ਕਾਂਗਰਸ ਸਰਕਾਰ ਵਾਲੇ ਜਿਨ੍ਹਾਂ ਵਲੋਂ ਇਹ ਗਵਰਨਰ ਸਾਹਿਬ ਦਾ ਐਡਰੈਸ ਤਿਆਰ ਕੀਤਾ ਗਿਆ ਹੈ, ਐਡਰੈਸ ਵਿਚ ਕਿਹਾ ਗਿਆ ਕਿ ਹੈ ਪੰਜ ਹਜ਼ਾਰ ਦੀ ਆਬਾਦੀ ਹੈ । ਮਗਰ ਪ੍ਰਾਈਮਰੀ ਹੈਲਥ ਸੈਂਟਰ ਹਰ ਇਕ ਪਿੰਡ ਵਿਚ ਖੋਲ੍ਹਿਆ ਜਾਵੇ ਗਾ । ਪਰ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਈ ਸਾਲਾਂ ਤੋਂ ਪਿੰਡ ਪੰਜਗਰਾਈਆਂ ਅਤੇ ਕੋਠਾਲੇ ਦਾ ਮਸਲਾ ਚਲ ਰਿਹਾ ਹੈ। ਇਹ ਮੇਰੇ ਹਲਕੇ ਵਿਚ ਹਨ। ਉਥੇ ਸਤੰਬਰ 1972 ਵਿਚ ਪਾਂਡੇ ਸਾਹਿਬ ਨੇ ਐਲਾਨ ਕੀਤਾ ਸੀ ਕਿ ਪ੍ਰਾਇਮਰੀ ਹੈਲਥ ਸੈਂਟਰ ਪੰਜਗ੍ਰਾਈਆਂ ਵਿਚ ਚਾਲੂ ਕੀਤਾ ਜਾਵੇਗਾ। ਨਾਲ ਇਹ ਵੀ ਕਿਹਾ ਸੀ ਕਿ ਸਾਡੀ ਸਰਕਾਰ ਦਾ ਇਹ ਅਸੂਲ ਹੈ ਕਿ ਜੋ ਕੁਝ ਕਹੇ ਉਹ ਪੂਰਾ ਹੋਵੇਗਾ। ਮੈਂ, ਡਿਪਟੀ ਸਪੀਕਰ ਸਾਹਿਬ, ਦਸਦਾ ਹਾਂ ਕਿ ਉਥੇ ਜਿਹੜਾ ਹਸਪਤਾਲ ਦਿੱਤਾ ਹੋਇਆ ਹੈ ਉਹ ਕਦੇ ਕੋਠਾਲੇ ਚਲਾ ਜਾਂਦਾ ਹੈ ਅਤੇ ਕਦੇ ਪੰਜਗ੍ਰਾਹੀਆਂ ਅਤੇ ਹੁਣ ਉਹ ਫਿਰ ਕੋਠਾਲੇ ਹੈ । ਇਸ ਤਰ੍ਹਾਂ ਮੈਂ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਦੋ ਪਿੰਡਾ ਦਾ ਮਸਲਾ ਸੁਲਝਾਇਆ ਜਾਵੇ । ਉਥੇ ਪੰਜ ਹਜ਼ਾਰ ਤੋਂ ਜ਼ਿਆਦਾ ਆਬਾਦੀ ਹੈ ਅਤੇ ਇਸ ਲਈ ਦੋਨਾਂ ਪਿੰਡਾਂ ਵਿਚ ਪਬਲਿਕ ਹੈਲਥ ਸੈਂਟਰ ਖੋਲ੍ਹੇ ਜਾਣ। (ਵਿਘਨ)

**Mr. Deputy Speaker:** Please wind up.

**ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ** : ਉਥੇ ਸਿਹਤ ਠੀਕ ਰਖਣ ਦੇ ਸਾਧਨ ਕੀਤੇ ਜਾਣ । ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਸ਼ੇਰਪੁਰ ਵਿਚ ਪੁਲੀਸ ਵਲੋਂ ਬੜੇ ਤਸ਼ਦੱਦ ਹੋ ਰਹੇ ਹਨ ਉਹ ਰੋਕਣ ਲਈ ਮੈਂ ਤੁਹਾਨੂੰ ਅਪੀਲ ਕਰਦਾ ਹਾਂ। ਉਹ ਤੁਸੀਂ ਦਖ਼ਲ ਦੇ ਕੇ ਸਰਕਾਰ ਨੂੰ ਕਹੋ ਕਿ ਉਥੇ ਜਿਹੜਾ ਕੁਰਪਟ ਥਾਣੇਦਾਰ ਵਗੈਰਾ ਹੈ ਉਸ ਉਤੇ ਮੈਂ ਪਹਿਲਾਂ ਇਲਜ਼ਾਮ ਲਾਇਆ ਸੀ ਕਿ ਇਨਕੁਆਇਰੀ ਕਰਨ ਅਤੇ ਨਾਲ ਹੀ ਲਾਅ ਐਂਡ ਆਰਡਰ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰਨ। ਇਨ੍ਹਾਂ ਗਲਾਂ ਦੇ ਨਾਲ ਹੀ ਮੈਂ ਕਹਿੰਦਾ ਹਾਂ ਕਿ ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈਸ ਹੈ ਇਹ ਕਾਂਗਰਸ ਸਰਕਾਰ ਦੀ ਫੋਕੀ ਪ੍ਰਸ਼ੰਸਾ ਤੋਂ ਸਿਵਾ ਹੋਰ ਕੁਝ ਨਹੀਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਆਪ ਜੀ ਦਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਵਲੋਂ ਵੀ ਇਕ ਮੈਂਬਰ ਸਾਹਿਬ ਨੇ ਬੋਲਣਾ ਹੈ ਕਿਤੇ ਭੁਲ ਨਾ ਜਾਣਾ। (ਵਿਘਨ)

**ਸ੍ਰੀ ਡਿਪਟੀ ਸਪੀਕਰ**: ਹਾਲੇ ਤਾਂ ਦੋ ਘੰਟੇ ਹਨ ਜ਼ਰੂਰ ਟਾਈਮ ਮਿਲੇਗਾ (There are still two hours left and you shall get time to speak.)

**ਸਰਦਾਰ ਗੁਰਬਚਨ ਸਿੰਘ (ਰੋਪੜ)**: ਡਿਪਟੀ ਸਪੀਕਰ ਸਾਹਿਬ, ਸਾਡੀਆਂ ਜੇ ਬੈਂਚਾਂ ਦੂਰ ਹਨ ਤਾਂ ਸਾਨੂੰ ਦਿਲੋਂ ਦੂਰ ਨਾ ਕਰੋ (ਵਿਘਨ) ਸਾਨੂੰ ਵੀ ਬੋਲਣ ਦਾ ਟਾਈਮ ਦਿਤਾ ਜਾਵੇ।

**ਸ੍ਰੀ ਗੁਰਦਿਆਲ ਸੈਣੀ** : ਡਿਪਟੀ ਸਪੀਕਰ ਸਾਹਿਬ, ਮੈਂ ਵੀ ਬੋਲਣਾ ਹੈ। (ਵਿਘਨ)

**ਸ੍ਰੀ ਡਿਪਟੀ ਸਪੀਕਰ** : ਮੈਂ ਦਸ ਦਿੰਦਾ ਹਾਂ ਕਿ ਲਿਸਟ ਵਿਚ ਕਿਸ ਕਿਸ ਆਨਰੇਬਲ ਮੈਂਬਰ ਸਾਹਿਬ ਦਾ ਨਾਮ ਹੈ। ਨਾ ਸੈਣੀ ਸਾਹਿਬ ਦਾ ਨਾਮ ਆਇਆ ਹੈ ਅਤੇ ਨਾ ਹੀ ਸਰਦਾਰ ਗੁਰਬਚਨ ਸਿੰਘ ਦਾ। ਇਹ ਮੈਂਬਰ ਸਾਹਿਬ ਆਪਣੇ ਪਾਰਟੀ ਵ੍ਹਿਪ ਨੂੰ ਮਿਲ ਲੈਣ (ਵਿਘਨ)) ਮੈਂ ਹਾਊਸ ਦੇ ਆਨਰੇਬਲ ਮੈਂਬਰਜ਼ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਜੇ ਕਰ ਦਸ ਦਸ ਮਿੰਟ ਵੀ ਹਰ ਇਕ ਮੈਂਬਰ ਸਾਹਿਬ ਲਵੇ ਤਾਂ ਵੀ ਕਾਫੀ ਮੈਂਬਰ ਸਾਹਿਬ ਬੋਲ ਸਕਦੇ ਹਨ। (I may read out the list of

Original with;
Punjab Vidhan Sabha
Digitized by;
Panjab Digital Library

[Mr. Deputy Speaker]

Members who are to be given time. It neither contains the name of Saini Sahib nor that of Sardar Gurbachan Singh. They may please see their party whip in this connection. I may point out that even if each member were to take ten minutes, a sufficient number of them will be able to have their say.)

**ਸ੍ਰੀ ਗੁਰਦਿਆਲ ਸੈਣੀ**: ਮੈਨੂੰ ਤਾਂ ਫਿਰ ਬੁਧਵਾਰ ਨੂੰ ਹੀ ਟਾਈਮ ਦੇ ਦੇਣਾ ਜੀ।

**ਮਿਸਿਜ਼ ਗੁਰਬਰਿੰਦਰ ਕੌਰ ਬਰਾੜ** : (ਮਲੋਟ) ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਸਰਕਾਰ ਦੀਆਂ ਬੀਤੇ ਸਾਲ ਦੀਆਂ ਕਾਰਵਾਈਆਂ ਔਰ ਆਉਣ ਵਾਲ ਸਾਲ ਦੇ ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਬਾਰੇ ਸਾਨੂੰ ਜਾਣਕਾਰੀ ਕਰਵਾਈ ਹੈ । ਮੈਂ ਉਨ੍ਹਾਂ ਦੀ ਅਤਿ ਧੰਨਵਾਦੀ ਹਾਂ । ਗਿਆਨੀ ਜੀ ਦੀ ਸਰਕਾਰ ਨੇ ਜੋ ਕਦਮ ਗਰੀਬੀ, ਅਨਪੜ੍ਹਤਾ ਅਤੇ ਅਸਮਾਨਤਾ ਨੂੰ ਦੂਰ ਕਰਨ ਦੇ ਚੁਕੇ ਹਨ ਉਹ ਸ਼ਲਾਘਾਯੋਗ ਹਨ।

ਡਿਪਟੀ ਸਪੀਕਰ ਸਾਹਿਬ, ਸਫਾ ਤਿੰਨ ਤੇ ਗਵਰਨਰ ਸਾਹਿਬ ਨੇ ਕਿਹਾ ਹੈ:

> "ਸਾਰੇ ਦੇਸ਼ ਦੀ 5.5 ਫੀ ਸਦੀ ਦੀ ਵਿਕਾਸ ਦਰ ਦੇ ਮੁਕਾਬਲੇ ਤੇ 7.5 ਫੀ ਸਦੀ ਵਿਕਾਸ ਦਰ ਪ੍ਰਾਪਤ ਕਰਨ ਦੀ ਯੋਜਨਾ ਬਣਾ ਰਹੇ ਹਾਂ। ਇਹ ਰਾਜ ਦੀਆਂ ਰਵਾਇਤਾਂ ਦੇ ਮੁਤਾਬਿਕ ਹੈ ਅਤੇ ਮੇਰੀ ਸਰਕਾਰ ਰਾਜ ਨੂੰ ਦੇਸ਼ ਦੇ ਯੋਜਨਾ ਬੱਧ ਵਿਕਾਸ ਦੀ ਪਹਿਲੀ ਕਤਾਰ ਵਿਚ ਰੱਖੀ ਰੱਖਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰਖੇ ਗੀ।

ਹੁਣ ਜਿਹੜੇ ਕੰਮ ਪਿਛਲੇ ਸਾਲ ਹੋਏ ਉਨ੍ਹਾਂ ਦਾ ਮੈਂ ਜ਼ਿਕਰ ਕਰਨਾ ਚਾਹੁੰਦੀ ਹਾਂ । ਸੈਂਟਰਲ ਸੈਕਟਰ ਸਕੀਮ ਦੇ ਅਧੀਨ ਪੇਂਡੂ ਇਲਾਕੇ ਦੇ ਵਿਚ ਰਹਿਣ ਵਾਲੇ ਲੋਕਾਂ ਨੂੰ, ਬੇਜ਼ਮੀਨੇ ਕਾਮਿਆਂ ਨੂੰ, ਮਕਾਨ ਵਾਸਤੇ ਥਾਂ ਦੇਣ ਦਾ ਜਿਹੜਾ ਕੰਮ ਸਰਕਾਰ ਨੇ ਕੀਤਾ ਹੈ, ਉਹ ਬੜਾ ਸ਼ਲਾਘਾ ਯੋਗ ਹੈ। ਪਲਾਟ ਨੂੰ ਠੀਕ ਕਰਨ ਵਾਸਤੇ 150 ਰੁਪਿਆ ਫੀ ਪਲਾਟ ਸਰਕਾਰ ਖਰਚ ਕਰੇਗ 2.75 ਕਰੋੜ ਰੁਪਇਆ ਉਸ ਤੇ ਖਰਚ ਆਏਗਾ ਅਤੇ ਪੌਣੇ ਦੋ ਲੱਖ ਪ੍ਰਵਾਰਾਂ ਨੂੰ ਇਸ ਤੋਂ ਫਾਇਦਾ ਹੋਵੇਗਾ। ਘਰਾਂ ਨੂੰ ਬਣਾਉਣ ਵਾਸਤੇ ਲੋਨ ਦੀ ਸ਼ਕਲ ਵਿਚ ਮਾਲੀ ਮਦਦ ਵੀ ਦਿੱਤੀ ਜਾਵੇਗੀ। ਬੜੀ ਖੁਸ਼ੀ ਦੀ ਗਲ ਹੈ ਕਿ ਹਾਊਸਿੰਗ ਡਿਵੈਲਪਮੈਂਟ ਬੋਰਡ ਐਕਟ ਪਾਸ ਹੋ ਜਾਣ ਨਾਲ ਹਾਊਸਿੰਗ ਡਿਵੈਲਪਮੈਂਟ ਬੋਰਡ ਬਣਿਆ ਹੈ। ਇਹ ਸਾਰੀਆਂ ਗੱਲਾਂ ਠੀਕ ਨੇ ਅਤੇ ਰੂਰਲ ਏਰੀਏ ਦੇ ਲੋਕਾਂ ਨੂੰ ਮਦਦ ਵਾਸਤੇ ਹਨ । ਲੇਕਿਨ ਮੇਰੀ ਰਿਕੁਐਸਟ ਹੈ ਕਿ ਸਰਕਾਰ ਸ਼ਹਿਰੀ ਲੋਕਾਂ ਵਾਸਤੇ ਜਿਹੜੇ ਮਜ਼ਦੂਰ ਹਨ, ਪੇਵਮੈਂਟਸ ਤੇ ਸੌਂਦੇ ਹਨ, ਸਲਮ ਏਰੀਆਜ਼ ਵਿਚ ਰਹਿੰਦੇ ਹਨ ਉਨ੍ਹਾਂ ਵਾਸਤੇ ਜ਼ਰੂਰ ਕੁਝ ਨਾਂ ਕੁਝ ਕਰੇ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸਲਮ ਏਰੀਆਜ਼ ਦੀ ਹਾਲਤ ਕਿੰਨੀ ਖਰਾਬ ਹੈ, ਬਿਮਾਰੀ ਦੇ ਜਰਮ ਉਥੇ ਹਨ ਅਤੇ ਕੋਈ ਹਾਈਜਿਨਕ ਕੰਡੀਸ਼ਨਜ਼ ਨਹੀਂ ਹਨ। ਸਰਕਾਰ ਨੂੰ ਉਨਾਂ ਵਾਸਤੇ ਵੀ ਕੁਝ ਨਾਂ ਕੁਝ ਜ਼ਰੂਰ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸਟਰਨ ਸਟੇਟਸ ਦੇ ਟੂਰ ਤੇ ਜਦੋਂ ਅਸੀਂ ਗਏ ਤਾਂ ਉਥੇ ਸ਼ਿਲਾਂਗ ਵਿਚ ਕੁਝ ਪੰਜਾਬੀ ਜਿਹੜੇ ਕਿ ਇਥੋਂ ਜਾ ਕੇ ਉਥੇ ਵੱਸੇ ਹਨ, ਉਨ੍ਹਾਂ ਨੇ ਖਾਸ ਕਰਕੇ ਇਹ ਅਪੀਲ ਕੀਤੀ ਕਿ ਉਨਾਂ ਵਾਸਤੇ ਵੀ ਘਰਾਂ ਦੀ ਥਾਂ ਦਿਤੀ ਜਾਵੇ। ਸਾਡੀ ਪਾਰਟੀ ਵਿਚ ਪੰਜ ਅਕਾਲੀ ਮੈਂਬਰ, ਸੱਤ ਕਾਂਗਰਸੀ ਮੈਂਬਰ ਅਤੇ ਇਕ ਸੀ.ਪੀ. ਆਈ ਦਾ ਮੈਂਬਰ ਸੀ। ਡਿਪਟੀ ਸਪੀਕਰ ਸਾਹਿਬ, ਖੁਦ ਉਸਦੇ ਚੇਅਰਮੈਨ ਸਨ। ਅਸੀਂ ਉਥੋਂ ਦੇ ਚੀਫ ਮਨਿਸਟਰ ਨੂੰ ਰਿਕੁਐਸਟ ਕੀਤੀ ਕਿ ਉਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

ਮਦਦ ਕੀਤੀ ਜਾਵੇ। ਮੇਰੀ ਇਸ ਸਰਕਾਰ ਅੱਗੇ ਵੀ ਇਸ ਕਿਸਮ ਦੀ ਅਪੀਲ ਹੈ ਕਿ ਇਸ ਗਲ ਵਲ ਪੂਰਾ ਧਿਆਨ ਦਿੱਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਮੇਰੀ ਇਹ ਰਿਕੁਐਸਟ ਸੀ ਕਿ ਸਟੇਟ ਲੈਵਲ ਤੇ ਪਲਾਨਿੰਗ ਬੋਰਡ ਬਣਾਇਆ ਜਾਵੇ ਔਰ ਮੈਨੂੰ ਬੜੀ ਖੁਸ਼ੀ ਹੈ ਕਿ ਸਾਡੇ ਫਾਈਨਾਂਸ ਮਨਿਸਟਰ ਨੇ ਖੜੇ ਹੋ ਕੇ ਕਿਹਾ ਸੀ ਕਿ ਪਲਾਨਿੰਗ ਬੋਰਡ ਬਣਾਇਆ ਜਾਵੇਗਾ ਅਤੇ ਪਲਾਨਿੰਗ ਬੋਰਡ ਸਟੇਟ ਲੇਵਲ ਤੇ ਬਣ ਗਿਆ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ਤੇ ਬੋਰਡ ਬਣਾਏ ਗਏ। ਲੇਕਿਨ ਹੁਣ ਦੇਖਣਾ ਇਹ ਹੈ ਕਿ ਪਲਾਨਿੰਗ ਹਰ ਇਕ ਆਦਮੀ ਨਹੀਂ ਕਰ ਸਕਦਾ। ਪਲਾਨਿੰਗ ਲਈ ਉਸ ਨੂੰ ਮਾਹਰ ਹੋਣਾ ਚਾਹੀਦਾ ਹੈ। ਇਸ ਵਾਸਤੇ ਸਪੈਸ਼ਲ ਸਕਿਲ ਚਾਹੀਦਾ ਹੈ। ਮਿਸਟਰ ਡੀ.ਪੀ. ਧਰ ਨੇ ਕਿਹਾ ਹੈ।

"Planning in order to be effective must start from grass roots".

ਡਿਪਟੀ ਸਪੀਕਰ ਸਾਹਿਬ, ਗਰਾਸ ਰੂਟਸ ਤੋਂ ਜਿਨ੍ਹਾਂ ਨੇ ਪਲਾਨ ਬਣਾਉਣੀ ਹੈ, ਉਨ੍ਹਾਂ ਨੂੰ ਵੀ ਇਸ ਕੰਮ ਵਾਸਤੇ ਖਾਸੀ ਟਰੇਨਿੰਗ ਮਿਲਣੀ ਚਾਹੀਦੀ ਹੈ। ਮੇਰੀ ਇਹ ਅਪੀਲ ਹੈ ਕਿ ਇਸ ਸਰਕਾਰ ਨੂੰ ਇੱਕ ਸਪੈਸ਼ਲ ਕਾਡਰ ਇਸ ਵਾਸਤੇ ਬਣਾਉਣਾ ਚਾਹੀਦਾ ਹੈ। ਪਲਾਨਿੰਗ ਕਮਿਸ਼ਨ ਦੀ ਮਦਦ ਨਾਲ ਟਰੇਨਿੰਗ ਇੰਸਟੀਚੂਸ਼ਨਜ਼ ਤੋਂ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਵੇ। ਮਕਸਦ ਇਹ ਹੈ ਕਿ ਉਨ੍ਹਾਂ ਦੀ ਸਲਾਹ ਉਤੇ ਜੋ ਕਿ ਰਾਈਟ ਟਾਈਪ ਦੀ ਸਲਾਹ ਹੋਵੇ ਫਿਰ ਇੰਪਲੀਮੈਂਟੇਸ਼ਨ ਕੰਪੀਟੈਂਟ ਆਦਮੀ ਉਸ ਤੇ ਕਰਨ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਅਸੀਂ ਆਪਣੇ ਸੂਬੇ ਨੂੰ ਕਾਫੀ ਅੱਗੇ ਡਿਵੈਲਪਮੈਂਟ ਵੱਲ ਲੈ ਜਾਵਾਂਗੇ। ਇਹ ਟਰੇਨਿੰਗ ਦੇਣ ਵਾਲੀ ਬੜੀ ਜ਼ਰੂਰੀ ਗਲ ਹੈ। ਅੱਛੇ ਅਤੇ ਪੜ੍ਹੇ ਲਿਖੇ ਨੌਜਵਾਨ ਭਰਤੀ ਕਰਨੇ ਚਾਹੀਦੇ ਹਨ ਜਿਹੜੇ ਕਿ ਇਸ ਕੰਮ ਨੂੰ ਚੰਗੀ ਤਰ੍ਹਾਂ ਸਮਝ ਸਕਣ।

ਡਿਪਟੀ ਸਪੀਕਰ ਸਾਹਿਬ, ਬਿਜਲੀ ਦੇ ਬਾਰੇ ਬੜਾ ਜ਼ਿਕਰ ਆਇਆ ਹੈ। ਬਹੁਤ ਸਾਰੇ ਮੈਂਬਰ ਸਾਹਿਬਾਨ ਇਸ ਤੇ ਬੋਲੇ ਹਨ। ਮੇਰਾ ਵੀ ਕੁਝ ਇਸ ਬਾਰੇ ਥੋੜਾ ਬਹੁਤ ਕਹਿਣ ਨੂੰ ਦਿਲ ਕਰਦਾ ਹੈ। ਇਹ ਸੱਭ ਨੂੰ ਪਤਾ ਹੈ ਕਿ ਮੌਨਸੂਨ ਦੀਆਂ ਫੈਲਯੋਰਜ਼ ਕਰਕੇ ਗੋਬਿੰਦ ਸਾਗਰ ਵਿਚ ਪਾਣੀ ਘਟ ਹੈ ਅਤੇ ਇਸ ਕਾਰਣ ਪੰਜਾਬ ਵਾਸਤੇ ਅਤੇ ਹੋਰ ਜਗ੍ਹਾ ਵਾਸਤੇ ਬਿਜਲੀ ਦੀ ਬੜੀ ਸ਼ਾਰਟੇਜ਼ ਹੈ। ਸਵਾਲ ਇਹ ਹੈ ਕਿ ਸਾਡੇ ਸਿਰ ਤੇ ਇਤਨੀ ਵੱਡੀ ਕੈਲਾਮਿਟੀ ਆਈ, ਖੇਤੀ-ਬਾੜੀ ਨੂੰ ਬੜਾ ਨੁਕਸਾਨ ਹੋਇਆ, ਉਦਯੋਗ ਨੂੰ ਬੜਾ ਨੁਕਸਾਨ ਹੋਇਆ। ਸੋਚਣਾ ਸ਼ੁਰੂ ਕੀਤਾ ਕਿ ਕਿਸ ਤਰ੍ਹਾਂ ਨਾਲ ਕਰੈਸ਼ ਪ੍ਰੋਗਰਾਮ ਜਲਦੀ ਤੋਂ ਜਲਦੀ ਚਾਲੂ ਕੀਤੇ ਜਾਣ। ਦੋ ਚੀਜ਼ਾਂ ਵਲ ਧਿਆਨ ਦੇਣ ਦੀ ਲੋੜ ਹੈ। ਇੱਕ ਤਾਂ ਇਹ ਕਿ ਜੋ ਸਾਡੇ ਕੋਲ ਅਵੇਲੇਬਿਲਟੀ ਹੈ ਉਸ ਦਾ ਪੂਰਾ ਫਾਇਦਾ ਉਠਾਇਆ ਜਾਵੇ। ਇਹ ਵੀ ਕੋਈ ਬੁਰੀ ਗਲ ਨਹੀਂ ਕਿ ਰਬ ਨੂੰ ਅਰਦਾਸ ਕਰੀਏ ਕਿ ਬਾਰਸ਼ ਹੋਵੇ। ਇੱਕ ਤਾਂ ਸ਼ਾਰਟ ਟਰਮ ਮਯਰਜ਼ ਲੈਣ ਬਾਰੇ ਸੋਚਣਾ ਹੈ। ਦੂਸਰਾ ਸ਼ਾਰਟ ਟਰਮ ਮਯਰਜ਼ ਨੂੰ ਲੈਂਦੇ ਹੋਏ ਲਾਂਗ ਟਰਮ ਮਯਰਜ਼ ਨੂੰ ਸੋਚਣਾ ਵੀ ਬੜਾ ਜ਼ਰੂਰੀ ਹੈ। ਸ਼ਾਰਟ ਟਰਮ ਮਯਰਜ਼ ਹਨ ਜਿਸ ਤਰ੍ਹਾਂ ਕਿ ਇੰਡਸਟਰੀਜ਼ ਨੂੰ ਲਾਈਸੈਂਸ ਦਿੱਤੇ ਜਾਣ ਤਾਂ ਕਿ ਉਹ ਆਪਣੇ ਜੈਨਰੇਟਿੰਗ ਪਲਾਂਟਸ ਲਗਾ ਸਕਣ। ਦੂਸਰਾ ਤੁਸੀਂ ਸੁਣਿਆ ਹੈ ਕਿ ਜੈਨਰੇਟਰ ਕੁਝ ਚਾਲੂ ਵੀ ਹੋ ਗਏ ਹਨ। ਇਸੇ ਤਰ੍ਹਾਂ ਸਾਡੀ ਸਰਕਾਰ ਜਪਾਨ ਤੋਂ ਗੈਸ ਟਰਬਾਈਨਜ਼ ਖਰੀਦਣ ਬਾਰੇ ਨੈਗੋਸੀਏਸਨਜ਼ ਕਰ ਰਹੀ ਹੈ। ਕਿਥੋਂ ਤਕ ਕਾਮਯਾਬ ਹੋਏ ਹਨ ਇਸ ਦਾ ਮੈਨੂੰ ਪਤਾ ਨਹੀਂ। ਲੇਕਿਨ ਗਿਆਨੀ ਜੀ ਕੋਸ਼ਿਸ਼ਾਂ ਪੂਰੀਆਂ ਕਰ ਰਹੇ ਹਨ। ਸਰਕਾਰ ਸਾਲ 1973-74 ਦੇ ਦੌਰਾਨ 23 ਮੈਗਾਵਾਟ ਬਿਜ਼ਲੀ ਅਧਿਕ ਪੈਦਾ ਕਰਨ ਦੀ ਤਜਵੀਜ਼ ਕਰ ਰਹੀ ਹੈ। ਆਉਣ ਵਾਲੇ ਸਾਲ ਵਿਚ 110 ਮੈਗਾਵਾਟ ਦੀ ਸਥਾਪਤ ਸਮਰਥਾ ਵਾਲੇ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੇਕਟ ਨੂੰ ਪਰਮ ਅਗਤ ਦੇ ਕੇ ਹਕ ਵਿਚ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ]

ਲਿਆ ਜਾ ਰਿਹਾ ਹੈ। ਬੜਾ ਕੁਝ ਕੀਤਾ ਜਾ ਰਿਹਾ ਹੈ। ਬਠਿੰਡਾ ਥਰਮਲ ਪਲਾਂਟ ਦਾ ਬੜਾ ਜ਼ਿਕਰ ਆਉਂਦਾ ਹੈ। ਥਰਮਲ ਪਲਾਂਟ ਵਾਸਤੇ ਕੋਇਲੇ ਦੀ ਬੜੀ ਜ਼ਰੂਰਤ ਹੈ। ਕੋਇਲਾ ਸਾਨੂੰ ਬਿਹਾਰ ਤੋਂ ਆਉਂਦਾ ਹੈ। ਉਸ ਦਾ ਖਰਚ ਬਹੁਤ ਜ਼ਿਆਦਾ ਵੱਧ ਜਾਂਦਾ ਹੈ। ਇਹ ਜਿਹੜੀ ਲੌਂਗ ਟਰਮ ਪਾਲਿਸੀ ਹੈ ਇਸ ਵਿਚ ਸਾਨੂੰ ਦੋ ਤਿੰਨ ਚੀਜ਼ਾਂ ਦੇਖਣੀਆਂ ਪੈਣਗੀਆਂ, ਹਾਈਡਲ ਪ੍ਰਾਜੈਕਟਸ, ਥਰਮਲ ਪਲਾਂਟਸ ਅਤੇ ਨਿਊਕਲੀਅਰ ਪਲਾਂਟਸ। ਸਭ ਤੋਂ ਜ਼ਰੂਰੀ ਗਲ ਪਲਾਨਿੰਗ ਦੀ ਹੈ। ਸਾਨੂੰ ਅੱਗੇ ਵਾਸਤੇ ਪਲਾਨਿੰਗ ਕਰਨੀ ਚਾਹੀਦੀ ਹੈ ਕਿ ਸਾਨੂੰ ਕਿੰਨੀ ਬਿਜਲੀ ਦੀ ਜ਼ਰੂਰਤ ਹੈ ਅਤੇ ਸਾਰਾ ਕੁਝ ਜ਼ਰੂਰਤ ਵੇਖ ਕੇ ਕਰਨਾ ਚਾਹੀਦਾ ਹੈ। ਗੌਰਮਿੰਟ ਆਫ ਇੰਡੀਆ ਇਸ ਬਾਰੇ ਸੋਚ ਰਹੀ ਹੈ ਕਿ ਬਜਾਏ ਬਿਹਾਰ ਤੋਂ ਕੋਇਲਾ ਲਿਆਂਦਾ ਜਾਵੇ, ਮੱਧ ਪ੍ਰਦੇਸ਼ ਵਿਚ ਥਰਮਲ ਪਲਾਂਟ ਲਗਾ ਕੇ ਕੋਇਲੇ ਦੀ ਬਜਾਏ ਬਿਜਲੀ ਕਿਉਂ ਨਾ ਦਿੱਤੀ ਜਾਵੇ। ਸਰਕਾਰ ਵਲੋਂ ਸਾਰੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮੇਰਾ ਖਿਆਲ ਹੈ ਕਿ ਇਸ ਬਿਜਲੀ ਦੇ ਸੰਕਟ ਨੂੰ ਅਸੀਂ ਕਾਫੀ ਦੂਰ ਕਰ ਸਕਾਂਗੇ। ਪੰਜਾਬ ਵਿਚ ਨਿਊਕਲੀਅਰ ਪਲਾਂਟ ਸਥਾਪਤ ਕੀਤਾ ਜਾਵੇ। ਡੀਜ਼ਲ ਇੰਜਣ ਅਤੇ ਜੈਨਰੇਟਰਜ਼ ਦੇ ਬਾਰੇ ਵਿਚ ਮੈਂ ਕਹਿ ਚੁਕੀ ਹਾਂ।

ਡਿਪਟੀ ਸਪੀਕਰ ਸਾਹਿਬ, ਇੱਕ ਮੈਨੂੰ ਬੜੀ ਖੁਸ਼ੀ ਹੈ ਕਿ ਸਰਕਾਰ ਨੇ ਸੈਂਟਰਲ ਪੈਟਰਨ ਤੇ ਇਨ-ਟੈਰਿਮ ਰੀਲੀਫ ਮੁਲਾਜ਼ਮਾਂ ਨੂੰ ਦਿੱਤਾ ਹੈ ਅਤੇ ਇਸ ਤੇ 9.11 ਕਰੋੜ ਰੁਪਏ ਦੇ ਕਰੀਬ ਖਰਚ ਆਇਆ। ਵਜਾਹ ਕੀ ਹੈ ਕਿ ਇਹ ਕਰਨ ਦੇ ਬਾਵਜੂਦ ਲੋਕਾਂ ਵਿਚ ਡਿਸਸੇਟਿਸਫੇਕਸ਼ਨ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਦੇਖੀਏ ਕਿ ਡਿਸਸੇਟਿਸਫੇਕਸ਼ਨ ਦਾ ਕਾਜ਼ ਕੀ ਹੈ। ਜਿਹੜੀਆਂ ਖਾਮੀਆਂ ਹਨ ਉਨਾਂ ਨੂੰ ਦੂਰ ਕਰੀਏ। ਮੈਂ ਇਸ ਗਲ ਲਈ ਸਰਕਾਰ ਨੂੰ ਵਧਾਈ ਦਿੰਦੀ ਹਾਂ ਕਿ ਉਨ੍ਹਾਂ ਨੇ ਇਨਟੈਰਿਮ ਰੀਲੀਫ ਦਿੱਤਾ ਹੈ। ਮੇਰੇ ਦੋ ਤਿੰਨ ਸੁਝਾਵ ਹੋਰ ਹਨ ਉਨ੍ਹਾਂ ਤੇ ਵੀ ਇਹ ਧਿਆਨ ਕਰਨ। ਪਹਿਲੀ ਚੀਜ਼ ਹੈ ਵੱਧਦੀਆਂ ਕੀਮਤਾਂ ਦੀ ਰੋਕ। ਅਸੀਂ ਜਿਤਨਾ ਚਿਰ ਤਕ ਵਧ ਰਹੀ ਮਹਿਗਾਈ ਨੂੰ ਨਹੀਂ ਰੋਕਦੇ, ਆਪਣੇ ਸਰਕਾਰੀ ਕਰਮਚਾਰੀਆਂ ਨੂੰ, ਅਨ-ਆਰਗੇਨਾਈਜ਼ਡ ਜਾਂ ਆਰਗੇਨਾਈਜ਼ਡ ਲੇਬਰ ਨੂੰ ਘੱਟ ਕੀਮਤਾਂ ਉਤੇ ਚੀਜ਼ਾਂ ਨਹੀਂ ਦਿੰਦੇ ਉਤਨਾ ਚਿਰ ਤਕ dissatisfaction ਨਹੀਂ ਰੁਕ ਸਕਦੀ। ਮੇਰਾ ਇਹ ਸੁਝਾਓ ਹੈ ਕਿ ਇਕ ਕਨਸਲਟੇਟਿਵ ਮਸ਼ੀਨਰੀ ਸੈਟ-ਅੱਪ ਕਰਨੀ ਚਾਹੀਦੀ ਹੈ। ਉਸ ਵਿਚ ਇੰਪਲਾਈਜ਼ ਵੀ ਹੋਣ ਅਤੇ ਸਰਕਾਰੀ ਕਰਮਚਾਰੀ ਵੀ ਹੋਣ। ਉਨ੍ਹਾਂ ਨੂੰ ਸਾਰੇ ਗਰੀਵੈਂਸਿੰਜ਼ ਦਸਣ ਦਾ ਮੌਕਾ ਦਿਤਾ ਜਾਵੇ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਅਜੇ ਬਹੁਤ ਬੋਲਣਾ ਹੈ।

ਦੂਸਰੀ ਗਲ ਟ੍ਰੇਨਿੰਗ ਆਫ ਸਰਵਿਸਿਜ਼ ਦੀ ਹੈ ਔਰ ਇਹ ਬੜੀ ਹੀ ਜ਼ਰੂਰੀ ਹੈ। ਇਸ ਵਿਚ ਸਾਨੂੰ ਐਡਮਨਿਸਟਰੇਸ਼ਨ ਦੀ ਐਫੀਸ਼ੈਂਸੀ ਬੜੀ ਜ਼ਰੂਰੀ ਚਾਹੀਦੀ ਹੈ। ਇਸ ਵਾਸਤੇ ਕਿ ਜਿਹੜੀਆਂ ਸਕੀਮਾਂ ਸਰਕਾਰ ਬਣਾਉਂਦੀ ਹੈ ਉਨ੍ਹਾਂ ਨੂੰ ਅੱਛੀ ਤਰ੍ਹਾਂ ਨਾਲ ਇੰਪਲੀਮੈਂਟ ਕੀਤਾ ਜਾਵੇ ਔਰ ਇਹ ਜਿਹੜੇ ਸਾਡੇ ਕਰਮਚਾਰੀ ਹਨ ਉਨ੍ਹਾਂ ਨੂੰ ਮਹਿਸੂਸ ਹੋਵੇ ਕਿ ਉਹ ਵੀ ਸੂਬੇ ਦੀ ਤਰੱਕੀ ਵਿਚ ਚੰਗਾ ਹਿੱਸਾ ਪਾ ਰਹੇ ਹਨ। ਟ੍ਰੇਨਿੰਗ ਕੇਵਲ ਨਵਿਆਂ ਨੂੰ ਹੀ ਨਾ ਦਿਤੀ ਜਾਵੇ ਬਲਕਿ ਸਰਵਿਸਿਜ਼ ਵਿਚ ਜਿਹੜੇ ਅਗੇ ਵੀ ਆਦਮੀ ਹਨ ਉਨ੍ਹਾਂ ਨੂੰ ਵੀ ਟ੍ਰੇਨਿੰਗ ਦੇਣੀ ਬੜੀ ਲਾਜ਼ਮੀ ਹੈ ਕਿਉਂਕਿ ਮੈਥਡਜ਼ ਅਤੇ ਪੋਸੀਜਰ ਬਦਲਦੇ ਜਾ ਰਹੇ ਹਨ, ਜਿਨ੍ਹਾਂ ਵਾਸਤੇ ਸਾਨੂੰ ਰੀਫਰੈਸ਼ਰ ਕੋਰਸ ਜ਼ਰੂਰੀ ਹਨ। ਐਕਸ਼ਨ ਓਰੀਐਂਟਿੰਡ ਅਤੇ ਪਰਪਜ਼ਫਲ ਹੋਣੇ ਚਾਹੀਦੇ ਹਨ ਅਤੇ ਗੌਰਮਿੰਟ ਨੂੰ ਪਰਸੋਨਲ ਡੀਪਾਰਟਮੈਂਟ with training ਖੋਲਣਾ ਚਾਹੀਦਾ ਹੈ।

ਇਸ ਗਲ ਵਲ ਅਗਰ ਅਸੀਂ ਛੋਟੇ ਤੋਂ ਛੋਟੇ ਲੈਵਲ ਉਪਰ ਖਿਆਲ ਕਰਾਂਗੇ ਤਾਂ ਸੂਬਾ ਵੀ ਅਗੇ ਵਧ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਟਾਇਮ ਬਹੁਤ ਥੋੜ੍ਹਾ ਹੈ ਪਰ ਮੈਂ ਗਰੀਨ ਰੈਵੋਲਿਊਸ਼ਨ ਦਾ

Original with;
Punjab Vidhan Sabha
Digitized by;
Panjab Digital Library

ਜ਼ਰੂਰ ਜ਼ਿਕਰ ਕਰਨਾ ਚਾਹੁੰਦੀ ਹਾਂ। ਕਿਸਾਨਾਂ ਅਤੇ ਸਰਕਾਰ ਦੀ ਮਿਲੀ ਜੁਲੀ ਕੋਸ਼ਿਸ਼ ਨੇ ਇਹ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ। ਇਸ ਸਬੰਧ ਵਿਚ ਸਰਕਾਰ ਅਗੇ ਮੇਰੀ ਇਕ ਅਪੀਲ ਜ਼ਰੂਰ ਹੈ ਕਿ ਅਗੇ ਤੋਂ ਜਦੋਂ ਉਹ ਕਣਕ ਦੇ ਭਾਅ ਜਾਂ ਹੋਰ ਚੀਜ਼ਾਂ ਦੇ ਭਾਅ ਮੁਕੱਰਰ ਕਰਦੀ ਹੈ ਤਾਂ ਉਸ ਲਈ ਇਹ ਜ਼ਰੂਰੀ ਹੈ ਕਿ ਉਹ ਵੇਖੇ ਕਿ ਖਾਦ ਦੀ ਕੀਮਤ, ਟਰੈਕਟਰ ਦੀ ਕੀਮਤ ਜਾਂ ਇਨਸੈਕਟੀਸਾਈਡਜ਼ ਦੀ ਕੀਮਤ ਜਾਂ ਹੋਰ ਚੀਜ਼ਾਂ ਜਿਹੜੀਆਂ ਕਿ ਉਸ ਨੂੰ ਚਾਹੀਦੀਆਂ ਹਨ ਉਨ੍ਹਾਂ ਦੀਆਂ ਕੀਮਤਾਂ ਕਿਸ ਤਰ੍ਹਾਂ ਵਧ ਗਈਆਂ ਹਨ। ਇਸ ਤਰ੍ਹਾਂ ਕਣਕ, ਰਾਈਸ ਜਾਂ ਹੋਰ ਜਿਣਸ ਦੇ ਭਾਅ ਇਨ੍ਹਾਂ ਕੀਮਤਾਂ ਨੂੰ ਵੇਖ ਕੇ ਮਕੱਰਰ ਹੋਣੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਕਿਸਾਨ ਹਿੰਦੋਸਤਾਨ ਦੀ ਬੈਕਬੋਨ ਹੈ ਅਤੇ ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀ ਸਿਹਤ ਨਰੋਈ ਹੋਵੇ ਤਾਂ ਕਿ ਉਹ ਮਿਹਨਤ ਨਾਲ ਕਮਾਈ ਕਰ ਸਕਣ। ਜਦੋਂ ਅਸੀਂ ਬਾਹਰਲਿਆਂ ਸੂਬਿਆਂ ਵਿਚ ਜਾਂਦੇ ਹਾਂ ਤਾਂ ਪੰਜਾਬ ਦੇ ਕਿਸਾਨ ਦੀ ਤਾਰੀਫ ਸੁਣਦੇ ਹਾਂ ਕਿ ਉਹ ਬੜੇ ਮਿਹਨਤੀ ਹਨ ਲੇਕਿਨ ਜਿਹੜੀ ਸਾਡੇ ਸੂਬੇ ਦੀ ਮਿਹਨਤ ਹੈ ਉਹ ਦੂਜਿਆਂ ਦੇਸਾਂ ਦੇ ਕਿਸਾਨਾਂ ਦੀ ਮਿਹਨਤ ਤੋਂ ਘੱਟ ਹੈ। ਇਸ ਲਈ ਜ਼ਰੂਰੀ ਹੈ ਕਿ ਸਾਡੇ ਸੂਬੇ ਦਾ ਕਿਸਾਨ ਦੂਜੇ ਦੇਸਾਂ ਦੇ ਕਿਸਾਨ ਤੋਂ ਜ਼ਿਆਦਾ ਮਿਹਨਤੀ ਬਣ ਸਕੇ। ਇਸ ਕੰਮ ਲਈ ਉਸ ਦੀ ਸਿਹਤ ਦਾ ਨਰੋਆ ਹੋਣਾ ਜ਼ਰੂਰੀ ਹੈ। ਇਸ ਲਈ ਮੈਂ ਬੇਨਤੀ ਕਰਾਂਗੀ ਕਿ ਉਨ੍ਹਾਂ ਦੀ ਸਹੂਲਤ ਲਈ ਡਿਸਪੈਂਸਰੀਆਂ, ਹਸਪਤਾਲ ਖੋਲ੍ਹੇ ਜਾਣ ਅਤੇ ਉਨ੍ਹਾਂ ਨੂੰ ਬਿਮਾਰੀ ਰਹਿਤ ਜੀਵਨ ਦਿਤਾ ਜਾਵੇ ਤਾਕਿ ਉਹ ਤਕੜੇ ਹੋ ਕੇ ਕੰਮ ਕਰ ਸਕਣ ਅਤੇ ਦੂਜੇ ਦੇਸਾਂ ਦੇ ਕਿਸਾਨਾਂ ਨਾਲ ਕੰਪੀਟ ਕਰ ਸਕਣ। ਉਸ ਦੇ ਬੱਚੇ ਵੀ ਤਾਕਤਵਰ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਚੰਗੀ ਸਿਹਤ ਹੋਣੀ ਵੀ ਬੜੀ ਜ਼ਰੂਰੀ ਹੈ ਤਾਂਕਿ ਉਹ ਵੀ ਸ਼ਹਿਰ ਵਿਚ ਰਹਿਣ ਵਾਲੇ ਬਾਬੂ ਦੇ ਬੱਚੇ ਦੇ ਮੁਕਾਬਲੇ ਤੇ ਪੜ੍ਹਾਈ ਅਤੇ ਹੋਰ ਕੰਮਾਂ ਵਿਚ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰ ਸਕਣ ਅਤੇ ਕੰਪੀਟੀਸ਼ਨਾਂ ਵਿਚ ਕੰਪੀਟ ਕਰ ਸਕਣ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਜਿਸ ਤਰ੍ਹਾਂ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ ਉਸ ਤਰ੍ਹਾਂ ਹੀ ਵਾਈਟ ਰੈਵੋਲਿਊਸ਼ਨ ਲਿਆਉਣ ਦਾ ਯਤਨ ਕੀਤਾ ਹੈ। ਵਾਈਟ ਰੈਵੋਲਿਊਸ਼ਨ ਵਿਚ ਲਿਖਿਆ ਹੈ ਕਿ ਇਕ ਲੱਖ ਅਤੇ 50 ਹਜ਼ਾਰ ਲਿਟਰ ਪ੍ਰਤੀ ਦਿਨ ਦੀ ਸਮਰਥਾ ਰਖਣ ਵਾਲੇ ਮਿਲਕ ਪਲਾਂਟ ਕ੍ਰਮਵਾਰ ਲੁਧਿਆਣਾ ਅਤੇ ਬਠਿੰਡਾ ਵਿਖੇ ਮੁਕੰਮਲ ਹੋਣ ਵਾਲੇ ਹਨ। ਅਗਲੇ ਸਾਲ ਤਿੰਨ ਹੋਰ ਪਲਾਂਟ ਮੋਹਾਲੀ, ਜਲੰਧਰ ਅਤੇ ਹੁਸ਼ਿਆਰਪੁਰ ਵਿਖੇ ਲਾਏ ਜਾਣਗੇ। ਇਹ ਬੜੀ ਹੀ ਸ਼ਲਾਘਾਯੋਗ ਗਲ ਹੈ। ਡਿਪਟੀ ਸਪੀਕਰ ਸਾਹਿਬ, ਵੱਧਦੇ ਬੱਚਿਆਂ ਵਾਸਤੇ ਦੁੱਧ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਉਸ ਵਿਚ ਨਿਊਟਰੀਸ਼ਨ ਵੈਲਿਊ ਜ਼ਿਆਦਾ ਹੁੰਦੀ ਹੈ। ਜਦੋਂ ਬੱਚਾ ਵਧਦਾ ਹੈ, ਇਹ ਬੜਾ ਜ਼ਰੂਰੀ ਹੁੰਦਾ ਹੈ। ਜਦੋਂ ਆਦਮੀ ਵਧ ਚੁਕਾ ਹੁੰਦਾ ਹੈ ਤਾਂ ਭਾਵੇਂ ਉਸ ਨੂੰ ਦੁੱਧ ਨਾ ਵੀ ਮਿਲੇ ਉਸ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਵਧ ਰਹੇ ਬੱਚਿਆਂ ਲਈ ਦੁੱਧ ਮਿਲਣਾ ਬੜਾ ਜ਼ਰੂਰੀ ਹੁੰਦਾ ਹੈ। ਜਿਹੜੇ ਸਰਕਾਰ ਨੇ ਸੈਂਟਰ ਖੋਲ੍ਹੇ ਹਨ ਪਟਿਆਲਾ, ਮੱਤੇਵਾੜਾ ਅਤੇ ਰੋਪੜ, ਵਿਚ ਇਹ ਬੜੀ ਚੰਗੀ ਸਕੀਮ ਹੈ। ਇਹ ਚੰਗੇ ਪਸ਼ੂਆਂ ਦੀ ਨਸਲ ਦੇ ਸੈਂਟਰ ਹਨ ਅਤੇ ਇਹ ਸ਼ਲਾਘਾਯੋਗ ਸਕੀਮ ਹੈ।

ਪਰ, ਡਿਪਟੀ ਸਪੀਕਰ ਸਹਿਬ, ਹਸਪਤਾਲਾਂ ਦੀ ਬੜੀ ਮੰਗ ਹੈ। ਜੇਕਰ ਚੰਗੇ ਚੰਗੇ ਵੈਟਰਨਰੀ ਹਸਪਤਾਲ ਨਹੀਂ ਹੋਣਗੇ, ਵੈਟਰਨਰੀ ਡਾਕਟਰ ਨਹੀਂ ਹੋਣਗੇ, ਚੰਗੀਆਂ ਨਸਲਾਂ ਕੀ ਕਰਨਗੀਆਂ ? ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਵੈਟਰਨਰੀ ਹਸਪਤਾਲ ਖੋਲ੍ਹੇ ਜਾਣ ਅਤੇ ਕਿਸਾਨਾਂ ਨੂੰ ਛੋਟੀ ਮੋਟੀ ਟ੍ਰੇਨਿੰਗ ਇਸ ਸਬੰਧ ਵਿਚ ਜ਼ਰੂਰ ਦੇਣੀ ਚਾਹੀਦੀ ਹੈ।

ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਡਰਿੰਕਿੰਗ ਵਾਟਰ ਦੀ ਸਕੀਮ ਬੜੀ ਅੱਛੀ ਸਕੀਮ ਹੈ। ਮੈਨੂੰ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਇਸ ਸਕੀਮ ਨੂੰ ਪੂਰਾ ਕਰਨ ਦਾ ਯਤਨ ਕੀਤਾ ਹੈ। ਪਰ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ]

ਮੈਨੂੰ ਅਫਸੋਸ ਹੈ ਕਿ ਮਲੋਟ ਲਈ ਵਾਟਰ ਵਰਕਸ ਬਨਾਉਣ ਲਈ ਇਕ ਪੈਸਾ ਨਹੀਂ ਲਗਾਇਆ ਗਿਆ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਹ ਇਲਾਕਾ ਖਾਰੇ ਪਾਣੀ ਦੀ ਬੈਲਟ ਹੈ। ਲੋਕ ਉਥੇ ਤਰੇਹ ਤਰੇਹ ਕਰਦੇ ਹਨ। ਹੁਣ ਮਨਿਸਟਰ ਸਾਹਿਬ ਵੀ ਬੈਠੇ ਹਨ ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗੀ ਕਿ ਇਸ ਪਾਸੇ ਵਲ ਕੋਈ ਕਦਮ ਨਹੀਂ ਉਠਾਏ ਗਏ। ਜਿਸ ਤਰ੍ਹਾਂ ਕਿ ਅਸੀਂ ਖੁਸ਼ ਹਾਂ ਕਿ ਸਾਡੀ ਸਰਕਾਰ ਨੇ ਚਾਲੂ ਸਾਲ ਵਿਚ 314 ਪਿੰਡ ਤੇ 5 ਕਸਬੇ ਪਾਣੀ ਸਪਲਾਈ ਸਕੀਮ ਅਧੀਨ ਲਿਆਂਦੇ ਹਨ, ਉਥੇ ਨਾਲ ਦੀ ਨਾਲ ਹੀ ਮਲੋਟ ਵਿਚ ਇਸ ਸਕੀਮ ਅਧੀਨ ਕੰਮ ਕਰਨਾ ਚਾਹੀਦਾ ਹੈ। ਲੋਕ ਜਿਹੜੇ ਕਿ ਪਹਾੜੀ ਇਲਾਕੇ ਵਿਚ ਰਹਿੰਦੇ ਹਨ ਜਾਂ ਵਾਰ ਵਾਲੇ ਇਲਾਕੇ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਪਾਣੀ ਮਿਲਣਾ ਜ਼ਰੂਰੀ ਹੈ। ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਰੋਪੜ ਜ਼ਿਲ੍ਹੇ ਦੇ ਨੀਮ ਪਹਾੜੀ ਇਲਾਕਿਆਂ ਦੇ 1000 ਤੋਂ ਵੱਧ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਕਾਫੀ ਕਮੀ ਹੈ। ਮੇਰੀ ਸਰਕਾਰ ਨੇ ਇਨ੍ਹਾਂ ਸਾਰੇ ਪਿੰਡਾਂ ਨੂੰ ਆਉਂਦੇ ਦੋ ਸਾਲਾਂ ਵਿਚ ਪੀਣ ਵਾਲਾ ਪਾਣੀ ਦੇਣ ਦਾ ਫੈਸਲਾ ਕੀਤਾ ਹੈ।

**ਸ੍ਰੀ ਡਿਪਟੀ ਸਪੀਕਰ:** ਬੀਬੀ ਜੀ 20 ਮਿੰਟ ਹੋਣ ਲਗੇ ਹਨ, ਹੁਣ ਤੁਸੀਂ ਵਾਈਂਡ ਅੱਪ ਕਰੋ। (Bibi ji, you have already spoken for about 20 minutes. Now please wind up.)

**ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ:** ਡਿਪਟੀ ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਨਹੀਂ ਕਰਨਾ। (ਹਾਸਾ) ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਵਜ਼ੀਰ ਨੂੰ ਵੀ ਵਧਾਈ ਦਿੰਦੀ ਹਾਂ ਜਿਨ੍ਹਾਂ ਨੇ ਦਾਖਲੇ ਵਿਚ ਵਾਧਾ ਕਰਨ ਲਈ ਜ਼ੋਰਦਾਰ ਯਤਨ ਕੀਤੇ ਹਨ। ਪਹਿਲੇ ਸਾਲਾਂ ਦੇ 19,000 ਦੇ ਵਧੀਕ ਦਾਖਲੇ ਦੇ ਮੁਕਾਬਲੇ ਤੇ ਪਿਛਲੇ ਸਾਲ 2.69 ਲੱਖ ਬੱਚੇ ਵਧੀਕ ਦਾਖਲ ਕੀਤੇ ਗਏ ਹਨ। ਇਹ ਵਾਧਾ ਹਰ ਪੱਖ ਤੋਂ ਕਿਸੇ ਚਮਤਕਾਰ ਤੋਂ ਘਟ ਨਹੀਂ। ਇਤਨੀ ਵੱਡੀ ਗਿਣਤੀ ਦੀ ਲੋੜ ਨੂੰ ਪੂਰਾ ਕਰਨ ਲਈ ਇਕ ਅਧਿਆਪਕ ਵਾਲੇ 500 ਸਕੂਲ ਅਤੇ ਦੋ ਅਧਿਆਪਕਾਂ ਵਾਲੇ 500 ਹੋਰ ਸਕੂਲ ਖੋਲ੍ਹੇ ਜਾ ਚੁਕੇ ਹਨ। ਇਸ ਤੋਂ ਇਲਾਵਾ 200 ਪ੍ਰਾਇਮਰੀ ਸਕੂਲ ਅਪਗਰੇਡ ਕਰਕੇ ਮਿਡਲ ਪੱਧਰ ਦੇ ਅਤੇ 75 ਮਿਡਲ ਸਕੂਲ ਅਪਗਰੇਡ ਕਰਕੇ ਹਾਈ ਪੱਧਰ ਦੇ ਬਣਾਏ ਸਨ। ਇਹ, ਡਿਪਟੀ ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗਲ ਹੈ। ਇਨ੍ਹਾਂ ਨੇ ਸੁਪੋਰਟਸ ਦਾ ਸੈਪੇਰੇਟ ਡਿਵੀਜ਼ਨ ਖੋਲ੍ਹਿਆ ਹੈ, ਇਹ ਬੜੀ ਖੁਸ਼ੀ ਦੀ ਗਲ ਹੈ। ਡਿਪਟੀ ਸਪੀਕਰ ਸਾਹਿਬ, ਕਿਉਂਕਿ ਤੁਸੀਂ ਬਾਰ ਬਾਰ ਵਾਇੰਡ ਅੱਪ ਕਰਨ ਲਈ ਕਹਿ ਰਹੇ ਹੋ ਇਸ ਲਈ ਮੈਂ ਕੇਵਲ ਹੁਣ ਇਕ ਦੋ ਪੁਆਇੰਟ ਹੀ ਕਹਿਣੇ ਹਨ। opposition ਦੇ ਲੀਡਰ ਬੜੇ ਜ਼ਿੰਮੇਵਾਰ ਹਨ ਲੇਕਿਨ ਬੜੇ ਅਫਸੋਸ ਦੀ ਗਲ ਹੈ ਕਿ ਬੜੇ ਹੀ ਜ਼ਿੰਮੇਵਾਰ ਆਦਮੀ ਹੁੰਦੇ ਹੋਏ ਵੀ ਉਨ੍ਹਾਂ ਬੜੀਆਂ ਐਗਜ਼ੈਰੇਟਿਡ ਸਪੀਚਾਂ ਕੀਤੀਆਂ ਹਨ।

**ਸਰਦਾਰ ਗੁਰਦੇਵ ਸਿੰਘ ਸਿੱਧੂ:** ਪਰ ਬੀਬੀ ਜੀ ਬਾਹਰ ਲੋਕਾਂ ਨੇ ਤਾਂ ਇਸ ਦੀ ਸ਼ਲਾਘਾ ਕੀਤੀ ਹੈ।

**ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ:** ਪਹਿਲਾਂ ਸੁਣ ਲਓ। ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਹੀ ਸੀ ਇਨਾਂ ਨੇ ਬੜੀ ਹੀ ਐਗਜ਼ੈਰੇਸ਼ਨ ਕੀਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਲੜਾਈ ਦਾ ਕੀਮਤਾਂ ਉਪਰ ਕੋਈ ਫਰਕ ਨਹੀਂ ਪੈਂਦਾ। ਬੰਗਲਾ ਦੇਸ਼ ਵਿਚ ਲੜਾਈ ਹੋਈ, ਪਾਕਿਸਤਾਨ ਨਾਲ ਲੜਾਈ ਹੋਈ, ਇਨ੍ਹਾਂ ਦੇ ਕਹਿਣ ਮੁਤਾਬਿਕ ਕੀਮਤਾਂ ਉਪਰ ਕੋਈ ਫਰਕ ਨਹੀਂ ਪੈਂਦਾ। ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਕੀਮਤਾਂ ਉਪਰ ਫਰਕ ਕਿਉਂ ਨਹੀਂ ਪੈਂਦਾ। ਜਦੋਂ ਪਹਿਲੀ ਵਰਲਡ ਵਾਰ ਅਤੇ ਦੂਜੀ ਵਰਲਡ ਵਾਰ ਹੋਈਆਂ ਤਾਂ ਵੱਡੇ ਵੱਡੇ ਮੁਲਕਾਂ ਵਿਚ ਚੀਜ਼ਾਂ ਦੀਆਂ ਕੀਮਤਾਂ ਵਿਚ ਬੜਾ ਵਾਧਾ ਹੋਇਆ। ਦੂਜੀ ਗਲ ਇਹ ਵੀ ਹੈ ਕਿ ਸਰਕਾਰ ਵਿਚ ਇਨਸਟੇਬਿਲਿਟੀ ਰਹੀ ਹੈ।

**ਸਰਦਾਰ ਗੁਰਦੇਵ ਸਿੰਘ ਸਿੱਧੂ:** ਇਨਸਟੇਬਿਲਿਟੀ ਨਹੀਂ ਸੀ।

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ** : ਮੈਂ ਆਨਰੇਬਲ ਮੈਂਬਰ ਨੂੰ ਕਹਾਂਗੀ ਕਿ ਸੁਣਨ ਦੀ ਆਦਤ ਹੋਣੀ ਚਾਹੀਦੀ ਹੈ। ਜਵਾਬ ਦਿਓ ਜਦੋਂ ਤੁਹਾਡੀ ਆਪਣੀ ਵਾਰੀ ਹੋਵੇ। ਇਹ ਕਹਿੰਦੇ ਹਨ ਕਿ ਇਨਸਟੇਬਿਲਿਟੀ ਨਹੀਂ ਸੀ ਇਹ ਕਿਸ ਤਰ੍ਹਾਂ ਨਹੀਂ ਸੀ ? ਪਿਛਲੇ ਪੰਜਾਂ ਸਾਲਾਂ ਵਿਚ ਮਿਡ-ਟਰਮ ਇਲੈਕਸ਼ਨਾਂ ਹੋਈਆਂ, ਦੋ ਦਫਾ ਹਕੂਮਤ ਬਦਲੀ, President Rule ਹੋਇਆ, ਫਿਰ ਇਨਸਟੇਬਿਲਿਟੀ ਕਿਸ਼ ਤਰ੍ਹਾਂ ਨਾ ਹੋਈ। ਇਸ ਨਾਲ ਪੰਜਾਬ ਦੀ ਡਿਵੈਲਪਮੈਂਟ ਵਿਚ ਰੁਕਾਵਟ ਪੈਦਾ ਹੋਈ। (ਵਿਘਨ) ਇਸ ਤਰ੍ਹਾਂ ਗਲਾਂ ਕਰਕੇ ਜੋ ਸਹੀ ਵਾਕਿਆਤ ਹਨ ਉਨ੍ਹਾਂ ਨੂੰ ਨਾ ਮੰਨਣਾ ਠੀਕ ਨਹੀਂ। (ਘੰਟੀ)

ਇਥੇ ਲਾਅ ਐਂਡ ਆਰਡਰ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਹ ਕਿਹਾ ਕਿ ਜਲੰਧਰ ਵਿਚ ਜਦ ਮਿਲ ਤੇ ਡਾਕਾ ਪਿਆ ਤਾਂ ਪੁਲਿਸ ਨੇ ਕੋਈ ਐਕਸ਼ਨ ਨਹੀਂ ਲਿਆ। ਇਹ ਗਲਤ ਗਲ ਹੈ ਇਸ ਕੇਸ ਵਿਚ ਕਲਪਰਿਟ ਫੜੇ ਗਏ ਹਨ ਅਤੇ ਮਾਲ ਦੀ ਬਰਾਮਦਗੀ ਹੋ ਗਈ ਹੈ ਅਤੇ ਦੋਸ਼ੀ ਟ੍ਰੇਸ ਕਰ ਲਏ ਗਏ ਹਨ। ਇਸੇ ਤਰ੍ਹਾਂ ਨਕੋਦਰ ਦਾ ਜ਼ਿਕਰ ਕੀਤਾ ਗਿਆ ਹੈ (ਘੰਟੀ), ਉਥੇ ਵੀ ਕਲਪਰਿਟ ਫੜੇ ਗਏ ਹਨ ਅਤੇ 38,634.17 ਰੁਪਏ ਰਿਕਵਰ ਹੋ ਗਏ ਹਨ। ਪਰਮਜੀਤ ਸਿੰਘ ਨੂੰ ਰਿਵਾਲਵਰ ਸਮੇਤ ਫੜਿਆ ਗਿਆ ਹੈ। ਇਸ ਲਈ ਇਹ ਨਹੀਂ ਕਹਿਣਾ ਚਾਹੀਦਾ ਕਿ ਪੁਲਿਸ ਨੇ ਕੋਈ ਐਕਸ਼ਨ ਨਹੀਂ ਲਿਆ। ਚੰਗੇ ਆਦਮੀ ਵੀ ਹੁੰਦੇ ਹਨ ਅਤੇ ਮਾੜੇ ਵੀ ਪਰ ਸਾਰਿਆਂ ਨੂੰ ਨਿੰਦਣਾ ਠੀਕ ਨਹੀਂ। ਇਸ ਲਈ ਇਹ ਕਹਿ ਦੇਣਾ ਕਿ ਸਾਰੇ ਲਾਅ ਐਂਡ ਆਰਡਰ ਦੀ ਹਾਲਤ ਚੰਗੀ ਨਹੀਂ, ਇਹ ਠੀਕ ਨਹੀਂ। ਡਿਪਟੀ ਸਪੀਕਰ ਸਾਹਿਬ, ਤੁਸੀਂ ਕਾਹਲੇ ਪੈ ਰਹੇ ਹੋ ਇਸ ਲਈ ਮੈਂ ਆਪਣੀ ਸਪੀਚ ਖਤਮ ਕਰਦੀ ਹਾਂ ਅਤੇ ਆਪ ਦੀ ਧੰਨਵਾਦੀ ਹਾਂ ਕਿ ਆਪ ਨੇ ਮੇਹਰਬਾਨੀ ਕਰਕੇ ਮੈਨੂੰ ਵਕਤ ਬੋਲਣ ਲਈ ਦਿਤਾ ਹੈ।

**ਸਰਦਾਰ ਸੁਖਦੇਵ ਸਿੰਘ ਢਿੱਲੋਂ** (ਤਲਵੰਡੀ ਸਾਬੋ): ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕਿਸੇ ਐਸੀ ਚੀਜ਼ ਦਾ ਜ਼ਿਕਰ ਨਹੀਂ ਕੀਤਾ ਜਿਸਦਾ ਕਿ ਪੰਜਾਬ ਵਿਚ ਬਣੀਆਂ ਹੋਈਆਂ ਜ਼ੋਰਦਾਰ ਸਮਸਿਆਵਾਂ ਨਾਲ ਸਬੰਧ ਹੋਵੇ। ਨਾ ਵਧ ਰਹੀਆਂ ਕੀਮਤਾਂ ਨੂੰ ਰੋਕਣ ਦਾ ਜ਼ਿਕਰ ਕੀਤਾ ਹੈ, ਨਾ ਲਾਅ ਐਂਡ ਆਰਡਰ ਨੂੰ ਠੀਕ ਕਰਨ ਦਾ ਜ਼ਿਕਰ ਕੀਤਾ ਹੈ, ਨਾ ਅਨਇਪਲਾਇਮੈਂਟ ਦੂਰ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਇਸ ਲਈ ਇਹ ਇਕ ਫੋਕਾ ਜਿਹਾ ਐਡਰੈਸ ਹੈ ਜਿਸ ਤੇ ਹਰ ਅਣਖ ਵਾਲੇ ਬੰਦੇ ਨੂੰ ਮਜਬੂਰ ਹੋ ਕੇ ਬਾਇਕਾਟ ਕਰਨਾ ਪੈਂਦਾ ਹੈ।

ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਹਾਲਤ ਇਸ ਵੇਲੇ ਅਜਿਹੀ ਹੈ ਕਿ ਜਿਸ ਦਾ ਵਿਸਥਾਰ ਵਿਚ ਜੇ ਜ਼ਿਕਰ ਕਰਨਾ ਹੋਵੇ ਤਾਂ ਕਿਤਾਬ ਭਰੀ ਜਾਵੇ। ਹਰ ਥਾਣੇ ਵਿਚ, ਹਰ ਸ਼ਹਿਰ ਵਿਚ ਬੁਰੀ ਹਾਲਤ ਹੈ। ਕੋਈ ਇੰਤਜ਼ਾਮ ਨਹੀਂ, ਕਿਸੇ ਚੀਜ਼ ਦਾ ਹਿਫਾਜ਼ਤ ਦਾ ਕੋਈ ਪਰਬੰਧ ਨਹੀਂ (ਸਰਦਾਰ ਦਰਸ਼ਨ ਸਿੰਘ ਕੇ. ਪੀ. ਵਲੋਂ ਵਿਘਨ)। ਕਿਸੇ ਸ਼ਰੀਫ ਆਦਮੀ ਦੀ ਇਜ਼ਤ ਮਹਿਫੂਜ਼ ਨਹੀਂ। ਮੈਂ ਇਸ ਸਬੰਧ ਵਿਚ ਇਕ ਦੋ ਮਿਸਾਲਾਂ ਦੇਣਾ ਚਾਹੁੰਦਾ ਹਾਂ ਕਿ ਅਜ ਲਾਅ ਐਂਡ ਆਰਡਰ ਦੀ ਕੀ ਹਾਲਤ ਹੈ।

ਥਾਣਾ ਜੰਡਿਆਲਾ, ਜ਼ਿਲ੍ਹਾ ਅੰਮ੍ਰਿਤਸਰ, ਵਿਚ ਕਾਲੇ ਕੇ ਪਿੰਡ ਵਿਚ ਇਕ ਬਜ਼ੁਰਗ ਸਰਦਾਰ ਭਗਵਾਨ ਸਿੰਘ ਨੂੰ ਫੜ ਲਿਆ ਗਿਆ ਜਿਹੜਾ ਕਿ ਇਕ ਐਸ. ਪੀ, ਦਾ ਪਿਤਾ ਹੈ। ਇਸ ਦਾ ਥੋੜ੍ਹਾ ਚੰਦਾ ਇਕਠਾ ਕਰਨ ਤੇ ਜ਼ਿਲ੍ਹਾ ਐਡਮਨਿਸਟ੍ਰੇਸ਼ਨ ਨਾਲ ਕਿਸੇ ਗਲ ਤੋਂ ਝਗੜਾ ਹੋ ਗਿਆ ਸੀ। ਇਸ ਨੂੰ ਥਾਣੇ ਵਿਚ ਬੰਦ ਕਰ ਦਿਤਾ ਗਿਆ ਅਤੇ ਇਥੇ ਹੀ ਬਸ ਨਹੀਂ ਇਸ ਦੇ ਦੋ ਪੁੱਤਰ ਜਿਹੜੇ ਕਿ ਪੜ੍ਹੇ ਲਿਖੇ ਨੌਕਰੀ ਵਿਚ ਅਫਸਰ ਲਗੇ ਹੋਏ ਹਨ ਉਨ੍ਹਾਂ ਨੂੰ ਵੀ ਥਾਣੇ ਵਿਚ ਬੰਦ ਕਰ ਦਿਤਾ ਗਿਆ। ਪੁਲਿਸ ਕਪਤਾਨ ਆਪਣੇ ਪਿਤਾ ਅਤੇ ਭਰਾਵਾਂ ਦੀ ਰਿਹਾਈ ਲਈ ਦਰ ਦਰ ਫਿਰਦਾ ਰਿਹਾ ਪਰ ਕੋਈ ਸੁਣਵਾਈ ਨਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢਿਲੋਂ]

ਹੋਈ ਅਤੇ ਸਰਕਾਰ ਦੇ ਕੰਨਾਂ ਵਿਚ ਜੂੰ ਤਕ ਨਾ ਰੀਂਗੀ। ਫਿਰ ਉਹ ਹਾਈਕੋਰਟ ਵਿਚ ਗਿਆ ਅਤੇ ਤੀਜੇ ਦਿਨ ਜਾ ਕੇ ਹਾਈ ਕੋਰਟ ਦਾ ਅਫਸਰ ਗਿਆ ਅਤੇ ਇਨ੍ਹਾਂ ਮੁਲਜ਼ਮਾਂ, ਜਿਨ੍ਹਾਂ ਨੂੰ ਪੁਲਿਸ ਵਾਲੇ ਮੁਲਜ਼ਮ ਕਹਿੰਦੇ ਸਨ, ਦੀ ਬਰਾਮਦਗੀ ਕੀਤੀ ਅਤੇ ਲਿਖਿਆ ਕਿ ਇਨ੍ਹਾਂ ਆਦਮੀਆਂ ਦਾ ਨਾ ਕੋਈ ਕਸੂਰ ਦਸਿਆ ਗਿਆ ਅਤੇ ਨਾ ਹੀ ਕੋਈ ਪਰਚਾ ਦਰਜ ਕੀਤਾ ਗਿਆ ਸੀ ਅਤੇ ਦੋ ਛੋਟੇ ਭਰਾ ਹਰ ਰੋਜ਼ ਨਵੀਂ ਅਰਜ਼ੀ ਦਫਤਰ ਭੇਜਦੇ ਸਨ ਕਿ ਸਾਨੂੰ ਅਜੇ ਛਡਿਆ ਨਹੀਂ ਜਾ ਰਿਹਾ, ਇਕ ਦਿਨ ਦੀ ਹੋਰ ਛੁਟੀ ਦਿਤੀ ਜਾਵੇ। ਪਰ ਸਰਕਾਰ ਨੇ ਉਨ੍ਹਾਂ ਅਰਜ਼ੀਆਂ ਤੇ ਵੀ ਗੌਰ ਨਹੀਂ ਕੀਤਾ। ਜੇਕਰ ਇਹ ਹਾਲਤ ਇਸ ਕੇਸ ਵਿਚ ਹੋ ਸਕਦੀ ਹੈ ਜਿਥੇ ਕਿ ਪੁਤਰ ਆਪ ਪੁਲਿਸ ਕਪਤਾਨ ਹੈ ਅਤੇ ਅਜੇ ਵੀ ਨੌਕਰੀ ਵਿਚ ਹੈ ਅਤੇ ਕਾਫੀ ਚਿਰ ਨੌਕਰੀ ਕਰਨੀ ਹੈ ਅਤੇ ਭਰਾ ਆਪ ਅਫਸਰ ਹੋਣ ਤਾਂ ਬਿਨਾਂ ਪਰਚੇ ਦੇ ਕਿਸੇ ਦੋਸ਼ ਤੋਂ ਬਿਨਾ ਥਾਣੇ ਵਿਚ ਡਕ ਦਿਤੇ ਜਾਣ ਤਾਂ ਆਮ ਆਦਮੀ ਦੀ ਕੀ ਹਾਲਤ ਹੋ ਸਕਦੀ ਹੈ ਇਸ ਦਾ ਆਪ ਅੰਦਾਜ਼ਾ ਲਗਾ ਸਕਦੇ ਹੋ। (ਸ਼ੇਮ ਸ਼ੇਮ) ਲਾਅ ਐਂਡ ਆਰਡਰ ਦੀ ਪੰਜਾਬ ਵਿਚ ਇਹ ਹਾਲਤ ਹੈ। ਪਿੰਡਾਂ ਵਿਚ ਪੁਲਿਸ ਇਸ ਤਰ੍ਹਾਂ ਦਾ ਸਲੂਕ ਕਰਦੀ ਪਈ ਹੈ।

ਇਕ ਹੋਰ ਮਿਸਾਲ ਮੈਂ ਥਾਣਾ ਫੂਲ ਦੀ ਦੇਣਾ ਚਾਹੁੰਦਾ ਹਾਂ। ਇਸ ਦੇ ਬਾਰੇ ਵਿਚ ਸਵਾਲ ਵੀ ਕੀਤਾ ਗਿਆ ਪਰ ਜਿਹੜਾ ਜਵਾਬ ਦਿਤਾ ਗਿਆ ਸਰਕਾਰ ਵਲੋਂ ਉਹ ਟਾਲ ਮਟੋਲ ਵਾਲਾ ਸੀ। ਸਪਲੀ-ਮੈਂਟਰੀਆਂ ਵੀ ਕੀਤੀਆਂ ਗਈਆਂ ਪਰ ਸਰਕਾਰ ਵਲੋਂ ਤਸਲੀਬਖਸ਼ ਜਵਾਬ ਨਹੀਂ ਆਇਆ। ਇਸ ਥਾਣੇ ਵਿਚ ਇਕ ਇਨਸਪੈਕਟਰ ਪੁਲਿਸ, ਨੇ ਦੀਵਾਲੀ ਵਾਲੀ ਰਾਤ ਨੂੰ ਜੂਆ ਖੇਡਦੇ ਆਦਮੀਆਂ ਨੂੰ ਫੜਿਆ ਅਤੇ 3,500 ਰੁਪਏ ਦਾ ਮੁਕਦਮਾ ਦਰਜ ਕੀਤਾ ਅਤੇ 21 ਮੁਲਜ਼ਮ ਫੜੇ ਗਏ। ਇਸ ਗਲ ਤੇ ਰੌਲਾ ਪੈ ਗਿਆ ਅਤੇ ਇਨਕੁਆਇਰੀ ਹੋਈ ਤਾਂ ਪਤਾ ਲਗਾ ਕਿ 35 ਹਜ਼ਾਰ ਰੁਪਏ ਦੀਆਂ ਘੜੀਆਂ ਜਿਹੜੀਆਂ ਕਿ ਮੁਲਜ਼ਮਾਂ ਦੇ ਹਥਾਂ ਤੋਂ ਲਾਹੀਆਂ ਗਈਆਂ ਸਨ ਅਤੇ ਅੰਗੂਠੀਆਂ ਵੀ ਸਨ। ਇਥੇ ਹੀ ਬਸ ਨਹੀਂ ਇਨ੍ਹਾਂ ਵਿਚੋਂ 4 ਮੁਲਜ਼ਮਾਂ ਨੂੰ ਪੰਜ ਪੰਜ ਹਜ਼ਾਰ ਰੁਪਿਆ ਹਰ ਇਕ ਪਾਸੋਂ ਲੈ ਕੇ ਛੱਡ ਦਿਤਾ ਗਿਆ। ਇਸ ਤਰ੍ਹਾਂ ਉਸ ਪੁਲਿਸ ਇਨਸਪੈਕਟਰ ਨੇ 55 ਹਜ਼ਾਰ ਰੁਪਿਆ ਹੜਪ ਕਰ ਲਿਆ ਅਤੇ ਮੁਕਦਮਾ ਸਿਰਫ 3500 ਰੁਪਏ ਦਾ ਦਰਜ ਕੀਤਾ। ਫਿਰ ਚੋਰਾਂ ਤੇ ਮੋਰ ਆ ਪਏ। ਗਵਰਨਮੈਂਟ ਤਕ ਰਸਾਈ ਹੋਈ ਅਤੇ ਟੈਲੀਫੋਨ ਚਲਣ ਲਗ ਪਏ। ਇਨਸਟਰਕਸ਼ਨਾਂ ਜਾਰੀ ਹੋਣ ਲਗ ਪਈਆਂ ਅਤੇ ਉਸ 51 ਹਜ਼ਾਰ ਦੀ ਰਕਮ ਦੀ ਬਰਾਮਦਗੀ ਹੋਈ। ਪਰ ਉਸ ਦੇ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ। ਉਸ ਨੂੰ ਥਾਣੇ ਵਿਚ ਰਖਣ ਦੀ ਥਾਂ ਰੈਸਟ ਹਾਊਸ ਵਿਚ ਰਖਿਆ ਗਿਆ। ਫਿਰ 4 ਗਵਾਹਾਂ ਦੇ ਸਾਹਮਣੇ ਇਹ ਹੋਇਆ। ਗਵਾਹ ਮਜੂਦ ਹਨ ਅਤੇ ਪੇਸ਼ ਕੀਤੇ ਜਾ ਸਕਦੇ ਹਨ। ਲੁਧਿਆਣੇ ਕਾਰ ਵਿਚ ਜਾ ਕੇ ਬਰਾਮਦਗੀ ਕੀਤੀ ਗਈ। ਇਹ ਸਾਰੀ ਉਗਰਾਹੀ ਰਕਮ ਘੜੀਆਂ ਅਤੇ ਬਾਕੀ ਅੰਗੂਠੀਆਂ ਦੀ ਬਰਾਮਦਗੀ ਕਿਸੇ ਪਰਚੇ ਵਿਚ ਨਹੀਂ ਵਿਖਾਈ ਗਈ। ਫਿਰ ਉਸ ਨੂੰ ਜੁਡੀਸ਼ਲ ਲਾਕ ਅਪ ਵਿਚ ਰਖਣ ਦੀ ਬਜਾਏ ਮੋਗੇ ਲੈ ਕੇ ਫਿਰਦੇ ਰਹੇ ਅਤੇ ਵਜ਼ੀਰ ਦੀ ਕੋਠੀ ਵਿਚ ਲੈ ਗਏ। ਜਦ ਰੌਲਾ ਪਿਆ ਤਾਂ ਇਹ ਕਿਹਾ ਗਿਆ ਕਿ ਮੋਗੇ ਦੀ ਅਦਾਲਤ ਵਿਚ ਇਸ ਨੂੰ ਪੇਸ਼ ਕਰਨਾ ਸੀ ਇਸ ਲਈ ਮੋਗੇ ਲੈ ਗਏ ਸਾਂ। ਪਰ ਕਿਸੇ ਵੀ ਮੋਗੇ ਦੀ ਅਦਾਲਤ ਦਾ ਕੋਈ ਰੁਕਾ ਜਾਂ ਸਮਨ ਜਾਰੀ ਨਹੀਂ ਸੀ ਹੋਇਆ। ਕਾਰ ਵਿਚ ਬਿਠਾ ਕੇ ਉਸ ਨੂੰ ਇਸ ਵਾਸਤੇ ਲੈ ਗਏ ਕਿ ਪੈਰਵੀ ਆਪਣੇ ਕੇਸ ਦੀ ਕਰ ਸਕੇ। ਫਿਰ ਜਦ ਬਹੁਤ ਜ਼ੋਰ ਦਿਤਾ ਗਿਆ ਤਾਂ ਇਕ ਐੱਸ ਐਚ ਓ. ਨੂੰ ਸਸਪੈਂਡ ਕਰ ਦਿਤਾ ਗਿਆ ਜਿਸ ਦਾ ਇਸ ਕੇਸ ਨਾਲ ਕੋਈ ਤੁਅਲਕ ਨਹੀਂ ਸੀ। ਇਸ ਖਿਆਲ ਨਾਲ ਕਿ ਆਪੇ ਦਸ ਦਿਨਾਂ ਬਾਅਦ ਉਸ ਨੂੰ ਬਹਾਲ ਕਰ ਦੇਵਾਂਗੇ। ਕਿੰਨੀ ਅਫਸੋਸਨਾਕ ਹਾਲਤ ਹੈ ਇਨਾਂ ਦੇ ਲਾਅ ਐਂਡ ਆਰਡਰ ਦੀ (ਵਿਘਨ ) 50 ਹਜ਼ਾਰ ਰੁਪਿਆ ਖਾ ਗਏ ਅਤੇ ਟੈਲੀਫੋਨ ਰਾਹੀਂ ਮਾਮਲੇ ਨੂੰ ਰਫਾ ਦਫਾ ਕਰ ਦਿਤਾ। ਕਲ ਸਵਾਲਾਂ ਵਿਚ ਪੁਛਿਆ

Original with;
Punjab Vidhan Sabha
Digitized by;
Panjab Digital Library

ਕਿ ਉਗਰਾਹੀ ਦੀ ਰਕਮ ਕਿਥੇ ਹੈ ਤਾਂ ਹੋਰ ਗਲਾਂ ਦਾ ਜਵਾਬ ਦੇ ਗਏ ਅਤੇ ਇਸ ਤਰਾਂ ਸਗੋਂ ਸਰਕਾਰ ਨੇ ਸ਼ਕ ਵਾਲੀ ਗਲ ਆਪ ਹੀ ਬਣਾ ਦਿਤੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਪੁਲਿਸ ਅਫਸਰ ਪੈਂਡ ਰਖੇ ਹੋਏ ਹਨ ਜਿਹੜੇ ਕਿ ਅਮਨ ਦੇ ਰਾਖੇ ਹਨ ਪਰ ਬੇਅਮਨੀ ਦੇ ਜ਼ਿਮੇਂਵਾਰ ਹਨ। ਬੋਹੇ ਥਾਨੇ ਵਿਚ ਜਿਸ ਵਿਚ ਸਰਦਾਰ ਗੁਰਦੇਵ ਸਿੰਘ ਨੇ ਕਾਫੀ ਹਿਸਾ ਪਾਇਆ ਹੈ, ਉਥੋਂ ਦੇ ਐਸ. ਐਚ. ਓ. ਨੇ ਇਕ ਚੋਰੀ ਫੜੀ 52 ਹਜ਼ਾਰ ਰੁਪਏ ਦੀ ਅਤੇ ਪਰਚਾ ਵੀ ਦਰਜ਼ ਨਾ ਕਰਾਇਆ। 10 ਦਿਨ ਤਕ ਮਾਲ ਬਰਾਮਦ ਨਹੀਂ ਕੀਤਾ ਅਤੇ ਫਿਰ ਪਰਚਾ 2500 ਰੁਪਏ ਦਾ ਦਰਜ਼ ਕੀਤਾ। (ਵਿਘਨ)

**ਡਾਕਟਰ ਅਮੀਰ ਸਿੰਘ ਕਲਕਟ:** ਆਨ ਏ ਪੁਆਇੰਟ ਆਫ ਆਰਡਰ, ਸਰ। ਕੀ ਇਹ ਗਵਰਨਰ ਸਾਹਿਬ ਦੇ ਭਾਸ਼ਣ ਤੇ ਬਹਿਸ ਹੋ ਰਹੀ ਹੈ ਜਾਂ ਪੁਲਿਸ ਦੇ ਥਾਣੇਦਾਰਾਂ ਨੂੰ ਡਿਸਕਸ ਕੀਤਾ ਜਾ ਰਿਹਾ ਹੈ?

**ਸ੍ਰੀ ਡਿਪਟੀ ਸਪੀਕਰ :** ਤੁਸੀਂ ਤਸ਼ਰੀਫ ਰਖੋ ਜੀ (Please resume your seat).

**ਸਰਦਾਰ ਸੁਖਦੇਵ ਸਿੰਘ ਢਿਲੋਂ :** ਮੈਨੂੰ ਪਤਾ ਨਹੀਂ ਕਿ ਕਿਸ ਦਾ ਇਸ ਵਿਚ ਹਥ ਹੈ ਪਰ ਇਸ ਤਰ੍ਹਾਂ ਵਿਘਨ ਪਾ ਕੇ ਸ਼ਕ ਵਿਚ ਪਾਇਆ ਜਾ ਰਿਹਾ ਹੈ ਕਿ ਕਿਸੇ ਐਮ. ਐਲ ਏ. ਦਾ ਵੀ ਹਥ ਹੋ ਸਕਦਾ ਹੈ। 52 ਹਜ਼ਾਰ ਦੀ ਚੋਰੀ ਵਿਚ 25,00 ਰੁਪਏ ਦੀ ਰਕਮ ਲਿਖੀ ਗਈ ਹੈ। ਇਸ ਵਿਚ ਸਰਦਾਰ ਗੁਰਦੇਵ ਸਿੰਘ ਹੋਰਾਂ ਸਾਥ ਦਿਤਾ, ਰੌਲਾ ਪਿਆ ਤਾਂ ਇਹ ਪਤਾ ਕਰਨ ਗਏ ਕਿ 52 ਹਾਜ਼ਰ ਦੀ ਰਕਮ ਕਿਥੋਂ ਆਈ। ਉਸ ਆਦਮੀ ਪਾਸ ਗਏ ਤਾਂ ਉਸ ਨੇ ਕਿਹਾ ਕਿ ਮੇਰੇ ਪਾਸ 15 ਹਜ਼ਾਰ ਹੋਰ ਹੈ ਤਾਂ ਫਿਰ 10 ਹਜ਼ਾਰ ਉਸ ਪਾਸੋਂ ਹੋਰ ਲੈ ਗਏ ਅਤੇ ਕਿਹਾ ਕਿ ਅਸੀਂ ਨੋਟਾਂ ਦੇ ਨੰਬਰ ਮਿਲਾਉਣੇ ਹਨ। ਇਕ ਬੰਦਾ ਸਸਪੈਂਡ ਕਰਵਾ ਦਿਤਾ ਗਿਆ ਇਸ ਖਿਆਲ ਨਾਲ ਕਿ ਬਾਦ ਵਿਚ ਬਹਾਲ ਕਰਵਾ ਦਿਆਂਗੇ। ਮੇਰੇ ਵਰਗੇ ਭਰਾ ਉਸ ਦੀ ਮਦਦ ਕਰ ਦੇਣਗੇ। ਪਰਚਾ ਦਰਜ਼ ਹੈ, ਅਦਾਲਤ ਦੇ ਵਿਚ ਕੇਸ ਚਲ ਰਿਹਾ ਹੈ, ਪਰ ਇਸ ਦੇ ਖਿਲਾਫ ਅਜੇ ਤਕ ਕੋਈ ਕਾਰਵਾਈ ਨਹੀਂ ਹੋਈ। 60 ਹਜ਼ਾਰ ਰੁਪਏ ਦੀ ਇਹ ਗਲ ਹੈ ਪਰ ਹੁੰਦਾ ਕੀ ਹੈ ਕਿ ਉਸੇ ਆਦਮੀ ਨੂੰ ਮੁੜ ਕੇ ਥਾਣੇ ਦੇ ਵਿਚ ਲਾਇਆ ਜਾਂਦਾ ਹੈ ਜਿਸ ਤਰ੍ਹਾਂ ਉਸ ਦੇ ਬਗੈਰ ਕੰਮ ਸਰ ਹੀ ਨਹੀਂ ਸਕਦਾ। ਮੈਂ ਉਸ ਦਾ ਨਾਉਂ ਨਹੀਂ ਲੈਂਦਾ। ਕੰਮ ਸਰ ਸਕਦਾ ਹੈ ਮੇਰੇ ਨਾਲੋਂ ਵਧ ਇਸ ਹਾਊਸ ਦਾ ਆਨਰੇਬਲ ਮੈਂਬਰ ਗੁਰਦੇਵ ਸਿੰਘ ਉਸ ਬਾਰੇ ਜਾਣਦਾ ਹੈ। ਉਸ ਨੂੰ ਬਿਠਾ ਕੇ ਭਾਵੇਂ ਤੁਸੀਂ ਕੁਝ ਪੁਛ ਲੈਣਾ। ਉਸ ਥਾਣੇਦਾਰ ਸਾਹਿਬ ਦੇ ਇਤਨੇ ਕਿੱਸੇ ਹਨ ਕਿ ਕਹੇ ਹੀ ਨਹੀਂ ਜਾ ਸਕਦੇ। ਇਕ ਕੇਸ ਹੋਰ ਮੈਂ ਇਸ ਹਾਊਸ ਦੇ ਸਾਹਮਣੇ ਰਖਦਾ ਹਾਂ ਜਿਹੜਾ ਕਿ ਸ਼ਰ੍ਹੇ-ਆਮ ਲੋਕਾਂ ਦੀ ਨਜ਼ਰ ਦੇ ਵਿਚ ਆਇਆ। ਉਹ ਇਹ ਹੈ ਕਿ ਇਕ ਫੌਜੀ ਅਫਸਰ ਦੀ ਬੀਵੀ ਨਾਲ ਜ਼ਬਰਦਸਤ ਜ਼ੁਲਮ ਹੋਇਆ ਹੈ ਜਿਹੜਾ ਬਿਆਨ ਤੋਂ ਬਾਹਰ ਹੈ। ਉਹ ਇਹ ਕਿ ਉਹ ਇਕ ਕੇਸ ਦੀ ਰਪਟ ਦਰਜ ਕਰਵਾਉਣ ਆਈ। ਉਸ ਨੂੰ ਕਿਹਾ ਕਿ ਤੂੰ ਮੇਰੇ ਕਮਰੇ ਵਿਚ ਚਲ, ਮੈਂ ਤੇਰੀ ਰਪਟ ਦਰਜ ਕਰਦਾ ਹਾਂ। ਮੈਨੂੰ ਇਹ ਗਲ ਬਿਆਨ ਕਰਦਿਆਂ ਸ਼ਰਮ ਆਉਂਦੀ ਹੈ ਜਿਸ ਤਰ੍ਹਾਂ ਦਾ ਜ਼ੁਲਮ ਲੋਕਾਂ ਨਾਲ ਇਸ ਰਾਜ ਦੇ ਵਿਚ ਹੋ ਰਿਹਾ ਹੈ। ਮੈਂ ਇਹ ਗਲ ਦਾਵੇ ਨਾਲ ਕਹਿ ਸਕਦਾ ਹਾਂ ਕਿ ਉਸ ਲੜਕੀ ਨੂੰ ਦਿਨ ਦਿਹਾੜੇ ਜਦੋਂ ਉਥੇ ਕੋਈ 50 ਆਦਮੀ ਬੈਠੇ ਸਨ, ਦੂਸਰੇ ਕਮਰੇ ਵਿਚ ਲੈ ਜਾ ਕੇ ਰੇਪ ਕੀਤਾ ਗਿਆ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮੈਂ ਇਹ ਗਲ ਵੀ ਕਹੇ ਬਗ਼ੈਰ ਨਹੀਂ ਰਹਿ ਸਕਦਾ ਕਿ ਜਦੋਂ ਉਹ ਥਾਣੇਦਾਰ ਇਕ ਵਜ਼ੀਰ ਸਾਹਿਬ ਦੀ ਕੋਠੀ ਵਿਚ ਸਰਦਾਰ ਗੁਰਦੇਵ ਸਿੰਘ ਨੂੰ ਮਿਲਿਆ ਤਾਂ ਉਸ ਨੇ ਉਸ ਦੇ ਗਲ ਵਿਚ ਸਾਫਾ ਪਾ ਲਿਆ ਤੇ ਕਿਹਾ ਉਏ 60,000 ਦੇ ਚੋਰ ਤੂੰ ਇਥੇ ਕਿਥੇ। ਪਰ ਅਫਸੋਸ ਦੀ ਗਲ ਹੈ ਉਸ ਨੂੰ ਕੋਈ ਪੁਛਦਾ ਤਕ ਨਹੀਂ। ਕਿਸੇ ਤੋਂ 500 ਲੈ ਕੇ ਛਡ ਦੇਂਦਾ ਹੈ ਕਿਸੇ ਤੋਂ 1000 ਲੈ ਕੇ ਛਡ ਦੇਂਦਾ ਹੈ। ਅਦਾਲਤਾਂ ਦੇ ਵਿਚ ਉਸ ਦੇ ਖਿਲਾਫ ਮੁਕਦਮੇ ਚਲਦੇ ਹਨ। ਏਥੋਂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੁਖਦੇਵ ਸਿੰਘ ਢਿਲੋਂ ]

ਤੱਕ ਕਿ 5–10 ਹਜ਼ਾਰ ਰੁਪਏ ਤੱਕ ਲੈ ਕੇ ਉਹ ਕਾਤਲਾਂ ਦੀਆਂ ਗਵਾਹੀਆਂ ਤੋਂ ਵੀ ਮੁਕਰ ਜਾਂਦਾ ਹੈ। ਕਿਤਨੇ ਅਫਸੋਸ ਦੀ ਗਲ ਹੈ ਕਿ ਦੋ ਮਹੀਨੇ ਹੋਏ ਉਸ ਨੂੰ ਮੌਜੂਦਾ ਸਰਕਾਰ ਨੇ ਬਹਾਲ ਕਰਕੇ ਮੁੜ ਉਸੇ ਥਾਣੇ ਦੇ ਵਿਚ ਲਗਾ ਦਿੱਤਾ ਹੈ, ਹਾਲਾਂਕਿ ਅਜੇ ਤੱਕ ਉਸ ਦੇ ਖਿਲਾਫ ਅਦਾਲਤਾਂ ਦੇ ਵਿਚ ਮੁਕਦਮੇ ਚਲ ਰਹੇ ਹਨ। ਇਸ ਨੂੰ ਤਾਂ ਕੁਝ ਕਹਿੰਦੇ ਨਹੀਂ ਪਰ ਜੇ ਗਰੀਬ ਇਨ੍ਹਾਂ ਦੇ ਧਕੇ ਚੜ੍ਹ ਜਾਵੇ ਤਾਂ ਉਸ ਨੂੰ ਬਰਬਾਦ ਕਰਨ ਵਿਚ ਇਕ ਮਿੰਟ ਨਹੀਂ ਲਾਉਂਦੇ। ਮੈਂ ਏਥੇ ਕਿਸੇ ਛੋਟੇ ਮੋਟੇ ਦੀ ਗਲ ਨਹੀਂ ਕਰਦਾ। ਮੈਂ ਮੁੱਖ ਮੰਤਰੀ ਦੇ ਰਿਸ਼ਤੇਦਾਰਾਂ ਦੀ ਹੀ ਗਲ ਕਰਦਾ ਹਾਂ ਕਿ ਇਨ੍ਹਾਂ ਦੇ ਰਾਜ ਵਿਚ ਇਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਕੀ ਹੋ ਰਿਹਾ ਹੈ, ਉਥੇ ਲਾਅ ਐਂਡ ਆਰਡਰ ਦੀ ਕੀ ਹਾਲਤ ਹੈ। ਮੈਂ ਅਰਜ਼ ਕਰਾਂਗਾ ਕਿ ਸਾਡੇ ਪਿੰਡ ਮੇਰੇ ਭਰਾ ਨਾਲ ਇਨ੍ਹਾਂ ਦੀ ਲੜਕੀ ਵਿਆਹੀ ਹੋਈ ਹੈ। ਉਸ ਵਿਚਾਰੇ ਦਾ ਕਿਸੇ ਨਾਲ ਵੀ ਲੜਾਈ ਝਗੜਾ ਨਹੀਂ। 25 ਸਾਲ ਤੋਂ ਉਸ ਪਿੰਡ ਵਿਚ ਉਹ ਰਹਿੰਦਾ ਆ ਰਿਹਾ ਹੈ। ਪਰ ਹੁਣ ਉਸ ਦੇ ਖਿਲਾਫ ਇਤਨਾ ਜ਼ਹਾਦ ਪੈਦਾ ਕੀਤਾ ਹੋਇਆ ਹੈ ਕਿ ਗੋਲੀਆਂ ਦਿਨ ਦਿਹਾੜੇ ਚਲਾਈਆਂ ਜਾਂਦੀਆਂ ਹਨ ਅਤੇ ਉਸ ਦਾ ਰਹਿਣਾ ਮੁਸ਼ਕਲ ਕੀਤਾ ਹੋਇਆ ਹੈ। ਜੇ ਇਕ ਮੁੱਖ ਮੰਤਰੀ ਦੇ ਜਵਾਈ ਦੀ ਇਹ ਹਾਲਤ ਹੈ ਤਾਂ ਤੁਸੀਂ ਅਦਾਜ਼ਾ ਲਾ ਲਓ ਕਿ ਸਰਕਾਰ ਦੇ ਲਾਅ ਐਂਡ ਆਰਡਰ ਦੀ ਕੀ ਪੋਜ਼ੀਸ਼ਨ ਹੈ।

ਅਜ ਇਕ ਮੁਰਗੀ ਮਾਰੀ ਗਈ, ਇਸ ਦੀ ਬੜੀ ਚਰਚਾ ਹੈ। ਡੀ. ਐਸ. ਪੀ. ਅਤੇ ਐਸ. ਪੀ. ਸਾਹਿਬ ਨੇ ਮੌਕੇ ਤੇ ਜਾ ਕੇ ਖੁਡਾ ਵੇਖਿਆ, ਉਸ ਤੇ ਖੜੇ ਹੋ ਕੇ ਫੋਟੋਆਂ ਖਿਚਵਾਈਆਂ ਗਈਆਂ, ਬਾਜ਼ੀ ਸਾਹਿਬ ਦੇ ਨਾਲ। (ਇਸ ਵੇਲੇ ਪੈਨਲ ਆਫ ਚੇਅਰਮੈਨ ਦੇ ਮੈਂਬਰ, ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

5.07

ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਚੇਅਰਮੈਨ ਸਾਹਿਬਾ ਸ਼ਰੀਫ ਆਦਮੀਆਂ ਨੂੰ ਆਪਣੀ ਇਜ਼ਤ ਬਚਾਉਣੀ ਮੁਸ਼ਕਲ ਹੋ ਰਹੀ ਹੈ। ਇਸ ਤਰ੍ਹਾਂ ਦਾ ਲਾਅ ਐਂਡ ਆਰਡਰ ਹੈ ਇਸ ਸਰਕਾਰ ਦਾ ਕਿ ਪਿੰਡਾਂ ਦੇ ਵਿਚ ਗੋਲੀਆਂ ਚਲ ਰਹੀਆਂ ਹਨ, ਚੋਰ ਅਤੇ ਡਾਕੂ ਗਲੀਆਂ ਵਿਚ ਗੋਲੀਆਂ ਚਲਾਉਂਦੇ ਫਿਰ ਰਹੇ ਹਨ। ਗ਼ਰੀਬ ਅਤੇ ਸ਼ਰੀਫ ਆਦਮੀ ਦਾ ਰਹਿਣਾ ਮੁਸ਼ਕਲ ਹੋ ਗਿਆ ਹੈ।

ਇਥੇ ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ। ਉਹ ਇਹ ਹੈ ਕਿ ਮੁਹਿਮ ਬਿਊਟੀਫੀਕੇਸ਼ਨ ਆਫ ਦੀ ਸਿਟੀਜ਼ ਦੀ ਸ਼ੁਰੂ ਕੀਤੀ ਗਈ। ਸਾਨੂੰ ਬੜੀ ਖੁਸ਼ੀ ਹੁੰਦੀ ਜੇ ਇਸ ਦੇ ਤਹਿਤ ਸਾਰਿਆਂ ਨਾਲ ਇਕੋ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ। ਪਰ ਇਸ ਵਿਚ ਹੋਇਆ ਕੀ ਕਿ ਛੋਟੇ ਛੋਟੇ ਆਦਮੀਆਂ ਨੂੰ ਤੰਗ ਕੀਤਾ ਗਿਆ। ਸ਼ਹਿਰ ਖੂਬਸੂਰਤ ਬਨਾਉਣ ਲਈ ਗ਼ਰੀਬ ਆਦਮੀਆਂ ਦੇ ਘਰ ਢਾਹ ਦਿਤੇ ਗਏ ਅਤੇ ਬਿਨਾਂ ਮਤਲਬ ਮਿਸਮਾਰ ਕੀਤੇ ਗਏ ਪਰ ਵਡੇ ਵਡੇ ਸ਼ਹਿਰੀਆਂ ਨੂੰ ਉਕਾ ਹੀ ਮੁਆਫ ਕਰ ਦਿਤਾ ਗਿਆ। ਉਨ੍ਹਾਂ ਤੋਂ ਉਗਰਾਹੀ ਕੀਤੀ ਗਈ ਅਤੇ ਕੋਈ ਨੁਕਸਾਨ ਉਨ੍ਹਾਂ ਦਾ ਹੋਣ ਨਹੀਂ ਦਿਤਾ। ਇਹ ਚੰਗੀ ਸਕੀਮ ਹੈ ਕਿ ਗਰੀਬਾਂ ਦੇ ਘਰਾਂ ਨੂੰ ਜਿਹੜੇ ਵਿਚਾਰੇ ਰੇਹੜੀਆਂ ਲਾ ਕੇ ਗੁਜ਼ਾਰਾ ਕਰਦੇ ਹਨ, ਉਨ੍ਹਾਂ ਤੇ ਹੀ ਤਬਾਹੀ ਲਿਆਂਦੀ ਜਾਵੇ। ਮੈਂ ਅਰਜ਼ ਕਰਾਂ ਕਿ ਬਠਿੰਡੇ ਕਚਹਿਰੀ ਦੇ ਸਾਹਮਣੇ ਜਿਥੇ ਆਮ ਲੋਕਾਂ ਦੀਆਂ ਛੋਟੀਆਂ ਛੋਟੀਆਂ ਦੁਕਾਨਾਂ ਸਨ, ਉਹ ਬਲਡੋਜ਼ਰ ਲਾ ਕੇ ਗਿਰਾ ਦਿਤੀਆਂ ਗਈਆਂ। ਇਕ ਗਰੀਬ ਦੁਕਾਨਦਾਰ ਨੇ ਜਦੋਂ ਇਸ ਗਲ ਦੀ ਅਦਾਲਤ ਰਾਹੀਂ ਚਾਰਾਜੋਈ ਕਰਨੀ ਚਾਹੀ, ਅਦਾਲਤ ਦੇ ਦਰਵਾਜ਼ੇ ਖਟਖਟਾਏ ਤਾਂ ਉਨ੍ਹਾਂ ਦੇ ਖਿਲਾਫ ਝੂਠੇ ਕੇਸਿਜ਼ ਬਣਾ ਕੇ ਹੈਰਾਨ ਕੀਤਾ ਗਿਆ। ਮੈਂ ਇਕ ਮਿਸਾਲ ਇਸ ਤਰ੍ਹਾਂ ਦੀ ਦਿੱਤੀ ਹੈ ਜਿਹੜੇ ਲੋਕਾਂ ਨੇ ਫੰਡਜ਼ ਦਿਤੇ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਗਰੀਬ ਮਾਰੇ ਗਏ, ਉਨ੍ਹਾਂ ਦਾ ਘਰ ਘਾਟ ਰਹਿਣ ਨਹੀਂ ਦਿਤਾ। ਜਿਨ੍ਹਾਂ ਨੇ ਪੈਸੇ ਨਾ ਦਿੱਤੇ ਉਨ੍ਹਾਂ ਦੇ ਖਿਲਾਫ ਝੂਠੇ ਕੇਸਿਜ਼ ਬਣਾ ਕੇ ਜ਼ਲੀਲ ਕੀਤਾ ਗਿਆ। ਮੈਂ ਏਥੇ ਕਿਸੇ ਸ਼ਰੀਫ ਆਦਮੀ ਦਾ ਨਾਉਂ ਨਹੀਂ ਲੈਂਦਾ। ਏਥੋਂ ਤੱਕ ਜ਼ਿਆਦਤੀ ਹੋਈ ਕਿ ਇਕ ਐਕਸ-ਰੈਵੇਨੀਊ ਮਨਿਸਟਰ ਦੇ ਮਕਾਨ ਦੀ ਕੰਧ ਢਾਹ ਕੇ ਉਸ

Original with;
Punjab Vidhan Sabha
Digitized by;
Panjab Digital Library

ਵਿਚੋਂ 250 ਇਟਾਂ ਕਢ ਕੇ ਲੈ ਗਏ। ਉਨ੍ਹਾਂ ਦੇ ਖਿਲਾਫ ਇਸ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਹੋਈ। ਉਸ ਦੀ ਔਰਤ ਨੇ ਇਕ ਅਰਜ਼ੀ ਦਿੱਤੀ ਅਤੇ ਮਨਿਸਟਰ ਨੇ ਟੈਲੀਫੋਨ ਕੀਤਾ ਕਿ ਕੋਈ ਕਾਰਵਾਈ ਇਸ ਦੇ ਖਿਲਾਫ ਨਾ ਕੀਤੀ ਜਾਵੇ। ਪਰ ਉਸ ਅਰਜ਼ੀ ਦਾ ਪੁਰਜ਼ਾ ਪੁਰਜ਼ਾ ਕਰ ਦਿਤਾ ਕਿ ਇਹ ਪਰਚਾ ਝੂਠਾ ਹੈ। ਇਸ ਤਰ੍ਹਾਂ ਦੀ ਕਾਰਵਾਈ ਹੋਣੀ ਕਿਤਨੀ ਬੁਰੀ ਗੱਲ ਹੈ। ਇਹ ਹਕੂਮਤ ਸਦਾ ਨਹੀਂ ਰਹਿ ਸਕਦੀ। ਤੁਸੀਂ ਵੀ ਇਸ ਪੋਜ਼ੀਸ਼ਨ ਵਿਚ ਆ ਸਕਦੇ ਹੋ, ਤੁਹਾਡੇ ਵੀ ਦਿਨ ਨੇੜੇ ਹੀ ਹਨ ਜੇ ਇਸ ਤਰ੍ਹਾਂ ਕਰੋਗੇ।

**ਸ੍ਰੀ ਸਭਾਪਤੀ**: ਵਾਂਈਡ ਅੱਪ ਕਰੋ ਜੀ। (Please wind up)

**ਸਰਦਾਰ ਸੁਖਦੇਵ ਸਿੰਘ ਢਿੱਲੋਂ**: ਅਜੇ ਤਾਂ ਮੇਰੀ ਪਾਰਟੀ ਦਾ ਟਾਈਮ ਰਹਿੰਦਾ ਹੈ। ਏਥੇ ਹੀ ਬਸ ਨਹੀਂ ਇਕ ਹੋਰ ਗਰੀਬ ਆਦਮੀ ਦਾ ਕਿਸਾ ਸੁਣੋ। ਮੈਂ ਇਕ ਦਿਨ ਬੱਸ ਅਡੇ ਜਾ ਰਿਹਾ ਸੀ ਤਾਂ ਵੇਖਾਂ ਮੇਰੀ ਬਸ ਕੋਲ 200 ਆਦਮੀ ਪਲੀਸ ਦੇ ਖੜੇ ਹਨ ਅਤੇ ਰੌਲਾ ਪੈ ਰਿਹਾ ਹੈ। ਅਗੇ ਜਾ ਕੇ ਕੀ ਵੇਖਦਾ ਹਾਂ ਕਿ ਇਕ ਆਦਮੀ ਨੂੰ ਘੜੀਸੀ ਲਈ ਜਾ ਰਹੇ ਹਨ ਅਤੇ ਉਸ ਦੇ ਬਚਿਆਂ ਨੂੰ ਬੁਰੀ ਤਰ੍ਹਾਂ ਮਾਰਿਆ ਜਾ ਰਿਹਾ ਹੈ। ਮੈਂ ਤਾਂ ਪਹਿਲਾਂ ਇਹ ਸਮਝਿਆ ਸੀ ਕਿ ਇਹ ਪੁਲੀਸ ਕਿਸੇ ਵਜ਼ੀਰ ਨੂੰ ਭੇਜਣ ਲਈ ਆਈ ਹੈ ਪਰ ਇਹ ਤਾਂ ਹੋਰ ਹੀ ਗਲ ਸੀ। ਉਹ ਗਰੀਬ ਆਦਮੀ ਆਪਣੀ ਢਹਿੰਦੀ ਦੁਕਾਨ ਨੂੰ ਬਚਾਉਂਦਾ ਸੀ ਅਤੇ ਪੁਲੀਸ ਵਾਲੇ ਉਸ ਨੂੰ ਘਸੀਟਦੇ ਫਿਰਦੇ ਸਨ। ਉਸ ਦੇ ਖਿਲਾਫ ਆਖਿਰ ਐਸ. ਐਸ. ਪੀ. ਨੇ 107/51 ਦਾ ਕੇਸ ਦਾਇਰ ਕੀਤਾ, ਅਤੇ ਝੂਠਾ ਮੁਕਦਮਾ ਬਣਾਇਆ। ਇਸ ਤਰੀਕੇ ਨਾਲ ਸ਼ਹਿਰਾਂ ਨੂੰ ਸਰਕਾਰ ਖੂਬਸੂਰਤ ਬਣਾ ਰਹੀ ਹੈ। ਇਸੇ ਤਰ੍ਹਾਂ ਇਕ ਰਿਕਸ਼ਾ ਚਲਾਉਣ ਵਾਲੇ ਦਾ ਚਾਲਾਨ ਕੀਤਾ ਹੋਇਆ ਸੀ। ਮਾਰਕਿਟ ਅਦਾਲਤ ਦੇ ਵਿਚ ਹੀ ਸ਼ੁਰੂ ਸੀ, ਜਦੋਂ ਵਕੀਲਾਂ ਨੇ ਇਕਠੇ ਹੋ ਕੇ ਕਿਹਾ ਕਿ ਇਸ ਦਾ ਬੁਰਾ ਹਾਲ ਤੁਸੀਂ ਕੀ ਕੀਤਾ ਹੈ ਤਾਂ ਛੱਡਿਆ। ਏਥੇ ਹੀ ਬਸ ਨਹੀਂ ਮੈਨੂੰ ਇਹ ਕਹਿਣਾ ਪੈਂਦਾ ਹੈ ਕਿ ਇਸ ਅਫਸਰਸ਼ਾਹੀ ਨੇ ਆਪਣੀ ਪਾਵਰ ਵਿਚ ਆ ਕੇ, ਪਿਛਲੇ ਦਿਨਾਂ ਵਿਚ ਸਟੂਡੈਂਟਸ ਦੇ ਖਿਲਾਫ ਜੋ ਆਰਬਿਟਰੇਰੀ ਰਵਈਆ ਇਖਤਿਆਰ ਕੀਤਾ ਉਹ ਮੈਂ ਕਹੇ ਬਿਨਾਂ ਰਹਿ ਨਹੀਂ ਸਕਦਾ। ਇਹ ਮੈਂ ਮੰਨਦਾ ਹਾਂ ਕਿ ਬਸਾਂ ਦਾ ਨੁਕਸਾਨ ਕਰਨਾ ਅਤੇ ਪਬਲਿਕ ਪਰਾਪਰਟੀ ਨੂੰ ਤੋੜਨਾ ਫੋੜਨਾ ਕੋਈ ਅੱਛੀ ਗਲ ਨਹੀਂ, ਮੈਂ ਇਸ ਚੀਜ਼ ਦੇ ਖਿਲਾਫ ਹਾਂ। ਪਰ ਕਿਸੇ ਨੂੰ ਫਸਾਉਣ ਦੀ ਖਾਤਰ ਝੂਠੀ ਕਾਰਵਾਈ ਕਰਨੀ, ਜਿਨ੍ਹਾਂ ਦਾ ਕੋਈ ਸਬੰਧ ਨਾ ਹੋਵੇ ਕਿਤਨੀ ਬੁਰੀ ਗਲ ਹੈ। ਕਿਸ ਤਰ੍ਹਾਂ ਇਕ ਖਾਲੀ ਬਸ ਦੇ ਕੋਲ ਖੜੇ 30–35 ਬਚਿਆਂ ਦਾ ਨਾਉਂ ਲਿਖ ਲਿਆ ਗਿਆ ਉਨ੍ਹਾਂ ਬਚਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿਸੇ ਗਲ ਦਾ। ਉਨ੍ਹਾਂ ਨੂੰ ਤਾਂ ਸੁਪਨਾ ਵੀ ਨਹੀਂ ਸੀ ਆਇਆ, ਇਸ ਗਲ ਦਾ। ਉਥੇ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਵੀ ਉਨ੍ਹਾਂ ਬਚਿਆਂ ਦੀ ਸਫਾਈ ਦੇਣ ਲਈ ਗਏ ਸੀ। ਉਨ੍ਹਾਂ ਬਚਿਆਂ ਨੂੰ ਫੜ ਕੇ ਪੁਲਿਸ ਦੇ ਥਾਣੇ ਵਿਚ ਨਹੀਂ ਲਿਜਾਇਆ ਗਿਆ ਸਗੋਂ ਮੂਲੇ ਦੀ ਕੋਠੀ ਤੇ ਲਿਜਾ ਕੇ ਉਨ੍ਹਾਂ ਨੂੰ ਬਹੁਤ ਬੁਰੀ ਤਰ੍ਹਾਂ ਕੁਟਿਆ ਗਿਆ। ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਸਾਹਮਣੇ ਉਲਟਾ ਲਟਕਾ ਕੇ ਮਾਰਿਆ ਗਿਆ। ਫਿਰ ਜਿਨ੍ਹਾਂ ਮਾਪਿਆਂ ਨੇ 4—4 ਜਾਂ 5—5 ਹਜ਼ਾਰ ਰੁਪਿਆ ਦੇ ਦਿਤਾ ਉਨ੍ਹਾਂ ਦੇ ਬਚਿਆਂ ਨੂੰ ਤਾਂ ਛੱਡ ਦਿਤਾ ਗਿਆ ਪਰ ਜਿਨ੍ਹਾਂ ਦੇ ਮਾਂ ਪਿਓ ਗਰੀਬ ਸੀ ਉਨ੍ਹਾਂ ਬੱਚਿਆਂ, ਜਿਹੜੇ ਕਿ 5 ਰਹਿ ਗਏ ਸੀ, ਦੇ ਖਿਲਾਫ਼ 17 ਵੇਂ ਦਿਨ ਪਰਚਾ ਝੂਠਾ ਦਰਜ਼ ਕਰ ਲਿਆ ਗਿਆ। ਮੈਂ ਚੈਲੰਜ ਕਰਦਾ ਹਾਂ ਕਿ ਝੂਠਾ ਪਰਚਾ ਦਰਜ਼ ਕੀਤਾ ਗਿਆ ਅਤੇ ਪੈਸੇ ਲਏ ਗਏ। ਜੇ ਇਹ ਗਲ ਗਲਤ ਸਾਬਤ ਹੋ ਜਾਵੇ ਤਾਂ ਮੈਂ ਇਸ ਸਦਨ ਦੀ ਮੈਂਬਰੀ ਤੋਂ ਰਿਜ਼ਾਇਨ ਕਰਨ ਨੂੰ ਤਿਆਰ ਹਾਂ। (ਥੰਪਿੰਗ) ਉਥੇ ਸਾਡੇ ਆਪੋਜੀਸ਼ਨ ਦੇ ਲੀਡਰ ਸਾਹਿਬ ਅਤੇ ਕਮਿਊਨਿਸਟ ਪਾਰਟੀ ਦੇ ਲੀਡਰ ਸਾਹਿਬ ਗਏ। ਇਸ ਤਰ੍ਹਾਂ ਅਸੀਂ 10 ਐਮ. ਐਲ. ਏ. ਰਲ ਕੇ ਸੀ. ਐਮ. ਸਾਹਿਬ ਕੋਲ ਗਏ ਅਤੇ ਉਨ੍ਹਾਂ ਨੇ ਸਾਡੀ ਗਲ ਮੰਨ ਕੇ ਇਨਕੁਆਇਰੀ ਕਰਵਾਉਣ ਦਾ ਭਰੋਸਾ ਦਿਤਾ ਪਰ, ਚੇਅਰਮੈਨ ਸਾਹਿਬਾ, ਹੋਇਆ ਕੀ? ਜਿਸ ਕਰਮਚਾਰੀ ਦੇ ਖਿਲਾਫ਼ ਅਸੀਂ ਇਨਕੁਆਇਰੀ ਕਰਵਾਉਣਾ ਚਾਹੁੰਦੇ ਸੀ ਉਹ ਇਨਕੁਆਇਰੀ ਵਾਲਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢਿੱਲੋਂ]

ਕਾਗਜ਼ ਉਸ ਦੀ ਜੇਬ੍ਹ ਵਿਚ ਹੈ। ਜਦੋਂ ਸੀ.ਐਮ. ਸਾਹਿਬ ਵਲੋਂ ਇਨਕੁਆਇਰੀ ਲਈ ਲਿਖੇ ਗਏ ਆਰਡਰਾਂ ਦੀ ਇਹ ਹਾਲਤ ਹੈ ਤਾਂ ਅਸੀਂ ਇਨਸਾਫ ਦੀ ਕੀ ਤਵਕੋ ਰਖ ਸਕਦੇ ਹਾਂ। (ਵਿਘਨ)

**ਸ੍ਰੀ ਸਭਾਪਤੀ**: ਹੁਣ ਵਾਈਂਡ ਅਪ ਕਰੋ ਜੀ। (Please wind up now.)

**ਸਰਦਾਰ ਸੁਖਦੇਵ ਸਿੰਘ ਢਿੱਲੋਂ**: ਸਾਡੀ ਪਾਰਟੀ ਦਾ ਟਾਈਮ ਅਜੇ ਬੜਾ ਰਹਿੰਦਾ ਹੈ ਜੀ। ਮੈਨੂੰ 5 ਮਿੰਟ ਹੋਰ ਬੋਲ ਲੈਣ ਦਿਓ। ਅਜੇ ਤਾਂ ਮੈਨੂੰ ਬੋਲਦੇ ਨੂੰ 5 ਮਿੰਟ ਹੀ ਹੋਏ ਹਨ।

**ਸ੍ਰੀ ਸਭਾਪਤੀ**: 5 ਮਿੰਟ ਨਹੀਂ 15 ਮਿੰਟ ਤੋਂ ਵੀ 2 ਮਿੰਟ ਜ਼ਿਆਦਾ ਹੋ ਗਏ ਹਨ। ਵਕਤ ਦੀ ਤੰਗੀ ਹੈ ਅਤੇ ਬਹੁਤ ਸਾਰੇ ਮੈਂਬਰ ਬੋਲਣਾ ਚਾਹੁੰਦੇ ਹਨ। (The hon. Member has taken 17 minutes, what to talk of 5 minutes. The time at our disposal is very limited while the number of those hon. Members who would like to speak is quite large.)

**ਸਰਦਾਰ ਸੁਖਦੇਵ ਸਿੰਘ ਢਿੱਲੋਂ**: ਫਿਰ, ਚੇਅਰਮੈਨ ਸਾਹਿਬਾ, ਇਥੇ ਬਿਜਲੀ ਦੀ ਬੜੀ ਤੰਗੀ ਹੈ। ਸ਼ਹਿਰਾਂ ਦੇ ਵਿਚ ਹਨੇਰਾ ਛਾਇਆ ਰਹਿੰਦਾ ਹੈ। ਇਸ ਦੇ ਨਾਲ ਹੀ ਪਾਣੀ ਦੀ ਤੰਗੀ ਵੀ ਹੋ ਜਾਂਦੀ ਹੈ। ਇੰਡਸਟਰੀ ਤਬਾਹ ਹੋ ਰਹੀ ਹੈ ਅਤੇ ਹਜ਼ਾਰਾਂ ਮਜ਼ਦੂਰ ਵਿਹਲੇ ਫਿਰ ਰਹੇ ਹਨ ਪਰ ਜੋ ਇਲੈਕਟ੍ਰਿਸਿਟੀ ਬੋਰਡ ਹੈ, ਉਹ ਕੋਈ ਧਿਆਨ ਇਸ ਪਾਸੇ ਨਹੀਂ ਦੇ ਰਿਹਾ। ਜੇ ਕੋਈ ਪਤਵੰਤਾ ਉਸ ਬੋਰਡ ਨੂੰ ਅਪਰੋਚ ਕਰਦਾ ਹੈ ਤਾਂ ਉਹ ਕਹਿੰਦੇ ਹਨ ਕਿ ਬਸ ਜੀ ਫਿਕਰ ਨਾ ਕਰੋ। ਹੁਣ ਅਸੀਂ ਵਡੀਆਂ ਗਡੀਆਂ ਖਰੀਦ ਲਈਆਂ ਹਨ ਅਤੇ ਦੌਰੇ ਸ਼ੁਰੂ ਕਰ ਦੇਣੇ ਹਨ। ਪਰ ਹਾਲਤ ਇਹ ਹੈ ਕਿ ਵਡੀਆਂ ਗਡੀਆਂ ਲੈ ਕੇ ਦੌਰਾ ਸਾਊਥ ਦਾ ਸ਼ੁਰੂ ਕਰ ਦਿੰਦੇ ਹਨ ਜਦੋਂ ਕਿ ਬਿਜਲੀ ਦੀ ਪੰਜਾਬ ਵਿਚ ਤੰਗੀ ਹੈ। (ਹਾਸਾ) ਉਹ ਕੰਨਿਆ ਕੁਮਾਰੀ ਤੋਂ ਉਰੇ ਠਹਿਰਦੇ ਹੀ ਨਹੀਂ ਅਤੇ ਜੇ ਅਗੇ ਸਮੁੰਦਰ ਨਾ ਹੋਵੇ ਤਾਂ ਉਹ ਲੰਕਾ ਜਾ ਕੇ ਠਹਿਰਨ। (ਹਾਸਾ) ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਵਡੀਆਂ ਗਡੀਆਂ ਲੈਣ ਦੇ ਨਾਲ ਬਿਜਲੀ ਦੀ ਤੰਗੀ ਨਹੀਂ ਦੂਰ ਹੋਣੀ ਭਾਵੇਂ ਗਡੀਆਂ ਦੀ ਥਾਂ ਤੇ ਇਨ੍ਹਾਂ ਨੂੰ ਜੈਟ ਵੀ ਲੈ ਦਿਓ। (ਹਾਸਾ) ਬਿਜਲੀ ਤਾਂ ਪੂਰੀ ਹੋ ਸਕਦੀ ਹੈ ਜੇ ਵਰਕਿੰਗ ਸਹੀ ਹੋਵੇ। ਪਰ ਵਰਕਿੰਗ ਕਿਵੇਂ ਸਹੀ ਹੋਵੇ। ਅਜ ਤੋਂ 4-5 ਮਹੀਨੇ ਦੀ ਗਲ ਹੈ ਕਿ ਇਕ ਐਡਮਨਿਸਟ੍ਰੇਟਿਵ ਮੈਂਬਰ ਬਠਿੰਡੇ ਆਇਆ। ਉਹ ਬੜੀ ਕਾਹਲੀ ਦਸਣ ਲਗਾ ਕਿ ਮੈਂ ਕਲ ਮੀਟਿੰਗ ਵਿਚ ਜ਼ਰੂਰ ਹਾਜ਼ਰ ਹੋਣਾ ਹੈ ਕਿਉਂਕਿ ਟੈਕਨੀਕਲ ਮੈਂਬਰ ਜਿਹੜਾ ਕਿ ਹੁਣ ਚੇਅਰਮੈਨ ਬਣ ਗਿਆ ਹੈ, ਉਸ ਦੇ ਖਿਲਾਫ ਕੁਰਪੱਸ਼ਨ ਦੇ ਚਾਰਜਿਜ਼ ਲਗੇ ਹਨ ਅਤੇ ਮੈਂ ਥਰਮਲ ਪਲਾਂਟ ਵਿਚ ਚਾਰਜਿਜ਼ ਦੀ ਪੜਤਾਲ ਲਈ ਆਇਆ ਹਾਂ, ਉਹ ਚਾਰਜਿਜ਼ ਪਰੂਵ ਹੋ ਗਏ ਹਨ, ਇਸ ਲਈ ਕਲ ਦੀ ਮੀਟਿੰਗ ਵਿਚ ਉਸ ਨੂੰ ਰੀਵਰਟ ਕਰਕੇ ਸੀ.ਈ. ਬਣਾ ਦਿਤਾ ਜਾਵੇਗਾ। ਪਰ ਹੋਇਆ ਕੀ ਕਿ ਉਪਰ ਦੇ ਇਕ ਟੈਲੀਫੂਨ ਨਾਲ ਉਹ ਮੀਟਿੰਗ ਰੁਕ ਗਈ ਅਤੇ ਉਸ ਮੈਂਬਰ ਨੂੰ ਤਰੱਕੀ ਦੇ ਕੇ ਚੇਅਰਮੈਨ ਬਣਾ ਦਿਤਾ ਗਿਆ। ਉਸ ਦੇ ਖਿਲਾਫ ਇਨ੍ਹਾਂ ਐਮ.ਐਲ.ਏਜ਼. ਵਲੋਂ ਨਹੀਂ ਸਗੋਂ 25 ਹਜ਼ਾਰ ਕਰਮਚਾਰੀਆਂ ਵਲੋਂ ਕੁਰੱਪਸ਼ਨ ਦੇ ਚਾਰਜਿਜ਼ ਲਗੇ ਹਨ। ਉਨ੍ਹਾਂ ਦੀ ਇਨਕੁਆਇਰੀ ਵਿਜੀ-ਲੈਂਸ ਡਿਪਾਰਟਮੈਂਟ ਤੋਂ ਕਰਵਾਈ ਗਈ। ਫਿਰ, ਚੇਅਰਮੈਨ ਸਾਹਿਬਾ, ਵਿਜੀਲੈਂਸ ਦੀ ਵਰਕਿੰਗ ਸਾਰੇ ਦੇਸ ਵਿਚ ਇਕ ਤਰ੍ਹਾਂ ਦੀ ਹੁੰਦੀ ਹੈ। ਪਰ ਹੋਰ ਕਿਧਰੇ ਵੀ ਇਸ ਦਾ ਵਾਸਤਾ ਪੁਲੀਸ ਦੇ ਨਾਲ ਨਹੀਂ ਹੈ ਸਗੋਂ ਹੋਮ ਸੈਕਟਰੀ ਜਾਂ ਚੀਫ ਸੈਕਟਰੀ ਦੇ ਨਾਲ ਇਸ ਦਾ ਸਬੰਧ ਹੁੰਦਾ ਹੈ। ਪਰ ਇਥੇ ਵਿਜੀਲੈਂਸ ਨੇ ਉਸ ਮੈਂਬਰ ਦੇ ਖਿਲਾਫ 20 ਲੱਖ ਰੁਪਏ ਦੀ ਕੁਰੱਪਸ਼ਨ ਸਾਬਤ ਕਰਕੇ ਕੇਸ ਕਰਨ ਦੀ ਇਜ਼ਾਜ਼ਤ ਮੰਗੀ ਤਾਂ ਆਈ. ਜੀ. ਨੇ ਉਸ ਤੇ ਲਿਖ ਦਿਤਾ "I don't agree !" ਮੈਂ ਸਰਕਾਰ ਨੂੰ ਕਹਾਂਗਾ ਕਿ ਉਸ ਇਨਕੁਆਇਰੀ ਰਿਪੋਰਟ ਨੂੰ ਸਦਨ ਦੀ ਮੇਜ਼ ਤੇ ਰਖਿਆ ਜਾਵੇ। ਜੇ ਇਹੋ

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਬਿਜਲੀ ਬੋਰਡ ਦੇ ਹੋਣ ਤਾਂ ਅਸੀਂ ਚੰਗੀ ਵਰਕਿੰਗ ਦੀ ਕਿਵੇਂ ਤਵਕੋ ਰੱਖ ਸਕਦੇ ਹਾਂ। ਫਿਰ ਸੀਲੈਕਸ਼ਨ ਦੀ ਗਲ ਲਓ। ਇਥੇ ਪਰਸੋਂ ਐਸ. ਡੀ. ਓਜ਼. ਦੀ ਸਿਲੈਕਸ਼ਨ ਹੋਣੀ ਸੀ। ਸਿਲੈਕਸ਼ਨ ਦਾ ਤਰੀਕਾ ਤਾਂ ਇਹ ਹੈ ਕਿ ਚੇਅਰਮੈਨ ਅਤੇ ਐਡਮਨਿਸਟਰੇਟਿਵ ਮੈਂਬਰਜ਼ ਬੈਠਦੇ ਹਨ। ਪਰ ਪਰਸੋਂ ਇਕ ਨਵਾਂ ਤਰੀਕਾ ਅਪਨਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਕੋਈ ਫਲਾਣਾ ਵਰਮਾ ਲਿਆਓ। ਉਹ ਪਹਿਲਾਂ ਐਕਸ. ਈ. ਐਨ. ਹੁੰਦਾ ਸੀ ਅਤੇ ਜਿਸ ਦੇ ਖਿਲਾਫ ਕੁਰੱਪਸ਼ਨ ਦੇ ਬਹੁਤ ਚਾਰਜਿਜ਼ ਸੀ। ਉਹ ਇਟਾਂ, ਸੀਮਿੰਟ ਆਦਿ ਖਾ ਗਿਆ ਸੀ। ਉਸ ਨੂੰ ਸੀਲੈਕਸ਼ਨ ਕਮੇਟੀ ਵਿਚ ਲਿਆ ਬਿਠਾਇਆ। ਇਸ ਦੇ ਵਿਰੁਧ ਐਡਮਨਿਸਟ੍ਰੇਟਿਵ ਮੈਂਬਰ ਨੇ ਅਤੇ ਸੀ. ਈ. ਨੇ ਇਤਰਾਜ਼ ਕੀਤਾ ਅਤੇ ਪ੍ਰੋਟੈਸਟ ਵਜੋਂ ਮੀਟਿੰਗ ਵਿਚੋਂ ਬਾਹਰ ਚਲੇ ਗਏ ਪਰ ਉਹ ਚੇਅਰਮੈਨ ਨਹੀਂ ਮੰਨਿਆ ਕਿ ਇਸ ਨੂੰ ਬੜਾ ਤਜਰਬਾ ਹੈ, ਇਸ ਨੂੰ ਲੋਕਾਂ ਦੀਆਂ ਸ਼ਕਲਾਂ ਯਾਦ ਹਨ, ਇਸ ਕੋਲ ਲੋਕਾਂ ਦੀਆਂ ਲਿਸਟਾਂ ਹਨ, ਇਸ ਲਈ ਇਹ ਸੀਲੈਕਸ਼ਨ ਚੰਗੀ ਕਰ ਸਕਦਾ ਹੈ। ਪਰ, ਚੇਅਰਮੈਨ ਸਾਹਿਬਾ, ਜੋ ਸ਼ਕਲਾ ਜਾਂ ਲਿਸਟਾਂ ਦੇਖਦੇ ਹੀ ਸਿਲੈਕਸ਼ਨ ਹੋਣੀ ਹੈ ਤਾਂ ਫਿਰ ਵਰਕਿੰਗ ਕਿਸ ਤਰ੍ਹਾਂ ਚੰਗੀ ਹੋ ਸਕਦੀ ਹੈ।

**ਸ੍ਰੀ ਸਭਾਪਤੀ**: ਢਿਲੋਂ ਸਾਹਿਬ, ਹੁਣ ਤੁਸੀਂ ਬੈਠ ਜਾਓ। (Dhillon Sahib, please resume your seat now.)

**ਸਰਦਾਰ ਸੁਖਦੇਵ ਸਿੰਘ ਢਿੱਲੋਂ**: ਫਿਰ, ਚੇਅਰਮੈਨ ਸਾਹਿਬਾ, ਇਹ ਕਹਿੰਦੇ ਹਨ ਕਿ ਕਣਕ 56 ਰੁਪਏ ਤੋਂ 58 ਰੁਪਏ ਕੁਇੰਟਲ ਕਰ ਦਿਤੀ ਹੈ। ਇਨ੍ਹਾਂ ਦਾ ਤਾਂ ਉਹ ਹਾਲ ਹੈ ਕਿ ਕਿਧਰੇ ਮੱਝਾਂ ਦਾ ਇਕ ਵਗ ਸੀ। ਕਿਸੇ ਨੇ ਪੁਛਿਆ ਕਿ ਇਹ ਵਗ ਕਿਸ ਦਾ ਹੈ ਤਾਂ ਇਕ ਆਦਮੀ ਆਖਣ ਲਗਾ ਕਿ ਆਪਣਾ ਹੀ ਹੈ। ਉਸ ਨੇ ਪੁਛਿਆ ਕਿਸ ਤਰ੍ਹਾਂ ਤੇਰਾ ਹੈ ਤਾਂ ਉਸ ਨੇ ਜਵਾਬ ਦਿਤਾ ਕਿ ਇਸ ਵਿਚ ਇਕ ਕਟਾ ਮੈਂ ਮੰਗਿਆ ਹੋਇਆ ਹੈ। (ਹਾਸਾ) ਪਾਣੀ ਇਹ ਨਹੀਂ ਦਿੰਦੇ, ਰੇਹ ਇਹ ਨਹੀਂ ਦਿੰਦੇ, ਟਰੈਕਟਰ ਇਹ ਨਹੀਂ ਦਿੰਦੇ, ਕੋਈ ਫੈਸੀਲਿਟੀ ਇਹ ਨਹੀਂ ਦਿੰਦੇ। ਮੈਂ ਗੁਰਮੇਲ ਸਿੰਘ ਹੋਰਾਂ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਬਠਿੰਡੇ ਜਾ ਕੇ ਰੇਹ ਦੀਆਂ ਬੋਰੀਆਂ ਤੇ ਛਾਪਾ ਮਾਰਿਆ ਤੇ ਦੇਖਿਆ ਕਿ ਹਰ ਇਕ ਬੋਰੀ ਵਿਚ ਰੇਹ 10 ਕਿਲੋ ਘਟ ਹੈ। ਫਿਰ ਉਨ੍ਹਾਂ ਨੇ ਉਹ ਰੇਹ ਲੁਧਿਆਣੇ ਯੂਨੀਵਰਸਿਟੀ ਵਿਚ ਟੈਸਟ ਕਰਨ ਲਈ ਭੇਜੀ ਕਿ ਇਸ ਵਿਚ ਨਾਈਟਰੋਜਨ ਕਿਤਨੇ ਪ੍ਰਤੀਸ਼ਤ ਹੈ। ਉਥੋਂ ਇਹ ਰਿਪੋਰਟ ਆਈ ਕਿ ਇਸ ਵਿਚ 10 ਪ੍ਰਤੀਸ਼ਤ ਵੀ ਨਾਈਟਰੋਜਨ ਨਹੀਂ ਹੈ। ਇਨ੍ਹਾਂ ਨੇ ਉਥੇ ਕਿਹਾ ਕਿ ਮੈਂ ਇਹ ਮਾਮਲਾ ਮੁੱਖ ਮੰਤਰੀ ਕੋਲ ਉਠਾਵਾਂਗਾ ਅਤੇ ਉਥੇ ਦੇ ਅਫਸਰਾਂ ਨੂੰ ਕਿਹਾ ਕਿ ਮੈਂ ਤੁਹਾਨੂੰ ਇਨਾਮ ਦਿਵਾਊਂਗਾ। ਪਰ ਹੋਇਆ ਕੀ ਕਿ ਉਨ੍ਹਾਂ ਅਫਸਰਾਂ ਨੇ ਉਹ ਰੇਹ ਮਾਰਕਫੈਡ ਨੂੰ ਫਾਰ ਕੁਮੈਂਟਸ ਵਾਸਤੇ ਭੇਜ ਦਿਤੀ......

**ਸ੍ਰੀ ਸਭਾਪਤੀ**: ਤੁਸੀਂ ਹੁਣ ਵਾਈਂਡ ਅੱਪ ਕਰੋ। (Please wind up now.)

**ਸਰਦਾਰ ਸੁਖਦੇਵ ਸਿੰਘ ਢਿਲੋਂ**: ਚੇਅਰਮੈਨ ਸਾਹਿਬਾ, ਮੈਂ ਰੇਹ ਦੀ ਗਲ ਕਰਦਾ ਹਾਂ ਇਹ ਤੁਹਾਡੇ ਵੀ ਕੰਮ ਦੀ ਹੈ। ਮਾਰਕਫੈਡ ਨੇ ਜਵਾਬ ਦਿਤਾ ਕਿ ਇਤਨੀ ਰੇਹ ਘਟ ਹੋਣੀ ਤਾਂ ਮਾਮੂਲੀ ਜਿਹੀ ਗਲ ਹੈ। ਇਹ ਉਸ ਮਾਰਕਫੈਡ ਦੀ ਗਲ ਹੈ ਜਿਸ ਦੇ ਚੇਅਰਮੈਨ ਸਰਦਾਰ ਉਮਰਾਓ ਸਿੰਘ ਆਪ ਹਨ। (ਸ਼ੇਮ ਸ਼ੇਮ)

**ਸ੍ਰੀ ਸਭਾਪਤੀ**: ਢਿੱਲੋਂ ਸਾਹਿਬ, ਤੁਸੀਂ ਬਹੁਤ ਸਮਾਂ ਲੈ ਲਿਆ ਹੈ ਹੁਣ ਬੈਠ ਜਾਓ। (Dhillon Sahib, you have taken a lot of time, now please resume your seat.)

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ): ਚੇਅਰਮੈਨ ਸਾਹਿਬਾ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਇਹ ਜੋ ਗਵਰਨਰ ਸਾਹਿਬ ਦੇ ਧੰਨਵਾਦ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਦਾ ਮਤਾ ਪੇਸ਼ ਹੋਇਆ ਹੈ, ਮੈਂ ਇਸ ਵਿਚ ਸ਼ਾਮਲ ਨਹੀਂ ਹੋ ਸਕਦਾ। ਕਿਉਂਕਿ ਪੰਜਾਬ ਦੇ ਜੋ ਭਖਦੇ ਮਸਲੇ ਹਨ ਉਨ੍ਹਾਂ ਦਾ ਇਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਐਡਰੈਸ ਵਿਚ ਜੋ ਹਰੀਜਨ ਹਨ, ਦਲਿਤ ਜਾਤੀਆਂ ਹਨ ਉਨ੍ਹਾਂ ਨੂੰ ਜਗ੍ਹਾ ਅਤੇ ਘਰ ਦੇਣ ਦੀ ਗਲ ਕੀਤੀ ਗਈ ਹੈ। ਪਰ ਮੈਂ ਇਸ ਸਰਕਾਰ ਦਾ ਧਿਆਨ ਇਸ ਗਲ ਦੇ ਵਲ ਦਿਵਾਉਂਦਾ ਹਾਂ ਕਿ ਜੋ ਇਨ੍ਹਾਂ ਲੋਕਾਂ ਦੀ ਰਿਜ਼ਰਵੇਸ਼ਨ ਹੈ ਉਹ ਪੂਰੀ ਨਹੀਂ ਹੁੰਦੀ। ਬਹੁਤ ਸਾਰੇ ਮਹਿਕਮੇ ਅਜਿਹੇ ਹਨ ਜਿਥੇ ਕਿ ਉਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਐਜੂਕੇਸ਼ਨ ਬੋਰਡ ਦਾ ਮੈਂ ਜ਼ਿਕਰ ਕਰਦਾ ਹਾਂ। ਉਥੇ ਇਹ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਇਸੇ ਤਰ੍ਹਾਂ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਹੈ, ਉਸ ਵਿਚ ਵੀ ਹਰੀਜਨਾਂ ਦੀ ਰੀਜ਼ਰਵੇਸ਼ਨ ਪੂਰੀ ਨਹੀਂ ਹੈ। ਫਿਰ ਜੋ ਬਾਰਡਰ ਦੇ ਏਰੀਏ ਹਨ ਉਨ੍ਹਾਂ ਬਾਰੇ ਇਥੇ ਬੜਾ ਕੁਝ ਕਿਹਾ ਗਿਆ ਹੈ। ਇਸ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਜਿਨ੍ਹਾਂ ਪਿੰਡਾਂ ਦੀ ਜ਼ਮੀਨ ਪਾਕਿਸਤਾਨ ਵਿਚ ਚਲੀ ਗਈ ਹੈ, ਉਨ੍ਹਾਂ ਦੇ ਕਿਸਾਨਾਂ ਨੂੰ ਤਾਂ ਰਾਸ਼ਨ ਮਿਲਣਾ ਹੈ ਪਰ ਜੋ ਹਰੀਜਨ ਹਨ ਉਹ ਸ਼ਾਇਦ ਉਨ੍ਹਾਂ ਬਸਤੀਆਂ ਵਿਚ ਨਹੀਂ ਵਸਦੇ। ਇਸ ਲਈ ਉਨ੍ਹਾਂ ਨੂੰ ਉਹ ਰਾਸ਼ਨ ਨਹੀਂ ਮਿਲੇਗਾ। ਇਹ ਇਕ ਅਨਿਆਂ ਹੈ ਜੋ ਕਿ ਗਰੀਬ ਹਰੀਜਨਾਂ ਨਾਲ ਕੀਤਾ ਜਾ ਰਿਹਾ ਹੈ। ਫਿਰ ਇਥੇ ਬੜਾ ਰੌਲਾ ਪਾਇਆ ਗਿਆ ਹੈ ਕਿ ਉਨ੍ਹਾਂ ਨੂੰ ਵਕੀਲ ਮੁਫਤ ਦਿਤੇ ਜਾਣਗੇ ਪਰ ਸਵਾਲ ਨੰ: 3231 ਦੇ ਰਾਹੀਂ ਅਸੀਂ ਪੁਛਿਆ ਤਾਂ ਪਤਾ ਲਗਾ ਕਿ 3 ਸਾਲਾਂ ਵਿਚ ਸਿਰਫ 73 ਬੰਦਿਆਂ ਨੂੰ ਅਜਿਹੀ ਸਹਾਇਤਾ ਦਿਤੀ ਗਈ ਹੈ। ਹਰੀਜਨਾਂ ਦੇ ਅੱਜ ਜਿਹੜਾ ਬਾਈਕਾਟ ਦਾ ਮਸਲਾ ਹੈ (ਵਿਘਨ) ਮੈਂ ਇਹ ਗਲ ਕਹਿੰਦਾ ਹਾਂ ਕਿ ਇਹ ਅਕਾਲੀਆਂ ਤੇ ਇਲਜ਼ਾਮ ਲਗਾਉਂਦੇ ਸੀ ਕਿ ਅਕਾਲੀ ਪਿੰਡਾਂ ਵਿਚ ਬਾਈਕਾਟ ਹੁੰਦਾ ਹੈ ਪਰ ਕਾਂਗਰਸੀ ਪਿੰਡਾਂ ਵਿਚ ਵੀ ਬਾਈਕਾਟ ਹੁੰਦਾ ਹੈ ਔਰ ਇਸ ਦੇ ਲਈ ਜੋ ਸਾਡੀ ਕਾਂਗਰਸ ਬੜੀ ਦਾਵੇਦਾਰ ਬਣਦੀ ਹੈ ਇਨ੍ਹਾਂ ਦੇ ਵੀ ਪਿੰਡਾਂ ਵਿਚ ਬਾਈਕਾਟ ਕੀਤਾ ਜਾਂਦਾ ਹੈ। ਪਿੰਡਾਂ ਵਿਚ ਕੋਈ ਇੰਤਜ਼ਾਮ ਨਹੀਂ ਹੈ। ਇਨ੍ਹਾਂ ਲੋਕਾਂ ਦਾ ਪੂਰੀ ਤਰ੍ਹਾਂ ਨਾਲ ਪਰਬੰਧ ਕੀਤਾ ਜਾਣਾ ਚਾਹੀਦਾ ਹੈ ਅਤੇ ਜੋ ਇਨ੍ਹਾਂ ਨਾਲ ਵਿਤਕਰਾ ਹੋ ਰਿਹਾ ਹੈ ਇਸ ਨੂੰ ਦੂਰ ਕੀਤਾ ਜਾਵੇ। ਇਨ੍ਹਾਂ ਦੀ ਕਾਨੂੰਨੀ ਤੌਰ ਤੇ ਮਦਦ ਕੀਤੀ ਜਾਣੀ ਚਾਹੀਦੀ ਹੈ। ਪੁਲਿਸ ਦੀ ਜ਼ਿਆਦਤੀ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਮੈਨੂੰ ਯਾਦ ਹੈ ਕਿ ਮਹਿੰਗਾਈ ਦੇ ਖਿਲਾਫ ਜਦ ਸਤਿਆਗ੍ਰਿਹ ਹੋਇਆ ਤਾਂ ਇਕ ਮੁੰਡੇ ਨੂੰ ਛੇ ਦਿਨ ਨੰਗਿਆਂ ਰਖਿਆ ਗਿਆ ਅਤੇ ਕੋਈ ਕਪੜਾ ਨਹੀਂ ਪਹਿਨਣ ਦਿਤਾ। ਉਸ ਤੋਂ ਬਾਅਦ ਡਿਪਟੀ ਕਮਿਸ਼ਨਰ ਨੂੰ ਮਿਲੇ, ਐਸ.ਐਸ. ਪੀ. ਨੂੰ ਮਿਲੇ (ਵਿਘਨ) ਜਿਹੜਾ ਉਥੇ ਇਨਚਾਰਜ ਲਗਿਆ ਹੋਇਆ ਸੀ। ਦੋ ਤਿੰਨਾਂ ਦੇ ਨਾਂ ਤਾਂ ਸਰਦਾਰ ਸੁਖਦੇਵ ਸਿੰਘ ਨੇ ਗਿਣਾ ਦਿਤੇ ਹਨ। ਉਸ ਨੇ ਚੋਰੀ ਦਾ ਜ਼ਿਕਰ ਕੀਤਾ। ਇਸ ਸਬੰਧੀ ਕੋਈ ਪੜਤਾਲ ਕਰੇ, ਕੇਸ ਵਿਜੀਲੈਂਸ ਨੂੰ ਸੌਂਪਣੇ ਚਾਹੀਦੇ ਹਨ। ਸਾਡੇ ਇਕ ਐਸ. ਐਸ. ਪੀ. ਲਗਿਆ ਸੀ ਉਹ ਕਹਿੰਦਾ ਸੀ ਕਿ ਚੰਗਾ ਥਾਣੇਦਾਰ ਕੰਮ ਨਹੀਂ ਕਰਦਾ ਹੈ ਅਤੇ ਕਿਸੇ ਏ. ਐਸ-ਆਈ. ਨੂੰ ਹੀ ਇਨਚਾਰਜ ਥਾਣੇ ਦੇ ਤੌਰ ਤੇ ਲੈ ਲੈਂਦਾ ਸੀ ਤਾਂ ਕਿ ਉਸ ਨਾਲ ਸੌਦਾ ਕੀਤਾ ਜਾ ਸਕੇ। ਪਹਿਲਾਂ ਨਾਲੋਂ ਹੁਣ ਹਾਲਤ ਸੁਧਰੀ ਹੈ। ਇਕ ਐਸ.ਐਸ. ਪੀ. ਬੁੱਢਾ ਬੰਦਾ ਆਇਆ ਹੈ। ਇਸ ਨਾਲ ਪਹਿਲਾਂ ਨਾਲੋਂ ਹੁਣ ਹਾਲਤ ਕੁਝ ਸੁਧਰੀ ਹੈ। ਹੁਣ ਦੀ ਗਿਆਨੀ ਜੀ ਦੀ ਸਰਕਾਰ ਨੂੰ ਪੁਰਾਣੇ ਕੇਸਾਂ ਨੂੰ ਨਿਪਟਾਉਣਾ ਚਾਹੀਦਾ ਹੈ ਜਿਹੜੇ ਇਸ ਤਰ੍ਹਾਂ ਗਲਤ ਤਰੀਕੇ ਨਾਲ ਹੁੰਦੇ ਰਹੇ ਹਨ। ਪਰ ਹੁਣ ਵੀ ਅਜਿਹੀਆਂ ਬੜੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਕਿ ਦਰੁਸਤ ਨਹੀਂ ਹੁੰਦੀਆਂ ਹਨ। ਜਿਵੇਂ ਕਿ ਫਰੀਦਕੋਟ ਦੇ ਕਾਂਗਰਸ ਦੇ ਜਲਸੇ ਵਿਚ ਬੋਲਦਿਆਂ ਹੋਇਆਂ ਗਿਆਨੀ ਜੀ ਨੇ ਕਿਹਾ ਕਿ 35,000 ਵਿਧਵਾ ਔਰਤਾਂ ਨੂੰ ਪੈਨਸ਼ਨਾਂ ਦੇ ਦਿਤੀਆਂ ਹਨ। ਵਿੱਤ ਮੰਤਰੀ ਨੇ ਕਿਹਾ ਕਿ ਇਹ ਪੈਨਸ਼ਨ 20 ਰਪਏ ਤੋਂ ਵਧਾਕੇ 50 ਰੁਪਏ ਕਰ ਦਿਤੀ ਹੈ। ਪਰ ਜਦ ਇਥੇ ਸਵਾਲ ਕੀਤਾ ਗਿਆ ਤਾਂ ਉਹਦੇ ਜਵਾਬ ਵਿਚ ਦਸਿਆ ਗਿਆ ਕਿ 1970 ਤੋਂ ਲੈ ਕੇ 1973 ਤਕ 35,000 ਅਰਜ਼ੀਆਂ

Original with;
Punjab Vidhan Sabha
Digitized by;
Panjab Digital Library

ਪੈਨਸ਼ਨਾਂ ਲਈ ਆਈਆਂ ਅਤੇ 587 ਔਰਤਾਂ ਨੂੰ ਪੈਨਸ਼ਨਾਂ ਮਿਲ ਰਹੀਆਂ ਹਨ। ਇਹ ਸਵਾਲ ਨੰ: 513 ਹੈ। ਇਸ ਸਾਲ 12,000 ਅਰਜ਼ੀਆਂ ਵਿਚੋਂ ਸਿਰਫ 15 ਔਰਤਾਂ ਨੂੰ ਇਹ ਪੈਨਸ਼ਨਾਂ ਮਿਲੀਆਂ ਹਨ। ਪਰ ਇਹ ਵੀ ਸੱਚ ਨਹੀਂ ਹੈ ਕਿਉਂਕਿ 15 ਕੇਸ ਮਨਜ਼ੂਰ ਹੋਏ ਹਨ ਅਤੇ ਪੈਸੇ ਹਾਲਾਂ ਤਕ ਇਨ੍ਹਾਂ ਨੂੰ ਨਹੀਂ ਮਿਲੇ ਹਨ। ਇਸ ਤਰ੍ਹਾਂ ਇਕ ਹੋਰ ਸਵਾਲ ਦੇ ਜਵਾਬ ਵਿਚ ਆਇਆ ਕਿ ਇਹ ਪੈਨਸ਼ਨ ਦੇ 20 ਰੁਪਏ ਤੋਂ 50 ਰੁਪਏ ਕਰ ਦਿਤੇ ਹਨ, ਇਹ ਇਸ ਗਲ ਤੋਂ ਹਾਲੇ ਇਨਕਾਰੀ ਕਰਦੇ ਹਨ। ਇਸ ਤਰ੍ਹਾਂ ਬਲੰਦ ਆਵਾਜ਼ਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਸਚਾਈ ਹੀ ਦਸਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਦਾ ਕੋਈ ਫਾਇਦਾ ਨਹੀਂ ਹੈ। ਜੋ ਸਹੀ ਗਲ ਹੋਵੇ ਉਹੀ ਕਰਨੀ ਚਾਹੀਦੀ ਹੈ।

ਇਥੇ ਕਾਲਜਾਂ ਦੇ ਪ੍ਰੋਫੈਸਰਾਂ ਦੀ ਹੜਤਾਲ ਹੋਈ। ਗਿਆਨੀ ਜੀ ਅਤੇ ਸਰਦਾਰ ਉਮਰਾਓ ਸਿੰਘ ਨੇ ਕਿਹਾ ਸੀ ਕਿ ਅਸੀਂ ਸਿਕਿਉਰਿਟੀ ਆਫ ਸਰਵਿਸ ਦਾ ਕਾਨੂੰਨ ਛੇਤੀ ਲਿਆਵਾਂਗੇ, ਨਾਲ ਇਹ ਵੀ ਕਿਹਾ ਗਿਆ ਸੀ ਕਿ ਜੋ ਮਨੇਜਿੰਗ ਕਮੇਟੀਆਂ ਇਹ ਕਹਿ ਦੇਣਗੀਆਂ ਕਿ ਅਸੀਂ ਕਾਲਜ ਨੂੰ ਦੇ ਦਿਆਂਗੇ ਉਸ ਨੂੰ ਸਰਕਾਰ ਆਪਣੇ ਕਬਜ਼ੇ ਵਿਚ ਲੈ ਲਵੇਗੀ। ਸਵਾਲ ਨੰ: 666 ਦੇ ਅਨੁਸਾਰ 12 ਮੈਨੇਜਿੰਗ ਕਮੇਟੀਆਂ ਨੇ ਲਿੱਖਕੇ ਦਿਤਾ ਹੋਇਆ ਹੈ ਕਿ ਸਾਡੇ ਕਾਲਜ ਲੈ ਲਵੋ ਪਰ ਇਹ ਲੈਣ ਵਾਸਤੇ ਤਿਆਰ ਨਹੀਂ ਹਨ। ਸੋ ਇਸ ਤਰ੍ਹਾਂ ਨਾਲ ਗਲਤ ਗੱਲਾਂ ਸਾਨੂੰ ਨਹੀਂ ਕਰਨੀਆਂ ਚਾਹੀਦੀਆਂ ਅਤੇ ਜੋ ਅਸਲੀਅਤ ਹੈ ਉਹ ਹੀ ਦਸਣੀ ਚਾਹੀਦੀ ਹੈ।

ਮਲੇਰਕੋਟਲੇ ਵਿਚ ਗਿਆਨੀ ਜੀ ਨੇ ਤਕਰੀਰ ਕੀਤੀ ਹੈ ਕਿ ਕੁਰੱਪਸ਼ਨ ਨੂੰ ਬਿਲਕੁਲ ਘਟਾ ਦਿਆਂਗੇ। ਇਸ ਨੂੰ ਅਸੀਂ ਜੀ ਆਇਆਂ ਕਹਿੰਦੇ ਹਾਂ ਪਰ ਜੇ ਕੁਰੱਪਸ਼ਨ ਘਟ ਜਾਵੇ । ਪਰ ਇਹ ਕੁਰੱਪਸ਼ਨ ਕਿਸ ਤਰ੍ਹਾਂ ਚਲਦੀ ਹੈ ? ਕੋਈ ਜੂਨੀਅਰ ਅਫਸਰ ਸੀਨੀਅਰ ਅਫਸਰ ਦੇ ਉਤੇ ਲਗਾ ਦਿਤਾ ਜਾਂਦਾ ਹੈ ਤਾਂ ਕਿ ਕੁਰੱਪਸ਼ਨ ਵਧੇ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਸੀਨੀਅਰ ਅਫਸਰ ਵਿਚ ਨਿਰਾਸ਼ਾ ਹੋ ਜਾਂਦੀ ਹੈ। ਇਸ ਸਬੰਧੀ ਮੈਂ ਦਸਦਾ ਹਾਂ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਬੜੀ ਤਰੱਕੀ ਕਰ ਰਹੀ ਸੀ। ਪਹਿਲਾਂ ਇਥੇ ਸੀਨੀਅਰ ਅਫਸਰ ਲਗਾਇਆ ਸੀ, ਹੁਣ ਇਕ ਜੂਨੀਅਰ ਅਫਸਰ ਲਗਾਇਆ ਗਿਆ ਹੈ ਜੋ ਕਿ ਫਰੀਦਕੋਟ ਪਹਿਲਾਂ ਐਸ.ਡੀ.ਐਮ. ਸੀ। ਮੇਰੇ ਅਸੈਂਬਲੀ ਵਿਚ ਸਵਾਲ ਕਰਨ ਤੇ ਉਹਨੂੰ ਸਸਪੈਂਡ ਨਹੀਂ ਕੀਤਾ ਬਲਕਿ ਬਦਲ ਦਿਤਾ। ਦੂਜੇ ਦੀ ਫੇਰ ਇਨਕੁਆਇਰੀ ਹੋਈ। ਉਹਨੇ ਕੁਰੱਪਸ਼ਨ ਕੀਤੀ ਸੀ (ਵਿਘਨ) ਜੂਨੀਅਰ ਨੂੰ ਉਥੇ ਲਗਾ ਦਿਤਾ ਹੈ ਅਤੇ ਉਹਨੂੰ ਸਟੇਟ ਕੰਟਰੋਲਰ, ਪੈਪਸੂ ਰੋਡਵੇਜ਼ ਬਣਾ ਦਿਤਾ ਹੈ ਤਾਕਿ ਇਸ ਤਰ੍ਹਾਂ ਕਰਕੇ ਇਸ ਟ੍ਰਾਂਸਪੋਰਟ ਦਾ ਚੰਗੀ ਤਰ੍ਹਾਂ ਨਾਲ ਬੇੜਾ ਬਿਠਾ ਦਿਤਾ ਜਾਵੇ (ਵਿਘਨ)। ਇਹ ਵੀ ਪਬਲਿਕ ਵਿਚ ਕਿਹਾ ਜਾਂਦਾ ਹੈ ਕਿ ਇਸ ਨੇ ਗਿਆਨੀ ਜੀ ਦੀ ਪੈਟੀਸ਼ਨ ਵੇਲੇ ਗਵਾਹੀ ਦਿਤੀ ਸੀ (ਵਿਘਨ)। ਇਕ ਹੋਰ ਹੈ ਕਿ ਇਹ ਪਬਲਿਸਿਟੀ ਮਹਿਕਮੇ ਵਿਚ ਮੁਲਾਜ਼ਮ ਲਗਾ ਹੋਇਆ ਹੈ, ਇਹ ਡਿਪਟੀ ਡਾਇਰੈਕਟਰ ਹੈ, ਇਸ ਨੂੰ ਤਿੰਨ ਮਹੀਨੇ ਹੋ ਗਏ ਹਨ ਅਸਤੀਫੇ ਦਿਤੇ ਹੋਏ ਨੂੰ। ਇਸ ਸਬੰਧੀ ਆਮ ਅਫਵਾਹ ਇਹ ਹੈ ਕਿ ਇਸ ਨੇ ਅਸਤੀਫਾ ਇਸ ਲਈ ਦਿਤਾ ਹੋਇਆ ਹੈ ਕਿਉਂਕਿ ਇਸ ਨੇ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਬਨਣਾ ਹੈ। ਇਸ ਲਈ ਮੈਂ ਆਪ ਦੇ ਰਾਹੀਂ ਗੌਰਮਿੰਟ ਨੂੰ ਅਪੀਲ ਕਰਾਂਗਾ ਕਿ ਜਦ ਤਕ ਸੀਨੀਆਰਟੀ ਨੂੰ ਕਾਇਮ ਨਹੀਂ ਰਖਿਆ ਜਾਂਦਾ ਉਦੋਂ ਤਕ ਇਹ ਕੁਰੱਪਸ਼ਨ ਦੂਰ ਹੋਣੀ ਮੁਸ਼ਕਿਲ ਹੈ। ਜਿਹੜਾ ਕੁਰੱਪਟ ਅਫਸਰ ਹੈ ਉਹ ਬੇਜ਼ਾਬਤੀਆਂ ਕਰਦਾ ਹੈ, ਇਸ ਨੂੰ ਪਰਮੋਸ਼ਨ ਵੇਲੇ ਭਾਵੇਂ ਛਡ ਦਿਤਾ ਜਾਵੇ ਕੋਈ ਹਰਜ ਵਾਲੀ ਗਲ ਨਹੀਂ ਹੈ ਪਰ ਜੇ ਕੋਈ ਇਮਾਨਦਾਰ ਅਫਸਰ ਹੈ ਉਸ ਨੂੰ ਪਰਮੋਸ਼ਨ ਸੀਨੀਆਰਟੀ ਦੇ ਲਿਹਾਜ਼ ਨਾਲ ਮਿਲਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਮੋਗੇ ਦਾ ਕਾਂਡ ਹੋਇਆ। ਇਸ ਦੀ ਇਨਕੁਆਇਰੀ ਰਿਪੋਰਟ ਵਿਚ ਗੁਜਰਾਲ ਸਾਹਿਬ ਨੇ ਸਾਫ ਕਰ ਦਿਤਾ ਹੈ ਕਿ ਪੰਜਾਬ ਵਿਚ ਕਿਸ ਤਰ੍ਹਾਂ ਪੁਲਿਸ ਅਤੇ ਗੁੰਡਿਆਂ ਦਾ ਮੇਲ ਰਿਹਾ ਹੈ। ਮੈਂ ਇਸ ਸਬੰਧੀ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਇਸ ਰਿਪੋਰਟ ਅਨੁਸਾਰ ਜਿਨ੍ਹਾਂ ਦੇ ਖਿਲਾਫ ਇਸ ਨੇ ਰਿਮਾਰਕਸ ਦਿਤੇ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਦੂਜੇ ਪੁਲਿਸ ਪੁਰਾਣੇ ਤਰੀਕੇ ਦੀ ਹੈ। ਇਹਦੇ ਵਿਚ ਕੋਈ-ਨਾ-ਕੋਈ ਸੁਧਾਰ ਹੋਣਾ ਚਾਹੀਦਾ ਹੈ। ਇਹਦੇ ਸੁਧਾਰ ਵਾਸਤੇ ਸਾਡੀ ਗੌਰਮਿੰਟ ਨੂੰ ਯਤਨ ਕਰਨੇ ਚਾਹੀਦੇ ਹਨ। ਨੀਤੀਆਂ ਚੰਗੀਆਂ ਬਣਨੀਆਂ ਚਾਹੀਦੀਆ ਹਨ ਅਤੇ ਪੁਲਿਸ ਵਿਚ ਸੁਧਾਰ ਆਉਣਾ ਚਾਹੀਦਾ ਹੈ।

ਸੜਕਾਂ ਦੇ ਮੁਤਅੱਲਕ ਮੈਂ ਅਰਜ਼ ਕਰਦਾ ਹਾਂ ਕਿ ਸੜਕਾਂ ਬੜੀਆਂ ਕਢੀਆਂ ਹਨ ਅਤੇ ਕਢ ਵੀ ਰਹੇ ਹਨ। ਪਾਂਡੇ ਸਾਹਿਬ ਚਲੇ ਗਏ ਹਨ, ਮੈਂ ਕਹਿਣਾ ਚਾਹੁੰਦਾ ਸੀ ਕਿ ਮਾਨਸਾ ਤੋਂ ਤਲਵੰਡੀ ,ਸਾਬੋ ਤਕ, ਜੋ ਕਿ ਦਮਦਮਾ ਸਾਹਿਬ ਤੋਂ 31 ਮੀਲ ਦਾ ਟੋਟਾ ਹੈ (ਵਿਘਨ) ਇਹ ਕੰਪਲੀਟ ਹੋਣੀ ਚਾਹੀਦੀ ਹੈ। ਬਾਦਲ ਸਾਹਿਬ ਵੇਲੇ ਇਨ੍ਹਾਂ ਨੇ ਬਠਿੰਡੇ ਤੋਂ ਬਾਦਲ ਤਕ ਸੜਕ ਬਣਵਾ ਲਈ ਪਰ ਹੋਰ ਕਿਸੇ ਵਲ ਧਿਆਨ ਨਹੀਂ ਦਿਤਾ। ਇਹ ਤੀਹ ਮੀਲ ਦਾ ਟੋਟਾ ਇਸ ਸਰਕਾਰ ਨੂੰ ਬਣਾ ਦੇਣਾ ਚਾਹੀਦਾ ਹੈ (ਵਿਘਨ)। ਉਥੇ ਕਾਂਗਰਸ ਦਾ ਜਨਰਲ ਸਕੱਤਰ ਹੈ। ਜਦ ਤਕ ਇਸ ਨੂੰ ਕੋਈ ਪੈਸੇ ਨਹੀਂ ਦਿੰਦਾ ਉਦੋਂ ਤਕ ਸੜਕ ਨਹੀਂ ਨਿਕਲਦੀ। ਇਸ ਬਾਰੇ ਡੀ. ਸੀ. ਦੀ ਮੀਟਿੰਗ ਵਿਚ ਵੀ ਰੌਲਾ ਪਿਆ। ਇਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਜਿਥੋਂ ਤਕ ਲਾਅ ਐਂਡ ਆਰਡਰ ਦਾ ਤੁਅਲੱਕ ਹੈ, ਬੁੱਢਲਾਡੇ ਵਿਖੇ ਇਕ ਕਾਲਜ ਖੁਲ੍ਹਿਆ ਹੈ ਉਥੇ ਮੁੰਡਿਆਂ ਦੀ ਆਪਸ ਵਿਚ ਲੜਾਈ ਹੋ ਗਈ। ਬਜਾਏ ਇਸ ਦੇ ਕਿ ਸਮਝੌਤਾ ਕਰਾ ਦਿਤਾ ਜਾਂਦਾ ਜਾਂ ਦੋਵਾਂ ਪਾਸਿਆਂ ਤੋਂ ਮੁੰਡਿਆਂ ਨੂੰ ਪਕੜ ਲਿਆ ਜਾਂਦਾ, ਹੋਇਆ ਇਹ ਕਿ ਇਕ ਪਾਸੇ ਵਲ ਦੇ ਮੁੰਡੇ ਪਕੜ ਲਏ ਗਏ। ਇਕ ਪਾਸੇ ਨਿਰੰਕਾਰੀ ਸਨ ਅਤੇ ਦੂਜੇ ਪਾਸੇ ਪੈਸੇ ਵਾਲੇ ਸਨ। ਪੈਸੇ ਵਾਲਿਆਂ ਨੇ ਪੈਸੇ ਦੇ ਦਿਤੇ ਅਤੇ ਇਸ ਲਈ ਪੁਲਿਸ ਨੇ ਦੂਜੇ ਪਾਸੇ ਵਾਲਿਆਂ ਮੁੰਡਿਆਂ ਨੂੰ ਪਕੜ ਲਿਆ। ਵੀਹ ਮੁੰਡੇ ਕਾਲਜ ਦੇ ਥਾਣੇ ਵਿਚ ਹਨ। ਇਹ ਲਾਅ ਐਂਡ ਆਰਡਰ ਦੀ ਹਾਲਤ ਹੈ।

ਮੈਂ ਐਜੂਕੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਬਠਿੰਡਾ ਵਿਚ ਕਿੰਨੇ ਹਾਈ ਸਕੂਲ ਹਨ। ਉਥੇ 16 ਹਾਈ ਸਕੂਲ ਹਨ , ਉਥੇ ਇਕ ਸਾਲ ਤੋਂ ਕੋਈ ਹੈਡਮਾਸਟਰ ਨਹੀਂ ਸੀ। 16 ਸਕੂਲਾਂ ਵਿਚ 16 ਹੈਡਮਾਸਟਰ ਨਹੀਂ ਸਨ। ਮੈਂ ਬੀਬੀ ਜੀ ਦੇ ਤਰਲੇ ਕੀਤੇ, ਸਵਾਲ ਭੇਜਿਆ। ਫਿਰ ਸਰਦਾਰ ਉਮਰਾਓ ਸਿੰਘ ਜੀ ਨੂੰ ਮਿਲਿਆ। ਹੁਣ 16 ਦੇ 16 ਲੱਗੇ ਹਨ। ਪਰ ਅਜੇ ਗਰਲਜ਼ ਸਕੂਲ ਖਾਲੀ ਪਏ ਹਨ, ਉਥੇ ਹੈਡਮਿਸ-ਟਰੈਸਜ਼ ਨਹੀਂ ਹਨ। ਜਿਹੜੇ ਸਕੂਲਾਂ ਵਿਚ ਹੈਡ ਨਾ ਹੋਵੇ ਤਾਂ ਉਹ ਸਕੂਲ ਨਹੀਂ ਚਲ ਸਕਦੇ। ਜਿਥੇ ਹੈਡਮਾਸਟਰ ਇਕ ਦੋ ਸਾਲ ਵਾਸਤੇ ਨਾ ਜਾਣ ਤਾਂ ਉਥੇ ਬੱਚਿਆਂ ਦਾ ਕੀ ਬਣੇਗਾ। ਇਸੇ ਤਰ੍ਹਾਂ ਡਾਕਟਰਾਂ ਦੀ ਹਾਲਤ ਹੈ। ਡਾਕਟਰਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ ਬੜੇ ਵਧਾਏ ਹਨ। ਮਾਨਸਾ ਵਿਚ ਲੋਕਾਂ ਨੇ 350 ਰੁਪਏ ਜਮ੍ਹਾਂ ਕਰਕੇ ਹਸਪਤਾਲ ਚਲਾਇਆ ਹੈ। (ਘੰਟੀ) ਉਥੇ ਸਰਦਾਰ ਇੰਦਰਜੀਤ ਸਿੰਘ ਐਮ.ਡੀ. ਲੱਗੇ, ਉਹ ਸੀ. ਐਮ. ਓ. ਬਣਕੇ ਅੰਮ੍ਰਿਤਸਰ ਚਲੇ ਗਏ। ਫਿਰ ਦੋ ਸਾਲਾਂ ਤੋਂ ਹਸਪਤਾਲ ਵਿਚ ਕੋਈ ਐਮ.ਡੀ. ਨਹੀਂ। ਇਕ ਡਾਕਟਰ ਹੈ ਜਿਥੇ ਕਿ 4 ਪੋਸਟਾਂ ਹਨ। ਇਕ ਪਾਸੇ ਤਾਂ ਇਹ ਡਾਕਟਰ ਲਗਾ ਨਹੀਂ ਰਹੇ ਅਤੇ ਦੂਜੇ ਪਾਸੇ ਡਾਕਟਰ ਵਿਹਲੇ ਫਿਰ ਰਹੇ ਹਨ, ਪੋਸਟਾਂ ਨਹੀਂ ਦੇ ਰਹੇ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਡਾਕਟਰਾਂ ਦੀ ਇਹ ਜੋ ਹਾਲਤ ਹੈ ਇਸ ਵੱਲ ਦੇਖਣਾ ਚਾਹੀਦਾ ਹੈ।

**Mr. Chairman**: Please wind up now.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਜੰਗੀਰ ਸਿੰਘ ਜੋਗਾ**: ਮੈਂ ਅਰਜ਼ ਕਰਦਾ ਹਾਂ ਕਿ ਅੱਜ ਇਹ ਹਾਲਤ ਖਰਾਬ ਹੈ। ਸਾਡਾ ਤਾਂ ਇਨ੍ਹਾਂ ਨਾਲ ਮਿਲਵਰਤਨ ਹੈ। ਜਦ ਤੱਕ ਇਹ ਚੰਗੇ ਕੰਮ ਕਰਨਗੇ ਤਦ ਤਕ ਮਿਲਵਰਤਨ ਰਹੇਗਾ ਪਰ ਵੈਸੇ ਇਹ ਕੰਮ ਭੈੜੇ ਕਰਦੇ ਹਨ (ਵਿਘਨ)। ਪਹਿਲਾਂ ਜਥੇਦਾਰਾਂ ਨੇ ਥਾਣੇ ਸਾਂਭ ਲਏ ਪਰ ਹੁਣ ਤੁਹਾਡੇ ਜਿਹੜੇ ਵਰਕਰ ਹਨ ਉਨ੍ਹਾਂ ਨੇ ਸਾਂਭ ਲਏ ਹਨ। ਮੈਂ ਆਸ ਕਰਦਾ ਹਾਂ ਕਿ ਸਰਕਾਰ ਮੇਰੀਆਂ ਇਨ੍ਹਾਂ ਗੱਲਾਂ ਵੱਲ ਧਿਆਨ ਦੇਵੇਗੀ। ਇਹ ਜਿਹੜਾ ਐਡਰੈਸ ਹੈ ਇਹ ਅਧੂਰਾ ਹੈ। ਮੈਂ ਇਸ ਵਿਚ ਸ਼ਾਮਲ ਨਹੀਂ ਹੋ ਸਕਦਾ।

**ਸਰਦਾਰ ਕਿਰਪਾਲ ਸਿੰਘ ਢਿੱਲੋਂ** (ਕਪੂਰਥਲਾ): ਚੇਅਰਮੈਨ ਸਾਹਿਬ, ਸਾਡੇ ਰਾਜਪਾਲ ਨੇ 27 ਫਰਵਰੀ ਨੂੰ ਜੋ ਇਥੇ ਸਦਨ ਵਿਚ ਆਪਣਾ ਭਾਸ਼ਣ ਦਿੱਤਾ ਸੀ, ਉਸ ਨੂੰ ਮੈਂ ਬੜੇ ਗਹੁ ਨਾਲ ਪੜ੍ਹਿਆ ਹੈ ਅਤੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਇਸ ਵਿਚ ਬੜੀਆਂ ਮੌਲਿਕ, ਓਰਿਜਨਲ ਮੱਦਲੀਆਂ ਕੁਝ ਬੁਨਿਆਦੀ ਗੱਲਾਂ ਹਨ, ਕੁਝ ਠੋਸ ਗੱਲਾਂ ਹਨ। ਇਸ ਭਾਸ਼ਣ ਵਿਚ ਕੁਝ ਐਸੀਆਂ ਗੱਲਾਂ ਕਹੀਆਂ ਗਈਆਂ ਹਨ ਜਿਨ੍ਹਾਂ ਦੀ ਸ਼ਲਾਘਾ ਕੀਤੇ ਬਿਨਾਂ ਮੈਂ ਨਹੀਂ ਰਹਿ ਸਕਦਾ (ਤਾੜੀਆਂ)। ਇਹ ਜਥੇਦਾਰ ਘਬਰਾਉਣ ਨਾ, ਮੈਂ ਇਧਰ ਵੀ ਆਉਂਦਾ ਹਾਂ। ਇਸ ਭਾਸ਼ਣ ਵਿਚ ਕੁਝ ਐਸੇ objectives ਹਨ ਜਿਹੜੇ ਕਿ ਬੜੇ ਐਂਬੀਸ਼ੀਅਸ ਹਨ। (ਵਿਘਨ)

**ਸ੍ਰੀ ਸਭਾਪਤੀ**: ਇੰਟਰੱਪਟ ਨਾ ਕਰੋ, ਆਰਾਮ ਨਾਲ ਸੁਣੋ। (Please don't interrupt and listen patiently.)

**ਸਰਦਾਰ ਕਿਰਪਾਲ ਸਿੰਘ ਢਿੱਲੋਂ**: ਮੈਡਮ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਪੰਜਾਬ ਵਿਚ ਲੱਗ ਭੱਗ 8 ਸਾਲ ਰਾਜ ਕੀਤਾ ਅਤੇ ਕੇਵਲ ਉਹ ਹੀ ਇਕ ਮੌਕਾ ਸੀ ਜਿਸ ਵੇਲੇ ਕਿਸੇ ਗਵਰਨਰ ਨੂੰ ਇਹ ਫਖਰ ਹਾਸਲ ਹੋਇਆ ਸੀ ਕਿ ਉਹ ਪਹਿਲੇ ਸਾਲ ਦੇ ਭਾਸ਼ਣ ਤੋਂ ਪਿਛੋਂ ਦੂਜੇ ਸਾਲ ਦਾ ਭਾਸ਼ਣ, ਫਿਰ ਤੀਜੇ ਸਾਲ ਦਾ, ਇਸੇ ਤਰ੍ਹਾਂ ਲਗਾਤਾਰ 8 ਸਾਲ ਉਹ ਇਕੋ regime ਵਿਚ ਭਾਸ਼ਣ ਦਿੰਦੇ ਰਹੇ। ਉਸ ਦੇ ਬਾਅਦ ਹੁਣ ਪਹਿਲਾ ਮੌਕਾ ਹੈ ਕਿ ਜਦ ਗਿਆਨੀ ਜੀ ਦੇ ਰਾਜ ਵੇਲੇ ਉਸੇ set-up ਦੇ ਹੁੰਦਿਆਂ ਰਾਜਪਾਲ ਨੇ ਇਸ ਤਰ੍ਹਾਂ ਸਦਨ ਵਿਚ ਦੂਜਾ ਭਾਸ਼ਣ ਦਿੱਤਾ ਹੈ। ਪਰ ਇਸ ਤੋਂ ਵਿਚਾਲੇ ਦਾ ਜਿਹੜਾ ਸਮਾਂ ਸੀ ਉਸ ਵਿਚ ਕਿਸੇ ਗਵਰਨਰ ਨੂੰ ਇਸ ਤਰ੍ਹਾਂ ਇਕੋ regime ਜਾਂ set-up ਵਿਚ ਦੂਜੇ ਸਾਲ ਦਾ ਭਾਸ਼ਣ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਇਸ ਲਈ ਜਦ ਮੈਂ ਉਨ੍ਹਾਂ ਨੂੰ ......(ਵਿਘਨ)

**ਸਰਦਾਰ ਕਰਨੈਲ ਸਿੰਘ ਮਰੜ੍ਹੀ**: ਪਰ ਗਵਰਨਰ ਡਿੱਗ ਕਿਉਂ ਪਿਆ ਸੀ (ਵਿਘਨ) (ਹਾਸਾ)।

**ਸਰਦਾਰ ਕਿਰਪਾਲ ਸਿੰਘ ਢਿੱਲੋਂ**: ਜਿਥੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ, ਉਥੇ ਪੰਜਾਬ ਦੀ ਇਸ ਜਨਤਾ ਨੂੰ ਜਿਨ੍ਹਾਂ ਨੇ ਇਹ ਸਟੇਬਲ ਸਰਕਾਰ ਬਣਾਈ ਹੈ ਅਤੇ ਨਾਲ ਹੀ ਇਸ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ, ਜਿਸ ਨੇ ਇਸ ਸਟੈਬਿਲਟੀ ਨੂੰ ਕਾਇਮ ਰਖਿਆ ਹੈ, ਵਧਾਈ ਦਿੰਦਾ ਹਾਂ। ਮੈਂ ਗਵਰਨਰ ਸਾਹਿਬ ਨੂੰ ਵੀ ਇਸ ਗੱਲ ਦੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਬੜਾ ਚੰਗਾ ਭਾਸ਼ਣ ਸਾਡੇ ਸਾਹਮਣੇ ਰਖਿਆ ਹੈ ਅਤੇ ਜਿਸ ਵਿਚ ਬੜੀਆਂ ਮੌਲਿਕ ਗੱਲਾਂ ਦੱਸੀਆਂ ਹਨ। ਚੇਅਰਮੈਨ ਸਾਹਿਬਾ, ਤੁਸੀਂ ਵੀ ਆਪਣੀ ਸਪੀਚ ਵਿਚ ਇਸ਼ਾਰਾ ਦਿਤਾ ਸੀ ਕਿ ਪਲੈਨਿੰਗ ਬੋਰਡ ਦਾ ਸਟੇਟ ਅਤੇ ਜ਼ਿਲ੍ਹਾ ਪਧਰ ਤੇ ਕਾਇਮ ਕਰਨਾ ਸਰਕਾਰ ਦਾ ਪਹਿਲਾ ਕਦਮ ਹੈ, ਜੋ ਇਸ ਸਰਕਾਰ ਨੇ ਬੜਾ ਮੌਲਿਕ ਔਰ ਬੜਾ ਓਰਿਜਨਲ ਕਦਮ ਉਠਾਇਆ ਹੈ। ਪਲਾਨਿੰਗ ਬੋਰਡ ਦੇ ਨਾਲ ਬਾਰਡਰ ਡਿਸਟ੍ਰਿਕਟਸ ਵਿਚ 16 ਕਿਲੋ-ਮੀਟਰ ਦੀ ਬੈਲਟ ਵਿਚ ਲੈਂਡ ਰੈਵੇਨਿਊ ਮੁਆਫ ਕਰਨਾ ਹੈ। ਬਾਰਡਰ, ਬੇਟ ਅਤੇ ਸਬ ਮਾਉਂਟੇਨਸ ਏਰੀਆਜ਼ ਦੀ ਡਿਵੈਲਪਮੈਂਟ ਦਾ ਸਪੈਸ਼ਲ ਪ੍ਰੋਗਰਾਮ ਬਣਾਉਣਾ ਅਤੇ ਉਹ ਸਪੈਸ਼ਲ ਪਰੋਗਰਾਮ ਨੇਪਰੇ ਚਾੜ੍ਹਨ ਲਈ ਉਥੇ ਦੀ ਐਡਵਾਇਜ਼ਰੀ ਕੌਂਸਲ ਦਾ ਕਾਇਮ ਕਰਨਾ, ਇਹ ਸਰਕਾਰ ਦੇ ਬੜੇ ਠੋਸ ਕਦਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਹਨ। ਇਸ ਦੇ ਨਾਲ ਹੀ ਨਾਲ ਇਹ ਜੋ ਸਿਲਵਰ ਜੁਬਲੀ (25 ਸਾਲਾ ਸਿਲਵਰ ਜੁਬਲੀ) ਮਨਾਉਣਾ ਅਤੇ ਇਸ ਦੇਸ਼ ਦੀ ਖਾਤਰ ਜਿਨ੍ਹਾਂ ਬਹਾਦਰਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਉਨ੍ਹਾਂ ਦਾ ਮਾਣ ਕਰਨਾ, ਉਨ੍ਹਾਂ ਨੂੰ ਆਨਰ ਕਰੋਨਾ ਅਤੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਮਾਤਾ ਨੂੰ ਰਾਜ ਮਾਤਾ ਦਾ ਸਥਾਨ ਦੇ ਕੇ ਇਸ ਸਰਕਾਰ ਨੇ ਇਕ ਬੜਾ ਸ਼ਲਾਘਾਯੋਗ ਕਦਮ ਚੁਕਿਆ ਹੈ। ਜਿਨ੍ਹਾਂ ਜਵਾਨਾਂ, ਬਹਾਦਰਾਂ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ, ਭਾਵੇਂ ਚੀਨ ਨਾਲ ਲੜਾਈ ਹੋਈ, ਭਾਵੇਂ ਪਾਕਿਸਤਾਨ ਨਾਲ ਲੜਾਈ ਹੋਈ, ਉਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ, ਉਨ੍ਹਾਂ ਨੂੰ ਅਵਾਰਡ ਅਤੇ ਮਾਣ ਦੇਣਾ ਅਤੇ ਬਾਰਡਰ ਏਰੀਆ ਦੇ ਉਜੜੇ ਬੇਘਰ ਲੋਕਾਂ ਨੂੰ ਮੁੜ ਵਸਾਉਣ ਦਾ ਇੰਤਜ਼ਾਮ ਕਰਨਾ ਇਹ ਸਭ ਸਰਕਾਰ ਦੇ ਬੜੇ ਸਿਫਤ ਭਰਪੂਰ ਤੇ ਬੜੇ ਨਿੱਗਰ ਕਦਮ ਹਨ । ਕੋਈ ਅੱਖਾਂ ਬੰਦ ਕਰਕੇ ਕੁਝ ਕਹੀ ਜਾਵੇ ਤਾਂ ਹੋਰ ਗੱਲ ਹੈ।

ਇਸ ਤੋਂ ਅੱਗੇ ਐਗਰੀਕਲਚਰ ਦੇ ਖੇਤਰ ਵਿਚ ਗਵਰਨਰ ਸਾਹਿਬ ਨੇ ਜੋ ਆਪਣੇ ਭਾਸ਼ਣ ਵਿਚ ਦੱਸਿਆ ਹੈ, ਉਹ ਬੜਾ ਸ਼ੁਮਣੀ ਕਦਮ ਹੈ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਦੱਸਿਆ ਹੈ ਕਿ 58 ਲੱਖ ਟਨ ਗੰਦਮ ਦੇ ਟੀਚੇ ਨੂੰ ਪੂਰਾ ਕਰੋਨ ਲਈ 15 ਹਜ਼ਾਰ ਟਿਊਬਵੈੱਲ ਅਤੇ 15 ਹਜ਼ਾਰ ਸਟੈਂਡਬਾਈ ਡੀਜ਼ਲ ਸੈਟਸ ਦਾ ਭਾਰੀ ਇੰਤਜ਼ਾਮ ਕੀਤਾ ਗਿਆ ਹੈ । ਇਸ ਤੋਂ ਇਲਾਵਾ ਫਰਟੇਲਾਈਜ਼ਰਜ਼ ਵਾਸਤੇ ਬੜਾ ਚੰਗਾ ਕਦਮ ਚੁੱਕਿਆ ਹੈ। 30 ਕਰੋੜ ਰੁਪਏ ਦੀ ਫਰਟੇਲਾਈਜ਼ਰਜ਼, ਖਾਦ ਸਾਰੇ ਕਿਸਾਨਾਂ ਵਿਚ ਵੰਡੀ ਹੈ ਜਿਸ ਕਰਕੇ ਇਹ ਜਿਹੜਾ 58 ਲੱਖ ਟਨ ਦਾ ਟੀਚਾ ਹੈ, ਉਹ ਪੂਰਾ ਹੋਵੇਗਾ। ਇਹ ਜਿਹੜਾ ਗਵਰਨਰ ਸਾਹਿਬ ਦਾ 25 ਪੈਰਿਆਂ ਦਾ ਭਾਸ਼ਣ ਹੈ ਇਸ ਦੇ ਵਿਚ ਹੋਰਨਾਂ ਗੱਲਾਂ ਦੇ ਇਲਾਵਾ ਐਜੂਕੇਸ਼ਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਖੇਤਰ ਵਿਚ ਬੜਾ ਸ਼ਲਾਘਾਯੋਗ ਕੰਮ ਹੋਇਆ ਹੈ। One teacher school and two teachers school ਚਾਲੂ ਕੀਤੇ ਗਏ ਅਤੇ ਇਸ ਤਰ੍ਹਾਂ 9 ਹਜ਼ਾਰ ਦੇ ਕਰੀਬ ਕਰੀਬ ਨਵੇਂ ਜੇ.ਬੀ.ਟੀ. ਅਤੇ ਬੀ. ਐਡ. ਆਦਿ ਟੀਚਰਾਂ ਨੂੰ ਇੰਪਲਾਇਮੈਂਟ ਮਿਲੀ ਹੈ। ਪ੍ਰਾਈਵੇਟ ਪ੍ਰਬੰਧ ਅਧੀਨ ਸਕੂਲਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦੀ ਬਿਹਤਰੀ ਲਈ ਉਨ੍ਹਾਂ ਦੀਆਂ ਤਨਖਾਹਾਂ ਉਤੇ ਹੁੰਦੇ ਖਰਚ ਦੇ 95 ਫੀ ਸਦੀ ਘਾਟੇ ਨੂੰ ਪੂਰਾ ਕਰਨ ਦਾ ਫੈਸਲਾ ਕੀਤਾ ਹੈ। ਪ੍ਰੋਫੈਸਰਾਂ ਦੀ ਐਜੀਟੇਸ਼ਨ ਚੱਲੀ ਜਿਸ ਦਾ ਜ਼ਿਕਰ ਇਥੇ ਕਾਮਰੇਡ ਨੇ ਕੀਤਾ ਹੈ। 18 ਲੱਖ ਰੁਪਿਆ ਸਰਕਾਰ ਨੇ ਉਸ ਦੇ ਵਿਚ ਵੀ ਅੱਗੇ ਨਾਲੋਂ ਵੱਧ ਹਿੱਸਾ ਪਾਇਆ ਹੈ ਤਾਂਕਿ ਸਾਰੇ ਪਰਦੇਸ਼ ਦੇ ਜੋ ਪ੍ਰੋਫੈਸਰ ਹਨ ਉਨ੍ਹਾਂ ਦੀ ਪੂਰੀ ਸੰਤੁਸ਼ਟਤਾ ਹੋ ਸਕੇ ਅਤੇ ਉਨ੍ਹਾਂ ਦੀ ਪੂਰੀ ਤਸੱਲੀ ਹੋਵੇ। ਇਹ ਕੋਈ ਘੱਟ ਸ਼ਲਾਘਾ ਯੋਗ ਕਦਮ ਨਹੀਂ ਹੈ। ਇਸੇ ਤਰ੍ਹਾਂ ਐਗਰੀਕਲਚਰ ਡੀਪਾਰਟਮੈਂਟ ਨੇ ਆਪਣਾ ਅਗਲਾ ਟੀਚਾ 82 ਲੱਖ ਟਨ ਦਾ ਰਖਿਆ ਹੈ, ਇਹ ਵੀ ਇਕ ਬੜੀ ਅੱਛੀ ਤੇ ਅਮੁੱਲੀ ਗੱਲ ਹੈ। ਇਸ ਦੇ ਨਾਲ ਹੀ ਨਾਲ ਚੰਗੇ ਬੀਜ ਪੈਦਾ ਕਰਨ ਵਾਸਤੇ ਬੜਾ ਚੰਗਾ ਕਦਮ ਚੁਕਿਆ ਹੈ।

ਇੰਡਸਟਰੀ ਦੇ ਮੈਦਾਨ ਵਿਚ ਬੜਾ ਸੁਚੱਜਾ ਤੇ ਪ੍ਰਯੋਗ ਕੰਮ ਕੀਤਾ ਹੈ। ਭਾਰਤ ਸਰਕਾਰ ਤੋਂ ਪਰਵਾਨ ਹੋਏ 18 ਪ੍ਰਾਜੈਕਟਾਂ ਵਿਚੋਂ ਲਗ ਭਗ 11 ਕਰੋੜ ਰੁਪਏ ਦੀ ਲਾਗਤ ਦੇ 5 ਪ੍ਰਾਜੈਕਟ ਸਾਲ 1973 ਵਿਚ ਆਪਣੀ ਪੈਦਾਵਾਰ ਸ਼ੁਰੂ ਕਰ ਦੇਣਗੇ। ਮੈਂ ਪੰਜਾਬ ਸਰਕਾਰ ਨੂੰ Industrial Development Corporation ਦੇ ਇਸ initiative ਲਈ ਵਧਾਈ ਦਿੰਦਾ ਹਾਂ ਅਤੇ Director ਅਤੇ ਹੋਰ ਅਫਸਰਾਂ ਦੀ ਸੁਚੱਜੀ ਚੋਣ ਤੇ ਨਿਗਰਾਨੀ ਲਈ ਸਰਕਾਰ ਦੇ ਪੰਜਾਬ ਤੇ ਕੀਤੇ ਅਹਿਸਾਨ ਦੀ ਪ੍ਰਸ਼ੰਸਾ ਕਰੋਦਾ ਹਾਂ। Joint Sector ਉਦਯੋਗ ਦੇ ਕਾਰਜ ਨੂੰ ਇਸ ਅਦਾਰੇ ਨੇ ਚੰਗੇ ਚੱਪੂ ਲਾਏ ਹਨ। Joint Sector ਇਕ ਅਹਿਮ ਪੜਾ ਹੈ। Public Sector ਦੇ ਰਾਜ ਵਿਚ ਸ੍ਰੀ ਡਾਂਗ ਆਨਰੇਬਲ ਮੈਂਬਰ ਨੇ Joint Sector ਨੂੰ condemn ਕੀਤਾ ਹੈ। ਇਕ policy ਬਣਾਉਣਾ

Original with;
Punjab Vidhan Sabha
Digitized by;
Panjab Digital Library

ਅਦਾਰੇ ਦਾ ਕੰਮ ਨਹੀਂ ਹੈ, ਇਸ ਅਦਾਰੇ ਨੇ ਤਾਂ ਸਰਕਾਰੀ ਪਾਲਿਸੀ ਨੂੰ ਮੁੱਖ ਰਖਦਿਆਂ ਬਹੁਤ ਵਡੀ achievement ਕੀਤੀ ਹੈ ਜੋ ਵਧਾਈ ਦਾ ਰਿਣੀ ਹੈ ਤੇ ਇਹ ਕੋਈ ਘੱਟ ਕੰਮ ਨਹੀ ਹੈ। ਇਸ ਦੇ ਨਾਲ ਨਾਲ ਮੈਂ ਇਹ ਵੀ ਜ਼ਿਕਰ ਕਰਦਾ ਹਾਂ ਕਿ ਜੋ ਮੁਲਾਜ਼ਮਾਂ ਦੀ ਐਜੀਟੇਸ਼ਨ ਸਾਹਮਣੇ ਆਈ, ਉਸ ਸਬੰਧ ਵਿਚ ਸੀ. ਐਮ. ਸਾਹਿਬ ਅਤੇ ਪੰਜਾਬ ਸਰਕਾਰ ਨੇ ਜੋ ਕੰਮ ਕੀਤਾ, ਉਸ ਦੀ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। ਸੈਂਟਰ ਦੇ ਬਰਾਬਰ ਉਨ੍ਹਾਂ ਨੂੰ ਐਡਹਾਕ relief ਦਿੱਤੀ ਗਈ। ਇਸ ਨਾਲ 9 ਕਰੋੜ ਰੁਪਿਆ ਬੱਜਟ ਤੇ ਬੋਝ ਪਿਆ। ਇਹ ਐਡਹਾਕ ਰਿਲੀਫ ਦੇਣਾ ਇਸੀ ਸਰਕਾਰ ਦਾ ਕੰਮ ਸੀ। ਸਾਰਿਆਂ ਮੁਲਾਜ਼ਮਾਂ ਨੂੰ ਐਡਹਾਕ ਰਿਲੀਫ ਦੇ ਕੇ ਉਨ੍ਹਾਂ ਨੂੰ ਸੰਤੁਸ਼ਟ ਤੇ ਸ਼ਾਂਤ ਕੀਤਾ। ਇਥੇ ਹੀ ਬੱਸ ਨਹੀਂ ਹੋਰ ਵੀ ਕਈ ਕਦਮ ਜਾਂ ਸਟੈਪਸ ਐਸੇ ਹਨ ਜੋ appreciation ਦੇ ਮੁਤਾਜ ਹਨ। ਜਿੰਨਾ ਚਿਰ ਅਕਾਲੀ ਇਥੇ ਰਹੇ, ਕੈਰੋਂ ਦੇ ਵੇਲੇ ਤੋਂ ਬਾਅਦ ਇਥੇ ਨਾਂ ਤਾਂ ਪੰਚਾਇਤਾਂ ਦੇ ਅਲੈਕਸ਼ਨ ਅਤੇ ਨਾ ਹੀ ਮਿਉਂਸੀ-ਪਲਟੀਆਂ ਦੇ ਇਲੈਕਸ਼ਨਾਂ ਵਲ ਕਿਸੇ ਨੇ ਧਿਆਨ ਦਿੱਤਾ। ਪਰ ਇਸ ਸਰਕਾਰ ਨੇ ਇਸ ਪਾਸੇ ਧਿਆਨ ਦਿੱਤਾ, ਉਨ੍ਹਾਂ ਦੀ ਅਲੈਕਸ਼ਨ ਕਾਰਵਾਈ। ਇਹ ਸਰਕਾਰ ਦਾ ਮੁੱਢਲਾ ਤੇ Bold ਸਟੈਪ ਹੈ। ਇਸ ਸਰਕਾਰ ਨੇ ਇਹ ਨਹੀਂ ਸੋਚਿਆ ਕਿ ਅਲੈਕਸ਼ਨਾਂ ਵਿਚ ਭਾਵੇਂ ਕੋਈ ਅੱਗੇ ਆ ਜਾਵੇ, ਬਲਾਕ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੇ ਅਲੈਕਸ਼ਨਾਂ ਆਦਿ ਵਿਚ ਸਾਰਿਆਂ ਨੂੰ ਪੂਰਾ ਜ਼ੋਰ ਲਾਉਣ ਦਾ ਪੂਰਾ ਪੂਰਾ ਚਾਂਸ ਹੈ। ਇਸ ਲਈ ਇਹ ਸਰਕਾਰ ਦੇ ਸਾਰੇ ਐਸੇ ਕਦਮ ਹਨ ਜਿਹੜੇ ਬੜੇ ਦਲੇਰਾਨਾ democratic ਤੇ ਲੋਕ ਹਿਤਾਂ ਵਿਚ ਹਨ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਤੋਂ ਬਾਅਦ ਮੈਂ ਲੇਬਰ ਬੋਰਡ ਵੱਲ ਆਉਂਦਾ ਹਾਂ। ਲੇਬਰ ਬੋਰਡ ਵੱਲ ਸਰਕਾਰ ਨੇ ਧਿਆਨ ਦਿੱਤਾ ਹੈ। ਲੇਬਰ ਦੀ 25 ਪ੍ਰਤੀਸ਼ਤ ਦੀ ਵੇਜਜ਼ ਦੀ ਜੋ ਟਰਮ ਸੀ, ਉਸ ਨੂੰ 50 ਪ੍ਰਤੀਸ਼ਤ ਕਰ ਦਿਤਾ ਹੈ ਅਰਥਾਤ ਉਸ ਨੂੰ ਦੁਗਣਾ ਕਰ ਦਿਤਾ ਹੈ। Finance and Labour Minister ਸ਼੍ਰੀ ਸ਼ਰਮਾ ਜੀ ਮੁਬਾਰਬ ਦੇ ਮੁਸਤਰਿਕ ਹਨ। ਇਸ ਤਰਾਂ ਮੈਡੀਕਲ ਫੈਸਿਲਿਟੀਜ਼ ਦੇ ਬਾਰੇ ਦਸਣਾ ਚਾਹੁੰਦਾ ਹਾਂ। ਹਰ ਤਹਿਸੀਲ ਲੈਵਲ ਤੇ ਹਸਪਤਾਲ ਦਾ double ਕਰਨਾ ਤੇ ਜ਼ਿਲ੍ਹਾ ਲੈਵਲ ਤੇ 100 ਬੈਡਾਂ ਦੇ ਹਸਪਤਾਲਾਂ ਨਾਲ ਮੈਡੀਕਲ ਫੈਸਿਲਟੀਜ਼ ਦਾ ਪ੍ਰਬੰਧ ਕੀਤਾ ਗਿਆ ਹੈ। ਪਿੰਡ ਪਿੰਡ ਵਿਚ ਹਸਪਤਾਲ ਦਾ ਪ੍ਰੋਗਰਾਮ ਇਸ ਸਰਕਾਰ ਨੇ ਕੀਤਾ ਹੈ, ਇਹ ਇਕ ਬੜਾ ਚੰਗਾ ਪ੍ਰੋਗਰਾਮ ਹੈ। ਫੂਲ ਸਟੇਟ ਟ੍ਰੇਡਿੰਗ ਇਕ ਮਹਾਨ ਕਦਮ ਹੈ, ਸਰਕਾਰ ਦਾ ਇਸ ਨਾਲ ਅਨਾਜ ਦੀਆਂ ਕੀਮਤਾਂ ਤੇ ਬਹੁਤ ਨਿਗਾਹ ਤੇ ਚੰਗਾ ਅਸਰ ਪਵੇਗਾ। procurement price ਤੇ retail sale price ਵਿਚ ਬਹੁਤ ਅੰਤਰ ਨਹੀਂ ਹੋ ਸਕੇਗਾ। ਮਿਡਲਮੈਨ ਦਾ profit ਮੁਕੇਗਾ। ਇਸ ਵਿਚੋਂ 60 ਪ੍ਰਤੀਸ਼ਤ ਅਨਾਜ ਅਸੀਂ ਸਾਰੇ ਭਾਰਤ ਨੂੰ ਦੇ ਕੇ ਪੂਰੀ ਦੀ ਪੂਰੀ nation ਤੇ ਅਹਿਸਾਨ ਕਰਾਂਗੇ। ਇਸ ਦੇ ਵਿਚ ਦਿਕਤਾਂ ਬਹੁਤ ਸਾਰੀਆਂ ਹਨ ਪਰ ਇਨ੍ਹਾਂ ਦੇ ਬਾਵਜੂਦ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨਾ ਇਕ ਮਹਾਨ ਕੰਮ ਹੈ ਜੋ ਕਿ ਸਰਕਾਰ ਨੇ ਕੀਤਾ ਹੈ। ਲਿੰਕ ਰੋਡਜ਼ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡ ਪਿੰਡ ਨੂੰ ਸੜਕਾਂ ਨਾਲ ਜੋੜਨਾ, ਗੋਬਿੰਦ ਮਾਰਗ ਤੇ 2 ਕਰੋੜ ਰੁਪਏ ਦਾ ਇਕ ਪੁਲ ਤਿਆਰ ਕੀਤਾ ਜਾਣਾ ਜਿਹੜਾ ਕਿ ਇਕ ਪਾਸੇ ਸ਼ਾਹਕੋਟ ਤੋਂ ਸ਼ੁਰੂ ਹੋਵੇਗਾ ਅਤੇ ਦੂਸਰੇ ਪਾਸੇ ਸਤਲੁਜ ਪਾਰ ਕਰਿਦਆਂ ਹੋਇਆਂ ਧਰਮਕੋਟ ਤਕ ਜਾਏਗਾ ਇਹ ਇਕ ਸ਼ੋਭਾ ਵਾਲੀ ਗਲ ਹੈ ਅਤੇ ਇਕ ਵੱਡਾ revolution ਹੈ ਅਜੋਕੇ democratic ਰਾਜ ਵਿਚ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰੇ ਮੇਰੇ ਵੀਰ ਕਹਿਣਗੇ ਕਿ ਇਸ ਭਾਸ਼ਣ ਦੀ ਨਿਰੀ ਤਾਰੀਫ ਹੀ ਕੀਤੀ ਹੋਈ ਹੈ ਅਤੇ ਇਸ ਦੀਆਂ ਕਮਜ਼ੋਰੀਆਂ ਵਲ ਨਜ਼ਰ ਨਹੀਂ ਮਾਰੀ ਗਈ। ਇਸ ਭਾਸ਼ਨ ਦੇ ਵਿਚ ਜੋ ਕਮਜ਼ੋਰੀ ਮੈਨੂੰ ਨਜ਼ਰ ਆਈ ਹੈ ਉਹ ਵੀ ਮੈਂ ਆਪ ਜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਵਿਲੋਂ]

ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। (ਵਿਘਨ) ਅੱਜ ਜਿਹੜੀ ਦਿਕਤ ਹੈ ਉਹ ਬਿਜਲੀ ਦੀ ਹੈ ਅਤੇ ਬਿਜਲੀ ਦੇ ਬਾਰੇ ਸਾਰੇ ਪਾਸੇ ਰੌਲਾ ਪਿਆ ਹੋਇਆ ਹੈ। ਕੁਝ ਬਿਜਲੀ ਕਈ ਖੂੰਜਿਆਂ ਖਰਲਿਆਂ ਤੋਂ ਕਲੰਜਕੇ ਤੇ ਪ੍ਰਾਪਤ ਕਰਕੇ ਇਸ ਮਸਲੇ ਨੂੰ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਸਾਰੇ ਯਤਨਾਂ ਦੇ ਬਾਵਜੂਦ ਜਿਤਨੀ ਬਿਜਲੀ ਇਕਠੀ ਹੋਈ ਹੈ ਉਸ ਦੇ ਨਾਲ ਸਾਰੀ ਕਮੀ ਪੂਰੀ ਨਹੀਂ ਹੁੰਦੀ। ਬੜੀ ਮੁਸ਼ਕਲ ਦੇ ਨਾਲ ਨੰਗਲ ਫਰਟੇਲਾਈਜ਼ਰ ਤੋਂ 30 ਮੈਗਾਵਾਟ ਬਿਜਲੀ ਮਿਲੀ ਹੈ। ਕੁਝ 50-51 ਮੈਗਾਵਾਟ ਦੇ ਕਰੀਬ ਬਿਜਲੀ ਪੁਰਾਣੇ ਜੈਨਰੇਟਰਾਂ ਨੂੰ ਚਾਲੂ ਕਰਕੇ ਪੈਦਾ ਕੀਤੀ ਗਈ ਹੈ। ਪਰ ਇਹ ਤਕਰੀਬਨ 100 ਮੈਗਾਵਾਟ ਬਿਜਲੀ ਪੈਦਾ ਹੋ ਜਾਣ ਨਾਲ ਸਾਡੀ ਸਾਰੀ ਕਮੀ ਪੂਰੀ ਨਹੀਂ ਹੁੰਦੀ। ਅਜੇ ਬਹੁਤ ਬਿਜਲੀ ਦੀ ਘਾਟ ਹੈ ਜਦ ਕਿ ਹੁਣ ਪੌਣੇ ਨੌ ਸੌ ਦੇ ਕਰੀਬ ਨਵੇਂ ਛੋਟੇ ਯੂਨਿਟ ਹੋਰ ਅਤੇ 50 ਦੇ ਕਰੀਬ ਮੀਡੀਅਮ ਇੰਡਸਟਰੀਜ਼ ਯੂਨਿਟ ਅਤੇ ਕੁਝ ਵਡੇ ਇੰਡਸਟਰੀਅਲ ਯੂਨਿਟ ਲਗੇ ਹਨ ਅਤੇ ਪੰਜ ਫੋਕਲ ਪੁਆਇੰਟ ਵੀ ਕਾਇਮ ਕੀਤੇ ਹਨ। ਇਸ ਵੇਲੇ ਇੰਡਸਟਰੀਜ਼ ਵਾਲਿਆਂ ਨੂੰ ਬਿਜਲੀ ਦੀ ਬੜੀ ਕਮੀ ਹੈ। ਕੁਝ ਰਾ-ਮੈਟੀਰੀਅਲ ਦੀ ਵਜਾ ਕਰਕੇ ਅਤੇ ਕੁਝ ਬਿਜਲੀ ਦੀ ਕਮੀ ਕਰਕੇ ਕਾਰਖਾਨੇ ਬੰਦ ਹੋ ਗਏ ਹਨ। ਛੋਟੇ ਅਤੇ ਵਡੇ ਯੂਨਿਟਸ ਨੂੰ ਬਿਜਲੀ ਦੀ ਕਮੀ ਹੋਣ ਕਰਕੇ ਨੁਕਸਾਨ ਉਠਾਉਣਾ ਪੈ ਰਿਹਾ ਹੈ ਅਤੇ ਇਹ ਤਕਰੀਬਨ 12 ਕਰੋੜ ਰੁਪਏ ਮਹੀਨੇ ਦਾ ਲਾਸ ਹੈ। ਜਿਥੇ ਸਾਲ ਦਾ ਤਕਰੀਬਨ 100-150 ਕਰੋੜ ਰੁਪਏ ਦਾ ਲਾਸ ਹੋਵੇ ਤਾਂ ਉਥੇ ਮੈਂ ਸਮਝਦਾ ਹਾਂ ਕਿ ਇਸ ਨੂੰ ਪੂਰਾ ਕਰਨ ਦੇ ਲਈ ਸਭ ਤੋਂ ਵੱਧ ਬੱਜਟ ਸਰਕਾਰ ਨੂੰ ਇਸ ਬਿਜਲੀ ਦੇ ਪਾਸੇ ਵਲ ਲਾ ਦੇਣਾ ਚਾਹੀਦਾ ਹੈ। ਇਹ ਜਿਹੜਾ ਬਿਜਲੀ ਦੀ ਵਜਾ ਕਰਕੇ ਨੁਕਸਾਨ ਹੋ ਰਿਹਾ ਹੈ ਉਸ ਬਿਜਲੀ ਦੀ ਕਮੀ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਆਪਣਾ ਪੂਰਾ ਯਤਨ ਕਰਨਾ ਚਾਹੀਦਾ ਹੈ ਅਤੇ ਬੱਜਟ ਦਾ ਜ਼ਿਆਦਾ ਹਿਸਾ ਇਸ ਦੇ ਪੈਦਾ ਕਰਨ ਦੇ ਜ਼ਰਾਇਆਂ ਤੇ ਖਰਚ ਕਰਕੇ ਇਸ ਕਮੀ ਨੂੰ ਪੂਰਾ ਕਰਨਾ ਹੈ। ਇਸ ਵੇਲੇ ਬਿਜਲੀ ਇਕ ਐਸਾ ਧੁਰਾ ਹੈ ਜਿਸ ਦੇ ਦੁਆਲੇ ਇਸ ਵਕਤ ਸਾਡੀ ਸਾਰੀ ਇੰਡਸਟਰੀ ਅਤੇ ਐਗਰੀਕਲਚਰ ਘੁੰਮ ਰਹੀ ਹੈ ਅਤੇ ਇਨਾਂ ਦੋਨਾਂ ਚੀਜ਼ਾਂ ਨੂੰ ਜ਼ਿੰਦਾ ਰਖਦੀ ਹੈ। ਜੇ ਇੰਡਸਟਰੀ ਨੂੰ ਅਤੇ ਐਗਰੀਕਲਚਰ ਨੂੰ ਅਗੇ ਲਿਜਾਣਾ ਹੈ ਤਾਂ ਬਿਜਲੀ ਦੀ ਕਮੀ ਨੂੰ ਪੂਰਾ ਕਰਨਾ ਪਵੇਗਾ। ਇਸ ਲਈ ਮੈਂ National growth rate ਤੇ ਜੋ ਭਾਸ਼ਣ ਵਿਚ $2\frac{1}{2}$% ਦਾ ਪੰਜਾਬ State ਵਿਚ ਵਾਧਾ ਦਸਿਆ ਹੈ, ਉਸ ਨੂੰ ਕੇਵਲ ਇਕ adjective ਹੀ ਸਮਝਦਾ ਹਾਂ, ਅਤੇ ਇਹ ਵੀ ਮਹਿਸੂਸ ਕਰਦਾ ਹਾਂ ਕਿ ਜੋ ਪਹਿਲੇ Industrial unit ਬਿਜਲੀ ਦੀ ਥੁੜ ਕਾਰਨ ਪ੍ਰਫੁਲਤ ਨਹੀਂ ਹਨ ਤਾਂ ਨਵੇਂ registered ਭੀ ਕੇਵਲ ਇਕ ਖੁਸ਼ ਫਹਿਮੀ ਤੇ ਨਿਰੀ ਵਿਕਰੇ ਬਾਜ਼ੀ ਹੈ। Focal Points ਦਾ ਜ਼ਿਕਰ ਵੀ ਕੇਵਲ adjective ਹੀ ਨਜ਼ਰ ਆਉਂਦਾ ਹੈ। ਕਿਉਂਕਿ ਖੋਜ ਭਾਲ ਦਸਦੀ ਹੈ ਕਿ ਕਿਸੇ ਇਕ ਵਿਅਕਤੀ ਨੂੰ ਭੀ ਅਜੇ ਤਕ focal points ਦਾ ਕੋਈ ਲਾਭ ਨਹੀਂ ਪੁਜਾ। ਫਿਰ ਇਸ ਐਡਰੈਸ ਦੇ ਵਿਚ ਜਿਹੜਾ ਇਹ ਜ਼ਿਕਰ ਕੀਤਾ ਗਿਆ ਹੈ ਕਿ ਜਿਹੜੇ ਇੰਡਸਟਰੀਅ ਲਿਸਟਸ ਹਨ ਉਨਾਂ ਨੂੰ 20% ਸਬਸਿਡੀ ਦੇ ਕੇ ਜੈਨਰੇਟਰਜ਼ ਵਾਸਤੇ ਲੋਨ ਦਿਤਾ ਜਾਵੇਗਾ, ਇਸ ਦੇ ਵਿਚ ਕੋਈ ਕਲੀਅਰ ਗਲ ਨਜ਼ਰ ਨਹੀਂ ਆਈ। ਸਰਕਾਰ ਇਸ ਗਲ ਨੂੰ ਕਲੀਅਰ ਕਰੇ ਕਿ ਕਿਹੜੀ ਫਾਇਨੈਂਸ ਕਾਰਪੋਰੇਸ਼ਨ ਹੈ, ਕਿਹੜਾ ਆਦਾਰਾ ਹੈ ਜਾਂ ਕਿਹੜੇ ਬੈਂਕ ਹਨ ਜਿਨ੍ਹਾਂ ਕੋਲੋਂ ਉਨ੍ਹਾਂ ਨੂੰ ਕਰਜ਼ਾ ਮਿਲੇਗਾ। ਕਿਥੇ ਉਹ ਆਪਣੀਆਂ ਐਪਲੀਕੇਸ਼ਨਾਂ ਦੇਣ ਅਤੇ ਉਸ ਦੇ ਵਾਸਤੇ ਕੀ ਪਰੋਸੀਜਰ ਹੈ ਜਿਸ ਪਰੋਸੀਜਰ ਦੇ ਰਾਹੀਂ ਉਹ ਆਪਣੀਆਂ ਐਪਲੀਕੇਸ਼ਨਾਂ ਦੇ ਸਕਣ ਅਤੇ ਇਸ ਸਕੀਮ ਦਾ ਫਾਇਦਾ ਉਠਾ ਕੇ ਜੈਨਰੇਟਰਜ਼ ਲਗਾ ਸਕਣ। ਇਹ ਸਾਰੀ ਗਲ ਇਸ ਭਾਸ਼ਨ ਵਿਚ ਚੰਗੀ ਤਰਾਂ ਸਮਝ ਨਹੀਂ ਆਈ ਅਤੇ ਸਰਕਾਰ ਦੇ ਸਪਸ਼ਟੀਕਰਨ ਤੇ ਕਲੀਅਰ ਕਰਨ ਵਾਲੀ ਗਲ ਹੈ। 1973-74 ਵਿਚ 237 ਮੈਗਾਵਾਟ ਬਿਜਲੀ ਦੀ ਉਪਜ ਦਾ ਕੋਈ ਸੋਮਾ ਨਹੀਂ ਦਸਿਆ ਗਿਆ। ਇਹ ਭੀ ਨਿਰਾ ਇਕ ਸਜਾਵਟ-ਦਾਰ ਵਿਕਰਾ ਹੈ। Bhatinda Thermal Plant ਦੇ ਕੰਮ acceleration ਭੀ

Original with;
Punjab Vidhan Sabha
Digitized by;
Panjab Digital Library

ਨਿਰੀ ਦਿਲ ਨੂੰ ਖੁਸ਼ ਕਰਨ ਵਾਲੀ ਗਲ ਹੈ। ਕਿਉਂਕਿ ਮੇਰੇ ਵਿਚਾਰ ਵਿਚ ਉਹ ਅਜੇ ਕਈ ਵਰ੍ਹੇ ਚਾਲੂ ਨਹੀਂ ਹੋ ਸਕੇਗਾ। ਇਹ paragraphs ਕੇਵਲ ਭਾਸ਼ਣ ਨੂੰ ਸੁੰਦਰ ਬਣਾਉਣ ਅਤੇ ਦਰਸਾਉਣ ਲਈ ਲਿਖ ਦਿਤੇ ਗਏ ਹਨ। ਜਿਵੇਂ ਕੋਈ ਬਦਸੂਰਤ ਔਰਤ ਸੁਰਖੀ ਪਾਊਡਰ ਲਾ ਲਵੇ ਅਤੇ shirt ਤੇ ਸੋਨੀ ਦੀ ਜੀਸੀ ਤੇ ਬਟਨ ਲਾ ਲਵੇ ਤਾਂ ਕਿ ਉਸ ਦਾ ਕੋਹਜ਼ ਨਜ਼ਰ ਨਾ ਆਵੇ ।

ਇਸ ਦੇ ਨਾਲ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗਲ ਵਲ ਵੀ ਆਪ ਦਾ ਧਿਆਨ ਲਿਜਾਣਾ ਚਾਹੁੰਦਾ ਹਾਂ ਜਿਸ ਦੇ ਬਾਰੇ ਕਿ ਬਹੁਤ ਸਾਰੇ ਮੇਰੇ ਦੋਸਤਾਂ ਵਲੋਂ ਰੌਲਾ ਪਿਆ ਹੈ ਅਤੇ ਉਹ ਹੈ ਲਾਅ ਐਂਡ ਆਰਡਰ। ਲਾਅ ਐਂਡ ਆਰਡਰ ਦੀ ਦਿਲ ਭਲੀ ਭਾਂਤ ਮੰਨੀ ਜਾ ਸਕਦੀ ਹੈ। ਜਿਥੇ ਸਾਡੇ ਮੁਲਕ ਵਿਚ ਇਸ ਵੇਲੇ ਸੜਕਾਂ ਦਾ ਵਾਧਾ ਹੋਇਆ ਹੈ, ਪੁਲਾਂ ਦਾ ਵਾਧਾ ਹੋਇਆ ਹੈ, ਐਜੂਕੇਸ਼ਨ ਵਿਚ ਵਾਧਾ ਹੋਇਆ ਹੈ, ਡਿਵੈਲਪਮੈਂਟ ਦੇ ਕੰਮਾਂ ਵਿਚ ਵਾਧਾ ਹੋਇਆ ਹੈ ਅਤੇ ਨਾਲ ਦੀ ਨਾਲ ਪਾਪੂਲੇਸ਼ਨ ਵਿਚ ਵੀ ਵਾਧਾ ਹੋਇਆ ਹੈ, ਉਥੇ ਢਿਲੀਆਂ ਰੁਚੀਆਂ ਦੇ ਪੂਰੇ ਕੰਟਰੋਲ ਲਈ police ਵਿਚ ਭੀ ਵਾਧੇ ਦੀ ਲੋੜ ਹੈ। ਇਸ ਲਾਅ ਐਂਡ ਆਰਡਰ ਦੇ ਬਾਰੇ ਵਿਚ ਮੈਂ ਇਕ ਗਲ ਦਸਣੀ ਚਾਹੁੰਦਾ ਹਾਂ ਜਿਹੜੀ ਕਿ ਮੁਖ ਰਖਣੀ ਜ਼ਰੂਰੀ ਹੈ। ਅੱਜ ਤੋਂ ਤਕਰੀਬਨ 50 ਸਾਲ ਪਹਿਲਾਂ 1936 ਵਿਚ ਦੇਸ਼ ਦੇ ਅੰਦਰ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਸ ਵੇਲੇ ਪੁਲਿਸ ਰੂਲਜ਼ ਬਣੇ ਸਨ, ਪੁਲਿਸ ਮੈਨੂਅਲ ਬਣਿਆ ਸੀ। ਉਸ ਦੇ ਵਿਚ ਲਿਖਿਆ ਹੋਇਆ ਹੈ ਕਿ ਜੇ ਕਿਸੀ ਸ਼ਹਿਰ ਦੇ ਵਿਚ ਪੁਲਿਸ ਸਟੇਸ਼ਨ ਬਣਨਾ ਹੈ ਤਾਂ ਉਥੇ ਸਾਢੇ ਚਾਰ ਸੌ ਆਦਮੀਆਂ ਮਗਰ ਇਕ ਕਨਸਟੇਬਲ ਹੋਣਾ ਚਾਹੀਦਾ ਹੈ। ਇਸ ਹਿਸਾਬ ਨਾਲ ਮੈਂ ਆਪਣੇ ਕਪੂਰਥਲੇ ਦੀ ਗਲ ਦਸਣਾ ਚਾਹੁੰਦਾ ਹਾਂ ਕਿ 40 ਹਜ਼ਾਰ ਦੇ ਕਰੀਬ ਇਸ ਵੇਲੇ ਕਪੂਰਥਲੇ ਦੀ ਆਬਾਦੀ ਹੈ ਅਤੇ ਜੇ 450 ਦੇ ਮਗਰ ਇਕ ਕਨਸਟੇਬਲ ਰਖਣ ਵਾਲੀ ਗਲ ਨੂੰ ਲਿਆ ਜਾਵੇ ਤਾਂ ਇਸ ਨਾਲ ਤਕਰੀਬਨ 80 ਕਨਸਟੇਬਲ ਕਪੂਰਥਲੇ ਵਿਚ ਬਣਦੇ ਹਨ ਪਰ ਇਸ ਵਕਤ ਸਿਪਾਹੀ ਕੇਵਲ ਕੁਤਵਾਲੀ ਵਿਚ 12 ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਅੰਦਾਜ਼ਾ ਲਗਾਓ ਕਿ ਜਿਥੇ 50 ਹਜ਼ਾਰ ਦੇ ਕਰੀਬ ਆਬਾਦੀ ਹੋਵੇ ਤਾਂ ਉਥੇ 12 ਸਿਪਾਹੀ ਤਾਂ ਸਿਰਫ ਟਰੈਫਿਕ ਨੂੰ ਕੰਟਰੋਲ ਕਰਨ ਵਾਸਤੇ ਹੀ ਚਾਹੀਦੇ ਹਨ। ਫਿਰ ਉਨ੍ਹਾਂ ਨੇ ਕੀ ਵਾਚ ਅਤੇ ਵਾਰਡ ਦਾ ਕੰਮ ਕਰਨਾ ਹੈ ਅਤੇ ਕਿਸ ਤਰਾਂ ਉਨ੍ਹਾਂ ਨੇ ਬਾਕੀ ਦੀਆਂ ਸਿਚੂਏਸ਼ਨਜ਼ ਨੂੰ ਕੰਟਰੋਲ ਕਰਨਾ ਹੈ। ਇਸੇ ਤਰ੍ਹਾਂ ਪਿੰਡਾਂ ਵਿਚ ਅਗਰ 75 ਕੇਸ ਇਕ ਥਾਣੇ ਵਿਚ ਸਾਲ ਵਿਚ ਰਜਿਸਟਰ ਹੋ ਜਾਣ ਤਾਂ 75 ਤੋਂ ਬਾਦ ਜਿੰਨੇ 50 ਕੇਸ ਵਧਣ ਉਨ੍ਹਾਂ ਦੇ ਪਿਛੇ ਇਕ ਏ. ਐਸ. ਆਈ. ਵਧਾਇਆ ਜਾਵੇ ਅਤੇ ਉਸ ਇਕ ਏ. ਐਸ. ਆਈ. ਦੇ ਨਾਲ 4 ਹੈਡ ਕਨਸਟੇਬਲ ਅਤੇ 15 ਕਨਸਟੇਬਲ ਦੀ ਤਾਦਾਦ ਵਧਾਈ ਜਾਵੇ। ਪਰ ਪੁਲਿਸ ਵਿਚ ਜਿਹੜੀ ਤਾਦਾਦ ਹੈ, ਉਨ੍ਹਾਂ ਦੀ ਜਿਹੜੀ strength ਹੈ ਉਸ ਦੇ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਉਸ ਸਟਰੈਂਥ ਨੂੰ ਸਪੀਡ ਦੇ ਨਾਲ ਨਹੀਂ ਵਧਾਇਆ ਗਿਆ। ਇਸ ਲਈ ਮੈਂ ਸਰਕਾਰ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਪੁਲਿਸ ਜਿਹੜੀ ਕਿ ਇਤਨੀ ਘਟ ਤੇ ਥੋੜ੍ਹੀ strength ਵਿਚ ਕੰਮ ਕਰ ਰਹੀ ਹੈ ਉਹ ਬਹੁਤ ਚੰਗਾ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਦਾ ਕੰਮ ਬੜਾ ਕਾਬਲੇ ਤਾਰੀਫ ਹੈ। ਇਹ ਕੰਮ ਕਾਬਲੇ ਤਾਰੀਫ ਇਸ ਲਈ ਮੈਂ ਕਿਹਾ ਹੈ ਕਿ ਉਨ੍ਹਾਂ ਦਾ ਨੰਬਰ ਭੀ ਘੱਟ ਹੈ, ਤੇ mobility ਭੀ nil ਦੇ ਬਰਾਬਰ ਤੇ ਕੰਮ ਤੇ ਜ਼ਿੰਮੇਵਾਰੀਆਂ ਉਹਨਾਂ ਤੇ donkey load ਦੇ ਬਰਾਬਰ ਹਨ। ਇਨ੍ਹਾਂ ਗਲਾਂ ਦੇ ਬਾਵਜੂਦ ਜੋ ਉਹ ਆਪਣੀ ਪੂਰੀ ਸ਼ਕਤੀ ਨਾਲ ਕੰਮ ਕਰ ਰਹੇ ਹਨ ਉਹ, ਬੜਾ ਪ੍ਰਸ਼ੰਸਾ ਯੋਗ ਹੈ। ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ strength ਨੂੰ ਵਧਾਇਆ ਜਾਵੇ। ਕਿਉਂਕਿ ਜਿਥੇ ਇਨਵੈਸਟੀਗੇਸ਼ਨ ਦੇ ਲਈ, ਵਾਚ ਐਂਡ ਵਾਰਡ ਦੇ ਲਈ ਅਤੇ ਐਕਸਾਈਜ਼ ਤੇ traffic ਆਦਿ ਦੇ ਲਈ ਇਕੋ ਪੁਲਿਸ ਫੋਰਸ ਹੋਵੇ ਅਤੇ ਉਨ੍ਹਾਂ ਦੀ ਵੀ strength ਘੱਟ ਹੋਵੇ ਤਾਂ ਇਸ ਤਰ੍ਹਾਂ ਦੀਆਂ ਗਲਾਂ ਦਾ ਹੋਣਾ ਜ਼ਰੂਰੀ ਹੈ ਅਤੇ Law and Order ਵਿਚ ਢਿਲ ਹੋਈ ਕੋਈ ਅਣਹੋਣੀ ਗਲ ਨਹੀਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਇਸ ਲਈ ਅਤੀ ਜ਼ਰੂਰੀ ਹੈ ਕਿ ਜ ਇਨਵੈਸਟੀਗੇਸ਼ਨ ਤੇ ਵਾਚ ਐਂਡ ਵਾਰਡ ਦੇ ਲਈ traffic C.I.D ਅਤੇ ਐਕਸਾਈਜ਼ ਵਾਲੀਆਂ ਬਰਾਂਚਾਂ ਨੂੰ ਜੁਦਾ ਕਰ ਦਿਤਾ ਜਾਵੇ ਤਾਂ ਇਹ ਇਕ ਚੰਗਾ ਕਦਮ ਹੋਵੇਗਾ। ਮੈਂ ਆਪਣਾ ਸੁਝਾਵ ਦਿੰਦਾ ਹੋਇਆ ਸਰਕਾਰ ਪਾਸ ਇਹ ਜ਼ੋਰਦਾਰ ਅਪੀਲ ਕਰਾਂਗਾ ਕਿ ਮਜ਼ਬੂਤੀ ਨਾਲ ਪੁਲਿਸ ਡਿਪਾਰਟਮੈਂਟ ਨੂੰ streamline ਕਰੇ ਅਤੇ ਇਸ ਨੂੰ ਮਜ਼ਬੂਤ ਕਰਨ ਲਈ ਆਪਣਾ ਧਿਆਨ ਦੇਵੇ। ਉਨ੍ਹਾਂ ਦੀ strength ਨੂੰ ਵਧਾਵੇ, ਸੈਕਸ਼ਨ ਵਖਰੇ ਕਰੇ, ਸੀਲੈਕਸ਼ਨ ਸਖਤ ਕਰੇ ਤੇ training ਆਧੁਨਿਕ ਤੇ modern ਕਰੇ ਇਸ ਨਾਲ ਜਿਹੜੀ Law and Order ਦੀ calamity ਹੈ ਉਸ ਦੇ ਵਿਚ ਬਹੁਤ ਬਚਾਓ ਹੋਵੇਗਾ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਪੁਆਇੰਟ ਹੋਰ ਕਹਿ ਕੇ ਆਪ ਪਾਸੋਂ ਖਿਮਾਂ ਚਾਹਵਾਂਗਾ। ਉਹ ਪੁਆਇੰਟ ਹੈ ਕੁਰਪੱਸ਼ਨ ਦੇ ਬਾਰੇ। ਗੁਰੂ ਨਾਨਕ ਸਾਹਿਬ ਅੱਜ ਤੋਂ 500 ਵਰ੍ਹੇ ਪਹਿਲਾਂ ਇਥੇ ਆਏ ਅਤੇ ਉਨ੍ਹਾਂ ਨੂੰ ਸਭ ਧਰਮਾਂ ਵਾਲੇ ਮੰਨਦੇ ਹਨ। ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀ ਉਸ ਵੇਲੇ ਦੀ ਹਾਲਤ ਨੂੰ, ਬਾਬਰਵਾਣੀ ਅਤੇ ਮੁਗਲਾਂ ਦੇ ਜ਼ੁਲਮਾਂ ਨੂੰ ਦਸਣ ਦੇ ਲਈ ਆਪਣੀ ਬਾਣੀ ਦੇ ਵਿਚ ਬਹੁਤ ਕੁਝ ਲਿਖਿਆ ਹੈ। ਇਸ ਗੁਰਬਾਣੀ ਦੀਆਂ ਤੁਕਾਂ ਵਿਚੋਂ ਇਕ ਤੁਕ ਉਨ੍ਹਾਂ ਨੇ ਕੁਰੱਪਸ਼ਨ ਦੇ ਸਬੰਧ ਵਿਚ ਵੀ ਕਹੀ ਹੈ ਅਤੇ ਉਹ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ।

'ਦਰਸ਼ਨ ਦੀਜੇ ਦਿਆ ਨਾ ਹੋਏ,
ਲਏ ਦੀਤੇ ਬਿਨ ਕਾਮ ਨਾ ਹੋਏ।'

ਇਹ ਜੋ ਤੁਕ ਅੱਜ ਤੋਂ 500 ਸੌ ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਬਾਬਰਵਾਣੀ ਨੂੰ ਨੰਗਿਆਂ ਕਰਨ ਲਈ ਉਚਾਰੀ ਹੈ, ਇਸ ਦਾ ਮਤਲਬ ਹੈ ਕਿ ਉਦੋਂ ਤੋਂ ਹੀ ਰਿਸ਼ਵਤ ਦਾ ਦੌਰ ਦੌਰਾ ਚਲ ਰਿਹਾ ਹੈ ਅਤੇ ਅੱਜ ਇਹ ਇਕ ਸਾਡੀ ਨੈਸ਼ਨਲ ਪਰਾਬਲਮ ਬਣ ਗਈ ਹੈ ਜੋ ਇਸ ਵੇਲੇ ਹਰ ਇਕ ਦੇ ਮਨ ਵਿਚ ਹੈ। ਇਸ ਕੁਰੱਪਸ਼ਨ ਨੂੰ ਇਕੱਲੀ ਰੂਲਿੰਗ ਪਾਰਟੀ ਹੀ ਨਹੀਂ ਘਟਾ ਸਕਦੀ। ਇਸ ਨੂੰ ਹਟਾਉਣ ਦੇ ਲਈ ਸਾਰੀਆਂ ਪਾਰਟੀਆਂ ਨੂੰ ਸਪੋਰਟ ਕਰਨੀ ਪਏਗੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਡੈਮੋਕਰੇਸੀ ਨੂੰ ਚਲਾਉਣ ਦੇ ਲਈ ਚਾਰ ਪਹੀਏ ਨਿਗਰ ਹੁੰਦੇ ਹਨ। ਜੇ ਉਨ੍ਹਾਂ ਚਾਰਾਂ ਪਹੀਆਂ ਵਿਚੋਂ ਇਕ ਵੀ ਖਰਾਬ ਹੋ ਜਾਵੇ, ਇਕ ਪਹੀਏ ਦਾ ਵੀ ਕੋਈ ਪੁਰਜ਼ਾ ਢਿਲਾ ਹੋ ਜਾਵੇ ਤਾਂ ਡੈਮੋਕਰੇਸੀ ਪੂਰੀ ਤਰ੍ਹਾਂ ਫੰਕਸ਼ਨ ਨਹੀਂ ਕਰ ਸਕਦੀ। ਇਹ ਪਹੀਏ ਹਨ ਡੈਮੋਕਰੈਸੀ ਦੇ ਵਿਚ ਕਲੀਨ ਐਡਮਨਿਸਟਰੇਸ਼ਨ, ਕਲੀਨ ਪੋਲੀਟੀਕਲ ਲਾਈਫ, ਰੂਲ ਆਫ਼ ਲਾਅ ਐਂਡ ਕਾਸਟਲੈਸ ਤੇ ਸਪੀਡੀ ਜਸਟਿਸ, ਇਨ੍ਹਾਂ ਪਹੀਆਂ ਵਿਚੋਂ ਜਦੋਂ ਕੋਈ ਵੀ ਪਹੀਆ ਕਮਜ਼ੋਰ ਹੋ ਜਾਵੇ ਤਾਂ ਡੈਮੋਕਰੈਸੀ ਕਮਜ਼ੋਰ ਹੋਵੇਗੀ ਅਤੇ ਡੀਵੈਲਪਮੈਂਟ ਦੇ ਪ੍ਰੋਗਰਾਮ, ਉਨਤੀ ਦੇ ਪ੍ਰੋਗਰਾਮ ਅਤੇ ਹੋਰ ਪਰੋਡਕਸ਼ਨ ਨੂੰ ਵਧਾਉਣ ਦੇ ਜੋ ਪ੍ਰੋਗਰਾਮ ਹਨ ਉਹ ਰਹਿ ਜਾਣਗੇ। ਇਨ੍ਹਾਂ ਗਲਾਂ ਵਲ ਜਿੰਨਾ ਇਥੇ ਗਿਆਨੀ ਜੀ ਅਤੇ ਉਨ੍ਹਾਂ ਦੀ ਸਰਕਾਰ ਧਿਆਨ ਦੇ ਰਹੀ ਹੈ ਉਹ ਪ੍ਰਸ਼ੰਸਾਯੋਗ ਹੈ। ਮੈਂ ਇਸ ਐਡਰੈਸ ਵਿਚ ਇਹ ਪੜ੍ਹਿਆ ਹੈ ਕਿ 100 ਤੋਂ ਵੱਧ ਗਜ਼ਟਿਡ ਅਤੇ ਨਾਨ-ਗਜ਼ਟਿਡ ਅਫ਼ਸਰਾਂ ਨੂੰ ਰਿਸ਼ਵਤ ਲੈਂਦਿਆਂ ਫੜਿਆ ਹੈ। 9 ਕੇਸ ਅਜਿਹੇ ਵੀ ਫੜੇ ਹਨ ਜਿਨ੍ਹਾਂ ਵਿਚ ਕਰਮਚਾਰੀਆਂ ਨੇ ਆਪਣੀ ਹੈਸੀਅਤ ਤੋਂ ਵੱਧ ਜਾਇਦਾਦਾਂ ਬਣਾਈਆਂ ਹਨ। 3 ਗਜ਼ਟਿਡ ਅਫ਼ਸਰਾਂ ਸਮੇਤ 47 ਸਰਕਾਰੀ ਕਰਮਚਾਰੀਆਂ ਨੂੰ ਕਾਨੂੰਨੀ ਅਦਾਲਤਾਂ ਵਿਚ ਭ੍ਰਿਸ਼ਟਾਚਾਰ ਲਈ ਸਜ਼ਾਵਾਂ ਦਿਤੀਆਂ ਗਈਆਂ ਹਨ ਅਤੇ ਇਨ੍ਹਾਂ ਤੋਂ ਇਲਾਵਾਂ 11 ਗਜ਼ਟਿਡ ਅਫ਼ਸਰਾਂ ਸਮੇਤ 49 ਸਰਕਾਰੀ ਕ੍ਰਮਚਾਰੀਆਂ ਨੂੰ ਵਿਭਾਗੀ ਕਾਰਵਾਈ ਦੇ ਆਧਾਰ ਤੇ ਸਜ਼ਾ ਦਿਤੀ ਗਈ ਹੈ। ਜਿਥੇ ਇਕ ਸਟੇਟ ਵਿਚ ਇਤਨੇ ਸਰਕਾਰੀ ਕਰਮਚਾਰੀਆਂ ਨੂੰ ਜਿਨ੍ਹਾਂ ਵਿਚ ਗਜ਼ਟਿਡ ਅਤੇ ਨਾਨ ਗਜ਼ਟਿਡ ਦੋਨੋਂ ਸ਼ਾਮਲ ਹਨ ਉਨ੍ਹਾਂ ਵਿਰੁਧ ਰਿਸ਼ਵਤ ਦੇ ਕੇਸਾਂ ਵਿਚ ਸਰਕਾਰ ਨੇ ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਹੋਣ ਤਾਂ ਫਿਰ ਕਿਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਰਿਸ਼ਵਤ ਦਿਨ ਬਦਿਨ ਵਧਦੀ ਜਾ ਰਹੀ ਹੈ। ਅਤੇ ਸਰਕਾਰ ਕੋਈ ਧਿਆਨ ਨਹੀਂ ਕਰ ਰਹੀ। ਮੈਂ ਸਮਝਦਾ ਹਾਂ ਕਿ ਇਹ

Original with;
Punjab Vidhan Sabha
Digitized by;
Panjab Digital Library

ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਕਿ ਇਤਨੀ ਜੁਰੱਅਤ ਦੇ ਨਾਲ ਰਿਸ਼ਵਤ ਨੂੰ ਖ਼ਤਮ ਕਰਨ ਲਈ ਕਦਮ ਚੁਕੇ ਹਨ ਅਤੇ ਕਰਮਚਾਰੀਆਂ ਨੂੰ ਸਜ਼ਾਵਾਂ ਦਿਤੀਆਂ ਹਨ ।

ਲਾਸਟ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗਲ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਉਹ ਹੈ ਅਕਾਲੀ ਪਾਰਟੀ ਦਾ ਪਾਕਿਸਤਾਨੀ ਜੰਗੀ ਕੈਦੀਆਂ ਬਾਰੇ ਰਿਹਾਈ ਦਾ **resolution,** ਜਥੇਦਾਰ ਬਖਸ਼ੀਸ਼ ਸਿੰਘ ਦੀ ਗਿਰਫਤਾਰੀ ਅਤੇ **Pakistani** ਬੰਦਿਆਂ ਦਾ ਸਾਡੇ **London High Commission** ਤੇ ਅਚਾਨਕ ਧਾਵਾ । ਉਹ ਬੜੀ ਭਿਆਨਕ ਗਲ ਹੋਈ ਹੈ ਦੁਨੀਆਂ ਵਿੱਚ ਜਿਸ ਤਰਾਂ ਅਸੀਂ ਸਵੇਰੇ ਸਵੇਰੇ ਅਖਬਾਰਾਂ ਵਿਚ ਪੜ੍ਹਿਆ ਕਿ 4 ਜਾਂ 5 ਬੁਰਕੇ ਵਾਲੇ ਇਨਸਾਨ ਹਿੰਦੁਸਤਾਨ ਦੇ ਹਾਈ ਕਮਿਸ਼ਨ ਲੰਦਨ ਵਿਚ ਜਾ ਵੜੇ, ਜਿਨ੍ਹਾਂ ਪਾਸ ਹਰ ਕਿਸਮ ਦੇ ਹਥਿਆਰ ਸਨ। ਸਾਰਾ ਸਟਾਫ਼ ਫਾਲਨ ਕਰ ਲਿਆ ਅਤੇ ਸਾਰਾ ਸਟਾਫ਼ ਡਰ ਗਿਆ ਅਤੇ ਉਸ ਸਟਾਫ਼ ਨੇ ਲੰਦਨ ਦੀ ਪੁਲੀਸ ਨੂੰ ਟੈਲੀਫੂਨ ਕੀਤਾ ਅਤੇ ਤਿੰਨ ਮਿੰਟਾਂ ਦੇ ਅੰਦਰ ਅੰਦਰ ਉਨ੍ਹਾਂ ਤੇ ਕਾਬੂ ਪਾਇਆ ਫਿਰ ਕਾਮਯਾਬ ਹੋ ਗਏ। ਉਹ ਬੁਰਕੇ ਵਾਲਿਆਂ ਦਾ ਨਾਅਰਾ ਇਹ ਸੀ ਕਿ ਪਾਕਿਸਤਾਨੀ ਜੰਗੀ ਕੈਦੀ ਰਿਹਾ ਕਰੋ। ਕਿੰਨੀ ਹੈਰਾਨ ਕੁਨ ਗਲ ਹੈ। ਇਹ ਨਾਅਰਾ ਪਾਕਿਸਤਾਨੀਆਂ ਦਾ ਅਜ ਦੀ ਅਕਾਲੀ ਪਾਰਟੀ ਦਾ ਬਣ ਗਿਆ ਹੈ ਮੈਂ ਅਕਾਲੀ ਪਾਰਟੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸ਼ਬਦ ਯਾਦ ਕਰਾਉਣਾ ਚਾਹੁੰਦਾ ਹਾਂ ਕਿ :

"ਪਾਪ ਦੀ ਜੰਜ ਲੈ ਕਾਬਲੋਂ ਧਾਇਆ
ਜ਼ੋਰੀ ਮੰਗੇ ਦਾਨ ਵੇ ਲਾਲੋ ।"

ਮੈਂ ਕਹਿੰਦਾ ਹਾਂ ਕਿ ਇਹ ਯਾਹੀਆ ਖਾਨ ਅਤੇ ਨਿਕਸਨ, ਜਿਨ੍ਹਾਂ ਨੇ ਭਾਰਤ ਅਤੇ ਵਿਅਤਨਾਮ ਵਿਚ ਜੰਗ ਲੜੀ, ਕੀ ਇਹ ਪਾਪ ਦੀ ਜੰਗ ਨਹੀਂ ਸਨ ਲਿਆਏ ? ਬਜਾਏ ਇਸ ਦੇ ਕਿ ਅਸੀਂ ਇਹ ਕਰੀਏ ਕਿ ਉਨ੍ਹਾਂ ਨੂੰ ਅਗੇ ਵਾਸਤੇ ਸਬਕ ਸਿਖਾਈਏ ਅਤੇ ਆਪਣੀਆਂ ਫੌਜਾਂ ਤੇ ਫ਼ਖਰ ਕਰੀਏ, ਕਿ 2000 ਸਾਲ ਵਿਚ ਪਹਿਲੀ ਵੇਰ ਅਸੀਂ ਵੈਰੀ ਦੇਸ਼ ਦੀ ਇਕ ਲੱਖ ਫੌਜ ਨੂੰ ਕੈਦੀ ਬਣਾਇਆ ਤੇ ਕੌਮ ਦਾ ਸਿਰ ਉਚਾ ਕੀਤਾ ਸਗੋਂ ਕਹਿਣਾ ਕਿ ਉਹ ਸਾਡੀ ਜਨਤਾ ਤੇ ਬੋਝ ਹਨ ਉਨ੍ਹਾਂ ਨੂੰ ਛਡ ਦਿਤਾ ਜਾਵੇ ਬੜੀ ਹੈਰਾਨਕੁਨ ਗਲ ਹੈ। ਇਹ ਪਾਪ ਦੀ ਜੰਜ ਉਦੋਂ ਛਡੀ ਜਾਵੇਗੀ ਜਦੋਂ ਬੰਗਲਾ ਦੇਸ਼ ਨੂੰ ਉਹ ਮੰਨ ਲੈਣਗੇ। ਸਾਡੇ Foreign Minister ਸਰਦਾਰ ਸਵਰਨ ਸਿੰਘ ਜੀ ਅਤੇ ਸਾਡੇ ਪ੍ਰਧਾਨ ਮੰਤਰੀ ਜੀ ਜੋ ਕੁਝ ਕਹਿ ਰਹੇ ਹਨ ਉਨ੍ਹਾਂ ਕੈਦੀਆਂ ਦੇ ਬਾਰੇ ਵਿਚ ਜਦ ਤਕ ਉਨ੍ਹਾਂ ਦੀ ਗਲ ਪੂਰੀ ਨਹੀਂ ਕੀਤੀ ਜਾਂਦੀ, ਕੈਦੀਆਂ ਦਾ ਨਬੇੜਾ ਨਾਮੁਮਕਨ ਹੈ। ਇਸ ਲਈ ਅਕਾਲੀ ਪਾਰਟੀ ਦਾ ਰੈਜ਼ੋਲਯੂਸ਼ਨ ਨਿਰੋਲ anti-national ਹੈ ।

ਆਖਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਸਾਰੇ ਨੇਤਾਵਾਂ ਦਾ, ਆਪਣੇ ਮੁੱਖ ਮੰਤਰੀ ਸਾਹਿਬ ਦਾ ਤੇ ਮੈਂ ਸਨਮਾਨ ਕਰਨਾ ਹੀ ਹੈ, ਇਸ ਦੇ ਨਾਲ ਹੀ ਮੈਂ ਬਾਦਲ ਸਾਹਿਬ ਅਤੇ ਡਾਂਗ ਸਾਹਿਬ, ਉਨ੍ਹਾਂ ਦਾ ਵੀ ਮਾਣ ਕਰਦਾ ਹਾਂ। ਇਹ ਠੀਕ ਹੈ ਕਿ ਉਨ੍ਹਾਂ ਨੇ ਆਪਣੇ ਢੰਗ ਨਾਲ ਸੋਚਣਾ ਹੈ, ਉਹ ਹਕੂਮਤ ਵਿਚ ਆਏ ਅਤੇ ਚਲੇ ਗਏ ਹੁਣ ਫਿਰ ਹਕੂਮਤ ਵਿਚ ਆਉਣ ਦੇ ਯਤਨ ਕਰ ਰਹੇ ਹਨ. ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਹਾਊਸ ਵਿਚ ਕਿਸੇ ਕਿਸਮ ਦੇ ਅਜਿਹੇ ਕੇਸ ਕੋਟ ਨਾ ਕਰਨ ਜਿਨ੍ਹਾਂ ਵਿਚ ਐਕਸ਼ਨ ਹੋ ਚੁਕਾ ਹੈ। ਗਿਆਨੀ ਜੀ ਤਾਂ ਦੋ ਅਤੇ ਦੋ ਚਾਰ ਕਹਿੰਦੇ ਹਨ ਪਰ ਇਹ ਪੰਜ ਪੜ੍ਹਦੇ ਹਨ ਮੈਂ ਕਹਿੰਦਾ ਹਾਂ ਕਿ 2+2 ਦੀ equation ਤਾਂ ਚਾਰ ਦੀ ਹੀ ਹੋਣੀ ਹੈ ਪੰਜ ਨਹੀਂ ਹੋ ਸਕਦੀ।

ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਥੇ ਐਕਸ-ਰੈਵੇਨਿਊ ਮਨਿਸਟਰ ਸਾਹਿਬ ਦਾ ਜ਼ਿਕਰ ਆਇਆ। ਉਹ ਮੇਰੇ ਭਰਾ ਹਨ। ਮੈਂ ਵੀ ਉਸੇ ਜ਼ਿਲ੍ਹੇ ਦਾ ਹਾਂ ਜਿਥੋਂ ਦੇ ਉਹ ਹਨ। ਮੈਂ ਕਹਿੰਦਾ ਹਾਂ ਕਿ ਆਪੋਜ਼ੀਸ਼ਨ ਵਾਲੇ ਅਜ ਵੀ ਆਪਣਾ ਕਮਿਸ਼ਨ ਮੁਕੱਰਰ ਕਰਾ ਲੈਣ ਅਤੇ ਜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਆਪੋਜ਼ੀਸ਼ਨ ਵਾਲੇ ਉਸ ਸੜਕ ਤੋਂ ਲੰਘਣ ਤਾਂ ਉਨ੍ਹਾਂ ਨੂੰ ਪਤਾ ਚਲੇਗਾ ਕਿ ਉਹ ਮਕਾਨ ਜਿਸ ਦਾ ਇਥੇ ਜ਼ਿਕਰ ਆਇਆ ਹੈ ਕਿ ਉਹ ਮਕਾਨ ਪੀ. ਡਬਲਿਊ. ਡੀ. ਦੀ ਥਾਂ ਤੇ ਬਣਿਆ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਜੇ ਨਾ ਬਣਿਆ ਹੋਵੇ ਪੀ. ਡਬਲਿਊ. ਡੀ ਦੀ ਥਾਂ ਤੇ ਤਾਂ ਮੈਂ ਰਿਜ਼ਾਈਨ ਕਰਨ ਨੂੰ ਤਿਆਰ ਹਾਂ। ਜੇ ਢਾਹ ਦਿਤਾ ਹੋਵੇਗਾ ਤਾਂ ਵੀ ਮੈਂ ਜ਼ਿਮੇਵਾਰ ਹਾਂ। ਕਿਸੇ ਨੇ ਹਾਊਸ ਨੂੰ ਨਹੀਂ ਢਾਇਆ। ਉਹ ਹਾਊਸ ਪੀ. ਡਬਲਿਊ. ਡੀ. ਦੀ ਥਾਂ ਤੇ ਹੈ। ਮੈਂ ਕਹਿੰਦਾ ਹਾਂ ਕਿ ਜੇ ਅਪੋਜ਼ੀਸ਼ਨ ਵਾਲੇ ਅੱਜ ਵੀ ਹਿੰਮਤ ਕਰਨ ਅਤੇ ਉਸ ਹਾਊਸ ਨੂੰ ਜਾ ਕੇ ਢਾਉਣ ਜੇ ਕਰ ਸੱਚ ਮੁੱਚ ਉਹ P.W.D. ਦੇ ਥਾਂ ਵਿਚ ਹੋਵੇ।

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਸਰਦਾਰ ਬਖ਼ਸ਼ੀਸ਼ ਸਿੰਘ ਵਲਾਇਤ ਵਿਚ ਜਨਰਲ ਸਕਤਰ ਅਕਾਲੀ ਦਲ ਦੇ ਹਨ। ਮੈਨੂੰ ਇਸ ਗਲ ਦਾ ਪਤਾ ਹੈ। ਮੈਂ 1969 ਵਿਚ ਵਲਾਇਤ ਗਿਆ ਸਾਂ। ਡਾਕਟਰ ਜਗਜੀਤ ਸਿੰਘ ਮੈਨੂੰ ਉਥੇ ਮਿਲਿਆ ਸੀ, ਉਨ੍ਹਾਂ ਨੇ ਮੈਨੂੰ ਦਸਿਆ ਕਿ ਇਹ ਗਲ ਬਿਲਕੁਲ ਗਲਤ ਹੈ ਕਿ ਮੈਂ ਇਕਲਾ individual capacity ਵਿਚ ਇਥੇ ਆਇਆ ਹਾਂ। ਮੈਂ ਭੇਜਿਆ ਹੋਇਆ ਹਾਂ ਅਕਾਲੀ ਪੰਥ ਦਾ ਅਤੇ ਅਕਾਲੀ ਪਾਰਟੀ ਦਾ ਤਾਂ ਹੀ ਮੈਂ ਏਥੇ ਕੰਮ ਕਰ ਰਿਹਾ ਹਾਂ। ਉਹ ਇਨ੍ਹਾਂ ਦਾ ਨੁਮਾਇੰਦਾ ਹੈ ਅਤੇ ਬਖ਼ਸ਼ੀਸ਼ ਸਿੰਘ ਉਨ੍ਹਾਂ ਦੀ ਅੰਦਰਲੀ ਐਕਸ਼ਨ ਕਮੇਟੀ ਦਾ ਮੈਂਬਰ ਹੈ (ਵਿਘਨ) ਅਤੇ ਇਹ ਪੰਜਾਬੀ ਸੂਬੇ ਦੇ ਸਾਈਜ਼ ਨੂੰ ਅਜੇ ਵੀ ਛੋਟਾ ਸਮਝਦੇ ਹਨ ਅਤੇ ਰੌਲਾ ਪਾਉਂਦੇ ਹਨ ਸਿਖ ਸਟੇਟ ਦਾ।

**ਸਰਦਾਰ ਗੁਰਦੇਵ ਸਿੰਘ ਸਿੱਧੂ :** * * * *

**ਸ੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। ਤੁਸੀਂ ਤਸ਼ਰੀਫ ਰਖੋ। (ਵਿਘਨ) (This is no point of order. Please take your seat.) (*Interruption*)

**ਸਰਦਾਰ ਗੁਰਦੇਵ ਸਿੰਘ ਸਿੱਧੂ:** ਸਾਡੀ ਉਸ ਦੇ ਨਾਲ ਬਿਲਕੁਲ ਸਹਿਮਤੀ ਨਹੀਂ ਹੈ (ਵਿਘਨ) ਮੈਂ ਕਹਿੰਦਾ ਹਾਂ ਕਿ ਅਸੀਂ ਇਕ ਵਾਰ ਨਹੀਂ ਹਜ਼ਾਰ ਵਾਰ ਕਹਿ ਚੁਕੇ ਹਾਂ ਕਿ (ਵਿਘਨ)

**ਸ੍ਰੀ ਡਿਪਟੀ ਸਪੀਕਰ :** ਤੁਸੀਂ ਤਸ਼ਰੀਫ ਰਖੋ। (ਵਿਘਨ) (Please take your seat)

**ਸਰਦਾਰ ਗੁਰਦੇਵ ਸਿੰਘ ਸਿੱਧੂ :** * * *

**ਸ੍ਰੀ ਡਿਪਟੀ ਸਪੀਕਰ :** ਸਿੱਧੂ ਸਾਹਿਬ ਜੋ ਕੁਝ ਕਹਿ ਰਹੇ ਹਨ, ਪਰੋਸੀਡਿੰਗ ਦਾ ਭਾਗ ਨਾ ਬਣੇ (ਵਿਘਨ) (Whatever the hon. Member, Sidhu Sahib, is saying without the permission of the Chair should not form part of the proceedings (*Interruption*)

**ਸ੍ਰੀ ਗੁਰਦਿਆਲ ਸੈਣੀ :** * * * *

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (This is no point of order.

**ਸਰਦਾਰ ਕ੍ਰਿਪਾਲ ਸਿੰਘ ਢਿਲੋਂ:** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਅਕਾਲੀਆਂ ਨੇ ਪੰਜਾਬ ਦਾ ਵੇਹੜਾ ਪਹਿਲਾਂ ਹੀ ਅੱਧਾ ਕਰ ਦਿੱਤਾ ਹੈ ਅਤੇ ਇਹ ਹੁਣ ਤਾਂ ਇਸ ਨੂੰ ਸਰਦਾਰ ਜੀਵਨ ਸਿੰਘ ਉਮਰਾਨੰਗਲ ਦੇ ਸ਼ੈਲਰ ਤਕ ਹੀ ਮਹਿਦੂਦ ਕਰ ਦੇਣਾ ਚਾਹੁੰਦੇ ਹਨ। ਬਾਦਲ ਸਾਹਿਬ ਨੇ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਫਰਮਾਇਆ ਸੀ ਕਿ ਨਵਾਂ ਸ਼ਹਿਰ ਦੀ ਕੋਰਟ ਵਿਚ ਮਰਡਰ ਹੋਇਆ, ਪਰ ਅਰੈਸਟ ਨਹੀਂ ਹੋਇਆ। ਮੈਂ ਗੌਰਮਿੰਟ ਕੋਲੋਂ ਪਤਾ ਕੀਤਾ ਇਕ ਸੋਹਣ ਸਿੰਘ ਦੀ ਦੀਦਾਰ ਸਿੰਘ ਨਾਲ ਪੁਰਾਣੀ ਦੁਸ਼ਮਨੀ ਸੀ। ਉਹ ਆਪ 302 ਦਾ ਗਵਾਹ ਸੀ। ਉਸ ਦੇ ਖਿਲਾਫ ਸਰਕਾਰ 302 ਦਾ ਕੇਸ ਦਰਜ਼ ਕਰ ਚੁਕੀ ਹੈ। ਸਰਕਾਰ ਉਸ ਨੂੰ ਪੂਰੀ ਸਜਾ ਦੇਵੇਗੀ ਛੱਡੇਗੀ ਨਹੀਂ। ਫਿਰ 3 ਟੈਕਸੀ ਡਰਾਈਵਰਾਂ ਦੀ ਜਲੰਧਰ ਦੀ ਗਲ ਸੀ। ਉਸ ਦੇ ਵਿਚ ਅਜੀਤ ਅਤੇ ਦਿਲਬਾਗ ਸਿੰਘ ਅੱਜ ਤੋਂ ਪਹਿਲਾਂ ਅਰੈਸਟ ਹੋ ਚੁਕੇ ਹਨ। ਮੈਂ ਕਹਿੰਦਾ ਹਾਂ ਕਿ ਸਰਕਾਰ ਵਲੋਂ ਕਿਸੇ ਕਿਸਮ ਦੀ ਕੋਈ ਕਮੀ ਨਹੀਂ। ਉਨ੍ਹਾਂ ਨੇ 10-12 ਮਿਸਾਲਾਂ ਦਿੱਤੀਆਂ ਹਨ। ਮੈਂ ਪੜਤਾਲ ਕੀਤੀ ਹੈ ਅਤੇ ਸਰਕਾਰ ਉਨ੍ਹਾਂ ਵਿਚ ਕਾਰਵਾਈ ਕਰ ਰਹੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਦੀਆਂ ਚੰਗੀਆਂ ਗੱਲਾਂ ਨੂੰ ਮੰਨ ਲਵੋ। ਸਾਡੇ ਤਾਂ ਇਥੇ ਇਹ ਰਿਵਾਜ ਹੈ ਕਿ ਸੌ ਪੂਲਾ ਵੱਡਣ ਵਾਲੇ ਨੂੰ ਅਤੇ ਸੌ ਪੂਲਾ ਫੂਕਣ ਵਾਲੇ ਨੂੰ ਅਤੇ ਸਾਰਿਆਂ ਨੂੰ ਇੱਕੋ ਜਿਹਾ ਸਮਝਦੇ ਹਨ। ਮੈਂ ਕਹਿੰਦਾ ਹਾਂ ਕਿ ਚੰਗੇ ਨੂੰ ਚੰਗਾ ਅਤੇ ਮਾੜੇ ਨੂੰ ਮਾੜਾ ਕਹੋ।

**ਸ੍ਰੀ ਡਿਪਟੀ ਸਪੀਕਰ** : ਜਨਤਾ ਚੰਗੇ ਨੂੰ ਚੰਗਾ ਅਤੇ ਮਾੜੇ ਨੂੰ ਮਾੜਾ ਹੀ ਕਹਿੰਦੀ ਹੈ। **(The people appreciate a good thing and condemn a bad thing.)**

**ਸਰਦਾਰ ਕਿਰਪਾਲ ਸਿੰਘ ਰੰਧਾਵਾ** (ਮਜੀਠਾ): ਆਨਰੇਬਲ ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਐਡਰਸ ਉਤੇ ਕੁਝ ਆਪਣੇ ਵਿਚਾਰ ਪਰਗਟ ਕਰਾਂ ਮੈਂ ਇਕ ਗਲ ਬਾਰੇ ਸਰਕਾਰ ਪਾਸ ਜ਼ਰੂਰ ਬੇਨਤੀ ਕਰਨੀ ਚਾਹੁੰਦਾ ਹਾਂ। ਮੈਂ ਅਡਰੈਸ ਪੜ੍ਹਿਆ ਹੈ ਅਤੇ ਉਸ ਨੂੰ ਪੜ੍ਹਨ ਤੋਂ ਬਾਦ ਜੋ ਮੈਂ ਮਹਿਸੂਸ ਕੀਤਾ ਹੈ ਉਹ ਮੈਂ ਜ਼ਰੂਰ ਦਸਣਾ ਚਾਹੁੰਦਾ ਹਾਂ। ਜਦੋਂ ਇਥੇ ਕੋਈ ਪੰਜਾਬੀ ਯੂਨੀਵਰਸਿਟੀ ਨਹੀਂ ਸੀ ਜਦੋਂ ਕੋਈ ਲੱਖਾਂ ਰੁਪਏ ਪੰਜਾਬੀ ਬੋਲੀ ਤੇ ਖਰਚ ਨਹੀਂ ਸਨ ਕੀਤੇ ਜਾਂਦੇ ਉਦੋਂ ਧਨੀ ਰਾਮ ਚਾਤ੍ਰਿਕ ਵਰਗੇ ਪੰਜਾਬੀ ਵਿਚ ਜਾਨ ਪਾਉਂਦੇ ਸਨ, ਉਦੋਂ ਦਾ ਵੀ ਐਡਰੈਸ ਪੜ੍ਹ ਕੇ ਵੇਖਿਆ ਅਤੇ ਹੁਣ ਦਾ ਐਡਰਸ ਵੀ ਪੜ੍ਹ ਕੇ ਵੇਖਿਆ। ਇਸ ਦੀ ਲੈਂਗੁਏਜ ਵੇਖੀ। ਹਰਖ ਆਉਂਦਾ ਹੈ, ਕਿਉਂਕਿ ਇਸ ਵਿਚ ਇਹੋ ਜਿਹੇ ਸ਼ਬਦ ਵਰਤੇ ਹਨ। ਮੈਂ ਮਿਸਾਲ ਦੇਵਾਂ ਕਿ ਇਸ ਦੇ ਸਫ਼ਾ 12 ਤੇ ਸੋ 'ਬੇਡਾਂ' ਦੀ ਯੋਜਨਾ ਹੈ। ਨਾਂ ਤੇ ਇਹ 'ਬੇਡਾਂ', ਸ਼ਬਦ ਪੰਜਾਬੀ ਦਾ ਹੈ, ਨਾ ਹਿੰਦੀ ਦਾ ਤੇ ਨਾ ਅੰਗਰੇਜ਼ੀ ਦਾ। ਫਿਰ 'ਕਾਲਜ਼ ਫ਼ਾਰ ਵਿਮਨ', ਬੀਬੀਆਂ ਦਾ ਕਾਲਜ ਕਹਿ ਦਿੰਦੇ। ਲੜਕੀਆਂ ਦਾ ਕਾਲਜ ਕਹਿ ਦਿੰਦੇ। ਫਿਰ ਲਿਖਿਆ ਹੈ 'ਬਾਵਰਦ'। ਇਹੋ ਜਿਹੇ ਸ਼ਬਦ ਵਰਤੇ ਗਏ ਹਨ। ਮੈਂ ਸੰਖੇਪ ਵਿਚ ਇਹ ਸਮਝਦਾ ਹਾਂ ਕਿ ਇਹ ਐਡਰੈਸ ਜਿਸ ਤਰ੍ਹਾਂ ਪਹਿਲਾਂ ਅੰਗਰੇਜ਼ੀ ਵਿਚ ਲਿਖਿਆ ਗਿਆ ਹੋਵੇ ਅਤੇ ਬਾਅਦ ਵਿਚ ਲਫਜ਼ ਬਲਫਜ਼ ਤਰਜਮਾ ਕਰ ਦਿਤਾ ਹੋਵੇ ਅਤੇ ਉਹੀ ਸ਼ਬਦ ਵਰਤ ਦਿਤੇ। ਕੋਈ ਸੈਂਸ ਦਾ ਖਿਆਲ ਨਹੀਂ ਕੀਤਾ ਕਿ ਹੈਡ ਆਫ ਦੀ ਡਿਪਾਰਟਮੈਂਟ ਨੇ ਹਾਊਸ ਵਿਚ ਪੜ੍ਹਨਾ ਹੈ। ਮੈਂ ਕਹਿੰਦਾ ਹਾਂ ਕਿ ਇਸ ਦੀ ਲੈਂਗੂਏਜ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਮੈਂ ਇਸ ਬਾਰੇ ਬੇਨਤੀ ਕਰਦਾ ਹਾਂ ਕਿ ਅੱਗੋਂ ਲਈ ਧਿਆਨ ਰੱਖਿਆ ਜਾਵੇ।

ਇਹ ਬੜੀ ਖੁਸ਼ੀ ਦੀ ਗਲ ਹੈ ਕਿ ਇਸ ਦਾ ਆਰੰਭ ਜਿਹੜਾ ਹੈ ਉਹ ਸ਼ਹੀਦਾਂ ਨੂੰ ਸਨਮਾਨ ਦੇਣ ਦੇ ਪਹਿਰੇ ਤੋਂ ਸ਼ੁਰੂ ਹੁੰਦਾ ਹੈ। ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਪਰਿਵਾਰ ਨੂੰ ਸਨਮਾਨ ਦਿਤਾ ਹੈ ਕਿਉਂਕਿ ਸਾਡੇ ਮੁੱਖ ਮੰਤਰੀ ਜੀ ਆਪ ਵੀ ਆਜ਼ਾਦੀ ਦੀ ਜੰਗ ਵਿਚ ਸਿਪਾਹੀ ਰਹੇ ਹਨ ਔਰ ਅੰਗਰੇਜ਼ਾਂ ਦੇ ਖਿਲਾਫ ਲੜਦੇ ਰਹੇ ਹਨ। ਉਨ੍ਹਾਂ ਦੇ ਮੰਨ ਵਿਚ ਸ਼ਹੀਦਾਂ ਵਾਸਤੇ ਸਤਿਕਾਰ ਹੈ। ਇਸ ਬਾਰੇ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਨਾਲ ਹੀ ਇਹ ਵੀ ਬੇਨਤੀ ਕਰਦਾ ਹਾਂ ਕਿ ਇਸ ਲੈਵਲ ਤੇ ਹੋਰ ਵੀ ਜਿਵੇਂ ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਸੁਨਾਮ, ਜਿਨ੍ਹਾਂ ਨੇ ਇਸ ਤਰ੍ਹਾਂ ਕੁਰ-ਬਾਨੀਆਂ ਦਿਤੀਆਂ ਹਨ ਪੰਜਾਬ ਅਤੇ ਹਿੰਦੁਸਤਾਨ ਦੀ ਅਣਖ ਨੂੰ ਕਾਇਮ ਰਖਣ ਵਾਸਤੇ, ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਮਾਣ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਦੂਜੇ ਪੈਰੇ ਵਿਚ ਇਨ੍ਹਾਂ ਨੇ ਬਾਰਡਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਰੰਧਾਵਾ]

ਏਰੀਏ ਦੇ ਮੁਤਲਿਕ ਜ਼ਿਕਰ ਕੀਤਾ ਹੈ। ਬਾਰਡਰ ਏਰੀਏ ਦੀ ਜੋ ਡਿਵੈਲਪਮੈਂਟ ਕਮੇਟੀ ਬਣੀ ਹੈ, ਉਸ ਦੇ ਮੁੱਖ ਮੰਤਰੀ ਜੀ ਆਪ ਚੇਅਰਮੈਨ ਹਨ, ਬਾਰਡਰ ਦੇ ਐਮ. ਐਲ. ਏ ਅਤੇ ਉਸ ਦੇ ਨਾਲ ਸਾਰੇ ਮਹਿਕਮਿਆਂ ਦੇ ਵੱਖਰੇ ਵੱਖਰੇ ਹੈਡਜ਼ ਉਸ ਕਮੇਟੀ ਵਿਚ ਸ਼ਾਮਲ ਕੀਤੇ ਗਏ ਹਨ। ਮਾਸਟਰ ਪਲਾਨ ਬਣਾਉਣ ਵਾਸਤੇ ਪਿੱਛੇ ਮੀਟਿੰਗ ਹੋਈ ਸੀ। ਉਸ ਦੇ ਵਿਚ ਫੈਸਲਾ ਕੀਤਾ ਸੀ ਕਿ ਪਹਿਲੇ ਪੰਜ ਮੀਲ ਬਾਰਡਰ ਦੇ ਏਰੀਏ ਨੂੰ 'ਏ' ਗਰੇਡ ਬਣਾਇਆ ਹੈ ਅਤੇ ਦੂਸਰੇ ਪੰਜ ਮੀਲ ਦੇ ਏਰੀਏ ਨੂੰ 'ਬੀ' ਗਰੇਡ ਕਰਕੇ ਮਾਸਟਰ ਪਲਾਨ ਬਣਾਇਆ ਜਾਵੇ ਅਤੇ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣ। ਮਾਲੀਆ ਬਾਰਡਰ ਦੇ ਇਲਾਕੇ ਦਾ ਮੁਆਫ਼ ਕੀਤਾ ਹੈ ਇਹ ਬੜਾ ਚੰਗਾ ਕੰਮ ਕੀਤਾ ਹੈ। ਉਸ ਇਲਾਕੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਕਾਲਜ ਤਕ ਦੀ ਪੜ੍ਹਾਈ ਮੁਫਤ ਦੇਣੀ ਚਾਹੀਦੀ ਹੈ। ਪ੍ਰੋਫੈਸ਼ਨਲ ਕਾਲਜਾਂ ਵਿਚ ਦਾਖਲੇ ਵਾਸਤੇ ਉਨ੍ਹਾਂ ਲਈ ਰਿਆਇਤ ਹੋਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਦੀਆਂ ਹੋਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਇੱਕ ਬੜਾ ਇਨਟਰੈਸਟਿੰਗ ਪੁਆਇੰਟ ਹੈ ਜਿਹੜਾ ਕਿ ਭੈਣ ਜੀ ਨੇ ਵੀ ਉਠਾਇਆ ਸੀ ਕਿ ਵਿਕਾਸ ਦੀ ਦਰ 5.5 ਦੇ ਮੁਕਾਬਲੇ 7.5 ਪ੍ਰਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਹ ਇਕਨਾਮਿਕ ਕੋਸ਼ੈਂਟ ਦਾ ਸਵਾਲ ਹੈ। ਇਹ ਪਰ-ਕੈਪੀਟਾ ਇਨਕਮ ਨਾਲ ਤੁਅਲਕ ਰਖਦਾ ਹੈ। ਇਹ ਸਰਕਾਰ ਜੇ ਵਿਸਥਾਰ ਨਾਲ ਜ਼ਿਕਰ ਕਰਦੀ ਕਿ ਕਿਹੜੇ ਹੋਰ ਸੋਰਸਜ਼ ਹਨ ਜਿਹੜੇ ਕਿ ਹਾਲੇ ਤਕ ਐਕਸਪਲਾਇਟ ਨਹੀਂ ਹੋਏ ਅਤੇ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਉਹ ਐਕਸਪਲਾਇਟ ਕਰਨੇ ਹਨ ਤਾਂ ਸਾਨੂੰ ਖੁਸ਼ੀ ਹੋਵੇਗੀ। ਸਾਡੇ ਡਿਵੈਲਪਮੈਂਟ ਮਨਿਸਟਰ ਜਦੋਂ ਐਡਰੈਸ ਦਾ ਜਵਾਬ ਦੇਣਗੇ ਤਾਂ ਇਸ ਸਵਾਲ ਦੇ ਬਾਰੇ ਵੀ ਦੱਸਣ ਦੀ ਕਿਰਪਾ ਕਰਨ।

ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਦੇ ਮੁਤਲਿਕ ਇਥੇ ਟਿਊਬਵੈਲਾਂ ਡੀਜ਼ਲ ਇੰਜਨਾਂ ਅਤੇ ਸਬਸੀਡੀ ਕਿਸਾਨਾਂ ਨੂੰ ਦੇਣ ਦਾ ਜੋ ਸਰਕਾਰ ਨੇ ਪ੍ਰਬੰਧ ਕੀਤਾ ਹੈ ਬੜਾ ਸ਼ਲਾਘਾ ਯੋਗ ਹੈ ਕਲ ਦੇ ਅਖਬਾਰ ਵਿਚ ਮੈਂ ਯੂਨੀਵਰਸਿਟੀ ਦੇ ਐਕਸਪਰਟਸ ਦੀ ਰਿਪੋਰਟ ਪੜ੍ਹੀ ਹੈ ਜਿਸ ਵਿਚ ਚਿੰਤਾ ਪ੍ਰਗਟ ਕੀਤੀ ਗਈ ਹੈ ਕਿ ਫਾਰਮ ਦੀ ਇਨਵੈਸਟਮੈਂਟ ਅੱਗੇ ਨਾਲੋਂ ਘੱਟ ਰਹੀ ਹੈ। ਸਰਕਾਰ ਇਸ ਵਲ ਧਿਆਨ ਦੇਵੇ। ਅਤੇ ਐਗਰੀਕਲਚਰ ਯੂਨੀਵਰਸਿਟੀ ਦੇ ਐਕਸਪਰਟਸ ਨੂੰ ਪੁਛੇ ਕਿ ਜੇ ਫਾਰਮ ਦੀ ਇਨਵੈਸਟਮੈਂਟ ਅੱਗੇ ਨਾਲੋਂ ਘੱਟ ਰਹੀ ਹੈ ਤਾਂ ਆਊਟਪੁਟ ਕਿਸ ਤਰ੍ਹਾਂ ਵੱਧਾ ਕੇ ਆਪਣੇ ਟੀਚੇ ਉਤੇ ਪੁਜਿਆ ਜਾ ਸਕਦਾ ਹੈ। ਇਹ ਬੜੀ ਚਿੰਤਾਜਨਕ ਗਲ ਹੈ। ਫਾਰਮ ਦੀ ਇਨਵੈਸਟਮੈਂਟ ਦੇ ਮੁਤਲਿਕ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ

ਡਿਪਟੀ ਸਪੀਕਰ ਸਾਹਿਬ ਗਰੀਨ ਰੈਵੋਲਿਊਸ਼ਨ ਤੋਂ ਬਾਅਦ ਇਸ ਐਡਰੈਸ ਵਿਚ ਵ੍ਹਾਈਟ ਰੈਵੋਲਿਊਸ਼ਨ ਦਾ ਜ਼ਿਕਰ ਆਉਂਦਾ ਹੈ। ਇਹ ਬੜੀ ਚੰਗੀ ਗਲ ਹੈ ਚੰਗੀਆਂ ਗਾਈਆਂ ਅਤੇ ਮੱਝਾਂ ਨੂੰ ਇੰਮਪਰੂਵ ਕਰਨ ਦੀ। ਮੈਂ ਇਹ ਬੇਨਤੀ ਕਰਾਂਗਾ ਕਿ ਜਿਸ ਏਜੰਸੀ ਨੇ ਇਹ ਸਭ ਕੁਝ ਕਰਨਾ ਹੈ ਉਸ ਏਜੰਸੀ ਨੂੰ ਸੰਤੁਸ਼ਟ ਕਰਨਾ ਸਰਕਾਰ ਦਾ ਫਰਜ਼ ਬਣਦਾ ਹੈ। ਮੈਨੂੰ ਪਤਾ ਲੱਗਾ ਹੈ ਕਿ ਵੀ. ਏ. ਐਸ. ਡੰਗਰ ਡਾਕਟਰਾਂ ਦੇ ਗਰੇਡ 400—1100 ਕਰਨ ਦਾ ਫੈਸਲਾ ਕੀਤਾ ਹੈ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਉਸ ਫੈਸਲੇ ਨੂੰ ਇੰਪਲੀਮੈਂਟ ਕਰੇ ਤਾਂ ਕਿ ਵ੍ਹਾਈਟ ਰੈਵੋਲਿਊਸ਼ਨ ਕਾਮਯਾਬ ਹੋਵੇ। ਇਸ ਗਲ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਸਟੇਟ ਟਰੇਡਿੰਗ ਦਾ ਜੋ ਸਟੈਪ ਸਾਡੇ ਪ੍ਰਧਾਨ ਮੰਤਰੀ ਨੇ ਉਠਾਇਆ ਹੈ ਇਹ ਬੜਾ ਸ਼ਲਾਘਾਯੋਗ ਹੈ। ਸਾਡੀ ਸਰਕਾਰ ਇਸ ਨੂੰ ਕਾਮਯਾਬ ਕਰਨ ਲਈ ਜੁਟੀ ਹੋਈ ਹੈ। ਇਹ ਗਰੀਬੀ ਹਟਾਉਣ, ਅਤੇ ਪ੍ਰਾਈਵੇਟ ਮੁਨਾਫਾਖੋਰੀ ਅਤੇ ਮਹਿੰਗਾਈ ਨੂੰ ਰੋਕਣ ਵਾਸਤੇ ਬਹੁਤ ਅੱਛਾ ਕਦਮ ਹੈ। ਮਹਿੰਗਾਈ ਦਾ ਬੜਾ ਚਰਚਾ ਹੋਇਆ ਹੈ। ਮਹਿੰਗਾਈ ਰੋਕਣ ਵਿਚ ਸਾਡੀ ਸਰਕਾਰ ਦਾ ਇਤਨਾ ਹਿੱਸਾ

Original with;
Punjab Vidhan Sabha
Digitized by;
Panjab Digital Library

ਨਹੀਂ। ਰਾਜ ਸਰਕਾਰ ਤਾਂ ਦਾਲਾਂ ਅਤੇ ਹੋਰ ਜਰੂਰੀ ਚੀਜ਼ਾਂ ਫੇਅਰ ਪ੍ਰਾਈਸ ਸ਼ਾਪਸ ਖੋਲ ਕੇ ਉਥੇ ਦੇ ਸਕਦੀ ਹੈ। ਪਰ ਇਹ ਚੀਜ਼ ਸੈਂਟਰ ਨਾਲ ਸਬੰਧ ਰਖਦੀ ਹੈ ਅਤੇ ਸੈਂਟਰ ਹੀ ਇਸ ਨੂੰ ਚੈਕ ਕਰ ਸਕਦਾ ਹੈ। ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਅਤੇ ਮੇਰੇ ਦੂਜੇ ਸਾਥੀ ਮੇਰੇ ਨਾਲ ਇਸ ਗਲ ਤੇ ਸਹਿਮਤ ਹੋਣਗੇ। ਮਹਿੰਗਾਈ ਦਾ ਮਸਲਾ ਸੈਂਟਰ ਨਾਲ ਤੁਆਲੱਕ ਰਖਦਾ ਹੈ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਐਜੂਕੇਸ਼ਨ ਦਾ ਤੁਅੱਲਕ ਹੈ ਇਸ ਵਿਚ ਵੀ ਬੜੀ ਤਰੱਕੀ ਹੋਈ ਹੈ। ਨਵੇਂ ਸਕੂਲ ਖੋਲ੍ਹੇ ਹਨ ਅਤੇ ਬਹੁਤ ਸਾਰੇ ਮਿਡਲ ਸਕੂਲਾਂ ਨੂੰ ਅਪਗਰੇਡ ਕੀਤਾ ਹੈ। ਕੁਝ ਸਕਲਾਂ ਵਿਚ ਸਪੋਰਟਸ ਨੂੰ ਕੰਪਲਸ਼ਰੀ ਕਰਾਰ ਦਿਤਾ ਹੈ। ਇਹ ਬੜੀ ਚੰਗੀ ਗਲ ਹੈ। ਮੈਨੂੰ ਸਰਕਾਰ ਨੇ ਵਰਲਡ ਔਲੰਮਪਿਕਸ ਵਿਚ ਜਾਣ ਦਾ ਮੌਕਾ ਦਿੱਤਾ ਅਤੇ ਮੈਂ ਸਪੋਰਟਸ ਦੇ ਮੁਤਲਿਕ ਰਿਪੋਰਟ ਦਿੱਤੀ ਸੀ। ਉਸ ਵਿਚ ਮੈਂ ਇਹ ਦੋ ਸੁਝਾਵ ਦਿਤੇ ਸੀ ਕਿ ਇਕ ਤਾਂ ਸਪੋਰਟਸ ਨੂੰ ਸਕੂਲਾਂ ਵਿਚ ਕੰਪਲਸਰੀ ਕੀਤਾ ਜਾਵੇ ਅਤੇ ਦੂਸਰਾ ਸਕੂਲ ਲੈਵਲ ਤੇ ਹੀ ਖਿਲਾੜਿਆਂ ਨੂੰ ਚੁਣਿਆ ਜਾਵੇ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਭਾਵੇਂ ਮੈਂ ਹੋਰ ਵੀ ਕਾਫੀ ਸੁਝਾਵ ਦਿੱਤੇ ਹਨ ਪਰ ਇਹ ਦੋ ਸੁਝਾ ਤਾਂ ਸਰਕਾਰ ਨੇ ਮੰਨ ਲਏ ਹਨ। ਇਸ ਗਲ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਵੀ ਭਾਈ ਵੀਰ ਸਿੰਘ ਦੇ ਲਈ ਮੈਮੋਰੀਅਲ ਬਣਾਉਣ ਵਾਸਤੇ ਢਾਈ ਲੱਖ ਰੁਪਏ ਦੀ ਗਰਾਂਟ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਹੋਰ ਕਵੀ ਜਿਵੇਂ ਕਿ ਧਨੀ ਰਾਮ ਚਾਤ੍ਰਿਕ ਹਾਸ਼ਮ ਸ਼ਾਹ ਅਤੇ ਵਾਰਸ ਸ਼ਾਹ ਦੇ ਮੈਮੋਰੀਅਲ ਵੀ ਪੰਜਾਬ ਸਰਕਾਰ ਨੂੰ ਬਣਾਉਣੇ ਚਾਹੀਦੇ ਹਨ। ਮੈਂ ਬੇਨਤੀ ਕਰਾਂਗਾ ਕਿ ਢਾਈ ਲੱਖ ਰੁਪਿਆ ਇਹ ਦਿੱਲੀ ਵਿਚ ਖਰਚ ਕੀਤਾ ਜਾਵੇਗਾ। ਚੰਗੀ ਗਲ ਹੁੰਦੀ ਜੇ ਭਾਈ ਵੀਰ ਸਿੰਘ ਦਾ ਟਰਸਟ ਜੋ ਅੰਮ੍ਰਿਤਸਰ ਵਿਖੇ ਹੈ, ਜਿਥੇ ਕਿ ਉਨ੍ਹਾਂ ਦਾ ਮਕਾਨ ਅਤੇ ਜ਼ਮੀਨ ਹੈ, ਦਿੱਲੀ ਦੇ ਬਜਾਏ ਅੰਮ੍ਰਿਤਸਰ ਵਿਚ ਬਣਾਇਆ ਜਾਵੇ। ਮੈਂ ਬੇਨਤੀ ਕਰਦਾ ਹਾਂ ਕਿ ਹਾਸ਼ਮ ਸ਼ਾਹ ਜੋ ਕਿ ਮੇਰੇ ਹਲਕੇ ਦੇ ਪਿੰਡ ਜੁੰਗੇਰ ਕਲਾਂ ਦਾ ਰਹਿਣ ਵਾਲਾ ਸੀ, ਉਥੇ ਉਸ ਦਾ ਮਕਬਰਾ ਹੈ, ਮਕਾਨ ਹੈ, ਜ਼ਮੀਨ ਹੈ, ਖੂਹ ਹੈ, ਉਹ ਮਹਾਰਾਜਾ ਰਣਜੀਤ ਸਿੰਘ ਵੇਲੇ ਰਾਜ ਕਵੀ ਸੀ। ਮੈਂ ਸਮਝਦਾ ਹਾਂ ਕਿ ਉਥੇ ਉਸ ਦਾ ਵੀ ਮੈਮੋਰੀਅਲ ਬਣਾਉਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਲਾਅ ਐਂਡ ਆਰਡਰ ਦਾ ਤੁਅੱਲਕ ਹੈ ਪੰਜਾਬ ਦੀ ਪੁਲਿਸ ਨੂੰ ਇੱਕ ਪ੍ਰਾਬਲਮ ਹੈ ਕਿਉਂਕਿ ਇਹ ਸੂਬਾ ਬਾਰਡਰ ਦੇ ਨਾਲ ਲਗਦਾ ਹੈ। ਇਥੇ ਕਈ ਕਿਸਮ ਦੀਆਂ ਪ੍ਰਾਬਲਮਜ਼ ਜਿਵੇਂ ਕਿ ਸਮਗਲਿੰਗ ਅਤੇ ਸਪਾਇੰਗ ਦੀ ਪ੍ਰਾਬਲਮ ਹੈ, ਅਤੇ ਵੱਡੀਆਂ ਵੱਡੀਆਂ ਇਨਸਟਾਲੇਸ਼ਨਜ਼ ਨੂੰ ਡਿਫੈਂਡ ਕਰਨ ਦੀ ਪ੍ਰਾਬਲਮ ਹੈ। ਜੇ ਪਿਛਲੀਆਂ ਫਿਗਰਜ਼ ਪੜ੍ਹੀਆਂ ਜਾਣ ਅਤੇ ਹੁਣ ਦੀਆਂ ਫਿਗਰਜ਼ ਲਈਆਂ ਜਾਣ ਤਾਂ ਉਸ ਤੋਂ ਸਾਬਤ ਹੋਵੇਗਾ ਕਿ ਅੱਗੇ ਨਾਲੋਂ ਲਾਅ ਐਂਡ ਆਰਡਰ ਦੀ ਪੁਜੀਸ਼ਨ ਚੰਗੀ ਹੈ। ਸਾਲ 1970-71 ਵਿਚ ਕਤਲ ਦੀਆਂ ਵਾਰਦਾਤਾਂ 527 ਸਨ ਜਦ ਕਿ ਹੁਣ 507 ਹਨ। ਪਿਛਲੇ ਸਾਲ 7 ਡਾਕੇ ਹੋਏ ਸਨ ਅਤੇ ਇਸ ਸਾਲ ਦੋ। ਇਸੇ ਤਰ੍ਹਾਂ ਹੁਣ ਜਿਹੜਾ ਡਾਕਾ ਪਿਆ ਹੈ ਅਤੇ ਸੁਨਾਮ ਵਿਚ ਬੈਂਕ ਦੀ ਚੋਰੀ ਹੋਈ ਸੀ, ਇਹ ਦੋਵੇਂ ਚੋਰੀਆਂ ਬਰਾਮਦ ਕਰ ਲਈਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਅੱਗੇ ਨਾਲੋਂ ਲਾਅ ਐਂਡ ਆਰਡਰ ਦਿਨ ਬਦਿਨ ਮਜ਼ਬੂਤ ਹੁੰਦਾ ਜਾਂਦਾ ਹੈ। ਜੋ ਕਦਮ ਸਰਕਾਰ ਨੇ ਚੁਕੇ ਹਨ ਜਿਵੇਂ ਕਿ 24 hours patrolling; all police stations on highways are connected by wireles; walkie talkie system has been introduced ਮੈਂ ਇਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਇਸ ਗਵਰਨਰ ਸਾਹਿਬ ਦੇ ਐਡਰੈਸ ਤੇ ਸ੍ਰੀ ਯਸ਼ ਜੀ ਨੇ ਜੋ ਮਤਾ ਪੇਸ਼ ਕੀਤਾ ਹੈ, ਉਸ ਦੀ ਪੋੜ੍ਹਤਾ ਕਰਦਾ ਹਾਂ।

**ਸਰਦਾਰ ਰਣਧੀਰ ਸਿੰਘ ਚੀਮਾ (ਸਰਹੰਦ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। ਗਵਰੰਨਰ ਸਾਹਿਬ ਨੇ ਜਿਹੜਾ ਇਸ ਅਸੈਂਬਲੀ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਧੀਰ ਸਿੰਘ ਚੀਮਾ]

ਕੰਬਦੇ ਕੰਬਦੇ ਭਾਸ਼ਨ ਦਿੱਤਾ ਸੀ ਉਸ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਇਸ ਸਰਕਾਰ ਦੇ ਜਿਹੜੇ ਪਾਪ ਹਨ ਉਹ ਗਵਰਨਰ ਸਾਹਿਬ ਦੇ ਰਾਹੀਂ ਕੰਬਦੇ ਪਏ ਸਨ । ਇਹ ਪਾਪ ਕਰਦੇ ਹਨ ਚੰਗਾ ਰਾਜ ਨਹੀਂ ਕਰਦੇ ਅਤੇ ਚੰਗਾ ਪ੍ਰਬਧ ਨਹੀਂ ਕਰਦੇ । ਇਸ ਕਰਕੇ ਉਹ ਭੈੜੇ ਕਮ ਗਵਰਨਰ ਸਾਹਿਬ ਰਾਹੀਂ ਸਾਨੂੰ ਅਤੇ ਪੰਜਾਬ ਦੀ ਜੰਤਾ ਨੂੰ ਪਤਾ ਲਗਦੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਐਡਰੈਸ ਇਨ੍ਹਾਂ ਨੇ ਪੜ੍ਹਿਆ ਹੈ । (ਵਿਘਨ) ਇਸ ਵਿਚ ਕੋਈ ਵੀ ਨਵੀਂ ਚੀਜ਼ ਨਹੀਂ ਦਿਤੀ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕਿ ਇਨ੍ਹਾਂ ਨੇ ਪਿਛਲੇ ਸਾਲ ਦਾ ਐਡਰੈਸ ਹੀ ਛਪਾ ਦਿਤਾ ਹੋਵੇ । ਇਸ ਵਿਚ ਕੋਈ ਵੀ ਨਵੀਂ ਚੀਜ਼ ਨਹੀਂ ਲਗਦੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਭਾਰਤ-ਪਾਕ ਦੇ ਜਿਹੜੇ ਫੌਜੀ ਸਨ ਉਨ੍ਹਾਂ ਦੇ ਬਾਰੇ ਗਲਾਂ ਕੀਤੀਆਂ ਹਨ। ਇਹ ਕਹਿੰਦੇ ਹਨ ਕਿ ਅਸੀਂ ਫੌਜੀਆਂ ਨੂੰ ਬੜੀਆਂ ਸਹੂਲਤਾਂ ਦਿੰਦੇ ਹਾਂ। ਮੈਂ ਇਨ੍ਹਾਂ ਨੂੰ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਜਿਸ ਤੋਂ ਪਤਾ ਲਗਦਾ ਹੈ ਕਿ ਇਹ ਫੌਜੀਆਂ ਦੇ ਕਿਤਨੇ ਕੁ ਖੈਰਖਾਹ ਹਨ । ਇਕ ਬਰਗੇਡੀਅਰ ਦਾ ਲੜਕਾ ਨਾਭੇ ਸਕੂਲ ਵਿਚ ਨੌਕਰੀ ਕਰਦਾ ਹੈ। ਅਤੇ ਉਸ ਦਾ ਭਾਈ ਕਿਧਰੇ ਹੋਰ ਥਾਂ ਹੈ। ਉਸ ਨੇ ਇਨ੍ਹਾਂ ਤੋਂ ਮੰਗ ਕੀਤੀ ਕਿ ਉਸ ਦੇ ਲੜਕੇ ਦੀ ਉਥੇ ਹੀ ਬਦਲੀ ਕਰ ਦਿਤੀ ਜਾਵੇ ਪਰ, ਡਿਪਟੀ ਸਪੀਕਰ ਸਾਹਿਬ, ਇਹ ਇਤਨਾ ਕੰਮ ਵੀ ਨਹੀਂ ਕਰ ਸਕੇ। (ਸ਼ੇਮ ਸ਼ੇਮ) ਐਡਰੈਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਫੌਜੀਆਂ ਦੀ ਦੇਖ ਭਾਲ ਕਰਦੇ ਹਾਂ ਪਰ ਦੂਸਰੇ ਪਾਸੇ ਇਸ ਭਾਈ ਦੀ ਦੇਖ ਭਾਲ ਵਾਸਤੇ ਉਸ ਦੇ ਲੜਕੇ ਦੀ ਟਰਾਂਸਫਰ ਨਹੀਂ ਕਰ ਸਕੇ । ਇਸ ਤੋਂ ਵੱਧ ਹੋਰ ਇਨ੍ਹਾਂ ਨੇ ਕੀ ਕਰਨਾ ਹੈ ।

ਸੋ ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਹਾਊਸ ਦੇ ਸਾਹਮਣੇ ਮਸਲਾ ਉਠਾਇਆ ਹੈ । ਆਨਰੇਬਲ ਮੈਂਬਰਾਂ ਨੇ ਵੀ ਮਸਲਾ ਲਿਆਂਦਾ ਹੈ। ਜਿਹੜੇ ਤਿੰਨ ਚਾਰ ਦਿਨਾਂ ਤੋਂ ਰੂਲਿੰਗ ਪਾਰਟੀ ਵਾਲੇ ਸ਼ੋਰ ਕਰਦੇ ਹਨ , ਇਸ ਤਰ੍ਹਾਂ ਕਰਨ ਨਾਲ ਮੈਂ ਸਮਝਦਾ ਹਾਂ ਕਿ ਹਾਊਸ ਦੀ ਕਾਰਵਾਈ ਵਿਚ ਰੁਕਾਵਟ ਪੈਂਦੀ ਹੈ। ਇਨ੍ਹਾ ਨੇ ਕਿਹਾ ਹੈ ਕਿ ਸਾਡੀ ਪਾਰਟੀ ਦਾ ਮਤਾ ਦੇਸ਼ ਵਿਰੋਧੀ ਹੈ। ਇਸ ਸਬਧ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਮਸਲੇ ਵਿਚ ਸਾਡੀ ਪਾਰਟੀ ਨੇ ਮੰਗ ਇਹ ਕੀਤੀ ਹੈ ਕਿ ਜਿਹੜੇ ਪਾਕਿਸਤਾਨ ਦੇ ਜੰਗੀ ਕੈਦੀ ਹਨ ਜਿਨ੍ਹਾਂ ਉਪਰ ਕੋਈ ਵੀ ਜੰਗੀ ਜੁਰਮ ਨਹੀ ਹੈ, ਦੋਸ਼ ਨਹੀਂ ਹੈ ਉਨ੍ਹਾਂ ਨੂੰ ਵਾਪਸ ਭੇਜ ਦੇਣਾ ਚਾਹੀਦਾ ਹੈ। ਜਿਹੜੇ ਦੋਸ਼ੀ ਹਨ, ਉਨ੍ਹਾਂ ਨੂੰ ਬੇਸ਼ਕ ਨਾ ਛੱਡੋ । ਇਹ ਮੰਗ ਜਿਹੜੀ ਹੈ ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਠੀਕ ਮੰਗ ਹੈ। ਇਹ ਮੰਗ ਦਿੱਲੀ ਵਿਚ ਆਚਾਰੀਆ ਕਿਰਪਲਾਨੀ ਨੇ ਕੀਤੀ ਅਤੇ (ਵਿਘਨ) (ਸ਼ੋਰ)

**ਸ੍ਰੀ ਪ੍ਰੇਮ ਗੁਪਤਾ** : * * * *

(ਇਸ ਸਮੇਂ ਅਕਾਲੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਗਏ )

**ਸ੍ਰੀ ਡਿਪਟੀ ਸਪੀਕਰ**: ਗੁਪਤਾ ਜੀ ਇਹ ਤੁਹਾਡਾ ਪੁਆਇੰਟ ਆਫ ਆਰਡਰ ਕਿਸ ਤਰ੍ਹਾਂ ਬਣਿਆ। (Is it a point of order Gupta ji?)

**ਸ੍ਰੀ ਪ੍ਰੇਮ ਗੁਪਤਾ** : ਡਿਪਟੀ ਸਪੀਕਰ ਸਾਹਿਬ, ਇਹ ਉਨ੍ਹਾਂ ਬੰਦਿਆਂ ਦੀ ਹਮਦਰਦੀ ਕਰਦੇ ਹਨ ਜਿਨ੍ਹਾਂ ਨੇ ਬੰਗਲਾ ਦੇਸ਼ ਵਿਚ ਕੀ ਕੁਝ ਨਹੀਂ ਕੀਤਾ। ਇਹ ਅੱਜ ਪਾਕਿਸਤਾਨ ਦੀ ਹਮਦਰਦੀ ਕਰਦੇ ਹਨ। ਇਹ ਉਨ੍ਹਾਂ ਨਾਲ ਰਲੇ ਹੋਏ ਹਨ। ਇਹ ਰੋਜ਼ ਗਿਆਨੀ ਬਖਸ਼ੀਸ਼ ਸਿੰਘ ਦਾ ਰੋਣਾ ਰੋਂਦੇ ਰਹਿੰਦੇ ਹਨ। (ਵਿਘਨ) (ਸ਼ੋਰ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਵਕਤਾ ਕੀਤਾ ਹੈ ਉਹ ਤੁਸੀਂ ਐਕਸਪੰਜ ਕਰਵਾ ਦਿੱਤਾ ਹੈ ਜਾਂ ਨਹੀਂ। ਨਹੀਂ ਤਾਂ ਅਸੀਂ ਖਬਰ ਪੜ੍ਹ ਕੇ ਸੁਣਾਈਏ।

**ਸ੍ਰੀ ਡਿਪਟੀ ਸਪੀਕਰ** : ਉਹ ਆਟੋਮੈਟੀਕਲੀ ਐਕਸਪੰਜ ਹੋ ਗਏ ਹਨ।

(Those words have got automatically expunged.)

**ਸਰਦਾਰ ਅਮੀਰ ਸਿੰਘ ਕਲਕਟ** : * * *

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਮੈਂ ਮੈਂਬਰ ਸਾਹਿਬਾਨ ਨੂੰ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਇਸ ਤਰ੍ਹਾਂ ਪੁਆਇੰਟ ਆਫ ਆਰਡਰ ਰੇਜ਼ ਕਰਕੇ ਬੋਲਣਾ ਬੇ-ਮਾਇਨੇ ਹੈ। ਇਸ ਲਈ ਮੈਂ ਆਨਰੇਬਲ ਮੈਂਬਰਜ਼ ਦੀ ਗਿਆਤ ਲਈ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਦਾ ਫੈਸਲਾ ਹੋ ਚੁਕਾ ਹੈ ਕਿ ਜਿਹੜਾ ਪੁਆਇਟ ਆਫ ਆਰਡਰ ਨਹੀਂ ਹੋਵੇਗਾ ਉਹ ਆਟੋਮੈਟਿਕਲੀ ਐਕਸਪੰਜ ਹੋ ਜਾਵੇਗਾ। ਇਸ ਲਈ ਬਜਾਏ ਵਕਤ ਜ਼ਾਇਆ ਕਰਨ ਦੇ ਅਤੇ ਇੰਟਰਪਟ ਕਰਨ ਦੇ ਹੋਰ ਕੋਈ ਲਾਭ ਇਸ ਤਰ੍ਹਾਂ ਬੋਲਣ ਦਾ ਨਹੀਂ ਹੈ।

(This is no point of order. As I have already pointed out to the hon. Members, it serves no purpose to say something by rising on a point of order, However, for the information of the hon. members, I may reiterate that according to a decision of the House any point of order which is declared as no point of order, will automatically stand expunged from the record of the proceedings. Thus it will serve no other purpose except that of wasting the time of the House or causing an interruption in the proceedings.)

**ਸਰਦਾਰ ਰਣਧੀਰ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਭਦਰ ਪੁਰਸ਼ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਆਪਣੇ ਆਇਨ ਦੇ ਮੁਤਾਬਿਕ ਮਤਾ ਪਾਸ ਕੀਤਾ ਹੈ। ਸਾਨੂੰ ਇਸ ਤਰ੍ਹਾਂ ਮਤਾ ਪਾਸ ਕਰਨ ਦਾ ਹੱਕ ਹੈ। ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ। (ਵਿਘਨ)

**ਉਪ ਮੰਤਰੀ (ਗ੍ਰਿਹ ਅਤੇ ਉਦਯੋਗ)** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਅਗੇ ਵੀ ਕਿਹਾ ਸੀ ਕਿ ਅਸੀਂ ਇਹ ਮਤਾ ਆਕੜ ਕੇ ਪਾਸ ਕੀਤਾ ਹੈ। ਆਕੜਦਾ ਆਦਮੀ ਉਸ ਸਮੇਂ ਹੈ ਜਦੋਂ ਉਹ ਮਰ ਗਿਆ ਹੋਵੇ। (ਵਿਘਨ) (ਥੰਪਿੰਗ) ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਜਾਂ ਤਾਂ ਇਹ ਮਰ ਗਏ ਹਨ। (ਸ਼ੋਰ)

**Mr. Deputy Speaker** : Please resume your seat.

**ਸਰਦਾਰ ਜਸਵਿੰਦਰ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅਸੀਂ ਆਪਣੀਆਂ ਜਾਨਾਂ ਵਾਰ ਦਿਤੀਆਂ। ਪਾਕਿਸਤਾਨੀਆਂ ਨਾਲ ਲੜਾਈ ਲੜੀ ਪਰ ਉਸ ਤੋਂ ਬਾਅਦ ਪੰਜ ਹਜ਼ਾਰ ਮੀਲ ਦਾ ਰਕਬਾ ਉਨ੍ਹਾਂ ਨੂੰ ਵਾਪਸ ਕਰ ਦਿਤਾ ਹੈ। ਜੇਕਰ ਇੰਦਰਾ ਗਾਂਧੀ ਨੇ ਇਹ ਵਾਪਸ ਕਰ ਦਿਤਾ ਹੈ ਤਾਂ ਗੱਦਾਰੀ ਨਹੀਂ ਕਰਦੀ ਅਤੇ ਜੇਕਰ ਅਕਾਲੀ ਪਾਰਟੀ ਕਹਿ ਦਿੰਦੀ ਹੈ ਕਿ ਜੰਤਾ ਤੋਂ ਫਾਲਤੂ ਬੋਝ ਹਟਾਓ ਤਾਂ ਇਹ ਕਹਿੰਦੇ ਹਨ ਕਿ ਗੱਦਾਰੀ ਹੈ।

**ਸਰਦਾਰ ਰਣਧੀਰ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਭਦਰ ਪੁਰਸ਼ਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਵਜ਼ੀਰ ਨੇ ਲੋਕ ਸਭਾ ਵਿਚ ਦੱਸਿਆ ਸੀ ਕਿ ਤਿੰਨ ਲੱਖ 42 ਹਜ਼ਾਰ ਰੁਪਿਆ ਇਨ੍ਹਾਂ ਕੈਦੀਆਂ ਉਪਰ ਰੋਜ਼ ਖਰਚ ਕੀਤਾ ਜਾਂਦਾ ਹੈ। ਇਹ ਦੇਸ਼ ਉਪਰ ਇਕ ਭਾਰੀ ਬੋਝ ਹੈ ਅਤੇ ਇਨ੍ਹਾਂ ਨੂੰ ਰਖਣ ਲਈ ਕੁਝ ਲਾਭ ਨਹੀਂ ਹੈ।

*Expunged as ordered by the Chair

Original with;
Punjab Vidhan Sabha
Digitized by;
Panjab Digital Library

ਸ੍ਰੀ ਜੋਗਿੰਦਰ ਪਾਲ ਪਾਂਡੇ (ਰਾਜ ਮੰਤਰੀ) : * * *

**Mr. Deputy Speaker** : This is no point of order.

**ਸਰਦਾਰ ਅਜਾਇਬ ਸਿੰਘ ਸੰਧੂ** : * * *

**Mr. Deputy Speaker** : This is no point of order.

**ਸਰਦਾਰ ਰਣਧੀਰ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਭਾਰਤ ਦੀ ਭਦਰ ਪ੍ਰਧਾਨ ਮੰਤਰੀ ਨੇ ਸ਼ਿਮਲਾ ਸਮਝੌਤਾ ਕਰਨ ਲਈ ਪਾਕਿਸਤਾਨ ਸਰਕਾਰ ਨੂੰ ਸਦਾ ਪੱਤਰ ਦਿੱਤਾ ਅਤੇ ਤਿੰਨ ਚਾਰ ਦਿਨ ਵਿਚਾਰ ਵਟਾਂਦਰਾ ਹੁੰਦਾ ਰਿਹਾ। (ਵਿਘਨ) (ਸ਼ੋਰ)।

**ਸ੍ਰੀ ਗੁਰਦਿਆਲ ਸੈਣੀ** : * * * *

**Mr. Deputy Speaker** : Please take your seat. This is no point of order.

**ਸਰਦਾਰ ਰਣਧੀਰ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਆਪ ਇਸ ਗੱਲ ਨੂੰ ਮੰਨਿਆ ਹੈ ਕਿ ਪਾਕਿਸਤਾਨ ਦੇ ਜੰਗੀ ਕੈਦੀ ਵਾਪਿਸ ਹੋ ਜਾਣਗੇ। (ਵਿਘਨ) (ਸ਼ੋਰ)

**ਗਿਆਨੀ ਕੁੰਦਨ ਸਿੰਘ ਪਤੰਗ** : ਜੇਕਰ ਇਸ ਤਰ੍ਹਾਂ ਸਾਡੇ ਇਕ ਮੈਂਬਰ ਨੂੰ ਤੁਸੀਂ ਬੋਲਣ ਨਹੀਂ ਦੇਣਾ ਤਾਂ ਅਸੀਂ ਵੀ ਤੁਹਾਨੂੰ ਬੋਲਣ ਨਹੀਂ ਦਿਆਂਗੇ। ਤੁਹਾਨੂੰ ਇਸ ਤਰ੍ਹਾਂ ਵਿਘਨ ਨਹੀਂ ਪਾਣਾ ਚਾਹੀਦਾ। (ਵਿਘਨ) (ਸ਼ੋਰ)

**Mr. Deputy Speaker**: No interruption. Please resume your seat.

**ਸਰਦਾਰ ਕ੍ਰਿਪਾਲ ਸਿੰਘ ਢਿਲੋਂ** : ਆਨ ਏ ਪੁਆਇੰਟ ਆਫ ਆਰਡਰ ਸਰ: ਡਿਪਟੀ ਸਪੀਕਰ ਸਾਹਿਬ ਇਹ ਜਿਹੜਾ ਰੈਜ਼ੋਲਿਊਸ਼ਨ ਬਾਰੇ ਇਸ ਹਾਊਸ ਵਿਚ ਕੰਟ੍ਰੋਵਰਸੀ ਚਲ ਰਹੀ ਹੈ ਅਤੇ ਇਸ ਮਜ਼ਮੂਨ ਤੇ ਗਲਾਂ ਵਾਰ ਵਾਰ ਦੁਹਰਾਈਆਂ ਜਾ ਰਹੀਆਂ ਹਨ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਰੈਜ਼ੂਲਿਊਸ਼ਨ ਦੀ ਇਹ ਲੈਂਗੂਏਜ ਇਸ ਹਾਊਸ ਵਿਚ ਪੜ੍ਹ ਕੇ ਸੁਣਾ ਦੇਣ ਤਾਂ ਕਿ ਇਹ ਗਲ ਆਪਣੀ ਸਾਫ ਕਰ ਸਕਣ। ਇਹ ਰੈਜ਼ੂਲਿਊਸ਼ਨ ਐਂਟੀ ਨੇਸ਼ਨਲ ਹੈ। ਇਹ ਧ੍ਰੋਹ ਭਰਿਆ ਹੈ ਅਤੇ ਦੇਸ਼ ਨਾਲ ਗਦਾਰੀ ਭਰਿਆ ਹੈ। ਇਸ ਨੂੰ ਇਸ ਹਾਊਸ ਵਿਚ ਪੜ੍ਹਿਆ ਜਾਣਾ ਚਾਹੀਦਾ ਹੈ। (ਵਿਘਨ) (ਸ਼ੋਰ)

**Mr. Deputy Speaker**: Please resume your seat.

**ਸਰਦਾਰ ਰਣਧੀਰ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਭਦਰ ਪੁਰਸ਼ਾਂ ਨੇ ਜਦ ਭਾਰਤ ਪਾਕਿਸਤਾਨ ਜੰਗ ਚਲ ਰਹੀ ਸੀ ...(ਵਿਘਨ) (ਸ਼ੋਰ)

**ਉਪ-ਮੰਤਰੀ ਗ੍ਰਹਿ ਅਤੇ ਉਦਯੋਗ** : ਆਨ ਏ ਪੁਆਇੰਟ ਆਫ ਆਰਡਰ ਸਰ: (ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਪਟੀ ਸਪੀਕਰ ਸਾਹਿਬ, ਇਨ੍ਹਾਂ ਚੀਨ ਨੂੰ ਇਲਾਕਾ ਦੇ ਦਿਤਾ ਅਤੇ ਇਲਾਕਾ ਪਾਕਿਸਤਾਨ ਨੂੰ ਭਾਰਤ ਦਾ ਦੇ ਦਿਤਾ ਕੀ ਇਹ ਦੇਸ਼ ਨਾਲ ਗਦਾਰੀ ਨਹੀਂ? (ਵਿਘਨ) (ਸ਼ੋਰ)

**ਉਪ ਮੰਤਰੀ (ਗ੍ਰਹਿ ਅਤੇ ਉਦਯੋਗ)** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਗਵਰਨਰ ਸਾਹਿਬ ਦੇ ਐਡਰਸ ਤੇ ਬੋਲਣ ਲਈ ਖੜ੍ਹੇ ਹੋਏ ਹਨ ਪਰ ਇਹ ਗਲ ਗਵਰਨਰ ਸਾਹਿਬ ਦੇ ਐਡਰੈਸ ਦਾ ਪਾਰਟ ਐਂਡ ਪਾਰਸਲ ਨਹੀਂ ਕਿ ਇਸ ਉਤੇ ਬਹਿਸ ਕਰਨ ਦੀ ਇਜਾਜ਼ਤ ਹੈ?

*Expunged as ordered by the Chair

Original with;
Punjab Vidhan Sabha
Digitized by;
Panjab Digital Library

ਇਹ ਇਸ ਗਲ ਤੇ ਬੋਲ ਹੀ ਨਹੀਂ ਸਕਦੇ। ਗਵਰਨਰ ਸਾਹਿਬ ਦੇ ਭਾਸ਼ਣ ਵਿਚ ਜੰਗੀ ਕੈਦੀਆਂ ਦੇ ਬਾਰੇ ਕੋਈ ਜਿਕਰ ਨਹੀਂ ਕੀਤਾ ਗਿਆ। (ਵਿਘਨ) (ਸ਼ੋਰ)

(ਇਕ ਅਕਾਲੀ ਮੈਂਬਰ: ਤੁਸੀਂ ਅਜੇ ਪੂਰੇ ਵਜ਼ੀਰ ਤਾਂ ਬਣ ਲਓ) (ਵਿਘਨ) (ਸ਼ੋਰ)

**ਸ੍ਰੀ ਡਿਪਟੀ ਸਪੀਕਰ** : ਸਰਦਾਰ ਨਸੀਬ ਸਿੰਘ ਗਿੱਲ ਹੋਰਾਂ ਨੇ ਜਿਹੜਾ ਪੁਆਇੰਟ ਆਫ ਆਰਡਰ ਉਠਾਇਆ ਹੈ ਮੇਰੀ ਰੂਲਿੰਗ ਉਸ ਉਤੇ ਇਹ ਹੈ ਕਿ ਇਹ ਮਾਮਲਾ ਜਨਰਲ ਡਿਸਕਸ਼ਨ ਦਾ ਟਾਪਿਕ ਬਣ ਗਿਆ ਹੈ ਅਤੇ ਕਾਂਗਰਸ ਮੈਂਬਰਾਂ ਨੇ ਵੀ ਆਪਣੇ ਵਿਊਜ਼ ਦਿਤੇ ਹਨ ਇਸ ਲਈ ਇਹ ਵੀ ਉਸ ਗਲ ਵਲ ਹਵਾਲਾ ਦੇ ਸਕਦੇ ਹਨ। (ਵਿਘਨ) (ਸ਼ੋਰ)

(I would request the hon. Members not to interrupt and to hear the views of the hon. Member, S. Randhir Singh Cheema. A point of order has been raised by hon. Deputy Minister, Sardar Nasib Singh Gill. My ruling on that point is that since several Congress members had referred to this issue during the discussion on the Governor's Address and since this has become a topic of the general discussion, the hon, member can also make a mention about that in his speech. I would request the hon. Members not to interrupt hon. Member S. Randhir Singh Cheema and to hear his views).

**ਸਰਦਾਰ ਰਣਧੀਰ ਸਿੰਘ ਚੀਮਾ** : ਜੇਕਰ ਡਿਪਟੀ ਸਪੀਕਰ, ਸਾਹਿਬ ਕਾਂਗਰਸ ਵਾਲੇ ਇਸ ਤਰ੍ਹਾਂ ਵਿਘਨ ਪਾਂਦੇ ਹਨ ਅਤੇ ਇੰਟਰਪਟ ਕਰਦੇ ਹਨ ਤਾਂ ਅਕਾਲੀ ਪਾਰਟੀ ਹਾਊਸ ਦੀ ਕਾਰਵਾਈ ਨੂੰ ਨਹੀਂ ਚਲਣ ਦੇਵੇਗੀ ਅਤੇ ਅਸੀਂ ਵੀ ਇਨ੍ਹਾਂ ਨੂੰ ਬੋਲਣ ਨਹੀਂ ਦਿਆਂਗੇ। (ਵਿਘਨ) (ਸ਼ੋਰ)

**ਸ੍ਰੀ ਗੁਰਦਿਆਲ ਸੈਣੀ** * * *

**Mr. Deputy Speaker** : This is no point of order.

**ਸਰਦਾਰ ਅਜਾਇਬ ਸਿੰਘ ਸੰਧੂ** : ਡਿਪਟੀ ਸਪੀਕਰ ਸਾਹਿਬ, ਬੁਰਕਾ ਪਾ ਕੇ ਤਾਂ ਕਾਂਗਰਸੀ ਹੀ ਜਾ ਸਕਦਾ ਹੈ ਅਕਾਲੀ ਨਹੀਂ ਜਾ ਸਕਦਾ। (ਹਾਸਾ) (ਵਿਘਨ) (ਸ਼ੋਰ)

**ਉਪ ਗ੍ਰਹਿ ਮੰਤਰੀ (ਅਤੇ ਉਦਯੋਗ)** : ਡਿਪਟੀ ਸਪੀਕਰ ਸਾਹਿਬ, ਇਹ ਅੰਸੈਂਬਲੀ ਸਾਰੇ ਪੰਜਾਬ ਦੀ ਰਿਪਰਜੈਂਟੇਟਿਵ ਹੈ ਅਤੇ ਸਾਰੇ ਪੰਜਾਬ ਦੇ ਪ੍ਰਤੀਨਿਧ ਇਥੇ ਬੈਠੇ ਹਨ। ਇਸ ਲਈ ਜਿਹੜੀ ਇਨ੍ਹਾਂ ਨੇ ਇਹ ਗਲ ਕਹੀ ਹੈ ਕਿ ਅਸੀਂ ਅੱਗੇ ਤੋਂ ਕਿਸੇ ਨੂੰ ਬੋਲਣ ਨਹੀਂ ਦੇਣਾ ਅਤੇ ਹਾਊਸ ਦੀ ਕਾਰਵਾਈ ਨਹੀਂ ਚਲਣ ਦੇਣੀ, ਇਹ ਠੀਕ ਨਹੀਂ। ਇਹ ਰੋਕ ਨਹੀਂ ਸਕਦੇ। ਇਨ੍ਹਾਂ ਲਫਜ਼ਾਂ ਨੂੰ ਅੰਸੈਂਬਲੀ ਦੀ ਕਾਰਵਾਈ ਵਿਚੋਂ ਕੱਢ ਦੇਣਾ ਚਾਹੀਦਾ ਹੈ। (ਵਿਘਨ) (ਸ਼ੋਰ)

(ਕੁਝ ਆਨਰੇਬਲ ਮੈਂਬਰ ਬੈਠੇ ਬੈਠੇ ਦੂਜੇ ਨੂੰ ਗਲਾਂ ਕਹਿ ਰਹੇ ਸਨ। ) (ਵਿਘਨ ) (ਸ਼ੋਰ)

**ਸਰਦਾਰ ਧੰਨਾ ਸਿੰਘ ਗੁਲਸ਼ਨ**: * * * *

**ਸ੍ਰੀ ਡਿਪਟੀ ਸਪੀਕਰ**: ਆਰਡਰ ਪਲੀਜ਼। ਜੋ ਕੁਝ ਆਨਰਬਲ ਮੈਂਬਰ ਸਾਹਿਬ ਬਿਨਾ ਆਗਿਆ ਬੋਲ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (ਸ਼ੋਰ)। ਜਿਹੜੇ ਮਾਨਯੋਗ ਮੈਂਬਰ ਬੈਠੇ ਬੈਠ ਬੋਲ ਰਹੇ ਹਨ ਉਹ ਵੀ ਰਿਕਾਰਡ ਨਾ ਕੀਤਾ ਜਾਵੇ। (Order please. Whatever is being said by the hon. Members without the permission of the Chair should not be recorded

*Expunged Not recorded as ordered by the Chair.

Original with;
Punjab Vidhan Sabha
Digitized by;
Panjab Digital Library

(*Interruption*) (*Noise*) Whatever the Members are uttering without rising in their seats, should also not be recorded.)

**ਚੌਧਰੀ ਦਰਸ਼ਨ ਸਿੰਘ (ਨੂਰਮਹਿਲ)** : ਆਨ ਏ ਪੁਆਇੰਟ ਆਫ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਪੁਆਇੰਟ ਤਾਂ ਅਕਸੈਪਟ ਹੋ ਗਿਆ ਹੈ ਕਿ ਜਿਹੜਾ ਮਤਾ ਅਕਾਲੀ ਦਲ ਵਲੋਂ ਪਾਸ ਕੀਤਾ ਗਿਆ ਹੈ ਉਸ ਦੇ ਹਕ ਵਿਚ ਅਤੇ ਖਿਲਾਫ ਗਲਾਂ ਕਹੀਆਂ ਜਾ ਸਕਦੀਆਂ ਹਨ ਅਤੇ ਮੈਂਬਰ ਸਾਹਿਬਾਨ ਨੇ ਇਸ ਪਖ ਵਿਚ ਫੇਵਰ ਕੀਤਾ ਹੈ। ਸਾਨੂੰ ਦੋਹਾਂ ਪਾਰਟੀਆਂ ਨੂੰ ਸੁਣਨਾ ਚਾਹੀਦਾ ਹੈ।

ਦੂਜਾ ਪੁਆਇੰਟ ਇਹ ਹੈ ਕਿ ਸ਼ਿਮਲਾ ਐਗਰੀਮੈਂਟ ਦੇ ਬਾਰੇ ਵਿਚ ਜੋ ਕੁਝ ਅਕਾਲੀ ਮੈਂਬਰ ਦਸ ਰਹੇ ਹਨ ਇਨ੍ਹਾਂ ਪਾਸ ਮੈਂ ਆਪ ਜੀ ਦੀ ਰਾਹੀਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਫੈਕਟਸ ਨੂੰ ਤੋੜ ਮੋੜ ਕੇ ਇਥੇ ਪੇਸ਼ ਨਾ ਕਰਨ। ਸ਼ਿਮਲਾ ਐਗਰੀਮੈਂਟ ਵਿਚ ਇਹ ਸਪੱਸ਼ਟ ਸੀ ਕਿ ਬੰਗਲਾ ਦੇਸ਼ ਦੀ ਰੀਕਗਨੀਸ਼ਨ ਤੋਂ ਪਹਿਲਾਂ ਜੰਗੀ ਕੈਦੀ ਵਾਪਸ ਨਹੀਂ ਕੀਤੇ ਜਣਾਗੇ।

ਤੀਜੀ ਬੇਨਤੀ ਇਹ ਹੈ ਕਿ ਚੀਮਾ ਸਾਹਿਬ ਨੇ ਜਿਹੜਾ ਹਯੂਮੈਨਟੇਰੀਅਨ ਪੁਆਇੰਟ ਆਫ ਵਿਊ ਪੇਸ਼ ਕਰਨ ਦਾ ਯਤਨ ਕੀਤਾ ਹੈ ਕਿ ਜਿਹੜੇ ਇਨੋਸੈਂਟ ਕੈਦੀ ਹਨ ਅਤੇ ਜਿਨ੍ਹਾਂ ਦਾ ਕੋਈ ਕਸੂਰ ਨਹੀਂ ਅਤੇ ਵਾਰ ਕਰਾਇਮਜ਼ ਵਿਚ ਇਨਵਾਲਵਡ ਨਹੀਂ ਉਨ੍ਹਾਂ ਨੂੰ ਰਿਹਾ ਕਰ ਦਿਤਾ ਜਾਵੇ। ਇਹ ਵਿਊ ਮੈਨੂੰ ਅਫਸੋਸ ਹੈ ਕਿ ਉਸ ਸਮੇਂ ਨਾ ਪੇਸ਼ ਕੀਤਾ ਜਦੋਂ ਕਿ ਬੰਗਲਾ ਦੇਸ਼ ਦੇ ਸਾਢੇ ਤਿੰਨ ਲੱਖ ਲੋਕਾਂ ਨੂੰ ਪਾਕਿਸਤਾਨੀ ਫੌਜ ਨੇ ਬੂਚਰ ਕਰ ਦਿਤਾ। ਇਨ੍ਹਾਂ ਤਾਂ ਕੋਈ ਮਤਾ ਪਾਸ ਨਾ ਕੀਤਾ। (ਵਿਘਨ) (ਸ਼ੋਰ) ਫਿਰ ਜਿਹੜੇ 35 ਹਜ਼ਾਰ ਬੰਗਾਲੀ ਪਾਕਿਸਤਾਨ ਵਿਚ ਦੁਖ ਵਿਚ ਹਨ ਉਨ੍ਹਾਂ ਦੇ ਬਾਰੇ ਵਿਚ ਇਨ੍ਹਾਂ ਵਲੋਂ ਕੋਈ ਮਤਾ ਪੇਸ਼ ਨਹੀਂ ਕੀਤਾ ਗਿਆ (ਸਰਕਾਰੀ ਬੈਂਚਾਂ ਵਲੋਂ ਪ੍ਰਸ਼ੰਸਾ) (ਹੇਅਰ ਹੇਅਰ)

6.27 ਪੀ. ਐਮ. (ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)।

**ਸਰਦਾਰ ਰਣਧੀਰ ਸਿੰਘ ਚੀਮਾਂ** : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ (ਵਿਘਨ) ਸ਼ੋਰ

**ਸ੍ਰੀ ਸਪੀਕਰ** : ਤੁਸੀਂ ਚੀਮਾ ਸਾਹਿਬ, ਕਿਸੇ ਨਾਲ ਨਾ ਉਲਝੋ। ਤੁਸੀਂ ਦੋ ਮਿੰਟ ਵਿਚ ਹੀ ਵਾਇੰਡ ਅਪ ਕਰੋ। (Cheema Sahib you should not get yourself involved in exchanges with other members. You should wind up within two minutes.) (ਵਿਘਨ) (ਸ਼ੋਰ)

**ਸਰਦਾਰ ਰਣਧੀਰ ਸਿੰਘ ਚੀਮਾ** : ਮੈਨੂੰ ਤਾਂ ਮਿਲੇ ਹੀ ਸਿਰਫ ਦੋ ਮਿੰਟ ਹਨ। ਇਹ ਮੈਨੂੰ ਇਨ-ਟਰਪਟ ਕਰਦੇ ਰਹੇ ਹਨ ਅਤੇ ਬੋਲਣ ਹੀ ਨਹੀਂ ਦਿਤਾ। ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸਾਂ ਕਿ ਜਿਹੜਾ ਇਸ਼ਤਿਹਾਰ ਸਾਡੀ ਫੌਜ ਵਲੋਂ ਕਢਿਆ ਗਿਆ ਉਸ ਵਿਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਜੈਨੇਵਾ ਕਨਵੈਨਸ਼ਨ ਅਨੁਸਾਰ ਜੰਗੀ ਕੈਦੀਆਂ ਨਾਲ ਵਤੀਰਾ ਵਰਤਿਆ ਜਾਵੇਗਾ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਇਹ ਫੈਕਟਸ ਤਾਂ ਚੀਮਾ ਸਾਹਿਬ ਇਰਰੈਲੇਵੈਂਟ ਨੇ। ਇਨ੍ਹਾਂ ਦਾ ਜਿਕਰ ਗਵਰਨਰ ਸਾਹਿਬ ਦੇ ਐਡਰਸ ਵਿਚ ਨਹੀਂ। ਤੁਸੀਂ ਹੁਣ ਦੋ ਮਿੰਟ ਵਿਚ ਵਾਇੰਡ ਅਪ ਕਰੋ। (Cheema Sahib, all this is not relevant as there is no such mention in the Governor's Address. Please wind up within two minutes.)

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਧੀਰ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਤਾਂ ਉਨ੍ਹਾਂ ਗਲਾਂ ਦਾ ਉਤਰ ਦੇ ਰਿਹਾ ਹਾਂ ਜਿਹੜੀਆਂ ਕਿ ਕਾਂਗਰਸ ਪਾਰਟੀ ਵਲੋਂ ਕਹੀਆਂ ਗਈਆਂ ਹਨ। ਸਪੀਕਰ ਸਾਹਿਬ, ਮੈਂ ਆਪ ਦੀ ਰਾਹੀਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਡੈਮੋਕਰੇਸੀ ਵਿਚ ਜਿਸ ਨੂੰ ਕਿ ਇਹ ਵੀ ਮੰਨਦੇ ਹਨ ਹਰ ਆਦਮੀ ਨੂੰ ਇਸ ਗਲ ਦਾ ਰਾਈਟ ਹੈ ਕਿ ਉਹ ਮਤਾ ਪਾਸ ਕਰ ਸਕੇ, ਆਪਣੀ ਗਲ ਕਹਿ ਸਕੇ। ਫਿਰ ਇਸ ਪਖ ਵਿਚ ਅਸੀਂ ਹੀ ਮਤਾ ਪਾਸ ਨਹੀਂ ਕੀਤਾ ਇਨ੍ਹਾਂ ਦੇ ਆਪਣੇ ਲੀਡਰ ਵੀ ਇਸ ਗਲ ਦੀ ਮੰਗ ਕਰਦੇ ਹਨ। ਰਾਜ ਸਭਾ ਦੇ ਮੈਂਬਰ ਬਾਬੂ ਭਾਈ ਜਿਹੜੇ ਕਿ ਕਾਂਗਰਸੀ ਹਨ ਨੇ ਰਾਜ ਸਭਾ ਵਿਚ ਇਸ ਗਲ ਦੀ ਮੰਗ ਕੀਤੀ ਕਿ ਪਾਕਿਸਤਾਨ ਦੇ ਜੰਗੀ ਕੈਦੀਆਂ ਨੂੰ ਵਾਪਿਸ ਕਰ ਦਿਤਾ ਜਾਵੇ। ਫਿਰ ਇਹ ਮੰਗ ਕਿਰਪਲਾਨੀ ਸਾਹਿਬ ਨੇ ਕੀਤੀ ਅਤੇ ਸੋਸ਼ਲਿਸਟ ਨੇਤਾ ਪੀਲੂ ਮੋਦੀ ਨੇ ਇਹ ਮੰਗ ਕੀਤੀ। ਪਰ ਜਦ ਅਕਾਲੀ ਦਲ ਨੇ ਇਹ ਮੰਗ ਕੀਤੀ ਤਾਂ ਇਹ ਇਤਰਾਜ਼ ਕਰਨ ਲਗ ਪਏ। (ਵਿਘਨ) (ਸ਼ੋਰ)

## EXTENSION OF TIME

**Mr. Speaker**: The time of the House is hereby extended by 5 minutes.

## DISCUSSION ON GOVERNOR'S ADDRESS (*Resumption*)

**ਸਰਦਾਰ ਰਣਧੀਰ ਸਿੰਘ ਚੀਮਾ** : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਹਰ ਮਸਲੇ ਨੂੰ ਅਕਾਲੀ ਦਲ ਨਾਲ ਜੋੜ ਦਿੰਦੇ ਹਨ। ਇਨ੍ਹਾਂ ਨੂੰ ਕਹੋ ਕਿ ਇਹ ਹਰ ਗਲ ਨੂੰ ਅਕਾਲੀ ਦਲ ਦੇ ਨਾਮ ਨਾਲ ਨਾ ਜੋੜ ਦਿਤਾ ਕਰਨ। ਬਖਸ਼ੀਸ਼ ਸਿੰਘ ਦਾ ਮਸਲਾ ਲੈ ਕੇ ਅਕਾਲੀ ਦਲ ਨਾਲ ਜੋੜ ਦਿਤਾ। ਡਾਕਟਰ ਜਗਜੀਤ ਸਿੰਘ ਦੀ ਗਲ ਲੈ ਕੇ ਅਕਾਲੀ ਦਲ ਨਾਲ ਜੋੜ ਦਿਤੀ (ਵਿਘਨ) (ਬਹੁਤ ਸ਼ੋਰ)

**ਸ੍ਰੀ ਸਪੀਕਰ** : ਸ: ਬਖਸ਼ੀਸ਼ ਸਿੰਘ ਤਾਂ ਖਾਲਸਤਾਨ ਬਾਰੇ ਜਿਹੜੀ ਸ਼ੈਡੋ ਕੈਬੀਨੇਟ ਬਣੀ ਹੈ ਉਸ ਦਾ ਮੈਂਬਰ ਹੈ। (ਵਿਘਨ) (ਸ਼ੋਰ) (S. Bakhshish Singh is a member of the Shadow (ਸ਼ੇਮ ਸ਼ੇਮ) Cabinet for Khalistan.)

**ਸਰਦਾਰ ਅਜਾਇਬ ਸਿੰਘ ਸੰਧੂ**: ਤੁਸੀਂ ਸਪੀਕਰ ਸਾਹਿਬ, ਇਨ੍ਹਾਂ ਦਾ ਪਖ ਪੂਰ ਰਹੇ ਹੋ (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਇਹ ਚੇਅਰ ਤੇ ਅਸਪਰਸ਼ਨ ਹੈ ਇਸ ਨੂੰ ਤੁਸੀਂ ਵਿਦਡਰਾ ਕਰੋ। ਮੈਂ ਜਦ ਯੂ. ਕੇ. ਵਿਚ ਗਿਆ ਸਾਂ ਤਾਂ ਮੈਨੂੰ ਪਤਾ ਲਗਾ ਕਿ ਬਖਸ਼ੀਸ਼ ਸਿੰਘ ਯੂ ਕੇ ਦੀ ਅਕਾਲੀ ਦਲ ਦਾ ਜਨਰਲ ਸੈਕਟਰੀ ਹੈ ਅਤੇ ਸਿੱਖ ਹੋਮ ਲੈਂਡ ਦੇ ਬਾਰੇ ਵਿਚ ਬਣੀ ਸ਼ੈਡੋ ਕੈਬੀਨਟ ਦਾ ਮੈਂਬਰ ਹੈ। (This is an (ਕਾਂਗਰਸ ਬੈਂਚਾਂ ਵਲੋਂ ਹੇਅਰ ਹੇਅਰ) aspersion on the Chair. Please withdraw it. When I was in U. K., I learnt (ਵਿਘਨ) (ਸ਼ੋਰ) that Bakhshish Singh, the General Secretary of U. K. Akali Dal, was a member of the Sikh Homeland Shadow Cabinet).

**ਸਰਦਾਰ ਅਜਾਇਬ ਸਿੰਘ ਸੰਧੂ**: ਤੁਸੀਂ ਸਪੀਕਰ ਸਾਹਿਬ, ਕਾਂਗਰਸ ਦਾ ਪਰਚਾਰ ਕਰ ਰਹੇ ਹੋ ਤੁਹਾਨੂੰ ਆਪਣੇ ਆਪ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਤੁਸੀਂ ਤਾਂ ਮੀਟਿੰਗ ਵਿਚ ਸ਼ਾਮਿਲ ਹੀ ਨਹੀਂ ਸੀ ਤੁਹਾਨੂੰ ਕੀ ਪਤਾ। (ਵਿਘਨ, ਸ਼ੋਰ ਬਹੁਤ ਸ਼ੋਰ )

**Mr. Speaker**: This is an aspersion on the Chair. Please withdraw these words.

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਜਿਹੜਾ ਦੇਸ਼ ਨਾਲ ਗੱਦਾਰੀ ਕਰਦਾ ਹੈ ਉਸ ਬਾਰੇ ਫੈਕਟਸ ਹਾਊਸ ਵਿਚ ਲਿਆਣੇ ਹਨ। ਜਿਹੜਾ ਗੱਦਾਰੀ ਕਰਦਾ ਹੈ ਤੁਸੀਂ ਉਸ ਨੂੰ ਆਪਣੀ ਸੰਸਥਾ ਨਾਲ ਜੋੜਦੇ ਹੋ। ਪਰ ਮੈਂ ਤੁਹਾਡ ਸਾਹਮਣੇ ਫੈਕਟਸ ਜ਼ਰੂਰ ਰਖਣੇ ਹਨ। ਇਹ ਸਾਡਾ ਫਰਜ਼ ਬਣਦਾ ਹੈ। (This is an aspersion on the Chair. Please withdraw these words. I must place the facts before the House about a person who acts as a traitor towards our country. You connect him with your party. However, it is my duty to place the facts before the House). (ਵਿਘਨ) (ਸ਼ੋਰ)

**ਸਰਦਾਰ ਪਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਬਖਸ਼ੀਸ਼ ਸਿੰਘ ਦੇ ਮੁਤਾਲਿਕ ਜਿਹੜੇ ਰੀਮਾਰਕਸ ਤੁਸੀਂ ਕਹੇ ਹਨ ਇਨ੍ਹਾਂ ਨੂੰ ਤੁਹਾਨੂੰ ਵਾਪਿਸ ਲੈਣਾ ਚਾਹੀਦਾ ਹੈ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਇਸ ਮਾਮਲੇ ਤੇ ਤੁਸੀਂ ਉਸ ਲਿਸਟ ਨੂੰ ਵੇਖ ਸਕਦੇ ਹੋ ਜਿਹੜੀ ਕਿ ਵਰਨੇਕੂਲਰ ਪ੍ਰੈਸ ਵਿਚ ਛਪੀ ਹੈ ਸ਼ੈਡੋ ਕੈਬੀਨਟ ਦੇ ਬਾਰੇ ਵਿਚ (ਵਿਘਨ) (ਸ਼ੋਰ) (I would request you to see the list of the Shadow Cabinet published in the vernacular press.)

**ਸਰਦਾਰ ਪਰਕਾਸ਼ ਸਿੰਘ ਬਾਦਲ** : ਇਹ ਬਿਲਕੁਲ ਗਲਤ ਗਲ ਹੈ। (ਵਿਘਨ) (ਸ਼ੋਰ)

**ਸਰਦਾਰ ਅਜਾਇਬ ਸਿੰਘ ਸੰਧੂ** : ਇਹ ਤੁਹਾਡੀ ਆਪਣੀ ਪ੍ਰੈਸ ਹੋਣੀ ਹੈ (ਵਿਘਨ,) (ਬਹੁਤ ਸ਼ੋਰ)

**ਸ੍ਰੀ ਸਪੀਕਰ** : ਤੁਸੀਂ ਨਾ ਮੰਨੋ ਤਾਂ ਮੈਂ ਕੀ ਕਰਾਂ। ਪਰ ਇਹ ਫੈਕਟਸ ਹਨ। (ਵਿਘਨ,) (ਬਹੁਤ ਸ਼ੋਰ) (You may differ, I cannot help; all the same these are facts.)

## WALK OUT

**ਸਰਦਾਰ ਅਜਾਇਬ ਸਿੰਘ ਸੰਧੂ** : ਤੁਸੀਂ ਕਾਂਗਰਸ ਦਾ ਪੱਖ ਪੂਰ ਰਹੇ ਹੋ ਅਤੇ ਤੁਹਾਡੇ ਇਸ ਵਤੀਰੇ ਦੇ ਖਿਲਾਫ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਅਕਾਲੀ ਪਾਰਟੀ ਦੇ ਹਾਜ਼ਰ ਮੈਂਬਰ ਹਾਊਸ ਵਿਚੋਂ ਬਾਹਰ ਚਲੇ ਗਏ)

**ਸ੍ਰੀ ਸਪੀਕਰ** : ਜੇਕਰ ਦੇਸ਼ ਧ੍ਰੋਹੀਆਂ ਨੂੰ ਐਕਸਪੋਜ਼ ਕਰਨਾ ਪਖਪਾਤ ਹੈ ਤਾਂ ਇਹ ਮੁਬਾਰਕ ਕਦਮ ਹੈ ਸਰਕਾਰੀ ਬੈਂਚਾਂ ਵਲੋਂ ਹੇਅਰ ਹੇਅਰ) (If it is partisanship to expose a traitor then I welcome it). (ਇਸ ਸਮੇਂ ਅਕਾਲੀ ਪਾਰਟੀ ਦੇ ਮੈਂਬਰ ਬਾਹਰ ਜਾਂਦੇ ਨਾਹਰੇ ਲਗਾ ਰਹੇ ਸਨ ਸਪੀਕਰ ਸਾਹਿਬ ਦੇ ਖਿਲਾਫ)

(ਇਸ ਵੇਲੇ ਸਮੂਹ ਅਕਾਲੀ ਪਾਰਟੀ ਦੇ ਮੈਂਬਰਜ਼ ਵਾਕ ਆਊਟ ਕਰ ਗਏ ਅਤੇ ਨਾਹਰੇ ਲਾਉਂਦੇ ਜਾ ਰਹੇ ਸਨ) * * * *

**ਸ੍ਰੀ ਸਪੀਕਰ** : ਜੋ ਕੁਝ ਵੀ ਵਿਦਆਊਟ ਦੀ ਪਰਮਿਸ਼ਨ ਆਫ ਦੀ ਚੇਅਰ ਕਿਹਾ ਜਾ ਰਿਹਾ ਹੈ ਉਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (Whatever is being said without the permission of the Chair should not form part of the proceedings).

*Expunged as ordered by the Chair.

Original with;
Punjab Vidhan Sabha
Digitized by;
Panjab Digital Library

## DISCUSSION ON GOVERNOR'S ADDRESS (*Resumption*)

**आचार्य पृथ्वी सिंह आजाद** . स्पीकर साहिब, आप पंजाब की बहुत भारी सेवा करेंगे अगर आप फैक्टस के साथ साथ अपना रूलिंग प्रेस को दे दें, इस तरह से इन लोगों को आपकी बदनामी करने का कभी मौका नहीं मिलेगा ।

ਟਰੇਜ਼ਰੀ ਬੈਂਚਿਜ਼ ਵਲੋਂ ਆਵਾਜ਼ਾਂ : ਅਸੀਂ ਵੀ ਤਾਈਦ ਕਰਦੇ ਹਾਂ। (ਵਿਘਨ)

**Mr. Speaker** : The House stands adjourned till 9 A. M. on Tuesday, the 6th March, 1973.

3.00 P. M. (*The Sabha then adjourned till 9.00 A. M. on Tuesday, the 6th March, 1973.*)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## APPENDIX
to
## Punjab Vidhan Sabha
## Debate

5th March, 1973

Vol. I—No.4.

### ਧਿਆਨ ਦਿਵਾਉ ਮਤਾ ਨੰ. 11*

**ਸਰਦਾਰ ਉਮਰਾਉ ਸਿੰਘ** (ਸਿਖਿਆ ਅਤੇ ਮਾਲ ਮੰਤਰੀ) : ਕਾਮਰੇਡ ਮਹਿਤਾਬ ਸਿੰਘ, ਐਮ. ਐਲ. ਏ. ਜੀ ਨੇ ਬਾਅਦ ਵਿਚ ਇਹਨਾਂ ਦਸ ਪਿੰਡਾਂ ਦੇ ਨਿਮਨ ਲਿਖਤ ਨਾਂ ਦਸੇ ਹਨ :--

1. ਪਿੰਡ ਕਬੂਲ ਸਾਹ ਹਿਠਾੜ
2. ਆਸਫ ਵਾਲਾ
3. ਮੁਅਜ਼ਮ
4. ਰਤੇ ਵਾਲੀ
5. ਝੁੰਗੜ
6. ਗੁਲਾਬਾ
7. ਦੋਨਾ ਸਿੰਕਦਰੀ
8. ਢੋਲੇ ਵਾਲੀ ਭੈਣੀ
9. ਮੁਹੰਮਦ ਪੀਰਾ
10. ਰਾਮ ਸਿੰਘ ਵਾਲੀ ਭੈਣੀ

ਇਨ੍ਹਾਂ ਬਾਰੇ ਅਸਲ ਪੋਜੀਸ਼ਨ ਹੇਠ ਲਿਖੀ ਜਾਂਦੀ ਹੈ :--

1. ਪਿੰਡ ਕਬੂਲ ਸ਼ਾਹ ਹਿਠਾੜ
2. ਆਸਫ ਵਾਲਾ
3. ਮੁਅਜਮ

ਇਹ ਪਿੰਡ ਭਾਰਤ ਪਾਕ ਯੁੱਧ ਸਮੇਂ ਭਾਰਤ ਪਾਸ ਹੀ ਰਹੇ ਸਨ ਪਰ ਇਥੇ ਦੇ ਵਸਨੀਕਾਂ ਨੂੰ 30 ਸਤੰਬਰ, 1972 ਤਕ ਰਾਤ ਠਹਿਰਨ ਦੀ ਆਗਿਆ ਨਹੀਂ ਸੀ ਜਦ ਕਿ ਦਿਨ ਵਿਚ ਇਹ ਆਪਣੇ ਘਰਾਂ ਅਤੇ ਖੇਤਾਂ ਵਿਚ ਜਾ ਸਕਦੇ ਸਨ। ਇਸ ਲਈ ਇਥੇ ਦੇ ਵਸਨੀਕਾਂ ਨੂੰ 30 ਸਤੰਬਰ, 1972 ਤਕ ਮਾਹਵਾਰੀ ਕੈਸ਼ ਡੋਲ ਦਿਤਾ ਜਾ ਚੁਕਾ ਹੈ ਅਤੇ ਇਸ ਤੋਂ ਬਾਅਦ ਬੰਦ ਕਰ ਦਿਤਾ ਗਿਆ ਸੀ। ਇਨ੍ਹਾਂ ਪਿੰਡਾਂ ਦੇ ਕੁਝ ਭਾਗ ਪਾਕਿਸਤਾਨ ਦੇ ਕਬਜੇ ਵਿਚ ਸਨ ਅਤੇ ਅਜਿਹੇ ਲੋਕਾਂ ਨੂੰ ਫਸਲਾਂ ਖਰੀਫ 1971 ਅਤੇ ਰਬੀ 1972 ਦਾ ਮੁਆਵਜ਼ਾ ਦਿਤਾ ਜਾ ਚੁੱਕਾ ਹੈ। ਪਿੰਡ ਮੁਅਜ਼ਮ ਦੇ ਵਸਨੀਕਾਂ ਨੂੰ ਡੀਫੈਨਸ ਤਿਆਰੀ ਕਾਰਨ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਆਸਫ ਵਾਲਾ ਦੇ ਵਸਨੀਕਾ ਨੂੰ 15 ਜਨਵਰੀ, 1973 ਤੱਕ ਕੈਸ਼ ਡੋਲ ਦਿਤੇ ਜਾ ਚੁੱਕੇ ਸਨ ਕਿਉਂਕਿ ਇਨ੍ਹਾਂ ਲੋਕਾਂ ਨੂੰ ਇਸ ਤੋਂ ਬਾਦ ਰਾਤ ਗੁਜ਼ਾਰਨ ਦੀ ਆਗਿਆ ਦਿੱਤੀ ਜਾ ਚੁਕੀ ਸੀ। ਇਨ੍ਹਾਂ ਤਿੰਨਾਂ ਪਿੰਡਾਂ ਦੇ ਲੋਕਾਂ ਨੇ ਹਾੜੀ ਅਤੇ ਸੌਣੀ ਦੀਆਂ ਫਸਲਾਂ ਬੀਜ ਕੇ ਕੱਟ ਲਈਆਂ ਹਨ।

2. (1) ਰਤੇਵਾਲੀ ਭੈਣੀ
   (2) ਝੁੰਗਰ ਭੈਣੀ
   (3) ਭੈਣੀ ਗੁਲਾਬਾ

---

*ਧਿਆਨ ਦਿਵਾਊ ਮਤਾ ਨੂੰ 11 ਅਤੇ ਇਸ ਸੰਬੰਧੀ ਸਿਖਿਆ ਮੰਤਰੀ ਵਲੋਂ ਦਿਤਾ ਗਿਆ ਪਹਿਲਾ ਬਿਆਨ ਪਿਛੇ 46-47 ਸਫੇ ਤੇ ਦੇਖੋ।

Original with:
Punjab Vidhan Sabha
Digitized by:
Panjab Digital Library

ਫੌਜੀ ਅਧਿਕਾਰੀਆਂ ਨੇ ਸੂਚਨਾਂ ਦਿਤੀ ਸੀ ਕਿ ਰਤੇਵਾਲੀ ਭੈਣੀ, ਝੰਗਰ ਭੈਣੀ, ਅਤੇ ਗੁਲਾਬਾ ਭੈਣੀ ਪਾਕਿਸਤਾਨ ਦੇ ਕਬਜੇ ਵਿਚ ਆ ਚੁਕੇ ਸਨ। ਇਸ ਲਈ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਕੈਸ਼ ਡੋਲ ਅਤੇ ਹੋਰ ਸਹੂਲਤਾਂ ਦਿਤੀਆਂ ਗਈਆਂ ਸਨ। ਫੌਜਾਂ ਦੀ ਵਾਪਸੀ ਤੋਂ ਬਾਦ ਪਤਾ ਲਗਾ ਕਿ ਇਹ ਪਿੰਡ ਪਾਕਿ-ਸਤਾਨ ਦੇ ਕਬਜ਼ੇ ਵਿਚ ਕਦੇ ਵੀ ਨਹੀਂ ਸਨ ਅਤੇ ਇਥੇ ਦੇ ਵਸਨੀਕ ਆਪਣੇ ਪਿੰਡ ਵਿੱਚ ਆਉਂਦੇ ਜਾਂਦੇ ਸਨ। ਉਨ੍ਹਾਂ ਨੇ ਫਸਲਾਂ ਬੀਜੀਆਂ ਅਤੇ ਕਟੀਆਂ ਹਨ। ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਨੇ ਕੁਝ ਲੋਕਾਂ ਦੀ ਗੁਪਤ ਸ਼ਿਕਾਇਤ ਤੇ ਇਨ੍ਹਾਂ ਪਿੰਡਾਂ ਦਾ ਦੌਰਾ ਕੀਤਾ ਅਤੇ ਵੇਖਿਆ ਕਿ ਇਥੇ ਦੇ ਵਸਨੀਕ ਚੰਗੇ ਢੰਗ ਨਾਲ ਆਪਣੇ ਆਪ ਭੀ ਆਪਣੇ ਮਕਾਨਾਂ ਨੂੰ ਢਾਹ ਰਹੇ ਹਨ ਤਾਂਕਿ ਸਰਕਾਰ ਤੋਂ ਮਕਾਨਾਂ ਦਾ ਮੁਆਵਜ਼ਾ ਲਿਆ ਜਾ ਸਕੇ। ਪਾਕਿਸਤਾਨ ਦੀਆਂ ਫੌਜਾਂ ਦੀ ਵਾਪਸੀ ਤੋਂ ਪਹਿਲਾਂ ਭੀ ਹਾੜੀ ਦੀਆਂ ਫਸਲਾਂ ਬੀਜ ਚੁਕੇ ਸਨ। ਇਨ੍ਹਾਂ ਲੋਕਾਂ ਨੂੰ ਜਨਵਰੀ 1973 ਤੱਕ ਕੈਸ਼ ਡੋਲ ਦਿਤਾ ਜਾ ਚੁਕਾ ਹੈ। ਡਿਪਟੀ ਕਮਿਸ਼ਨਰ ਫਿਰੋਜ਼ਪੁਰ ਤੇ ਹੋਰ ਸਬੰਧਤ ਅਫਸਰਾਂ ਨੇ ਮਿਤੀ 22 ਫਰਵਰੀ, 1973 ਨੂੰ ਮੌਕੇ ਤੇ ਵੇਖਿਆ ਹੈ ਕਿ ਮਕਾਨਾਂ ਦੀਆਂ ਦਿਵਾਰਾਂ ਠੀਕ ਹਾਲਤ ਵਿੱਚ ਸਨ ਅਤੇ ਖੇਤਾਂ ਵਿਚ ਦਰਖਤ ਠੀਕ ਹਾਲਤ ਵਿਚ ਸਨ। ਖੇਤਾਂ ਵਿੱਚ ਡੀਜ਼ਲ ਇੰਜਨਾਂ ਨਾਲ ਕੰਮ ਹੋ ਰਿਹਾ ਸੀ। ਪਾਣੀ ਦੇ ਨਲਕੇ ਠੀਕ ਸਨ ਪਰ ਹਥੀਆਂ ਉਤਾਰੀਆਂ ਜਾ ਚੁਕੀਆਂ ਸਨ। ਸਥਾਨੀ ਬੀ. ਐਸ. ਐਫ. ਅਤੇ ਕਮਾਂਡੈਂਟ ਬੀ. ਐਸ. ਐਫ. ਜਲਾਲਾਬਾਦ ਨੇ ਦਸਿਆ ਕਿ ਇਹ ਪਿੰਡ, ਕਦੇ ਵੀ ਪਾਕਿਸਤਾਨ ਦੇ ਕਬਜ਼ੇ ਵਿੱਚ ਨਹੀਂ ਆਏ। ਇਹ ਪਿੰਡ 'ਬੀ' ਕੈਟਾਗਰੀ ਵਿਚ ਰਖੇ ਗਏ ਹਨ ਅਤੇ ਇਨ੍ਹਾਂ ਨੂੰ ਕੇਵਲ 3 ਦਸੰਬਰ 1971 ਤੋਂ 31 ਦਸੰਬਰ, 1971 ਤੱਕ ਦਾ ਤਦ-ਅਰਥ ਗੁਜ਼ਾਰਾ ਭੱਤਾ ਅਤੇ ਕੈਸ਼ ਡੋਲ ਮਿਲਣਾ ਚਾਹੀਦਾ ਸੀ ਪਰ ਉਨ੍ਹਾਂ ਨੂੰ 31 ਜਨਵਰੀ, 1973 ਤੱਕ ਕੈਸ਼ ਡਹਲ, ਚਾਰਾ ਗਰਾਂਟ, ਕੰਬਲ, ਕਪੜੇ ਅਤੇ ਸ਼ਾਦੀ ਸਹਾਇਤਾ ਦਿੱਤੀ ਜਾ ਚੁਕੀ ਹੈ।

3. **ਡੋਨਾ ਸਕੰਦਰੀ**

ਇਹ ਪਿੰਡ ਬੇਚਰਾਗ ਹੈ ਅਤੇ ਉਹ ਵਸਨੀਕ ਜੋ ਜ਼ਮੀਨ ਇਸ ਪਿੰਡ ਵਿਚ ਵਾਹੁੰਦੇ ਹਨ ਅਤੇ ਰਹਿੰਦੇ ਕਿਸੇ ਹੋਰ ਪਿੰਡ ਵਿਚ ਹਨ ਉਨ੍ਹਾਂ ਨੂੰ ਰਿਹਾਇਸ਼ ਵਾਲੇ ਪਿੰਡਾਂ ਅਨੁਸਾਰ ਸਹਾਇਤਾ ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਨੂੰ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਦਾ ਮੁਆਵਜ਼ਾ ਵੀ ਦਿੱਤਾ ਜਾ ਚੁੱਕਾ ਹੈ।

4. **ਡੋਲੇਵਾਲੀ ਭੈਣੀ** (ਮਹਾਅਤਮ ਨਗਰ ਦਾ ਭਾਗ) ਦੇ ਇਸ ਦੀ ਅਬਾਦੀ ਪਾਕਿਸਤਾਨ ਦੇ ਕਬਜ਼ੇ ਵਿੱਚ ਸੀ। ਇਸ ਲਈ ਇਥੇ ਦੇ ਵਸਨੀਕਾਂ ਨੂੰ ਹਰ ਪਰਕਾਰ ਦੀਆਂ ਉਹ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ ਜੋ ਕਿ 'ਏ' ਕੈਟਾਗਰੀ ਦੇ ਪਿੰਡਾਂ ਨੂੰ ਦਿੱਤੀ ਜਾਂਦੀ ਹੈ।

5. **ਮੁਹੰਮਦ ਪੀਰਾ**

ਇਸ ਪਿੰਡ ਦੇ ਵਸਨੀਕਾਂ ਨੂੰ ਹਰ ਉਹ ਸਹੂਲਤ ਦਿਤੀ ਜਾਂਦੀ ਹੈ ਜੋ ਕਿ 'ਏ' ਕੈਟਾਗਰੀ ਦੇ ਪਿੰਡਾਂ ਨੂੰ ਦਿੱਤੀ ਜਾਂਦੀ ਹੈ। ਫੌਜਾਂ ਦੀ ਵਾਪਸੀ ਤੋਂ ਬਾਅਦ ਇਹ ਪਤਾ ਲਗਾ ਕਿ ਇਸ ਪਿੰਡ ਦੀ ਇਕ ਆਬਾਦੀ ਚਾਹ ਪੀਲਪਵਾਲਾ ਕਦੀ ਵੀ ਪਾਕਿਸਤਾਨ ਦੇ ਕਬਜ਼ੇ ਵਿੱਚ ਨਹੀਂ ਸੀ। ਇਸ ਲਈ ਇਨ੍ਹਾਂ ਲੋਕਾਂ ਦਾ ਕੈਸ਼ ਡੋਲ ਚਾਰਾ ਗਰਾਂਟ ਬੰਦ ਕਰ ਦਿੱਤੀ ਗਈ ਸੀ ਕਿਉਂਕਿ ਸਰਕਾਰੀ ਸਹਾਇਤਾ ਹਦਾਇਤਾਂ ਅਨੁਸਾਰ ਉਨ੍ਹਾਂ ਨੂੰ ਤਦ-ਅਰਥ ਮੁੜਵਸਾਊ ਗਰਾਂਟ ਅਤੇ ਕੈਸ਼ ਡੋਲ 4 ਦਸੰਬਰ, 1971 ਤੋਂ 31 ਦਸੰਬਰ, 1971 ਤਕ ਹੀ ਦਿਤਾ ਜਾ ਸਕਦਾ ਸੀ। ਇਸ ਆਬਾਦੀ ਦੇ ਲੋਕਾਂ ਨੇ ਹਾੜੀ ਅਤੇ ਸੌਣੀ ਦੀਆਂ ਫਸਲਾਂ ਬੀਜ ਅਤੇ ਕੱਟ ਲਈਆਂ, ਹਨ।

6. **ਰਾਮ ਸਿੰਘ ਵਾਲੀ ਭੈਣੀ** (ਹਸਤਾਕਲਾਂ ਦਾ ਭਾਗ)

ਇਸ ਭੈਣੀ ਦੀ ਆਬਾਦੀ ਪਾਕਿਸਤਾਨ ਦੇ ਕਬਜ਼ੇ ਵਿੱਚ ਸੀ ਅਤੇ ਇਥੇ ਦੇ ਵਸਨੀਕਾਂ ਨੂੰ ਹਰ ਪਰਕਾਰ ਦੀ ਸਹੂਲਤ ਦਿਤੀ ਜਾ ਰਹੀ ਹੈ ਜੋ ਕਿ 'ਏ' ਕੈਟਾਗਰੀ ਦੇ ਪਿੰਡਾਂ ਨੂੰ ਦਿੱਤੀ ਜਾਂਦੀ ਹੈ।

10846 PVS—Govt. Press (UT), Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1974

Published under the authority of the Punjab Vidhan Sabha Secretariat and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

5

SP

# Punjab Vidhan Sabha Debates

*6th March, 1973*

Vol. I–No. 5

## OFFICIAL REPORT

CONTENTS

**Tuesday, the 6th March, 1973**


| | Page |
|---|---|
| Postponed Starred Questions and Answers .. | (5)1 |
| Starred Questions and Answers .. | (5)5 |
| Written Answers to Starred Questions laid on the Table of the House under Rule 38 .. | (5)24 |
| Walk-out .. | (5)41 |
| Presentation of the Budget for the year 1973-74 .. | (5)43 |
| Appendix .. | (i) |



Punjab Vidhan Sabha Secretariat, Chandigarh.

Rs. 12.50 Paise.



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## *ERRATA*

TO

PUNJAB VIDHAN SABHA

DEBATES

Dated 6th March, 1973

Vol. I—No. 5

| *Read* | *For* | *Page* | *Line* |
|---|---|---|---|
| Ludhiana | Udhiana | (5)1 | 5th from below |
| ਅੰਡਰਸਟੈਂਡਿੰਗ | ਐਡਰਸਟੈਂਡਿੰਗ | (5)8 | 5th from below |
| ਗੌਰਮਿੰਟ | ਗੈਰਮਿੰਟ | (5)10 | 8 |
| ਸਵਾਲ ਕਰਨ | ਸਵਾਲ | (5)16 | 15 |
| 30 | 30,000 | (5)17 | 3 |
| ਅਪਰ ਹਾਊਸ | ਪਰ ਹਾਊਸ | (5)20 | last line |
| committed | comitted | (5)24 | 21 |
| WRITTEN | TTEN | (5) 37 | Head line |
| ਮੋਸ਼ਨ | ਮੋਜ਼ਨ | (5)41 | last line |
| 1973 | 1971 | (5)44 | Head line |
| ਦੁੱਧ-ਪਲਾਂਟ | ਦੱਧ-ਪਲਾਂਟ | (5)51 | 13th from below |
| ਬੱਚਿਆਂ | ਪਚਿਆਂ | (5)57 | 9 |
| ਮਹਿੰਗਾਈ | ਮਹਿੰਗਾਇ | (5)59 | 6th from below |
| 1973 | 197 | (5)60 | Head line |

Original with;
Punjab Vidhan Sabha
Digitized by;
Panjab Digital Library

Original with
Punjab Vidhan Sabha
Digitized by;
Panjab Digital Library

# PUNJAB VIDHAN SABHA

## Tuesday, the 6th March, 1973

*The Vidhan Sabha met in the Punjab Vidhan Sabha Hall, Vidhan Bhavan, Sector* 1, *Chandigarh, at* 9.00 *a.m. of the Clock. Mr. Speaker (Sardar Darbara Singh) in the Chair.*

---

## POSTPONED STARRED QUESTIONS AND ANSWERS

### Issue of Fertilizers to defaulting Societies

***1023. Comrade Satya Pal Dang** : Will the Minister for Development be pleased to state the total number of societies district-wise which have not been issued fertilizers on the ground that they are defaulters and a district-wise list in this respect may be laid on the Table of the House ?

**Sardar Nasib Singh Gill** (Deputy Minister, Home and Industries) : A list of total number of societies district-wise which have not been issued fertilizers being defaulters is laid on the Table of the House.

[(ਉਹਨਾਂ ਸਭਾਵਾਂ ਦੀ ਜ਼ਿਲ੍ਹੇਵਾਰ ਲਿਸਟ ਜਿਨ੍ਹਾਂ ਨੂੰ ਡਿਫਾਲਟਰ ਹੋਣ ਦੇ ਕਾਰਨ ਖ਼ਾਦ ਨਹੀਂ ਦਿੱਤੀ ਗਈ, ਉਹ ਹਾਊਸ ਦੀ ਟੇਬਲ ਤੇ ਰੱਖੀ ਜਾਂਦੀ ਹੈ।)]

**List of Societies District-wise which have not been issued fertilizers being Defaulters**

| Name of District | | Number of societies |
|---|---|---|
| Jullundur | .. | 85 |
| Amritsar | .. | 393 |
| Ropar | .. | 98 |
| Faridkot | .. | 228 |
| Kapurthala | .. | 107 |
| Bhatinda | .. | 2 8 |
| Hoshiarpur | .. | 243 |
| udhiana | .. | 90 |
| Patiala | .. | 284 |
| Sangrur | .. | 197 |
| Ferozepur | .. | 401 |
| Gurdaspur | .. | 557 |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਕੀ ਇਹ ਹਕੀਕਤ ਹੈ ਕਿ ਪੰਜਾਬ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਹੈ ਕਿ ਹਰਿਆਣੇ ਵਿਚ ਜੋ ਸਿਸਟਮ ਅਡਾਪਟ ਕੀਤਾ ਗਿਆ ਹੈ ਉਹ ਹੀ ਪੰਜਾਬ ਵਿਚ ਵੀ ਅਡਾਪਟ ਕੀਤਾ ਜਾਵੇ ਯਾਨੀ ਕਿ ਡੀਫਾਲਟਰ ਸੁਸਾਇਟੀਆਂ ਦੇ ਜੋ ਨਾਨ-ਡੀਫਾਲਟਰ ਮੈਂਬਰ ਹਨ ਉਨ੍ਹਾਂ ਨੂੰ ਖਾਦ ਮਿਲਦੀ ਰਹੇ ? ਅਤੇ ਕੀ ਇਸ ਬਾਰੇ ਸਰਕਾਰ ਨੇ ਕੋਈ ਫੈਸਲਾ ਕੀਤਾ ਹੈ ?

**ਉਪ-ਮੰਤਰੀ** : ਜੀ ਹਾਂ, ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਬਾਰਡਰ ਏਰੀਏ ਦੇ ਜਿਹੜੇ ਪਿੰਡ 10 ਮੀਲ ਦੀ ਪੱਟੀ ਵਿਚ ਆਉਂਦੇ ਹਨ ਉਨ੍ਹਾਂ ਵਿਚ ਜੋ ਡੀਫਾਲਟਰ ਸੁਸਾਇਟੀਆਂ ਦੇ ਨਾਨ-ਡੀਫਾਲਟਰ ਮੈਂਬਰ ਹਨ ਉਨ੍ਹਾਂ ਨੂੰ ਖਾਦ ਦਾ ਕੋਟਾ ਮਿਲੇਗਾ ।

**ਸ਼੍ਰੀ ਸਰਦਾਰੀ ਲਾਲ ਕਪੂਰ** : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਇਨ੍ਹਾਂ ਸੁਸਾਇਟੀਆਂ ਵਿਚੋਂ ਜ਼ਿਆਦਾ ਅਜਿਹੀਆਂ ਸੁਸਾਇਟੀਆਂ ਨਹੀਂ ਜਿਹੜੀਆਂ ਕਿ ਜ਼ਿਆਦਾ ਖਾਦ ਲੈ ਲੈਂਦੀਆਂ ਰਹੀਆਂ ਹਨ ਅਤੇ ਫਿਰ ਪੈਸੇ ਨਹੀਂ ਸੀ ਦੇ ਸਕੀਆਂ ?

**ਉਪ-ਮੰਤਰੀ** : ਅਜਿਹੀ ਕੋਈ ਚੀਜ਼ ਮੇਰੇ ਨੋਟਿਸ ਵਿਚ ਨਹੀਂ ਹੈ, ਜੇ ਕੋਈ ਖਾਸ ਕੇਸ ਹੈ ਤਾਂ ਦਸ ਦਿਓ ਪਤਾ ਕਰ ਕੇ ਦਸ ਦਿਆਂਗਾ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਪੰਜਾਬ ਵਿਚ ਜਿਥੇ ਅਜਿਹੀਆਂ ਸੁਸਾਇਟੀਆਂ ਰਾਹੀਂ ਕਿਸਾਨਾਂ ਨੂੰ ਖਾਦ ਨਹੀਂ ਮਿਲ ਸਕਦੀ ਉਹ ਖਾਦ ਕਿਥੋਂ ਲੈਂਦੀਆਂ ਹਨ ?

(ਕੋਈ ਉੱਤਰ ਨਾ ਦਿਤਾ ਗਿਆ।)

**ਚੌਧਰੀ ਰਾਮ ਸਿੰਘ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਲਗ ਭਗ 557 ਸੁਸਾਇਟੀਆਂ ਡਿਫਾਲਟਰ ਹਨ ਉਨ੍ਹਾਂ ਵਿਚੋਂ ਕਿਤਨੀਆਂ ਬਾਰਡਰ ਦੀ 10 ਮੀਲ ਦੀ ਪੱਟੀ ਵਿਚ ਆਉਂਦੀਆਂ ਹਨ ?

**ਉਪ-ਮੰਤਰੀ** : ਇਸ ਲਈ ਵਖਰਾ ਨੋਟਿਸ ਦੇ ਦਿਓ ਪਤਾ ਕਰਕੇ ਦਸ ਦਿਆਂਗਾ।

**ਸਰਦਾਰ ਗੁਰਬੰਤਾ ਸਿੰਘ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਅਜਿਹੀਆਂ ਸੁਸਾਇਟੀਆਂ ਨੂੰ ਖਾਦ ਦੇਣੀ ਬੰਦ ਕਰ ਦਿਤੀ ਹੈ ਤਾਂ ਕੀ ਖਾਦ ਨਾ ਮਿਲਣ ਕਰਕੇ ਕਿਸਾਨਾਂ ਨੂੰ ਕੋਈ ਦਿਕਤ ਤਾਂ ਨਹੀਂ ਪੇਸ਼ ਆ ਰਹੀ ?

**ਉਪ-ਮੰਤਰੀ** : ਇਹ ਤਾਂ ਮਾਸਟਰ ਜੀ ਤੁਸੀਂ ਕਿਸਾਨਾਂ ਨੂੰ ਜਾ ਕੇ ਪੁਛੋ, ਮੈਂ ਕੀ ਦਸ ਸਕਦਾ ਹਾਂ । (ਹਾਸਾ)

**ਸ਼੍ਰੀ ਸਪੀਕਰ** : ਤੁਹਾਨੂੰ ਇਸ ਗੱਲ ਵਲ ਧਿਆਨ ਦੇਣਾ ਚਾਹੀਦਾ ਹੈ ਕਿ ਪੰਜਾਬ ਵਿਚ 3,000 ਅਜਿਹੀਆਂ ਸੁਸਾਇਟੀਆਂ ਹਨ ਜਿਹੜੀਆਂ ਕਿ ਡੀਫਾਲਟਰ ਹਨ, ਕਿਸਾਨਾਂ ਦੀ ਇਤਨੀ ਭੈੜੀ ਹਾਲਤ ਹੋ ਗਈ ਹੈ ਕਿ ਉਹ ਕਰਜ਼ੇ ਵੀ ਵਾਪਸ ਨਹੀਂ ਕਰ ਸਕਦੇ, ਇਸ ਗੱਲ ਦਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। (You should pay attention to the fact that there are 3000 such societies which have been declared defaulters and you should be aware that the financial condition of the farmers has deteriorated to such an extent that they are unable to pay back their loans.)

**ਉਪ-ਮੰਤਰੀ** : ਇਸ ਗਲ ਵਲ ਧਿਆਨ ਦਿਤਾ ਜਾਵੇਗਾ ਜੀ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਖਾਦ ਵੰਡਣ ਦਾ ਕੰਮ ਪਿੰਡਾਂ ਵਿਚ ਤਸੱਲੀਬਖਸ਼ ਨਹੀਂ ਹੈ ਅਤੇ ਵਿਸ਼ਾਲ ਪੱਧਰ ਤੇ ਖਾਦ ਦੀ ਬਲੈਕ ਹੋ ਰਹੀ ਹੈ, 28 ਰੁਪਏ ਦਾ ਬੋਰਾ 35 ਰੁਪਏ ਦਾ ਵਿਕ ਰਿਹਾ ਹੈ। ਕੀ ਸਰਕਾਰ ਇਸ ਬਾਰੇ ਵੀ ਕੋਈ ਪ੍ਰਬੰਧ ਕਰ ਰਹੀ ਹੈ ?

**ਉਪ-ਮੰਤਰੀ** : ਸਾਡੇ ਧਿਆਨ ਵਿਚ ਇਹ ਗੱਲ ਨਹੀਂ ਆਈ। ਜੇ ਕੋਈ ਖਾਸ ਕੇਸ ਇਨ੍ਹਾਂ ਦੇ ਨੋਟਿਸ ਵਿਚ ਆ ਜਾਵੇ ਤਾਂ ਸਾਨੂੰ ਦਸ ਦੇਣ ਅਸੀਂ ਪੜਤਾਲ ਕਰਵਾ ਲਵਾਂਗੇ।

**ਸ੍ਰੀ ਕਾਂਸ਼ੀ ਰਾਮ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਜੋ ਨੰਗਲ ਦੀ ਫੈਕਟਰੀ ਬੰਦ ਕਰਨ ਦੀ ਤਜਵੀਜ਼ ਹੈ ਕੀ ਇਸ ਨਾਲ ਪ੍ਰੋਡਕਸ਼ਨ ਘਟ ਨਹੀਂ ਹੋ ਜਾਵੇਗੀ ਅਤੇ ਇਸ ਨਾਲ ਬਲੈਕ ਨਹੀਂ ਵਧੇਗੀ ?

(ਕੋਈ ਉਤੱਰ ਨਾ ਦਿੱਤਾ ਗਿਆ।)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਕੀ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਹੈ ਕਿ 6-6 ਅਤੇ 7-7 ਰੁਪਏ ਖਾਦ ਦੀ ਬਲੈਕ ਹੋ ਰਹੀ ਹੈ, ਧਨੀ ਲੋਕ ਗਰੀਬਾਂ ਨੂੰ ਲੁਟ ਰਹੇ ਹਨ। ਕੀ ਇਹ ਇਸ ਗਲ ਦੀ ਪੜਤਾਲ ਕਰਵਾਉਣਗੇ ?

**ਉਪ-ਮੰਤਰੀ** : ਕੁਝ ਪਰਸੈਂਟ ਖਾਦ ਖੁਲ੍ਹੀ ਵੀ ਮਾਰਕਿਟ ਵਿਚ ਵਿਕਦੀ ਹੈ। ਬਲੈਕ ਦਾ ਕੋਈ ਖਾਸ ਕੇਸ ਇਨ੍ਹਾਂ ਦੀ ਜਾਣਕਾਰੀ ਵਿੱਚ ਹੋਵੇ ਤਾਂ ਸਾਡੇ ਨੋਟਿਸ ਵਿਚ ਲੈ ਆਉਣ, ਅਸੀਂ ਪੜਤਾਲ ਕਰਵਾ ਲਵਾਂਗੇ।

**ਡਾਕਟਰ ਅਮੀਰ ਸਿੰਘ ਕਲਕਟ** : ਕੀ ਵਜ਼ੀਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਜਦੋਂ ਤੋਂ ਖੁਲ੍ਹੀ ਸੇਲ ਖਾਦ ਦੀ ਸ਼ੁਰੂ ਹੋਈ ਹੈ, ਬਲੈਕ ਬਹੁਤ ਵਧ ਗਈ ਹੈ। ਇਸ ਗੱਲ ਦੇ ਮੱਦੇ ਨਜ਼ਰ ਕੀ ਉਹ ਇਹ ਫਰੀ ਸੇਲ ਬੰਦ ਕਰਵਾ ਦੇਣਗੇ ?

**ਉਪ-ਮੰਤਰੀ** : ਇਸ ਬਾਰੇ ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਇਹ ਸੁਝਾਵ ਭੇਜਿਆ ਸੀ ਪਰ ਉਸ ਨੇ ਨਹੀਂ ਸੀ ਮੰਨਿਆ। ਹੁਣ ਫਿਰ ਅਸੀਂ ਉਸ ਨੂੰ ਇਹ ਸੁਝਾਵ ਭੇਜ ਦਿਆਂਗੇ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਹ ਹਕੀਕਤ ਨਹੀਂ ਕਿ ਇਨ੍ਹਾਂ ਸੁਸਾਇਟੀਆਂ ਨੂੰ ਵਡੇ ਵਡੇ ਆਦਮੀ ਲੁਟ ਕੇ ਖਾ ਜਾਂਦੇ ਹਨ ਅਤੇ ਛੋਟੇ ਆਦਮੀਆਂ ਨੂੰ ਖਾਦ ਦਾ ਕੋਟਾ ਮਿਲਣਾ ਬੰਦ ਹੋ ਜਾਂਦਾ ਹੈ। ਇਸ ਲਈ ਕੀ ਇਹ ਹਰਿਆਣੇ ਵਾਲਾ ਸਿਸਟਮ ਅਪਣਾਉਣਗੇ ਕਿ ਜਿਹੜੇ ਮੈਂਬਰ ਡਿਫਾਲਟਰ ਨਾ ਹੋਣ ਉਨ੍ਹਾਂ ਨੂੰ ਕੋਟਾ ਖਾਦ ਦਾ ਮਿਲਦਾ ਰਹੇ ?

**ਉਪ-ਮੰਤਰੀ** : ਚੰਗੀ ਗੱਲ ਭਾਵੇਂ ਕਿਸੇ ਸੂਬੇ ਵਿਚ ਲਾਗੂ ਹੋਵੇ ਅਸੀਂ ਅਪਨਾਉਣ ਲਈ ਤਿਆਰ ਹਾਂ। ਜਿਥੋਂ ਤਕ ਵਡੇ ਆਦਮੀਆਂ ਦਾ ਛੋਟੇ ਆਦਮੀਆਂ ਨੂੰ ਲੁਟ ਕੇ ਖਾਣ ਦਾ ਸਵਾਲ ਹੈ, ਇਹ ਗਲ ਠੀਕ ਨਹੀਂ ਹੈ। ਜੇ ਕੋਈ ਖਾਸ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੋਵੇ ਤਾਂ ਸਾਨੂੰ ਲਿਖ ਕੇ ਦੇ ਦੇਣ, ਅਸੀਂ ਪੜਤਾਲ ਕਰਵਾ ਲਵਾਂਗੇ।

---

**Medical Certificates issued by Ayurvedic and Unani Vaids**

***1176. Sardar Gurdev Singh Sidhu** (Put by Sardar Ajaib Singh **Sandhu**) : Will the Minister for Finance be pleased to state—

(a) whether Ayurvedic and Unani Vaids in the State are authorised to issue medical certificates ;

Original with;
Punjab Vidhan Sabha
Digitized by;
Panjab Digital Library

[Sardar Gurdev Singh Sidhu]

(b) whether the medical certificates issued by the Vaids are considered at par with the certificates issued by M.B.B.S. Doctors ; if not, the reasons therefor ;

(c) whether the Government propose to consider both the certificates mentioned in part (b) above on equal footing ;

(d) whether there is any proposal under the consideration of the Government to impart extensive training to the Vaids ; if so, the details thereof ;

(e) whether the Government intend taking steps to popularise the Ayurvedic and Unani Systems of Medical Education, if so, in what manner ?

**Shri Hans Raj Sharma :** (a) Yes, Sir, but in a limited sense.

(b) No Sir, but at par in certain cases, the reason being lack of adequate training and teaching in respect of surgical and clinical training to the Vaids

(c) No Sir.

(d) No Sir.

(e) Yes Sir, by opening new Ayurvedic and Unani Dispensaries sanctioning of liberal grants to private dispensaries/Ayurvedic Colleges strengthening teaching staff in the existing Government Colleges and up-grading of one department to the post-graduate level.

[(ਏ) ਹਾਂ ਜੀ, ਪਰੰਤੂ ਸੀਮਿਤ ਹੀ ।

(ਬੀ) ਨਹੀਂ ਜੀ, ਪਰੰਤੂ ਕੁਝ ਹਾਲਤਾਂ ਵਿਚ ਬਰਾਬਰ ਹੀ। ਵੈਦਾਂ ਨੂੰ ਸਰਜੀਕਲ ਅਤੇ ਕਲੀਨਿਕਲ ਵਿਚ ਲੋੜੀਂਦੀ ਸਿਖਿਆ ਅਤੇ ਸਿਖਲਾਈ ਦੀ ਘਾਟ ਹੋਣ ਕਾਰਨ ।

(ਸੀ) ਨਹੀਂ ਜੀ।

(ਡੀ) ਨਹੀਂ ਜੀ।

(ਈ) ਹਾਂ ਜੀ, ਨਵੀਆਂ ਆਯੁਰਵੈਦਿਕ ਅਤੇ ਯੂਨਾਨੀ ਡਿਸਪੈਂਸਰੀਆਂ ਖੋਲ੍ਹਣ ਨਾਲ, ਪ੍ਰਾਈਵੇਟ ਡਿਸਪੈਂਸਰੀਆਂ/ਆਯੁਰਵੈਦਿਕ ਕਾਲਿਜਾਂ ਨੂੰ ਖੁਲ੍ਹ ਦਿਲਤਾ ਨਾਲ ਗਰਾਂਟ ਮਨਜ਼ੂਰ ਕਰਨ ਨਾਲ, ਖੁਲ੍ਹੇ ਹੋਏ ਕਾਲਿਜ ਵਿਚ ਅਧਿਆਪਕ ਅਮਲੇ ਨੂੰ ਸਮਰਥ ਕਰਨ ਨਾਲ ਅਤੇ ਇਕ ਡਿਪਾਰਟਮੈਂਟ ਨੂੰ ਪੋਸਟ-ਗਰੈਜੂਏਟ ਪੱਧਰ ਤਕ ਅਪ-ਗਰੇਡ ਕਰਨ ਨਾਲ।]

**ਸਰਦਾਰ ਅਜਾਇਬ ਸਿੰਘ ਸੰਧੂ :** ਕੀ ਵਜ਼ੀਰ ਸਾਹਿਬ ਦਸਣਗੇ ਕਿ (ੳ) ਦੇ ਜਵਾਬ ਵਿਚ ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਲਿਮਿਟਿਡ ਸਫੀਅਰ ਵਿਚ, ਇਹ ਲਿਮਿਟਿਡ ਸਫੀਅਰ ਕਿਹੜਾ ਹੈ ?

**ਵਿੱਤ ਮੰਤਰੀ :** ਆਯੁਰਵੈਦਿਕ ਐਂਡ ਯੂਨਾਨੀ ਪਰੈਕਟੀਸ਼ਨਰ ਐਕਟ, 1968 ਦੇ ਮੁਤਾਬਕ ਵੈਦ ਤੇ ਹਕੀਮ ਛੁਟੀਆਂ ਲਈ ਮੈਡੀਕਲ ਸਰਟੀਫਿਕੇਟ ਦੇ ਸਕਦੇ ਹਨ ਪਰ ਵਾਰ ਐਂਟਰੀ ਟੂ ਗੌਰਮਿੰਟ ਸਰਵਿਸ ਲਈ ਮੈਡੀਕਲ ਸਰਟੀਫਿਕੇਟ, ਮੈਡੀਕਲੀ ਲੀਗਲ ਸਰਟੀਫਿਕੇਟ ਜਾਂ ਪੋਸਟਮਾਰਟਮ ਆਦਿ ਦੇ ਸਰਟੀਫਿਕੇਟ ਦੇਣ ਤੇ ਇਨ੍ਹਾਂ ਤੇ ਰਿਸਟ੍ਰਿਕਸ਼ਨ ਹੈ।

Original with;
Punjab Vidhan Sabha
Digitized by;
Panjab Digital Library

**Acharya Prithvi Singh Azad :** May I know from the Minister that keeping in view the fact that Ayurveda is a complete science and totally different from allopathy, will the Government consider to start a separate Directorate for it ?

**ਮੰਤਰੀ:** ਅਸੀਂ ਇਸ ਦੇ ਲਈ ਇਕ ਡਿਪਟੀ ਡਾਇਰੈਕਟਰ ਬਣਾਇਆ ਹੈ।

**Acharya Prithvi Singh Azad :** My question is —

Is the Government prepared for having a separate Directorate and not a Deputy Director ?

**ਮੰਤਰੀ :** ਸਪੀਕਰ ਸਾਹਿਬ, ਜਿਥੋਂ ਤਕ ਡਿਸਪੈਂਸਰੀਆਂ ਦਾ ਸਵਾਲ ਹੈ ਅਸੀਂ ਵਧ ਤੋਂ ਵਧ ਖੋਲ੍ਹ ਰਹੇ ਹਾਂ। ਪਰ ਜਿਥੋਂ ਤਕ ਡਾਇਰੈਕਟੋਰੇਟ ਬਣਾਉਣ ਦਾ ਸਬੰਧ ਹੈ, ਸਰਕਾਰ ਦੇ ਵਿਚਾਰ ਵਿਚ ਅਜੇ ਇਹ ਜ਼ਰੂਰੀ ਨਹੀਂ ਹੈ ਅਤੇ ਅਜੇ ਇਸ ਲਈ ਇਕ ਡਿਪਟੀ ਡਾਇਰੈਕਟਰ, ਇਕ ਅਸਿਸਟੈਂਟ ਡਾਇਰੈਕਟਰ ਅਤੇ ਪ੍ਰਿੰਸੀਪਲਜ਼ ਆਦਿ ਹੀ ਕਾਫੀ ਹਨ।

## STARRED QUESTIONS AND ANSWERS

### Dispute between the Chairman and the Administrative Member of the Punjab State Electricity Board

***1413. Chaudhri Darshan Singh :** Will the Minister for Irrigation and Power be pleased to state —

(b) whether any dispute between the Cnairman, Punjab State Electricity Board and the Administrative Member of the Board was referred by the Government to the Advocate-General Punjab; if so, the nature of the dispute and advice given by him ;

(b) whether the same dispute was further referred to the Solicitor General cf India, if so, the result thereof ?

**Shri Gurmail Singh :** (a) and (b). A question had arisen as to the matters to be dealt with by a Member appointed under clause (a) of sub-section (4) of Section 5 of the Electricity (Supply) Act. The Advocate General had expressed the view that only such a Member could deal with matters which may be called commercial or administrative. The Additional Solicitor General who had been consulted by the Chairman had opined that the Chairman was competent to allot any duties to any Member. The Legal Remembrancer to Government Punjab had opined likewise.

[(ੲ) ਅਤੇ (ਬੀ) ਇਕ ਪ੍ਰਸ਼ਨ ਉਠਿਆ ਸੀ ਕਿ ਬਿਜਲੀ (ਸਪਲਾਈ) ਐਕਟ ਦੀ ਧਾਰਾ 5 ਦੀ ਉਪ ਧਾਰਾ 4 ਦੇ ਖੰਡ (ੲ) ਅਧੀਨ ਨਿਯੁਕਤ ਕੀਤਾ ਗਿਆ ਕਿ ਮੈਂਬਰ ਕਿਹੜੇ ਕਿਹੜੇ ਮਾਮਲੇ ਨਜਿਠ ਸਕਦਾ ਹੈ। ਐਡਵੋਕੇਟ ਜਨਰਲ ਨੇ ਵਿਚਾਰ ਪ੍ਰਗਟ ਕੀਤਾ ਸੀ ਕਿ ਕੇਵਲ ਅਜਿਹਾ ਮੈਂਬਰ ਹੀ ਵਪਾਰਕ ਜਾਂ ਪਰਸ਼ਾਸਕ ਮਾਮਲੇ ਨਜਿਠ ਸਕਦਾ ਹੈ। ਐਡੀਸ਼ਨਲ ਸੋਲਿਸਟਰ ਜਨਰਲ, ਜਿਸ ਦੀ ਰਾਇ ਚੇਅਰਮੈਨ ਨੇ ਲਈ ਸੀ, ਨੇ ਰਾਇ ਦਿਤੀ ਸੀ ਕਿ ਚੇਅਰਮੈਨ ਕਿਸੇ ਵੀ ਮੈਂਬਰ ਨੂੰ ਕੋਈ ਵੀ ਡਿਊਟੀ ਸੌਂਪਣ ਲਈ ਸਮਰਥ ਹੈ। ਪੰਜਾਬ ਸਰਕਾਰ ਦੇ ਕਾਨੂੰਨੀ ਮਸ਼ੀਰ ਨੇ ਵੀ ਇਸੇ ਪ੍ਰਕਾਰ ਰਾਇ ਦਿਤੀ।]

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਸਵਾਲਾਂ ਦੇ ਜਵਾਬਾਂ ਦੀਆਂ ਚਾਰ ਕਾਪੀਆਂ ਸਦਨ ਦੀ ਮੇਜ਼ ਤੇ ਆਉਣੀਆਂ ਚਾਹੀਦੀਆਂ ਹਨ। ਇਸ ਮਸਲੇ ਤੇ ਮੈਂ ਤੁਹਾਡੀ ਤਵੱਜੋ ਦਿਲਾਉਣਾ ਚਾਹੁੰਦਾ ਹਾਂ।

ਮੇਰਾ ਸਪਲੀਮੈਂਟਰੀ ਇਹ ਹੈ ਕਿ ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਦੋਂ ਐਡਵੋਕੇਟ ਜਨਰਲ ਦੀ ਐਪੁਆਇੰਟਮੈਂਟ ਸੈਮੀ ਪੁਲੀਟੀਕਲ ਹੈ ਫੇਰ ਸਰਕਾਰ ਨੇ ਇਹ ਮਸਲਾ ਐਡਵੋ-ਕੇਟ ਜਨਰਲ ਨੂੰ ਕਿਉਂ ਰੈਫਰ ਕੀਤਾ? Why it was not referred to the L. R. straightaway when he is the competent authority ?

**ਸਿੰਜਾਈ ਅਤੇ ਬਿਜਲੀ ਮੰਤਰੀ**: ਐਲ. ਆਰ ਨੇ ਜੋ ਓਪੀਨੀਅਨ ਦਿੱਤੀ ਹੈ ਉਹ ਦਸ ਦਿਤੀ ਹੈ।

**Chaudhri Darshan Singh** : Appointment of the Advocate General is a semi-political appointment. The matter was referred to the Advocate General first. When L.R. is the competent legal authority, why was the matter referred to the Advocate General ?

**ਮੰਤਰੀ**: ਇਸ ਗਲ ਲਈ ਉਹ ਵੀ ਕੰਪੀਟੈਂਟ ਆਦਮੀ ਹੁੰਦਾ ਹੈ। (ਵਿਘਨ)

**आचार्य पृथ्वी सिंह आज़ाद** : क्या सरकार यह बताएगी कि जितने दफ्तर के मामले होते हैं जिनमें कानूनी राय लेने की ज़रूरत होती है वह एल. आर. को भेजे जाते हैं या Advocate General को भेजे जाते हैं।

**ਮੰਤਰੀ**: ਐਲ. ਆਰ. ਨੂੰ ਭੇਜੇ ਜਾਂਦੇ ਹਨ।

**ਸਰਦਾਰ ਸੁਰਜੀਤ ਸਿੰਘ** : ਮੈਂਬਰਾਂ ਦੇ ਬਾਰੇ ਜਦੋਂ ਐਡਵੋਕੇਟ ਜਨਰਲ ਤੋਂ ਰਾਏ ਲੈ ਲਈ ਸੀ ਤਾਂ ਫੇਰ ਚੇਅਰਮੈਨ ਸਾਹਿਬ ਸਿਧੇ ਸੋਲਿਸਟਰ ਜਨਰਲ ਕੋਲ ਚਲੇ ਗਏ, ਕੀ ਉਹ ਤੁਹਾਡੀ ਰਾਏ ਨਾਲ ਗਏ ?

**ਮੰਤਰੀ**: ਚੇਅਰਮੈਨ ਨੇ ਰਾਏ ਆਪ ਲਈ ਸੀ ਲੇਕਿਨ ਅਸੀਂ ਉਹ ਦੇ ਮੁਤਾਬਿਕ ਨਹੀਂ ਕੀਤਾ। ਪੰਜਾਬ ਸਰਕਾਰ ਨੇ ਰਾਏ ਐਲ. ਆਰ. ਤੋਂ ਲਈ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ** * * * *

ਮੰਤਰੀ : * * * * * * * * * *

**ਸ੍ਰੀ ਸਪੀਕਰ**: ਇਹ ਜੋ ਕੁਝ ਦੋਨਾਂ ਨੇ ਕਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। (Whatever both the Members have said may not be recorded).

**ਚੌਧਰੀ ਦਰਸ਼ਨ ਸਿੰਘ** : ਪਹਿਲਾਂ ਜਿਹੜਾ ਐਲ. ਆਰ. ਨੂੰ ਭੇਜਿਆ ਉਹ ਬੋਰਡ ਨੇ ਡਾਇਰੈਕਟ ਭੇਜਿਆ। ਸੋਲਿਸਟਰ ਜਨਰਲ ਨੂੰ ਵੀ ਡਿਪਾਰਟਮੈਂਟ ਨੇ ਭੇਜਿਆ। ਫੇਰ ਪੰਜਾਬ ਸਰਕਾਰ ਨੇ ਕੀ ਰੀਜ਼ਨਜ਼ ਸਮਝੇ to refer it again to the L.R. ?

**ਮੰਤਰੀ** : ਜਿਥੇ ਕੋਈ ਰਾਏ ਡਿਫਰ ਕਰੇ ਕਿ ਸੋਲਿਸਟਰ ਜਨਰਲ ਨੇ ਇਹ ਰਾਏ ਦਿਤੀ ਹੈ ਅਤੇ ਐਡਵਕੇਟ ਜਨਰਲ ਨੇ ਇਹ ਰਾਏ ਦਿਤੀ ਹੈ ਅਤੇ ਇਹ ਦੋਵੇਂ ਰਾਵਾਂ ਡਿਫਰ ਕਰਨ ਤਾਂ ਫੇਰ ਅਸੀਂ ਐਲ. ਆਰ. ਤੋਂ ਰਾਏ ਲੈ ਲੈਂਦੇ ਹਾਂ।

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਰੂਲਜ਼ ਬਣੇ ਹੋਏ ਹਨ। ਇਲੈਕਟ੍ਰਿਸਿਟੀ ਐਕਟ ਹੇਠ ਧਾਰਾ 12 ਅਨੁਸਾਰ ਚੇਅਰਮੈਨ ਡਿਊਟੀਜ਼ ਅਲਾਟ ਕਰਦਾ ਹੈ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਆਇਆ ਉਹ ਰੂਲਜ਼ ਜਿਹੜੇ ਹਨ ਉਨ੍ਹਾਂ ਨੂੰ ਗੌਰਮਿੰਟ ਨੇ ਖਤਮ ਕਰ ਦਿਤਾ ਹੈ ਅਤੇ ਨਵੇਂ ਰੂਲਜ਼ ਬਣਾ ਦਿਤੇ ਹਨ। ਪੰਜਾਬ ਸਰਕਾਰ ਨੇ ਐਡਮਨਿਸਟ੍ਰੇਟਿਵ ਮੈਂਬਰ ਦੀਆਂ ਪਾਵਰਜ਼ ਡਿਫਾਈਨ ਕਰਨ ਵਾਸਤੇ ਕਿਹੜੀ ਗੱਲ ਕੀਤੀ ਹੈ ਕਿ ਇਹ ਡਿਸਪਿਊਟ ਰਿਜ਼ਰਵ ਹੋ ਜਾਵੇ ?

**ਮੰਤਰੀ :** ਰੂਲਜ਼ ਦੇ ਮੁਤਾਬਿਕ ਚੇਅਰਮੈਨ ਕੋਲ ਪਾਵਰਜ਼ ਹਨ। (ਵਿਘਨ) ਮੈਂਬਰਜ਼ ਵਾਸਤੇ ਡਿਸਟ੍ਰੀਬਿਊਸ਼ਨ ਆਫ ਵਰਕ ਲਈ ਚੇਅਰਮੈਨ ਕੰਪੀਟੈਂਟ ਹੈ (ਵਿਘਨ)।

**ਕਾਮਰੇਡ ਰਾਜ ਕੁਮਾਰ :** ਆਇਆ ਰੂਲਜ਼ ਨੂੰ ਖਤਮ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਵੇਲੇ ਜੋ ਇੰਟਰਵੀਊਜ਼ 28 ਅਤੇ 4 ਤਾਰੀਖਾਂ ਨੂੰ ਹੋਈਆਂ ਹਨ ਇਹ ਇੰਟਰਵੀਊਜ਼ ਐਡਮਨਿਸਟ੍ਰੇਟਿਵ ਮੈਂਬਰ ਨੇ ਕੀਤੀਆਂ ਹਨ। ਕੀ ਮੈਂਬਰ ਲਈ ਵਖਰੇ ਰੂਲਜ਼ ਬਣਾ ਦਿਤੇ ਹਨ ਅਤੇ ਪਹਿਲੇ ਰੂਲਜ਼ ਐਬਰੋਗੇਟ ਕਰ ਦਿਤੇ ਹਨ ?

**ਮੰਤਰੀ :** ਜੇ ਕੋਈ ਪੁਆਇੰਟ ਕਲੀਅਰ ਨਾ ਹੋਵੇ ਤਾਂ ਫੇਰ ਐਲ. ਆਰ. ਤੋਂ ਓਪੀਨੀਅਨ ਲੈਂਦੇ ਹਾਂ ਜਾਂ ਰੂਲਜ਼ ਦੇ ਮੁਤਾਬਿਕ ਕਰਦੇ ਹਾਂ। ਰੂਲਜ਼ ਮੁਤਾਬਿਕ ਕਲੀਅਰ ਹੈ ਅਤੇ ਚੇਅਰਮੈਨ ਨੇ ਪਾਵਰਜ਼ ਡਿਸਟ੍ਰੀਬਿਊਟ ਕਰ ਦਿਤੀਆਂ ਹਨ।

**ਸਰਦਾਰ ਅਜਾਇਬ ਸਿੰਘ ਸੰਧੂ :** ਚੇਅਰਮੈਨ ਔਰ ਐਡਮਨਿਸਟਰੇਟਿਵ ਮੈਂਬਰ ਵਿਚਕਾਰ ਬਹੁਤ ਝਗੜਾ ਹੈ ਅਤੇ ਇਨ੍ਹਾਂ ਨੇ ਪੰਜਾਬ ਵਿਚ ਬਿਜਲੀ ਦਾ ਭੱਠਾ ਬਿਠਾ ਦਿਤਾ ਹੈ (ਵਿਘਨ) ਇਹ ਜਿਹੜਾ ਇਨ੍ਹਾਂ ਨੇ ਮਿਲ ਕੇ ਇਥੇ ਬਿਜਲੀ ਦਾ ਭੱਠਾ ਬਿਠਾਇਆ ਹੈ ਕੀ ਇਸ ਲਈ ਸਰਕਾਰ ਇਨ੍ਹਾਂ ਦਾ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ ?

**ਮੰਤਰੀ :** ਇਹ ਜਿਹੜੇ ਦੋਸਤ ਸਾਡੇ ਸਾਹਮਣੇ ਬੈਠੇ ਹਨ ਇਨ੍ਹਾਂ ਨੇ ਬਿਜਲੀ ਬੋਰਡ ਦਾ ਭੱਠਾ ਬਿਠਾਇਆ ਹੈ। ਇਹ ਲੋਕ ਇਸ ਚੀਜ਼ ਦਾ ਪਲੈਨ ਨਹੀਂ ਬਣਾ ਸਕੇ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਕਿਸਾਨ ਨੂੰ ਅਤੇ ਇਥੇ ਦੇ ਕਾਰਖਾਨੇਦਾਰ ਨੂੰ ਬਿਜਲੀ ਦੀ ਕਿੰਨੀ ਲੋੜ ਪਵੇਗੀ (ਵਿਘਨ) ਜਿਥੋਂ ਤਕ ਸਮਝੌਤੇ ਦਾ ਸਵਾਲ ਹੈ, ਮੈਂ ਸਮਝਦਾ ਹਾਂ ਕਿ ਇਹ ਲੋਕ ( opposition ) ਆਪਣੇ ਯਤਨ ਜ਼ਰੂਰ ਕਰ ਰਹੇ ਹਨ ਕਿ ਬੋਰਡ ਦਾ ਕੰਮ ਨਾ ਚਲ ਸਕੇ ਲੇਕਿਨ ਕੰਮ ਸਮੂਥਲੀ ਚਲ ਰਿਹਾ ਹੈ।

---

## Power obtained from Madhya Pradesh

***1414. Chaudhri Darshan Singh :** Will the Minister for Irrigation and Power be pleased to state —

(a) the extent to which power was obtained from the Madhya Pradesh stating the date on which it was obtained and the rate thereof ;

(b) the extent to which power reached the State daily ;

(c) the reasons for the deficiency, if any ?

Original with;
Punjab Vidhan Sabha
Digitized by;
Panjab Digital Library

**Shri Gurmail Singh :** (a) (i) The total Power received from Madhya Pradesh from 12th September, 1972 to 11th November, 1972 was 257 Lac units.

(ii) The average rate was 12.19 Paise per unit including Electricity duty at 1 paise per unit.

(b) The extent of Power which reached the State daily varied from 0.1 lac units per day to 5.9 lac units per day.

(c) The difference between the energy sent out from Satpura for the sake of Punjab, and that actually received by Punjab, might have been utilised by Rajasthan State Electricity Board.

[(ੲ) (1) ਮੱਧ ਪ੍ਰਦੇਸ਼ ਤੋਂ 12 ਸਤੰਬਰ, 1972 ਤੋਂ 11 ਨਵੰਬਰ, 1972 ਤਕ ਪ੍ਰਾਪਤ ਕੀਤੀ ਬਿਜਲੀ ਦੀ ਮਿਕਦਾਰ 257 ਲੱਖ ਯੂਨਿਟ ਸੀ।

(ii) ਔਸਤ ਦਰ 12.19 ਪੈਸੇ ਪ੍ਰਤੀ ਯੂਨਿਟ ਸੀ ਜਿਸ ਵਿਚ 1 ਪੈਸਾ ਪ੍ਰਤੀ ਯੂਨਿਟ ਬਿਜਲੀ ਕਰ ਵੀ ਸ਼ਾਮਲ ਸੀ।

(ਬੀ) ਪਾਵਰ ਦੀ ਦਰ ਜਿਹੜੀ ਰਾਜ ਵਿਚ ਰੋਜ਼ਾਨਾ ਪਹੁੰਚਦੀ ਸੀ ਉਸ ਵਿਚ 0.1 ਲੱਖ ਯੂਨਿਟ ਪ੍ਰਤੀ ਦਿਨ ਤੋਂ 5.9 ਲੱਖ ਯੂਨਿਟ ਪ੍ਰਤੀ ਦਿਨ ਫਰਕ ਸੀ।

(ਸੀ) ਪੰਜਾਬ ਨੂੰ ਸਤਪੁੜਾ ਤੋਂ ਭੇਜੀ ਹੋਈ ਅਤੇ ਪੰਜਾਬ ਦੁਆਰਾ ਅਸਲ ਵਿਚ ਪ੍ਰਾਪਤ ਕੀਤੀ ਬਿਜਲੀ ਵਿਚਕਾਰਲਾ ਫਰਕ ਰਾਜਸਥਾਨ ਰਾਜ ਬਿਜਲੀ ਬੋਰਡ ਦੁਆਰਾ ਵਰਤਿਆ ਗਿਆ ਪ੍ਰਤੀਤ ਹੁੰਦਾ ਹੈ।]

**ਚੌਧਰੀ ਦਰਸ਼ਨ ਸਿੰਘ :** ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਦੋ ਮਹੀਨਿਆਂ ਵਿਚ ਜਿਹੜੀ ਬਿਜਲੀ ਆਈ ਹੈ 257 ਲਖ ਯੂਨਿਟ ਅਤੇ ਐਵਰੇਜ 4 ਲੱਖ ਯੂਨਿਟ ਪਰ ਡੇ ਪਰ ਅਸਲ ਵਿਚ ਇਹ ਅੱਠ ਲੱਖ ਯੂਨਿਟ ਪਰ ਡੇ ਲੈਣੀ ਸੀ, ਔਰ ਪੰਜਾਬ ਵਿਚ ਆਉਣੀ ਸੀ, ਕੀ ਇਹ ਦੀ ਪੇਮੈਂਟ ਫੁਲ ਕੀਤੀ ਗਈ ਹੈ ਜਾਂ ਕਿ ਜਿਹੜੀ ਬਿਜਲੀ ਰਾਜਿਸਥਾਨ ਨੇ ਕਨਜ਼ਿਉਮ ਕਰ ਲਈ ਹੈ ਉਹ ਦੀ ਪੇਮੈਂਟ ਉਹ ਨੇ ਕੀਤੀ ਹੈ ਜਾਂ ਅਸੀਂ ਕੀਤੀ ਹੈ ?

**ਸਿੰਜਾਈ ਅਤੇ ਬਿਜਲੀ ਮੰਤਰੀ :** ਜਿਹੜੀ ਬਿਜਲੀ ਅਸੀਂ ਲਈ ਹੈ ਉਹ ਦੀ ਹੀ ਪੇਮੈਂਟ ਕੀਤੀ ਗਈ ਹੈ।

**ਚੌਧਰੀ ਦਰਸ਼ਨ ਸਿੰਘ:** ਕੀ ਵਜ਼ੀਰ ਸਾਹਿਬ ਇਹੋ ਜਿਹੀਆਂ ਟਰਮਜ਼ ਇਥੇ ਸਦਨ ਦੀ ਮੇਜ਼ ਤੇ ਰਖਣ ਦੀ ਖੇਚਲ ਕਰਨਗੇ ? Madhya Pradesh can never agree for the payment of consumption only.

**ਮੰਤਰੀ :** ਇਹ ਟੇਬਲ ਆਫ ਦੀ ਹਾਊਸ ਤੇ ਰਖਿਆ ਨਹੀਂ ਜਾ ਸਕਦਾ (ਵਿਘਨ) ਇਹ ਬਾਕਾਇਦਾ ਐਗਰੀਮੈਂਟ ਰਾਹੀਂ ਹੁੰਦਾ ਹੈ ਬਲਕਿ ਇਹ ਆਪਸ ਵਿਚ ਐਡਰਸਟੈਂਡਿੰਗ ਹੁੰਦੀ ਹੈ। (ਵਿਘਨ)।

**ਸਰਦਾਰ ਬਲਬੀਰ ਸਿੰਘ :** ਜਿੰਨੀ ਬਿਜਲੀ ਕਨਜ਼ਿਊਮ ਹੋਈ ਹੈ ਉਹ ਦੇ ਪੈਸੇ ਪੰਜਾਬ ਸਰਕਾਰ ਨੇ ਦੇਣੇ ਹਨ। ਜਿਸ ਤਰ੍ਹਾਂ ਕਿ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਕੀ ਐਗਰੀਮੈਂਟ ਦੀ ਕਾਪੀ ਵਜ਼ੀਰ ਸਾਹਿਬ ਸਦਨ ਦੀ ਮੇਜ਼ ਤੇ ਰਖਣ ਨੂੰ ਤਿਆਰ ਹਨ ; ਮੈ ਨੂੰ ਪਤਾ ਹੈ ਕੋਈ ਐਗਰੀਮੈਂਟ ਐਸਾ ਨਹੀਂ

Original with;
Punjab Vidhan Sabha
Digitized by;
Panjab Digital Library

ਹੋ ਸਕਦਾ ਜਿਸ ਵਿਚ ਸਿਰਫ consumption ਦੇ ਪੈਸੇ ਲੈਣੇ ਕਿਸੇ ਪਾਰਟੀ ਨੇ ਮੰਨੇ ਹੋਣ। ਹਮੇਸ਼ਾ ਜਿੰਨੀ ਸਪਲਾਈ ਹੋਵੇ ਉਸ ਦੇ ਅਧਾਰ ਤੇ ਪੈਸੇ ਦਿੱਤੇ ਜਾਂਦੇ ਹਨ।

**ਮੰਤਰੀ:** ਜੇ ਇਹ ਸਵਾਲ ਕਰ ਦੇਣ ਤਾਂ ਮੈਂ ਜ਼ਰੂਰ ਉਸ ਦਾ ਜਵਾਬ ਦੇ ਦਿਆਂਗਾ।

**श्री बलराम** : राजस्थान से होकर बिजली यहां आती है और पता नहीं रास्ते में राजस्थान क्या हेरा फेरी करता है लेकिन हमारा पानी राजस्थान को सीधा जाता है क्या इस मामले में कभी सरकार ने नहीं सोचा, अगर नहीं सोचा तो क्यों नहीं सोचा ?

**ਮੰਤਰੀ** : ਮੇਰਾ ਖਿਆਲ ਹੈ ਕਿ ਨਹਿਰੀ ਪਾਣੀ ਦਾ ਬਿਜਲੀ ਨਾਲ ਕੋਈ ਤਅਲੁਕ ਨਹੀਂ ਹੈ। ਪੁਰਾਣਾ ਐਗਰੀਮੈਂਟ ਜਿਹੜਾ ਸਰਕਾਰ ਦਾ ਹੋਇਆ ਹੈ, ਉਸ ਨੂੰ ਆਨਰ ਕਰਨਾ ਹੀ ਪੈਂਦਾ ਹੈ।

**ਕਾਮਰੇਡ ਰਾਜ ਕੁਮਾਰ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਆਇਆ ਕੋਈ ਐਗਰੀਮੈਂਟ ਰਿਟਨ ਹੋਇਆ ਹੈ ਜਾਂ ਨਹੀਂ ? ਇਹ ਇਸ ਦਾ ਜਵਾਬ ਹਾਂ ਜਾਂ ਨਾਂ ਵਿਚ ਦੇਣ ?

(ਕੋਈ ਜਵਾਬ ਨਹੀਂ ਦਿੱਤਾ ਗਿਆ।)

ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਸਾਫ ਹੈ ਕਿ ਆਇਆ ਕੋਈ ਐਗਰੀਮੈਂਟ ਹੋਇਆ ਜਾਂ ਨਹੀਂ; ਜੇ ਐਗਰੀਮੈਂਟ ਨਹੀਂ ਹੋਇਆ ਤਾਂ ਫਿਰ ਮੈਂ ਪੁਛਣਾ ਚਾਹੁੰਦਾ ਹਾਂ ਕਿ ਬਿਜਲੀ ਆਉਂਦੀ ਕਿਸ ਤਰ੍ਹਾਂ ਰਹੀ ? (ਵਿਘਨ) ਮੈਂ ਪੁਛਦਾ ਹਾਂ ਕਿ ਆਇਆ ਕੋਈ ਰਿਟਨ ਐਗਰੀਮੈਂਟ ਹੋਇਆ ਜਾਂ ਨਹੀਂ ਹੋਇਆ ? ਮੈਂ ਕਹਿੰਦਾ ਹਾਂ ਕਿ ਕੋਈ ਨਹੀਂ ਹੋਇਆ ਜਿਸ ਕਰ ਕੇ ਉਹ ਬੈਕ ਆਊਟ ਕਰ ਗਏ ਹਨ।

(ਕੋਈ ਜਵਾਬ ਨਹੀਂ ਦਿੱਤਾ ਗਿਆ।)

**ਸਰਦਾਰ ਗੁਰਦੇਵ ਸਿੰਘ ਸਿੱਧੂ**: ਸਪੀਕਰ ਸਾਹਿਬ, ਇਸ ਮਾਮਲੇ ਤੇ ਇਹ ਬਿਲਕੁਲ ਫੇਲ੍ਹ ਹੋਏ ਹਨ। ਜੇ ਇਹ ਕੰਮ ਨਹੀਂ ਚਲਾ ਸਕਦੇ ਤਾਂ ਇਨ੍ਹਾਂ ਕੋਲੋਂ ਇਹ ਮਹਿਕਮਾ ਬਦਲ ਲਓ (ਵਿਘਨ) ਇਨ੍ਹਾਂ ਨੂੰ ਮੁੱਖ ਮੰਤਰੀ ਬਣਾ ਦਿਓ ਅਤੇ ਜੇ ਕਿਸਾਨਾਂ ਨੂੰ ਬਚਾਉਣਾ ਹੈ ਤਾਂ ਇਨ੍ਹਾਂ ਕੋਲੋਂ ਇਹ ਮਹਿਕਮਾ ਬਦਲ ਲਓ। (ਵਿਘਨ)।

**ਮੰਤਰੀ** : ਇਸ ਦੀ ਵਾਰੀ ਆਉਂਦੀ ਨਹੀਂ, ਜੇ ਇਸ ਦੀ ਵਾਰੀ ਆਉਂਦੀ ਹੋਵੇ ਤਾਂ ਮੈਂ ਜ਼ਰੂਰ ਛੱਡ ਦਿਆਂ।

**ਚੌਧਰੀ ਰਾਮ ਸਿੰਘ** : ਇਹ ਸਾਰੇ ਅਨਪੜ੍ਹ ਆਦਮੀ ਹਨ .....................(ਸ਼ੋਰ)

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ। ਇਹ ਇਸ ਗੱਲ ਦਾ ਜਵਾਬ ਦੇਣ ਕਿ ਆਇਆ ਕੋਈ ਲਿਖਤੀ ਐਗਰੀਮੈਂਟ ਹੋਇਆ ਜਾਂ ਨਹੀਂ ਹੋਇਆ ? ਕਿਉਂਕਿ ਇਸ ਦੇ ਵਿਚੋਂ ਰਿਸਪਾਂਸੇਬਿਲਿਟੀ ਦਾ ਸਵਾਲ ਪੈਦਾ ਹੋਣਾ ਹੈ। (ਵਿਘਨ)

**ਮੰਤਰੀ**: ਮੱਧ ਪ੍ਰਦੇਸ਼ ਤੋਂ 257 ਲੱਖ ਯੂਨਿਟ ਬਿਜਲੀ 2 ਮਹੀਨਿਆਂ ਵਿਚ ਸਾਨੂੰ ਮਿਲੀ ਹੈ। (ਸ਼ੋਰ)

**ਸ੍ਰੀ ਸਪੀਕਰ** : ਆਰਡਰ ਪਲੀਜ਼, ਆਰਡਰ। ਇਹ ਬੜਾ ਸਪੈਸਿਫਿਕ ਕੁਐਸਚਨ ਹੈ ਅਤੇ ਬੜਾ ਸਿੱਧਾ ਜਿਹਾ ਸਵਾਲ ਹੈ ਕਿ ਆਇਆ ਇਹੋ ਜਿਹਾ ਕੋਈ ਐਗਰੀਮੈਂਟ ਮੱਧ ਪ੍ਰਦੇਸ਼ ਸਰਕਾਰ ਨਾਲ ਹੋਇਆ ਜਾਂ ਨਹੀਂ ਹੋਇਆ। (Order please, order. It is a specific and straight question whether there was any such agreement between Madhya Pradesh Government and the Punjab Government in this connection).

**ਮੰਤਰੀ**: ਐਗਰੀਮੈਂਟ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ** : ਕੀ ਐਗਰੀਮੈਂਟ ਲਿਖਿਆ ਹੋਇਆ ਹੈ ਜਾਂ ਕਿ ਜ਼ਬਾਨੀ ਹੀ ਕੀਤਾ ਹੈ ?

**ਮੰਤਰੀ** : ਇਹ ਇੰਟਰ-ਸਟੇਟ ਮੈਟਰ ਹੈ। ਇਹ ਮੈਨੂੰ ਪਤਾ ਨਹੀਂ ਕਿ ਇਹ ਕਿਉਂ ਬਜ਼ਿਦ ਹਨ। ਐਗਰੀਮੈਂਟ ਹੋਇਆ ਹੈ ਤਾਂ ਹੀ ਬਿਜਲੀ ਆਈ ਹੈ। ਜੇ ਐਗਰੀਮੈਂਟ ਨਾ ਹੁੰਦਾ ਤਾਂ ਬਿਜਲੀ ਨਹੀਂ ਆ ਸਕਦੀ ਸੀ।

**Chaudhri Darshan Singh** : May I know from the Hon. Minister whether this deal is between the Electricity Board of this State and the Electricity Board of that State or this deal is between the two State Governments ?

**ਮੰਤਰੀ** : ਜਿਸ ਵੇਲੇ ਅਸੀਂ ਮੱਧ ਪ੍ਰਦੇਸ਼ ਗਏ ਸੀ ਤਾਂ ਇਹ ਗਲ ਬਿਟਵੀਨ ਗੌਰਮਿੰਟ ਐਂਡ ਗੌਰਮਿੰਟ ਹੋਈ ਸੀ ਅਤੇ ਉਸ ਵੇਲੇ ਜੋ ਮੱਧ ਪ੍ਰਦੇਸ਼ ਦੇ ਬਿਜਲੀ ਬੋਰਡ ਦੇ ਚੇਅਰਮੈਨ ਸਨ, ਉਹ ਵੀ ਉਥੇ ਮੌਜੂਦ ਸਨ ।

**आचार्य पृथ्वी सिंह आज़ाद** : मध्य प्रदेश से बिजली लाने के लिए राजस्थान तक तो बिजली की लाईनें हैं । क्या यह बताएंगे कि क्या राजस्थान से आगे बिजली लाने के लिए लाईनें हैं या नहीं ?

**ਮੰਤਰੀ** : ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰਾਜਸਥਾਨ ਨੂੰ ਅੱਗੇ ਲਾਈਨਾਂ ਲਾਉਣ ਦੀ ਲੋੜ ਨਹੀਂ। ਪੰਜਾਬ ਵਿਚ ਲਾਈਨਾਂ ਵਿਛਾਉਣ ਦੀ ਲੋੜ ਸਾਨੂੰ ਪਈ। ਅਸੀਂ ਮੱਧ ਪ੍ਰਦੇਸ਼ ਨੂੰ ਬਿਜਲੀ ਵਾਸਤੇ ਕਿਹਾ ਅਤੇ ਉਸ ਨੇ ਸਾਨੂੰ ਬਿਜਲੀ ਦਿੱਤੀ। ਜਿਹੜਾ ਸੱਤਪੁੜੇ ਦਾ ਪਰਾਜੈਕਟ ਹੈ ਉਸ ਪਰਾਜੈਕਟ ਦੀ ਪਰੋਡਿਊਸ ਵਿਚੋਂ 60 ਫੀ ਸਦੀ ਮੱਧ ਪ੍ਰਦੇਸ਼ ਨੂੰ ਹਿੱਸਾ ਮਿਲਦਾ ਹੈ, 40 ਫੀ ਸਦੀ ਰਾਜਸਥਾਨ ਦੇ ਹਿੱਸੇ ਆਉਂਦਾ ਹੈ। ਮੱਧ ਪ੍ਰਦੇਸ਼ ਨੇ ਆਪਣੇ 60 ਫੀ ਸਦੀ ਹਿੱਸੇ ਵਿਚੋਂ ਪੰਜਾਬ ਨੂੰ ਬਿਜਲੀ ਦੇਣ ਲਈ ਕਿਹਾ ਸੀ ਅਤੇ ਇਸ ਦੇ ਮੁਤਾਬਿਕ ਉਸ ਨੇ ਬਿਜਲੀ ਦਿੱਤੀ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਬਿਜਲੀ ਦੇ ਸੰਕਟ ਨਾਲ ਸੌ ਕਰੋੜ ਰੁਪਏ ਦਾ ਘਾਟਾ ਹੋਇਆ ਹੈ। ਜਿਵੇਂ ਪੰਜਾਬ ਵਿਚ ਕਣਕ ਜ਼ਿਆਦਾ ਹੁੰਦੀ ਹੈ ਅਤੇ ਅਸੀਂ ਦੂਸਰੇ ਰਾਜਾਂ ਨੂੰ ਦਿੰਦੇ ਹਾਂ ; ਇਸ ਲਈ ਕੀ ਪੰਜਾਬ ਸਰਕਾਰ ਮੱਧ ਪ੍ਰਦੇਸ਼ ਤੋਂ ਜ਼ਿਆਦਾ ਬਿਜਲੀ ਲੈਣ ਦੀ ਕੋਸ਼ਿਸ਼ ਕਰੇਗੀ ?

**ਮੰਤਰੀ** : ਉਹ ਵੀ ਕੋਸ਼ਿਸ਼ ਹੈ, ਲੇਕਿਨ ਇਹ ਇੰਟਰ-ਸਟੇਟ ਮਸਲਾ ਹੈ । ਦਰਅਸਲ ਗੱਲ ਇਹ ਹੈ ਕਿ ਆਇਆ ਅਸੀਂ ਥਰਮਲ ਪਲਾਂਟ ਜਿਹੜਾ ਕਿ ਹੈ ਉਹ ਮੱਧ ਪ੍ਰਦੇਸ਼ ਵਿਚ ਲਾਉਣਾ ਹੈ ਜਾਂ ਕਿ ਪੰਜਾਬ ਵਿਚ ਲਾਉਣਾ ਹੈ, ਇਹ ਸਵਾਲ ਹੈ। ਜੇ ਪੰਜਾਬ ਵਿਚ ਲਾਉਂਦੇ ਹਾਂ ਤਾਂ ਕੋਇਲੇ ਦੀ ਢੁਆਈ ਦਾ ਖਰਚ ਐਨਾ ਜ਼ਿਆਦਾ ਹੁੰਦਾ ਹੈ ਕਿ ਬਿਜਲੀ ਮਹਿੰਗੀ ਪੈਂਦੀ ਹੈ ਅਤੇ ਜੇ ਥਰਮਲ ਪਲਾਂਟ ਮੱਧ ਪ੍ਰਦੇਸ਼ ਵਿਚ ਲਾਈਏ ਤਾਂ ਉਸ ਸਰਕਾਰ ਦੀ ਸਲਾਹ ਨਾਲ ਹੋਵੇਗਾ ਅਤੇ ਲਾਈਨਾਂ ਤੇ ਖਰਚ ਘੱਟ ਹੋਵੇਗਾ। ਲੇਕਿਨ ਇਹ ਇੰਟਰ-ਸਟੇਟ ਮਸਲਾ ਹੈ। ਇਹੋ ਇਕੱਲੀ ਸਾਡੀ ਸਰਕਾਰ ਦਾ ਫੈਸਲਾ ਕਰਨ ਵਾਲਾ ਨਹੀਂ ਹੈ। ਇਸ ਨਾਲ ਉਸ ਸਰਕਾਰ ਦਾ ਵੀ ਤਅੱਲੁਕ ਹੈ। ਹਰਿਆਣੇ ਵਾਲੇ ਵੀ ਚਾਹੁੰਦੇ ਹਨ ਕਿ ਅਸੀਂ ਵੀ ਵਿਚ ਰਲੀਏ। ਇਹ ਵੀ ਪਾਸੀਬਲ ਹੈ ਕਿ ਹੋਰ ਸਟੇਟਾਂ ਵੀ ਚਾਹੁਣ ਕਿ ਵੱਡਾ ਥਰਮਲ ਪਲਾਂਟ ਮੱਧ ਪ੍ਰਦੇਸ਼ ਵਿਚ ਲੱਗੇ ਅਤੇ ਜੇ ਉਹ ਮੰਨ ਗਏ ਅਤੇ ਐਗਰੀਮੈਂਟ ਹੋ ਜਾਵੇ ਤਾਂ ਪੰਜਾਬ ਸਰਕਾਰ ਵੀ ਤਿਆਰ ਹੈ।

**ਸ੍ਰੀ ਯਸ਼ ਪਾਲ** : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਭਾਖੜੇ ਦੀ ਬਿਜਲੀ ਰਾਜਸਥਾਨ ਵਿਚ ਜਾਂਦੀ ਹੈ ਅਤੇ ਇਸ ਵਾਸਤੇ ਲਾਈਨ ਦੀ ਲੋੜ ਨਹੀਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਰਾਜਸਥਾਨ ਵਿਚ

Original with;
Punjab Vidhan Sabha
Digitized by;
Panjab Digital Library

ਮੱਧ ਪ੍ਰਦੇਸ਼ ਵਿਚੋਂ ਬਿਜਲੀ ਆਉਂਦੀ ਹੈ ਤਾਂ ਰਾਜਸਥਾਨ ਦੇ ਉਸ ਹਿਸੇ ਵਿਚ ਅਤੇ ਦੂਜੇ ਹਿਸੇ, ਜਿਥੇ ਭਾਖੜੇ ਦੀ ਬਿਜਲੀ ਜਾਂਦੀ ਹੈ, ਦੇ ਦਰਮਿਆਨ ਬਿਜਲੀ ਦੇ ਆਉਣ ਜਾਣ ਦਾ ਸਾਧਨ ਹੈ। ਜੇ ਨਹੀਂ ਤਾਂ ਫਿਰ ਉਸ ਸਾਧਨ ਦੇ ਤਹਿਤ ਇਹ ਐਗਰੀਮੈਂਟ ਕਿਉਂ ਕੀਤਾ ਗਿਆ। ਥੋੜ੍ਹਾ ਚਿਰ ਰਾਜਸਥਾਨ ਭੁਲੇਖੇ ਵਿਚ ਇਨ੍ਹਾਂ ਨੂੰ ਬਿਜਲੀ ਦਿੰਦਾ ਰਿਹਾ ਅਤੇ ਜਦ ਉਨ੍ਹਾਂ ਦੇ ਇੰਜੀਨੀਅਰਾਂ ਨੂੰ ਸਮਝ ਆ ਗਈ ਕਿ ਪੰਜਾਬ ਦੇ ਇੰਜੀਨੀਅਰ ਗਲਤੀ ਤੇ ਹਨ ਤਾਂ ਫਿਰ ਉਨ੍ਹਾਂ ਨੇ ਬਿਜਲੀ ਦੇਣੀ ਬੰਦ ਕਰ ਦਿੱਤੀ।

**ਮੰਤਰੀ** : ਸਤਪੁੜਾ ਤੋਂ ਪੰਜਾਬ ਨੂੰ ਸਿਧੀ ਲਾਈਨ ਨਹੀਂ। ਲੇਕਿਨ ਜਿਥੋਂ ਤਕ ਇਹ ਕਹਿੰਦੇ ਹਨ ਕਿ ਬਿਜਲੀ ਆ ਨਹੀਂ ਸਕਦੀ ਤੇ ਐਗਰੀਮੈਂਟ ਕਿਉਂ ਕੀਤਾ, ਮੈਂ ਕਹਿੰਦਾ ਹਾਂ ਕਿ ਜੇ ਬਿਜਲੀ ਆ ਸਕਦੀ ਸੀ ਤਾਂ ਹੀ ਐਗਰੀਮੈਂਟ ਕੀਤਾ ਗਿਆ ਅਤੇ ਬਿਜਲੀ ਆਈ। ਇਨ੍ਹਾਂ ਨੇ ਫਿਗਰਜ਼ ਪੜ੍ਹੇ ਵੀ ਹਨ ਅਤੇ ਇਹ ਕਹਿੰਦੇ ਵੀ ਹਨ ਕਿ ਬਿਜਲੀ ਆਉਂਦੀ ਰਹੀ ਹੈ। ਹੁਣ ਬਿਜਲੀ ਦੀ ਸ਼ਾਰਟੇਜ ਹੈ ਅਤੇ ਰਾਜਸਥਾਨ ਦੀ ਸਰਕਾਰ ਇਸ ਸ਼ਾਰਟਜ ਨੂੰ ਮਹਿਸੂਸ ਕਰਦੀ ਹੈ। ਇਸ ਕਰਕੇ ਰੁਕਾਵਟ ਪਈ ਹੈ। ਅਸਲ ਗੱਲ ਇਹ ਹੈ ਕਿ ਉਥੇ ਵੀ ਬਿਜਲੀ ਦੀ ਸ਼ਾਰਟੇਜ ਹੈ ਅਤੇ ਸਾਡੇ ਵੀ ਸ਼ਾਰਟੇਜ ਹੈ। ਜੇ ਸੱਤਪੁੜਾ ਤੋਂ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਾਲੇ ਸਾਨੂੰ ਬਿਜਲੀ ਦੇਣਾ ਚਾਹੁਣ ਤਾਂ ਦੇ ਸਕਦੇ ਹਨ, ਰਾਜਸਥਾਨ ਸਰਕਾਰ ਸੱਤਪੁੜਾ ਤੋਂ ਬਿਜਲੀ ਲੈ ਰਹੀ ਹੈ।

**ਕਾਮਰੇਡ ਸੱਤ ਪਾਲ ਡਾਂਗ** : ਮੈਂ ਪੁਛਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਵਿਧਾਨ ਦੀ ਕਿਹੜੀ ਮੱਦ ਵਿਚ ਇਹ ਲਿਖਿਆ ਹੋਇਆ ਹੈ ਕਿ ਜਦ ਇੰਟਰ-ਸਟੇਟ ਫੈਸਲੇ ਕਰਨੇ ਹੋਣ ਤਾਂ ਐਗਰੀਮੈਂਟ ਜ਼ਬਾਨੀ ਕੀਤੇ ਜਾਣ ਅਤੇ ਕੋਈ ਲਿਖਾ ਪੜ੍ਹੀ ਨਾ ਕੀਤੀ ਜਾਵੇ ਅਤੇ ਰਾਜਸਥਾਨ ਨੂੰ ਕਨਸਲਟ ਨਾ ਕੀਤਾ ਜਾਵੇ ?

**ਮੰਤਰੀ**: ਅਸੀਂ ਮੱਧ ਪ੍ਰਦੇਸ਼ ਸਰਕਾਰ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਐਨਾ ਚਿਰ ਸਾਨੂੰ ਬਿਜਲੀ ਦਿਤੀ ਅਤੇ ਅਸੀਂ ਹੋਰ ਯਤਨ ਕਰ ਰਹੇ ਹਾਂ ਕਿ ਅੱਗੇ ਲਈ ਉਹ ਸਾਨੂੰ ਦੇਣ। ਸਾਡੇ ਬਿਜਲੀ ਬੋਰਡ ਦਾ ਚੇਅਰਮੈਨ ਰਾਜਸਥਾਨ ਦੇ ਬਿਜਲੀ ਬੋਰਡ ਦੇ ਚੇਅਰਮੈਨ ਨੂੰ ਮਿਲਿਆ ਹੈ ਅਤੇ ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਵੀ ਬੇਨਤੀ ਕੀਤੀ ਹੈ ਕਿ ਇਸ ਮਸਲੇ ਵਿਚ ਸਾਡੀ ਮਦਦ ਕਰੇ।

**ਸਰਦਾਰ ਬਲਬੀਰ ਸਿੰਘ** : ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਮੱਧ ਪਦੇਸ਼ ਦੀ ਸਰਕਾਰ ਅਤੇ ਪੰਜਾਬ ਦੀ ਸਰਕਰ ਵਿਚ ਸਮਝੌਤਾ ਹੋਇਆ ਹੈ ਅਤੇ ਦੋਨਾਂ ਬੋਰਡਾਂ ਦੇ ਵਿਚਕਾਰ ਸਮਝੌਤਾ ਹੋਇਆ ਹੈ। ਕੀ ਉਹ ਦਸਣਗੇ ਕਿ ਕੀ ਇਹ ਦੋ ਸੈਪਰੇਟ ਐਗਰੀਮੈਂਟ ਹੋਏ ਜਾਂ ਕਿ ਇਕ ਹੀ ਹੋਇਆ ?

ਮੰਤਰੀ : ਉਥੇ ਮੱਧ ਪ੍ਰਦੇਸ਼ ਦੇ ਬਿਜਲੀ ਬੋਰਡ ਦੇ ਚੇਅਰਮੈਨ ਨੂੰ ਬਿਠਾਇਆ ਗਿਆ ਸੀ। (ਵਿਘਨ) (ਹਾਸਾ)

**ਸਰਦਾਰ ਧੰਨਾ ਸਿੰਘ ਗੁਲਸ਼ਨ** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਦਰਅਸਲ ਵਜ਼ੀਰ ਸਾਹਿਬ ਮੱਧ ਪ੍ਰਦੇਸ਼ ਵਿਚ ਗਏ ਅਤੇ ਸੈਰ ਸਪਾਟਾ ਕਰ ਕੇ ਆ ਗਏ। ਅਸਲ ਵਿਚ ਉਨ੍ਹਾਂ ਨਾਲ ਕੋਈ ਸਮਝੌਤਾ ਜਾਂ ਲਿਖਤ ਨਹੀਂ ਹੋਈ। ਜੇ ਕੋਈ ਜ਼ਬਾਨੀ ਗਲਬਾਤ ਹੋਈ ਹੈ ਤਾਂ ਉਸ ਮੁਤਾਬਕ ਉਹ ਕਾਰ ਵਿਚ ਰਖ ਕੇ ਬਿਜਲੀ ਇਥੇ ਲਿਆਏ ਹੋਣਗੇ ? ਇਸ ਲਈ ਉਹ ਦਸ ਦੇਣ ਕਿ ਉਹ ਬਿਜਲੀ ਕਿਹੜੇ ਪਿੰਡਾਂ ਨੂੰ ਦਿਤੀ ਗਈ ? (ਹਾਸਾ)

(ਕੋਈ ਜਵਾਬ ਨਹੀਂ ਦਿਤਾ ਗਿਆ।)

---

## Applications made by Freedom Fighters for allotment of Houses or House Sites

***1112. Sardar Lachhman Singh :** Will the Minister for Irrigation and Power be pleased to state—

(a) the total number of applications submitted by the freedom fighters for the allotment of houses or house sites which are pending with the Government at present;

Original with;
Punjab Vidhan Sabha
Digitized by;
Panjab Digital Library

[Sardar Lachhman Singh]

(b) the total number of such applications decided so far ?

**Shri Gurmail Singh :** Under the Central Government scheme for the provision of House-sites, only landless unskilled workers living in rural areas are eligible to the allotment of house-sites. Some of the eligible persons may be freedom fighters but no separate record has been maintained in respect of them. Hence, information asked for cannot be furnished.

[ਮੁਫਤ ਪਲਾਟ ਦੇਣ ਲਈ ਜਿਹੜੀ ਭਾਰਤ ਸਰਕਾਰ ਦੀ ਸਕੀਮ ਹੈ, ਉਸ ਅਧੀਨ ਸਿਰਫ ਅਨ-ਸਕਿਲਡ ਪੇਂਡੂ ਕਾਮੇ ਹੀ ਹਾਊਸ-ਸਾਈਟਸ ਦੇ ਹੱਕਦਾਰ ਹਨ। ਉਨ੍ਹਾਂ ਵਿਚੋਂ ਸ਼ਾਇਦ ਕੁਝ ਸੁਤੰਤਰਤਾ ਸੰਗਰਾਮੀ ਹੋਣ ਪਰ ਉਨ੍ਹਾਂ ਲਈ ਕੋਈ ਅਲਗ ਰਿਕਾਰਡ ਨਹੀਂ ਰੱਖਿਆ ਗਿਆ। ਇਸ ਲਈ ਜਿਹੜੀ ਸੂਚਨਾ ਮੰਗੀ ਗਈ ਹੈ, ਉਹ ਨਹੀਂ ਦਿੱਤੀ ਜਾ ਸਕਦੀ।]

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ, ਉਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਪੋਲੀਟੀਕਲ ਸਫਰਰਜ਼ ਜਿਹੜੇ ਹਨ ਉਨ੍ਹਾਂ ਦਾ ਕੋਈ ਅਲਗ ਰਿਕਾਰਡ ਨਹੀਂ ਰਖਿਆ ਗਿਆ ਇਸ ਲਈ ਜਿਹੜੀ ਇਨਫਰਮੇਸ਼ਨ ਮੰਗੀ ਗਈ ਹੈ ਉਹ ਨਹੀਂ ਦਿਤੀ ਜਾ ਸਕਦੀ। ਪੰਜਾਬ ਸਰਕਾਰ ਨੇ ਇਕ ਪਾਲਿਸੀ ਬਣਾਈ ਹੈ ਕਿ ਪੋਲੀਟੀਕਲ ਸਫਰਰਜ਼ ਨੂੰ ਹਰ ਜਗ੍ਹਾ ਪ੍ਰਾਇਰਟੀ ਦਿਤੀ ਜਾਵੇਗੀ ਪਰ ਇਸ ਦੇ ਵਿਚ ਕਿਉਂ ਨਹੀਂ ਦਿਤੀ ਗਈ ?

**ਸਿੰਜਾਈ ਅਤੇ ਬਿਜਲੀ ਮੰਤਰੀ :** ਸਪੀਕਰ ਸਾਹਿਬ, ਇਸ ਦੇ ਵਿਚ ਅਸੀਂ ਇਹ ਰਖਿਆ ਹੈ ਕਿ ਸਿਰਫ ਜਿਹੜੇ ਅਨ-ਸਕਿਲਡ ਪੇਂਡੂ ਕਾਮੇ ਹਨ ਉਹੀ ਹਾਊਸ-ਸਾਈਟਸ ਦੇ ਹੱਕਦਾਰ ਹਨ। ਇਸ ਦੇ ਵਿਚ ਪੋਲੀਟੀਕਲ ਸਫਰਰਜ਼ ਦਾ ਵੀ ਹੱਕ ਹੈ ਅਤੇ ਦੂਜਿਆਂ ਦਾ ਵੀ ਹੱਕ ਹੈ।

**ਸ੍ਰੀ ਗੁਰਦਿਆਲ ਸੈਣੀ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਐਪਲੀਕੇਸ਼ਨਾਂ ਆ ਚੁਕੀਆਂ ਹਨ ਉਨ੍ਹਾਂ ਦੇ ਵਾਸਤੇ ਕਿਹੜੀ ਡੇਟ ਤਕ ਫੈਸਲਾ ਹੋ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਕੁਐਸਚਨ ਹੈ ਇਹ ਸਿਰਫ ਪੋਲੀਟੀਕਲ ਸਫਰਰਜ਼ ਨੂੰ ਹੀ ਰਿਲੇਟ ਕਰਦਾ ਹੈ। ਜੇ ਮੈਂਬਰ ਸਾਹਿਬਾਨ ਉਸ ਦੇ ਬਾਰੇ ਕੁਝ ਸਵਾਲ ਪੁਛਣਾ ਚਾਹੁੰਦੇ ਹਨ ਤਾਂ ਪੁਛ ਸਕਦੇ ਹਨ।

---

## Shortage of Atta and Maida, etc. in the State

***1193. Shri Prem Gupta :** Will the Minister of State for Food and Supplies be pleased to state the details of the steps taken by the Government to remove the shortage of Atta, Maida, Kerosene Oil, Sugar, Cement and Coal in the State and the extent to which these steps have removed the shortage ?

**Shri Gian Chand Kharbanda :** The information is placed on the Table of the House.

State Government have taken the following steps to remove the shortage and to maintain the supply line of essential commodities :—

### Wheat/Wheat Atta

(1) Distribution of wheat, wheat atta and rice through fair price shops has been started right from 2nd week of July, 1972. Allocations of 96,690 tonnes of wheat were

Original with;
Punjab Vidhan Sabha
Digitized by;
Panjab Digital Library

obtained from Government of India and placed at the disposal of District Food and Supplies Controllers from July to February, 1973.

(2) Distribution arrangements were streamlined. In order to help poor people, it was decided to issue up to 5 K.G. of wheat/wheat atta without ration card. Scale of ration was fixed at 10 K. G. per head per month subject to 100 K.G. for wheat/wheat atta and 5 K. G. for rice per family.Later on, these scales were changed, 10 K.G. atta per month per head subject to maximum of 80 K.G. 2 K.G. atta is allowed without ration card. Rice 1 K.G. per ration card per month for a family consisting of 2 members and ½ Kg. per head per month subject to maximum of 2—½ K.G. consisting of family more than this number, coarse rice is also issued in lieu of wheat/atta ration from Fair Price Shops.

(3) Requirements of wheat/wheat atta of Tandoors, Dhabas, Hostels, Hospitals, and other eating establishments is being met in full from the Fair Price Shops.

(4) District Officers have been authorised to open new Depots specially in rural areas, labour, Harijan colonies and border villages. So far 513 new depots atta specially in these localities have been opened.

(5) To curb hoarding, raids have been conducted and checking of accounts of the dealers have been carried out resulting in prosecution of 162 dealers of essential commodities. Departmental action has been initiated against 589 dealers including depot holders and the brick-kiln owners. 29,774 ration cards (bogus) have been eliminated.

(6) Licensed foodgrain dealers of Punjab were asked not to sell wheat to dealers of the other States without the permission of the licensing authority. No export permit to any individual/Trader has been issued. Further, in order to curb hoarding, foodgrain dealers have been asked not to keep more than 500 quintals of wheat at a time and also to dispose of surplus stocks before 10th February, 1973.

(7) Anti-smuggling measures have been tightened up and during the period from September to end of January, 1973, 36 cases of illegal export of foodgrains were detected and reported to police.

**Maida**

(1) 100 per cent Control was imposed on the distribution of maida/Suji with effect from January, 1973.

(2) Flour Mills have been directed not to dispose of maida/Suji except in accordance with the permits issued by the District Food and Supplies Controllers for meeting the requirements of the consumers within the State.

(3) Besides above, the State has allowed special permission to the certain Roller Flour Mills,who approached the State Government to purchase wheat from the open market to meet the genuine demand assessed by the Department of maida/Suji of the bulk consumers like Bakers Association, Biscuit Factories, etc. etc.

(4) Maida/Suji is being issued on permit for marriages.

**Kerosene Oil**

(1) Watch is being kept and steps taken to maintain supply line of kerosene.

(2) The position of L.D.O. was however not satisfactory, on account of inadequate supplies at the source. The Government of India have been requested to push up more supplies of this product in order to over come shortage.

(3) Periodical meetings with the representatives of various oil Companies are being held to ensure supplies of kerosene oil and L.D.O. in the State.

(4) There is no control over the price of L.D.O. and the Government of India have already been approached to impose price control on L.D.O./F.O. as due to power cut demand of L.D.O. has increased.

**Sugar**

(1) With effect from 1st January, 1973, wholesale distribution of sugar in the State has been taken over by Food Corporation of India.

Original with;
Punjab Vidhan Sabha
Digitized by;
Panjab Digital Library

[Minister of State for Food and Supplies]

(2) At present, 6,283 tonnes of sugar is allocated to this State for domestic consumers as against our basic requirement of 7,000 tonnes. The Government of India had been requested several times to enhance the sugar quota, but they have not accepted the demand of the State due to low production of sugar in the Country.

(3) The Scale of ration of sugar is 500 grams per head per month both in rural and urban areas.

(4) At present, nearly 7,000 Co-operative Societies are working in the rural areas for distribution of sugar and 1,784 Fair Price Shops are functioning in the urban areas for distribution of sugar.

(5) To ensure proper distribution of sugar and other essential commodities in rural areas, Co-operative Societies have been asked to associate representatives of landless labour and weaker sections of society. Where Co-operative Societies are not functioning allocation of sugar distribution alternative have been made.

**Cement**

(1) Punjab is facing acute shortage of cement since February-March, 1972. The actual despatches of cement in free sale quota by the various factories to the cement stockists in Punjab since January, 1972, are given below :—

| | |
|---|---|
| January to March, 1972 | .. 93,599 tonnes |
| April to June, 1972 | .. 99,930 tonnes |
| July to September, 1972 | .. 62,871 tonnes |
| October to December, 1972 | .. 80,807 tonnes |
| January, 1973 | 24,000 Tonnes |

(2) It will be observed from the above figures that actual despatches to Punjab are hardly 50 per cent of the demand (60,000 tonnes per month).

(3) The quota of cement to Punjab has been fixed at 36,000 tonnes by Regional Cement Officer. In order to accelerate movement of cement against this quota several meetings are being held with the representatives of cement factories, Regional Cement Officer and Railways to plan despatches factory-wise since July, 1972 and the movement to the tune of 31,000 tonnes is being planned. Efforts are being made to make further improvement in the despatches. According to Cement manufacturers the shortage is due to the following facts :—

(1) Recent strike in factories.

(2) Drastic cut in the supply of power.

(3) Dislocation of Railway traffic in some areas resulting in short supply of wagons.

**Coal**

(1) Movement of slack coal and soft coke has been accelerated with efforts made at the highest level resulting in increase in supply from 10½ rakes per month in 1971 on an average to 16½ rakes per month in case of slack coal in 1972.

(2) Regarding soft coke wagons, the Government of India have assured movement of 500—600 wagons of soft coke per month to Punjab.

(3) Coal Agents/B.K.Os. have also been permitted to bring non-sponsored coal by trucks to end shortages of coal/bricks Price of bricks prepared by non-sponsored coal has been decontrolled.

(4) To ensure proper distribution of slack coal/soft coke, Government have constituted District Distribution Committees in all the Districts.

(5) Periodical meetings were also held by the Minister, Food and Supplies with the Railway Ministers and other railway officials.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸਤਪਾਲ ਡਾਂਗ** : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੋਲੇ ਦੀ ਕੀਮਤ ਘਟਾਉਣ ਦੇ ਸਿਲਸਿਲੇ ਵਿਚ ਜਲੰਧਰ ਵਿਚ ਛਾਪੇ ਮਾਰੇ ਗਏ ਅਤੇ ਜਿਹੜੀਆਂ ਬੋਗਸ ਫਰਮਾਂ ਦੇ ਨਾਮ ਹਨ ਉਹ ਇਸ ਕਰ ਕੇ ਨਹੀਂ ਦਸੇ ਗਏ ਕਿ ਇਹ ਪਬਲਿਕ ਹਿੱਤ ਵਿਚ ਨਹੀਂ। ਸਪੀਕਰ ਸਾਹਿਬ, ਜੇ ਮੈਨੂੰ ਆਗਿਆ ਦਿਉ ਤਾਂ ਇਹ ਲਿਸਟ ਮੈਂ ਸਦਨ ਦੀ ਮੇਜ ਤੇ ਰਖ ਦਿਆਂ। ਇਸ ਲਿਸਟ ਦੇ ਵਿਚ ਦੋ ਐਮ. ਐਲ. ਏਜ਼. ਅਤੇ ਇਕ ਮਨਿਸਟਰ ਸਾਹਿਬ ਦਾ ਨਾਮ ਵੀ ਹੈ। ਇਸ ਕਰ ਕੇ ਇਹ ਨਾਮ ਨਹੀਂ ਦਸ ਰਹੇ ? (ਵਿਘਨ)

**ਰਾਜ ਮੰਤਰੀ, ਖੁਰਾਕ ਅਤੇ ਸਪਲਾਈ** : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਆਨਰੇਬਲ ਮੈਂਬਰ ਸਾਹਿਬ ਕਿਸ ਕੋਲੇ ਦਾ ਜ਼ਿਕਰ ਕਰ ਰਹੇ ਹਨ। ਇਹ ਜਿਹੜਾ ਸਵਾਲ ਹੈ ਇਹ ਰਿਲੇਟ ਕਰਦਾ ਹੈ ਸਿਰਫ ਸਲੈਕ ਕੋਲ ਅਤੇ ਸਾਫਟ ਕੋਲ ਨੂੰ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜਿਹੜੇ ਮਨਿਸਟਰ ਸਾਹਿਬ ਅਤੇ ਦੋ ਐਮ. ਐਲ. ਏਜ਼. ਸਾਹਿਬਾਨ ਕੋਲਾ ਖਾ ਗਏ ਹਨ, ਮੈਂ ਉਸ ਕੋਲੇ ਦਾ ਜ਼ਿਕਰ ਕਰਦਾ ਹਾਂ। (ਵਿਘਨ) ਜੇ ਤੁਸੀਂ ਹੁਕਮ ਕਰੋ ਤਾਂ ਮੈਂ ਲਿਸਟ ਦੇ ਦਿਆਂ। (ਵਿਘਨ)

**ਸ੍ਰੀ ਸਪੀਕਰ** : ਡਾਂਗ ਸਾਹਿਬ ਤੁਹਾਡੇ ਕੋਲ ਜਿਹੜੀਆਂ ਲਿਸਟਾਂ ਹੋਣਗੀਆਂ ਉਹ ਇੰਡਸਟਰੀਜ਼ ਦੇ ਕੋਲੇ ਦੀਆਂ ਹੋਣਗੀਆਂ, ਫੂਡ ਲਈ ਲੋੜੀਂਦੇ ਕੋਲ ਦੀਆਂ ਨਹੀਂ ? (ਵਿਘਨ) ਫੂਡ ਐਂਡ ਸਪਲਾਈ ਮਨਿਸਟਰ ਸਾਹਿਬ ਕੋਲ ਇੰਡਸਟਰੀਜ਼ ਦਾ ਕੋਲਾ ਨਹੀਂ ਹੁੰਦਾ (ਵਿਘਨ) (Dang Sahib, the list which you have may relate to the distribution of coal meant for industries and may not relate to the department under the State Minister. (*Interruption*) He is not connected with the supply of coal meant for industries in the State).

**ਕਾਮਰੇਡ ਸੱਤ ਪਾਲ ਡਾਂਗ** : ਕੋਲੇ ਦੀਆਂ ਕੀਮਤਾਂ ਦਾ ਸਵਾਲ ਹੈ, ਉਹ ਵੀ ਕੋਲਾ ਹੈ ਅਤੇ ਇਹ ਵੀ ਕੋਲਾ ਹੈ। (ਵਿਘਨ)

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਕਲੀਅਰਲੀ ਇਸ ਤਰ੍ਹਾਂ ਪੁਛਿਆ ਗਿਆ ਹੈ ਕਿ 'Will the Minister for State for Food and Supply'. ਜਦੋਂ ਇਹ ਸਵਾਲ ਹੀ ਫੂਡ ਅਤੇ ਸਪਲਾਈ ਮਨਿਸਟਰ ਤੋਂ ਪੁਛਿਆ ਗਿਆ ਹੈ ਤਾਂ ਇਸ ਦੇ ਵਿਚ ਇੰਡਸਟਰੀਜ਼ ਦੇ ਕੋਲੇ ਦਾ ਜ਼ਿਕਰ ਹੀ ਨਹੀਂ ਆਉਂਦਾ। (ਵਿਘਨ)

**ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਸ ਸਵਾਲ ਦੇ ਵਿਚ ਪੁੱਛਿਆ ਗਿਆ ਹੈ ਕਿ ਕਿਹੜੇ ਕਿਹੜੇ ਕਦਮ ਚੁਕੇ ਗਏ ਜਿਨ੍ਹਾਂ ਨਾਲ ਇਨ੍ਹਾਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਘਟਾਈਆਂ ਗਈਆਂ ਹਨ ਜਦੋਂ ਅਸੀਂ ਅਕਤੂਬਰ, 1972 ਵਿਚ ਸਤਿਆਗ੍ਰਹਿ ਕੀਤਾ ਸੀ ਤਾਂ ਸਰਕਾਰ ਵਲੋਂ ਬੜੇ ਵਡੇ ਵਡੇ ਪੋਸਟਰ ਲਗਾਏ ਗਏ ਸੀ ਕਿ ਪਿੰਡਾਂ ਵਿਚ ਪੰਜ ਹਜ਼ਾਰ ਅਤੇ ਸ਼ਹਿਰਾਂ ਵਿਚ ਦੋ ਹਜ਼ਾਰ ਸਸਤੀਆਂ ਭਾਅ ਵੇਚਣ ਦੀਆਂ ਦੁਕਾਨਾਂ ਖੋਲਣੀਆਂ ਹਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੁਕਾਨਾਂ ਜ਼ਿਲ੍ਹਾ ਵਾਰ ਕਿਥੇ ਕਿਥੇ ਹਨ ਅਤੇ ਕਿਹੜੀਆਂ ਕਿਹੜੀਆਂ ਚੀਜ਼ਾਂ ਉਥੇ ਵਿਕਦੀਆਂ ਹਨ (ਵਿਘਨ)।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਬੜੇ ਸਿਆਣੇ ਤੇ ਸੁਲਝੇ ਹੋਏ ਪਾਰਲੀਮੈਂਟੇ-ਰੀਅਨ ਹਨ ਅਗਰ ਉਹ ਸਵਾਲ ਦਾ ਜੋ ਜਵਾਬ ਅਸੀਂ ਦਿਤਾ ਹੈ ਉਸ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੇ ਤਾਂ ਮੇਰੇ ਖਿਆਲ ਵਿਚ ਉਹ ਇਸ ਤਰ੍ਹਾਂ ਦਾ ਸਵਾਲ ਨਾ ਕਰਦੇ। ਫਿਰ ਵੀ ਮੈਂ ਇਨ੍ਹਾਂ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ 583 ਆਟੇ ਦੇ ਡਿਪੂ ਕੇਵਲ ਇਨ੍ਹਾਂ ਚਾਰ ਮਹੀਨਿਆਂ ਵਿਚ ਖੋਲੇ ਗਏ ਹਨ ਅਤੇ ਨਾਲ ਹੀ ਇਹ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਜਿਥੇ ਜਿਥੇ ਗਰੀਬ ਲੋਕ ਹਨ, ਹਰੀਜਨ ਲੋਕ ਜ਼ਿਆਦਾ ਰਹਿੰਦੇ ਹਨ, ਮਜ਼ਦੂਰ ਲੋਕ ਰਹਿੰਦੇ ਹਨ ਉਨ੍ਹਾਂ ਵਲ ਖਾਸ ਤੌਰ ਤੇ ਧਿਆਨ ਦਿਤਾ ਜਾਵੇ ਅਤੇ ਉਨ੍ਹਾਂ ਡਿਪੂਆਂ ਤੇ ਦੂਸਰੇ ਡਿਪੂਆਂ ਨਾਲੋਂ ਆਟਾ ਜ਼ਿਆਦਾ ਦਿਤਾ ਜਾਵੇ । ਮੈਂ ਸਪੀਕਰ ਸਾਹਿਬ, ਇਹ ਦਾਅਵੇ ਨਾਲ ਕਹਿੰਦਾ ਹਾਂ ਕਿ ਇਸ ਵਲ ਪੰਜਾਬ ਦੇ ਵਿਚ ਆਟੇ ਦੀ ਕੋਈ ਕਿੱਲਤ ਨਹੀਂ ਅਤੇ ਹਰ ਡਿਪੂ ਤੇ ਆਟਾ ਆਮ ਮਿਲ ਰਿਹਾ ਹੈ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਅਗਰ ਕਿਸੀ ਥਾਂ ਤੇ ਆਟੇ ਦੀ ਕਿੱਲਤ ਹੈ ਅਤੇ ਪਿੰਡ ਦੀ ਪੰਚਾਇਤ ਲਿਖ ਕੇ ਦੇਵੇ ਕਿ ਸਾਡੇ ਹਲਕੇ ਵਿਚ ਆਟੇ ਦਾ ਡਿਪੂ ਖੋਲ੍ਹਿਆ ਜਾਵੇ ਤਾਂ ਉਥੇ ਆਟੇ ਦਾ ਡਿਪੂ ਖੋਲ੍ਹ ਦਿਤਾ ਜਾਵੇਗਾ।

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਆਟੇ ਦੀ ਕਿੱਲਤ ਨਹੀਂ ਹੈ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜੇ ਆਟੇ ਦੀ ਕਿੱਲਤ ਨਹੀਂ ਹੈ ਤਾਂ ਫਿਰ ਮੈਦੇ ਅਤੇ ਸੀਮਿੰਟ ਦੀ ਕਿੱਲਤ ਕਿਉਂ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਡੈਫੀਨਿਟ ਸਵਾਲ ਅਤੇ ਮੈਂ ਡੈਫੀਨਿਟ ਹੀ ਇਸ ਦਾ ਜਵਾਬ ਦਿਆਂਗਾ।

ਸਭ ਤੋਂ ਪਹਿਲੀ ਗਲ ਕਿ ਸੀਮਿੰਟ ਦੀ ਕਿੱਲਤ ਕਿਉਂ ਹੈ ? ਸਪੀਕਰ ਸਾਹਿਬ, ਸੀਮਿੰਟ ਦੀ ਕਿੱਲਤ ਇਸ ਕਰ ਕੇ ਹੋ ਗਈ ਹੈ ਕਿ ਪੰਜਾਬ ਵਿਚ ਸੀਮਿੰਟ ਦੀ ਫੈਕਟਰੀ ਕੋਈ ਨਹੀਂ ਅਤੇ ਜਿਤਨਾ ਵੀ ਸੀਮਿੰਟ ਆ-ਉਂਦਾ ਹੈ ਉਹ ਬਾਹਰੋਂ ਆਉਂਦਾ ਹੈ ਅਤੇ ਭਾਰਤ ਸਰਕਾਰ ਦੇ ਥਰੂ ਆਉਂਦਾ ਹੈ। ਪੰਜਾਬ ਦੇ ਵਿਚ ਸੀਮਿੰਟ ਦੀ ਜਿਹੜੀ ਇਸ ਵੇਲੇ ਲੋੜ ਹੈ ਉਹ 60,000 ਟਨ ਹੈ ਅਤੇ ਭਾਰਤ ਸਰਕਾਰ ਨੇ 36,000 ਟਨ ਸੀਮਿੰਟ ਪੰਜਾਬ ਵਾਸਤੇ ਮੁਕਰਰ ਕੀਤਾ ਹੈ। ਲੇਕਿਨ ਹੁਣ ਕੁਝ ਚਿਰ ਤੋਂ ਸੀਮਿੰਟ ਦੀ ਕਿੱਲਤ ਹੋ ਗਈ ਹੈ ਜਿਸ ਦੇ ਕਈ ਕਾਰਨ ਹਨ। ਇਨ੍ਹਾਂ ਕਾਰਨਾਂ ਵਿਚੋਂ ਇਕ ਕਾਰਨ ਇਹ ਵੀ ਹੈ ਕਿ ਇਸ ਵਕਤ ਬਿਜਲੀ ਦੀ ਸ਼ਾਰਟੇਜ ਹੈ ਅਤੇ ਬਿਜਲੀ ਦੀ ਕਿੱਲਤ ਹੋਣ ਕਰ ਕੇ ਸੀਮਿੰਟ ਫੈਕਟਰੀਆਂ ਤੇ ਅਸਰ ਪਿਆ ਹੈ ਜਿਸ ਦੀ ਵਜ੍ਹਾ ਕਰ ਕੇ ਸੀਮਿੰਟ ਦੀ ਕਿੱਲਤ ਹੋ ਗਈ ਹੈ। ਸੀਮਿੰਟ ਦੀ ਸਭ ਤੋਂ ਵਡੀ ਫੈਕਟਰੀ ਸੂਰਜ ਪੁਰ ਅਤੇ ਦਾਦਰੀ ਜੋ ਕਿ ਹਰਿਆਣੇ ਵਿਚ ਹਨ ਉਨ੍ਹਾਂ ਤੇ ਬਿਜਲੀ ਕਰ ਕੇ ਬਹੁਤ ਜ਼ਿਆਦਾ ਅਸਰ ਪਿਆ ਹੈ ਅਤੇ ਜਿਸ ਦੀ ਵਜ੍ਹਾ ਕਰ ਕੇ ਇਹ ਕਿੱਲਤ ਆਈ ਹੈ। ਫਿਰ ਬਹੁਤ ਸਾਰਾ ਸੀਮਿੰਟ ਨਾਰਦਰਨ ਜ਼ੋਨ ਵਿਚੋਂ ਘੱਟ ਆਇਆ ਹੈ, ਕੁਝ ਸਾਊਥ ਵਿਚੋਂ ਆਉਂਦਾ ਹੈ ਉਹ ਵੀ ਘੱਟ ਆਇਆ ਹੈ। ਇਸ ਦੀ ਵਜ੍ਹਾ ਹੈ ਕਿ ਸਾਊਥ ਵਿਚ ਕੁਝ ਗੜ ਬੜ ਹੋਣ ਕਾਰਨ ਟਰੈਫਿਕ ਤੇ ਅਸਰ ਪਿਆ ਅਤੇ ਜਿਸ ਦੀ ਵਜਾਹ ਨਾਲ ਵੈਗਨ ਵਗੈਰਾ ਨਾ ਮਿਲੇ ਤੇ ਮਾਲ ਆ ਨਹੀਂ ਸਕਿਆ। ਪੰਜਾਬ ਦੇ ਵਿਚ ਸੀਮਿੰਟ ਦੀ ਸ਼ਾਰਟੇਜ ਫਰਵਰੀ-ਮਾਰਚ, 1972 ਤੋਂ ਹੈ। ਜਨਵਰੀ ਤੋਂ ਮਾਰਚ, 1972 ਤਕ 93,399 ਟਨ, ਅਪਰੈਲ ਤੋਂ ਜੂਨ, 1972 ਤਕ 99,930 ਟਨ, ਜੁਲਾਈ ਤੋਂ ਸਤੰਬਰ, 1972 ਤਕ 62,871 ਟਨ, ਅਕਤੂਬਰ ਤੋਂ ਦਸੰਬਰ, 1972 ਤਕ 80,807 ਟਨ ਅਤੇ ਜਨਵਰੀ, 1973 ਵਿਚ 24,000 ਟਨ ਸੀਮਿੰਟ ਅਲਗ ਅਲਗ ਫੈਕਟਰੀਆਂ ਤੋਂ ਪੰਜਾਬ ਦੇ ਸੀਮਿੰਟ ਸਟਾਕਿਸਟਸ ਨੂੰ ਹੈ। ਇਨ੍ਹਾਂ ਫਿਗਰਜ਼ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੀ ਲੋੜ ਨੂੰ ਮੁਸ਼ਕਲ ਨਾਲ ਇਹ 50 ਫੀ ਸਦੀ ਪੂਰਾ ਕਰਦਾ ਹੈ। ਇਸ ਕਿੱਲਤ ਨੂੰ ਦੂਰ ਕਰਨ ਦੇ ਲਈ ਕਈ ਮੀਟਿੰਗਜ਼ ਵਗੈਰਾ ਹੋਈਆਂ ਹਨ ਅਤੇ ਜਿਸ ਦੇ ਵਿਚ ਮਨਿਸਟਰਜ਼ ਵੀ ਸ਼ਾਮਲ ਹੁੰਦੇ ਹਨ। ਗੌਰਮਿੰਟ ਦੀਆਂ ਸੀਮਿੰਟ ਮੈਨੂਫੈਕਚਰਰਜ਼ ਨਾਲ ਸਮੇਂ ਸਮੇਂ

Original with;
Punjab Vidhan Sabha
Digitized by;
Panjab Digital Library

ਮੀਟਿੰਗਾਂ ਹੁੰਦੀਆਂ ਹਨ। ਹੁਣ ਹੀ ਇਕ ਮੀਟਿੰਗ 26 ਫਰਵਰੀ, 1973 ਵਿਚ ਇਸ ਸਬੰਧ ਵਿਚ ਹੋਈ ਜਿਸ ਦੇ ਵਿਚ ਇਹ ਫੈਸਲਾ ਕੀਤਾ ਗਿਆ ਕਿ ਜਿਥੋਂ ਤਕ ਹੋ ਸਕੇ ਸੀਮਿੰਟ ਦੀ ਕਿੱਲਤ ਨੂੰ ਦੂਰ ਕੀਤਾ ਜਾਵੇ। ਇਸ ਵੇਲੇ 30,000 ਹਜ਼ਾਰ ਟਨ ਸੀਮਿੰਟ ਮਾਰਚ ਦੇ ਮਹੀਨੇ ਵਿਚ ਆ ਜਾਵੇਗਾ (ਵਿਘਨ)।

ਸਪੀਕਰ ਸਾਹਿਬ, ਜਿਥੋਂ ਤਕ ਮੈਦੇ ਦਾ ਤਅਲੁਕ ਹੈ, ਮੈਦੇ ਦੀ ਕਿੱਲਤ ਦੋ ਤਿੰਨ ਮਹੀਨਿਆਂ ਤੋਂ ਹੀ ਹੋਈ ਹੈ ਅਤੇ ਹਾਊਸ ਨੂੰ ਮੈਂ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਇਹ ਕਿੱਲਤ ਮਾਰਚ ਵਿਚ ਹੀ ਦੂਰ ਹੋ ਜਾਵੇਗੀ। ਇਸ ਕਿੱਲਤ ਹੋਣ ਦੇ ਦੋ ਤਿੰਨ ਕਾਰਨ ਹਨ। ਇਕ ਵੱਡਾ ਕਾਰਨ ਇਹ ਹੈ ਕਿ ਆਟੇ ਦੇ ਡਿਪੂਆਂ ਦੀ ਮੰਗ ਬਹੁਤ ਜ਼ਿਅਦਾ ਹੋ ਗਈ ਸੀ ਅਤੇ ਸਾਡੀ ਕੋਸ਼ਿਸ਼ ਵੀ ਇਹੀ ਸੀ ਕਿ ਆਟੇ ਦੀ ਲੋੜ ਨੂੰ ਨੰਬਰ ਇਕ ਤੇ ਪੂਰਾ ਕੀਤਾ ਜਾਵੇ ਅਤੇ ਮੈਦੇ ਨੂੰ ਨੰਬਰ ਦੋ ਤੇ ਪੂਰਾ ਕੀਤਾ ਜਾਵੇ। ਜਨਵਰੀ, 1973 ਤੋਂ ਸੌ ਫੀ ਸਦੀ ਮੈਦਾ ਕੰਟਰੋਲ ਕਰ ਦਿਤਾ ਗਿਆ। ਆਟਾ ਮਿਲਾਂ ਨੂੰ ਇਹ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਸਨ ਕਿ ਕਿਸੀ ਵੀ ਆਦਮੀ ਨੂੰ ਮੈਦਾ ਨਾ ਦਿਤਾ ਜਾਵੇ ਜਦੋਂ ਤਕ ਕਿ ਉਹ ਫੂਡ ਐਂਡ ਸਪਲਾਈ ਕੰਟਰੋਲਰ ਕੋਲੋਂ ਇਸ ਸਬੰਧ ਵਿਚ ਪਰਮਿਟ ਨਾ ਲੈ ਆਵੇ। ਫਿਰ ਇਹ ਸਾਡੇ ਪਾਸ ਸ਼ਿਕਾਇਤ ਆਈ ਕਿ ਤੁਸੀਂ ਪਰਮਿਟ ਜਾਰੀ ਕਰ ਦਿੰਦੇ ਹੋ ਪਰ ਮੈਦਾ ਲੈਣ ਵਾਸਤੇ ਸਾਡੇ ਕੋਲ ਕੋਈ ਨਹੀਂ ਆਉਂਦਾ ਅਤੇ ਸਾਡਾ ਮਾਲ ਪਿਆ ਰਹਿ ਜਾਂਦਾ ਹੈ। ਫਿਰ ਗੌਰਮਿੰਟ ਨੇ ਮਜਬੂਰ ਹੋ ਕੇ ਇਹ ਆਰਡਰ ਕਰ ਦਿਤਾ ਕਿ ਜਿਹੜੇ ਪਰਮਿਟ ਤੇ ਇਕ ਹਫਤੇ ਦੇ ਅੰਦਰ ਅੰਦਰ ਮਾਲ ਨਹੀਂ ਲੈ ਜਾਂਦੇ ਬੇਸ਼ਕ ਉਨ੍ਹਾਂ ਨੂੰ ਨਾ ਮਾਲ ਦਿਤਾ ਜਾਵੇ। ਸ਼ਾਦੀਆਂ ਵਗੈਰਾ ਵਾਸਤੇ ਵੀ ਮੈਦਾ ਪਰਮਿਟ ਤੇ ਦਿਤਾ ਜਾਂਦਾ ਹੈ। (ਵਿਘਨ)

**ਸ੍ਰੀ ਸਪੀਕਰ**: ਬਰੀਫ ਜਿਹਾ ਦਸ ਦਿਓ। (ਵਿਘਨ) (Please be brief.)

**ਰਾਜ ਮੰਤਰੀ**: ਸਪੀਕਰ ਸਾਹਿਬ, ਸਵਾਲ ਬੜਾ ਡੀਟੇਲ ਵਿਚ ਹੈ ਮੈਨੂੰ ਇਸ ਦਾ ਪੂਰਾ ਜਵਾਬ ਦੇਣ ਦਾ ਮੌਕਾ ਦਿਤਾ ਜਾਵੇ। (ਵਿਘਨ) ਫਿਰ ਗੌਰਮਿੰਟ ਨੇ ਆਊਟ ਆਫ ਦੀ ਵੇ ਜਾ ਕੇ ਮੈਦੇ ਦੀ ਜ਼ਰੂਰਤ ਵਾ-ਲਿਆਂ ਨੂੰ ਇਕ ਸਹੂਲਤ ਦਿਤੀ ਹੈ। ਗੌਰਮਿੰਟ ਨੇ ਇਕ ਸਪੈਸ਼ਲ ਪਰਮਿਸ਼ਨ ਕੁਝ ਆਟਾ ਮਿਲਾਂ ਨੂੰ ਦਿਤੀ ਹੈ ਕਿ ਉਹ ਲੋਕਾਂ ਦੀਆਂ ਇਸ ਮੈਦੇ ਦੀ ਲੋੜ ਨੂੰ ਪੂਰੀ ਕਰਨ ਵਾਸਤੇ ਔਪਨ ਮਾਰਕਿਟ ਵਿਚੋਂ ਕਣਕ ਖਰੀਦ ਕੇ ਮੈਦੇ ਬਾਰੇ ਜਾਇਜ਼ ਮੰਗ ਨੂੰ ਜਿਤਨਾ ਗੌਰਮਿੰਟ ਵਲੋਂ ਜਾਂ ਕੁਝ ਐਸੋਸੀਏਸ਼ਨਜ਼ ਵਲੋਂ ਜਿਸ ਤਰ੍ਹਾਂ ਕਿ ਬੇਕਰਜ਼ ਐਸੋਸੀਏਸ਼ਨ, ਬਿਸਕੁਟ ਫੈਕਟਰੀਜ਼ ਆਦਿ ਦੀ ਅਸੈਸਮੈਂਟ ਹੋਏ, ਉਸ ਨੂੰ ਪੂਰਾ ਕੀਤਾ ਜਾਵੇ। (ਵਿਘਨ)

ਸਪੀਕਰ ਸਾਹਿਬ, ਇਸ ਮੈਦੇ ਦੀ ਕਿੱਲਤ ਹੋਣ ਦੇ ਕੁਝ ਕਾਰਨ ਹਨ। ਇਨ੍ਹਾਂ ਕਾਰਨਾਂ ਵਿਚੋਂ ਇਕ ਕਾਰਨ ਇਹ ਸੀ ਕਿ ਇਸ ਮਹੀਨੇ ਵਿਚ ਜਵਾਲਾ ਮਿਲ ਜਿਹੜੀ ਕਿ ਪੰਜਾਬ ਵਿਚ ਸਭ ਤੋਂ ਵੱਡੀ ਮਿਲ ਮੈਦਾ ਸਪਲਾਈ ਕਰਨ ਵਾਲੀ ਹੈ ਉਸ ਦੇ ਵਿਚ ਅੱਗ ਲਗ ਗਈ ਅਤੇ ਉਹ ਦੋ ਹਫਤਿਆਂ ਤੋਂ ਬੰਦ ਪਈ ਹੈ। ਉਸ ਵਿਚ ਕੋਈ 4,728 ਟਨ ਮੈਦਾ ਤਿਆਰ ਹੁੰਦਾ ਸੀ ਉਸ ਦੇ ਕਾਰਣ ਵੀ ਕਮੀ ਹੋ ਗਈ ਹੈ।

**ਸ੍ਰੀ ਪ੍ਰਤਾਪ ਚੰਦ ਭੰਡਾਰੀ**: ਸਪੀਕਰ ਸਾਹਿਬ, ਜਿਹੜੀ ਜ਼ਿਆਦਾ ਆਟੇ ਦੀ ਤਕਲੀਫ ਹੈ ਉਹ ਗਰੀਬਾਂ ਅਤੇ ਮਜ਼ਦੂਰਾਂ ਨੂੰ ਹੁੰਦੀ ਹੈ। ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਜਿਥੋਂ ਤੱਕ ਗਰੀਬ ਆਬਾਦੀਆਂ ਦਾ ਤੁਅੱਲਕ ਹੈ ਕੀ ਉਥੇ ਆਟੇ ਦਾ ਰਾਸ਼ਨ ਡਬਲ ਕਰ ਦੇਣਗੇ ?

**ਰਾਜ ਮੰਤਰੀ**: ਇਹ ਹਦਾਇਤਾਂ ਕਰ ਦਿਤੀਆਂ ਗਈਆਂ ਹਨ ਅਤੇ ਸਮੇਂ ਸਮੇਂ ਤੇ ਡਿਸਟ੍ਰਿਕਟ ਫੂਡ ਕੰਟਰੋਲਰ ਜਾ ਕੇ ਮੁਆਇਨਾ ਕਰਦੇ ਹਨ ਉਹ ਜ਼ਿਆਦਾ ਤਰ ਗਰੀਬ ਇਲਾਕਿਆਂ ਵਿਚ ਹੀ ਜਾਂਦੇ ਹਨ। ਮੈਂ ਦੋਬਾਰਾ ਅਰਜ਼ ਕਰ ਦਿਆਂ ਕਿ ਜਿਸ ਜਗ੍ਹਾ ਦੀ ਪੰਚਾਇਤ ਜਾਂ ਐਮ. ਐਲ. ਏ. ਸਾਹਿਬ ਇਹ ਕਹਿ ਦੇਵੇਗਾ ਕਿ ਇਥੇ ਆਟੇ ਦਾ ਡਿਪੂ ਖੋਲ੍ਹਿਆ ਜਾਵੇ ਉਥੇ ਖੋਲ੍ਹ ਦਿਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚੰਦ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬੜੀ ਵਜ਼ਾਹਤ ਨਾਲ ਗੱਲ ਕੀਤੀ ਹੈ । ਪਰ ਮੈਂ ਕਹਿੰਦਾ ਹਾਂ ਕਿ ਪਟਿਆਲਾ ਤੋਂ ਬੇਕਰੀ ਵਾਲਿਆਂ ਦਾ ਇਕ ਡੈਪੂਟੇਸ਼ਨ ਵਜ਼ੀਰ ਸਾਹਿਬ ਨੂੰ ਮਿਲਿਆ ਸੀ ਕਿ ਰਾਜਪੁਰੇ ਵਿਚ 30 ਹਜ਼ਾਰ ਡਬਲ ਰੋਟੀ ਤਿਆਰ ਹੁੰਦੀ ਹੈ ਅਤੇ ਉਨ੍ਹਾਂ ਨੂੰ ਮੈਦਾ ਦਿਤਾ ਜਾਂਦਾ ਹੈ । ਉਨ੍ਹਾਂ ਨੇ ਡਬਲ ਰੋਟੀ ਦੀ ਕੀਮਤ ਵਧਾ ਦਿਤੀ ਹੈ ਜਦੋਂ ਕਿ ਮੈਦੇ ਦੀ ਕੋਈ ਕੀਮਤ ਨਹੀਂ ਵਧੀ । ਉਨ੍ਹਾਂ ਨੇ ਤਾਂ ਡਬਲ ਰੋਟੀ ਦੀ ਕੀਮਤ 90 ਪੈਸੇ ਕਰ ਦਿਤੀ ਹੈ ਪਰ ਜਿਹੜੇ ਲੋਕ ਆਪਣੀ ਕਣਕ ਦਾ ਮੈਦਾ ਤਿਆਰ ਕਰਾਉਂਦੇ ਹਨ ਅਤੇ ਡਬਲ ਰੋਟੀ ਬਣਾਉਂਦੇ ਹਨ ਉਹ 70 ਪੈਸੇ ਦੀ ਡਬਲ ਰੋਟੀ ਵੇਚਦੇ ਹਨ, ਇਸ ਤਰ੍ਹਾਂ 20 ਪੈਸੇ ਪਰ ਰੋਟੀ ਦਾ ਅਸਰ ਇਸ ਸੂਬੇ ਤੇ ਪੈ ਰਿਹਾ ਹੈ, ਕੀ ਇਸ ਵਿਚ ਕੋਈ ਕਾਰਵਾਈ ਕੀਤੀ ਜਾਵੇਗੀ ?

**ਰਾਜ ਮੰਤਰੀ** : ਇਹ ਸ਼ਿਕਾਇਤ ਮੌਸੂਲ ਹੋਈ ਸੀ । ਉਨ੍ਹਾਂ ਨੂੰ ਕਹਿ ਦਿਤਾ ਸੀ ਕਿ ਡਬਲ ਰੋਟੀ ਦੇ ਭਾਅ ਨਹੀਂ ਵਧਣੇ ਚਾਹੀਦੇ, ਭਾਵੇਂ ਇਹ ਠੀਕ ਹੈ ਕਿ ਇਸ ਤੇ ਕੋਈ ਕੰਟਰੋਲ ਨਹੀਂ ਹੈ । ਉਨ੍ਹਾਂ ਨੂੰ ਭਾਅ ਬਾਰੇ ਵਾਰਨਿੰਗ ਦਿਤੀ ਗਈ ਹੈ ਕਿ ਜੇਕਰ ਕੋਈ ਸ਼ਿਕਾਇਤ ਆਈ ਕਿ ਤੁਸੀਂ ਭਾਅ ਵਧਾ ਦਿਤਾ ਹੈ ਤਾਂ ਤੁਹਾਡੀ ਸਪਲਾਈ ਬੰਦ ਕਰ ਦਿਤੀ ਜਾਵੇਗੀ । (ਵਿਘਨ)

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਮੈਂ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਕ ਇਲਾਨ ਕੀਤਾ ਸੀ ਕਿ ਪਿੰਡਾਂ ਵਿਚ ਪੰਜ ਸੌ ਗਰਾਮ ਖੰਡ ਮਿਲੇਗੀ, ਪਰ ਉਥੇ ਤਾਂ 250 ਗਰਾਮ ਵੀ ਨਹੀਂ ਮਿਲ ਰਹੀ, ਕੀ ਵਜ਼ੀਰ ਸਾਹਿਬ ਇਸ ਦਾ ਕਾਰਣ ਦੱਸਣਗੇ ?

**ਰਾਜ ਮੰਤਰੀ** : ਮੈਂ ਕੈਨੇਡੀਅਨ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਸਰਕਾਰ ਪਹਿਲੀ ਸਰਕਾਰ ਹੈ ਜਿਸ ਨੇ ਇਹ ਫੈਸਲਾ ਕੀਤਾ ਸੀ ਕਿ ਪਿੰਡਾਂ ਅਤੇ ਸ਼ਹਿਰਾਂ ਨੂੰ ਖੰਡ ਦਾ ਕੋਟਾ ਬਰਾਬਰ ਦਿਤਾ ਜਾਵੇਗਾ ਅਤੇ ਉਸ ਦੇ ਮੁਤਾਬਕ ਦਿਤਾ ਜਾ ਰਿਹਾ ਹੈ । ਸ਼ਹਿਰਾਂ ਵਿਚ ਡਾਇਰੈਕਟ ਸਪਲਾਈ ਫੂਡ ਐਂਡ ਸਪਲਾਈ ਡਿਪਾਰਟਮੈਂਟ ਵੱਲੋਂ ਦਿਤੀ ਜਾਂਦੀ ਹੈ ਅਤੇ ਪਿੰਡਾਂ ਵਿਚ ਕੋਆਪਰੇਟਿਵ ਸੋਸਾਇਟੀਆਂ ਦੀ ਮਾਰਫਤ ਖੰਡ ਦਿਤੀ ਜਾਂਦੀ ਹੈ । ਕਈ ਜਗ੍ਹਾ ਤੇ ਕੋਆਪਰੇਟਿਵ ਸੋਸਾਇਟੀਆਂ ਪੂਰੇ ਤੌਰ ਤੇ ਕੰਮ ਨਹੀਂ ਕਰ ਰਹੀਆਂ, ਅਤੇ ਫੂਡ ਕਾਰਪੋਰੇਸ਼ਨ ਨੂੰ ਕਿਹਾ ਗਿਆ ਹੈ ਕਿ ਉਹ ਉਨ੍ਹਾਂ ਪਿੰਡਾਂ ਵਿਚ ਸਪਲਾਈ ਆਪਣੇ ਅੰਡਰ ਕਰ ਲੈਣ । ਇਹ ਇਲਾਨ ਕਰ ਦਿਤਾ ਗਿਆ ਹੈ ਕਿ ਜਿਸ ਜਗ੍ਹਾ ਦੀ ਪੰਚਾਇਤ ਇਹ ਮੰਗ ਕਰੇਗੀ ਕਿ ਉਨ੍ਹਾਂ ਨੂੰ ਕੋਆਪ੍ਰੇਟਿਵ ਸੋਸਾਇਟੀਆਂ ਠੀਕ ਤਰ੍ਹਾਂ ਖੰਡ ਸਪਲਾਈ ਨਹੀਂ ਕਰਦੀਆਂ ਉਥੇ ਡਾਇਰੈਕਟ ਇੰਤਜਾਮ ਸਰਕਾਰ ਕਰੇਗੀ । 81 ਪਿਡਾਂ ਦੀ ਮੰਗ ਆਈ ਸੀ ਅਤੇ ਉਥੇ ਇੰਤਜਾਮ ਡਾਇਰੈਕਟ ਕਰ ਦਿਤਾ ਗਿਆ ਹੈ, ਅਗਰ ਹੋਰ ਵੀ ਕਿਸੇ ਪੰਚਾਇਤ ਦੀ ਇਸ ਤਰ੍ਹਾਂ ਦੀ ਮੰਗ ਆਵੇਗੀ ਤਾਂ ਅਸੀਂ ਡਾਇਰੈਕਟ ਸਰਕਾਰ ਦੇ ਰਾਹੀਂ ਖੰਡ ਸਪਲਾਈ ਕਰ ਦਿਆਂਗੇ ।

---

### Visit of Deputy Minister for Development and Excise to Batala

***1182. 1. Sardar Ajaib Singh Sandhu**
**2. Sardar Prehlad Singh,**
**3. Sardar Jasdev Singh Sandhu** } :Will the Chief Minister be pleased to state that the number of times the Deputy Minister for Development and Excise, Punjab, visited Batala since his appointment as such ?

**Sardar Nasib Singh Gill** (Deputy Minister for Home and Industries): 42 times. [ 42 ਵਾਰੀ ।]

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਦੇਵ ਸਿੰਘ ਸੰਧੂ** : ਕੀ ਵਜ਼ੀਰ ਸਾਹਿਬ ਇਹ ਗੱਲ ਦੱਸਣ ਦੀ ਖੇਚਲ ਕਰਨਗੇ ਕਿ ਇਕੋ ਥਾਂ ਤੇ 42 ਦਫਾ ਜਾਣ ਦੀ ਉਨ੍ਹਾਂ ਦੀ ਕੀ ਵਜ੍ਹਾ ਸੀ ?

**ਉਪ ਮੰਤਰੀ** : ਬਟਾਲਾ ਵਿਚ 42 ਵਾਰ ਜਾਣ ਦਾ ਸਭ ਤੋਂ ਵੱਡਾ ਕਾਰਣ ਇਹ ਸੀ ਕਿ ਉਹ ਬਾਰਡਰ ਦਾ ਇਲਾਕਾ ਸੀ (ਵਿਘਨ) ਜਿਥੇ ਧਰਮਕੋਟ ਵਿਚ ਰਾਫਊਜ਼ੀ ਕੈਂਪ ਲੱਗੇ ਸਨ ਵਜ਼ੀਰ ਸਾਹਿਬ ਨੂੰ ਫਤਹਿਪੁਰ ਅਤੇ ਆਸ ਪਾਸ ਦੇ ਇਲਾਕੇ ਵਿਚ ਜਾਣਾ ਪੈਂਦਾ ਸੀ । ਉਥੇ ਦਾ ਜਿਹੜਾ ਰੈਸਟ ਹਾਊਸ ਸੀ ਉਹ ਮਿਲਿਟਰੀ ਦੇ ਕਬਜ਼ੇ ਵਿਚ ਸੀ । ਇਸ ਲਈ ਰਾਤ ਨੂੰ ਰਹਿਣ ਵਾਸਤੇ ਇਹ ਬਟਾਲੇ ਆ ਜਾਂਦੇ ਸਨ । ਰੂਲ ਦੇ ਮੁਤਾਬਕ ਇਹ ਹੈ ਕਿ ਇਕ ਘੰਟੇ ਤੋਂ ਵੱਧ ਜਿਥੇ ਵਜ਼ੀਰ ਸਾਹਿਬ ਰਹਿਣ ਉਥੇ ਦਾ ਟੂਰ ਪਾਇਆ ਜਾਂਦਾ ਹੈ । ਇਸ ਤਰ੍ਹਾਂ ਬਟਾਲੇ ਦੀ ਗਿਣਤੀ ਵੱਧ ਗਈ ।

---

## Proposed Revival of Legislative Council in the State

***1415. Chaudhri Darshan Singh :** Will the Chief Minister be pleased to state whether the Government is considering any proposal to revive the Upper House (Legislative Council) in the State; if so, reasons for its revival?

**Sardar Nasib Singh Gill** (Deputy Minister for Home and Industries): No such proposal is under the consideration of the Government.

[ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।]

**ਸ੍ਰੀ ਪ੍ਰੇਮ ਗੁਪਤਾ** : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਸਰਕਾਰ ਕਿਸੇ ਸਟੇਜ ਤੇ ਇਹ ਫੈਸਲਾ ਕਰਣ ਲਈ ਤਿਆਰ ਹੈ ਕਿ ਪੰਜਾਬ ਵਿਚ ਜਿਹੜੀ ਲੈਜਿਸਲੇਟਿਵ ਕੌਂਸਲ ਸੀ ਉਹ ਅੱਜ ਤੋਂ ਕੋਈ 3 ਸਾਲ ਪਹਿਲਾਂ ਪੁਲੀਟੀਕਲ ਕਾਰਣਾਂ ਕਰਕੇ ਭੰਗ ਕਰ ਦਿਤੀ ਗਈ ਸੀ, ਕੀ ਉਸ ਨੂੰ ਰਿਵਾਈਵ ਕੀਤਾ ਜਾਵੇਗਾ ?

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਜੇਕਰ ਹਾਊਸ ਦੀ ਇਹ ਰਾਏ ਹੋਵੇ ਤਾਂ ਵਿਚਾਰ ਕਰ ਲਵਾਂਗੇ ।

**ਚੌਧਰੀ ਦਰਸ਼ਨ ਸਿੰਘ** : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਵੇਲੇ ਇਹ ਅਪਰ ਹਾਊਸ ਭੰਗ ਹੋ ਗਿਆ ਸੀ, ਪਰ ਜਿਹੜੇ ਮੈਨ ਆਫ ਆਰਟਸ, ਸਾਈਂਸ ਐਂਡ ਲਿਟਰੇਚਰ ਹਨ ਉਹ ਵੋਟਾਂ ਲੈ ਕੇ ਨਹੀਂ ਆ ਸਕਦੇ, ਉਨ੍ਹਾਂ ਦੀ ਰਾਏ, ਉਨ੍ਹਾਂ ਦੀ ਅਕਲ ਡੈਮੋਕਰੇਸੀ ਵਿਚ ਵਰਤਣ ਲਈ ਕੀ ਅਪਰ ਹਾਊਸ ਨੂੰ ਰਿਵਾਈਵ ਕਰਣ ਲਈ ਸਰਕਾਰ ਦੀ ਕੋਈ ਵਿਚਾਰਧਾਰਾ ਹੈ ?

**ਮੰਤਰੀ** : ਇਹ ਠੀਕ ਹੈ ਕਿ ਉਸ ਹਾਊਸ ਵਿਚ ਮੈਨ ਆਫ ਆਰਟਸ, ਸਾਈਂਸ, ਲਿਟਰੇਚਰ, ਟੀਚਰਜ਼, ਗਰੈਜੂਏਟਸ ਹੁੰਦੇ ਹਨ ਅਤੇ ਉਸ ਹਾਊਸ ਨੂੰ ਅਬਾਲਿਸ਼ ਕਰਨ ਦਾ ਫੈਸਲਾ ਇਕ ਵਾਰ ਹਾਊਸ ਨੇ ਕੀਤਾ ਸੀ, ਪਰ ਜੇ ਹੁਣ ਹਾਊਸ ਦੇ ਮੈਂਬਰਾਂ ਦੀ ਰਾਏ ਹੋਵੇ ਤਾਂ ਸਰਕਾਰ ਹਮਦਰਦੀ ਨਾਲ ਗੌਰ ਕਰ ਲਵੇਗੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਨੂੰ ਇਹ ਪਤਾ ਨਹੀਂ ਕਿ ਡੈਮੋਕਰੇਸੀ ਵਿਚ ਬਿਨਾਂ ਵੋਟਾਂ ਦੇ ਕੋਈ ਨਹੀਂ ਆਉਣਾ ਚਾਹੀਦਾ । ਉਹ ਕੌਂਸਲ ਮੈਨ ਆਫ ਆਰਟਸ ਵਾਸਤੇ ਨਹੀਂ ਬਲਕਿ ਡਿਫੈਕਟਰਜ਼ ਵਾਸਤੇ ਬਣਾਈ ਗਈ ਸੀ ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਕੌਂਸਲ ਵਿਚ ਵਿਧਾਨ ਦੇ ਮੁਤਾਬਕ ਸਿਆਣੇ ਆਦਮੀ ਹੀ ਆਉਂਦੇ ਹਨ । 1/3 ਕੋਟਾ ਇਸ ਹਾਊਸ ਦੇ ਮੈਂਬਰ ਚੁਣ ਕੇ ਭੇਜਦੇ ਹਨ, 1/3 ਹਿਸਾ ਟੀਚਰਜ਼, ਗਰੈਜੂਏਟ ਜਿਹੜੇ ਸਾਡੇ ਮੋਸਟ ਲਿਟਰੇਟ ਸੈਕਸ਼ਨ ਆਫ਼ ਸੋਸਾਇਟੀ ਹਨ, ਬਾਕੀ ਜਿਹੜੇ ਨਾਮੀਨੇਟ ਹੁੰਦੇ ਹਨ ਉਹ ਤੇ ਬਹੁਤ ਥੋੜਾ ਹਿੱਸਾ ਰਹਿ ਜਾਂਦਾ ਹੈ ਇਹ ਜਿਹੜਾ ਸਾਡਾ ਅਪਰ ਹਾਊਸ ਹੈ ਉਹ ਅਸੀਂ ਆਪ ਹੀ ਬਣਾਇਆ ਹੈ ਅਤੇ ਡਾਂਗ ਸਾਹਿਬ ਨੂੰ ਇਸ ਦੇ ਖਿਲਾਫ਼ ਨਹੀਂ ਕਹਿਣਾ ਚਾਹੀਦਾ ।

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ, ਉਹ ਜਿਹੜੀ ਪਹਿਲੀ ਸਰਕਾਰ ਬਣੀ ਸੀ ਉਹ ਅਕਲ ਤੋਂ ਖਾਲੀ ਸੀ। ਉਸ ਨੇ ਅਪਰ ਹਾਊਸ ਤੋੜ ਦਿਤਾ (ਵਿਘਨ)। ਹੁਣ ਸਿਆਣੀ ਸਰਕਾਰ ਆਈ ਹੈ, ਕੀ ਇਸ ਤੇ ਵਿਚਾਰ ਕਰੇਗੀ ?

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਇਹ ਜਿਹੜੇ ਸ਼ਬਦ ਕਹੇ ਹਨ ਕੀ ਇਹ ਚੰਗੇ ਹਨ ? (ਵਿਘਨ) (Chaudhri Sahib, are the words used by you in good taste?)

**ਅਪੋਜੀਸ਼ਨ ਬੈਂਚਾਂ ਵਲੋਂ** : ਇਹ ਸ਼ਬਦ ਐਕਸਪੰਜ ਹੋਣੇ ਚਾਹੀਦੇ ਹਨ ।

**ਸਿੰਚਾਈ ਅਤੇ ਬਿਜਲੀ ਮੰਤਰੀ** : ਜਿਹੜੇ ਮੋਹਰੇ ਬੈਠੇ ਹਨ ਉਹ ਤੇ ਇਸ ਗੱਲ ਤੇ ਖੁਸ਼ ਹਨ (ਵਿਘਨ) (ਹਾਸਾ) ।

**ਚੌਧਰੀ ਦਰਸ਼ਨ ਸਿੰਘ** : ਉਸ ਹਾਊਸ ਦੇ ਮੈਂਬਰ ਉਹ ਬੰਦੇ ਹੋਏ ਹਨ ਜਿਵੇਂ ਕਿ ਭਾਈ ਜੋਧ ਸਿੰਘ, ਸ੍ਰੀ ਸੂਰਜ ਭਾਨ, ਰਾਮਚੰਦਰਾ ਆਦਿ ਜਿਨ੍ਹਾਂ ਅੱਗੇ ਸਾਡੇ ਸਿਰ ਝੁਕਦੇ ਹਨ । ਉਸ ਹਾਊਸ ਦੇ ਸਬੰਧ ਵਿਚ ਅਸੀਂ ਸਰਕਾਰ ਅੱਗੇ ਬੇਨਤੀ ਕਰਦੇ ਹਾਂ ਕਿ ਇਹੋ ਜਿਹੀ ਪਰਪੋਜ਼ਲ ਤੇ ਸਰਕਾਰ ਜ਼ਰੂਰ ਗੌਰ ਕਰੇ, ਜਿਸ ਦੇ ਵਿਚ ਟੇਲੈਂਟਸ ਨੇ ਆਉਣਾ ਹੋਵੇ ।

**ਮੰਤਰੀ** : ਇਸ ਸੁਆਲ ਤੇ ਕਾਫ਼ੀ ਮੈਂਬਰ ਸਾਹਿਬਾਨ ਨੇ ਸੁਝਾ ਦਿਤੇ ਹਨ, ਅਸੀਂ ਇਸ ਤੇ ਜ਼ਰੂਰ ਵਿਚਾਰ ਕਰ ਲਵਾਂਗੇ ।

**ਸਰਦਾਰ ਅਜਾਇਬ ਸਿੰਘ ਸੰਧੂ** : ਮੈਂ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਸਫ਼ੈਦ ਹਾਥੀ ਹੈ, ਇਸ ਨੂੰ ਨਾ ਬੰਨੋ । ਇਹ ਸਾਡੀ ਨੇਕ ਸਲਾਹ ਹੈ ਕੀ ਇਸ ਨੂੰ ਮੰਨੋਗੇ ਜਾਂ ਨਹੀਂ ?

**Mr. Speaker** : This is a suggestion for action.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਇਹ ਤੁਹਾਡੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਨਹੀਂ ਕਿ ਇਹ ਜਿਹੜਾ ਹਾਊਸ ਹੈ ਇਹ 104 ਦੀ ਬਜਾਏ 127 ਜਾਂ 137 ਮੈਂਬਰਾਂ ਦਾ ਬਣਾਇਆ ਜਾਵੇ। ਕੀ ਇਸ ਦੇ ਬਾਵਜੂਦ ਜੇ ਕੁਝ ਮੈਂਬਰ ਉਸ ਸਫੈਦ ਹਾਥੀ ਨੂੰ ਫਿਰ ਲਿਆਉਣਾ ਚਾਹੁੰਦੇ ਹਨ ਤਾਂ ਕੀ ਉਹ ਅਕਲ ਤੋਂ ਖਾਲੀ ਨਹੀਂ ?

**ਸ੍ਰੀ ਸਪੀਕਰ** : ਜੋਸ਼ ਜੀ ਮੈਂਬਰਾਂ ਦੇ ਮੁਤਾਲਿਕ ਇਹੋ ਜਿਹੀ ਗੱਲ ਨਹੀਂ ਕਹੀ ਜਾ ਸਕਦੀ । (Josh ji, such words should not be used with reference to Members of the House.)

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਪਰ ਹਾਊਸ ਲੋਕਾਂ ਦੀ ਮੰਗ ਉਤੇ ਐਬਾਲਿਸ਼ ਹੋਇਆ ਸੀ ਤਾਂ ਸਰਦਾਰ ਉਮਰਾਓ ਸਿੰਘ ਨਾ ਇਸ ਦੇ

Original with;
Punjab Vidhan Sabha
Digitized by;
Panjab Digital Library

ਹੱਕ ਵਿਚ ਸਨ ਅਤੇ ਨਾ ਇਸ ਦੇ ਖਿਲਾਫ ਅਤੇ ਬਾਹਰ ਕਿਉਂ ਟੁਰ ਗਏ ਸਨ । ਇਹ ਸਾਰੀ ਪਾਰਟੀ ਹਾਊਸ ਤੋਂ ਬਾਹਰ ਚਲੀ ਗਈ ਸੀ ।

---

### Arrests of Employees of State Vigilance Department

***1163 Chaudhri Ram Singh:** Will the Chief Minister be pleased to state—

(a) the names of gazetted and non-gazetted employees of the Vigilance Department working both in the Civil Secretariat and at the District Headquarters, who were caught red-handed and arrested while accepting bribes/illegal gratifications, since the setting up of the Vigilance Department up-to-date;

(b) the period that elapsed between their arrest and the final punishment awarded to them in each case;

(c) whether the Government would consider the desirability of awarding speedy punishments to the offenders of the Vigilance Department, so as to create a sense of satisfaction amongst the public?

**Sardar Nasib Singh Gill** (Deputy Minister for Home and Industries): (a) Only Shri Joginder Singh Kohli (gazetted). No non-gazetted employee of the Vigilance Department has so far been caught red-handed and arrested while accepting bribe/illegal gratification.

(b) 5 years 8 months and 9 days.

(c) Yes, Sir. But the rules of natural justice and formalities prescribed under the Punishment and Appeal Rules have to be observed before finally awarding punishment.

[(ੳ) ਸ੍ਰੀ ਜੋਗਿੰਦਰ ਸਿੰਘ ਕੋਹਲੀ (ਗਜ਼ਟੀ) । ਹੁਣ ਤਕ ਚੌਕਸੀ ਵਿਭਾਗ ਦਾ ਕੋਈ ਅਗਜ਼ਟੀ ਕਰਮਚਾਰੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਪਕੜਿਆ ਅਤੇ ਗਿਰਫ਼ਤਾਰ ਨਹੀਂ ਕੀਤਾ ਗਿਆ।

(ਅ) 5 ਸਾਲ 8 ਮਹੀਨੇ 9 ਦਿਨ।

(ੲ) ਹਾਂ ਜੀ। ਪਰੰਤੂ ਸਜ਼ਾ ਦੇਣ ਤੋਂ ਪਹਿਲਾਂ ਕੁਦਰਤੀ ਇਨਸਾਫ਼ ਦੇ ਨਿਯਮਾਂ ਅਤੇ ਸਜ਼ਾ ਅਤੇ ਅਪੀਲ ਰੂਲਜ਼ ਵਿਚ ਨਿਰਧਾਰਤ ਰਸਮਾਂ ਪੂਰੀਆਂ ਕਰਨਾ ਅਵਸ਼ਕ ਹੁੰਦਾ ਹੈ।]

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਵਿਜੀਲੈਂਸ ਡਿਪਾਰਟਮੈਂਟ ਲੋਕਾਂ ਨੂੰ ਇਨਸਾਫ ਦਿਵਾਉਣ ਵਾਸਤੇ ਹੈ ਅਤੇ ਕੁਰਪਸ਼ਨ ਨੂੰ ਦੂਰ ਕਰਨ ਵਾਸਤੇ ਹੈ ਅਤੇ ਜੇ ਇਹ ਜਲਦੀ ਫੈਸਲਾ ਕਰਦੇ ਹਨ ਤਾਂ ਜਨਤਾ ਤੇ ਬੜਾ ਅਸਰ ਪੈਂਦਾ ਹੈ । ਜੇ ਇਸ ਵਿਭਾਗ ਦੇ ਕੁਰਪਟ ਕਰਮਚਾਰੀਆਂ ਨੂੰ ਸਜਾ ਦੇਣ ਲਈ 5 ਸਾਲ ਅਤੇ 8 ਮਹੀਨੇ ਲੱਗ ਗਏ ਹਨ ਤਾਂ ਇਸ ਨਾਲ ਉਨ੍ਹਾਂ ਲੋਕਾਂ ਵਿਚ ਜਿਹੜੇ ਕਿ ਕੁਰਪਟ ਅਫਸਰਾਂ ਨੂੰ ਪਕੜਾਉਂਦੇ ਹਨ ਕੀ ਉਤਸ਼ਾਹ ਰਹੇਗਾ । ਕੀ ਸਰਕਾਰ ਐਸੇ ਯਤਨ ਕਰੇਗੀ ਜਿਸ ਨਾਲ ਇਹ ਫੈਸਲੇ 6 ਮਹੀਨੇ ਦੇ ਅੰਦਰ ਅੰਦਰ ਹੋ ਜਾਇਆ ਕਰਨ ਤਾਂ ਕਿ ਲੋਕਾਂ ਵਿਚ ਉਤਸ਼ਾਹ ਰਹੇ ।

**ਉਪ-ਮੰਤਰੀ** (ਗ੍ਰਿਹ ਅਤੇ ਉਦਯੋਗ) : ਜਨਤਾ ਵਿਚ ਭਰੋਸਾ ਰੱਖਣ ਵਾਸਤੇ ਅਤੇ ਉਨ੍ਹਾਂ ਦੀ ਹਰ ਸ਼ਿਕਾਇਤ ਦਾ ਛੇਤੀ ਤੋਂ ਛੇਤੀ ਨਿਪਟਾਰਾ ਕਰਾਉਣ ਲਈ ਮੌਜੂਦਾ ਸਰਕਾਰ ਨੇ ਪਹਿਲਾਂ ਵੀ ਆਰਡਰ

Original with;
Punjab Vidhan Sabha
Digitized by;
Panjab Digital Library

[ਉਪ-ਮੰਤਰੀ ਗ੍ਰਿਹ ਅਤੇ ਉਦਯੋਗ]

ਜਾਰੀ ਕੀਤੇ ਸਨ ਅਤੇ ਹੁਣ ਵੀ ਇਕ ਸਰਕੂਲਰ ਜਾਰੀ ਕਰ ਰਹੀ ਹੈ ਕਿ ਹਰ ਇਕ ਸ਼ਿਕਾਇਤ ਦਾ ਫੈਸਲਾ 6 ਮਹੀਨੇ ਦੇ ਅੰਦਰ ਅੰਦਰ ਕੀਤਾ ਜਾਵੇ । ਜੇ ਕਿਸੇ ਖਾਸ ਵਜ੍ਹਾ ਕਰਕੇ ਸ਼ਿਕਾਇਤ ਦੀ ਨੇਚਰ ਐਸੀ ਹੋਵੇ ਅਤੇ ਜ਼ਿਆਦਾ ਸਮਾਂ ਲੱਗਦਾ ਹੋਵੇ ਤਾਂ ਉਸ ਦੀ ਐਕਸਟੈਨਸ਼ਨ ਤਿੰਨ ਮਹੀਨੇ ਤੱਕ ਵਜ਼ੀਰ ਸਾਹਿਬ ਦੇ ਸਕਦੇ ਹਨ । ਜੇ ਹੋਰ ਵੱਧ ਸਮੇਂ ਦੀ ਲੋੜ ਪਵੇ ਤਾਂ ਸਿਰਫ ਮੰਤਰੀ ਮੰਡਲ ਹੀ ਉਸ ਦੀ ਐਕਸਟੈਨਸ਼ਨ ਦੇ ਸਕਦਾ ਹੈ । ਇਸ ਨੂੰ ਸਪੀਡੀ ਬਣਾਉਣ ਵਾਸਤੇ ਅਤੇ ਜਨਤਾ ਦੀਆਂ ਸ਼ਿਕਾਇਤਾਂ ਨੂੰ ਛੇਤੀ ਤੋਂ ਛੇਤੀ ਦੂਰ ਕਰਾਉਣ ਵਾਸਤੇ ਅਸੀਂ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, 1 ਲੱਖ 30 ਹਜ਼ਾਰ ਰੁਪਏ ਦਾ ਗਬਨ ਹੋਇਆ ਹੈ । (ਸ਼ੋਰ) ( ਵਿਘਨ) ।

**ਸ੍ਰੀ ਸਪੀਕਰ** : ਮਸਤਾਨਾ ਜੀ ਇਹ ਇਸ ਦੇ ਨਾਲ ਰੈਲੇਵੈਂਟ ਨਹੀਂ ਹੈ । (Mastana ji it is not relevant.)

---

**Students arrested at Moga and Jagraon**

***1181. 1. Sardar Ajaib Singh Sandhu**
**2. Sardar Prehlad Singh**
**3. Sardar Jasdev Singh Sandhu** : Will the Chief Minister be pleased to state—

(a) the number of the warrants issued against the students of Moga and Jagraon in connection with the incident of burning National Flag on the Republic Day this year;

(b) the total number of the students so far arrested in this connection at Moga and Jagraon;

(c) whether any thorough probe has been held in this connection ; if so, with what result ?

**Sardar Nasib Singh Gill** (Deputy Minister for Home and Industries): (a) 13 warrants were issued in connection with the Moga incident. No warrants were issued in connection with the Jagraon incident.

(b) 16 students have been arrested in connection with the Moga incident and two in connection with the Jagraon incident,

(c) Regarding the incidents at Moga and Jagraon, two separate cases have been registered which are under investigation.]

[(ਏ) ਮੋਗੇ ਦੀ ਘਟਨਾ ਬਾਰੇ 13 ਵਾਰੰਟ ਜਾਰੀ ਕੀਤੇ ਗਏ। ਜਗਰਾਉਂ ਦੀ ਘਟਨਾ ਬਾਰੇ ਕੋਈ ਵਾਰੰਟ ਜਾਰੀ ਨਹੀਂ ਕੀਤਾ ਗਿਆ ।

(ਬੀ)16 ਵਿਦਿਆਰਥੀ ਮੋਗੇ ਦੀ ਘਟਣਾ ਬਾਰੇ ਅਤੇ 2 ਵਿਦਿਆਰਥੀ ਜਗਰਾਉਂ ਦੀ ਘਟਣਾ ਬਾਰੇ ਗ੍ਰਿਫਤਾਰ ਹੋ ਚੁੱਕੇ ਹਨ।

(ਸੀ) ਮੋਗੇ ਤੇ ਜਗਰਾਉਂ ਦੀਆਂ ਘਟਣਾਵਾਂ ਬਾਰੇ ਦੋ ਵਖਰੇ ਵਖਰੇ ਫੌਜਦਾਰੀ ਮੁਕੱਦਮੇ ਦਰਜ ਕੀਤੇ ਗਏ ਹਨ ਅਤੇ ਉਹਨਾਂ ਦੀ ਤਫ਼ਤੀਸ਼ ਜਾਰੀ ਹੈ ।]

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਦੇਵ ਸਿੰਘ ਸੰਧੂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਸਾਰੇ ਮੁਲਜ਼ਮ ਗਿਰਫਤਾਰ ਹੋ ਚੁਕੇ ਹਨ ਜਾਂ ਅਜੇ ਕੁਝ ਬਾਕੀ ਹਨ ?

**ਉਪ-ਮੰਤਰੀ** (ਗ੍ਰਹਿ ਅਤੇ ਉਦਯੋਗ) : ਇਸ ਦੇ ਬਾਰੇ ਤਫਤੀਸ਼ ਅਜੇ ਜਾਰੀ ਹੈ । 4 ਜਿਹੜੇ ਮੁਲਜ਼ਮ ਹਨ ਉਹ ਭੱਜ ਗਏ ਹਨ ਅਤੇ ਉਨ੍ਹਾਂ ਦੀ ਗਿਰਫਤਾਰੀ ਅਜੇ ਕਰਨ ਵਾਲੀ ਹੈ ।

**आचार्य पृथ्वी सिंह आज़ाद** : क्या मिनिस्टर साहिब यह बताने की कृपा करेंगे कि कौमी झंडे की जो बेइज़्ज़ती की गई इस में students का हाथ था या किसी political party का हाथ था ?

**ਉਪ-ਮੰਤਰੀ** : ਇਸ ਬਾਰੇ ਤਫਤੀਸ਼ ਜਾਰੀ ਹੈ । ਮਾਲੂਮ ਇਹ ਹੁੰਦਾ ਹੈ ਕਿ ਇਸ ਪਿੱਛੇ ਅਕਾਲੀ ਪਾਰਟੀ ਦਾ ਹੱਥ ਹੈ ।

(ਅਕਾਲੀ ਪਾਰਟੀ ਦੇ ਮੈਂਬਰਾਂ ਵੱਲੋਂ 'ਨੋ' 'ਨੋ' ਦੀਆਂ ਆਵਾਜ਼ਾਂ)

**ਸਰਦਾਰ ਜਸਦੇਵ ਸਿੰਘ ਸੰਧੂ** : ਸਪੀਕਰ ਸਾਹਿਬ, ਇਸ ਤਫਤੀਸ ਦੀ ਰਿਪੋਰਟ ਹਾਊਸ ਦੇ ਸਾਹਮਣੇ ਰੱਖੀ ਜਾਵੇ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਹੁਣੇ ਦੱਸਿਆ ਹੈ ਕਿ ਇੰਜ ਜਾਪਦਾ ਹੈ ਕਿ ਕਿਸੇ ਪੁਲੀਟੀਕਲ ਪਾਰਟੀ ਦਾ ਇਸ ਵਿਚ ਹੱਥ ਸੀ । ਕੀ ਉਹ ਪੁਲੀਟੀਕਲ ਪਾਰਟੀ ਅਕਾਲੀ ਪਾਰਟੀ ਤਾਂ ਨਹੀਂ ?

**ਉਪ-ਮੰਤਰੀ** : ਸਪੀਕਰ ਸਾਹਿਬ, ਜੂਰਿਸਪਰੂਡੈਂਸ ਇਹ ਕਹਿੰਦੀ ਹੈ ਕਿ ਬੰਦਾ ਤਾਂ ਕੋਈ ਝੂਠ ਬੋਲ ਸਕਦਾ ਹੈ ਪਰ ਹਾਲਾਤ ਝੂਠ ਨਹੀਂ ਬੋਲਦੇ । 26 ਜਨਵਰੀ, 1970 ਨੂੰ ਅਕਾਲੀ ਪਾਰਟੀ ਨੇ ਬਲੈਕ ਡੇ ਮਨਾਇਆ ਸੀ । ਉਸ ਵੇਲੇ ਇਨ੍ਹਾਂ ਨੇ ਕੌਮੀ ਝੰਡੇ ਦੀ ਬੇਇਜ਼ਤੀ ਕੀਤੀ ਸੀ । ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਇੰਜ਼ ਜਾਪਦਾ ਹੈ ਕਿ ਇਸ ਦੇ ਪਿੱਛੇ ਵੀ ਅਕਾਲੀ ਪਾਰਟੀ ਦਾ ਹੱਥ ਹੈ ।

**ਸਰਦਾਰ ਅਜਾਇਬ ਸਿੰਘ ਸੰਧੂ** : ਇਹ ਇਲਜ਼ਾਮ ਬਿਲਕੁਲ ਗਲਤ ਹੈ । ਸਾਨੂੰ ਕੌਮੀ ਝੰਡੇ ਦੀ ਪੂਰੀ ਇਜ਼ਤ ਹੈ । ਇਹ ਕਾਂਗਰਸੀ ਆਪ ਕੌਮੀ ਝੰਡਾ ਪੜਵਾਉਂਦੇ ਹਨ । (ਸ਼ੋਰ)

(ਇਸ ਸਮੇਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲਣ ਲੱਗ ਪਏ ਅਤੇ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ)

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ, ਅਸਲ ਵਿਚ ਗੱਲ ਇਹ ਹੈ ਕਿ ਕੌਮੀ ਝੰਡਾ ਇਨ੍ਹਾਂ ਨੇ ਆਪ ਪੜਵਾਇਆ ਹੈ । ਮੁੰਡਿਆਂ ਦਾ ਕੋਈ ਕਸੂਰ ਨਹੀਂ । ਇਹ ਇਲਜ਼ਾਮ ਵਾਪਸ ਲੈਣ । (ਸ਼ੋਰ) (ਵਿਘਨ) ।

**ਸ੍ਰੀ ਪ੍ਰੇਮ ਗੁਪਤਾ** : ਅਕਾਲੀ ਪਾਰਟੀ ਦਾ ਲੀਡਰ ਦੱਸੇ ਕਿ 26 ਜਨਵਰੀ, 1970 ਨੂੰ ਆਕਾਲੀ ਵਜ਼ੀਰਾਂ ਨੇ ਪੰਜਾਬ ਹਾਊਸ ਵਿਚ (ਸ਼ੋਰ) (ਵਿਘਨ) ਇਹ ਗੱਦਾਰੀ ਨਹੀਂ ਤਾਂ ਹੋਰ ਕੀ ਹੈ । (ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਅਤੇ ਕੁਝ ਵੀ ਸੁਣਾਈ ਨਹੀਂ ਦਿੰਦਾ ਸੀ)

**Mr Speaker** : Question Hour is over. The remaining questions are deemed to have been answered under Rule 38 of the Rules of Procedure and Conduct of Business in the Punjab Legislative Assembly.

Original with;
Punjab Vidhan Sabha
Digitized by;
Panjab Digital Library

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Flag Marches conducted by the Police in certain Cities and Towns

***1251. 1. Sardar Gurdev Singh Sidhu**
**2. Sardar Ajaib Singh Sandhu** : Will the Chief Minister be pleased to state—

(a) whether it is a fact that in certain cities Flag Marches are being conducted by the Police in the State; if so, the name of these cities and towns;

(b) the reasons for conducting the said Flag Marches?

**Giani Zail Singh:** (a) No. No Flag march by the Police is being conducted in any city of the State.

(b) The question does not arise.

[(ੲ) ਨਹੀਂ ਜੀ। ਇਸ ਵੇਲੇ ਸਟੇਟ ਦੇ ਕਿਸੇ ਸ਼ਹਿਰ ਵਿਚ ਪੁਲਿਸ ਵਲੋਂ ਫਲੈਗ ਮਾਰਚ ਨਹੀਂ ਹੋ ਰਿਹਾ।

(ਬ) ਸਵਾਲ ਹੀ ਪੈਦਾ ਨਹੀਂ ਹੁੰਦਾ।]

### Case of Armed Dacoity in Cheel Mandi, Amritsar

***1252 1. Sardar Gurdev Singh Sidhu**
**2. Sardar Ajaib Singh Sandhu** : Will the Chief Minister be pleased to state—

(a) whether it is a fact that armed dacoity was comitted in Cheel Mandi, Amritsar, during first week of February, 1973, and dacoits escaped with cloth worth Rs 50,000 ;

(b) whether it is also a fact that the businessmen of the locality observed strike against the said incident ;

(c) whether it is further a fact that the godown from where the dacoits took away the cloth is situated adjoining the City Kotwali;

(d) whether any of the culprits involved in the said dacoity have been arrested so far; if not, the reasons therefor ?

**ਗਿਆਨੀ ਜ਼ੈਲ ਸਿੰਘ**: (ੲ) ਇਕ ਚੋਰੀ ਦਾ ਕੇਸ ਫਰਵਰੀ, 1973 ਦੇ ਪਹਿਲੇ ਹਫ਼ਤੇ ਚੀਲ ਮੰਡੀ, ਅੰਮ੍ਰਿਤਸਰ, ਹੋਇਆ ਸੀ ਅਤੇ 25,000 ਰੁਪਏ ਦੀਆਂ ਕਪੜੇ ਦੀਆਂ ਗੱਠਾਂ ਚੋਰੀ ਲੈ ਗਏ ਸਨ। ਇਹ ਡਕੈਤੀ ਨਹੀਂ ਸੀ।

(ਬੀ) ਨਹੀਂ ਜੀ।

(ਸੀ) ਨਹੀਂ ਜੀ ਗੋਦਾਮ ਜਿਥੋਂ ਕਿ ਚੋਰੀ ਹੋਈ ਹੈ ਥਾਣਾ ਕੋਤਵਾਲੀ ਤੋਂ ਤਕਰੀਬਨ ਇਕ ਫਰਲਾਂਗ ਦੇ ਫਾਸਲੇ ਤੇ ਹੈ।

(ਡੀ) ਹਾਂ ਜੀ। ਦੋ ਮੁਲਜ਼ਿਮ ਪਕੜੇ ਗਏ ਹਨ।

Original with;
Punjab Vidhan Sabha
Digitized by;
Panjab Digital Library

## Naxalites Detenus/Under trials/Convicts in the State

***1281. Comrade Shamsher Singh Josh :** Will the Chief Minister be pleased to state the number and names of Naxalite (i) detenus, (ii) under-trials and (iii) convicts, separately, in the State at present ;

(b) the reasons for their detention in each case ?

**ਗਿਆਨੀ ਜ਼ੈਲ ਸਿੰਘ** : (ਏ) ਨੈਕਸਲਾਈਟ ਜੋ ਐਕਸਟਰੀਮਿਸਟ (ਅਤਵਾਦੀ) ਸਰਗਰਮੀਆਂ ਵਿਚ ਭਾਗ ਲੈਂਦੇ ਪਕੜੇ ਗਏ ਹੈਂ ਉਹਨਾਂ ਦੇ ਅੰਕੜੇ ਇਸ ਪਰਕਾਰ ਹਨ :—

(i) ਡੈਟੀਨਿਊ ... ਨਿੱਲ
(ii) ਜ਼ੇਰੇ ਸਮਾਇਤ ... 41 ਪੁਰਸ਼
(iii) ਸਜਾ ਭੁਗਤ ਰਹੇ ... 12 ਪੁਰਸ਼

(ਬੀ) ਜਿਨ੍ਹਾਂ ਤੇ ਮੁਕੱਦਮੇ ਚੱਲ ਰਹੇ ਹਨ ਅਤੇ ਸਜਾਵਾਂ ਹੋ ਚੁਕੀਆਂ ਹਨ ਉਨ੍ਹਾਂ ਦੇ ਨਾਮ ਸਦਨ ਦੀ ਮੇਜ਼ ਤੇ ਰੱਖੀ ਲਿਸਟ ਵਿਚ ਦਰਜ ਹਨ। ਉਨ੍ਹਾਂ ਦੇ ਨਾਵਾਂ ਅੱਗੇ ਉਨ੍ਹਾਂ ਮੁਕੱਦਮਿਆਂ ਦਾ ਵੇਰਵਾ ਦਰਜ ਕਰ ਦਿਤਾ ਗਿਆ ਹੈ ਜਿਸ ਵਿਚ ਕਿ ਉਨ੍ਹਾਂ ਤੇ ਮੁਕੱਦਮੇ ਚਲ ਰਹੇ ਹਨ ਜਾਂ ਉਨ੍ਹਾਂ ਨੂੰ ਸਜ਼ਾ ਹੋ ਗਈ ਹੈ।

**ਨਕਸਲਵਾਦੀ ਜਿਹੜੇ ਕਿ ਜ਼ੇਰੇ ਸਮਾਇਤ ਹਨ**

| | |
|---|---|
| 1. ਨੱਥਾ ਸਿੰਘ, ਪੁਤਰ ਮਾਲਾ ਸਿੰਘ, ਵਾਸੀ ਨਵਾਂ ਪਿੰਡ, ਥਾਣਾ ਜੰਡਿਆਲਾ | ਕੇਸ ਐਫ. ਆਈ. ਆਰ. ਨੰ : 57, ਮਿਤੀ 24 ਮਈ, 1969, ਜੇਰ ਧਾਰਾ 362/452/468 ਹਿ: ਡੰ: ਅਤੇ 25/54/59, ਅਸਲਾ ਐਕਟ, ਥਾਣਾ ਹਾਜੀਪੁਰ। |
| 2. ਕੁਲ ਭੂਸ਼ਨ, ਪੁਤਰ ਪਿਆਰੇ ਲਾਲ, ਵਾਸੀ ਅੰਮ੍ਰਿਤਸਰ | ਉਹੀ |
| 3. ਗੁਰਦੇਵ ਸਿੰਘ, ਪੁਤਰ ਕਰਮ ਸਿੰਘ, ਵਾਸੀ ਦਿੱਲੀ | ਉਹੀ |
| 4. ਦੇਵ, ਪੁਤਰ ਪ੍ਰੀਤਮ ਸਿੰਘ, ਜੱਟ, ਵਾਸੀ ਰਹਿਪਾ | ਕੇਸ ਐਫ. ਆਈ. ਆਰ. ਨੰ : 108, ਮਿਤੀ 29 ਮਈ, 1970, ਜੇਰ ਧਾਰਾ 302 ਹਿੰ: ਡੰ: ਅਤੇ 25/54/59, ਅਸਲਾ ਐਕਟ, ਥਾਣਾ ਬੰਗਾ। |
| 5. ਅਮਰੀਕ ਸਿੰਘ, ਪੁਤਰ ਭਗਤ ਸਿੰਘ, ਵਾਸੀ ਰਹਿਪਾ | ਉਹੀ |
| 6. ਰਾਮ ਕਿਸ਼ਨ, ਪੁਤਰ ਹਜਾਰਾ ਸਿੰਘ, ਵਾਸੀ ਤਲਵੰਡੀ ਫੱਤੂ | ਉਹੀ |
| 7. ਮਹਿੰਗਾ ਸਿੰਘ, ਪੁਤਰ ਪ੍ਰਤਾਪ ਸਿੰਘ, ਵਾਸੀ ਬੰਗਾ | ਉਹੀ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| | |
|---|---|
| 8. ਜਗੇਸ਼ਰ ਸਿੰਘ, ਪੁਤਰ ਧਰਮ ਸਿੰਘ, ਵਾਸੀ ਚੱਕ ਮਾਈ ਦਾਸ | ਕੇਸ ਐਫ. ਆਈ. ਆਰ. ਨੰ: 108, ਮਿਤੀ 29 ਮਈ, 1970, ਜੇਰ ਧਾਰਾ 302 ਹਿੰ: ਡੰ: ਅਤੇ 25/54/59, ਅਸਲ ਐਕਟ, ਥਾਣਾ ਬੰਗਾ । |
| 9. ਪਰਮਜੀਤ ਸਿੰਘ, ਪੁਤਰ ਰਾਜਿੰਦਰ ਸਿੰਘ ਵਾਸੀ ਚਾਹਲ ਕਲਾਂ | 1. ਉਹੀ<br>2. ਮਕੱਦਮਾ ਨੰ: 19, ਮਿਤੀ 14 ਜਨਵਰੀ 1971, ਜੇਰ ਧਾਰਾ 302, ਹਿੰ: ਡੰ: ਥਾਣਾ ਫਿਲੌਰ ।<br>3. ਮਕੱਦਮਾ ਨੰ: 51, ਮਿਤੀ 8 ਫਰਵਰੀ, 1971 ਜੇਰ ਧਾਰਾ 5/6, ਐਕਸਪਲੌਸਿਵ ਐਕਟ, ਥਾਣਾ ਫਿਲੌਰ । |
| 10. ਕੁੰਦਨ ਸਿੰਘ, ਪੁਤਰ ਤੁਲਸੀ, ਵਾਸੀ ਰਹਿਪਾ | 1. ਮੁਕੱਦਮਾ ਨੰ: 203, ਮਿਤੀ 30 ਜੁਲਾਈ, 1971, ਜੇਰ ਧਾਰਾ 302/34, ਹਿੰ: ਡ: ਅਤੇ 25/54/59, ਐਕਟ ਅਸਲਾ, ਥਾਣਾ ਬੰਗਾ ।<br>2. ਮੁਕੱਦਮਾ ਨੰ: 21, ਮਿਤੀ 11 ਫਰਵਰੀ, 1972, ਜ਼ੇਰ ਧਾਰਾ 302, ਹਿੰ: ਡੰ:, ਥਾਣਾ ਨਵਾਂ ਸ਼ਹਿਰ । |
| 11. ਦਰਸ਼ਨ ਸਿੰਘ, ਪੁਤਰ ਚਾਨਣ ਸਿੰਘ, ਮੰਗੂਵਾਲ | ਮਕੱਦਮਾ ਨੰ: 21, ਮਿਤੀ 11 ਫਰਵਰੀ, 1970, ਜੇਰ ਧਾਰਾ 302, ਹਿੰ: ਡੰ:, ਥਾਣਾ ਨਵਾਂ ਸ਼ਹਿਰ । |
| 12. ਗੁਰਮੇਲ ਸਿੰਘ, ਪੁਤਰ ਭਾਗ ਸਿੰਘ, ਵਾਸੀ ਮੈਹਰਨਾ ਖੁਰਦ (ਸੰਗਰੂਰ) | ਉਹੀ |
| 13. ਸਰਵਜੀਤ ਸਿੰਘ, ਪੁਤਰ ਸਵਰਨ ਸਿਘ, ਵਾਸੀ ਦੁਸਾਂਝ ਕਲਾਂ (ਜਲੰਧਰ) | 1. ਮੁਕੱਦਮਾ ਨੰ: 19, ਮਿਤੀ 14 ਜਨਵਰੀ, 1971, ਜੇਰ ਧਾਰਾ 302 ਹਿੰ: ਡੰ:, ਥਾਣਾ ਫਿਲੌਰ ।<br>2. ਮੁਕੱਦਮਾ ਨੰ: 30, ਮਿਤੀ 26 ਜਨਵਰੀ, 1971, ਜੇਰ ਧਾਰਾ 5/6, ਐਕਸਪਲੌਸਿਵ ਐਕਟ, ਥਾਣਾ ਫਿਲੌਰ । |
| 14. ਚਾਨਣ ਸਿੰਘ, ਪੁਤਰ ਬੁਧੂ ਰਾਮ, ਵਾਸੀ ਨਕੋਦਰ | ਮੁਕੱਦਮਾ ਨੰ: 398, ਮਿਤੀ 13 ਸਤੰਬਰ, 1972, ਜੇਰ ਧਾਰਾ 25/54/59, ਐਕਟ ਅਸਲਾ, ਥਾਣਾ ਫਿਲੌਰ । |
| 15. ਨਛੱਤਰ ਸਿਘ, ਪੁਤਰ ਮਿਹਰ ਸਿਘ, ਵਾਸੀ ਰੌੜੇ | 1. ਮੁਕੱਦਮਾ ਨੰ: 308, ਮਿਤੀ 14 ਜੁਲਾਈ, 1972, ਜੇਰ ਧਾਰਾ 25/54/59, ਐਕਟ ਅਸਲਾ ।<br>2. ਮੁਕੱਦਮਾ ਨੰ: 23, ਮਿਤੀ 25 ਜਨਵਰੀ, 1971, ਜੇਰ ਧਾਰਾ 302/34/379, ਹਿੰ: ਡੰ:, ਥਾਣਾ ਮਹਿਨਾ । |

Original with;
Punjab Vidhan Sabha
Digitized by;
Panjab Digital Library

| | |
|---|---|
| 16. ਮੱਲ ਸਿੰਘ ਰਾਮਪੁਰੀ, ਪੁਤਰ ਭਗਤ ਸਿੰਘ, ਵਾਸੀ ਰਾਮਪੁਰ (ਲੁਧਿਆਣਾ) | ਮੁਕੱਦਮਾ ਨੰ: 205, ਮਿਤੀ 26 ਜੁਲਾਈ, 1972 ਜੇਰ ਧਾਰਾ 25/54/59, ਐਕਟ ਅਸਲਾ |
| 17. ਅਮਰ ਸਿੰਘ, ਪੁਤਰ ਕੁੰਡਾ ਸਿੰਘ, ਵਾਸੀ ਅਛਰਵਾਲ | ਮੁਕੱਦਮਾ ਨੰ: 56, ਮਿਤੀ 22 ਫਰਵਰੀ, 1972, ਜੇਰ ਧਾਰਾ 25/54/59, ਐਕਟ ਅਸਲਾ, ਥਾਣਾ ਜਗਰਾਓਂ । |
| 18. ਗੁਰਮੇਲ ਸਿੰਘ, ਪੁਤਰ ਕਰਮ ਸਿੰਘ, ਵਾਸੀ ਅਛਰਵਾਲ | ਮੁਕੱਦਮਾ ਨੰ: 162, ਮਿਤੀ 14 ਜੁਲਾਈ, 1972, ਜੇਰ ਧਾਰਾ 25/54/59, ਐਕਟ ਅਸਲਾ । |
| 19. ਠਾਕਰ, ਪੁਤਰ ਬੰਤਾ, ਵਾਸੀ ਸਲਾਰਪੁਰ (ਜਲੰਧਰ) | ਕੇਸ ਐਫ. ਆਈ. ਆਰ. ਨੰ: 263, ਮਿਤੀ 30 ਮਈ, 1972, ਜੇਰ ਧਾਰਾ 302, ਹਿੰ: ਡੰ:, ਥਾਣਾ ਫਗਵਾੜਾ । |
| 20. ਚਾਨਣ, ਪੁਤਰ ਬੁਧੂ ਮਹਿਰਾ, ਵਾਸੀ ਜਲੰਧਰ | ਉਹੀ |
| 21. ਫਤਹਿ ਸਿੰਘ, ਪੁਤਰ ਸ਼ਮੇਰ ਸਿੰਘ, ਵਾਸੀ ਮਾੜਾ ਕਲਾਂ | ਕੇਸ. ਐਫ. ਆਈ. ਆਰ. ਨੰ: 221, ਮਿਤੀ 2 ਅਗਸਤ, 1970, ਜੇਰ ਧਾਰਾ 25/54/59, ਅਸਲਾ ਐਕਟ, ਥਾਣਾ ਕੋਤਵਾਲੀ (ਅੰਮ੍ਰਿਤਸਰ) |
| 22. ਜਗਜੀਵਨ ਕੁਮਾਰ, ਪੁਤਰ ਗਵਰਧਨ ਲਾਲ ਵਾਸੀ ਅੰਮ੍ਰਿਤਸਰ | ਕੇਸ, ਐਫ. ਆਈ. ਆਰ. ਨੰ: 443, ਮਿਤੀ 14 ਸਤੰਬਰ, 1971, ਜੇਰ ਧਾਰਾ 25/54/59. ਅਸਲਾ ਐਕਟ, ਥਾਣਾ ਸਦਰ (ਅੰਮ੍ਰਿਤਸਰ) । |
| 23. ਜਗੀਰ ਸਿਘ, ਪੁਤਰ ਮਹਾਰਾਜ ਸਿੰਘ, ਵਾਸੀ ਲੱਧੜ (ਅੰਮ੍ਰਿਤਸਰ) | ਕੇਸ ਐਫ. ਆਈ. ਆਰ. ਨੰ: 299, ਮਿਤੀ 11 ਸਤੰਬਰ, 1971, ਜੇਰ ਧਾਰਾ 25/54/59, ਅਸਲਾ ਐਕਟ, ਥਾਣਾ ਬਿਆਸ । |
| 24. ਸੁਖਦੇਵ ਸਿੰਘ, ਪੁਤਰ ਰਤਨ ਸਿੰਘ, ਵਾਸੀ ਹਰਿਆਉ ਖੁਰਦ | ਮੁਕੱਦਮਾ ਨੰ: 101, ਮਿਤੀ 10 ਮਈ, 1972 ਜੇਰ ਧਾਰਾ 302/34, ਹਿੰ: ਡੰ: ਅਤੇ 25/54/59, ਐਕਟ ਅਸਲਾ ਥਾਣਾ ਘੱਗਾ । |
| 25. ਰਘਬੀਰ ਸਿੰਘ ਉਰਫ ਦੂਲਾ, ਪੁਤਰ ਰਿਖੀ, ਵਾਸੀ ਸੇਰੋਂ (ਸੰਗਰੂਰ), | 1. ਮੁਕੱਦਮਾ ਨੰ: 6, ਮਿਤੀ 6 ਜਨਵਰੀ, 1971, ਜੇਰ ਧਾਰਾ 5, ਐਕਸਪਲੋਸਿਵ ਐਕਟ ਅਤੇ 25/54/59, ਐਕਟ ਅਸਲਾ, ਥਾਣਾ ਨਾਭਾ ।<br>2. ਮੁਕੱਦਮਾ ਨੰ: 59, ਮਿਤੀ 5 ਅਪਰੈਲ, 1971, ਜੇਰ ਧਾਰਾ 302/379, ਹਿੰ: ਡੰ:, ਥਾਣਾ ਲਹਿਰਾ ।<br>3. ਮੁਕੱਦਮਾ ਨੰ: 129, ਮਿਤੀ 28 ਸਤੰਬਰ, 1971, ਜੇਰ ਧਾਰਾ 302/307/148/149, ਹਿੰ: ਡੰ: ਅਤੇ 25, ਅਸਲਾ ਐਕਟ ਅਤੇ 5 ਐਕਸਪਲੋਸਿਵ ਐਕਟ, ਥਾਣਾ ਸਿਵਲ ਲਾਈਨ, ਪਟਿਆਲਾ । |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| | |
|---|---|
| 26. ਸੁਖਦੇਵ ਸਿੰਘ, ਉਰਫ ਬਲਵੀਰ ਉਰਫ ਬੀਰਾਂ, ਪੁਤਰ ਭਾਨ ਸਿੰਘ ਵਾਸੀ, ਸੇਰੋਂ | ਮੁਕੱਦਮਾ ਨੰ: 5/71, ਜੇਰ ਧਾਰਾ 5 ਐਕਰਪਲੋਸਿਵ ਐਕਟ ਅਤੇ 25/54/59, ਐਕਟ ਅਸਲਾ, ਥਾਣਾ ਸਦਰ ਨਾਭਾ । |
| 27. ਹਾਕਮ ਸਿੰਘ ਸਮਾਓ, ਵਾਸੀ ਸਮਾਓ, ਥਾਣਾ ਭਿਖੀ | ਮੁਕੱਦਮਾ ਨੰ: 184, ਮਿਤੀ 20 ਜੁਲਾਈ, 1969 ਜੇਰ ਧਾਰਾ 302/148/149, ਹਿੰ: ਡੰ: ਥਾਣਾ ਸਦਰ ਪਟਿਆਲਾ ।<br>2. ਮੁਕੱਦਮਾ ਨੰ: 46, ਮਿਤੀ 3 ਫਰਵਰੀ, 1972, ਜੇਰ ਧਾਰਾ 309/506, ਹਿੰ: ਡੰ: ਧਾਣਾ ਬਰਨਾਲਾ । |
| 28. ਗੁਰਦੇਵ ਸਿੰਘ, ਪੁਤਰ ਜੇਠੂ ਰਾਮ, ਵਾਸੀ ਚੂਹੜ ਮਾਜਰਾ (ਰੋਪੜ) | ਮੁਕੱਦਮਾ ਨੰ: 129, ਮਿਤੀ 9 ਸਤੰਬਰ, 1971 ਜੇਰ ਧਾਰਾ 302/34, ਹਿੰ: ਡੰ:, ਥਾਣਾ ਸਰਹਿੰਦ । |
| 29. ਹਰੀ ਸਿੰਘ, ਪੁਤਰ ਸਾਧੂ ਸਿੰਘ, ਵਾਸੀ ਮਲਕੋ ਮਾਜਰਾ | ਉਹੀ |
| 30. ਕਰਨੈਲ ਸਿੰਘ, ਪੁਤਰ ਸੰਤਾ ਸਿੰਘ, ਵਾਸੀ ਰਾਇਸਰ | 1. ਮੁਕੱਦਮਾ ਨੰ: 60, ਮਿਤੀ 19 ਫਰਵਰੀ, 1971, ਜੇਰ ਧਾਰਾ 302/379, ਹਿੰ: ਡੰ:, ਥਾਣਾ ਬਰਨਾਲਾ<br>2. ਮੁਕੱਦਮਾ ਨੰ: 141, ਮਿਤੀ 21 ਮਈ, 1971 ਜੇਰ ਧਾਰਾ 302/34, ਹਿੰ: ਡੰ: ਥਾਣਾ ਬਰਨਾਲਾ।<br>3. ਮੁਕੱਦਮਾ ਨੰ: 208, ਮਿਤੀ 5 ਦਸੰਬਰ, 1971, ਜੇਰ ਧਾਰਾ 25, ਅਸਲਾ ਐਕਟ, ਥਾਣਾ ਧਨੌਲਾ ।<br>4. ਮੁਕੱਦਮਾ ਨੰ: 110, ਮਿਤੀ 23 ਸਤੰਬਰ, 1971, ਜੇਰ ਧਾਰਾ 392/449/395/149/149, ਹਿੰ: ਡੰ: ਥਾਣਾ ਮਹਿਲ ਕਲਾਂ ।<br>5. ਮੁਕੱਦਮਾ ਨੰ: 8, ਮਿਤੀ 1 ਜਨਵਰੀ, 1971, ਜੇਰ ਧਾਰਾ 307/148/148, ਹਿੰ: ਡੰ: ਥਾਣਾ ਮਹਿਲ ਕਲਾਂ । |
| 31. ਹਰਜੀਤ ਸਿੰਘ, ਪੁਤਰ ਕਪੂਰ ਸਿੰਘ ਵਾਸੀ ਰਾਏਸਰ | 1. ਮੁਕੱਦਮਾ ਨੰ: 60, ਮਿਤੀ 19 ਫਰਵਰੀ, 1971, ਜੇਰ ਧਾਰਾ 302/379, ਹਿੰ. ਡੰ:, ਥਾਣਾ ਬਰਨਾਲਾ।<br>2. ਮੁਕੱਦਮਾ ਨੰ: 141, ਮਿਤੀ 21 ਮਈ, 1971, ਜੇਰ ਧਾਰਾ 302/34, ਹਿੰ: ਡੰ:, ਥਾਣਾ, ਬਰਨਾਲਾ।<br>3. ਮੁਕੱਦਮਾ ਨੰ: 67, ਮਿਤੀ 29 ਅਗਸਤ, 1971, ਜੇਰ ਧਾਰਾ 307/34, ਹਿੰ: ਡੰ: ਅਤੇ 25, ਅਸਲਾ ਐਕਟ, ਥਾਣਾ ਭਦੌੜ । |

Original with;
Punjab Vidhan Sabha
Digitized by;
Panjab Digital Library

| | |
|---|---|
| | 4. ਮੁਕੱਦਮਾ ਨੰ : 69, ਮਿਤੀ 22 ਜੂਨ, 1971, ਜੇਰ ਧਾਰਾ 307/34, ਹਿੰ : ਡੰ :, ਥਾਣਾ ਮਹਿਲ ਕਲਾਂ । |
| | 5. ਮੁਕੱਦਮਾ ਨੰ : 13, ਮਿਤੀ 14 ਫਰਵਰੀ, 1972 ਜੇਰ ਧਾਰਾ 25, ਐਕਟ ਅਸਲਾ, ਥਾਣਾ ਮਹਿਲ ਕਲਾਂ । |
| 32. ਗੁਰਚਰਨ ਸਿੰਘ, ਪੁਤਰ ਭਜਨ ਸਿੰਘ, ਵਾਸੀ ਬੀਰ ਅਮਾਮ (ਸੰਗਰੂਰ) | ਮੁਕੱਦਮਾ ਨੰ : 13, ਮਿਤੀ 6 ਮਈ, 1971, ਜੇਰ ਧਾਰਾ 302/307/34, ਹਿੰ : ਡੰ :, ਥਾਣਾ ਅਮਰ ਗੜ੍ਹ । |
| | 2. ਮੁਕੱਦਮਾ ਨੰ : 54, ਮਿਤੀ 22 ਅਕਤੂਬਰ, 1971, ਜੇਰ ਧਾਰਾ 302, ਹਿੰ : ਡੰ :, ਥਾਣਾ ਅਮਰ ਗੜ੍ਹ । |
| 33. ਬਾਬੂ ਸਿੰਘ, ਪੁਤਰ ਬਿਸ਼ਨ ਸਿੰਘ, ਵਾਸੀ ਬਰਾਰ ਵਾਲ | ਮੁਕੱਦਮਾ ਨੰ : 132, ਮਿਤੀ 25 ਜੂਨ, 1969 ਜੇਰ ਧਾਰਾ 436, ਹਿ : ਡੰ :, ਥਾਣਾ ਧੂਰੀ। |
| 34. ਬਾਬੂ ਰਾਮ, ਪੁਤਰ ਸਰਨ ਰਾਮ, ਵਾਸੀ ਰਾਮ ਗੜ੍ਹ | ਮੁਕੱਦਮਾ ਨੰ : 4, ਮਿਤੀ 10 ਜਨਵਰੀ, 1972, ਜੇਰ ਧਾਰਾ 25 ਅਸਲਾ ਐਕਟ, ਥਾਣਾ ਲਹਿਰਾ । |
| 35. ਦਰਸ਼ਨ ਸਿੰਘ, ਪੁਤਰ ਗੁਰਨਾਮ ਸਿੰਘ, ਵਾਸੀ ਭੁਲਰ ਹੇੜੀ | 1. ਮੁਕੱਦਮਾ ਨੰ : 51, ਮਿਤੀ 16 ਮਾਰਚ, 1972, ਜੇਰ ਧਾਰਾ 25 ਐਕਟ ਅਸਲਾ, ਥਾਣਾ ਸੰਗਰੂਰ। |
| | 2. ਮੁਕੱਦਮਾ ਨੰ : 165, ਮਿਤੀ 23 ਦਸੰਬਰ, 1971, ਜੇਰ ਧਾਰਾ 452/506/190/323/148/149, ਹਿ : ਡੰ :, ਥਾਣਾ ਸ਼ੇਰ ਪੁਰ । |
| 36. ਲਛਮਣ ਸਿੰਘ, ਪੁਤਰ ਬੰਤ ਸਿਘ, ਵਾਸੀ ਕੱਕੜ ਵਾਲ | ਮੁਕੱਦਮਾ ਨੰ : 185, ਮਿਤੀ 21 ਸਤੰਬਰ, 1971, ਜੇਰ ਧਾਰਾ 302, ਹਿੰ : ਡੰ :, ਥਾਣਾ ਧੂਰੀ । |
| 37. ਰਾਮ ਸਿੰਘ, ਪੁਤਰ ਜੈ ਸਿੰਘ, ਵਾਸੀ ਮਹਿਮਦ ਪੁਰ | 1. ਮੁਕੱਦਮਾ ਨੰ : 63, ਮਿਤੀ 4 ਅਪਰੈਲ, 1972, ਜੇਰ ਧਾਰਾ 25, ਐਕਟ ਅਸਲਾ, ਥਾਣਾ ਸੰਗਰੂਰ। |
| | 2. ਮੁਕੱਦਮਾ ਨੰ : 64, ਮਿਤੀ 4 ਅਪਰੈਲ, 1972, ਜੇਰ ਧਾਰਾ 5 ਐਕਸਪਲੌਸਿਵ ਐਕਟ, ਥਾਣਾ ਸੰਗਰੂਰ । |
| 38. ਮੇਜਰ ਸਿੰਘ, ਪੁਤਰ ਈਸ਼ਰ ਸਿਘ, ਵਾਸੀ ਰਾਮ ਗੜ੍ਹ | 1. ਮੁਕੱਦਮਾ ਨੰ : 183, ਮਿਤੀ 17 ਦਸੰਬਰ, 1971, ਜੇਰ ਧਾਰਾ 212/216, ਹਿੰ : ਡੰ : ਥਾਣਾ ਲਹਿਰਾ। |
| | 2. ਮੁਕੱਦਮਾ ਨੰ : 191, ਮਿਤੀ 30 ਦਸੰਬਰ, 1971, ਜੇਰ ਧਾਰਾ 302/34, ਹਿੰ : ਡੰ : ਥਾਣਾ ਲਹਿਰਾ । |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| | |
|---|---|
| | 3. ਮੁਕੱਦਮਾ ਨੰ : 3, ਮਿਤੀ 10 ਜਨਵਰੀ, 1972 ਜੇਰ ਧਾਰਾ 25, ਐਕਟ ਅਸਲਾ, ਥਾਣਾ ਲਹਿਰਾ । |
| | 4. ਮੁਕੱਦਮਾ ਨੰ : 7, ਮਿਤੀ 26 ਜਨਵਰੀ, 1972, ਜੇਰ ਧਾਰਾ 212/216/411, ਹਿੰ : ਡੰ :, ਥਾਣਾ ਲਹਿਰਾ । |
| 39. ਜੱਗਾ ਸਿੰਘ, ਪੁਤਰ ਦਿਆ ਸਿੰਘ, ਵਾਸੀ ਬੇਨੜਾ (ਸੰਗਰੂਰ) | ਮੁਕੱਦਮਾ ਨੰ : 200, ਮਿਤੀ 8 ਅਕਤੂਬਰ, 1971, ਜੇਰ ਧਾਰਾ 25, ਅਸਲਾ ਐਕਟ, ਥਾਣਾ ਧੂਰੀ । |
| 40. ਗੁਰਚਰਨ ਸਿੰਘ ਉਰਫ ਚਰਨਾ, ਪੁਤਰ ਹਰਨੇਕ ਸਿੰਘ, ਵਾਸੀ ਦਿਖ (ਬਠਿੰਡਾ) | ਮੁਕੱਦਮਾ ਨੰ : 187, ਮਿਤੀ 23 ਮਾਰਚ, 1972, ਜੇਰ ਧਾਰਾ 302/307/148/149, ਹਿ : ਡ :, ਥਾਣਾ ਭਿਖੀ |
| 41. ਅਮਰਜੀਤ ਸਿੰਘ, ਪੁਤਰ ਉਜਾਗਰ ਸਿੰਘ (ਫਰੀਦਕੋਟ) | ਮੁਕੱਦਮਾ ਨੰ : 23, ਮਿਤੀ 25 ਜਨਵਰੀ, 1971, ਜੇਰ ਧਾਰਾ 302/34/379, ਹਿੰ : ਡੰ :, ਥਾਣਾ ਮਹਿਣਾ |

---

**ਨਕਸਲਵਾਦੀ ਜਿਹੜੇ ਸਜ਼ਾ ਭੁਗਤ ਰਹੇ ਹਨ**

| | |
|---|---|
| 1. ਸੁਚਾ ਸਿੰਘ ਪੁਤਰ ਮੋਤਾ ਸਿੰਘ, ਵਾਸੀ ਮੰਗੂਵਾਲ | ਮੁਕੱਦਮਾ ਨੰ : 101, ਮਿਤੀ 17 ਮਈ, 1970, ਅਧੀਨ ਧਾਰਾ 302/307/148/149/452, ਹਿੰ : ਡ : ਅਤੇ 25/27/54/59, ਐਕਟ ਅਸਲਾ, ਥਾਣਾ ਬੰਗਾ । |
| 2. ਬਖਸ਼ਾ, ਪੁਤਰ ਬੁਝਾ ਸਿੰਘ, ਵਾਸੀ ਮੰਗੂਵਾਲ | ਉਹੀ |
| 3. ਮੋਹਣਾ, ਪੁਤਰ ਲਛਮਣ ਵਾਸੀ ਮਗੂੰਵਾਲ | ਉਹੀ |
| 4. ਬਿੱਕਰ ਸਿੰਘ, ਪੁਤਰ ਨਾਮਾ ਜੱਟ, ਵਾਸੀ ਖਰੜ ਅੱਛਰਵਾਲ | ਮੁਕੱਦਮਾ ਨੰ 272, ਮਿਤੀ 19 ਦਸੰਬਰ, 1970, ਅਧੀਨ ਧਾਰਾ 302 ਹਿੰ : ਡ: ਥਾਣਾ ਦਸੂਆ । |
| 5. ਗੁਰਮੇਲ ਸਿੰਘ, ਪੁਤਰ ਭਾਗ ਸਿੰਘ, ਮਹਿਰਾਨਾ ਅਹਿਮਦਗੜ੍ਹ | ਮੁਕੱਦਮਾ ਨੰ : 190/71, ਅਧੀਨ ਧਾਰਾ 25, ਐਕਟ ਅਸਲਾ, ਥਾਣਾ ਡੇਹਲੋਂ । |
| 6. ਨੱਥਾ ਸਿੰਘ, ਪੁਤਰ ਮਾਲਾ ਸਿੰਘ, ਵਾਸੀ ਨਵਾਂ ਪਿੰਡ, ਥਾਣਾ ਜੰਡਿਆਲਾ | ਮੁਕੱਦਮਾ ਨੰ: 204, ਮਿਤੀ 1 ਨਵੰਬਰ, 1969, ਅਧੀਨ ਧਾਰਾ 307/323/332, ਹਿੰ: ਡ: ਅਤੇ 25/54/59, ਐਕਟ ਅਸਲਾ, ਥਾਣਾ 'ਬੀ' ਡਵੀਜਨ, ਅੰਮ੍ਰਿਤਸਰ। |
| 7. ਲਖਬਿੰਦਰ ਸਿੰਘ, ਪੁਤਰ ਹਰਨਾਮ ਸਿੰਘ, ਵਾਸੀ ਛੀਨਾ ਸ਼ਾਹਵਾਜ, ਥਾਣਾ ਅਜਨਾਲਾ | ਮੁਕੱਦਮਾ ਨੰ : 15, ਮਿਤੀ 30 ਅਪਰੈਲ, 1970, ਅਧੀਨ ਧਾਰਾ 307, ਹਿੰ: ਡ:, ਥਾਣਾ ਚਮਕੌਰ ਸਾਹਿਬ |

Original with;
Punjab Vidhan Sabha
Digitized by;
Panjab Digital Library

| | |
|---|---|
| 8. ਅਮਰਜੀਤ ਸਿੰਘ ਚੰਦਨ, ਪੁਤਰ ਗੋਪਾਲ ਸਿੰਘ, ਵਾਸੀ ਨਕੋਦਰ | ਮੁਕੱਦਮਾ ਨੰ: 247, ਮਿਤੀ 3 ਅਗਸਤ, 1971 ਅਧੀਨ ਧਾਰਾ 307, ਹਿੰ: ਡ: ਅਤੇ 4/5 ਐਕਸਪਲੋਸਿਵ ਐਕਟ, ਥਾਣਾ ਸਿਵਿਲ ਲਾਇਨਜ਼ ਅੰਮ੍ਰਿਤਸਰ। |
| 9. ਬਖਸ਼ੀਸ਼ ਸਿੰਘ, ਪੁਤਰ ਮਾਘੀ ਸਿੰਘ ਵਾਸੀ ਸੁਰਤਾਪੁਰ | ਮੁਕੱਦਮਾ ਨੰ: 31, ਮਿਤੀ 11 ਅਪਰੈਲ, 1969, ਅਧੀਨ ਧਾਰਾ 506/325/148/149, ਹਿ: ਡ:, ਥਾਣਾ ਰੋਪੜ। |
| 10. ਪ੍ਰੀਤਮ ਸਿੰਘ, ਪੁਤਰ ਮਾਘੀ ਸਿੰਘ, ਵਾਸੀ ਸੁਰਤਾਪੁਰ | ਉਹੀ |
| 11. ਬੰਤ ਸਿੰਘ, ਪੁਤਰ ਦਲੀਪ ਸਿੰਘ, ਵਾਸੀ ਪਿੰਡ ਫੂਲ ਖੁਰਦ | ਉਹੀ |
| 12. ਦਾਰਾ ਸਿੰਘ, ਪੁਤਰ ਬਚਨ ਸਿੰਘ ਵਾਸੀ, ਅਸਰਪੁਰ, ਥਾਣਾ ਚਮਕੌਰ ਸਾਹਿਬ | ਉਹੀ |

---

## Focal Points for the Development of Industries

*1128. **Shri Prem Gupta**: Will the Chief Minister be pleased to state whether it is fact that the Government is considering to establish focal points for the development of industries at different places in the State, if so, the names of the places where those are proposed to be set up ?

**Giani Zail Singh** : It is proposed to set up new industrial areas/belts for development of industries in the State. Names of these places where these areas are proposed to be set up are:—

| | |
|---|---|
| 1. Jullundur | 12. Gobindgarh |
| 2. Phagwara | 13. Batala |
| 3. Moga | 14. Sirhind |
| 4. Bhatinda | 15. Ropar |
| 5. Hoshiarpur | 16. Abohar |
| 6. Sangrur | 17. Zira |
| 7. Khanna | 18. Kot Kapura |
| 8. Malerkotla | 19. Mubarakpur-Zirakpur-Dera Bassi-Lalru |
| 9. Goraya | 20. Barnala |
| 10. Nangal | 21. Nabha |
| 11. Kapurthala | 22. Pathankot. |

ਰਾਜ ਵਿਚ ਉਦਯੋਗ ਵਿਕਾਸ ਲਈ ਨਵੇਂ ਇੰਡਸਟਰੀਅਲ ਏਰੀਆ/ਬੈਲਟਸ ਸੈਟ-ਅੱਪ ਕਰਨ ਬਾਰੇ ਤਜਵੀਜ਼ ਕੀਤਾ ਜਾ ਰਿਹਾ ਹੈ। ਥਾਵਾਂ ਜਿਨ੍ਹਾਂ ਵਿਚ ਇਹ ਇਲਾਕੇ ਤਜਵੀਜ਼ ਕੀਤੇ ਜਾ ਰਹੇ ਹਨ ਇਹ ਹਨ:—

| | |
|---|---|
| 1. ਜਲੰਧਰ | 12. ਗੋਬਿੰਦਗੜ੍ਹ |
| 2. ਫਗਵਾੜਾ | 13. ਬਟਾਲਾ |

Original with; Punjab Vidhan Sabha Digitized by; Panjab Digital Library

[ਮੁੱਖ ਮੰਤਰੀ]

3. ਮੋਗਾ
4. ਬਠਿੰਡਾ
5. ਹੁਸ਼ਿਆਰਪੁਰ
6. ਸੰਗਰੂਰ
7. ਖੰਨਾ
8. ਮਲੇਰਕੋਟਲਾ
9. ਗੋਰਾਇਆ
10. ਨੰਗਲ
11. ਕਪੂਰਥਲਾ
14. ਸਰਹਿੰਦ
15. ਰੋਪੜ
16. ਅਬੋਹਰ
17. ਜ਼ੀਰਾ
18. ਕੋਟ ਕਪੂਰਾ
19. ਮਬਾਰਿਕਪੁਰ-ਜ਼ੀਰਕਪੁਰ-ਡੇਰਾ ਬਸੀ, ਲਾਲੜੂ
20. ਬਰਨਾਲਾ
21. ਨਾਭਾ
22. ਪਠਾਨਕੋਟ]

---

### High Prices of Woollen Yarn in the State

*1113. **Sardar Lachhman Singh :** Will the Chief Minister be pleased to state —

(a) whether the Government is aware of the fact that the prices of woollen yarn in the State have touched all-time high, thus precipitating further the financial crisis in the Woollen Hosiery Industry in the State ;

(b) whether it is a fact that there has been 100 to 300 per centum rise in the prices of woollen the State during the last six months :

(c) if the answer to parts (a) and (b) above be in the affirmative, whether the State Government propose to urge upon the Union Government to withdraw the 42.5 per centum import duty and reduce the central excise duty on wool in order to give relief to the woollen industry ?

**Giani Zail Singh :** (a) Yes.

(b) Yes.

(c) The matter has already been taken up with the Government of India.

[(ੲ) ਹਾਂ ਜੀ ।

(ਬੀ) ਹਾਂ ਜੀ ।

(ਸੀ) ਇਸ ਮਾਮਲੇ ਤੇ ਪਹਿਲਾਂ ਹੀ ਭਾਰਤ ਸਰਕਾਰ ਨਾਲ ਲਿਖਾ ਪੜ੍ਹੀ ਕੀਤੀ ਜਾ ਰਹੀ ਹੈ ।]

---

### Licence issued to a Touring Talkie at Patran, District Patiala

*1081. **Comrade Shamsher Singh Josh :** Will the Chief Minister be pleased state —

(a) the terms and conditions for issuing a licence for a Touring Talkie ;

Original with;
Punjab Vidhan Sabha
Digitized by;
Panjab Digital Library

(b) whether all these terms and conditions were examined before issuing a licence to Touring Talkie at Patran, in Patiala district ;

(c) the rules under which the licence for the above Touring Talkie was issued ?

**ਗਿਆਨੀ ਜ਼ੈਲ ਸਿੰਘ** : (ਏ) ਪੰਜਾਬ ਸਿਨਮਾਜ਼ (ਰੈਗੂਲੇਸ਼ਨ) ਐਕਟ, 1952, ਦੀ ਧਾਰਾ 5 ਅਤੇ ਇਸ ਐਕਟ ਹੇਠ ਬਣਾਏ ਪੰਜਾਬ ਸਿਨਮਾਜ਼ (ਰੈਗੂਲੇਸ਼ਨ) ਰੂਲਜ਼, 1952. ਦੇ ਪਾਰਟ IV ਵਿਚ ਟੂਰਿੰਗ ਟਾਕੀ ਨੂੰ ਲਾਇਸੈਂਸ ਦੇਣ ਦੀਆਂ ਸ਼ਰਤਾਂ ਦਰਜ ਹਨ।

(ਬੀ) ਹਾਂ ਜੀ।

(ਸੀ) ਪੰਜਾਬ ਸਿਨਮਾਜ਼ (ਰੈਗੂਲੇਸ਼ਨ) ਐਕਟ, 1952, ਦੀ ਧਾਰਾ 4 ਹੇਠ ਲਇਸੈਂਸ ਜ਼ਿਲਾ ਮੈਜਿਸਟਰੇਟ, ਪਟਿਆਲਾ ਨੇ ਦਿਤਾ ਸੀ ।

---

**Starred Question No. 1279***

(Extension has been asked for in respect of Starred Question No. 1279).

**Memorandum on behalf of Agriculture Extension Officers Union**

***1082. Comrade Shamsher Singh Josh :** Will the Minister for Development be pleased to state —

(a) whether he received on or about 19th November, 1972, any Memorandum from the Agriculture Extension Officers Union containing their demands if so, a copy of the memorandum be laid on the Table of the House ;

(b) the decision, if any, taken by the Government with regard to their demand ?

**Captain Rattan Singh :** (a) Yes please.

A copy is laid on the Table of the House.

(b) The matter is under consideration of the Government.

[(ਏ) ਹਾਂ ਜੀ ;

ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਬੀ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।]

---

*For Starred Question No. 1279 and reply thereto please see appendix to this debate.

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

**ਪੰਜਾਬ ਖੇਤੀਬਾੜੀ ਇੰਨਸਪੈਕਟਰ ਯੂਨੀਅਨ ਦੇ ਗਰੇਡਾਂ ਅਤੇ ਹੋਰ ਮੁਸ਼ਕਲਾਂ ਸਬੰਧੀ ਯਾਦ-ਪੱਤਰ. ਮਿਤੀ 9 ਨਵੰਬਰ, 1972 ਅਤੇ 27 ਨਵੰਬਰ, 1972 ।**

ਮਾਨਯੋਗ ਡਾਇਰੈਕਟਰ ਖੇਤੀਬਾੜੀ, ਪੰਜਾਬ, ਜੀ,

ਪੰਜਾਬ ਵਿਚ ਖੇਤੀਬਾੜੀ ਦੀ ਪ੍ਰਗਤੀ ਕਿਸੇ ਨੂੰ ਭੁਲੀ ਹੋਈ ਨਹੀ, ਜਿਥੇ ਪੰਜਾਬ ਅੰਨ ਅਤੇ ਹੋਰ ਚੀਜ਼ਾਂ ਵਿਚ ਆਜ਼ਾਦੀ ਸਮੇਂ ਥੁੜ ਵਾਲਾ ਇਲਾਕਾ ਸੀ ਅੱਜ ਸਾਰੇ ਭਾਰਤ ਦਾ ਅੰਨ-ਦਾਤਾ ਬਣਿਆ ਹੋਇਆ ਹੈ । ਇਸ ਵਿਚ ਖੇਤੀਬਾੜੀ ਵਿਭਾਗ ਦਾ ਅਤੇ ਸਮੁਚੇ ਤੌਰ ਤੇ ਖੇਤੀਬਾੜੀ ਇੰਨਸਪੈਕਟਰਾਂ ਦਾ ਬਹੁਤ ਭਾਰੀ ਹਿੱਸਾ ਹੈ । ਹੇਠ ਲਿਖੀਆਂ ਕੁਝ ਉਦਾਹਰਣਾਂ ਇਸ ਰੋਲ ਨੂੰ ਵਧੇਰੇ ਪ੍ਰਤੱਖ ਕਰਦੀਆਂ ਹਨ ।

1. ਲੁਧਿਆਣੇ ਜ਼ਿਲ੍ਹੇ ਵਿਚ ਕਣਕ ਦੀ ਪੈਦਾਵਾਰ ਪ੍ਰਤੀ ਏਕੜ ਦੁਨੀਆਂ ਦੇ ਸੱਭ ਦੇਸ਼ਾਂ ਨਾਲੋਂ ਵੱਧ ਹੋਣ ਦਾ ਇਕ ਹੀ ਵੱਡਾ ਕਾਰਨ ਹੈ ਕਿ ਉਥੇ ਖੇਤੀਬਾੜੀ ਵਿਭਾਗ ਦੇ ਟੈਕਨੀਕੀ ਅਮਲੇ ਤਥਾ ਖੇਤੀਬਾੜੀ ਇਨਸਪੈਕਰਾਂ ਨੇ ਸਾਧਾਰਣ ਕਿਸਾਨ ਨਾਲ ਵਧੇਰੇ ਪੱਕਾ ਸਬੰਧ ਕਾਇਮ ਕੀਤਾ ਹੈ ਅਤੇ ਖੇਤੀਬਾੜੀ ਵਿਭਾਗ ਵੱਲੋਂ ਦੱਸੇ ਗਏ ਨਿਸ਼ਾਨਿਆਂ ਨੂੰ ਆਪਣੀ ਸੂਝ ਬੂਝ ਅਤੇ ਅਣਥੱਕ ਮਿਹਨਤ ਨਾਲ ਸਿਰੇ ਚਾੜ੍ਹਿਆ ਹੈ । ਜੇਕਰ ਲੁਧਿਆਣੇ ਜ਼ਿਲ੍ਹੇ ਵਾਂਗ ਇਹ ਸਕੀਮ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿਚ ਚਾਲੂ ਕੀਤੀ ਜਾਵੇ ਤਾਂ ਸਾਰਾ ਪੰਜਾਬ ਦੁਨੀਆਂ ਦੇ ਸਮੂਹ ਦੇਸ਼ਾਂ ਤੋਂ ਪ੍ਰਤੀ ਏਕੜ ਉਪਜ ਵੱਧ ਦੇ ਸਕਦਾ ਹੈ । ਇਸ ਦਾ ਸਿਹਰਾ ਖੇਤੀਬਾੜੀ ਵਿਭਾਗ ਦੇ ਖੇਤੀਬਾੜੀ ਇੰਨਸਪੈਕਟਰਾਂ ਦੇ ਸਿਰ ਤੇ ਹੀ ਹੈ ।

2. ਪੰਜਾਬ ਵਿਚ ਦੂਸਰਿਆਂ ਰਾਜਾਂ ਦੇ ਮੁਕਾਬਲੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦਾ ਪ੍ਰਸਾਰ ਇਸ ਕਰਕੇ ਹੋਇਆ ਕਿਉਂਕਿ ਪੰਜਾਬ ਖੇਤੀਬਾੜੀ ਵਿਭਾਗ ਵੱਲੋਂ ਇਸ ਸਬੰਧ ਵਿਚ ਬਹੁਤ ਜ਼ੋਰ ਦਿੱਤਾ ਗਿਆ ਜਿਸ ਵਿਚ ਵਿਸ਼ੇਸ਼ ਹਿੱਸਾ ਖੇਤੀਬਾੜੀ ਇੰਨਸਪੈਕਟਰ ਦਾ ਹੈ । ਵਰਣਨ ਯੋਗ ਹੈ ਕਿ ਜਿਥੇ ਪੰਜਾਬ ਵਿਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦਾ ਪ੍ਰਸਾਰ 95-100 ਫ਼ੀ ਸਦੀ ਹੋ ਗਿਆ ਹੈ, ਗੁਜਰਾਤ ਵਰਗੇ ਅਗਾਂਹ-ਵੱਧੂ ਇਲਾਕਿਆਂ ਵਿਚ 20 ਫ਼ੀ ਸਦੀ ਹੀ ਹੈ ।

3. ਪੰਜਾਬ ਹੁਣ ਭਾਰਤ ਦੇ ਅੰਨ ਸੰਕਟ ਦੇ ਸਮੇਂ ਸਾਰੇ ਭਾਰਤ ਅਤੇ ਬੰਗਲਾ ਦੇਸ਼ ਨੂੰ ਰੋਟੀ ਦੇਣ ਲਈ ਵਚਨਬੱਧ ਹੈ ।

ਅਜਿਹੇ ਸਮੇਂ ਵਿਚ ਸਾਡੀਆਂ ਸੇਵਾਵਾਂ ਅੱਖੋਂ ਉਹਲੇ ਨਹੀਂ ਕਰਨੀਆਂ ਚਾਹੀਦੀਆਂ ਇਸ ਲਈ ਅਸੀਂ ਬੇਨਤੀ ਕਰਦੇ ਹਾਂ ਕਿ ਖੇਤੀਬਾੜੀ ਇੰਸਪੈਕਟਰਾਂ ਨੂੰ ਵੈਟਰਨਰੀ ਗਰੈਜੂਏਟ ਦੇ ਮੁਕਾਬਲੇ ਵਿਚ ਹੀ 400--1,100 ਰੁਪਏ ਦਾ ਗਰੇਡ ਦੇ ਕੇ ਹੌਸਲਾ ਅਫਜ਼ਾਈ ਕੀਤੀ ਜਾਵੇ ਤਾਂ ਜੋ ਅਸੀਂ ਹੋਰ ਵੀ ਵੱਧ ਤੋਂ ਵੱਧ ਕੰਮ ਕਰ ਸਕੀਏ । ਇਸ ਸਬੰਧ ਵਿਚ ਕੁਝ ਨੁਕਤੇ ਇਸ ਪ੍ਰਕਾਰ ਹਨ :--

(ੳ) ਖੇਤੀਬਾੜੀ ਇੰਸਪੈਕਟਰ ਤੇ ਵੈਟਰਨਰੀ ਗਰੈਜੂਏਟ ਬਹੁਤ ਸਮੇਂ ਤੋਂ ਇਕ ਹੀ ਗਰੇਡ ਵਿਚ ਚਲੇ ਆ ਰਹੇ ਹਨ ਸਗੋਂ 1947 ਤੋਂ ਪਹਿਲਾਂ ਖੇਤੀਬਾੜੀ ਇੰਸਪੈਕਟਰ ਦਾ ਗਰੇਡ ਵੈਟਰਨਰੀ ਗਰੈਜੂਏਟ ਦੇ ਮੁਕਾਬਲੇ ਵੱਧ ਸੀ ਅਤੇ ਇਹ 1963 ਤੱਕ ਵੱਧ ਰਿਹਾ । ਇਹ ਇਸ ਕਰਕੇ ਰੱਖਿਆ ਸੀ ਕਿ ਇਹਨਾਂ ਦਾ ਕੰਮ ਉੱਚਾ ਅਤੇ ਮਿਸ਼ਨਰੀ ਭਾਵਾਂ ਵਾਲਾ ਹੈ । ਜਦ ਫਲੈਚਰ-ਪੇ-ਕਮੇਟੀ ਬਣੀ ਜਿਸ ਵਿਚ ਖੇਤੀਬਾੜੀ ਇੰਸਪੈਕਟਰ ਨੂੰ 210--450 ਰੁਪਏ ਦਾ ਗਰੇਡ ਸਿਫਾਰਸ਼ ਕੀਤਾ ਗਿਆ ਪਰ ਵੈਟਰਨਰੀ ਗਰੈਜੂਏਟ ਨੂੰ 200--400 ਦੇ ਗਰੇਡ ਦੀ ਸਿਫ਼ਾਰਸ਼ ਕੀਤੀ ਗਈ ਸੀ ।

(ਅ) ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਖੇਤੀਬਾੜੀ ਅਤੇ ਵੈਟਰਨਰੀ ਗਰੈਜੂਏਟ ਅਤੇ ਐਮ. ਐਸ. ਸੀ. ਡਿਗਰੀ ਹੋਲਡਰ ਦਾ ਦਰ ਇਕ ਹੈ ਅਤੇ ਇਸ ਤਰ੍ਹਾਂ ਹੀ ਬਾਹਰ ਫੀਲਡ ਵਿਚ ਵੀ ਬਰਾਬਰ ਹੋਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

(ੲ) ਖੇਤੀਬਾੜੀ ਸਾਇੰਸਦਾਨ ਦਾ ਕੰਮ ਦੂਸਰੇ ਡਾਕਟਰਾਂ ਨਾਲੋਂ ਸਗੋਂ ਬਹੁਤ ਔਖਾ ਹੈ ਜਦੋਂ ਕਿ ਖੇਤੀਬਾੜੀ ਸਾਇੰਸਦਾਨ ਨੂੰ ਖੇਤਾਂ ਵਿਚ ਜਾ ਕੇ ਫਸਲ ਦੀ ਹਾਲਤ ਸੁਧਾਰਨ ਲਈ ਉਦਮ ਕਰਨਾ ਪੈਂਦਾ ਹੈ ਪਰ ਦੂਸਰੇ ਡਾਕਟਰਾਂ ਕੋਲ ਬੀਮਾਰ ਚੱਲ ਕੇ ਆਪ ਆ ਜਾਂਦੇ ਹਨ । ਇਸ ਲਈ ਖੇਤੀਬਾੜੀ ਇੰਸਪੈਕਟਰਾਂ ਨੂੰ ਇਹਨਾਂ ਡਾਕਟਰਾਂ ਦੇ ਮੁਕਾਬਲੇ ਅੱਛਾ ਗਰੇਡ ਮਿਲਣਾ ਚਾਹੀਦਾ ਹੈ ਤਾਂ ਜੋ ਇਹਨਾਂ ਦੇ ਕੰਮ ਕਰਨ ਦੀ ਸ਼ਕਤੀ ਵਿਚ ਵਾਧਾ ਹੋ ਸਕੇ ।

(ਸ) ਜਦੋਂ ਦੀ ਅਜ਼ਾਦੀ ਮਿਲੀ ਹੈ ਖੇਤੀਬਾੜੀ ਵਿਭਾਗ ਦੀ ਪ੍ਰਗਤੀ ਅਤੇ ਵੈਟਰਨਰੀ ਵਿਭਾਗ ਦੀ ਪ੍ਰਗਤੀ ਦਾ ਮੁਕਾਬਲਾ ਇਹ ਸਿੱਧ ਕਰਦਾ ਹੈ ਕਿ ਖੇਤੀਬਾੜੀ ਵਿਭਾਗ ਵਿਚ ਦੂਸਰਿਆਂ ਵਿਭਾਗਾਂ ਦੇ ਮੁਕਾਬਲੇ ਕਈ ਗੁਣਾਂ ਵੱਧ ਪ੍ਰਗਤੀ ਹੋਈ ਜਿਸ ਵਿਚ ਬਹੁਤ ਹਿੱਸਾ ਖੇਤੀਬਾੜੀ ਇੰਸਪੈਕਟਰ ਦਾ ਹੀ ਹੈ । ਜਿਸ ਸਦਕੇ ਖੇਤੀਬਾੜੀ ਇੰਸਪੈਕਟਰਾਂ ਨੂੰ ਵੈਟਰਨਰੀ ਗਰੈਜੂਏਟ ਤੋਂ ਜ਼ਿਆਦਾ ਗਰੇਡ ਮਿਲਣਾ ਚਾਹੀਦਾ ਹੈ ਜਾਂ ਬਰਾਬਰ ਦਾ ਹੀ 400—1,100 ਰੁਪਏ ਦਾ ਗਰੇਡ ਦੇ ਕੇ ਯੋਗ ਥਾਂ ਦੇਣੀ ਚਾਹੀਦੀ ਹੈ ।

ਉਪਰੋਕਤ ਨੁਕਤਿਆਂ ਨੂੰ ਮੁੱਖ ਰਖਕੇ ਖੇਤੀਬਾੜੀ ਇੰਸਪੈਕਟਰ ਨੂੰ ਵੈਟਰਨਰੀ ਗਰੈਜੂਏਟ ਤੋਂ ਜਾਂ ਤਾਂ ਚੰਗਾ ਦਰਜਾ ਦੇਣਾ ਚਾਹੀਦਾ ਹੈ ਜਿਹੜਾ ਕਿ ਖੇਤੀਬਾੜੀ ਇੰਸਪੈਕਟਰ 1963 ਤਕ ਵੱਧ ਲੈਂਦੇ ਵੀ ਰਹੇ ਹਨ, ਜਾਂ ਇਸ ਦੇ ਬਰਾਬਰ ਦਾ ਹੀ ਗਰੇਡ ਦਿਤਾ ਜਾਵੇ ਤਾਂ ਜੋ ਖੇਤੀਬਾੜੀ ਇੰਸਪੈਕਟਰ ਵਰਗ ਦੀਆਂ ਪਰੇਸ਼ਾਨੀਆਂ ਦੂਰ ਹੋ ਸਕਣ ।

ਯੋਗ ਗਰੇਡ ਦੇਣ ਤੋਂ ਅੱਡ ਖੇਤੀਬਾੜੀ ਇੰਸਪੈਕਟਰ ਦੀਆਂ ਹੋਰ ਮੰਗਾਂ ਦਾ ਵਰਣਨ ਹੇਠਾਂ ਦਿਤਾ ਜਾਂਦਾ ਹੈ:

1. ਜਦੋਂ ਵੀ ਕੋਈ ਖੇਤੀਬਾੜੀ ਇੰਸਪੈਕਟਰ ਇਨਸਰਵਿਸ ਦੇ ਤੌਰ ਤੇ ਐਮ. ਐਸ. ਸੀ. (ਖੇਤੀਬਾੜੀ) ਕਰਨ ਲਈ ਜਾਵੇ ਉਸ ਨੂੰ ਉਸ ਪੜ੍ਹਾਈ ਦੇ ਸਮੇਂ ਦੀ ਪੂਰੀ ਤਨਖਾਹ ਆਦਿ ਮਿਲਣੀ ਚਾਹੀਦੀ ਹੈ ਕਿਉਂਕਿ ਇਹ ਇਕ ਤਕਨੀਕੀ ਯੋਗਤਾ ਹੈ ਅਤੇ ਇਸ ਨੂੰ ਵਧੇਰੇ ਵਿਸ਼ੇਸ਼ਤਾ ਮਿਲਣੀ ਚਾਹੀਦੀ ਹੈ ।

2. ਜਦੋਂ ਵੀ ਕੋਈ ਖੇਤੀਬਾੜੀ ਇੰਸਪੈਕਟਰ ਸਰਵਿਸ ਦੇ ਦੌਰਾਨ ਐਮ. ਐਸ. ਸੀ. (ਖੇਤੀਬਾੜੀ) ਕਰਕੇ ਸੇਵਾ ਤੇ ਨਿਯੁਕਤ ਕੀਤਾ ਜਾਂਦਾ ਹੈ ਉਸ ਨੂੰ ਘੱਟੋ ਘੱਟ ਦੋ ਅਗਾਂਊ ਤਰੱਕੀਆਂ ਮਿਲਣੀਆਂ ਚਾਹੀਦੀਆਂ ਹਨ ।

3. ਪ੍ਰੋਮੋਸ਼ਨ ਖੇਤੀਬਾੜੀ ਇੰਸਪੈਕਟਰਾਂ ਤੋਂ ਹੀ 100 ਫ਼ੀ ਸਦੀ ਹੋਣੀ ਚਾਹੀਦੀ ਹੈ ਜਿਸ ਦਾ ਘੱਟ ਤੋਂ ਘੱਟ ਯੋਗਤਾ ਬੀ. ਐਸ. ਸੀ. (ਐਗਰੀਕਲਚਰ) ਹੋਣੀ ਚਾਹੀਦੀ ਹੈ । ਸਿਧੇ ਤੌਰ ’ਤੇ ਖੇਤੀਬਾੜੀ ਪ੍ਰਸਾਸ਼ਨ ਅਫਸਰਾਂ ਦੀ ਨਿਯੁਕਤੀ ਬਿਲਕੁਲ ਬੰਦ ਕਰਨੀ ਚਾਹੀਦੀ ਹੈ ਤਾਂ ਜੋ ਤਜਰਬਾਕਾਰ ਖੇਤੀਬਾੜੀ ਪ੍ਰਸਾਰ ਅਫਸਰਾ ਦਾ ਹੱਕ ਨਾ ਮਾਰਿਆ ਜਾਵੇ । ਨਿਯੁਕਤੀ ਤੋਂ ਬਾਅਦ ਇਹਨਾਂ ਨੂੰ ਉਚ ਯੋਗਤਾ ਮਹਿਕਮਾਨਾ ਤੌਰ ਤੇ ਹੀ ਕਰਾ ਲੈਣੀ ਚਾਹੀਦੀ ਹੈ ।

4. ਖੇਤੀਬਾੜੀ ਇੰਸਪੈਕਟਰ ਦਾ ਜ਼ਿਆਦਾ ਕੰਮ ਫੀਲਡ ਦਾ ਹੁੰਦਾ ਹੈ ਜੇਕਰ ਕਿਸੇ ਕਿਸਮ ਦੀ ਕੰਨਵੈਆਂਸ ਦਿਤੀ ਜਾਵੇ ਤਾਂ ਜ਼ਿਮੀਦਾਰਾਂ ਨਾਲ ਜ਼ਿਆਦਾ ਸੰਪਰਕ ਪੈਦਾ ਹੋ ਸਕਦਾ ਹੈ ਅਤੇ ਖੇਤੀਬਾੜੀ ਦਾ ਕੰਮ ਵੱਧ ਸਕਦਾ ਹੈ ਜਾਂ ਪੱਕਾ ਕੰਨਵੇਐਂਸ ਅਲਾਊਂਸ ਮਿਲਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

5. ਖੇਤੀਬਾੜੀ ਮਹਿਕਮੇ ਦਾ ਬਲਾਕ ਪੱਧਰ ਤੇ ਖੇਤੀਬਾੜੀ ਅਫਸਰ ਲੱਗਣਾ ਚਾਹੀਦਾ ਹੈ ਤਾਂ ਜੋ ਕੰਮ ਜ਼ਿਆਦਾ ਹੋ ਸਕੇ । ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਟੈਕਨੀਕਲ ਨਹੀਂ ਹੁੰਦੇ ਇਸ ਕਰਕੇ ਉਹ ਖੇਤੀਬਾੜੀ ਦਾ ਜ਼ਿਆਦਾ ਕੰਮ ਨਹੀਂ ਕਰਵਾ ਸਕਦੇ ।

6. ਟੀ. ਏ. ਖੇਤੀ ਬਾੜੀ ਇੰਸਪੈਕਟਰ ਨੂੰ ਪੱਕੇ ਤੌਰ ਤੇ 20 ਦਿਨ ਦਾ 8 ਰੁਪਏ ਦਿਨ ਦੇ ਹਿਸਾਬ ਨਾਲ 160 ਮਹੀਨਾ ਮਿਲਣੇ ਚਾਹੀਦੇ ਹਨ, ਤਾਂ ਜੋ ਅਸੀਂ ਫੀਲਡ ਵਿਚ ਨਿਧੜਕ ਸੇਵਾ ਕਰ ਸਕੀਏ ।

7. ਕਨਫਰਮੇਸ਼ਨ ਤਿੰਨ ਸਾਲ ਬਾਅਦ ਹੋ ਜਾਣੀ ਚਾਹੀਦੀ ਹੈ ।

8. ਟਾਈਮ ਸਕੇਲ ਪਰੋਮੋਸ਼ਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ ।

9. ਮਹਿਕਮਾ ਖੇਤੀਬਾੜੀ ਤਕਨੀਕੀ ਕਰਾਰ ਦਿਤਾ ਜਾਣਾ ਚਾਹੀਦਾ ਹੈ ।

(ਸਹੀ) ...........,

ਪ੍ਰਧਾਨ, ਖੇਤੀਬਾੜੀ ਇੰਸਪੈਕਟਰ ਯੂਨੀਅਨ, ਪੰਜਾਬ ।

ਸਤਨਾਮ ਸਿੰਘ,
ਖੇਤੀਬਾੜੀ ਇੰਸਪੈਕਟਰ ਸ੍ਰੀ ਹਰਗੋਬਿੰਦਪੁਰ,
ਗੁਰਦਾਸਪੁਰ ।

---

**Setting up new Fertilizer Factory in the State**

***1136. Sardar Lachhman Singh** : Will the Minister for Development be pleased to state —

(a) whether there is any proposal under the consideration of the Government to set up a new Fertilizer Factory in the State; if so, the details thereof ;

(b) the approximate amount which would be spent on the setting up of the new Fertilizer Factory ?

**Giani Zail Singh (Chief Minister):** (a)&(b) Yes. A proposal for establishment of a Fertilizer Project in Punjab is under correspondence with the Government of India. The decision of Government of India in this case is awaited. The estimated cost of the proposed project will be Rs 104 crores and the likely production will be 1,550 tons of Urea per day. Bhatinda has been proposed the site for the project.

[(ੳ) ਤੇ (ਅ) ਹਾਂ ਜੀ। ਪੰਜਾਬ ਵਿੱਚ ਫਰਟੀਲਾਈਜ਼ਰ ਪ੍ਰੋਜੈਕਟ ਲਗਾਉਣ ਬਾਰੇ ਮਾਮਲੇ ਤੇ ਭਾਰਤ ਸਰਕਾਰ ਨਾਲ ਪੱਤਰ ਵਿਹਾਰ ਹੋ ਰਿਹਾ ਹੈ। ਭਾਰਤ ਸਰਕਾਰ ਦੇ ਫੈਸਲੇ ਦੀ ਉਡੀਕ ਹੈ। ਪ੍ਰਾਜੈਕਟ ਤੇ ਅਨੁਮਾਨਿਤ ਖਰਚਾ 104 ਕਰੋੜ ਰੁਪਿਆ ਹੈ ਅਤੇ ਅਨੁਮਾਨਿਤ ਇੱਕ ਦਿਨ ਦੀ ਪ੍ਰੋਡਕਸ਼ਨ 1,550 ਟਨ ਯੂਰੀਆ ਹੈ। ਪ੍ਰੋਜੈਕਟ ਦੇ ਲਗਾਉਣ ਲਈ ਬਠਿੰਡਾ ਤਜਵੀਜ਼ ਕੀਤਾ ਗਿਆ ਹੈ।]

---

Original with;
Punjab Vidhan Sabha
Digitized by;
Panjab Digital Library

## Aerial Spray on Cotton Fields in 1972-73

*1133. **Sardar Randhir Singh Cheema** : Will the Minister for Development be pleased to state—

(a) the total acreage of land in Punjab on which aerial spray was done on cotton fields during the year 1972-73 ;

(b) whether the said spray was done by the Department itself the contract for the purpose was given to some firm/agency ;

(c) if the contract was given, whether any quotations were invited by the Government ; if so, the names of the firms/agencies from which the quotations were received ;

(d) whether the Government approved the rates quoted by different firms/agencies ; if so, the rates so approved ?

**Captain Rattan Singh** : (a) 618,136 acres.

(b) The spray was got done through Private firms, including the Punjab State Co-operative Supply and Marketing Federation.

(c) Yes. The quotations were invited from 13 parties out of which 8 parties sent quotations. These parties are—

(1) The Managing Director, Punjab State Co-operative Supply and Marketing Federation, Ltd., Sector 17, Chandigarh.

(2) M/s Agricultural Aviation (P) Ltd., Juhu Airport, Bombay-54.

(3) M/s Bharat Agro Aviation Services Pvt. Ltd., 168, Golf Links, New Delhi-3.

(4) M/s Khemka Aviation (P) Ltd. (Speed House), 'M' Block, Cannaught Circus, New Delhi-1.

(5) M/s Maneckji Aviation Co., Metha House, Apollo Street, Bombay-1.

(6) M/s Mahindra and Mahindra Ltd., Agro Aviation Division, Worli Road, No. 13, Bombay-18.

(7) M/s Sanghi Aviation, 7-E, Jhandwala Estate, New Delhi-55.

(8) M/s Southern Aviation (P) Ltd., Aerial Crop Culture, 68, Sembudoss Street, Madras-1.

(d) The rates for aerial spraying of cotton crop were approved by the Ministry of Agriculture, Government of India and these were communicated to the concerned State Governments for their guidance. All the said parties quoted the rates so approved by the Government of India and these were Rs. 10 per acre for spraying with Helicopter and Rs. 8 per acre for spraying with Fixed Wing Planes.

[(ੳ) 6,18,136 ਏਕੜ ।

(ਅ) ਸਪਰੇ ਪਰਾਈਵੇਟ ਫਰਮਾਂ ਦੁਆਰਾ ਜਿਨ੍ਹਾਂ ਵਿਚ ਪੰਜਾਬ ਮਾਰਕੀਟਿੰਗ ਫੈਡਰੇਸ਼ਨ ਭੀ ਸ਼ਾਮਲ ਹੈ ਤੋਂ ਕਰਵਾਇਆ ਗਿਆ ।

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

(ੲ) ਹਾਂ ਜੀ । 13 ਪਾਰਟੀਆਂ ਕੋਲੋਂ ਕੁਟੇਸ਼ਨ ਮੰਗੇ ਗਏ, ਜਿਨ੍ਹਾਂ ਵਿਚੋਂ 8 ਨੇ ਕੁਟੇਸ਼ਨ ਭੇਜੇ। ਇਹ ਪਾਰਟੀਆਂ ਇਹ ਹਨ :—

(1) ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ ਲਿ: ਸੈਕਟਰ 17, ਚੰਡੀਗੜ੍ਹ ।

(2) ਮੈਸਰਜ਼ ਐਗਰੀਕਲਚਰਲ ਐਵੀਏਸ਼ਨ (ਪੀ.) ਲਿ: ਜਾਹੂ ਏਅਰਪੋਰਟ, ਬੌਂਬੇ-54

(3) ਮੈਸਰਜ਼ ਭਾਰਤ ਐਗਰੋ ਐਵੀਏਸ਼ਨ ਸਰਵਿਸ ਪੀ. ਲਿ : 168, ਗੋਲਫ ਲਿੰਕ, ਨਵੀ ਦਿੱਲੀ-3 ।

(4) ਮੈਸਰਜ਼ ਖੇਮਕਾ ਐਵੀਏਸ਼ਨ (ਪੀ.) ਲਿ: (ਸਪੀਡ ਹਾਊਸ) "ਐਮ' ਬਲਾਕ, ਕਨਾਟ ਸਰਕਸ, ਨਵੀ ਦਿੱਲੀ-1

(5) ਮੈਸਰਜ਼ ਮੇਨਕਸੀ ਐਵੀਏਸ਼ਨ ਕੋ: ਮਿਹਤਾ ਹਾਊਸ, ਅਪੋਲੋ ਸਟਰੀਟ, ਬੌਂਬੇ-1 ।

(6) ਮੈਸਰਜ਼ ਮਹਿੰਦਰਾ ਅਤੇ ਮਹਿੰਦਰਾ ਲਿ: ਐਗਰੋ ਐਵੀਏਸ਼ਨ ਡਵੀਜ਼ਨ, ਵਰੋਲੀ ਰੋਡ, ਨ: 13, ਬੌਂਬੇ-18 ।

(7) ਮੈਸਰਜ਼ ਸਾਂਘੀ ਐਵੀਏਸ਼ਨ, 7 ਈ, ਜੰਡਵਾਲਾ ਇਸਟੇਟ, ਨਵੀਂ ਦਿਲੀ-55

(8) ਮੈਸਰਜ਼ ਸਦਰਨ ਐਵੀਏਸ਼ਨ (ਪੀ.) ਲਿ: ਏਰੀਅਲ ਕਰਾਪ ਕਲਚਰ, 68 ਸੇਮਬੀਡੋਸ ਸਟਰੀਟ, ਮਦਰਾਸ-1

(ਸ) ਕਪਾਹ ਦੀ ਫ਼ਸਲ ਤੇ ਹਵਾਈ ਛਿੜਕਾਉ ਦੇ ਰੇਟ ਕੇਂਦਰੀ ਸਰਕਾਰ ਖੇਤੀਬਾੜੀ ਵਿਭਾਗ ਨੇ ਨਿਸਚਿਤ ਕਰਕੇ ਸਬੰਧਤ ਰਾਜ ਸਰਕਾਰਾਂ ਨੂੰ ਜਾਣਕਾਰੀ ਲਈ ਭੇਜੇ ਹਨ । ਉਪਰੋਕਤ ਦੱਸੀਆਂ ਸਮੂਹ ਪਾਰਟੀਆਂ ਨੇ ਕੇਂਦਰੀ ਸਰਕਾਰ ਵਾਲੇ ਰੇਟ ਦੱਸੇ ਹਨ ਜੋ ਹੈਲੀਕੋਪਟਰ ਲਈ 10 ਰੁਪਏ ਪ੍ਰਤੀ ਏਕੜ ਅਤੇ ਫਿਕਸਡ ਵਿੰਗ ਪਲੇਨ ਲਈ 8 ਰੁਪਏ ਪ੍ਰਤੀ ਏਕੜ ਹਨ ।]

---

**Aerial Spray of Sugarcane during 1972-73**

***1134. Sardar Randhir Singh Cheema :** Will the Minister for Development be pleased to state—

(a) whether any aerial spray was done on Sugar cane fields, in the State during the year 1972-73 by the Managements of the Sugar Mills themselves ;

(b) if the answer to part (a) above be in affirmative whether the medicines used for the said purpose was provided by the Government or the Managements of the Sugar Mills purchased the same from the Market ?

**Captain Rattan Singh :** (a) No.

(b) Question does not arise.

Original with;
Punjab Vidhan Sabha
Digitized by;
Panjab Digital Library

[(ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।]

---

**Complaints against purchases made by Cotton Corporation of India**

***1180. 1. Sardar Ajaib Singh Sandhu,**
**2. Sardar Prehlad Singh**
**3. Sardar Jasdev Singh Sandhu** :Will the Minister for Development be pleased to state—

(a) whether the Government have received any complaints from kisans from various parts of the State in connection with the purchases of cotton by the Cotton Corporation of India, if so, the details thereof ;

(b) whether it is a fact that as a result of malpractices in the purchase of cotton by the corporation, the kisans had to wait even up to 20 days for take-off of their produce; if so, the steps taken by the Government so far to remove the complaints ?

**Captain Rattan Singh :** (a) Yes. Some complaints were received from Buchu, Bhatinda and Abohar areas. The complaints were generally regarding less purchases by Cotton Corporation of India and about the price paid for cotton.

(b) Large scale cotton arrivals created a gult in the markets and the farmers had to wait for number days before their produce was purchased and in some cases they may have waited for 15-20 days. A high level meeting was held under the Chairmanship of the Chief Minister, Punjab which was attended to by the Development Minister, Punjab, the Food Minister, Punjab, and the Chairman, Cotton Corporation of India. It was decided therein that the Cotton Corporation of India will purchase cotton to the extent of 90% of the arrivals. The problems were sorted out in a subsequent meeting and to check malpractices the State Government have deputed a Deputy Inspector General of Police. Further the State Government have also decided to constitute Committees headed by the Block Development and Panchayat Officers at all Mandi levels, to look into the grievances of the farmers who bring their produce for sale.

[(ੳ) ਹਾਂ ਜੀ । ਬੁਚੋ, ਬਠਿੰਡਾ ਅਤੇ ਅਬੋਹਰ ਦੇ ਇਲਾਕੇ ਵਿਚੋਂ ਕੁਝ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਹੜੀਆਂ ਆਮ ਤੌਰ ਤੇ ਕਾਟਨ ਕਾਰਪੋਰੇਸ਼ਨ ਵੱਲੋਂ ਘੱਟ ਕਪਾਹ ਦੀ ਖਰੀਦ ਸਬੰਧੀ ਸਨ ਅਤੇ ਜਿਨ੍ਹਾਂ ਵਿਚ ਕਪਾਹ ਦੀ ਕੀਮਤ ਦੀ ਅਦਾਇਗੀ ਦਾ ਜ਼ਿਕਰ ਵੀ ਸੀ ।

(ਅ) ਮੰਡੀਆਂ ਵਿਚ ਬਹੁਤੀ ਕਪਾਹ ਆਉਣ ਕਾਰਨ ਕਿਸਾਨਾਂ ਨੂੰ ਕਈ ਦਿਨ ਆਪਣੀ ਕਪਾਹ ਵੇਚਣ ਲਈ ਉਡੀਕ ਕਰਨੀ ਪਈ । ਕਈ ਹਾਲਤਾਂ ਵਿਚ 15–20 ਦਿਨ ਦੀ ਇੰਤਜ਼ਾਰ ਵੀ ਉਨ੍ਹਾਂ ਨੂੰ ਕਰਨੀ ਪਈ । ਇਕ ਉਚ ਪੱਧਰ ਦੀ ਮੀਟਿੰਗ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠਾਂ ਬੁਲਾਈ ਗਈ ਜਿਸ ਵਿਚ ਪੰਜਾਬ ਦੇ ਵਿਕਾਸ ਮੰਤਰੀ, ਖੁਰਾਕ ਮੰਤਰੀ ਅਤੇ ਕਾਟਨ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਸ਼ਾਮਲ ਹੋਏ ਸਨ । ਇਸ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਕਾਟਨ ਕਾਰਪੋਰੇਸ਼ਨ ਮੰਡੀਆਂ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ ]

ਵਿਚੋਂ ਆਈ ਕਪਾਹ ਦਾ 90 ਫ਼ੀ ਸਦੀ ਖਰੀਦ ਕਰੇਗੀ । ਇਸ ਤੋਂ ਮਗਰੋਂ ਹੋਈ ਮੀਟਿੰਗ ਵਿਚ ਹੋਰ ਮਾਮਲਿਆਂ ਤੇ ਵਿਚਾਰ ਕੀਤਾ ਗਿਆ । ਪੰਜਾਬ ਸਰਕਾਰ ਨੇ ਇਕ ਉਪ-ਇੰਸਪੈਕਟਰ ਜਨਰਲ ਪੁਲੀਸ ਦੀ ਨਿਯੁਕਤੀ ਦੁਰਾਚਾਰਾਂ ਨੂੰ ਰੋਕਣ ਲਈ ਕੀਤੀ । ਇਸ ਤੋਂ ਇਲਾਵਾ ਸਰਕਾਰ ਨੇ ਸਾਰੀਆਂ ਮੰਡੀਆਂ ਦੀ ਪੱਧਰ ਤੇ ਖੰਡ ਵਿਕਾਸ ਅਤੇ ਪੰਚਾਇਤ ਅਫਸਰਾਂ ਦੀ ਪ੍ਰਧਾਨਗੀ ਹੇਠਾਂ ਕਮੇਟੀਆਂ ਬਣਾਈਆਂ ਹਨ ਜਿਹੜੀਆਂ ਕਿ ਉਨ੍ਹਾਂ ਕਿਸਾਨਾਂ ਦੀਆਂ ਸ਼ਿਕਾਇਤਾਂ ਜਿਹੜੇ ਕਪਾਹ ਵੇਚਣ ਲਈ ਮੰਡੀਆਂ ਵਿਚ ਆਉਣਗੇ, ਨੂੰ ਦੂਰ ਕਰਨਗੀਆਂ । ]

## Starting Defunct J.B.T. Institutes

***1137. Shri Prem Gupta :** Will the Minister for Education and Revenue be pleased to state whether it is fact that the Government has decided to restart the J.B.T. Training Institutes (now defunct) in the State ; if so, the names of the places where these are proposed to be started and the capacity of each such Institute ?

**Sardar Umrao Singh :** The matter is under the consideration of the Punjab Government.

[ਮਾਮਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ ।]

## List of J.B.T. Teachers prepared by the Committee Headed by Dr. Bhagat Singh in 1970

***1383. 1. Comrade Jangir Singh Joga**
**2. Comrade Saghar Singh :** Will the Minister for Education and Revenue be pleased to state whether the last 84 candidates on the list prepared on 21-1-70 by the Committee headed by Dr. Bhagat Singh regarding J.B.T. Teachers have so far been adjusted, if not the reasons therefor ?

**Sardar Umrao Singh.** No such list of 84 candidates was received in the Department and as such the question of their adjustment does not arise.

[ਅਜਿਹੀ 84 ਉਮੀਦਵਾਰਾਂ ਦੀ ਮਹਿਕਮੇ ਵਿਚ ਕੋਈ ਲਿਸਟ ਨਹੀਂ ਆਈ, ਇਸ ਵਾਸਤੇ ਉਨ੍ਹਾਂ ਦੀ ਐਡਜਸਟਮੈਂਟ ਦਾ ਸਵਾਲ ਹੀ ਨਹੀਂ ਉਠਦਾ ।]

## Ploughing of land vacated by Pakistani Forces in villages at Government cost

***1165. Chaudhri Ram Singh :** Will the Minister for Education and Revenue be pleased to state whether the Government has taken any steps for ploughing land in villages vacated by the Pakistan forces, at its own costs as stated by him at Fazilka on 7th January, 1973. if so the details thereof ?

**Sardar Umrao Singh :** It is proposed to plough the land vacated by the Pakistani forces through heavy tractors. A scheme has been sent to Government of India for their approval.

Original with;
Punjab Vidhan Sabha
Digitized by;
Panjab Digital Library

[ਪਾਕਿਸਤਾਨ ਦੀਆਂ ਫੌਜਾਂ ਹੇਠਲੀ ਖਾਲੀ ਹੋਈ ਜ਼ਮੀਨ ਨੂੰ ਭਾਰੀ ਟ੍ਰੈਕਟਰਾਂ ਦੁਆਰਾ ਵਾਹੀ ਕਰਨ ਦੀ ਤਜਵੀਜ਼ ਹੈ ਅਤੇ ਇਸ ਪਰਥਾਏ ਸਕੀਮ ਤਿਆਰ ਕਰਕੇ ਕੇਂਦਰੀ ਸਰਕਾਰ ਦੀ ਪਰਵਾਨਗੀ ਲਈ ਭੇਜੀ ਜਾ ਚੁਕੀ ਹੈ।]

---

## Issue of Receipts by Patwaris in Lieu of (Dhal) Revenue, etc received from the Land owners

***1250. Sardar Gurdev Singh Sidhu.** Will the Minister for Education and Revenue be pleased to state whether it is a fact that Patwaris in villages on receipt of 'Dhal' Revenue, etc. from Landowners issue printed receipts to them in lieu thereof ; if not the reasens therefor ?

**Sardar Umrao Singh**: No. The Patwaris do not collect the land revenue. The collection of land revenue is the responsibility of the headmen. Patwaris if so required assist the village Headmen in giving acknowledgements for payments.

[ਨਹੀਂ ਜੀ। ਪਟਵਾਰੀ ਤੌਂ ਮਾਲੀਆ ਵਸੂਲ ਨਹੀਂ ਕਰਦੇ। ਭੌਂ ਮਾਲੀਆ ਵਸੂਲਣ ਦੀ ਜ਼ੁਮੇਵਾਰੀ ਲੰਬਰਦਾਰਾਂ ਦੀ ਹੈ। ਪਟਵਾਰੀ ਅਗਰ ਜ਼ਰੂਰਤ ਹੋਵੇ ਤਾਂ ਪਿੰਡ ਦੇ ਲੰਬਰਦਾਰਾਂ ਦੀ ਉਨ੍ਹਾਂ ਦੁਆਰਾ ਵਸੂਲੀ ਹੋਈ ਰਕਮਾਂ ਦੀ ਰਸੀਦ ਦੇਣ ਵਿੱਚ ਸਹਾਇਤਾ ਕਰਦੇ ਹਨ।]

---

## Demands of Employees of Newspapers of Jullundur

***1164. Chaudhri Ram Singh** : Will the Minister for Finance be pleased to state—

(a) whether the demand for the payment of 25 per centum adhoc relief to the employees of twelve daily newspapers of Jullundur who went on strike, has been referred to an Industrial Tribunal ;

(b) if the answer to part (a) above be in the affirmative the approximate date by which the said Tribunal is likely to give its Award ?

**Shri Hans Raj Sharma**. (a) Yes Sir.

(b) It is not possible to give the approximate date by which the Tribunal will give its award.

---

## WALK OUT

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਲੰਧਰ ਦੇ ਵਿਚ ਦੋ ਸੌ ਆਦਮੀਆਂ ਦੇ ਕਰੀਬ ਲਾਅ ਐਂਡ ਆਰਡਰ ਦੀ ਭੈੜੀ ਹਾਲਤ ਦੇ ਖਿਲਾਫ ਮਹਿੰਗਾਈ ਦੇ ਖਿਲਾਫ ਅਤੇ ਬਿਜਲੀ ਦੀ ਥੁੜ ਦੇ ਖਿਲਾਫ ਮੁਜ਼ਾਰਾ ਕਰ ਰਹੇ ਸਨ । ਇਨ੍ਹਾਂ ਦੀ ਸਰਕਾਰ ਨੇ ਲਾਠੀ ਚਾਰਜ ਕੀਤਾ । ਆਦਮੀ ਜ਼ਖਮੀ ਹੋਏ । ਅਸੀਂ ਐਡਜਰਨਮੈਂਟ ਮੋਸ਼ਨ ਦਿਤੀ ਪਰ ਤੁਸੀਂ ਕੁਝ ਨਹੀਂ ਕੀਤਾ । (ਵਿਘਨ) ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਸੰਧੂ ਸਾਹਿਬ ਤੁਸੀ ਤਸ਼ਰੀਫ ਰੱਖੋ । ਐਡਜਰਨਮੈਂਟ ਮੋਸ਼ਨ ਲਈ ਟਾਈਮ ਚਾਹੀਦਾ ਹੈ । ਮੈਂ ਤੁਹਾਡਾ ਧਿਆਨ ਰੂਲਜ਼ ਆਫ ਪ੍ਰੋਸੀਜ਼ਰ ਦੇ ਰੂਲ 60 ਵੱਲ ਦਵਾਉਂਦਾ ਹਾਂ । ਤੁਸੀਂ ਇਸ ਨੂੰ ਪੜ੍ਹ ਕੇ ਵੇਖੋ । (Sandhu Sahib, please resume your seat. Certain advance notice is required for tabling of Adjournment Motion. I draw your attention towards rule 60 of the Rules of Procedure and Conduct of the House. You may please go through it.)

**ਸਰਦਾਰ ਅਜਾਇਬ ਸਿੰਘ ਸੰਧੂ** : ਮੈਂ ਪੜ੍ਹਿਆ ਹੈ ਜੀ ।

**ਸ੍ਰੀ ਸਪੀਕਰ** : ਪੜ੍ਹਿਆ ਹੈ ਤਾਂ ਕੀ ਇਸ ਉਪਰ ਅਮਲ ਵੀ ਕਰੋਗੇ ਕਿ ਨਹੀਂ ? (Then will you act accordingly or not?)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਤੁਸੀਂ ਇਸੇ ਹਾਊਸ ਵਿਚ ਪੰਜਾਬੀਆਂ ਨੂੰ ਬਚਾਉਣ ਵਾਸਤੇ ਬੈਠੇ ਹੋ, ਇਨ੍ਹਾਂ ਨੂੰ ਨਹੀਂ । (ਵਿਘਨ)......

**ਸ੍ਰੀ ਸਪੀਕਰ** : ਸੰਧੂ ਸਾਹਿਬ ਤੁਸੀਂ ਇਹ ਜਿਹੜੇ ਲਫਜ਼ ਚੇਅਰ ਦੇ ਖਿਲਾਫ ਕਹੇ ਹਨ ਉਨ੍ਹਾਂ ਨੂੰ ਵਿਦਡਰਾ ਕਰੋ । (Sandhu Sahib, please withdraw these words which you have uttered with reference to the Chair.)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਮੈਂ ਕੋਈ ਅਜਿਹੇ ਲਫਜ਼ ਨਹੀਂ ਕਹੇ । ਮੈਨੂੰ ਤੁਸੀਂ ਇਹ ਤਾਂ ਦੱਸ ਦਿਓ ਕਿ ਮੈਂ ਕੀ ਕਿਹਾ ਹੈ ਜਿਹੜਾ ਕਿ ਵਿਦਡਰਾ ਕਰਾਂ ।

**ਸ੍ਰੀ ਸਪੀਕਰ** : ਤੁਸੀਂ ਸ਼ਬਦ ਵਰਤੇ ਹਨ ਕਿ ਤੁਸੀਂ ਟਰੇਜ਼ਰੀ ਬੈਂਚਿਜ਼ ਦੀ ਮੱਦਦ ਕਰਨ ਲਈ ਬੈਠੇ ਹੋ । (You have said that I am here to shield the Treasury Benches).

**ਸਰਦਾਰ ਅਜਾਇਬ ਸਿੰਘ ਸੰਧੂ** : * * * * *

**ਸ੍ਰੀ ਸਪੀਕਰ** : ਸੰਧੂ ਸਾਹਿਬ, ਜੋ ਕੁਝ ਕਹਿ ਰਹੇ ਹਨ ਇਹ ਪ੍ਰੋਸੀਡਿੰਗ ਦਾ ਪਾਰਟ ਨਾ ਬਣੇ । (Whatever the hon. Member, Sardar Ajaib Singh Sandhu is saying may not form part of the proceedings).

**ਸਰਦਾਰ ਅਜਾਇਬ ਸਿੰਘ ਸੰਧੂ** : * * * ਅਸੀਂ ਐਡਜਰਨਮੈਂਟ ਮੋਸ਼ਨ ਦਿਤੀ ਹੈ ਅਤੇ ਤੁਸੀਂ ਉਸ ਨੂੰ ਹਾਊਸ ਦੇ ਸਾਹਮਣੇ ਨਹੀਂ ਲਿਆਂਦਾ । ਅਸੀਂ ਇਸ ਲਈ ਰੋਸ ਵਜੋਂ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਮਾਸਟਰ ਚੰਦ ਸਿੰਘ ਅਤੇ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨਾਅਰੇ ਮਾਰਦੇ ਹੋਏ * * * * ਵਾਕ ਆਊਟ ਕਰ ਗਏ)

**ਸ੍ਰੀ ਸਪੀਕਰ** : ਨਾਹਰੇ ਰਿਕਾਰਡ ਨਾ ਕੀਤੇ ਜਾਣ । (The slogans may not be recorded.)

---

*Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਵਿੱਤ ਮੰਤਰੀ ।

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੀ ਪ੍ਰਾਰਥਨਾ ਹੈ ਕਿ ਇਸ ਸਪੀਚ ਦੀ ਹਿੰਦੀ ਦੀ ਕਾਪੀ ਵੀ ਹੋਣੀ ਚਾਹੀਦੀ ਹੈ ਜੀ ।

**ਵਿੱਤ ਮੰਤਰੀ** : ਹੁਣੇ ਹੀ ਮਿਲ ਜਾਵੇਗੀ ਜੀ ।

---

## PRESENTATION OF THE BUDGET FOR THE YEAR 1973-74

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਸ੍ਰੀਮਾਨ ਜੀ, ਮੈਂ ਸਾਲ 1973-74 ਦੇ ਬਜਟ-ਅਨੁਮਾਨ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ।

### ਆਰਥਿਕ ਹਾਲਤ

ਬਜਟ ਬਾਰੇ ਵਿਸਥਾਰ ਨਾਲ ਦੱਸਣ ਤੋਂ ਪਹਿਲਾਂ ਮੈਂ ਸਤਿਕਾਰ ਯੋਗ ਮੈਂਬਰਾਂ ਨੂੰ ਸਾਲ 1972-73 ਦੇ ਦੌਰਾਨ ਰਾਜ ਦੀ ਆਰਥਿਕਤਾ ਦੇ ਕੁਝ ਅਹਿਮ ਝੁਕਾਵਾਂ ਬਾਰੇ ਜਾਣੂ ਕਰਾਉਣਾ ਚਾਹਾਂਗਾ। ਰਾਜ ਸਰਕਾਰ ਹਰੇ ਇਨਕਲਾਬ ਦੀਆਂ ਪ੍ਰਾਪਤੀਆਂ ਨੂੰ ਪੱਕਾ ਕਰਨ ਲਈ ਅਤੇ ਰਾਜ ਦੀ ਆਰਥਿਕਤਾ ਦੇ ਜ਼ਰਾਇਤੀ ਸਨਅਤੀ ਆਧਾਰ ਨੂੰ ਮਜ਼ਬੂਤ ਕਰਨ ਲਈ ਪੁਰ ਜ਼ੋਰ ਯਤਨ ਕਰਦੀ ਰਹੀ ਹੈ। ਪ੍ਰੰਤੂ ਕਈ ਇਕ ਅਣਸੋਚੇ ਕਾਰਣਾਂ ਕਰ ਕੇ ਰਾਜ ਨੂੰ ਆਤਮ ਨਿਰਭਰ ਬਣਾਉਣ ਦੇ ਯਤਨਾਂ ਉਤੇ ਮਾੜਾ ਅਸਰ ਪਿਆ ਹੈ। ਰਾਜ ਦੀ ਆਰਥਿਕਤਾ ਨੂੰ 1971-72 ਦੀ ਹਿੰਦ ਪਾਕ ਜੰਗ ਨਾਲ ਜੋ ਧੱਕਾ ਲੱਗਾ ਸੀ, ਉਸ ਤੋਂ ਅਸੀਂ ਅਜੇ ਪੂਰੀ ਤਰ੍ਹਾਂ ਸੰਭਲੇ ਨਹੀਂ ਸਾਂ ਕਿ ਬਿਜਲੀ ਦੀ ਸਖਤ ਕਮੀ ਦੇ ਰੂਪ ਵਿਚ ਸਾਨੂੰ ਇਕ ਹੋਰ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਬਿਜਲੀ ਦੀ ਇਸ ਘਾਟ ਨੇ ਸਾਡੀ ਹਾੜੀ ਦੀ ਖੜ੍ਹੀ ਫਸਲ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ ਕਿਉਂਕਿ ਖੇਤੀ ਬਾੜੀ ਦੇ ਖੇਤਰ ਵਿਚ ਵੀ ਬਿਜਲੀ ਦੀ ਕਟੌਤੀ ਕਈ ਵਾਰ ਕਰਨੀ ਪਈ ਹੈ। ਰਾਜ ਦੇ ਕਾਰਖਾਨਿਆਂ ਉਤੇ ਵੀ ਇਸ ਕਟੌਤੀ ਦਾ ਬਹੁਤ ਬੁਰਾ ਅਸਰ ਪਿਆ ਹੈ । ਕਿਉਂਕਿ ਇਨ੍ਹਾਂ ਨੂੰ ਆਪਣੀ ਪੂਰਨ ਸਮਰਥਾ ਮੁਤਾਬਕ ਨਹੀਂ ਚਲਾਇਆ ਜਾ ਸਕਦਾ ।

ਸਾਲ 1971-72 ਵਿਚ ਅਨਾਜ ਦੀ ਪੈਦਾਵਾਰ 79.25 ਲੱਖ ਟਨ ਤਕ ਵੱਧ ਗਈ ਸੀ, ਜੋ ਸਾਲ 1970-71 ਵਿਚ 73.05 ਲੱਖ ਟਨ ਦੇ ਮੁਕਾਬਲੇ 8.49 ਫੀ ਸਦੀ ਵੱਧ ਸੀ। ਇਸ ਵਾਧੇ ਵਿਚ ਮੁਖ ਹਿੱਸਾ ਕਣਕ ਅਤੇ ਚੌਲਾਂ ਦਾ ਸੀ, ਜਿਨ੍ਹਾਂ ਵਿਚ ਤਰਤੀਬਵਾਰ 9.19 ਫੀ ਸਦੀ ਅਤੇ 33.72 ਫੀ ਸਦੀ ਵਾਧਾ ਹੋਇਆ ਸੀ। ਕਪਾਹ ਦੀ ਪੈਦਾਵਾਰ 1970-71 ਵਿਚ 8.19 ਲੱਖ ਗੱਠਾਂ ਤੋਂ ਵੱਧ ਕੇ 1971-72 ਵਿਚ 9.72 ਲੱਖ ਗੱਠਾਂ ਹੋ ਗਈ ਸੀ, ਜਿਸ ਨਾਲ 18.68 ਫੀ ਸਦੀ ਵਾਧਾ ਹੋਇਆ। ਤੇਲ ਦੇ ਬੀਜਾਂ ਦੀ ਪੈਦਾਵਾਰ ਉਸੇ ਸਮੇਂ ਦੇ ਦੌਰਾਨ 2.47 ਲੱਖ ਟਨ ਤੋਂ ਵੱਧ ਕੇ 2.72 ਲੱਖ ਟਨ ਹੋ ਗਈ ਸੀ, ਜਿਸ ਨਾਲ 10.12 ਫੀ ਸਦੀ ਦਾ ਵਾਧਾ ਹੋਇਆ ।

(ਇਸ ਸਮੇਂ ਮਾਸਟਰ ਚੰਦ ਸਿੰਘ ਅਤੇ ਸਾਰੇ ਅਕਾਲੀ ਮੈਂਬਰ ਸਾਹਿਬਾਨ ਸਦਨ ਵਿਚ ਆਏ)।

ਸਾਲ 1972-73 ਦੇ ਦੌਰਾਨ ਅਨਾਜ ਦੀ ਪੈਦਾਵਾਰ 80 ਲੱਖ ਟਨ ਤਕ ਵੱਧ ਜਾਣ ਦਾ ਅਨੁਮਾਨ ਹੈ। ਇਸ ਸਾਲ ਚੌਲ, ਮੱਕੀ ਅਤੇ ਕਣਕ ਦੀ ਪੈਦਾਵਾਰ ਤਰਤੀਬਵਾਰ 9 ਲੱਖ, 9 ਲੱਖ ਅਤੇ 58 ਲੱਖ ਟਨ ਹੋਣ ਦੀ ਆਸ ਹੈ। ਇਹ ਵੀ ਅਨੁਮਾਨ ਲਾਇਆ ਗਿਆ ਹੈ ਕਿ ਇਸ ਸਾਲ ਦੇ ਦੌਰਾਨ ਕਪਾਹ ਅਤੇ ਗੁੜ ਦੇ ਰੂਪ ਵਿਚ ਗੰਨੇ ਦੀ ਉਪਜ ਤਰਤੀਬ ਵਾਰ ਲਗ ਭਗ 10 ਲੱਖ ਗੱਠਾਂ ਅਤੇ 5 ਲੱਖ ਟਨ ਹੋਵੇਗੀ।

Original with;
Punjab Vidhan Sabha
Digitized by;
Panjab Digital Library

[ਵਿਤ ਮੰਤਰੀ]

ਸਾਲ 1972 ਦੇ ਦੌਰਾਨ ਕੀਮਤਾਂ ਵਿਚ ਹੋਰ ਵੀ ਵਾਧਾ ਹੋਇਆ। ਥੋਕ ਕੀਮਤਾਂ ਦਾ ਸੂਚਕ ਅੰਕ (ਆਧਾਰ ਅਕਤੂਬਰ ਅਤੇ ਦਸੰਬਰ, 1949-100) 1971 ਵਿਚ 218.2 ਤੋਂ ਵੱਧ ਕੇ 1972 ਵਿਚ 244.5 ਹੋ ਗਿਆ, ਜਿਸ ਨਾਲ 12.1 ਫੀ ਸਦੀ ਵਾਧਾ ਹੋਇਆ। ਇਹ ਵਾਧਾ ਲਗ ਭਗ ਸਾਰੀਆਂ ਚੀਜ਼ਾਂ ਵਿਚ ਹੋਇਆ ਹੈ। ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਪਰਚੂਨ ਕੀਮਤਾਂ ਵਿਚ ਵੀ ਇਹੀ ਝੁਕਾਉ ਰਿਹਾ।

ਵੱਧ ਰਹੀਆਂ ਕੀਮਤਾਂ ਦੇ ਝੁਕਾਉ ਨੂੰ ਰੋਕਣ ਲਈ ਸ਼ਹਿਰੀ ਇਲਾਕਿਆਂ ਵਿਚ 4,500 ਡਿਪੂਆਂ ਰਾਹੀਂ ਅਤੇ ਦਿਹਾਤੀ ਇਲਾਕਿਆਂ ਵਿਚ 7,000 ਸਹਿਕਾਰੀ ਸਭਾਵਾਂ ਰਾਹੀਂ ਕਣਕ/ਕਣਕ ਦਾ ਆਟਾ ਵੰਡਣ ਦਾ ਕੰਮ ਤੁਰੰਤ ਸ਼ੁਰੂ ਕੀਤਾ ਗਿਆ। ਸਰਕਾਰ ਨੇ ਇਕ ਦਸੰਬਰ, 1972 ਤੋਂ ਸਹਿਕਾਰੀ ਕਨਜ਼ਿਊਮਰ ਸਟੋਰਾਂ ਅਤੇ ਗਰਾਮ ਸਹਿਕਾਰੀ ਸਭਾਵਾਂ ਰਾਹੀਂ ਕੰਟਰੋਲ ਕੀਤੇ ਸੂਤੀ ਕਪੜੇ ਦੀ ਵੰਡ ਦਾ ਕੰਮ ਵੀ ਆਪਣੇ ਹੱਥ ਵਿਚ ਲੈ ਲਿਆ ਹੈ। ਉਨ੍ਹਾਂ ਸਾਰੀਆਂ ਬਸਤੀਆਂ ਵਿਚ, ਜਿਥੇ ਗਰੀਬ ਲੋਕ ਅਤੇ ਹਰੀਜਨ ਰਹਿੰਦੇ ਹਨ, ਵਾਜਬ ਕੀਮਤਾਂ ਵਾਲੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਹਨ। ਸਹਿਕਾਰੀ ਕਨਜ਼ਿਊਮਰ ਸਟੋਰ ਹੋਰਨਾਂ ਰਾਜਾਂ ਤੋਂ ਇਕੱਠੀਆਂ ਦਾਲਾਂ ਖ਼ਰੀਦਣਗੇ ਅਤੇ ਭਾਰੀ ਗਿਣਤੀ ਵਿਚ ਸਹਿਕਾਰੀ ਸਟੋਰਾਂ ਰਾਹੀਂ ਵੰਡਣਗੇ। ਸਰਕਾਰ ਨੇ ਵਪਾਰਕ ਬੈਂਕਾਂ ਪਾਸੋਂ ਕਾਫੀ ਰਕਮ ਦਾ ਪ੍ਰਬੰਧ ਕਰ ਲਿਆ ਹੈ ਅਤੇ ਸਟੋਰ ਕਰਨ ਲਈ ਕਾਫੀ ਥਾਂ ਵੀ ਪ੍ਰਾਪਤ ਕਰ ਲਈ ਗਈ ਹੈ। ਇਨ੍ਹਾਂ ਦੋ ਲਾਜ਼ਮੀ ਲੋੜਾਂ ਨੂੰ ਪੂਰਾ ਕਰਨ ਉਪਰੰਤ ਹੁਣ ਸਰਕਾਰ ਅੱਧ-ਮਾਰਚ, 1973 ਤੋਂ ਅਨਾਜ ਦਾ ਥੋਕ ਵਪਾਰ ਸੰਭਾਲਣ ਲਈ ਪੂਰੀ ਤਰ੍ਹਾਂ ਤਿਆਰ ਹੈ (ਥੰਪਿੰਗ)। ਇਨ੍ਹਾਂ ਸਾਰੇ ਉਪਾਵਾਂ ਨਾਲ ਕੀਮਤਾਂ ਵਿਚ ਵਾਧਾ ਹੋਣੋਂ ਰੁਕ ਜਾਣ ਦੀ ਆਸ ਹੈ।

ਰਾਜ ਸਰਕਾਰ ਨੇ ਰੋਜ਼ਗਾਰ ਮੁਹੱਈਆ ਕਰਨ ਵਾਲੀਆਂ ਕੁਝ ਇਕ ਸਕੀਮਾਂ ਚਾਲੂ ਕੀਤੀਆਂ ਹਨ। ਇਨ੍ਹਾਂ ਵਿਚ ਰਾਜ ਉਦਯੋਗ ਕਾਰਪੋਰੇਸ਼ਨ ਦੁਆਰਾ ਵੱਡੇ ਪੈਮਾਨੇ ਦੇ ਉਦਯੋਗ ਸਥਾਪਤ ਕਰਨਾ, ਦਿਹਾਤੀ ਲੋਕਾਂ ਨੂੰ ਰੋਜ਼ਗਾਰ ਦੇਣ ਲਈ ਕਰੈਸ਼ ਸਕੀਮ, ਛੋਟੇ ਕਿਸਾਨਾਂ ਦੀ ਵਿਕਾਸ ਏਜੰਸੀ, ਮਾਰਜਿਨਲ ਕਿਸਾਨ ਅਤੇ ਜ਼ਰਾਇਤੀ ਸਕੀਮਾਂ ਪ੍ਰਾਇਮਰੀ ਸਿਖਿਆ ਦਾ ਵਿਸਤਾਰ, ਸਕੂਲਾਂ ਨੂੰ ਅਪ-ਗਰੇਡ ਕਰਨਾ, ਰਾਜ ਵਿਚ ਜ਼ਰਾਇਤੀ ਸਰਵੇ ਕੇਂਦਰ, ਦਿਹਾਤੀ ਇੰਜੀਨੀਅਰੀ ਸਰਵੇ ਕਾਇਮ ਕਰਨਾ, ਯੋਗਤਾ-ਪ੍ਰਾਪਤ ਇੰਜੀਨੀਅਰਾਂ/ਟੈਕਨੀਸ਼ਨਾਂ ਨੂੰ ਰੋਜ਼ਗਾਰ ਦੇਣ ਸਬੰਧੀ ਸਹਾਇਤਾ ਗ੍ਰਾਂਟਾਂ ਦੇਣਾ, ਨਵੇਂ ਉਦਯੋਗ ਕਾਇਮ ਕਰਨ ਲਈ ਉਤਸ਼ਾਹ ਦੇਣਾ ਆਦਿ ਸ਼ਾਮਲ ਹੈ। (ਥੰਪਿੰਗ)

### 1971-72 ਦੇ ਲੇਖੇ

ਸੋਧੇ ਹੋਏ ਅਨੁਮਾਨਾਂ ਅਨੁਸਾਰ ਆਸ ਸੀ ਕਿ 1971-72 ਦਾ ਸਾਲ 437 ਲੱਖ ਰੁਪਏ ਦੀ ਮਨਫ਼ੀ ਰੋਕੜ ਬਾਕੀ ਨਾਲ ਸਮਾਪਤ ਹੋਵੇਗਾ। ਪਰੰਤੂ ਅਸਲ ਵਿਚ ਇਹ ਸਾਲ 540 ਲੱਖ ਰੁਪਏ ਦੀ ਰੋਕੜ ਬਾਕੀ ਨਾਲ ਸਮਾਪਤ ਹੋਇਆ, ਜਿਸ ਨਾਲ 977 ਲੱਖ ਰੁਪਏ ਦਾ ਵਾਧਾ ਹੋਇਆ। 540 ਲੱਖ ਰੁਪਏ ਦੀ ਰੋਕੜ ਬਾਕੀ ਤੋਂ ਇਲਾਵਾ 31 ਮਾਰਚ, 1972 ਨੂੰ ਖਜ਼ਾਨਾ ਬਿਲਾਂ ਵਿਚ 749 ਲੱਖ ਰੁਪਏ ਦੀ ਰਕਮ ਲੱਗੀ ਹੋਈ ਸੀ। ਇਸ ਤਰ੍ਹਾਂ 1971-72 ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ ਤੇ ਲੇਖਿਆਂ ਵਿਚ 17.26 ਲੱਖ ਰੁਪਏ ਦਾ ਸਮੁਚਾ ਵਾਧਾ ਹੋਇਆ ਹੈ। ਜਿਨ੍ਹਾਂ ਅਦਲਾ-ਬਦਲੀਆਂ ਕਾਰਣ ਇਹ ਵਾਧਾ ਹੋਇਆ ਹੈ ਉਨ੍ਹਾਂ ਦਾ ਵੇਰਵਾ ਵਿਤ ਸਕੱਤਰ ਦੇ ਯਾਦ-ਪੱਤਰ ਵਿਚ ਦਿਤਾ ਗਿਆ ਹੈ।

### 1972-73 ਦੇ ਸੋਧੇ ਅਨੁਮਾਨ

ਸਾਲ 1971-72 ਲਈ ਸੋਧੇ ਅਨੁਮਾਨਾਂ ਦੇ ਆਧਾਰ ਤੇ ਇਹ ਆਸ ਸੀ ਕਿ 1972-73 ਦਾ ਸਾਲ 437 ਲੱਖ ਰੁਪਏ ਦੀ ਮਨਫ਼ੀ ਰੋਕੜ ਨਾਲ ਸ਼ੁਰੂ ਹੋਵੇਗਾ ਅਤੇ 14.69 ਲੱਖ ਰੁਪਏ ਦੀ ਮਨਫ਼ੀ ਬਾਕੀ

Original with;
Punjab Vidhan Sabha
Digitized by;
Panjab Digital Library

ਨਾਲ ਸਮਾਪਤ ਹੋਵੇਗਾ । ਹੁਣ ਸੋਧੇ ਅਨੁਮਾਨਾਂ ਅਨੁਸਾਰ ਜੋ ਕਿ ਵਿਭਾਗਾਂ ਦੀਆਂ ਤਜਵੀਜ਼ਾਂ ਦੇ ਆਧਾਰ ਤੇ ਤਿਆਰ ਕੀਤੇ ਗਏ ਹਨ, ਇਸ ਸਾਲ ਦੀ ਸਮਾਪਤੀ 12.27 ਲੱਖ ਰੁਪਏ ਦੀ ਮਨਫ਼ੀ ਬਾਕੀ ਨਾਲ ਹੋਣ ਦੀ ਸੰਭਾਵਨਾ ਹੈ। ਇਸ ਆਧਾਰ ਤੇ ਇਸ ਵਿਚ 242 ਲੱਖ ਰੁਪਏ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਤਬਦੀਲੀ ਦੇ ਕਾਰਣ ਵਿੱਤ ਸਕੱਤਰ ਦੇ ਯਾਦ-ਪੱਤਰ ਵਿਚ ਪੂਰੀ ਤਰ੍ਹਾਂ ਦੱਸੇ ਗਏ ਹਨ, ਜਿਸ ਨੂੰ ਵੇਖਣ ਲਈ ਮਾਨਯੋਗ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ।

**1973-74 ਦੇ ਬਜਟ ਅਨੁਮਾਨ**

ਸਾਲ 1973-74 ਲਈ ਬਜਟ-ਤਜਵੀਜ਼ਾਂ ਦੇ ਆਧਾਰ ਤੇ ਅਨੁਮਾਨ ਲਾਇਆ ਗਿਆ ਹੈ ਕਿ ਨਿਮਨ ਲਿਖਤ ਲੈਣ-ਦੇਣ ਦੇ ਸਿੱਟੇ ਵਜੋਂ ਸਮੁਚਾ ਘਾਟਾ 37,21 ਲੱਖ ਰੁਪਏ ਹੋਵੇਗਾ :—

| | | (ਰੁਪਏ ਲੱਖਾਂ ਵਿੱਚ) |
|---|---|---|
| (i) ਮੁਢਲੀ ਬਾਕੀ | ... | (–) 12,27 |
| (ii) ਮਾਲ ਖਾਤਾ— | | |
| ਆਮਦਨ | ... | 2,05,79 |
| ਖ਼ਰਚ | ... | 2,06,42 |
| ਘਾਟਾ | ... | (–) 63 |
| (iii) ਪੂੰਜੀਗਤ ਖਰਚ (ਨਿਰੋਲ) | ... | (–) 27,59 |
| (iv) ਸਰਕਾਰੀ ਰਿਣ— | | |
| ਲਏ ਰਿਣ | .. | 2,48,18 |
| ਭੁਗਤਾਏ ਰਿਣ | ... | 2,12, 46 |
| ਨਿਰੋਲ | ... | (+) 35,72 |
| (v) ਕਰਜ਼ੇ ਅਤੇ ਪੇਸ਼ਗੀ ਰਕਮਾਂ— | | |
| ਪੇਸ਼ਗੀਆਂ | ... | 52,85 |
| ਵਸੂਲੀਆਂ | ... | 12,01 |
| ਨਿਰੋਲ | ... | (–) 40,84 |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| | | | (ਰੁਪਏ ਲੱਖਾਂ ਵਿਚ) |
|---|---|---|---|
| (vi) | ਫ਼ੰਡ ਰਹਿਤ ਰਿਣ (ਨਿਰੋਲ) | (+) | 4,81 |
| (vii) | ਜਮ੍ਹਾਂ-ਰਕਮਾਂ ਪੇਸ਼ਗੀ ਰਕਮਾਂ ਅਤੇ ਭੇਜੀਆਂ ਰਕਮਾਂ (ਨਿਰੋਲ) | (+) | 3,59 |
| (viii) | ਅੰਤਿਮ ਬਕਾਇਆ ... | (-) | 37,21 |

ਮਾਲ-ਲੇਖਾ 63 ਲੱਖ ਰੁਪਏ ਦਾ ਸਮੁੱਚਾ ਘਾਟਾ ਦਰਸਾਉਂਦਾ ਹੈ। ਮਾਲ-ਖ਼ਾਤੇ ਆਮਦਨ, 1972-73 ਦੇ 2,03,21 ਲੱਖ ਰੁਪਏ ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ 2,05,79 ਲਖ ਰੁਪਏ ਹੈ, ਜਿਸ ਨਾਲ 258 ਲੱਖ ਰੁਪਏ ਦਾ ਵਾਧਾ ਹੁੰਦਾ ਹੈ। ਅਸਲ ਵਿਚ ਮਾਲ-ਖ਼ਾਤੇ ਆਮਦਨ ਵਿਚ ਵਾਧਾ 876 ਲੱਖ ਰੁਪਏ ਹੈ, ਜੋ ਕਿ ਆਮਦਨ ਕਰ (47 ਲੱਖ ਰੁਪਏ), ਅਤੇ ਕੇਂਦਰੀ ਐਕਸਾਈਜ਼ ਡਿਊਟੀਆਂ (99 ਲੱਖ ਰੁਪਏ) ਵਿਚੋਂ ਵਧੇਰਾ ਹਿੱਸਾ ਮਿਲਣ ਕਾਰਣ, ਅਤੇ ਰਾਜ ਐਕਸਾਈਜ਼ ਡਿਊਟੀਆਂ (12 ਲੱਖ ਰੁਪਏ), ਕੇਂਦਰੀ ਵਿਕਰੀ ਕਰ ਅਤੇ ਆਮ ਵਿਕਰੀ ਕਰ ਵਿਚੋਂ ਵਧੇਰੇ ਆਮਦਨ ਕਾਰਣ ਵਿਕਰੀ ਕਰ (207 ਲੱਖ ਰੁਪਏ), ਹੋਰ ਕਰ ਅਤੇ ਡਿਊਟੀਆਂ (19 ਲੱਖ ਰੁਪਏ), ਜਾਇਦਾਦ ਆਦਿ ਦੇ ਇੰਤਕਾਲ ਹੋਣ ਦੇ ਫਲ-ਸਰੂਪ ਅਸ਼ਟਾਮਾਂ ਦੀ ਵਧੇਰੇ ਵਿਕਰੀ (138 ਲੱਖ ਰੁਪਏ), ਵਿਆਜ (38 ਲੱਖ ਰੁਪਏ), ਪਸ਼ੂ-ਪਾਲਣ (9 ਲੱਖ ਰੁਪਏ), ਸੜਕ-ਟ੍ਰਾਂਸਪੋਰਟ (166 ਲੱਖ ਰੁਪਏ), ਜੋ ਰੋਡਵੇਜ਼ ਦੀਆਂ ਬੱਸਾਂ ਦੇ ਵਧੇਰੇ ਮੀਲ ਚਲਣ ਦੀ ਸੰਭਾਵਨਾ ਕਾਰਣ ਹੈ, ਪੰਜਾਬ ਰਾਜ ਲਾਟਰੀ ਤੋਂ ਆਸ ਕੀਤੀ ਜਾਂਦੀ ਆਮਦਨ ਕਾਰਣ ਫੁਟਕਲ (100 ਲੱਖ ਰੁਪਏ), ਡਿਵੀਡੈਂਡ (18 ਲੱਖ ਰੁਪਏ) ਅਤੇ ਹੋਰ ਛੋਟੀਆਂ ਅਦਲਾ-ਬਦਲੀਆਂ (23 ਲੱਖ ਰੁਪਏ) ਕਾਰਣ ਹੈ। ਇਹ ਵਾਧੂ ਪ੍ਰਾਪਤੀਆਂ, ਸਹਾਇਤਾ ਅਤੇ ਮੁੜ ਵਸਾਉਣ ਉਤੇ ਘੱਟ ਖ਼ਰਚ ਹੋਣ ਕਰਕੇ, ਕੇਂਦਰੀ ਸਰਕਾਰ ਪਾਸੋਂ ਸਹਾਇਤਾ ਗ੍ਰਾਂਟ ਅਧੀਨ ਘੱਟ ਪ੍ਰਾਪਤੀਆਂ ਦੇ ਕਾਰਣ (546 ਲੱਖ ਰੁਪਏ), ਗੱਡੀਆਂ ਉਤੇ ਟੈਕਸ, (44 ਲੱਖ ਰੁਪਏ) ਅਤੇ ਖੇਤੀ-ਬਾੜੀ (28 ਲੱਖ ਰੁਪਏ) ਕਾਰਣ 618 ਲੱਖ ਰੁਪਏ ਤਕ ਮੁਜਰਾ ਹੋ ਗਈਆਂ ਹਨ।

ਸਾਲ 1973-74 ਦੇ ਦੌਰਾਨ ਮਾਲ-ਖ਼ਾਤੇ ਖ਼ਰਚ ਦਾ ਅਨੁਮਾਨ 2,06,42 ਲੱਖ ਰੁਪਏ ਹੈ ਜਦ ਕਿ ਸਾਲ 1972-73 ਦਾ ਸੋਧਿਆ ਅਨੁਮਾਨ 1,92,82 ਲੱਖ ਰੁਪਏ ਸੀ। ਇਸ ਵਿਚ 13,60 ਲੱਖ ਰੁਪਏ ਦਾ ਵਾਧਾ ਹੈ। ਅਸਲ ਵਿਚ ਵੱਖ ਵੱਖ ਲੇਖਾ-ਮੱਦਾਂ ਅਧੀਨ 25,47 ਲੱਖ ਰੁਪਏ ਦਾ ਵਧੀਕ ਖ਼ਰਚ ਹੋਇਆ ਹੈ, ਜੋ ਮੁਖ ਤੌਰ ਤੇ ਸਿੰਕਿੰਗ ਫੰਡ ਵਿਚ ਵਧੇਰੇ ਰਕਮ ਪਾਉਣ ਕਰਕੇ (51 ਲੱਖ ਰੁਪਏ), ਵੱਖ ਵੱਖ ਸਾਧਨਾਂ ਤੋਂ ਪ੍ਰਾਪਤ ਕੀਤੇ ਕਰਜ਼ਿਆਂ ਤੇ ਵਧੇਰੇ ਵਿਆਜ ਦੀ ਅਦਾਇਗੀ (139 ਲੱਖ ਰੁਪਏ), ਕਰਜ਼ਾ ਸੇਵਾਵਾਂ (190 ਲੱਖ ਰੁਪਏ), ਜਨਰਲ ਪ੍ਰਬੰਧ (74 ਲੱਖ ਰੁਪਏ), ਕੇਂਦਰ ਦੁਆਰਾ ਚਲਾਈਆਂ ਸਕੀਮਾਂ ਲਈ ਅਧਿਕ ਉਪਬੰਧ ਕਾਰਣ ਪੁਲਸ (40 ਲੱਖ ਰੁਪਏ) ਅਤੇ ਹਰੀਜਨਾਂ ਦੀ ਭਲਾਈ ਲਈ ਯੋਜਨਾ ਖ਼ਰਚ ਦੇ ਵਧਾਏ ਜਾਣ ਕਰਕੇ ਫੁਟਕਲ ਵਿਭਾਗ (65 ਲੱਖ ਰੁਪਏ), ਰਾਜ ਵਿਚ ਯੂਨੀਵਰਸਿਟੀਆਂ ਨੂੰ ਅਧਿਕ ਸਹਾਇਤਾ-ਗ੍ਰਾਂਟ, ਗਰੀਬਾਂ ਅਤੇ ਹੱਕਦਾਰ ਵਿਦਿਆਰਥੀਆਂ ਲਈ ਵਜ਼ੀਫਿਆਂ ਅਤੇ ਅਧਿਕ ਯੋਜਨਾ ਖ਼ਰਚ ਕਰਕੇ ਸਿਖਿਆ (693 ਲੱਖ ਰੁਪਏ), ਮੈਡੀਕਲ 1,46 ਲੱਖ ਰੁਪਏ, ਅਧਿਕ ਯੋਜਨਾ-ਖ਼ਰਚ ਕਰਕੇ ਜਨ ਸਿਹਤ (4,31 ਲੱਖ ਰੁਪਏ), ਪਰਿਵਾਰ ਨਿਯੋਜਨ (27 ਲੱਖ ਰੁਪਏ), ਪਸ਼ੂ-ਪਾਲਣ (60 ਲੱਖ ਰੁਪਏ), ਸਮੂਹਿਕ ਵਿਕਾਸ (38 ਲੱਖ ਰੁਪਏ), ਕਿਰਤ ਤੇ ਰੋਜ਼ਗਾਰ (52 ਲੱਖ ਰੁਪਏ), ਸਮਾਜਕ ਅਤੇ ਵਿਕਾਸ ਸੰਗਠਨ (42 ਲੱਖ ਰੁਪਏ), ਸਿੰਜਾਈ (73 ਲੱਖ ਰੁਪਏ), ਰੋਡਵੇਜ਼ ਦੀਆਂ ਬਸਾਂ ਦੇ ਵਧੇਰੇ ਮੀਲ ਚਲਣ ਕਰਕੇ ਅਤੇ ਗੱਡੀਆਂ ਚਲਾਉਣ ਦੇ ਵਧੇਰੇ ਖ਼ਰਚ ਕਰਕੇ ਸੜਕ ਟ੍ਰਾਂਸਪੋਰਟ (1,59 ਲੱਖ ਰੁਪਏ), ਕਾਲ ਸਹਾਇਤਾ (77 ਲੱਖ ਰੁਪਏ), ਸਿੰਜਾਈ ਉਤੇ ਪੂੰਜੀਗਤ

Original with;
Punjab Vidhan Sabha
Digitized by;
Panjab Digital Library

ਖ਼ਰਚ (22 ਲੱਖ ਰੁਪਏ), ਲੋਕ-ਕਾਰਜਾਂ ਉਤੇ ਪੂੰਜੀਗਤ ਖ਼ਰਚ (39 ਲੱਖ ਰੁਪਏ) ਅਤੇ ਸੜਕ ਤੇ ਟ੍ਰਾਂਸਪੋਰਟ ਦੀਆਂ ਸਕੀਮਾਂ ਉਤੇ ਪੂੰਜੀਗਤ ਖ਼ਰਚ (1,29 ਲੱਖ ਰੁਪਏ) ਕਰਕੇ ਹੋਇਆ ਹੈ। ਉਪਰੋਕਤ ਵਾਧੂ ਖ਼ਰਚ ਬਹੁ-ਮੰਤਵੀ ਦਰਿਆ ਸਕੀਮ ਅਧੀਨ ਘੱਟ ਖ਼ਰਚ ਕਰਨ ਕਾਰਣ (65 ਲੱਖ ਰੁਪਏ), ਸੜਕਾਂ ਤੇ ਇਮਾਰਤਾਂ ਦੀ ਉਸਾਰੀ ਲਈ ਘੱਟ ਉਪਬੰਧ ਕੀਤੇ ਜਾਣ ਕਾਰਣ ਲੋਕ ਕਾਰਜ (2,94 ਲੱਖ ਰੁਪਏ), ਖੇਤੀ-ਬਾੜੀ (31 ਲੱਖ ਰੁਪਏ) ਅਤੇ ਸਹਾਇਤਾ ਤੇ ਮੁੜ-ਵਸਾਉਣ ਉਤੇ ਘੱਟ ਖ਼ਰਚ ਕਾਰਣ ਫੁਟਕਲ (6,85 ਲੱਖ ਰੁਪਏ) ਕਾਰਣ 1390 ਲੱਖ ਰੁਪਏ ਤਕ ਮੁਜਰਾ ਹੋ ਗਿਆ ਹੈ। ਇਸ ਤੋਂ ਇਲਾਵਾ ਕੁਝ ਨਿੱਕੀਆਂ ਮੋਟੀਆਂ ਹੋਰ ਤਬਦੀਲੀਆਂ ਵੀ ਹਨ ਜੋ ਉੱਪਰ ਦਰਜ ਨਹੀਂ ਕੀਤੀਆਂ ਗਈਆਂ।

ਪੂੰਜੀਗਤ ਖ਼ਰਚ 23,05 ਲੱਖ ਰੁਪਏ ਤੋਂ ਵੱਧ ਕੇ 27,59 ਲੱਖ ਰੁਪਏ ਹੋ ਗਿਆ ਹੈ ਜਿਸ ਦੇ ਨਤੀਜੇ ਵਜੋਂ 454 ਲੱਖ ਰੁਪਏ ਦਾ ਵਾਧੂ ਖ਼ਰਚ ਹੋਇਆ ਹੈ।

ਬਜਟ ਵਿਚ ਲੋਕ-ਰਿਣ ਦੇ ਖ਼ਾਤੇ ਅਧੀਨ 34,99 ਲੱਖ ਰੁਪਏ ਦੇ ਸੋਧੇ ਹੋਏ ਅਨੁਮਾਨਾਂ ਦੇ ਮੁਕਾਬਲੇ ਤੇ 35,72 ਲੱਖ ਰੁਪਏ ਦੀ ਰਕਮ ਜਮ੍ਹਾਂ-ਖ਼ਾਤੇ ਪਾਈ ਗਈ ਹੈ ਅਤੇ ਇਸ ਤਰ੍ਹਾਂ 73 ਲੱਖ ਰੁਪਏ ਦਾ ਵਾਧਾ ਦਰਸਾਇਆ ਗਿਆ ਹੈ। ਕਰਜ਼ੇ ਅਤੇ ਪੇਸ਼ਗੀਆਂ ਦੀ ਮੱਦ ਅਧੀਨ, ਚਾਲੂ ਵਿੱਤੀ ਸਾਲ ਲਈ ਸੋਧੇ ਹੋਏ ਅਨੁਮਾਨਾਂ ਵਿਚ ਮਿੱਥੇ ਗਏ 52,97 ਲੱਖ ਰੁਪਏ ਦੇ ਮੁਕਾਬਲੇ ਤੇ 40,84 ਲੱਖ ਰੁਪਏ ਦੀ ਨਿਰੋਲ ਰਕਮ ਨਾਵੇਂ-ਖ਼ਾਤੇ ਵਿਚ ਵਿਖਾਈ ਗਈ ਹੈ। ਇਸ ਤਰ੍ਹਾਂ 12,13 ਲੱਖ ਰੁਪਏ ਦੀ ਕਮੀ ਦਰਸਾਈ ਗਈ ਹੈ। ਇਹ ਕਮੀ ਇਸ ਕਰਕੇ ਹੋਈ ਹੈ ਕਿਉਂਕਿ ਚਾਲੂ ਸਾਲ ਦੇ ਦੌਰਾਨ "ਜ਼ਰਾਇਤੀ ਪੈਦਾਵਾਰ ਵਧਾਉਣ ਦੀ ਹੰਗਾਮੀ ਮੁਹਿਮ" ਦੇ ਸਬੰਧ ਵਿਚ ਪੰਜਾਬ ਰਾਜ ਬਿਜਲੀ ਬੋਰਡ ਟਿਊਬਵੈੱਲ ਕਾਰਪੋਰੇਸ਼ਨ ਅਤੇ ਜ਼ਿਮੀਂਦਾਰਾਂ ਨੂੰ 14,12 ਲੱਖ ਰੁਪਏ ਦਾ ਕਰਜ਼ਾ ਦਿੱਤਾ ਗਿਆ ਅਤੇ ਅਗਲੇ ਸਾਲ ਦੇ ਬਜਟ ਵਿਚ ਅਜਿਹਾ ਕੋਈ ਉਪਬੰਧ ਨਹੀਂ ਕੀਤਾ ਗਿਆ। ਸਰਕਾਰੀ ਕਰਮਚਾਰੀਆਂ ਦੁਆਰਾ ਆਪਣੇ ਜਨਰਲ ਪ੍ਰਾਵੀਡੈਂਟ ਫ਼ੰਡ ਲੇਖਿਆਂ ਵਿਚ ਵਧੇਰੇ ਰਕਮ ਜਮ੍ਹਾਂ ਕਰਾਉਣ ਕਰਕੇ ਫ਼ੰਡ-ਰਹਿਤ, ਕਰਜ਼ੇ ਅਧੀਨ 44 ਲੱਖ ਰੁਪਏ ਦਾ ਵਾਧਾ ਹੋਇਆ ਹੈ। ਜਮ੍ਹਾਂ-ਰਕਮਾਂ, ਪੇਸ਼ਗੀਆਂ ਅਤੇ ਭੇਜੀਆਂ ਰਕਮ ਦੇ ਸੈਕਸ਼ਨਾਂ ਅਧੀਨ 3,59 ਲੱਖ ਰੁਪਏ ਜਮ੍ਹਾਂ ਹੋਣ ਦੀ ਆਸ ਹੈ। ਇਸ ਸੈਕਸ਼ਨ ਵਿਚ ਆਉਣ ਵਾਲੇ ਲੈਣ ਦੇਣ ਆਰਜ਼ੀ ਕਿਸਮ ਦੇ ਅਤੇ ਵਧਦੇ ਘਟਦੇ ਰਹਿਣ ਵਾਲੇ ਹਨ ਜਿਸ ਕਰਕੇ ਇਨ੍ਹਾਂ ਦਾ ਠੀਕ ਠੀਕ ਅਨੁਮਾਨ ਨਹੀਂ ਲਾਇਆ ਜਾ ਸਕਦਾ।

ਉਪਰੋਕਤ ਅਦਲਾ-ਬਦਲੀਆਂ ਦੇ ਵਿਸਥਾਰ ਪੂਰਬਕ ਕਾਰਣ ਵਿੱਤ ਸਕੱਤਰ ਦੇ ਯਾਦ-ਪੱਤਰ ਵਿਚ ਸਪੱਸ਼ਟ ਕੀਤੇ ਗਏ ਹਨ ਅਤੇ ਮਾਨਯੋਗ ਮੈਂਬਰਾਂ ਨੂੰ ਇਹ ਯਾਦ-ਪੱਤਰ ਵੇਖਣ ਲਈ ਬੇਨਤੀ ਕੀਤੀ ਜਾਂਦੀ ਹੈ।

**ਯੋਜਨਾ**

ਚੌਥੀ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦਾ ਕੁਲ ਖ਼ਰਚ ਕੇਵਲ 204.15 ਕਰੋੜ ਰੁਪਏ ਸੀ। ਹਰ ਲਿਹਾਜ਼ ਨਾਲ ਇਹ ਰਕਮ ਰਾਜ ਨੂੰ ਤੇਜ਼ੀ ਨਾਲ ਤਰੱਕੀ ਵਲ ਲਿਜਾਣ ਲਈ ਨਾ-ਕਾਫੀ ਸੀ। ਰਾਸ਼ਟਰਪਤੀ ਜੀ ਦੇ ਸ਼ਾਸਨ ਦੇ ਦੌਰਾਨ ਯੋਜਨਾ ਦੇ ਚੌਥੇ ਸਾਲ ਲਈ ਯੋਜਨਾ ਖ਼ਰਚ 86.75 ਕਰੋੜ ਰੁਪਏ ਨਿਸ਼ਚਿਤ ਕੀਤਾ ਗਿਆ ਸੀ। ਇਹ ਰਕਮ ਮਈ, 1972 ਵਿਚ ਅਨੁਪੂਰਕ ਅਨੁਮਾਨਾਂ ਰਾਹੀਂ ਵਧਾ ਕੇ 94.7 ਕਰੋੜ ਰੁਪਏ ਕਰ ਦਿੱਤੀ ਗਈ ਅਤੇ ਹੁਣ ਇਹ ਰਕਮ ਵਧਾ ਕੇ 102.09 ਕਰੋੜ ਰੁਪਏ ਕਰ ਦਿੱਤੀ ਜਾਵੇਗੀ ਕਿਉਂਕਿ ਬਿਆਸ ਪ੍ਰਾਜੈਕਟ ਦੇ ਕੰਮ ਨੂੰ ਤੇਜ਼ ਕਰਨ ਲਈ 7.39 ਕਰੋੜ ਰੁਪਏ ਦੀ ਵਾਧੂ ਰਕਮ ਦਿੱਤੀ ਗਈ ਹੈ। ਸਰਕਾਰ ਅਨਾਜ ਦੀ ਪੈਦਾਵਾਰ ਵਧਾਉਣ ਦੇ ਹੰਗਾਮੀ ਪ੍ਰੋਗਰਾਮ ਉਤੇ 16 ਕਰੋੜ ਰੁਪਏ ਅਤੇ ਕੇਂਦਰ ਦੁਆਰਾ ਚਲਾਈਆਂ ਹੋਰ ਸਕੀਮਾਂ ਉਤੇ 2.73 ਕਰੋੜ ਰੁਪਏ ਵੀ ਖਰਚ ਕਰੇਗੀ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਆਪਣੇ ਆਰਥਿਕ ਢਾਂਚੇ ਨੂੰ ਅਜਿਹੇ ਪੜਾ ਉਤੇ ਪਹੁੰਚਾਉਣ ਦੇ ਮਨੋਰਥ ਨਾਲ ਜਿੱਥੇ ਕਿ ਇਹ ਆਤਮ-ਨਿਰਭਰ ਹੋ ਸਕੇ, ਸਾਲ 1973-74 ਲਈ ਸਾਲਾਨਾ ਯੋਜਨਾ ਦਾ ਆਕਾਰ 123.33 ਕਰੋੜ ਰੁਪਏ ਨਿਸ਼ਚਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਕੇਂਦਰ ਦੁਆਰਾ ਚਲਾਈਆਂ ਸਕੀਮਾਂ, ਜਿਸ ਵਿਚ ਅਨਾਜ ਦੀ ਪੈਦਾਵਾਰ ਵਧਾਉਣ ਦਾ ਪ੍ਰੋਗਰਾਮ ਸ਼ਾਮਲ ਹੈ, ਉਤੇ ਕਾਫੀ ਜ਼ਿਆਦਾ ਖਰਚ ਕੀਤਾ ਜਾਵੇਗਾ। ਕਾਰਪੋਰੇਟ ਸੈਕਟਰ ਵਿਚ ਵਿਕਾਸ ਸਰਗਰਮੀਆਂ ਨੂੰ ਅਮਲੀ ਰੂਪ ਦੇਣ ਲਈ ਬੈਂਕਾਂ ਦੁਆਰਾ ਚਲਾਉਣ ਯੋਗ ਕਈ ਸਕੀਮਾਂ ਬਣਾਈਆ ਜਾ ਰਹੀਆਂ ਹਨ। 123.33 ਕਰੋੜ ਰੁਪਏ ਦੀ 1973-74 ਦੀ ਸਾਲਾਨਾ ਯੋਜਨਾ ਦੇ ਅਮਲ ਵਿਚ ਲਿਆਏ ਜਾਣ ਨਾਲ ਚੌਥੀ ਯੋਜਨਾ ਦਾ ਆਕਾਰ 293.56 ਕਰੋੜ ਰੁਪਏ ਦੇ ਮੂਲ ਨਿਸ਼ਾਨੇ ਤੋਂ ਵੱਧ ਕੇ 429.57 ਕਰੋੜ ਰੁਪਏ ਹੋ ਜਾਵੇਗਾ।

ਅਸੀਂ ਇਹ ਮਿੱਥ ਕੇ ਪੰਜਵੀਂ ਪੰਜ ਸਾਲਾ ਯੋਜਨਾ ਨੂੰ ਅੰਤਿਮ ਰੂਪ ਦੇ ਰਹੇ ਹਾਂ ਕਿ ਰਾਜ ਦੀ ਆਰਥਿਕ ਹਾਲਤ ਵਿਚ ਸਮੁੱਚੇ ਤੌਰ ਤੇ 7.5 ਫੀ ਸਦੀ ਸਾਲਾਨਾ ਦਾ ਵਾਧਾ ਹੋਵੇਗਾ। ਇਹ ਆਸ ਕੀਤੀ ਜਾਂਦੀ ਹੈ ਕਿ ਜ਼ਰਾਇਤੀ ਸੈਕਟਰ ਵਿਚ 6 ਫੀ ਸਦੀ ਸਾਲਾਨਾ, ਪਸ਼ੂ-ਪਾਲਣ ਸੈਕਟਰ ਵਿਚ 12 ਫੀ ਸਦੀ ਸਾਲਾਨਾ ਅਤੇ ਸਨੱਅਤੀ ਸੈਕਟਰ ਵਿਚ 12 ਫੀ ਸਦੀ ਸਾਲਾਨਾ ਵਾਧਾ ਹੋਵੇਗਾ। ਜ਼ਰਾਇਤੀ ਸੈਕਟਰ ਵਿਚ ਕਾਫੀ ਪ੍ਰਗਤੀ ਕੀਤੀ ਗਈ ਹੈ ਪਰੰਤੂ ਸਨੱਅਤੀ ਸੈਕਟਰ ਵਿੱਚ ਅਜੇ ਕਾਫੀ ਕੁਝ ਕਰਨਾ ਹੈ। ਇਸ ਲਈ, ਵੱਡੇ ਅਤੇ ਛੋਟੇ ਪੈਮਾਨੇ ਦੇ ਸੈਕਟਰਾਂ ਦਾ ਵਿਕਾਸ ਕਰਨ ਲਈ ਪੁਰਜ਼ੋਰ ਕੋਸ਼ਿਸ਼ ਕੀਤੀ ਜਾਵੇਗੀ। ਖੇਤੀ-ਬਾੜੀ ਉਤੇ ਆਧਾਰਿਤ ਉਦਯੋਗਾਂ ਅਤੇ ਡੇਅਰੀ ਉਦਯੋਗ, ਜੋ ਪਛੜੀ ਹੋਈ ਹਾਲਤ ਵਿਚ ਹਨ, ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ, ਪੰਜਵੀਂ ਯੋਜਨਾ ਦਾ ਆਕਾਰ ਚੌਥੀ ਯੋਜਨਾ ਨਾਲ ਦੁਗਣਾ ਹੋਵੇਗਾ, ਅਰਥਾਤ 800 ਕਰੋੜ ਰੁਪਏ ਤੋਂ ਵਧ ਹਵੇਗਾ।

### ਰਾਜ ਯੋਜਨਾ ਬੋਰਡ

ਯੋਜਨਾ ਬਣਾਉਣ ਅਤੇ ਮੁੱਲੰਕਣ ਦੇ ਕੰਮ ਨੂੰ ਤੇਜ਼ ਕਰਨ ਲਈ ਅਤੇ ਯੋਜਨਾ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ ਵਿਚ ਜਨਤਾ ਦਾ ਸਹਿਯੋਗ ਯਕੀਨੀ ਤੌਰ ਤੇ ਪ੍ਰਾਪਤ ਕਰਨ ਲਈ, ਰਾਜ ਸਰਕਾਰ ਨੇ ਇਕ ਰਾਜ ਯੋਜਨਾ ਬੋਰਡ ਬਣਾਇਆ ਹੈ। ਇਸ ਦੇ ਚੇਅਰਮੈਨ ਮੁੱਖ ਮੰਤਰੀ ਜੀ, ਅਤੇ ਇਸ ਦੇ ਮੈਂਬਰ ਪ੍ਰਸਿੱਧ ਮਾਹਿਰ ਬਣਾਏ ਗਏ ਹਨ। ਯੋਜਨਾ ਪ੍ਰੋਗਰਾਮਾਂ ਨੂੰ ਯਕੀਨੀ ਤੌਰ ਤੇ ਕਾਮਯਾਬ ਕਰਨ ਲਈ ਅਤੇ ਇਸ ਵਿਚ, ਜਿਥੇ ਜ਼ਰੂਰੀ ਸਮਝਿਆ ਜਾਵੇ, ਨਾਲੋਂ ਨਾਲ ਦਰੁਸਤੀਆਂ ਕਰਨ ਲਈ ਇਸ ਬੋਰਡ ਵਿਚ ਇਕ ਮੁੱਲੰਕਣ ਅਤੇ ਯੋਜਨਾ ਮਾਨੀਟਰਿੰਗ ਸੈਲ ਵੀ ਕਾਇਮ ਕੀਤਾ ਜਾਵੇਗਾ। ਜ਼ਿਲ੍ਹਾ ਪੱਧਰ ਉਤੇ ਡਿਪਟੀ ਕਮਿਸ਼ਨਰਾਂ ਦੀ ਪ੍ਰਧਾਨਗੀ ਅਧੀਨ ਜ਼ਿਲ੍ਹਾ ਯੋਜਨਾ ਕਮੇਟੀਆਂ ਬਣਾਈਆਂ ਗਈਆਂ ਹਨ।

## ਵਿਕਾਸ ਸਰਗਰਮੀਆਂ

### ਖੇਤੀਬਾੜੀ ਦੀ ਪੈਦਾਵਾਰ

ਹੋਰਨਾਂ ਰਾਜਾਂ ਵਾਂਗ, ਪੰਜਾਬ ਨੂੰ ਵੀ 1972 ਦੀ ਸਾਉਣੀ ਦੀ ਫਸਲ ਦੇ ਦੌਰਾਨ ਗੰਭੀਰ ਸੋਕੇ ਦਾ ਸਾਹਮਣਾ ਕਰਨਾ ਪਿਆ। ਇਸ ਹਾਲਤ ਦਾ ਮੁਕਾਬਲਾ ਕਰਨ ਲਈ, ਰਾਜ ਸਰਕਾਰ ਨੇ ਅਨਾਜ ਦੀ ਪੈਦਾਵਾਰ ਵਧਾਉਣ ਦਾ ਇਕ ਹੰਗਾਮੀ ਪ੍ਰੋਗਰਾਮ ਸ਼ੁਰੂ ਕੀਤਾ। ਇਸ ਵਿਚ 10,000 ਟਿਊਬਵੈਲ ਲਾਉਣ ਅਤੇ ਸਰਹੱਦੀ ਜ਼ਿਲ੍ਹਿਆਂ ਵਿਚ 50 ਫੀਸਦੀ ਸਹਾਇਤਾ ਦਰਾਂ ਤੇ ਪੰਪਿੰਗ ਸੈੱਟ ਲਾਉਣ ਦੀ ਦੀ ਯੋਜਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਲੋੜ ਪੈਣ ਤੇ ਵਰਤੇ ਜਾਣ ਲਈ ਡੀਜ਼ਲ ਇੰਜਨ ਖ਼ਰੀਦਣ ਲਈ 15,000 ਕਿਸਾਨਾਂ ਨੂੰ ਕਰਜ਼ੇ ਦਿੱਤੇ ਗਏ ਹਨ। ਪੰਜਾਬ ਰਾਜ ਬਿਜਲੀ ਬੋਰਡ ਨੂੰ 10,000 ਟਿਊਬ-

Original with;
Punjab Vidhan Sabha
Digitized by;
Panjab Digital Library

ਵੈਲਾਂ ਨੂੰ ਬਿਜਲੀ ਦੇਣ ਦੇ ਆਪਣੇ ਪਹਿਲੇ ਪ੍ਰੋਗਰਾਮ ਤੋਂ ਇਲਾਵਾ, 15,000 ਹੋਰ ਟਿਊਬਵੈਲਾਂ ਨੂੰ ਬਿਜਲੀ ਦੇਣ ਲਈ 6 ਕਰੋੜ ਰੁਪਏ ਦੀ ਰਕਮ ਦਿੱਤੀ ਗਈ ਹੈ। ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ 1.25 ਕਰੋੜ ਰੁਪਏ ਦੀ ਲਾਗਤ ਨਾਲ 100 ਡੂੰਘੇ ਟਿਊਬਵੈਲ ਲਾ ਰਹੀ ਹੈ । ਕਿਸਾਨਾਂ ਨੂੰ ਰਸਾਇਣਕ ਖਾਦ ਖ਼ਰੀਦਣ ਲਈ ਥੋੜੇ ਅਰਸੇ ਦੇ ਕਰਜ਼ੇ ਦੇਣ ਲਈ 33 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਕਣਕ ਦੇ 1 ਲੱਖ ਏਕੜ ਰਕਬੇ ਉਤੇ ਹੈਲੀਕਾਪਟਰਾਂ ਦੁਆਰਾ ਯੂਰੀਆ ਸਪਰੇ ਕਰਨ ਦੀ ਇਕ ਸਕੀਮ ਸ਼ੁਰੂ ਕੀਤੀ ਗਈ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਾਰੇ ਉਪਾਵਾਂ ਨਾਲ 1972-73 ਦੀ ਕਣਕ ਦੀ ਪੈਦਾਵਾਰ 56 ਲੱਖ ਟਨ ਤੋਂ ਵੱਧ ਕੇ 58 ਲੱਖ ਟਨ ਹੋ ਜਾਵੇਗੀ ।

ਸਾਲ 1973-74 ਵਿਚ ਲਗ ਭਗ 5.6 ਲੱਖ ਹੈਕਟੇਅਰ ਰਕਬੇ ਵਿਚ ਝੋਨਾ ਬੀਜੇ ਜਾਣ ਦੀ ਸੰਭਾਵਨਾ ਹੈ। ਜਿਸ ਵਿਚੋਂ 4.5 ਲੱਖ ਹੈਕਟੇਅਰ ਰਕਬੇ ਵਿਚ ਚੰਗੀ ਝਾੜ ਦੇਣ ਵਾਲੀਆਂ ਕਿਸਮਾਂ ਬੀਜੀਆਂ ਜਾਣਗੀਆਂ। ਚੌਲਾਂ ਦੀ ਪੈਦਾਵਾਰ 11.25 ਲੱਖ ਟਨ ਹੋਣ ਦੀ ਸੰਭਾਵਨਾ ਹੈ । ਕਪਾਹ ਦੀ ਪੈਦਾਵਾਰ ਵਧਾ ਕੇ 10 ਲੱਖ ਗੱਠਾਂ ਅਤੇ ਮੱਕੀ ਦੀ 8.25 ਲੱਖ ਟਨ ਕੀਤੀ ਜਾਵੇਗੀ। ਆਸ ਹੈ ਕਿ ਸਾਲ 1973-74 ਦੇ ਦੌਰਾਨ ਕਣਕ ਦੀ ਪੈਦਾਵਾਰ 60 ਲੱਖ ਟਨ ਤਕ ਪਹੁੰਚ ਜਾਵੇਗੀ।

ਇਨ੍ਹਾਂ ਯਤਨਾਂ ਦੇ ਨਤੀਜੇ ਵਜੋਂ ਸਾਲ 1973-74 ਦੇ ਦੌਰਾਨ ਅਨਾਜ ਦੀ ਕੁੱਲ ਪੈਦਾਵਾਰ 82 ਲੱਖ ਟਨ ਹੋਵੇਗੀ, ਜਿਸ ਵਿਚੋਂ ਲਗ ਭਗ 50 ਲੱਖ ਟਨ ਅਨਾਜ ਕੇਂਦਰੀ ਭੰਡਾਰ ਵਿਚ ਦਿੱਤਾ ਜਾਵੇਗਾ ।

## ਭੋਂ ਸੰਭਾਲ

ਭੋਂ ਅਤੇ ਪਾਣੀ, ਦੋ ਅਜਿਹੇ ਕੁਦਰਤੀ ਅਤੇ ਕੀਮਤੀ ਸਾਧਨ ਹਨ, ਜਿਨ੍ਹਾਂ ਉਤੇ ਰਾਜ ਦੀ ਆਰਥਿਕਤਾ ਨਿਰਭਰ ਕਰਦੀ ਹੈ। ਭੋਂ ਅਤੇ ਪਾਣੀ ਦੇ ਪ੍ਰਬੰਧ ਦੀ ਸਮੱਸਿਆ ਨੂੰ ਹੱਲ ਕਰਨ ਲਈ, ਸਾਲ 1972-73 ਦੇ ਦੌਰਾਨ 20,000 ਹੈਕਟੇਅਰ ਰਕਬੇ ਦਾ ਸੁਧਾਰ ਕਰਨ ਲਈ 2.39 ਕਰੋੜ ਰੁਪਏ ਖ਼ਰਚ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ ਹੈ। ਜ਼ਮੀਨ-ਦੋਜ਼ ਸਿੰਜਾਈ ਦਾ ਤਰੀਕਾ ਅਤੇ ਨਹਿਰੀ ਖਾਲਾਂ ਨੂੰ ਪੱਕਾ ਕਰਨ ਦਾ ਪ੍ਰੋਗਰਾਮ ਦਿਨੋ ਦਿਨ ਕਿਸਾਨਾਂ ਦੁਆਰਾ ਵਧੇਰੇ ਪਸੰਦ ਕੀਤਾ ਜਾ ਰਿਹਾ ਹੈ। ਸਾਲ 1973-74 ਵਿਚ ਭੋਂ-ਸੰਭਾਲ ਪ੍ਰੋਗਰਾਮ ਦਾ ਖ਼ਰਚ ਵਧਕੇ 3.47 ਕਰੋੜ ਰੁਪਏ ਹੋ ਜਾਵੇਗਾ। ਪੰਜਾਬ ਦੇ ਨੀਮ-ਪਹਾੜੀ ਇਲਾਕਿਆਂ ਵਿਚ ਭੋਂ-ਸੰਭਾਲ ਦੇ ਕੰਮ ਉਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਕੰਡੀ ਦੇ ਇਲਾਕੇ ਵਿਚ 66 ਲੱਖ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ। ਇਸ ਨਾਲ, ਇਸ ਪਛੜੇ ਹੋਏ ਇਲਾਕੇ ਦੇ ਲੋਕਾਂ ਦੀ ਆਰਥਕ ਹਾਲਤ ਵਿਚ ਸੁਧਾਰ ਹੋਵੇਗਾ।

## ਕਲਰ ਜ਼ਮੀਨ ਦਾ ਸੁਧਾਰ

ਸਾਡੇ ਰਾਜ ਵਿਚ ਲਗ ਭਗ 6 ਲਖ ਹੈਕਟੇਅਰ ਜ਼ਮੀਨ ਅਜਿਹੀ ਹੈ ਜਿਸ ਵਿਚ ਬਹੁਤ ਜ਼ਿਆਦਾ ਨਮਕ ਹੈ। ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਸੰਗਰੂਰ, ਪਟਿਆਲਾ ਅਤੇ ਫ਼ਰੀਦਕੋਟ ਦੇ ਜ਼ਿਲ੍ਹਿਆਂ ਵਿਚ ਲਗ ਭਗ 2 ਲੱਖ ਏਕੜ ਜ਼ਮੀਨ ਬਿਲਕੁਲ ਹੀ ਕਾਸ਼ਤ-ਯੋਗ ਨਹੀਂ। ਸਰਕਾਰ ਨੇ ਅਗਲੇ 4/5 ਸਾਲਾਂ ਵਿਚ ਇਸ 2 ਲਖ ਏਕੜ ਜ਼ਮੀਨ ਨੂੰ ਸੁਧਾਰਨ ਦਾ ਫ਼ੈਸਲਾ ਕੀਤਾ ਹੈ। ਸੰਗਰੂਰ, ਪਟਿਆਲਾ, ਕਪੂਰਥਲਾ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿਚ 20,000 ਏਕੜ ਰਕਬੇ ਨੂੰ ਸੁਧਾਰਨ ਲਈ 4 ਸਕੀਮਾਂ ਬਣਾਈਆਂ ਗਈਆਂ ਹਨ ਅਤੇ ਕਰਜ਼ਾ ਪ੍ਰਾਪਤ ਕਰਨ ਲਈ ਐਗਰੀਕਲਚਰਲ ਰੀਫ਼ਾਈਨਾਂਸ ਕਾਰਪੋਰੇਸ਼ਨ ਨੂੰ ਭੇਜੀਆਂ ਗਈਆਂ ਹਨ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

## ਸਿੰਜਾਈ

ਪੰਜਾਬ ਰਾਜ ਵਿਚ ਕੁਲ 124 ਲੱਖ ਏਕੜ ਜ਼ਮੀਨ, ਹੈ, ਜਿਸ ਵਿਚੋਂ 110 ਲੱਖ ਏਕੜ ਕਾਸ਼ਤ-ਯੋਗ ਹੈ। ਸਾਲ 1971-72 ਵਿਚ ਨਹਿਰਾਂ ਅਤੇ ਸਰਕਾਰੀ ਟਿਊਬਵੈਲਾਂ ਦੁਆਰਾ 55.54 ਲੱਖ ਏਕੜ ਦੀ ਸਿੰਜਾਈ ਕੀਤੀ ਗਈ ਸੀ। ਸਿੰਜਾਈ ਅਧੀਨ ਵੱਧੇਰੇ ਰਕਬਾ ਲਿਆਉਣ ਦੇ ਮੰਤਵ ਲਈ, 753 ਲਖ ਰੁਪਏ ਦੀਆਂ ਪੰਜ ਸਕੀਮਾਂ ਚੌਥੀ ਪੰਜ-ਸਾਲਾ ਯੋਜਨਾ ਵਿਚ ਸ਼ਾਮਲ ਕੀਤੀਆਂ ਗਈਆਂ ਸਨ ਇਨ੍ਹਾਂ ਸਕੀਮਾਂ ਦੇ ਮੁਕੰਮਲ ਹੋਣ ਨਾਲ ਲਗ ਭਗ 7.27 ਲੱਖ ਏਕੜ ਹੋਰ ਰਕਬਾ ਸਿੰਜਾਈ ਅਧੀਨ ਆ ਜਾਵੇਗਾ।

ਅਪਰ ਬਾਰੀ ਦੁਆਬ ਨਹਿਰ ਦੇ ਖੇਤਰ ਦੇ ਨਾਲ ਨਾਲ ਟਿਊਬਵੈਲ ਲਾਉਣ ਦੀ ਸਕੀਮ ਅਧੀਨ 129 ਟਿਊਬਵੈਲ ਬੋਰ ਕੀਤੇ ਗਏ ਹਨ, 120 ਠੀਕ ਕੀਤੇ ਗਏ ਹਨ, ਅਤੇ ਸ਼ਾਹਕੋਟ, ਮਾਹਲ ਪੁਰ ਅਤੇ ਬੇਜਵਾੜਾ ਦੇ ਬਲਾਕਾਂ ਵਿਚ 172 ਟਿਊਬਵੈਲ ਲਾਏ ਗਏ ਹਨ।

ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਨੇ 757.76 ਲੱਖ ਰੁਪਏ ਦੀ ਅਨੁਮਾਨਤ ਲਾਗਤ ਨਾਲ 755 ਟਿਊਬਵੈਲ ਲਗਾਉਣ ਲਈ 8 ਸਕੀਮਾਂ ਸ਼ੁਰੂ ਕੀਤੀਆਂ ਹਨ ਅਤੇ ਨਹਿਰੀ ਪਾਣੀ ਦੀ ਸਪਲਾਈ ਨੂੰ ਵਧਾਉਣ ਲਈ 275 ਟਿਊਬਵੈਲ ਪਹਿਲਾਂ ਹੀ ਲਾ ਚੁੱਕੀ ਹੈ। ਹੋਰ ਰਕਬਾ ਸਿੰਜਾਈ ਅਧੀਨ ਲਿਆਉਣ ਲਈ ਕਾਰਪੋਰੇਸ਼ਨ ਨੇ 500 ਡੂੰਘੇ ਟੀਊਬਵੈਲ ਸਾਲ 1973-74 ਵਿਚ ਅਤੇ 500 ਪੰਜਵੀਂ ਪੰਜ-ਸਾਲਾ ਯੋਜਨਾ ਦੇ ਪਹਿਲੇ ਸਾਲ ਵਿਚ ਲਾਉਣ ਦਾ ਪ੍ਰੋਗਰਾਮ ਬਣਾਇਆ ਹੈ।

## ਹੜ੍ਹ ਕੰਟਰੋਲ ਅਤੇ ਜਲ ਨਿਕਾਸ

ਚੌਥੀ ਯੋਜਨਾ ਦੇ ਪਹਿਲੇ ਚਾਰ ਸਾਲਾਂ ਦੇ ਦੌਰਾਨ ਲਗ ਭਗ 1021 ਲੱਖ ਰੁਪਏ ਖ਼ਰਚ ਹੋਣ ਦੀ ਸੰਭਾਵਨਾ ਹੈ।

ਇਸ ਨਾਲ 4.11 ਲੱਖ ਹੈਕਟੇਅਰ ਜ਼ਮੀਨ ਹੜ੍ਹਾਂ ਦੇ ਖ਼ਤਰੇ ਤੋਂ ਬਚ ਜਾਵੇਗੀ। ਇਸ ਮੰਤਵ ਲਈ ਸਾਲ 1973-74 ਲਈ 3 ਕਰੋੜ ਰੁਪਏ ਰਖੇ ਗਏ ਹਨ। ਇਸ ਨਾਲ, ਹੜ੍ਹਾਂ ਦੇ ਖ਼ਤਰੇ ਤੋਂ ਲਗ ਭਗ 1.21 ਲਖ ਹੈਕਟੇਅਰ ਰਕਬਾ ਮਹਿਫੂਜ਼ ਹੋ ਜਾਵੇਗਾ। ਪੰਜਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ, 25 ਕਰੋੜ ਰੁਪਏ ਦੇ ਖਰਚ ਨਾਲ ਸ਼ੁਰੂ ਕੀਤੀਆਂ ਵੱਖ ਵੱਖ ਸਕੀਮਾਂ ਨੂੰ ਜਾਰੀ ਰਖਣ ਅਤੇ ਮੁਕੰਮਲ ਕਰਨ ਦੀ ਤਜਵੀਜ਼ ਹੈ।

ਜ਼ਰਾਇੰਤੀ ਪੈਦਾਵਾਰ ਤੇਜ਼ੀ ਨਾਲ ਵਧਾਉਣ ਲਈ, ਅਸੀਂ ਭਾਰਤ ਸਰਕਾਰ ਨੂੰ ਵਿਸ਼ੇਸ਼ ਸਹਾਇਤਾ ਦੇਣ ਲਈ ਬੇਨਤੀ ਕੀਤੀ ਹੈ। ਖੁਸ਼ੀ ਦੀ ਗੱਲ ਹੈ ਕਿ 1,000 ਡੂੰਘੇ ਟਿਊਬਵੈਲ ਲਾਉਣ ਲਈ 17 ਕਰੋੜ ਰੁਪਏ ਦੀ ਰਕਮ ਦੇਣ ਦਾ ਭਰੋਸਾ ਦਿਵਾਇਆ ਗਿਆ ਹੈ। ਇਸੇ ਤਰ੍ਹਾਂ 50 ਫ਼ੀ ਸਦੀ ਸਹਾਇਤਾ ਦਰਾਂ ਤੇ ਸਰਹੱਦ ਤੋਂ 10 ਮੀਲ ਦੀ ਪਟੀ ਦੇ ਅੰਦਰ ਰਕਬੇ ਵਿਚ 10,000 ਘੱਟ ਡੂੰਘੇ ਟਿਊਬਵੈਲ ਲਾਉਣ ਲਈ 5 ਕਰੋੜ ਰੁਪਏ ਮਿਲਣ ਦੀ ਵੀ ਆਸ ਹੈ। ਜੇ ਸਾਡੇ ਵਲੋਂ ਭਾਰਤ ਸਰਕਾਰ ਨੂੰ 35 ਕਰੋੜ ਰੁਪਏ ਦੀ ਸਹਾਇਤਾ ਲਈ ਪੇਸ਼ ਕੀਤੀ ਤਜਵੀਜ਼ ਪ੍ਰਵਾਨ ਕਰ ਲਈ ਗਈ ਤਾਂ ਸਾਨੂੰ ਆਸ ਹੈ ਕਿ ਕੇਂਦਰੀ ਭੰਡਾਰ ਵਿਚ ਅਸੀਂ 50 ਲੱਖ ਟਨ ਦੀ ਥਾਂ 60 ਲੱਖ ਟਨ ਅਨਾਜ ਦੇ ਸਕਾਂਗੇ ਜਿਸ ਦਾ ਬਦੇਸ਼ੀ ਸਿੱਕੇ ਵਿਚ ਮੁਲ ਲਗ ਭਗ 600 ਕਰੋੜ ਰੁਪਏ ਹੋਵੇਗਾ।

## ਡੇਅਰੀ ਉਦਯੋਗ

ਲੁਧਿਆਣੇ ਅਤੇ ਬਠਿੰਡੇ ਵਿਖੇ ਤਰਤੀਬਵਾਰ ਇਕ ਲੱਖ ਅਤੇ ਪੰਜਾਹ ਹਜ਼ਾਰ ਲਿਟਰ ਰੋਜ਼ਾਨਾ ਸਮਰੱਥਾ ਵਾਲੇ ਦੁੱਧ-ਪਲਾਂਟ ਲਾਏ ਜਾ ਰਹੇ ਹਨ। ਭਾਰਤੀ ਡੇਅਰੀ ਕਾਰਪੋਰੇਸ਼ਨ ਦੇ ਸਹਿਯੋਗ ਨਾਲ

Original with;
Punjab Vidhan Sabha
Digitized by;
Panjab Digital Library

ਹੁਸ਼ਿਆਰਪੁਰ ਵਿਖੇ 1.24 ਕਰੋੜ ਰੁਪਏ ਦੀ ਲਾਗਤ ਨਾਲ ਇਕ ਹੋਰ ਦੁਧ ਪਲਾਂਟ ਲਾਉਣ ਦੀ ਵੀ ਤਜਵੀਜ਼ ਹੈ ।

ਹੰਗਾਮੀ ਪ੍ਰੋਗਰਾਮ ਅਧੀਨ, ਰਾਜ ਵਿੱਚ ਡੇਅਰੀ ਸਰਗਰਮੀਆਂ ਨੂੰ ਤੇਜ਼ ਕਰਨ ਲਈ, ਭਾਰਤੀ ਡੇਅਰੀ ਕਾਰਪੋਰੇਸ਼ਨ ਦੁਆਰਾ 3.82 ਕਰੋੜ ਰੁਪਏ ਦੀ ਰਕਮ ਪੰਜਾਬ ਡੇਅਰੀ ਵਿਕਾਸ ਕਾਰਪੋਰੇਸ਼ਨ ਨੂੰ ਦਿੱਤੀ ਗਈ ਹੈ। ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਮੁਹਾਲੀ ਵਿਖੇ ਇਕ ਦੁੱਧ-ਪਲਾਂਟ ਅਤੇ ਭਟੀਆਂ ਵਿਖੇ ਇਕ ਚਾਰਾ ਫ਼ੈਕਟਰੀ ਲਾਈ ਜਾ ਰਹੀ ਹੈ।

ਵਧੇਰੇ ਦੁੱਧ ਦੇਣ ਵਾਲੇ ਪਸ਼ੂ ਖਰੀਦਣ ਲਈ ਕਿਸਾਨਾਂ ਨੂੰ ਲੋੜੀਂਦਾ ਵਿੱਤ ਮੁਹੱਈਆ ਕਰਨ ਦੇ ਮੰਤਵ ਨਾਲ, "ਦੁੱਧ ਸਹਿਕਾਰੀ ਸਭਾਵਾਂ ਨੂੰ ਮਜ਼ਬੂਤ ਕਰਨ ਅਤੇ ਤੇਜ਼ ਕਰਨ" ਦੀ ਸਕੀਮ ਬਸੀ ਪਠਾਣਾ, ਮੋਰਿੰਡਾ, ਬੀਜਾ ਅਤੇ ਪੱਟੀ ਦੇ ਇਲਾਕਿਆਂ ਵਿਚ ਬਣਾਈ ਗਈ ਹੈ ਅਤੇ ਲਾਗੂ ਕੀਤੀ ਜਾ ਰਹੀ ਹੈ ।

### ਪਸ਼ੂ ਪਾਲਨ

ਸਾਲ 1973-74 ਵਿਚ ਪਸ਼ੂ ਵਿਕਾਸ ਪ੍ਰੋਗਰਾਮ ਹੋਰ ਵੀ ਤੇਜ਼ੀ ਨਾਲ ਵਧੇਗਾ ਕਿਉਂਕਿ ਚਾਲੂ ਸਾਲ ਦੇ ਦੌਰਾਨ ਇੰਡੋ-ਸਵਿਸ ਪ੍ਰਾਜੈਕਟ ਅਧੀਨ ਵਲਾਇਤੀ ਪਸ਼ੂ ਕਾਫੀ ਗਿਣਤੀ ਵਿਚ ਪ੍ਰਾਪਤ ਕੀਤੇ ਗਏ ਹਨ ਅਤੇ ਨਸਲਸੁਧਾਰ ਫਾਰਮਾਂ ਵਿਚ ਪਸ਼ੂਆਂ ਦੇ ਫਾਉਂਡੇਸ਼ਨ ਸਟਾਕ ਦੀ ਗਿਣਤੀ ਵਧਾਈ ਜਾ ਰਹੀ ਹੈ। ਇਸ ਤੋਂ ਇਲਾਵਾ, ਸਾਲ 1973-74 ਵਿਚ ਅੰਮ੍ਰਿਤਸਰ ਵਿਖੇ ਕੇਂਦਰੀ ਸੀਮਨ ਪ੍ਰਾਜੈਕਟ ਵੀ ਪੂਰੇ ਜ਼ੋਰਾਂ ਤੇ ਕੰਮ ਕਰਨਾ ਸ਼ੁਰੂ ਕਰ ਦੇਵੇਗਾ ।

### ਸਹਿਕਾਰਤਾ

ਮਹਿਕਮ ਨੇ ਸਹਿਕਾਰੀ ਸੈਕਟਰ ਵਿਚ ਇਕ ਡੇਅਰੀ ਕਮਪਲੈਕਸ ਸਥਾਪਤ ਕਰਨ ਦੀ ਤਜਵੀਜ਼ ਬਣਾਈ ਹੈ ਜੋ ਕਿ ਅਮੁਲ ਪ੍ਰਾਜੈਕਟ ਵਾਂਗ, ਦੇਸ਼ ਭਰ ਵਿਚ ਆਪਣੀ ਕਿਸਮ ਦਾ ਦੂਜਾ ਪ੍ਰਾਜੈਕਟ ਹੋਵੇਗਾ ਅਤੇ ਇਹ ਸੰਗਰੂਰ, ਕਪੂਰਥਲਾ ਅਤੇ ਜਲੰਧਰ ਦੇ ਜ਼ਿਲ੍ਹਿਆਂ ਨੂੰ ਕਵਰ ਕਰੇਗਾ। ਇਨ੍ਹਾਂ ਜ਼ਿਲ੍ਹਿਆਂ ਦੇ ਪਿੰਡਾਂ ਨੂੰ ਦੁੱਧ-ਪਲਾਂਟ ਨਾਲ ਜੋੜਿਆ ਜਾਵੇਗਾ ।

ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕਿਟਿੰਗ ਫ਼ੈਡਰੇਸ਼ਨ ਨੇ ਕਿਸਾਨਾਂ ਨੂੰ ਖਾਦਾਂ ਤੇ ਸਾਜ਼-ਸਮਾਨ ਆਦਿ ਦੀ ਸਪਲਾਈ ਜਾਰੀ ਰੱਖੀ। ਇਸ ਮਨੋਰਥ ਲਈ ਰਾਜ ਵਿਚ 4,000 ਕੇਂਦਰ ਕੰਮ ਕਰ ਰਹੇ ਹਨ ਜੋ ਕਿਸਾਨਾਂ ਨੂੰ ਉਨ੍ਹਾਂ ਦੇ ਘਰਾਂ ਤਕ ਜਾ ਕੇ ਇਹ ਚੀਜ਼ਾਂ ਸਪਲਾਈ ਕਰਦੇ ਹਨ ਜਾਂ ਅਜੇਹੀ ਥਾਂ ਤੇ ਕਰਦੇ ਹਨ ਜਿਥੋਂ ਕਿਸਾਨ ਅਸਾਨੀ ਨਾਲ ਗੱਡਿਆਂ ਤੇ ਲਿਜਾ ਸਕਣ। ਬੈਲੈਂਸਡ ਰਸਾਇਣਿਕ ਖਾਦਾਂ ਦੀ ਲੋੜ ਨੂੰ ਪੂਰਾ ਕਰਨ ਲਈ ਮਾਰਕਫ਼ੈਡ ਨੇ ਰਾਜ ਵਿਚ ਦਾਣੇਦਾਰ ਖਾਦ ਤਿਆਰ ਕਰਨ ਵਾਲੇ ਕਈ ਪਲਾਂਟ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਹੈ। ਢੰਡਾਰੀ ਕਲਾਂ ਅਤੇ ਧੂਰੀ ਦੇ ਦੋਹਾਂ ਪਲਾਂਟਾਂ ਵਿਚ ਉਤਪਾਦਨ ਸ਼ੁਰੂ ਹੋ ਗਿਆ ਹੈ।

ਫ਼ੈਡਰੇਸ਼ਨ ਨੇ ਕਿਸਾਨਾਂ ਨੂੰ ਹਾਰਵੈਸਟਿੰਗ ਕੰਬਾਈਨਜ਼ ਦੀ ਸਹੂਲਤ ਦਿੱਤੀ ਹੈ ਅਤੇ ਆਪਣੇ ਹੈਲੀਕਾਪਟਰਾਂ ਦੁਆਰਾ ਹਵਾਈ ਸਪਰੇ ਅਧੀਨ ਹੋਰ ਵਧੇਰੇ ਇਲਾਕਾ ਲੈ ਆਂਦਾ ਹੈ। ਕਿਸਾਨਾਂ ਨੂੰ ਭਾੜੇ ਤੇ ਮਸ਼ੀਨਾਂ ਮੁਹੱਈਆ ਕਰਨ ਲਈ 10 ਐਗਰੋ-ਸਰਵਿਸ ਕੇਂਦਰ ਛੋਟੇ ਕਿਸਾਨਾਂ ਦੀ ਲੋੜ ਨੂੰ ਪੂਰਾ ਕਰਨ ਲਈ ਸਹਿਕਾਰੀ ਸੈਕਟਰ ਵਿਚ 8 ਕੋਲਡ ਸਟੋਰ, 4 ਨਵੀਆਂ ਚੌਲ ਮਿਲਾਂ ਅਤੇ 4 ਕਪਾਹ ਵੇਲਣ ਦੀਆਂ ਫ਼ੈਕਟਰੀਆਂ ਵੀ ਸਥਾਪਤ ਕੀਤੀਆਂ ਜਾ ਰਹੀਆਂ ਹਨ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ] ਬਿਜਲੀ-

ਗੋਬਿੰਦ ਸਾਗਰ ਦੇ ਉਪਰਲੇ ਖੇਤਰ ਵਿਚ ਬਾਰਸ਼ਾਂ ਦੀ ਕਮੀ ਕਾਰਣ ਇਸ ਵਿਚ ਪਾਣੀ ਦੀ ਮਿਕਦਾਰ ਘਟ ਗਈ ਹੈ ਜਿਸ ਕਰਕੇ ਜਲ-ਬਿਜਲੀ ਦੇ ਉਤਪਾਦਨ ਵਿਚ ਭਾਰੀ ਕਮੀ ਹੋ ਗਈ ਹੈ। ਖੇਤੀ ਬਾੜੀ ਦੇ ਕੰਮਾਂ ਵਿਚ ਬਿਜਲੀ ਦੀ ਵਧੇਰੇ ਵਰਤੋਂ ਕਾਰਣ ਪਹਿਲਾਂ ਹੀ ਬਿਜਲੀ ਦਾ ਵੱਧ ਤੋਂ ਵਧ ਇਸਤੇਮਾਲ ਕੀਤਾ ਜਾ ਰਿਹਾ ਸੀ। ਬਿਜਲੀ ਦੇ ਉਤਪਾਦਨ ਵਿਚ ਇਸ ਅਚਾਨਕ ਕਮੀ ਨੇ ਨਵੀਆਂ ਔਕੜਾਂ ਪੈਦਾ ਕਰ ਦਿੱਤੀਆਂ ਹਨ। ਹੋਰ ਸਾਧਨਾਂ ਤੋਂ ਵਧੀਕ ਬਿਜਲੀ ਪ੍ਰਾਪਤ ਕਰਨ ਲਈ ਕਾਰਵਾਈਆਂ ਕੀਤੀਆਂ ਗਈਆਂ ਹਨ।

ਇਸ ਖੱਪੇ ਨੂੰ ਅਤੇ ਬਿਜਲੀ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਦੇ ਮੰਤਵ ਲਈ ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਦਾ 110 ਮੈਗਾਵਾਟ ਵਾਲਾ ਪਹਿਲਾ ਯੂਨਿਟ ਅਕਤੂਬਰ, 1973 ਤਕ ਅਤੇ ਇਤਨੀ ਸਮਰਥਾ ਵਾਲਾ ਦੂਜਾ ਯੂਨਿਟ ਇਕ ਸਾਲ ਮਗਰੋਂ ਚਾਲੂ ਹੋ ਜਾਵੇਗਾ। 36 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸਮਰਥਾ ਨੂੰ ਵਧਾ ਕੇ 48 ਮੈਗਾਵਾਟ ਕਰਨ ਲਈ ਸ਼ਾਨਨ ਵਿਚ ਲਗੇ ਮੌਜੂਦਾ ਯੂਨਿਟਾਂ ਨੂੰ ਨਵਾਂ ਰੂਪ ਦੇਣ ਦਾ ਕੰਮ ਸਾਲ 1973-74 ਵਿਚ ਮੁਕੰਮਲ ਹੋ ਜਾਣ ਦੀ ਆਸ ਹੈ। 33 ਡੀਜ਼ਲ ਜੈਨਰੇਟਿੰਗ ਸੈਟ ਜਿਨ੍ਹਾਂ ਦੀ ਕੁਲ ਸਮਰਥਾ 35.92 ਮੈਗਾਵਾਟ ਹੈ, ਜਨਵਰੀ, 1973 ਤੋਂ ਚਾਲੂ ਕਰ ਦਿੱਤੇ ਗਏ ਹਨ ਅਤੇ ਬਾਕੀ ਦੇ 7 ਸੈਟ ਮਾਰਚ, 1973 ਤਕ ਚਾਲੂ ਹੋ ਜਾਣ ਦੀ ਆਸ ਹੈ।

110 ਮੈਗਾਵਾਟ ਦੀ ਸਥਾਪਤ ਸਮਰਥਾ ਵਾਲੇ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦਾ ਕੰਮ 1973-74 ਵਿਚ ਹੱਥ ਵਿਚ ਲਿਆ ਜਾ ਰਿਹਾ ਹੈ। ਆਸ ਹੈ ਕਿ ਇਹ ਪ੍ਰਾਜੈਕਟ ਅਤੇ ਇਸ ਦੇ ਨਾਲ ਬਿਆਸ ਪ੍ਰਾਜੈਕਟ (ਯੂਨਿਟ 1 ਅਤੇ 2), ਗੁਰੂ ਨਾਨਕ ਥਰਮਲ ਪਲਾਂਟ ਵਿਸਤਾਰ, ਸ਼ਾਨਨ ਸਟੇਜ ii ਦੇ ਪ੍ਰੋਗਰਾਮ ਪੰਜਵੀਂ ਪੰਜ-ਸਾਲਾ ਯੋਜਨਾ ਦੇ ਦੌਰਾਨ ਮੁਕੰਮਲ ਹੋ ਜਾਣਗੇ।

ਰੋਪੜ ਥਰਮਲ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪ੍ਰਾਜੈਕਟ, ਥੀਨ ਡੈਮ ਅਤੇ ਅਪਰਬਾਰੀ ਦੁਆਬ ਨਹਿਰ ਸਟੇਜ ii ਦੀਆਂ ਨਵੀਆਂ ਸਕੀਮਾਂ ਨੂੰ ਵੀ ਪੰਜਵੀਂ ਪੰਜ-ਸਾਲਾ ਯੋਜਨਾ ਵਿਚ ਸ਼ਾਮਲ ਕਰਨ ਦੀ ਤਜਵੀਜ਼ ਹੈ।

ਭਾਰਤ ਸਰਕਾਰ ਤੋਂ ਐਟਮ ਸ਼ਕਤੀ ਸਟੇਸ਼ਨ ਮਨਜ਼ੂਰ ਕਰਾਉਣ ਦੇ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ ਤਾਕਿ ਬਾਰਸ਼ ਦੀ ਤੰਗੀ ਵਿਚ ਪੰਜਾਬ ਦੀ ਆਰਥਕ ਹਾਲਤ ਤੇ ਬੁਰਾ ਅਸਰ ਨਾ ਪਵੇ।

ਰਾਜ ਵਿਚ ਬਿਜਲੀ ਨਾਲ ਚਲਣ ਵਾਲੇ ਟਿਊਬਵੈਲਾਂ ਦੀ ਗਿਣਤੀ ਮਈ, 1967 ਵਿਚ 32,307 ਤੋਂ ਵਧ ਕੇ ਦਸੰਬਰ, 1972 ਤਕ 106,565 ਹੋ ਗਈ ਸੀ। ਸਾਲ 1973-74 ਵਿਚ 30,000 ਹੋਰ ਟਿਊਬ-ਵੈਲਾਂ ਨੂੰ ਬਿਜਲੀ ਦਿੱਤੀ ਜਾਵੇਗੀ।

ਉਦਯੋਗ-

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ ਅਗਲੇ ਤਿੰਨਾਂ ਸਾਲਾਂ ਵਿਚ ਰਾਜ ਵਿਚ ਕਈ ਤਰ੍ਹਾਂ ਦੇ ਪ੍ਰਾਜੈਕਟ ਲਾਉਣ ਲਈ ਪ੍ਰਵਾਨਗੀ-ਪਤਰ ਪ੍ਰਾਪਤ ਕਰ ਲਏ ਹਨ। ਬੀਅਰ, ਸਟੀਲ, ਬਿਲਟਸ, ਡਰਾਈ ਬੈਟਰੀ ਸੈਲ, ਟਰੈਕਟਰ, ਕੱਚ ਦੀਆਂ ਬੋਤਲਾਂ, ਸਿੰਥੈਟਿਕ ਡੀਟੇਰਜੈਂਟਸ ਅਤੇ ਟੈਲੀਵਿਯਨ ਸੈਟ ਬਣਾਉਣ ਦੇ 7 ਯੂਨਿਟ ਮੁਕੰਮਲ ਹੋਣ ਵਾਲੇ ਹਨ। ਆਸ ਹੈ ਕਿ ਇਨ੍ਹਾਂ ਵਿਚੋਂ ਘਟੋ ਘਟ ਪੰਜ ਪ੍ਰਾਜੈਕਟ ਅਰਥਾਤ ਟਰੈਕਟਰ, ਬੀਅਰ, ਸਟੀਲ ਬਿਲਟਸ, ਡਰਾਈ ਬੈਟਰੀ ਸੈਲ ਅਤੇ ਟੈਲੀਵਿਯਨ ਸੈਟ ਤਿਆਰ ਕਰਨ ਵਾਲੇ ਪ੍ਰਾਜੈਕਟ ਚਾਲੂ ਸਾਲ ਦੇ ਦੌਰਾਨ ਉਤਪਾਦਨ ਸ਼ੁਰੂ ਕਰ ਦੇਣਗੇ। ਇਸ ਤਰ੍ਹਾਂ ਵਡੇ ਪੈਮਾਨੇ ਦੇ ਉਦਯੋਗਾਂ ਦੇ ਤੇਜ਼ ਵਿਕਾਸ ਦੀ ਬੁਨਿਆਦ ਰੱਖੀ ਗਈ ਹੈ।

Original with;
Punjab Vidhan Sabha
Digitized by;
Panjab Digital Library

ਪੰਜਾਬ ਵਿੱਤੀ ਕਾਰਪੋਰੇਸ਼ਨ ਅਤੇ ਉਦਯੋਗਾਂ ਨੂੰ ਰਾਜ ਸਹਾਇਤਾ ਐਕਟ ਅਧੀਨ ਪੰਜਾਬ ਸਰਕਾਰ ਦੁਆਰਾ ਉਦਯੋਗ ਸਬੰਧੀ ਕਰਜ਼ੇ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ । ਪੰਜਾਬ ਵਿੱਤੀ ਕਾਰਪੋਰੇਸ਼ਨ ਕਰਜ਼ਿਆਂ ਤੋਂ ਇਲਾਵਾ ਈਕੁਇਟੀ ਅਤੇ ਤਰਜੀਹੀ ਸ਼ੇਅਰਾਂ ਨੂੰ ਅੰਡਰ-ਰਾਈਟ ਕਰਦੀ ਹੈ । ਸਰਕਾਰ ਨੇ ਈਕੁਇਟੀ ਪੂੰਜੀ ਵਿਚ ਹਿੱਸਾ ਪਾਉਣ ਲਈ ਅਤੇ ਸੱਨਅਤਕਾਰਾਂ ਨੂੰ ਕਰਜ਼ੇ ਦੇਣ ਲਈ ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਵਿਚ ਪੂੰਜੀ ਲਾਉਣ ਸਬੰਧੀ ਇਕ ਵਿੰਗ ਖੋਲ੍ਹਣ ਦਾ ਫੈਸਲਾ ਕੀਤਾ ਹੈ ।

ਫ਼ੋਕਲ ਇੰਡਸਟਰੀਜ਼ ਗਰੋਥ ਪੁਆਇੰਟ ਦੀ ਸਕੀਮ ਅਧੀਨ ਫ਼ੋਕਲ ਪੁਆਇੰਟਾਂ ਦੀ ਕਾਫ਼ੀ ਉੱਨਤੀ ਹੋਈ ਹੈ। ਫ਼ੋਕਲ ਪੁਆਇੰਟਾਂ ਵਿਚ 58 ਫ਼ੈਕਟਰੀਆਂ ਮੁਕੰਮਲ ਹੋ ਚੁਕੀਆਂ ਹਨ ਅਤੇ ਇਨ੍ਹਾਂ ਵਿਚੋਂ 25 ਫੈਕਟਰੀਆਂ ਨੇ ਆਪਣਾ ਉਤਪਾਦਨ ਸ਼ੁਰੂ ਕਰ ਦਿੱਤਾ ਹੈ । 94 ਹੋਰ ਫੈਕਟਰੀਆਂ ਵੱਖ ਵੱਖ ਸਟੇਜ ਤੇ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਨਵੇਂ ਸੱਨਅਤਕਾਰਾਂ ਨੂੰ ਜ਼ਰੂਰੀ ਸਹਾਇਤਾ ਅਤੇ ਉਤਸ਼ਾਹ ਦੇਣ ਲਈ ਰਾਜ ਦੇ 19 ਚੋਣਵੇਂ ਸ਼ਹਿਰਾਂ ਵਿਚ ਉਦਯੋਗਿਕ ਇਲਾਕਿਆਂ ਦੇ ਵਿਕਾਸ ਦੀ ਸਕੀਮ ਦਾ ਵਿਸਤਾਰ ਕੀਤਾ ਜਾ ਰਿਹਾ ਹੈ ।

ਪੰਜਾਬ ਵਿਚ ਉਦਯੋਗਿਕ ਵਿਕਾਸ ਨੂੰ ਤੇਜ਼ ਕਰਨ ਲਈ ਸਰਕਾਰ ਨੇ ਉਨ੍ਹਾਂ ਸੱਨਅਤਕਾਰਾਂ ਨੂੰ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ ਜਿਹੜੇ ਨਵੇਂ ਉਦਯੋਗਿਕ ਖੇਤਰਾਂ, ਸਰਹੱਦੀ ਜ਼ਿਲ੍ਹਿਆਂ ਅਤੇ ਪਛੜਿਆਂ ਜ਼ਿਲ੍ਹਿਆਂ ਵਿਚ ਉਦਯੋਗ ਲਾਉਣਗੇ । ਇਨ੍ਹਾਂ ਰਿਆਇਤਾਂ ਵਿਚ ਤਾਮੀਰੀ ਸਾਮਾਨ ਸਪਲਾਈ ਕਰਨਾ, ਡੀਵੈਲਪ ਕੀਤੇ ਪਲਾਟ ਦੇਣਾ, ਜਿਨ੍ਹਾਂ ਦੀ ਕੀਮਤ ਮਗਰੋਂ ਲਈ ਜਾਵੇਗੀ, ਪੰਜ ਸਾਲਾਂ ਲਈ ਬਿਜਲੀ ਡਿਊਟੀ ਦੀ ਛੋਟ ਦੇਣਾ ਤੇ ਬਿਜਲੀ ਨਾਲ ਚੱਲਣ ਵਾਲੇ ਉਦਯੋਗਾਂ ਨੂੰ ਪੰਜ ਸਾਲਾਂ ਦੇ ਸਮੇਂ ਲਈ ਬਿਜਲੀ ਦਰ ਵਿਚ 25 ਫ਼ੀ ਸਦੀ ਤੱਕ ਸਹਾਇਤਾ ਦੇਣੀ ਸ਼ਾਮਲ ਹੈ । ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਜਿਹੜੇ ਉਦਯੋਗ ਜੈਨਰੇਟਿੰਗ ਸੈਟ ਖਰੀਦਣਗੇ ਉਨ੍ਹਾਂ ਨੂੰ ਜੈਨਰੇਟਿੰਗ ਸੈਟਾਂ ਦੇ ਮੁਲ ਦੀ 20 ਫ਼ੀ ਸਦੀ ਦੇ ਬਰਾਬਰ ਸਬਸਿਡੀ ਦਿਤੀ ਜਾਵੇਗੀ (ਥੰਪਿੰਗ) ਪੰਜਾਬ ਵਿੱਤੀ ਕਾਰਪੋਰੇਸ਼ਨ ਜੈਨਰੇ-ਟਿੰਗ ਸੈਟ ਖਰੀਦਣ ਲਈ ਖੁਲ੍ਹਦਿਲੀ ਨਾਲ ਕਰਜ਼ੇ ਦੇਵੇਗੀ ।

ਬਿਜਲੀ ਦੀ ਭਾਰੀ ਕਮੀ ਕਾਰਣ ਰਾਜ ਦੇ ਉਦਯੋਗਾਂ ਨੂੰ ਬਹੁਤ ਨੁਕਸਾਨ ਹੋਇਆ ਹੈ । ਸਰਕਾਰ ਨੂੰ ਮਜਬੂਰ ਹੋ ਕੇ ਬਿਜਲੀ ਦੀ ਵਰਤੋਂ ਉਤੇ ਕਈ ਤਰ੍ਹਾਂ ਦੀ ਕਟੌਤੀ ਲਾਉਣੀ ਪਈ ਜਿਸ ਕਾਰਣ ਉਦਯੋਗਿਕ ਉਤਪਾਦਨ ਵਿਚ ਕਮੀ ਹੋਈ । ਉਦਯੋਗਾਂ ਦੀਆਂ ਮੁਸ਼ਕਲਾਂ ਨੂੰ ਘੱਟ ਕਰਨ ਲਈ ਸਰਕਾਰ ਨੇ ਸਰਹੱਦੀ ਜ਼ਿਲ੍ਹਿਆਂ ਵਿਚ ਉਦਯੋਗਿਕ ਕਰਜ਼ਿਆਂ ਦੀ ਵਸੂਲੀ 31 ਦਸੰਬਰ, 1970 ਤੱਕ ਮੁਲਤਵੀ ਕਰ ਦਿਤੀ ਸੀ ।

ਸਰਕਾਰ ਦੀਆਂ ਲਗਾਤਾਰ ਕੋਸ਼ਿਸ਼ਾਂ ਨਾਲ ਜ਼ਰੂਰੀ ਕੱਚੇ ਮਾਲ ਦੀ ਸਪਲਾਈ ਵਿਚ ਕਾਫੀ ਸੁਧਾਰ ਹੋਇਆ ਹੈ । ਉਦਯੋਗਾਂ ਨੂੰ ਕੱਚੇ ਮਾਲ ਦੀ ਤੁਰਤ ਸਪਲਾਈ ਲਈ ਅਤੇ ਉਨ੍ਹਾਂ ਦੀਆਂ ਕੀਮਤਾਂ ਨੂੰ ਵੱਧਣ ਤੋਂ ਰੋਕਣ ਲਈ ਪੰਜਾਬ ਰਾਜ ਛੋਟੇ-ਉਦਯੋਗ ਕਾਰਪੋਰੇਸ਼ਨ ਨੇ ਕੱਚੇ ਮਾਲ ਅਤੇ ਵਿਸ਼ੇਸ਼ ਕਰਕੇ ਸਟੀਲ ਦੇ ਬਫਰ ਸਟਾਕ ਆਪਣੇ ਕੋਲ ਕਾਇਮ ਕੀਤੇ ਹਨ ।

**ਟਰਾਂਸਪੋਰਟ-**

ਕੌਮੀ-ਕਰਣ ਦੀ ਅਗਾਂਹ ਵਧੂ ਨੀਤੀ ਅਨੁਸਾਰ ਰਾਜ ਟ੍ਰਾਂਸਪੋਰਟ ਵਿਭਾਗ, 60 ਫੀ ਸਦੀ ਰੂਟਾਂ ਉਤੇ ਆਪਣੀਆਂ ਬੱਸਾਂ ਚਲਾ ਰਿਹਾ ਹੈ । ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਗਿਣਤੀ 1973-74 ਦੇ ਅੰਤ ਤੱਕ 1,676 ਹੋ ਜਾਵੇਗੀ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਾਲ 1972-73 ਵਿਚ ਮੁਸਾਫਰਾਂ ਨੂੰ ਸਹੂਲਤਾਂ ਮੁਹੱਈਆ ਕਰਨ ਅਤੇ ਮੁਸਾਫਰ ਟ੍ਰਾਂਸਪੋਰਟ ਦੇ ਮਿਆਰ ਵਿਚ ਸੁਧਾਰ ਕਰਨ ਦੀ ਯੋਜਨਾ ਬਣਾਈ ਗਈ ਹੈ । ਲੁਧਿਆਣਾ, ਜਲੰਧਰ, ਪਠਾਨਕੋਟ, ਮੋਗਾ ਅਤੇ ਨੰਗਲ ਵਿਖੇ ਬਸ-ਸਟੈਂਡ ਬਣਾਏ ਜਾ ਰਹੇ ਹਨ । ਸਾਲ 1973-74 ਦੇ ਦੌਰਾਨ 15 ਬਸ ਸਟੈਂਡ ਅਤੇ 50 ਬਸਕਿਊ ਸ਼ੈਲਟਰ ਬਣਾਉਣ ਦੀ ਤਜਵੀਜ਼ ਹੈ । ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਪਹਿਲਾਂ ਵਾਂਗ ਪੈਪਸੂ ਰੀਜਨ ਦੀਆਂ ਲੋੜਾਂ ਤਸੱਲੀਬਖਸ਼ ਤਰੀਕੇ ਨਾਲ ਪੂਰੀਆਂ ਕਰ ਰਹੀ ਹੈ । ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ 4 ਲਖ ਕਿਲੋਮੀਟਰ ਰੋਜ਼ਾਨਾ ਤੋਂ ਵੱਧ ਸੜਕਾਂ ਤੇ ਚਲ ਰਹੀਆਂ ਹਨ । ਇਸ ਤਰ੍ਹਾਂ ਇਹ ਕਾਰਪੋਰੇਸ਼ਨਾਂ ਰਾਜ ਦੇ ਲੋਕਾਂ ਨੂੰ ਆਵਾਜਾਈ ਦੀਆਂ ਲੋੜੀਂਦੀਆਂ ਸਹੂਲਤਾਂ ਦੇ ਰਹੀਆਂ ਹਨ ।

### ਸਮਾਜ ਸੇਵਾਵਾਂ

### ਸਿਖਿਆ–

ਸਿਖਿਆ ਵਿਭਾਗ ਨੇ 6 ਤੋਂ 11 ਸਾਲ ਦੀ ਉਮਰ ਦੇ 3 ਲੱਖ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਕੇ ਚੰਗੀ ਪ੍ਰਗਤੀ ਵਿਖਾਈ ਹੈ, ਇਸ ਨਾਲ ਦਾਖਲ ਹੋਣ ਵਾਲੇ ਇਸ ਉਮਰ ਦੇ ਬੱਚਿਆਂ ਦਾ ਦਾਖਲਾ ਪਿਛਲੇ ਸਾਲ ਦੇ 71 ਫ਼ੀ ਸਦੀ ਤੋਂ ਵੱਧ ਕੇ 83 ਫ਼ੀ ਸਦੀ ਹੋ ਗਿਆ ਹੈ । ਇਸ ਸਾਲ 1,000 ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ, 200 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਉਨ੍ਹਾਂ ਨੂੰ ਮਿਡਲ ਸਕੂਲ ਬਣਾ ਦਿਤਾ ਗਿਆ ਹੈ ਅਤੇ 75 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾਇਆ ਗਿਆ ਹੈ । ਇਸ ਨਾਲ 5000 ਅਧਿਆਪਕਾਂ, ਮਾਸਟਰਾਂ, ਕਲਰਕਾਂ ਆਦਿ ਨੂੰ ਰੋਜ਼ਗਾਰ ਮਿਲਿਆ ਹੈ ।

ਸਾਲ 1973-74 ਵਿਚ 1000 ਪ੍ਰਾਇਮਰੀ ਸਕੂਲ ਹੋਰ ਖੋਲ੍ਹਣ ਦੀ ਅਤੇ 100 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਅਤੇ 50 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾਉਣ ਦੀ ਤਜਵੀਜ਼ ਹੈ । ਇਸ ਪ੍ਰੋਗਰਾਮ ਨਾਲ 3500 ਅਧਿਆਪਕਾਂ, ਮਾਸਟਰਾਂ ਅਤੇ ਹੋਰ ਮੁਲਾਜ਼ਮਾਂ ਨੂੰ ਰੋਜ਼ਗਾਰ ਮਿਲੇਗਾ ।

ਆਰਥਿਕ ਤੌਰ ਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਦਾਖਲ ਹੋਣ ਲਈ ਵਿਸ਼ੇਸ਼ ਉਤਸ਼ਾਹ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਪੁਸਤਕਾਂ, ਲਿਖਣ ਸਮੱਗਰੀ, ਦੁਪਹਿਰ ਦੇ ਖਾਣੇ ਦਾ ਖਰਚ ਸ਼ਾਮਲ ਹੈ । ਇਸ ਉਤੇ 50 ਲੱਖ ਰੁਪਏ ਦਾ ਖਰਚਾ ਹੋਵੇਗਾ । ਆਰਥਿਕ ਤੌਰ ਤੇ ਪਛੜੇ ਪਰ ਲਾਇਕ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ 15 ਲੱਖ ਰੁਪਏ ਦੀ ਰਕਮ ਦਾ ਉਪਬੰਧ ਪਹਿਲੀ ਵਾਰ ਬਜਟ ਵਿਚ ਕੀਤਾ ਗਿਆ ਹੈ । (ਥੰਪਿੰਗ)

ਸਰਕਾਰ ਰਾਜ ਵਿਚ ਖੇਡਾਂ ਦੀ ਉਨਤੀ ਲਈ ਇਕ ਕਰੈਸ਼ ਪ੍ਰੋਗਰਾਮ ਚਾਲੂ ਕਰਨ ਦੀ ਤਜਵੀਜ਼ ਉਤੇ ਬੜੀ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ । ਇਸ ਪ੍ਰੋਗਰਾਮ ਅਧੀਨ ਸਰਕਾਰ ਸਕੂਲਾਂ ਅਤੇ ਕਾਲਜਾਂ ਨੂੰ ਖੇਡਾਂ ਲਈ ਚੋਖੀਆਂ ਗ੍ਰਾਂਟਾਂ ਦੇਵੇਗੀ । ਰਾਜ ਦੇ ਸਾਰੇ ਸਕੂਲਾਂ ਵਿਚ ਖੇਡਾਂ ਨੂੰ ਸਿਖਿਆ ਦਾ ਲਾਜ਼ਮੀ ਅੰਗ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ । ਰਾਜ ਦੇ 105 ਸਿਖਿਆ ਬਲਾਕਾਂ ਨੂੰ, ਜਿਨ੍ਹਾਂ ਵਿਚ 3.7 ਲੱਖ ਬੱਚੇ ਪੂਰੀ ਖੁਰਾਕ ਨਾ ਮਿਲਣ ਕਰਕੇ ਕਮਜ਼ੋਰ ਹਨ, "ਸਕੂਲ ਫੀਡਿੰਗ" ਪ੍ਰੋਗਰਾਮ ਅਧੀਨ ਲਿਆਂਦਾ ਗਿਆ ਹੈ ।

### ਸਿਹਤ ਅਤੇ ਪ੍ਰੀਵਾਰ ਨਿਯੋਜਨ–

ਮਲਟੀ-ਪਰਪਜ਼ ਹੈਲਥ ਟੀਮਾਂ ਦੁਆਰਾ ਲੋਕਾਂ ਨੂੰ ਡਾਕਟਰੀ ਸੇਵਾਵਾਂ ਅਤੇ ਪਰਿਵਾਰ ਨਿ ਯੋਜਨ ਸੇਵਾਵਾਂ, ਉਨ੍ਹਾਂ ਦੇ ਘਰਾਂ ਤਕ ਮੁਹੱਈਆ ਕੀਤੀਆਂ ਜਾ ਰਹੀਆਂ ਹਨ । ਇਹ ਟੀਮਾਂ ਹਫਤੇ ਵਿਚ ਦੋ

Original with;
Punjab Vidhan Sabha
Digitized by;
Panjab Digital Library

ਪ੍ਰਾਇਮਰੀ ਹੈਲਥ ਕੇਂਦਰਾਂ ਤੋਂ ਪਿੰਡਾਂ ਵਿਚ ਜਾਂਦੀਆਂ ਹਨ । ਪਿਛਲੇ ਸਾਲ 12,000 ਪਿੰਡਾਂ ਦੀ ਸਾਰੀ ਵਸੋਂ ਨੂੰ ਇਨ੍ਹਾਂ ਸੇਵਾਵਾਂ ਅਧੀਨ ਲੈ ਆਂਦਾ ਗਿਆ ਸੀ ।

ਅੱਖਾਂ ਦੇ ਓਪਰੇਸ਼ਨ ਲਈ ਭਾਰੀ ਗਿਣਤੀ ਵਿਚ ਲਾਏ ਜਾਂਦੇ ਕੈਂਪਾਂ ਤੋਂ ਇਲਾਵਾ, ਹਰਨੀਆਂ, ਬਵਾਸੀਰ, ਪ੍ਰੋਸਟੇਟ ਆਦਿ ਬਿਮਾਰੀਆਂ ਦੇ ਓਪਰੇਸ਼ਨ ਕਰਨ ਲਈ ਜ਼ਿਲ੍ਹਾ ਅਤੇ ਤਹਿਸੀਲ ਸਦਰ ਮੁਕਾਮਾਂ ਤੇ ਓਪਰੇਸ਼ਨ ਕੈਂਪ ਖੋਲ੍ਹਣ ਦਾ ਪ੍ਰਬੰਧ ਕੀਤਾ ਗਿਆ ਹੈ ।

ਦਵਾਈਆਂ ਅਤੇ ਸਾਜ਼-ਸਾਮਾਨ ਲਈ 46 ਲੱਖ ਰੁਪਏ ਦੀ ਵਾਧੂ ਰਕਮ ਦਾ ਉਪਬੰਧ ਕੀਤਾ ਗਿਆ ਹੈ ।

ਦਿਹਾਤੀ ਡਿਸਪੈਂਸਰੀਆਂ ਨੂੰ ਵੱਖ ਕਰਕੇ ਅਤੇ ਉਨ੍ਹਾਂ ਨੂੰ ਨਵੇਂ ਪਿੰਡਾਂ ਵਿਚ ਸਥਾਪਤ ਕਰਕੇ ਦਿਹਾਤੀ ਇਲਾਕੇ ਵਿਚ ਡਾਕਟਰੀ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ । ਇਸ ਤਰ੍ਹਾਂ ਹੀ ਪਰਿਵਾਰ ਨਿਯੋਜਨ ਯੂਨਿਟ ਨੂੰ ਮੂਲ ਪ੍ਰਾਇਮਰੀ ਹੈਲਥ ਕੇਂਦਰ ਤੋਂ ਵੱਖ ਕਰਕੇ ਹਰ ਬਲਾਕ ਵਿਚ ਦੂਜਾ ਪ੍ਰਾਇਮਰੀ ਹੈਲਥ ਸੈਂਟਰ ਸਥਾਪਤ ਕਰਨ ਦੀ ਤਜਵੀਜ਼ ਹੈ । ਬੇਰੋਜ਼ਗਾਰ ਡਾਕਟਰਾਂ ਨੂੰ ਰੋਜ਼ਗਾਰ ਤੇ ਲਾਉਣ ਲਈ ਰਾਜ ਦੇ ਮੌਜੂਦਾ ਉਪ-ਕੇਂਦਰਾਂ ਵਿਚ ਯੋਗਤਾ ਪ੍ਰਾਪਤ ਡਾਕਟਰਾਂ ਨੂੰ ਨਿਯੁਕਤ ਕਰਨ ਦੀ ਤਜਵੀਜ਼ ਹੈ । ਦਿਹਾਤੀ ਸਿਹਤ ਸੇਵਾ ਪ੍ਰੋਗਰਾਮ ਅਧੀਨ 5000 ਦੀ ਵਸੋਂ ਵਾਲੇ ਹਰ ਯੂਨਿਟ ਨੂੰ ਕਵਰ ਕਰਨ ਦੀ ਵੀ ਤਜਵੀਜ਼ ਬਣਾਈ ਗਈ ਹੈ । ਰਾਜ ਸਰਕਾਰ ਨੇ ਪਰਿਵਾਰ ਨਿਯੋਜਨ ਨੂੰ ਵਧ ਤੋਂ ਵੱਧ ਮਹੱਤਤਾ ਦਿਤੀ ਹੈ ਅਤੇ ਇਸ ਨੂੰ ਸਦਾ ਹੀ ਇਕ ਜ਼ਰੂਰੀ ਪ੍ਰੋਗਰਾਮ ਸਮਝਿਆ ਹੈ । ਪੰਜਾਬ ਪਰਿਵਾਰ ਨਿਯੋਜਨ ਦੇ ਪ੍ਰੋਗਰਾਮ, ਗਰਭ-ਰੋਕੂ ਢੰਗ ਅਪਨਾਉਣ ਅਤੇ ਵਿਆਹੇ ਹੋਏ ਜੋੜਿਆਂ ਨੂੰ ਕਵਰ ਕਰਨ ਦੇ ਪੱਖੋਂ ਦੇਸ਼ ਭਰ ਵਿਚ ਸਭ ਤੋਂ ਅੱਗੇ ਹੈ ।

**ਮਕਾਨ-ਉਸਾਰੂ ਅਤੇ ਸ਼ਹਿਰੀ ਵਿਕਾਸ—**

ਪੰਜਾਬ ਸਰਕਾਰ ਨੇ ਲੋਕਾਂ ਨੂੰ ਸਿਹਤਮੰਦ ਵਾਤਾਵਰਣ ਵਿਚ ਘਰ ਮੁਹੱਈਆ ਕਰਨ ਦੀ ਅਤੇ ਸ਼ਹਿਰਾਂ ਵਿਚ ਗੰਦੀਆਂ ਬਸਤੀਆਂ ਦਾ ਸੁਧਾਰ ਕਰਨ ਦੀ ਯੋਜਨਾ ਬਣਾਈ ਹੈ । ਅਰਬਨ ਅਸਟੇਟਾਂ ਕਾਇਮ ਕਰਨ ਵਿਚ ਕਾਫੀ ਉਨਤੀ ਹੋਈ ਹੈ । ਹੁਣ ਤੱਕ ਚੰਡੀਗੜ੍ਹ ਦੇ ਨਜ਼ਦੀਕ ਮੁਹਾਲੀ, ਲੁਧਿਆਣੇ ਦੇ ਨੇੜੇ ਢੰਡਾਰੀ ਕਲਾਂ ਅਤੇ ਰਾਜਪੁਰਾ, ਪਟਿਆਲਾ, ਬਟਾਲਾ, ਬਠਿੰਡਾ ਅਤੇ ਜਲੰਧਰ ਵਿਖੇ ਅਰਬਨ ਅਸਟੇਟਾਂ ਸਥਾਪਤ ਕਰ ਦਿਤੀਆਂ ਗਈਆਂ ਹਨ ।

ਰਾਜ ਵਿਚ ਇਤਿਹਾਸਕ ਅਤੇ ਧਾਰਮਕ ਅਸਥਾਨਾਂ ਜਿਵੇਂ ਅਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ, ਮੁਕਤਸਰ, ਅੰਮ੍ਰਿਤਸਰ, ਤਰਨ ਤਾਰਨ, ਰਾਮਤੀਰਥ, ਲਧਿਆਣਾ, ਫਰੀਦਕੋਟ ਅਤੇ ਫਿਰੋਜ਼ਪੁਰ ਦੇ ਵਿਕਾਸ ਵੱਲ ਵੀ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ । ਇਨ੍ਹਾਂ ਸਾਰੇ ਸਥਾਨਾਂ ਲਈ ਨਗਰ ਵਿਕਾਸ ਬੋਰਡ ਬਣਾ ਦਿਤੇ ਗਏ ਹਨ । ਸਰਕਾਰ ਪੁਰਾਣੇ ਸ਼ਹਿਰਾਂ ਅਤੇ ਕਸਬਿਆਂ ਨੂੰ ਖੂਬਸੂਰਤ ਬਣਾਉਣ ਸਬੰਧੀ ਵੀ ਯੋਜਨਾਵਾਂ ਬਣਾ ਰਹੀ ਹੈ ।

ਸਾਲ 1973-74 ਦੇ ਦੌਰਾਨ 7000 ਮੈਂਬਰਾਂ ਵਾਲੀਆਂ ਤਕਰੀਬਨ 350 ਮਕਾਨ ਉਸਾਰੀ ਸਹਿਕਾਰੀ ਸਭਾਵਾਂ ਸਥਾਪਤ ਕੀਤੀਆਂ ਜਾਣਗੀਆਂ ਅਤੇ ਇਸ ਪ੍ਰੋਗਰਾਮ ਦੇ ਵਿੱਤੀ ਪ੍ਰਬੰਧ ਲਈ 15 ਕਰੋੜ ਰੁਪਏ "ਪੰਜਾਬ ਸਟੇਟ ਫੈਡਰੇਸ਼ਨ ਆਫ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ", ਦੁਆਰਾ ਉਧਾਰ ਲਏ ਜਾਣਗੇ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਅਤੇ ਘੱਟ ਆਮਦਨ ਵਾਲੇ ਵਿਅਕਤੀਆਂ ਨੂੰ ਬਣੇ ਬਣਾਏ ਮਕਾਨ ਮੁਹੱਈਆ ਕਰਨ ਦੀ ਵੀ ਸਕੀਮ ਹੈ । ਇਸ ਮੰਤਵ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਕਾਰਪੋਰੇਸ਼ਨ ਤੋਂ ਵਿੱਤੀ ਸਹਾਇਤਾ ਮੰਗੀ ਗਈ ਹੈ । ਇਹ ਕਾਰਪੋਰੇਸ਼ਨ ਮੁਹਾਲੀ ਪ੍ਰਾਜੈਕਟ ਲਈ ਇਕ ਕਰੋੜ ਰੁਪਏ ਦੀ ਪਹਿਲੀ ਕਿਸ਼ਤ ਦੇਣ ਲਈ ਸਹਿਮਤ ਹੋ ਗਈ ਹੈ ।

ਪੰਜਾਬ ਵਿਚ ਤਕਰੀਬਨ ਦੋ ਲੱਖ ਪਰਿਵਾਰਾਂ ਕੋਲ ਆਪਣੇ ਮਕਾਨ ਨਹੀਂ ਹਨ । ਪੰਜਾਬ ਸਰਕਾਰ ਸਮਾਜ ਦੇ ਇਸ ਵਰਗ ਦੀ ਮੁੱਢਲੀ ਲੋੜ ਨੂੰ ਪੂਰਾ ਕਰਨ ਲਈ ਯਤਨ ਕਰ ਰਹੀ ਹੈ ਅਤੇ ਇਹ ਕੋਸ਼ਿਸ਼ ਕਰ ਰਹੀ ਹੈ ਕਿ ਇਹ ਬੇਘਰੇ ਲੋਕ ਵੀ ਘਰ ਵਾਲੇ ਹੋਣ ਦਾ ਮਾਣ ਪ੍ਰਾਪਤ ਕਰ ਸਕਣ । ਹਰ ਪਰਿਵਾਰ ਨੂੰ ਦਰਮਿਆਨੇ ਕਿਸਮ ਦੇ ਮਕਾਨ ਬਣਾਉਣ ਲਈ ਘੱਟੋ ਘੱਟ 100 ਵਰਗ ਗਜ਼ ਦਾ ਪਲਾਟ ਦਿਤਾ ਜਾਵੇਗਾ ।

**ਲੋਕਲ ਬਾਡੀਆਂ–**

ਮੁੱਖ ਸ਼ਹਿਰਾਂ ਦੀ ਸਫਾਈ ਦੀ ਹਾਲਤ ਨੂੰ ਸੁਧਾਰਨ, ਉਨ੍ਹਾਂ ਦੇ ਆਲੇ-ਦੁਆਲੇ ਨੂੰ ਸੁੰਦਰ ਬਣਾਉਣ ਅਤੇ ਸੀਵਰੇਜ ਤੇ ਜਲ ਸਪਲਾਈ ਸਮੇਤ ਵਿਕਾਸ ਦੇ ਮੁਖ ਕਾਰਜ ਚਾਲੂ ਕਰਨ ਦੇ ਉਦੇਸ਼ ਨਾਲ ਰਾਜ ਸਰਕਾਰ ਨੇ ਨਗਰਪਾਲਕਾਵਾਂ ਨੂੰ ਕਰਜ਼ੇ ਅਤੇ ਗ੍ਰਾਂਟਾਂ ਦੇਣੀਆਂ ਮਨਜ਼ੂਰ ਕੀਤੀਆਂ ਹਨ । ਚਾਰ ਇੰਪਰੂਵਮੈਂਟ ਟਰੱਸਟਾਂ ਨੂੰ 40 ਲੱਖ ਰੁਪਏ ਦੇ ਕਰਜ਼ੇ ਦਿਤੇ ਗਏ ਹਨ । ਰਾਜ ਵਿਚ 12 ਨਵੇਂ ਇੰਪਰੂਵਮੈਂਟ ਟਰੱਸਟ ਬਣਾਉਣ ਦੀ ਤਜਵੀਜ਼ ਹੈ । ਸਾਲ 1973-74 ਵਿਚ ਲੋਕਲ ਬਾਡੀਆਂ ਨੂੰ ਗ੍ਰਾਂਟਾਂ ਅਤੇ ਕਰਜ਼ਿਆਂ ਦੇ ਰੂਪ ਵਿਚ 210 ਲੱਖ ਰੁਪਏ ਦਿਤੇ ਜਾਣਗੇ ।

ਵਾਤਾਵਰਣ ਦੇ ਸੁਧਾਰ ਲਈ ਭਾਰਤ ਸਰਕਾਰ ਵੱਲੋਂ ਲੁਧਿਆਣਾ ਸ਼ਹਿਰ ਨੂੰ ਪਾਇਲਟ ਪ੍ਰਾਜੈਕਟ ਦੇ ਤੌਰ ਤੇ ਚੁਣਿਆ ਗਿਆ ਹੈ । ਭਾਰਤ ਸਰਕਾਰ ਇਸ ਮੰਤਵ ਲਈ ਸਾਲ 1973-74 ਵਿਚ 30 ਲੱਖ ਰੁਪਏ ਦਾ ਉਪਬੰਧ ਕਰਨ ਲਈ ਸਹਿਮਤ ਹੋ ਗਈ ਹੈ ।

**ਨਵੇਂ ਭੂਮੀ ਸੁਧਾਰ–**

ਸਰਕਾਰ ਨੇ ਕੇਂਦਰੀ ਭੂਮੀ ਸੁਧਾਰ ਕਮੇਟੀ ਦੁਆਰਾ ਬਣਾਈ ਰੂਪ-ਰੇਖਾ ਅਨੁਸਾਰ ਇਕ ਭੂਮੀ ਸੁਧਾਰ ਬਿਲ ਪੇਸ਼ ਕੀਤਾ ਸੀ, ਜੋ ਵਿਧਾਨ ਸਭਾ ਨੇ 14 ਦਸੰਬਰ, 1972 ਨੂੰ ਪਾਸ ਕਰ ਦਿਤਾ ਸੀ ।

ਪਹਿਲੇ ਕਾਨੂੰਨ ਅਨੁਸਾਰ ਇਕ ਵਿਅਕਤੀ ਲਈ ਜ਼ਮੀਨ ਦੀ ਸੀਲਿੰਗ 30 ਤੋਂ 50 ਸਟੈਂਡਰਡ ਏਕੜ ਸੀ । ਮੌਜੂਦਾ ਕਾਨੂੰਨ ਅਨੁਸਾਰ, ਪੰਜ ਮੈਂਬਰਾਂ ਦੇ ਪਰਿਵਾਰ ਲਈ ਦੋ ਫਸਲਾਂ ਉਗਾਉਣ ਯੋਗ ਜ਼ਮੀਨ ਦੀ ਸੀਲਿੰਗ 17.25 ਏਕੜ ਕਰ ਦਿਤੀ ਗਈ ਹੈ । ਇਸ ਤਰ੍ਹਾਂ ਜਦੋਂ ਕਿ ਪਹਿਲੇ ਕਾਨੂੰਨ ਅਧੀਨ ਪੰਜ ਮੈਂਬਰਾਂ ਦਾ ਪਰਿਵਾਰ 150 ਤੋਂ 250 ਸਟੈਂਡਰਡ ਏਕੜ ਜ਼ਮੀਨ ਦਾ ਮਾਲਕ ਬਣ ਸਕਦਾ ਸੀ, ਹੁਣ ਉਹ ਯਕੀਨੀ ਸਿੰਜਾਈ ਵਾਲੀ ਸਿਰਫ 17.25 ਏਕੜ ਜ਼ਮੀਨ ਆਪਣੇ ਕੋਲ ਰੱਖ ਸਕਦਾ ਹੈ । ਸੱਚ ਮੁਚ ਹੀ ਇਹ ਧਨ ਦੌਲਤ ਦੀ ਮਾਲਕੀ ਅਤੇ ਆਮਦਨ ਦੇ ਫਰਕ ਨੂੰ ਘਟਾਉਣ ਵੱਲ ਇਕ ਇਨਕਲਾਬੀ ਕਦਮ ਹੈ । (ਥੰਪਿੰਗ)

**ਸਰਦਾਰ ਰਣਧੀਰ ਸਿੰਘ ਚੀਮਾ** : ਜਿਹੜਾ ਅਰਬਨ ਸੀਲਿੰਗ ਦਾ ਬਿਲ ਹੈ ਉਹ ਵੀ ਲਿਆਓਗੇ ਜਾਂ ਨਹੀਂ ।

**ਵਿੱਤ ਮੰਤਰੀ** : ਜ਼ਰੂਰ ਲਿਆਵਾਂਗੇ । ਤੁਸੀਂ ਅਗੇ ਸੁਣੋ ।

Original with;
Punjab Vidhan Sabha
Digitized by;
Panjab Digital Library

**ਹਰੀਜਨਾਂ ਦੀ ਭਲਾਈ–**

2500 ਪਿੰਡਾਂ ਵਿਚੋਂ ਹਰੀਜਨਾਂ ਲਈ ਧਰਮਸ਼ਾਲਾਂ ਮੁਕੰਮਲ ਹੋ ਚੁਕੀਆਂ ਹਨ । ਸਾਲ 1972-73 ਦੇ ਦੌਰਾਨ ਤਕਰੀਬਨ 1100 ਧਰਮਸ਼ਾਲਾਂ ਬਣਾਉਣ ਦੀ ਪਰਵਾਨਗੀ ਦਿਤੀ ਗਈ ਹੈ । ਰਾਜ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਆਉਣ ਵਾਲੇ ਦੋ ਸਾਲਾਂ ਵਿਚ ਰਾਜ ਦੇ ਸਾਰੇ ਪਿੰਡਾਂ ਵਿਚ ਧਰਮਸ਼ਾਲਾਂ ਦੀ ਉਸਾਰੀ ਦੇ ਪ੍ਰੋਗਰਾਮ ਨੂੰ ਪੂਰਾ ਕਰ ਦਿਤਾ ਜਾਵੇਗਾ । (ਥੰਪਿੰਗ)

ਸਰਕਾਰ ਨੇ ਸਾਲ 1972-73 ਵਿਚ ਪਹਿਲੀ ਵਾਰ ਹਰੀਜਨ-ਬਸਤੀਆਂ ਦੇ ਵਾਤਾਵਰਣ ਨੂੰ ਸੁਧਾਰਨ ਦਾ ਪ੍ਰੋਗਰਾਮ ਚਾਲੂ ਕੀਤਾ ਹੈ । ਇਸ ਵਿਚ ਪੱਕੀਆਂ ਗਲੀਆਂ ਤੇ ਨਾਲੀਆਂ ਬਣਾਉਣੀਆਂ, ਰੂੜੀਆਂ ਦੇ ਢੇਰ ਚੁਕਵਾਉਣੇ ਜਲ-ਸਪਲਾਈ ਦਾ ਚੰਗਾ ਪ੍ਰਬੰਧ ਕਰਨਾ, ਛਪੜਾਂ ਦਾ ਸੁਧਾਰ ਕਰਨਾ ਤੇ ਬਚਿਆਂ ਲਈ ਪਾਰਕ ਬਣਾਉਣੇ ਸ਼ਾਮਲ ਹਨ । ਇਸ ਪ੍ਰੋਗਰਾਮ ਤੇ 1973-74 ਵਿਚ 50 ਲੱਖ ਰੁਪਏ ਖਰਚ ਕੀਤੇ ਜਾਣਗੇ ।

ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਅਤੇ ਵਿਤ ਕਾਰਪੋਰੇਸ਼ਨ ਨੇ, ਚਾਲੂ ਸਾਲ ਦੇ ਅੰਤ ਤਕ ਹਰੀਜਨਾਂ ਦੀ ਆਰਥਿਕ ਉਨਤੀ ਦੇ ਵੱਖ ਵੱਖ ਪ੍ਰੋਗਰਾਮਾਂ ਉਤੇ 124 ਲੱਖ ਰੁਪਏ ਖਰਚ ਕੀਤੇ ਹਨ । ਹਰੀਜਨਾਂ ਦੀ ਆਰਥਿਕ ਉਨਤੀ ਦੇ ਪ੍ਰੋਗਰਾਮ ਦੀ ਰਫ਼ਤਾਰ ਨੂੰ ਕਾਇਮ ਰੱਖਣ ਲਈ ਸਾਲ 1973-74 ਵਿਚ ਕਾਰਪੋਰੇਸ਼ਨ ਲਈ ਇਕ ਕਰੋੜ ਰੁਪਏ ਦੀ ਹੋਰ ਰਕਮ ਦਾ ਉਪਬੰਧ ਕਰਨ ਦੀ ਤਜਵੀਜ਼ ਹੈ ।

ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ 7800 ਪੋਸਟ-ਮੈਟਰਿਕ ਵਜ਼ੀਫ਼ੇ ਦਿਤੇ ਜਾ ਰਹੇ ਹਨ । ਇਹ ਵਜ਼ੀਫੇ ਸਿਖਿਆ ਦੇ ਖੇਤਰ ਵਿਚ ਪਛੜੇ ਵਰਗਾਂ ਵਿਚਕਾਰ ਸਿਖਿਆ ਦੇ ਪਸਾਰ ਦੀ ਸਕੀਮ ਅਧੀਨ ਤਕਰੀਬਨ 2 ਲੱਖ ਵਿਦਿਆਰਥੀਆਂ ਉਤੇ ਖਰਚੇ ਜਾਂਦੇ 1 ਕਰੋੜ ਰੁਪਏ ਤੋਂ ਇਲਾਵਾ ਹਨ ।

ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸ਼ਾਮਲਾਤ ਜ਼ਮੀਨ ਦਾ ਤੀਜਾ ਭਾਗ ਅਤੇ ਪੰਜਾਬ ਲੈਂਡ ਸੀਲਿੰਗ ਬਿਲ ਪਾਸ ਹੋਣ ਨਾਲ ਵਾਫ਼ਰ ਹੋਈ ਜ਼ਮੀਨ ਵਿਚੋਂ ਕੁਝ ਹਿੱਸਾ ਹਰੀਜਨਾਂ ਨੂੰ ਦਿਤਾ ਜਾਵੇਗਾ । (ਥੰਪਿੰਗ) ਪੰਜਾਬ ਸਰਕਾਰ ਭੂਮੀ-ਹੀਣ ਅਨੁਸੂਚਿਤ ਜਾਤੀਆਂ ਨੂੰ ਜ਼ਰਾਇਤੀ ਜ਼ਮੀਨ ਦੇਣ ਦੀ ਚਾਹਵਾਨ ਹੈ ਭਾਵੇਂ ਇਹ ਕਿਸੇ ਵੀ ਸਾਧਨ ਤੋਂ ਪ੍ਰਾਪਤ ਹੋਵੇ । (ਥੰਪਿਗ)

**ਕਿਰਤ ਅਤੇ ਰੋਜ਼ਗਾਰ–**

ਸਰਕਾਰ ਨੇ ਸੱਨਅਤੀ ਮਜ਼ਦੂਰਾਂ ਲਈ ਬਣਾਏ ਜਾਣ ਵਾਲੇ ਮਕਾਨਾਂ ਦੇ ਅਸਲ ਖਰਚ ਅਤੇ ਭਾਰਤ ਸਰਕਾਰ ਦੁਆਰਾ ਨਿਸਚਿਤ ਖਰਚ ਦਾ ਫ਼ਰਕ ਆਪਣੇ ਪਾਸੋਂ ਦੇਣ ਦਾ ਫੈਸਲਾ ਕੀਤਾ ਹੈ । ਇਸ ਨਾਲ ਸਹਾਇਤਾ ਪ੍ਰਾਪਤ ਉਦਯੋਗਿਕ ਮਕਾਨ ਉਸਾਰੀ ਸਕੀਮ ਅਧੀਨ ਮਕਾਨਾਂ ਦੀ ਉਸਾਰੀ ਦੇ ਨਿਸ਼ਾਨੇ ਨੂੰ ਪੂਰਾ ਕਰਨ ਵਿਚ ਕਾਫ਼ੀ ਸਹਾਇਤਾ ਮਿਲੇਗੀ । ਇਸ ਤੋਂ ਇਲਾਵਾ ਇਸ ਸਕੀਮ ਅਧੀਨ ਵੱਖ ਵੱਖ ਸ਼ਹਿਰਾਂ ਵਿਚ ਬਣਾਏ ਮਕਾਨ, ਵਰਕਰਾਂ ਨੂੰ ਹਾਇਰ-ਪਰਚੇਜ਼ ਅਧਾਰ ਤੇ ਵੇਚਣ ਦਾ ਫੈਸਲਾ ਕੀਤਾ ਗਿਆ ਹੈ ।

ਸਰਕਾਰ ਨੇ ਸਾਲ 1965 ਅਤੇ 1971 ਵਿਚ ਹਿੰਦ-ਪਾਕ ਜੰਗ ਸਮੇਂ ਉਦਯੋਗਕ ਵਰਕਰਾਂ ਨੂੰ ਦਿਤੇ ਕਰਜ਼ਿਆਂ ਦੇ ਬਕਾਇਆ ਦਾ 50 ਫ਼ੀ ਸਦੀ ਹਿੱਸਾ ਗ੍ਰਾਂਟ ਵਿਚ ਬਦਲਣ ਦਾ ਫੈਸਲਾ ਵੀ ਕੀਤਾ ਹੈ । (ਥਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਘੱਟੋ ਘੱਟ ਉਜਰਤਾਂ ਨੂੰ ਸੋਧਣ ਦਾ ਸਮਾਂ 5 ਸਾਲਾਂ ਤੋਂ ਘਟਾ ਕੇ ਤਿੰਨ ਸਾਲ ਕਰ ਦਿਤਾ ਗਿਆ ਹੈ ।

ਉਦਯੋਗਿਕ ਝਗੜਿਆਂ ਦੇ ਕੇਸਾਂ ਦਾ ਛੇਤੀ ਨਾਲ ਨਿਪਟਾਰਾ ਕਰਨ ਲਈ ਇਕ ਹੋਰ ਉਦਯੋਗਿਕ-ਟ੍ਰਿਬਿਊਨਲ ਅੰਮ੍ਰਿਤਸਰ ਵਿਚ ਨਿਯੁਕਤ ਕੀਤਾ ਗਿਆ ਹੈ ।

**ਸਹਾਇਤਾ ਅਤੇ ਪੁਨਰਵਾਸ–**

ਰਾਜ ਸਰਕਾਰ ਨੇ ਫਰਵਰੀ, 1973 ਦੇ ਅੰਤ ਤਕ ਯੁਧ-ਪੀੜਤ ਲੋਕਾਂ ਦੀ ਸਹਾਇਤਾ ਅਤੇ ਉਨ੍ਹਾਂ ਨੂੰ ਮੁੜ ਵਸਾਉਣ ਲਈ 13 ਕਰੋੜ ਰੁਪਏ ਖਰਚ ਕੀਤਾ (ਥੰਪਿੰਗ) ਸਾਲ 1973–74 ਦੇ ਦੌਰਾਨ ਬਜਟ ਵਿਚ 5.55 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

ਮੈਂ ਰਾਜ ਦੇ ਸੂਰਬੀਰ ਤੇ ਬਹਾਦਰ ਲੋਕਾਂ ਦਾ ਧੰਨਵਾਦ ਕਰਨ ਵਿਚ ਖੁਸ਼ੀ ਤੇ ਫ਼ਖਰ ਮਹਿਸੂਸ ਕਰਦਾ ਹਾਂ, ਜਿਹੜੇ ਮੁਸ਼ਕਲ ਤੋਂ ਮੁਸ਼ਕਲ ਹਾਲਾਤ ਵਿਚ ਵੀ ਫਿਰਕਾ-ਪ੍ਰਸਤੀ ਅਤੇ ਪ੍ਰਾਂਤਵਾਦ ਦੀ ਭਾਵਨਾ ਤੋਂ ਉਚੇਰੇ ਉਠਕੇ ਰਾਜ ਦੀ ਆਰਥਿਕ ਖੁਸ਼ਹਾਲੀ ਲਈ ਸਿਰਤੋੜ ਯਤਨ ਕਰਦੇ ਰਹੇ ਹਨ (ਥੰਪਿੰਗ) ਅਤੇ ਜਦੋਂ ਕਦੇ ਵੀ ਦੇਸ਼ ਦੀ ਰੱਖਿਆ ਲਈ ਉਨ੍ਹਾਂ ਨੂੰ ਲਲਕਾਰਿਆ ਗਿਆ ਹੈ ਉਨ੍ਹਾਂ ਨੇ ਹਰ ਕੁਰਬਾਨੀ ਕੀਤੀ ਹੈ ।

ਤਕਰੀਬਨ 21 ਕਰੋੜ ਰੁਪਏ ਦੀ ਲਾਗਤ ਨਾਲ 4800 ਕਿਲੋਮੀਟਰ ਲਿੰਕ ਸੜਕਾਂ ਇਸ ਸਾਲ ਬਣਾਈਆਂ ਜਾ ਚੁਕੀਆਂ ਹਨ(ਥੰਪਿੰਗ) ਬਾਕੀ ਲਗਭਗ 5000 ਕਿਲੋਮੀਟਰ ਸੜਕਾਂ ਬਣਾਉਣ ਦਾ ਕੰਮ ਅਗਲੇ ਸਾਲ ਦੇ ਦੌਰਾਨ ਪੂਰਾ ਕੀਤਾ ਜਾਵੇਗਾ । ਵਾਅਦੇ ਮੁਤਾਬਕ ਹੋਰ ਸਕੂਲ ਖੋਲ੍ਹ ਦਿਤੇ ਗਏ ਹਨ ਅਤੇ ਅਗਲੇ ਸਾਲ ਵੀ ਇਹ ਵਾਅਦਾ ਪੂਰਾ ਕੀਤਾ ਜਾਵੇਗਾ ।

ਇਕ ਹਾਊਸਿੰਗ ਬੋਰਡ ਸਥਾਪਤ ਕੀਤਾ ਗਿਆ ਹੈ । ਦਿਹਾਤੀ ਤੇ ਸ਼ਹਿਰੀ ਮਕਾਨ-ਉਸਾਰੀ ਲਈ ਸਾਲ 1973–74 ਵਿਚ 1.5 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

ਰਾਜ ਦੇ ਨੀਮ-ਪਹਾੜੀ ਇਲਾਕਿਆਂ ਦੇ 160 ਪਿੰਡਾਂ ਵਿਚ ਪਾਣੀ ਸਪਲਾਈ ਕਰਨ ਦੀ ਯੋਜਨਾ ਮੁਕੰਮਲ ਕੀਤੀ ਗਈ ਸੀ ਅਤੇ 357 ਪਿੰਡਾਂ ਵਿਚ ਇਹ ਯੋਜਨਾ ਪ੍ਰਗਤੀ ਅਧੀਨ ਹੈ । ਸਾਲ 1972–73 ਵਿਚ ਇਸ ਮਨੋਰਥ ਲਈ 2.30 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਅਤੇ ਇਹ ਰਕਮ ਸਾਲ 1973–74 ਵਿਚ 4.36 ਕਰੋੜ ਰੁਪਏ ਤੱਕ ਵਧਾ ਦਿਤੀ ਗਈ ਹੈ । ਸਰਕਾਰ ਇਸ ਕੰਮ ਨੂੰ ਪਹਿਲ ਦੇ ਕੇ ਸਾਲ 1974–75 ਤਕ ਨੀਮ-ਪਹਾੜੀ ਇਲਾਕੇ ਦੇ ਸਾਰੇ 1,073 ਪਿੰਡਾਂ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨ ਦਾ ਯਤਨ ਕਰੇਗੀ । (ਥੰਪਿੰਗ)

**ਵਿੱਤ ਕਮਿਸ਼ਨ–**

ਰਾਜ ਸਰਕਾਰ ਨੇ ਛੇਵੇਂ ਵਿੱਤ ਕਮਿਸ਼ਨ ਨੂੰ ਇਕ ਯਾਦ-ਪੱਤਰ ਦਿਤਾ ਹੈ ਅਤੇ ਇਸ ਗੱਲ ਤੇ ਜ਼ੋਰ ਦਿਤਾ ਹੈ ਕਿ ਸਾਲ 1971 ਦੀ ਹਿੰਦ-ਪਾਕ ਜੰਗ ਦੇ ਦੌਰਾਨ ਜ਼ਰਾਇਤੀ ਅਤੇ ਉਦਯੋਗਕ ਖੇਤਰਾਂ ਵਿਚ ਰਾਜ ਦੀ ਆਰਥਿਕਤਾ ਨੂੰ ਪੁੱਜੇ ਬਹੁਤ ਭਾਰੀ ਨੁਕਸਾਨ ਨੂੰ ਪੂਰਾ ਕਰਨ ਲਈ ਖੁਲ੍ਹਦਿਲੀ ਨਾਲ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਅਸੀਂ ਕਮਿਸ਼ਨ ਸਾਹਮਣੇ ਇਸ ਗੱਲ ਤੇ ਜ਼ੋਰ ਦਿਤਾ ਹੈ ਕਿ ਪੰਜਾਬ ਨੇ ਦੇਸ਼ ਵਿਚ ਖੁਰਾਕ ਦੀ ਕਮੀ ਨੂੰ ਪੂਰਾ ਕਰਨ ਵਿਚ ਬਹੁਤ ਅਹਿੱਮ ਹਿੱਸਾ ਪਾਇਆ ਹੈ । ਅਸੀਂ ਇਹ ਵੀ ਕਿਹਾ ਕਿ ਰਾਜ ਨੂੰ ਸਹਾਇਤਾ ਗ੍ਰਾਂਟ ਉਸ ਦੀ ਕਾਰਗੁਜ਼ਾਰੀ ਅਤੇ ਉਸ ਦੇ ਵਿਕਾਸ ਦੀ ਸ਼ਕਤੀ ਦੇ ਅਧਾਰ ਤੇ ਦਿੱਤੀ ਜਾਣੀ ਚਾਹੀਦੀ ਹੈ । ਸਾਡੇ ਰਾਜ ਦਾ ਬਾਰਡਰ ਗਰਮ ਰਹਿੰਦਾ ਹੈ

Original with;
Punjab Vidhan Sabha
Digitized by;
Panjab Digital Library

ਜਿਥੇ ਜਾਸੂਸੀ ਸਰਗਰਮੀਆਂ ਅਤੇ ਅੰਦਰੂਨੀ ਸੁੱਰਖਿਆ ਦੇ ਮਸਲੇ ਹਰ ਸਮੇਂ ਪੇਸ਼ ਰਹਿੰਦੇ ਹਨ । ਆਰਥਿਕ-ਫਰੰਟ ਤੇ ਸਾਡੇ ਰਾਜ ਨੂੰ ਬਾਰਡਰ ਏਰੀਏ ਦੇ ਵਿਕਾਸ, ਬੈਕਵਰਡ ਏਰੀਏ ਦੇ ਵਿਕਾਸ, ਨਮਕ ਵਾਲੀ ਜ਼ਮੀਨ ਦੇ ਸੁਧਾਰ, ਪਿੰਡਾਂ ਨੂੰ ਸੜਕਾਂ ਨਾਲ ਲਿੰਕ ਕਰਨ, ਉਨ੍ਹਾਂ ਨੂੰ ਪੀਣ ਵਾਲਾ ਪਾਣੀ ਸਪਲਾਈ ਕਰਨ, ਭੋਂ ਖੋਰ ਤੇ ਸੇਮ ਦੇ ਖਤਰੇ ਵਰਗੀਆਂ ਵਿਸ਼ੇਸ਼ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਬਿਜਲੀ ਦੀ ਕਮੀ ਨੂੰ ਦੂਰ ਕਰਨ ਲਈ ਅਤੇ ਰਾਸ਼ਟਰ ਦੇ ਆਰਥਿਕ ਵਿਕਾਸ ਵਿਚ ਰਾਜ ਨੂੰ ਆਪਣਾ ਭਰਪੂਰ ਹਿੱਸਾ ਪਾਉਣ ਦੇ ਯੋਗ ਬਣਾਉਣ ਲਈ ਜ਼ਰੂਰੀ ਹੈ ਕਿ ਕੇਂਦਰੀ ਕਰਾਂ ਦੇ ਪੂਲ ਵਿਚੋਂ ਵਧੇਰੇ ਹਿੱਸਾ ਦੇਣ ਤੋਂ ਇਲਾਵਾ ਸਾਨੂੰ ਸਹਾਇਤਾ ਗ੍ਰਾਂਟ ਵੀ ਦਿੱਤੀ ਜਾਵੇ ।

**ਸਰਕਾਰੀ ਕਰਮਚਾਰੀਆਂ ਨੂੰ ਰੀਲੀਫ਼—**

ਸਰਕਾਰ ਆਪਣੇ ਕਰਮਚਾਰੀਆਂ ਦੀ ਭਲਾਈ ਦਾ ਪੂਰੀ ਤਰ੍ਹਾਂ ਧਿਆਨ ਰਖ ਰਹੀ ਹੈ । ਰਾਜ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਤਿੰਨ ਕਿਸ਼ਤਾਂ ਵਿਚ ਹੋਰ ਰੀਲੀਫ਼ ਦਿੱਤਾ ਹੈ ਜਿਹੜੀ ਕਿ ਭਾਰਤ ਸਰਕਾਰ ਨੇ ਤੀਜੇ ਤਨਖ਼ਾਹ ਕਮਿਸ਼ਨ ਦੀ ਸਿਫਾਰਸ਼ ਤੇ ਆਪਣੇ ਕਰਮਚਾਰੀਆਂ ਨੂੰ ਦਿੱਤਾ ਸੀ। ਇਸ ਫੈਸਲੇ ਨਾਲ ਰਾਜ ਦੇ ਖਜ਼ਾਨੇ ਤੇ 9 ਕਰੋੜ ਰੁਪਏ ਦਾ ਸਾਲਾਨਾ ਦਾ ਭਾਰ ਪਿਆ ।

ਸਰਕਾਰ ਨੇ ਸਰਕਾਰੀ ਡਾਕਟਰਾਂ ਦੀ ਪ੍ਰਾਈਵੇਟ ਪ੍ਰੈਕਟਿਸ ਉੱਤੇ ਕੁਝ ਯੋਗ ਬੰਦਸ਼ ਲਾਉਣ ਦਾ ਫੈਸਲਾ ਕੀਤਾ। ਇਸ ਫੈਸਲੇ ਦੇ ਸਿੱਟੇ ਵੱਜੋਂ ਕਲਾਸ i ਤੇ ii ਦੇ ਡਾਕਟਰਾਂ ਦੇ ਤਨਖਾਹ-ਸਕੇਲਾਂ ਵਿਚ 16 ਅਗਸਤ, 1972 ਤੋਂ ਵਾਧਾ ਕੀਤਾ ਗਿਆ ਹੈ ।

ਸਰਕਾਰ ਨੇ ਉਨ੍ਹਾਂ ਵਰਕ-ਚਾਰਜਡ ਕਰਮਚਾਰੀਆਂ ਨੂੰ ਰੈਗੂਲਰ ਕਰਨ ਦਾ ਫੈਸਲਾ ਕੀਤਾ ਹੈ ਜਿਨ੍ਹਾਂ ਦੀ ਸੇਵਾ 10 ਸਾਲ ਤੋਂ ਵੱਧ ਹੈ ।

ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸਰਹੱਦੀ ਇਲਾਕਿਆਂ ਵਿਚ ਤੈਨਾਤ ਕੀਤੇ ਕਰਮਚਾਰੀਆਂ ਨੂੰ $12\frac{1}{2}$ ਫੀ ਸਦੀ ਮਕਾਨ ਕਿਰਾਇਆ ਭੱਤਾ ਦਿਤਾ ਜਾਵੇ ।

ਸਰਕਾਰ ਨੇ ਉਨ੍ਹਾਂ ਸਰਕਾਰੀ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ ਦੇਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਦੀ ਡਿਊਟੀ ਸਥਾਨ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ, ਉਨ੍ਹਾਂ ਸ਼ਹਿਰਾਂ ਤੋਂ ਪੰਜ ਮੀਲ ਦੇ ਅੰਦਰ ਅੰਦਰ ਹੋਵੇ, ਜਿਥੇ ਕਿ ਇਹ ਭੱਤਾ ਮਿਲਦਾ ਹੈ ।

ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਉਹ ਸਾਰੇ ਕਰਮਚਾਰੀ ਜਿਹੜੇ ਐਡ-ਹਾਕ ਆਧਾਰ ਤੇ ਨਿਯੁਕਤ ਕੀਤੇ ਗਏ ਸਨ ਅਤੇ ਜਿਨ੍ਹਾਂ ਨੇ 1 ਜਨਵਰੀ, 1973 ਤੱਕ ਇਕ ਸਾਲ ਦੀ ਸੇਵਾ ਮੁਕੰਮਲ ਕਰ ਲਈ ਹੈ, ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ (ਥੰਪਿੰਗ) । ਇਸ ਫੈਸਲੇ ਨਾਲ ਲਗ ਭਗ 4,000 ਕਰਮਚਾਰੀਆਂ ਨੂੰ ਲਾਭ ਹੋਵੇਗਾ ।

ਪ੍ਰਾਈਵੇਟ ਸਕੂਲਾਂ ਨੂੰ ਆਪਣੇ ਅਧਿਆਪਕਾਂ ਨੂੰ ਅਧਿਕ ਰੀਲੀਫ਼, ਐਡ-ਹਾਕ ਮਹਿੰਗਾਏ ਭੱਤਾ ਅਤੇ ਸਾਲਾਨਾ ਤਰੱਕੀਆਂ ਦੇਣ ਲਈ 90 ਲੱਖ ਰੁਪਏ ਦਿੱਤੇ ਗਏ ਹਨ । ਪ੍ਰਾਈਵੇਟ ਸਕੂਲਾਂ ਦੇ ਨਾਨ-ਟੀਚਿੰਗ ਅਮਲੇ ਲਈ 7.70 ਲੱਖ ਰੁਪਏ ਦੀ ਹੋਰ ਰਕਮ ਦਿੱਤੀ ਜਾ ਰਹੀ ਹੈ ।

ਸਰਕਾਰ ਨੂੰ ਪੈਨਸ਼ਨਰਾਂ ਦੇ ਹਿੱਤਾਂ ਦਾ ਵੀ ਖਿਆਲ ਹੈ । ਇਹ ਵੀ ਫੈਸਲਾ ਕੀਤਾ ਗਿਆ ਹੈ ਕਿ 300 ਰੁਪਏ ਮਾਹਵਾਰ ਤੱਕ ਦੀਆਂ ਪੈਨਸ਼ਨਾਂ ਵਿਚ ਮਾਰਜਿਨਲ ਐਡਜਸਟਮੈਂਟ ਕਰਦਿਆ 10 ਫੀ ਸਦੀ ਦਾ ਵਾਧਾ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

**ਸਿਆਸੀ ਪੀੜਤਾਂ ਕਮਜ਼ੋਰ ਵਰਗਾਂ ਨੂੰ ਰੀਲੀਫ਼–**

ਇਹ ਵੀ ਤਜਵੀਜ਼ ਕੀਤਾ ਗਿਆ ਹੈ ਕਿ 300 ਰੁਪਏ ਪ੍ਰਤੀ ਮਹੀਨਾ ਤਕ ਦੀ ਆਮਦਨ ਵਾਲੇ ਸਿਆਸੀ ਪੀੜਤਾਂ ਦੀ ਥਾਂ 500 ਰੁਪਏ ਤਕ ਦੀ ਆਮਦਨ ਵਾਲੇ ਸਿਆਸੀ ਪੀੜਤਾਂ ਅਤੇ ਉਨ੍ਹਾਂ ਤੇ ਆਸ਼ਰਿਤ ਵਿਅਕਤੀਆਂ ਨੂੰ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਡਾਕਟਰੀ ਸਹਾਇਤਾ ਦਿਤੀ ਜਾਵੇ। (ਥੰਪਿੰਗ)

ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਸਿਆਸੀ ਪੀੜਤਾਂ ਦੀਆਂ ਜਾਇਦਾਦਾਂ ਸੁਤੰਤਰਤਾ ਅੰਦੋਲਨ ਦੇ ਸਬੰਧ ਵਿਚ ਜ਼ਬਤ ਕੀਤੀਆਂ ਗਈਆਂ ਸਨ, ਅਤੇ ਜਿਨ੍ਹਾਂ ਨੇ ਇਨ੍ਹਾਂ ਜਾਇਦਾਦਾਂ ਨੂੰ ਮੁੜ ਪ੍ਰਾਪਤ ਕਰਨ ਲਈ 30 ਜੂਨ, 1956 ਤੱਕ ਦਰਖਾਸਤਾਂ ਨਹੀਂ ਸਨ ਦਿਤੀਆਂ, ਦੇ ਕੇਸਾਂ ਤੇ ਵਿਚਾਰ ਕੀਤਾ ਜਾਵੇ। ਅਜਿਹੇ ਕਲੇਮ ਉਨ੍ਹਾਂ ਦੇ ਕੋਲੇਟਰਲਾਂ (ਸਬੰਧੀ ਵਾਰਸਾਂ) ਵਲੋਂ ਵੀ ਦਿਤੇ ਜਾ ਸਕਣਗੇ।

ਪਹਿਲੀ ਮਾਰਚ, 1973 ਤੋਂ ਨਿਆਸਰੀਆਂ ਵਿਧਵਾਵਾਂ ਦਾ ਭੱਤਾ 20 ਰੁਪਏ ਮਾਹਵਾਰ ਤੋਂ ਵਧਾ ਕੇ 50 ਰੁਪਏ ਮਾਹਵਾਰ ਕਰ ਦਿਤਾ ਗਿਆ ਹੈ। (ਥੰਪਿੰਗ) ਬੁਢਾਪਾ ਪੈਨਸ਼ਨ ਦੀ ਰਕਮ 25 ਰੁਪਏ ਮਾਹਵਾਰ ਤੋਂ ਵਧਾ ਕੇ 50 ਰੁਪਏ ਮਾਹਵਾਰ ਕਰ ਦਿਤੀ ਗਈ ਹੈ। (ਥੰਪਿੰਗ)

**ਮਾਲੀ ਨੀਤੀ–**

ਸਾਲ 1972-73 ਵਿਚ ਇਹ ਵਿਕਾਸ ਦੀਆਂ ਸਕੀਮਾਂ ਲਈ ਖਰਚੇ ਵਿਚ ਨਿੱਗਰ ਵਾਧਾ ਹੋਇਆ। ਹੋਰਨਾਂ ਪ੍ਰੋਗਰਾਮਾਂ ਤੋਂ ਇਲਾਵਾ ਸਰਕਾਰ ਨੇ ਹਰੇਕ ਪਿੰਡ ਨੂੰ 1974 ਤਕ ਸੜਕਾਂ ਰਾਹੀਂ ਮਿਲਾਉਣ ਦੀ ਜ਼ਿੰਮੇਵਾਰੀ ਲਈ ਹੈ। ਇਸ ਤੋਂ ਇਲਾਵਾ, ਰਾਜ ਵਿਚ ਬਿਜਲੀ ਦੀ ਘਾਟ ਦੇ ਬਾਵਜੂਦ ਦਿਹਾਤੀ ਇਲਾਕਿਆਂ ਨੂੰ ਬਿਜਲੀ ਦੇਣ ਦਾ ਪ੍ਰੋਗਰਾਮ ਲਗਾਤਾਰ ਚੱਲ ਰਿਹਾ ਹੈ। ਹਰੇ ਇਨਕਲਾਬ ਦੀ ਰਫ਼ਤਾਰ ਨੂੰ ਕਾਇਮ ਰੱਖਣ ਲਈ ਪੈਦਾਵਾਰ ਵਧਾਉਣ ਦਾ ਹੰਗਾਮੀ ਪ੍ਰੋਗਰਾਮ ਪੂਰੇ ਜ਼ੋਰ ਨਾਲ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਇਸ ਗੱਲ ਦੇ ਬਾਵਜੂਦ ਕਿ 1972-73 ਦੇ ਦੌਰਾਨ ਕੋਈ ਨਵਾਂ ਟੈਕਸ ਨਹੀਂ ਸੀ ਲਾਇਆ ਗਿਆ ਅਸੀਂ ਇਸ ਸਾਲ ਦੇ ਦੌਰਾਨ ਬਹੁਤ ਵੱਡੇ ਤਾਮੀਰੀ ਪ੍ਰੋਗਰਾਮ ਨੂੰ ਮੁਕੰਮਲ ਕਰ ਸਕੇ ਹਾਂ। ਇਸ ਸਭ ਕੁਝ ਦੇ ਬਾਵਜੂਦ ਸਰਕਾਰ ਟੈਕਸ ਲਾਉਣ ਤੋਂ ਬਿਨਾਂ ਹੋਰ ਕਾਰਵਾਈਆਂ ਰਾਹੀਂ ਸਾਧਨ ਇਕੱਠੇ ਕਰਨ ਵਿਚ ਸਫ਼ਲ ਰਹੀ ਹੈ। ਇਨ੍ਹਾਂ ਵਿਚ ਭਾਰਤ ਸਰਕਾਰ ਵੱਲੋਂ 3.29 ਕਰੋੜ ਰੁਪਏ ਦੀ ਵਾਪਸੀ ਸ਼ਾਮਲ ਹੈ, ਜਿਹੜੀ ਕਿ ਰਾਜ ਸਰਕਾਰ ਵੱਲੋਂ ਸਾਲ 1966-67 ਵਿਚ ਬਿਆਸ ਪ੍ਰਾਜੈਕਟ ਤੇ ਕੀਤੇ ਵਾਧੂ ਖਰਚ ਕਾਰਣ ਲੈਣੀ ਬਣਦੀ ਸੀ। ਬੱਚਤ ਕਰਨ ਦੇ ਮਨੋਰਥ ਨਾਲ ਸਾਲ 1972-73 ਵਿਚ ਨਾਨ-ਪਲੈਨ ਖਰਚੇ ਤੇ 5 ਫ਼ੀ ਸਦੀ ਇਕਸਾਰ ਕਟੌਤੀ ਲਗਾਈ ਗਈ ਸੀ। ਇਸ ਸਾਲ ਕਰਾਂ ਦੀ ਉਗਰਾਹੀ ਵਿਚ ਪ੍ਰਤੱਖ ਸੁਧਾਰ ਦਿਖਾਈ ਦਿੰਦਾ ਹੈ ਕਿਉਂਕਿ ਕਰ-ਉਗਰਾਹੀ ਮਸ਼ੀਨਰੀ ਤੇ ਕਰੜਾ ਕੰਟਰੋਲ ਰੱਖਿਆ ਗਿਆ ਹੈ। ਜਿਵੇਂ ਕਿ ਪਿਛਲੇ ਸਾਲ ਦੇ ਬਜਟ ਭਾਸ਼ਣ ਵਿਚ ਵਿਸ਼ਵਾਸ ਦਿਵਾਇਆ ਗਿਆ ਸੀ, ਅਸੀਂ ਵਿੱਤੀ ਸੰਸਥਾਵਾਂ ਅਤੇ ਵਪਾਰਕ ਬੈਂਕਾਂ ਪਾਸੋਂ ਰਕਮ ਲੈਣ ਦੀ ਕੋਸ਼ਿਸ਼ ਕੀਤੀ ਸੀ, ਅਸੀਂ ਰਾਜ ਵਿੱਤੀ ਕਾਰਪੋਰੇਸ਼ਨ, ਪੰਜਾਬ ਰਾਜ ਬਿਜਲੀ ਬੋਰਡ, ਟਿਊਬਵੈੱਲ ਕਾਰਪੋਰੇਸ਼ਨ, ਵੇਅਰ ਹਾਊਸਿੰਗ ਕਾਰਪੋਰੇਸ਼ਨ, ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਲਈ ਤਕਰੀਬਨ 10 ਕਰੋੜ ਰੁਪਏ ਦੇ ਵਾਧੂ ਫ਼ੰਡ ਪ੍ਰਾਪਤ ਕਰਨ ਵਿਚ ਸਫਲ ਹੋਏ ਹਾਂ। 25 ਕਰੋੜ ਰੁਪਏ ਦੀ ਰਕਮ ਛੋਟੀ ਸਿੰਜਾਈ, ਭੋਂ ਸੁਰੱਖਿਆ, ਬਾਗ਼ਬਾਨੀ, ਟਿਊਬਵੈੱਲ ਲਾਉਣ, ਟਰੈਕਟਰ ਅਤੇ ਹੋਰ ਮਸ਼ੀਨਰੀ ਖਰੀਦਣ ਲਈ ਮਾਲੀ-ਸੰਸਥਾਵਾਂ ਤੋਂ ਪ੍ਰਾਪਤ ਕੀਤੀ ਗਈ। ਹੰਗਾਮੀ ਪ੍ਰੋਗਰਾਮ ਅਧੀਨ ਪੰਜਾਬ ਡੇਅਰੀ ਵਿਕਾਸ ਕਾਰਪੋਰੇਸ਼ਨ ਨੇ ਭਾਰਤੀ ਡੇਅਰੀ ਵਿਕਾਸ ਕਾਰਪੋਰੇਸ਼ਨ ਤੋਂ ਰਾਜ ਵਿਚ ਡੇਅਰੀ ਸਰਗਰਮੀਆਂ ਨੂੰ ਤੇਜ਼ ਕਰਨ ਲਈ 3.82 ਕਰੋੜ ਰੁਪਏ ਦੀ ਰਕਮ ਪ੍ਰਾਪਤ ਕਰ ਲਈ ਹੈ। ਇਨ੍ਹਾਂ ਸਾਰੇ ਉਪਾਵਾਂ ਦੇ

Original with;
Punjab Vidhan Sabha
Digitized by;
Panjab Digital Library

ਬਾਵਜੂਦ ਸਾਲ 1973-74 ਦੇ ਬਜਟ ਵਿਚ 37,21 ਲੱਖ ਰੁਪਏ ਤੱਕ ਦਾ ਘਾਟਾ ਹੈ। ਇਹ ਘਾਟਾ ਅਸਲ ਵਿਚ 1973-74 ਦੇ ਸਾਲ ਲਈ ਬਣਾਈ ਗਈ ਬਹੁਤੀ ਵੱਡੀ ਯੋਜਨਾ ਦਾ ਨਤੀਜਾ ਹੈ। ਯੋਜਨਾ ਇਸ ਤੋਂ ਛੋਟੀ ਨਹੀਂ ਸੀ ਬਣਾਈ ਜਾ ਸਕਦੀ ਕਿਉਂਕਿ ਪੰਜਵੀਂ ਯੋਜਨਾ ਵਿਚ ਮਿਥੇ ਗਏ ਟੀਚਿਆਂ ਦੀ ਪ੍ਰਾਪਤੀ ਲਈ ਸਾਲ 1973-74 ਵਿਚ ਬੁਨਿਆਦੀ ਕਾਰਜ ਕਰਨੇ ਜ਼ਰੂਰੀ ਹਨ ਅਤੇ ਸਾਲ 1973-74 ਚੌਥੀ ਯੋਜਨਾ ਦਾ ਆਖਰੀ ਸਾਲ ਹੈ।

ਇਸ ਘਾਟੇ ਨੂੰ ਕਾਫੀ ਹੱਦ ਤੱਕ ਪੂਰਾ ਕਰਨ ਲਈ ਮੈਂ ਕੁਝ ਗੈਰ-ਟੈਕਸ ਕਾਰਵਾਈਆਂ ਕਰਨ ਅਤੇ ਕੁਝ ਅਜਿਹੇ ਟੈਕਸ ਲਾਉਣ ਦੀ ਤਜਵੀਜ਼ ਕਰਦਾ ਹਾਂ ਜਿਨ੍ਹਾਂ ਦਾ ਬੋਝ ਆਮ ਜਨਤਾ ਤੇ ਨਾ ਪਵੇ। ਮੋਟੇ ਤੌਰ ਤੇ ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

| | | |
|---|---|---|
| | | (ਲੱਖ ਰੁਪਏ) |
| 1. ਨਾਨ-ਪਲਾਨ ਖਰਚ ਵਿਚ ਬੱਚਤ | ... | 5,00 |
| 2. ਸਰਕਾਰੀ ਸੀਕਿਉਰਿਟੀਆਂ ਦੀ ਵਿਕਰੀ | ... | 4,00 |
| 3. ਯੋਜਨਾ-ਸਕੀਮਾਂ ਨੂੰ ਸਿਰੇ ਚਾੜ੍ਹਨ ਲਈ ਵਪਾਰਕ ਬੈਂਕਾਂ ਤੋਂ ਸਾਧਨ | ... | 8,00 |
| 4. ਟੈਕਸ ਉਗਰਾਹੁਣ ਵਾਲੀ ਮਸ਼ੀਨਰੀ ਦੇ ਕੰਟਰੋਲ ਨੂੰ ਮਜ਼ਬੂਤ ਕਰਨ ਨਾਲ ਵਾਧੂ ਵਸੂਲੀ | | 2,00 |
| 5. ਕੇਂਦਰ ਦੇ ਕਰਾਂ ਵਿਚੋਂ ਅਧਿਕ ਹਿੱਸਾ | ... | 2,00 |
| 6. ਬੰਗਲਾ ਦੇਸ਼ ਕਰ ਨੂੰ ਸਿਖਿਆ ਕਰ ਵਿਚ ਬਦਲਣਾ | ... | 2,00 |
| 7. ਰਹਿਨ ਨਾਮਿਆਂ ਦੀ ਅਸ਼ਟਾਮ ਡੀਊਟੀ 2.25 ਫ਼ੀ ਸਦੀ ਤੋਂ 5 ਫ਼ੀ ਸਦੀ ਕਰਨਾ ਅਤੇ ਹਿਬਾ ਨਾਮਿਆਂ ਲਈ 3 ਫ਼ੀ ਸਦੀ ਤੋਂ 5 ਫ਼ੀ ਸਦੀ ਕਰਨਾ | | 1,40 |
| 8. ਜ਼ਰਾਇਤੀ ਜ਼ਮੀਨ ਨੂੰ ਗੈਰ-ਜ਼ਰਾਇਤੀ ਮਨੋਰਥਾਂ ਲਈ ਵਰਤਣ ਤੇ ਟੈਕਸ | ... | 20 |
| 9. ਫੋਮ, ਰਬੜ, ਫਰ ਅਤੇ ਇਨ੍ਹਾਂ ਤੋਂ ਬਣੀਆਂ ਚੀਜ਼ਾਂ ਉਤੇ ਐਸ਼ ਆਰਾਮ ਵਾਲੀਆਂ ਚੀਜ਼ਾਂ ਦੀ ਦਰ ਦੇ ਮੁਤਾਬਕ ਵਿਕਰੀ ਟੈਕਸ ਲਾਉਣਾ | ... | 1 |
| 10. ਅਨਾਜ ਉਤੇ ਮਾਰਕੀਟ ਕਰ ਦੇ 50 ਫ਼ੀ ਸਦੀ ਦੇ ਬਰਾਬਰ ਵਿਕਾਸ ਉਪ ਕਰ ਲਾਉਣਾ (ਇਸ ਦੀ ਵਰਤੋਂ ਪਿੰਡਾਂ ਦੀਆਂ ਸੜਕਾਂ ਅਤੇ ਲਿੰਕ ਸੜਕਾਂ ਮੁਕੰਮਲ ਕਰਨ ਲਈ ਕੀਤੀ ਜਾਵੇਗੀ) | | 1,00 |
| | | 25,61 |

ਇਨ੍ਹਾਂ ਵਿਚੋਂ ਬਹੁਤੀਆਂ ਕਾਰਵਾਈਆਂ ਐਸੀਆਂ ਹਨ ਜਿਨ੍ਹਾਂ ਦੀ ਸਿਫਾਰਸ਼ ਟੈਕਸੇਸ਼ਨ ਇਨ-ਕੁਆਇਰੀ ਅਤੇ ਰੀਸੋਰਸਿਜ਼' ਕਮੇਟੀ ਨੇ ਕੀਤੀ ਸੀ ਜਿਹੜੀ ਰਾਜ ਦੀਆਂ ਵੱਧ ਰਹੀਆਂ ਜ਼ਰੂਰਤਾਂ ਲਈ ਅਧਿਕ ਸਾਧਨ ਲੱਭਣ ਲਈ ਰਾਜ ਸਰਕਾਰ ਦੁਆਰਾ ਬਣਾਈ ਗਈ ਸੀ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਨ੍ਹਾਂ ਤੋਂ ਜ਼ਾਹਿਰ ਹੈ ਕਿ ਅਸੀਂ ਇਨ੍ਹਾਂ ਟੈਕਸਾਂ ਦਾ ਬੋਝ ਉਸ ਤਬਕੇ ਦੇ ਲੋਕਾਂ ਤੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਜਿਹੜਾ ਇਸ ਨੂੰ ਸਹਿ ਸਕਦਾ ਹੈ । ਇਨ੍ਹਾਂ ਕਾਰਵਾਈਆਂ ਦਾ ਭਾਰ ਆਮ ਜਨਤਾ ਉਤੇ ਬਿਲਕੁਲ ਨਹੀਂ ਪਵੇਗਾ, ਜਿਸ ਦੀ ਭਲਾਈ ਇਸ ਸਰਕਾਰ ਦਾ ਪਰਮ ਉਦੇਸ਼ ਹੈ । ਹਾਲ ਦੀ ਘੜੀ ਮੈਂ 11.60 ਕਰੋੜ ਰੁਪਏ ਦਾ ਇਹ ਖੱਪਾ ਅਣਪੂਰਿਆ ਛੱਡਦਾ ਹਾਂ ਅਤੇ ਇਸ ਨੂੰ ਭਾਰਤ ਸਰਕਾਰ ਤੋਂ ਵਧੇਰੇ ਰਕਮ ਪ੍ਰਾਪਤ ਕਰਕੇ, ਮਾਰਕਿਟ ਤੋਂ ਵਧੇਰੇ ਕਰਜ਼ਾ ਲੈ ਕੇ ਅਤੇ ਟੈਕਸਾਂ ਵਿਚੋਂ ਵਧੇਰੇ ਹਿਸਾ ਲੈ ਕੇ ਅਤੇ ਇਸ ਸਰਹੱਦੀ ਰਾਜ ਲਈ ਵਧੇਰੇ ਸਹਾਇਤਾ ਗ੍ਰਾਂਟ ਪ੍ਰਾਪਤ ਕਰਕੇ ਪੂਰਾ ਕਰਨ ਦਾ ਯਤਨ ਕਰਾਂਗਾ ।

**ਧੰਨਵਾਦ–**

ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਨ ਸਮਾਪਤ ਕਰਾਂ, ਮੈਂ ਸ੍ਰੀ ਵੀ. ਪੀ. ਮਲਹੋਤਰਾ, ਵਿੱਤ ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ ਅਤੇ ਵਿੱਤ ਵਿਭਾਗ ਦੇ ਹੋਰ ਅਫ਼ਸਰਾਂ ਅਤੇ ਅਮਲੇ ਦਾ, ਜਿਨ੍ਹਾਂ ਦੀ ਮਿਹਨਤ ਅਤੇ ਸ਼ਲਾਘਾ-ਯੋਗ ਕੰਮ ਸਦਕਾ ਹੀ ਮੈਂ ਸਦਨ ਸਾਹਮਣੇ ਬਜਟ ਪੇਸ਼ ਕਰ ਸਕਿਆ ਹਾਂ, ਧੰਨਵਾਦ ਕਰਦਾ ਹਾਂ । ਮੈਂ ਮਹਾਂ-ਲੇਖਾਕਾਰ, ਪੰਜਾਬ ਦਾ ਵੀ ਉਨ੍ਹਾਂ ਦੀ ਕੀਮਤੀ ਸਹਾਇਤਾ ਲਈ ਧੰਨਵਾਦੀ ਹਾਂ । ਮੈਂ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਬਜਟ ਨੂੰ ਸਮੇਂ ਸਿਰ ਛਾਪਣ ਵਿਚ ਸਹਿਯੋਗ ਦਿਤਾ ਹੈ ।

ਹੁਣ ਸ੍ਰੀਮਾਨ ਜੀ ਮੈਂ ਸਾਲ 1973-74 ਦੇ ਬਜਟ-ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ ।

ਜੈ ਹਿੰਦ

(ਜ਼ੋਰ ਜ਼ੋਰ ਨਾਲ ਥੱਪਿੰਗ)

(ਇਸ ਸਮੇਂ ਬਜਟ ਸਪੀਚ ਅਤੇ ਅਨੁਮਾਨਾਂ ਦੀਆਂ ਕਾਪੀਆਂ ਮੈਂਬਰ ਸਾਹਿਬਾਨ ਨੂੰ ਵੰਡੀਆਂ ਗਈਆਂ । )

**Mr. Speaker** : The House stands adjourned till 9 A.M. on Wednesday, the 7th March, 1973.

10.45 A.M. *(The Sabha then adjourned till 9.00 A.M. on Wednesday, the 7th March 1973).*

Original with;
Punjab Vidhan Sabha
Digitized by;
Panjab Digital Library

## APPENDIX

to

## PUNJAB VIDHAN SABHA DEBATES

Dated 6th March, 1973

**Vol. I—No. 5**

**Alleged unauthorised collection of National Defence Fund by B. E. O., Mandi Phul (East).**

***1279. Comrade Jangir Singh Joga** : Will the Chief Minister be pleased to state—

(a) whether he received a complaint during the month of June, 1972, against the Block Education Officer, Mandi Phul (East) District Bhatinda, from Shri Om Parkash Goyal and Shri Harpal Singh Bhullar, residents of Mandi Phul M.C. levelling serious allegations of unauthorised collection of National Defence Fund during the Indo-Pak conflict in December, 1971 ;

(b) whether it is a fact that Punjab Government directed the S.D.O. (Civil) Phul to probe into the allegations referred to in part (a) above ;

(c) if the reply to parts (a) and (b) above be in the affirmative, the action taken in the matter in the light of the enquiry held as mentioned in part (b) above ?

**Sardar Umrao Singh : (Education Minister)** (a) Yes.

(b) Yes.

(c) As the allegations levelled against Block Education Officer, Mandi Phul (East) were not found correct, no action was taken against him.

[(ਏ) ਹਾਂ ਜੀ ।

(ਬੀ) ਹਾਂ ਜੀ ।

(ਸੀ) ਕਿਉਂਕਿ ਬਲਾਕ ਸਿਖਿਆ ਅਫਸਰ, ਮੰਡੀ ਫੂਲ (ਈਸਟ) ਦੇ ਵਿਰੁਧ ਦੋਸ਼ ਸਿਧ ਨਹੀਂ ਹੋਏ ਇਸ ਲਈ ਉਹ ਦੇ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ ।]

10848 PVS—Govt. Press, Chandigarh.

Original with;
Punjab Vidhan Sabha
Digitized by;
Panja[redacted]

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1974

Published under the authority of the Punjab Vidhan Sabha Secretariat and printed by the Controller, Government Press, Chandigarh.

Original with:
Punjab Vidhan Sabha
Digitized by:
Panjab Digital Library

6
S.P.

# Punjab Vidhan Sabha Debates

*7th March, 1973*

Vol. I—No. 6

## OFFICIAL REPORT

LEGISLATIVE ASSEMBLY PUNJAB

CONTENTS

*Wednesday, the 7th March, 1973*


| | | Page |
|---|---|---|
| Starred Questions and Answers | .. | (6)1 |
| Written Answers to Starred Questions laid on the Table of the House | .. | (6)25 |
| Unstarred Questions and Answers | .. | (6)44 |
| Questions of Privilege | .. | (6)53 |
| Call Attention Notices Under Rule 66 | .. | (6)57 |
| Statements laid on the Table of the House in Reply to Call Attention Notices | .. | (6)61 |
| Presentation of the first Report of the Committee on Public Undertakings | .. | (6)63 |
| Discussion on Governor's Address (*Resumption*) | .. | (6)63 |
| Extension of the time of the Sitting | .. | (6)108 |
| Discussion on Governor's Address (*Resumption*) | .. | (6)108 |
| Walk-out | .. | (6)116 |
| Discussion on Governor's Address (*Resumption*) | .. | (6)116 |



**Punjab Vidhan Sabha Secretariat, Chandigarh.**

Price Rs. 23.00



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# *ERRATA*

TO

PUNJAB VIDHAN SABHA
DEBATES

7th March, 1973

Vol. I—No. 6

| *Read* | *For* | *Page* | *Line* |
| --- | --- | --- | --- |
| March | Marh | (6)6 | Heading |
| Dhanna Singh | Dhana S ingh | (6)7 | 8 |
| Proposal | roposal | (6)26 | 18th from below |
| ਬੇਨਤੀ | ਬੇਨਤ | (6)43 | 1 |
| Attention | Attenjon | (6)57 | Heading |
| Admitted | Assmitted | (6)59 | 2nd from below |
| ਇਲਜ਼ਾਮ | ਲਿਇਜ਼ਾਮ | (6)95 | 15th from below |
| ਐਜੀਟੇਸ਼ਨ | ਐਜੀਟੇਨਸ਼ਨ | (6)98 | 4 |
| ਪੁਲੀਟੀਕਲ | ਪੁਲੀਟੀਵਲ | (6)103 | 6 |
| Expunged | expenged | (6)104 | Last |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Wednesday, the 7th March, 1973**

*The Vidhan Sabha met in the Hall of the Punjab Vidhan Sabha, Vidhan Bhavan, Sector-1, Chandigarh, at 9.00 A.M. of the clock. Mr. Speaker (Sardar Darbara Singh) in the Chair.*

## STARRED QUESTIONS AND ANSWERS

### Municipal Committees declared as Model Committees

***1261. Master Gurbanta Singh :** Will the Minister of State for Local Government and Jails be pleased to state—

(a) the names of such Municipal Committees as have been declared as Model Committees during the period from 1st April, 1972 to 15th February, 1973 ;

(b) the details of criteria, if any adopted for declaring a Committee as a Model Committee ;

(c) the names of such Committees wherein Development Boards have been constituted during the period from 1st April, 1972 to 5th December, 1972 alongwith the criteria kept in view for the purpose ;

(d) whether the Government intend to constitute any Development Boards in certain other Municipal Committees ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) (ਅ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਅਨੰਦਪੁਰ ਸਾਹਿਬ, ਫਤੇਗੜ੍ਹ ਸਾਹਿਬ, ਮੁਕਤਸਰ, ਤਰਨ ਤਾਰਨ, ਅੰਮ੍ਰਿਤਸਰ, ਲੁਧਿਆਣਾ ਦੇ ਸ਼ਹਿਰਾਂ ਦੀ ਉਸਾਰੀ ਅਤੇ ਉਨਤੀ ਦੇ ਹਿੱਤਾਂ ਨੂੰ ਮੁੱਖ ਰਖ ਕੇ ਡੀਵੈਲਪਮੈਂਟ ਬੋਰਡ ਸਥਾਪਤ ਕੀਤੇ ਗਏ ਹਨ।

(ਸ) ਹਾਂ ਜੀ, ਨਗਰ ਪਾਲਿਕਾ ਪਠਾਨਕੋਟ ।

---

ਪਹਿਲੀ ਅਪਰੈਲ, 1972 ਤੋਂ 15 ਫਰਵਰੀ, 1973 ਦੇ ਦਰਮਿਆਨ ਬਣਾਈਆਂ ਗਈਆਂ ਮਾਡਲ ਨਗਰ ਪਾਲਿਕਾਵਾਂ ਦੀ ਸੂਚੀ

ਰਾਜ ਸਰਕਾਰ ਨੇ ਉਹ ਸਾਰੀਆਂ ਨਗਰ ਪਾਲਿਕਾਵਾਂ ਨੂੰ ਜਿਨ੍ਹਾਂ ਦੀ ਆਬਾਦੀ 10 ਹਜ਼ਾਰ ਤੋਂ ਘੱਟ ਹੈ ਅਤੇ ਜਿਨ੍ਹਾਂ ਦੀ ਸਾਲਾਨਾ ਇਨਕਮ 1 ਲੱਖ ਤੋਂ ਥੱਲੇ ਹੈ ਮਾਡਲ ਬਣਾਉਣ ਦਾ ਨਿਸ਼ਚਾ ਕੀਤਾ ਹੈ । ਮਾਡਲ ਕਮੇਟੀਆਂ ਦੇ ਵਸਨੀਕਾਂ ਨੂੰ ਨਿਮਨ ਲਿਖਤ ਸਕੀਮਾਂ ਪੂਰੀਆਂ ਕਰਕੇ ਸਹੂਲਤਾਂ ਦਿੱਤੀਆਂ ਜਾਣਗੀਆਂ :—

1. ਸਾਫ ਪੀਣ ਵਾਲੇ ਪਾਣੀ ਦਾ ਪ੍ਰਬੰਧ ।
2. ਪੱਕੀਆਂ ਸੜਕਾਂ ਤੇ ਗਲੀਆਂ ।

Original with;
Punjab Vidhan Sabha
Digitized by;
Panjab Digital Library

[Minister of State for Local Government and Jails]

3. ਸਟਰੀਟ ਲਾਈਟਿੰਗ ਦਾ ਪ੍ਰਬੰਧ ।
4. ਪੱਕੀਆਂ ਨਾਲੀਆਂ ।

ਇਸ ਮੰਤਵ ਨੂੰ ਪੂਰਾ ਕਰਨ ਲਈ ਹੇਠ ਲਿਖਤ 30 ਮਿਉਨਿਸਪਲ ਕਮੇਟੀਆਂ ਨੂੰ ਸਾਲ 1972-73 ਵਿਚ 60 ਹਜ਼ਾਰ ਰੁਪਏ ਗਰਾਂਟ ਅਤੇ 40 ਹਜ਼ਾਰ ਰੁਪਏ ਕਰਜ਼ੇ ਦੀ ਰਕਮ ਦਿੱਤੀ ਗਈ ਹੈ :-

1. ਅਲਾਵਲ ਪੁਰ
2. ਸ਼ਾਮ ਚੁਰਾਸੀ
3. ਹਰਿਆਨਾ
4. ਟੈਂਕਾਂ ਵਾਲੀ
5. ਧਰਮਕੋਟ
6. ਤਲਵੰਡੀਭਾਈ
7. ਗੁਰੂ ਹਰਸਹਾਇ
8. ਸੰਗਤ
9. ਛੋਟ ਫੱਤਾ
10. ਬਰੇਟਾ
11. ਭੁਚੋਮੰਡੀ
12. ਰਾਹੋਂ
13. ਗੜ੍ਹਦੀਵਾਲਾ
14. ਆਦਮਪੁਰ
15. ਗੜ੍ਹਸ਼ੰਕਰ
16. ਦੋਰਾਹਾ
17. ਕੁਰਾਲੀ
18. ਡੇਰਾ ਬਾਬਾ ਨਾਨਕ
19. ਰਮਦਾਸ
20. ਮਜੀਠਾ
21. ਸਰਹੰਦ
22. ਭਵਾਨੀਗੜ੍ਹ
23. ਤਪਾਮੰਡੀ
24. ਸਨੋਰ
25. ਅਮਲੋਹ
26. ਭਦੋੜ
27. ਲੌਂਗੋਵਾਲ
28. ਬਨੂੜ
29. ਗੋਨਿਆਨਾ
30. ਫਤਹਿਗੜ੍ਹ ਚੂੜੀਆਂ

ਕੇਵਲ ਦੋ ਕਮੇਟੀਆਂ ਅਨੰਦਪੁਰ ਸਾਹਿਬ ਅਤੇ ਹਰਿਗੋਬਿੰਦ ਪੁਰ ਨੂੰ ਇਹ ਸਹਾਇਤਾ ਇਸ ਸਾਲ ਨਹੀਂ ਦਿਤੀ ਜਾ ਸਕੀ ਕਿਉਂਕਿ ਇਨ੍ਹਾਂ ਤੋਂ ਕੋਈ ਸਕੀਮਾਂ ਪ੍ਰਾਪਤ ਨਹੀਂ ਹੋਈਆਂ । ਅਲਬਤਾ

Original with;
Punjab Vidhan Sabha
Digitized by;
Panjab Digital Library

ਅਨੰਦਪੁਰ ਸਾਹਿਬ ਵਿਖੇ ਇਹ ਵਰਣਨ ਯੋਗ ਹੈ ਕਿ ਉਸ ਸ਼ਹਿਰ ਦੀ ਉਨਤੀ ਅਤੇ ਉਸਾਰ ੀ ਵਜੋਂ ਇਕ ਡਿਵੈਲਪਮੈਂਟ ਬੋਰਡ ਮੁੱਖ ਮੰਤਰੀ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਨਿਯਤ ਹੋ ਚੁਕਾ ਹੈ ਅਤੇ ਉਸ ਨੇ ਸ਼ਹਿਰ ਦੀ ਪ੍ਰਗਤੀ ਲਈ ਉਪਰ ਲਿਖੇ ਮੰਤਵਾਂ ਤੋਂ ਇਲਾਵਾ ਸੀਵਰੇਜ, ਸ਼ੌਪਿੰਗ ਸੈਂਟਰ ਆਦਿ ਲਈ ਵੀ ਸਰਕਾਰ ਵੱਲੋਂ ਸਾਧਨ ਜੁਟਾਏ ਹਨ। ਸ੍ਰੀ ਹਰਿ ਗੋਬਿੰਦਪੁਰ ਦੀ ਕਮੇਟੀ ਤੋਂ ਸਕੀਮਾਂ ਮੰਗਵਾ ਕੇ ਅਗਲੇ ਸਾਲ ਸ਼ੁਰੂ ਵਿਚ ਉਸ ਨੂੰ ਵੀ ਮਾਡਲ ਪੱਧਰ ਤੇ ਲਿਆਉਣ ਲਈ ਯਤਨ ਕੀਤੇ ਜਾਣਗੇ ।

**ਮਾਸਟਰ ਗੁਰਬੰਤਾ ਸਿੰਘ** : ਮਾਨਯੋਗ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪਾਰਟ 'ਸੀ' ਵਿਚ ਇਹ ਪੁਛਿਆ ਸੀ ਕਿ ਡਿਵੈਲਪਮੈਂਟ ਬੋਰਡ ਬਣਾਉਣ ਦਾ ਕੀ ਕਰਾਇਟੀਰੀਆ ਹੈ ਪਰ ਉਸ ਦਾ ਜਵਾਬ ਨਹੀਂ ਆਇਆ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਜਿਹੜੇ ਸ਼ਹਿਰ ਇਨ੍ਹਾਂ ਨੇ ਆਪਣੇ ਜਵਾਬ ਵਿਚ ਦੱਸੇ ਹਨ, ਅਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ, ਮੁਕਤਸਰ ਆਦਿ ਜਿਥੇ ਬੋਰਡ ਬਣਾਏ ਗਏ ਹਨ, ਕੀ ਉਸ ਥਾਂ ਤੇ ਜਿਥੇ ਕਿ ਗੁਰੂ ਅਰਜਨ ਦੇਵ ਜੀ ਨੇ ਨਗਰ ਵਸਾਇਆ, ਗੁਰੂ ਛੇਵੀਂ ਪਾਤਸ਼ਾਹੀ, ਗੁਰੂ ਹਰਗੋਬਿੰਦ ਜੀ ਨੇ ਨਿਵਾਸ ਕੀਤਾ, ਗੁਰੂ ਤੇਗ ਬਹਾਦਰ ਜੀ ਨੇ ਵਿਆਹ ਕੀਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਲੱਗੇ ਯਾਨੀ ਕਰਤਾਰਪੁਰ, ਕੀ ਉਥੇ ਡਿਵੈਲਪਮੈਂਟ ਬੋਰਡ ਕਾਇਮ ਕਰਨ ਦਾ ਵਿਚਾਰ ਹੈ ?

**ਰਾਜ ਮੰਤਰੀ** : ਹੁਣ ਸਵਾਲ ਕਰਕੇ ਮਾਸਟਰ ਜੀ ਨੇ ਇਹ ਗੱਲ ਪੁਛੀ ਹੈ, ਇਸ ਤੋਂ ਪਹਿਲਾਂ ਇਨ੍ਹਾਂ ਨੇ ਮੇਰੇ ਨਾਲ ਜ਼ਬਾਨੀ ਗੱਲ ਬਾਤ ਵੀ ਕੀਤੀ ਸੀ ਅਤੇ ਮੈਂ ਇਨ੍ਹਾਂ ਨੂੰ ਰਿਕਵੈਸਟ ਕੀਤੀ ਸੀ ਕਿ ਇਹ ਸੀ.ਐਮ. ਸਾਹਿਬ ਨਾਲ ਗੱਲ ਕਰ ਲੈਣ, ਸਰਕਾਰ ਨੂੰ ਕਰਤਾਰ ਪੁਰ ਵਿਚ ਡਿਵੈਲਪਮੈਂਟ ਬੋਰਡ ਕਾਇਮ ਕਰਨ ਵਿਚ ਕੋਈ ਸੰਕੋਚ ਨਹੀਂ ।

**ਸ੍ਰੀ ਸਪੀਕਰ** : ਹੁਣ ਤਾਂ, ਮਾਸਟਰ ਜੀ, ਇਨੀਆਂ ਇਤਿਹਾਸਕ ਗੱਲਾਂ ਸੁਣ ਕੇ ਐਸ. ਜੀ. ਪੀ. ਸੀ. ਵਾਲੇ ਵੀ ਆਪ ਦੀ ਮੱਦਦ ਕਰ ਦੇਣਗੇ । (Masterji, I think even the S.G.P.C. would come out to help you on hearing from you of so many historical events.)

**ਮਾਸਟਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਗੱਲ ਕਹਿ ਦਿਤੀ ਕਿ ਸੀ. ਐਮ. ਸਾਹਿਬ ਨੂੰ ਮਿਲ ਲਓ । ਕੀ ਇਹ ਕਰਤਾਰ ਪੁਰ ਦੀ ਇਤਿਹਾਸਕ ਮਹੱਤਤਾ ਨੂੰ ਜਾਣਦੇ ਨਹੀਂ ਅਤੇ ਕੀ ਉਹ ਇਲਾਕਾ ਪਛੜਿਆ ਨਹੀਂ ਜਿਥੇ ਕਿ ਡਿਵੈਲਪਮੈਂਟ ਦੀ ਬਹੁਤ ਲੋੜ ਹੈ, ਕੀ ਸਰਕਾਰ ਦਾ ਇਰਾਦਾ ਹੈ ਕਿ ਕਰਤਾਰ ਪੁਰ ਵਿਚ ਡਿਵੈਲਪਮੈਂਟ ਬੋਰਡ ਕਾਇਮ ਕੀਤਾ ਜਾਵੇ ? (ਵਿਘਨ)

**ਰਾਜ ਮੰਤਰੀ** : ਕਪਤਾਨ ਸਾਹਿਬ ਤਾਂ ਕਹਿੰਦੇ ਹਨ ਕਿ ਇਹ ਆਪ ਰਾਜ ਕਰਦੇ ਹਨ, ਇਨ੍ਹਾਂ ਬੋਰਡ ਨਹੀਂ ਬਣਵਾਇਆ ਪਰ ਮੈਂ ਇਹ ਗੱਲ ਨਹੀਂ ਕਹਿੰਦਾ । (ਵਿਘਨ)

**ਸ੍ਰੀ ਸਪੀਕਰ** : ਹੁਣ ਵੀ ਤਾਂ ਉਨ੍ਹਾਂ ਦਾ ਹੀ ਰਾਜ ਹੈ । (ਹਾਸਾ) (Now also his party is in the saddle.)

**ਰਾਜ ਮੰਤਰੀ** : ਜੇਕਰ ਇਨ੍ਹਾਂ ਦਾ ਹੀ ਰਾਜ ਹੈ ਤਾਂ ਸਮਝ ਲਉ ਕਿ ਬਣਾ ਦਿਤਾ ਗਿਆ ।

**ਸਰਦਾਰ ਸਾਧੂ ਸਿੰਘ** : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਮੇਰੇ ਹਲਕੇ ਵਿਚ ਗੁਰੂ ਨਾਨਕ ਦੇਵ ਜੀ 14 ਸਾਲ ਤੱਕ ਰਹੇ ਕੀ ਇਸ ਦੀ ਉਨਤੀ ਲਈ ਇਥੇ ਡਿਵੈਲਪਮੈਂਟ ਬੋਰਡ ਕਾਇਮ ਕੀਤਾ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਡਿਵੈਲਪਮੈਂਟ ਬੋਰਡ ਬਣਾਉਣ ਦਾ ਸਰਕਾਰ ਦਾ ਇਕੋ ਹੀ ਮਨਸ਼ਾ ਹੈ ਕਿ ਜਿਨ੍ਹਾਂ ਸ਼ਹਿਰਾਂ ਦੀ ਹਾਲਤ ਚੰਗੀ ਨਹੀਂ ਸੈਨੀਟੇਸ਼ਨ ਦਾ ਇੰਤਜ਼ਾਮ ਠੀਕ ਨਹੀਂ ਸੜਕਾਂ ਦੀ ਹਲਾਤ ਠੀਕ ਨਹੀਂ, ਪੀਣ ਦੇ ਪਾਣੀ ਦਾ ਉਚਿਤ ਪ੍ਰਬੰਧ ਨਹੀਂ ਉਨ੍ਹਾਂ ਨੂੰ ਇਹ ਸਹੂਲਤਾਂ ਮੁਹਈਆ ਕੀਤੀਆਂ ਜਾਣ । ਕੁਝ ਤਾਰੀਖੀ ਮੁਕਾਮ ਵੀ ਹਨ ਜਿਨ੍ਹਾਂ ਦੇ ਬਾਰੇ ਵਿਚ ਗੌਰ ਕੀਤਾ ਗਿਆ ਪਰ ਸਿਰਫ ਇਸ ਕਰਕੇ ਵਿਚਾਰ ਨਹੀਂ ਕੀਤਾ ਗਿਆ ਕਿ ਉਹ ਤਾਰੀਖੀ ਮਹੱਤਤਾ ਵਾਲੇ ਸਨ ਸਗੋਂ ਇਸ ਲਈ ਕਿ ਉਨ੍ਹਾਂ ਇਲਾਕਿਆਂ ਵਿਚ ਡਿਵੈਲਪਮੈਂਟ ਦੀ ਲੋੜ ਸੀ ਅਤੇ ਉਨ੍ਹਾਂ ਥਾਵਾਂ ਤੇ ਮੇਲੇ ਲਗਦੇ ਸਨ ਜਿਥੇ ਕਿ ਹਜ਼ਾਰਾਂ ਆਦਮੀ ਆਉਂਦੇ ਸਨ ਅਤੇ ਉਨ੍ਹਾਂ ਵਿਚ ਆਮਦੋਰਫਤ ਦੇ ਸਾਧਨ ਪੂਰੇ ਨਹੀਂ ਸਨ, ਇਸ ਲਈ ਉਥੇ ਹਾਲ ਦੀ ਘੜੀ ਡਿਵੈਲਪਮੈਂਟ ਬੋਰਡ ਕਾਇਮ ਕੀਤੇ ਗਏ ਹਨ । ਜਿਹੜੇ ਵੀ ਇਲਾਕੇ ਅਜੇਹੇ ਹਨ ਜਾਂ ਥਾਵਾਂ ਅਜਿਹੀਆਂ ਹਨ ਜਿਥੇ ਕਿ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਜਾ ਕੇ ਪੂਜਦੇ ਹਨ ਅਤੇ ਉਨ੍ਹਾਂ ਨੂੰ ਮੰਨਦੇ ਹਨ ਉਥੇ ਬੋਰਡ ਬਣਾਏ ਗਏ ਹਨ ।

**ਸਰਦਾਰ ਰਣਧੀਰ ਸਿੰਘ ਚੀਮਾਂ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਫਤਹਿਗੜ੍ਹ ਸਾਹਿਬ ਵਿਚ ਡਿਵੈਲਪਮੈਂਟ ਬੋਰਡ ਬਣਿਆ 8 ਜਾਂ 9 ਮਹੀਨੇ ਹੋ ਗਏ ਹਨ ਪਰ ਅਜੇ ਤੱਕ ਉਸ ਦੀ ਡਿਵੈਲਪਮੈਂਟ ਦੀ ਉਸਾਰੀ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ ਇਸ ਪਾਸੇ ਧਿਆਨ ਕਦ ਤੱਕ ਦੇ ਕੇ ਡਿਵੈਲਪਮੈਂਟ ਦਾ ਕੰਮ ਸ਼ੁਰੂ ਕੀਤਾ ਜਾਵੇਗਾ ?

**ਰਾਜ ਮੰਤਰੀ** : ਫਤਹਿਗੜ੍ਹ ਸਾਹਿਬ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਹੋਈ ਸੀ ਅਤੇ ਸਾਰੀਆਂ ਚੀਜ਼ਾਂ ਤੇ ਗੌਰ ਕੀਤਾ ਗਿਆ ਅਤੇ ਕੁਝ ਫੈਸਲੇ ਕੀਤੇ ਗਏ ਅਤੇ ਉਨ੍ਹਾਂ ਤੇ ਅਮਲ ਕਰਨ ਲਈ ਗੌਰ ਕਰ ਰਹੇ ਹਾਂ ਇਹ ਗੌਰ ਡਿਵੈਲਪਮੈਂਟ ਬੋਰਡ ਵੱਲੋਂ ਕੀਤਾ ਜਾ ਰਿਹਾ ਹੈ ।

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਹਿਲੀ ਸਰਕਾਰ ਨੇ ਅਤੇ ਕਾਂਗਰਸ ਸਰਕਾਰ ਨੇ ਵੀ ਇਸ ਗੱਲ ਤੇ ਜ਼ੋਰ ਦਿਤਾ ਹੈ ਕਿ ਇਤਿਹਾਸਕ ਥਾਂਵਾਂ ਜਾਂ ਜਿਨ੍ਹਾਂ ਦਾ ਸਬੰਧ ਗੁਰੂਆਂ ਨਾਲ ਸੀ ਉਨ੍ਹਾਂ ਦੇ ਵਿਕਾਸ ਵੱਲ ਧਿਆਨ ਦਿਤਾ ਜਾਵੇ ਪਰ ਜਿਹੜੇ ਮੰਦ ਭਾਗੇ ਇਲਾਕੇ ਹਨ ਜਿਨ੍ਹਾਂ ਵਿਚ ਨਾ ਤਾਂ ਗੁਰੂ ਸਾਹਿਬ ਗਏ ਨਾ ਹੀ ਕਿਸੇ ਗੁਰੂ ਸਾਹਿਬ ਦੇ ਨਾਨਕੇ ਹਨ ਨਾ ਹੀ ਕਿਸੇ ਗੁਰੂ ਸਾਹਿਬ ਦਾ ਉਸ ਨਗਰ ਵਿਚ ਵਿਆਹ ਹੋਇਆ ਹੈ ਅਤੇ ਹਰ ਥਾਂ ਗੰਦ ਪਿਆ ਹੋਇਆ ਹੈ ਕੀ ਸਰਕਾਰ ਉਨ੍ਹਾਂ ਨਗਰਾਂ ਦਾ ਗੰਦ ਕਾਇਮ ਰੱਖਣਾ ਚਾਹੁੰਦੀ ਹੈ ਅਤੇ ਵਿਕਾਸ ਨਹੀਂ ਕਰਨਾ ਚਾਹੁੰਦੀ ? (ਹਾਸਾ)

**ਰਾਜ ਮੰਤਰੀ** : ਇਹ ਸਰਕਾਰ ਸਾਰੇ ਹੀ ਸ਼ਹਿਰਾਂ ਦੇ ਵਿਕਾਸ ਲਈ ਪੰਜਾਬ ਦੇ ਅੰਦਰ ਖਿਆਲ ਕਰਦੀ ਹੈ ਅਤੇ ਖਿਆਲ ਕਰ ਰਹੀ ਹੈ ਕਿ ਇਨ੍ਹਾਂ ਦੀ ਤਰੱਕੀ ਹੋਵੇ, ਇਨ੍ਹਾਂ ਦੀ ਡਿਵੈਲਪਮੈਂਟ ਕੀਤੀ ਜਾਵੇ ਪਰ ਪਹਿਲ ਉਨ੍ਹਾਂ ਥਾਵਾਂ ਨੂੰ ਦਿਤੀ ਗਈ ਹੈ ਜਿਹੜੇ ਤਾਰੀਖੀ ਮੁਕਾਮ ਨੇ ਅਤੇ ਜਿਥੇ ਮੇਲੇ ਲਗਦੇ ਹਨ ਅਤੇ ਲੱਖਾਂ ਆਦਮੀ ਉਨ੍ਹਾਂ ਮੇਲਿਆਂ ਤੇ ਆਉਂਦੇ ਹਨ ।

**ਸਰਦਾਰ ਸੁਰਜੀਤ ਸਿੰਘ ਅਟਵਾਲ** : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਕਦ ਤੱਕ ਕਲਾਸ 'ਸੀ' ਦੀਆਂ ਮਿਉਨਿਸਪਲ ਕਮੇਟੀਆਂ ਵਿਚ ਜਿਹੜੇ ਸ਼ਹਿਰ ਆਉਂਦੇ ਹਨ ਉਨ੍ਹਾਂ ਦੀ ਡਿਵੈਲਪਮੈਂਟ ਵੱਲ ਧਿਆਨ ਦਿਤਾ ਜਾਵੇਗਾ ਅਤੇ ਡਿਵੈਲਪਮੈਂਟ ਬੋਰਡ ਕਾਇਮ ਕੀਤੇ ਜਾਣਗੇ ?

**ਰਾਜ ਮੰਤਰੀ** : ਜਿਹੜੇ ਸ਼ਹਿਰਾਂ ਦੀ ਆਬਾਦੀ 10 ਹਜ਼ਾਰ ਤੋਂ ਹੇਠਾਂ ਹੈ ਅਤੇ ਜਿਨ੍ਹਾਂ ਦੀ ਆਮਦਨ 1 ਲੱਖ ਤੋਂ ਘੱਟ ਹੈ ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਵੀ ਸਰਕਾਰ ਨੇ ਚਾਲੂ ਫਿਨਾਂਸ਼ਲ ਯੀਅਰ ਵਿਚ ਇਕ ਲੱਖ ਰੁਪਿਆ ਹਰ ਇਕ ਕਮੇਟੀ ਨੂੰ ਦਿਤਾ ਹੈ ਜਿਸ ਵਿਚ 60 ਹਜ਼ਾਰ ਸਬਸਿਡੀ

Original with;
Punjab Vidhan Sabha
Digitized by;
Panjab Digital Library

ਦੇ ਤੌਰ ਤੇ ਅਤੇ 40 ਹਜ਼ਾਰ ਕਰਜ਼ੇ ਦੇ ਤੌਰ ਤੇ ਦਿਤਾ ਗਿਆ ਹੈ ਅਤੇ ਉਨ੍ਹਾਂ ਸ਼ਹਿਰਾਂ ਦੀ ਵੀ ਡਿਵੈਲਪ-ਮੈਂਟ ਸ਼ੁਰੂ ਹੈ ।

**आचार्य पृथ्वी सिंह आजाद** : मंत्री महोदय को पता है कि आज तक जितने भी प्लान के अंदर डिवैलपमैंट के लिए शहर चुने गए हैं उन सब का संबंध सिख इतिहास से है । इस लिए मैं सरकार से दरखास्त करूंगा कि वह एक ब्राड बेस्ड पालेसी बनाएं ताकि हर टाऊन और विल्लेज को डिवैलपमैंट की जा सके चाहे उस का संबंध सिख इतिहास से हो, उसकी राजनैतिक महत्ता हो या उसका संबंध फरीडम फाईटर्ज़ से हो ।

**ਰਾਜ ਮੰਤਰੀ** : ਮੈਂ ਇਸ ਸਵਾਲ ਦੇ ਉਤਰ ਵਿਚ ਇਨ੍ਹਾਂ ਤੋਂ ਹੀ ਇਹ ਪੁਛਣਾ ਚਾਹੁੰਦਾ ਹਾਂ (ਹਾਸਾ) ਕਿ ਕੀ ਰਾਮ ਤੀਰਥ ਦਾ ਕਿਸੇ ਸਿੱਖ ਇਤਿਹਾਸ ਨਾਲ ਸਬੰਧ ਹੈ ? ਇਸ ਲਈ ਥਾਵਾਂ ਉਹ ਚੁਣੀਆਂ ਗਈਆਂ ਹਨ ਜਿਥੇ ਕਿ ਇਤਿਹਾਸਕ ਮਹੱਤਤਾ ਹੈ ਅਤੇ ਲੱਖਾਂ ਆਦਮੀ ਉਥੇ ਲਗਦੇ ਮੇਲਿਆਂ ਤੇ ਜਾਂਦੇ ਹਨ ।

**ਸ੍ਰੀ ਸਪੀਕਰ** : ਰਾਮ ਜੀ ਦਾ ਨਾਮ ਤਾਂ ਗੁਰੂ ਗਰੰਥ ਸਾਹਿਬ ਵਿਚ ਅਨੇਕਾਂ ਵਾਰ ਆਉਂਦਾ ਹੈ । (ਪ੍ਰਸ਼ੰਸਾ) । (The name of Ram is repeatedly mentioned in Shri Guru Granth Sahib.)

**ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛ ਸਕਦਾ ਹਾਂ ਕਿ ਜ਼ਿਲ੍ਹਾ ਬਠਿੰਡਾ ਇਕ ਬਹੁਤ ਪਛੜਿਆ ਇਲਾਕਾ ਹੈ ਅਤੇ ਇਸ ਵਿਚ ਤਲਵੰਡੀ ਸਾਬੋ ਇਕ ਅਜਿਹਾ ਨਗਰ ਹੈ ਜਿਥੋਂ ਕਿ ਦੇਸ਼ ਨੂੰ ਆਜ਼ਾਦ ਕਰਾਉਣ ਲਈ ਅਹਿਮਦ ਸ਼ਾਹ ਅਬਦਾਲੀ ਦੇ ਭਾਰਤ ਤੇ ਹੱਲੇ ਨੂੰ ਰੋਕਣ ਲਈ ਅਰਦਾਸਾ ਸੋਧ ਕੇ ਸਿੰਘਾਂ ਦੀਆਂ ਫੌਜਾਂ ਤਿਆਰ ਹੋ ਕੇ ਚਲੀਆਂ ਸਨ । ਅਤੇ ਜਿਥੋਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦੇਸ਼ ਦੀ ਸੁਤੰਤਰਤਾ ਲਈ ਆਪਣਾ ਸਰਬੰਸ ਵਾਰ ਕੇ ਦੇਸ਼ ਦੀ ਮਰੀ ਅਣਖ ਨੂੰ ਸੁਰਜੀਤ ਕੀਤਾ ਉਥੇ ਦਮਦਮੇ ਸਾਹਿਬ ਦੀ ਡਿਵੈਲਪਮੈਂਟ ਲਈ ਕੋਈ ਬੋਰਡ ਕਾਇਮ ਕਰਨ ਦਾ ਵਿਚਾਰ ਹੈ ?

**ਰਾਜ ਮੰਤਰੀ** : ਮੈਂ ਤਾਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਸਾਰੇ ਪੰਜਾਬ ਵਿਚ ਜਿਹੜੇ ਵੀ ਸ਼ਹਿਰ ਨੇ ਜਿਹੜੇ ਇਤਿਹਾਸਕ ਮਹਾਨਤਾ ਰੱਖਦੇ ਹਨ ਜਾਂ ਜਿਨ੍ਹਾਂ ਦਾ ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧ ਹੈ ਸਰਕਾਰ ਉਸ ਦੀ ਡਿਵੈਲਪਮੈਂਟ ਕਰਨ ਦੀ ਖਾਹਿਸ਼ ਰੱਖਦੀ ਹੈ ਅਤੇ ਕਿਸੇ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਵੇਗਾ । ਸਰਕਾਰ ਇਸ ਗੱਲ ਦਾ ਖਿਆਲ ਰੱਖੇਗੀ ਕਿ ਇਸ ਤਰ੍ਹਾਂ ਦੀਆਂ ਥਾਵਾਂ ਨੂੰ ਖਾਸ ਤੌਰ ਤੇ ਮਾਨ ਤੇ ਸਨਮਾਨ ਦਿਤਾ ਜਾਵੇ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ 4 ਕਰੋੜ ਰੁਪਿਆ ਇਸ ਸ਼ਹਿਰ ਦੀ ਡਿਵੈਲਪਮੈਂਟ ਵਾਸਤੇ ਸੈਂਟਰ ਤੋਂ ਲਿਆ ਹੈ..............

**ਰਾਜ ਮੰਤਰੀ** : ਇਹ ਬਿਲਕੁਲ ਗਲਤ ਹੈ ਕੋਈ ਉਨ੍ਹਾਂ ਨੇ ਖਾਸ ਰਕਮ ਨਹੀਂ ਦਿਤੀ । ਸਿਰਫ 30 ਲੱਖ ਰੁਪਿਆ ਲਿਆ ਹੈ ਜਿਹੜਾ ਕਿ ਕਾਗਜ਼ਾਂ ਅਨੁਸਾਰ ਪਤਾ ਲਗਦਾ ਹੈ । ਉਹ ਡਿਵੈਲਪਮੈਂਟ ਲਈ ਹੀ ਲਗਾਉਣਾ ਹੈ ।

———

Original with;
Punjab Vidhan Sabha
Digitized by;
Panjab Digital Library

**Supply of Woollen Uniforms to the Employees in the Jails Department**

***1382. Giani Kundan Singh Patang** : Will the Minister of State for Local Government and Jails be pleased to state —

(a) whether it is a fact that woollen uniforms are not supplied to the employees working in the jails as is done in case of Police Constables ; if so, the reasons therefor ;

(b) whether it is also a fact that the officers working in the Jails have been ordered to use the woollen uniforms, but are not given any uniform allowances ; if so, the reasons therefor ?

**Shri Joginder Paul Pandey** : (a) Yes. Supply of such uniforms is not provided for in the Punjab Jail Manual.

(b) No.

[(ੲ) ਜੀ ਹਾਂ। ਇਸ ਬਾਰੇ ਜੇਲ੍ਹ ਮੈਨੂਅਲ ਵਿਚ ਕੋਈ ਉਪਬੰਧ ਨਹੀਂ।

(ਬੀ) ਜੀ ਨਹੀਂ ।]

**ਸਰਦਾਰ ਸੁਰਜੀਤ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਸਿਰਫ ਇਤਨਾ ਹੀ ਸੀ ਕਿ ਜਦੋਂ ਪੁਲੀਸ ਵਾਲਿਆਂ ਨੂੰ ਵਰਦੀਆਂ ਮਿਲਦੀਆਂ ਹਨ ਤਾਂ ਜੇਲ੍ਹ ਵਾਲਿਆਂ ਨੂੰ ਕਿਉਂ ਵਰਦੀਆਂ ਨਹੀਂ ਮਿਲਦੀਆਂ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਲੋਕਾਂ ਨੂੰ ਬੰਦੇ ਸਮਝਕੇ ਵਰਦੀਆਂ ਦਿਤੀਆਂ ਜਾਣਗੀਆਂ ?

**ਰਾਜ ਮੰਤਰੀ** : 1959 ਵਿਚ ਗਵਰਨਮੈਂਟ ਦੀ ਇਕ ਇਨਕੁਆਇਰੀ ਕਮੇਟੀ ਨੇ ਸੁਝਾਉ ਦਿਤਾ ਸੀ ਜੇਲ੍ਹ ਮੈਨੂਅਲ ਵਿਚ ਤਬਦੀਲੀ ਲਿਆਉਣ ਬਾਰੇ, ਪਰ ਇਹ ਅਜੇ ਤੱਕ ਹੋ ਨਹੀਂ ਸਕੀ । ਗਿਆਨੀ ਜ਼ੈਲ ਸਿੰਘ ਦੀ ਸਰਕਾਰ ਇਸ ਵਿਚ ਤਬਦੀਲੀ ਲਿਆਉਣ ਬਾਰੇ ਵਿਚਾਰ ਕਰ ਰਹੀ ਹੈ ਕਿ ਇਨ੍ਹਾਂ ਨੂੰ ਵੀ ਵਰਦੀਆਂ ਦੇ ਦਿਤੀਆਂ ਜਾਣ ।

**ਸਰਦਾਰ ਸੁਰਜੀਤ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਅਗਲੇ ਸਾਲ ਤੱਕ ਜੇਲ੍ਹ ਦੇ ਕਰਮਚਾਰੀਆਂ ਨੂੰ ਵਰਦੀਆਂ ਦੇ ਦੇਣਗੇ ?

**ਰਾਜ ਮੰਤਰੀ** : 1967 ਵਿਚ ਬਣੀ ਇਕ ਕਮੇਟੀ ਨੇ ਕੁਝ ਸੁਝਾਉ ਦਿਤੇ ਸੀ ਜਿਹੜੇ ਮੌਜੂਦਾ ਸਰਕਾਰ ਦੇ ਜ਼ੇਰੇ ਗੌਰ ਹਨ ।

------

**Monument in front of Sadar Thana Hoshiarpur**

***1074. Comrade Darshan Singh Canadian** : Will the Chief Minister be pleased to state—

(a) whether there exists a Monument in front of the Sadar Thana Hoshiarpur, built by the British to commemorate the memory of certain British and Indian Police officers and men who were killed in a bomb blast in village Mananhana in Garhshanker Sub-division during the Babar Akali Movement where Babar Akali leader Dhana Singh was martyred ;

Original with;
Punjab Vidhan Sabha
Digitized by;
Panjab Digital Library

(b) whether the freedom-fighters of Punjab have demanded from the State Government to remove the Monument as it is a disgrace to the memory of our revered martyrs of the National Movement ;

(c) if the answer to parts (a) and (b) above be in affirmative the action the Government intend to take on this issue and when ;

(d) whether the Government plan to build any memorial to honour the revered martyr Babar Akali Dhana Singh of Behbalpur, if so, where and when ?

**Sardar Nasib Singh Gill**: (Deputy Minister, Home and Industries)

(a) No.

(b) Yes.

(c) The monument has since been removed.

(d) The matter will be placed before the Martyrs Memorial Committee.

[(ੲ) ਨਹੀਂ ਜੀ ।
(ਬੀ) ਹਾਂ ਜੀ ।
(ਸੀ) ਇਹ ਬੁਤ ਹਟਾ ਦਿਤਾ ਗਿਆ ਹੈ।
(ਡ) ਇਹ ਮਾਮਲਾ ਮਾਰਟਾਇਰਜ਼ ਮੈਮੋਰੀਅਲ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ ।]

**ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ** : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁਛਣੀ ਚਾਹੁੰਦਾ ਹਾਂ ਕਿ ਕੀ ਸਰਕਾਰ ਨੂੰ ਹੁਣ ਇਸ ਗੱਲ ਦਾ ਸਬੂੰਤ ਦਿਤਾ ਜਾਵੇ ਕਿ ਵਾਕਈ ਫਲਾਣੇ ਫਲਾਣੇ ਸ਼ਹੀਦ ਨੇ ਅੰਗਰੇਜ਼ਾਂ ਦੇ ਜ਼ੁਲਮ ਸਹੇ, ਫਲਾਂ ਵੇਲੇ ਲਾਠੀਆਂ ਖਾਧੀਆਂ ਤਾਂ ਉਹ ਕਿਸੇ ਸ਼ਹੀਦ ਦੀ ਯਾਦਗਾਰ ਬਣਾਉਣ ਵਾਸਤੇ ਫੰਡਜ਼ ਦੇਣਗੇ ? ਕੀ ਸਰਕਾਰ ਬੱਬਰ ਅਕਾਲੀ ਧੰਨਾ ਸਿੰਘ ਦੇ ਮੁਤਅੱਲਕ ਵੀ ਇਕ ਤਰ੍ਹਾਂ ਦਾ ਸਬੂਤ ਲੈਣਾ ਚਾਹੁੰਦੀ ਹੈ ?

**ਉਪ-ਮੰਤਰੀ** : ਅਸੀਂ ਸ਼ਹੀਦਾਂ ਦੀ ਕੁਰਬਾਨੀ ਲਈ ਕੋਈ ਪੁਛ ਤਾਛ ਨਹੀਂ ਕਰਦੇ ਅਸੀਂ ਤਾਂ ਉਨ੍ਹਾਂ ਨੂੰ ਜੋ ਕੋਈ ਜੁਰਮਾਨਾ ਹੋਇਆ ਹੋਵੇ ਉਸ ਦਾ ਪਤਾ ਕਰਦੇ ਹਾਂ ਕਿ ਇਹ ਕਿਤਨਾ ਹੋ ਇਆ ਸੀ ਤਾਂ ਜੋ ਇਹ ਪੈਸੇ ਵਾਪਸ ਕਰ ਦਿਤੇ ਜਾਣ ।

---

### Proposed installation of Statue of S. Sewa Singh Thikriwala near Barnala

***1207. Sardar Dhanna Singh Gulshan, Sardar Harbans Singh Jalal**: Will the Chief Minister be pleased to state whether there is any proposal under the consideration of the Government to instal a statue of Martyr Sardar Sewa Singh Thikriwala, at his birth place near Barnala, district Sangrur; if so, the time by which it is likely to be installed ?

**ਸ੍ਰੀ ਜੋਗਿੰਦਰ ਪਾਲ ਪਾਂਡੇ**: (ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ): ਸਰਕਾਰ ਪਾਸ ਸ: ਸੇਵਾ ਸਿੰਘ ਠੀਕਰੀ ਵਾਲੇ ਦਾ ਬੁਤ ਬਣਾਉਣ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਧੰਨਾ ਸਿੰਘ ਗੁਲਸ਼ਨ** : ਮੇਰੇ ਸਵਾਲ ਦੇ ਜਵਾਬ ਵਿਚ ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਇਸ ਮੁਆਮਲੇ ਤੇ ਅਜੇ ਯਾਦਗਾਰ ਕਮੇਟੀ ਵਿਚਾਰ ਕਰ ਰਹੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਜਿਹੜੇ ਕਿ ਰਿਆਸਤੀ ਦਿਲਾਂ ਦੀ ਧੜਕਣ ਸਨ ਅਤੇ ਜਿਨ੍ਹਾਂ ਨੇ ਕਿ ਆਪਣੀ ਸ਼ਹਾਦਤ ਰਜਵਾੜਾ ਸ਼ਾਹੀ ਦੇ ਜ਼ੁਲਮ ਬਰਦਾਸ਼ਤ ਕਰਦੇ ਹੋਏ ਦਿਤੀ ਉਨ੍ਹਾਂ ਦੀ ਯਾਦਗਾਰ ਬਣਾਉਣ ਦੇ ਵਿਚ ਵੀ ਇਸ ਕਮੇਟੀ ਨੂੰ ਕੋਈ ਝਿਝਕ ਹੈ ?

**ਰਾਜ ਮੰਤਰੀ** : ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਦਾ ਬੁਤ ਇਕ ਪਟਿਆਲੇ ਲੱਗਾ ਹੋਇਆ ਹੈ, ਜੇ ਕੋਈ ਪਿੰਡ ਵਿਚ ਯਾਦਗਾਰ ਕਾਇਮ ਕਰਨ ਦਾ ਸਵਾਲ ਹੈ ਉਸ ਤੇ ਸਰਕਾਰ ਗੌਰ ਕਰ ਰਹੀ ਹੈ, ਹੋਰ ਕਿਸੇ ਜਗ੍ਹਾ ਦੇ ਬਾਰੇ ਇਹ ਸਵਾਲ ਨਹੀਂ, ਇਹ ਉਨ੍ਹਾਂ ਦੀ ਬਰਥ ਪਲੇਸ ਦੇ ਮੁਤਅੱਲਕ ਹੈ ਜਿਸ ਤੇ ਕਿ ਵਿਚਾਰ ਹੋ ਰਿਹਾ ਹੈ ।

**ਕਾਮਰੇਡ ਜੰਗੀਰ ਸਿੰਘ ਜੋਗਾ** : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀ ਵਾਲੇ ਦੀ ਜ਼ਮੀਨ ਅਤੇ ਉਨ੍ਹਾਂ ਦਾ ਆਪਣਾ ਰਿਹਾਇਸ਼ੀ ਮਕਾਨ ਜਿਹੜੇ ਕਿ 3 ਲੱਖ ਦੀ ਮਲਕੀਅਤ ਦੇ ਹਨ ਪਿੰਡ ਦੇ ਸਾਂਝੇ ਕੰਮਾਂ ਵਾਸਤੇ ਦਿਤੀ ਹੋਈ ਹੈ ? ਕੀ ਵਜ਼ੀਰ ਸਾਹਿਬ ਉਥੇ ਕੋਈ ਲਾਇਬਰੇਰੀ ਜਾਂ ਉਨ੍ਹਾਂ ਦੀ ਕੋਈ ਯਾਦਗਾਰ ਬਨਾਉਣ ਦਾ ਵਿਚਾਰ ਰੱਖਦੇ ਹਨ ?

**ਰਾਜ ਮੰਤਰੀ** : ਜੇ ਪਿੰਡ ਵਾਲੇ ਕੋਈ ਲਾਇਬਰੇਰੀ ਬਨਾਉਣਾ ਚਾਹੁੰਦੇ ਹੋਣ ਤਾਂ ਉਹ ਮੈਨੂੰ ਲਿਖਣ ਮੈਂ ਬਤੌਰ ਮਨਿਸਟਰ ਦੇ ਜੋ ਵੀ ਵੱਧ ਤੋਂ ਵੱਧ ਸਹਾਇਤਾ 5—10 ਹਜ਼ਾਰ ਰੁਪਏ ਦੀ ਦੇ ਸਕਦਾ ਹਾਂ, ਦੇਵਾਂਗਾ । ਸਾਡੀ ਸਰਕਾਰ ਨੇ ਪਹਿਲਾਂ ਹੀ ਇਹ ਫੈਸਲਾ ਕੀਤਾ ਹੋਇਆ ਹੈ ਕਿ ਇਸ ਤਰ੍ਹਾਂ ਦੇ ਸ਼ਹੀਦਾਂ ਦੇ ਨਾਉਂ ਤੇ ਸੜਕਾਂ ਦੇ ਨਾਉਂ ਰੱਖੇ ਜਾਣ ਅਤੇ ਹੋਰ ਯਾਦਗਾਰਾਂ ਕਾਇਮ ਕੀਤੀਆਂ ਜਾਣ ।

**ਸਰਦਾਰ ਸੁਰਜੀਤ ਸਿੰਘ** : ਪਿੰਡ ਵਾਲਿਆਂ ਨੇ ਮਿਲ ਕੇ ਉਥੇ ਇਕ ਛੋਟੀ ਜਿਹੀ ਲਾਇਬਰੇਰੀ ਕਾਇਮ ਕੀਤੀ ਹੈ, ਕੀ ਸਰਕਾਰ ਉਨ੍ਹਾਂ ਨੂੰ ਕੋਈ ਮਾਲੀ ਸਹਾਇਤਾ ਦੇਣ ਲਈ ਤਿਆਰ ਹੈ ?

**ਰਾਜ ਮੰਤਰੀ** : ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਉਹ ਲਿਖ ਕੇ ਭੇਜ ਦੇਣ ਅਸੀਂ ਜੋ ਵੀ ਵੱਧ ਤੋਂ ਵੱਧ ਹੈਲਪ ਹੋ ਸਕਦੀ ਹੈ, ਕਰਾਂਗੇ ।

**ਸਰਦਾਰ ਗੁਰਦੇਵ ਸਿੰਘ ਸਿੱਧੂ** : ਕੀ ਸਰਕਾਰ ਸਰਦਾਰ ਭਗਵਾਨ ਸਿੰਘ ਲੌਂਗੋਵਾਲ, ਜਿਨ੍ਹਾਂ ਨੂੰ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਨਾਲ ਜੇਲ੍ਹ ਵਿਚ ਰੱਖਿਆ ਗਿਆ ਸੀ ਦੀ ਕੋਈ ਯਾਦਗਾਰ ਬਨਾਉਣ ਵਾਸਤੇ ਤਿਆਰ ਹੈ ?

(ਕੋਈ ਜਵਾਬ ਨਹੀਂ ਦਿਤਾ ਗਿਆ)

**ਸਰਦਾਰ ਸੁਰਜੀਤ ਸਿੰਘ** : ਮੈਂ ਮੁੱਖ ਮੰਤਰੀ ਜੀ ਦਾ ਉਚੇਚਾ ਧਿਆਨ ਇਸ ਪਾਸੇ ਦਿਵਾਉਣਾ ਚਾਹੁੰਦਾ ਹਾਂ ਕਿ ਸਰਦਾਰ ਸੇਵਾ ਸਿੰਘ ਪਟਿਆਲਾ ਜੇਲ੍ਹ ਵਿਚ ਸ਼ਹੀਦ ਹੋਏ ਸੀ, ਇਤਿਹਾਸ ਇਹੋ ਦੱਸਦਾ ਹੈ । ਮੈਨੂੰ ਵੀ ਕਿਉਂਕਿ ਤਿੰਨ ਕੁ ਮਹੀਨੇ ਲਈ ਉਸ ਜੇਲ੍ਹ ਵਿਚ ਜਾਣ ਦਾ ਮੌਕਾ ਮਿਲਿਆ ਹੈ, ਮੈਂ ਗਿਆਨੀ ਜੀ ਨੂੰ ਅਰਜ਼ ਕਰਾਂਗਾ ਕਿ ਉਹ ਇਸ ਗੱਲ ਦੀ ਪੜਤਾਲ ਕਰਨ ਕਿ ਸਰਦਾਰ ਸੇਵਾ ਸਿੰਘ ਜੀ ਕਿਸ ਸੈਲ ਵਿਚ ਰੱਖੇ ਗਏ ਸਨ, ਕੀ ਉਹ ਇਹ ਪੜਤਾਲ ਕਰਕੇ ਉਥੇ ਉਨ੍ਹਾਂ ਦਾ ਮੈਮੋਰੀਅਲ ਕਾਇਮ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਸ ਗੱਲ ਦਾ ਭਰੋਸਾ ਦਿਵਾਉਂਦਾ ਹਾਂ ਕਿ ਇਹ ਗੱਲ ਪਹਿਲਾਂ ਹੀ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਉਹ ਜੇਲ੍ਹ ਜੋ ਕਿ ਮੌਜੂਦਾ ਪਟਿਆਲੇ

Original with;
Punjab Vidhan Sabha
Digitized by;
Panjab Digital Library

ਵਿਚ ਹੈ, ਉਸ ਵਿਚੋਂ ਉਹ ਸੈਲ ਲੱਭ ਕੇ ਅਸੀਂ ਉਸ ਨੂੰ ਸਰਦਾਰ ਸੇਵਾ ਸਿੰਘ ਦੀ ਯਾਦਗਾਰ ਬਣਾਵਾਂਗੇ ਅਤੇ ਇਸ ਦੇ ਨਾਲ ਹੀ ਇਹ ਵੀ ਅਰਜ਼ ਕਰ ਦਿਆਂ ਕਿ ਪੰਡਤ ਜਵਾਹਰ ਲਾਲ ਨਹਿਰੂ ਵੀ ਨਾਭਾ ਜੇਲ੍ਹ ਵਿਚ ਆਏ ਸੀ, ਜੇ ਉਨ੍ਹਾਂ ਵਾਲਾ ਸੈਲ ਵੀ ਲਭ ਪਿਆ ਤਾਂ ਉਸ ਨੂੰ ਵੀ ਯਾਦਗਾਰ ਬਣਾਇਆ ਜਾਵੇਗਾ । (ਥੰਪਿੰਗ)

## I. A. S. Officers in the State

*1263. **Master Gurbanta Singh** : Will the Chief Minister be pleased to state—

(a) the total number of IAS Officers in the State at present and the number of those amongst them belonging to the Scheduled Castes together with the names of places where they have been posted ;

(b) the total number of PCS (Executive) Officers in the State at present and the number of those amongst them belonging to the Scheduled Castes together with the names of places where they have been posted alongwith their designations in each case ?

**ਸਰਦਾਰ ਨਸੀਬ ਸਿੰਘ ਗਿੱਲ** : (ਉਪ-ਮੰਤਰੀ, ਗ੍ਰਿਹ ਅਤੇ ਉਦਯੋਗ) : (ੳ) ਅਤੇ (ਅ) ਇਸ ਸਮੇਂ 118 ਆਈ. ਏ. ਐਸ. ਅਤੇ 189 ਪੀ. ਸੀ ਐਸ. ਅਫਸਰ ਸਟੇਟ ਵਿਚ ਹਨ । ਇਨ੍ਹਾਂ ਵਿਚੋਂ 14 ਆਈ. ਏ. ਐਸ. ਅਤੇ 28 ਪੀ. ਸੀ. ਐਸ. ਅਫਸਰ ਅਨੁਸੂਚਿਤ ਜਾਤੀਆਂ ਦੇ ਹਨ । ਇਕ ਸੂਚੀ, ਜਿਸ ਵਿਚ ਉਨ੍ਹਾਂ ਦੇ ਨਾਂ, ਅਹੁਦਾ ਅਤੇ ਨਿਯੁਕਤੀ ਦੀ ਜਗ੍ਹਾ ਦਿੱਤੀ ਗਈ ਹੈ, ਵਿਧਾਨ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ।

[(a) and (b) At present, there are 118 IAS Officers and 189 PCS Officers in the State. Out of these, 14 IAS and 28 PCS Officers belong to Sceneduled Castes. A statement showing their names, designations and places of posting is placed on the Table of the House.]

LIST OF IAS OFFICERS BELONGING TO SCHEDULED CASTES

| Serial No. | Name | Post held as on 5th March, 1973 |
|---|---|---|
| 1 | Shri Joginder Singh | Secretary to Government, Punjab, Local Government, Housing, Slum Clearance, Urban Development, Urban Estates and Labour and Employment Departments, Chandigarh |
| 2 | Shri Sada Nand .. | Joint Secretary Development, Punjab, Chandigarh, (Member, Punjab Housing Development Board—designate) |
| 3 | Shri Hari Ram | Labour Commissioner and Director of Employment, Punjab, Chandigarh |
| 4 | Shri C. D· Cheema | Managing Director, Punjab Agro-Industries Corporation and Land Development and Seed Corporation Chandigarh |

Original with;
Punjab Vidhan Sabha
Digitized by;
Panjab Digital Library

[Deputy Minister for Home and Industries]

| Serial No. | Name | Post held as on 5th March, 1973 |
|---|---|---|
| 5 | Shri Darshan Kumar .. | Deputy Commissioner, Sangrur |
| 6 | Shri Ram Gopal .. | Deputy Commissioner, Jullundur |
| 7 | Shri C. L. Bains | Executive Director, Punjab Scheduled Castes Land Development and Finance Corporation, Chandigarh |
| 8 | Shri Ripujit Sen .. | Deputy Secretary, P.W.D., Punjab, Chandigarh |
| 9 | Shri Naranjan Singh .. | Director, State Transport, Punjab, Chandigarh |
| 10 | Shri Sucha Ram Bunger | Cane Commissioner, Punjab, Chandigarh |
| 11 | Shri Surjit Singh .. | Deputy Secretary, Education, Punjab, Chandigarh |
| 12 | Kumari Asha Singh .. | Inquiry Officer, Vigilance, Punjab, Chandigarh |
| 13 | Kumari Rani Singh .. | Sub-Divisional Officer, Fatehgarh Sahib, at Bassi |
| 14 | Shri J. S. Kesar .. | Assistant Commissioner (Under Training), Lal Bahadur Shastri Academy of Administration, Mussoorie. |

LIST OF PCS OFFICERS BELONGING TO SCHEDULED CASTES

| Serial No. | Name | Post held as on 5th March, 1973 |
|---|---|---|
| 1 | 2 | 3 |
| | Sarvshri— | |
| 1 | M. R. Bhagat .. | Administrative Officer, Directorate of Health and Family Planning, Punjab, Chandigarh. |
| 2 | Dharam Rattan .. | Under-Secretary, Finance-cum-Director, Staff Inspection Units, Chandigarh. |
| 3 | Anokh Singh .. | Sub-Divisional Officer, Nakodar. |
| 4 | H. G. Trighatia .. | Assistant Settlement Commissioner, Jullundur. |
| 5 | Pritam Singh Bala .. | Director, Social Welfare, Welfare of Scheduled Castes and Backward Classes, Chandigarh, |
| 6 | Gurdial Singh Fijji .. | On leave, |
| 7 | M. S. Kailey .. | Sub-Divisional Officer, Barnala. |
| 8 | Amrik Singh | Administrative-cum-Publicity Officer, Civil Aviation Department, Chandigarh. |
| 9 | K. S. Raju .. | General Manager, Pepsu Road Transport Corporation, Patiala. |
| 10 | Sher Singh Sindhu .. | Sub-Divisional Officer, Garhshankar |
| 11 | Randhir Singh .. | Sub-Divisional Officer, Samrala |
| 12 | Piare Lal .. | Sub-Divisional Officer, Ajnala |
| 13 | Dalip Singh Sadhar | District Officer, Removal of Grievances, Hoshiarpur. |

Original with;
Punjab Vidhan Sabha
Digitized by;
Panjab Digital Library

| Serial No. | Name | Post held as on 5th March, 1973 |
|---|---|---|
| | Sarvshri— | |
| 14 | Santokh Singh .. | Under Secretary, Finance, Chandigarh |
| 15 | N. S Sahota .. | Land Acquisition Officer, P.W.D., Jullundur |
| 16 | B. R. Azad .. .. | Estate Officer, Urban Estates, Chandigarh |
| 17 | Sant Singh Sadhrao .. | Sub-Divisional Officer, Mansa. |
| 18 | B. R. Gill .. | Land Acquisition Officer, Punjab State Electricity Board, Patiala. |
| 19 | R. M. Bassi .. | District Officer, Removal of Grievances, Kapurthala, |
| 20 | Ram Lal .. | Deputy Director, Urban Local Bodies, Ludhiana. |
| 21 | A. R. Darshi .. | District Transport Officer, Sangrur. |
| 22 | K. S. Mahi .. | General Assistant, Bhatinda. |
| 23 | Manohar Singh Nigah | Secretary, Punjab Scheduled Castes Land Development and Finance Corporation, Chandigarh. |
| 24 | Charan Dass .. | Executive Magistrate, Fazilka. |
| 25 | Gian Singh Sandhu .. | District Relief and Resettlement Officer, Gurdaspur. |
| 26 | Manmohan Singh .. | District Development and Panchayat Officer, Amritsar. |
| 27 | M. L. Gottra .. | Executive Magistrate, Jullundur. |
| 28 | Dyal Singh .. | Executive Magistrate, Amritsar. |

**ਮਾਸਟਰ ਗੁਰਬੰਤਾ ਸਿੰਘ** : ਇਹ ਜੋ ਆਈ. ਏ. ਐਸ. ਦੇ ਅਫਸਰ ਹਨ ਇਹ ਤਾਂ ਭਾਰਤ ਸਰਕਾਰ ਸਾਨੂੰ ਅਲਾਟ ਕਰਦੀ ਹੈ ਪਰ ਜੋ ਪੀ. ਸੀ. ਐਸ. ਅਫਸਰ ਹਨ ਇਨ੍ਹਾਂ 189 ਵਿਚੋਂ ਸਿਰਫ 28 ਹਰੀਜਨ ਹਨ । ਕੀ ਸਰਕਾਰ ਇਨ੍ਹਾਂ ਦੀ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਕਰਨ ਲਈ ਕੋਈ ਕਦਮ ਚੁਕੇਗੀ ਜਿਹੜੀ ਕਿ 20 ਫੀ ਸਦੀ ਜਾਂ 22 ਫੀ ਸਦੀ ਜਾਂ ਹੁਣ ਸ਼ਾਇਦ 25 ਫੀ ਸਦੀ ਜਾਂ 26 ਫੀ ਸਦੀ ਹੋ ਗਈ ਹੈ । (ਵਿਘਨ) ਸਾਡੀ ਤਾਂ ਕੋਸ਼ਿਸ਼ ਇਹ ਹੈ ਕਿ ਸਾਡੀ ਗਿਣਤੀ ਵਧੇ ਅਤੇ ਅਸੀਂ ਤੁਹਾਡੇ ਤੋਂ ਖੋਹ ਕੇ ਰਾਜ ਕਰੀਏ (ਹਾਸਾ)

**ਸ਼੍ਰੀ ਸਪੀਕਰ** : ਮਾਸਟਰ ਜੀ, ਸਾਡਾ ਵਿਧਾਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ । (ਹਾਸਾ) (Master Jee, our Constitution does not permit it.)

**ਮਾਸਟਰ ਗੁਰਬੰਤਾ ਸਿੰਘ** : ਮੇਰਾ ਸਵਾਲ ਹੈ ਜੀ ਕਿ ਇਹ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਕਰਨ ਲਈ ਕੀ ਕਦਮ ਇਹ ਸਰਕਾਰ ਚੁਕ ਰਹੀ ਹੈ ?

**ਉਪ ਮੰਤਰੀ** : (ਗ੍ਰਹਿ ਅਤੇ ਉਦਯੋਗ) : ਇਹ ਗੱਲ ਅਜੇ ਵਿਚਾਰ ਅਧੀਨ ਹੈ ।

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** : ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਕੀ ਸਰਕਾਰ ਦੇ ਵਿਚਾਰ ਅਧੀਨ ਕੋਈ ਅਜਿਹੀ ਵੀ ਤਜਵੀਜ਼ ਹੈ ਕਿ ਜਿਹੜੇ ਹਰੀਜਨ ਬਹੁਤ ਅਮੀਰ ਹੋ ਗਏ ਹਨ ਉਨ੍ਹਾਂ ਨੂੰ ਇਸ ਲਿਸਟ ਵਿਚੋਂ ਕੱਢ ਦਿਤਾ ਜਾਵੇ ? (ਹਾਸਾ) (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਉਪ ਮੰਤਰੀ** : ਜਦੋਂ ਰਿਜ਼ਰਵੇਸ਼ਨ ਪੂਰੀ ਕਰਨ ਦੀ ਗੱਲ ਦਾ ਫੈਸਲਾ ਹੋਵੇਗਾ ਤਾਂ ਨਾਲ ਹੀ ਇਸ ਗੱਲ ਦਾ ਫੈਸਲਾ ਕਰ ਲਵਾਂਗੇ। (ਹਾਸਾ)

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ, ਅੱਜ ਇਥੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣ ਦੀ ਗੱਲ ਚੱਲ ਰਹੀ ਸੀ ਕਿ ਉਨ੍ਹਾਂ ਦੇ ਪਿੰਡ ਵਿਚ ਬੁਤ ਆਦਿ ਲਗਾਏ ਜਾਣ। ਮੈਂ ਉਨ੍ਹਾਂ ਸ਼ਹੀਦਾਂ ਅਤੇ ਗੁਰੂਆਂ ਦਾ ਬਹੁਤ ਸਤਿਕਾਰ ਕਰਦਾ ਹਾਂ ਕਿਉਂਕਿ ਇਹ ਸਾਡੀ ਖਾਤਰ ਲੜੇ ਪਰ ਕੀ ਸਰਕਾਰ ਉਸ ਦੇ ਨਾਲ ਨਾਲ ਇਨ੍ਹਾਂ ਜਿਉਂਦੇ ਬੁੱਤਾਂ ਦਾ ਵੀ ਖਿਆਲ ਕਰੇਗੀ ? (ਹਾਸਾ)

**ਵਿਕਾਸ ਮੰਤਰੀ** (ਕੈਪਟਨ ਰਤਨ ਸਿੰਘ) : ਜੀਉਂਦੇ ਹੋਏ ਆਦਮੀ ਬੁਤ ਨਹੀਂ ਹੁੰਦੇ। (ਹਾਸਾ)

**आचार्य पृथ्वी सिंह आजाद** : वज़ीर साहिब ने कहा है कि रिज़र्वेशन का प्रश्न विचाराधीन है। क्या ये कोई ऐसा तरीका अख्तियार करेंगे कि यह जो रेशो है यह जल्दी से जल्दी पूरी हो जाए क्योंकि जो मौजूदा रफतार है इस से तो यह रेशो 50 साल में भी पूरी नहीं हो सकती ?

**ਉਪ ਮੰਤਰੀ** : ਮੈਂ ਇਹ ਅਰਜ਼ ਕਰ ਦਿਆਂ ਕਿ ਜੋ ਰਿਜ਼ਰਵੇਸ਼ਨ ਰੱਖੀ ਜਾਂਦੀ ਹੈ ਉਹ ਡਾਇਰੈਕਟ ਰਿਕਰੂਟਮੈਂਟ ਵਿਚ ਰੱਖੀ ਜਾਂਦੀ ਹੈ। ਇਨ੍ਹਾਂ 189 ਅਫਸਰਾਂ ਵਿਚੋਂ 122 ਅਫਸਰ ਡਾਇਰੈਕਟ ਰਿਕਰੂਟਮੈਂਟ ਰਾਹੀਂ ਰੱਖੇ ਗਏ ਹਨ ਅਤੇ ਇਸ ਤਰ੍ਹਾਂ ਇਹ ਰੇਸ਼ੋ 21 ਫੀ ਸਦੀ ਬਣਦੀ ਹੈ ਜਦੋਂ ਕਿ ਰੂਲਜ਼ ਦੇ ਮੁਤਾਬਕ ਇਹ 20 ਫੀ ਸਦੀ ਹੋਣੀ ਚਾਹੀਦੀ ਸੀ ਇਸ ਲਈ ਇਹ ਤਾਂ ਪਹਿਲਾਂ ਹੀ ਅਸੀਂ ਰਿਜ਼ਰਵੇਸ਼ਨ ਜ਼ਿਆਦਾ ਦਿਤੀ ਹੈ। (ਥੰਪਿੰਗ)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਉਨ੍ਹਾਂ ਨੇ ਕਿਹਾ ਕਿ ਰਿਜ਼ਰਵੇਸ਼ਨ ਪੂਰੀ ਕਰਨ ਲਈ ਕਦਮ ਸਰਕਾਰ ਦੇ ਵਿਚਾਰ ਅਧੀਨ ਹਨ ਅਤੇ ਹੁਣ ਕਹਿੰਦੇ ਹਨ ਕਿ ਉਨ੍ਹਾਂ ਨੇ ਰੇਸ਼ੋ ਤੋਂ ਵੱਧ ਰਿਜ਼ਰਵੇਸ਼ਨ ਆਲਰੇਡੀ ਪੂਰੀ ਕਰ ਦਿਤੀ ਹੈ। ਜੇ ਰੇਸ਼ੋ ਤੋਂ ਵੱਧ ਇਹ ਰਿਜ਼ਰਵੇਸ਼ਨ ਦੇ ਚੁਕੇ ਹਨ ਤਾਂ ਵਿਚਾਰ ਅਧੀਨ ਕੀ ਚੀਜ਼ ਹੈ ?

**ਉਪ ਮੰਤਰੀ** : ਸਪੀਕਰ ਸਾਹਿਬ, ਚੰਗਾ ਹੁੰਦਾ ਜੇਕਰ ਇਹ ਪਹਿਲਾਂ ਸਵਾਲ ਅਤੇ ਸਾਡਾ ਜਵਾਬ ਪੜ੍ਹ ਲੈਂਦੇ। ਉਨ੍ਹਾਂ ਨੇ ਸਵਾਲ ਇਹ ਪੁਛਿਆ ਸੀ ਕਿ ਪਾਪੂਲੇਸ਼ਨ ਵੱਧ ਰਹੀ ਹੈ ਅਤੇ ਇਸ ਲਈ ਰਿਜ਼ਰਵੇਸ਼ਨ ਦੀ ਰੇਸ਼ੋ ਪੂਰੀ ਕਰਨ ਲਈ ਕੀ ਕਦਮ ਚੁਕੇ ਗਏ ਹਨ, ਉਹ ਗੱਲ ਸਾਡੇ ਵਿਚਾਰ ਅਧੀਨ ਹੈ। ਜਿਥੋਂ ਤੱਕ ਹੁਣ ਦੇ ਅਫਸਰਾਂ ਵਿਚ ਰਿਜ਼ਰਵੇਸ਼ਨ ਦਾ ਸਬੰਧ ਹੈ ਉਹ ਇਸੇ ਤੋਂ ਵੱਧ ਦਿਤੀ ਜਾ ਚੁਕੀ ਹੈ।

**ਸ਼੍ਰੀ ਸਪੀਕਰ** : ਅਗਲਾ ਸਵਾਲ। (Next Question).

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਵੀ ਇਕ ਸਪਲੀਮੈਂਟਰੀ ਕਰਨਾ ਸੀ। (ਵਿਘਨ) ਤੁਸੀਂ ਨਜ਼ਰ ਨਾਲ ਨਜ਼ਰ ਤਾਂ ਮਿਲਾ ਕੇ ਦੇਖਿਆ ਕਰੋ। (ਹਾਸਾ) ਮੈਂ ਤੁਹਾਡੀ ਨਜ਼ਰ ਵਿਚ ਆਉਂਦਾ ਹੀ ਨਹੀਂ। ਤੁਸੀਂ ਨਜ਼ਰ ਹੀ ਨਹੀਂ ਮਿਲਾਉਂਦੇ। (ਹਾਸਾ)

**ਸ਼੍ਰੀ ਸਪੀਕਰ** : ਚੌਧਰੀ ਸਾਹਿਬ, ਤੁਹਾਡੀ ਕਿਆ ਬਾਤ ਹੈ। (Chudhrri Sahib, you are a great man.)

Original with;
Punjab Vidhan Sabha
Digitized by;
Panjab Digital Library

**Report of looting lodged by a Teacher in Police Station Mahil Kalan, District Sangrur**

*1091. **Master Chand Singh** : Will the Chief Minister be pleased to state—

(a) whether any teacher was looted on the distributary near village Kasba (Sangrur) if so, the name of the teacher and the school in which he is teaching;

(b) whether the said teacher lodged any report about the incident, Police Station Mahil Kalan, if so, on what date;

(c) whether any action has been taken regarding the recovery of his articles?

**ਸਰਦਾਰ ਨਸੀਬ ਸਿੰਘ ਗਿਲ** (ਉਪ-ਮੰਤਰੀ, ਗ੍ਰਹਿ ਅਤੇ ਉਦਯੋਗ)) : (ੲ) ਸ਼੍ਰੀ ਗੁਰਦੇਵ ਸਿੰਘ, ਪੁਤਰ ਹਜ਼ਾਰਾ ਸਿੰਘ, ਜੱਟ ਵਾਸੀ ਬਾੜੂੰਡੀ, ਥਾਣਾ ਡੇਹਲੋਂ ਜੋ ਕਿ ਪ੍ਰਾਇਮਰੀ ਸਕੂਲ ਮਗੋਵਾਲ ਦਾ ਮਾਸਟਰ ਹੈ, ਪਿੰਡ ਕਸਬਾ ਦੀ ਹੱਦ ਤੇ ਕਲਿਆਣ ਨਹਿਰ ਦੇ ਕੰਢੇ ਤੇ ਰਫਾਏ ਹਾਜਤ ਲਈ ਗਿਆ ਤੇ ਪੈਂਟ ਸਾਈਕਲ ਉਤੇ ਰੱਖ ਦਿਤੀ । ਉਸ ਦੀ ਪੈਂਟ ਦੀ ਜੇਬ ਵਿਚੋਂ ਅਣ-ਜਾਣੇ ਪੁਰਸ਼ਾਂ ਨੇ 115 ਰੁਪਏ ਚੁਰਾ ਲਏ ।

(ਬੀ) ਹਾਂ ਜੀ । ਸ਼੍ਰੀ ਗੁਰਦੇਵ ਸਿੰਘ ਦੀ ਸ਼ਿਕਾਇਤ ਤੇ ਮੁਕੱਦਮਾ ਨੰ: 105 ਮਿਤੀ 8 ਦਸੰਬਰ, 1972 ਅਧੀਨ ਧਾਰਾ 379 ਭਾ: ਡੰ: ਥਾਣਾ ਮਹਿਲ ਕਲਾਂ ਵਿਖੇ ਦਰਜ ਕੀਤਾ ਗਿਆ ।

(ਸੀ) ਹਾਂ ਜੀ । ਦੋਸ਼ੀਆਂ ਨੂੰ ਲੁਧਿਆਣਾ ਪੁਲੀਸ ਨੇ ਗ੍ਰਿਫਤਾਰ ਕਰਕੇ ਉਨ੍ਹਾਂ ਦੀ ਕਾਰਵਾਈ ਸ਼ਨਾਖਤ ਲਈ ਜੁਡੀਸ਼ੀਅਲ ਰੀਮਾਂਡ ਲਿਤਾ ਹੈ । ਕਾਰਵਾਈ ਸ਼ਨਾਖਤ ਤੋਂ ਬਾਅਦ ਚੁਰਾਏ ਹੋਏ ਰੁਪਏ ਦੀ ਬਰਾਮਦਗੀ ਦਾ ਯਤਨ ਕੀਤਾ ਜਾਵੇਗਾ ।

**ਮਾਸਟਰ ਚੰਦ ਸਿੰਘ** : ਵਜ਼ੀਰ ਸਾਹਿਬ ਦੱਸਣਗੇ ਕਿ ਕੀ ਇਹ ਹਕੀਕਤ ਨਹੀਂ ਕਿ ਉਸ ਸ਼੍ਰੀ ਗੁਰਦੇਵ ਸਿੰਘ ਦੇ ਪੈਸੇ ਖੋਹੇ ਗਏ ਅਤੇ ਜਦੋਂ ਉਹ ਰਿਪੋਰਟ ਲਿਖਾਉਣ ਲਈ ਥਾਣੇ ਗਿਆ ਤਾਂ ਪੁਲੀਸ ਨੇ ਉਸ ਨੂੰ ਡਰਾ ਧਮਕਾ ਕੇ ਉਸ ਤੋਂ 115 ਰੁਪਏ ਖੋਹ ਲਏ ਅਤੇ ਇਸ ਲਈ ਮਜ਼ਬੂਰ ਕੀਤਾ ਗਿਆ ਕਿ ਉਹ ਕਹੇ ਮੈਂ ਲੈਟਰੀਨ ਗਿਆ ਸੀ । (ਵਿਘਨ) ।

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** : ਥਾਣੇ ਪੈਸੇ ਲੈ ਕੇ ਜਾਣ ਦਾ ਕੀ ਕੰਮ ? (ਹਾਸਾ)

**ਸ਼੍ਰੀ ਸਪੀਕਰ** : ਸਰਦਾਰ ਗੁਰਚਰਨ ਸਿੰਘ ਜੀ, ਤੁਹਾਨੂੰ ਥਾਣੇ ਜਾਣ ਦਾ ਕਾਫੀ ਤਜਰਬਾ ਲਗਦਾ ਹੈ । (ਹਾਸਾ) (Sardar Gurcharn Singh, you appear to have ample experience of visiting Police Stations.) (Laughter)

**ਉਪ-ਮੰਤਰੀ** (ਗ੍ਰਹਿ ਅਤੇ ਉਦਯੋਗ) : ਅਜਿਹੀ ਕੋਈ ਸ਼ਿਕਾਇਤ ਨਹੀਂ ਆਈ ਅਤੇ ਨਾ ਹੀ ਉਹ ਗੁਰਦੇਵ ਸਿੰਘ ਪੈਸੇ ਲੈ ਕੇ ਜਾਣ ਵਾਲੇ ਦੀ ਸ਼ਨਾਖਤ ਹੀ ਕਰ ਸਕਦਾ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਉਸ ਨੇ ਪੈਸੇ ਖੋਹਣ ਵਾਲੀ ਕਾਰ ਦਾ ਨੰਬਰ ਨੋਟ ਕੀਤਾ ਸੀ ਉਹ ਨੰਬਰ ਹੈ ਜੇ. ਏ. ਐਲ. 2159, ਜਦੋਂ ਕਾਰ ਨੰਬਰ ਉਸ ਨੇ ਦੱਸ ਦਿਤਾ ਹੈ ਤਾਂ ਸ਼ਨਾਖਤ ਦੀ ਕੀ ਲੋੜ ਰਹਿ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

ਉਪ ਮੰਤਰੀ : ਸਾਡੇ ਕੋਲ ਜਿਹੜੀ ਰਿਪੋਰਟ ਆਈ ਹੈ ਉਸ ਦੇ ਮੁਤਾਬਕ ਉਸ ਦੇ ਪੈਸੇ ਚੋਰੀ ਹੋਏ ਹਨ ਖੋਹੇ ਨਹੀਂ ਗਏ ।

---

**Raids conducted by Police in Jullundur during January, 1973**

*1208. **Sardar Dhanna Singh Gulshan : Sardar Harbans Singh Jalal:** Will the Chief Minister be pleased to state —

(a) whether the Police conducted high-level raids at Jyoti Cinema Crossing, in Jullundur during January, 1973 ;

(b) if the answer to part (a) above be in the affirmative, whether any illicit liquor was seized ; if so, the name and address of the party involved in the distillation of illicit liquor ;

(c) whether any government employees are also involved in this scandal; if so, their names and the designations ;

(d) the details of the action, if any, so far taken by the Government in this regard ?

**ਸਰਦਾਰ ਨਸੀਬ ਸਿੰਘ ਗਿਲ**: (ਉਪ ਮੰਤਰੀ, ਗ੍ਰਹਿ ਅਤੇ ਉਦਯੋਗ): (ਏ) ਨਹੀਂ ਜੀ ।

(ਬੀ) (ਸੀ) (ਡੀ) ਸਵਾਲ ਹੀ ਨਹੀਂ ਉਠਦਾ ਜੀ।

**ਸਰਦਾਰ ਧੰਨਾ ਸਿੰਘ ਗੁਲਸ਼ਨ** : ਵਜ਼ੀਰ ਸਾਹਿਬ ਨੇ ਕਿਹਾ ਕਿ ਨਹੀਂ ਜੀ । ਪਰ ਅਖਬਾਰਾਂ ਵਿਚ ਇਹ ਖਬਰ ਛਪੀ ਹੈ ਕਿ ਜੋਤੀ ਸਿਨਮਾ ਚੌਕ ਤੇ ਛਾਪੇ ਮਾਰੇ ਗਏ ਹਨ ਅਤੇ ਨਜਾਇਜ਼ ਸ਼ਰਾਬ ਫੜੀ ਗਈ ਹੈ .........(ਵਿਘਨ)

**ਸ੍ਰੀ ਸਪੀਕਰ** : ਪਰ ਜਲੰਧਰ ਵਿਚ ਤਾਂ ਕੋਈ ਜੋਤੀ ਸਿਨਮਾ ਚੌਕ ਹੀ ਨਹੀਂ ਹੈ । (But there is no Jyoti Cinema Chowk in Jullundur.)

**ਸਰਦਾਰ ਧੰਨਾ ਸਿੰਘ ਗੁਲਸ਼ਨ** : ਪਰ ਜਨਾਬ, ਅਖਬਾਰਾਂ ਵਿਚ ਇਹ ਖਬਰ ਨਿਕਲੀ ਹੈ । ਅਖਬਾਰਾਂ ਦੀਆਂ ਕਟਿੰਗਜ਼ ਇਨ੍ਹਾਂ ਦੇ ਸਾਹਮਣੇ ਰੱਖ ਦੇਈਏ ਤਾਂ ਕੀ ਇਹ ਜੋ ਢੋਲਾਂ ਦੇ ਢੋਲ ਸ਼ਰਾਬ ਉਥੋਂ ਨਿਕਲੀ ਹੈ, ਉਸ ਲਈ ਕਸੂਰ ਵਾਰ ਬੰਦਿਆਂ ਵਿਰੁਧ ਐਕਸ਼ਨ ਲੈਣਗੇ ?

(ਕੋਈ ਜਵਾਬ ਨਹੀਂ ਆਇਆ)

---

**Service Rules for Police Officers**

*1219. **Sardar Basant Singh Khalsa** : Will the Chief Minister be pleased to state—

(a) whether there are two Service Rules in Punjab such as Pepsu Services Rules and Punjab Services Rules for Police Services;

(b) the total number of head constables in the State at present;

(c) the total number of head constables made permanent, district-wise ;

(d) the total number of permanent head constables from erstwhile Pepsu State and Punjab State separately?

Original with;
Punjab Vidhan Sabha
Digitized by;
Panjab Digital Library

**ਸਰਦਾਰ ਨਸੀਬ ਸਿੰਘ ਗਿੱਲ** (ਉਪ-ਮੰਤਰੀ, ਗ੍ਰਹਿ ਅਤੇ ਉਦਯੋਗ) : (ਏ) ਪੰਜਾਬ ਵਿਚ ਕੇਵਲ ਪੰਜਾਬ ਸਰਵਿਸ ਰੂਲਜ਼ ਹੀ ਲਾਗੂ ਹਨ ।

(ਬੀ) ਸਟੇਟ ਵਿਚ ਇਸ ਵੇਲੇ ਕੁਲ 2,881 ਮੁੱਖ ਸਿਪਾਹੀ ਹਨ ।

(ਸੀ) ਜ਼ਿਲ੍ਹੇਵਾਰ ਪੱਕੇ ਕੀਤੇ ਗਏ ਹੈਡ ਕੰਸਟੇਬਲ ਇਸ ਪ੍ਰਕਾਰ ਹਨ :—

| | | |
|---|---|---|
| ਫਿਰੋਜ਼ਪੁਰ | ... | 32 |
| ਲੁਧਿਆਣਾ | ... | 113 |
| ਜਲੰਧਰ | ... | 97 |
| ਅੰਮ੍ਰਿਤਸਰ | ... | 55 |
| ਹੁਸ਼ਿਆਰਪੁਰ | ... | 101 |
| ਗੁਰਦਾਸਪੁਰ | ... | 97 |
| ਕਪੂਰਥਲਾ | ... | 47 |
| ਪਟਿਆਲਾ | ... | 102 |
| ਬਠਿੰਡਾ | ... | 32 |
| ਸੰਗਰੂਰ | ... | 71 |
| ਰੋਪੜ | ... | 23 |
| ਫਰੀਦਕੋਟ | ... | 33 |
| ਪੀ. ਏ. ਪੀ. | ... | 424 |
| ਜੀ. ਆਰ. ਪੀ. | ... | 72 |
| | | 1,304 |

(ਡ) ਪੈਪਸੂ ਦੇ ਪੱਕੇ ਹੌਲਦਾਰਾਂ ਦੀ ਗਿਣਤੀ ... 301
ਪੰਜਾਬ ਦੇ ਪੱਕੇ ਹੌਲਦਾਰਾਂ ਦੀ ਗਿਣਤੀ ... 1,003

**ਸਰਦਾਰ ਬਸੰਤ ਸਿੰਘ ਖਾਲਸਾ** : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਪੈਪਸੂ ਜਦ ਪੰਜਾਬ ਵਿਚ ਮਰਜ ਹੋਇਆ ਉਸ ਤੋਂ ਕੁਝ ਸਮਾਂ ਪਹਿਲਾਂ ਸਾਰੇ ਹੌਲਦਾਰਾਂ ਨੂੰ ਮੈਜਾਰਿਟੀ ਵਿਚ ਪੱਕੇ ਕਰ ਦਿਤਾ ਗਿਆ ।

**ਉਪ ਮੰਤਰੀ** : ਇਸ ਬਾਰੇ ਸਵਾਲ ਦੇ ਦੇਣ ਜਵਾਬ ਦੇ ਦਿਤਾ ਜਾਵੇਗਾ ।

**ਕਾਮਰੇਡ ਰਾਜ ਕੁਮਾਰ** : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਇਸ ਗੱਲ ਵਿਚ ਕਿੰਨੀ ਕੁ ਹਕੀਕਤ ਹੈ ਕਿ ਮੌਜੂਦਾ ਸਰਵਿਸ ਰੂਲਜ਼ ਇਹ ਗੌਰਮੈਂਟ ਆਫ ਇੰਡੀਆ ਐਕਟ, 1935 ਦੇ ਬਣੇ ਹੋਏ ਹਨ ਔਰ ਬਹੁਤ ਸਾਰੀਆਂ ਹਾਲਤਾਂ ਵਿਚ ਵਿਧਾਨ ਨਾਲ ਟਕਰਾਉਂਦੇ ਹਨ (ਵਿਘਨ)

**ਸ੍ਰੀ ਸਪੀਕਰ** : ਇਹ ਰੈਲੇਵੈਂਟ ਨਹੀਂ ਹੈ । (This supplementary is not relevant.)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਇਹ ਸਵਾਲ ਦੇ ਪਹਿਲੇ ਪਾਰਟ ਨਾਲ ਬਣ ਜਾਂਦਾ ਹੈ । (ਵਿਘਨ)

**Mr. Speaker** : Nothing about these Rules.

**Comrade Raj Kumar** : Sir, he has informed that there are Service Rules in Punjab. I am asking whether those Rules are commensurate with the provisions of the Constitution. Whether those Rules were made under the Government of India Act, 1935?

**Mr. Speaker** : This is irrelevant. Dis-allowed.

---

**Scheduled Castes Officers in the Police Department**

***1220. Sardar Basant Singh Khalsa** : Will the Chief Minister be pleased to state—

(a) the total number of Scheduled Castes officers in the police department, rank-wise as at present ;

(b) whether any officer from D. S. Ps. cadre was promoted as S. P. or not on the basis of seniority, while making promotions to the posts of S. Ps. recently ;

(c) whether the government has recently promoted nine S. Ps., but none belongs to the Scheduled Castes; if so, the reasons therefor and the exact position of D. S. Ps. belonging to the Scheduled Castes in the seniority list ?

**ਸਰਦਾਰ ਨਸੀਬ ਸਿੰਘ ਗਿਲ** (ਉਪ ਮੰਤਰੀ, ਗ੍ਰਹਿ ਅਤੇ ਉਦਯੋਗ) : (ੲ) ਇਸ ਵੇਲੇ ਪੰਜਾਬ ਪੁਲਿਸ ਵਿਭਾਗ ਵਿਚ ਅਨੁਸੂਚਿਤ ਜਾਤੀਆਂ ਦੀ ਰੈਂਕ-ਵਾਇਜ ਨਫਰੀ ਇਸ ਪਰਕਾਰ ਹੈ:—

| ਡੀ.ਆਈ.ਜੀ. | ਐਸ. ਪੀ. | ਡੀ.ਐਸ.ਪੀ. | ਇਨਸਪੈਕਟਰ | ਸਬ-ਇਨਸਪੈਕਟਰ |
|---|---|---|---|---|
| 1 | 5 | 5 | 4 | 38 |

| ਏ.ਐਸ. ਆਈ. | ਹੈਡ ਕਾਂਸਟੇਬਲ | ਕੰਸਟੇਬਲ | ਕੁਲ ਜੋੜ |
|---|---|---|---|
| 29 | 253 | 3,077 | 3,411 |

(ਬੀ) ਹਾਂ ਜੀ। ਹੁਣੇ ਹੀ ਪੰਜਾਬ ਸਰਕਾਰ ਨੇ 9 ਡੀ.ਐਸ.ਪੀਜ਼. ਨੂੰ ਸੀਨੀਅਰਤਾ ਅਤੇ ਸਿਲੈਕਸ਼ਨ ਦੇ ਅਧਾਰ ਤੇ ਕਾਇਮ-ਮੁਕਾਮ ਐਸ.ਪੀ. (ਪਰੋਵੀਜ਼ਨਲ) ਤਰਕੀਯਾਬ ਕੀਤਾ ਹੈ ।

(ਸੀ) ਹਾਂ ਜੀ। ਪੰਜਾਬ ਸਰਕਾਰ ਨੇ ਹੁਣੇ ਹੀ 9 ਡੀ.ਐਸ. ਪੀਜ਼. ਬਤੌਰ ਕਾਇਮ ਮੁਕਾਮ ਐਸ. ਪੀਜ਼ (ਆਰਜ਼ੀ) ਤਰੱਕੀਯਾਬ ਕੀਤੇ ਹਨ। ਡੀ.ਐਸ. ਪੀਜ਼ ਦੀ ਸੀਨੀਅਰਤਾ ਦੇ ਅਨੁਸਾਰ, ਸ੍ਰੀ ਕਰਨੈਲ ਸਿੰਘ ਕੋਲ ਅਤੇ ਸ੍ਰੀ ਕੁਲਵੰਤ ਸਿੰਘ ਹੀਰ ਜੋ ਅਨੁਸੂਚਿਤ ਜਾਤੀ ਦੇ ਹਨ, ਤਰੱਕੀ ਲਈ ਵਿਚਾਰ

Original with;
Punjab Vidhan Sabha
Digitized by;
Panjab Digital Library

ਕੀਤਾ ਪਰ ਉਨ੍ਹਾਂ ਨੂੰ ਸਰਵਿਸ ਰਿਕਾਰਡ ਦੇ ਅਨੁਸਾਰ ਤਰਕੀ ਲਈ ਠੀਕ ਨਹੀਂ ਪਾਇਆ ਗਿਆ। ਉਨ੍ਹਾਂ ਦੀ ਸੀਨੀਅਰਤਾ ਡੀ. ਐਸ.ਪੀਜ਼, ਦੇ ਵਿਕਾਰ ਨਿਮਨ ਲਿਖਤ ਹੈ :–

1. ਸ੍ਰੀ ਸੁਰਜੀਤ ਸਿੰਘ ਬੈਂਸ ... ਔਫੀਸ਼ੇਟਿੰਗ ਐਸ.ਪੀ.
2. ਸ੍ਰੀ ਬਲਜੀਤ ਸਿੰਘ ਭੈਰ ... ਔਫੀਸ਼ੇਟਿੰਗ ਐਸ.ਪੀ.
3. ਸ੍ਰੀ ਅਮੀਰ ਚੰਦ ਸ਼ਰਮਾ ... ਔਫੀਸ਼ੇਟਿੰਗ ਐਸ.ਪੀ.
4. ਸ੍ਰੀ ਕਰਨੈਲ ਸਿੰਘ ਕੈਲੇ (ਐਸ.ਸੀ.)
5. ਸ੍ਰੀ ਰਵੀਂਦਰ ਸਿੰਘ ਉਪਲ
6. ਸ੍ਰੀ ਕੁਲਵੰਤ ਸਿੰਘ ਹੀਰ (ਐਸ.ਸੀ).
7. ਸ੍ਰੀ ਕੇ. ਐਲ. ਲਿਖੀ ... ਔਫੀਸ਼ੇਟਿੰਗ ਐਸ.ਪੀ.
8. ਸ੍ਰੀ ਮਦਨ ਮੋਹਨ ਥਾਪਰ ... ਔਫੀਸ਼ੇਟਿੰਗ ਐਸ.ਪੀ.
9. ਸ੍ਰੀ ਓਮ ਪ੍ਰਕਾਸ਼ ਚੱਢਾ
10 ਸ੍ਰੀ ਧਨਪਤ ਰਾਮ
11. ਸ੍ਰੀ ਹਰਬੰਸ ਸਿੰਘ
12. ਸ੍ਰੀ ਗੁਰਚਰਨ ਸਿੰਘ ਮਾਨ ...ਔਫੀਸ਼ੇਟਿੰਗ ਐਸ.ਪੀ.
13. ਸ੍ਰੀ ਹਰਮੇਲ ਸਿੰਘ ... ਔਫੀਸ਼ੇਟਿੰਗ ਐਸ. ਪੀ.
14. ਸ੍ਰੀ ਜਸਵੰਤ ਸਿੰਘ
15. ਸ੍ਰੀ ਮਲਵਿੰਦਰ ਸਿੰਘ
16. ਸ੍ਰੀ ਗਿਆਨ ਸਿੰਘ
17. ਸ੍ਰੀ ਦਲਜੀਤ ਸਿੰਘ
18. ਸ੍ਰੀ ਗੁਰਦੀਪ ਸਿੰਘ ... ਔਫੀਸ਼ੇਟਿੰਗ ਐਸ.ਪੀ.
19. ਸ੍ਰੀ ਸੰਪੂਰਨ ਸਿੰਘ
20. ਸ੍ਰੀ ਊਧਮ ਸਿੰਘ ... ਔਫੀਸ਼ੇਟਿੰਗ ਐਸ.ਪੀ.

**ਸਰਦਾਰ ਬਸੰਤ ਸਿੰਘ ਖਾਲਸਾ** : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਹ ਜਿਹੜੇ ਪਛੜੀਆਂ ਸ਼੍ਰੇਣੀਆਂ ਦੇ ਦੋ ਡੀ. ਐਸ. ਪੀ. ਸਨ (ਵਿਘਨ) ਇਨ੍ਹਾਂ ਦਾ ਸਰਵਿਸ ਰਿਕਾਰਡ ਠੀਕ ਸੀ ਪਰ ਕਿਉਂਕਿ ਇਨ੍ਹਾਂ ਨੇ ਆਪਣੇ ਆਦਮੀਆਂ ਨੂੰ ਪਰੋਮੋਟ ਕਰਨਾ ਸੀ ਇਸ ਲਈ ਇਨ੍ਹਾਂ ਨੂੰ ਇਗਨੋਰ ਕੀਤਾ ਗਿਆ ਹੈ (ਵਿਘਨ) ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਸ ਬਾਰੇ ਜਵਾਬ ਦੇ ਦਿਤਾ ਗਿਆ ਹੈ। (This information has already been given.)

**आचार्य पृथ्वी सिंह आज़ाद** : क्या चीफ मिनिस्टर साहिब रिकार्ड दोबारा देखने की कृपा करेंगे और बताएंगे कि क्या यह अमर वाका नहीं है कि सरदार कुलवन्त सिंह हीर, जिसको प्रमोट नहीं किया गया, का record दूसरों से hundred times अच्छा है ? (विघ्न) अगर मैं ग़लत होऊंगा तो मैं माफी मांग लूंगा और अगर सरकार की रिपोर्ट ग़लत है तो दोबारा गौर होना चाहिए।

**ਉਪ-ਮੰਤਰੀ, ਗ੍ਰਹਿ ਅਤੇ ਉਦਯੋਗ** : ਪਰੋਮੋਟ ਕਰਨ ਵੇਲੇ ਇਨ੍ਹਾਂ ਦਾ ਰਿਕਾਰਡ ਦੇਖਿਆ ਗਿਆ ਸੀ ਅਤੇ ਦੇਖਣ ਤੋਂ ਇਹ ਪਤਾ ਲਗਿਆ ਕਿ ਉਹ ਰਿਕਾਰਡ ਠੀਕ ਨਹੀਂ ਸੀ।

**ਮਾਸਟਰ ਗੁਰਬੰਤਾ ਸਿਘ** : ਕੀ ਇਹ ਗਲ ਠੀਕ ਹੈ ਕਿ ਜਦੋਂ ਕਿਸੇ ਸ਼ਡਿਊਲਡ ਕਾਸਟ ਅਫਸਰ ਦੇ ਪਰੋਮੋਸ਼ਨ ਦਾ ਵਕਤ ਆਉਂਦਾ ਹੈ ਔਰ ਉਨ੍ਹਾਂ ਦੇ ਸੀਨੀਅਰ ਅਫਸਰ ਨੂੰ ਪਤਾ ਹੁੰਦਾ ਹੈ ਕਿ ਇਹਦੀ ਅਗਲੇ ਸਾਲ ਪਰਮੋਸ਼ਨ ਹੋਣੀ ਹੈ, ਇਸ ਕਰਕੇ ਕਿ ਉਹ ਸ਼ਡਿਊਲਡ ਕਾਸਟ ਹੈ ਇਹਦਾ ਰਿਕਾਰਡ ਖਰਾਬ ਕਰ ਦਿਤਾ ਜਾਂਦਾ ਹੈ। ਕੀ ਇਹ ਗਲ ਠੀਕ ਨਹੀਂ ਹੈ ?

**ਉਪ-ਮੰਤਰੀ** : ਇਹ ਗਲ ਗਲਤ ਹੈ। ਕਿਸੇ ਨਾਲ ਡਿਸਕ੍ਰੀਮੀਨੇਸ਼ਨ ਨਹੀਂ ਕੀਤੀ ਜਾਂਦੀ ਹੈ। (ਵਿਘਨ)।

**ਸਰਦਾਰ ਧੰਨਾ ਸਿੰਘ ਗੁਲਸ਼ਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਗਲ ਤਾਂ ਮੰਨੀ ਪਰਮੰਨੀ ਹੈ ਕਿ ਜਦੋਂ ਵੀ ਕਿਸੇ ਸ਼ਡਿਊਲਡ ਕਾਸਟ ਅਫਸਰ ਨੂੰ ਪਰੋਮੋਟ ਕਰਨਾ ਹੁੰਦਾ ਹੈ ਤਾਂ ਸਵਰਨ ਜਾਤੀ ਦੇ ਉਸ ਦੇ ਉਪਰਲੇ ਅਫਸਰ ਉਸਦਾ ਰਿਕਾਰਡ ਖਰਾਬ ਕਰ ਦਿੰਦੇ ਹਨ। ਇਹ ਪੁਲਿਸ ਅਫਸਰਾਂ ਦਾ ਜਿਤਨਾ ਵੀ ਨੰਬਰ ਇਸ ਸਵਾਲ ਦੇ ਜਵਾਬ ਵਿਚ ਦਸਿਆ ਗਿਆ ਹੈ, ਇਹ ਠੀਕ ਨਹੀਂ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੁਲ ਕਿੰਨੇ ਹਨ ਅਤੇ ਇਨ੍ਹਾਂ ਵਿਚੋਂ ਸ਼ਡਿਊਲਡ ਕਾਸਟਸ ਕਿੰਨੇ ਬਣਦੇ ਹਨ ? (ਵਿਘਨ)

**Mr. Speaker** : Vague allegations. Dis-allowed.

**556. Comrade Shamsher Singh Josh :** Will the Chief Minister be pleased to state the number and names of Public Sector and Joint Sector Industries set up or proposed to be set up in the Urban Industrial Estate at Mohali, district Ropar ?

**Giani Zail Singh :** A statement containing the information is laid on the Table of the House.

[ਸਟੇਟਮੈਂਟ ਜਿਸ ਵਿੱਚ ਸੂਚਨਾ ਦਿੱਤੀ ਗਈ ਹੈ, ਹਾਊਸ ਦੇ ਟੇਬਲ ਤੇ ਰੱਖ ਦਿਤੀ ਗਈ ਹੈ ।]

Original with;
Punjab Vidhan Sabha
Digitized by;
Panjab Digital Library

[Chief Minister]

STATEMENT

| Serial No. | Nature of Industry | Number | Name of the Industry |
|---|---|---|---|
| 1 | Joint Sector industry already set-up | 2 | (1) Punjab Pre-stressed concrete Works (P) Ltd.<br>(2) Punjab Chemi-Plants Private Ltd. |
| 2 | Joint Sector Industry under construction | 2 | (1) Punjab Anand Batteries Ltd.<br>(2) Punjstar Standard Electronics Ltd. |
| 3 | Public Sector Unit under construction | 1 | (1) Punjab Tractors Ltd. |
| 4 | Public/Joint Sector Industry proposed to be set up | 3 | (1) Electronic Components<br>(2) Precision Measuring Instruments<br>(3) V. H. F. Trans-receivers (Walkie-Talkies) |

| ਲੜੀ ਨੰ: | ਉਦਯੋਗ ਦੀ ਕਿਸਮ | ਗਿਣਤੀ | ਉਦਯੋਗ ਦਾ ਨਾਂ |
|---|---|---|---|
| 1 | ਜਾਂਇੰਟ ਸੈਕਟਰ ਉਦਯੋਗ ਪਹਿਲਾਂ ਲੱਗਿਆ ਹੋਇਆ | 2 | 1. ਪੰਜਾਬ ਪ੍ਰੀ-ਸਟਰੈਸਡ ਕਨਕ੍ਰੀਟ ਵਰਕਸ (ਪੀ) ਲਿਮਟਿਡ ।<br>2. ਪੰਜਾਬ ਕੈਮੀ-ਪਲਾਂਟਸ ਪ੍ਰਾਈਵੇਟ ਲਿਮਿਟਿਡ । |
| 2 | ਜਾਂਇਟ ਸੈਕਟਰ ਉਦਯੋਗ ਲਗਾਈ ਜਾ ਰਹੀ | 2 | 1. ਪੰਜਾਬ ਆਨੰਦ ਬੈਟਰੀਜ਼ ਲਿਮਟਿਡ।<br>2. ਪੰਜਸਟਾਰ ਸਟੈਂਡਰਡ ਅਲੈਕ-ਟਰਾਨਿਕ ਲਿਮਿਟਿਡ । |
| 3 | ਪਬਲਿਕ ਸੈਕਟਰ ਯੂਨਿਟ ਲਗਾਏ ਜਾ ਰਹੇ | 1 | 1. ਪੰਜਾਬ ਟਰੈਕਟਰਜ਼ ਲਿਮਿਟਿਡ। |
| 4 | ਪਬਲਿਕ/ਜਾਇੰਟ ਸੈਕਟਰ ਉਦਯੋਗ ਲਗਾਉਣ ਬਾਰੇ ਸੁਝਾਓ | 3 | 1. ਇਲੈਕਟਰਾਨਿਕ ਕਮਪੋਨੈਂਟਸ।<br>2. ਪਰੀਸੀਜ਼ਨ ਮੀਜ਼ਰਿੰਗ ਇਨਸਟਰੂ-ਮੈਂਟਸ<br>3. ਵੀ. ਐਚ. ਐਫ. ਟ੍ਰਾਂਸ-ਰਸੀਵਰਜ਼ (ਵਾਕੀ-ਟਾਕੀ) |

Original with;
Punjab Vidhan Sabha
Digitized by;
Panjab Digital Library

## Enquiries pending against Sarpanches of Ropar District

557. **Comrade Shamsher Singh Josh :** Will the Minister for Development be pleased to state—

(a) the names of Sarpanches of Ropar District against whom enquiries of various kinds are pending with the Panchayat Department at present ;

(b) the nature of the said enquiries together with the date (s) when these were initiated ;

(c) the number of cases got registered against the Sarpanches if any ?

**Capt. Rattan Singh :** (a) and (b) A statement showing the names of Sarpanches against whom enquiries are pending is placed on the Table of the House.

(c) Two.

[(ਏ ਅਤੇ ਬੀ) ਸਰਪੰਚ ਦੇ ਨਾਂ ਜਿਨ੍ਹਾਂ ਵਿਰੁਧ ਪੜਤਾਲ ਚਲ ਰਹੀ ਹੈ ਦੀ ਸੂਚੀ ਨਾਲ ਨਥੀ ਕੀਤੀ ਜਾਂਦੀ ਹੈ ।

ਸੀ) ਦੋ ।]

STATEMENT

| | (a) Names of Sarpanches of Ropar District against whom enquiries are pending with the Panchayat Department | (b) Nature of the said enquiry together with the date these were initiated |
|---|---|---|
| | Sarvshri— | |
| 1. | Sher Singh, Sarpanch, Gram Panchayat, Ghataur | Irregularity committed in Development Works, January, 1973 |
| 2. | Hakam Singh, Sarpanch, Gram Panchayat, Radiala | Irregularity committed in Develop-Works, July, 1972 |
| 3. | Balwant Singh, Sarpanch, Gram Panchayat, Kajhouli | Misuse of Panchayat Funds, 21st February, 1972 |
| 4. | Bachittar Singh, Sarpanch, Gram Panchayat, Dangrali | Misuse of Panchayat Funds, 21st October, 1972 |
| 5. | Ajaib Singh, Sarpanch, Gram Panchayat, Kainaur | Misuse of Panchayat Funds, 3rd January, 1973 |
| 6. | Didar Singh, Sarpanch, Gram Panchayat Bhoje Majra | Misuse of Panchayat Funds 18th August, 1972 |
| 7. | Kesar Singh, Sarpanch, Gram Panchayat Babani Kalan | Misappropriation of Panchayat Funds, 14th February, 1973 |
| 8. | Mewa Singh, Sarpanch, Gram Panchayat, Sotal Baba | Misappropriation of Panchayat Funds, 31st January, 1973 |
| 9. | Surimukh Singh, Sarpanch, Gram Panchayat, Bheora | Misappropriation of Panchayat funds 23rd December, 1972 |

Original with;
Punjab Vidhan Sabha
Digitized by;
Panjab Digital Library

[Minister for Development]

| (a) Names of Sarpanches of Ropar District against whom enquiries are pending with the Panchayat Department | (b) Nature of the said enquiry together with the dates these were initiated |
|---|---|
| 10. Santokh Singh, Sarpanch, Gram Panchayat, Haveli Kalan | Misappropriation of Panchayat Funds 14th December, 1972 |
| 11. Jarnail Singh, Sarpanch, Gram Panchayat, Dehni | Illegal possession of Panchayat land |
| 12. Hardev Singh, Sarpanch, Gram Panchayat, Balamgarh | Irregularities commited in Development Works, January, 1973 |
| 13. Kalyan Singh, Sarpanch, Gram Panchayat, Sihon Majra | Irregularities committed in Development Works January, 1973 |
| 14. Bhagat Ram, Sarpanch, Gram Panchayat, Saripur | Illegal sale of trees, January, 1973 |
| 15. Sher Singh Sarpanch Gram Panchayat Saidpur | Not giving the Panchayat land on lease 20th February, 1973 |
| 16. Durga Das, Sarpanch, Gram Panchayat, Dhamana | Keeping Panchayat Funds in his personal custody, 12th April, 1972 |
| 17. Ram Ditta, Sarpanch, Gram Panchayat Tibba Nangal | For corrupt practices, 7th December, 1972 |
| 18. Mangat Ram, Sarpanch, Gram Panchayat, Thana | For not giving the price of plants, 28th August, 1972 |
| 19. Raghubir Singh, Sarpanch, Gram Panchayat Singhpur | For causing loss to Panchayat Samitis, 5th October, 1972 |
| 20. Ram Gopal, Sarpanch, Gram Panchayat, Chajja | Illegal possession over panchayat land, 17th July, 1971 |
| 21. Varinder Singh, Sarpanch, Gram Panchayat, Chamkaur Sahib | Illegal sale of Panchayat land, 16th February, 1971 |
| 22. Ujjagar Singh, Sarpanch, Gram Panchayat, Samana Kalan | Embezzlement of Panchayat Funds, 7th February, 1973 |
| 23. Jagdish Chander, Sarpanch, Gram Panchayat Mandi Kharar | Illegal Sale of Panchayat Trees, 4th October, 1972 |
| 24. Gurbax Singh, Sarpanch Gram Panchayat, Rangian | Embezzlement of Panchayat Funds, 30th June, 1971 |

| ਰੋਪੜ ਜ਼ਿਲ੍ਹੇ ਦੇ ਸਰਪੰਚਾਂ ਦੇ ਨਾਂ ਜਿਨ੍ਹਾਂ ਵਿਰੁਧ ਪੰਚਾਇਤ ਵਿਭਾਗ ਵਿਚ ਇਨਕੁਆਇਰੀਆਂ ਪੈਂਡਿੰਗ ਹਨ | ਸ਼ਕਾਇਤ ਦੀ ਕਿਸਮ ਤੇ ਮਿਤੀ |
|---|---|
| (1) ਸ੍ਰੀ ਸ਼ੇਰ ਸਿੰਘ, ਸਰਪੰਚ, ਗਰਾਮ ਪੰਚਾਇਤ, ਘਟੌਰ ... | ਵਿਕਾਸ ਦੇ ਕੰਮਾਂ ਬਾਰੇ, ਜਨਵਰੀ, 1972 |
| (2) ਸ੍ਰੀ ਹਾਕਮ ਸਿੰਘ, ਸਰਪੰਚ, ਗਰਾਮ ਪੰਚਾਇਤ, ਰੜਿਆਲਾ... | ਵਿਕਾਸ ਦੇ ਕਮਾਂ ਬਾਰੇ, ਜੁਲਾਈ, 1972 |
| (3) ਸ੍ਰੀ ਬਲਵੰਤ ਸਿੰਘ, ਸਰਪੰਚ, ਗਰਾਮ ਪੰਚਾਇਤ, ਕਜੌਲੀ ... | ਪੰਚਾਇਤ ਫੰਡ ਦੀ ਗਲਤ ਵਰਤੋਂ, 28 ਸਤੰਬਰ, 1972 |

Original with;
Punjab Vidhan Sabha
Digitized by;
Panjab Digital Library

| ਰੋਪੜ ਜ਼ਿਲ੍ਹੇ ਦੇ ਸਰਪੰਚਾਂ ਦੇ ਨਾਂ ਜਿਨ੍ਹਾਂ ਵਿਰੁਧ ਪੰਚਾਇਤ ਵਿਭਾਗ ਵਿਚ ਇਨਕੁਆਇਰੀਆਂ ਪੈਂਡਿੰਗ ਹਨ | ਸ਼ਕਾਇਤ ਦੀ ਕਿਸਮ ਤੇ ਮਿਤੀ |
|---|---|
| (4) ਸ੍ਰੀ ਬਚਿਤਰ ਸਿੰਘ ਸਰਪੰਚ, ਗਰਾਮ ਪੰਚਾਇਤ ਢੰਗਰਾਲੀ | ਪੰਚਾਇਤ ਫੰਡ ਦੀ ਗਲਤ ਵਰਤੋਂ 21 ਅਕਤੂਬਰ, 1972 |
| (5) ਸ੍ਰੀ ਅਜੈਬ ਸਿੰਘ ਸਰਪੰਚ, ਗਰਾਮ ਪੰਚਾਇਤ ਕਾਂਈਨੌਰ ... | ਪੰਚਾਇਤ ਫੰਡ ਦੀ ਗਲਤ ਵਰਤੋਂ 3 ਜਨਵਰੀ, 1973 |
| (6) ਸ੍ਰੀ ਦਿਦਾਰ ਸਿੰਘ ਸਰਪੰਚ ਗਰਾਮ ਪੰਚਾਇਤ ਭੋਜੇ ਮਾਜਰਾ | ਪੰਚਾਇਤੀ ਫੰਡ ਦੀ ਗਲਤ ਵਰਤੋਂ 18 ਅਗਸਤ, 1972 |
| (7) ਸ੍ਰੀ ਕੇਸਰ ਸਿੰਘ ਸਰਪੰਚ ਗਰਾਮ ਪੰਚਾਇਤ ਬਬਾਨੀ ਕਲਾਂ .. | ਪੰਚਾਇਤੀ ਫੰਡ ਦੀ ਗਲਤ ਵਰਤੋਂ 14 ਫਰਵਰੀ, 1973 |
| (8) ਸ੍ਰੀ ਮੇਵਾ ਸਿੰਘ ਸਰਪੰਚ, ਗਰਾਮ ਪੰਚਾਇਤ ਸੋਤਲ ਬਾਬਾ | ਪੰਚਾਇਤੀ ਫੰਡ ਦੀ ਗਲਤ ਵਰਤੋਂ 31 ਜਨਵਰੀ, 1973 |
| (9) ਸ੍ਰੀ ਸੁਰਮੁਖ ਸਿੰਘ ਸਰਪੰਚ ਗਰਾਮ ਪੰਚਾਇਤ ਭਿਉਰਾ | ਪੰਚਾਇਤੀ ਫੰਡ ਦੀ ਗਲਤ ਵਰਤੋਂ 21 ਦਸੰਬਰ, 1972 |
| (10) ਸ੍ਰੀ ਸੰਤੋਖ ਸਿੰਘ ਸਰਪੰਚ ਗਰਾਮ ਪੰਚਾਇਤ, ਹਵਾਲੀ ਕਲਾਂ | ਪੰਚਾਇਤੀ ਫੰਡ ਦੀ ਗਲਤ ਵਰਤੋਂ 14 ਦਸੰਬਰ, 1972 |
| (11) ਸ੍ਰੀ ਜਰਨੈਲ ਸਿੰਘ ਸਰਪੰਚ ਗਰਾਮ ਪੰਚਾਇਤ ਵਿਹਨੀ ... | ਸ਼ਾਮਲਾਤ ਜਮੀਨ ਤੇ ਨਜਾਇਜ਼ ਕਬਜ਼ਾ |
| (12) ਸ੍ਰੀ ਹਰਦੇਵ ਸਿੰਘ ਸਰਪੰਚ, ਗਰਾਮ ਪੰਚਾਇਤ ਬਲਬਗੜ੍ਹ | ਵਿਕਾਸ ਤੇ ਕਮਾਂ ਵਿਚ ਕੁਵਰਤੋਂ ਜਨਵਰੀ, 1973 |
| (13) ਸ੍ਰੀ ਕਲਿਆਨ ਸਿੰਘ ਸਰਪੰਚ ਗਰਾਮ ਪੰਚਾਇਤ ਸਿਹੋਂ ਮਾਜਰਾ | ਵਿਕਾਸ ਤੇ ਕੰਮਾਂ ਵਿਚ ਕੁਵਰਤੋਂ ਜਨਵਰੀ, 1973 |
| (14) ਸ੍ਰੀ ਭਗਤ ਰਾਮ ਸਰਪੰਚ ਗਰਾਮ ਪੰਚਾਇਤ ਸਾਰੀ ਪੁਰ .. | ਦਰਖਤਾਂ ਨੂੰ ਨਜਾਇਜ਼ ਵੇਚਨਾ ਜਨਵਰੀ, 1973 |
| (15) ਸ੍ਰੀ ਸ਼ੇਰ ਸਿੰਘ ਸਰਪੰਚ ਗਰਾਮ ਪੰਚਾਇਤ ਸੈਦਪੁਰ ... | ਸ਼ਾਮਲਾਤ ਜ਼ਮੀਨ ਨੂੰ ਠੇਕੇ ਤੇ ਨਾ ਦੇਣ ਬਾਰੇ 20 ਫਰਵਰੀ, 1973 |
| (16) ਸ੍ਰੀ ਦੁਰਗਾ ਦਾਸ ਸਰਪੰਚ, ਗਰਾਮ ਪੰਚਾਇਤ ਧਮਾਨਾ .. | ਪੰਚਾਇਤ ਫੰਡ ਨੂੰ ਆਪਣੇ ਹੱਥ ਵਿਚ ਰਖਣਾ, 12 ਅਪ੍ਰੈਲ, 1972 |
| (17) ਸ੍ਰੀ ਰਾਮ ਦਿਤਾ ਸਰਪੰਚ ਗਰਾਮ ਪੰਚਾਇਤ ਟਿਬਾ ਨੰਗਲ .. | ਕਰਪਟ ਪਰੈਕਟਿਸਾਂ ਬਾਰੇ 7 ਦਸੰਬਰ 1972 |
| (18) ਸ੍ਰੀ ਮੰਗਤ ਰਾਮ ਸਰਪੰਚ, ਗਰਾਮ ਪੰਚਾਇਤ ਬਾਨਾ ... | ਬੂਟਿਆਂ ਦੀ ਕੀਮਤ ਨਾ ਦੇਣ ਬਾਰੇ 28 ਅਗਸਤ, 1972 |
| (19) ਸ੍ਰੀ ਰਘਵੀਰ ਸਿੰਘ ਸਰਪੰਚ ਗਰਾਮ ਪੰਚਾਇਤ ਸਿੰਘ ਪੁਰ ... | ਪੰਚਾਇਤ ਸੰਮਤੀ ਨੂੰ ਨੁਕਸਾਨ ਪੁਜਾਣ ਬਾਰੇ 5 ਅਕਤੂਬਰ, 1972 |
| (20) ਸ੍ਰੀ ਰਾਮ ਗੋਪਾਲ ਸਰਪੰਚ ਗਰਾਮ ਪੰਚਾਇਤ ਚੋਜ਼ਾਂ ... | ਸ਼ਾਮਲਾਤ ਜ਼ਮੀਨ ਤੇ ਨਜਾਇਜ਼ ਕਬਜ਼ਾ 12 ਜੁਲਾਈ, 1971 |

Original with;
Punjab Vidhan Sabha
Digitized by;
Panjab Digital Library

[Minister for Development]

| ਰੋਪੜ ਜ਼ਿਲ੍ਹੇ ਦੇ ਸਰਪੰਚਾਂ ਦੇ ਨਾਂ ਜਿਨ੍ਹਾਂ ਵਿਰੁੱਧ ਪੰਚਾਇਤ ਵਿਭਾਗ ਵਿਚ ਇਨਕੁਆਰੀਆਂ ਪੈਂਡਿੰਗ ਹਨ | ਸ਼ਕਾਇਤ ਦੀ ਕਿਸਮ ਮਿਤੀ |
|---|---|
| (21) ਸ੍ਰੀ ਵਰਿੰਦਰ ਸਿੰਘ ਸਰਪੰਚ, ਗਰਾਮ ਪੰਚਾਇਤ ਚਮਕੌਰ ਸਾਹਿਬ | ਸ਼ਾਮਲਾਤ ਜ਼ਮੀਨ ਨੂੰ ਗਲਤ ਵੇਚਣ ਬਾਰੇ 16 ਫਰਵਰੀ, 1971 |
| (22) ਸ੍ਰੀ ਉਜਾਗਰ ਸਿੰਘ ਸਰਪੰਚ ਗਰਾਮ ਪੰਚਾਇਤ ਸਮਾਨਾਂ ਕਲਾਂ .. | ਪੰਚਾਇਤ ਫੰਡ ਵਿਚ ਹੇਰਾ ਫੇਰੀ 7 ਫਰਵਰੀ, 1973 |
| (23) ਸ੍ਰੀ ਜਗਦੀਸ਼ ਚੰਦਰ ਸਰਪੰਚ ਗਰਾਮ ਪੰਚਾਇਤ ਮੁੰਡੀ ਖਰੜ ... | ਪੰਚਾਇਤ ਦੇ ਦਰਖਤਾਂ ਨੂੰ ਗਲਤ ਵੇਚਣ ਬਾਰੇ 14 ਅਕਤੂਬਰ, 1972 |
| (24) ਸ੍ਰੀ ਗੁਰਬਖਸ਼ ਸਿੰਘ ਸਰਪੰਚ ਗਰਾਮ ਪੰਚਾਇਤ ਰੰਗੀਆਂ ... | ਪੰਚਾਇਤ ਫੰਡਾਂ ਦੀ ਕੁਵਰਤੋਂ 30 ਜੂਨ, 1971 |

**Prisoners and under trials kept in Sub-Jail, Ropar**

**558. Comrade Shamsher Singh Josh :** Will the Minister of State for Local Government and Jails be pleased to state—

(a) the total capacity for maintaining (i) prisoners and (ii) under-trials in Sub-Jail, Ropar ;

(b) the actual number of prisoners and undertrials kept in the said Jail during the months of January to December, 1972 monthwise ;

(c) the steps proposed to be taken by the Government to avoid overcrowding of the prisoners in the above mentioned Sub-Jail ?

**ਸ੍ਰੀ ਜੋਗਿੰਦਰ ਪਾਲ ਪਾਂਡੇ :** (ਏ) 15

(ਬੀ) ਸੂਚਨਾ ਨੱਥੀ ਕੀਤੀ ਜਾਂਦੀ ਹੈ।

(ਸੀ) ਰੋਪੜ ਵਿਖੇ ਇਕ ਨਵੀਂ ਜ਼ਿਲ੍ਹਾ ਜੇਲ੍ਹ ਬਣਾਉਣ ਸਬੰਧੀ ਵਿਚਾਰ ਕੀਤਾ ਜਾ ਰਿਹਾ ਹੈ ।

**ਸਾਲ 1972 ਦੌਰਾਨ ਮਹੀਨੇ ਵਾਰ ਰੋਜ਼ਾਨਾ ਔਸਤਨ ਗਿਣਤੀ।**

| ਮਹੀਨਾ | | ਕੈਦੀ | ਹਵਾਲਾਤੀ | ਕੁਲ ਜੋੜ |
|---|---|---|---|---|
| ਜਨਵਰੀ, 1972 | ... | 5.19 | 31.90 | 37.09 |
| ਫਰਵਰੀ, 1972 | | 4.79 | 26.93 | 31.72 |
| ਮਾਰਚ, 1972 | ... | 3.22 | 28.00 | 31.22 |

Original with;
Punjab Vidhan Sabha
Digitized by;
Panjab Digital Library

| ਮਹੀਨਾ | | ਕੈਦੀ | ਹਵਾਲਾਤੀ | ਕੁਲ ਜੋੜ |
|---|---|---|---|---|
| ਅਪਰੈਲ, 1972 | ... | 5.16 | 35.16 | 40.32 |
| ਮਈ, 1972 | ... | 5.32 | 36.38 | 41.72 |
| ਜੂਨ, 1972 | ... | 4.76 | 37.20 | 41.96 |
| ਜੁਲਾਈ, 1972 | ... | 4.19 | 38.87 | 43.06 |
| ਅਗਸਤ, 1972 | ... | 5.77 | 42.48 | 48.25 |
| ਸਤੰਬਰ, 1972 | ... | 5.07 | 46.03 | 51.10 |
| ਅਕਤੂਬਰ, 1972 | ... | 7.13 | 46.03 | 53.16 |
| ਨਵੰਬਰ, 1972 | ... | 9.53 | 40.10 | 49.63 |
| ਦਸੰਬਰ, 1972 | ... | 7.83 | 37.68 | 45.51 |

## Passengers Tax paid by certain Transport Companies

559. **Comrade Raj Kumar :** Will the Minister for Development be pleased tc state—

(a) the amount of passengers tax paid by the following Transport companies during the year 1971-72 ;

(i) New Sutluj Transport Co. Private Limited, Jullundur;

(ii) Rohtak District Transport Co. Private Limited, Amritsar ;

(iii) The Hoshiarpur Express Transport Co. Private Limited, Hoshiarpur.

(iv) The Ambala Bus Syndicate Private Limited, Ropar, and ;

(v) The Dashmesh Transport Co. Private Limited, Ludhiana.

(b) whether the Department has carefully checked up to ensure whether the amount of Passengers tax paid by them tallies with their annual income from passengers fare ?

**Captain Rattan Singh :** (i) Rs. 13,10,552.40.

(ii) Group (A) Rs. 3,12,840
Group (B) Rs. 1,28,005

Total Rs. 4,40,845

Original with;
Punjab Vidhan Sabha
Digitized by;
Panjab Digital Library

[Minister for Development]

(iii) Rs. 8,90,261.
(iv) Rs. 13,74,373.58
(v) Rs. 6,84,023.

(b) The Passengers tax is charged @ 35 per cent of the value of fare or freight as the case may be and it is collected by means of adhesive stamps affixed on the tickets showing the value of fare or freight. The amount of passengers tax corresponds to the per centum of levy of the amount of fare/freight in respect of all the companies mentioned in the Question except in the case of Rohtak District Transport Company Private Limited, Amritsar. The assessments of the said companies for the year 1971-72 have not so far been finalised. It is yet to be verified whether the amount of passengers tax paid corresponds to the levy of tax @ 35 per cent of the value of the fare/freight.

[(ੲ) (i) ਰੁਪਏ 13,10,552.40

(ii) ਗਰੁੱਪ ਏ ਰੁ: 3,12,840— ਜੋੜ ਰੁ: 4,40,845
ਗਰੁੱਪ ਬੀ ਰੁ: 1,28,005—

(iii) ਰੁ: 8,90,261

(iv) ਰੁ: 13,74,373.5 8

(v) ਰੁ: 6,84,023

(ਬੀ) ਕਿਰਾਏ ਜਾਂ ਭਾੜੇ ਦਾ 35% ਸਵਾਰੀ ਕਰ ਦੇ ਰੂਪ ਵਿਚ ਚਿਪਕੀਆਂ ਟਿਕਟਾਂ ਦੀ ਸ਼ਕਲ ਵਿਚ ਉਗਰਾਇਆ ਜਾਂਦਾ ਹੈ। ਉਪਰੋਕਤ ਦੱਸੀਆਂ ਕੰਪਨੀਆਂ ਦੁਆਰਾ ਲਿਆ ਗਿਆ ਕਿਰਾਇਆ/ਭਾੜੇ ਅਨੁਸਾਰ 35% ਦੇ ਹਿਸਾਬ ਨਾਲ ਹੀ ਕੰਪਨੀਆਂ ਨੇ ਸਵਾਰੀ ਕਰ ਦਿੱਤਾ ਹੈ ਪਰ ਰੋਹਤਕ ਡਿਸਟਰਿਕਟ ਟਰਾਂਸਪੋਰਟ ਕੰਪਨੀ ਪ੍ਰਾਈਵੇਟ ਲਿ: ਅੰਮ੍ਰਿਤਸਰ ਦੀ ਅਸੈਸਮੈਂਟ ਅਜੇ ਤਕ ਪੂਰੀ ਨਹੀਂ ਹੋਈ ਹੈ। ਇਸ ਵਿਚ ਅਜੇ ਇਹ ਪੜਤਾਲ ਕਰਨੀ ਹੈ ਕਿ ਕੀ ਕੰਪਨੀ ਨੇ ਕਿਰਾਏ/ਭਾੜੇ ਮੁਤਾਬਿਕ 35% ਸਵਾਰੀ ਕਰ ਦਿੱਤਾ ਹੈ।]

**ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਆਨ ਏ ਪੁਆਇੰਟ ਆਫ਼ ਆਰਡਰ, ਸਰ। (ਵਿਘਨ)

**ਸ੍ਰੀ ਸਪੀਕਰ**: ਆਜ਼ਾਦ ਸਾਹਿਬ ਕੋਈ ਇਸ਼ੂ ਤਾਂ ਹਾਊਸ ਦੇ ਸਾਹਮਣੇ ਨਹੀਂ ਹੈ......(ਵਿਘਨ) ਪੁਆਇੰਟ ਆਫ਼ ਆਰਡਰ ਤਾਂ ਹਾਊਸ ਦੇ ਸਾਹਮਣੇ ਜੇ ਵਿਸ਼ਾ ਹੋਵੇ ਉਸ ਤੇ ਹੀ ਰੇਜ਼ ਕੀਤਾ ਜਾ ਸਕਦਾ ਹੈ। (ਵਿਘਨ) (Azad Sahib, there is no issue before the House (Interruption) A point of order can be raised only about an issue which is before the House) (*Interruption*).

**ਸ੍ਰੀ ਸਰਦਾਰੀ ਲਾਲ ਕਪੂਰ**: ਸਪੀਕਰ ਸਾਹਿਬ, ਮਸਲਾ ਤਾਂ ਹੈ, ਜੇ ਤੁਸੀਂ ਇਜਾਜ਼ਤ ਦਿਓਗੇ ਤਾਂ ਹੀ ਮਸਲਾ ਪੈਦਾ ਹੋਵੇਗਾ। (ਵਿਘਨ)

**ਸ੍ਰੀ ਸਪੀਕਰ**: ਮਸਲਾ ਤਾਂ ਹਾਊਸ ਦੇ ਸਾਹਮਣੇ ਹੋਣਾ ਹੈ ਤੁਹਾਡੇ ਮਨ ਵਿਚ ਤਾਂ ਨਹੀਂ। (ਵਿਘਨ) (The matter has to be before the House and not in your mind.) (*Interruption*)

Original with;
Punjab Vidhan Sabha
Digitized by;
Panjab Digital Library

**ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ**: ਸਪੀਕਰ ਸਾਹਿਬ, ਹਰ ਸਾਲ ਪੰਜਾਬ ਵਿਚ ਜੋ ਬੱਜਟ ਸਪੀਚ ਛਪਦੀ ਹੈ ਉਹ ਪੰਜਾਬੀ ਵਿਚ ਵੀ ਛਪਦੀ ਹੈ, ਅੰਗਰੇਜ਼ੀ ਵਿਚ ਵੀ ਅਤੇ ਹਿੰਦੀ ਵਿਚ ਵੀ ਛਪਦੀ ਹੈ। ਅੱਜ ਪਹਿਲੀ ਵਾਰ ਹੈ ਕਿ ਪੰਜਾਬ ਸਰਕਾਰ ਨੇ ਹਿੰਦੀ ਵਿਚ ਨਹੀਂ ਛਪਵਾਈ । ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਐਤਕੀ ਰਾਸ਼ਟਰ ਭਾਸ਼ਾ ਵਿਚ ਇਹ ਕਿਉਂ ਨਹੀਂ ਛਪੀ ?

**ਸ੍ਰੀ ਸਰਦਾਰੀ ਲਾਲ ਕਪੂਰ**: ਸਪੀਕਰ ਸਾਹਿਬ, ਕੱਲ ਇਥੇ ਹਾਊਸ ਵਿਚ ਫਾਈਨਾਂਸ ਮਨਿਸਟਰ ਨੇ ਕਿਹਾ ਸੀ ਕਿ ਬਜੱਟ ਹਿੰਦੀ ਵਿਚ ਛਪਿਆ ਹੈ ਅਤੇ ਆ ਰਿਹਾ ਹੈ ਪਰ ਅਜੇ ਤਕ ਨਹੀਂ ਮਿਲਿਆ (ਵਿਘਨ)

**ਵਿੱਤ ਮੰਤਰੀ**: ਸਪੀਕਰ ਸਾਹਿਬ, ਉਹ ਰਾਤੋਂ ਰਾਤ ਛਪਿਆ ਹੈ, ਮੈਂ ਇਨ੍ਹਾਂ ਦੀ ਸੇਵਾ ਵਿਚ ਭੇਜ ਦਿਆਂਗਾ। (ਵਿਘਨ)।

**ਸ੍ਰੀ ਸਰਦਾਰੀ ਲਾਲ ਕਪੂਰ**: ਸਪੀਕਰ ਸਾਹਿਬ, ਮਹਿਕਮੇ ਨੇ ਕਿਹਾ ਹੈ ਕਿ ਨਹੀਂ ਛਪਿਆ, ਅਗਰ ਛਪਿਆ ਹੈ ਤਾਂ ਸਾਡੇ ਸਾਹਮਣੇ ਆਉਣਾ ਚਾਹੀਦਾ ਹੈ।

**ਵਿੱਤ ਮੰਤਰੀ**: ਰਾਤੋਂ ਰਾਤ ਛਪਾਇਆ ਗਿਆ ਸੀ । ਇਹ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਛਪਿਆ ਹੈ, ਕਾਪੀਆਂ ਤੁਹਾਨੂੰ ਦੇ ਦਿਤੀਆਂ ਜਾਣਗੀਆਂ। ਇਹ ਮੈਂ ਪਹਿਲੋਂ ਵੀ ਕਿਹਾ ਹੈ ਕਿ ਰਾਤੋਂ ਰਾਤ ਛਪਾਇਆ ਗਿਆ ਸੀ ਅਤੇ ਕਾਪੀਆਂ ਨਹੀਂ ਆ ਸਕੀਆਂ।

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅਚਾਰਿਆ ਜੀ ਹਨ ਅਤੇ ਕਪੂਰ ਜੀ ਹਨ, ਇਹ ਪੰਜਾਬ ਦਾ ਅੰਨ ਪਾਣੀ ਛਕਦੇ ਹਨ, ਇਨ੍ਹਾਂ ਨੂੰ ਪੰਜਾਬੀ ਪੜ੍ਹਨੀ ਚਾਹੀਦੀ ਹੈ। (ਵਿਘਨ)

**ਸ੍ਰੀ ਸਪੀਕਰ**: ਇਹ ਸਾਹਿਬਾਨ ਤੁਹਾਡੇ ਨਾਲੋਂ ਜ਼ਿਆਦਾ ਪੰਜਾਬੀ ਪੜ੍ਹੇ ਹੋਏ ਹਨ।
(The hon. Members know Punjabi better than you)

**ਡਾਕਟਰ ਅਮੀਰ ਸਿੰਘ ਕਲਕਟ**: ਸਪੀਕਰ ਸਾਹਿਬ, ਇਨ੍ਹਾਂ ਨੂੰ ਹਦਾਇਤ ਕਰਨੀ ਚਾਹੀਦੀ ਹੈ ਕਿ ਉਰਦੂ ਵਿਚ ਵੀ ਛਪਾਇਆ ਕਰਨ। (ਵਿਘਨ)

## QUESTIONS OF PRIVILEGE

**Mr. Speaker** : It will be recalled that on 5th March, 1973, I informed the House that I had received notice of a Privilege Motion from Sardar Jasdev Singh Sandhu, Sardar Ajaib Singh Sandhu and Sardar Surjit Singh Barnala wherein they had alleged that the Members of the Opposition were being chased and shadowed by the C.I.D. personnel. On that day, I had stated that I was having the matter examined and would give my ruling later.

The matter has since been examined and I will now give my ruling.

First I would like to read out the notice of Privilege Motion. It reads—

> "Since the Commencement of the Budget Session a strong contingent of C. I. D. have been deputed all around the Vidhan Sabha and M. L. As. Hostel No. 1. These C. I. D. personnel chase the Members

Original with;
Punjab Vidhan Sabha
Digitized by;
Panjab Digital Library

[Mr. Speaker]

of the opposition when they go to perform their duties as representatives of the people. Even C. I. D. men were found roaming in the Members Lobby of the Vidhan Sabha on 2-3-1973. This consistent shadow of C. I. D. on the members constitute a breach of privileges of the Members of this august House. Hence we request that matter may please be referred to Privileges Committee for further examination of the matter.

So far as the question of posting of some personnel of C.I.D. in the Legislature building is concerned, it is a fact that some employees of that department have been issued cards for admission into the Vidhan Bhavan for making security arrangements. I would like to make it quite clear that this practice of posting C.I.D. personnel in the Legislature building has been in existence since 1934. But they are debarred from going to certain places in the Building itself. The question of the entry of C.I.D. personnel into the Lobbies does not arise at all. As the hon. Members are aware, Lobbies are a part of the House and the staff of the Sabha Secretariat is on duty on both the gates of the House to ensure that only Members enter into the House. Further, officers of the Punjab Governent who have been issued passes are also allowed to pass through the Gate facing the Lounge for going to the Officers' Gallery.

Since, however, the allegations levelled in the Privilege Motion were serious involving the privileges of the House, I wrote a letter to the Chief Minister enquiring about the factual position and he has sent a detailed reply. The allegations levelled in the Privilege Motion have been completely denied in that letter.

Here, I would also like to inform the House that in September, 1963, when a similar question was raised in this very House, the matter was referred to the Committee of Privileges which made its report to the House in 1964and that was adopted by the House. I will read out a few extracts from that Report for the information of the Members.

"According to him (the Deputy Inspector General of Police C. I. D.) the C. I. D. staff is posted for purposes of security and maintaining Law and order and not for shadowing or over hearing the Members in the Legislature Buildidg."

* * * *

"The Committee are however, of the opinion that the security arrangements made under the direction of the Hon'ble Speaker during the current Budget Session of the Vidhan Sabha, barring the entry of the C. I. D. personnel into certain places in the Legislature building are quite satisfactory."

In view of what is stated above, I do not give my consent to the question of privilege being raised. However, I want to assure the Hon'ble Members who have given notice of this Motion that if any of them can prove that any C.I.D. personnel was roaming about in the Lobbies on 2nd March, 1973, I will be prepared to reconsider my ruling and refer the matter to the Committee of Privileges. In that event, I would also be prepared to take suitable action against the officials of the Vidhan Sabha who allowea the C.I.D. personnel to sneak into the Lobbies.

In the end, I would assure the hon. Members that it is my first and foremost duty to ensure that there is no attack on or breach of privileges of the House and I will always try to work in that direction.

Original with;
Punjab Vidhan Sabha
Digitized by;
Panjab Digital Library

There is another notice of Privilege Motion by Comrade Mehtab Singh, M.L.A., wherein he has alleged that the A.S.I. of Police Station, Fazilka misbehaved with the hon. Member on 3rd March, 1973 and uttered derogatory remarks. If this has happened, it is really unfortunate though it does not amount to a breach of privilege. I do not give my consent. However, I am sending a copy of this disallowed Privilege Motion to the Chief Minister with a request to look into the matter and issue instructions so as to ensure that the Police Officers/Officials show due courtesy to M.L.As.

**ਕਾਮਰੇਡ ਸੱਤਪਾਲ ਡਾਂਗ**: ਸਪੀਕਰ ਸਾਹਿਬ, ਮੇਰਾ ਪੁਆਇੰਟ ਇਹ ਹੈ ਕਿ ਜਿਹੜੀ ਪ੍ਰਿਵਿਲਜ ਮੋਸ਼ਨ ਸੰਧੂ ਸਾਹਿਬ ਨੇ ਦਿਤੀ ਹੈ ਉਹ ਇਕ ਸਪੈਸੀਫਿਕ ਐਲੀਗੇਸ਼ਨ ਨੂੰ ਰਿਲੇਟ ਕਰਦੀ ਹੈ ਕਿ ਐਮ. ਐਲ. ਏ. ਹੋਸਟਲ ਨੰ: 1 ਵਿਚ ਸਾਰਾ ਦਿਨ ਸੀ.ਆਈ.ਡੀ. ਦਾ ਸਟਾਫ਼ ਫਿਰਦਾ ਰਹਿੰਦਾ ਹੈ ਅਤੇ ਇੰਟੈਰੋਗੇਸ਼ਨ ਕਰਦਾ ਰਹਿੰਦਾ ਹੈ। ਕੀ ਉਥੇ ਕੋਈ ਸੀ.ਆਈ.ਡੀ. ਡਿਪਾਰਟਮੈਂਟ ਖੋਲ੍ਹਿਆ ਹੋਇਆ ਹੈ ? ਇਸ ਬਾਰੇ ਤੁਹਾਡੀ ਰੂਲਿੰਗ ਕੋਈ ਨਹੀਂ ਆਈ।

**ਸ੍ਰੀ ਸਪੀਕਰ**: ਉਹ ਤੁਹਾਡੀ ਪਰੋਟੈਕਸ਼ਨ ਲਈ ਹੈ। (ਵਿਘਨ) (The arrangement is for your protection) (*Interruption*)

**ਕਾਮਰੇਡ ਸੱਤਪਾਲ ਡਾਂਗ**: ਸਪੀਕਰ ਸਾਹਿਬ, ਤੁਸੀਂ ਆਪ ਪੁਲੀਟੀਕਲ ਆਦਮੀ ਹੋ, ਸੀ.ਆਈ. ਡੀ. ਸਾਡੀ ਕੀ ਪਰੋਟੈਕਸ਼ਨ ਕਰਦੀ ਹੈ। ਇਹ ਕਹਿਣਾ ਕਿ ਸੀ.ਆਈ.ਡੀ. ਸਾਡੀ ਪਰੋਟੈਕਸ਼ਨ ਕਰਨ ਲਈ ਉਥੇ ਹੁੰਦੀ ਹੈ ਇਹ ਬੜੀ ਸ਼ਾਕਿੰਗ ਗਲ ਹੈ। ਇਹ ਚੀਜ਼ ਆਪਣੀ ਰੂਲਿੰਗ ਵਿਚ ਕਹੀ ਨਹੀਂ ਅਤੇ ਹੁਣ ਜਸਟੀਫਾਈ ਕਰਦੇ ਹੋ। (ਵਿਘਨ)

**ਸ੍ਰੀ ਸਪੀਕਰ**: ਡਾਂਗ ਸਾਹਿਬ, ਮੈਂ ਤਾਂ ਕੁਝ ਜਸਟੀਫਾਈ ਨਹੀਂ ਕੀਤਾ। ਜੇ ਤੁਸੀਂ ਕੋਈ ਅੱਨਡਿਜ਼ਾਇਰੇਬਲ ਐਕਟੀਵਿਟੀਜ਼ ਪਰੂਵ ਕਰ ਦਿਓ ਤਾਂ ਅਸੀਂ ਜ਼ਰੂਰੀ ਕਾਰਵਾਈ ਕਰਾਂਗੇ। (ਵਿਘਨ) (Dang Sahib, I have not justified anything undesirable. If you can prove any undesirable activity on their part then I will be willing to take necessary action in the matter). (Interruption)

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਅਖ਼ਬਾਰਾਂ ਵਿਚ ਛਪਿਆ ਹੈ ਕਿ ਸੀ.ਆਈ. ਡੀ. ਦੁਗਣੀ ਕਰ ਦਿਤੀ ਹੈ......... (ਵਿਘਨ)

**ਸ੍ਰੀ ਸਪੀਕਰ**: ਇਕ ਚੀਫ ਮਨਿਸਟਰ ਸਾਹਿਬ ਦਾ ਲੈਟਰ ਹੈ, ਉਸ ਦੇ ਵਿਚ ਇਹ ਲਿਖਿਆ ਹੈ: "It is also not correct that the Members of the opposition are being shadowed in the M. L. As. Hostel or elsewhere." (*Interruptions*)

(A letter has been received from the hon. Chief Minister in which it is stated that it is also not correct that the Members of the opposition are being shadowed in the M. L. As. Hostel or elsewhere.)

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਸਾਡੇ ਪਿਛੇ ਤਾਂ ਨਹੀਂ ਫਿਰਦੇ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਸਪੀਕਰ ਸਾਹਿਬ, ਥੋੜ੍ਹੇ ਦਿਨਾਂ ਦੀ ਗਲ ਹੈ ਅਤੇ ਮੇਰੇ ਕੋਲ ਇਥੇ ਕਾਰ ਨਹੀਂ ਸੀ (ਵਿਘਨ) ਮੈਂ ਇਕ ਕਾਂਗਰਸ ਦੇ ਐਮ. ਐਲ. ਏ. ਸਾਹਿਬ (ਵਿਘਨ)

**ਸ਼੍ਰੀ ਸਪੀਕਰ** : ਬਾਦਲ ਸਾਹਿਬ, ਰੂਲਿੰਗ ਤੇ ਡਿਸਕਸ਼ਨ ਨਹੀਂ ਹੋ ਸਕਦੀ, ਜੇ ਤੁਹਾਡੇ ਕੋਲ ਫੈਕਟਸ ਹਨ ਤਾਂ ਤੁਸੀਂ ਮੇਰੇ ਚੈਂਬਰ ਵਿਚ ਤਸ਼ਰੀਫ਼ ਲੈ ਆਉਣਾ ਮੈਂ ਐਗਜ਼ਾਮਿਨ ਕਰ ਲਵਾਂਗਾ (ਵਿਘਨ) (Badal Sahib, you cannot discuss the ruling given by the Chair. You may please see me in my Chamber and bring any facts to my notice, I will look into the matter (Interruptions)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਤੁਸੀਂ ਮੇਰੇ ਨਾਲ ਚਲੋ। ਮੈਂ ਤੁਹਾਨੂੰ ਦਿਖਾ ਦੇਵਾਂਗਾ ਉਥੇ ਸੀ.ਆਈ.ਡੀ. ਦੇ 10, 20 ਆਦਮੀ ਫਿਰਦੇ ਹਨ। ਚੀਫ਼ ਮਨਿਸਟਰ ਸਾਹਿਬ ਨੇ ਗਲਤ ਬਿਆਨੀ ਕੀਤੀ ਹੈ ਕਿ ਕੋਈ ਸੀ.ਆਈ.ਡੀ. ਦਾ ਬੰਦਾ ਨਹੀਂ ਹੈ।

**ਸ਼੍ਰੀ ਸਪੀਕਰ**: ਮੈਂ ਜ਼ਰੂਰ ਦੇਖਾਂਗਾ।
(I will see to it)

**ਕਾਮਰੇਡ ਚਾਂਦ ਸਿੰਘ ਚੋਪੜਾ, ਮਾਸਟਰ**: ਸਪੀਕਰ ਸਾਹਿਬ, ਮੈਂਬਰ ਦੇ ਮਗਰ ਸੀ.ਆਈ.ਡੀ. ਲੱਗੀ ਹੋਵੇ ਇਹ ਬੜੀ ਗਲਤ ਗਲ ਹੈ। ਇਹ ਬਿਲਕੁਲ ਨਹੀਂ ਹੋਣੀ ਚਾਹੀਦੀ। (ਸ਼ੋਰ)

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਇਹ ਇਲਜ਼ਾਮ ਇੱਕ ਐਮ. ਐਲ. ਏ. ਨੇ ਲਗਾਇਆ ਹੈ ਕਿ ਇੱਕ ਏ.ਐਸ.ਆਈ. ਨੇ ਉਸ ਨਾਲ ਮਿਸ-ਬਿਹੇਵ ਕੀਤਾ ਹੈ। ਅਤੇ ਨਾਜਾਇਜ਼ ਕਾਰਵਾਈ ਕੀਤੀ ਹੈ। ਤੁਸੀਂ ਕਹਿੰਦੇ ਹੋ ਕਿ ਅੱਗੇ ਤੋਂ ਸਰਕੂਲਰ ਕਰ ਦਿੱਤਾ ਹੈ। ਪਰ ਸਪੀਕਰ ਸਾਹਿਬ, ਸਰਕੂਲਰ ਤਾਂ ਅੱਗੇ ਵੀ ਬੜੇ ਇਸ਼ੂ ਹੋਏ ਹਨ ਪਰ ਪੁਲਿਸ ਅਫ਼ਸਰ ਉਨ੍ਹਾਂ ਸਰਕੂਲਰ ਉਤੇ ਕੋਈ ਅਮਲ ਨਹੀਂ ਕਰਦੇ।

**ਸ਼੍ਰੀ ਸਪੀਕਰ**: ਇਹ ਪ੍ਰਿਵਿਲਜ਼ ਮੋਸ਼ਨ ਬਣਦੀ ਨਹੀਂ। ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਰੇ ਮਾਮਲੇ ਦੀ ਪੜਤਾਲ ਕਰਾ ਰਹੇ ਹਾਂ। ਜੇ ਉਸ ਦੀ ਗਲਤੀ ਹੋਈ ਤਾਂ ਉਸਨੂੰ ਸਜਾ ਦੇਣਗੇ। ਮੈਂ ਇਹ ਪੜ੍ਹਿਆ ਸੀ: "I am sending a copy of the disallowed Privilege Motion to the Chief Minister with a request to look into the matter."

(This privilege motion is not in order. The hon. Chief Minister has said that the whole matter is being investigated and if the A, S. I. is found at fault he would be punished. I had read out that :

"I am sending a copy of this dis-allowed privilege Motion to the Chief Minister with a request to look into the matter.")

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ×× ×× ×× (ਸ਼ੋਰ)

**ਸ਼੍ਰੀ ਸਪੀਕਰ** : ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਿਹਾ ਜਾ ਰਿਹਾ ਹੈ ਹਾਊਸ ਦੀਆਂ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (Whatever is being said without the permission of the Chair should not form part of the proceedings).

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ** : ×× ×× ×× (ਵਿਘਨ)

**ਸ਼੍ਰੀ ਸਪੀਕਰ** : ਇਹ ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਹਾਊਸ ਦੀਆਂ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (Whatever is being said without the permission of the Chair should not form part of the proceedings).

**ਮੁੱਖ ਮੰਤਰੀ** : ਸਨਮਾਨ ਯੋਗ ਸਪੀਕਰ ਸਾਹਿਬ, ਮੈਨੂੰ ਬਹੁਤ ਅਫ਼ਸੋਸ ਹੈ ਕਿ ਜੇ ਕਿਸੇ ਐਮ. ਐਲ. ਏ. ਦੀ ਬੇਇਜ਼ਤੀ ਹੋਈ ਹੈ। ਸਾਡਾ ਕਿਸੇ ਦੀ ਬੇਇਜ਼ਤੀ ਕਰਨ ਦਾ ਕੋਈ ਮਨਸ਼ਾ ਨਹੀਂ। ਮੈਂ ਜਿੰਨੀ ਇਜ਼ਤ ਕਿਸੇ ਮਨਿਸਟਰ ਜਾਂ ਚੀਫ ਮਨਿਸਟਰ ਦੀ ਸਮਝਦਾ ਹਾਂ ਉਸ ਤੋਂ ਘੱਟ ਇਜ਼ਤ ਕਿਸੇ ਵੀ ਐਮ. ਐਲ. ਏ. ਦੀ ਨਹੀਂ ਸਮਝਦਾ। ਅਗਰ ਕਿਸੇ ਐਮ.ਐਲ.ਏ. ਨੂੰ ਵਾਕਿਆ ਹੀ ਤਕਲੀਫ ਹੋਈ ਹੈ ਤਾਂ ਮੈਂ ਉਸ ਦੀ ਜਾਣਕਾਰੀ ਕਰਾਂਗਾ। ਮੈਂ ਐਮ.ਐਲ.ਏ. ਸਾਹਿਬਾਨ ਨੂੰ ਆਪ ਦੇ ਥਰੂ ਭਰੋਸਾ ਦਿਵਾਉਂਦਾ ਹਾਂ ਕਿ ਸੀ.ਆਈ.ਡੀ. ਸਭ ਤੋਂ ਜ਼ਿਆਦਾ ਮੇਰੇ ਉਤੇ ਲਗੀ ਹੋਈ ਹੈ। ਇਨ੍ਹਾਂ ਉਤੇ ਸੀ. ਆਈ.ਡੀ. ਲਾਉਣ ਦਾ ਕੋਈ ਮਨਸ਼ਾ ਨਹੀਂ।

**ਸਰਦਾਰ ਅਜਾਇਬ ਸਿੰਘ ਸੰਧੂ** : ×× ×× ×× (ਵਿਘਨ)

**ਸ਼੍ਰੀ ਸਪੀਕਰ**: ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। ਕਾਲ ਅਟੈਨਸ਼ਨ ਮੋਸ਼ਨ ਨੰਬਰ : 35 । (Whatever the hon. Member is saying without the permission of the Chair should not form part of the proceedings. Call Attention Notice No. 35)

## CALL ATTENTION NOTICES UNDER RULE 66

(ਕ੍ਰਮ ਨੰ: 35)

**ਸਰਦਾਰ ਦਰਸ਼ਨ ਸਿਘ ਕੇ. ਪੀ.**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ ਪਿੰਡ ਆਦੇਕਾਲੀ ਥਾਣਾ ਨੂਰਮਹਿਲ ਤਹਿਸੀਲ ਫਲੌਰ ਦਾ ਇਕ ਲੜਕਾ ਉਮਰ 23 ਸਾਲ ਦੀ ਹੈ। ਮੋਹਨ ਸਿੰਘ ਵਲਦ ਪਰਤਾਪਾ ਮਹਿਰਾ ਬਰਾਦਰੀ ਦਾ ਹੈ। ਉਸ ਨੂੰ ਢਾਈ ਮਹੀਨੇ ਹੋਏ ਤਾਂ ਥਾਣਾ ਫਗਵਾੜੇ ਦੇ ਐਸ. ਐਚ. ਓ. ਨੇ ਐਵੇਂ ਹੀ ਚਾਹ ਪੀਂਦੇ ਨੂੰ ਪਕੜ ਲਿਆ ਸੀ। ਨਾ ਤਾਂ ਉਨ੍ਹਾਂ ਦੇ ਵਾਰਸਾਂ ਨੂੰ ਹੀ ਦਸਿਆ ਅਤੇ ਨਾ ਹੀ ਅਜੇ ਤਕ ਉਸ ਦਾ ਕੋਈ ਪਤਾ ਲਗਦਾ ਹੈ। ਮੈਂ ਸਰਕਾਰ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਉਹ ਲੜਕਾ ਕਿਹੜੀ ਜੇਲ੍ਹ ਵਿਚ ਹੈ। ਸਰਕਾਰ ਇਸ ਤੇ ਬਿਆਨ ਦੇਣ ਦੀ ਖੇਚਲ ਕਰੇ।

**ਸ਼੍ਰੀ ਸਪੀਕਰ** : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰ-ਪਾਲਤਾ ਕਰਨ। (Admitted the hon. Minister concerned may please make a statement)

(ਕ੍ਰਮ ਨੰ: 37)

**ਸਰਦਾਰ ਦਰਸ਼ਨ ਸਿੰਘ ਕੇ. ਪੀ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪਿੰਡ ਜਮਸ਼ੇਰ ਖੇੜੇ ਦੀ ਇਕ ਹਰੀਜਨ ਕੁਆਪਰੇਟਿਵ ਸਰਵਿਸ ਸੁਸਾਇਟੀ ਦੇ ਸੈਕਟਰੀ ਮਹਿੰਦਰ ਸਿੰਘ ਨੇ ਸਾਰਾ ਪੈਸਾ ਗਬਨ ਕਰ ਲਿਆ ਹੈ, ਮੈਂ ਸਰਕਾਰ ਤੋਂ

**Expunged as ordered by the Chair.

Original with; Punjab Vidhan Sabha Digitized by; Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਪਤਾ ਕਰਨਾ ਚਾਹੁੰਦਾ ਹਾਂ ਕਿ ਉਸ ਪਰ ਕੀ ਕਾਰਵਾਈ ਕੀਤੀ ਹੈ, ਕੀ ਸੁਸਾਇਟੀ ਟੁਟ ਗਈ ਹੈ ਕੀ ਕਾਰਨ ਹਨ ? ਉਥੇ ਦੇ ਲੋਕ ਬੜੇ ਹੀ ਪਰੇਸ਼ਾਨ ਹਨ ਸਰਕਾਰ ਇਸ ਬਾਰੇ ਬਿਆਨ ਦੇਣ ਦੀ ਖੇਚਲ ਕਰੇ।

**ਸ਼੍ਰੀ ਸਪੀਕਰ** : ਪਰਵਾਨ ਕੀਤਾ ਜਾਂਦਾ ਹੈ ਕਿ ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted, the hon. Minister concerned may please make a statement). (noise)

(ਇਸ ਵਕਤ ਸਰਦਾਰ ਗੁਰਦੇਵ ਸਿੰਘ ਸਿੱਧੂ ਆਪਣੀ ਸੀਟ ਤੇ ਖੜੇ ਹੋ ਕੇ ਕੁਝ ਕਹਿ ਰਹੇ ਸਨ ਪਰ ਸ਼ੋਰ ਇਤਨਾ ਸੀ ਕਿ ਕੁਝ ਵੀ ਸੁਣਾਈ ਨਹੀਂ ਦਿਤਾ)

**ਸ਼੍ਰੀ ਸਪੀਕਰ**: ਮਿਸਟਰ ਸਿੱਧੂ , ਤੁਸੀਂ ਹਾਊਸ ਦੀ ਕਾਰਵਾਈ ਵਿਚ ਵਿਘਨ ਪਾਉਂਦੇ ਹੋ, ਇਹ ਗਲਤ ਗਲ ਹੈ। (*Addressing the hon Member Sardar Gurdev Singh Sidhu* : You are interrupting the proceedings of the House. This is not proper.)

**ਸਰਦਾਰ ਧੰਨਾ ਸਿੰਘ ਗੁਲਸ਼ਨ** : ×× ×× ×

**ਸ਼੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (This is no point of order. This should not from part of the proceedings)

**ਸਰਦਾਰ ਅਜਾਇਬ ਸਿੰਘ ਸੰਧੂ** : ××× × ×× (ਵਿਘਨ)

**ਸ਼੍ਰੀ ਸਪੀਕਰ**: ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਿਹਾ ਜਾ ਰਿਹਾ ਹੈ ਹਾਊਸ ਦੀਆਂ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (Whatever is being said without the permission of the Chair, should not form part of the proceedings)

**ਸਰਦਾਰ ਜਸਵਿੰਦਰ ਸਿੰਘ ਬਰਾੜ** : ×× ×× ×× ××

**ਸ਼੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਅਗਲੀ ਕਾਲ ਅਟੈਨਸ਼ਨ ਮੋਸ਼ਨ ਨੰਬਰ : 58 (This is no point of order. Next Call Attention Notice No. 50)

(ਕ੍ਰਮ ਨੰ: 58)

**ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਜ਼ਿਲ੍ਹਾ ਹੁਸ਼ਿਆਰਪੁਰ, ਗੁਰਦਾਸਪੁਰ ਤੇ ਰੋਪੜ ਵਿਚ ਜ਼ਮੀਨ ਦਾ ਭਾਰੀ ਰਕਬਾ ਅੰਬਾਂ ਦੇ ਬਾਗਾਂ ਹੇਠਾਂ ਹੈ। ਇਨ੍ਹਾਂ ਤੇ ਹਜ਼ਾਰਾਂ ਪਰਵਾਰਾਂ ਨੂੰ ਹਰ ਸਾਲ ਲੱਖਾਂ ਰੁਪਏ ਦੀ ਆਮਦਨ ਹੁੰਦੀ ਹੈ। ਪਿਛਲੇ ਸਾਲ, ਕਿਉਂਕਿ ਸਰਕਾਰ ਇਨ੍ਹਾਂ ਬਾਗਾਂ ਉਤੇ ਦਵਾਈ ਛਿੜਕਣ ਵਿਚ ਫੇਲ੍ਹ ਹੋਈ ਸੀ, ਇਸ ਲਈ ਅੰਬਾਂ ਦੀ ਸਾਰੀ ਫਸਲ ਤਬਾਹ ਹੋ ਗਈ ਸੀ ਤੇ ਲੋਕਾਂ ਨੂੰ ਭਾਰੀ ਮਾਲੀ ਨੁਕਸਾਨ ਪੁੱਜਾ ਸੀ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਸ ਸਾਲ ਹੁਣ ਅੰਬਾਂ ਨੂੰ ਕੋਹਰ ਨਿਕਲਣ ਦਾ ਮੌਸਮ ਹੈ। ਪਰ ਅਜੇ ਤਕ ਸਰਕਾਰ ਨੇ ਇਨ੍ਹਾਂ ਬਾਗਾਂ ਨੂੰ ਸਪਰੇ ਕਰਨ ਲਈ ਕੋਈ ਪ੍ਰਬੰਧ ਨਹੀਂ ਕੀਤਾ ਜਿਸ ਕਾਰਨ ਲੋਕਾਂ ਵਿਚ ਭਾਰੀ ਬੇਚੈਨੀ ਫੈਲੀ ਹੋਈ ਹੈ।

ਉਪ੍ਰੋਕਤ ਮਸਲੇ ਦੀ ਫੌਰੀ ਤੇ ਸਪੱਸ਼ਟ ਮਹੱਤਤਾ ਨੂੰ ਮੁੱਖ ਰੱਖ ਕੇ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਇਸ ਸਮਸਿਆ ਬਾਰੇ ਸਦਨ ਵਿਚ ਬਿਆਨ ਦੇਵੇ।

**ਸ਼੍ਰੀ ਸਪੀਕਰ** : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The hon. Minister concerned may please make a statement)

(ਕ੍ਰਮ ਨੰ: 59)

**ਸਰਦਾਰ ਲਛਮਣ ਸਿੰਘ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, 1-2 ਮਾਰਚ, 1973 ਨੂੰ ਗੁਰੂ ਹਰਸਹਾਇ ਦੇ ਚੋਣ ਹਲਕਾ ਜ਼ਿਲ੍ਹਾ ਫਿਰੋਜ਼ਪੁਰ ਦੇ ਹਲਕੇ ਵਿਚ ਬੜੇ ਜ਼ੋਰ ਦੀ ਗੜ੍ਹੇ-ਮਾਰ ਹੋਈ ਹੈ ਜਿਸ ਨਾਲ ਫਸਲਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ ਅਤੇ ਉਪ-ਮੰਤਰੀ ਗ੍ਰਿਹ ਮੌਕੇ ਤੇ ਵੇਖ ਵੀ ਆਏ ਹਨ। ਇਹ ਦੱਸਣ ਦੀ ਲੋੜ ਨਹੀਂ ਕਿ ਸਬੰਧਤ ਜ਼ਿਮੀਂਦਾਰਾਂ ਨੇ ਬੜੀ ਮਿਹਨਤ ਨਾਲ ਅਤੇ ਮਹਿੰਗੇ ਭਾ (ਰੇਟ) ਤੇ ਰੇਹ ਅਤੇ ਤੇਲ ਲੈ ਕੇ ਫਸਲਾਂ ਦੀ ਤਿਆਰੀ ਲਈ ਵਰਤਿਆ ਸੀ। ਪਰੰਤੂ ਇਸ ਗੜ੍ਹੇ-ਮਾਰ ਨਾਲ ਜ਼ਿਮੀਂ-ਦਾਰਾਂ ਦਾ ਫਸਲਾਂ ਦੇ ਨੁਕਸਾਨ ਕਾਰਨ ਦਿਲ ਟੁੱਟ ਗਿਆ ਹੈ। ਸਰਕਾਰ ਇਸ ਬਾਰੇ ਬਿਆਨ ਦੇਣ ਦੀ ਕਿਰਪਾ ਕਰੇ ਕਿ ਇਸ ਸਬੰਧੀ ਕੀ ਕਾਰਵਾਈ ਕਰ ਰਹੀ ਹੈ ਤਾਂ ਜੋ ਸਬੰਧਤ ਜ਼ਿਮੀਂਦਾਰ ਉਤਸ਼ਾਹ ਨਾਲ ਕੰਮ ਕਰ ਸਕਣ।

**ਸ੍ਰੀ ਸਪੀਕਰ**: ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰ-ਪਾਲਤਾ ਕਰਨ। (Admitted. The hon. Minister concerned may please make a statement.)

**(Serial No 61)**

1. **Comrade Satya Pal Dang** : Sir, I beg to draw the attention of the Government towards a matter of urgent public importance, namely, the resentment amongst the working jurnalists and non-journalists employees of 12 daily News Papers of Jullundur. The proprietors of some of these dailies have been continuously harassing their employees, threatening termination of their services, non-payment of bonus, etc. ever since they called off their strike on 9th January, 1973. One daily namely 'Jathedar' refused to take back their employees and declared illegal lockout which continues till today.

This has created a great resentment amongst the employees of these dailies and there is a possibility that they may again resort to direct action. Keeping in view the obvious and urgent importance of the matter the Government may please be asked to make a statement in the House.

ਸ੍ਰੀ ਸਪੀਕਰ: ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰ-ਪਾਲਤਾ ਕਰਨ।

(Addmitted . The hon. Minister concerned may, please make a statement).

Original with; Punjab Vidhan Sabha Digitized by; Panjab Digital Library

(ਕ੍ਰਮ ਨੰ: 66)

**ਕਾਮਰੇਡ ਅਰਜਨ ਸਿੰਘ ਮਸਤਾਨਾ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਅਜ ਅਬੋਹਰ ਮੰਡੀ ਵਿਚ ਹੋਰ ਕਿਸੇ ਇਲਾਕੇ ਤੋਂ ਨਰਮਾ ਨਹੀਂ ਜਾਣ ਦਿੱਤਾ ਜਾਂਦਾ। ਕੀ ਸਰਕਾਰ ਨੇ ਨਰਮੇ ਤੇ ਕੋਈ ਪਾਬੰਦੀ ਲਾਈ ਹੈ; ਜੇ ਨਹੀਂ ਤਾਂ ਸਰਕਾਰ ਬਿਆਨ ਦੇਵੇ।

**ਸ੍ਰੀ ਸਪੀਕਰ**: ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The hon. Minister concerned may please make a statement.)

**ਵਿਕਾਸ ਮੰਤਰੀ**: (ਕੈਪਟਨ ਰਤਨ ਸਿੰਘ): ਸਪੀਕਰ ਸਾਹਿਬ, ਜੇਕਰ ਤੁਹਾਡੀ ਆਗਿਆ ਹੋਵੇ ਤਾਂ ਮੈਂ ਇਸ ਮਤੇ ਦਾ ਜਵਾਬ ਦੇ ਦਿਆਂ। ਸਪੀਕਰ ਸਾਹਿਬ, ਸਾਡਾ ਕਾਟਨ ਕਾਰਪੋਰੇਸ਼ਨ ਨਾਲ ਇਕ ਐਗਰੀਮੈਂਟ ਹੋਇਆ ਸੀ ਜਿਸ ਅਨੁਸਾਰ ਕਿ ਅਲੈਹਿਦਾ ਅਲੈਹਿਦਾ ਮੰਡੀਆਂ ਦੇ ਅਲੈਹਿਦਾ ਅਲੈਹਿਦਾ ਭਾਅ ਰਖੇ ਗਏ ਹਨ। ਜਿਸ ਮੰਡੀ ਵਿਚ ਨਰਮਾ ਚੰਗਾ ਆਉਂਦਾ ਹੈ ਉਸ ਦਾ ਭਾਅ ਜ਼ਿਆਦਾ ਹੈ ਅਤੇ ਅੰਮ੍ਰਿਤਸਰ ਵਰਗੀਆਂ ਮੰਡੀਆਂ ਵਿਚ ਜਿਥੇ ਕਿ ਅੱਛਾ ਨਹੀਂ ਹੁੰਦਾ ਉਥੇ ਕੀਮਤ ਵੀ ਘੱਟ ਹੈ। ਸਾਰੇ ਪੰਜਾਬ ਦੇ ਕਿਸਾਨਾਂ ਦੇ ਉਪਰ ਫਰਕ ਪੈਂਦਾ ਹੈ। ਇਸ ਲਈ ਰਿਸਟ੍ਰਿਕਸ਼ਨਜ਼ ਲਗਾਈਆਂ ਹਨ ਔਰ ਇਹ ਕਿਸਾਨਾਂ ਦੇ ਹਿੱਤ ਵਿਚ ਲਾਈਆਂ ਹਨ। ਇਸ ਤਰ੍ਹਾਂ ਹੋਣ ਕਾਰਨ ਹੀ ਕਾਰਪੋਰੇਸ਼ਨ ਨੇ 90 ਫੀਸਦੀ ਨਰਮਾ ਖਰੀਦ ਕਰ ਲਿਆ ਹੈ ਅਤੇ ਅਗੇ ਵਾਸਤੇ ਉਹ ਟੋਟਲ ਹੀ ਖਰੀਦ ਸਕਣਗੇ ਔਰ ਇਸ ਤਰ੍ਹਾਂ ਕੀਮਤਾਂ ਵੀ ਸਹੀ ਮਿਲਦੀਆਂ ਹਨ।

**ਸ੍ਰੀ ਸਪੀਕਰ**: ਤੁਸੀਂ ਇਸ ਫੈਸਲੇ ਦੀ ਰੇਡੀਓ ਸਟੇਸ਼ਨ ਤੋਂ ਅਨਾਊਂਸਮੈਂਟ ਕਰਾ ਦੇਣੀ ਸੀ। (You should have got this announcement made on the Radio.)

**ਵਿਕਾਸ ਮੰਤਰੀ**: ਉਹ ਤਾਂ ਕੀਤੀ ਹੈ ਜੀ।

**ਕਾਮਰੇਡ ਅਰਜਨ ਸਿੰਘ ਮਸਤਾਨਾ**: ਸਪੀਕਰ ਸਾਹਿਬ, ਮੰਤਰੀ ਸਾਹਿਬ ਇਹ ਗਲਤ ਆਖਦੇ ਹਨ ਕਿ 90 ਫੀ ਸਦੀ ਕਾਰਪੋਰੇਸ਼ਨ ਨੇ ਨਰਮਾ ਖਰੀਦ ਕੀਤਾ ਹੈ ਅਸਲ ਗਲ ਇਹ ਹੈ ਕਿ ਜਿਹੜਾ ਇਨ੍ਹਾਂ ਨੇ ਚੇਅਰਮੈਨ ਲਗਾਇਆ ਹੋਇਆ ਹੈ ਉਸ ਨੇ 50 ਫੀ ਸਦੀ ਹੀ ਨਰਮਾ ਖਰੀਦਿਆ ਹੈ। ਇਸ ਗਲ ਦੀ ਪੜਤਾਲ ਕਰਵਾਈ ਜਾਵੇ ਕਿ ਵਪਾਰੀਆਂ ਤੋਂ ਉਹ ਪੈਸੇ ਲੈ ਕੇ ਖਰੀਦਦਾ ਹੈ। (ਵਿਘਨ) ਖਰੀਦ-ਬੰਦ ਕਰਵਾਈ ਜਾਵੇ, ਅੱਜ ਕਿਸਾਨ ਲੁਟਿਆ ਜਾ ਰਿਹਾ ਹੈ।

(ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ ਜੀ ਖੜੇ ਹੋ ਕੇ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ)

**ਸ੍ਰੀ ਸਪੀਕਰ**: ਪਹਿਲਾਂ ਹੀ ਕਾਫ਼ੀ ਸਵਾਲ ਹੋ ਗਏ ਹਨ। (Already enough supplementary questions have been asked.)

**ਸ੍ਰੀ ਸਰਦਾਰੀ ਲਾਲ ਕਪੂਰ**: ਸਪੀਕਰ ਸਾਹਿਬ, ਇਹ ਕਲੰਡਰ ਹੈ ਜੀ। ਇਸ ਵਿਚ ਤਸਵੀਰਾਂ ਵਿਖਾਈਆਂ ਗਈਆਂ ਹਨ .........

**ਅਵਾਜ਼ਾਂ**: ਇਸ ਬਾਰੇ ਤਾਂ ਪਹਿਲਾਂ ਹੀ ਫੈਸਲਾ ਹੋ ਚੁਕਿਆ ਹੈ।

Original with;
Punjab Vidhan Sabha
Digitized by;
Panjab Digital Library

ਸਿਖਿਆ ਮੰਤਰੀ : ਸਪੀਕਰ ਸਾਹਿਬ, ਜੇਕਰ ਕਿਸੇ ਮੈਂਬਰ ਸਾਹਿਬ ਦੇ ਜਜ਼ਬਾਤ ਨੂੰ ਕਿਸੇ ਕਲੰਡਰ ਛਪਣ ਨਾਲ ਠੇਸ ਪਹੁੰਚੀ ਹੈ ਤਾਂ ਸਰਕਾਰ ਉਸ ਉਪਰ ਕਾਰਵਾਈ ਕਰੇਗੀ।

---

## STATEMENTS LAID ON THE TABLE OF THE HOUSE IN REPLY TO CALL ATTENTION NOTICES

**Education Minister** : (Sardar Umrao Singh) Sir, I beg to lay on the Table of the House replies to Call Attention Notices Nos. 13 and 22.

**(Serial No. 13)**

**Comrade Raj Kumar** : To draw the attention of the Government towards a matter of urgent public importance, namely, the failure of brick-kiln owners in many districts of the State to release bricks to Government Departments, particularly P.W.D. (B. & R.), which has resulted in the holding up of the completion of sanctioned roads programme by 31st March, 1973. In view of the visible loss demand has been made in hundreds of public meetings in the State and in press for the use of DIR for taking over the stocks of bricks of the kiln owners in order to ensure completion of road building programme in time. There is large amount of anxiety in the State due to continuing uncertainty about availability of bricks in ordinary course hence consequent delay in completion of sanctioned roads by 31st of March, 1972. In view of the obvious importance of the matter, Government may be asked to make a statement in this House.

**ਸ਼੍ਰੀ ਗਿਆਨ ਚੰਦ ਖਰਬੰਦਾ** : (ਰਾਜ ਮੰਤਰੀ, ਖੁਰਾਕ ਅਤੇ ਸਪਲਾਈ) ਪੰਜਾਬ ਸਰਕਾਰ ਨੇ ਸਾਲ 1972-73 ਵਿਚ ਲਿੰਕ ਸੜਕਾਂ ਬਣਾਉਣ ਦਾ ਟੀਚਾ 3,000 ਮੀਲ ਨਿਸ਼ਚਿਤ ਕੀਤਾ ਸੀ। ਇਸ ਵਾਸਤੇ ਮਹੀਨਾ ਅਪ੍ਰੈਲ, ਮਈ, ਜੂਨ ਅਤੇ ਜੁਲਾਈ, 1972 ਵਿਚ ਲੋਕ ਨਿਰਮਾਣ ਵਿਭਾਗ ਨੂੰ 30 ਕਰੋੜ ਇੱਟਾਂ ਵੱਖ ਵੱਖ ਭੱਠਿਆਂ ਤੋਂ ਦਿਵਾਉਣ ਦਾ ਫੈਸਲਾ ਕੀਤਾ ਗਿਆ ਸੀ ਅਤੇ 59 ਰੈਕ ਸਲੈਕ ਕੋਲ ਇਨ੍ਹਾਂ ਵਾਸਤੇ ਸਪੌਂਸਰ ਕਰਨ ਦਾ ਪ੍ਰੋਗਰਾਮ ਨਿਯਤ ਕੀਤਾ ਗਿਆ ਸੀ। 30 ਕਰੋੜ ਇੱਟਾਂ ਜੋ ਲੋਕ ਨਿਰਮਾਣ ਵਿਭਾਗ ਨੂੰ ਪਰਮਿਟਾਂ ਦੇ ਵਿਰੁੱਧ ਸਾਲ 1972-73 ਦੇ ਪਹਿਲੇ ਚਾਰ ਮਹੀਨਿਆਂ ਵਿਚ ਦੇਣੀਆਂ ਸਨ, ਇਹ ਇੱਟਾਂ ਮਹੀਨਾ ਜੁਲਾਈ ਦੇ ਅਖੀਰ ਤੱਕ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਜੋ 59 ਰੈਕ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰਜ਼ ਦੇ ਹੱਕ ਵਿਚ ਸਪੌਂਸਰ ਕੀਤੇ ਗਏ ਸਨ ਉਨ੍ਹਾਂ ਵਿਚੋਂ 55 ਰੈਕ ਪੁੱਜ ਚੁੱਕੇ ਹਨ। ਇਨ੍ਹਾਂ ਰੈਕਾਂ ਦੇ ਵਿਰੁੱਧ ਲੋਕ ਨਿਰਮਾਣ ਵਿਭਾਗ ਨੇ ਭੱਠੇਵਾਲਿਆਂ ਨਾਲ ਲੋੜੀਂਦੇ ਐਗਰੀਮੈਂਟ ਕਰਕੇ ਇੱਟਾਂ ਲੈਣ ਦਾ ਪ੍ਰਬੰਧ ਕੀਤਾ ਹੋਇਆ ਹੈ। ਹੁਣ 31 ਜਨਵਰੀ, 1973 ਤਕ ਲੋਕ ਨਿਰਮਾਣ ਵਿਭਾਗ ਨੂੰ 41.68 ਕਰੋੜ ਇੱਟਾਂ ਮਿਲ ਚੁੱਕੀਆਂ ਹਨ ਅਤੇ ਸਰਕਾਰ ਨੂੰ ਕੋਈ ਸ਼ਿਕਾਇਤ ਨਹੀਂ ਆਈ ਕਿ ਕਿਸੇ ਭੱਠੇਦਾਰ ਨੇ ਲੋਕ ਨਿਰਮਾਣ ਵਿਭਾਗ ਤੋਂ ਕੋਲਾ ਲੈ ਕੇ ਇੱਟਾਂ ਦੇਣ ਤੋਂ ਇਨਕਾਰ ਕੀਤਾ ਹੋਵੇ। ਲੋਕ ਨਿਰਮਾਣ ਵਿਭਾਗ ਨੂੰ 3,000 ਮੀਲ ਸੜਕਾਂ ਵਾਸਤੇ ਕੁਲ 50 ਕਰੋੜ ਇੱਟਾਂ ਚਾਹੀਦੀਆਂ ਹਨ ਅਤੇ ਇਸ ਦੇ ਵਿਰੁੱਧ 41.68 ਕਰੋੜ ਇੱਟਾਂ ਜਨਵਰੀ, 1973 ਤੱਕ ਸੜਕਾਂ ਤੇ ਪਹੁੰਚ ਚੁੱਕੀਆਂ ਹਨ ਅਤੇ ਬਾਕੀ ਦੀਆਂ 8.32 ਕਰੋੜ ਇੱਟਾਂ ਵੀ ਮਿਤੀ 31 ਮਾਰਚ, 1973 ਤਕ ਪਹੁੰਚ ਜਾਣਗੀਆਂ। ਇਸ ਬਾਰੇ ਸਰਕਾਰ ਯਕੀਨ ਨਾਲ ਕਹਿ ਸਕਦੀ ਹੈ ਕਿ ਇਸ ਕੰਮ ਵਿਚ ਕੋਈ ਭੱਠੇਦਾਰ ਵਲੋਂ ਕੁਤਾਹੀ ਨਹੀਂ ਹੋਣ ਦਿਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ,]

ਲਿੰਕ ਸੜਕਾਂ ਦੀ ਸਮੇਂ ਸਿਰ ਪੂਰਤੀ ਲਈ ਸਮੇਂ ਸਮੇਂ ਰਵਿਊ ਕੀਤਾ ਜਾਂਦਾ ਹੈ । ਮਹੀਨਾ 31 ਜਨਵਰੀ, 1973 ਤਕ ਅਰਥ ਵਰਕ ਸੋਲਿੰਗ ਅਤੇ ਸਟੋਨ ਲੇਇੰਗ (ਮੈਟਲਿੰਗ) ਆਦਿ ਦਾ ਕੰਮ ਹੇਠ ਅਨੁਸਾਰ ਮੁਕੰਮਲ ਕੀਤਾ ਜਾ ਚੁੱਕਾ ਹੈ :—

| | |
|---|---|
| ਅਰਥ ਵਰਕ | 2779 ਮੀਲ |
| ਸੋਲਿੰਗ | 2141 ਮੀਲ |
| ਸਟੋਨ ਲੇਇੰਗ (ਮੈਟਲਿੰਗ) | 1844 ਮੀਲ |

ਅਰਥ ਵਰਕ ਸੋਲਿੰਗ ਅਤੇ ਸਟੋਨ-ਲੇਇੰਗ (ਮੈਟਲਿੰਗ) ਦਾ ਕੰਮ ਇਕ ਹੀ ਸਮੇਂ ਵਿਚ ਨਹੀਂ ਹੋ ਸਕਦਾ। ਪਹਿਲਾਂ ਅਰਥ ਵਰਕ ਮੁਕੰਮਲ ਕੀਤਾ ਜਾਂਦਾ ਹੈ ਅਤੇ ਅਰਥ ਵਰਕ ਦੇ ਚੰਗੀ ਤਰ੍ਹਾਂ ਜੰਮ ਜਾਣ ਮਗਰੋਂ ਫਿਰ ਸੋਲਿੰਗ ਕੀਤੀ ਜਾਂਦੀ ਹੈ, ਇਸ ਤਰ੍ਹਾਂ ਸੋਲਿੰਗ ਖਤਮ ਕਰਨ ਤੋਂ ਬਾਦ ਸਟੋਨ ਲੇਇੰਗ ਦਾ ਕੰਮ ਸ਼ੁਰੂ ਕੀਤਾ ਜਾਂਦਾ ਹੈ। ਇਸ ਲਈ ਕੁਦਰਤੀ ਤੌਰ ਤੇ ਹੀ ਇਨ੍ਹਾਂ ਕੰਮਾਂ ਵਿਚ ਥੋੜੇ ਥੋੜੇ ਸਮੇਂ ਦਾ ਫਰਕ ਹੋਣਾ ਜ਼ਰੂਰੀ ਹੈ। ਕਿਉਂਕਿ ਅਰਥ ਵਰਕ ਦਾ ਕੰਮ ਬਾਕੀ ਕੰਮਾਂ ਨਾਲੋਂ ਪਹਿਲਾਂ ਕਰਨਾ ਜ਼ਰੂਰੀ ਹੁੰਦਾ ਹੈ। ਇਹ ਕਹਿਣਾ ਠੀਕ ਨਹੀਂ ਹੈ ਕਿ ਸੜਕਾਂ ਸਬੰਧੀ ਇਕੱਠਾ ਕੀਤਾ ਗਿਆ ਸਮਾਨ ਇਧਰ ਉਧਰ ਹੋ ਰਿਹਾ ਹੈ ਅਤੇ ਜੋ ਅਰਥ ਵਰਕ ਦਾ ਕੰਮ ਕੀਤਾ ਗਿਆ ਹੈ ਉਹ ਖਰਾਬ ਹੋ ਰਿਹਾ ਹੈ। ਸਰਕਾਰ ਦੀ ਇਹ ਤੀਬਰ ਇੱਛਾ ਹੈ ਕਿ ਅਸੀਂ ਲਿੰਕ ਸੜਕਾਂ ਦੇ ਟੀਚੇ ਨੂੰ ਸਮੇਂ ਸਿਰ ਮੁਕੰਮਲ ਕਰੀਏ। ਜੇਕਰ ਕੋਈ ਸ਼ੌਰਟਫਾਲ ਹੋਇਆ ਤਾਂ ਇਹ ਵੱਧ ਤੋਂ ਵੱਧ 125—150 ਮੀਲ ਦਾ ਹੀ ਹੋ ਸਕਦਾ ਹੈ। ਇਨ੍ਹਾਂ ਹਾਲਤਾਂ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਡੀ.ਆਈ.ਆਰ. ਰੂਲ ਦੇ ਤਹਿੱਤ ਕਿਸੇ ਕਿਸਮ ਦੀ ਕਾਰਵਾਈ ਭੱਠੇਦਾਰਾਂ ਵਿਰੁੱਧ ਕਰਨਾ ਯੋਗ ਨਹੀਂ ਸਮਝਦੀ।

(ਕ੍ਰਮ ਨੰ: 22)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਾਕਿਸਤਾਨ ਦੇ ਕਬਜ਼ੇ ਤੋਂ ਵਾਪਸ ਮਿਲੇ ਪਿੰਡਾਂ ਦੇ ਵਾਅਦੇ ਮੁਤਾਬਕ ਸਰਕਾਰ ਜ਼ਮੀਨ ਵਾਹ ਕੇ ਦੇਵੇਗੀ ਜਦੋਂ ਕਿ 1965 ਵਿਚ ਵਾਹ ਕੇ ਦਿੱਤੀ ਸੀ ਹੁਣ ਜਦੋਂ ਕਿ ਸਾਉਣੀ ਦੀ ਬਿਜਾਈ ਸ਼ੁਰੂ ਹੋ ਚੁਕੀ ਹੈ। ਕੀ ਸਰਕਾਰ ਤਾਰੀਖ ਮੁਕੱਰਰ ਕਰੇਗੀ ਕਿ ਕਦੋਂ ਤਕ ਜ਼ਮੀਨ ਵਾਹ ਦਿਤੀ ਜਾਵੇਗੀ ?

**ਸਰਦਾਰ ਉਮਰਾਓ ਸਿੰਘ** : (ਸਿਖਿਆ ਤੇ ਮਾਲ ਮੰਤਰੀ) ਪਾਕਿਸਤਾਨ ਦੀਆਂ ਫੌਜਾਂ ਹੇਠਲੀ ਖ਼ਾਲੀ ਹੋਈ ਜ਼ਮੀਨ ਨੂੰ ਭਾਰੀ ਟ੍ਰੈਕਟਰਾਂ ਦੁਆਰਾ ਵਾਹੀ ਕਰਨ ਦੀ ਤਜਵੀਜ਼ ਹੈ ਅਤੇ ਇਸ ਬਾਰੇ ਸਕੀਮ ਤਿਆਰ ਕਰਕੇ ਕੇਂਦਰੀ ਸਰਕਾਰ ਦੀ ਪਰਵਾਨਗੀ ਲਈ ਭੇਜੀ ਜਾ ਚੁੱਕੀ ਹੈ।

ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੋਈ ਪੱਕੀ ਤਰੀਕ ਨਹੀਂ ਨਿਸ਼ਚਿਤ ਕੀਤੀ ਜਾ ਸਕਦੀ ਕਿਉਂਕਿ ਇਹ ਮਾਮਲਾ ਕੇਂਦਰੀ ਸਰਕਾਰ ਦੇ ਵਿਚਾਰ ਅਧੀਨ ਹੈ ਜਿਨ੍ਹਾਂ ਨੂੰ ਲਗਾਤਾਰ ਯਾਦਹਾਨੀ ਪੱਤਰ ਭੇਜੇ ਜਾ ਰਹੇ ਹਨ । ਇਸ ਸਕੀਮ ਬਾਰੇ ਕੇਂਦਰੀ ਸਰਕਾਰ ਦੇ ਅਫ਼ਸਰਾਂ ਨਾਲ ਨਿਜੀ ਤੌਰ ਤੇ ਗੱਲਬਾਤ ਕੀਤੀ ਜਾ ਚੁੱਕੀ ਹੈ। ਇਨ੍ਹਾਂ ਲੋਕਾਂ ਨੂੰ ਕੈਸ਼ ਡੋਲ ਉਨ੍ਹਾਂ ਚਿਰ ਮਿਲਦੀ ਰਹੇਗੀ ਜਦੋਂ ਤੀਕਰ ਇਕ ਫ਼ਸਲ ਨਾ ਲੈ ਲੈਣਗੇ ।

[It is proposed to plough the land vacated by the Pakistan forces through heavy tractors. A scheme has been sent to Government of India for their approval.

Original with;
Punjab Vidhan Sabha
Digitized by;
Panjab Digital Library

It is not posssible to fix definite date for the ploughing of the land as the approval of the Government of India is still awaited. However the matter is being pursued with the Government of India vigorously at official as well as personal level. The people of the affected area will continue to draw cash doles till they harvest one crop.)

## PRESENTATION OF THE FIRST REPORT OF THE COMMITTEE ON PUBLIC UNDERTAKINGS

**Chairman, Committee on Public Undertakings : ( Comrade Satya Pal Dang)** Sir, I beg to present the *First Report of the Committee on Public Undertakings on the General Working of the Undertakings.

## DISCUSSION ON GOVERNOR'S ADDRESS (*Resumption*)

**Mr Speaker** : Now the House will resume discussion on the motion moved by Shri Yash Pal and seconded by Sardar Harcharan Singh. Chaudhri Bal Ram was on his legs when the House adjourned on the 5th of March, 1973. He may please resume his speech.

**चौधरी बलराम** : (अबोहर) माननीय स्पीकर साहिब, आप की आज्ञा से मैं गवर्नर महोदय के भाषण के लिये उन का धन्यवाद करने की मोशन के बारे में कुछ कहना चाहता हूं। मैं बताऊंगा कि किस बैकग्राउंड में यह गवर्नर साहिब का भाषण हमारे सामने आया है। तीन चार घटनाएं जो हुई हैं उन को ध्यान में रखना पड़ेगा। सब से पहली घटना है बांगला देश की, सैकन्ड है पाकिस्तान के साथ युद्ध की, तीसरी ड्राउट की और चौथी जो कि किसी और से कम नहीं है, पांच साल के हैंग ओवर की। It was a legacy of misrule, nepotism, favouritism and corruption. स्पीकर साहिब, अगर हम इन बातों को ध्यान में रखें, तो हम मसले की तह पर पहुंच सकते हैं। पाकिस्तान से लड़ाई का हमारे सूबे पर सब से ज्यादा असर पड़ता है क्योंकि यह प्रांत एक बार्डर का प्रान्त है। सब से ज्यादा लास हम को होता है। अगर हम आंकड़े देखें तो हमें यह पता चलेगा कि हम कितना आगे बढ़े हैं और किन हालात में से गुजर कर आगे बढ़े हैं।

स्पीकर साहिब, डांग साहिब ने कहा है कि वीयतनाम में कई बरसों तक लड़ाई लड़ी गई लेकिन वहां कीमतें नहीं बढ़ी हैं और कि वहां चीजों की कीमतें कम हैं। लेकिन वह भूल गये हैं कि वीयतनाम को चीजें सप्लाई करने वाला कौन था। उन को रूस और चीन जैसे देश माल सप्लाई करते थे। लेकिन दूसरी ओर हम ने अकेले अपने बल बूते पर लड़ाई लड़ी है। पहले बंगला देश को आज़ाद करवाया गया और फिर पाकिस्तान के साथ लड़ाई लड़ी। इस तरह से हम ने हिन्दुस्तान की हिस्ट्री में एक नया मोड़ दिया है। आज भारत दुनिया के सामने सिर ऊंचा कर सकता है। यह हमारे बहादुर सिपाहियों की कुरबानी ने कर दिखाया है। They cast their shadow. They changed the history

*Placed in the Library.

Original with;
Punjab Vidhan Sabha
Digitized by;
Panjab Digital Library

[चौधरी बल राम]
of India. They changed the history of the world.

स्पीकर साहिब, कहते हैं कि जब इनसान अपनी तरफ देखता है तो उस को शहतीर भी नज़र नहीं आता मगर जब दूसरों को तरफ देखता है तो उस को दूसरों की दाढ़ी का तिनका भी नज़र आता है।

मैं आप का ध्यान परीवीअस गवर्नमैंट की ओर से किये गये कामों की तरफ दिलाना चाहता हूं। पहले मैं ऐजूकेशन का मामला लेता हूं कि इन्होंने इस सम्बन्ध में क्या किया है। यह एक ऐहम मसला है। तीन चार दिन हुए यहां पर नान-आफीशल रैज़ोल्यूशन पर बहस चल रही थी और यूथ के बारे में विचारों की एक बाढ़ सी आई हुई थी। बादल साहिब बोल रहे थे। ऐसा लगता था कि गंगा और जमुना की बाढ़ है। लेकिन आप सुन कर हैरान रह जायेंगे कि इन्होंने ऐजूकेशन के बारे में क्या किया। चौथी पांच साला प्लान में 21 करोड़ रुपया खर्च करने का फैसला था जब कि इन्होंने 3 साल में केवल 6 करोड़ रु० ही खर्च किया।

(इस समय कुछ माननीय सदस्य आपस में बातें कर रहे थे) (विघ्न)

**ਸ੍ਰੀ ਸਪੀਕਰ:** ਆਰਡਰ ਪਲੀਜ਼। ਜੇਕਰ ਆਪਸ ਵਿਚ ਮੈਂਬਰ ਸਾਹਿਬਾਨ ਨੇ ਕਨਸਲਟੇਸ਼ਨਜ਼ ਕਰਨੀਆਂ ਹਨ ਤਾਂ ਲਾਬੀਜ਼ ਵਿਚ ਚਲੇ ਜਾਣ, ਉਹ ਇਸੇ ਪਰਪਜ਼ ਲਈ ਹਨ। (Order please. I would request the hon. Members to go to the lobbies if they want to have mutual consultation.)

**चौधरी बल राम :** माननीय स्पीकर साहिब, तीन साल में इन्होंने 6 करोड़ रु० खर्च किया जब कि इस मौजूदा सरकार ने चौथे साल में 8 करोड़ खर्च किया है। और पांचवें साल में पौने 11 करोड़ रु० खर्च किया जा रहा है और इस सारे खर्च को 21 करोड़ रुपये से बढ़ा कर 26 करोड़ कर दिया है। I would like these people to face the House and they be made liable to anwser this criminal negligence on their part. फिर इन्होंने 6 साल से 11 साल की उम्र के बच्चों की ऐजूकेशन के लिये जो रकम आई उस को यूटेलाईज़ नहीं किया और हमारा पैसा सैंट्रल गवर्नमेंट के पास पड़ा है। इन्होंने जो कुछ ऐजूकेशन के बारे में किया है वह आप के सामने है। इन्होंने डी. पी. आई. की दो पोस्टें बना दीं बस और कुछ नहीं किया। They are liable for answer to this House and to the people of the State. अब स्पीकर साहिब, मैं ज़रायत की ओर आता हूं। हम ने सूखे के होते भी 54 लाख की बजाए 58 लाख टन गेहूं पैदा कर लिया। इसी तरह से चावल की पैदावार है। शूगर के बारे में 4.7 की जगह 5 लाख टन तैयार कर ली और काटन के बारे में 10 लाख गांठ का जो टारगैट था उस को पूरा कर लिया। आप इस बात से

Original with;
Punjab Vidhan Sabha
Digitized by;
Panjab Digital Library

अंदाज़ा लगा सकते कि परीवीयस गवर्नमैंट ने क्या किया और इस सरकार ने क्या किया। इसी सम्बन्ध में 2 लाख एकड़ में सप्रे की जगह आढ़ाई लाख एकड़ में सप्रे किया है और काटन के ग्रोथ को बढ़ाया है। यह ऐसी बातें है कि जिन से पता चलता है कि इस सरकार ने क्या किया है और हमारी तो हमेशा ही कन्स्ट्रक्टिव ऐप्रोच और पाजेटिव ऐप्रोच रही है और इसी नाते से मैं यह कहना चाहता हूं कि चाहे नुक्स आपनी ही सरकार में क्यों न हों उन्हें भी कहने में कोई हर्ज नहीं है। जो इन्होंने काम किए हैं इन के लिए इन्हें पहले से ही योजना बना लेनी चाहिए थी और इस बात को ध्यान में रखना चाहिए था कि किसान के हित को कैसे प्रोटैक्ट किया जा सकता है। वक्त पर आ कर अड़चनें पैदा हो जाती हैं। यहां पर एक काल अटैंशन मोशन के बारे में एक बात आई थी कि अबोहर में माल एक एक महीने तक पड़ा रहता है और जो आदमी काटन कारपोरेशन में है बोली पूरी नहीं देते। एक केस का मुझे इल्म है कि किसान की काटन जो वह लाया 1 महीना 3 दिन तक वहां पर पड़ी रही और उस बेचारे को तपस्या करनी पड़ी। इस तरह इस बात का ख्याल किया जाना चाहिए था कि किसान को कैसे परेशानी से बचाया जा सकता है। इस का इलाज यह था कि 6 महीने पहले इस बात का बंदोबस्त किया जाता और कोई तरकीब ढूंढ निकाली जाती कि इस तरह की परेशानी न हो। मैं सरकार को कहूंगा कि इस बात को ध्यान में रखे कि किसान का काटन कारपोरेशन के साथ कैसे मेल हो और कार्पोरेशन का वतीरा किसान की ओर कैसा हो। काटन कारपोरेशन तो अपने आप को कमर्शल कनसर्न कहती है और आप जानते हैं कि कमर्शल कन्सर्न्ज़ से निजात पाने के लिए एक तरफ सरकार कार्यवाई कर रही है और दूसरी तरफ उन से राबता पैदा कर लिया है मगर उन को तो किसान के हित का ख्याल नहीं है। कमर्शल कनसर्न्ज़ तो हमारे देश में सफैद हाथी हैं जैसा कि सब जानते हैं। हमें तो ऐसे कनर्सन चाहिएं जो किसान के प्रोटैक्टर हों। इस लिए मैं सरकार को कहूंगा कि आगे के लिए इस बात को ध्यान में रखे।

माननीय स्पीकर साहिब, इस के पश्चात मैं यह कहना चाहता हूं कि एक काटन रिसर्च सैंटर कायम किया जाना चाहिये। (विघ्न) काटन के फाईबर और खास कर लांग स्टैपल के बारे में रिसर्च की जानी चाहिये। इस लिये मैं सरकार को यह कहूंगा कि अबोहर और फाजिलका में काटन रिसर्च स्टेशन कायम किये जाने चाहियें ताकि काटन की ग्रोथ भी बढ़ सके और क्वालिटी में भी तरक्की हो सके।

इस के बाद एक और बात मैं सरकार के ध्यान में लाना चाहता हूं कि काटन पर जो पार्शल सप्रे की जाती है इस से पूरा फायदा नहीं हो पाता। इस की जगह बलैंकिट सप्रे करने की जरूरत है ताकि किसान को समझ भी आ सके कि इस के क्या फायदे हैं और फिर देखा यह गया है कि एक किसान तो सप्रे करवा लेता है और दूसरा नहीं करवा पाता तो सप्रे कराने वाले के खेत की बीमारी दूसरे खेत में चली जाती है इस लिये ब्लैंकिट स्प्रे होनी चाहिये। (विघ्न)

**विकास मंत्री :** आप की बात हमने मान ली है और इस बारे में सरकुलर जारी कर दिया है।

Original with;
Punjab Vidhan Sabha
Digitized by;
Panjab Digital Library

**चौधरी बल राम :** मैं सरकार का मशकूर हूं। कप्तान साहिब ने फरमाया है कि सरकुलर जारी कर दिया गया है बलैंकिट स्प्रे के बारे में (विघ्न)

**श्री अध्यक्ष :** चौधरी साहिब, आप माइक का इन्तज़ाम करें। आप को हर बार बोलते समय झुकना पड़ता है। (हंसी) (Chaudhri Sahib, you may adjust the mike, you have to bow down to be able to speak through it.) (*Laughter*)

**चौधरी बल राम :** माननीय स्पीकर साहिब, चौधरी राम सिंह ऊपर नहीं जा सकते और मैं माइक के नीचे नहीं जा सकता (हंसी)

**ਸ੍ਰੀ ਸਪੀਕਰ:** ਤੁਸੀਂ ਫਿਰ ਸਮਾਜਵਾਦ ਦਾ ਤਜਰਬਾ ਕਰ ਲਉ। (ਹਾਸਾ) (Then why not try socialism.) (*Laughter*)

**चौधरी बलराम :** ऐग्रीकल्चर के साथ एक और बात का सम्बन्ध है जिसका मैं अब ज़िक्र करना चाहता हूं। हम ने जिस तरीके से काम किया है वह सराहनीय है। 10 हज़ार टयूबवैलों को कुनैक्शन दिये हैं और 15 हज़ार डीज़ल इन्जनों के लिये सबसिडी दी गई है। इस के साथ ही मैं यह गुज़ारिश करना चाहता हूं कि मारजिनल फार्मर्ज़ के लिये ऐग्रीकल्चरल लोन साढ़े तीन करोड़ रुपया दिया गया है ताकि इन की तरक्की की जा सके। पिग्गरी और शीप ब्रीडिंग और डेयरी को प्रोत्साहन देने के लिये लोन के साथ साथ सबसिडी भी दी है और यह बहुत अच्छा कदम है जो सरकार ने उठाया है। यह कदम किसान की ज़िन्दगी को रैवोल्यूशनाइज़ कर देगा और छोटा किसान आगे बढ़ सकेगा ।

जहां तक इनटैनसिव डिवैल्पमैंट का सम्बन्ध है, लुध्याना में ऐग्रीकल्चर की इनटैनसिव डिवैल्पमैंट का प्रोग्राम शुरू किया गया है जिस से तरक्की हो रही है। जहां पहले यील्ड 23 क्विंटल थी अब 24 क्विंटल हो गई है। मैं सरकार से कहूंगा कि इस तरह के प्रोग्राम दूसरे ज़िलों में भी शुरू किये जायें।

इस सरकार ने लैंड को रीक्लेम किया है। जो ज़मीन खाली थी और कल्लर पड़ी थी उस को रीक्लेम करने के लिये योजना सरकार ने बनाई है और इस के अंतर्गत 9 लाख 70 हज़ार रुपया पिछले साल गुरदासपुर के ज़िला में खर्च किया गया है। इस लिये मैं कहूंगा कि बादल साहिब को इस बात की ओर ध्यान दे कर ही इस सरकार पर आलोचना करनी चाहिये थी।

बादल साहिब उस दिन जो तकरीर कर रहे थे उस से पता चलता था कि कांग्रेस राज में अंधेर मचा हुआ है और कोई काम तरक्की का नहीं हो रहा। मैं इस बात से परेशान था इस लिये मैंने कुछ आंकड़े तैयार किये हैं। एक बात अर्ज़ कर दूं कि अबोहर के इलाके में जब बादल साहिब सी. एम. थे तो गांव वालों ने एक सड़क पर मिट्टी डाली और उस को पक्का करने के बारे में टैंडर मांगे गये तो बादल साहिब की सरकार ने रिज़ाइन

Original with;
Punjab Vidhan Sabha
Digitized by;
Panjab Digital Library

कर दिया। जब यह केयरटेकर के तौर पर काम कर रहे थे तो इन्होंने उस सड़क के कान-ट्रैक्ट को कैंसल कर दिया था। (विघ्न)

**ਸਰਦਾਰ ਪਰਕਾਸ਼ ਸਿੰਘ ਬਾਦਲ:** ਇਹ ਬਿਲਕੁਲ ਗਲਤ ਗਲ ਹੈ। (ਵਿਘਨ)

**चौधरी बल राम** : इन्होंने तो हमारे इलाके का सौदा तक कर दिया और हमारी ओर ध्यान तक नहीं दिया और हमें भगवान के भरोसे छोड़ दिया। हम यह तो नहीं कहते थे कि दूसरों की ओर ध्यान न दो। मैं इन्हें बताना चाहता हूं कि हमारी सरकार ने पिछले एक साल में इस इलाके की ओर ध्यान दिया है। अगर फिर कभी कोताही होगी तो हम इन्हें भी कहेंगे। हमारे इलाका में 218 मील सड़क बनाई जा रही है (तालियां) गांव गांव में ट्यूबवैल लगाने की स्कीमें चल रही हैं—8 या 10 स्कीमें चल रही हैं जबकि कुल 29 स्कीमें मन्जूर की गई हैं। इस के अलावा हस्पताल के बारे में हम ने इन से कहा था कि वहां 100 बैड्ज़ का हस्पताल कायम किया जाये। मुझे हैल्थ मिनिस्टर साहिब ने बताया है कि इस की मन्जूरी देने के बारे में कदम उठाए जा रहे हैं।

हमारे सामने बैठे माननीय मैम्बर, स्पीकर साहिब, इस बात पर ज़ोर देते रहे कि पंजाब के अन्दर लाॅ ऐण्ड आर्डर की हालत खराब है और हर जगह अंधकार ही अंधकार फैला हुआ है। इस के बारे में इतना ही कहना चाहता हूं कि जिस आदमी के जिस तरह की ऐनक लगी हो उसे वैसा ही नज़र आता है। इन की तरफ से दिये गये आंकड़े देख कर मैं घबराया और रिकार्ड इकट्ठा किया। 1-4-70 से 30-1-71 तक के आंकड़े देखे तो यह पता चला कि क्या हालत है। मैं स्पीकर साहिब, यह अर्ज़ करना चाहता हूं कि जहां तक मरडर्ज़ का सम्बन्ध है पिछले साल में 638 हुए यानी इन की सरकार के समय में जितने हुए उस से 60 कम।

फिर स्पीकर साहिब, hurt के जो केसिज़ हैं वह पहले से 108 कम हैं। मैं यह नहीं कहता कि हमारे यहां सब कुछ ठीक हो गया है मगर मैं यह ज़रूर कहूंगा कि आगे की निसबत law and order के मामले में हम अच्छे हैं।

*(At this stage Mr. Deputy Speaker occupied the Chair.)*

फिर जालन्धर के मामले के मुताल्लिक बहुत सारी फ़र्ज़ी बातों का ज़िक्र किया गया; अगर उसकी असलीयत को देखा जाये the boot is rather on the other leg (शोर)

**ਸਰਦਾਰ ਕਰਨੈਲ ਸਿੰਘ ਸਰੜੀ** : ** ** ** ** (ਹਾਸਾ)

**Mr. Deputy Speaker** : This is no point of order.

**चौधरी बलराम** : डिप्टी स्पीकर साहिब, मेरे एक भाई ने मकानों की अलाटमैंट के मुताल्लिक बात की है, जब कि इन की तरफ से किसी एक मैम्बर ने इस बात का

*Expunged as ordered by the Chair.

Original with;
Punjab Vidhan Sabha
Digitized by;
Panjab Digital Library

[चौधरी बल राम]

जिक्र तक नहीं किया। मुझे खुशी है कि पंजाब सरकार ने जहां हरिजन भाइयों को मकानों की तामीर के लिये फ़्री प्लाट अलाट किये हैं वहां 150/- रुपया फी प्लाट मकान की तामीर के लिये भी दिया है। यह कहते हैं कुछ नहीं किया। हर गांव में स्कूल, हर गांव में धर्मशाला, का प्रोग्राम है और तो और डिप्टी स्पीकर साहिब, इस ऐड्रैस में हम ने उन लोगों के परिवारों की सहायता के लिये फंड्ज़ रखे हैं जिन्होंने इस देश की आज़ादी को कायम रखने के लिये खून बहाया है (घंटी) इन शब्दों के साथ मैं आप का शुक्रिया अदा करता हूं।

**ਜਥੇਦਾਰ ਗੁਰਬਚਨ ਸਿੰਘ** : (ਸੁਨਾਮ) ਡਿਪਟੀ ਸਪੀਕਰ ਸਾਹਿਬ, ਮੈਂ ਰਾਜਪਾਲ ਦੇ ਭਾਸ਼ਨ ਦੀ ਮੁਖਾਲਫਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਥੇ ਇਸ ਗਲ ਤੇ ਇਤਰਾਜ਼ ਕੀਤਾ ਗਿਆ ਕਿ ਹਾਊਸ ਦੇ ਵਿਚ ਕਾਪੀਆਂ ਫਾੜੀਆਂ ਗਈਆਂ, ਮੈਂ ਕਹਿੰਦਾ ਹਾਂ ਕਿ ਜੇ ਭਾਸ਼ਨ ਫੋਕਾ ਹੋਵੇ, ਵਿਚ ਕੁਝ ਨਾ ਹੋਵੇ ਤਾਂ ਕੀ ਹਰਜ ਹੈ ਫਾੜ ਦੇਣਾ ਹੀ ਚਾਹੀਦਾ ਹੈ। ਇਹਦੇ ਵਿਚ ਹੈ ਕੁਝ ਨਹੀਂ ਪਰ ਗੀਤ ਇਹ ਗਾਏ ਗਏ ਹਨ ਕਿ ਬਹੁਤ ਕੁਝ ਹੈ (ਇਕ ਮਾਨਯੋਗ ਮੈਂਬਰ: ਪੜ੍ਹਨ ਤੋਂ ਪਹਿਲਾਂ ਹੀ ਪਤਾ ਲਗ ਗਿਆ ਸੀ।) ਇਹ ਮੈਂ ਜਾਣਦਾ ਸੀ, ਚੰਗੀ ਤਰ੍ਹਾਂ ਪੜ੍ਹਕੇ ਫੇਰ ਫਾੜਿਆ ਸੀ।

ਇਨ੍ਹਾਂ ਨੇ ਪਿਛਲੇ ਇਜਲਾਸ ਦੇ ਵਿਚ ਕਿਹਾ ਜ਼ਿਮੀਂਦਾਰਾਂ ਦੀ ਜ਼ਮੀਨ ਦੀ ਸੀਲਿੰਗ ਜਿਥੇ 17 ਏਕੜ ਰਖੀ ਗਈ ਹੈ ਉਥੇ ਸ਼ਹਿਰੀ ਜਾਇਦਾਦ ਦੀ ਵੀ ਸੀਲਿੰਗ ਮੁਕੱਰਰ ਕੀਤੀ ਜਾਵੇਗੀ। ਸਿਨਮਿਆਂ ਦਾ ਵੀ ਕੌਮੀ ਕਰਨ ਕੀਤਾ ਜਾਵੇਗਾ। ਇਥੇ ਮੁੱਖ ਮੰਤਰੀ ਨੇ ਬਾਹਾਂ ਉਛਾਲ ਉਛਾਲ ਕੇ ਕਿਹਾ ਕਿ ਇਹ ਅਸੀਂ ਇਸੇ ਇਜਲਾਸ ਦੇ ਵਿਚ ਹੀ ਕਰਾਂਗੇ। ਪਰ ਪਿਛਲੇ ਦੋ ਇਜਲਾਸ ਵੀ ਨਿਕਲ ਗਏ ਇਸ ਦੇ ਵਿਚ ਵੀ ਕੁਝ ਨਹੀਂ ਹੈ, ਤਿੰਨ ਸੈਸ਼ਨ ਜਾ ਰਹੇ ਹਨ ਪਰ ਸ਼ਹਿਰੀ ਜਾਇਦਾਦ ਦਾ ਅਜੇ ਤੱਕ ਕੋਈ ਬਿਲ ਨਹੀਂ ਆਇਆ। ਉਨ੍ਹਾਂ ਕੋਈ ਇਸ਼ਾਰਾ ਨਹੀਂ ਕੀਤਾ ਕਿ ਇਹ ਕਦੋਂ ਤਕ ਕੋਈ ਬਿਲ ਲਿਆਉਣਗੇ।

ਯਸ਼ ਜੀ ਕਹਿੰਦੇ ਸੀ ਕਿ ਪੰਜਾਬ ਨੇ ਬੜੀ ਤਰੱਕੀ ਕੀਤੀ ਹੈ। ਮੈਂ ਤੁਹਾਡੇ ਧਿਆਨ ਵਿਚ ਡਿਪਟੀ ਸਪੀਕਰ ਸਾਹਿਬ, ਇਕ ਨਮੂਨੇ ਦੇ ਤੌਰ ਤੇ ਗਲ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਪੰਜਾਬ ਨੇ ਇਤਨੀ ਤਰੱਕੀ ਕੀਤੀ ਹੈ ਕਿ ਸਾਰਿਆਂ ਦੇ ਸੁਆਗਤ ਲਈ ਅਜ ਵਿਧਾਨ ਸਭਾ ਦੇ ਗੇਟ ਤੋਂ ਲੈ ਕੇ ਬੱਸ ਅੱਡੇ ਤੱਕ ਲੋਹੇ ਦੇ ਗੇਟ ਬਣੇ ਹੋਏ ਹਨ, ਜਿਥੇ ਪੁਲੀਸ ਦਾ ਪਹਿਰਾ ਹੈ ਅਤੇ ਉਸ ਗੇਟ ਵਿਚੋਂ ਇਕ ਇਕ ਕਰਕੇ ਮੋਟਰ ਲੰਘਦੀ ਹੈ। ਇਤਨੀ ਤਰੱਕੀ ਕੀਤੀ ਹੈ। ਜੇ ਇਸੇ ਤਰ੍ਹਾਂ ਹੀ ਕਰਨਾ ਸੀ ਤਾਂ ਸੜਕਾਂ ਚੌੜੀਆਂ ਕਿਉਂ ਬਣਾਉਣੀਆਂ ਸਨ, ਇਤਨਾ ਖਰਚ ਕੀਤਾ, ਇਕ ਕਾਰ ਆਉਂਦੀ ਤੇ ਇਕ ਜਾਂਦੀ।

ਫੇਰ ਏਥੇ ਇਹ ਕਿਹਾ ਗਿਆ ਕਿ ਉਨ੍ਹਾਂ ਹਰੀਜਨਾਂ ਨੂੰ ਮਿਊਂਸਪਲ ਕਮੇਟੀਆਂ ਦੇ ਵਿਚ ਹੱਕ ਦਵਾ ਕੇ ਚੋਣਾਂ ਲੜਾਈਆਂ ਹਨ ਅਤੇ ਉਨ੍ਹਾਂ ਨੂੰ ਮੈਂਬਰੀ ਦਾ ਹੱਕ ਦਿਵਾਇਆ ਹੈ। ਮੈਂ ਕਹਿੰਦਾ ਹਾਂ ਉਹ ਅੱਗੇ ਝਾੜੂ ਫੇਰ ਕੇ ਰੋਟੀ ਕਮਾ ਲੈਂਦਾ ਸੀ, ਹੁਣ ਉਹ ਨੌਕਰੀ ਤੋਂ ਅਸਤੀਫਾ ਦੇ ਕੇ ਆਇਆ ਹੈ ਅਗੇ ਨੂੰ ਕੁਝ ਮਿਲਣਾ ਨਹੀਂ ਅਤੇ ਜਿਹੜੇ 4 ਪੈਸੇ ਉਹਦੇ ਕੋਲ ਸਨ ਉਹ ਇਨ੍ਹਾਂ ਕਾਂਗਰਸੀਆਂ ਨੇ ਇਹ ਕਹਿ ਕੇ ਕਿ ਅਸੀਂ ਤੈਨੂੰ ਜਿਤਾਇਆ ਹੈ ਚਾਹ ਪਾਣੀ ਦੇ ਲਈ ਲੈ ਗਏ ਵਿਚਾਰਾ ਨੌਕਰੀ ਤੋਂ ਵੀ ਗਿਆ ਅਤੇ 4 ਟਕੇ ਵੀ ਪਲੇ ਨਾ ਰਹੇ ਅਤੇ ਅਗੋਂ ਲਈ ਭੁਖਾ ਮਰਨਾ ਪਿਆ ਇਹ ਕਾਹਦਾ ਹੱਕ ਇਨ੍ਹਾਂ ਨੇ ਦਿਵਾਇਆ ਹੈ। ਇਹ ਕਹਿੰਦੇ ਹਨ ਕਿ ਅਸੀਂ ਚੋਣਾਂ ਕਰਵਾਈਆਂ ਬੜੀ ਮਲ ਮਾਰੀ ਹੈ, ਇਨ੍ਹਾਂ ਨੇ ਚੋਣਾਂ ਕਰਵਾ ਕੇ। ਜਿਨ੍ਹਾਂ ਦੀਆਂ ਕਰਵਾਉਣੀਆਂ ਸੀ ਉਨ੍ਹਾਂ ਬਾਰੇ ਚੁਪ ਹਨ। ਕਰਾਉਂਦੇ

Original with;
Punjab Vidhan Sabha
Digitized by;
Panjab Digital Library

ਤਾਂ ਮਾਰਕਿਟ ਕਮੇਟੀਆਂ ਦੀਆਂ ਜਾਂ ਜ਼ਿਲ੍ਹਾ ਪਰਿਸ਼ਦਾਂ ਦੀਆਂ ਇਨ੍ਹਾਂ ਨੇ ਮਾਰਕਿਟ ਕਮੇਟੀਆਂ ਦੇ ਸਾਰੇ ਮੈਂਬਰ ਹਟਾ ਦਿੱਤੇ । ਮੈਂ ਸੁਨਾਮ ਦੀ ਮਾਰਕਿਟ ਕਮੇਟੀ ਦਾ ਚੇਅਰਮੈਨ ਸੀ, ਮੈਨੂੰ ਵੀ ਹਟਾ ਦਿੱਤਾ। ਇਨ੍ਹਾਂ ਨੂੰ ਜੇ ਕੋਈ ਕਾਬਲ ਆਦਮੀ ਨਜ਼ਰ ਆਇਆ ਹੈ ਤਾਂ ਉਹ ਇਕੋ ਇਕ ਮਾਸਟਰ ਗੁਰਬੰਤਾ ਸਿੰਘ ਦਾ ਮੁੰਡਾ ਹੀ ਨਜ਼ਰ ਆਇਆ ਹੈ ਸਵਾਏ ਉਸ ਦੇ ਸਾਰਿਆਂ ਨੂੰ ਹਟਾ ਛੱਡਿਆ ਹੈ। ਇਹ ਕਹਿੰਦੇ ਹਨ ਕਿ ਉਹੀ ਇਕੋ ਇਕ ਆਦਮੀ ਹੈ ਜੋ ਇਨਸਾਫ ਕਰ ਸਕਦਾ ਹੈ। ਫੇਰ ਮਹਿੰਗਾਈ ਦੀ ਗਲ ਤਾਂ ਛੱਡੋ ਅਜ ਵਿਆਹ ਲਈ ਕਿਸੇ ਨੂੰ ਖੰਡ ਚਾਹੀਦੀ ਹੋਵੇ ਉਹ ਮਿਲਦੀ ਹੀ ਨਹੀਂ। ਇਹੋ ਹਾਲ ਮੈਦੇ ਦਾ ਹੈ ਕਿਤੋਂ ਮਿਲਦਾ ਹੀ ਨਹੀਂ। ਮੇਰੇ ਵੀਰ ਯਸ਼ ਨੇ ਬਾਰ ਬਾਰ ਇਥੇ ਜ਼ਿਕਰ ਕੀਤਾ ਕਿ ਅਸੀਂ ਡੈਮੋਕਰੇਸੀ ਤੇ ਵਿਸ਼ਵਾਸ ਕਰਦੇ ਹਾਂ, ਮੈਂ ਕਹਿੰਦਾ ਹਾਂ ਫੇਰ ਡਰਦੇ ਕਿਸ ਤੋਂ ਹਨ। ਕਰਾਉਂਦੇ ਪੰਜਾਬ ਦੇ ਗੁਰਦਵਾਰਿਆਂ ਦੀਆਂ ਚੋਣਾਂ, ਇਹ ਕਿਉਂ ਦਿਲੀ ਦੇ ਗੁਰਦਵਾਰਿਆਂ ਦੀਆਂ ਚੋਣਾਂ ਨਹੀਂ ਕਰਾਉਂਦੇ, ਜੇ ਇਨ੍ਹਾਂ ਦਾ ਇਸ ਤਰ੍ਹਾਂ ਦਾ ਵਿਸ਼ਵਾਸ ਹੈ। ਜਿਸ ਦਿਨ ਇਜਲਾਸ ਸ਼ੁਰੂ ਹੋਇਆ ਹੈ ਜਿਹੜੇ ਲੋਕ ਕੇਸਰੀ ਝੰਡੇ ਹੱਥਾਂ ਵਿਚ ਫੜੀ ਇਨ੍ਹਾਂ ਦਾ ਸੁਆਗਤ ਕਰ ਰਹੇ ਸਨ ਉਹ ਕਿਸ ਲਈ ਆਏ ਸਨ ਇਨ੍ਹਾਂ ਨੂੰ ਕੁਝ ਪਤਾ ਹੈ ?

ਫਿਰ ਇਥੇ ਹੀ ਬਸ ਨਹੀਂ ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਕੋਲ ਇਕ ਆਦਮੀ ਨੇ ਦਸਖਤ ਕਰਕੇ ਇਕ ਦਰਖਾਸਤ ਦਿੱਤੀ ਹੈ ਜਿਸ ਵਿਚ ਉਸ ਨੇ ਲਿਖਿਆ ਹੈ ਕਿ ਮੈਂ ਇਕ ਕੇਸ ਕੁਰੱਪਸ਼ਨ ਦਾ ਵਿਜੀਲੈਂਸ ਡਿਪਾਰਟਮੈਂਟ ਨੂੰ ਤਿੰਨ ਵਾਰ ਲਿਖ ਚੁੱਕਾ ਹਾਂ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ। ਉਸ ਨੇ ਕਿਹਾ ਹੈ ਕਿ ਇਕ ਪੁਲ ਬਣ ਰਿਹਾ ਹੈ ਅਤੇ ਉਥੇ ਹੀ ਇਕ ਅਫ਼ਸਰ ਦੀ ਕੋਠੀ ਵੀ ਬਣ ਰਹੀ ਹੈ। ਉਸ ਕੋਠੀ ਵਾਸਤੇ 25 ਥੈਲੇ ਸੀਮਿੰਟ ਉਸ ਪੁਲ ਦੀ ਸੀਮਿੰਟ ਵਿਚੋਂ ਗਿਆ । ਲਿਜਾਣ ਦਾ ਕਿਰਾਇਆ ਵੀ ਸਰਕਾਰ ਦਾ। ਪੁਲ ਭਾਵੇਂ ਡਰੇਨ ਤੇ ਨਾ ਬਣੇ ਪਰ ਉਸ ਅਫ਼ਸਰ ਦੀ ਕੋਠੀ ਜ਼ਰੂਰ ਬਣਨੀ ਚਾਹੀਦੀ ਹੈ। ਇਹ ਹੈ ਇਨ੍ਹਾਂ ਦੀ ਉੱਨਤੀ ਦਾ ਨਮੂਨਾ।

**ਇਕ ਆਵਾਜ਼** : ਇਹ ਵੀ ਤਾਂ ਦੇਸ਼ ਦੀ ਤਾਮੀਰ ਹੀ ਹੈ। (ਹਾਸਾ)

**ਜਥੇਦਾਰ ਗੁਰਬਚਨ ਸਿੰਘ**: ਫਿਰ ਇਹ ਕਹਿੰਦੇ ਹਨ ਕਿ ਅਕਾਲੀ ਦਲ ਇਕ ਮਤਾ ਪਾਸ ਕਰਕੇ ਧ੍ਰੋਹ ਕਰ ਰਿਹਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਵਿਚ ਗਲਤ ਗਲ ਕੀ ਆਖੀ ਗਈ ਹੈ। ਕੀ ਗੁਨਾਹ ਹੋ ਗਿਆ ਹੈ ਜੇ ਅਕਾਲੀ ਇਹ ਕਹਿੰਦੇ ਹਨ ਕਿ ਦੇਸ਼ ਦੇ ਸਿਰ ਤੋਂ ਇਹ ਫਜ਼ੂਲ ਖਰਚ ਦਾ ਭਾਰ ਲਾਹੋ। ਜੋ ਬੰਗਲਾ ਦੇਸ਼ ਨੂੰ ਉਨ੍ਹਾਂ ਦਾ ਬਹੁਤਾ ਦੁਖ ਹੈ ਤਾਂ ਇਹ ਕੈਦੀ ਬੰਗਲਾ ਦੇਸ਼ ਨੂੰ ਦੇ ਦਿੱਤੇ ਜਾਣ। ਹਿੰਦੁਸਤਾਨ ਦੇ ਸਿਰ ਤੇ ਫਾਲਤੂ ਭਾਰ ਕਿਉਂ ਪਾਇਆ ਜਾਵੇ, ਜਾਂ ਫਿਰ ਇਹ ਪਾਕਿਸਤਾਨ ਨੂੰ ਦੇਣੇ ਚਾਹੀਦੇ ਹਨ। ਹੁਣ ਤਾਂ ਬੰਗਲਾ ਦੇਸ਼ ਬਣ ਗਿਆ ਹੈ, ਉਹ ਲੈ ਜਾਵੇ ਇਹ ਕੈਦੀ। ਇਹ ਕੋਈ ਗਲ ਹੈ ਕਿ ਬੰਗਲਾ ਦੇਸ਼ ਕਹੀ ਜਾਵੇ ਅਤੇ ਹਿੰਦੁਸਤਾਨ ਖਰਚ ਝਲੀ ਜਾਵੇ ? ਫਿਰ ਇਹ ਇਤਨੀ ਗਲ ਤੋਂ ਕਹੀ ਜਾਂਦੇ ਹਨ ਕਿ ਅਕਾਲੀ ਭੁਟੋ ਦੇ ਨਾਲ ਮਿਲ ਗਏ ਹਨ। ਆਪ ਭਾਵੇਂ ਭੁਟੋ ਦੇ ਨਾਲ ਜਿਥੇ ਮਰਜ਼ੀ ਹੈ ਬੈਠੇ ਗਲਾਂ ਕਰੀ ਜਾਣ।

ਫਿਰ ਇਹ ਇਥੇ ਬੜੀਆਂ ਗਲਾਂ ਕਰਦੇ ਹਨ ਕਿ ਅਸੀਂ ਹਰੀਜਨਾਂ ਦੀ ਭਲਾਈ ਕਰ ਰਹੇ ਹਾਂ, ਉਨ੍ਹਾਂ ਲਈ ਧਰਮਸ਼ਾਲਾਵਾਂ ਬਣਾ ਰਹੇ ਹਾਂ। ਪਰ ਇਹ ਧਰਮਸ਼ਾਲਾਵਾਂ ਤਾਂ ਅਕਾਲੀ ਰਾਜ ਵਿਚ ਬਣਨੀਆਂ ਸ਼ੁਰੂ ਹੋਈਆਂ ਸੀ। ਉਸ ਵੇਲੇ 39 ਧਰਮਸ਼ਾਲਾਵਾਂ ਤਾਂ ਇੱਕਲੇ ਮੇਰੇ ਹਲਕੇ ਵਿਚ ਬਣੀਆਂ।

**ਸ੍ਰੀ ਡਿਪਟੀ ਸਪੀਕਰ**: 39 ਤੁਹਾਡੇ ਹਲਕੇ ਵਿਚ ਬਣ ਗਈਆਂ ਤਾਂ ਬਾਕੀ ਕੀ ਬਣੀਆਂ ਹੋਣੀਆਂ ਹਨ ? (As many as thirty-nine Dharamsalas were constructed

Original with;
Punjab Vidhan Sabha
Digitized by;
Panjab Digital Library

[ਸ਼੍ਰੀ ਡਿਪਟੀ ਸਪੀਕਰ]

in your constituency alone, I wonder about the number that could have gone to the share of other areas.)

**ਜਥੇਦਾਰ ਗੁਰਬਚਨ ਸਿੰਘ** : ਡਿਪਟੀ ਸਪੀਕਰ ਸਾਹਿਬ, ਅਸੀਂ ਤਾਂ ਬੜੀ ਤੇਜ਼ੀ ਨਾਲ ਕੰਮ ਕੀਤਾ ਸੀ ਤਾਂ ਇਹ ਧਰਮਸ਼ਾਲਾਵਾਂ ਇਤਨੀ ਤੇਜ਼ੀ ਨਾਲ ਬਣੀਆਂ ਸੀ। ਇਨ੍ਹਾਂ ਨੇ ਤਾਂ ਪਿਛਲੇ ਸਾਲ ਦੇ ਬਜਟ ਵਿਚ ਕੋਈ ਰਕਮ ਹੀ ਧਰਮਸ਼ਾਲਾਵਾਂ ਲਈ ਨਹੀਂ ਸੀ ਰਖੀ, ਅਸੀਂ ਲੜ ਝਗੜ ਕੇ ਰਖਵਾਈ ਸੀ (ਵਿਘਨ)

ਫਿਰ ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਲਿੰਕ ਸੜਕਾਂ ਦੇ ਰਾਹੀਂ ਪਿੰਡਾਂ ਨੂੰ ਸੜਕਾਂ ਨਾਲ ਜੋੜ ਦਿਆਂਗੇ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਵੀ ਅਕਾਲੀ ਰਾਜ ਨੇ ਕੰਮ ਸ਼ੁਰੂ ਕੀਤਾ ਸੀ । ਤੁਸੀਂ ਕੋਈ ਅਜਿਹੀ ਚੀਜ਼ ਦਸੋ ਜਿਹੜੀ ਤੁਸੀਂ ਸ਼ੁਰੂ ਕੀਤੀ ਹੋਵੇ। ਅਕਾਲੀ ਰਾਜ ਸਮੇਂ ਸਿਰਫ਼ ਮੇਰੇ ਹਲ ਕੇ ਵਿਚ ਹੀ 17 ਪਿੰਡਾਂ ਨੂੰ ਲਿੰਕ ਰੋਡਜ਼ ਮਨਜ਼ੂਰ ਹੋਈਆਂ ਸੀ। ਇਥੇ ਬੈਠੇ ਹੀ ਗੱਲਾਂ ਨਾ ਕਰੋ ਜ਼ਰਾ ਬਾਹਰ ਜਾ ਕੇ ਵੀ ਵੇਖੋ ਕਿ ਲੋਕ ਤੁਹਾਨੂੰ ਕੀ ਆਖਦੇ ਹਨ ।

ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਚੀਫ਼ ਮਨਿਸਟਰ ਸਾਹਿਬ ਨੇ ਬੋਲਦਿਆਂ ਕਿਹਾ ਕਿ ਮੈਨੂੰ ਬੜੀ ਖੁਸ਼ੀ ਹੈ ਕਿ ਸ਼ਹੀਦ ਦੀ ਮਾਤਾ ਨੂੰ ਪੰਜਾਬ ਦੀ ਰਾਜ ਮਾਤਾ ਦਾ ਖਿਤਾਬ ਦਿੱਤਾ ਗਿਆ ਹੈ। ਪਰ ਮੈਂ ਇਨ੍ਹਾਂ ਦੀ ਸ਼ਹੀਦਾਂ ਦੀ ਭਗਤੀ ਬਾਰੇ ਇਕ ਮਿਸਾਲ ਦੇਣੀ ਚਾਹੁੰਦਾ ਹਾਂ । ਸੁਨਾਮ ਵਿਚ ਸ਼ਹੀਦ ਊਧਮ ਸਿੰਘ ਕਾਲਜ ਬਣਾਇਆ ਗਿਆ ਹੈ। ਇਹ ਉਹ ਸ਼ਹੀਦ ਹੈ ਜਿਸ ਨੇ ਜਲ੍ਹਿਆਂ ਵਾਲੇ ਬਾਗ਼ ਵਿਚ ਚਲਾਈ ਗੋਲੀ ਦਾ ਬਦਲਾ ਇੰਗਲੈਂਡ ਵਿਚ ਲਿਆ ਸੀ । ਉਸ ਦੇ ਕਾਲਜ ਲਈ ਇਥੇ ਪ੍ਰਿੰਸੀਪਲ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੂੰ ਬੁਲਾਣ ਆਏ ਅਤੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਕਿ ਮੈਂ ਇਸ ਕਾਲਜ ਨੂੰ 50 ਹਜ਼ਾਰ ਰੁਪਏ ਦਿਆਂਗਾ ਪਰ ਉਥੇ ਜਦੋਂ ਪਹੁੰਚੇ ਤਾਂ ਤਕਰੀਰ ਕਰਦੇ ਹੋਏ ਕਹਿਣ ਲਗੇ ਕਿ ਮੈਨੂੰ ਪਤਾ ਲਗਾ ਹੈ ਕਿ ਇਹ ਕਾਲਜ ਅਕਾਲੀਆਂ ਨੇ ਖੋਲ੍ਹਿਆ ਹੈ ਇਸ ਲਈ ਇਸ ਨੂੰ ਕੋਈ ਪੈਸਾ ਨਹੀਂ ਦਿੱਤਾ ਜਾਵੇਗਾ । 10 ਹਜ਼ਾਰ ਸਗੋਂ ਕਾਲਜ ਦਾ ਖਰਚ ਕਰਵਾ ਦਿੱਤਾ ਅਤੇ ਅੱਜ ਤਕ ਇਕ ਤਕ ਇਕ ਨਵਾਂ ਪੈਸਾ ਵੀ ਉਸ ਕਾਲਜ ਨੂੰ ਨਹੀਂ ਦਿਤਾ (ਵਘਨ)

**ਸ਼੍ਰੀ ਪ੍ਰੇਮ ਗੁਪਤਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਜੋ ਕੁਝ ਕਹਿ ਰਹੇ ਹਨ ਉਹ ਸਰਾਸਰ ਗਲਤ ਹੈ। ਅਸੀਂ ਵੀ ਸੁਨਾਮ ਸੀ। ਚੀਫ਼ ਮਨਿਸਟਰ ਸਾਹਿਬ ਨੇ ਤਕਰੀਰ ਵਿਚ ਜਾਂ ਵੈਸੇ ਵੀ ਕਿਧਰੇ ਨਹੀਂ ਕਿਹਾ ਕਿ ਕਿਉਂਕਿ ਇਸ ਕਾਲਜ ਦੀ ਮੈਨੇਜਮੈਂਟ ਅਕਾਲੀਆਂ ਕੋਲ ਹੈ, ਇਸ ਲਈ ਇਸ ਨੂੰ ਗ੍ਰਾਂਟ ਨਹੀਂ ਦਿੱਤੀ ਜਾਵੇਗੀ । ਸਗੋਂ ਜੇ ਤੁਸੀਂ ਸੁਨਾਮ ਦੀ ਪਬਲਿਕ ਕੋਲੋਂ ਪੁਛੋ ਤਾਂ ਅਸਲੀਅਤ ਪਤਾ ਲਗੇਗੀ । ਚੀਫ਼ ਮਨਿਸਟਰ ਸਾਹਿਬ ਨੇ ਇਹ ਕਿਹਾ ਸੀ ਤਕਰੀਰ ਵਿਚ ਕਿ ਇਹ ਕਾਲਜ ਸ਼ਹੀਦਾਂ ਦੀ ਯਾਦਗਾਰ ਹੈ, ਇਸ ਨੂੰ ਵੱਧ ਤੋਂ ਵੱਧ ਜੋ ਵੀ ਗ੍ਰਾਂਟ ਅਤੇ ਏਡ ਦਿੱਤੀ ਜਾ ਸਕਦੀ ਹੋਵੇਗੀ, ਦਿਤੀ ਜਾਵੇਗੀ । ਇਸ ਤਰ੍ਹਾਂ ਇਤਨੀਆਂ ਮਹਾਨ ਸ਼ਖਸੀਅਤਾਂ ਦੇ ਨਾਂ ਲੈ ਕੇ ਇਹੋ ਜਿਹੀਆਂ ਜਥੇਦਾਰ ਜੀ ਨੂੰ ਗਲਤ ਗਲਾਂ ਨਹੀਂ ਕਰਨੀਆਂ ਚਾਹੀਦੀਆਂ।

**ਜਥੇਦਾਰ ਗੁਰਬਚਨ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਨਾਲ ਇਸੇ ਹਾਊਸ ਵਿਚ ਜੋ ਮਰਜ਼ੀ ਹੈ ਸ਼ਰਤ ਲਗਾ ਲੈਣ ਜੇ ਇਨ੍ਹਾਂ ਨੇ ਅਜ ਤਕ ਉਸ ਕਾਲਜ ਨੂੰ ਇਕ ਆਨਾ ਵੀ ਦਿੱਤਾ ਹੋਵੇ ਤਾਂ ਜੋ ਇਹ ਕਹਿਣਗੇ ਮੈਂ ਕਰਨ ਨੂੰ ਤਿਆਰ ਹਾਂ । (ਵਿਘਨ)

(ਇਸ ਵੇਲੇ ਹਾਊਸ ਵਿਚ ਕਈ ਮੈਂਬਰ ਖੜੇ ਹੋ ਕੇ ਇੱਕਠੇ ਹੀ ਬੋਲਣ ਲਗ ਪਏ ਇਸ ਲਈ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

Original with; Punjab Vidhan Sabha Digitized by; Panjab Digital Library

ਉਹ ਸ਼ਹੀਦ 15 ਨਹੀਂ 20 ਸਾਲ ਆਪਣੇ ਸੀਨੇ ਵਿਚ ਦਰਦ ਛੁਪਾਈ ਬੈਠਾ ਰਿਹਾ ਅਤੇ ਜਦੋਂ ਇਸ ਦਾ ਕੋਈ ਬਦਲਾ ਨਹੀਂ ਸੀ ਲੈ ਸਕਦਾ ਉਸ ਨੇ ਇੰਗਲੈਂਡ ਵਿਚ ਜਾ ਕੇ ਬਦਲਾ ਲਿਆ ਅਤੇ ਇਹ ਸਰਕਾਰ ਸ਼ਹੀਦਾਂ ਦੇ ਨਾਲ ਇਹ ਸਲੂਕ ਕਰਦੀ ਹੈ। (ਸ਼ੇਮ ਸ਼ੇਮ) ਚੀਫ਼ ਮਨਿਸਟਰ ਸਾਹਿਬ ਨੇ ਇਥੇ 50 ਹਜ਼ਾਰ ਰੁਪਿਆ ਦੇਣ ਦਾ ਵਾਹਦਾ ਕੀਤਾ ਸੀ ਪਰ ਇਕ ਪੈਸਾ ਵੀ ਨਹੀਂ ਦਿੱਤਾ ਗਿਆ।

ਫਿਰ ਡਿਪਟੀ ਸਪੀਕਰ ਸਾਹਿਬ, ਕੁਝ ਗਲਾਂ ਹੋਰ ਸਾਡੇ ਸਾਹਮਣੇ ਹਨ। ਇਹ ਮੇਰੇ ਕੋਲ 12 ਪਿੰਡਾਂ ਦੀ ਇਕ ਦਰਖਾਸਤ ਹੈ। ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਿੰਡਾਂ ਵਿਚ ਪਹਿਲਾਂ ਇਕ ਡਰੇਨਪੁਟੀ ਹੋਈ ਹੈ ਅਤੇ ਮਹਿਕਮਾ ਹੁਣ ਦੂਜੀ ਪੁਟ ਰਿਹਾ ਹੈ। ਉਨ੍ਹਾਂ ਨੇ ਮਹਿਕਮੇਂ ਨੂੰ ਕਿਹਾ ਹੈ ਕਿ ਪਹਿਲਾਂ ਹੀ ਸਾਡੇ ਇਕ ਡਰੇਨ ਹੈ, ਹੋਰ ਨਾ ਪੁਟੋ ਪਰ ਮਹਿਕਮਾ ਕਹਿੰਦਾ ਹੈ ਕਿ ਇਸ ਤਰ੍ਹਾਂ ਸਾਡਾ ਮਹਿਕਮਾ ਹੀ ਬੰਦ ਹੋ ਜਾਵੇਗਾ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ ਅਤੇ ਜਿਥੇ ਪਹਿਲਾਂ ਹੀ ਇਕ ਡਰੇਨ ਪੁਟੀ ਹੋਈ ਹੈ ਉਸ ਨੂੰ ਮੁਕੰਮਲ ਕੀਤਾ ਜਾਵੇ ਅਤੇ ਐਵੇਂ ਫਜ਼ੂਲ ਦੂਜੀ ਡਰੇਨ ਨਾ ਪੁੱਟੀ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਇਸ ਸੈਸ਼ਨ ਵਿਚ ਅੱਜ ਪਹਿਲੀ ਵਾਰ ਬੋਲਿਆ ਹਾਂ ਇਸ ਲਈ ਮੈਨੂੰ ਕੁਝ ਗਲਤ ਗਲਾਂ ਤੇ ਗੁਸਾ ਆ ਗਿਆ ਸੀ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਧੰਨਾ ਸਿੰਘ ਗੁਲਸ਼ਨ** : * * *

(ਇਸ ਵੇਲੇ ਸ੍ਰੀ ਪ੍ਰੇਮ ਗੁਪਤਾ ਨੇ ਵੀ ਉਠ ਕੇ ਬੋਲਣਾ ਸ਼ੁਰੂ ਕਰ ਦਿਤਾ ਜਿਸ ਕਰਕੇ ਕੁਝ ਵੀ ਸਮਝ ਵਿਚ ਨਾ ਆਇਆ।)

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ, ਤੁਸੀਂ ਬੈਠ ਜਾਵੋ। (This is not a point of order, please resume your seat..)

**ਚੌਧਰੀ ਰਾਮ ਸਿੰਘ** : (ਪਠਾਨਕੋਟ) ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ ਦੇ ਧੰਨਵਾਦ ਦੇ ਮਤੇ ਦੀ ਪ੍ਰੋੜਤਾ ਅਤੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਵਧਾਈ ਦੇਣ ਲਈ ਖੜਾ ਹੋਇਆ ਹਾਂ। ਸਭ ਤੋਂ ਪਹਿਲੀ ਗਲ ਮੈਂ ਸੜਕਾਂ ਬਾਰੇ ਕਰਨੀ ਹੈ, ਇਸ ਸਰਕਾਰ ਨੇ ਇਹ ਇਕ ਬਹੁਤ ਚੰਗਾ ਫੈਸਲਾ ਕੀਤਾ ਹੈ ਕਿ ਹਰ ਇਕ ਪਿੰਡ ਨੂੰ ਲਿੰਕ ਰੋਡ ਬਣਾ ਦਿਤੀ ਜਾਵੇਗੀ। ਇਸਦੀ ਲੋੜ ਕਿਉਂ ਪਈ ? ਇਸ ਦਾ ਕਾਰਨ ਇਹ ਸੀ ਡਿਪਟੀ ਸਪੀਕਰ ਸਾਹਿਬ, ਕਿ ਪਹਿਲਾਂ ਆਵਾਜਾਈ ਦਾ ਕੋਈ ਸਾਧਨ ਨਹੀਂ ਸੀ ਪਿੰਡਾਂ ਵਿਚ ਅਤੇ ਨਾ ਹੀ ਪਿੰਡਾਂ ਦਾ ਮਾਲ ਮੰਡੀ ਵਿਚ ਅਤੇ ਮੰਡੀ ਤੋਂ ਮਾਲ ਪਿੰਡ ਵਿਚ ਸੌਖਾ ਲਿਆਇਆ ਜਾ ਸਕਦਾ ਸੀ। ਗਰੀਬ ਆਦਮੀ ਕੋਲ ਕੋਈ ਅਜਿਹੇ ਸਾਧਨ ਨਹੀਂ ਸੀ। ਇਸ ਲਈ ਇਹ ਸਰਕਾਰ ਵਧਾਈ ਦੀ ਮੁਸਤਹਿਕ ਹੈ ਕਿ ਇਸ ਨੇ ਲਿੰਕ ਰੋਡਜ਼ ਬਣਾਉਣ ਦੀ ਸਕੀਮ ਤਿਆਰ ਕੀਤੀ ਹੈ।

ਫਿਰ ਦੂਜਾ ਫੈਸਲਾ ਇਸ ਸਰਕਾਰ ਨੇ ਇਹ ਕੀਤਾ ਹੈ ਕਿ ਜੋ ਲੋਕ ਲੈਂਡਲੈਸ ਹਨ ਅਤੇ ਜਿਨ੍ਹਾਂ ਕੋਲ ਮਕਾਨ ਆਦਿ ਨਹੀਂ ਹਨ, ਉਨ੍ਹਾਂ ਨੂੰ ਮਕਾਨ ਬਣਾਉਣ ਲਈ ਜਗ੍ਹਾ ਦਿੱਤੀ ਜਾਵੇਗੀ। ਦੋ, ਦੋ ਸੌ ਅਤੇ ਤਿਨ ਤਿੰਨ ਸੌ ਸਾਲਾਂ ਤੋਂ ਮੁਜ਼ਾਰੇ ਜ਼ਮੀਨਾਂ ਤੇ ਕੰਮ ਕਰਦੇ ਸੀ ਪਰ ਉਨ੍ਹਾਂ ਕੋਲ ਆਪਣੀ ਮਾਲਕੀ ਨਹੀਂ ਸੀ ਹੁੰਦੀ। ਇਕ ਅਮੀਰ ਆਦਮੀ ਉਨ੍ਹਾਂ ਨੂੰ 2 ਕਿਲੇ ਜ਼ਮੀਨ ਦੇ ਕੇ ਮਾਲਕ ਨਹੀਂ ਸੀ ਬਣਾਉਂਣਾ ਚਾਹੁੰਦੇ। ਪਰ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ 15 ਅਗਸਤ, 1973 ਤਕ ਹਰ ਇਕ ਲੈਂਡ ਲੈਸ ਨੂੰ ਮਕਾਨ ਬਣਾਉਣ ਲਈ ਜ਼ਮੀਨ ਦਿਤੀ ਜਾਵੇਗੀ ਅਤੇ ਫਿਰ ਛੇਤੀ ਹੀ ਪੱਕੇ ਮਕਾਨ ਵੀ ਬਣਾ ਦਿੱਤੇ ਜਾਣਗੇ (ਥੰਪਿੰਗ)।

ਡਿਪਟੀ ਸਪੀਕਰ ਸਾਹਿਬ ਇੰਡਸਟਰੀਅਲੀ ਪੰਜਾਬ ਭਾਰਤ ਦਾ ਮਾਨਚੈਸਟਰ ਬਣਿਆ ਹੋਇਆ ਹੈ। ਪੰਜਾਬ ਵਿਚ ਹੋਰ ਤਰੱਕੀ ਵਾਸਤੇ ਇਥੇ ਦੀ ਸਰਕਾਰ ਨੇ ਕਈ ਥਾਵਾਂ ਤੇ ਫੋਕਲ ਪੁਆਇੰਟਸ ਅਲਾਟ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਕੀਤੇ ਹਨ। ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਦੇ ਜ਼ਿਲ੍ਹਿਆਂ ਨੂੰ ਬੈਕਵਰਡ ਏਰੀਆ ਕਰਾਰ ਦਿੱਤਾ ਹੈ। ਫੋਕਲ ਪੁਆਇੰਟਸ ਦੀਆਂ ਫੈਸੇਲਿਟੀਜ਼ ਦਿੱਤੀਆਂ ਹੋਈਆਂ ਹਨ। ਇਨ੍ਹਾਂ ਨੂੰ 20 ਫੀ ਸਦੀ ਸਬਸਿਡੀ ਦੇਣ ਦਾ ਫੈਸਲਾ ਕੀਤਾ ਹੈ। ਔਰ ਸਭ ਰਿਆਇਤਾਂ ਬਾਰਡਰ ਦੇ ਜ਼ਿਲ੍ਹਿਆ ਨੂੰ ਇਸ ਵਾਸਤੇ ਦਿੱਤੀਆਂ ਹਨ ਕਿ ਉਹ ਤਰੱਕੀ ਕਰ ਸਕਣ। ਪਿਛਲੀ ਸਰਕਾਰ ਨੇ ਭਾਰਤ ਸਰਕਾਰ ਕੋਲੋਂ ਕੋਈ ਪਰਾਜੈਕਟ ਨਹੀਂ ਲਏ ਪਰ ਇਸ ਗਿਆਨੀ ਜੀ ਦੀ ਸਰਕਾਰ ਨੇ ਭਾਰਤ ਸਰਕਾਰ ਤੋਂ ਉਥੇ ਜਾ ਜਾ ਕੇ ਪੰਜਾਬ ਵਿਚ ਸੈਂਟ੍ਰਲ ਪਰਾਜੈਕਟਸ ਲਿਆਂਦੇ ਹਨ ਤਾਂ ਕਿ ਪੰਜਾਬ ਦੇ ਲੋਕ ਕੰਮ ਕਰਨ ਅਤੇ ਇਥੇ ਅਨ-ਐਪਲਾਇਮੈਂਟ ਦੂਰ ਹੋ ਸਕੇ।

ਇਸ ਤਰ੍ਹਾਂ ਲੇਬਰ ਦਾ ਮਸਲਾ ਹੈ। ਇਸ ਮਸਲੇ ਨੂੰ ਇਸ ਸਰਕਾਰ ਨੇ ਕਾਫੀ ਹੱਦ ਤਕ ਸੁਲਝਾ ਦਿੱਤਾ ਹੈ ਅਤੇ ਇਨ੍ਹਾਂ ਲੇਬਰਰਜ਼ ਨੂੰ ਕਾਫੀ ਸਹੂਲਤਾਂ ਦਿੱਤੀਆਂ ਹਨ। ਨੀਮ ਪਹਾੜੀ ਏਰੀਆ ਜਿਵੇਂ ਕਿ ਰੋਪੜ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਇਲਾਕੇ ਵਿਚ ਪੀਣ ਲਈ ਪਾਣੀ ਛੇ ਛੇ ਮੀਲ ਤੋਂ ਲਿਆਉਣਾ ਪੈਂਦਾ ਸੀ ਪਰ ਹੁਣ ਇਸ ਗਿਆਨੀ ਜੀ ਦੀ ਸਰਕਾਰ ਨੇ ਇਸ ਬਾਰੇ ਕਾਫੀ ਚੰਗਾ ਪਰਬੰਧ ਕੀਤਾ ਹੈ ਅਤੇ ਕਰ ਰਹੀ ਹੈ। ਇਹ ਲੋਕਾਂ ਦੀ ਤਕਲੀਫ ਦੂਰ ਹੋ ਜਾਵੇਗੀ। ਪਹਿਲਾਂ ਇਕ ਆਦਮੀ ਘਰ ਦਾ ਸਿਰਫ ਪਾਣੀ ਲਿਆਉਣ ਵਾਸਤੇ ਹੀ ਰਹਿੰਦਾ ਸੀ ਪਰ ਹੁਣ ਅਗੇ ਨੂੰ ਇਸ ਸਰਕਾਰ ਨੇ ਇਨ੍ਹਾਂ ਪਿੰਡਾਂ ਵਿਚ ਪਾਣੀ ਪੀਣ ਲਈ ਦੇਣ ਦਾ ਵਚਨ ਦਿੱਤਾ ਹੈ। ਪਾਣੀ ਜੋ ਕਿ ਪਰਮਾਤਮਾ ਦੀ ਦੇਣ ਹੈ ਇਹ ਇਨਸਾਨ ਤਕ ਪਹੁੰਚਣਾ ਚਾਹੀਦਾ ਹੈ। ਇਸ ਵਾਸਤੇ ਸੈਂਟਰ ਕੋਲੋਂ ਪੈਸੇ ਲਿਆਣੇ ਹਨ, ਇਹ ਚੰਗੀ ਗਲ ਹੈ। ਪਹਾੜੀ ਏਰੀਆ ਲਈ ਸਬ-ਮਾਊਂਟੇਨਿਅਸ ਕੌਂਸਲ ਬਣ ਗਈ ਹੈ। ਇਨ੍ਹਾਂ ਲੋਕਾਂ ਨੂੰ ਮੈਡੀਕਲ ਔਰ ਹੋਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਪੰਜਾਬ ਖੇਲਾਂ ਦੇ ਮੈਦਾਨ ਵਿਚ ਵੀ ਅੱਗੇ ਹੈ। ਪੰਜਾਬ ਦੇ ਹਰ ਹੈਡ ਕੁਆਰਟਰਜ਼ ਤੇ ਸਟੇਡੀਅਮ ਬਣਨੇ ਹਨ। ਇਹ ਸਟੇਡੀਅਮਜ਼ ਦਾ ਪ੍ਰਬੰਧ ਕਰ ਕੇ ਖਿਲਾੜੀਆਂ ਲਈ ਚੰਗਾ ਪ੍ਰਬੰਧ ਕੀਤਾ ਹੈ। ਇਸ ਦਾ ਨਤੀਜਾ ਇਹ ਹੋਵੇਗਾ ਕਿ ਪੰਜਾਬ ਦਾ ਗਭਰੂ ਜਿਸ ਵੇਲੇ ਖੇਲਾਂ ਦੇ ਮੈਦਾਨ ਵਿਚ ਆਵੇਗਾ ਤਾਂ ਉਹ ਫਿਰਕਾਪ੍ਰਸਤ ਨਹੀਂ ਬਣੇਗਾ। (ਵਿਘਨ) ਇਹ ਚੰਗੇ ਗੱਭਰੂ ਬਣਨਗੇ ਅਤੇ ਚੰਗੇ ਪਾਸੇ ਲਗਣਗੇ ਅਤੇ ਫਿਰਕਾ-ਪ੍ਰਸਤੀ ਵਾਲੇ ਪਾਸੇ ਨਹੀਂ ਲਗਣਗੇ ਅਤੇ ਇਸ ਤਰ੍ਹਾਂ ਨਾਲ ਪੰਜਾਬ ਦੀ ਸਹੀ ਸੇਵਾ ਕਰਨਗੇ। (ਵਿਘਨ) ਮੈਂ ਤੁਹਾਡੇ ਕੋਲੋਂ ਤਕੜਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਜੋ ਪੰਜਾਬ ਸਰਕਾਰ ਨੇ ਸਟੇਡੀਅਮ ਬਣਨ ਵਾਲੀ ਗਲ ਕੀਤੀ ਹੈ ਇਹ ਸਰਾਹਣਾ ਯੋਗ ਹੈ। ਇਸੇ ਤਰ੍ਹਾਂ ਹੀ ਪਹਿਲਾਂ ਬਜਟ ਬਗ਼ੈਰ ਟੈਕਸ ਚਲਿਆ ਹੈ ਅਤੇ ਇਸ ਨਾਲ ਪੰਜਾਬ ਨੇ ਕਾਫੀ ਤਰੱਕੀ ਕੀਤੀ ਹੈ।

ਇਥੇ ਹੀ ਬਸ ਨਹੀਂ ਇਥੇ ਹੜਤਾਲਾਂ ਕਾਫੀ ਹੋਈਆਂ। ਸਟੂਡੈਂਟਸ ਦੀ ਹੜਤਾਲ ਹੋਈ ਇਹ ਇਨ੍ਹਾਂ ਫ਼ਿਰਕਾਪਰਸਤ ਅਕਾਲੀ ਪਾਰਟੀ ਨੇ ਕਰਾਈ। ਇਸ ਮਸਲੇ ਨੂੰ ਇਸ ਕਾਂਗਰਸ ਸਰਕਾਰ ਨੇ ਚੰਗੀ ਤਰ੍ਹਾਂ ਨਾਲ ਸੁਲਝਾਇਆ ਅਤੇ ਮੁੰਡਿਆਂ ਨੂੰ ਸਮਝਾਇਆ ਅਤੇ ਹੁਣ ਸਟੂਡੈਂਟਸ ਪੰਜਾਬ ਸਰਕਾਰ ਦੇ ਨਾਲ ਹਨ ਅਤੇ ਉਹ ਸਮਝ ਗਏ ਹਨ ਕਿ ਪਹਿਲਾਂ ਉਨ੍ਹਾਂ ਨੂੰ ਗੁਮਰਾਹ ਕੀਤਾ ਗਿਆ ਸੀ (ਵਿਘਨ) ਇਹ ਸਟੂਡੈਂਟਸ ਸਮਝ ਗਏ ਹਨ ਕਿ ਕਾਂਗਰਸ ਸਰਕਾਰ ਪੰਜਾਬ ਨੂੰ ਅੱਗੇ ਲਿਜਾਣ ਵਾਸਤੇ ਚੰਗੇ ਫੈਸਲੇ ਕਰ ਸਕਦੀ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਪਰੋਫੈਸਰਾਂ ਨੇ ਹੜਤਾਲ ਕੀਤੀ, ਟੀਚਰਾਂ ਨੇ ਹੜਤਾਲ ਕੀਤੀ, ਜ਼ਿਮੀਂਦਾਰਾਂ ਦੀ ਲੀਗ ਕੋਈ ਬਣੀ ਅਤੇ ਉਸ ਨਾਮ ਨਿਹਾਦ ਲੀਗ ਨੇ ਐਜੀਟੇਸ਼ਨ ਕੀਤੀ, ਲੇਕਿਨ ਮੈਂ ਗਿਆਨੀ ਜੀ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ ਇਹ ਸਭੇ ਐਜੀ-ਟੇਸ਼ਨਾਂ ਬੜੇ ਅੱਛੇ ਢੰਗ ਨਾਲ ਸੁਲਝਾਈਆਂ ਅਤੇ ਹੁਣ ਲੋਕ ਸਭ ਕੁਝ ਸਮਝ ਗਏ ਹਨ ਅਤੇ ਹੁਣ ਇਹ ਗਿਆਨੀ ਜੀ ਨਾਲ ਹਨ (ਵਿਘਨ)

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਪੁਲੀਟੀਕਲ ਸਫਰਰਜ਼ ਦੀ ਗਲ ਲੈ ਲਵੋ, ਇਸ ਸਰਕਾਰ ਨੇ ਸਰਦਾਰ ਭਗਤ ਸਿੰਘ ਦੀ ਮਾਂ ਨੂੰ "ਪੰਜਾਬ ਦੀ ਮਾਤਾ" ਬਣਾ ਕੇ ਪੁਲੀਟੀਕਲ ਸਫਰਰਜ਼ ਨੂੰ ਪੂਰੀ ਤਰ੍ਹਾਂ ਨਾਲ ਸਨਮਾਨਿਆ ਹੈ। ਗਿਆਨੀ ਜੀ ਨੇ ਫੈਸਲਾ ਕੀਤਾ ਹੋਇਆ ਹੈ ਕਿ ਕਿਤੇ ਵੀ ਜਦੋਂ ਇਹ ਜਾਣਗੇ ਤਾਂ ਉਥੇ ਪਹਿਲਾਂ ਪੁਲੀਟੀਕਲ ਸਫਰਰ ਦੇ ਮਕਾਨ ਤੇ ਜਾਣਗੇ ਕਿਉਂਕਿ ਇਹ ਲੋਕ ਹੀ ਆਜ਼ਾਦੀ ਲੈਣ ਵਾਲੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਥੇ ਪਿੰਡਾਂ ਵਿਚ ਤਰੱਕੀ ਹੋਈ ਹੈ ਉਥੇ ਸ਼ਹਿਰਾਂ ਵਿਚ ਵੀ ਤਰੱਕੀ ਕਰਨ ਵਾਸਤੇ ਡਿਵੈਲਪਮੈਂਟ ਬੋਰਡ ਮਨਜ਼ੂਰ ਹੋ ਗਿਆ ਹੈ। ਕਮੇਟੀਆਂ ਨੂੰ ਏਡ ਦਿੱਤੀ ਗਈ ਹੈ ਤਾਂ ਕਿ ਸ਼ਹਿਰਾਂ ਨੂੰ ਚੰਗਾ ਬਣਾਇਆ ਜਾਵੇ। ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਠਾਨਕੋਟ ਵਰਗੇ ਸ਼ਹਿਰਾਂ ਨੂੰ ਖੂਬਸੂਰਤ ਬਣਾਉਣ ਵਾਸਤੇ ਸਕੀਮਾਂ ਬਣ ਰਹੀਆਂ ਹਨ। ਸ਼ਹਿਰਾਂ ਵਿਚ ਸੈਨੀਟੇਸ਼ਨ ਅੱਛੀ ਹੋਵੇ, ਵਾਟਰ ਸਪਲਾਈ ਦਾ ਪ੍ਰਬੰਧ ਠੀਕ ਹੋਵੇ, ਚੰਗੀਆਂ ਰੋਡਜ਼ ਹੋਣ, ਇਹ ਸਭ ਕੁਝ ਕਰਨ ਲਈ, ਸ਼ਹਿਰਾਂ ਦੀ ਤਰੱਕੀ ਵਾਸਤੇ ਮੁਨਾਸਿਬ ਐਕਟ ਨਵਾਂ ਆ ਰਿਹਾ ਹੈ। ਇਸ ਸਭ ਕੁਝ ਲਈ ਗਿਆਨੀ ਜੀ ਮੁਬਾਰਕਬਾਦ ਦੇ ਮੁਸਤਹਿੱਕ ਹਨ।

ਡਿਪਟੀ ਸਪੀਕਰ ਸਾਹਿਬ, ਇਹ ਜੋ ਲਾਅ ਐਂਡ ਆਰਡਰ ਲਈ ਬਹੁਤ ਰੌਲਾ ਪਾਉਂਦੇ ਹਨ, ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ ਸਾਲ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਇਨ੍ਹਾਂ ਦੀ ਸਰਕਾਰ ਨੇ ਪੰਜ ਕਰੋੜ ਰੁਪਏ ਦਾ ਟੈਕਸ ਛਡ ਦਿੱਤਾ ਸੀ ਸਿਰਫ ਇਸ ਵਾਸਤੇ ਇਨ੍ਹਾਂ ਨੇ 25 ਲੱਖ ਰੁਪਏ ਦਾ ਟੈਕਸ ਕੇਵਲ ਸ਼ਰਾਬ ਵਿਚ ਹੀ ਛੱਡਿਆ ਸੀ (ਵਿਘਨ)।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਆਨ ਏ ਪੁਆਇੰਟ ਆਫ ਆਰਡਰ, ਸਰ। ਇਨ੍ਹਾਂ ਨੇ ਕਿਹਾ ਹੈ ਕਿ ਪਿਛਲੇ ਸਾਲ, ਪਰ ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਤਾਂ ਇਨ੍ਹਾਂ ਦੀ ਆਪਣੀ ਹੀ ਸਰਕਾਰ ਸੀ ਇਹ ਸਾਡੇ ਸਿਰ ਕਿਉਂ ਮੜ੍ਹਦੇ ਹਨ (ਵਿਘਨ)।

**ਚੌਧਰੀ ਰਾਮ ਸਿੰਘ** : ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਦਾ ਘੇਰਾਉ ਕੀਤਾ ਗਿਆ, ਹਰੀਜਨਾਂ ਨੂੰ ਘਰਾਂ ਤੋਂ ਨਿਕਲਣ ਨਹੀਂ ਦਿੱਤਾ ਗਿਆ ਅਤੇ ਉਨ੍ਹਾਂ ਦੇ ਮਕਾਨਾਂ ਤੇ ਜਬਰੀ ਕਬਜ਼ਾ ਕੀਤਾ ਗਿਆ। ਸ਼ਹਿਰਾਂ ਵਿਚ, ਪਿੰਡਾਂ ਵਿਚ ਝੰਡੇ ਗਡੇ ਗਏ ਅਤੇ ਇਹ ਕਿਹਾ ਗਿਆ ਕਿ ਇਹ ਨਿਸ਼ਾਨ ਸਾਹਿਬ ਦੇ ਝੰਡੇ ਹਨ ਅਤੇ ਇਸ ਤਰ੍ਹਾਂ ਕਰਕੇ ਉਥੇ ਕਬਜ਼ਾ ਕਰ ਲਿਆ ਗਿਆ। ਆਪਣੀ ਜੱਦੀ ਜਾਇਦਾਦ ਬਣਾ ਲਈ। ਇਹ ਸੀ ਲਾਅ ਐਂਡ ਆਰਡਰ ਦੀ ਸ਼ਕਲ ਇਨ੍ਹਾਂ ਵੇਲੇ ਅਤੇ ਹੁਣ ਰੌਲਾ ਪਾ ਰਹੇ ਹਨ ਕਿ ਲਾਅ ਐਂਡ ਆਰਡਰ ਠੀਕ ਨਹੀਂ ਹੈ। ਇਨ੍ਹਾਂ ਨੇ ਆਪ ਲਾਅ ਐਂਡ ਆਰਡਰ ਨੂੰ ਖਰਾਬ ਕਰ ਕੇ ਪੰਜਾਬ ਨੂੰ ਤਬਾਹ ਕੀਤਾ। ਡਿਪਟੀ ਸਪੀਕਰ ਸਾਹਿਬ, ਫਿਰੋਜ਼ਪੁਰ ਵਿਚ ਕੀ ਹੋਇਆ ਉਥੇ ਜੇਲ੍ਹ ਵਿਚ ਗੋਲੀ ਚੱਲੀ (ਵਿਘਨ) ਫਿਰੋਜ਼ਪੁਰ ਜੇਲ੍ਹ ਵਿਚ ਇਕ ਕੈਬਨਟ ਬਣ ਗਈ ਸੀ ਇਹ ਕਿੰਨੀ ਹੈਰਾਨੀ ਦੀ ਗਲ ਹੈ ਕਿ ਉਸ ਵੇਲੇ ਦੇ ਚੀਫ ਮਨਿਸਟਰ ਸਾਹਿਬ ਕਹਿਣ ਕਿ ਉਥੇ ਜੇਲ੍ਹ ਵਿਚ ਇਕ ਕੈਬਨਟ ਬਣ ਗਈ ਸੀ, ਇਸ ਵਾਸਤੇ ਗੋਲੀ ਚਲੀ ਸੀ। ਇਹ ਕਿਸ ਕਿਸਮ ਦਾ ਲਾਅ ਐਂਡ ਆਰਡਰ ਸੀ। (ਵਿਘਨ) ਗਿਆਨੀ ਜੀ ਦੀ ਸਰਕਾਰ ਵੇਲੇ ਮੋਗੇ ਵਿਚ ਜੁਡੀਸ਼ਿਅਲ ਇਨਕੁਆਇਰੀ ਕਰਾਈ ਗਈ ਹੈ (ਵਿਘਨ) ਅਕਾਲੀਆਂ ਵੇਲੇ ਇਨਕੁਆਇਰੀ ਰਿਪੋਰਟ ਪੁਟ ਨਹੀਂ ਕੀਤੀ ਗਈ ਸੀ ਪਰ ਹੁਣ ਤਕ ਇਹ ਮੋਗੇ ਕਾਂਡ ਦੀ ਇਨਕੁਆਇਰੀ ਰਿਪੋਰਟ ਸਬਮਿਟ ਹੋ ਗਈ ਹੈ। ਡਿਪਟੀ ਸਪੀਕਰ ਸਾਹਿਬ, ਜਲੰਧਰ ਡਵੀਜ਼ਨ ਵਿਚ ਇਕ ਕਤਲ ਹੋਇਆ ਇਨ੍ਹਾਂ ਨੇ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਕੀਤੀ ਹੋਈ ਸੀ (ਵਿਘਨ) ਇਨ੍ਹਾਂ ਵੇਲੇ 28 ਵਜ਼ੀਰ ਸਨ ਪਰ ਹੁਣ ਗਿਆਨੀ ਜੀ ਵੇਲੇ ਇਹ 11 ਵਜ਼ੀਰ ਹਨ। (ਵਿਘਨ) ਉਸ ਵੇਲੇ ਇਕ ਇਕ ਵਜ਼ੀਰ ਇਕ ਇਕ ਕਲਰਕ ਨੂੰ, ਹੈਡ ਕੰਸਟੇਬਲ ਨੂੰ, ਏ. ਐਸ. ਆਈ. ਨੂੰ ਸਿਫਾਰਿਸ਼ ਕਰਦਾ ਸੀ। ਜੇ ਇਕ ਵਜ਼ੀਰ ਕੁਝ ਕਹਿੰਦਾ ਸੀ ਤਾਂ ਦੂਜਾ ਵਜ਼ੀਰ ਕੁਝ ਹੋਰ ਕਹਿੰਦਾ ਸੀ। ਇਸ ਤਰ੍ਹਾਂ ਕਰ ਕੇ

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਇਨ੍ਹਾਂ ਦੇ ਵੇਲੇ ਐਡਮਿਨਸਟਰੇਸ਼ਨ ਦਾ ਭੱਠਾ ਬਠਾਇਆ ਹੋਇਆ ਸੀ। ਇਹ ਆਪ ਹੀ ਡੀ. ਐਸ ਪੀ. ਅਤੇ ਡੀ.ਸੀ. ਬਣੇ ਬੈਠੇ ਸਨ, ਇਸ ਤਰ੍ਹਾਂ ਨਾਲ ਫੇਰ ਲਾਅ ਐਂਡ ਆਰਡਰ ਅਤੇ ਐਡਮਨਿਸਟਰੇਸ਼ਨ ਦਾ ਤਾਂ ਕੀ ਹੋਣਾ ਸੀ। ਹੁਣ ਇਹ ਅੱਜ ਦੀ ਸਰਕਾਰ ਤੇ ਇਲਜ਼ਾਮ ਕਿਸ ਮੂੰਹ ਨਾਲ ਲਗਾਉਂਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਟਰਾਂਸਫਰਾਂ ਦੇ ਬਾਰੇ ਅਰਜ਼ ਕਰਦਾ ਹਾਂ। ਇਨ੍ਹਾਂ ਦੇ ਵੇਲੇ ਇਹ ਆਮ ਗਲ ਸੀ ਅਤੇ ਇਹ ਆਮ ਚਰਚਾ ਸੀ। (ਵਿਘਨ) ਜਦੋਂ ਮਰਜ਼ੀ ਕੋਈ ਟਰਾਂਸਫਰ ਕਰਾ ਲਵੋ (ਵਿਘਨ) ਪਰ ਗਿਆਨੀ ਜੀ ਦੀ ਸਰਕਾਰ ਨੇ ਮਾਰਚ ਮਹੀਨੇ ਵਿਚ ਟਰਾਂਸਫਰਾਂ ਕੀਤੀਆਂ ਅਤੇ ਉਸ ਦੇ ਬਾਅਦ ਹਰ ਇਕ ਮਨਿਸਟਰ ਦੇ ਕਮਰੇ ਮੂਹਰੇ ਲਿਖ ਕੇ ਲਾ ਦਿਤਾ ਕਿ ਇਸ ਦੇ ਬਾਅਦ ਟਰਾਂਸਫਰਾਂ ਨਹੀਂ ਹੋਣਗੀਆਂ ਅਤੇ ਕੋਈ ਟਰਾਂਸਫਰਾਂ ਬਾਰੇ ਨਾ ਕਹੇ। (ਵਿਘਨ) ਪਰ ਇਨ੍ਹਾਂ ਦੇ ਵੇਲੇ ਪੈਸੇ ਲੈ ਕੇ ਕੰਮ ਹੁੰਦੇ ਸੀ। (ਵਿਘਨ) (ਸ਼ੋਰ) ਇਹ ਇਸ ਤਰ੍ਹਾਂ ਦੇ ਕੰਮ ਕਰਦੇ ਰਹੇ ਹਨ। (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ:** * * (ਵਿਘਨ)

**Mr. Deputy Speaker :** This is not a point of order. Sorry please. Resume your seat. These words should not figure in the proceedings. (Interruption).

**ਚੌਧਰੀ ਰਾਮ ਸਿੰਘ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਅਕਾਲੀਆਂ ਦੇ ਰਾਜ ਵਿਚ ਮੁੱਖ ਮੰਤਰੀ ਦੇ ਕਮਰੇ ਵਿਚ ਸੰਤ ਚੰਨਣ ਸਿੰਘ ਗਏ। (ਘੰਟੀ)

**Mr. Deputy Speaker**: Please wind up now.

**ਚੌਧਰੀ ਰਾਮ ਸਿੰਘ**: ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਦੇ ਰਾਜ ਵਿਚ ਮੁੱਖ ਮੰਤਰੀ ਦੇ ਕਮਰੇ ਵਿਚ ਸੰਤ ਚੰਨਣ ਸਿੰਘ ਗਏ। ਉਸ ਨੇ ਆਪਣੀ ਜੇਬ੍ਹ ਵਿਚ ਦੋ ਆਰਡਰ ਲਿਖ ਕੇ ਪਾ ਲਏ। ਇਕ ਤਾਂ ਇਹ ਸੀ ਕਿ ਕਿਸੇ ਕੈਦੀ ਨੂੰ ਇਕ ਜੇਲ੍ਹ ਵਿਚੋਂ ਦੂਸਰੀ ਜੇਲ੍ਹ ਵਿਚ ਸ਼ਿਫਟ ਕਰਨਾ ਸੀ ਅਤੇ ਦੂਸਰਾ ਇਹ ਸੀ ਕਿ ਇਕ ਕੈਦੀ ਨੂੰ ਰਿਹਾ ਕਰਾਉਣਾ ਸੀ। (ਵਿਘਨ) ਪਰ ਹੋਇਆ ਕੀ ਕਿ ਜਿਸ ਨੂੰ ਸ਼ਿਫਟ ਕਰਨਾ ਸੀ ਉਹ ਤਾਂ ਰਿਹਾ ਹੋ ਗਿਆ ਅਤੇ ਜਿਸ ਨੇ ਰਿਹਾ ਹੋਣਾ ਸੀ ਉਸ ਨੂੰ ਇਕ ਜੇਲ੍ਹ ਤੋਂ ਦੂਸਰੀ ਜੇਲ੍ਹ ਵਿਚ ਸ਼ਿਫਟ ਕਰ ਦਿੱਤਾ ਗਿਆ। ਜਦ ਸੰਤ ਜੀ ਅੰਮ੍ਰਿਤਸਰ ਗਏ ਤਾਂ ਉਹ ਆਦਮੀ ਜਦ ਸੰਤਾਂ ਨੂੰ ਮਿਲਿਆ ਤਾਂ ਜਿਸ ਨੇ ਰਿਹਾ ਹੋਣਾ ਸੀ ਉਸ ਨੇ ਕਿਹਾ ਕਿ ਮੈਂ ਤਾਂ ਰਿਹਾ ਨਹੀਂ ਹੋਇਆ ਅਤੇ ਸਗੋਂ ਮੈਨੂੰ ਉਥੋਂ ਬਦਲ ਕੇ ਇਥੇ ਭੇਜ ਦਿਤਾ ਹੈ ਅਤੇ ਇਸੇ ਤਰ੍ਹਾਂ ਦੂਸਰਾ ਆਦਮੀ ਜਿਹੜਾ ਸੀ ਉਹ ਉਸ ਦੀ ਥਾਂ ਤੇ ਰਿਹਾ ਹੋ ਗਿਆ। (ਵਿਘਨ) (ਹਾਸਾ) ਸੋ ਇਸ ਤਰ੍ਹਾਂ ਦੀ ਇਨ੍ਹਾਂ ਦੀ ਐਡਮਨਿਸਟਰੇਸ਼ਨ ਸੀ।

ਇਸ ਤੋਂ ਅੱਗੇ ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਜਿਹੜਾ ਉਦੋਂ ਸਬਾਰੀਡੀਨੇਟ ਸਰ-ਵਿਸਿਜ਼ ਸਿਲੈਕਸ਼ਨ ਬੋਰਡ ਬਣਿਆ ਸੀ ਉਸ ਦੇ ਵਿਚ ਬੜੀ ਹੇਰਾ ਫੇਰੀ ਹੁੰਦੀ ਰਹੀ। (ਵਿਘਨ) ਕਈ ਮੁੰਡੇ ਜਿਹੜੇ ਫਸਟ ਡਵੀਜ਼ਨ ਪਾਸ ਸਨ ਉਨ੍ਹਾਂ ਨੂੰ ਨਹੀਂ ਰਖਿਆ ਗਿਆ ਅਤੇ ਇਸ ਦੇ ਉਲਟ ਜਿਹੜੇ ਥਰਡ ਡਵੀਜ਼ਨ ਪਾਸ ਸਨ ਉਨ੍ਹਾਂ ਨੂੰ ਰੱਖ ਲਿਆ ਗਿਆ। (ਵਿਘਨ) ਇਸੇ ਤਰ੍ਹਾਂ ਇਕ ਹੋਰ ਕੇਸ ਹੈ ਜਿਸ ਨੇ ਕਿ ਜੇ. ਬੀ. ਟੀ. ਪਾਸ ਨਹੀਂ ਸੀ ਕੀਤੀ ..............................................(ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਵਿੰਦਰ ਸਿੰਘ ਬਰਾੜ** : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਕਹੋ ਕਿ ਇਹ ਰੈਲੇਵੈਂਟ ਬੋਲਣ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਅਕਾਲੀ ਦਲ ਤੇ ਬੋਲਦੇ ਹਨ ਜਾਂ ਕਿ ਗਵਰਨਰ ਦੇ ਭਾਸ਼ਣ ਤੇ ਬੋਲ ਰਹੇ ਹਨ ?

**ਸ੍ਰੀ ਡਿਪਟੀ ਸਪੀਕਰ**: ਗਵਰਨਰ ਦੇ ਐਡਰੈਸ ਦਾ ਸਕੋਪ ਕਾਫੀ ਵਾਈਡ ਹੈ। (The scope of the discussion on the Governor's Address is quite wide.)

**ਚੌਧਰੀ ਰਾਮ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਐਡਮਨਿਸਟਰੇਸ਼ਨ ਦੀ ਗੱਲ ਦੱਸ ਰਿਹਾ ਸੀ। ਇਹ ਕਹਿੰਦੇ ਹਨ ਕਿ ਸੈਂਟਰਲ ਸਰਕਾਰ ਸਾਨੂੰ ਕੁਝ ਨਹੀਂ ਦਿੰਦੀ ਅਤੇ ਉਹ ਸਾਡੇ ਨਾਲ ਵਿਤਕਰਾ ਕਰ ਰਹੀ ਹੈ। ਮੈਂ ਕਹਿੰਦਾ ਹਾਂ ਕਿ 6 ਕਰੋੜ ਰੁਪਿਆ ਇਨ੍ਹਾਂ ਨੂੰ ਮਿਲਿਆ ਜ਼ਮੀਨ ਦੇ ਸੁਧਾਰ ਬਾਰੇ, ਸਾਇਲ ਕਨਜ਼ਰਵੇਸ਼ਨ ਵਾਸਤੇ ਪਰ ਇਹ ਉਸ ਨੂੰ ਖਰਚ ਨਹੀਂ ਕਰ ਸਕੇ ਅਤੇ ਉਹ 6 ਕਰੋੜ ਰੁਪਿਆ ਵਾਪਿਸ ਚਲਿਆ ਗਿਆ। (ਵਿਘਨ) ਇਸੇ ਤਰ੍ਹਾਂ ਹੋਰ ਵੀ ਕਈ ਪ੍ਰਾਜੈਕਟ ਆਏ ਪਰ ਇਨ੍ਹਾਂ ਤੋਂ ਚਾਲੂ ਨਹੀਂ ਹੋ ਸਕੇ ਅਤੇ ਉਹ ਵਾਪਿਸ ਚਲੇ ਗਏ। (ਵਿਘਨ) ਦੂਸਰੇ ਪਾਸੇ ਇਹ ਹੈ ਕਿ ਇਨ੍ਹਾਂ ਨੇ ਆਪਣੀ ਸਰਕਾਰ ਬਚਾਉਣੀ ਸੀ। (ਵਿਘਨ) ਜਿਸ ਵੇਲੇ ਆਪਣੀ ਸਰਕਾਰ ਬਚਾਉਣੀ ਸੀ ਤਾਂ ਉਸ ਵੇਲੇ ਸਰਦਾਰ ਇਕਬਾਲ ਸਿੰਘ ਜੀ ਨੂੰ ਨਾਲ ਲੈ ਕੇ ਪ੍ਰਾਈਮ ਮਨਿਸਟਰ ਕੋਲ ਚਲੇ ਗਏ ਕਿ ਸਾਨੂੰ ਬਚਾਓ। (ਵਿਘਨ) ਲੇਕਿਨ ਪੰਜਾਬ ਦੀ ਤਰੱਕੀ ਵਾਸਤੇ ਇਨ੍ਹਾਂ ਨੇ ਕੁਝ ਨਹੀਂ ਕੀਤਾਂ। ਬਾਦਲ ਸਾਹਿਬ ਆਪਣੇ ਵਾਸਤੇ ਸਭ ਕੁਝ ਕਰਦੇ ਰਹੇ ਪਰ ਪੰਜਾਬ ਦੀ ਜਨਤਾ ਵਾਸਤੇ ਕੁਝ ਨਹੀਂ ਕੀਤਾ। (ਵਿਘਨ) ਇਥੇ ਕਰੋੜਾਂ ਰੁਪਏ ਦੇ ਪ੍ਰਾਜੈਕਟ ਆਉਣੇ ਚਾਹੀਦੇ ਸੀ ਪਰ ਕੋਈ ਨਹੀਂ ਆਇਆ। ਇਨ੍ਹਾਂ ਨੇ ਸੈਂਟਰ ਤੋਂ ਇਕ ਪੈਸਾ ਨਹੀਂ ਲਿਆ ਅਤੇ ਸਗੋਂ ਉਲਟਾ ਸੈਂਟਰ ਦੀ ਸਰਕਾਰ ਨੂੰ ਬਦਨਾਮ ਕਰ ਰਹੇ ਹਨ। (ਵਿਘਨ) ਇਨ੍ਹਾਂ ਨੇ ਪੰਜਾਬ ਦੀ ਕੋਈ ਤਰੱਕੀ ਨਹੀਂ ਕੀਤੀ। ਇਨ੍ਹਾਂ ਨੇ ਡੈਮੋਕਰੇਸੀ ਦਾ ਢੌਂਗ ਰਚਾਇਆ ਹੋਇਆ ਹੈ। (ਵਿਘਨ) ਇਹ ਡੈਮੋਕਰੇਸੀ ਦੇ ਦੁਸ਼ਮਣ ਹਨ। (ਵਿਘਨ) (ਸ਼ੋਰ) ਇਨ੍ਹਾਂ ਨੂੰ ਡੈਮੋਕਰੇਸੀ ਦਾ ਕੀ ਪਤਾ ਕਿ ਉਹ ਕੀ ਸ਼ੈ ਹੁੰਦੀ ਹੈ ................. (ਵਿਘਨ)

**ਸ੍ਰੀ ਡਿਪਟੀ ਸਪੀਕਰ**: ਚੌਧਰੀ ਸਾਹਿਬ, ਕੋਈ ਕਨਸਟਰੱਕਟਿਵ ਗੱਲਾਂ ਕਰੋ। (Chaudhri Sahib, give some constructive suggestions.)

**ਚੌਧਰੀ ਰਾਮ ਸਿੰਘ** : ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ ਉਨ੍ਹਾਂ ਬਾਰੇ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਦੀ ਪਾਰਟੀ ਇਸ ਸਰਕਾਰ ਤੇ ਇਲਜ਼ਾਮ ਲਗਾਉਂਦੀ ਹੈ। (ਵਿਘਨ) ਇਹ ਕਿਸ ਤਰ੍ਹਾਂ ਗਵਰਨਰ ਦੇ ਐਡਰੈਸ ਦੀ ਵਿਰੋਧਤਾ ਕਰਦੇ ਹਨ। ਇਨ੍ਹਾਂ ਨੇ ਤਾਂ ਆਪ ਜਨਤਾ ਵਾਸਤੇ ਕੁਝ ਨਹੀਂ ਕੀਤਾ। (ਵਿਘਨ) (ਘੰਟੀ)

**Mr. Deputy Speaker**: Please wind up now.

**ਚੌਧਰੀ ਰਾਮ ਸਿੰਘ** : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਐਡਰੈਸ ਬਹੁਤ ਬੇਹਤਰ ਹੈ, ਬਹੁਤ ਅੱਛਾ ਹੈ ਅਤੇ ਪੰਜਾਬ ਸਰਕਾਰ ਨੇ ਜਿਹੜੇ ਕੰਮ ਕੀਤੇ ਹਨ ਉਹ ਬਹੁਤ ਅੱਛੇ ਕੀਤੇ ਹਨ। ਪਰ ਇਨ੍ਹਾਂ ਦੇ ਰਾਜ ਵਿਚ..........................(ਵਿਘਨ) (ਸ਼ੋਰ)

ਸਰਦਾਰ ਗੁਰਦੇਵ ਸਿੰਘ ਸਿੱਧੂ : ** ** **

(ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿਤਾ)

**Mr. Deputy Speaker** : Please resume your seat. (Interruption) ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਹਨਾਂ ਨੇ ਜੋ ਕੁਝ ਕਿਹਾ ਹੈ that should not form part of the proceedings.

*Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr. Deputy Speaker]

(Please resume your seat. (Interruption) This is not a point of order. Whatever the hon. Member has said that should not form part of the proceedings ).

**ਚੌਧਰੀ ਰਾਮ ਸਿੰਘ** : ਮੇਰੀ ਬੇਨਤੀ ਹੈਕਿ ਪੰਜਾਬ ਦੀ ਸਰਕਾਰ ਭਾਰਤ ਸਰਕਾਰ ਤੋਂ ਜ਼ਿਆਦਾ ਤੋਂ ਜ਼ਿਆਦਾ ਪੈਸਾ ਲਿਆ ਕੇ ਪੰਜਾਬ ਵਿਚ ਖਰਚ ਕਰੇਗੀ ਅਤੇ ਪੰਜਾਬ ਨੂੰ ਸਾਰੇ ਹਿੰਦੁਸਤਾਨ ਵਿਚ ਪਹਿਲੇ ਨੰਬਰ ਤੇ ਲਿਆਉਣ ਦਾ ਇਹ ਸਰਕਾਰ ਪੂਰਾ ਪੂਰਾ ਯਤਨ ਕਰ ਰਹੀ ਹੈ। (ਤਾੜੀਆਂ) (ਵਿਘਨ) ਇਨ੍ਹਾਂ ਨੂੰ ਇਸ ਤਰ੍ਹਾਂ ਨਿੰਦਿਆਂ ਕਰਨੀ ਸ਼ੋਭਦੀ ਨਹੀਂ ਹੈ। ਇਨ੍ਹਾਂ ਨੇ ਪੰਜਾਬ ਨਾਲ ਹਮੇਸ਼ਾ ਅਨਿਆਏ ਕੀਤਾ ਹੈ। (ਵਿਘਨ) ਜੈ ਹਿੰਦ।

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ** ** ** (ਵਿਘਨ)

**Mr. Deputy Speaker**: Please resume your seat. This is no point of order.

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਰਦਾਰ ਗੁਰਬਚਨ ਸਿੰਘ ਨੂੰ ਬੋਲਣ ਵਾਸਤੇ ਕਾਲ ਅਪਾਨ ਕੀਤਾ।)

**ਕਾਮਰੇਡ ਸਮਸ਼ੇਰ ਸਿੰਘ ਜੋਸ਼** : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਬੇਨਤੀ ਹੈ ਕਿ ਸਾਡੇ ਗਰੁਪ ਵਲੋਂ ਵੀ ਇਕ ਸਾਥੀ ਨੇ ਬੋਲਣਾ ਹੈ ਇਸ ਲਈ ਉਸ ਦਾ ਵੀ ਖਿਆਲ ਰਖਣਾ ਅਤੇ ਟਾਈਮ ਦੇਣਾ।

**ਸ੍ਰੀ ਡਿਪਟੀ ਸਪੀਕਰ**: ਮੈਂ ਰਿਪੋਰਟ ਮੰਗਵਾਈ ਹੈ ਕਿ ਕਿਹੜੀ ਕਿਹੜੀ ਪਾਰਟੀ ਕਿੰਨਾ ਕਿੰਨਾ ਟਾਈਮ ਲੈ ਚੁਕੀ ਹੈ, ਉਸ ਤੋਂ ਪਤਾ ਲੱਗ ਜਾਵੇਗਾ। (I have asked for the report to know the time taken by each party.)

**ਸਰਦਾਰ ਗੁਰਬਚਨ ਸਿੰਘ** (ਰੋਪੜ): ਡਿਪਟੀ ਸਪੀਕਰ ਸਾਹਿਬ, ਰਾਜਪਾਲ ਦੇ ਭਾਸ਼ਣ ਦੀ ਆਮ ਜਨਤਾ ਨੇ ਪ੍ਰਸ਼ੰਸਾ ਕੀਤੀ ਹੈ। ਸਾਰੇ ਤਬਕਿਆਂ ਨੇ ਚਾਹੇ ਉਹ ਜ਼ਿਮੀਂਦਾਰ ਹੈ ਜਾਂ ਦੁਕਾਨਦਾਰ ਹੈ ਭਾਵੇਂ ਮਜ਼ਦੂਰ ਹੈ, ਹਰ ਇਕ ਤਬਕੇ ਨੇ ਇਸ ਦੀ ਪ੍ਰਸ਼ੰਸਾ ਕੀਤੀ ਹੈ। ਮੈਨੂੰ ਵੀ ਬੜੀ ਖੁਸ਼ੀ ਹੈ ਕਿ ਗਵਰ-ਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪਹਿਲਾਂ ਗਰੀਬੀ ਹਟਾਓ ਦਾ ਜ਼ਿਕਰ ਕੀਤਾ ਹੈ। ਇਹ ਬੜਾ ਅੱਛਾ ਕੰਮ ਕੀਤਾ ਹੈ। ਇਸ ਦੇ ਲਈ ਇਹ ਸਰਕਾਰ, (ਗਿਆਨੀ ਜੀ ਦੀ ਸਰਕਾਰ) ਵਧਾਈ ਦੀ ਮੁਸ-ਤਹਿਕ ਹੈ। ਇਨ੍ਹਾਂ ਨੇ ਇਹ ਕਦਮ ਠੀਕ ਚੁਕਿਆ ਹੈ। ਇਸ ਦੇ ਨਾਲ ਗਰੀਬੀ ਦੂਰ ਹੋਵੇਗੀ।

ਇਸ ਤੋਂ ਅੱਗੇ ਬੇਘਰੇ ਲੋਕਾਂ ਦੀ ਸਕੀਮ ਬਾਰੇ ਹੈ। ਲੋਕਾਂ ਨੂੰ ਘਰ ਬਣਾ ਕੇ ਦੇਣੇ ਹਨ। ਉਸ ਦੇ ਲਈ ਹਾਊਸਿੰਗ ਬੋਰਡ ਬਣਾ ਕੇ 2 ਮਹੀਨਿਆਂ ਦੇ ਅੰਦਰ ਅੰਦਰ ਜਿਨ੍ਹਾਂ ਦੇ ਕੋਲ ਘਰ ਨਹੀਂ ਹਨ, ਉਨ੍ਹਾਂ ਨੂੰ ਘਰ ਦਿਤੇ ਜਾਣਗੇ। ਇਸੀ ਤਰ੍ਹਾਂ ਉਨ੍ਹਾਂ ਲਈ ਕਰਜ਼ੇ ਦੇਣੇ ਵੀ ਮਨਜ਼ੂਰ ਕੀਤੇ ਗਏ ਹਨ ਅਤੇ ਕਰਜ਼ੇ ਛੋਟੇ ਸੂਦ ਤੇ ਦਿੱਤੇ ਜਾਣਗੇ ਤਾਂਕਿ ਜਿਹੜੇ ਲੋਕ ਬੇਘਰੇ ਹਨ ਉਨ੍ਹਾਂ ਨੂੰ ਘਰ ਦਿੱਤੇ ਜਾਣ ਅਤੇ ਕੋਈ ਵੀ ਆਦਮੀ ਇਹੋ ਜਿਹਾ ਨਾ ਰਹੇ ਕਿ ਜਿਸ ਦੇ ਪਾਸ ਆਪਣਾ ਘਰ ਰਹਿਣ ਲਈ ਨਾ ਹੋਵੇ ਅਤੇ ਉਹ ਇਹ ਨਾ ਕਹਿ ਸਕੇ ਕਿ ਪੰਜਾਬ ਵਿਚ ਮੇਰਾ ਕੋਈ ਘਰ ਜਾਂ ਟਿਕਾਣਾ ਨਹੀਂ ਹੈ। ਇਸੇ ਤਰ੍ਹਾਂ ਹੀ ਸ਼ਹਿਰਾਂ ਵਿਚ ਵੀ ਸਕੀਮ ਬਣਾਈ ਜਾ ਰਹੀ ਹੈ ਕਿ ਜਿਹੜੇ ਲੋਕ ਫੱਟਿਆਂ ਅਤੇ ਸੜਕਾਂ ਤੇ ਸੌਂਦੇ ਹਨ ਉਨ੍ਹਾਂ ਵਾਸਤੇ ਇੰਤਜ਼ਾਮ ਕੀਤਾ ਜਾਵੇ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਬੁਢੇ ਆਦਮੀਆਂ ਨੂੰ ਪੈਨਸ਼ਨ ਦੇਣ ਦਾ ਉਪਰਾਲਾ ਕੀਤਾ ਗਿਆ ਹੈ ਅਤੇ ਅਨ-ਇੰਪਲਾਇਮੈਂਟ ਲਈ 1 ਲੱਖ 37 ਹਜ਼ਾਰ ਰੁਪਿਆ ਖਰਚ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਲੋਕਾਂ ਦੇ ਵਿਚ ਅਨਇੰਪਲਾਇਮੈਂਟ ਨਾ ਰਹੇ।

ਇਸ ਤੋਂ ਅੱਗੇ ਲੈਂਡ ਸੀਲਿੰਗ ਦੀ ਗੱਲ ਹੈ। ਲੈਂਡ ਸੀਲਿੰਗ ਦੇ ਨਾਲ ਜਿਹੜੀ ਜ਼ਮੀਨ ਨਿਕਲੇਗੀ ਉਹ ਲੈਂਡ ਲੈਸ ਲੋਕਾਂ ਨੂੰ ਦਿੱਤੀ ਜਾਵੇਗੀ ਤਾਕਿ ਜਿਹੜੇ ਲੈਂਡਲੈਸ ਲੋਕ ਹਨ, ਜਾਂ ਜਿਨ੍ਹਾਂ ਕੋਲ ਕੋਈ ਜ਼ਮੀਨ ਨਹੀਂ ਹੈ ਉਹ ਵਾਹੀ ਕਰ ਕੇ ਵੱਧ ਪੈਦਾਵਾਰ ਕਰ ਕੇ ਆਪਣੀ ਅਤੇ ਆਪਣੇ ਦੇਸ਼ ਦੀ ਗਰੀਬੀ ਦੂਰ ਕਰ ਸਕਣ।

ਪਿੰਡਾਂ ਵਿਚ ਪੀਣ ਦਾ ਪਾਣੀ ਨਹੀਂ ਸੀ। ਬੜੀ ਦੂਰ ਦੂਰ ਤੋਂ ਪਾਣੀ ਲਿਆਉਣਾ ਪੈਂਦਾ ਸੀ। ਸਾਰੇ ਪਿੰਡਾਂ ਵਿਚ ਪੀਣ ਦਾ ਪਾਣੀ ਦੇਣ ਲਈ ਟਿਊਬ ਵੈਲ ਲਗਾਏ ਜਾ ਰਹੇ ਹਨ।

ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਜਿਹੜੀ ਬੈਂਕ ਨੈਸ਼ਨੇਲਾਈਜੇਸ਼ਨ ਹੋਈ ਹੈ ਉਸ ਦੇ ਨਾਲ ਗਰੀਬ ਆਦਮੀ ਨੂੰ ਫਾਇਦਾ ਹੋਇਆ ਹੈ। ਰੇੜ੍ਹੀਆਂ ਵਾਲਿਆਂ ਨੂੰ, ਰਿਕਸ਼ਾ ਵਾਲਿਆਂ ਨੂੰ ਆਪਣੇ ਇਹ ਕੰਮ ਕਰਨ ਦੇ ਲਈ ਰੁਪਿਆ ਮਿਲ ਸਕਦਾ ਹੈ ਅਤੇ ਉਹ ਰੋਜ਼ਗਾਰ ਕਰਕੇ ਆਪਣੇ ਪਰਵਾਰ ਨੂੰ ਪਾਲ ਸਕਦਾ ਹੈ। ਇਸ ਦੇ ਨਾਲ ਛੋਟੇ ਛੋਟੇ ਤਬਕੇ ਦੇ ਆਦਮੀਆਂ ਨੂੰ, ਗਰੀਬ ਆਦਮੀਆਂ ਨੂੰ ਰੁਜ਼ਗਾਰ ਮਿਲ ਸਕਣਗੇ। ਇਸ ਤੋਂ ਇਲਾਵਾ ਸਮਾਲ ਸਕੇਲ ਇੰਡਸਟਰੀਜ਼ ਵਾਸਤੇ ਜਿਹੜਾ ਰੁਪਿਆ ਰਖਿਆ ਗਿਆ ਉਹ ਵੀ ਬੜਾ ਸ਼ਲਾਘਾਯੋਗ ਕਦਮ ਹੈ ਅਤੇ ਇਸ ਦੇ ਨਾਲ ਵੀ ਗਰੀਬਾਂ ਨੂੰ ਰੁਜ਼ਗਾਰ ਮਿਲਦਾ ਹੈ।

ਇਸ ਤੋਂ ਇਲਾਵਾ ਰੂਰਲ ਡੀਵੈਲਪਮੈਂਟ ਦੇ ਲਈ ਸੰਨ 1972-73 ਦੇ ਵਿਚ 85 ਕਰੋੜ ਤੋਂ 94 ਕਰੋੜ ਤੱਕ ਰੁਪਿਆ ਰਖਿਆ ਗਿਆ ਸੀ ਪਰ ਇਸ ਸਾਲ 1973-74 ਵਿਚ ਇਹ ਵਧਾ ਕੇ 123 ਕਰੋੜ ਰੁਪਿਆ ਕਰ ਦਿਤਾ ਗਿਆ ਹੈ। ਕਿਤਨੀ ਵਡੀ ਰਕਮ ਐਤਕੀ ਰੂਰਲ ਡੀਵੈਲਪਮੈਂਟ ਦੇ ਲਈ ਰਖੀ ਗਈ ਹੈ ਜਿਸ ਦੇ ਨਾਲ ਪਿੰਡਾਂ ਵਿਚ ਡੀਵੈਲਪਮੈਂਟ ਹੋਵੇਗੀ ਅਤੇ ਪਿੰਡ ਤਰੱਕੀ ਕਰਨਗੇ। ਇਸ ਕੰਮ ਦੇ ਲਈ ਵੀ ਇਹ ਸਰਕਾਰ ਵਧਾਈ ਦੀ ਪਾਤਰ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਕਾਰਖਾਨਿਆਂ ਵਿਚ ਜੋ ਲੋਕ ਕੰਮ ਕਰਦੇ ਸਨ, ਜੋ ਲੋਕ ਖੇਤੀ ਵਿਚ ਕੰਮ ਕਰਦੇ ਸਨ ਉਨ੍ਹਾਂ ਨੂੰ ਉਜਰਤਾਂ ਘੱਟ ਮਿਲਦੀਆਂ ਸਨ। ਹੁਣ ਉਨ੍ਹਾਂ ਗਰੀਬ ਲੋਕਾਂ ਦੀਆਂ ਉਜਰਤਾਂ ਨੂੰ ਵਧਾਉਣ ਦੇ ਲਈ ਵੀ ਇਸ ਸਰਕਾਰ ਨੇ ਕਦਮ ਚੁਕਿਆ ਹੈ। ਮੈਂ ਕਹਿੰਦਾ ਹਾਂ ਕਿ ਕੀ ਇਹ ਗਰੀਬੀ ਹਟਾਉਣ ਦਾ ਸਾਧਨ ਨਹੀਂ ਹੈ? ਕੀ ਜਿਹੜੀਆਂ ਸਕੀਮਾਂ ਇਹ ਸਰਕਾਰ ਬਣਾ ਰਹੀ ਹੈ ਇਹ ਗਰੀਬੀ ਨੂੰ ਦੂਰ ਕਰਨ ਦੇ ਲਈ ਨਹੀਂ ਹਨ?

ਫਿਰ ਇਸ ਤੋਂ ਇਲਾਵਾ ਜਿਹੜੇ ਲੰਗੜੇ, ਲੂਲੇ, ਅੰਨ੍ਹੇ ਅਤੇ ਹੋਰ ਬਹੁਤ ਸਾਰੇ ਜਿਵੇਂ ਵਿਧਵਾਵਾਂ ਮੁਹਤਾਜ ਲੋਕ ਹਨ ਉਨ੍ਹਾਂ ਨੂੰ ਪੈਨਸ਼ਨ ਵਗੈਰਾ ਦੇਣ ਦਾ ਵੀ ਯਤਨ ਕੀਤਾ ਗਿਆ ਹੈ। ਅਗੇ ਕਿਸੇ ਸਰਕਾਰ ਨੇ ਇਹੋ ਜਿਹਾ ਕਦੇ ਕੋਈ ਕਦਮ ਨਹੀਂ ਚੁਕਿਆ। ਇਹ ਸਰਕਾਰ ਇਸ ਕੰਮ ਦੇ ਲਈ ਵੀ ਵਧਾਈ ਦੀ ਪਾਤਰ ਹੈ।

ਅਗੇ, ਡਿਪਟੀ ਸਪੀਕਰ ਸਾਹਿਬ, ਇਸ ਭਾਸ਼ਣ ਦੇ ਵਿਚ ਪੰਜਾਬੀ ਭਾਸ਼ਾ ਦੀ ਤਰੱਕੀ ਦਾ ਜ਼ਿਕਰ ਆਇਆ ਹੈ। ਪੰਜਾਬੀ ਭਾਸ਼ਾ ਦੀ ਤਰੱਕੀ ਦੇ ਲਈ ਜੋ ਕੰਮ ਕੀਤਾ ਗਿਆ ਹੈ, ਇਹ ਇਕ ਬਹੁਤ ਭਾਰੀ ਕੰਮ ਹੈ ਅਤੇ ਇਸ ਦੇ ਨਾਲ ਪੰਜਾਬੀ ਜ਼ਬਾਨ ਨੂੰ ਤਰੱਕੀ ਮਿਲੇਗੀ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਆਲ ਇੰਡੀਆ ਨੈਸ਼ਨਲ ਕਾਂਗਰਸ ਨੇ ਗੁਰੂ ਗਰੰਥ ਸਾਹਿਬ ਨੂੰ 18 ਜ਼ਬਾਨਾਂ ਵਿਚ ਤਰਜਮਾ ਕਰਵਾ ਕੇ ਬਾਹਰਲੇ ਮੁਲਕਾਂ ਵਿਚ ਭੇਜਿਆ ਸੀ। ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵਡੀ ਗਲ ਹੈ। (ਵਿਘਨ) ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ]

ਮੇਰੇ ਭਰਾ (ਅਕਾਲੀ ਪਾਰਟੀ ਵਲ ਇਸ਼ਾਰਾ) ਜਿਹੜੇ ਸਿੱਖੀ ਦੇ ਆਪਣੇ ਆਪ ਨੂੰ ਅਲੰਬਰਦਾਰ ਸਮਝਦੇ ਹਨ ਅਤੇ ਪੰਜਾਬੀ ਜ਼ਬਾਨ ਦਾ ਦਾਅਵਾ ਕਰਦੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ 1967 ਵਿਚ ਕਾਂਗਰਸ ਵਲੋਂ ਇਥੇ ਜਦੋਂ ਪੰਜਾਬੀ ਦੇ ਬਾਰੇ ਰੈਜ਼ੋਲਿਊਸ਼ਨ ਆਇਆ ਸੀ ਤਾਂ ਉਸ ਵੇਲੇ ਇਹ ਖਾਮੋਸ਼ ਹੋ ਗਏ ਸੀ। (ਵਿਘਨ) ਜਦੋਂ ਇਹ ਰੈਜ਼ੋਲਿਊਸ਼ਨ ਕਾਂਗਰਸ ਵਲੋਂ ਆਇਆ ਤਾਂ ਫਿਰ ਇਨ੍ਹਾਂ ਨੇ ਦੇਖਿਆ ਕਿ ਜੇ ਇਸ ਮਤੇ ਦੀ ਤਾਈਦ ਨਹੀਂ ਕਰਦੇ ਤਾਂ ਜਨਤਾਂ ਵਿਚ ਮੂੰਹ ਦਿਖਾਉਣ ਜੋਗੇ ਨਹੀਂ ਹੋਵਾਂਗੇ, ਜੇ ਇਸ ਮਤੇ ਦੀ ਤਾਈਦ ਕਰਦੇ ਹਾਂ ਤਾਂ ਇਹ ਕਾਂਗਰਸ ਵਲੋਂ ਮਤਾ ਆਇਆ ਹੈ। ਜਿਹੜੇ ਲੋਕ ਇਥੇ ਗੈਲਰੀ ਵਿਚ ਉਸ ਵੇਲੇ ਬੈਠੇ ਸੀ ਤਾਂ ਉਨ੍ਹਾਂ ਨੇ ਸਭ ਕੁਝ ਦੇਖਿਆ ਕਿ ਇਨ੍ਹਾਂ ਦੀ ਨੀਅਤ ਕੀ ਹੈ ਔਰ ਸਾਡੀ ਨੀਅਤ ਕੀ ਹੈ। (ਵਿਘਨ)

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਹਿੰਦੀ ਦੀ ਤਰੱਕੀ ਲਈ ਜਿਹੜਾ 2 ਲੱਖ ਰੁਪਿਆ ਰੱਖਿਆ ਗਿਆ ਹੈ, ਇਹ ਵੀ ਇਕ ਸ਼ਲਾਘਾ ਯੋਗ ਗਲ ਹੈ ਪਰ ਮੈਂ ਇਹ ਵੀ ਕਹਣਾ ਚਾਹੁੰਦਾ ਹਾਂ ਕਿ ਰਾਜਪਾਲ ਜੀ ਦਾ ਜੋ ਭਾਸ਼ਨ ਸੀ ਇਹ ਹਿੰਦੀ ਵਿਚ ਵੀ ਛਪਣਾ ਚਾਹੀਦਾ ਸੀ, ਬਜਟ ਵੀ ਹਿੰਦੀ ਵਿਚ ਵੀ ਛਪਣਾ ਚਾਹੀਦਾ ਹੈ। (ਵਿਘਨ)

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੀ ਗਲ ਆਈ ਹੈ। 1972-73। ਦੇ ਵਿਚ ਇਕ ਅਧਿਆਪਕ ਵਾਲੇ 500 ਸਕੂਲ ਅਤੇ ਦੋ ਅਧਿਆਪਕਾਂ ਵਾਲੇ 500 ਸਕੂਲ ਖੋਲ੍ਹੇ ਗਏ ਹਨ 200 ਪ੍ਰਾਇਮਰੀ ਸਕੂਲ ਅਪਗਰੇਡ ਕਰਕੇ ਮਿਡਲ ਪੱਧਰ ਦੇ ਅਤੇ 75 ਮਿਡਲ ਸਕੂਲ ਅਪਗਰੇਡ ਕਰਕੇ ਹਾਈ ਪੱਧਰ ਦੇ ਬਣਾਏ ਗਏ ਸਨ। ਐਤਕੀ 1973-74 ਦੇ ਦੌਰਾਨ ਇਸ ਸਰਕਾਰ ਨੇ 1,000 ਪ੍ਰਾਇਮਰੀ ਸਕੂਲ ਖੋਲ੍ਹਣ ਅਤੇ 100 ਪ੍ਰਾਇਮਰੀ ਸਕੂਲਾਂ ਨੂੰ ਅਪਗਰੇਡ ਕਰਕੇ ਮਿਡਲ ਪੱਧਰ ਦੇ ਅਤੇ 50 ਮਿਡਲ ਸਕੂਲਾਂ ਨੂੰ ਅਪਗਰੇਡ ਕਰਕੇ ਹਾਈ ਪੱਧਰ ਦੇ ਬਣਾਉਣ ਦੀ ਤਜਵੀਜ਼ ਕੀਤੀ ਹੈ। ਇਸ ਦੇ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਸਕੂਲ ਅਪਗਰੇਡ ਕੀਤੇ ਜਾ ਚੁਕੇ ਹਨ ਉਨ੍ਹਾਂ ਵਿਚੋਂ ਮੇਰੀ ਕੰਨਸਟੀਚਿਊਐਂਸੀ ਰੋਪੜ ਵਿਚ ਸਿਰਫ ਇਕ ਸਕੂਲ ਹਾਈ ਹੋਇਆ ਹੈ ਅਤੇ 2 ਸਕੂਲ ਮਿਡਲ ਹੋਏ ਹਨ ਜਦੋਂ ਕਿ ਰੋਪੜ ਤੋਂ ਚਲ ਕੇ ਮਾਛੀਵਾੜੇ ਤਕ 25 ਮੀਲ ਦੇ ਏਰੀਏ ਵਿਚ ਕੋਈ ਹਾਈ ਸਕੂਲ ਨਹੀਂ ਹੈ। ਇਸ ਲਈ ਮੇਰੀ ਸਰਕਾਰ ਪਾਸ ਬੇਨਤੀ ਹੈ ਕਿ ਇਸ 1973-74 ਦੇ ਸਾਲ ਵਿਚ ਮੇਰੇ ਹਲਕੇ ਰੋਪੜ ਵਿਚ ਘਟੋ ਘਟ 4 ਹਾਈ ਸਕੂਲ ਅਤੇ 8 ਮਿਡਲ ਸਕੂਲ ਦੇਵੇ ਤਾਂ ਕਿ ਇਸ ਬੈਕਵਰਡ ਏਰੀਏ ਵਿਚ ਤਾਲੀਮ ਦੀ ਜਿਹੜੀ ਘਾਟ ਹੈ ਉਹ ਪੂਰੀ ਹੋਵੇ। ਚਮਕੌਰ ਸਾਹਿਬ ਇਕ ਕਾਲਜ ਖੋਲ੍ਹਿਆ ਜਾਵੇ। ਰੋਪੜ ਤੋਂ ਲੈ ਕੇ ਸਮਰਾਲੇ ਤਕ 30 ਮੀਲ ਦਾ ਏਰੀਆ ਹੈ, ਇਸ ਏਰੀਏ ਵਿਚ ਕੋਈ ਕਾਲਜ ਨਹੀਂ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਉਥੇ ਕਾਲਜ ਖੋਲ੍ਹਣ ਦਾ ਵੀ ਯਤਨ ਕੀਤਾ ਜਾਵੇ। ਜਿਹੜਾ ਕਾਲਜ ਰੋਪੜ ਵਿਚ ਹੈ ਉਥੇ ਸਿਰਫ ਇਕ ਸਬਜੈਕਟ ਦੀ ਐਮ. ਏ. ਦੀ ਕਲਾਸ ਹੈ, ਇਸ ਦੇ ਲਈ ਵੀ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਥੇ ਸਾਰੇ ਸਬਜੈਕਟਸ ਦੀ ਐਮ. ਏ. ਹੋਣੀ ਚਾਹੀਦੀ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਕੁਝ ਧਰਮਸ਼ਾਲਾਵਾਂ ਜਿਹੜੀਆਂ ਪਿਛਲੇ ਸਾਲ ਦਿਤੀਆਂ ਗਈਆਂ ਹਨ ਇਸ ਦੇ ਵਿਚ ਮੇਰੇ ਹਲਕੇ ਰੋਪੜ ਨਾਲ ਧੱਕਾ ਕੀਤਾ ਗਿਆ ਹੈ। ਮੇਰੀ ਕਨਸਟੀਚਿਊਐਂਸੀ ਵਿਚ ਧਰਮ-ਸ਼ਾਲਾ ਪਾ ਕੇ ਕਿਸੇ ਹੋਰ ਪਾਸੇ ਦੇ ਦਿਤੀਆਂ ਗਈਆਂ ਹਨ। ਹੁਣ ਜਿਹੜਾ ਇਸ ਕੰਮ ਦੇ ਲਈ 3 ਕਰੋੜ ਰੁਪਏ ਤੋਂ ਵੱਧ ਰੱਖਿਆ ਗਿਆ ਹੈ ਅਤੇ ਇਸ ਸਾਲ ਦੇ ਵਿਚ ਜ਼ਿਆਦਾ ਧਰਮਸ਼ਾਲਾਵਾਂ ਬਣਾਉਣ ਦਾ ਪਰੋਗਰਾਮ ਹੈ ਉਸ ਦੇ ਵਿਚ ਮੇਰੇ ਹਲਕੇ ਰੋਪੜ ਵਿਚ ਇਸ ਸਬੰਧ ਵਿਚ ਜਿਹੜੀ ਪਿਛਲੀ ਘਾਟ ਹੈ ਉਸ ਨੂੰ ਵੀ ਪੂਰਾ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਫਿਰ ਲਾਅ ਐਂਡ ਆਰਡਰ ਦਾ ਇਥੇ ਬੜਾ ਚਰਚਾ ਹੋਇਆ ਹੈ। ਮੇਰੇ ਵੀਰਾਂ ਨੇ ਲਾ ਐਂਡ ਆਰਡਰ ਦੇ ਮੁਤੱਲਕ ਬਹੁਤ ਸਾਰੀਆਂ ਗਲਾਂ ਕਹੀਆਂ ਹਨ ਅਤੇ ਕਾਫੀ ਗਲਾਂ ਬੜੇ ਵਿਸਥਾਰ ਨਾਲ ਦਸੀਆਂ ਹਨ, ਮੈਂ ਇਸ ਸਬੰਧ ਵਿਚ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ। ਇਤਨਾ ਹੀ ਕਹਿੰਦਾ ਹਾਂ ਕਿ ਪਿਛਲੇ 3 ਸਾਲਾਂ ਦੀ ਨਿਸਬਤ ਇਸ ਸਾਲ ਵਿਚ ਡਕੈਤੀਆਂ ਅਤੇ ਚੋਰੀਆਂ ਆਦਿ ਘੱਟੀਆਂ ਹਨ। ਰਿਸ਼ਵਤ ਅਤੇ ਭਰਿਸ਼ਟਾਚਾਰ ਦੇ ਸਬੰਧ ਵਿਚ ਦਸਣਾ ਚਾਹੁੰਦਾ ਹਾਂ ਕਿ 117 ਸਰਕਾਰੀ ਕਰਮਚਾਰੀ ਜਿਨ੍ਹਾਂ ਵਿਚ ਗਜ਼ਟਿਡ ਅਫ਼ਸਰ ਵੀ ਸ਼ਾਮਲ ਹਨ ਰਿਸ਼ਵਤ ਅਤੇ ਭਰਿਸ਼ਟਾਚਾਰ ਦੇ ਇਲਜ਼ਾਮ ਵਿਚ ਫੜੇ ਗਏ ਹਨ। (ਘੰਟੀ)

**Mr. Deputy Speaker** : Please wind up now.

**ਸਰਦਾਰ ਗੁਰਬਚਨ ਸਿੰਘ:** ਬਸ ਜੀ ਦੋ ਮਿੰਟ ਵਿਚ ਹੀ ਖ਼ਤਮ ਕਰ ਦਿੰਦਾ ਹਾਂ। ਤੇ ਮੈਂ ਕਹਿ ਰਿਹਾ ਸੀ ਕਿ 117 ਕਰਮਚਾਰੀ ਰਿਸ਼ਵਤ ਅਤੇ ਭਰਿਸ਼ਟਾਚਾਰ ਦੇ ਇਲਜ਼ਾਮ ਵਿਚ ਫੜੇ ਗਏ ਹਨ। ਮੇਰਾ ਖਿਆਲ ਹੈ ਕਿ ਇਨ੍ਹਾਂ ਦੇ ਰਾਜ ਵੇਲੇ (ਅਕਾਲੀ ਪਾਰਟੀ ਵਲ ਇਸ਼ਾਰਾ) ਪੰਜ ਚਾਰ ਕਰਮਚਾਰੀ ਭਾਵੇਂ ਕੋਈ ਫੜੇ ਗਏ ਹੋਣ ਪਰ ਰਿਸ਼ਵਤ ਅਤੇ ਭ੍ਰਿਸ਼ਟਾਚਾਰ ਆਮ ਸੀ। ਇਸ ਸਰਕਾਰ ਨੇ ਇਤਨੇ ਥੋੜੇ ਜਿਹੇ ਸਮੇਂ ਵਿਚ ਹੀ 117 ਕਰਮਚਾਰੀ ਫੜੇ, ਕੁਝ ਇਕ ਦੇ ਵਿਰੁਧ ਕੇਸ ਚਲ ਰਹੇ ਹਨ, ਕੁਝ ਇਕ ਨੂੰ ਸਸਪੈਂਡ ਕੀਤਾ ਗਿਆ ਹੈ ਅਤੇ ਕੁਝ ਇਕ ਨੂੰ ਸਜ਼ਾਵਾਂ ਦਿਤੀਆਂ ਜਾ ਚੁਕੀਆਂ ਹਨ। (ਘੰਟੀ) (ਵਿਘਨ) ਕੀ ਇਹ ਲਾ ਐਂਡ ਆਰਡਰ ਨੂੰ ਸੁਧਾਰਨ ਦਾ ਤਰੀਕਾ ਨਹੀਂ ? ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿੰਟ ਵਿਚ ਇਕ ਗਲ ਸੁਣਾ ਕੇ ਬੈਠ ਜਾਂਦਾ ਹਾਂ। ਸਾਡੇ ਉਥੇ ਸੰਨ 1970 ਵਿੱਚ ਇਕ ਪਿੰਡ ਘਨੌਲੀ ਵਿਚ ਕਮਿਊਨਿਸਟ ਪਾਰਟੀ ਵਲੋਂ ਇਕ ਡਰਾਮਾ ਕੀਤਾ ਜਾ ਰਿਹਾ ਸੀ। ਉਸ ਡਰਾਮੇ ਵਿਚ ਇਕ ਇਹ ਝਲਕੀ ਦਸੀ ਗਈ ਕਿ ਇਕ ਆਦਮੀ ਦੀ ਕੋਈ ਜਥੇਦਾਰ ਜ਼ਨਾਨੀ ਕਢ ਕੇ ਲੈ ਗਿਆ ਅਤੇ ਉਹ ਥਾਣੇ ਰਿਪੋਟ ਲਿਖਾਉਣ ਗਿਆ ਕਿ ਮੇਰੀ ਜ਼ਨਾਨੀ ਕੋਈ ਜਥੇਦਾਰ ਕਢ ਕੇ ਲੈ ਗਿਆ ਹੈ ਤੇ ਮੇਰੀ ਰਿਪੋਟ ਦਰਜ ਕਰ ਲਉ। ਉਸ ਥਾਣੇਦਾਰ ਨੇ ਉਥੇ ਕਿਹਾ ਕਿ ਮੈਂ ਇਹ ਰਿਪੋਟ ਕਿਸ ਤਰ੍ਹਾਂ ਦਰਜ ਕਰ ਲਵਾਂ, ਇਹ ਤਾਂ ਕਿਸੀ ਜਥੇਦਾਰ ਨੇ ਤੇਰੀ ਜ਼ਨਾਨੀ ਨੂੰ ਕਢਿਆ ਹੈ। (ਵਿਘਨ) (ਹਾਸਾ) ਫਿਰ ਉਹ ਐਸ. ਪੀ. ਕੋਲ ਗਿਆ ਅਤੇ ਐਸ. ਪੀ. ਨੇ ਵੀ ਉਸ ਨੂੰ ਜਵਾਬ ਦੇ ਦਿਤਾ। ਫਿਰ ਉਹ ਚੀਫ਼ ਮਨਿਸਟਰ ਸਾਹਿਬ ਕੋਲ ਗਿਆ ਅਤੇ ਚੀਫ਼ ਮਨਿਸਟਰ ਸਾਹਿਬ ਕੋਲ ਪੇਸ਼ ਹੋ ਕੇ ਕਹਿਣ ਲਗਾ ਕਿ ਮੇਰੀ ਜ਼ਨਾਨੀ ਨੂੰ ਕੋਈ ਜਥੇਦਾਰ ਕਢ ਕੇ ਲੈ ਗਿਆ ਹੈ। (ਸਰਦਾਰ ਰਣਧੀਰ ਸਿੰਘ ਚੀਮਾਂ ਵਲੋਂ ਵਿਘਨ) ਉਸ ਚੀਫ਼ ਮਨਿਸਟਰ ਨੇ ਜਵਾਬ ਦਿਤਾ ਕਿ ਭਾਈ ਮੈਂ ਤਾਂ ਜਥੇਦਾਰਾਂ ਦੇ ਸਿਰ ਤੇ ਰਾਜ ਕਰਦਾ ਹਾਂ, ਇਸ ਲਈ ਮੈਂ ਕੁਝ ਨਹੀਂ ਕਰ ਸਕਦਾ। (ਵਿਘਨ) ਇਹ ਤਾਂ ਲਾਅ ਐਂਡ ਆਰਡਰ ਦੀ ਹਾਲਤ ਸੀ। (ਵਿਘਨ)

**ਸਰਦਾਰ ਪ੍ਰਿਥੀਪਾਲ ਸਿੰਘ:** ×× ×× ×× ×× (ਵਿਘਨ)

**Mr. Deputy Speaker** : This is no point of order.

**ਸਰਦਾਰ ਗੁਰਬਚਨ ਸਿੰਘ:** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਵੇਲੇ ਲੋਕਾਂ ਨੂੰ, ਗਰੀਬ ਆਦਮੀਆਂ ਨੂੰ, ਹਰੀਜਨਾਂ ਨੂੰ ਤੰਗ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਬਿਨ੍ਹਾਂ ਕਿਸੇ ਵਜ੍ਹਾ ਦੇ ਨਕਸਲਵਾੜੀ ਕਰਾਰ ਦੇ ਕੇ ਅਤੇ ਝੂਠੇ ਮੁਕੱਦਮੇ ਚਲਾ ਕੇ ਤੰਗ ਕੀਤਾ ਜਾਂਦਾ ਸੀ। ਉਸ ਵੇਲੇ ਇਕ ਅਖ਼ਬਾਰ ਵਿਚ ਲਿਖਿਆ ਗਿਆ ਸੀ। Harijans, Sainis and the backward classes are the roots of the Naxalites ਇਹ ਉਸ ਅਖਬਾਰ ਵਿਚ ਲਿਖਿਆ ਸੀ। (ਘੰਟੀ) ਅੱਜ ਉਹ ਗਲਾਂ ਨਹੀਂ ਰਹੀਆਂ।

**Mr. Deputy Speaker** : Please resume your seat now.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਚਨ ਸਿੰਘ**: ਆਖ਼ਿਰ ਵਿਚ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਗਵਰਨਰ ਸਾਹਿਬ ਨੇ ਭਾਸ਼ਣ ਦਿਤਾ ਹੈ, ਇਸ ਦੀ ਆਮ ਲੋਕਾਂ ਵਿਚ ਬੜੀ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਜੋ ਜੋ ਕਦਮ ਇਹ ਸਰਕਾਰ ਲੋਕਾਂ ਦੀ ਤਰੱਕੀ ਵਾਸਤੇ ਚੁਕ ਰਹੀ ਹੈ ਉਸ ਦੇ ਲਈ ਇਹ ਵਧਾਈ ਦੀ ਪਾਤਰ ਹੈ। (ਵਿਘਨ) ਜੈ ਹਿੰਦ।

**ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼** : ਡਿਪਟੀ ਸਪੀਕਰ ਸਾਹਿਬ, ਮੈਨੂੰ ਬੋਲਣ ਲਈ ਘਟੋ ਘੱਟ 20 ਮਿੰਟ ਦੇਣਾ।

**ਸ੍ਰੀ ਡਿਪਟੀ ਸਪੀਕਰ**: ਠੀਕ ਹੈ ਤੁਹਾਨੂੰ 20 ਮਿੰਟ ਮਿਲ ਜਾਣਗੇ। ਹੁਣ ਸ੍ਰੀ ਗੁਰਦਿਆਲ ਸੈਣੀ ਜੀ ਬੋਲਣਗੇ। (All right, you will be given twenty minutes. Now Shri Gurdial Saini may speak).

**ਸ੍ਰੀ ਗੁਰਦਿਆਲ ਸੈਣੀ**: (ਜਲੰਧਰ ਉੱਤਰ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਕਈ ਦਿਨਾਂ ਬਾਅਦ ਬੋਲਣ ਦਾ ਅੱਜ ਮੌਕਾ ਦਿਤਾ ਹੈ। ਮੈਂ ਅਰਜ਼ ਕਰਾਂ ਕਿ ਗਵਰਨਰ ਸਾਹਿਬ ਦਾ ਐਡਰੈਸ ਜਿਸ ਦਿਨ ਹੋਇਆ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਜਿਹੜੇ ਪੰਜਾਬੀ ਦੇ ਠੇਕੇਦਾਰ ਬਣੇ ਫਿਰਦੇ ਹਨ ਇਨ੍ਹਾਂ ਨੇ ਇਸ ਹਾਊਸ ਵਿਚ ਪੰਜਾਬੀ ਦੇ ਐਡਰੈਸ ਨੂੰ ਪਾੜ ਕੇ ਇਸ ਜ਼ਮੀਨ ਤੇ ਭੁੰਜੇ ਸੁਟ ਦਿਤਾ ਔਰ ਉਸ ਦੇ ਉਤੇ ਆਪਣੇ ਪਾਉਂ ਰਖ ਕੇ ਤੁਰ ਗਏ। ਇਹ ਆਪਣੇ ਆਪ ਨੂੰ ਪੰਜਾਬੀ ਦੇ ਠੇਕੇਦਾਰ ਕਹਿੰਦੇ ਹਨ, ਮੈਨੂੰ ਨਮੋਸ਼ੀ ਹੈ। (ਵਿਘਨ) ਜਿਹੜਾ ਕੰਮ ਗਲਤ ਹੋਵੇ ਉਸ ਨੂੰ ਗਲਤ ਮਨ ਲਵੋ ਕੋਈ ਹਰਜ ਨਹੀਂ।

ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸੂਬੇ ਦੀ ਤਰੱਕੀ ਵਾਸਤੇ ਇਸ ਸਰਕਾਰ ਨੇ ਇਕ ਅਰਬ 23 ਕਰੋੜ ਦਾ ਨਿਸ਼ਾਨਾ ਰਖਿਆ ਹੈ। ਇਸ ਦੇ ਵਿਚ ਸ਼ਹਿਰਾਂ ਦੀ ਡਿਵੈਲਪਮੈਂਟ ਅਤੇ ਪਿੰਡਾਂ ਦੀ ਡਿਵੈਲਪਮੈਂਟ ਅਤੇ ਹੋਰ ਇਸ ਤਰ੍ਹਾਂ ਦੀ ਡਿਵੈਲਪਮੈਂਟ ਦੇ ਖਰਚ ਵਾਸਤੇ ਇਤਨੀ ਵਡੀ ਰਕਮ ਰਖੀ ਹੈ। ਇਹ ਸਾਡੀ ਪਹਿਲੀ ਸਰਕਾਰ ਦਾ ਪਹਿਲਾ ਕੰਮ ਹੈ ਜਿਸ ਦੇ ਵਾਸਤੇ ਇਹ ਧੰਨਵਾਦ ਦੀ ਪਾਤਰ ਹੈ।

ਸਾਡੀ ਸਰਕਾਰ ਨੇ ਗੰਦਮ ਦਾ ਨਿਸ਼ਾਨਾ 80 ਲੱਖ ਮੀਟਰਕ ਟਨ ਦਾ ਰਖਿਆ ਹੈ, 11.25 ਲੱਖ ਟਨ ਚਾਵਲ ਅਤੇ 8.25 ਲੱਖ ਟਨ ਮਕੀ ਹੈ। ਇਤਨਾ ਨਿਸ਼ਾਨਾ ਅਜ ਤਕ ਕੋਈ ਸਰਕਾਰ ਨਹੀਂ ਰਖ ਸਕੀ। ਇਸ ਤੋਂ ਇਲਾਵਾ ਜਿਹੜੀ ਵਡੀ ਗਲ ਕੀਤੀ ਹੈ ਉਹ ਹੈ ਵਡੇ ਅਨਾਜ ਨੂੰ, ਵਡੇ ਵਪਾਰ ਨੂੰ ਆਪਣੇ ਹਥਾਂ ਵਿਚ ਲੈਣ ਦਾ ਹੈ। ਇਹ ਜਿਹੜੇ ਕੰਮ ਹਨ ਇਹ ਸ਼ਲਾਘਾ ਯੋਗ ਹਨ।

ਇਸ ਤੋਂ ਇਲਾਵਾ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ 15 ਅਗੱਸਤ, 1973 ਤਕ ਹਰ ਇਕ ਪਿੰਡ ਨੂੰ ਲਿੰਕ ਰੋਡ ਨਾਲ ਮਿਲਾ ਦਿਤਾ ਜਾਏਗਾ। ਨਾ ਅਕਾਲੀਆਂ ਦੀ ਸਰਕਾਰ ਨੇ ਅਤੇ ਨਾ ਹੀ ਜਨਸੰਘੀਆਂ ਦੀ ਸਰਕਾਰ ਨੇ ਕੋਈ ਇਡਾ ਵਡਾ ਮਾਰਗ ਨਹੀਂ ਸੀ ਬਣਾਇਆ ਜਿਹੜਾ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ 427 ਮੀਲ ਦਾ ਇਡਾ ਵਡਾ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਹੈ। (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ** : × × ×× ×× (ਵਿਘਨ)

**ਸ੍ਰੀ ਡਿਪਟੀ ਸਪੀਕਰ**: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (This is no point of order.)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਗੁਰਦਿਆਲ ਸੈਣੀ:** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਗੁਰੂ ਗੋਬਿੰਦ ਸਿੰਘ ਮਾਰਗ ਦਾ ਉਦਘਾਟਨ 20 ਮਾਰਚ ਨੂੰ ਸਾਡੇ ਚੀਫ਼ ਮਨਿਸਟਰ ਸਾਹਿਬ ਕਰਕੇ ਆਏ ਹਨ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਜਿਹੜਾ ਸ਼ਲਾਘਾਯੋਗ ਕੰਮ ਕਰ ਰਹੀ ਹੈ ਉਹ ਹੈ 2 ਲੱਖ ਬੇਘਰੇ ਲੋਕਾਂ ਨੂੰ, ਜਿਨ੍ਹਾਂ ਪਾਸ ਆਪਣੇ ਮਕਾਨ ਨਹੀਂ ਹਨ, ਆਪਣੀ ਜ਼ਮੀਨ ਨਹੀਂ ਹੈ, ਉਨ੍ਹਾਂ ਨੂੰ ਮਕਾਨ ਬਣਾਉਣ ਲਈ ਪਲਾਟ ਆਦਿ ਦਿਤੇ ਜਾਣਗੇ। ਲੇਕਿਨ ਇਕ ਗਲ ਮੈਂ ਆਪਣੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਅਕਾਲੀ ਪਿੰਡਾਂ ਅਤੇ ਸ਼ਹਿਰਾਂ ਵਿਚ ਵਿਤਕਰਾ ਕਰਦੇ ਹੁੰਦੇ ਸਨ ਇਹ ਵਿਤਕਰਾ ਨਹੀਂ ਹੋਣਾ ਚਾਹੀਦਾ। ਸ਼ਹਿਰੀ ਬੇਘਰਿਆਂ ਵਾਸਤੇ ਇਹ ਸਕੀਮ ਲਾਗੂ ਕਰਨੀ ਚਾਹੀਦੀ ਹੈ। ਜਿਹੜੀ ਸਕੀਮ ਇਸ ਭਾਸ਼ਨ ਵਿਚ ਨਹੀਂ ਆ ਸਕੀ, ਪਰ ਇਸ ਦੇ ਨਾਲ ਹੀ ਮੈਂ ਪਾਂਡੇ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਹਾਊਸਿੰਗ ਬੋਰਡ ਬਣਾ ਕੇ ਇਸ ਸਕੀਮ ਦੀ ਡਿਵੈਲਪਮੈਂਟ ਵਿਚ ਹੋਰ ਵਾਧਾ ਕੀਤਾ ਹੈ। ਜਿਸ ਤਰ੍ਹਾਂ ਡਿਵੈਲਪਮੈਂਟ ਬੋਰਡ ਲੁਧਿਆਣੇ ਬਣਾਇਆ ਗਿਆ ਹੈ, ਇਹ ਸਾਡੇ ਨਾਲ ਜ਼ਿਆਦਤੀ ਹੈ ਕਿ ਇਹੋ ਜਿਹਾ ਇਕ ਬੋਰਡ ਜਲੰਧਰ ਨਹੀਂ ਬਣਾਇਆ, ਇਹ ਜਲੰਧਰ ਵਿਚ ਵੀ ਬਣਾਇਆ ਜਾਣਾ ਚਾਹੀਦਾ ਹੈ। ਸਾਡੀ ਸਰਕਾਰ ਨੇ ਇੰਪਰੂਵਮੈਂਟ ਟਰੱਸਟ ਸਕੀਮ ਜਲੰਧਰ ਵਿਚ ਬਣਾਈ ਹੈ ਜਿਸ ਦੇ ਵਿਚ ਇਹ ਹੈ ਕਿ ਅਨੁਸੂਚਿਤ ਜਾਤੀਆਂ ਦੇ, ਹਰੀਜਨ ਅਤੇ ਹੋਰ ਜਿਨ੍ਹਾਂ ਦੀ ਤਨਖ਼ਾਹ ਤਿੰਨ ਸੌ ਰੁਪਏ ਤੋਂ ਘੱਟ ਹੈ ਉਹ ਸਕੀਮ ਉਨ੍ਹਾਂ ਲੋਕਾਂ ਵਾਸਤੇ ਹੈ। ਬਾਈ ਪਾਸ ਉਪਰ ਇਕ ਸਕੀਮ ਬਣਾਈ ਹੈ। ਉਥੇ 800 ਪਲਾਟ ਕਟੇ ਜਾਣੇ ਹਨ ਅਤੇ ਹਰ ਇਕ ਪਲਾਟ 4 ਮਰਲੇ ਦਾ ਹੋਵੇਗਾ ਜਿਹੜੇ ਪਲਾਟ ਹਨ ਉਹ ਰਿਜ਼ਰਵ ਪ੍ਰਾਈਸ ਤੇ ਦਿਤੇ ਜਾਣਗੇ ਅਤੇ ਉਨ੍ਹਾਂ ਦੀ ਮਿਆਦ 30 ਸਾਲ ਹੋਵੇਗੀ, ਇਹ ਵੀ ਇਕ ਬੜਾ ਚੰਗਾ ਅਤੇ ਸ਼ਲਾਘਾਯੋਗ ਕਦਮ ਹੈ।

ਇਸ ਤੋਂ ਇਲਾਵਾ ਸਾਡੀ ਸਰਕਾਰ ਨੇ 1955 ਵਿਚ ਗੋਪਾਲ ਨਗਰ ਵਿਚ ਕੁਆਟਰ ਬਣਾਏ ਸਨ ਅਤੇ ਫ਼ੈਸਲਾ ਕੀਤਾ ਸੀ ਕਿ ਇਹ ਕੁਆਟਰ 30 ਸਾਲਾ ਕਿਸ਼ਤਾਂ ਦੀ ਸਕੀਮ ਦੇ ਤਹਿਤ ਦਿਤੇ ਜਾਣਗੇ ਅਤੇ ਲੋਕਾਂ ਨੂੰ ਵਸਾਇਆ ਜਾਏਗਾ। ਲੇਕਿਨ ਮੈਂ ਆਪਣੇ ਲੋਕਲ ਬਾਡੀ ਮਨਿਸਟਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਉਪਰ 22 ਹਜ਼ਾਰ ਰੁਪਏ ਪਲਾਟ ਦੀ ਕੀਮਤ ਵਜੋਂ ਲਾ ਦਿਤੇ ਗਏ। ਇਹ ਕੀਮਤ ਬਹੁਤ ਜ਼ਿਆਦਾ ਹੈ ਅਤੇ ਇਹ 14-15 ਹਜ਼ਾਰ ਰੁਪਏ ਤੋਂ ਵਧ ਨਹੀਂ ਹੋਣੀ ਚਾਹੀਦੀ। ਇਸ ਦੇ ਬਾਰੇ ਵਿਚ ਇਨ੍ਹਾਂ ਨੂੰ ਖਿਆਲ ਰਖਣਾ ਚਾਹੀਦਾ ਹੈ ਤਾਂ ਕਿ ਸ਼ਹਿਰਾਂ ਵਿਚ ਸਾਡੀ ਕੋਈ ਖਰਾਬੀ ਨਾ ਹੋਵੇ।

ਇਸ ਤੋਂ ਇਲਾਵਾ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਜਿਹੜਾ ਟੀਚਰਾਂ ਲਈ ਕੰਮ ਕੀਤਾ ਹੈ ਉਹ ਅਜੇ ਤਕ ਕੋਈ ਸਰਕਾਰ ਨਹੀਂ ਕਰ ਸਕੀ। 18 ਲੱਖ ਰੁਪਏ ਦਾ ਘਾਟਾ ਸਾਡੇ ਵਿੱਤ ਮੰਤਰੀ ਸਾਹਿਬ ਅਤੇ ਚੀਫ਼ ਮਨਿਸਟਰ ਸਾਹਿਬ ਨੇ ਮੰਨ ਲਿਆ ਹੈ, ਇਹ ਕੰਮ ਅਕਾਲੀ ਜਨ ਸੰਘ ਸਰਕਾਰ ਨਹੀਂ ਸੀ ਕਰ ਪਾਈ। ਇਸ ਤੋਂ ਇਲਾਵਾ ਨਾਨ-ਟੀਚਿੰਗ ਸਟਾਫ਼ ਜਿਹੜਾ ਸਕੂਲਾਂ ਵਿਚ ਹੈ ਉਸ ਦੇ ਵਾਸਤੇ ਵੀ ਸ਼ਲਾਘਾਯੋਗ ਕਦਮ ਚੁੱਕੇ ਹਨ।

ਹੁਣ ਮੈਂ ਸਪੋਰਟਸ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ। ਜਿਸ ਤਰ੍ਹਾਂ ਜਲੰਧਰ ਵਿਚ ਸਪੋਰਟਸ ਕਾਲਜ ਹੈ ਅਤੇ ਜਿਥੇ ਮੁਫ਼ਤ ਤਾਲੀਮ ਦਿਤੀ ਜਾਂਦੀ ਹੈ, ਮੁਫ਼ਤ ਰਿਹਾਇਸ਼ ਦਿਤੀ ਜਾਂਦੀ ਹੈ, ਇਸੇ ਤਰ੍ਹਾਂ ਪਟਿਆਲਾ ਅਤੇ ਲੁਧਿਆਣਾ ਵਿਚ ਇਕ ਇਕ ਕਾਲਜ ਖੋਲ੍ਹਣੇ ਹਨ। ਸਾਡੀ ਸਰਕਾਰ ਨੇ ਇਕ ਹਜ਼ਾਰ ਪ੍ਰਾਇਮਰੀ ਸਕੂਲ, 100 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਅਤੇ 50 ਮਿਡਲ ਸਕੂਲਾਂ ਨੂੰ ਹਾਈ ਸਕੂਲ ਅਪਗਰੇਡ ਕਰਨ ਦਾ ਟੀਚਾ 1973-74 ਵਿਚ ਮਿਥਿਆ ਹੈ ਅਤੇ ਇਸੇ ਤਰ੍ਹਾਂ 1972-73 ਵਿਚ ਇਕ ਹਜ਼ਾਰ ਪ੍ਰਾਇਮਰੀ ਸਕੂਲ ਖੋਲੇ ਸਨ। ਹੁਣ ਸਾਡੀ ਸਰਕਾਰ ਨੇ ਤਿੰਨ ਹਜ਼ਾਰ ਜੇ. ਬੀ. ਟੀ. ਟੀਚਰਜ਼ ਅਤੇ 450 ਦੀਗਰ ਟੀਚਰ ਅਬਜ਼ਾਰਵ ਕਰਨ ਦਾ ਟੀਚਾ ਹੈ ਅਤੇ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਨੌਕਰੀ ਮਿਲ ਜਾਏਗੀ। ਇਸ ਦੇ ਨਾਲ ਹੀ ਜਿਹੜੇ ਸਾਡੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]
ਦੂਰ ਦੂਰ ਸਕੂਲ ਹਨ ਅਤੇ ਬੱਚਿਆਂ ਨੂੰ ਤਕਲੀਫ਼ ਹੁੰਦੀ ਹੈ ਉਥੇ ਜਾਣ ਲਈ ਉਹ ਵੀ ਨੇੜੇ ਨੇੜੇ ਦੇ ਸਕੂਲਾਂ ਵਿਚ ਪੜ੍ਹ ਸਕਣਗੇ ।

ਡਿਪਟੀ ਸਪੀਕਰ ਸਾਹਿਬ, ਇਕ ਮੈਂ ਹੋਰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਇਕ ਫੁਲੇਰਵਾ ਗਰਲਜ਼ ਹਾਈ ਸਕੂਲ ਰੇਲਵੇ ਕਾਲੋਨੀ ਜਲੰਧਰ ਹੈ, ਉਸ ਨੂੰ 1967 ਤਕ ਗ੍ਰਾਂਟ ਮਿਲਦੀ ਰਹੀ ਸੀ, ਪਰ ਅਕਾਲੀ-ਸਰਕਾਰ ਨੇ ਉਸ ਦੀ ਗ੍ਰਾਂਟ ਨਾਮਨਜ਼ੂਰ ਕਰ ਦਿਤੀ ਸੀ। ਮੈਂ ਮਨਿਸਟਰ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਸ ਸਕੂਲ ਦੀ ਗ੍ਰਾਂਟ ਲਾਜ਼ਮੀ ਤੌਰ ਤੇ ਚਾਲੂ ਕਰ ਦੇਣੀ ਚਾਹੀਦੀ ਹੈ।

ਪੰਜਾਬੀ ਭਾਸ਼ਾ ਦੀ ਤਰੱਕੀ ਵਾਸਤੇ ਸਾਡੀ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਇਨ੍ਹਾਂ ਨੇ ਤਾਂ ਪੰਜਾਬੀ ਵਿਚ ਭਾਸ਼ਨ ਪਾੜੇ, ਪਰ ਅਸੀਂ ਇਸ ਵਾਸਤੇ ਵੱਧ ਰੁਪਏ ਰਖੇ ਹਨ। ਇਸ ਦੇ ਨਾਲ ਹੀ ਸਾਡੀ ਸਰਕਾਰ ਨੇ ਜਿਹੜਾ ਹੋਰ ਕੰਮ ਕੀਤਾ ਹੈ ਉਹ ਹੈ ਭਾਈ ਵੀਰ ਸਿੰਘ ਦੀ ਯਾਦਗਾਰ ਜਿਸ ਤੇ ਢਾਈ ਲੱਖ ਰੁਪਏ ਖਰਚ ਆਏ। ਇਹ ਕੰਮ ਅਕਾਲੀ ਜਨਸੰਘ ਸਰਕਾਰ ਨਾ ਕਰ ਪਾਈ। ਲੇਕਿਨ ਜਿਹੜਾ ਹਿੰਦੀ ਵਾਸਤੇ ਰੁਪਿਆ ਰਖਿਆ ਹੈ ਉਹ ਬਹੁਤ ਘੱਟ ਹੈ, ਉਸ ਦੇ ਵਾਸਤੇ ਹੋਰ ਵੱਧ ਰਕਮ ਰਖਣੀ ਚਾਹੀਦੀ ਹੈ।

ਇਸ ਤੋਂ ਅਗੇ ਮੈਂ ਮਿਲਕ ਪਲਾਂਟ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਜਿਸ ਤਰ੍ਹਾਂ ਹਰ ਡਿਸਟ੍ਰਿਕਟ ਵਿਚ ਮਿਲਕ ਪਲਾਂਟ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਦੁਧ ਦੀਆਂ ਨਹਿਰਾਂ ਵਗਣਗੀਆਂ। ਇਸ ਦੇ ਨਾਲ ਹੀ ਮੇਰੀ ਅਰਜ਼ ਵੀ ਕਾਬਲੇ ਗੌਰ ਹੈ ਕਿ ਜਲੰਧਰ ਵਿਚ ਵੀ ਮਿਲਕ ਪਲਾਂਟ ਲਾਉਣਾ ਚਾਹੀਦਾ ਹੈ ਅਤੇ ਇਸੇ ਤਰ੍ਹਾਂ ਲੁਧਿਆਣਾ ਅਤੇ ਹੁਸ਼ਿਆਰਪੁਰ ਵਿਚ ਵੀ ਖੋਲ੍ਹਣ ।

ਇਕ ਅਰਜ਼ ਮੈਂ ਹਰੀਜਨ ਧਰਮਸ਼ਾਲਾਵਾਂ ਬਾਰੇ ਵੀ ਕਰਨੀ ਚਾਹੁੰਦਾ ਹਾਂ। ਇਹ ਜਿਹੜੀ ਅਕਾਲੀ ਜਨਸੰਘ ਸਰਕਾਰ ਸੀ ਇਹ ਇਸ ਸਿਲਸਿਲੇ ਵਿਚ ਵਿਤਕਰਾ ਕਰਦੀ ਰਹੀ ਅਤੇ ਇਕ ਵੀ ਧਰਮਸ਼ਾਲਾ ਕਿਸ ਸ਼ਹਿਰ ਵਿਚ ਨਹੀਂ ਸੀ ਬਣਾਈ। ਪਰ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਇਸ ਕਿਸਮ ਦਾ ਕੋਈ ਵਿਤਕਰਾ ਨਹੀਂ ਰਖਿਆ ਖਾਹ ਕੋਈ ਪਿੰਡ ਹੈ ਖਾਹ ਕੋਈ ਸ਼ਹਿਰ ਹੈ, ਲੋੜ ਅਨੁਸਾਰ ਧਰਮਸ਼ਲਾਵਾਂ ਦਿਤੀਆਂ ਹਨ। ਮੇਰੇ ਹਲਕੇ ਵਿਚ ਸ਼ਹਿਰਾਂ ਵਿਚ ਕੋਈ 12 ਧਰਮਸ਼ਲਾਵਾਂ ਦਿਤੀਆਂ ਹਨ, ਇਸ ਲਈ ਸਰਕਾਰ ਧੰਨਵਾਦ ਦੀ ਪਾਤਰ ਹੈ।

ਇਸੇ ਤਰ੍ਹਾਂ ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਪਿੰਡਾਂ ਵਿਚ ਬੇਘਰ ਲੋਕਾਂ ਨੂੰ ਮਕਾਨ ਵਾਸਤੇ ਥਾਂ ਦਿਤੀ ਜਾ ਰਹੀ ਹੈ ਇਸੇ ਤਰ੍ਹਾਂ ਸ਼ਹਿਰਾਂ ਵਿਚ ਜਿਹੜੇ ਲੋਕ 20—20 ਸਾਲ ਤੋਂ ਹਰੀਜਨ ਬੈਠੇ ਹਨ ਜਾਂ ਹੋਰ ਗਰੀਬ ਲੋਕ ਬੈਠੇ ਹਨ ਉਨ੍ਹਾਂ ਨੂੰ ਵੀ ਰਿਜ਼ਰਵ ਪ੍ਰਾਈਸ ਤੇ ਮਕਾਨ/ਪਲਾਟ ਮਿਲਣੇ ਚਾਹੀਦੇ ਹਨ ਅਤੇ ਇਹ ਸਕੀਮ ਸ਼ਹਿਰਾਂ ਵਿਚ ਵੀ ਲਾਗੂ ਕਰਨੀ ਚਾਹੀਦੀ ਹੈ।

**ਸ੍ਰੀ ਡਿਪਟੀ ਸਪੀਕਰ**: ਸੈਣੀ ਸਾਹਿਬ, ਹੁਣ ਤੁਸੀਂ ਤਸ਼ਰੀਫ਼ ਰਖੋ । (Saini Sahib, please resume your seat now).

**ਸ੍ਰੀ ਗੁਰਦਿਆਲ ਸੈਣੀ**: ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਇਕ ਗਲ ਬਿਜਲੀ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਠੀਕ ਹੈ ਕਿ ਬਿਜਲੀ ਦਾ ਇਕ ਬਹੁਤ ਬੜਾ ਸੰਕਟ ਪੈਦਾ ਹੋ ਗਿਆ ਹੈ। ਇਹ ਵੀ ਠੀਕ ਹੈ ਕਿ ਇਸ ਦੇ ਕਾਰਨ ਇੰਡਸਟਰੀ ਤਬਾਹ ਹੋ ਰਹੀ ਹੈ ਅਤੇ ਐਗਰੀਕਲਚਰ ਦੀ ਵੀ ਤਬਾਹੀ ਹੋ ਰਹੀ ਹੈ। ਇਸ ਦੇ ਵਾਸਤੇ ਮੈਂ ਸੁਝਾਵ ਦਿੰਦਾ ਹਾਂ ਕਿ ਇਕ ਅਟਾਮਿਕ ਪਲਾਂਟ ਪੰਜਾਬ ਵਿਚ ਜ਼ਰੂਰ ਲਾਉਣਾ ਚਾਹੀਦਾ ਹੈ, ਜਿਹੜਾ ਸਾਡਾ ਹਾਈਡਲ ਪਲਾਂਟ ਹੈ ਉਸ ਨੂੰ ਜਲਦੀ ਚਾਲੂ ਕੀਤਾ ਜਾਵੇ ਅਤੇ ਬਠਿੰਡਾ ਵਿਚ ਜਿਹੜਾ

Original with;
Punjab Vidhan Sabha
Digitized by;
Panjab Digital Library

ਪਲਾਂਟ ਹੈ ਜਿੰਨੀ ਜਲਦੀ ਹੋ ਸਕੇ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇ । ਸਾਡੀ ਸਰਕਾਰ ਨੇ 22 ਵਡੇ ਇੰਡਸਟਰੀ ਪ੍ਰਾਜੈਕਟ ਪੰਜਾਬ ਵਿਚ ਲਾਉਣ ਦਾ ਫੈਸਲਾ ਕੀਤਾ ਹੈ। ਇਹ ਉਹ ਪ੍ਰਾਜੈਕਟ ਹਨ ਜਿਹੜੇ ਕਿ ਅਕਾਲੀ ਜਨਸੰਘ ਦੇ ਰਿਜੀਮ ਵਿਚ ਪੰਜਾਬ ਨੂੰ ਮਿਲੇ ਸਨ ਪਰ ਉਹ ਲਾ ਨਹੀਂ ਸਨ ਸਕੇ। ਉਹ ਲਾਉਂਦੇ ਵੀ ਕਿਥੋਂ ਉਨ੍ਹਾਂ ਨੂੰ ਤਾਂ ਪ੍ਰਾਜੈਕਟ ਦੇ ਮਾਇਨੇ ਵੀ ਨਹੀਂ ਸਨ ਆਉਂਦੇ। ਸਾਡੀ ਸਰਕਾਰ ਨੇ ਇਸ ਥੋੜੇ ਅਰਸੇ ਵਿਚ 4-5 ਪ੍ਰਾਜੈਕਟ ਮੁਹਾਲੀ, ਤਿੰਨ ਲੁਧਿਆਣਾ, ਇਕ ਅੰਮ੍ਰਿਤਸਰ, ਇਕ ਜਲੰਧਰ ਵਿਚ ਵਡੇ ਪਲਾਂਟ ਲਾਏ ਹਨ ਅਤੇ ਇਕ ਜਲੰਧਰ ਵਿਚ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਹੁਣ ਤਸ਼ਰੀਫ਼ ਰਖੋ। (Please resume your seat now).

**ਸ੍ਰੀ ਗੁਰਦਿਆਲ ਸੈਣੀ** : ਡਿਪਟੀ ਸਪੀਕਰ ਸਾਹਿਬ,ਇਹ ਮੇਰੇ ਨਾਲ ਜ਼ਿਆਦਤੀ ਹੈ । (ਵਿਘਨ)

**ਸ੍ਰੀ ਡਿਪਟੀ ਸਪੀਕਰ**: ਸੈਣੀ ਸਾਹਿਬ, ਮਨਿਸਟਰ ਸਾਹਿਬ ਨੇ ਬੋਲਣਾ ਹੈ, ਸੀ. ਐਮ. ਸਾਹਿਬ ਨੇ ਵੀ ਬੋਲਣਾ ਹੈ, ਤੁਸੀਂ ਬਜਟ ਦੀ ਡਿਸਕਸ਼ਨ ਤੇ ਬੋਲ ਲੈਣਾ। (Saini Sahib, the hon. Minister as well as the hon. Chief Minister have to speak. So you may have more time duing the discussion on the Budget.)

**ਸ੍ਰੀ ਗੁਰਦਿਆਲ ਸੈਣੀ** : ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਬੜੀ ਮਿੱਟੀ ਪਲੀਤ ਹੋਈ। ਮੈਂ ਇਨ੍ਹਾਂ ਨੂੰ ਹਾਊਸ ਵਿਚ ਕਿਹਾ ਸੀ ਕਿ ਬਾਈ-ਪਾਸ ਤੇ ਇੱਕ ਟਰੱਕ ਪਕੜਿਆ ਗਿਆ। ਉਸ ਟਰੱਕ ਦਾ ਬੰਦਾ ਕਤਲ ਹੋ ਗਿਆ ਔਰ ਦੋ ਦਿਨ ਕਾਤਿਲ ਨਹੀਂ ਲੱਭਾ । ਜਿਸ ਵੇਲੇ ਹੁਣ ਜਲੰਧਰ ਵਿਚ ਬੈਂਕ ਦੀ ਚੋਰੀ ਹੋਈ ਤਾਂ ਇੱਕ ਘੰਟੇ ਵਿਚ ਚੋਰੀ ਪਕੜੀ ਗਈ ਅਤੇ ਸਾਰਾ ਮਾਲ ਪਕੜ ਲਿਆ ਸੀ। ਇਸੇ ਹਾਊਸ ਵਿਚ ਇਹ ਜਿਹੜੀਆਂ ਗਲਤ ਗੱਲਾਂ ਕਰਦੇ ਹਨ ਇਹ ਇਨ੍ਹਾਂ ਨੂੰ ਵਾਜਬ ਨਹੀਂ ਹਨ । ਡਿਪਟੀ ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਕਈ ਪਿੰਡ ਡੁਬ ਗਏ ਹਨ। ਮੈਂ ਲੋਕਲ ਬਾਡੀ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਦਾ ਹਾਂ ਕਿ ਕੋਈ ਸਕੀਮ ਲਾਜ਼ਮੀ ਤੌਰ ਤੇ ਬਣਾਉਣ। ਮੈਂ ਅਖੀਰ ਵਿਚ ਇਸ ਐਡਰੈਸ ਦੀ ਪ੍ਰੋੜਤਾ ਕਰਦਾ ਹਾਂ ਕਿ ਗਿਆਨੀ ਜੀ ਦੀ ਮਿਹਰਬਾਨੀ ਨਾਲ ਇਸ ਐਡਰੈਸ ਵਿਚ ਬੜੀਆਂ ਚੰਗੀਆਂ ਚੀਜ਼ਾਂ ਹਨ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿੰਨਾਂ ਟਾਈਮ ਅਸੀਂ ਲਿਆ ਹੈ ਉਹ ਦਸ ਦਿਉ। (ਵਿਘਨ)

**Mr. Deputy Speaker** : I have given my ruling that there is no time for Akali Party, because the Akali Paity has already taken ample time.

**ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼** : (ਸ੍ਰੀ ਗਿਆਨ ਚੰਦ ਖਰਬੰਦਾ) ਡਿਪਟੀ ਸਪੀਕਰ ਸਾਹਿਬ, ਮੈਂ ਇਸ ਹਾਊਸ ਵਿਚ ਹੋਈਆਂ ਤਕਰੀਰਾਂ ਬੜੇ ਧਿਆਨ ਨਾਲ ਸੁਣੀਆਂ ਹਨ ਜਿਹੜੀਆਂ ਕਿ ਮਹਿੰਗਾਈ ਅਤੇ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਦੇ ਮੁਤੱਲਕ ਹੋਈਆਂ ਹਨ। ਮੈਂ ਇਤਨਾ ਹੀ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਪਾਰਲੀਮੈਂਟ ਵਿਚ ਫਾਈਨਾਂਸ ਮਨਿਸਟਰ ਸਾਹਿਬ ਨੇ ਫ਼ਰਮਾਇਆ ਹੈ ਮਹਿੰਗਾਈ ਦਾ ਮਸਲਾ ਇਕ ਆਲ ਇੰਡੀਆ ਮਸਲਾ ਹੈ ਅਤੇ ਕਿਸੇ ਇਕ ਸਟੇਟ ਦਾ ਮਸਲਾ ਨਹੀਂ । ਉਨ੍ਹਾਂ ਨੇ ਫਰਮਾਇਆ ਹੈ ਕਿ ਪਾਕਿਸਤਾਨ ਦੀ ਜੰਗ ਔਰ ਬਾਰਸ਼ ਨਾ ਹੋਣ ਕਾਰਨ ਜ਼ਰੂਰੀ ਚੀਜ਼ਾਂ ਦੇ ਭਾਅ ਵੱਧੇ ਹਨ । ਇਸ ਦਾ ਅਸਰ ਪੰਜਾਬ ਉਤੇ ਵੀ ਪਿਆ ਹੈ। ਮੈਂ ਬੜੇ ਧਿਆਨ ਨਾਲ ਸਪੀਚਾਂ ਸੁਣੀਆਂ ਹਨ ਅਤੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਸਰਕਾਰ ਨੇ ਕਿਹੜਾ ਕਦਮ ਐਸਾ ਉਠਾਇਆ ਹੈ ਜਿਸ ਦੇ ਨਤੀਜੇ ਦੇ ਤੌਰ ਤੇ ਭਾਅ ਵੱਧੇ ਹਨ ਜਾਂ ਕਿਹੜਾ ਕਦਮ ਨਹੀਂ ਉਠਾਇਆ ਜਿਹੜਾ ਕਿ ਉਠਾਇਆ ਜਾਣਾ ਚਾਹੀਦਾ ਸੀ ਅਤੇ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਖੁਰਾਕ ਅਤੇ ਸਪਲਾਈਜ਼]

ਮਹਿੰਗਾਈ ਨੂੰ ਰੋਕਣ ਵਿਚ ਹੈਲਪਫੁਲ ਸਾਬਤ ਹੋਣਾ ਸੀ। ਇਨ੍ਹਾਂ ਮੈਂਬਰਾਂ ਦੀ ਨਜ਼ਰ ਵਿਚ ਪੰਜਾਬ ਗੌਰਮਿੰਟ ਨੇ ਆਪਣੀ ਡਿਊਟੀ ਨੂੰ ਚੰਗੀ ਤਰ੍ਹਾਂ ਨਿਭਾਇਆ ਹੈ।

**ਸਰਦਾਰ ਰਣਧੀਰ ਸਿੰਘ ਚੀਮਾ** : ×× ×× ×× ××

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (Whatever is being said without the permission of the Chair, should not form part of the proceedings.)

**ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼** : ਡਿਪਟੀ ਸਪੀਕਰ ਸਾਹਿਬ, ਪੋਜ਼ੀਸ਼ਨ ਇਹ ਹੈ ਕਿ ਕਈ ਸੁਝਾਵ ਦਿਤੇ ਗਏ। ਕਾਮਰੇਡ ਸੱਤਪਾਲ ਡਾਂਗ ਵਲੋਂ ਸੁਝਾਵ ਦਿਤਾ ਗਿਆ ਕਿ ਸ਼ੂਗਰ ਮਿਲਾਂ ਜਿਹੜੀਆਂ ਕਿ ਇਸ ਵੇਲੇ ਪੰਜਾਬ ਵਿਚ 6 ਹਨ ਅਤੇ 4 ਕੋਆਪਰੇਟਿਵ ਸੈਕਟਰ ਵਿਚ ਹਨ। ਅਤੇ ਆਟੇ ਦੀਆਂ ਮਿਲਾਂ ਜਿਹੜੀਆਂ ਕਿ 11 ਹਨ ਅਤੇ ਜਿਨ੍ਹਾਂ ਤੇ ਪਿਸਾਈ ਤੇ ਆਲਰੈਡੀ ਕੰਟਰੋਲ ਹੈ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ। ਮੈਂ ਕਹਿੰਦਾ ਹਾਂ ਕਿ ਭਾਰਤ ਸਰਕਾਰ ਦੀ ਪਾਲਿਸੀ ਦੇ ਮੁਤਾਬਕ ਪੰਜਾਬ ਸਰਕਾਰ ਨੇ ਕਣਕ ਦੀ ਥੋਕ ਤਜਾਰਤ ਨੂੰ ਹੱਥ ਵਿਚ ਲੈਣ ਦਾ ਜਿਹੜਾ ਫੈਸਲਾ ਕੀਤਾ ਹੈ ਅਤੇ ਭਾਰਤ ਸਰਕਾਰ ਨੂੰ ਜਿਹੜਾ ਯਕੀਨ ਦਿਲਾਇਆ ਹੈ ਕਿ ਪੂਰੇ ਦਿਲ ਨਾਲ ਉਸ ਤੇ ਅਮਲ ਕੀਤਾ ਜਾਵੇਗਾ, ਉਸ ਨੂੰ ਕਾਮਯਾਬ ਬਣਾਉਣ ਵਿਚ ਪੂਰਾ ਤੁਆਵਨ ਦਿੱਤਾ ਜਾਵੇ। ਜਿਹੜੇ ਲੋਕ ਨੈਸ਼ਨੇਲਾਈਜ਼ੇਸ਼ਨ ਚਾਹੁੰਦੇ ਹਨ ਇਹ ਉਨ੍ਹਾਂ ਦੀ ਡਿਊਟੀ ਹੈ ਕਿ ਉਹ ਸਕੀਮ ਨੂੰ ਸਫ਼ਲ ਬਣਾਉਣ ਵਿਚ ਪੰਜਾਬ ਸਰਕਾਰ ਦਾ ਸਾਥ ਦੇਣ। ਮੇਰੇ ਇੱਕ ਆਪੋਜ਼ੀਸ਼ਨ ਦੇ ਦੋਸਤ ਨੇ ਉਸ ਸਕੀਮ ਨੂੰ ਫਰਾਡ ਕਿਹਾ ਹੈ। ਇਹ ਸਗੋਂ ਫਰਾਡ ਨਹੀਂ ਇਹ ਸਕੀਮ ਪਰਾਫਿਟੀਅਰਿੰਗ ਅਤੇ ਹੋਰਡਿੰਗ ਨੂੰ ਰੋਕਣ ਵਾਸਤੇ ਇਕ ਬਹੁਤ ਜ਼ਬਰਦਸਤ ਕਦਮ ਹੈ ਜਿਹੜਾ ਕਿ ਵਕਤ ਦੀ ਮੰਗ ਅਨੁਸਾਰ ਉਠਾਇਆ ਗਿਆ ਹੈ। ਕਈਆਂ ਨੇ ਇਹ ਵੀ ਕਿਹਾ ਹੈ ਕਿ ਇਸ ਦੇ ਨਤੀਜੇ ਦੇ ਤੌਰ ਤੇ ਕਈ ਲੱਖਾਂ ਵਪਾਰੀ ਬੇਕਾਰ ਹੋ ਜਾਣਗੇ। ਜਿਥੇ ਇਹ ਗਲ ਗਲਤ ਹੈ ਕਿ ਇਹ ਸਕੀਮ ਫਰਾਡ ਹੈ ਉਥੇ ਇਹ ਗਲ ਵੀ ਗਲਤ ਹੈ ਕਿ ਲੱਖਾਂ ਵਪਾਰੀ ਇਸ ਨਾਲ ਬੇਕਾਰ ਹੋ ਜਾਣਗੇ। ਇਸ ਵੇਲੇ 500 ਕੁਇੰਟਲ ਦੀ ਪਾਬੰਦੀ ਤੋਂ ਉਤੇ ਅਨਾਜ ਰਖਣ ਵਾਲੇ ਵਪਾਰੀ ਇਸ ਸਮੇਂ ਕੁਲ 1,140 ਹਨ ਇਸ ਨਾਲ ਨਾ ਤਾਂ ਕੱਚੇ ਆੜ੍ਹਤੀ ਬੇਕਾਰ ਹੋਣਗੇ ਅਤੇ ਨਾ ਹੀ ਪਰਚੂਣ ਦੁਕਾਨਦਾਰ ਅਤੇ ਤੋਲੇ ਬੇਕਾਰ ਹੋਣਗੇ। ਇਹ ਪ੍ਰਾਪੇਗੰਡਾ ਸਿਰਫ ਇਨਟਰੱਸਟਿਡ ਸਰਕਲ ਵਲੋਂ ਕੀਤਾ ਜਾ ਰਿਹਾ ਹੈ। ਵਪਾਰੀ ਦਾ ਮਤਲਬ ਲੱਖਾਂ ਤੇ ਕਰੋੜਾਂ ਰੁਪਏ ਦਾ ਵਪਾਰ ਕਰਨ ਵਾਲਾ ਨਹੀਂ ਸਗੋਂ ਜਿਹੜਾ ਇੱਕ ਕਿਲੋ ਆਟਾ ਵੇਚਦਾ ਹੈ ਉਹ ਵੀ ਵਪਾਰੀ ਹੈ। ਪੰਜਾਬ ਸਰਕਾਰ ਛੋਟੇ ਆਦਮੀ ਦੇ ਮੁਫ਼ਾਦ ਲਈ ਖਾਸ ਧਿਆਨ ਰਖੇਗੀ। ਪਿਛਲੇ ਸਾਲ ਇਹ ਵਾਕਿਆਤ ਹੋਏ ਕਿ ਕਿਸਾਨ ਦੀ ਆਈ ਜਿਨਸ ਨੂੰ ਖਰੀਦਿਆ ਨਹੀਂ ਗਿਆ ਸੀ ਅਤੇ ਉਸ ਨੂੰ ਮਜਬੂਰ ਹੋ ਕੇ ਘੱਟ ਭਾਅ ਤੇ ਦੇਣੀ ਪਈ ਸੀ। ਪੰਜਾਬ ਸਰਕਾਰ ਨੇ ਹੁਣ ਇਹ ਪ੍ਰੋਵੀਜ਼ਨ ਕੀਤਾ ਹੈ ਕਿ ਕਿਸਾਨ ਦੇ ਮੁਫ਼ਾਦ ਲਈ ਕਿ ਹਰ ਇਕ ਕੁਆਲਿਟੀ ਦੀ ਕਣਕ ਅਤੇ ਝੋਨਾ ਜਿਹੜਾ ਕਿ ਮਾਰਕਿਟ ਵਿਚ ਆਵੇਗਾ ਉਸ ਨੂੰ ਲਾਜ਼ਮੀ ਤੌਰ ਤੇ ਸਰਕਾਰੀ ਏਜੰਸੀਆਂ ਨੂੰ ਖਰੀਦਣਾ ਪਵੇਗਾ। 76 ਰੁਪਏ ਦਾ ਭਾਅ ਹੈ। ਸੁਪੀਰਅਰ ਕੁਆਲਟੀ ਅਤੇ ਹਲਕੀ ਕੁਆਲਟੀ ਦਾ ਭਾਅ ਮੁਕਰਰ ਕਰਨ ਵਾਸਤੇ ਗਲ ਬਾਤ ਚਲ ਰਹੀ ਹੈ ਅਤੇ ਜਲਦੀ ਫੈਸਲਾ ਹੋ ਜਾਵੇਗਾ। ਮੈਂ ਇਹ ਅਰਜ਼ ਕਰਦਾ ਹਾਂ ਕਿ ਕਿਸਾਨ ਜਿਹੜੀ ਵੀ ਕਣਕ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੰਡੀ ਵਿਚ ਲਿਆਵੇਗਾ ਉਹ ਵਾਪਸ ਨਹੀਂ ਜਾਵੇਗੀ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਕਿਸਾਨ ਨੂੰ ਕੋਈ ਤਕਲੀਫ ਨਾ ਹੋਵੇ ਅਤੇ ਕੋਈ ਪਿੰਡ ਐਸਾ ਨਾ ਹੋਵੇ ਜਿਹੜਾ ਕਿ ਮੰਡੀ ਤੋਂ ਪੰਜ ਮੀਲ ਦੂਰ ਹੋਵੇ ਅਤੇ ਕਿਸਾਨ ਨੂੰ ਅਨਾਜ ਵੇਚਣ ਪੰਜ ਮੀਲ ਤੋਂ ਦੂਰ ਜਾਣਾ ਪਵੇ। ਅੱਜ ਤੋਂ ਡੇਢ ਸਾਲ ਪਹਿਲਾਂ ਢਾਈ ਸੌ ਇਹੋ ਜਿਹੇ ਸੈਂਟਰ ਸਨ ਅਤੇ ਪਿਛਲੀ ਹਾੜ੍ਹੀ ਵਿਚ ਉਹ ਸਾਢੇ ਤਿੰਨ ਸੌ ਕਰ ਦਿਤੇ ਗਏ। ਪੰਜਾਬ ਗੌਰਮਿੰਟ ਇਸ ਸਾਲ ਇਹ 4 ਸੌ ਕਰ ਰਹੀ ਹੈ ਤਾਂ ਕਿ ਕਿਸਾਨਾਂ ਨੂੰ ਫਾਇਦਾ ਪਹੁੰਚੇ। ਇਸ ਦੇ ਨਾਲ ਹੀ ਇਹ ਵੀ ਇਲਜ਼ਾਮ ਲਗਾਇਆ ਗਿਆ ਹੈ ਕਿ ਮਹਿਕਮੇ ਦੇ ਅਫ਼ਸਰ ਜਾ ਕੇ ਮੁਆਇਨਾ ਨਹੀਂ ਕਰਦੇ ਅਤੇ ਕਿਸਾਨਾਂ ਨੂੰ ਪੇਮੇਂਟ ਵਕਤ ਸਿਰ ਨਹੀਂ ਮਿਲਦੀ। ਜੇ ਕੋਈ ਇਹੋ ਜਿਹੀ ਚੀਜ਼ ਨੋਟਿਸ ਵਿਚ ਆਈ ਹੈ ਤਾਂ ਸਰਕਾਰ ਅਫ਼ਸਰਾਂ ਤੋਂ ਇਲਾਵਾ ਮੈਂ ਖੁਦ ਕਣਕ ਦੇ ਸੈਂਟਰਾਂ ਤੇ ਗਿਆ। ਥੋਕ ਤਜ਼ਾਰਤ ਬਾਰੇ ਮੈਂ ਇਹ ਵੀ ਅਰਜ ਕਰਾਂਗਾ ਕਿ ਇਕ ਹੋਰ ਕਦਮ ਉਠਾਇਆ ਗਿਆ ਹੈ। ਜਿਥੇ ਇਹ ਸ਼ਿਕਾਇਤ ਸੀ ਕਿ ਜਿਸ ਵੇਲੇ ਹਾੜੀ ਦਾ ਮੌਸਮ ਗੁਜ਼ਰ ਜਾਂਦਾ ਹੈ ਤਾਂ ਭਾਅ ਤੇਜ਼ ਹੋ ਜਾਂਦੇ ਹਨ ਜਿਸ ਨਾਲ ਜਨਤਾ ਨੂੰ ਅਤੇ ਕਿਸਾਨਾਂ ਨੂੰ ਬੜੀ ਤਕਲੀਫ ਹੁੰਦੀ ਹੈ। ਇਸ ਨਾਲ ਹੁਣ ਵੱਡਾ ਵਪਾਰੀ ਇਲੀਮੀਨੇਟ ਹੋ ਜਾਵੇਗਾ। ਇਨਟਰ-ਸਟੇਟ ਪਾਬੰਦੀ ਲਗਾਈ ਜਾਵੇਗੀ ਅਤੇ ਪੰਜਾਬ ਤੋਂ ਬਾਹਰ ਮਾਲ ਨਹੀਂ ਜਾਵੇ ਗਾ। ਇਹ ਵੀ ਭਾਰਤ ਸਰਕਾਰ ਦੇ ਮਸ਼ਵਰੇ ਨਾਲ ਪੰਜਾਬ ਸਰਕਾਰ ਨੇ ਫੈਸਲਾ ਕਰਨਾ ਹੈ ਕਿ ਕਿਤਨਾ ਸਟਾਕ ਰਖ ਸਕਦਾ ਹੈ। ਇਹ ਫੈਸਲਾ ਕੀਤਾ ਹੈ ਕਿ ਪਰਚੂਣ ਕਣਕ ਅਤੇ ਆਟੇ ਦਾ ਭਾਅ ਹਰ ਇਕ ਜਗ੍ਹਾ ਦੇ ਹਾਲਾਤ ਦੇ ਮੁਤਾਬਕ ਪੰਜਾਬ ਸਰਕਾਰ ਖੁਦ ਫਿਕਸ ਕਰੇਗੀ। ਇਹ ਗਰੀਬ ਲੋਕਾਂ ਦੇ ਫਾਇਦੇ ਵਾਸਤੇ ਕਦਮ ਸਰਕਾਰ ਨੇ ਉਠਾਇਆ ਹੈ। ਇਸ ਨੂੰ ਫਰਾਡ ਨਹੀਂ ਕਹਿਣਾ ਚਾਹੀਦਾ ਸਗੋਂ ਵੈਲ-ਕਮ ਕਰਨਾ ਚਾਹੀਦਾ ਹੈ।

**ਸਰਦਾਰ ਰਣਧੀਰ ਸਿੰਘ ਚੀਮਾ**: ਅੱਜ ਕਲ ਕੀ ਭਾਅ ਹੈ ?

**ਰਾਜ ਮੰਤਰੀ, (ਖੁਰਾਕ ਅਤੇ ਸਪਲਾਈਜ਼)**: ਚੀਮਾਂ ਸਾਹਿਬ ਮਦਾਖਲਤ ਨਾ ਕਰੋ। ਭਾਅ ਮੈਂ ਨਾਲ ਲਿਆਇਆ ਹਾਂ। 76 ਰੁਪਏ ਦੀ ਖਰੀਦ ਸੀ। ਉਸ ਦਾ ਕੀ ਭਾਅ ਬਣਦਾ ਹੈ ਤੁਸੀਂ ਵਪਾਰੀ ਬਣਕੇ ਮੇਰੇ ਨਾਲ ਹਿਸਾਬ ਕਰ ਲਓ ਮੈਂ ਦਸ ਦਿਆਂਗਾਂ।

ਡਿਪਟੀ ਸਪੀਕਰ ਸਾਹਿਬ, ਪੁਜ਼ੀਸ਼ਨ ਇਹ ਹੈ ਕਿ ਪੰਜਾਬ ਗੌਰਮਿੰਟ ਨੇ ਭਾਅ ਵਧਣ ਤੋਂ ਰੋਕਣ ਲਈ ਦਸੰਬਰ ਵਿਚ ਇਹ ਫੈਸਲਾ ਕੀਤਾ ਕਿ ਕੋਈ ਵੀ ਵਪਾਰੀ ਪੰਜਾਬ ਗੌਰਮਿੰਟ ਦੀ ਇਜਾਜ਼ਤ ਤੋਂ ਬਗੈਰ ਪੰਜਾਬ ਤੋਂ ਬਾਹਰ ਅਨਾਜ ਨਹੀਂ ਭੇਜ ਸਕਦਾ ਔਰ ਇਸ ਦਾ ਨਤੀਜਾ ਇਹ ਹੋਇਆ ਕਿ ਭਾਅ ਡਿਗੇ। ਇਹ ਗੱਲ ਅਖਬਾਰਾਂ ਵਿਚ ਵੀ ਛਪੀ ਅਤੇ ਮੇਰੇ ਪਾਸ ਵੀ ਰਿਕਾਰਡ ਹੈ। ਇਕ ਗਲ ਮੈਂ ਹੋਰ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਨੇ ਕਿਸੇ ਵੀ ਵਪਾਰੀ ਨੂੰ ਇਕ ਕਿਲੋ ਤਕ ਵੀ ਅਨਾਜ ਬਾਹਰ ਭੇਜਣ ਲਈ ਪਰਮਿਟ ਨਹੀਂ ਦਿਤਾ। ਦੂਜਾ ਕਦਮ ਇਹ ਉਠਾਇਆ ਹੈ ਕਿ ਕੋਈ ਵੀ ਵਪਾਰੀ ਪੰਜ ਸੌ ਕੁਇੰਟਲ ਕਣਕ ਤੋਂ ਜ਼ਿਆਦਾ ਸਟਾਕ ਨਹੀਂ ਕਰ ਸਕਦਾ ਅਤੇ ਮੈਂ ਇਹ ਵੀ ਦਸ ਦੇਵਾਂ ਕਿ ਜਦੋਂ ਅਸੀਂ ਥੋਕ ਵਪਾਰ ਦਾ ਫੈਸਲਾ ਲਾਗੂ ਕਰਾਂਗੇ ਤਾਂ ਮੈਂ ਵਪਾਰੀਆਂ ਨੂੰ ਵਾਰਨਿੰਗ ਦੇ ਦੇਵਾਂਗਾ ਕਿ ਫਲਾਣੀ ਤਾਰੀਖ ਤਕ ਤੁਸੀਂ ਆਪਣਾ ਸਾਰਾ ਅਨਾਜ ਵੇਚ ਲਵੋ। ਡਿਪਟੀ ਸਪੀਕਰ ਸਾਹਿਬ, ਚੰਡੀਗੜ੍ਹ ਜਿਹੜਾ ਕਿ ਅਸੀਂ ਆਪਣਾ ਹੀ ਪਾਰਟ ਸਮਝਦੇ ਹਾਂ ਅਤੇ ਕਲੇਮ ਕਰਦੇ ਹਾਂ ਅਤੇ ਜਿਥੇ ਕਿ ਸਾਡੇ ਪੰਜਾਬੀ ਭਾਈ ਹੀ ਰਹਿੰਦੇ ਹਨ ਉਨ੍ਹਾਂ ਦੀ ਲੋੜ ਪੂਰੀ ਕਰਨ ਵਾਸਤੇ ਵੀ ਕਦਮ ਉਠਾਇਆ ਗਿਆ ਹੈ। ਇਸ ਸ਼ਹਿਰ ਨੂੰ ਪੰਜਾਬ ਦੇ ਫੂਡ ਜ਼ੋਨ ਦੇ ਨਾਲ ਮਿਲਾ ਲਿਆ ਗਿਆ ਹੈ। ਫਿਰ ਇਸ ਤਰ੍ਹਾਂ ਹੀ ਹਿਮਾਚਲ ਪ੍ਰਦੇਸ਼ ਜਿਹੜਾ ਕਿ ਸਾਡਾ ਗਵਾਂਢੀ ਰਾਜ ਹੈ ਉਸ ਦੀ ਜ਼ਰੂਰਤ ਪੂਰੀ ਕਰਨ ਲਈ ਵੀ ਪਿਛਲੇ ਦੋ ਮਹੀਨਿਆਂ ਤੋਂ ਕਣਕ ਅਤੇ ਚੌਲ ਉਨ੍ਹਾਂ ਨੂੰ ਸਪਲਾਈ ਕਰ ਰਹੇ ਹਾਂ। ਹਿਮਾਚਲ ਦੇ ਫੂਡ ਮਨਿਸਟਰ ਸਾਹਿਬ ਕਲ ਸ਼ਾਮ ਨੂੰ ਇਥੇ ਆਏ ਵੀ ਸਨ ਅਤੇ ਉਨ੍ਹਾਂ ਦੇ ਕਹਿਣ ਤੇ ਅਸੀਂ ਉਨ੍ਹਾਂ ਨੂੰ ਹੋਰ ਕਣਕ ਵੀ ਦੇ ਰਹੇ ਹਾਂ। ਇਸ ਤਰ੍ਹਾਂ ਕਰਨ ਨਾਲ ਜਿਥੇ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਖੁਰਾਕ ਅਤੇ ਸਪਲਾਈਜ਼]

ਅਸੀਂ ਆਪਣੀ ਲੋੜ ਨੂੰ ਪੂਰਾ ਕਰ ਰਹੇ ਹਾਂ ਉਥੇ ਦੂਜਿਆਂ ਗਵਾਂਢੀ ਰਾਜਾਂ ਦੀ ਲੋੜ ਵੀ ਪੂਰਾ ਕਰ ਰਹੇ ਹਾਂ। ਇਸ ਬਾਰੇ ਤੁਸੀਂ ਖਬਰਾਂ ਵੀ ਪੜ੍ਹਦੇ ਹੋ ਅਤੇ ਰੇਡਿਓ ਉਪਰ ਵੀ ਸੁਣਦੇ ਹੋ ਕਿ ਜਿਥੇ ਵੀ ਕੋਈ ਐਮ.ਐਲ.ਏ. ਸਾਹਿਬਾਨ ਚਾਹੁੰਦੇ ਹਨ ਉਥੇ ਹੀ ਅਨਾਜ ਦਾ ਡਿਪੋ ਖੋਲ੍ਹ ਦਿਤਾ ਜਾਂਦਾ ਹੈ।

**ਕਾਮਰੇਡ ਦਾਨਾ ਰਾਮ** : ਆਟੇ ਬਾਰੇ ਤਾਂ ਦਸ ਦਿਤਾ ਹੈ, ਖੰਡ ਬਾਰੇ ਵੀ ਦਸ ਦਿਓ ਕਿ ਖੰਡ ਦਾ ਕੀ ਭਾਅ ਹੈ।

**ਰਾਜ ਮੰਤਰੀ ਖੁਰਾਕ ਅਤੇ ਸਪਲਾਈਜ਼** : ਕਾਮਰੇਡ ਜੀ ਮੈਨੂੰ ਤੁਹਾਡੇ ਤੋਂ ਇਹ ਆਸ ਨਹੀਂ ਸੀ। ਤੁਸੀਂ ਇਹ ਦਸੋ ਕਿ ਸਾਰੀਆਂ ਚੀਜ਼ਾਂ ਇਕਠੀਆਂ ਕਿਵੇਂ ਕਹੀਆਂ ਜਾ ਸਕਦੀਆਂ ਹਨ। ਖੰਡ ਬਾਰੇ ਵੀ ਮੈਂ ਦਸਾਂਗਾ।

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ 583 ਡਿਪੋ ਖੋਲ੍ਹੇ ਗਏ ਹਨ ਅਤੇ ਵਕਤਨ ਫਵਕਤਨ ਉਨ੍ਹਾਂ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ ਕਿ ਆਇਆ ਉਥੇ ਆਟਾ ਠੀਕ ਮਿਲਦਾ ਹੈ ਅਤੇ ਅੱਛੀ ਕੁਆਲਟੀ ਦਾ ਮਿਲਦਾ ਹੈ। ਇਹ ਹੈ ਪੰਜਾਬ ਗੌਰਮਿੰਟ ਦਾ ਨਿਸ਼ਾਨਾ। ਅਸੀਂ ਇਕ ਲੱਖ 21 ਹਜ਼ਾਰ ਟਨ ਕਣਕ ਡਿਪੋਆਂ ਉਪਰ ਫੂਡ ਕੰਟਰੋਲਰਾਂ ਰਾਹੀਂ ਸਪਲਾਈ ਕਰ ਚੁਕੇ ਹਾਂ। 25 ਹਜ਼ਾਰ ਟਨ ਮਾਰਚ ਦੇ ਮਹੀਨੇ ਲਈ ਦਿਤੀ ਗਈ ਹੈ ਔਰ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਥੋਂ ਕਿਤੋਂ ਵੀ ਸ਼ਿਕਾਇਤ ਆਟੇ ਦੀ ਆਉਂਦੀ ਹੈ ਉਥੇ ਸਰਕਾਰ ਝੱਟ ਪੱਟ ਕਾਰਵਾਈ ਕਰਦੀ ਹੈ ਅਤੇ ਕਰੇਗੀ ਵੀ। ਔਰ ਜਿਥੇ ਕਿਤੇ ਵੀ ਕੋਈ ਮੈਂਬਰ ਚਾਹੇ ਕਿ ਡਿਪੋ ਚਾਹੀਦਾ ਹੈ ਉਥੇ ਹੀ ਖੋਲ੍ਹ ਦਿਤਾ ਜਾਵੇ ਗਾ।

(ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਹੁਣ ਮੈਂ ਖੰਡ ਦੇ ਮਸਲੇ ਵਲ ਆਉਂਦਾ ਹਾਂ 6,307 ਟੰਨ ਸਾਡਾ ਖੰਡ ਦਾ ਕੋਟਾ ਹੈ। ਇਹ ਕੋਟਾ ਭਾਰਤ ਸਰਕਾਰ ਨੇ ਇਕ ਫਾਰਮੂਲੇ ਦੇ ਬੇਸਿਜ਼ ਤੇ ਅਲਾਇਦਾ ਅਲਾਇਦਾ ਸਟੇਟਸ ਲਈ ਅਲਾਇਦਾ ਅਲਾਇਦਾ ਮੁਕੱਰਰ ਕੀਤਾ ਹੈ। ਅਸੀਂ ਬੜੀ ਕੋਸ਼ਿਸ਼ ਕੀਤੀ ਹੈ ਲੇਕਿਨ ਇਹ ਕੋਟਾ ਵਧਾਇਆ ਨਹੀਂ ਗਿਆ। ਪਰ ਸਪੀਕਰ ਸਾਹਿਬ, ਸਰਕਾਰ ਨੂੰ ਇਸ ਗਲ ਦਾ ਕਰੈਡਿਟ ਜਾਂਦਾ ਹੈ ਕਿ ਉਸ ਨੇ ਇਹ ਫੈਸਲਾ ਕੀਤਾ ਕਿ ਪਿੰਡ ਅਤੇ ਸ਼ਹਿਰ ਦਾ ਜੀਅ ਪ੍ਰਤੀ ਕੋਟਾ ਇਕੋ ਜਿਤਨਾ ਕੀਤਾ ਜਾਵੇ। ਜਿਸ ਦੀ ਮਿਸਾਲ ਤੁਹਾਨੂੰ ਹੋਰ ਕਿਸੇ ਜਗ੍ਹਾ ਨਹੀਂ ਮਿਲੇਗੀ ਅਤੇ ਨਾ ਹੀ ਇਤਰਾਜ਼ ਕਰਨ ਵਾਲੇ ਦੋਸਤਾਂ ਨੇ ਹੀ ਕੀਤਾ ਸੀ। ਖੰਡ ਸ਼ਹਿਰਾਂ ਵਿਚ ਡਿਪੋਆਂ ਅਤੇ ਪਿੰਡਾਂ ਵਿਚ ਕੋਆਪਰੇਟਿਵ ਸੋਸਾਇਟੀਆਂ ਦੇ ਰਾਹੀਂ ਵੰਡੀ ਜਾਂਦੀ ਹੈ। ਇਹ ਵੀ ਹਿਦਾਇਤ ਕੀਤਾ ਗਈ ਹੈ ਕਿ ਜਿਸ ਸਮੇਂ ਖੰਡ ਵੰਡੀ ਜਾਂਦੀ ਹੈ ਤਾਂ ਦੋ ਮੈਂਬਰ ਪਛੜੇ ਵਰਗ ਵਿਚੋਂ ਨਾਲ ਲੈ ਲਏ ਜਾਣ ਤਾਕਿ ਗਰੀਬ ਅਤੇ ਅਮੀਰ ਨੂੰ ਇਕੋ ਜਿਤਨੀ ਖੰਡ ਮਿਲ ਸਕੇ। ਇਹ ਵੀ ਕਹਿ ਦਿਤਾ ਗਿਆ ਹੈ ਕਿ ਜੇਕਰ ਕੋਈ ਪਿੰਡ ਦੀ ਪੰਚਾਇਤ ਆਖ ਦੇਵੇ ਕਿ ਸਾਨੂੰ ਇਸ ਪਿੰਡ ਦੀ ਕੋਆਪ੍ਰੇਟਿਵ ਸੋਸਾਇਟੀ ਰਾਹੀਂ ਖੰਡ ਵੰਡਣੀ ਮਨਜ਼ੂਰ ਨਹੀਂ ਹੈ ਤਾਂ ਜਿਸ ਰਾਹੀਂ ਉਹ ਚਾਹੁਣਗੇ ਉਸ ਰਾਹੀਂ ਹੀ ਵੰਡਣ ਦਾ ਪ੍ਰਬੰਧ ਕਰ ਦਿਤਾ ਜਾਵੇਗਾ। ਮੇਰਾ ਮਤਲਬ ਇਹ ਹੈ ਕਿ ਫਰਜ਼ ਕਰੋ ਕਿ ਪਿੰਡ ਰਾਮਪੁਰ ਦੀ ਪੰਚਾਇਤ ਇਹ ਕਹਿੰਦੀ ਹੈ ਕਿ ਸਾਨੂੰ ਪਿੰਡ ਦੀ ਕੋਆਪ੍ਰੇਟਿਵ ਸੋਸਾਇਟੀ ਮਨਜ਼ੂਰ ਨਹੀਂ ਹੈ ਸਾਨੂੰ ਮਦਨਪੁਰ ਦੀ ਸੁਸਾਇਟੀ ਦਿਤੀ ਜਾਵੇ ਤਾਂ ਉਨ੍ਹਾਂ ਨੂੰ ਮਦਨਪੁਰ ਦੀ ਸੋਸਾਇਟੀ ਨਾਲ ਅਟੈਚ ਕਰ ਦਿਤਾ ਜਾਵੇਗਾ। ਮੈਂ ਇਹੈ ਵੀ ਦਸ ਦੇਵਾਂ ਕਿ ਜੇਕਰ ਇਹ ਕਹਿਣ ਕਿ ਫਲਾਣੇ ਆਦਮੀ ਨੂੰ ਇਹ ਡਿਪੋ ਦਿਓ ਤਾਂ ਅਸੀਂ ਦੇਣ ਨੂੰ ਤਿਆਰ ਹਾਂ। ਇਸ ਲਈ ਮੈਂ ਇਨ੍ਹਾਂ ਵੀਰਾਂ ਨੂੰ ਬੇਨਤੀ ਕਰਾਂਗਾ ਜਿਹੜੇ ਕਿ ਨੁਕਤਾਚੀਨੀ ਕਰਦੇ ਹਨ, ਉਹ ਸਿਰਫ ਨੁਕਤਾਚੀਨੀ ਦੀ ਖਾਤਰ ਹੀ ਨੁਕਤਾਚੀਨੀ ਨਾ ਕਰਨ ਸਗੋਂ ਅਸਲੀਅਤ ਨੂੰ ਵੇਖਣ। ਮੈਂ ਕਹਿੰਦਾ

Original with;
Punjab Vidhan Sabha
Digitized by;
Panjab Digital Library

ਹਾਂ ਕਿ ਕੋਈ ਵੀ ਪੰਚਾਇਤ ਅਗਰ ਅੱਜ ਰੈਜ਼ੋਲਿਊਸ਼ਨ ਭੇਜਦੀ ਹੈ ਕਿ ਇਸ ਇੰਡੀਵਿਜ਼ੂਅਲ ਨੂੰ ਡਿਪੋ ਦੇਣਾ ਚਾਹੀਦਾ ਹੈ ਤਾਂ ਅਗਲੇ ਦਿਨ ਉਸ ਦੀ ਮਨਜ਼ੂਰੀ ਦੇ ਦਿਤੀ ਜਾਂਦੀ ਹੈ। ਇਸ ਦਾ ਕਰੈਡਿਟ ਵੀ ਪੰਜਾਬ ਗੌਰਮਿੰਟ ਨੂੰ ਹੀ ਜਾਂਦਾ ਹੈ।

ਹੁਣ ਮੈਂ ਪ੍ਰੋਕਿਉਰਮੈਂਟ ਵਲ ਆਉਂਦਾ ਹਾਂ। ਇਸ ਸਬੰਧ ਵਿਚ ਵੀ ਅਸੀਂ ਕਾਫੀ ਅਗੇ ਵਧੇ ਹਾਂ। ਅਸੀਂ ਪੌਣੇ 32 ਲੱਖ ਟਨ ਕਣਕ ਪੂਲ ਲਈ ਦਿਤੀ ਹੈ। ਇਸ ਤਰ੍ਹਾਂ ਹੀ ਚਾਵਲ 7 ਲੱਖ ਦੋ ਹਜ਼ਾਰ ਦੇ ਅਗੇਂਸਟ ਸਾਢੇ ਸੱਤ ਲੱਖ ਟਨ ਦਿਤਾ ਹੈ। ਅਸੀਂ ਪ੍ਰੋਕਿਊਰਮੈਂਟ ਪੂਰੀ ਕਰ ਲਈ ਹੈ। ਇਹ ਕਰੈਡਿਟ ਵੀ ਪੰਜਾਬ ਸਰਕਾਰ ਨੂੰ ਹੀ ਜਾਂਦਾ ਹੈ। ਗਿਆਨੀ ਜ਼ੈਲ ਸਿੰਘ ਜੀ ਨੂੰ ਜਾਂਦਾ ਹੈ। ਅਸੀਂ ਕਦਮ ਉਠਾਏ ਹਨ ਹੋਲਸੇਲ ਤਜਾਰਤ ਹੱਥ ਵਿਚ ਲੈਣ ਦੇ। ਡਾਂਗ ਸਾਹਿਬ ਨੇ ਕਿਹਾ ਹੈ ਕਿ ਚੌਲਾਂ ਦੀ ਥਾਂ ਝੋਨੇ ਦਾ ਹੋਲਸੇਲ ਵਪਾਰ ਹੋਣਾ ਚਾਹੀਦਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਹਾਲਾਂ ਤਾਂ ਇਹ ਪਹਿਲੀ ਮੰਜ਼ਲ ਹੈ। ਪੰਜਾਬ ਹਿੰਦੁਸਤਾਨ ਦੀ ਫੂਡ ਕਮੇਟੀ ਦਾ ਮੈਂਬਰ ਹੈ। ਉਸ ਕਮੇਟੀ ਵਿਚ ਪੰਜ ਮੈਂਬਰ ਹਨ। ਜਿਨ੍ਹਾਂ ਵਿਚੋਂ ਸਾਡਾ ਪੰਜਾਬ ਇਕ ਹੈ। (ਥੰਪਿੰਗ) ਪਹਿਲਾਂ ਹਾੜੀ ਦੀ ਹੋਲਸੇਲ ਤਜਾਰਤ ਦਾ ਮਕਸਦ ਪੂਰਾ ਹੋ ਜਾਵੇਗਾ ਤਾਂ ਹੀ ਕੁਝ ਕਹਿ ਸਕਦੇ ਹਾਂ। ਪਹਿਲਾਂ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਸ ਤਰ੍ਹਾਂ ਕਰਨਾ ਹੈ ਇਸ ਤਰ੍ਹਾਂ ਨਹੀਂ ਕਰਨਾ। ਜਦੋਂ ਕਣਕ ਦਾ ਹੋਲਸੇਲ ਵਪਾਰ ਪੂਰੀ ਤਰ੍ਹਾਂ ਹੱਥ ਵਿਚ ਆ ਜਾਵੇਗਾ ਤਾਂ ਝੋਨੇ ਜਾਂ ਚੌਲਾਂ ਦਾ ਵਪਾਰ ਹੱਥ ਵਿਚ ਲਿਆ ਜਾਵੇਗਾ। ਮੈਨੂੰ ਇਹ ਗੱਲ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਭਾਰਤ ਸਰਕਾਰ ਉਹ ਸਾਰੇ ਕੰਮ ਕਰੇਗੀ ਜਿਨ੍ਹਾਂ ਨਾਲ ਕਿ ਜ਼ਖੀਰੇਬਾਜ਼ੀ ਨੂੰ ਰੋਕਿਆ ਜਾ ਸਕੇ।

ਇਸ ਤੋਂ ਬਾਅਦ ਸਵਾਲ ਹੈ ਕੋਇਲੇ ਦਾ ਸਾਨੂੰ ਲੋੜ ਦੇ ਮੁਤਾਬਕ ਕੋਇਲਾ ਨਹੀਂ ਮਿਲਿਆ। ਜਿਥੋਂ ਤਕ ਸਲੈਕ ਕੋਲ ਦਾ ਤੁਅੱਲਕ ਹੈ ਇਸ ਦੇ 37 ਰੈਕਸ ਦਾ ਕੋਟਾ ਮੁਕੱਰਰ ਹੈ ਔਰ ਇਕ ਰੈਕ ਵਿਚ 87 ਵੈਗਨਾਂ ਹੁੰਦੀਆਂ ਹਨ। ਸੰਨ 1971 ਵਿਚ ਸਾਢੇ ਦਸ ਰੈਕਸ ਔਸਤਨ ਮਹੀਨੇ ਵਿਚ ਕੋਲਾ ਆਇਆ ਸੀ। ਸਾਡੀਆਂ ਕੋਸ਼ਿਸ਼ਾਂ ਦੇ ਨਤੀਜੇ ਦੇ ਤੌਰ ਤੇ, ਚੀਫ ਮਨਿਸਟਰ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਦੇ ਤੌਰ ਉਤੇ ਪਿਛਲੇ ਸਾਲ ਸਾਢੇ 16 ਰੈਕਸ ਔਸਤਨ ਮਾਹਵਾਰੀ ਆਏ ਹਨ। ਇਸ ਤਰ੍ਹਾਂ ਹੀ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਹੋਰ ਕੋਇਲਾ ਮਿਲੇ। ਵੈਗਨ ਨਵੇਂ ਬਣ ਰਹੇ ਹਨ ਅਤੇ ਪੰਜਾਬ ਦੀ ਲੋੜ ਨੂੰ ਇਸ ਤਰ੍ਹਾਂ ਪੂਰਾ ਕੀਤਾ ਜਾਵੇਗਾ।

ਫਿਰ ਇਸ ਸਰਕਾਰ ਨੇ ਇਹ ਵੀ ਕਰ ਦਿਤਾ ਹੈ ਕਿ ਜਿਸ ਤਰ੍ਹਾਂ ਸਰਕਾਰੀ ਮਨੋਰਥਾਂ ਲਈ ਕੰਟਰੋਲ ਰੇਟ ਉਪਰ ਇੱਟਾਂ ਮਿਲਦੀਆਂ ਹਨ ਉਥੇ ਹਰੀਜਨਾਂ ਦੀਆਂ ਧਰਮਸ਼ਾਲਾਵਾਂ, ਅਜੂਕੇਸ਼ਨਲ ਇਨਸਟੀਚਿਊਸ਼ਨਜ਼ ਅਤੇ ਹੋਰ ਚੈਰੀਟੇਬਲ ਅਦਾਰਿਆਂ ਲਈ ਵੀ ਕੰਟਰੋਲ ਰੇਟ ਤੇ ਸਪਲਾਈ ਕੀਤੀਆਂ ਜਾਣਗੀਆਂ। ਅਸੀਂ ਭੱਠਿਆਂ ਵਾਲਿਆਂ ਉਪਰ ਵੀ ਪਾਬੰਦੀ ਲਗਾ ਦਿਤੀ ਹੈ ਕਿ ਉਹ ਆਪਣੀ ਕਪੈਸਟੀ ਦਾ ਘੱਟ ਤੋਂ ਘੱਟ 25 % ਇੱਟਾਂ ਜ਼ਰੂਰ ਹੀ ਪੈਦਾ ਕਰਨ। ਜਿਹੜਾ ਭੱਠੇ ਵਾਲਾ ਅਜੇਹਾ ਨਹੀਂ ਕਰੇਗਾ ਉਸ ਦੇ ਖਿਲਾਫ ਡਿਪਾਰਟਮੈਂਟਲ ਕਾਰਵਾਈ ਕੀਤੀ ਜਾਵੇਗੀ। ਸਾਫਟ ਕੋਕ ਦਾ ਜਿਥੇ ਤਕ ਸਬੰਧ ਹੈ ਵੈਗਨਾ ਦੀ ਕਮੀ ਹੈ ਸਾਡੀ ਜ਼ਰੂਰਤ 1500 ਟਨ ਦੀ ਹੈ ਪਰ ਸਾਨੂੰ ਮਿਲਦਾ ਹੈ 450 ਜਾਂ 500 ਟਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜ਼ਿਆਦਾ ਵੈਗਨ ਮਿਲ ਜਾਣ ਅਤੇ ਅਸੀਂ ਇਸ ਕਮੀ ਨੂੰ ਪੂਰਾ ਕਰ ਲਈਏ। (ਵਿਘਨ)

**ਸ੍ਰੀ ਸਪੀਕਰ** : ਇੱਟਾਂ ਦਾ ਭਾਅ ਮਹਿੰਗਾ ਹੈ ਅਤੇ ਕੋਲਾ ਥੋੜਾ ਦਿਤਾ ਜਾਂਦਾ ਹੈ ਇਸ ਤਰ੍ਹਾਂ ਲੋਕਾਂ ਦੀ ਖੱਲ ਲਾਹੀ ਜਾ ਰਹੀ ਹੈ। ਇੱਟਾਂ ਦਾ ਭਾਅ ਕੰਟਰੋਲ ਕਰਕੇ ਸਗੋਂ ਭਾਅ ਬਹੁਤ ਜ਼ਿਆਦਾ ਵਧ ਗਿਆ ਹੈ। ਤੁਹਾਡੇ ਵਲੋਂ ਦਿਤੇ ਗਏ ਕੋਲੇ ਦੀਆਂ ਇੱਟਾਂ ਵੀ ਬਲੈਕ ਦੇ ਭਾਅ ਵਿਕਦੀਆਂ ਹਨ। (The price of the bricks is high as insufficient amount

Original with;
Punjab Vidhan Sabha
Digitized by;
Panjab Digital Library

[Mr. Speaker]

of coal is being supplied to the kilns. The people are being fleeced. The price control has pushed up the rates of bricks. Even the bricks baked with the coal supplied by the Government are being sold at the black market rates).

**ਚੌਧਰੀ ਦਰਸ਼ਨ ਸਿੰਘ** : ਮੈਂ ਆਪ ਦੀ ਰਾਹੀਂ ਵਜ਼ੀਰ ਸਾਹਿਬ ਦਾ ਧਿਆਨ ਇਸ ਗਲ ਵਲ ਦਿਵਾਂਦਾ ਹਾਂ ਕਿ ਜਲੰਧਰ ਛਾਵਣੀ ਸਟੇਸ਼ਨ ਤੇ 60 ਵੈਗਨਾਂ ਇੰਡਸਟਰੀ ਵਾਲੇ ਕੋਲੇ ਦੀਆਂ ਆਈਆਂ ਅਤੇ ਉਥੇ ਹੀ 285 ਤੋਂ 300 ਰੁਪਏ ਦੇ ਰੇਟ ਤੇ ਉਹ ਸਾਰਾ ਕੋਲਾ ਭੱਠੇ ਵਾਲੇ ਲੈ ਗਏ। ਇਸ ਗਲ ਵਿਚ ਰੇਡ ਕਰਕੇ ਵੇਖ ਲਉ ਕਿ ਇਕ ਕਿਲੋ ਕੋਲਾ ਵੀ ਇੰਡਸਟਰੀ ਵਾਲਿਆ ਨੂੰ ਨਹੀਂ ਮਿਲਿਆਂ। (ਵਿਘਨ)

**ਰਾਜ ਮੰਤਰੀ,** ਖੁਰਾਕ ਅਤੇ ਸਪਲਾਈਜ਼ : ਮੈਂ ਚੌਧਰੀ ਸਾਹਿਬ ਦੀ ਗਿਆਤ ਲਈ ਇਹ ਦਸਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਕੋਲੇ ਤੇ ਸਿਵਲ ਸਪਲਾਈਜ਼ ਵਾਲਿਆਂ ਦਾ ਕੋਈ ਕੰਟ੍ਰੋਲ ਨਹੀਂ। (ਵਿਘਨ)

**ਇਕ ਮਾਨਯੋਗ ਮੈਂਬਰ**: ਇਹ ਤਾਂ ਜੁਆਇੰਟ ਰਿਸਪਾਂਸੀਬਿਲਟੀ ਹੈ।

**ਰਾਜ ਮੰਤਰੀ,** ਖੁਰਾਕ ਅਤੇ ਸਪਲਾਈਜ਼ : ਮਾਨਯੋਗ ਸਪੀਕਰ ਸਾਹਿਬ, ਜਿਹੜਾ ਸਪਾਂਸਰਡ ਕੋਲੇ ਨਾਲ ਇਟਾਂ ਤਿਆਰ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਤੇ ਸਾਡਾ ਕੰਟ੍ਰੋਲ ਹੈ ਪਰ ਨਾਲ ਸਪਾਂਸਰਡ ਕੋਲੇ ਨਾਲ ਤਿਆਰ ਕੀਤੀਆਂ ਇੱਟਾਂ ਤੇ ਸਾਡਾ ਕੋਈ ਕੰਟ੍ਰੋਲ ਨਹੀਂ (ਵਿਘਨ) ਜ਼ਰਾ ਬਰਦਾਸ਼ਤ ਦਾ ਮਾਦਾ ਹੋਣਾ ਚਾਹੀਦਾ ਹੈ ਮੈਂ ਹਰ ਗੱਲ ਦਾ ਜਵਾਬ ਦਿੰਦਾ ਹਾਂ। ਸਪੀਕਰ ਸਾਹਿਬ, ਜਿੰਨਾ ਕੋਲਾ ਦਿਤਾ ਜਾਂਦਾ ਹੈ ਉਸ ਦੇ ਮੁਤਾਬਿਕ ਕਪੈਸਟੀ ਮੁਕਰਰ ਹੈ ਉਸ ਨਾਲ ਇੰਨੀਆਂ ਇੱਟਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਦੇ ਵੇਚਣ ਲਈ ਉਨੀ ਹੀ ਤਾਦਾਦ ਦੇ ਪਰਮਿਟ ਸਰਕਾਰ ਵਲੋਂ ਜਾਰੀ ਕਰ ਦਿਤੇ ਜਾਂਦੇ ਹਨ ਜੇਕਰ ਕਿਸੇ ਮਾਨਯੋਗ ਮੈਂਬਰ ਪਾਸ ਇਸ ਗੱਲ ਦਾ ਸਬੂਤ ਹੋਵੇ ਕਿ ਸਪਾਂਸਰਡ ਕੋਲੇ ਤੋਂ ਤਿਆਰ ਕੀਤੀਆਂ ਇੱਟਾਂ ਸਰਕਾਰੀ ਪਰਮਿਟ ਤੇ ਨਹੀਂ ਵੇਚੀਆਂ ਗਈਆਂ ਤਾਂ ਉਹ ਮੇਰੇ ਨੋਟਿਸ ਵਿਚ ਲਿਆਉਣ, ਲਾਜ਼ਮੀ ਤੌਰ ਤੇ ਕਾਰਵਾਈ ਕੀਤੀ ਜਾਵੇਗੀ ਅਤੇ ਐਕਸ਼ਨ ਲਿਆ ਜਾਵੇਗਾ।

**ਸਰਦਾਰ ਪ੍ਰਿਥੀਪਾਲ ਸਿੰਘ** : ਮੈਂ ਰਾਜ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਇੱਟਾਂ ਤਿਆਰ ਹੁੰਦੀਆਂ ਹਨ ਕੀ ਉਨ੍ਹਾਂ ਤੇ ਲਿਖਿਆ ਹੁੰਦਾ ਹੈ ਕਿ ਇਹ ਸਪਾਂਸਰਡ ਕੋਲ ਤੋਂ ਤਿਆਰ ਕੀਤੀਆਂ ਗਈਆਂ ਹਨ ਜਾਂ ਨਹੀਂ। ਇਹ ਪਤਾ ਕਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ ਕਿ ਕਿਹੜੀਆਂ ਇੱਟਾਂ ਸਪਾਂਸਰਡ ਕੋਲ ਤੋਂ ਤਿਆਰ ਕੀਤੀਆਂ ਗਈਆਂ ਹਨ ?

**ਰਾਜ ਮੰਤਰੀ,** ਖੁਰਾਕ ਅਤੇ ਸਪਲਾਈਜ਼ : ਮੇਰੀ ਅਰਜ਼, ਸਪੀਕਰ ਸਾਹਿਬ, ਇਹ ਹੈ ਕਿ ਇਹ ਠੀਕ ਹੈ ਕਿ ਇੱਟਾਂ ਤੇ ਤਾਂ ਨਹੀਂ ਲਿਖਿਆ ਹੁੰਦਾ ਕਿ ਇਹ ਇੱਟਾਂ ਸਪਾਂਸਰਡ ਕੋਲ ਨਾਲ ਤਿਆਰ ਕੀਤੀਆਂ ਗਈਆਂ ਹਨ ਪਰ ਇਸ ਦਾ ਹਿਸਾਬ ਕਿਤਾਬ ਹੁੰਦਾ ਹੈ ਅਤੇ ਪਤਾ ਲੱਗ ਜਾਂਦਾ ਹੈ ਕਿ ਇੱਟਾਂ ਕਿਸ ਕੋਲੇ ਨਾਲ ਤਿਆਰ ਕੀਤੀਆਂ ਗਈਆਂ ਹਨ ਅਤੇ ਜਿਹੜੀਆਂ ਵੈਗਨਾਂ ਇਨ੍ਹਾਂ ਦੀਆਂ ਆਉਂਦੀਆਂ ਹਨ ਉਨ੍ਹਾਂ ਦਾ ਹਿਸਾਬ ਹੈ ਕਿ ਉਨ੍ਹਾਂ ਨਾਲ ਕਿੰਨੀਆਂ ਇੱਟਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ ਅਤੇ ਉਸ ਦੇ ਮੁਤਾਬਕ ਪਰਮਿਟ ਕਟ ਦਿਤੇ ਜਾਂਦੇ ਹਨ। (ਵਿਘਨ)

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮੈਂ ਰਾਜ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇੱਟਾਂ ਜਿਥੇ ਪਹਿਲਾਂ 105 ਰੁਪਏ ਵਿਕਦੀਆਂ ਸਨ ਜਦ ਤੋਂ ਇਨ੍ਹਾਂ ਨੇ ਨਾਨ ਸਪਾਂਸਰਡ ਕੋਲੇ ਨਾਲ ਇੱਟਾਂ ਤਿਆਰ ਕਰਨ ਦੀ ਇਜਾਜ਼ਤ ਦਿਤੀ ਹੈ ਇਹ ਰੇਟ ਵੱਧ ਕੇ 120

Original with;
Punjab Vidhan Sabha
Digitized by;
Panjab Digital Library

ਹੋ ਗਿਆ ਹੈ ਜਿਹੜੀਆਂ ਇਟਾਂ ਉਹ ਸਪਾਂਸਰਡ ਕੋਲ ਨਾਲ ਤਿਆਰ ਕਰਦੇ ਹਨ ਉਹ ਲੋਕਾਂ ਨੂੰ ਨਹੀਂ ਮਿਲਦੀਆਂ ਇਸ ਦਾ ਕੀ ਕਾਰਨ ਹੈ ?

**ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼** : ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਪੂਰ ਸਾਹਿਬ ਤਾਂ ਆਪ ਉਸ ਕਮੇਟੀ ਦੇ ਮੈਂਬਰ ਹਨ ਜਿਸ ਵਿਚ ਇਸ ਗੱਲ ਤੇ ਵਿਚਾਰ ਕੀਤੀ ਗਈ ਕਿ ਸਪਾਂਸਰਡ ਕੋਲ ਦੇ ਬਾਰੇ ਵਿਚ ਕੀ ਪਾਲਿਸੀ ਇਖਤਿਆਰ ਕੀਤੀ ਜਾਵੇ, ਇਹ ਆਪ ਕਾਫੀ ਚਿਰ ਉਸ ਕਮੇਟੀ ਦੇ ਮੈਂਬਰ ਰਹੇ ਹਨ । ਉਸ ਕਮੇਟੀ ਨੇ ਸਾਰੇ ਪੱਖ ਦੇਖਣੇ ਹਨ । ਉਸ ਕਮੇਟੀ ਦੀ ਰਿਪੋਰਟ ਆ ਜਾਵੇਗੀ ਤਾਂ ਸਰਕਾਰ ਵਿਚਾਰ ਕਰ ਲਵੇਗੀ । (ਵਿਘਨ)

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਰਾਜ ਮੰਤਰੀ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਸਪਾਂਸਰਡ ਕੋਲ ਭੱਠਿਆਂ ਨੂੰ ਨਹੀਂ ਦਿਤਾ ਜਾਂਦਾ ਬਲਕਿ ਇਹ ਪੀ. ਡਬਲਿਊ. ਡੀ. ਨੂੰ ਦਿਤਾ ਜਾਂਦਾ ਹੈ । ਗੌਰਮਿੰਟ ਇਸ ਪੱਖ ਵਿਚ ਕੀ ਇਗਨੋਰੈਂਟ ਨਹੀਂ ?

**ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼** : ਗੌਰਮਿੰਟ ਇਗਨੋਰੈਂਟ ਨਹੀਂ ਮੈਂਬਰ ਸਾਹਿਬ ਇਗਨੋਰੈਂਟ ਨੇ । ਇਸ ਵਿਚ ਇਗਨੋਰੈਂਸ ਦਾ ਸਵਾਲ ਨਹੀਂ । (ਵਿਘਨ)

**ਸ੍ਰੀ ਸਪੀਕਰ** : ਮੈਂ ਆਪਣੇ ਇਲਾਕੇ ਦੀ ਗੱਲ ਦੱਸਦਾ ਹਾਂ ਕਿ ਕਿੰਨੀ ਦਿੱਕਤ ਆ ਰਹੀ ਹੈ । ਉਥੇ ਮਾਡਲ ਗਰਾਮ ਬਣ ਰਿਹਾ ਹੈ ਅਤੇ ਇਕ ਲੱਖ ਇੱਟ ਦਾ ਪਰਮਿਟ ਮਿਲਿਆ ਹੈ । ਜਦ ਸਰਪੰਚ ਪਰਮਿਟ ਲੈ ਕੇ ਇੱਟਾਂ ਲੈਣ ਜਾਂਦਾ ਹੈ ਤਾਂ ਕਦੇ 500 ਕਦੇ 700 ਇੱਟ ਦਿਤੀ ਜਾਂਦੀ ਹੈ। ਅਜੇ ਤੱਕ ਦਸ ਹਜ਼ਾਰ ਇੱਟ ਵੀ ਪੂਰੀ ਸਪਲਾਈ ਨਹੀਂ ਕੀਤੀ ਗਈ । ਫਿਰ ਉਸ ਵਿਚ ਵੀ ਦੋਮ ਅਤੇ ਸੋਮ ਕਵਾਲਟੀ ਰਲਾ ਦਿਤੀ ਜਾਂਦੀ ਹੈ। ਇਹ ਮੈਂ ਆਪਣਾ ਐਕਸਪੀਰੀਐਂਸ ਦੱਸ ਰਿਹਾ ਹਾਂ । (ਵਿਘਨ) (I may tell you about the great difficulty being experienced in my illaqa. A village there is being converted into a Model Gram and a permit for one lakh bricks has been issued for the purpose. The Brick -Kiln owners supply 500 or 700 bricks as and when the permit is presented to them by the Sarpanch. Till now not even ten thousand bricks have been supplied. Moreover they mix the second and the third class bricks while supplying first class bricks. This is my personal experience.)

**ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼** : ਇਹ ਤਾਂ, ਸਪੀਕਰ ਸਾਹਿਬ, ਤੁਸੀਂ ਜਿਹੜਾ ਇਨਡੀਵੀਜੂਅਲ ਕੇਸ ਦੱਸਿਆ ਹੈ ਇਸ ਦੀ ਮੈਂ ਇਨਕੁਆਇਰੀ ਕਰਵਾ ਲਵਾਂਗਾ । ਬਾਕੀ ਮੈਂ ਅਰਜ਼ ਕਰ ਰਿਹਾ ਸਾਂ । (ਵਿਘਨ)

**ਗਿਆਨੀ ਕੂੰਦਨ ਸਿੰਘ ਪਤੰਗ** : ਸਪੀਕਰ ਸਾਹਿਬ, ਜੇਕਰ ਤੁਹਾਡੇ ਪਿੰਡ ਵਿਚ ਇਹ ਹਾਲ ਹੈ ਤਾਂ ਸਾਡਾ ਕੀ ਹਾਲ ਹੋਵੇਗਾ ?

**ਸ੍ਰੀ ਸਪੀਕਰ** : ਤੁਹਾਡੇ ਤੇ ਤਾਂ ਮਹਾਰਾਜ ਦੀ ਕਿਰਪਾ ਹੈ । (ਵਿਘਨ) (ਹਾਸਾ) (You are the blessed one) (Laughter).

**ਗਿਆਨੀ ਕੂੰਦਨ ਸਿੰਘ ਪਤੰਗ** : ਮਹਾਰਾਜ ਦੀ ਕਿਰਪਾ ਤਾਂ ਤੁਹਾਡੇ ਤੇ ਭੀ ਹੈ । (ਹਾਸਾ)

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ (ਖੁਰਾਕ ਅਤੇ ਸਪਲਾਈਜ਼)** : ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਪਹਿਲੇ ਨੰਬਰ ਤੇ ਇੱਟਾਂ ਪੀ. ਡਬਲਿਯੂ, ਡੀ. ਅਤੇ ਪਬਲਿਕ ਹੈਲਥ ਵਾਲਿਆਂ ਨੂੰ ਦਿਤੀਆਂ ਜਾਂਦੀਆਂ ਹਨ ਜਿੰਨੀ ਉਨ੍ਹਾਂ ਦੀ ਰਿਕਵਾਇਰਮੇਂਟ ਹੋਵੇ ਕਿਉਂਕਿ ਜਦ ਪੰਜਾਬ ਗੌਰਮਿੰਟ ਨੇ ਇਸ ਗੱਲ ਦਾ ਫੈਸਲਾ ਕਰ ਲਿਆ ਹੈ ਕਿ ਹਰ ਪਿੰਡ ਨੂੰ ਸੜਕ ਦੇਣੀ ਹੈ ਤਾਂ ਇੱਟਾਂ ਦੀ ਵੀ ਤਾਂ ਲੋੜ ਹੈ (ਵਿਘਨ) ।

**ਸਰਦਾਰ ਧੰਨਾ ਸਿੰਘ ਗੁਲਸ਼ਨ** : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਵਜ਼ੀਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਇੱਟ 120 ਰੁਪਏ ਦੇ ਭਾਅ ਤੇ ਵਿਕਦੀ ਪਈ ਹੈ ਅਤੇ ਇਹ ਉਹ ਇਟਾਂ ਹਨ ਜ਼ਿਹੜੀਆਂ ਕਿ ਇਨ੍ਹਾਂ ਵੱਲੋਂ ਦਿਤੇ ਕੋਲੇ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਫਿਰ ਇਹ ਇੱਟਾਂ ਬਲੈਕ ਵਿਚ ਵਿਕਦੀਆਂ ਹਨ ਕੀ ਇਸ ਨੂੰ ਰੋਕਣ ਦੀ ਇਹ ਕੋਈ ਕੋਸ਼ਿਸ਼ ਕਰਨਗੇ ?

**ਰਾਜ ਮੰਤਰੀ (ਖੁਰਾਕ ਅਤੇ ਸਪਲਾਈਜ਼)** : ਦੋ ਮਹੀਨੇ ਹੋਏ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਗਿਆ ਕਿ ਜਿਥੇ ਕੋਲਾ ਲੋੜ ਦੇ ਮੁਤਾਬਿਕ ਭੱਠੇ ਵਾਲਿਆਂ ਨੂੰ ਨਹੀਂ ਦੇ ਸਕਦੇ ਅਤੇ ਉਸ ਨਾਲ ਸਪਾਂਸਰਡ ਕੋਲੇ ਤੋਂ ਇਟਾਂ ਤਿਆਰ ਕਰਦੇ ਹਨ ਤਾਂ ਉਥੇ ਇੱਟਾਂ ਤੇ ਡੀਕੰਟਰੋਲ ਕੀਤਾ ਜਾਵੇ । ਇਹ ਇਸ ਗੱਲ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਕਿ ਸਰਕਾਰ ਪਾਸ ਜ਼ਰਾਏ ਨਹੀਂ ਕਿ ਕੋਲਾ ਸਪਲਾਈ ਕੀਤਾ ਜਾ ਸਕੇ । ਇਸ ਨਾਲ ਕਈ ਭੱਠੇ ਬੰਦ ਹੋ ਗਏ ਭੱਠਾ ਲੇਬਰ ਬੇਕਾਰ ਹੋ ਗਈ । ਫਿਰ ਇੱਟਾਂ ਨਾ ਮਿਲਣ ਕਾਰਨ ਉਸਾਰੀ ਦੇ ਕੰਮ ਵਿਚ ਲੱਗੇ ਰਾਜ ਅਤੇ ਮਜ਼ਦੂਰ ਬੇਕਾਰ ਹੋ ਗਏ ਅਤੇ ਇਸ ਦਾ ਪੰਜਾਬ ਦੀ ਇਕਾਨੋਮੀ ਤੇ ਭਾਰੀ ਅਸਰ ਪੈ ਰਿਹਾ ਸੀ । ਇਸ ਲਈ ਇਜਾਜ਼ਤ ਦੇ ਦਿਤੀ ਗਈ ਕਿ ਟਰੱਕਾਂ ਤੇ ਉਹ ਕੋਲਾ ਲੈ ਆਉਣ । ਟਰੱਕਾਂ ਤੇ ਕੋਲਾ ਲਿਆਉਣ ਵਿਚ ਕਾਫੀ ਖਰਚਾ ਕਰਨਾ ਪੈਂਦਾ ਹੈ ਇਸ ਲਈ ਇੱਟਾਂ ਦਾ ਭਾਅ ਉਨ੍ਹਾਂ ਵਧਾ ਲਿਆ । ਅਸੀਂ ਉਸਦਾ ਡੀਕੰਟਰੋਲ ਕਰ ਦਿਤਾ । ਅਸਾਡੇ ਪਾਸ ਦੋ ਹੀ ਰਸਤੇ ਸਨ ਇਕ ਇਹ ਕਿ ਕੋਲੇ ਦਾ ਭਾਅ ਵਧਾਇਆ ਜਾਵੇ ਜਾਂ ਇੱਟਾਂ ਦਾ ਡੀਕੰਟਰੋਲ ਕੀਤਾ ਜਾਵੇ । ਪਰ ਇਥੇ ਵੀ ਪਾਬੰਦੀ ਲਗਾ ਦਿਤੀ ਕਿ 25 ਫ਼ੀ ਸਦੀ ਤੱਕ ਇਸ ਤਰੀਕੇ ਨਾਲ ਮਾਲ ਤਿਆਰ ਕੀਤਾ ਜਾ ਸਕਦਾ ਹੈ । (ਵਿਘਨ) .

ਮੈਂ ਹੁਣ ਵੀ ਇਸ ਹਾਊਸ ਦੇ ਵਿਚ ਕਹਿੰਦਾ ਹਾਂ ਜਿਨ੍ਹਾਂ ਲੋਕਾਂ ਨੇ ਕਿਸੇ ਕਾਨੂੰਨ ਦੀ ਖਿਲਾਫ ਵਰਜ਼ੀ ਕੀਤੀ ਹੈ ਜੇ ਉਹ ਸਾਡੇ ਨੋਟਿਸ ਦੇ ਵਿਚ ਆਵੇਗੀ, ਅਸੀਂ ਜ਼ਰੂਰ ਐਕਸ਼ਨ ਲਵਾਂਗੇ ।

ਹੁਣ ਮੈਂ ਚਾਵਲਾਂ ਦੀ ਪ੍ਰੋਕਿਉਰਮੈਂਟ ਦੇ ਮੁਤਾਲਿਕ ਅਰਜ਼ ਕਰਨੀ ਚਾਹੁੰਦਾ ਹਾਂ । ਸਰਕਾਰ ਦਾ ਖਿਆਲ ਹੈ ਕਿ ਜੇ 9 ਹਜ਼ਾਰ ਟਨ ਸੁਪੀਰੀਅਰ ਕੁਆਲਟੀ ਦਾ ਸਟਾਕ ਰੱਖ ਲਿਆ ਜਾਵੇ ਤਾਂ ਇਹ ਟੀਚਾ ਸਾਡੀ ਲੋੜ ਨੂੰ ਪੂਰਾ ਕਰ ਸਕਦਾ ਹੈ ਇਸੇ ਤਰ੍ਹਾਂ ਹੀ ਮੋਟੇ ਚਾਵਲ ਦੇ ਮੁਤਾਲਿਕ ਜੋ ਟੀਚਾ ਹੈ ਉਹ ਵੀ ਪੂਰਾ ਕੀਤਾ ਜਾ ਰਿਹਾ ਹੈ ।

ਜਿਥੋਂ ਤੱਕ ਮੈਦਾ ਦੀ ਸ਼ਾਰਟੇਜ ਦੇ ਮੁਤਾਲਿਕ ਜ਼ਿਕਰ ਕੀਤਾ ਗਿਆ ਹੈ ਮੈਂ ਅਰਜ਼ ਕਰਾਂਗਾ ਕਿ ਜਿਤਨੀ ਵੀ ਮੈਦੇ ਲਈ ਉਨ੍ਹਾਂ ਦੀ ਰਿਕੁਆਇਰਮੈਂਟ ਆਈ ਸੀ ਉਸ ਦੇ ਵਿਚੋਂ 30 ਫ਼ੀ ਸਦੀ ਰੀਕਲੇਮੈਂਟਸ ਨੂੰ ਦੇ ਦਿਤੀ ਗਈ ਸੀ ਜਿਸ ਵਿਚ ਮੈਦੇ ਦਾ ਕੰਮ ਕਰਨ ਵਾਲੇ ਡਬਲ ਰੋਟੀਆਂ ਬਨਾਉਣ ਵਾਲੇ ਲੋਕਾਂ ਨੂੰ ਪੂਰੀਆਂ ਸਹੂਲਤਾਂ ਸਰਕਾਰ ਦੇ ਵਲੋਂ ਦਿਤੀਆਂ ਗਈਆਂ ਸਨ । ਹੁਣ ਇਹ ਕੋਸ਼ਿਸ਼ ਜਾਰੀ ਹੈ ਕਿ ਜਿਤਨੀ ਰਿਕੁਆਇਰਮੇਂਟ ਉਨ੍ਹਾਂ ਦੀ ਹੈ ਉਹ ਪੂਰੀ ਕੀਤੀ ਜਾਵੇਗੀ ਇਸ ਤਰ੍ਹਾਂ ਇਹ ਕਮੀ ਹੁਣ ਨਹੀਂ ਰਹੇਗੀ । ਇਸ ਮਹੀਨੇ ਤੋਂ ਇਹ ਸਪਲਾਈ 33 ਫ਼ੀ ਸਦੀ ਤੋਂ 66 ਫ਼ੀ ਸਦੀ ਕਰ ਦਿਤੀ ਹੈ, ਇਸ ਤਰ੍ਹਾਂ ਹੁਣ ਮੈਦੇ ਦੀ ਦਿਕਤ ਦੂਰ ਹੋ ਜਾਵੇਗੀ ।

Original with;
Punjab Vidhan Sabha
Digitized by;
Panjab Digital Library

ਹੁਣ ਸਵਾਲ ਹੈ ਸੀਮਿੰਟ ਦਾ, ਪੰਜਾਬ ਵਿਚੋਂ 60,000 ਟਨ ਦੀ ਖਪਤ ਹੈ ਇਹ ਸੀਮਿੰਟ ਭਾਰਤ ਸਰਕਾਰ ਨੇ ਕਿਸੇ ਮਹੀਨੇ 36 ਹਜ਼ਾਰ ਅਤੇ ਕਿਸੇ ਮਹੀਨੇ 32 ਹਜ਼ਾਰ ਅਤੇ ਕਿਸੇ ਮਹੀਨੇ 30 ਹਜ਼ਾਰ ਟਨ ਸਪਲਾਈ ਕੀਤਾ ਹੈ, ਇਸ ਦੀ ਕਮੀ ਦੀ ਵਜ੍ਹਾ ਇਹ ਹੈ ਕਿ ਪੰਜਾਬ ਦੇ ਵਿਚ ਸੀਮਿੰਟ ਦੇ ਕਾਰਖਾਨੇ ਨਹੀਂ ਹਨ, ਇਹ ਜਾਂ ਤਾਂ ਹਰਿਆਣੇ ਤੋਂ ਜਾਂ ਬਾਹਰ ਦੀਆਂ ਸਟੇਟਾਂ ਵਿਚੋਂ ਆਉਂਦਾ ਹੈ। ਹਰਿਆਣੇ ਵਿਚੋਂ ਇਹ ਸੂਰਜਪੁਰ ਦੀ ਫੈਕਟਰੀ ਅਤੇ ਚਰਖੀ ਦਾਦਰੀ ਦੀ ਫੈਕਟਰੀ ਵਿਚੋਂ ਆਉਂਦਾ ਹੈ ਜਿਥੇ ਕਿ ਪੰਜਾਬ ਦੀ ਤਰ੍ਹਾਂ ਫੈਕਟਰੀਆਂ ਤੇ ਬਿਜਲੀ ਦੀ ਕੱਟ ਲੱਗੀ ਹੋਈ ਹੈ । ਜਿਸ ਕਰਕੇ ਸੀਮਿੰਟ ਦੀ ਉਪਜ ਪੂਰੀ ਨਹੀਂ ਹੁੰਦੀ । ਇਸ ਦੇ ਨਾਲ ਹੀ ਪਿਛੇ ਜਿਹੇ ਸਾਰੇ ਹਿੰਦੁਸਤਾਨ ਦੀਆਂ ਫੈਕਟਰੀਆਂ ਦੇ ਵਿਚ ਸੀਮਿੰਟ ਦੀ ਘਾਟ ਰਹੀ ਉਸ ਦਾ ਕਾਰਨ ਇਹ ਸੀ ਕਿ ਮਜ਼ਦੂਰਾਂ ਦੀ ਹੜਤਾਲ ਕਾਫ਼ੀ ਦਿਨ ਤੱਕ ਚਲਦੀ ਰਹੀ । ਇਸ ਤੋਂ ਬਾਅਦ ਆਂਧਰਾ ਦੇ ਝਗੜੇ ਕਰਕੇ ਵੀ ਟਰੱਕਾਂ ਰਾਹੀਂ, ਰੇਲਵੇ ਰਾਹੀਂ ਸੀਮਿੰਟ ਆ ਨਹੀਂ ਸਕਿਆ ਕਿਉਂਕਿ ਟਰੈਫਿਕ ਬੰਦ ਰਿਹਾ । ਹੁਣ ਸਰਕਾਰ ਵੱਲੋਂ ਇੰਤਜ਼ਾਮ ਕੀਤਾ ਗਿਆ ਹੈ ਤਾਂ ਜੋ ਇਹ ਘਾਟ ਛੇਤੀ ਤੋਂ ਛੇਤੀ ਪੂਰੀ ਕੀਤੀ ਜਾਵੇ । ਇਸ ਤਰ੍ਹਾਂ ਡਿਸਟਰਬੈਂਸ ਹੋਣ ਦੀ ਵਜ੍ਹਾ ਨਾਲ ਇਹ ਕੰਮੀ ਰਹੀ ਹੈ ।

**ਸ੍ਰੀ ਸਪੀਕਰ** : ਮੈਂ ਅਰਜ਼ ਕਰਾਂਗਾ ਕਿ ਕਿਉਂਕਿ ਸੀਮਿੰਟ ਦੇ ਵਿਚ ਮਾਰਜਨ ਆਫ ਪ੍ਰਾਫਿਟ ਬਹੁਤ ਘੱਟ ਹੈ ਸਿਰਫ 15—20 ਪੈਸੇ ਫੀ ਬੋਰੀ ਹੀ ਹੈ, ਇਸ ਲਈ ਇਸ ਪਾਸੇ ਦੁਕਾਨਦਾਰ ਘੱਟ ਧਿਆਨ ਦਿੰਦੇ ਹਨ ਅਤੇ ਇਹ ਵਕਤ ਸਿਰ ਸੈਂਟਰਲ ਸਿੰਡੀਕੇਟ ਕੋਲ ਪੈਸੇ ਜਮ੍ਹਾਂ ਨਹੀਂ ਕਰਾਉਂਦੇ । ਜੇ ਸਰਕਾਰ ਉਨ੍ਹਾਂ ਨੂੰ ਪੂਰਾ ਮੁਨਾਫਾ ਦੇਣ ਲਈ ਡੀਪੂ ਹੋਲਡਰਾਂ ਨਾਲ ਕੋਈ ਵਿਚਾਰ ਕਰਕੇ ਫੈਸਲਾ ਕਰ ਲਵੇ ਤਾਂ ਇਹ ਦਿਕਤ ਦੂਰ ਹੋ ਸਕਦੀ ਹੈ । (I may state that there being a very small margin of profit viz., only 15 to 20 paise per bag of cement, the dealers do not take much interest and they do not deposit the money in time with the Central Syndicate. This difficulty can be removed if the Government gives them proper margin of profit by arriving at some settlement with the depot-holders.)

**ਰਾਜ ਮੰਤਰੀ (ਖੁਰਾਕ ਅਤੇ ਸਪਲਾਈਜ਼)** : ਮੈਂ ਆਪ ਦੇ ਇਸ ਸੁਝਾਉ ਦਾ, ਸਪੀਕਰ ਸਾਹਿਬ, ਸ਼ੁਕਰੀਆ ਅਦਾ ਕਰਦਾ ਹਾਂ ।

**ਗਿਆਨੀ ਕੁੰਦਨ ਸਿੰਘ ਪਤੰਗ** : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਦੋਂ ਸ਼ਹਿਰਾਂ ਦੇ ਵਿਚ 4-4 ਮੰਜ਼ਲੀਆਂ ਹਵੇਲੀਆਂ ਉਸਾਰੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਤੇ ਸਿਰਫ ਸੀਮਿੰਟ ਦੀ ਹੀ ਲਿਪਾਈ ਹੁੰਦੀ ਹੈ ਪਰ ਗਰੀਬ ਪਿੰਡਾਂ ਵਾਲਿਆਂ ਨੂੰ ਇਕ ਗੁਸਲਖਾਨਾ ਬਣਾਉਣ ਵਾਸਤੇ ਇਕ ਥੈਲਾ ਸੀਮਿੰਟ ਦਾ ਨਹੀਂ ਦਿਤਾ ਜਾਂਦਾ ਇਸ ਦਾ ਕਾਰਨ ਕੀ ਹੈ ? ਸਾਰਾ ਕੋਟਾ ਸ਼ਹਿਰਾਂ ਵਿਚ ਹੀ ਜਾਂਦਾ ਹੈ ਪਿੰਡਾਂ ਨੂੰ ਕਿਉਂ ਨਹੀਂ ਦਿਤਾ ਜਾਂਦਾ ?

**ਰਾਜ ਮੰਤਰੀ (ਖੁਰਾਕ ਅਤੇ ਸਪਲਾਈਜ਼)** : ਸੀਮਿੰਟ ਦੀ ਸ਼ਾਰਟੇਜ ਕਾਫੀ ਹੱਦ ਤੱਕ ਦੂਰ ਕਰ ਦਿੱਤੀ ਗਈ ਹੈ । ਨਾਲ ਹੀ ਫੈਕਟਰੀਆਂ ਵਿਚੋਂ ਮਾਲ ਲਿਆਉਣ ਦਾ ਪੂਰਾ ਇੰਤਜ਼ਾਮ ਕੀਤਾ ਗਿਆ ਹੈ ਤਾਂ ਜੋ ਪੂਰਾ ਮਾਲ ਡਿਸਟਰੀਬਿਊਟ ਹੋਵੇ । ਡਿਸਟਰੀਬਿਊਸ਼ਨ ਡੀ. ਸੀ. ਦੇ ਮਤਹਿਤ ਕਰ ਦਿਤੀ ਗਈ ਹੈ, ਅਤੇ ਹਰ ਚੀਜ਼ ਦੀ ਮਹਿੰਗਾਈ ਦੀ ਰੋਕ ਥਾਮ ਲਈ ਵੱਖਰੇ ਵੱਖਰੇ ਅਫਸਰ ਨਿਯੁਕਤ ਕੀਤੇ ਗਏ ਹਨ ਤਾਂ ਜੋ ਲੋਕਾਂ ਨੂੰ ਆਟਾ ਮਿਲੇ, ਅਤੇ ਹੋਰ ਜ਼ਰੂਰੀਆਤ ਜਿੰਦਗੀ ਦੀਆਂ ਚੀਜ਼ਾਂ ਵੀ ਮਿਲਣ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਦੇਵ ਸਿੰਘ ਸੰਧੂ** : ਪੰਜਾਬ ਵਿਚ ਕਿਸੇ ਵੀ ਡਿਪੂ ਤੇ ਕਣਕ ਨਹੀਂ ਮਿਲਦੀ ।

**ਰਾਜ ਮੰਤਰੀ (ਖੁਰਾਕ ਅਤੇ ਸਪਲਾਈਜ਼)** : ਡਿਪੂਆਂ ਵਿਚ ਨਾ ਹੀ ਕਣਕ ਦਿਤੀ ਜਾਂਦੀ ਹੈ ਅਤੇ ਨਾ ਹੀ ਦਿਤੀ ਜਾਵੇਗੀ । ਜਦੋਂ ਸਰਕਾਰ ਨੂੰ ਇਹ ਪਤਾ ਲੱਗਿਆ ਕਿ ਡਿਪੂਆਂ ਵਾਲੇ ਸਮਗਲਿੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਕਣਕ ਦੇਣੀ ਬੰਦ ਕਰ ਦਿਤੀ ਅਤੇ ਉਸ ਦੀ ਬਜਾਏ ਹੁਣ ਡਿਪੂਆਂ ਤੋਂ ਆਟਾ ਮਿਲਦਾ ਹੈ । ਜਿਹੜੇ ਲੋਕ ਕਣਕ ਦੀਆਂ ਕੀਮਤਾਂ ਦੇ ਮੁਤਾਲਿਕ ਰੌਲਾ ਪਾਉਂਦੇ ਹਨ ਉਹ ਵੇਖਣ ਪੰਜਾਬ ਵਿਚ ਕੀ ਭਾਅ ਹੈ ਅਤੇ ਇਸ ਦੀਆਂ ਨਾਲ ਦੀਆਂ ਸਟੇਟਾਂ ਦੇ ਵਿਚ ਕੀ ਰੇਟ ਤੇ ਕਣਕ ਵਿਕਦੀ ਹੈ । ਜੋ ਵੀ ਕੀਮਤਾਂ ਨੂੰ ਕਾਬੂ ਵਿਚ ਰੱਖਣ ਵਾਸਤੇ ਮੁਨਾਸਿਬ ਸਮਝਿਆ ਉਸ ਤਰ੍ਹਾਂ ਦੇ ਕਦਮ ਉਠਾਏ ਗਏ ਹਨ ।

**ਗਿਆਨੀ ਅਰਜਨ ਸਿੰਘ ਲਿੱਟ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਉਨ੍ਹਾਂ ਦੇ ਨੋਟਿਸ ਵਿਚ ਹੈ ਕਿ ਲਗਾਤਾਰ 4 ਮਹੀਨੇ ਲੁਧਿਆਣੇ 125 ਗਰਾਮ ਖੰਡ ਮਿਲਦੀ ਰਹੀ। ਇਹ ਗੱਲ ਉਨ੍ਹਾਂ ਦਾ ਆਪਣਾ ਹੀ ਰੀਕਾਰਡ ਦੱਸਦਾ ਹੈ, ਹੁਣ ਕਹਿੰਦੇ ਹਨ ਸਾਡਾ ਇੰਤਜ਼ਾਮ ਠੀਕ ਰਿਹਾ ਹੈ ।

**ਰਾਜ ਮੰਤਰੀ (ਖੁਰਾਕ ਅਤੇ ਸਪਲਾਈਜ਼)** : ਚਾਵਲਾਂ ਦੇ ਭਾਅ ਦੇ ਵਿਚ ਜਦੋਂ ਇਹ ਪਤਾ ਲੱਗਿਆ ਕਿ ਕੋਈ ਕੁਰੱਪਸ਼ਨ ਹੋ ਰਹੀ ਹੈ ਤਾਂ ਇਨਸਪੈਕਟਰਾਂ ਨੂੰ ਕਿਹਾ ਗਿਆ ਕਿ ਉਹ ਮੌਕੇ ਤੇ ਜਾ ਕੇ ਵੇਖਣ ਜਿਥੇ ਵੀ ਕੋਈ ਕੁਰੱਪਸ਼ਨ ਪਾਈ ਗਈ ਤਾਂ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਗਿਆ । ਕੋਈ ਮੈਨੂੰ ਇਹ ਦੱਸੇ ਕਿ ਜਿਥੇ ਕੋਈ ਸ਼ਿਕਾਇਤ ਆਈ ਹੋਵੇ ਗਵਰਨਮੈਂਟ ਨੇ ਇੰਤਜ਼ਾਮ ਨਾ ਕੀਤਾ ਹੋਵੇ, ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

**ਸ੍ਰੀ ਕੇਸ਼ੋ ਰਾਮ ਗੋਇਲ** (ਬਠਿੰਡਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਗਵਰਨਰ ਸਾਹਿਬ ਦੇ ਐਡਰੈਸ ਦੀ ਪਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ।

ਸਪੀਕਰ ਸਾਹਿਬ, ਜਿਸ ਵਕਤ ਗਵਰਨਰ ਸਾਹਿਬ ਐਡਰੈਸ ਪੜ੍ਹ ਰਹੇ ਸਨ ਉਸ ਵੇਲੇ ਲੀਡਰ ਆਫ਼ ਦੀ ਅਪੋਜ਼ੀਸ਼ਨ ਨੇ ਇਹ ਗੱਲਾਂ ਕਹਿਕੇ ਵਾਕਆਊਟ ਕੀਤਾ ਕਿ ਪੰਜਾਬ ਵਿਚ ਸਿਵਲ ਲਿਬਰਟੀ ਨਹੀਂ ਹੈ, ਪੰਜਾਬ ਵਿਚ ਲਾ ਐਂਡ ਆਰਡਰ ਦੀ ਹਾਲਤ ਖ਼ਰਾਬ ਹੈ (ਸ਼ੋਰ)। ਜਿਥੋਂ ਤੱਕ ਸਿਵਲ ਲਿਬਰਟੀ ਦਾ ਸਵਾਲ ਹੈ, ਮੈਂ ਉਨ੍ਹਾਂ ਦੀ ਵਾਕਫੀਅਤ ਲਈ ਦਸਣਾ ਚਾਹੁੰਦਾ ਹਾਂ ਕਿ ਜਦੋਂ ਪਿਛੇ ਜਿਹੇ ਕਾਨਫਰੰਸ ਹੋਈ ਸੀ ਪਬਲਿਕ ਨੇ ਇਕ ਖਾਸ ਸ਼ਖਸ ਨੂੰ ਜਿਸ ਦਾ ਮੈਂ ਨਾਉਂ ਨਹੀਂ ਲੈਣਾ ਚਾਹੁੰਦਾ ਇਕ ਪਬਲਿਕ ਜਲਸੇ ਦੇ ਵਿਚ ਬੋਲਣ ਨਹੀਂ ਦਿੱਤਾ, ਕਿਉਂਕਿ ਉਹ ਸਮਗਲਰ ਸੀ ਉਹ ਪਾਰਟੀ ਵਿਚੋਂ ਡੀਫੈਕਟਿਡ ਸੀ ਰਿਸ਼ਵਤ ਲੈਂਦਾ ਸੀ ਅਤੇ ਅਫੀਮ ਵੇਚਦਾ ਸੀ ਪਰ ਉਥੇ ਜਦੋਂ ਸੱਚਰ ਸਾਹਿਬ ਬੋਲੇ ਤਾਂ ਲੋਕਾਂ ਨੇ ਉਨ੍ਹਾਂ ਨੂੰ ਪਿਨ ਡਰਾਪ ਸਾਈਲੈਂਸ ਦੇ ਵਿਚ ਸੁਣਿਆ। (ਵਿਘਨ) ਤੁਹਾਡੀ ਵਜ਼ਾਰਤ ਦੇ ਵਜ਼ੀਰ ਸੀ। (ਵਿਘਨ) ਮੈਂ ਬਾਦਲ ਸਾਹਿਬ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਰਾਜ ਸਮੇਂ ਕੋਟਕਪੂਰੇ ਵਿਚ ਸਰਦਾਰ ਗੁਰਨਾਮ ਸਿੰਘ ਨੇ ਇਕ ਕਨਵੇਨਸ਼ਨ ਕੀਤੀ ਸੀ ਉਸ ਵਿਚ ਲਗਾਤਾਰ 2 ਘੰਟੇ ਗੋਲੀਆਂ ਚਲਦੀਆਂ ਰਹੀਆਂ ਅਤੇ ਬਾੜ ਸਾਹਿਬ ਇਥੇ ਬੈਠੇ ਨਹੀਂ, ਨਹੀਂ ਤਾਂ ਉਹ ਦਸਦੇ ਕਿ ਉਹ ਜ਼ਖਮੀ ਹੋਏ ਸੀ। ਫਿਰ ਬਾਦਲ ਸਾਹਿਬ ਨੂੰ ਇਕ ਹੋਰ ਗਲ ਯਾਦ ਕਰਾਵਾਉਣੀ ਚਾਹੁੰਦਾ ਹਾਂ। ਮੁਕਤਸਰ ਵਿਚ ਇਕ ਦੁਕਾਨ ਸੀ ਸੂਰਜ ਮਲ ਹੰਸ ਰਾਜ ਦੀ ਉਸ ਦੁਕਾਨ ਦਾ ਸਟੈਂਡਰਡ ਰੇਟ ਤੇ ਹੋ ਚੁਕਾ ਸੀ ਅਤੇ 3 ਲੱਖ ਦੀ ਉਹ ਦੁਕਾਨ ਸੀ ਪਰ ਸਿਰਫ 10 ਹਜ਼ਾਰ ਰਿਸ਼ਵਤ ਲੈ ਕੇ

Original with;
Punjab Vidhan Sabha
Digitized by;
Panjab Digital Library

ਰਾਤੋਂ ਰਾਤ ਉਸ ਨੂੰ ਢੂਹਾ ਦਿਤਾ ਗਿਆ ਅਤੇ ਕੋਈ ਕੇਸ ਵੀ ਉਸ ਦੇ ਖਿਲਾਫ਼ ਰਜਿਸਟਰ ਨਾ ਕੀਤਾ ਗਿਆ (ਵਿਘਨ)। ਫਿਰ ਇਸੇ ਤਰ੍ਹਾਂ ਫਰੀਦਕੋਟ ਦੇ ਬਸਾਂ ਦੇ ਅੱਡੇ ਤੇ ਇਕ ਘੰਟਾ ਗੋਲੀਆਂ ਨਾਲ ਲੜਾਈ ਹੁੰਦੀ ਰਹੀ, ਦੋ ਬੰਦੇ ਮਾਰੇ ਗਏ ਪਰ ਉਨ੍ਹਾਂ ਦਾ ਕੁਝ ਨਹੀਂ ਬਣਿਆ ਇਸ ਤਰ੍ਹਾਂ ਜਿਹੜਾ ਜੰਗਲ ਦਾ ਰਾਜ ਉਸ ਸਮੇਂ ਸੀ ਉਸ ਦਾ ਅਸਰ ਅਜ ਤਕ ਵੀ ਹੈ ਤਾਂ ਹੀ ਕਦੇ ਕਦੇ ਕਿਤੇ ਕਿਤੇ ਕੋਈ ਲਾਕਾਨੂੰਨੀ ਹੋ ਜਾਂਦੀ ਹੈ। 5 ਸਾਲ ਜੋ ਲਾਕਾਨੂੰਨੀ ਰਹੀ ਉਸ ਦਾ ਹੀ ਹੁਣ ਹੈਂਗ ਓਵਰ ਹੈ। (ਵਿਘਨ) ਫਿਰ ਸਪੀਕਰ ਸਾਹਿਬ, ਮੇਰੇ ਅਕਾਲੀ ਵੀਰ ਡਾਕਟਰ ਜਗਜੀਤ ਸਿੰਘ ਦਾ ਨਾਂ ਸੁਣ ਕੇ ਭੀ ਬੜਾ ਤਿਲਮਲਾਂਦੇ ਹਨ। ਪਤਾ ਨਹੀਂ ਕਿਉਂ . . . . . (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ**: ਇਹ ਵੀ ਤਾਂ ਦਸੋ ਕਿ ਕਾਰਾਂ ਤੇ ਟੈਲੀਵੀਜ਼ਨ ਕਿਥੋਂ ਲਿਆਂਦੇ ? . . .

**ਸ੍ਰੀ ਕੇਸ਼ੋ ਰਾਮ ਗੋਇਲ**: ਉਹ ਵੀ ਦਸ ਦਿਆਂਗਾ। ਸਪੀਕਰ ਸਾਹਿਬ, ਮੈਂ ਡਾਕਟਰ ਜਗਜੀਤ ਸਿੰਘ ਦੀ ਗਲ ਕਰ ਰਿਹਾ ਸੀ ਉਸ ਕੁਖ ਨੂੰ ਸ਼ਰਮ ਆਉਣੀ ਚਾਹੀਦੀ ਹੈ ਜਿਥੋਂ ਜਗਜੀਤ ਸਿੰਘ ਨੇ ਜਨਮ ਲਿਆ ਸੀ, ਇਨ੍ਹਾਂ ਨੂੰ ਵੀ ਸ਼ਰਮ ਆਉਣੀ ਚਾਹੀਦੀ ਹੈ ਜਿਨ੍ਹਾਂ ਦਾ ਕਿ ਉਹ ਜਨਰਲ ਸੈਕਟਰੀ ਸੀ। ਉਹ ਗੱਦਾਰ ਹੈ। (ਵਿਘਨ) ਫਿਰ ਸਪੀਕਰ ਸਾਹਿਬ ਅਕਾਲੀ ਦਲ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਕਿ ਜੰਗੀ ਕੈਦੀਆਂ ਨੂੰ ਛੱਡ ਦਿਤਾ ਜਾਵੇ (ਵਿਘਨ)।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਆਨ ਏ ਪੁਆਇੰਟ ਆਫ਼ ਕੰਟ੍ਰਾਡਿਕਸ਼ਨ ਸਰ। (ਹਾਸਾ)

**ਸ੍ਰੀ ਸਪੀਕਰ**: ਇਸ ਰੂਲਜ਼ ਦੀ ਕਿਤਾਬ ਵਿਚ ਤਾਂ ਕਿਧਰੇ ਵੀ ਪੁਆਇੰਟ ਆਫ਼ ਕੰਟਰਾਡਿਕਸ਼ਨ ਨਹੀਂ ਹੈ (ਹਾਸਾ) (The Rules have no provision for a point of contradiction.)

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਸਪੀਕਰ ਸਾਹਿਬ, ਮੇਰਾ ਪੁਆਇੰਟ ਇਹ ਹੈ ਕਿ ਕੱਲ ਦੀ ਅਖਬਾਰ ਵਿਚ ਇਕ ਖਬਰ ਨਿਕਲੀ ਸੀ ਕਿ ਇਕ ਸੈਂਟਰ ਦੇ ਮਨਿਸਟਰ ਦੀ ਚਿੱਠੀ ਇਕ ਪਾਕਿਸਤਾਨੀ ਜਾਸੂਸ ਕੋਲੋਂ ਫੜੀ ਗਈ ਹੈ। ਜੇ ਉਹ ਗੱਦਾਰ ਨਹੀਂ ਤਾਂ ਡਾਕਟਰ ਜਗਜੀਤ ਸਿੰਘ ਕਿਵੇਂ ਗਦਾਰ ਹੈ ?

**ਸ੍ਰੀ ਕੇਸ਼ੋ ਰਾਮ ਗੋਇਲ**: ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਏ. ਐਮ. ਤੇ ਝੂਠੇ ਇਲਜ਼ਾਮ ਲਗਾਏ ਕਿ ਉਹ ਕਾਰ ਲੈ ਕੇ ਕੇਰਲ ਗਿਆ ਹੈ। ਇਹ ਗਲ ਗਲਤ ਹੈ। ਮੇਰੇ ਕੋਲ ਟਿਕਟ ਨੰਬਰਜ਼ ਹਨ ਜਿਨ੍ਹਾਂ ਰਾਹੀਂ ਉਹ ਹਵਾਈ ਜਹਾਜ਼ ਰਾਹੀਂ ਕੇਰਲ ਗਿਆ। ਮੈਂ ਉਹ ਪੜ੍ਹ ਦਿੰਦਾ ਹਾਂ।

| | | |
|---|---|---|
| 16.1.73 | Patiala to Delhi | By Staff Car |
| 17.1.73 | Delhi—Bangalore | By Air IC—403 |
| 18.1.73 to 20.1.73 | Halt at Bangalore | |
| 21.1.73 | Bangalore—Cochin—<br>Cochin—Trivandrum | By Air IC—589<br>IC 502 |
| 22.1.73 to 24.1.73 | Halt at Trivandrum | |

Original with;
Punjab Vidhan Sabha
Digitized by;
Panjab Digital Library

[ਸ੍ਰੀ ਕੇਸ਼ੋ ਰਾਮ ਗੋਇਲ]

| | | | |
|---|---|---|---|
| 25.1.73 | Trivandrum-Madras | By Air | IC—530 |
| | Madras-Delhi | | IC—440 |
| 26.1.73 | Delhi-Patiala | By Staff | |

ਜੇ ਸਪੀਕਰ ਸਾਹਿਬ ਇਨ੍ਹਾਂ ਵਿਚ ਹਿੰਮਤ ਹੈ ਤਾਂ ਇਹ ਬਾਹਰ ਚਾਰਜ ਲਗਾਉਣ ਤੇ ਫਿਰ ਆਪਣਾ ਹਾਲ ਦੇਖਣ। (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਕੀ ਉਹ ਮਹਾਰਾਜਾ ਪਟਿਆਲਾ ਦਾ ਪੁਤਰ ਸੀ ਕਿ ਬਿਨਾਂ ਇਕ ਲੱਖ 6 ਹਜ਼ਾਰ ਦੀ ਕਾਰ ਦੇ ਸਫ਼ਰ ਨਹੀਂ ਸੀ ਕਰ ਸਕਦਾ ? (ਹਾਸਾ) (ਵਿਘਨ)

**ਸ੍ਰੀ ਕੇਸ਼ੋ ਰਾਮ ਗੋਇਲ** : ਫਿਰ, ਸਪੀਕਰ ਸਾਹਿਬ, ਇਕ ਪੰਜਾਬੀ ਅਤੇ ਹਿੰਦੀ ਦਾ ਝਗੜਾ ਪੈਦਾ ਕਰਦੇ ਹਨ। ਹਿੰਦੀ ਸਾਡੀ ਰਾਸ਼ਟਰ ਭਾਸ਼ਾ ਹੈ ਅਤੇ ਪੰਜਾਬੀ ਸਾਡੀ ਮਾਤਰੀ ਭਾਸ਼ਾ ਹੈ। ਇਨ੍ਹਾਂ ਤੇ ਇਥੇ ਇਲਜ਼ਾਮ ਲਗਾ ਕਿ ਇਨ੍ਹਾਂ ਨੇ ਪੰਜਾਬੀ ਭਾਸ਼ਾ ਵਿਚ ਛਪਿਆ ਹੋਇਆ ਐਡਰੈਸ ਫਾੜ ਕੇ ਸੁਟਿਆ ਹੈ ਤਾਂ ਇਨ੍ਹਾਂ ਨੇ ਜਵਾਬ ਦਿਤਾ ਕਿ ਨਹੀਂ ਅਸੀਂ ਤਾਂ ਹਿੰਦੀ ਵਿਚ ਛਪਿਆ ਹੋਇਆ ਐਡਰੈਸ ਫਾੜਿਆ ਹੈ, ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਨੂੰ ਹਿੰਦੀ ਭਾਸ਼ਾ ਦਾ ਸਤਿਕਾਰ ਬਿਲਕੁਲ ਨਹੀਂ ਹੈ। (ਵਿਘਨ) ਇਨ੍ਹਾਂ ਦੇ ਆਪਣੇ ਬਚੇ ਤਾਂ ਕਾਨਵੈਂਟਾਂ ਵਿਚ ਅਤੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਣ ਜਾਂਦੇ ਹਨ (ਵਿਘਨ) ਅਗੇ ਹੀ ਇਨ੍ਹਾਂ ਨੇ ਪੰਜਾਬ ਨੂੰ ਬਹੁਤ ਛੋਟਾ ਕਰ ਦਿਤਾ ਹੈ ਅਤੇ ਅਜੇ ਹੋਰ ਵੀ ਛੋਟਾ ਕਰਨਾ ਚਾਹੁੰਦੇ ਹਨ। (ਵਿਘਨ)

(ਇਸ ਵੇਲੇ ਕਈ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸੀ ਜਿਸ ਕਰਕੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

**Mr. Speaker**: Order, order please.

**ਸਰਦਾਰ ਧੰਨਾ ਸਿੰਘ ਗੁਲਸ਼ਨ** : ਅਬੋਹਰ ਵਿਚ ਜਿਤਨਾ ਕੋਲਾ ਜਾਂਦਾ ਹੈ ਉਹ ਇਹ ਸਾਰਾ ਇਕਲਾ ਖਾ ਜਾਂਦਾ ਹੈ (ਵਿਘਨ) ਇਸ ਦੀਆਂ 2 ਕਾਰਾਂ ਤੇ 3 ਟਰਕ ਬਣਾਈਆਂ ਹੋਈਆਂ ਹਨ (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ** : ਸਪੀਕਰ ਸਾਹਿਬ, ਜਦੋਂ ਇਹ ਐਮ.ਐਲ.ਏ. ਨਹੀਂ ਸੀ ਤਾਂ ਉਸ ਸਮੇਂ ਦੀ ਇਸ ਦੀ ਜਾਇਦਾਦ ਅਤੇ ਹੁਣ ਦੀ ਜਾਇਦਾਦ ਦੀ ਪੜਤਾਲ ਕਰਵਾ ਲਓ ਤੁਹਾਨੂੰ ਪਤਾ ਲਗ ਜਾਵੇਗਾ ਕਿ ਇਸ ਨੇ ਕਿਤਨੀ ਕੁਰਪਸ਼ਨ ਕੀਤੀ ਹੈ। (ਵਿਘਨ)

(ਕਈ ਮੈਂਬਰ ਸਾਹਿਬਾਨ — ਬੋਲਣ ਕਰਕੇ ਹਾਊਸ ਵਿਚ ਬਹੁਤ ਸ਼ੋਰ ਸੀ।)

**ਸ੍ਰੀ ਸਪੀਕਰ** : ਤੁਹਾਡੀ ਦੋਹਾਂ ਦੀ ਜਾਇਦਾਦ ਵੰਡ ਦਿੰਦੇ ਹਾਂ। (ਹਾਸਾ)

(Let us distribute the property of both of you) (Laughter)

**ਸਰਦਾਰ ਰਣਧੀਰ ਸਿੰਘ ਚੀਮਾ**: ਮੈਨੂੰ ਇਹ ਆਫਰ ਮਨਜ਼ੂਰ ਹੈ ਜੀ (ਵਿਘਨ)—

(ਇਸ ਵੇਲੇ ਸਰਦਾਰ ਅਜਾਇਬ ਸਿੰਘ ਸੰਧੂ, ਸ੍ਰੀ ਪ੍ਰੇਮ ਗੁਪਤਾ, ਚੌਧਰੀ ਜਗਤ ਰਾਮ ਆਦਿ ਬੋਲਣ ਲਈ ਖੜੇ ਸੀ।)

**ਸ੍ਰੀ ਪ੍ਰੇਮ ਗੁਪਤਾ** : * * * *

**ਸ੍ਰੀ ਸਪੀਕਰ** ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ ਅਤੇ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ (This is no point of order and it will not form part of the proceedings)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ :** * * * * *

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ਅਤੇ ਇਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (This is no point of order and it will not form part of the proceedings).

**आचार्य पृथ्वी सिंह आजाद :** स्पीकर महोदय, जो शब्द श्री चीमा जी ने श्री केशो राम के लिये कहे हैं, वह बहुत आपत्तिजनक हैं, इस लिये या तो आप उन्हें ऐक्सपंज करवायें या वह उन्हें वापस लें (विघ्न) ।

**ਸ੍ਰੀ ਸਪੀਕਰ :** ਸੰਧੂ ਸਾਹਬ ਨੇ ਜੋ ਕਿਹਾ ਹੈ ਉਹ ਪੁਆਇੰਟ ਆਫ਼ ਆਰਡਰ ਨਹੀਂ ਹੈ ਅਤੇ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇ ਗਾ ।

**ਸਰਦਾਰ ਅਜਾਇਬ ਸਿੰਘ ਸੰਧੂ:** ਜੋ ਕੁਝ ਤੁਸੀਂ ਸੁਣਿਆ ਹੈ ਉਹ ਤੁਸੀਂ ਦਸੋ ਕੀ ਕਿਹਾ ਹੈ (ਵਿਘਨ)

**Mr. Speaker** : Order order please (Interruption)

**ਚੌਧਰੀ ਜਗਤ ਰਾਮ :** ਸਪੀਕਰ ਸਾਹਿਬ, ਤੁਸੀਂ ਕਹਿ ਦਿਤਾ ਭਤੀਜਾ ਸਾਹਿਬ, ਜੇ ਭਤੀਜਾ ਹੁੰਦਾ ਤਾਂ ਉਹ ਮੇਰੇ ਵਰਗਾ ਹੋਣਾ ਸੀ। (ਵਿਘਨ) (ਸ਼ੋਰ)

**ਸ੍ਰੀ ਕੇਸ਼ੋ ਰਾਮ ਗੋਇਲ :** ਜੇ ਇਲਜ਼ਾਮ ਲਗਾਉਣੇ ਹਨ ਤਾਂ ਬਾਹਰ ਆ ਕੇ ਲਗਾਉ (ਵਿਘਨ) ਮੈਂ ਐਨੀ ਗਲ ਕਹਿ ਦੇਣਾ ਚਾਹੁੰਦਾ ਹਾਂ ਕਿ ਫੈਕਟਸ ਐਂਡ ਫਿਗਰਜ਼ ਤੁਹਾਡੇ ਕੋਲ ਹਨ, ਜਨਤਾ ਕੋਲ ਹਨ, ਜੋ ਪੰਜ ਸਾਲਾਂ ਵਿਚ ਇਨ੍ਹਾਂ ਨੇ ਮਿਸ ਰੂਲ ਕੀਤਾ ਹੈ, ਜੋ ਪੰਜਾਬ ਨੂੰ ਪੰਜਾਂ ਸਾਲਾਂ ਵਿਚ ਇਨ੍ਹਾਂ ਨੇ ਤਬਾਹ ਕੀਤਾ ਹੈ (ਵਿਘਨ) ਪੰਜਾਬ ਸਰਕਾਰ ਨੇ ਇਕ ਸਾਲ ਅੰਦਰ ਅੰਦਰ ਇਨ੍ਹਾਂ ਪੰਜ ਸਾਲਾਂ ਦਾ ਖੱਪਾ ਭਰਿਆ ਹੈ। (ਥੰਪਿੰਗ) (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਵਿਚ ਸੁਣਨ ਦੀ ਆਦਤ ਨਹੀਂ ਹੈ। ਇਨ੍ਹਾਂ ਨੇ ਜੋ ਪੰਜਾਬ ਦਾ ਪੰਜ ਸਾਲਾਂ ਵਿਚ ਬੇੜਾ ਗਰਕ ਕੀਤਾ ਹੈ, ਜੋ ਤਬਾਹੀ ਇਨ੍ਹਾਂ ਨੇ ਪੰਜ ਸਾਲਾਂ ਵਿਚ ਲਿਆਂਦੀ ਹੈ, ਜਿੰਨੀ ਕੁਰੱਪਸ਼ਨ ਤਹਿਸੀਲਾਂ ਵਿਚ, ਥਾਨਿਆਂ ਵਿਚ (ਵਿਘਨ) ਕਰਕੇ ਇਨ੍ਹਾਂ ਨੇ ਆਪਣੇ ਘਰ ਭਰੇ ਹਨ (ਵਿਘਨ) ਇਸ ਸਭ ਕੁਝ ਕਰਨ ਦੇ ਬਾਵਜੂਦ ਅੱਜ ਇਹ ਮੇਰੇ ਤੇ ਇਲਜ਼ਾਮ ਲਗਾਉਂਦੇ ਹਨ। ਮੈਂ ਤਾਂ ਕਹਿੰਦਾ ਹਾਂ ਕਿ ਬਾਹਰ ਆ ਕੇ ਇਲਜ਼ਾਮ ਲਗਾਉ, ਮੈਂ ਇਸ ਗਲ ਨੂੰ ਫੇਸ ਕਰਨ ਨੂੰ ਤਿਆਰ ਹਾਂ (ਵਿਘਨ) ਐਨਾ ਕਹਿੰਦਾ ਹੋਇਆ ਮੈਂ ਬੈਠਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ।

**ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) :** ਸਨਮਾਨਯੋਗ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰਸ ਉਤੇ ਸਾਡੇ ਇਸ ਹਾਊਸ ਵਿਚ ਆਨਰੇਬਲ ਮੈਂਬਰ ਸਾਹਿਬਾਨ ਨੇ ਬੜਾ ਸਮਾਂ ਸੋਚ ਵਿਚਾਰ ਕੇ ਆਪਣੀਆਂ ਰਾਵਾਂ ਦਿਤੀਆਂ ਹਨ । ਡੈਮੋਕਰੇਸੀ ਦੇ ਸੁਨਹਿਰੀ ਅਸੂਲ ਨੂੰ ਮੱਦੇ-ਨਜ਼ਰ ਰੱਖਕੇ ਇਹ ਜ਼ਰੂਰੀ ਹੈ ਕਿ ਮਜਾਰਿਟੀ ਦੀ ਸਰਕਾਰ ਆਪੋਜ਼ੀਸ਼ਨ ਦੀ ਗੱਲ ਨੂੰ ਧਿਆਨ ਨਾਲ ਸੁਣੇ ਔਰ ਉਨਾਂ ਨੂੰ ਮੁਨਾਸਿਬ ਜਗ੍ਹਾ ਦੇਵੇ ਔਰ ਕੋਈ ਗਲਤੀ ਅਗਰ ਸਰਕਾਰ ਕਰਦੀ ਹੈ ਤਾਂ ਉਸ ਦਾ ਨੋਟਿਸ ਖੁਦ ਸਰਕਾਰੀ ਬੈਂਚਾਂ ਤੋਂ ਨਾ ਵੀ ਆਵੇ ਤਾਂ ਆਪੋਜ਼ੀਸ਼ਨ ਬੈਂਚਾਂ ਤੋਂ ਆਵੇ ਉਸ ਨੂੰ ਵੀ ਸਨਮਾਨ ਨਾਲ ਵੇਖਿਆ ਜਾਂਦਾ ਹੈ । ਮੈਨੂੰ ਖੁਸ਼ੀ ਹੈ ਕਿ ਆਨਰੇਬਲ ਮੈਂਬਰ ਸਾਹਿਬਾਨ ਨੇ ਜਿਨ੍ਹਾਂ ਨੇ ਇਸ ਡਿਸਕਸ਼ਨ ਵਿਚ ਹਿੱਸਾ ਲਿਆ ਉਨ੍ਹਾਂ ਨੇ ਬਹੁਤ ਸਾਰੀਆਂ ਤਾਮੀਰੀ ਗਲਾਂ ਦੱਸੀਆਂ ਹਨ, ਕਈਆਂ ਨੇ ਕੁਝ ਖਾਮੀਆਂ ਸਨ ਉਹ ਵੀ ਪੁਆਇੰਟ ਆਊਟ ਕੀਤੀਆਂ ਹਨ, ਕੁਝ ਦੋਸਤਾਂ ਨੇ ਬੇ-ਬੁਨਿਆਦ ਜਿਸ ਦਾ ਕਿ ਕੋਈ ਸਿਰ ਪੈਰ ਨਹੀਂ ਅਤੇ ਸਿਰਫ ਆਪੋਜ਼ੀਸ਼ਨ ਕਰਨ ਵਾਸਤੇ ਇਲਜ਼ਾਮ ਲਗਾਏ ਹਨ, ਮੈਂ ਸਾਰਿਆਂ ਦਾ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮਸ਼ਕੂਰ ਹਾਂ ਲੇਕਿਨ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਆਨਰੇਬਲ ਆਪੋਜੀਸ਼ਨ ਦੇ ਲੀਡਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਿਰਫ ਆਪੋਜੀਸ਼ਨ ਦੇ ਲੀਡਰ ਨਹੀਂ ਬਲਕਿ ਉਹ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਹਨ ਔਰ ਉਨਾਂ ਨੂੰ ਜੁਮੇਵਾਰ ਸ਼ਖਸ਼ ਸਮਝਕੇ ਮੈਂ ਉਨ੍ਹਾਂ ਦੇ ਸਾਰੇ ਮੈਂਬਰਾਂ ਦੀਆਂ ਜਿਹੜੀਆਂ ਗੱਲਾਂ ਹਨ ਉਨਾਂ ਨੂੰ ਧਿਆਨ ਨਾਲ ਸੁਣਿਆ ਹੈ, ਜੋ ਰਿਕਾਰਡ ਵਿਚ ਆਇਆ ਹੈ ਉਨਾਂ ਨੂੰ ਪੜ੍ਹਿਆ ਹੈ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਜੋ ਦਰੁਸਤ ਚੀਜ਼ਾਂ ਉਹਨਾਂ ਨੇ ਦੱਸੀਆਂ ਹਨ ਉਨਾਂ ਨੂੰ ਸਰਕਾਰ ਪ੍ਰਵਾਨ ਕਰ ਲਵੇ ਅਤੇ ਜਿਹੜੀਆਂ ਗਲਤ ਹਨ ਉਹ ਲੋਕਾਂ ਵਿਚ ਗਲਤੀ ਨਾ ਰਹਿ ਜਾਵੇ ਉਨਾਂ ਨੂੰ ਮੈਂ ਦਰੁਸਤ ਕਰ ਦੇਵਾਂ। ਮੈਨੂੰ ਆਸ ਹੈ ਕਿ ਤੁਹਾਡੇ ਵਰਗੇ ਤਜਰਬਾਕਾਰ ਸਪੀਕਰ ਜਿਹੜੇ ਹਨ ਉਹ ਇਸ ਗੱਲ ਲਈ ਮੌਕਾ ਦੇਣਗੇ ਔਰ ਇਸ ਨੂੰ ਐਪ੍ਰੀਸ਼ੀਏਟ ਕਰਨਗੇ ਕਿ ਜਿਹੜੀਆਂ ਗੱਲਾਂ ਬੇ-ਬੁਨਿਆਦ ਹਨ ਅਤੇ ਕੁਝ ਗਲਤ ਤਰੀਕੇ ਨਾਲ ਨੋਟਿਸ ਵਿਚ ਆਈਆਂ ਹਨ ਉਨਾਂ ਲਈ ਮੈਂ ਕਲੈਰੀਫੀਕੇਸ਼ਨ ਕਰ ਸਕਾਂ। ਆਨਰੇਬਲ ਲੀਡਰ ਆਫ ਦੀ ਆਪੋਜੀਸ਼ਨ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਦਾ ਇਹ ਸੁਝਾਉ ਮੈਂ ਪ੍ਰਵਾਨ ਕਰ ਲਿਆ ਹੈ ਕਿ ਪੰਜਾਬ ਦੀ ਪੁਲਿਸ ਜਿਹੜੀ ਹੈ ਇਸ ਦੀ ਤਾਕਤ ਥੋੜੀ ਹੈ, ਇਸ ਫੋਰਸ ਨੂੰ ਵਧਾਇਆ ਜਾਵੇ (ਥੰਪਿੰਗ) ਇਨ੍ਹਾਂ ਨੇ ਇਕ ਸੁਝਾਉ ਇਹ ਦਿਤਾ ਸੀ ਕਿ ਪੰਜਾਬ ਦੀ ਜੋ ਜ਼ਮੀਨ ਹੈ ਇਸ ਦੀ ਪੈਦਾਵਾਰ ਦੀ ਸ਼ਕਤੀ ਘੱਟ ਰਹੀ ਹੈ ਔਰ ਇਹ ਘਟਣ ਨਹੀਂ ਦੇਣੀ ਚਾਹੀਦੀ। ਮੈਂ ਪਤਾ ਕੀਤਾ ਹੈ ਇਸ ਮਾਮਲੇ ਸਬੰਧੀ ਅਤੇ ਪਤਾ ਲੱਗਿਆ ਹੈ ਕਿ ਪੈਦਾਵਾਰ ਦੀ ਸ਼ਕਤੀ ਘੱਟ ਨਹੀਂ ਰਹੀ ਪਰ ਤਾਹਮ ਮੈਂ ਆਪੋਜੀਸ਼ਨ ਦੇ ਲੀਡਰ ਦੇ ਸੁਝਾਉ ਦਾ ਸਨਮਾਨ ਕਰਦਾ ਹਾਂ ਅਤੇ ਇਸ ਲਈ ਇਕ ਮਾਹਰੀਨ ਦਾ ਬੋਰਡ ਬਣਾ ਦਿਤਾ ਗਿਆ ਹੈ ਜਿਹੜਾ ਕਿ ਇਹ ਫੈਸਲਾ ਕਰੇ ਕਿ ਕਿਤੇ ਇਹ ਸ਼ਕਤੀ ਘੱਟ ਤਾਂ ਨਹੀਂ ਰਹੀ। ਜੇ ਘੱਟ ਰਹੀ ਹੈ ਤਾਂ ਪੈਦਾਵਾਰ ਦੀ ਸ਼ਕਤੀ ਨੂੰ ਘਟਣ ਨਾ ਦਿਤਾ ਜਾਵੇ। ਉਨਾਂ ਨੇ ਇਹ ਵੀ ਕਿਹਾ ਸੀ ਕਿ ਬਿਜਲੀ ਦੀ ਕਮੀ ਨੂੰ ਦੂਰ ਕਰਨ ਵਾਸਤੇ ਗੈਸ ਟਰਬਾਈਨ ਜਾਪਾਨ ਤੋਂ ਮੰਗਵਾਉਣੇ ਚਾਹੀਦੇ ਹਨ। ਇਸ ਨੂੰ ਵੀ ਮੈਂ ਪਰਵਾਨ ਕਰ ਲਿਆ ਹੈ ਅਤੇ ਗੈਸ ਟਰਬਾਈਨ ਜਾਪਾਨ ਤੋਂ ਮੰਗਵਾਵਾਂਗੇ ਔਰ ਜਾਪਾਨ ਸਰਕਾਰ ਨਾਲ ਫਾਰਨ ਮਨਿਸਟਰੀ ਰਾਹੀਂ ਗੱਲਬਾਤ ਸ਼ੁਰੂ ਕਰ ਦਿਤੀ ਹੈ। ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਆਨਰੇਬਲ ਲੀਡਰ ਆਫ ਦੀ ਆਪੋਜੀਸ਼ਨ ਨੇ ਲਾਅ ਐਂਡ ਆਰਡਰ ਦੀ ਪੁਜੀਸ਼ਨ ਨੂੰ ਲੋਕਾਂ ਸਾਹਮਣੇ, ਇਸ ਹਾਊਸ ਸਾਹਮਣੇ ਪੇਸ਼ ਕੀਤਾ ਹੈ, ਉਹਦੇ ਲਈ ਮੈਨੂੰ ਅਫਸੋਸ ਹੈ। ਮੈਂ ਇਹ ਸਮਝਦਾ ਹਾਂ ਕਿ ਉਹ ਖੁਦ ਮੁੱਖ ਮੰਤਰੀ ਰਹਿ ਚੁਕੇ ਹਨ ਅਤੇ ਇਨਾਂ ਨੂੰ ਚਾਹੀਦਾ ਸੀ ਕਿ ਇਹ ਹਰ ਗੱਲ ਦੀ ਅਸਲੀਅਤ ਤੋਂ ਜਾਣੂੰ ਹੋਣ ਤੋਂ ਬਾਅਦ ਫੇਰ ਵਿਚਾਰ ਰੱਖਦੇ ਪਰ ਇਨ੍ਹਾਂ ਨੇ ਕੇਵਲ ਕੁਝ ਅਖਬਾਰਾਂ ਦੀਆਂ ਕਟਿੰਗਜ਼ ਲੈ ਕੇ ਉਨ੍ਹਾਂ ਦੀਆਂ ਖਬਰਾਂ ਪੜ੍ਹ ਕੇ ਇਸ ਹਾਊਸ ਵਿਚ ਰੱਖ ਦਿਤੀਆਂ ਹਨ। ਇਹ ਕਹਿੰਦੇ ਹਨ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਪੁਜੀਸ਼ਨ ਠੀਕ ਨਹੀਂ ਹੈ। ਮੈਂ ਇਸ ਨੂੰ ਬਿਲਕੁਲ ਨਹੀਂ ਮੰਨਦਾ ਔਰ ਇਹ ਬਿਲਕੁਲ ਬੇ-ਬੁਨਿਆਦ ਤੇ ਗਲਤ ਚੀਜ਼ਾਂ ਹਨ ਜਿਹੜੀਆਂ ਇਨ੍ਹਾਂ ਨੇ ਕਹੀਆਂ ਹਨ। ਇਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਸਾਢੇ ਸੱਤ ਵਜੇ ਤੋਂ ਬਾਅਦ ਗੁੰਡਿਆਂ ਦਾ ਰਾਜ ਹੁੰਦਾ ਹੈ, ਇਹ ਬਿਲਕੁਲ ਬੇ-ਬੁਨਿਆਦ ਹੈ। ਪੰਜਾਬ ਵਿਚ ਇਕ ਇਕ ਵਜੇ ਤੱਕ ਬੱਸਾਂ ਚਲਦੀਆਂ ਹਨ, ਲੋਕ ਸਾਈਕਲਾਂ ਤੇ ਜਾਂਦੇ ਹਨ, ਪੈਦਲ ਚਲਦੇ ਹਨ, ਪੰਜਾਬ ਵਿਚ ਨੌਜਵਾਨ ਲੜਕੀਆਂ, ਬੇਟੀਆਂ ਅਤੇ ਬਾਕੀ ਲੋਕ ਜਿਸ ਪਾਸੇ ਚਾਹੁਣ ਜਾਂਦੇ ਹਨ। ਹਾਊਸ ਦਾ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਮੈਂ ਕਹਿ ਸਕਦਾ ਹਾਂ ਕਿ ਹਾਊਸ ਦੇ ਸਾਹਮਣੇ ਪਰੈਸ ਵਿਚ ਨਕਸ਼ੇ ਆ ਚੁਕੇ ਹਨ, ਜੁਰਾਇਮ ਦੀ ਸਾਰੀ ਤਫਸੀਲ ਆ ਚੁਕੀ ਹੈ ਪਰ ਅਫਸੋਸ ਇਸ ਗੱਲ ਦਾ ਹੈ, ਸਪੀਕਰ ਸਾਹਿਬ, ਕਿ ਆਨਰੇਬਲ ਚੀਫ ਮਨਿਸਟਰ ਨੇ 16 ਵਾਕਿਆਤ (ਵਿਘਨ) ਬਿਆਨ ਕੀਤੇ ਹਨ।

**ਆਵਾਜ਼ਾਂ** : ਇਹ ਤਾਂ ਐਕਸ ਚੀਫ ਮਨਿਸਟਰ ਹਨ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਜੇ ਸਲਿਪ ਆਫ ਟੰਗ ਹੋ ਜਾਵੇ (ਵਿਘਨ) ਮੈਨੂੰ ਇਸ ਗੱਲ ਤੇ ਕੋਈ ਸ਼ਕ ਨਹੀਂ ਕਿ ਮੇਰੀ ਜਬਾਨ ਨਾਲ ਉਹ ਚੀਫ ਮਨਿਸਟਰ ਨਹੀਂ ਬਣਨ ਲੱਗੇ, ਇਹ ਭਾਣਾ ਤੁਹਾਨੂੰ ਮੰਨਣਾ ਪੈਣਾ ਹੈ । (ਵਿਘਨ) ਮੈਂ ਲੀਡਰ ਆਫ ਦੀ ਆਪੋਜੀਸ਼ਨ ਦਾ ਸਨਮਾਨ ਕਰਦਾ ਹਾਂ, ਇਨ੍ਹਾਂ ਦੇ ਐਕਸ ਚੀਫ ਮਨਿਸਟਰ ਹੋਣ ਦੇ ਨਾਤੇ ਮੈਂ ਇਨ੍ਹਾਂ ਦਾ ਸਨਮਾਨ ਕਰਦਾ ਹਾਂ । ਇਸ ਕਰਕੇ ਕਿ ਜਿਸ ਪਾਰਟੀ ਨੇ ਮੈਨੂੰ ਮੁੱਖ ਮੰਤਰੀ ਬਣਾਇਆ ਹੈ ਉਸ ਪਾਰਟੀ ਦੀ ਬਰਕਤ ਨਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਡੇਢ ਸਾਲ ਮੁੱਖ ਮੰਤਰੀ ਰਹੇ ਹਨ (ਵਿਘਨ)

**ਆਵਾਜ਼ਾਂ** : ਇਨ੍ਹਾਂ ਦੀ ਮੱਦਦ ਨਾਲ ਦਾਂ ਤੁਸੀਂ ਜਿਤੇ ਸੀ । (ਵਿਘਨ)

**ਮੁੱਖ ਮੰਤਰੀ** : ਇਹ ਬਿਲਕੁਲ ਗਲਤ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਹਿ ਦੇਣ ਕਿ ਮੈਨੂੰ ਇਨ੍ਹਾਂ ਨੇ ਜਿਤਾਇਆ ਸੀ ਤਾਂ ਮੈਂ ਮੰਨ ਲਵਾਂਗਾ । (ਵਿਘਨ)

(ਜਥੇਦਾਰ ਜਗਦੇਵ ਸਿੰਘ ਅਤੇ ਸਰਦਾਰ ਰਣਧੀਰ ਸਿੰਘ ਚੀਮਾਂ ਵਲੋਂ ਵਿਘਨ) ਤੈਨੂੰ ਕੌਣ ਪੁਛਦਾ ਹੈ । (ਵਿਘਨ)

**Mr. Speaker: Oredr, Order please.**

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਰਦਾਰ ਜਗਦੇਵ ਸਿੰਘ ਜੀ ਅਤੇ ਚੀਮਾਂ ਜੀ ਉਹ ਮੈਂਬਰ ਹਨ ਜਿਨ੍ਹਾਂ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ (ਵਿਘਨ) ਮੈਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਮੈਂ ਸਾਰਾ ਜ਼ੋਰ ਲਗਾਇਆ ਸੀ, ਮੈਂ ਮੁਖਾਲਫਤ ਕੀਤੀ ਸੀ ਪਰ ਇਸ ਦੇ ਬਾਵਜੂਦ ਤੁਸੀਂ ਜਿੱਤ ਗਏ । ਮੈਂ ਉਨ੍ਹਾਂ ਦੀ ਗਲ ਤੇ ਇਤਬਾਰ ਕਰਾਂ ਜਾਂ ਇਨ੍ਹਾਂ ਦੇ ਮੈਂਬਰਾਂ ਦੀ ਗਲ ਤੇ ਇਤਬਾਰ ਕਰਾਂ । (ਵਿਘਨ)

ਸਪੀਕਰ ਸਾਹਿਬ, ਪੰਜਾਬ ਦੇ ਵਿਚ ਹਰ ਸਾਲ ਤਕਰੀਬਨ 45 ਹਜ਼ਾਰ ਐਸੇ ਵਾਕਿਆਤ ਹੁੰਦੇ ਹਨ ਜਾਂ ਜਿਨ੍ਹਾਂ ਨੂੰ ਕਰਾਈਮ ਦੇ ਵਾਕਿਆਤ ਕਿਹਾ ਜਾਂਦਾ ਹੈ । (ਵਿਘਨ) ਪਰ ਆਪੋਜੀਸ਼ਨ ਦੇ ਲੀਡਰ ਨੇ 16 ਵਾਕਿਆਤ ਪੇਸ਼ ਕੀਤੇ ਹਨ ਅਤੇ ਉਨ੍ਹਾਂ 16 ਵਾਕਿਆਤ ਵਿਚ ਆਪੋਜੀਸ਼ਨ ਦੇ ਲੀਡਰ ਸਾਹਿਬ ਨੇ ਸਬੂਤ ਇਹ ਪੇਸ਼ ਕੀਤਾ ਹੈ ਕਿ ਅਖਬਾਰਾਂ ਵਿਚ ਖਬਰਾਂ ਛਪੀਆਂ ਹਨ । ਇਹ 17 ਵਾਕਿਆ ਇਕੱਲੇ ਜ਼ਿਲ੍ਹਾ ਅੰਮ੍ਰਿਤਸਰ ਦੇ ਹਨ ਜਿਨ੍ਹਾਂ ਵਿਚੋਂ ਕੁਝ ਬਿਲਕੁਲ ਬੇਬੁਨਿਆਦ ਹਨ ਅਤੇ ਕੁਝ ਉਹ ਹਨ ਕਿ ਵਾਕਿਆਤ ਕੁਝ ਹੋਰ ਹੋਇਆ ਅਤੇ ਲਿਖਿਆ ਕੁਝ ਹੋਰ ਗਿਆ । (ਵਿਘਨ) ਬਾਦਲ ਸਾਹਿਬ ਨੇ ਕਿਹਾ ਸੀ ਕਿ ਇਕ 15 ਸਾਲਾਂ ਦੀ ਲੜਕੀ ਦੀ ਬੇਇਜ਼ਤੀ ਕੀਤੀ ਗਈ ਅਤੇ ਉਥੇ ਕਿਸੇ ਨੂੰ ਪਕੜਿਆ ਨਹੀਂ ਗਿਆ । ਮੈਂ ਕਹਿੰਦਾ ਹਾਂ ਕਿ ਇਹ ਬਿਲਕੁਲ ਬੇਬੁਨਿਆਦ ਗੱਲ ਹੈ । ਕੋਈ ਵਾਕਿਆ ਨਹੀਂ ਹੋਇਆ ਅਤੇ ਨਾ ਹੀ ਕਿਸੇ ਦੀ ਬੇਇਜ਼ਤੀ ਹੋਈ ਹੈ ਅਤੇ ਨਾ ਹੀ ਕਿਸੇ ਨੂੰ ਪਕੜਨ ਦਾ ਸਵਾਲ ਪੈਦਾ ਹੁੰਦਾ ਹੈ । (ਵਿਘਨ) ਅਖਬਾਰਾਂ ਦੀ ਜਿਹੜੀ ਗੱਲ ਹੈ, ਉਸ ਦੇ ਲਈ ਤੁਸੀਂ ਜਾ ਕੇ ਅਖਬਾਰਾਂ ਵਾਲਿਆਂ ਨੂੰ ਪੁਛੋ ਜਾਂ ਫਿਰ ਬਾਦਲ ਸਾਹਿਬ ਨੂੰ ਪੁਛੋ ਕਿ ਇਹ ਖਬਰ ਉਨ੍ਹਾਂ ਨੇ ਕਿਥੋਂ ਅਤੇ ਕਿਸ ਤਰ੍ਹਾਂ ਪੜ੍ਹੀ । (ਵਿਘਨ) ਅਤੇ ਉਨ੍ਹਾਂ ਨੇ ਕਿਸ ਵਾਸਤੇ ਇਹ ਗੱਲ ਕੀਤੀ । ਸਪੀਕਰ ਸਾਹਿਬ, ਮੈਂ ਹਾਊਸ ਦਾ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ । ਜਿਸ ਆਨਰੇਬਲ ਮੈਂਬਰ ਨੂੰ ਸ਼ੱਕ ਹੋਵੇ, ਮੇਰੇ ਕੋਲ ਐਸ. ਐਸ. ਪੀ. ਦੀ ਰਿਪੋਰਟ ਹੈ, ਉਹ ਦੇਖ ਸਕਦੇ ਹਨ । ਜਿਸ ਤੋਂ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ । (ਵਿਘਨ) ਜਿਹੜੇ ਵਾਕਿਆਤ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬਿਆਨ ਕੀਤੇ ਸੀ ਉਨ੍ਹਾਂ ਵਿਚੋਂ ਇਕ ਐਸਾ ਵਾਕਿਆ ਹੈ ਜਿਹੜਾ ਕਿ ਰਾਜਿਸਥਾਨ ਵਿਚ ਰੇਲਵੇ ਦੇ ਅੰਦਰ ਹੋਇਆ ਅਤੇ ਬਾਦਲ ਸਾਹਿਬ ਨੂੰ ਪਤਾ ਲੱਗਾ ਕਿ ਇਹ ਵਾਕਿਆ ਪੰਜਾਬ ਵਿਚ ਹੋਇਆ ਹੈ ਕਿਉਂਕਿ ਇਨ੍ਹਾਂ ਦਾ ਪਿੰਡ ਰਾਜਿਸਥਾਨ ਦੇ ਨੇੜੇ ਹੈ ਅਤੇ ਉਹ ਵਾਕਿਆ ਉਨ੍ਹਾਂ ਨੇ ਬਿਆਨ ਕਰ ਦਿਤਾ । (ਵਿਘਨ) ਇਸ ਲਈ ਮੈਂ ਇਹ ਕਹਿ ਦੇਣਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਦੀ ਪੁਜੀਸ਼ਨ ਨੂੰ ਖਰਾਬ ਕਰਨ ਦੇ ਯਤਨ ਬੜੇ ਜ਼ੋਰ ਨਾਲ ਕੀਤੇ ਗਏ । (ਵਿਘਨ) ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਪਤਾ ਹੈ ਕਿ ਬਿਜਲੀ ਦੀ ਕਮੀ ਨਾਲ ਕਾਰਖਾਨੇ ਬੰਦ ਰਹੇ, ਮਜ਼ਦੂਰ ਵਿਹਲੇ ਹੋਏ । ਸਟੂਡੈਂਟਸ ਦੀ ਐਜੀਟੇਸ਼ਨ ਹੋਈ, ਟੀਚਰਾਂ ਦੀ ਐਜੀਟੇਸ਼ਨ ਹੋਈ ਅਤੇ ਐਸੇ ਹਾਲਾਤ ਵਿਚ ਕਈ ਫਸਾਦ ਵੀ ਹੋ ਸਕਦੇ ਸਨ, ਝਗੜੇ ਹੋ ਸਕਦੇ ਸਨ ਲੇਕਿਨ ਪੰਜਾਬ ਦੀ ਸਰਕਾਰ ਨੇ ਡੈਮੋਕਰੇਸੀ ਦੇ ਅਸੂਲਾਂ ਨੂੰ ਸਾਹਮਣੇ ਰੱਖ ਕੇ ਸਾਰੀ ਚੀਜ਼ ਨੂੰ ਫੋਰਸ ਨਾਲ ਦਬਾਉਣ ਦਾ ਯਤਨ ਨਹੀਂ ਕੀਤਾ ਸਗੋਂ ਨੈਗੋਸ਼ੀਏਸ਼ਨ ਅਤੇ ਪਰਸੂਏਸ਼ਨ ਨਾਲ ਬਾਤ ਚੀਤ ਨਾਲ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਨਿਪਟਾਰਾ ਕੀਤਾ ਉਨ੍ਹਾਂ ਦੇ ਵਿਚ ਸਫਲਤਾ ਪ੍ਰਾਪਤ ਕੀਤੀ। (ਤਾੜੀਆਂ) (ਵਿਘਨ) ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅਕਾਲੀ ਪਾਰਟੀ ਵਾਲਿਆਂ ਨੂੰ, ਸਪੀਕਰ ਸਾਹਿਬ, ਹੁਣ ਇਸ ਗੱਲ ਦਾ ਸੁਪਨਾ ਆਉਂਦਾ ਹੈ ਕਿ ਕਦੇ ਅਸੀਂ ਵੀ ਰਾਜ ਕੀਤਾ ਸੀ । (ਵਿਘਨ) (ਇਕ ਅਵਾਜ਼ : ਰਾਜ ਕਰਾਂਗੇ) । ਮੈਂ ਇਨ੍ਹਾਂ ਨੂੰ ਇਹ ਕਹਿ ਦੇਣਾ ਚਾਹੁੰਦਾ ਹਾਂ ਉਹ ਵੇਲਾ ਹੁਣ ਗਿਆ ਜਦ ਤੁਸੀਂ ਡਿਫੈਕਸ਼ਨ ਕਰਾਕੇ ਇਸੇ ਪੰਜਾਬ ਦੀ ਰਾਜ ਗੱਦੀ ਤੇ ਬੈਠ ਸਕਦੇ ਸੀ । ਹੁਣ ਤਾਂ ਤੁਸੀਂ 25 ਆ ਗਏ ਹੋ ਪਰ ਫਿਰ ਤੁਸੀਂ 25 ਵੀ ਨਹੀਂ ਆ ਸਕਣਾ । (ਤਾੜੀਆਂ)

**ਇਕ ਮਾਨਯੋਗ ਮੈਂਬਰ :** ਕੇਰਲ ਵਿਚ ਤੁਸੀਂ ਕਿੰਨੇ ਹੋ ?

**ਸਰਦਾਰ ਅਜਾਇਬ ਸਿੰਘ ਸੰਧੂ :** ਨੰਦਨੀ ਸਤਪਥੀ ਵੀ ਇਹੀ ਕਹਿੰਦੀ ਹੁੰਦੀ ਸੀ । (ਵਿਘਨ)

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਹੋਰਾਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਅਤੇ ਬੜੇ ਸਬਰ ਨਾਲ ਸੁਣਿਆ ਹੈ ਇਸ ਲਈ ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਤੁਸੀਂ ਆਨਰੇਬਲ ਆਪੋਜ਼ੀਸ਼ਨ ਦੇ ਲੀਡਰ ਨੂੰ ਕਹੋ ਕਿ ਜਿਸ ਸਬਰ ਨਾਲ ਮੈਂ ਇਕ ਘੰਟਾ ਉਨ੍ਹਾਂ ਨੂੰ ਸੁਣਿਆ ਹੈ, ਉਸੇ ਤਰ੍ਹਾਂ ਹੁਣ ਤੁਸੀਂ ਵੀ ਸਬਰ ਨਾਲ ਸੁਣੋ । (ਵਿਘਨ) ਇਨ੍ਹਾਂ ਕਿਹਾ ਸੀ ਕਿ ਗਵਰਨਰ ਦਾ ਐਡਰੈਸ ਖੂਨ ਨਾਲ ਲਿਬੜਿਆ ਹੋਇਆ ਹੈ ਅਤੇ ਪੰਜਾਬ ਦੇ ਅੰਦਰ ਰਾਜ ਕਾਜ ਠੀਕ ਨਹੀਂ ਹੈ । ਜਦ ਮੈਂ ਇਹ ਸਾਰੀਆਂ ਗੱਲਾਂ ਸਬਰ ਨਾਲ ਸੁਣੀਆਂ ਹਨ ਤਾਂ ਤੁਸੀਂ ਵੀ ਜ਼ਰਾ ਸਬਰ ਨਾਲ ਸੁਣੋ । ਅਤੇ ਆਪਣੇ ਮੈਂਬਰ ਸਾਹਿਬਾਨ ਨੂੰ ਸਮਝਾਓ । (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ :** ਜੇ ਰਾਜ ਹੁੰਦਾ ਤਾਂ ਮੁੱਖ ਮੰਤਰੀ ਤੇ ਸੀ. ਆਈ. ਡੀ. ਨਾ ਬੈਠਦੀ ।

**Mr. Speaker:** Order please, order. No interruption.

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਪੰਜਾਬ ਦੇ ਵਿਚ ਬਦਅਮਨੀ ਪੈਦਾ ਕਰਨ ਲਈ ਸਾਰੇ ਯਤਨ ਕੀਤੇ ਅਤੇ ਕੋਈ ਕਸਰ ਬਾਕੀ ਨਹੀਂ ਛੱਡੀ (ਵਿਘਨ) ਗਲਤ ਅਫਵਾਹਾਂ ਫੈਲਾਈਆਂ ਗਈਆਂ । ਅਕਾਲੀ ਦਲ ਨੇ ਕਮੇਟੀ ਮੁਕੱਰਰ ਕੀਤੀ ਕਿ ਮੋਗਾ ਵਿਚ ਜੋ ਵਾਕਿਆਤ ਹੋਏ ਉਸ ਦੀਆਂ ਫਾਈਂਡਿੰਗਜ਼ ਕਮੇਟੀ ਜਾ ਕੇ ਦੇਖੇ। ਉਸ ਕਮੇਟੀ ਨੇ ਰਿਪੋਰਟ ਕੀਤੀ ਕਿ ਉਥੇ ਦੋ ਦਰਜਨਾਂ ਕਤਲ ਹੋਏ ਹਨ । (ਵਿਘਨ) ਦੋ ਦਰਜਨਾਂ ਸ਼ਹੀਦ ਹੋਏ ਹਨ। ਹੁਣ ਜੁਡੀਸ਼ਲ ਇਨਕੁਆਇਰੀ ਦੀ ਰਿਪੋਰਟ ਆ ਗਈ ਹੈ ਅਤੇ ਉਸ ਨੇ ਦੱਸਿਆ ਹੈ ਕਿ 5 ਤਰੀਕ ਨੂੰ ਸਿਰਫ ਤਿੰਨ ਮੌਤਾਂ ਹੋਈਆਂ ਹਨ। ਉਨ੍ਹਾਂ ਵਿਚ ਦੋ ਸਟੂਡੈਂਟਸ ਹਨ ਅਤੇ ਇਕ ਹੋਰ ਮਰਿਆ ਹੈ। ਮੈਨੂੰ ਦਸੋ ਕਿ ਕੋਈ ਦੁਨੀਆਂ ਦੀ ਤਾਕਤ ਅਮਨ ਕਾਇਮ ਰੱਖ ਸਕਦੀ ਹੈ ਜਿਥੇ ਆਪੋਜ਼ੀਸ਼ਨ ਪਾਰਟੀਆਂ ਇਤਨੀਆਂ ਗਲਤ ਬਿਆਨੀਆਂ ਕਰਦੀਆਂ ਹੋਣ (ਵਿਘਨ) ਤਿੰਨ ਕਤਲ ਹੋਏ ਪਰ ਇਹ ਦੱਸਦੇ ਹਨ ਕਿ ਦੋ ਦਰਜਨਾਂ ਕਤਲ ਹੋਏ । ਫਿਰ ਇਥੇ ਹੀ

Original with;
Punjab Vidhan Sabha
Digitized by;
Panjab Digital Library

ਬੱਸ ਨਹੀਂ ਦੋ ਦਰਜਨਾਂ ਨੂੰ ਪੇਸ਼ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਪਾਕਿਸਤਾਨ ਦੇ ਰੇਡਿਓ ਵਿਚ, ਇਸ਼ਤਿਹਾਰਾਂ ਵਿਚ ਅਤੇ ਅਖਬਾਰਾਂ ਵਿਚ ਕਿਸ ਤਰ੍ਹਾਂ ਇਹ ਆਉਂਦਾ ਹੈ। ਪਾਕਿਸਤਾਨ ਦੇ ਰੇਡਿਓ ਤੇ ਸਬਰ ਨਹੀਂ ਕੀਤਾ। ਪਾਕਿਸਤਾਨ ਦੇ ਅਖਬਾਰਾਂ ਵਿਚ ਕਢਾਇਆ ਗਿਆ। ਯੂ.ਕੇ. ਦੇ ਅਖਬਾਰਾਂ ਵਿਚ ਕਢਾਇਆ ਗਿਆ। (ਵਿਘਨ) ਪਾਕਿਸਤਾਨ ਦੇ ਰੇਡਿਓ ਨੇ ਐਲਾਨ ਕੀਤਾ ਕਿ ਸਤਲੁਜ ਦਾ ਪਾਣੀ ਜਿਥੇ ਪਾਕਿਸਤਾਨ ਦੀ ਹੱਦ ਵਿਚ ਪੈਂਦਾ ਹੈ ਉਥੇ ਅਸੀਂ 27 ਲਾਸ਼ਾਂ ਤਰਦੀਆਂ ਫੜੀਆਂ ਹਨ ਜੋ ਕਿ ਮੋਗੇ ਵਿਚ ਮਾਰੇ ਗਏ ਹਨ। (ਵਿਘਨ) ਹੁਣ ਕਮਿਸ਼ਨ ਦੀ ਰਿਪੋਰਟ ਆ ਗਈ ਹੈ, ਉਸ ਦੇ ਵਿਚ ਅਫਸਰਾਂ ਨੂੰ ਵੀ ਸਜ਼ਾ ਦੇਵਾਂਗਾ ਅਤੇ ਜਿਹੜੇ ਗਲਤ ਅਫਵਾਹਾਂ ਫੈਲਾਉਂਦੇ ਹਨ ਉਨ੍ਹਾਂ ਨੂੰ ਵੀ ਸਜ਼ਾ ਦਿਆਂਗੇ (ਤਾੜੀਆਂ) (ਵਿਘਨ) ਮੈਂ ਅਕਾਲੀ ਪਾਰਟੀ ਦੇ ਮੈਂਬਰਾਂ ਦਾ ਬੜਾ ਆਦਰ ਕਰਦਾ ਹਾਂ। ਇਨ੍ਹਾਂ ਦਾ ਮੈਂ ਬੜਾ ਸਨਮਾਨ ਕਰਦਾ ਹਾਂ। ਲੇਕਿਨ ਮੈਨੂੰ ਇਕ ਗੱਲ ਬੜੇ ਦੁੱਖ ਦੇ ਨਾਲ ਕਹਿਣੀ ਪੈਂਦੀ ਹੈ ਕਿ ਇਨ੍ਹਾਂ ਨੂੰ ਹਕੂਮਤ ਕਰਨੀ ਨਹੀਂ ਆਉਂਦੀ ਅਤੇ ਨਾ ਹੀ ਇਨ੍ਹਾਂ ਨੂੰ ਆਪੋਜ਼ੀਸ਼ਨ ਕਰਨੀ ਆਉਂਦੀ ਹੈ (ਪ੍ਰਸ਼ੰਸਾ)। ਆਪੋਜ਼ੀਸ਼ਨ ਵੀ ਕਰਨੀ ਹੋਵੇ ਤਾਂ ਕੋਈ ਤਾਮੀਰੀ ਆਪੋਜ਼ੀਸ਼ਨ ਕਰੋ। ਬੇਬੁਨਿਆਦ ਗਲਾਂ ਕਰਕੇ, ਗਲਤ ਬਿਆਨੀ ਕਰਕੇ ਅਤੇ ਇਤਨੇ ਵੱਡੇ ਹਾਊਸ ਵਿਚ, ਐਨੇ ਪਵਿੱਤਰ ਥਾਂ ਵਿਚ ਇਹੋ ਜਿਹੀਆਂ ਗੱਲਾਂ ਕਰਕੇ ਅਤੇ ਪੰਜਾਬ ਦੇ ਲੋਕਾਂ ਨੂੰ ਗਲਤ ਰਸਤੇ ਤੇ ਲਿਆਉਣਾ, ਭਲਾ ਇਹ ਕਿਧਰ ਦੀ ਆਪੋਜ਼ੀਸ਼ਨ ਦੀ ਜ਼ਿਮੇਵਾਰੀ ਹੈ। (ਵਿਘਨ) ਜੇ ਇਹ ਗੱਲਾਂ ਗਲਤ ਹੋਣ ਤਾਂ ਮੈਂ ਜ਼ਿਮੇਵਾਰ ਹਾਂ ਅਤੇ ਜੇ ਗੱਲਾਂ ਸਹੀ ਹੋਣ ਤਾਂ ਇਹ ਜ਼ਿਮੇਵਾਰ ਹੋਣ ਇਹ ਮੈਨੂੰ ਦੱਸ ਦੇਣ ਕਿ ਕੀ ਕੋਈ ਬੰਦਾ/ਆਦਮੀ ਸ਼ਾਂਤੀ ਨਾਲ ਬੈਠ ਸਕਦਾ ਹੈ ਅਗਰ ਕਿਸੇ ਨੂੰ ਦੱਸਿਆ ਜਾਵੇ ਕਿ 27 ਆਦਮੀ ਕਤਲ ਕੀਤੇ ਗਏ, ਕੀ ਇਸ ਤਰ੍ਹਾਂ ਲੋਕਾਂ ਵਿਚ ਬੇਚੈਨੀ ਨਹੀਂ ਫੈਲਦੀ ? ਲੋਕਾਂ ਵਿਚ ਬੇਚੈਨੀ ਜ਼ਰੂਰ ਫੈਲਦੀ ਹੈ। ਪਰ ਇਸ ਦੇ ਬਾਵਜੂਦ ਵੀ ਮੈਂ ਬੇਚੈਨੀ ਨਹੀਂ ਫੈਲਣ ਦਿਤੀ ਅਤੇ ਜਿਹੜੇ ਬਦਅਮਨੀ ਪੈਦਾ ਕਰਨਾ ਚਾਹੁੰਦੇ ਸੀ ਉਨ੍ਹਾਂ ਨੂੰ ਦਬਾ ਕੇ ਰੱਖ ਦਿਤਾ। (ਤਾੜੀਆਂ) (ਵਿਘਨ) ਮੈਂ ਕਹਿੰਦਾ ਹਾਂ ਕਿ ਪੰਜਾਬ ਦੀ ਹਰ ਧੀ, ਭੈਣ ਅਤੇ ਹਰ ਪੰਜਾਬ ਦਾ ਆਦਮੀ ਆਜ਼ਾਦੀ ਨਾਲ ਤੁਰਦਾ ਹੈ ਅਤੇ ਤੁਰੇਗਾ, ਕਿਸੇ ਨੂੰ ਕੋਈ ਖ਼ਤਰਾ ਨਹੀਂ ਹੈ ਪੰਜਾਬ ਵਿਚ। (ਵਿਘਨ) ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਨੂੰ ਸੋਚ ਲੈਣਾ ਚਾਹੀਦਾ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਰਗੇ ਇਕ ਠੰਡੇ ਦਿਲ ਵਾਲੇ ਇਨਸਾਨ ਨੇ ਇਹ ਨਹੀਂ ਸੋਚਿਆ ਕਿ ਉਨ੍ਹਾਂ ਦੇ ਰਾਜ ਵਿਚ ਇਕ ਐਕਸ ਐਮ.ਐਲ.ਏ. ਕਤਲ ਹੋਇਆ (ਵਿਘਨ) ਹੁਣ ਇਹ ਕਹਿੰਦੇ ਹਨ ਕਿ ਸੀ. ਆਈ.ਡੀ. ਨਾਲ ਹੈ। (ਵਿਘਨ) ਇਥੇ ਹੀ ਬੱਸ ਨਹੀਂ ਇਕ ਆਦਮੀ ਨੂੰ ਐਕਸ. ਐਮ.ਐਲ.ਏ. ਨੂੰ ਘਰ ਜਾ ਕੇ ਕਤਲ ਕੀਤਾ ਗਿਆ (ਵਿਘਨ)।

**ਜਥੇਦਾਰ ਗੁਰਬਚਨ ਸਿੰਘ**: ਕੈਰੋਂ ਨੂੰ ਕਿਸ ਨੇ ਕਤਲ ਕੀਤਾ ਸੀ ?

**ਮੁੱਖ ਮੰਤਰੀ**: ਮੈਂ ਬੇਨਤੀ ਕਰਾਗਾਂ ਮੈਂ ਤੁਹਾਡਾ ਇਕ ਇਕ ਲਫ਼ਜ਼ ਸੁਣਿਆ ਹੈ, ਇਸ ਲਈ ਮੈਂ ਆਪੋਜ਼ੀਸ਼ਨ ਦੇ ਲੀਡਰ ਨੂੰ ਬੇਨਤੀ ਕਰਾਂਗਾਂ ਕਿ ਉਹ ਹੁਣ ਸਬਰ ਨਾਲ ਮੇਰੀਆਂ ਗਲਾਂ ਸੁਣ ਲੈਣ ਅਤੇ ਆਪਣੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਕਹਿਣ ਕਿ ਉਹ ਜਰਾ ਸਬਰ ਕਰਨ। (ਵਿਘਨ) ਜੇ ਆਪੋਜ਼ੀਸ਼ਨ ਦੇ ਲੀਡਰ ਪਾਰਟੀ ਤੇ ਕੰਟਰੋਲ ਨਹੀਂ ਕਰ ਸਕਦੇ ਤਾਂ ਕਹਿ ਦੇਣ ਕਿ ਮੈਂ ਕੰਟਰੋਲ ਨਹੀਂ ਕਰ ਸਕਦਾ। ਹੁਣ ਮੇਰੀਆਂ ਗੱਲਾਂ ਸੁਣੋ। (ਤਾੜੀਆਂ)

ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਇਸ ਗਲ ਨੂੰ ਵੀ ਭੁਲ ਗਏ ਕਿ ਅਕਾਲੀਆਂ ਦੇ ਰਾਜ ਵਿਚ ਨਿਹੱਥੇ ਕੈਦੀਆਂ ਨੂੰ ਵੀ ਗੋਲੀਆਂ ਨਾਲ ਮਾਰਿਆ ਗਿਆ ਸੀ। ਕੋਈ ਜੂਡੀਸ਼ਲ ਇਨਕੁਆਇਰੀ ਨਹੀਂ ਸੀ ਹੋਈ ਅਤੇ ਕਿਸੇ ਨੂੰ ਪੁਛਿਆ ਨਹੀਂ ਸੀ ਗਿਆ। ਲੋਕਾਂ ਦੀਆਂ ਜਾਇਦਾਦਾਂ ਜ਼ਬਰਨ ਜ਼ਬਤ ਕਰ ਲਈਆਂ ਗਈਆਂ ਅਤੇ ਉਥੇ ਗੁਰਦੁਆਰੇ ਬਣਾਏ ਗਏ ਅਤੇ ਲੁਟੇ ਗਏ ਮਾਲ ਤੇ ਗੁਰੂ ਗਰੰਥ ਸਾਹਿਬ ਦੀ ਪਵਿੱਤਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਬੀੜ ਦਾ ਪ੍ਰਕਾਸ਼ ਕੀਤਾ ਗਿਆ। ਉਸ ਵੇਲੇ ਤੁਹਾਨੂੰ ਲਾਅ ਐਂਡ ਆਰਡਰ ਯਾਦ ਨਹੀਂ ਸੀ। ਅੱਜ ਇਨ੍ਹਾਂ ਨੂੰ ਇਹ ਯਾਦ ਆਉਂਦਾ ਹੈ ਕਿ ਲਾਅ ਐਂਡ ਆਰਡਰ ਦੀ ਹਾਲਤ ਇਥੇ ਪੰਜਾਬ ਵਿਚ ਠੀਕ ਨਹੀਂ। ਕਿਉਂ ? ਇਸ ਕਰਕੇ ਲਾਅ ਐਂਡ ਆਰਡਰ ਦੀ ਹਾਲਤ ਠੀਕ ਨਹੀਂ ਕਿ ਇਸ ਨੂੰ ਠੀਕ ਕਰਨ ਦੇ ਲਈ ਅਕਾਲੀ ਪਾਰਟੀ ਜਿਨ੍ਹਾਂ ਗੁੰਡਿਆਂ ਨੂੰ ਸ਼ਹਿ ਦਿੰਦੀ ਸੀ, ਸਹਾਇਤਾ ਦਿੰਦੀ ਸੀ ਉਨ੍ਹਾਂ ਨੂੰ ਹੁਣ ਉਠਣ ਨਹੀਂ ਦਿਤਾ ਜਾਂਦਾ। (ਥੰਪਿੰਗ) ਸਰਦਾਰ ਪ੍ਰਕਾਸ਼ ਸਿੰਘ ਜੀ ਨੇ ਇਕ ਨਾਭੇ ਦੇ ਕੇਸ ਦਾ ਜ਼ਿਕਰ ਕੀਤਾ ਹੈ ਕਿ ਪੁਲਿਸ ਵਾਲਿਆਂ ਨੇ ਇਕ ਬੰਦੇ ਨੂੰ ਮਰਿਆ ਹੈ। ਜੇ ਸਰਦਾਰ ਜੀ ਮੁੱਖ ਮੰਤਰੀ ਨਾ ਰਹੇ ਹੁੰਦੇ ਤਾਂ ਮੈਨੂੰ ਇਸ ਗਲ ਦਾ ਬਿਲਕੁਲ ਕੋਈ ਅਫ਼ਸੋਸ ਨਾ ਹੁੰਦਾ। ਸਪੀਕਰ ਸਾਹਿਬ, ਉਸ ਆਦਮੀ ਦੇ ਖਿਲਾਫ 18 ਕੇਸ ਦਰਜ ਹਨ ਅਤੇ ਉਸ ਆਦਮੀ ਨੇ ਲੋਕਾਂ ਨੂੰ ਲੁਟਿਆ ਹੈ, ਮਾਰਿਆ ਤੇ ਉਨ੍ਹਾਂ ਤੇ ਜ਼ੁਲਮ ਕੀਤੇ। ਔਰ ਇਕ ਦਿਨ ਜਦੋਂ ਉਸ ਦੇ ਗੈਂਗ ਵਿਚੋਂ ਇਕ ਮੁੰਡਾ ਆਪਣੇ ਮਾਪਿਆਂ ਦੇ ਕਹਿਣ ਤੇ ਨਿਕਲਣਾ ਚਾਹੁੰਦਾ ਸੀ ਤਾਂ ਉਸ ਨੂੰ ਛੁਰੇ ਮਾਰੇ ਗਏ। ਨਾਭੇ ਵਿਚ ਜਾ ਕੇ ਉਸ ਬੰਦੇ ਦਾ ਪਤਾ ਕਰੋ। ਜੇ ਪੁਲਿਸ ਨੇ ਉਸ ਨੂੰ ਫੜਿਆ ਅਤੇ ਮੁਕਾਬਲੇ ਵਿਚ ਮਾਰਿਆ ਤਾਂ ਇਸ ਦੇ ਵਿਚ ਕਿਹੜੀ ਮਾੜੀ ਗਲ ਸੀ ਅਤੇ ਤੁਸੀਂ ਉਸ ਦੇ ਲਈ ਤਰਸ ਖਾਂਦੇ ਹੋ। ਤੁਸੀਂ ਅਮਨ ਰਖਣਾ ਚਾਹੁੰਦੇ ਹੋ ਜਾਂ ਦਸੋ ਗੁੰਡਿਆਂ ਨੂੰ ਮਦਦ ਦੇਣਾ ਚਾਹੰਦੇ ਹੋ। (ਵਿਘਨ)

ਸਪੀਕਰ ਸਾਹਿਬ, ਮੈਂ ਕੋਈ ਬਹੁਤੀ ਲੰਮੀ ਗਲ ਨਹੀਂ ਕਰਦਾ। ਮੈਂ ਚਾਹੁੰਦਾ ਹਾਂ ਕਿ ਇਹ ਮੇਰੇ ਵੀਰ ਇਸ ਗਲ ਨੂੰ ਧਿਆਨ ਨਾਲ ਸੁਣਨ। ਇਨ੍ਹਾਂ ਨੇ ਬੜਾ ਸ਼ੋਰ ਮਚਾਇਆ ਹੈ ਕੁਰੱਪਸ਼ਨ ਦੇ ਬਾਰੇ ਵਿਚ ਔਰ ਕਈ ਦੋਸਤਾਂ ਨੇ ਕਿਹਾ ਕਿ ਗਵਰਨਰ ਸਾਹਿਬ ਦਾ ਜੋ ਐਡਰੈਸ ਹੈ ਉਹ ਸੋਸ਼ਲਿਸਟਕ ਨਹੀਂ। ਸੋਸ਼ਲਿਜ਼ਮ ਹੁੰਦਾ ਕੀ ਹੈ ? ਇਹ ਮੈਂ ਬੜੀ ਖੁਸ਼ੀ ਨਾਲ ਉਨ੍ਹਾਂ ਤੋਂ ਪੜ੍ਹਨ ਲਈ ਤਿਆਰ ਹਾਂ ਜੇ ਉਹ ਸਮਾਜਵਾਦ ਨੂੰ ਜ਼ਿਆਦਾ ਸਮਝਦੇ ਹਨ। ਪਰ ਮੈਂ ਇਹ ਗਲ ਬੜੇ ਦਾਅਵੇ ਨਾਲ ਅਤੇ ਬਿਨਾਂ ਖੌਫ ਕਹਿ ਸਕਦਾ ਹਾਂ ਕਿ ਪੰਜਾਬ ਦੀ ਇਹ ਸਰਕਾਰ ਸਮਾਜਵਾਦ ਦੀਆਂ ਬੁਨਿਆਦਾਂ ਨੂੰ ਪੱਕਾ ਕਰ ਰਹੀ ਹੈ। (ਵਿਘਨ )

**ਸਰਦਾਰ ਅਜਾਇਬ ਸਿੰਘ ਸੰਧੂ** : ਬਾਬੂ ਬ੍ਰਿਸ਼ ਭਾਨ ਜੀ ਤੋਂ ਪੜ੍ਹ ਲਓ। (ਵਿਘਨ)

**ਮੁੱਖ ਮੰਤਰੀ** : ਉਹ ਸਾਡੇ ਮਿਤਰ ਹਨ। (ਵਿਘਨ) ਉਨ੍ਹਾਂ ਨੇ ਕੀ ਕਿਹਾ ਹੈ। (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਅੱਜ ਹੀ ਉਨ੍ਹਾਂ ਨੇ ਅਖ਼ਬਾਰ ਵਿਚ ਕਿਹਾ ਹੈ ਕਿ ਬਜਟ ਵਿਚ ਕੋਈ ਸੋਸ਼ਲਿਜ਼ਮ ਦੀ ਗਲ ਨਹੀਂ ਹੈ। (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਨੂੰ ਡਿਪਟੀ ਲੀਡਰ ਆਫ਼ ਦੀ ਆਪੋਜ਼ੀਸ਼ਨ ਤੇ ਤਰਸ ਆਉਂਦਾ ਹੈ ਅਤੇ ਮੇਰੀ ਇਨ੍ਹਾਂ ਨਾਲ ਪੂਰੀ ਹਮਦਰਦੀ ਹੈ। ਮੇਰੇ ਮਨ ਵਿਚ ਇਨ੍ਹਾਂ ਲਈ ਬੜੀ ਕਦਰ ਹੈ। ਮੈਂ ਸਮਝਦਾ ਹਾਂ ਕਿ ਇਹ ਫਸੇ ਹੋਏ ਹਨ। ਇਹ ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹਨ ਪਰ ਇਨ੍ਹਾਂ ਦੀ ਪਾਰਟੀ ਜਿਸ ਵਿਚ ਇਹ ਫਸੇ ਹੋਏ ਹਨ ਨਹੀਂ ਲਿਆਉਣਾ ਚਾਹੁੰਦੀ।

**ਸਰਦਾਰ ਅਜਾਇਬ ਸਿੰਘ ਸੰਧੂ** : ਮੈਂ ਬਿਲਕੁਲ ਨਹੀਂ ਫਸਿਆ ਹੋਇਆ। ਮੈਂ ਅਤੇ ਮੇਰੀ ਪਾਰਟੀ ਸਮਾਜਵਾਦ ਚਾਹੁੰਦੀ ਹੈ ਪਰ ਇਹ ਫੋਕੇ ਨਾਹਰੇ ਮਾਰਦੇ ਹਨ। (ਵਿਘਨ) (ਆਪੋਜ਼ੀਸ਼ਨ ਵਲੋਂ ਥੰਪਿੰਗ)

**ਮੁੱਖ ਮੰਤਰੀ** : ਸ਼ਾਂਤੀ ਨਾਲ ਸੁਣੋ ਤੁਸੀਂ ਤਾਂ ਸਾਡੇ ਯਾਰ ਹੋ। (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਆਨ ਏ ਪੁਆਇਟ ਆਫ਼ ਆਰਡਰ, ਸਰ (ਵਿਘਨ) ਤੁਸੀਂ ਸਾਡੀ ਗਲ ਤਾਂ ਸੁਣ ਲਓ ਜੀ। ਇਨ੍ਹਾਂ ਨੇ ਸ਼ਬਦ ਯਾਰੀ ਵਰਤਿਆ ਹੈ, ਮੈਂ ਸਮਝਦਾ ਹਾਂ ਕਿ ਅਗਰ ਇਹ ਦੋਸਤ ਕਹਿ ਦੇਣ ਤਾਂ ਕੋਈ ਹਰਜ ਵਾਲੀ ਗਲ ਨਹੀਂ। ਯਾਰੀ ਲਫ਼ਜ਼ ਨਹੀਂ ਵਰਤਣਾ ਚਾਹੀਦਾ। (ਵਿਘਨ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਤੁਹਾਡੇ ਲਈ ਤਾਂ ਇਹ ਬੜਾ ਮਿਠਾ ਸ਼ਬਦ ਹੈ।

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਅਸੀਂ ਨਹੀਂ ਚੰਗਾ ਸਮਝਦੇ। (ਵਿਘਨ)
* * * * (ਵਿਘਨ)

**ਸ੍ਰੀ ਸਪੀਕਰ**: ਜਿਹੜਾ ਸੰਧੂ ਸਾਹਿਬ ਨੇ ਰਾਤ ਵਾਲੀ ਗਲ ਬਾਰੇ ਕਿਹਾ ਹੈ that should not form part of the proceedings. (Whatever the hon. Member Sandhu Sahib has said about the night time that should not form part of the proceedings).

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਸ਼ਬਦ ਯਾਰੀ ਦਾ ਇਸ ਲਈ ਵਰਤਿਆ ਹੈ ਕਿਉਂਕਿ ਇਹ ਤਾਂ ਗੁਰੂ ਸਾਹਿਬ ਵੀ ਕਹਿ ਗਏ ਹਨ। ਇਹ ਪੰਥ ਦੇ ਆਪਣੇ ਆਪ ਨੂੰ ਰਿਪ੍ਰੈਜ਼ੈਨਟੇਟਿਵ ਸਮਝਦੇ ਹਨ। ਗੁਰੂ ਸਾਹਿਬ ਨੇ ਪ੍ਰਮਾਤਮਾਂ ਨੂੰ ਬੇਨਤੀ ਕਰਨ ਲਗਿਆਂ ਕਿਹਾ ਹੈ –

'ਸੁਨ ਯਾਰ ਹਮਾਰੇ ਸਜਣਾ, ਇਕ ਕਰੋ ਬੇਨੰਤੀਆ' (ਵਿਘਨ) (ਥੰਪਿੰਗ)

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਜੋ ਗੁਰੂ ਸਾਹਿਬ ਨੇ ਸ਼ਬਦ ਵਰਤਿਆ ਹੈ ਉਹ ਹੋਰ ਢੰਗ ਨਾਲ ਵਰਤਿਆ ਹੈ, ਇਨ੍ਹਾਂ ਦੇ ਵਰਤਣ ਦਾ ਢੰਗ ਹੋਰ ਹੈ। (ਵਿਘਨ)

**ਮੁੱਖ ਮੰਤਰੀ**: ਸਪੀਕਰ ਸਾਹਿਬ, ਅਨਾਜ ਦੀ ਤਿਜਾਰਤ ਨੂੰ ਸਰਕਾਰੀ ਕਰਨਾ, ਲੈਂਡ ਤੇ ਸੀਲਿੰਗ ਲਾਉਣੀ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, 36,000 ਨੌਜਵਾਨਾਂ ਨੂੰ ਨੌਕਰੀਆਂ ਦੇਣੀਆਂ, ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਦੇ ਅਨੁਸਾਰ ਮਹਿੰਗਾਈ ਭੱਤਾ ਦੇਣਾ, ਨਵੇਂ ਕਾਰਖਾਨੇ ਲਗਾਉਣੇ, ਬੇਘਰਿਆਂ ਨੂੰ ਮਕਾਨ ਦੇਣੇ, ਹਰੀਜਨਾਂ ਨੂੰ ਮਕਾਨਾਂ ਵਾਸਤੇ ਪਲਾਟ ਦੇਣੇ, ਸ਼ਹੀਦਾਂ ਦੇ ਪਰਿਵਾਰਾਂ ਨੂੰ ਮਦਦ ਦੇਣਾ ਅਤੇ ਸਤਿਕਾਰ ਕਰਨਾ ਰਾਜਸੀ ਪੀੜਤ ਲੋਕਾਂ ਦੀਆਂ ਪੈਨਸ਼ਨਾਂ ਵਧਾਉਣੀਆਂ, ਵਿਧਵਾਵਾਂ ਨੂੰ ਸਹੂਲਤਾਂ ਦੇਣੀਆਂ, ਹਰੀਜਨਾਂ ਦੇ ਬਚਿਆਂ ਨੂੰ ਵਜ਼ੀਫੇ ਦੇਣੇ, ਸ਼ਹਿਰੀ ਜਾਇਦਾਦ ਦੀ ਹੱਦ ਮੁਕਰਰ ਕਰਨ ਲਈ ਬਿਲ ਲਿਆਉਣਾ ਜੇ ਕਰ ਇਹ ਸੋਸ਼ਲਿਜ਼ਮ ਨਹੀਂ ਤਾਂ ਸਪੀਕਰ ਸਾਹਿਬ, ਮੈਨੂੰ ਇਹ ਦਸ ਦਿਉ ਕਿ ਹੋਰ ਸ਼ੋਸ਼ਲਿਜ਼ਮ ਹੈ ਕੀ ? ਜੇ ਕੋਈ ਇਹ ਹੋਰ ਸੋਸ਼ਲਿਜ਼ਮ ਬਾਰੇ ਗਲ ਦਸਣਗੇ ਤਾਂ ਉਸ ਤੇ ਵਿਚਾਰ ਕਰ ਲਵਾਂਗੇ। (ਥੰਪਿੰਗ)

ਸਪੀਕਰ ਸਾਹਿਬ, ਕੁਰੱਪਸ਼ਨ ਦੇ ਬਾਰੇ ਬੜੇ ਜ਼ੋਰ ਨਾਲ ਆਵਾਜ਼ ਉਠਾਈ ਗਈ। ਕੁਰੱਪਸ਼ਨ ਇਕ ਐਸੀ ਚੀਜ਼ ਹੈ ਜਿਹੜੀ ਸਮਾਜ ਦੇ ਵਿਚੋਂ ਖ਼ਤਮ ਕਰਨੀ ਨਿਹਾਇਤ ਹੀ ਜ਼ਰੂਰੀ ਹੈ। ਔਰ ਇਸ ਕੁਰੱਪਸ਼ਨ ਨੂੰ ਖਤਮ ਕਰਨ ਦੇ ਲਈ ਸਾਡੇ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਯਤਨ ਕਰੀਏ ਅਤੇ ਰਲ ਮਿਲ ਕੇ ਅਸੀਂ ਖ਼ਤਮ ਕਰੀਏ। ਕੁਰੱਪਸ਼ਨ ਸਿਰਫ ਪੁਲੀਟੀਕਲ ਬੰਦਿਆਂ ਵਿਚ ਜਾਂ ਸਰਕਾਰੀ ਮੁਲਾਜ਼ਮਾਂ ਵਿਚ ਹੀ ਨਹੀਂ ਇਹ ਸਾਡੀ ਸੋਸਾਇਟੀ ਵਿਚ ਵੀ ਮੌਜੂਦ ਹੈ। ਸਾਡੇ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਇਸ ਕੁਰੱਪਸ਼ਨ ਦਾ ਨਾਸ ਕਰੀਏ। ਸਪੀਕਰ ਸਾਹਿਬ, ਜੇ ਕਿਤੇ ਅਪੋਜ਼ੀਸ਼ਨ ਦੇ ਲੀਡਰਾਂ ਨੇ ਗਵਰਨਰ ਸਾਹਿਬ ਦਾ ਐਡਰੈਸ ਪੜ੍ਹ ਲਿਆ ਹੁੰਦਾ ਔਰ ਉਨਾਂ ਨੂੰ ਪਤਾ ਹੁੰਦਾ ਕਿ 117 ਸਰਕਾਰੀ ਕਰਮਚਾਰੀ ਕੁਰੱਪਸ਼ਨ ਦੇ ਇਲਜ਼ਾਮ ਵਿਚ ਫੜੇ ਗਏ ਹਨ ਜਿਨ੍ਹਾਂ ਵਿਚੋਂ ਕੁਝ ਗਜ਼ਟਿਡ ਅਫਸਰ ਹਨ। 9 ਅਫਸਰ ਐਸੇ ਫੜੇ ਹਨ ਜਿਨ੍ਹਾਂ ਨੇ ਵੱਡੇ ਵੱਡੇ ਫਾਰਮ ਬਣਾਏ ਸਨ। ਗਜ਼ਟਿਡ ਅਫਸਰਾਂ ਦੇ ਖਿਲਾਫ ਮੁਕਦਮੇ ਚਲਾਏ ਹਨ ਅਤੇ ਇਹ ਵੀ ਪਤਾ ਹੋਣਾ ਚਾਹੀਦਾ ਸੀ ਇਨ੍ਹਾਂ ਨੂੰ ਕਿ ਜਿਨ੍ਹਾਂ ਨੇ ਵੱਡੇ ਵੱਡੇ ਫਾਰਮ ਬਣਾਏ ਸਨ ਉਹ ਕਿਹੜੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਜ਼ਮਾਨੇ ਵਿਚ ਬਣਾਏ ਸਨ ? ਇਹ ਬਣਾਏ ਸਨ 1967 ਵਿਚ, 68, 69 ਵਿਚ ਅਤੇ 1970 ਵਿਚ ਅਤੇ ਪਕੜੇ ਜਾਕੇ 1972 ਵਿਚ। ਉਹ ਇਨ੍ਹਾਂ ਨੇ ਨਹੀਂ ਪਕੜੇ ਅਸੀਂ ਆਕੇ ਪਕੜੇ ਹਨ। ਇਤਨਾ ਕੁਝ ਸਾਡਾ ਕਰਨ ਦੇ ਬਾਅਦ ਇਹ ਕਹਿੰਦੇ ਹਨ ਕਿ ਕੁਰੱਪਸ਼ਨ ਬਹੁਤ ਜ਼ਿਆਦਾ ਹੈ। ਜਿਸ ਤਰ੍ਹਾਂ ਇਹ ਲਾਅ ਐਂਡ ਆਰਡਰ ਦੀ ਹਵਾ ਵਿਗਾੜਨਾ ਚਾਹੁੰਦੇ ਹਨ ਤਾਂ ਕਿ ਇਸ ਨਾਲ ਗੁੰਡਾ ਅਨਸਰ ਉਠੇ ਅਤੇ ਪੰਜਾਬ ਵਿਚ ਲਾਅ ਐਂਡ ਆਰਡਰ ਖ਼ਰਾਬ ਹੋਵੇ। ਉਸੇ ਤਰ੍ਹਾਂ ਕੁਰਪਸ਼ਨ ਨੂੰ ਸ਼ਹਿ ਦੇਣ ਲਈ ਇਹ ਕੁਰੱਪਸ਼ਨ ਦਾ ਸਲੋਗਨ ਉਠਾਉਂਦੇ ਹਨ (ਵਿਘਨ) (ਸ਼ੋਰ)।

**ਸਰਦਾਰ ਰਣਧੀਰ ਸਿੰਘ ਚੀਮਾ** : ** ** ** (ਵਿਘਨ)

**ਸ੍ਰੀ ਸਪੀਕਰ**: ਜੋ ਕੁਝ ਚੀਮਾਂ ਸਾਹਿਬ ਕਹਿ ਰਹੇ ਹਨ ਉਹ ਪਾਰਟ ਆਫ਼ ਦੀ ਪਰੋਸੀਡਿੰਗ ਨਾ ਬਣੇ। (ਵਿਘਨ) (ਸ਼ੋਰ) (Whatever hon. Member Cheema Sahib is saying that should not form part of the proceedings) (Interruption and Noise).

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗਲ ਸੁਨਣ ਲਈ ਤਿਆਰ ਹਾਂ ਪਰ ਨਾਲ ਦੀ ਨਾਲ ਸੁਣੀ ਵੀ ਜਾਣ। (ਵਿਘਨ) ਸਪੀਕਰ ਸਾਹਿਬ, ਇਕ ਗਲ ਦਾ ਮੇਰੇ ਮਨ ਵਿਚ ਬੜਾ ਅਫ਼ਸੋਸ ਹੈ ਕਿ ਮੇਰੇ ਆਪੋਜ਼ੀਸ਼ਨ ਦੇ ਦੋਸਤਾਂ ਵਿਚ ਜਿਹੜਾ ਇੰਡਿਸਿਪਲਿਨ ਹੈ ਉਹ ਚੰਗਾ ਨਹੀਂ ਲਗਦਾ, ਉਹ ਡਿਸਪਿਲਿਨ ਰਖਣ (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਇਹ ਕੀ ਡਿਸਪਲਿਨ ਹੈ ਕਿ ਉਹ ਤੁਹਾਡੇ ਸਾਹਮਣੇ ਬੈਠੇ ਬੋਲੀ ਜਾਂਦੇ ਹਨ। (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ ਕੁਰੱਪਸ਼ਨ ਬਾਰੇ ਇਕ ਵੇਰ ਪੰਡਿਤ ਜਵਾਹਰ ਲਾਲ ਨੇਹਰੂ ਨੇ ਕਿਹਾ ਸੀ, ਉਹ ਵੀ ਮੈਂ ਹਾਊਸ ਵਿਚ ਦਸ ਦਿੰਦਾ ਹਾਂ।

The late Prime Minister Jawahar Lal Nehru said —

> "Merely shouting from the house-tops that every body is corrupt creates an atmosphere of corruption. People feel that they live in a climate of corruption and they get corrupted themselves. The man in the street says to himself : well, if everybody seems corrupt, why should not I be corrupt ? That is the climate sought to be created which must be discouraged."

ਇਹ ਜਿਹੜੇ ਵੀ ਅਲਜ਼ਾਮ ਕੁਰੱਪਸ਼ਨ ਦੇ ਹਨ ਉਹ ਸਾਡੇ ਨੋਟਿਸ ਵਿਚ ਲਿਆਉਣ ਇਨ੍ਹਾਂ ਨੇ ਕੁਰੱਪਟ ਆਦਮੀਆਂ ਦੇ ਨਾਮ ਨਹੀਂ ਲਏ। (ਵਿਘਨ) ਰਿਸ਼ਵਤ ਕਰਨ ਵਾਲਾ ਕੌਣ ਹੈ, ਰਿਸ਼ਵਤ ਲੈਣ ਵਾਲਾ ਕੌਣ ਹੈ। (ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਇੰਨਫਰਮੇਸ਼ਨ ਇਹ ਹੈ ਕਿ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ 30 ਸਤੰਬਰ, 1972 ਦੇ ਬਲਿਟਜ਼ ਵਿਚ ਇਕ ਕੇਸ ਆਇਆ ਹੈ। ਜਿਸ ਦੇ ਵਿਚ ਪੰਜ ਮੌਜੂਦਾ ਐਮ.ਪੀ. ਸਨ ਅਤੇ ਹੋਰ ਐਮ.ਐਲ.ਏ. ਵੀ ਸਨ (ਵਿਘਨ)।

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਇੰਨਫਰਮੇਸ਼ਨ ਨਹੀਂ, ਇਹ ਤਾਂ ਇਨਫਰਮੇਸ਼ਨ ਤੁਸੀਂ ਦੇ ਰਹੇ ਹੋ ਲੈ ਨਹੀਂ ਰਹੇ। (This is no point of information; you are giving information and not seeking it).

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੇ ਇਹ ਅਖ਼ਬਾਰਾਂ ਦੀਆਂ ਖਬਰਾਂ ਤੇ ਆਧਾਰ ਰਖਣਗੇ ਤਾਂ ਮੈਂ ਉਹ ਵੀ ਪੜ੍ਹ ਕੇ ਸੁਣਾ ਦਿਆਂਗਾ, ਉਹ ਵੀ ਮੇਰੇ ਕੋਲ ਪਈਆਂ ਹਨ। ਮੈਂ ਬੇਨਤੀ ਕਰਦਾ ਹਾਂ ਕਿ ਅਕਾਲੀ ਪਾਰਟੀ ਵਾਲਿਆਂ ਦੇ ਮੂੰਹੋਂ ਜਦੋਂ ਮੈਂ ਕੁਰੱਪਸ਼ਨ ਦੀ ਗਲ ਸੁਣਦਾ ਹਾਂ ਤਾਂ ਮੈਨੂੰ ਇਹ ਖਿਆਲ ਆਉਂਦਾ ਹੈ ਕਿ ਇਨ੍ਹਾਂ ਨੇ ਇਹ ਸਮਝਿਆ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੋਟਾਂ ਨਾਲ ਤਾਂ ਬਦਲ ਨਹੀਂ ਸਕਦੀ। ਪੰਜਾਬ ਦੀ ਸਰਕਾਰ ਜਦੋਂ ਅਕਾਲੀਆਂ ਦੀ ਸੀ ਇਨ੍ਹਾਂ ਨੇ ਸਿਰਫ ਪੈਸਿਆਂ ਦੀ ਹੀ ਕੁਰੱਪਸ਼ਨ ਨਹੀਂ ਕੀਤੀ ਬਲਕਿ ਪੁਲੀਟੀਕਲ ਕੁਰੱਪਸ਼ਨ ਵੀ ਕੀਤੀ 10 ਐਮ.ਐਲ.ਏਜ਼. ਨੂੰ ਖਰੀਦ ਕੇ ਕੁਰੱਪਟ ਢੰਗ ਨਾਲ ਸਰਕਾਰ ਚਲਾਈ (ਵਿਘਨ) ਇਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਇਹ ਬੜੇ ਕੁਰੱਪਟ ਨੇ ਅਤੇ ਉਸ ਨੇ ਢਾਹ ਢੇਰੀ ਕਰ ਦਿਤੇ। (ਵਿਘਨ) ਇਹ ਚਾਹੁੰਦੇ ਹਨ ਕਿ ਜਿਸ ਤਰ੍ਹਾਂ ਇਹ ਡਿਗੇ ਹਨ ਉਸੇ ਤਰ੍ਹਾਂ ਇਹ ਸਾਨੂੰ ਵੀ ਡੇਗ ਦੇਣਗੇ। (ਵਿਘਨ) ਸਪੀਕਰ ਸਾਹਿਬ, ਸਾਨੂੰ ਤਾਂ ਇਹਨ੍ਹਾਂ ਦੇ ਗਿਰਨ ਨਾਲ ਸਬਕ ਮਿਲਿਆ ਹੈ ਕਿ ਕੁਰੱਪਸ਼ਨ ਨਹੀਂ ਕਰਨੀ ਚਾਹੀਦੀ। ਕੁਰੱਪਸ਼ਨ ਬੜੀ ਮਾੜੀ ਹੈ, ਇਹ ਬੇ-ਇਮਾਨੀ ਹੈ, ਹਰਾਮ-ਖੋਰੀ ਹੈ ਔਰ ਜਨਤਾ ਨਾਲ ਦਗ਼ਾ ਹੈ। ਅਸੀਂ ਕੁਰੱਪਸ਼ਨ ਦੇ ਨਾਮ ਨੂੰ ਮਿਟਾ ਦੇਣਾ ਚਾਹੁੰਦੇ ਹਾਂ। (ਵਿਘਨ) ਲੇਕਿਨ ਸਪੀਕਰ ਸਾਹਿਬ, ਇਨ੍ਹਾਂ ਦੀ ਮਰਜ਼ੀ ਹੈ ਕਿ ਕੁਰੱਪਸ਼ਨ ਦਾ ਇਲਜ਼ਾਮ ਵੀ ਇਹ ਲਾਉਣ, ਤਹਿਕੀਕਾਤ ਵੀ ਇਹ ਕਰਨ, ਫੈਸਲਾ ਵੀ ਇਹ ਦੇਣ। ਇਸ ਗਲ ਤੇ ਮੈਂ ਲੋਕਾਂ ਨਾਲ ਦਗ਼ਾ ਨਹੀਂ ਕਰ ਸਕਦਾ। ਪੰਜਾਬ ਦੀ ਜਨਤਾ ਨੇ ਮੈਨੂੰ ਰਾਜ ਦਿਤਾ ਹੈ ਇਨ੍ਹਾਂ ਨੇ ਨਹੀਂ ਦਿਤਾ। ਮੈਂ ਇਹ ਨਹੀਂ ਕਰ ਸਕਦਾ। ਇਨ੍ਹਾਂ ਦੀ ਆਪੋਜ਼ੀਸ਼ਨ ਵੀ ਚਲਾਵਾਂ ਅਤੇ ਰਾਜ ਵੀ ਚਲਾਵਾਂ। (ਵਿਘਨ) ਸਪੀਕਰ ਸਾਹਿਬ, ਇਹ ਮੈਨੂੰ ਕੁਰੱਪਸ਼ਨ ਦੇ ਚਾਰਜਿਜ਼ ਲਿਖ ਕੇ ਦੇਣ ਮੈਂ ਇਨਸਾਫ ਕਰਾਂਗਾ। (ਵਿਘਨ)

**ਸਰਦਾਰ ਧੰਨਾ ਸਿੰਘ ਗੁਲਸ਼ਨ** : ਇਹ ਇਥੇ ਕਹਿੰਦੇ ਹਨ। (ਵਿਘਨ) * **

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਮੇਰੇ ਭਰਾ ਮੇਰੀ ਮਦਦ ਕਰਦੇ ਹਨ। ਤੁਹਾਨੂੰ ਪਤਾ ਹੈ ਕਿ ਮੈਂ ਜ਼ਿਆਦਾ ਦੇਰ ਨਹੀਂ ਬੋਲ ਸਕਦਾ ਇਹ ਦਮ ਦਵਾ ਦਿੰਦੇ ਹਨ। (ਹਾਸਾ) ਥੋੜਾ ਥੋੜਾ ਤਾਂ ਕਿ ਮੈਂ ਤਿਆਰ ਹੋ ਜਾਵਾਂ। (ਵਿਘਨ)

ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੀ ਗਲ ਕਰ ਰਿਹਾ ਸੀ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਬੇ-ਬੁਨਿਆਦ, ਬੇ-ਸਿਰ ਪੈਰ ਦੇ ਇਲਜ਼ਾਮ ਲਾਉਂਦੇ ਹਨ। ਇਸ ਦੇ ਪਹਿਲਾਂ ਕਿ ਤੁਸੀਂ ਕਮਿਸ਼ਨ ਵਿਚੋਂ ਆਪਣੇ ਕੇਸ ਕਲੀਅਰ ਕਰਵਾ ਲਵੋ, ਜਿਸ ਦੇ ਨਾਲ ਤੁਸੀਂ ਪਕੜੇ ਗਏ (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਇਹ ਬਿਲਕੁਲ ਫਰਾਡ ਹੈ। ×× (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਸੰਧੂ ਸਾਹਿਬ ਤੁਸੀਂ ਵਕਾਲਤ ਦਾ ਲਾਇਸੈਂਸ ਛੱਡ ਦਿਓ। (ਵਿਘਨ)
**(Sandhu Sahib, please give up arguing on others behalf.)**

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਫਿਰ ਦਰਖਾਸਤ ਕਰਾਂਗਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਇਜ਼ਤ ਨੂੰ ਬਚਾਓ, ਇਨ੍ਹਾਂ ਦੇ ਮੈਂਬਰ ਕੰਟਰੋਲ ਵਿਚ ਨਹੀਂ ਰਹੇ। ਇਨ੍ਹਾਂ ਨੂੰ ਦਲੇਰੀ ਨਾਲ ਸੁਣਨਾ ਚਾਹੀਦਾ ਹੈ। ਇਨ੍ਹਾਂ ਦੇ ਖਿਲਾਫ ਇਲਜ਼ਾਮ ਮੈਂ ਨਹੀਂ ਲਾਏ, ਮੇਰੀ ਕਿਸੇ ਪਾਰਟੀ ਦੇ ਬੰਦੇ ਨੇ ਨਹੀਂ ਲਾਏ ਇਨ੍ਹਾਂ ਦੀ ਆਪਣੀ ਕੈਬਨਿਟ ਦੇ ਮੈਂਬਰਾਂ ਨੇ ਲਾਏ ਹਨ। (ਵਿਘਨ) ਜਾਂ ਉਧਰ ਡਾਂਗ ਸਾਹਿਬ ਹੋਰੀ, ਸਾਡੇ ਮਿੱਤਰ ਬੈਠੇ ਹਨ, ਉਨ੍ਹਾਂ ਨੇ ਲਾਏ ਹਨ। (ਵਿਘਨ) ਮੇਰੇ ਤੇ ਲਾਉਣ ਮੈਂ ਹਰ ਇਕ ਚੀਜ਼ ਪੇਸ਼ ਕਰਾਂਗਾ (ਵਿਘਨ) ਮੈਂ ਜੀ ਆਇਆਂ ਕਹਿੰਦਾ ਹਾਂ। ਮੈਂ ਕਹਿੰਦਾ ਹਾਂ ਕਿ ਤੁਸੀਂ ਇਲਜ਼ਾਮ ਲਾਓ ਨਾਲ ਐਫੀਡੇਵਿਟ ਦਿਓ ਕਿ ਇਹ ਇਲਜ਼ਾਮ ਹੈ। (ਵਿਘਨ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ** : ×× ×× ×× (ਵਿਘਨ)

**ਮੁੱਖ ਮੰਤਰੀ**: ਸਪੀਕਰ ਸਾਹਿਬ, ਪੜੋਸੀ ਸਰਕਾਰ ਦੇ ਚੀਫ ਮਨਿਸਟਰ ਦਾ ਨਾਮ ਇਥੇ ਨਹੀਂ ਲੈਣਾ ਚਾਹੀਦਾ ।

**ਸਰਦਾਰ ਅਜਾਇਬ ਸਿੰਘ ਸੰਧੂ** : ਹਿੰਦੁਸਤਾਨ ਦੀ ਸਰਕਾਰ ਡਿਸਕਰਿਮੀਨੇਸ਼ਨ ਕਰਦੀ ਹੈ, ਸਾਡੇ ਖਿਲਾਫ ਕਮਿਸ਼ਨ ਬਿਠਾ ਦਿਤਾ ਪਰ ਕਾਂਗਰਸੀਆਂ ਦੇ ਖਿਲਾਫ ਨਹੀਂ ਮੰਨਦੀ ।

**ਵਿਕਾਸ ਮੰਤਰੀ** : ਕੈਰੋਂ ਸਾਹਿਬ ਦੇ ਖਿਲਾਫ ਵੀ ਤਾਂ ਬਿਠਾਇਆ ਸੀ । (ਵਿਘਨ)

**ਸ਼੍ਰੀ ਸਪੀਕਰ** : ਸੰਧੂ ਸਾਹਿਬ ਤੁਹਾਨੂੰ ਮੌਕਾ ਦਿਤਾ ਹੈ ਜੇ ਤੁਹਾਡੇ ਖਿਲਾਫ ਕੋਈ ਗੱਲ ਨਹੀਂ ਤਾਂ ਸਾਬਤ ਕਰ ਦਿਉ । (ਵਿਘਨ) (Sandhu Sahib, an opportunity has been given to you to disprove the charges levelled against you).

**ਸਰਦਾਰ ਅਜਾਇਬ ਸਿੰਘ ਸੰਧੂ** : ×× ×× ×× (ਵਿਘਨ)

**ਸ਼੍ਰੀ ਸਪੀਕਰ** : ਜੋ ਕੁਝ ਇਹ ਬਗੈਰ ਪਰਮਿਸ਼ਨ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ (Whatever is being said without permission of the Chair should not be recorded).

**ਮੁੱਖ ਮੰਤਰੀ** : ਇਹ ਬਿਲਕੁਲ ਬੇਬੁਨਿਆਦ ਗੱਲ ਹੈ । (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਕਿਉਂਕਿ ਇਹ ਬੀਬੀ ਇੰਦਰਾ ਗਾਂਧੀ ਦੇ ਖਿਲਾਫ ਹੈ (ਵਿਘਨ)

**ਉਪ-ਮੰਤਰੀ : ਵਿਕਾਸ ਅਤੇ ਆਬਕਾਰੀ ਤੇ ਕਰ** : ਇਹ ਚੰਦ ਕੰਨੀ ਥੁਕਦੇ ਹਨ ਇਨ੍ਹਾਂ ਦੇ ਮੂੰਹ ਉਤੇ ਹੀ ਆਵੇਗਾ । (ਵਿਘਨ)

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਇਸ ਦੇ ਵਿਚ ਸਾਰੇ ਹਾਊਸ ਦੀ ਮੱਦਦ ਨਹੀਂ ਹੋ ਜਾਵੇਗੀ ਕਿ ਜੇ ਬਾਦਲ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਰਲ ਕੇ ਸੈਂਟਰ ਦੀ ਸਰਕਾਰ ਨੂੰ ਕਹਿਣ ਕਿ ਜਿਨ੍ਹਾਂ ਐਲੀਗੇਸ਼ਨ ਦੇ ਸਬੰਧ ਵਿਚ ਦਵੇ ਕਮਿਸ਼ਨ ਨੇ ਫੈਸਲੇ ਕੀਤੇ ਹਨ ਉਹ ਦੇ ਦੇਣ ਅਤੇ ਸ਼ਾਇਆ ਹੋ ਜਾਣ । (ਵਿਘਨ)

**ਸ਼੍ਰੀ ਸਪੀਕਰ** : ਜੋ ਕੁਝ ਗਵਾਂਢੀ ਸਟੇਟ ਦੇ ਬਾਰੇ ਕਿਹਾ ਗਿਆ ਹੈ, ਪ੍ਰੋਸੀਡਿੰਗ ਦਾ ਭਾਗ ਨਾ ਬਣੇ । (ਵਿਘਨ) (Whatever has been said about our neighbouring State, should not form part of the proceedings.)

**ਮੁੱਖ ਮੰਤਰੀ** : ਸਪੀਕਰ ਸਾਹਿਬ, ਕੁਰੱਪਸ਼ਨ ਨੂੰ ਰੋਕਣਾ ਸਾਡਾ ਸਾਰਿਆਂ ਦਾ ਫਰਜ਼ ਹੈ । ਮੈਂ ਡਾਂਗ ਸਾਹਿਬ ਦੀ ਗੱਲ ਤੇ ਹਮਦਰਦੀ ਨਾਲ ਗੌਰ ਕਰਨ ਲਈ ਤਿਆਰ ਹਾਂ । ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨਾਲ ਮਿਲ ਕੇ ਰਾਏ ਦੇਣ ਨੂੰ ਤਿਆਰ ਹਾਂ । ਕਾਮਰੇਡ ਡਾਂਗ ਨੂੰ ਕਹਾਂਗਾ ਕਿ ਉਹ ਇਨ੍ਹਾਂ ਨੂੰ ਸਮਝਾ ਦੇਣ । ਅੱਜ ਕੱਲ ਸਾਡੇ ਨਾਲੋਂ ਕਾਮਰੇਡ ਸਾਹਿਬ ਉਨ੍ਹਾਂ ਨਾਲ ਜ਼ਿਆਦਾ ਮਿਲੇ ਹੋਏ ਹਨ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਮੈਨੂੰ ਕਿਸੇ ਦੇ ਕਹਿਣ ਦੀ ਲੋੜ ਨਹੀਂ । ਮੈਂ ਵੈਲਕਮ ਕਰਦਾ ਹਾਂ ਕਿ ਉਹ ਚਾਰਜ਼ਿਜ਼ ਛਾਇਆ ਕੀਤੇ ਜਾਣ ।

---

**Expenged as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬੜੀ ਚੰਗੀ ਗੱਲ ਕੀਤੀ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਕ ਸੁਪਰੀਮ ਕੋਰਟ ਦਾ ਜੱਜ ਪਰਮਾਨੈਂਟਲੀ ਮੁਕਰਰ ਕੀਤਾ ਜਾਵੇ ਜਿਹੜਾ ਕਿ ਮਨਿਸਟਰਾਂ ਦੇ ਖਿਲਾਫ ਕੁਰੱਪਸ਼ਨ ਦੇ ਐਲੀਗੇਸ਼ਨਜ਼ ਦੀ ਇਨਕੁਆਇਰੀ ਕਰਿਆ ਕਰੇ । (ਸ਼ੋਰ) (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ×× ×× ×× (ਵਿਘਨ)

**ਸ਼੍ਰੀ ਸਪੀਕਰ** : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਿਹਾ ਗਿਆ ਹੈ, ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ । (Whatever has been said without the permission of the Chair, should not form part of the proceedings.)

**ਮੁੱਖ ਮੰਤਰੀ** : ਸਪੀਕਰ ਸਾਹਿਬ, ਰਿਸ਼ਵਤ ਉਦੋਂ ਵੱਧਦੀ ਹੈ ਜਦੋਂ ਸਰਕਾਰਾਂ ਥਾਣੇ ਨਿਲਾਮ ਕਰੇ, ਤਹਿਸੀਲਾਂ ਨਿਲਾਮ ਕਰੇ । ਬਦਲੀਆਂ ਲਈ ਪੈਸੇ ਲਏ ਜਾਣ । ਜਿਨ੍ਹਾਂ ਦੀ ਲੀਡਰਸ਼ਿਪ ਵਿਚ ਐਸੇ ਬੰਦੇ ਹੋਣ ਜਿਹੜੇ ਕਿ ਥਾਣੇਦਾਰਾਂ ਨੂੰ ਮੱਝਾਂ, ਗਊਆਂ, ਘਿਉ ਅਤੇ ਦਹੀਂ ਭੇਜਦੇ ਹੋਣ, ਤਹਿਸੀਲ-ਦਾਰਾਂ ਅਤੇ ਡੀ. ਸੀਜ਼ ਦੀ ਜਾ ਕੇ ਖੁਸ਼ਾਮਦ ਕਰਦੇ ਹੋਣ ਅਤੇ ਸਾਰਾ ਕੁਝ ਭੇਜਦੇ ਹੋਣ ਅਤੇ ਪਟਵਾਰੀਆਂ ਨੂੰ ਦਾਣੇ ਇਕੱਠੇ ਕਰਕੇ ਦਿੰਦੇ ਹੋਣ ।

ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਖਬਰ ਦੇਣ ਲੱਗਾ ਹਾਂ । ਮੇਰੇ ਪਾਸ ਇਤਲਾਹ ਹੈ ਕਿ ਇਨ੍ਹਾਂ ਦੇ ਖਿਲਾਫ ਕੁਰੱਪਸ਼ਨ ਦੇ ਚਾਰਜਿਜ਼ ਲਾਉਣ ਵਾਲਾ ਇਕ ਮੁਦਈ ਸੁਸਤ ਹੋ ਗਿਆ ਹੈ । ਉਸ ਦੀ ਸੁਸਤੀ ਨਾਲ ਗਵਾਹ ਚੁਸਤ ਨਹੀਂ ਸੀ ਰਹਿ ਸਕਦਾ । ਇਸ ਲਈ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਸ ਕਮਿਸ਼ਨ ਨੂੰ ਇਤਲਾਹ ਦਿਤੀ ਜਾਵੇ । ਜਿਹੜਾ ਨਵਾਂ ਕਮਿਸ਼ਨ ਬਣਾਇਆ ਹੈ ਦਵੇ ਦੀ ਥਾਂ, ਉਨ੍ਹਾਂ ਨੇ ਕਿਹਾ ਹੈ ਕਿ ਮੇਰੇ ਪਾਸ ਸਾਰੀ ਅਸਲੀਅਤ ਆਉਣੀ ਚਾਹੀਦੀ ਹੈ । ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ ਤਮਾਸ਼ਾਹੀ ਬਣ ਕੇ ਨਹੀਂ ਰਹਾਂਗੇ ਅਤੇ ਸਾਰੀ ਅਸਲੀਅਤ ਜੋ ਇਨ੍ਹਾਂ ਦੀ ਹੈ ਉਹ ਕਮਿਸ਼ਨ ਦੇ ਸਾਹਮਣੇ ਰੱਖਾਂਗੇ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਹੁਣ ਬਾਈਕਾਟ ਕਰਕੇ ਭਜਿਓ ਨਾ ।

**ਸਰਦਾਰ ਅਜਾਇਬ ਸਿੰਘ ਸੰਧੂ** : ਸਾਰਿਆਂ ਦੇ ਖਿਲਾਫ ਕਰਾਓ । (ਸ਼ੋਰ) (ਵਿਘਨ)

**ਮੁੱਖ ਮੰਤਰੀ** : ਸਰਦਾਰ ਪ੍ਰਕਾਸ਼ ਸਿੰਘ ਹੋਰਾਂ ਨੇ ਇਕ ਹੋਰ ਬੜੀ ਚੰਗੀ ਗੱਲ ਆਖੀ ਹੈ ਕਿ ਪੰਜਾਬ ਹੁਣ ਸਮਾਲ ਸਕੇਲ ਇੰਡਸਟਰੀ ਵਿਚ ਸਤਵੇਂ ਨੰਬਰ ਤੇ ਆ ਗਿਆ ਹੈ । ਪਹਿਲਾਂ ਕਦੇ ਇਹ ਪਹਿਲੇ ਨੰਬਰ ਤੇ ਸੀ । ਮੈਨੂੰ ਅਫਸੋਸ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਇਸ ਗੱਲ ਨੂੰ ਛੁਪਾ ਦਿਤਾ ਕਿ ਇਹ ਪਹਿਲੇ ਨੰਬਰ ਤੇ ਕਦੋਂ ਸੀ । ਪਹਿਲੇ ਨੰਬਰ ਤੇ ਸੰਨ 1960, 1962, 1963, 1964, 1965 ਅਤੇ 1966 ਤਕ ਸੀ । ਇਹ ਮੇਰੇ ਦੋਸਤ ਜਿਸ ਪਾਰਟੀ ਦੇ ਲੀਡਰ ਹਨ ਉਸ ਪਾਰਟੀ ਦੀਆਂ ਵੱਡੀਆਂ ਕੁਰਬਾਨੀਆਂ ਦੇ ਨਾਲ ਪੰਜਾਬ ਸੱਤਵੇਂ ਨੰਬਰ ਤੇ ਆ ਗਿਆ । ਇਨ੍ਹਾਂ ਨੇ ਯਮਨਾ ਨਗਰ, ਪਾਣੀਪਤ, ਸੋਨੀਪਤ ਅਤੇ ਫਰੀਦਾਬਾਦ ਪੰਜਾਬ ਵਿਚੋਂ ਕੱਢਵਾ ਕੇ ਜਿਹੜੀਆਂ ਇੰਡਸਟਰੀਜ਼ ਸਟੇਟ ਵਿਚ ਸਨ ਉਹ ਨਿਕਲਵਾ ਦਿਤੀਆਂ ਅਤੇ ਸਟੇਟ ਦੀ ਮਹਾਨਤਾ ਘੱਟ ਗਈ ਅਤੇ ਸਤਵੇਂ ਨੰਬਰ ਤੇ ਇਸ ਨੇ ਆਉਣਾ ਹੀ ਸੀ । ਇਥੇ ਹੀ ਬੱਸ ਨਹੀਂ ਫਿਰ ਇਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ । ਸਰਕਾਰਾਂ ਭਜਦੀਆਂ ਰਹੀਆਂ । ਇੰਡਸਟਰੀ ਤਦ ਕੋਈ ਲਾਉਂਦਾ ਹੈ ਜੇ ਕਿਸੇ ਨੂੰ ਭਰੋਸਾ ਹੋਏ ਕਿ ਮੈਂ ਸਰਕਾਰ ਨਾਲ ਐਗਰੀਮੈਂਟ ਕਰ ਰਿਹਾ ਹਾਂ ਅਤੇ ਇਹ ਸਰਕਾਰ ਰਹੇਗੀ । ਜੇ ਸਰਕਾਰ ਦਾ ਪਤਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਨਾ ਹੋਵੇ ਕਿ ਕਦੋਂ ਤੁਰ ਜਾਣਾ ਹੈ ਤਾਂ ਫਿਰ ਕੌਣ ਇਥੇ ਕਾਰਖਾਨੇ ਲਾਵੇਗਾ । ਮੈਂ ਕਹਿ ਸਕਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ ਇਕ ਸਾਲ ਵਿਚ ਜਿੰਨੇ ਕਾਰਖਾਨੇ ਲਾਏ ਹਨ, ਜਿੰਨੀਆਂ ਸੜਕਾਂ ਬਣਾਈਆਂ ਹਨ, ਜਿੰਨੇ ਲੋਕਾਂ ਨੂੰ ਮਕਾਨਾਂ ਦੇ ਪਲਾਟ ਦਿੱਤੇ ਹਨ, ਉਹ ਪੰਜਾਬ ਦੇ ਵਿਚ ਪੰਜ ਸਾਲਾਂ ਵਿਚ ਅਕਾਲੀਆਂ ਦੀਆਂ ਤਿੰਨ ਸਰਕਾਰਾਂ ਨਹੀਂ ਕਰ ਸਕੀਆਂ । ਇਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ ਅਤੇ ਪੰਜਾਬ ਨੂੰ ਛੋਟਾ ਕਰਵਾਇਆ । ਇਸ ਗੱਲ ਤੇ ਚਰਚਾ ਕਰਨ ਦੀ ਲੋੜ ਨਹੀਂ । ਸਪੀਕਰ ਸਾਹਿਬ, ਸਮਾਂ ਬੀਤ ਗਿਆ ਹੈ । ਹੁਣ ਤਾਂ ਸਾਨੂੰ ਮਨ ਬਣਾਉਣਾ ਚਾਹੀਦਾ ਹੈ ਕਿ ਅਸੀਂ ਪੰਜਾਬ ਨੂੰ ਤਕੜਾ ਕਰੀਏ, ਅਸੀਂ ਇਸ ਨੂੰ ਮਜ਼ਬੂਤ ਕਰੀਏ ਅਤੇ ਤਾਕਤਵਰ ਬਣਾਈਏ । ਸਪੀਕਰ ਸਾਹਿਬ, ਅਸਲ ਗੱਲ ਇਹ ਹੈ ਕਿ ਪੰਜਾਬ ਦੇ ਵਿਚ ਸਮਾਜਵਾਦ ਨੇ ਆਪਣੇ ਪੈਰ ਰੱਖ ਲਏ ਹਨ ਅਤੇ ਜਿਹੜੇ ਸਮਾਜਵਾਦ ਦੇ ਵਿਰੋਧੀ ਹਨ ਉਹ ਬਹਾਨਿਆਂ ਨਾਲ ਆਪਸ ਵਿਚ ਕੋਲੈਬੋਰੇਸ਼ਨ ਕਰਦੇ ਹਨ । ਇਹ ਹਨ ਵੱਡੇ ਵਪਾਰੀ ਅਤੇ ਵੱਡੇ ਵੱਡੇ ਲੈਂਡ ਲਾਰਡ । ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਜ਼ਮੀਨ ਤੇ ਸੀਲਿੰਗ ਨਹੀਂ ਹੋਣ ਦੇਣੀ। ਇਨ੍ਹਾਂ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੇ ਖਿਲਾਫ ਹੈ । ਪਰ ਇਥੇ ਸੀਲਿੰਗ ਆਈ ਅਤੇ ਅਕਾਲੀ ਦਲ ਇਸ ਨੂੰ ਰੋਕ ਨਹੀਂ ਸਕਿਆ । ਇਥੇ ਹੁਣ ਸਟੇਟ ਟਰੇਡਿੰਗ ਵੀ ਹੋਣੀ ਹੈ, ਅਰਬਨ ਪਰਾਪਰਟੀ ਤੇ ਸੀਲਿੰਗ ਵੀ ਲੱਗਣੀ ਹੈ । ਇਥੇ ਗਰੀਬਾਂ ਦੀ ਗੱਲ ਸੁਣੀ ਜਾਵੇਗੀ ਅਤੇ ਗਰੀਬਾਂ ਦਾ ਸਨਮਾਨ ਵਧੇਗਾ ।

**ਸਰਦਾਰ ਅਜਾਇਬ ਸਿੰਘ ਸੰਧੂ** : ਕੀ ਸਿਨਮੇ ਨੈਸ਼ਨਲਾਈਜ਼ ਹੋ ਗਏ ਹਨ ? ਕੀ ਅਰਬਨ ਪਰਾਪਰਟੀ ਤੇ ਸੀਲਿੰਗ ਲਗ ਗਈ ਹੈ ?

**ਮੁੱਖ ਮੰਤਰੀ**: ਜੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਜਗ੍ਹਾ ਹੋਰ ਕੋਈ ਆਦਮੀ ਇਹ ਗਲ ਕਰਦਾ ਕਿ ਕੁਰਬਾਨੀਆਂ ਵਾਲਿਆਂ ਦੀ ਵਜ੍ਹਾ ਨਾਲ ਪੰਜਾਬ ਨੂੰ ਕੁਰਬਾਨ ਨਾ ਕਰੋ ਤਾਂ ਮੈਨੂੰ ਕੋਈ ਦੁਖ ਨਾ ਹੁੰਦਾ। ਉਹ ਲੋਕ ਕਹਿ ਦਿੰਦੇ ਜਿਨ੍ਹਾਂ ਨੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੇ ਖਿਲਾਫ ਸ਼ਹਾਦਤਾਂ ਦਿੱਤੀਆਂ ਸਨ, ਜੋ ਅੰਗਰੇਜ਼ਾਂ ਦੇ ਝੋਲੀ-ਚੁਕ ਸਨ । ਅੱਜ ਤੁਸੀਂ ਅਤੇ ਅਸੀਂ ਇਥੇ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਸਦਕਾ ਬੈਠੇ ਹਾਂ । ਇਸੇ ਲਈ ਕੁਰਬਾਨੀ ਵਾਲਿਆਂ ਬੰਦਿਆਂ ਨੂੰ ਕਹਿੰਦੇ ਹਨ। ਜੇ ਪੋਜ਼ੀਸ਼ਨ ਇਹ ਹੋਵੇ ਕਿ ਲੋਕ ਹਕੂਮਤ ਦੇਣ ਮੈਨੂੰ, ਰਾਜ ਚਲਾਵਾਂ ਮੈਂ ਅਤੇ ਮੇਰੀ ਪਾਰਟੀ ਨੂੰ ਤਾਕਤ ਦੇਣ ਅਤੇ ਮੈਂ ਇਨ੍ਹਾਂ ਦੀ ਮਰਜ਼ੀ ਨਾਲ ਬੰਦੇ ਐਪੁਆਇੰਟ ਕਰਾਂ ਤਾਂ ਕਿ ਰਾਹ ਵਿਚ ਰੁਕਾਵਟਾਂ ਪਾਉਣ। ਇਹ ਨਹੀਂ ਹੋਵੇਗਾ । ਫੈਸਲਾ ਮੇਰੀ ਸਰਕਾਰ ਦਾ ਹੋਵੇਗਾ। ਗਲਤ ਹੋਵੇਗਾ ਤਾਂ ਬਦਲ ਦਿਆਂਗੇ । ਲੇਕਿਨ ਇਸ ਗਲ ਦਾ ਖਿਆਲ ਛੱਡ ਦਿਉ। ਹੁਣ ਜ਼ਮਾਨਾ ਬਦਲ ਗਿਆ ਹੈ । ਜਿਨ੍ਹਾਂ ਦਾ ਕੋਈ ਇਮੇਜ ਨਹੀਂ ਸੀ ਉਨ੍ਹਾਂ ਦਾ ਇਮੇਜ ਬਣੇਗਾ । ਜਿਨ੍ਹਾਂ ਦੀ ਕੋਈ ਇਜ਼ਤ ਨਹੀਂ ਸੀ ਉਨ੍ਹਾਂ ਦੀ ਇਜ਼ਤ ਹੋਵੇਗੀ । ਉਹ ਲੋਕ ਜੋ ਸਮਾਜਵਾਦ ਦੇ ਰਾਹ ਵਿਚ ਰੋੜਾ ਹੋਣਗੇ ਭਾਵੇਂ ਉਹ ਕਿਤਨੇ ਲਾਇਕ ਹੋਣ, ਪੜ੍ਹੇ ਹੋਣ, ਉਨ੍ਹਾਂ ਲਈ ਕੋਈ ਥਾਂ ਨਹੀਂ ਹੋਵੇਗੀ ਅਤੇ ਸਿਰਫ ਸਮਾਜਵਾਦ ਦੇ ਹਾਮੀਆਂ ਲਈ ਥਾਂ ਹੋਵੇਗੀ । ਸਪੀਕਰ ਸਾਹਿਬ, ਸੰਧੂ ਸਾਹਿਬ ਨਾਲ ਮੈਨੂੰ ਪੂਰੀ ਹਮਦਰਦੀ ਹੈ। ਉਹ ਵਿਚਾਰਾ ਤਾਂ ਸਮਾਜਵਾਦ ਆਖੀ ਜਾਂਦਾ ਹੈ ਪਰ ਲੀਡਰ ਸਾਹਿਬ ਉਨ੍ਹਾਂ ਦੀ ਹਾਮੀ ਨਹੀਂ ਭਰਦੇ। ਇਹ ਉਨ੍ਹਾਂ ਤੋਂ ਕਹਾ ਦਿਉ ।

**ਸਰਦਾਰ ਅਜਾਇਬ ਸਿੰਘ ਸੰਧੂ**: ਸਾਡਾ ਲੀਡਰ ਵੀ ਕਹਿ ਦਿੰਦਾ ਹੈ ਪਰ ਤੁਹਾਡੇ ਸਾਥੀ ਕੁਰੱਪਸ਼ਨ ਕਰਦੇ ਹਨ ।

**ਸਰਦਾਰ ਰਣਧੀਰ ਸਿੰਘ ਚੀਮਾ** : ਇਹ ਕਾਂਗਰਸ ਸਰਕਾਰ ਕਾਰਖਾਨੇ ਲਾ ਰਹੀ ਹੈ । (ਸ਼ੋਰ) (ਵਿਘਨ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੇਰੇ ਕੋਲ ਬੜਾ ਮੈਟੀਰੀਅਲ ਹੈ ਪਰ ਸਮਾਂ ਬੜਾ ਘੱਟ ਹੈ। ਮੈਂ ਇੱਕ ਗਲ ਕਹਿ ਕੇ ਸਮਾਪਤ ਕਰਾਂਗਾ। ਇਸ ਐਡਰਸ ਉਤੇ ਬਹਿਸ ਹੋਈ। ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਅਤੇ ਹੁਣ ਵੀ ਕਹਿੰਦਾ ਹਾਂ ਕਿ ਇਸ ਐਡਰਸ ਤੋਂ ਇਲਾਵਾ ਇਸ ਹਾਊਸ ਵਿਚ ਇੱਕ ਮਸਲਾ ਆਇਆ। ਉਹ ਮਸਲਾ ਸੀ ਅਕਾਲੀ ਪਾਰਟੀ ਦਾ ਉਹ ਮਤਾ ਜਿਸ ਵਿਚ ਇਨ੍ਹਾਂ ਨੇ ਕਿਹਾ ਕਿ ਪਾਕਿਸ-ਤਾਨ ਦੇ ਜੰਗੀ ਕੈਦੀਆਂ ਨੂੰ ਛੱਡ ਦੇਣਾ ਚਾਹੀਦਾ ਹੈ। ਦੁੱਖ ਦੀ ਗਲ ਹੈ ਕਿ ਉਸ ਮਤੇ ਵਿਚ ਇਸ ਗਲ ਦਾ ਜ਼ਿਕਰ ਨਹੀਂ ਆਇਆ ਕਿ ਪਾਕਿਸਤਾਨ ਬੰਗਲਾ ਦੇਸ਼ ਨੂੰ ਪ੍ਰਵਾਨ ਕਰ ਲਵੇ। ਇਸ ਹਾਊਸ ਵਿਚ ਕੁਝ ਦਿਨ ਹੋਏ ਮੈਂ ਇਸ ਸੀਟ ਤੋਂ ਉਠ ਕੇ ਕਿਹਾ ਸੀ ਕਿ ਅਕਾਲੀ ਪਾਰਟੀ ਨੂੰ ਇਹ ਨਾ ਆਖੋ ਕਿ ਉਹ ਪਾਕਿਸਤਾਨ ਦੀ ਮਿੱਤਰ ਹੈ। ਮੈਂ ਆਪਣੇ ਮਨਿਸਟਰ ਦੇ ਲਫ਼ਜ਼ ਵਾਪਸ ਕਰਵਾਏ ਸਨ। ਲੇਕਿਨ ਮੈਨੂੰ ਦੁਖ ਹੈ ਕਿ ਜੇ ਅਜ ਸੰਤ ਫਤਿਹ ਸਿੰਘ ਜ਼ਿੰਦਾ ਹੁੰਦਾ ਤਾਂ ਇਹ ਮਤਾ ਪਾਸ ਨਾ ਹੁੰਦਾ ਜਿਹੜਾ ਕਿ ਦੇਸ਼ ਦੇ ਵਿਰੁੱਧ ਹੈ ਜਿਹੜਾ ਕਿ ਐਂਟੀ ਨੈਸ਼ਨਲ ਹੈ ਅਤੇ ਪਾਕਿਸਤਾਨ ਦੇ ਹੱਥ ਮਜ਼ਬੂਤ ਕਰਦਾ ਹੈ। ਸਪੀਕਰ ਸਾਹਿਬ, ਮੇਰਾ ਖਿਆਲ ਸੀ ਕਿ ਇਹ ਅਕਾਲੀ ਪਾਰਟੀ ਨੇ ਜਿਹੜੀ ਗਲਤੀ ਕੀਤੀ ਸੀ ਉਸ ਨੂੰ ਵਾਪਸ ਲੈ ਲੈਣਗੇ। ਹਿੰਦੁਸਤਾਨ ਦੇ ਅੰਦਰ ਕਿਸੇ ਵੀ ਪਾਰਟੀ ਨੇ ਹਿੰਦੁਸਤਾਨ ਦੀ ਪਿਠ ਵਿਚ ਛੁਰਾ ਨਹੀਂ ਮਾਰਿਆ। ਸਪੀਕਰ ਸਾਹਿਬ, ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਇਕ ਲੱਖ ਫੌਜੀਆਂ ਨੇ ਹਥਿਆਰ ਸੁਟੇ ਹੋਣ ਔਰ ਸੱਤ ਕਰੋੜ ਗੁਲਾਮਾਂ ਦੀ ਕੌਮ ਨੂੰ ਅਜ਼ਾਦ ਕਰਵਾਇਆ ਹੋਵੇ ਔਰ ਸਾਰੀ ਦੁਨੀਆਂ ਨੇ ਇਸ ਗਲ ਨੂੰ ਮੰਨਿਆ ਹੋਵੇ ਕਿ ਪਾਕਿਸਤਾਨ ਨੇ ਬੰਗਲਾ ਦੇਸ਼ ਵਿਚ ਜ਼ੁਲਮ ਕੀਤਾ ਹੈ ਇਹ ਪਾਰਟੀ ਪਾਕਿਸਤਾਨ ਨਾਲ ਸਹਿਮਤੀ ਪਰਗਟ ਕਰਦੀ ਹੈ। ਸਪੀਕਰ ਸਾਹਿਬ, ਮੈਨੂੰ ਇਹ ਦੁਖ ਹੈ ਕਿ ਇਨ੍ਹਾਂ ਨੇ ਪੰਜਾਬ ਦੇ ਇਤਿਹਾਸ ਨੂੰ, ਅਤੇ ਸਿੱਖਾਂ ਦੇ ਸੁਨਹਿਰੀ ਇਤਿਹਾਸ ਨੂੰ ਦਾਗ ਦਾਰ ਕਰ ਦਿਤਾ ਹੈ ਔਰ ਇਹ ਲੋਕ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਪਾਕਿਸਤਾਨ ਦੀ ਬੋਲੀ ਬੋਲੀ। ਪਾਕਿਸਤਾਨ ਦੀ ਆਵਾਜ਼ ਨਾਲ ਆਵਾਜ਼ ਮਿਲਾਈ।

ਸਪੀਕਰ ਸਾਹਿਬ, ਹਾਊਸ ਆਫ ਕਾਮਜ਼ਨ ਵਿਚ ਇਕ ਮਾਰਚ ਨੂੰ ਬਹਿਸ ਹੋਈ ਔਰ ਬਰਤਾਨੀਆ ਵਰਗੇ ਮੁਲਕ ਦੀ ਸਰਕਾਰ ਨੇ ਇਹ ਗਲ ਕਹੀ ਹੈ ਕਿ ਇਸ ਉਤੇ ਅਸੀਂ ਕੋਈ ਰਾਏ ਨਹੀਂ ਦੇਵਾਂਗੇ ਕਿਉਂਕਿ ਇਸ ਵਿਚ ਬੰਗਲਾ ਦੇਸ਼, ਇੰਡੀਆ ਅਤੇ ਪਾਕਿਸਤਾਨ ਦਾ ਸਬੰਧ ਹੈ। ਪਰ ਇਹ ਹੀਰੋ ਉਠੇ ਹਨ ਜਿਨ੍ਹਾਂ ਨੇ ਬੰਗਲਾ ਦੇਸ਼ ਦਾ ਜ਼ਿਕਰ ਨਹੀਂ ਕੀਤਾ ਸਗੋਂ ਕਿਹਾ ਹੈ ਕਿ ਪਾਕਿਸਤਾਨੀ ਕੈਦੀਆਂ ਨੂੰ ਵਾਪਸ ਕਰਨਾ ਚਾਹੀਦਾ ਹੈ। ਅਜੇ ਸਪੀਕਰ ਸਾਹਿਬ, ਉਨ੍ਹਾਂ ਸ਼ਹੀਦਾਂ ਦਾ ਡੁਲ੍ਹਿਆ ਹੋਇਆ ਖੂਨ ਵੀ ਇਸ ਧਰਤੀ ਤੋਂ ਨਹੀਂ ਸੁਕਿਆ। ਉਨ੍ਹਾਂ ਦੇ ਮਾਂ ਬਾਪ ਨੂੰ ਅਜੇ ਉਨ੍ਹਾਂ ਦੇ ਵਿਛੋੜੇ ਦਾ ਦੁਖ ਨਹੀਂ ਭੁਲਿਆ ਲੇਕਿਨ ਇਹ ਕਹਿੰਦੇ ਹਨ ਕਿ ਦੁਸ਼ਮਣਾਂ ਦੀ ਫੌਜ ਨੂੰ ਵਾਪਸ ਦੇ ਦਿਓ। (ਵਿਘਨ) (ਸ਼ੋਰ) (ਸ਼ੇਮ, ਸ਼ੇਮ) (ਇਸ ਸਮੇਂ ਅਕਾਲੀ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

**ਸਰਦਾਰ ਰਣਧੀਰ ਸਿੰਘ ਚੀਮਾ**: ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਜਿੱਤਿਆ ਹੋਇਆ ਇਲਾਕਾ ਵਾਪਸ ਕਰਕੇ ਦੇਸ਼ ਨਾਲ ਧਰੋ ਕੀਤਾ ਹੈ। ਇਨ੍ਹਾਂ ਨੇ ਫੌਜੀਆਂ ਦੇ ਨਾਲ ਧਰੋ ਕੀਤਾ ਹੈ। ਪਰ ਇਹ ਸਾਨੂੰ ਕਹਿੰਦੇ ਹਨ ਕਿ ਗੱਦਾਰੀ ਕੀਤੀ ਹੈ। (ਵਿਘਨ) ਸਪੀਕਰ ਸਾਹਿਬ ਕਿਨ੍ਹਾਂ ਨੇ ਦੇਸ਼ ਦੀ ਬੇਇਜ਼ਤੀ ਕੀਤੀ ਹੈ। (ਵਿਘਨ)

**Mr. Speaker**: Please resume your seat.

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਆਪਣੀ ਬੇਇਜ਼ਤੀ ਬਰਦਾਸ਼ਤ ਕਰ ਸਕਦਾ ਹਾਂ ਲੇਕਿਨ ਜਦੋਂ ਤਕ ਹਕੂਮਤ ਦੀ ਵਾਗ ਡੋਰ ਮੇਰੇ ਹੱਥ ਵਿਚ ਹੈ ਮੈਂ ਪੰਜਾਬ ਵਿਚ ਦੇਸ਼ ਦੇ ਦੁਸ਼ਮਣਾਂ ਦਾ ਸਿਰ ਉਚਾ ਨਹੀਂ ਉਠਣ ਦੇਵਾਂਗਾ। ਇਹ ਹਿੰਦੁਸਤਾਨ ਦੇ ਦੁਸ਼ਮਣ ਦੇ ਹੱਥ ਮਜ਼ਬੂਤ ਕਰਦੇ ਹਨ। ਮੈਂ ਇਸ ਚੀਜ਼ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗਾ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਅਸੀਂ ਵੀ ਇਹ ਗਲ ਕਦੇ ਬਰਦਾਸ਼ਤ ਨਹੀਂ ਕਰਾਂਗੇ ਕਿ 500 ਮੀਲ ਏਰੀਆ ਜਿਹੜਾ ਕਿ ਫੌਜੀਆਂ ਨੇ ਆਪਣਾ ਖ਼ੂਨ ਡੋਲ੍ਹ ਕੇ ਲਿਆ ਉਸ ਨੂੰ ਇਹ ਵਾਪਸ ਕਰ ਦੇਣ। ਇਹ ਸਾਨੂੰ ਗੱਦਾਰ ਕਹਿੰਦੇ ਹਨ, ਇਹ ਫੌਜੀਆਂ ਦੇ ਗੱਦਾਰ ਹਨ ਔਰ ਫਿਰ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ।

**ਸ੍ਰੀ ਸਪੀਕਰ** : ਸੰਧੂ ਸਾਹਿਬ, ਤੁਸੀਂ ਇਹ ਵੀ ਮਤਾ ਪਾਸ ਕਰ ਦਿਓ ਕਿ ਵਾਪਸ ਦਿਤੀ ਗਈ ਜ਼ਮੀਨ ਮੁੜ ਲੈ ਲਈ ਜਾਵੇ । (Sandhu Sahib may pass another resoluten to the effect that the land returned to Pakistan be taken back.)

**ਮੁੱਖ ਮੰਤਰੀ**: ਸਪਕੀਰ ਸਾਹਿਬ, ਮੈਂ ਆਪੋਜ਼ੀਸ਼ਨ ਦਾ ਸਨਮਾਨ ਕਰਦਾ ਹਾਂ । ਮੈਂ ਇਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਹਿੰਦੋਸਤਾਨ ਦਾ ਇਲਾਕਾ ਕਿਉਂ ਦਿੱਤਾ ਹੈ। ਇਸ ਗਲ ਨੂੰ ਵੀ ਇਹ ਸੁਣ ਲੈਣ। ਸਪੀਕਰ ਸਾਹਿਬ ਜਦੋਂ ਜੰਗ ਛਿੜੀ ਤਾਂ ਸਾਡੇ ਪ੍ਰਧਾਨ ਮੰਤਰੀ ਜੀ ਅਤੇ ਵਿਦੇਸ਼ ਮੰਤਰੀ ਜੀ ਵਿਦੇਸ਼ਾਂ ਵਿਚ ਗਏ। ਉਨ੍ਹਾਂ ਨੇ ਵਿਦੇਸ਼ ਸਰਕਾਰਾਂ ਨੂੰ ਕਿਹਾ ਕਿ ਪਾਕਿਸਤਾਨ ਬੰਗਲਾ ਦੇਸ਼ ਵਿਚ ਡਿਕਟੇਟਰਸ਼ਿਪ ਚਲਾਉਂਦਾ ਹੈ। ਉਹ ਉਥੇ ਜ਼ੁਲਮ ਕਰ ਰਿਹਾ ਹੈ। ਉਨ੍ਹਾਂ ਦੇ ਸ਼ਰਨਾਰਥੀ ਸਾਡੀ ਧਰਤੀ ਉਪਰ ਬੈਠੇ ਹਨ। ਇਸ ਲਈ ਤੁਸੀਂ ਉਸ ਨੂੰ ਰੋਕੋ । ਉਨ੍ਹਾਂ ਨੇ ਕਿਹਾ ਕਿ ਅਸੀਂ ਪਾ-ਕਿਸਤਾਨ ਦੀ ਇਕ ਇੰਚ ਧਰਤੀ ਉਪਰ ਵੀ ਆਪਣਾ ਕਬਜ਼ਾ ਨਹੀਂ ਕਰਾਂਗੇ ਲੇਕਿਨ ਅਸੀਂ ਆਪਣੇ ਗੁਆਂਢ ਵਿਚ ਇਸ ਤਰ੍ਹਾਂ ਨਾਲ ਅੱਤਿਆਚਾਰ ਨਹੀਂ ਹੋਣ ਦਿਆਂਗੇ। ਖੈਰ ਲੜਾਈ ਛਿੜ ਗਈ ਅਤੇ ਬੰਗਲਾ ਦੇਸ਼ ਆਜ਼ਾਦ ਹੋ ਗਿਆ । ਸਪੀਕਰ ਸਾਹਿਬ, ਇਹ ਸਾਡੀ ਨੈਸ਼ਨਲ ਪਾਰਟੀ ਦੀ ਨੀਤੀ ਸੀ ਅਤੇ ਉਸ ਦੇ ਅਨੁਸਾਰ ਉਹ ਜਿੱਤਿਆ ਹੋਇਆ ਇਲਾਕਾ ਵਾਪਸ ਕਰ ਦਿੱਤਾ ਗਿਆ ਹੈ । ਪਰ ਇਹ ਮੇਰੇ ਵੀਰ ਵਿਦੇਸ਼ੀ ਨੀਤੀ ਉਪਰ ਚਲਣ ਵਾਲੇ ਜਿਨ੍ਹਾਂ ਦੀ ਕੋਈ ਵੀ ਨੈਸ਼ਨਲ ਪਾਰਟੀ ਨਹੀਂ ਹੈ ਉਹ ਇਸ ਵਿਚ ਆਪਣੀ ਟੰਗ ਖਾਹ ਮਖਾਹ ਅੜਾਉਂਦੇ ਹਨ । (ਵਿਘਨ)

## EXTENSION OF TIME OF THE SITTING.

**ਸ੍ਰੀ ਸਪੀਕਰ**: ਹਾਊਸ ਦਾ ਸਮਾਂ ਅੱਧਾ ਘੰਟਾ ਵਧਾ ਦਿੱਤਾ ਜਾਂਦਾ ਹੈ। (The time of the sitting of the House is extended by half-an-hour.)

(ਵਿਰੋਧੀ ਧਿਰ ਵਲੋਂ ਜ਼ੋਰ ਦੀਆਂ ਆਵਾਜ਼ਾਂ—ਸ਼੍ਰੋਮਣੀ ਅਕਾਲੀ ਦਲ ਸਾਡੀ ਨੈਸ਼ਨਲ ਪਾਰਟੀ ਹੈ ।)

## DISCUSSION ON GOVERNOR'S ADDRESS — *Resumption*

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਹੈ। ਇਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਨੈਸ਼ਨਲ ਪਾਰਟੀ ਨਹੀਂ ਹੈ, ਇਹ ਇਕ ਰਿਜਨਲ ਪਾਰਟੀ ਹੈ। ਇਥੇ ਹਿੰਦੁਸਤਾਨ ਦਾ ਸਵਾਲ ਹੈ। ਇਕ ਨੈਸ਼ਨਲ ਸਵਾਲ ਹੈ । ਔਰ ਇਸ ਹਕੂਮਤ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਅਜਿਹੀਆਂ ਤਾਕਤਾਂ ਨੂੰ ਸਿਰ ਨਾ ਉਠਾਉਣ ਦੇਣ ਜਿਹੜੀਆਂ ਕਿ ਦੇਸ਼ ਦੀਆਂ ਦੁਸ਼ਮਣ ਹਨ। ਆਪੋਜ਼ੀਸ਼ਨ ਦੇ ਲੀਡਰ ਦਾ ਮੈਨੂੰ ਪੂਰਾ ਪੂਰਾ ਮਾਣ ਹੈ। ਮੈਂ ਇਨ੍ਹਾਂ ਨੂੰ ਹੁਣ ਵੀ ਐਕਸ ਚੀਫ਼ ਮਨਿਸਟਰ ਹੀ ਕਹਿੰਦਾ ਹਾਂ। ਪਰ ਇਕ ਗਲ ਇਨ੍ਹਾਂ ਨੂੰ ਮੰਨਣੀ ਪਵੇਗੀ ਕਿ ਇਨ੍ਹਾਂ ਦੀ ਪਾਰਟੀ ਨੇ ਜਿਹੜਾ ਇਹ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਇਹ ਸਰਾਸਰ ਗਲਤੀ ਕੀਤੀ ਹੈ। (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ**: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਿੰਦੁਸ-ਤਾਨ ਦੇ ਆਈਨ ਵਿਚ ਸਾਨੂੰ ਇਹ ਹੱਕ ਮਿਲਿਆ ਹੋਇਆ ਹੈ ਕਿ ਅਸੀਂ ਆਪਣੀ ਗਲ ਕਹਿ ਸਕੀਏ

Original with;
Punjab Vidhan Sabha
Digitized by;
Panjab Digital Library

ਔਰ ਮਤਾ ਪਾਸ ਕਰ ਸਕੀਏ । ਇਹ ਸਾਡਾ ਕਾਨਸਟੀਚਿਊਸ਼ਨ ਦੇ ਮੁਤਾਬਿਕ ਹੱਕ ਹੈ। ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ । ਇਹ ਜਿਹੜੀ ਜ਼ਮੀਨ ਵਾਪਸ ਕੀਤੀ ਗਈ ਹੈ ਇਹ ਧਰੋ ਕੀਤਾ ਗਿਆ ਹੈ। (ਵਿਘਨ)

**ਸ੍ਰੀ ਸਪੀਕਰ**: ਚੀਮਾਂ ਸਾਹਿਬ, ਇਹ ਠੀਕ ਹੈ ਕਿ ਕਾਨਸਟੀਚਿਊਸ਼ਨ ਦੇ ਹੇਠ ਹੱਕ ਹੈ ਔਰ ਉਸ ਹੱਕ ਦੀ ਰਾਖੀ ਹੀ ਤਾਂ ਗਿਆਨੀ ਜ਼ੈਲ ਸਿੰਘ ਜੀ ਕਰਦੇ ਹਨ। ਪਰ ਇਸ ਗਲ ਦਾ ਹੱਕ ਨਹੀਂ ਹੈ ਕਿ ਲੀਡਰ ਆਫ ਦੀ ਹਾਊਸ ਬੋਲਦਾ ਹੋਵੇ ਅਤੇ ਤੁਸੀਂ ਇਸ ਤਰ੍ਹਾਂ ਇਨਟਰਪਟ ਕਰਦੇ ਰਹੋ। ਹੁਣ ਤੁਸੀਂ ਤਸ਼ਰੀਫ ਰੱਖੋ । Cheema Sahib, there is no doubt that you have got the right to have your say. The Chief Minister respects that right, but that does not mean that you can interrupt him like this when he is making a speech. Now please resume your seat).

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਸੈਂਟੀਮੈਂਟਸ ਦੀ ਕਦਰ ਕਰਦਾ ਹਾਂ। ਇਹ ਸਹੀ ਹੈ ਕਿ ਕਾਨਸਟੀਚਿਊਸ਼ਨ ਨੇ ਇਨ੍ਹਾਂ ਨੂੰ ਹੱਕ ਦਿੱਤਾ ਹੈ। ਇਨ੍ਹਾਂ ਨੂੰ ਆਪਣੇ ਵਿਚਾਰ ਦੇਣ ਦਾ ਹੱਕ ਹੈ ਪਰ ਕਾਨਸਟੀਚਿਊਸ਼ਨ ਨੇ ਦੇਸ਼ ਨਾਲ ਗੱਦਾਰੀ ਕਰਨ ਦਾ ਹੱਕ ਨਹੀਂ ਦਿੱਤਾ । (ਥੰਪਿੰਗ) (ਸ਼ੇਮ, ਸ਼ੇਮ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਸਪੀਕਰ ਸਾਹਿਬ, ਇਨ੍ਹਾਂ ਨੇ ਸਾਡੇ ਉਪਰ ਇਕ ਵੱਡਾ ਇਲਜ਼ਾਮ ਲਗਾਇਆ ਹੈ । ਇਸ਼ ਤਰ੍ਹਾਂ ਕਿਸੇ ਵੀ ਪਾਰਟੀ ਉਪਰ ਇਲਜ਼ਾਮ ਨਹੀਂ ਲਗਾਏ ਜਾ ਸਕਦੇ। ਮੈਂ ਸਮਝਦਾ ਹਾਂ ਕਿ ਇਹ ਲਫਜ਼ ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ। ਨਹੀਂ ਤਾਂ ਅਸੀਂ ਫੇਸ ਕਰਨ ਨੂੰ ਤਿਆਰ ਹਾਂ ਇਹ ਕੋਈ ਸੈਂਟਰ ਦਾ ਕਮਿਸ਼ਨ ਬਿਠਾ ਦੇਣ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਕਹਿੰਦੇ ਹਨ ਮੈਂ ਕੋਈ ਵੀ ਇਨ੍ਹਾਂ ਉਪਰ ਇਲਜ਼ਾਮ ਨਹੀਂ ਲਗਾਇਆ । ਮੈਂ ਤਾਂ ਇਨ੍ਹਾਂ ਨੂੰ ਕਾਨਸਟੀਚਿਊਸ਼ਨ ਦੀ ਗਲ ਦਸੀ ਹੈ ਕਿ ਕਾਨਸਟੀ-ਚਿਊਸ਼ਨ ਕਿਸੇ ਨੂੰ ਵੀ ਦੇਸ਼ ਨਾਲ ਗੱਦਾਰੀ ਕਰਨ ਦੀ ਆਗਿਆ ਨਹੀਂ ਦਿੰਦਾ । ਮੈਂ ਇਨ੍ਹਾਂ ਨੂੰ ਕੋਈ ਗਲ ਨਹੀਂ ਕਹੀ । (ਸ਼ੋਰ)

**ਸਰਦਾਰ ਪ੍ਰਕਾਸ਼ ਸਿਘ ਬਾਦਲ**: ਸਪੀਕਰ ਸਾਹਿਬ ਮੈਂ ਕਦੇ ਵੀ ਸੋਚ ਨਹੀਂ ਸੀ ਸਕਦਾ ਕਿ ਲੀਡਰ ਆਫ ਦੀ ਹਾਊਸ ਇਸ ਤਰ੍ਹਾਂ ਦੀਆਂ ਗੈਰ-ਜ਼ਿੰਮੇਵਾਰ ਗਲਾਂ ਕਰਨਗੇ । ਇਨ੍ਹਾਂ ਨੇ ਇਕ ਪਾਰਟੀ ਉਪਰ ਇਲਜ਼ਾਮ ਲਗਾਇਆ ਹੈ, ਕੌਮ ਉਪਰ ਇਲਜ਼ਾਮ ਲਗਾਇਆ ਹੈ । (ਵਿਘਨ) (ਸ਼ੋਰ)

**ਮੁੱਖ ਮੰਤਰੀ**: ਕੌਮ ਦੇ ਤੁਸੀਂ ਠੇਕੇਦਾਰ ਨਹੀਂ ਹੋ। ਕੌਮ ਦਾ ਰਾਖਾ ਮੈਂ ਹਾਂ । (ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ)

**ਸ੍ਰੀ ਸਪੀਕਰ**: ਬਾਦਲ ਸਾਹਿਬ, ਗਿਆਨੀ ਜੀ ਨੇ ਇਹ ਕਿਹਾ ਹੈ ਕਿ ਕਾਨਸਟੀਚਿਊਸ਼ਨ ਲੋਕਾਂ ਨੂੰ ਆਪਣੀ ਰਾਏ ਦੇਣ ਦੀ ਖੁਲ੍ਹ ਦਿੰਦਾ ਹੈ । ਸਰਕਾਰ ਦਾ ਇਹ ਫਰਜ਼ ਕਾਨਸਟੀਚਿਊਸ਼ਨ ਦੇ ਹੇਠ ਬਣਦਾ ਹੈ ਕਿ ਉਹ ਇਸ ਹੱਕ ਦੀ ਰਾਖੀ ਕਰੇ। ਉਨ੍ਹਾਂ ਨੇ ਕਿਹਾ ਹੈ ਕਿ ਕਾਨਸਟੀਚਿਊਸ਼ਨ ਕਿਸੇ ਨੂੰ ਦੇਸ਼ ਨਾਲ ਗੱਦਾਰੀ ਕਰਨ ਦੀ ਆਗਿਆ ਨਹੀਂ ਦਿੰਦਾ। ਤੁਸੀਂ ਹੁਣ ਤਸ਼ਰੀਫ ਰੱਖੋ । ਉਨ੍ਹਾਂ ਨੇ ਤੁਹਾਡੀ ਪਾਰਟੀ ਉਪਰ ਕੋਈ ਇਲਜ਼ਾਮ ਨਹੀਂ ਲਗਾਇਆ । (Badal Sahib Giani Ji has said that the Constitution provides the right to the people to freely give vent to their feelings. It is the duty of the Government

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]
to protect this right. He has stated that the Constitution does not allow anybody to betray the country. Please resume your seat now. He has not made any allegation against your party).

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਉਪਰ ਇਲਜ਼ਾਮ ਬਿਲਕੁਲ ਨਹੀਂ ਲਗਾਏ। ਮੈਂ ਤਾਂ ਉਸ ਵਿਧਾਨ ਦੀ ਹੀ ਗਲ ਕੀਤੀ ਹੈ ਜਿਸ ਦੀ ਇਹ ਕਰਦੇ ਹਨ। ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਨੂੰ ਅਤੇ ਡਾਂਗ ਸਾਹਿਬ ਨੂੰ ਆਪਣੀ ਰਾਏ ਦੇਣ ਲਈ ਦੋ ਵਾਰ ਬੁਲਾਇਆ ਹੈ। ਇਕ ਵਾਰ ਤਾਂ ਡਾਂਗ ਸਾਹਿਬ ਹੀ ਆਏ ਅਤੇ ਦੂਜੀ ਵਾਰ ਡਾਂਗ ਸਾਹਿਬ ਅਤੇ ਬਾਦਲ ਸਾਹਿਬ ਦੋਨੋਂ ਹੀ ਆਏ। ਅਸੀਂ ਸਲਾਹ ਮਸ਼ਵਰਾ ਕੀਤਾ। ਇਨ੍ਹਾਂ ਨੇ ਆਪਣੀ ਸਲਾਹ ਦਿਤੀ ਅਤੇ ਮੈਂ ਸਲਾਹ ਨੂੰ ਮੰਨਿਆ। ਸਪੀਕਰ ਸਾਹਿਬ, ਹਾਊਸ ਵਿਚ ਜਦੋਂ ਬੜਾ ਰੌਲਾ ਪਿਆ ਡਾਕਟਰ ਜਗਜੀਤ ਸਿੰਘ ਬਾਰੇ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਡਾਕਟਰ ਜਗਜੀਤ ਸਿੰਘ ਨਾਲ ਸਾਡੀ ਪਾਰਟੀ ਦਾ ਕੋਈ ਤੁਅੱਲਕ ਨਹੀਂ ਹੈ। ਉਸ ਦੀਆਂ ਹਰਕਤਾਂ ਨਾਲ ਸਾਡਾ ਕੋਈ ਸਬੰਧ ਨਹੀਂ ਹੈ।

ਸਾਰਾ ਦੇਸ਼ ਇਸ ਗਲ ਨੂੰ ਮੰਨਦਾ ਹੈ ਕਿ ਡਾਕਟਰ ਜਗਜੀਤ ਸਿੰਘ ਨੇ ਦੇਸ਼ ਨਾਲ ਗਦਾਰੀ ਕੀਤੀ ਅਤੇ ਦੇਸ਼ ਦੇ ਦੁਸ਼ਮਨਾਂ ਨਾਲ ਮਿਲ ਕੇ ਕਾਰਵਾਈ ਕੀਤੀ। ਉਹ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਨ ਫਿਰ ਇਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਹਟਾ ਦਿੱਤਾ ਗਿਆ ਹੈ ਅਸੀਂ ਇਨ੍ਹਾਂ ਤੇ ਇਤਬਾਰ ਕਰ ਲਿਆ ਅਤੇ ਇਨ੍ਹਾਂ ਨੂੰ ਮੰਨ ਲਿਆ। ਉਸ ਦੇ ਹਟਾਏ ਜਾਣ ਤੋਂ ਬਾਅਦ ਜਿਹੜੀ ਉਸ ਦੀ ਕਾਰਵਾਈ ਹੋਵੇ ਉਸ ਦੀ ਅਕਾਲੀ ਦਲ ਦੀ ਕੋਈ ਜ਼ਿਮੇਵਾਰੀ ਨਹੀਂ। ਡਾਕਟਰ ਜਗਜੀਤ ਸਿੰਘ ਦੀ ਆਪਣੀ ਜ਼ਿਮੇਵਾਰੀ ਹੈ, ਉਸ ਨੂੰ ਨਿਪਟਨ ਦੀ ਜ਼ਿਮੇਵਾਰੀ ਗੌਰਮਿੰਟ ਆਫ ਇੰਡੀਆ ਦੀ ਹੈ। (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਉਸ ਨੂੰ ਵਾਪਿਸ ਲੈ ਆਉ ਉਹ ਤਾਂ ਕਾਂਗਰਸ ਦੇ ਭੇਜੇ ਹੋਏ ਗਏ ਹਨ। ਜੇਕਰ ਤੁਸੀਂ ਇਹ ਸਮਝਦੇ ਹੋ ਕਿ ਉਹ ਤੁਹਾਡਾ ਆਦਮੀ ਨਹੀਂ ਤਾਂ ਉਸ ਨੂੰ ਵਾਪਿਸ ਲੈ ਆਓ ਅਤੇ ਉਸ ਤੇ ਮੁਕੱਦਮਾ ਚਲਾਓ (ਵਿਘਨ)

**ਸ੍ਰੀ ਸਪੀਕਰ**: ਅੰਧੇ ਕੋ ਅੰਧੇਰੇ ਮੇਂ ਬੜੀ ਦੂਰ ਕੀ ਸੂਝੀ । (What a far fetched idea.)

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਕ ਹੋਰ ਗਲ ਇਨ੍ਹਾਂ ਹੁਣ ਇਹ ਕਹਿ ਕੇ ਸਪੱਸ਼ਟ ਕਰ ਦਿਤੀ ਹੈ। ਇਸ ਤੋਂ ਭਾਵ ਇਹ ਹੈ ਕਿ ਅਕਾਲੀ ਪਾਰਟੀ ਨੇ ਉਸ ਨੂੰ ਡਿਸਉਨ ਨਹੀਂ ਕੀਤਾ ਅਤੇ ਇਹ ਕਹਿ ਦਿੱਤਾ ਹੈ ਕਿ ਕਾਂਗਰਸ ਵਾਲਿਆਂ ਭੇਜਿਆ ਹੈ। (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ**: ਉਸ ਨੂੰ ਤਾਂ ਸਾਡੀ ਪਾਰਟੀ ਨੇ ਐਕਸਪੈਲ ਕਰ ਦਿੱਤਾ ਸੀ।

**ਮੁੱਖ ਮੰਤਰੀ**: ਮੈਂ ਸਪੀਕਰ ਸਾਹਿਬ, ਇਹ ਆਪ ਜੀ ਦੇ ਸਾਹਮਣੇ ਅਤੇ ਇਸ ਹਾਊਸ ਦੇ ਸਾਹਮਣੇ ਇੰਗਲੈਂਡ ਵਿਚ ਛਪੇ ਅਖ਼ਬਾਰ ਪੇਸ਼ ਕਰਦਾ ਹਾਂ। ਇਸ ਵਿਚ 10 ਤਸਵੀਰਾਂ ਛਪੀਆਂ ਹੋਈਆਂ ਹਨ, ਇਨ੍ਹਾਂ ਤਸਵੀਰਾਂ ਵਿਚ ਹੈ ਕੀ ? ਇਕ ਵਿਚ ਹੈ ਕਿ ਡਾਕਟਰ ਜਗਜੀਤ ਸਿੰਘ, ਗਿਆਨੀ ਬਖਸ਼ੀਸ਼ ਸਿੰਘ ਅਤੇ ਪੰਛੀ ਜੀ ਤਿੰਨੇ ਬੈਠੇ ਹੋਏ ਹਨ। ਇਹ ਬੈਠੇ ਕਿਥੇ ਹੋਏ ਹਨ ਪਾਕਿਸਤਾਨ ਵਿਚ, ਅਤੇ ਹੇਠ ਲਿਖਿਆ ਹੋਇਆ ਹੈ ਗੁਰੂ ਨਾਨਕ ਕੇ ਜਨਮ ਅਸਥਾਨ ਪਰ ਭਾਰੀ ਦੀਵਾਨ ਕੇ ਮੌਕੇ ਪਰ ਡਾਕਟਰ ਜਗਜੀਤ ਸਿੰਘ, ਗਿਆਨੀ ਬਖਸ਼ੀਸ਼ ਸਿੰਘ ਅਤੇ ਪੰਛੀ ਸਾਹਿਬ ਪਾਕਿਸਤਾਨ ਕੇ ਦੀਗਰ

Original with;
Punjab Vidhan Sabha
Digitized by;
Panjab Digital Library

ਮੁਲਾਜ਼ਮ ਬੈਠੇ ਹੈਂ। ਫਿਰ ਸਪੀਕਰ ਸਾਹਿਬ, ਇਕ ਹੋਰ ਤਸਵੀਰ ਹੈ ਕਿ ਪਾਕਿਸਤਾਨ ਦੇ ਹਵਾਈ ਜਹਾਜ਼ ਵਿਚੋਂ ਲਾਹੌਰ ਵਿਚ ਉਤਰਦੇ ਵਿਖਾਏ ਗਏ ਹਨ ਅਤੇ ਫਿਰ ਇਹ ਉਸ ਸਮੇਂ ਦੀ ਫੋਟੋ ਹੈ ਜਦ ਕਿ ਹਿੰਦੁਸਤਾਨ ਨਾਲ ਪਾਕਿਸਤਾਨ ਦੀ ਲੜਾਈ ਲਗਣ ਵਾਲੀ ਸੀ। (ਵਿਘਨ)

(ਇਕ ਅਵਾਜ਼: ਅਖ਼ਬਾਰ ਦੀ ਤਾਰੀਖ ਵੀ ਦਸ ਦਿਓ ਜੀ) ਇਹ 14 ਨਵੰਬਰ, 1971 ਦੀ ਅਖ਼ਬਾਰ ਹੈ। ਇਕ ਹੋਰ ਅਖ਼ਬਾਰ ਵਿਚ ਇਹ ਤਸਵੀਰਾਂ ਛਪੀਆਂ ਹਨ, ਜਿਨ੍ਹਾਂ ਵਿਚ ਇਹ ਵਿਖਾਇਆ ਗਿਆ ਹੈ ਕਿ ਗਿਆਨੀ ਬਖਸ਼ੀਸ਼ ਸਿੰਘ ਅਤੇ ਡਾਕਟਰ ਜਗਜੀਤ ਸਿੰਘ ਇਕਠੇ ਨੇ। ਫਿਰ ਬਖਸ਼ੀਸ਼ ਸਿੰਘ, ਯੂ.ਕੇ. ਵਿਚ ਜਿਹੜੀ ਅਕਾਲੀ ਦਲ ਬਣੀ ਹੋਈ ਹੈ, ਉਸ ਦਾ ਜਨਰਲ ਸੈਕਟਰੀ ਹੈ ਅਤੇ ਬਿਆਨ ਹੈ ਕਿ ਇਨ੍ਹਾਂ ਵਲੋਂ ਕਿ ਭਾਰਤ ਸਿੱਖਾਂ ਲਈ ਇਕ ਜੇਲ੍ਹ ਖਾਨਾ ਹੈ ਅਤੇ ਸਿੱਖਅਸਤਾਨ ਲੈਣ ਲਈ ਪਾਕਿਸਤਾਨ ਦੀ ਮਦਦ ਮੰਗੀ ਗਈ ਹੈ। ਇਹ ਅਖ਼ਬਾਰ ਲੰਦਨ ਵਿਚ ਛਪਿਆ ਹੈ ਜਿਥੇ ਦੀ ਅਕਾਲੀ ਦਲ ਦਾ ਪਰਧਾਨ ਜ਼ੋਰਾਵਰ ਸਿੰਘ ਹੈ। ਇਹ ਹਾਲਤ ਹੈ ਇਨ੍ਹਾਂ ਦੀ ਜਿਸ ਦਾ ਮੈਂ ਹਾਊਸ ਦੇ ਸਾਹਮਣੇ ਹਵਾਲਾ ਦਿਤਾ ਅਤੇ ਸਬੂਤ ਪੇਸ਼ ਕੀਤੇ ਹਨ। ਆਪ ਹੀ ਤੁਸੀਂ ਅੰਦਾਜ਼ਾ ਲਗਾਓ ਕਿ ਇਨ੍ਹਾਂ ਨੂੰ ਕੀ ਕਹਿਣਾ ਚਾਹੀਦਾ ਹੈ। ਇਹ ਸਭ ਪਾਕਿਸਤਾਨ ਦੀ ਇਮਾਂ ਤੇ ਇਨ੍ਹਾਂ ਵਲੋਂ ਕੀਤਾ ਜਾਵੇ ਅਤੇ ਫਿਰ ਇਹ ਕਿਹਾ ਜਾਵੇ ਕਿ ਬਖਸ਼ੀਸ਼ ਸਿੰਘ ਨੂੰ ਰਿਹਾ ਕਰ ਦਿਤਾ ਜਾਵੇ। ਇਨ੍ਹਾਂ ਦੇ ਲੀਡਰ ਇਸ ਗਲ ਦੀ ਮੰਗ ਕਰਨ ਕਿ ਰਿਹਾ ਕੀਤਾ ਜਾਵੇ ਜਦ ਕਿ ਇਨ੍ਹਾਂ ਨੂੰ ਪਤਾ ਹੋਵੇ ਕਿ ਡਾਕਟਰ ਜਗਜੀਤ ਸਿੰਘ ਅਤੇ ਬਖਸ਼ੀਸ਼ ਸਿੰਘ ਹਿੰਦੁਸਤਾਨ ਦੇ ਵਿਰੁਧ ਕਿਸ ਤਰ੍ਹਾਂ ਦੀਆਂ ਕਾਰਵਾਈਆਂ ਕਰ ਰਹੇ ਹਨ। ਯੂ. ਕੇ. ਵਿਚ ਰਹਿ ਕੇ ਪਾਕਿਸਤਾਨ ਦੀ ਸ਼ਹਿ ਤੇ ਦੇਸ਼ ਨਾਲ ਦੁਸ਼ਮਨੀ ਕਰ ਰਹੇ ਹੋਣ। ਮੈਂ ਇਨ੍ਹਾਂ ਨੂੰ ਪੁਛਦਾ ਹਾਂ ਕਿ ਤੁਸੀਂ ਇਹ ਜਾਣਦੇ ਵੀ ਉਨ੍ਹਾਂ ਦੀ ਹਮਾਇਤ ਕਰਦੇ ਹੋ ਤਾਂ ਫਿਰ ਤੁਹਾਨੂੰ ਕੀ ਕਿਹਾ ਜਾਵੇ। (ਸ਼ੇਮ ਸ਼ੇਮ ) (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾਂ**: ਉਸ ਪਾਸ ਤਾਂ ਇੰਡੀਅਨ ਪਾਸਪੋਰਟ ਹੈ ਅਤੇ ਹਿੰਦ ਸਰਕਾਰ ਨੇ ਹੀ ਉਸ ਨੂੰ ਪਿਛੇ ਰਿਨਿਯੂ ਕੀਤਾ ਹੈ। ਉਸ ਨੂੰ ਵਾਪਿਸ ਬੁਲਾਓ ਅਤੇ ਉਸ ਤੇ ਮੁਕੱਦਮਾ ਚਲਾਓ, ਅਸੀਂ ਤੁਹਾਡੀ ਮਦਦ ਕਰਾਂਗੇ। (ਵਿਘਨ) (ਸ਼ੋਰ)

**ਸ੍ਰੀ ਸਪੀਕਰ**: ਤੁਸੀਂ ਵਾਕ ਆਊਟ ਕਰਦੇ ਹੋ ਉਸ ਦੀ ਰਿਹਾਈ ਲਈ ਜਾਂ ਉਸ ਤੇ ਮੁਕਦਮਾ ਚਲਾਣ ਲਈ (ਤਾੜੀਆਂ) (Do you walk out for his release or for his prosecution?)

**ਮੁੱਖ ਮੰਤਰੀ**: ਉਹ ਇੰਡੀਅਨ ਪਾਸਪੋਰਟ ਤੋਂ ਬਿਨਾਂ ਪਾਕਿਸਤਾਨ ਵਿਚ ਗਿਆ ਸੀ। ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਜਿਹੜਾ ਬਿਨਾ ਇੰਡੀਅਨ ਪਾਸਪੋਰਟ ਦੇ ਪਾਕਿਸਤਾਨ ਵਿਚ ਗਿਆ ਹੋਵੇ ਅਤੇ ਪਾਕਿਸਤਾਨ ਦੀ ਸ਼ਹਿ ਤੇ ਸਾਡੇ ਦੇਸ਼ ਦੇ ਵਿਰੁਧ ਕਾਰਵਾਈ ਕਰ ਰਿਹਾ ਹੋਵੇ ਉਸ ਦੀ ਹਮਾਇਤ ਨਾ ਕਰਨ। (ਵਿਘਨ) ਫਿਰ ਪਾਕਿਸਤਾਨ ਵਿਚ ਗੁਰਦਵਾਰਿਆਂ ਦੀਆਂ ਚਾਬੀਆਂ ਚਾਂਦੀ ਦੀ ਥਾਲੀ ਵਿਚ ਰਖ ਕੇ ਡਾਕਟਰ ਜਗਜੀਤ ਸਿੰਘ ਨੂੰ ਪੇਸ਼ ਕੀਤੀਆਂ ਗਈਆਂ ਅਤੇ ਇਹ ਪਾਕਿਸਤਾਨੀ ਏਜੰਟਾਂ ਦੀ ਚਾਲ ਸੀ। ਫਿਰ ਜੇਕਰ ਪਾਕਿਸਤਾਨ ਵਿਚ ਦੇ ਗੁਰਦਵਾਰਿਆਂ ਦੀਆਂ ਚਾਬੀਆਂ ਦੇਣੀਆਂ ਸਨ ਤਾਂ ਉਸ ਦਾ ਹੱਕਦਾਰ ਕੌਣ ਸੀ? ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਜਿਸ ਦੇ ਪਰਧਾਨ ਸਨ ਜਥੇਦਾਰ ਚੰਨਣ ਸਿਘ। ਉਨ੍ਹਾਂ ਨੂੰ ਕਿਉਂ ਇਹ ਚਾਬੀਆਂ ਨਾ ਦਿਤੀਆਂ ਗਈਆਂ ਅਤੇ ਨਾ ਪਹੁੰਚਾਈਆਂ ਗਈਆਂ। ਜੇਕਰ ਸਰਦਾਰ ਪਰਕਾਸ਼ ਸਿੰਘ ਬਾਦਲ ਦੇਸ਼ ਭਗਤ ਹਨ ਤਾਂ ਦਲੇਰੀ ਕਰਨ ਅਤੇ ਆਪ ਉਠਣ ਅਤੇ ਇਸ ਸਾਰੀ ਗਲ ਦੀ ਨਿਖੇਧੀ ਕਰਨ ਅਤੇ ਇਹ ਜਿਹੜੇ ਇਸ ਤਰ੍ਹਾਂ ਦੇ ਆਦਮੀਆਂ ਦੀ ਹਮਾਇਤ ਕਰਦੇ ਹਨ, ਇਹ ਆਦਤ ਛੱਡ ਦੇਣ। ਪਤਾ ਨਹੀਂ ਇਹ ਬਰੇਨ ਵੇਵ ਕਿਥੋਂ ਆ ਗਈ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਤੇ ਬਾਦਲ ਸਾਹਿਬ ਤੋਂ ਗਲਤੀ ਕਰਵਾ ਲਈ ਅਤੇ ਮਤਾ ਪਾਸ ਕਰਵਾ ਦਿਤਾ। ਗਿਆਨੀ ਬਖਸ਼ੀਸ਼ ਸਿੰਘ ਦੀ ਹਮਾਇਤ ਅਕਾਲੀ ਦਲ ਨੇ ਕੀਤੀ ਅਤੇ ਉਸ ਦੀ ਰਿਹਾਈ ਲਈ ਮਤਾ ਪਾਸ ਕਰ ਦਿਤਾ (ਵਿਘਨ)।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਇਹ ਗਲਤ ਗਲ ਹੈ। (ਵਿਘਨ)

**ਮੁੱਖ ਮੰਤਰੀ** : ਇਹ ਸਾਰੇ ਵਾਕਿਆਤ ਵੇਖ ਕੇ ਦੇਸ਼ ਧ੍ਰੋਹ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾ ਸਕਦਾ ਹੈ। (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ** : ਇਹ ਤਸਵੀਰਾਂ ਪਤਾ ਨਹੀਂ ਕਿਥੋਂ ਲੈ ਆਏ ਹਨ (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਚੀਮਾ ਸਾਹਿਬ, ਇਹ ਤਸਵੀਰਾਂ ਬੀ.ਬੀ.ਸੀ. ਦੀਆਂ ਹਨ। ਗੌਰਮੈਂਟ ਆਫ ਇੰਡੀਆ ਦੀਆਂ ਨਹੀਂ। (ਪ੍ਰਸੰਸਾ)। (I would like to inform Cheema Sahib that these pictures have been published by the B.B.C. London and not by the Government of India.)

**ਸਰਦਾਰ ਰਣਧੀਰ ਸਿੰਘ ਚੀਮਾ** : ਇਹ ਤਾਂ ਮਿਸਿਜ਼ ਇੰਦਰਾ ਗਾਂਧੀ ਦੇ ਖਿਲਾਫ ਕਿਉਂਕਿ ਇਨ੍ਹਾਂ ਨੇ ਲੰਦਨ ਵਿਚ ਮੁਜ਼ਾਹਰਾ ਕੀਤਾ ਸੀ ਇਸ ਲਈ ਇਹ ਚੀਜ਼ਾਂ ਪੇਸ਼ ਕੀਤੀਆਂ ਜਾ ਰਹੀਆਂ ਹਨ (ਵਿਘਨ)

**ਡਾਕਟਰ ਜਗੀਰ ਸਿੰਘ ਕਲਕਟ** : ਸਪੀਕਰ ਸਾਹਿਬ, ਇਹ ਇਨ੍ਹਾਂ ਫੋਟੂਆਂ ਦੇ ਬਾਰੇ ਵਿਚ ਕਹਿ ਰਹੇ ਹਨ ਮੇਰੇ ਪਾਸ ਬਾਦਲ ਸਾਹਿਬ ਦੀਆਂ ਫੋਟੋਂ ਹਨ ਜਿਨ੍ਹਾਂ ਨੂੰ ਵੇਖ ਕੇ ਆਪ ਹੈਰਾਨ ਹੋ ਜਾਉਗੇ ਕਿ ਕਿੰਨਾ ਇਨ੍ਹਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਹੈ। (ਵਿਘਨ) (ਸ਼ੋਰ)।

**ਸਰਦਾਰ ਰਣਧੀਰ ਸਿੰਘ ਚੀਮਾ** : ਜਿਹੜੇ ਤੁਸੀਂ ਖਦਰਪੋਸ਼ ਬਣਦੇ ਫਿਰਦੇ ਹੋ ਇਸ ਦਾ ਵੀ ਅਸਾਨੂੰ ਸਾਰਾ ਪਤਾ ਹੈ (ਵਿਘਨ ਸ਼ੋਰ)।

**ਮੁੱਖ ਮੰਤਰੀ** : ਮੈਂ ਅਕਾਲੀ ਦਲ ਦੇ ਇਤਿਹਾਸ ਨੂੰ ਜਾਣਦਾ ਹਾਂ ਅਤੇ ਮੈਨੂੰ ਪਤਾ ਹੈ ਕਿ ਉਸ ਨੂੰ ਬਨਾਉਣ ਵਾਲਾ ਕੌਣ ਹੈ, ਇਹ ਸਾਹਮਣੇ ਬੈਠੇ ਨਹੀਂ। ਉਸ ਨੂੰ ਬਨਾਉਣ ਵਾਲਾ ਸੀ ਸਰਦਾਰ ਸਰਦੂਲ ਸਿੰਘ ਕਵੀਸ਼ਰ। ਫਿਰ ਜਥੇਦਾਰ ਉਜਲ ਸਿੰਘ ਨੇ ਇਸ ਦੀ ਰਹਿਨੁਮਾਈ ਕੀਤੀ ਮਾਸਟਰ ਤਾਰਾ ਸਿੰਘ ਨੇ, ਇਸ ਦੀ ਰਹਿਨੁਮਾਈ ਕੀਤੀ ਸੰਤ ਫਤਿਹ ਸਿੰਘ ਨੇ ਪਰ ਇਨ੍ਹਾਂ ਸਾਰਿਆਂ ਦੇ ਅਕਾਲ ਚਲਾਣੇ ਤੋਂ ਬਾਦ ਇਨ੍ਹਾਂ ਨੇ ਅਕਾਲੀ ਦਲ ਦੀਆਂ ਵਾਗਾਂ ਕਿਧਰ ਨੂੰ ਮੋੜ ਲਈਆਂ ਹਨ। ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਇਸ ਅਕਾਲੀ ਦਲ ਨੂੰ ਇਸ ਤਰ੍ਹਾਂ ਦੇ ਦੇਸ਼ ਧ੍ਰੋਹੀਆਂ ਦੀ ਹਮਾਇਤ ਕਰਨ ਵਾਲਿਆਂ ਤੋਂ ਬਚਾਓ (ਵਿਘਨ) (ਸ਼ੋਰ)।

**ਸਰਦਾਰ ਰਣਧੀਰ ਸਿੰਘ ਚੀਮਾ** : ਤੁਸੀਂ ਆਪਣੀ ਕਾਂਗਰਸ ਨੂੰ ਤਾਂ ਬਚਾ ਲਓ ਪਹਿਲਾਂ (ਵਿਘਨ)।

**ਮੁੱਖ ਮੰਤਰੀ** : ਅੱਜ ਅਕਾਲੀ ਦਲ ਨੇ ਆਪਣਾ ਰਸਤਾ ਬਦਲ ਲਿਆ ਹੈ ਅਤੇ ਇਹ ਜਿਹੜਾ ਰਸਤਾ ਅਪਣਾਇਆ ਜਾ ਰਿਹਾ ਹੈ ਇਹ ਦੇਸ਼ ਦੇ ਹਿੱਤ ਦੇ ਵਿਰੁੱਧ ਹੈ।

ਫਿਰ ਸਪੀਕਰ ਸਾਹਿਬ, ਇਸ ਗਲ ਨੂੰ ਮੈਂ ਮੰਨਦਾ ਹਾਂ ਕਿ ਅਪੋਜ਼ੀਸ਼ਨ ਵਾਕ ਆਊਟ ਕਰਦੀ ਹੈ, ਇਸ ਵਿਚ ਮੈਂ ਕੋਈ ਬੁਰਾਈ ਨਹੀਂ ਸਮਝਦਾ। ਅਪੋਜ਼ੀਸ਼ਨ ਆਪਣੇ ਸੈਂਟੀਮੈਂਟਸ ਨੂੰ ਐਕਸਪਰੈਸ ਕਰਨ ਵਾਸਤੇ ਵਾਕ ਆਊਟ ਕਰਿਆ ਕਰਦੀ ਹੈ ਪਰ ਕਿੰਨਾਂ ਅਫਸੋਸ ਹੈ ਕਿ ਗਵਰਨਰ ਸਾਹਿਬ ਦੇ

Original with;
Punjab Vidhan Sabha
Digitized by;
Panjab Digital Library

ਭਾਸ਼ਣ ਦੇਣ ਸਮੇਂ ਇਨ੍ਹਾਂ ਨੇ ਗੁਰਮੁਖੀ ਨਾਲ ਕੀ ਸਲੂਕ ਕੀਤਾ। ਗੁਰਮੁਖੀ ਅਖਰਾਂ ਵਿਚ ਛਪੇ ਗਵਰਨਰ ਸਾਹਿਬ ਦੇ ਐਡਰਸ ਨੂੰ ਫਾੜਨਾ ਅਤੇ ਉਸ ਨੂੰ ਪੈਰਾਂ ਵਿਚ ਰੋਲਣ ਨਾਲ ਇਨ੍ਹਾਂ ਨੂੰ ਕੀ ਲਭਿਆ। (ਸ਼ੇਮ ਸ਼ੇਮ) ਮੈਂ ਤਾਂ ਭਾਵੇਂ ਇਨ੍ਹਾਂ ਨੂੰ ਇਸ ਤਰ੍ਹਾਂ ਦੀ ਕਾਰਵਾਈ ਕਰਨ ਤੇ ਕੁਝ ਨਾ ਕਹਾਂ ਪਰ ਸਿੱਖ ਸੰਗਤਾਂ ਇਨ੍ਹਾਂ ਤੋਂ ਮੰਗ ਕਰ ਸਕਦੀਆਂ ਹਨ ਕਿ ਤੁਸੀਂ ਇਸ ਤਰ੍ਹਾਂ ਗੁਰਮੁਖੀ ਦੀ ਨਿਰਾਦਰੀ ਕਿਉਂ ਕੀਤੀ ਅਤੇ ਕਿਉਂ ਗਵਰਨਰ ਸਾਹਿਬ ਦੇ ਐਡਰੈਸ ਨੂੰ ਪੈਰਾਂ ਵਿਚ ਰੋਲਿਆ ਅਤੇ ਫਾੜਿਆ। (ਵਿਘਨ)

**ਕਾਮਰੇਡ ਸੱਤਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੀ ਬੇਨਤੀ ਇਹ ਹੈ ਕਿ ਗੁਰਮੁਖੀ ਨੂੰ ਸਿੱਖ ਧਰਮ ਨਾਲ ਜੋੜ ਕੇ ਕੀ ਇਸ ਬੋਲੀ ਨੂੰ ਸਿੱਖਾਂ ਦੀ ਰਾਖਵੀਂ ਬੋਲੀ ਬਨਾਉਣਾ ਚਾਹੁੰਦੇ ਹੋ। ਜੇਕਰ ਉਰਦੂ ਜਾਂ ਹਿੰਦੀ ਦੀ ਕਿਤਾਬ ਪੈਰਾਂ ਹੇਠ ਆ ਜਾਵੇ ਤਾਂ ਕੋਈ ਫਰਕ ਨਹੀਂ ਪੈਂਦਾ ਪਰ ਜੇਕਰ ਗੁਰਮੁਖੀ ਆ ਜਾਵੇ ਤਾਂ ਕਿਹੜਾ ਆਸਮਾਨ ਡਿਗ ਪੈਣਾ ਹੈ। ਪੰਜਾਬੀ ਸਾਰੇ ਪੰਜਾਬੀਆਂ ਦੀ ਸਾਂਝੀ ਜ਼ਬਾਨ ਹੈ। (ਵਿਘਨ)

**ਸ੍ਰੀ ਸਪੀਕਰ** : ਡਾਂਗ ਸਾਹਿਬ, ਇਹ ਸਾਡੀ ਪੁਰਾਣੀ ਪਰੰਪਰਾ ਚਲਦੀ ਆ ਰਹੀ ਹੈ ਕਿ ਰਚਨਾਵਾਂ ਦੇ ਸਤਿਕਾਰ ਵਜੋਂ ਉਨ੍ਹਾਂ ਨੂੰ ਇਸ ਤਰ੍ਹਾਂ ਨਾ ਰੋਲਿਆ ਜਾਵੇ ਕਿਉਂਕਿ ਇਹ ਜਾਣਿਆਂ ਜਾਂਦਾ ਹੈ ਕਿ ਉਹ ਮਹਾਨ ਵਿਦਵਾਨਾਂ ਦੀਆਂ ਰਚਨਾਵਾਂ ਹੁੰਦੀਆਂ ਹਨ। (Dang Sahib according to our traditions writings are always shown due regard, the idea being that it isusually the creation of learned persons)

**ਮੁੱਖ ਮੰਤਰੀ** : ਜੋ ਸੁਝਾਵ ਡਾਂਗ ਸਾਹਿਬ ਨੇ ਦਿਤਾ ਹੈ ਮੈਂ ਉਸ ਦਾ ਸਤਿਕਾਰ ਕਰਦਾ ਹਾਂ ਅਤੇ ਮੇਰਾ ਆਪਣਾ ਖਿਆਲ ਹੈ ਕਿ ਭਾਸ਼ਾ ਕਿਸੇ ਇਕ ਮਜ਼ਹਬ ਦੀ ਨਹੀਂ ਕਹੀ ਜਾ ਸਕਦੀ। ਉਹ ਉਹ ਸਾਂਝੀ ਹੁੰਦੀ ਹੈ ਅਤੇ ਉਸ ਦਾ ਸਤਿਕਾਰ ਹਰ ਇਕ ਨੂੰ ਕਰਨਾ ਚਾਹੀਦਾ ਹੈ। ਪਰ ਇਹ ਆਪ ਇਸ ਗਲ ਤੇ ਜ਼ੋਰ ਦਿੰਦੇ ਹਨ, ਇਸ ਲਈ ਇਹ ਗਲ ਕਹੀ ਹੈ। ਜਦ ਵੀ ਇਨ੍ਹਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਜ਼ਬਾਨ ਦੀ ਗਲ ਕਰਦੇ ਹਨ। ਅਕਾਲੀ ਦਲ ਦੀ ਗੱਲ ਹੋਵੇ ਤਾਂ ਇਹ ਕਹਿੰਦੇ ਹਨ ਸਿੱਖਾਂ ਦੀ ਅਤੇ ਸਿੱਖ ਕੌਮ ਦੀ ਇਹੀ ਪ੍ਰਤੀਨਿਧ ਜਮਾਤ ਹੈ ਪਰ ਅਸਲੀਅਤ ਕੀ ਹੈ ਕਿ ਇਹ ਹੀ ਨਿਰੇ ਸਿੱਖ ਕੌਮ ਦੇ ਠੇਕੇਦਾਰ ਨਹੀਂ (ਇਸ ਪਾਸੇ ਵੀ ਸਿੱਖ ਬੈਠੇ ਹਨ ਅਤੇ ਇਨ੍ਹਾਂ ਤੋਂ ਵੱਧ ਬੈਠੇ ਹਨ।) ਇਸ ਲਈ ਇਨ੍ਹਾਂ ਨੂੰ ਜਿਨ੍ਹਾਂ ਦੀ ਡਾਂਗ ਸਾਹਿਬ ਨੇ ਵਕਾਲਤ ਕੀਤੀ ਹੈ ਪੁੱਛ ਤਾਂ ਲਓ ਕਿ ਇਹ ਕੀ ਕਹਿੰਦੇ ਹਨ ਅਤੇ ਕੀ ਮੰਨਦੇ ਹਨ। ਇਹ ਸਾਰੀ ਸਿੱਖ ਕੌਮ ਦੇ ਠੇਕੇਦਾਰ ਨਹੀਂ ਕਹੇ ਜਾ ਸਕਦੇ। (ਵਿਘਨ) (ਸ਼ੋਰ)

ਡਾਂਗ ਸਾਹਿਬ ਜਦੋਂ ਵੀ ਬੋਲਦੇ ਹਨ ਤਾਂ ਸਮਾਜ ਵਾਦ ਦੀਆਂ ਹੀ ਗਲਾਂ ਕਰਦੇ ਹਨ। ਪਰ ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਸਮਾਜਵਾਦ ਅਮਲ ਨਾਲ ਆਉਣਾ ਹੈ ਇਸ ਤਰ੍ਹਾਂ ਦੀਆਂ ਗਲਾਂ ਕਰਦਿਆਂ ਸਮਾਜਵਾਦ ਨੇ ਨਹੀਂ ਆਉਣਾ।

**ਕਾਮਰੇਡ ਸੱਤਪਾਲ ਡਾਂਗ** : ਇਹ ਗਲ ਡਾਕਟਰ ਕੇਵਲ ਕ੍ਰਿਸ਼ਨ ਨੇ ਚੀਫ ਮਨਿਸਟਰ ਦੀ ਵਕਾਲਤ ਕਰਨ ਦੇ ਵਿਚ ਕਹੀ। ਇਹ ਉਨ੍ਹਾਂ ਦੀ ਕੋਈ ਠੇਕੇਦਾਰੀ ਨਹੀਂ ਅਸੀਂ ਤਾਂ ਹੁਣ ਵੀ ਕਹਿੰਦੇ ਹਾਂ ਕਿ ਕਿਸੇ ਜ਼ਬਾਨ ਨੂੰ ਧਰਮ ਦੇ ਨਾਲ ਨਾ ਜੋੜਿਆ ਜਾਵੇ। ਪਹਿਲਾਂ ਡਿਪਟੀ ਸਪੀਕਰ ਸਾਹਿਬ ਉਨ੍ਹਾਂ ਦੀ ਇਮ-ਦਾਦ ਕਰਦੇ ਰਹੇ। ਹੁਣ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।

**ਮੁੱਖ ਮੰਤਰੀ** : ਕਾਮਰੇਡ ਜੀ ਨੇ ਵੀ ਜਿਤਨਾ ਵਕਤ ਲੈਣਾ ਸੀ ਲੈ ਲਿਆ, ਹੁਣ ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਜੋ ਮਤਾ ਸੀ ਆਪਣੀ ਤਕਰੀਰ ਦੇ ਵਿਚ ਹਿੰਦੀ ਦੀ ਡੀਵੈਲਪਮੈਂਟ ਦੇ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ]

ਵਾਸਤੇ ਵੀ ਕਿਹਾ ਸੀ। ਮੈਂ ਉਨ੍ਹਾਂ ਦੀ ਵਾਕਫੀਅਤ ਲਈ ਦਸ ਦਿਆਂ ਕਿ ਹਿੰਦੀ ਦੀ ਡੀਵੈਲਪਮੈਂਟ ਵਾਸਤੇ ਇਕ ਹਿੰਦੀ ਪ੍ਰਮੋਸ਼ਨ ਬੋਰਡ ਕਾਇਮ ਕੀਤਾ ਜਾਵੇਗਾ ਤਾਂ ਜੋ ਕਿਸੇ ਨੂੰ ਵੀ ਕੋਈ ਸ਼ਿਕਾਇਤ ਨਾ ਹੋਵੇ, ਉਨ੍ਹਾਂ ਨੂੰ ਇਹ ਵੀ ਦਸ ਦੇਵਾਂ ਕਿ ਪੰਜਾਬ ਵਿਚ ਹਿੰਦੀ ਨੂੰ ਕੋਈ ਖ਼ਤਰਾ ਨਹੀਂ। ਪੰਜਾਬ ਦੀ ਮਾਤਰੀ ਭਾਸ਼ਾ ਪੰਜਾਬੀ ਹੈ ਅਤੇ ਰਾਸ਼ਟਰੀ ਭਾਸ਼ਾ ਹਿੰਦੀ ਹੈ ਜਿਸ ਤਰ੍ਹਾਂ ਦਾ ਸਨਮਾਨ ਹਿੰਦੀ ਨੂੰ ਦੂਸਰੀਆਂ ਸਟੇਟਾਂ ਵਿਚ ਦਿੱਤਾ ਜਾਂਦਾ ਹੈ ਉਸ ਨਾਲੋਂ ਕਿਤੇ ਵੱਧ ਇਸ ਸਟੇਟ ਵਿਚ ਦਿੱਤਾ ਜਾਵੇਗਾ। ਸਾਡੀ ਇਹ ਵੀ ਕੋਸ਼ਿਸ਼ ਹੈ ਕਿ ਹਰੀਜਨ ਭਰਾਵਾਂ ਨੂੰ ਸਰਵਿਸ ਵਿਚ ਲਿਆ ਜਾਵੇ। ਉਨ੍ਹਾਂ ਨੂੰ ਪਲਾਟ ਦੇਣ ਤੋਂ ਬਾਅਦ ਮਕਾਨ ਬਣਾਉਣ ਵਾਸਤੇ ਪੈਸੇ ਵੀ ਦੇਵਾਂਗੇ। ਨਾ ਸਿਰਫ ਹਰੀਜਨਾਂ ਨੂੰ ਹੀ ਰਿਆਇਤਾਂ ਦਿੱਤੀਆਂ ਜਾਣਗੀਆਂ ਸਗੋਂ ਜਿਤਨੀਆਂ ਵੀ ਮਾਈਨਾਰਟੀ ਕਮਿਊਨਟੀਜ਼ ਹਨ ਮੁਸਲਮਾਨ ਯਾ ਈਸਾਈ ਹਨ ਉਨ੍ਹਾਂ ਨਾਲ ਕਿਸੇ ਕਿਸਮ ਦਾ ਵੀ ਵਿਤਕਰਾ ਨਹੀਂ ਕੀਤਾ ਜਾਵੇਗਾ, ਜੇ ਹੋਵੇਗਾ ਵੀ ਤਾਂ ਦੂਰ ਕੀਤਾ ਜਾਵੇਗਾ।

ਇਨ੍ਹਾਂ ਸ਼ਬਦਾਂ ਨਾਲ ਗਵਰਨਰ ਜੀ ਦੇ ਐਡਰੈਸ ਦੇ ਮੁਤਾਬਿਕ ਸ੍ਰੀ ਯਸ਼ ਜੀ ਨੇ ਜੋ ਰੈਜ਼ੋਲਿਊਸ਼ਨ ਮੂਵ ਕੀਤਾ ਹੈ ਉਸ ਦੀ ਪ੍ਰਵਾਨਗੀ ਲਈ ਬੇਨਤੀ ਕਰਦਾ ਹਾਂ ਅਤੇ ਇਹ ਪ੍ਰਾਰਥਨਾ ਕਰਦਾ ਹਾਂ ਕਿ ਸਾਰਾ ਹਾਊਸ ਇਸ ਨੂੰ ਪ੍ਰਵਾਨ ਕਰ ਲਵੇ।

**ਸਰਦਾਰ ਜਸਵਿੰਦਰ ਸਿੰਘ ਬਰਾੜ**: *** ** **

**ਸ੍ਰੀ ਸਪੀਕਰ**: ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ, ਇਹ ਪ੍ਰਸੀਡਿੰਗਜ਼ ਦਾ ਪਾਰਟ ਨਾ ਬਣੇ (ਵਿਘਨ)।

(Whatever is being said by the hon. member that should not form part of the proceedings.) (Interruption).

**Mr. Speaker** : First I shall put amendments to the vote of the House.

Question is—.

That in the motion, the following be added at the end, namely :—

"but regret that the Address—

(1) does not mention about the extremely serious situation which exists in the State including the sufferings of the common people ;

(2) does not mention about the steep rise in prices ;

(3) does not take proper note of the serious effect of shortage of power on the industrial and agricultural economy of the State, including the closures, retrenchment and lay off of thousands of workers ;

(4) does not take note of such serious problems facing the peasants as the non-availability of diesel and fertilizers except at black-market rates;

(5) is silent about the acute problems faced by the student community ;

(6) is silent about the social boycott of Harijans in the villages ;

(7) does not paint correct picture about the situation regarding law and order, corruption and civil liberties ;

(8) does not envision any effective steps against poverty, rising prices and unemployment ;

(9) does not even take note of the disruptive forces out to undermine the unity of the country.".

*The Motion was lost*

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Question is —

That in the motion, the following be added at the end, namely,—

"but regret that no mention has been made in the Address:—

(1) about the acute shortage of power in the State ;

(2) about how to control the rise in prices ;

(3) about the rampant corruption prevailing in the State ;

(4) about ensuring the law and order and rule of Law in the State.".

*The Motion was lost*

**Mr. Speaker** : Question is —

That in the motion, the following be added at the end, namely,—

"but regret that the Address—

(1) does not mention about the nationalisation of Cinemas and Transport Industry in the State ;

(2) does not mention the non-fulfilment of promises and assurances given to College Teachers of Government aided Private Colleges and Government School Teachers ;

(3) does not mention the failure of the State Government to give proprietary rights to thousands of Abadkar families of the Bet areas of Sutlej who are now facing ejectment ;

(4) does not mention the fact that political parties of the State have not been given representation on the District grievances Committee s formed by the State Government.".

*The Motion was lost*

**Mr. Speaker** : Question is —

That in the motion, the following be added at the end, namely, —

"but regret that no mention has been made in the Address—

(1) for stopping the recovery of the revenue within the belt of 16 kilometres of the International Border, which was ordered to be remitted ;

(2) for checking the increasing poverty and rise in prices ;

(3) regarding the new measures to be adopted for Development Plans ;

(4) regarding authority under which the State Government has handed over the Thien Dam to the Central Government ;

(5) for reducing the prices of Fertilizers and Diesel in order to increase the agricultural production and for ensuring suitable prices of the agricultural produce to the farmers ;

(6) for providing free built-up residential houses instead of providing free plots to the houseless families belonging to the Scheduled Castes ;

(7) for providing reservation in the fresh appointments and selection grades in the Government services to the Members of the Scheduled Castes.".

*The Motion was lost*

Original with;
Punjab Vidhan Sabha
Digitized by;
Panjab Digital Library

## WALK OUT

**ਕਾਮਰੇਡ ਸੱਤਪਾਲ ਡਾਂਗ** : ਲੋਕਾਂ ਦੀਆਂ ਤਕਲੀਫਾਂ ਦੂਰ ਕਰਨ ਲਈ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਦੂਰ ਕਰਨ ਦਾ ਇਸ ਵਿਚ ਕੋਈ ਪ੍ਰੋਗਰਾਮ ਹੀ ਦਿੱਤਾ ਗਿਆ ਹੈ। ਲੋਕ ਭਲਾਈ ਦੀ ਇਸ ਵਿਚ ਕੋਈ ਗਲ ਨਹੀਂ ਇਸ ਲਈ ਮੈਂ ਤੇ ਮੇਰੀ ਪਾਰਟੀ ਰੋਸ਼ ਵਜੋਂ ਵਾਕ ਆਊਟ ਕਰਦੇ ਹਾਂ।

(ਇਸ ਵੇਲੇ ਕਮਿਊਨਿਸਟ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਵਾਕ ਆਊਟ ਕਰ ਗਏ)।

---

## DISCUSSION ON GOVERNOR'S ADDRESS (*Resumption*)

**Mr. Speaker** : Question is—

That an Address be presented to the Governor in the following terms:—

'That the Members of this House assembled in this Session are deeply grateful to the Governor for the Address which he has been pleased to deliver to the House on the 27th February, 1973.

(After ascertaining the votes of the House by voices, Mr. Speaker said 'I think Ayes have it.' This opinion was challenged. The bells were sounded. The question was put again and Mr. Speaker said 'I think ayes have it.' Again it was challenged. The Members were asked to rise in their places. Sixty two members rose in support of the Motion and twenty-five against the motion. The motion was declared carried.

*The Motion was carried.*

**Mr. Speaker** : The House stands adjourned till 9.00 A.M. on Thursday the 8th March, 1973.

| | |
|---|---|
| *1.54 P.M.* | (*The Sabha then adjourned till* 9.00 *A.M. on Thursday, the* 8th *March* 1973.) |

---

10851 P.V.S.—Govt. Press Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1974
Published under the authority of the Punjab Vidhan Sabha Secretariat and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*8th March, 1973*

Vol. I—No. 7

## OFFICIAL REPORT

CONTENTS

*Thursday, the 8th March, 1973*


| | | PAGE |
|---|---|---|
| Starred Questions and Answers | .. | (7) 1 |
| Written Answers to Starred Questions laid on the Table of the House Under Rule 38 | .. | (7) 28 |
| Personal Explanation by Dr. Harbhajan Singh | .. | (7) 36 |
| Call Attention Notices | .. | (7) 40 |
| Statements laid on the Table of the House in reply to Call Attention Notices | .. | (7) 40 |
| Second Report of the Business Advisory Committee | .. | (7) 44 |
| Bill (Non-Official)— | | |
| The Punjab Custom (Power to Contest) Amendment—, 1973 | .. | (7) 45 |
| Official Resolution— | | |
| *Re* : Enactment of Legislation to curb Defections | .. | (7) 46 |
| Personal Explanation by Chaudhri Jagat Ram | .. | (7) 72 |


Rs. 20/50 P.


Original with;
Punjab Vidhan Sabha
Digitized by;
Panjab Digital Library

Throwing of Leaflets in the House from the Visitors, Gallery .. (7) 73

Resolution *re* : Enactment of Legislation to curb Defections (Resumption of Discussion) .. (7) 73

Personal Explanation by Sardar Parkash Singh Badal .. (7) 75

Resolution *re* : Enactment of Legislation to Curb Defections (Resumption of Discussion) .. (7) 76

Throwing of Leaflets in the House from the Visitors, Gallery .. (7) 91

Resolution *re* : Enactment of Legislation to curb Defections (Resumption of Discussion) .. (7) 93

Extension of time of the Sitting .. (7) 101

Resolution *re* : Enactment of Legislation to curb Defections (Resumption of Discussion) .. (7) 101

Resolution (Non-Official)—

*Re* : Giving Right to Vote to Every Citizen of India who is not less than 18 years of age (Resumption of Discussion) .. (7) 103

Punjab Vidhan Sabha Secretariat, Chandigarh.

Price : Re.

Original with;
Punjab Vidhan Sabha
Digitized by;
Panjab Digital Library

## *ERRATA*

To

**Punjab Vidhan Sabha**

*Debates*

*8th March, 1973*

*Vol. I—No. 7*

| *Read* | *For* | *Page* | *Line* |
|---|---|---|---|
| While | Whoile | (7) 4 | 8th from below |
| affirmative | afirmative | (7) 10 | 10 |
| token | taken | (7) 17 | 14th from below |
| ਲੁਧਿਆਣਾ | ਲੁਧਿਘਾਣਾ | (7) 17 | 2nd from below |
| ਕਰ ਰਹੇ | ਰਹੇ ਕਰ | (7) 18 | 3rd from below |
| Unemployed | Umployed | (7) 26 | 4th from below |
| ਡਿਫੈਕਸ਼ਨਜ਼ | ਡਿਫੈਕਸ਼ਠਜ਼ | (7) 37 | 11th from below |
| ਮਹੀਨੇ | ਨਹੀਨੇ | (7) 43 | 8th from below |
| Agriculture | Aggriculture | (7) 43 | 3rd from below |
| (ਵਿਘਨ) | (ਵਘ.ਨ) | (7) 56 | 3 |
| ਗਿਆਨੀ ਕੁੰਦਨ ਸਿੰਘ ਪਤੰਗ | ਗਿਆਨੀ ਕੰਦਨ ਸਿੰਘ ਪਤੰਗ | (7) 59 | 10 |
| ਜੋਸ਼ ਸਾਹਿਬ | ਜਸ਼ ਸਾਹਿਕ | (7) 64 | 13th from below |
| ਡਿਪਟੀ ਸਪੀਕਰ ਸਾਹਿਬ | ਡਿਪਟੀ ਸਪੀਕਰ ਸਾਹਿਥ | (7) 65 | 9th from below |
| Gallery | Galler7 | (7) 73 | Head Line |
| ਡਿਪਟੀ ਸਪੀਕਰ ਸਾਹਿਬ | ਡਿਪਡੀ ਸਪੀਕਰ ਸਾਹਿਬ | (7) 74 | 6 |
| neither | niether | (7) 75 | 13th from below |
| ਚੌਧਰੀ ਦਰਸ਼ਨ ਸਿੰਘ | ਚਧਰੀ ਦਰਸ਼ਨ ਸਿੰਘ | (7) 76 | 2nd from below |
| ਸਟੇਟ ਮਨਿਸਟਰ | ਸਟਟ ਮਨਿਸਟਰ | (7) 76 | 5th from below |
| ਬੀਬੀ ਇੰਦਰਾ ਗਾਂਧੀ | ਬੀ.ੀ ਇੰਦਰਾਂ ਗਾਂਥੀ | (7) 77 | 12th from below |
| ਕਾਮਰੇਡ ਰਾਜ ਕੁਮਾਰ | ਕਾਮ ਡ ਰਾਜਕੁਮਾਰ | (7) 85 | 16 |
| mars | mas | (7) 93 | 12 |
| ਇਸ | ਇਕ | (7) 101 | 10 |
| speech | speeech | (7) 103 | Last line |
| ਸਾਹਿਬ | ਸਾਹਿਥ | (7) 104 | 8th from below |
| ਅਨਪੜ੍ਹ | ਅਨਧੜ੍ਹ | (7) 105 | 12th from below |
| ਉਹ | ਉਰ | (7) 105 | 12th from below |

*Original with;*
Punjab Vidhan Sabha
*Digitized by;*
Panjab Digital Library

*Original with*
Punjab Vidhan Sabha
*Digitized by*
Panjab Digital Library

# PUNJAB VIDHAN SABHA

*Thursday, the 8th March, 1973*

*The Vidhan Sabha met in the Punjab Vidhan Sabha Hall, Vidhan Bhavan, Sector—1, Chandigarh at 9.00 A.M. of the Clock. Mr. Speaker (Sardar Darbara Singh) in the Chair.*

## STARRED QUESTIONS AND ANSWERS

### PENSION FOR FREEDOM FIGHTERS

*1166 Chaudhri Ram Singh : Will the Chief Minister be pleased to state :—

(a) the total number of applications for pension to freedom fighters pending with the Government at present;

(b) the total number of such applications decided so far ?

**Sardar Nasib Singh Gill (Deputy Minister, Home and Industries):**

| | Under Punjab Govt. Scheme | Under Govt. of India's Scheme |
|---|---|---|
| (a) | 1300 | 150 |
| (b) | Nil | 84 |

| | ਪੰਜਾਬ ਸਰਕਾਰ ਦੀ ਸਕੀਮ ਹੇਠ | ਭਾਰਤ ਸਰਕਾਰ ਦੀ ਸਕੀਮ ਹੇਠ |
|---|---|---|
| (ੳ) | 1300 | 150 |
| (ਅ) | ਨਿੱਲ | 84 |

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਸ ਵੇਲੇ ਗੌਰਮਿੰਟ ਆਫ ਇੰਡੀਆ ਨੇ ਫਰੀਡਮ ਫਾਈਟਰਾਂ ਨੂੰ ਰੁਪਿਆ ਦੇਣ ਦਾ ਫੈਸਲਾ ਕੀਤਾ ਹੈ ਤਾਂ ਕੀ ਪੰਜਾਬ ਸਰਕਾਰ ਆਪਣਾ ਹਿੱਸਾ ਜਾਰੀ ਰਖੇਗੀ ਜਿਹੜਾ ਕਿ ਉਹ ਪਹਿਲਾਂ ਦੇ ਰਹੀ ਸੀ ?

Original with;
Punjab Vidhan Sabha
Digitized by;
Panjab Digital Library

**ਉਪ ਮੰਤਰੀ, ਗ੍ਰਹਿ ਅਤੇ ਉਦਯੋਗ** : ਇਹ ਉਸ ਤੋਂ ਐਕਸਕਲਿਊਡ ਕੀਤੇ ਜਾਣਗੇ ।

**ਕਾਮਰੇਡ ਸਤਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਸ ਗਲ ਦਾ ਵੀ ਖਿਆਲ ਰਖਣਗੇ ਕਿ ਜਿਹੜੇ ਫਰੀਡਮ ਫਾਈਟਰਾਂ ਦੀ ਇਨਕਮ ਹਜ਼ਾਰ ਰੁਪਏ ਮਹੀਨਾ ਹੋਵੇ ਉਨ੍ਹਾਂ ਨੂੰ ਇਹ ਪੈਨਸ਼ਨ ਨਹੀਂ ਮਿਲੇਗੀ ਬਲਕਿ ਜਿਹੜੇ ਲੋੜਵੰਦ ਹਨ ਸਿਰਫ ਉਨ੍ਹਾਂ ਨੂੰ ਹੀ ਮਿਲਿਆ ਕਰੇ । ਜਿਹੜੇ ਵਾਕਿਆ ਹੀ ਡਿਜ਼ਰਵ ਕਰਦੇ ਹਨ ਉਹਨਾਂ ਨੂੰ ਹੀ ਮਿਲਣੀ ਚਾਹੀਦੀ ਹੈ ।

**ਉਪ ਮੰਤਰੀ** : ਇਸ ਗਲ ਦਾ ਜ਼ਰੂਰ ਧਿਆਨ ਰਖਿਆ ਜਾਵੇਗਾ ।

**ਸ੍ਰੀ ਸਰਦਾਰੀ ਲਾਲ ਕਪੂਰ**: ਮਨਿਸਟਰ ਸਾਹਿਬ ਨੇ ਦੱਸਿਆ ਹੈ ਐਨੀਆਂ ਐਪਲੀਕੇਸ਼ਨਜ਼ ਇਥੇ ਪੈਂਡਿੰਗ ਪਈਆਂ ਹਨ ਅਤੇ ਐਨੀਆਂ ਐਪਲੀਕੇਸ਼ਨਜ਼ ਸੈਂਟਰ ਕੋਲ ਪੈਂਡਿੰਗ ਪਈਆਂ ਹਨ । ਕੀ ਇਹਨਾਂ ਲੋਕਾਂ ਦੀ ਮੱਦਦ ਕਰਨ ਵਾਸਤੇ ਪੈਂਡਿੰਗ ਐਪਲੀਕੇਸ਼ਨਜ਼ ਦਾ ਜਲਦੀ ਤੋਂ ਜ਼ਲਦੀ ਫੈਸਲਾ ਕਰਾਇਆ ਜਾਵੇਗਾ ?

**ਉੱਪ ਮੰਤਰੀ**: ਜਿਹੜੀਆਂ 1,300 ਐਪਲੀਕੇਸ਼ਨਜ਼ ਪੰਜਾਬ ਗੌਰਮਿੰਟ ਨੂੰ ਆਈਆਂ ਹਨ, ਉਹਨਾਂ ਵਿਚੋਂ 220 ਸਵਤੰਤਰ ਸੰਗਰਾਮੀਆਂ ਦੀਆਂ ਹਨ ਅਤੇ 1,080 ਆਜ਼ਾਦ ਹਿੰਦ ਫੌਜੀਆਂ ਦੀਆਂ ਹਨ । ਇਹਨਾਂ ਸਬੰਧੀ ਜ਼ਿਲ੍ਹਿਆਂ ਦੀ ਅਥਾਰਿਟੀਜ਼ ਤੋਂ ਰਿਪੋਰਟ ਆਉਣ ਤੇ ਛੇਤੀ ਤੋਂ ਛੇਤੀ ਫੈਸਲਾ ਕਰ ਦਿਤਾ ਜਾਵੇਗਾ ,

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜਾ ਗੌਰਮਿੰਟ ਆਫ ਇੰਡੀਆ ਨੇ ਡੇਢ ਸੌ ਰੁਪਿਆ ਦੇਣ ਦਾ ਫੈਸਲਾ ਕੀਤਾ ਹੈ ਕੀ ਇਹ ਰਕਮ ਜੇਕਰ ਕੋਈ ਸਵਤੰਤਰਤਾ ਸੰਗਰਾਮੀ ਜ਼ਿੰਦਾ ਨਾ ਹੋਵੇ ਤਾਂ ਇਹ ਉਹਦੀ ਫੈਮਿਲੀ ਨੂੰ ਵੀ ਦਿਤਾ ਜਾਵੇਗਾ ?

**ਮੁੱਖ ਮੰਤਰੀ** : ਜਿਹੜੇ ਸਵਤੰਤਰਤਾ ਸੰਗਰਾਮੀ ਜ਼ਿੰਦਾ ਨਹੀਂ ਹਨ ਉਨ੍ਹਾਂ ਦਾ ਪਰਿਵਾਰ ਜ਼ਰੂਰਤਮੰਦ ਹੈ ਉਹਨਾਂ ਨੂੰ ਵੀ ਪੈਨਸ਼ਨਾਂ ਦਿਤੀਆਂ ਜਾਂਦੀਆਂ ਹਨ ਪਰ ਥੋੜ੍ਹੀਆਂ ਜਿਹੀਆਂ ਘਟ ਕਰਕੇ । ਅਸੀਂ ਹਿੰਦ ਸਰਕਾਰ ਨੂੰ ਲਿਖਿਆ ਹੈ 200 ਰੁਪਏ ਅਤੇ 100 ਰੁਪਏ ਇਹ ਦੋ ਕੈਟੇਗਰੀਜ਼ ਰਖੀਆਂ ਹਨ (ਵਿਘਨ) ਉਨ੍ਹਾਂ ਵਲੋਂ ਸਾਨੂੰ ਕਿਹਾ ਗਿਆ ਸੀ ਕਿ ਜਿਨ੍ਹਾਂ ਨੂੰ ਤੁਸੀਂ ਡੇਢ ਸੌ ਦਿੰਦੇ ਹੋ ਉਨ੍ਹਾਂ ਨੂੰ ਅਸੀਂ 50/- ਦੇਵਾਂਗੇ (ਵਿਘਨ) ਮਤਲਬ ਇਹ ਕਿ ਜਿਨ੍ਹਾਂ ਡਿਫਰੈਂਸ ਹੈ ਉਹ ਦੇਣਗੇ ਪਰ ਅਸੀਂ ਉਹਨਾਂ ਨੂੰ ਕਿਹਾ ਹੈ ਕਿ ਅਸੀਂ ਜਿਹੜੀ ਪੈਨਸ਼ਨ ਦਿੰਦੇ ਹਾਂ ਉਹ ਜਾਰੀ ਰਹਿਣ ਦਿਉ ਅਤੇ ਤੁਸੀਂ ਆਪਣੇ ਮੁਤਾਬਿਕ 200/- ਰੁਪਏ ਦਿਉ ਅਤੇ ਜਿਸਦਾ 100/- ਰੁਪਏ ਬਣਦਾ ਹੈ ਉਸਨੂੰ 100/- ਰੁਪਏ ਦਿਉ । ਮੇਰਾ ਖਿਆਲ ਹੈ ਕਿ ਸਾਡੀ ਗਲ ਮੰਨੀ ਜਾਏਗੀ ਅਤੇ ਕਈ ਫਰੀਡਮ ਫਾਈਟਰਜ਼ ਨੂੰ 200/- ਰੁਪਏ ਉਥੋਂ ਅਤੇ 200/- ਰੁਪਏ ਇਥੋਂ ਮਿਲ ਜਾਇਆ ਕਰਨਗੇ (ਵਿਘਨ) ਪਹਿਲਾਂ ਇਹ ਰਕਮ ਕਮ-ਅਜ਼-ਕੰਮ 25/- ਰੁਪਏ ਸੀ ਅਤੇ ਹੁਣ ਅਸੀਂ ਕੰਮ ਅਜ ਕੰਮ 50/- ਰੁਪਏ ਕਰ ਦਿਤੀ ਹੈ ।

Original with;
Punjab Vidhan Sabha
Digitized by;
Panjab Digital Library

## RESERVATION OF CERTAIN POSTS FOR SONS/DAUGHTERS OF FREEDOM FIGHTERS

*1168 **Chaudhri Ram Singh** : Will the Chief Minister be pleased to state whether the Government is considering any proposal for reservation of certain posts in all Government departments for the sons/daughters of Freedom-fighters if so, the details thereof ?

Sardar Nasib Singh Gill (Deputy Minister, Home and Industries) : No, Sir.

[ਨਹੀਂ ਜੀ।]

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਦ ਕਿ ਐਪੁਆਇੰਟਮੈਂਟ ਵੇਲੇ ਜੋ ਕੋਈ ਖੇਲਾਂ ਵਿਚ ਹਿਸਾ ਲੈਂਦਾ ਹੈ ਤਾਂ ਉਹਨੂੰ ਉਸ ਦੇ ਨੰਬਰ ਦਿਤੇ ਜਾਂਦੇ ਹਨ ਕੀ ਇਸੇ ਤਰ੍ਹਾਂ ਹੀ ਐਪੁਆਇੰਟਮੈਂਟਸ ਵੇਲੇ ਸਵਤੰਤਰਤਾ ਸੰਗਰਾਮੀਆਂ ਦੇ ਬਚਿਆਂ ਨੂੰ ਵੀ ਨੌਕਰੀਆਂ ਵੇਲੇ ਕੋਈ ਪ੍ਰੈਫਰੈਂਸ ਦਿਤੀ ਜਾਵੇਗੀ ?

ਉਪ ਮੰਤਰੀ, ਗ੍ਰਹਿ ਅਤੇ ਉਦਯੋਗ : ਜ਼ਰੂਰ ਵਿਚਾਰ ਕਰ ਲਿਆ ਜਾਵੇਗਾ ।

**ਕਾਮਰੇਡ ਸੱਤਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਸ ਗਲ ਤੇ ਵਿਚਾਰ ਕਰਨਗੇ ਕਿ ਰਿਜ਼ਰਵੇਸ਼ਨਜ਼ ਉਦੋਂ ਹੋਣ ਜਦੋਂ ਕਿ ਬਹੁਤ ਜ਼ਰੂਰੀ ਹੋਵੇ ਜਿਵੇਂ ਕਿ ਸੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੇ ਸਬੰਧ ਵਿਚ ਤਾਂ ਕਿ ਨੌਜਵਾਨਾਂ ਨੂੰ ਇਹ ਨਾ ਮਹਿਸੂਸ ਹੋਵੇ ਕਿ ਮੈਰਿਟ ਦੀ ਕੋਈ ਕਦਰ ਨਹੀਂ ?

**ਉਪ ਮੰਤਰੀ** : ਵਿਧਾਨ ਦੇ ਮੁਤਾਬਿਕ ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਹੀ ਰਿਜ਼ਰਵੇਸ਼ਨ ਹੁੰਦੀ ਹੈ ਅਤੇ ਹੋਰ ਕਿਸੇ ਨੂੰ ਨਹੀਂ ਹੁੰਦੀ ।

## RAISING A MEMORIAL OF LT. GENERAL BIKRAM SINGH IN BALACHAUR ASSEMBLY CONSTITUENCY

---

*1229 **Master Dalip Chand**: Will the Chief Minister be pleased to state whether there is any proposal under the consideration of the Government to raise a memorial to Lieutenant General Bikram Singh in Balachaur Assembly Constituency, if so, the nature of the memorial proposed to be raised and the time by which it is likely to be done?

**ਸ੍ਰੀ ਜੋਗਿੰਦਰ ਪਾਲ ਪਾਂਡੇ (ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ)** : ਲੈਫਟੀਨੈਂਟ ਜਨਰਲ ਬਿਕਰਮ ਸਿੰਘ ਦੀ ਯਾਦ ਵਿਚ ਉਹਨਾਂ ਦੇ ਪਿੰਡ ਸੀਆਣਾ ਵਿਚ ਕਾਲਜ, ਹਸਪਤਾਲ ਜਾਂ ਡਿਸਪੈਨਸਰੀ ਖੋਲ੍ਹਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਰਿਹਾ ਪਰ ਉਥੇ ਕਾਲਜ ਬਣਾਉਣ ਦਾ [illegible] ਨਹੀਂ ਹੋ ਸਕਿਆ। ਹੁਣ ਬਲਾਚੌਰ ਦੇ ਪ੍ਰਾਇਮਰੀ ਹੈਲਥ ਸੈਂਟਰ ਨੂੰ ਬਲਾਚੌਰ ਅਤੇ ਸੀਆਣਾ ਦੇ ਵਿਚਕਾਰ ਤਬਦੀਲ ਕਰਨ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗਲ ਸੱਚੀ ਹੈ ਕਿ 1966 ਵਿਚ ਸ੍ਰੀ ਵਾਈ. ਬੀ. ਚਵਾਨ ਸੈਂਟਰ ਦੇ ਮਨਿਸਟਰ ਸਾਹਿਬ ਅਤੇ ਕਾਮਰੇਡ ਰਾਮ ਕਿਸ਼ਨ, ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਬਲਾਚੌਰ ਗਏ ਸੀ ਅਤੇ ਉਸ ਵੇਲੇ ਇਹਨਾਂ ਨੇ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਦੀ ਯਾਦਗਰ ਬਨਾਉਣ ਦਾ ਵਾਇਦਾ ਕੀਤਾ ਸੀ । ਕੀ ਇਹ ਗਲ ਸੱਚੀ ਹੈ ?

**ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ** : ਇਹ ਗਲ ਸਹੀ ਹੈ । ਮਿਤੀ 22-11-1965 ਨੂੰ ਕਾਮਰੇਡ ਰਾਮ ਕਿਸ਼ਨ, ਉਸ ਵੇਲੇ ਦੇ ਮੁੱਖ ਮੰਤਰੀ ਜੀ ਨੇ ਇਹ ਐਲਾਨ ਕੀਤਾ ਸੀ ਕਿ ਉਹ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਹੋਰਾਂ ਦੀ ਯਾਦਗਰ ਉਨ੍ਹਾਂ ਦੇ ਪਿੰਡ ਵਿਚ ਬਨਾਉਣਗੇ ।

ਉਸ ਵੇਲੇ ਕਾਲਜ ਬਣਾਉਣ ਦਾ ਵਿਚਾਰ ਸੀ । ਉਸ ਵੇਲੇ ਸਿੱਖਿਆ ਵਿਭਾਗ ਨੂੰ ਕਿਹਾ ਗਿਆ ਸੀ ਪਰ ਉਹ ਕੁਝ ਕਾਰਨਾਂ ਕਰਕੇ ਉਥੇ ਕਾਲਜ ਨਹੀਂ ਬਣਾ ਸਕੇ । ਇਹੀ ਵਜਾ ਹੈ ਕਿ ਅੱਜ ਦੀ ਸਰਕਾਰ ਉਨ੍ਹਾਂ ਦੇ ਨਾਮ ਦੇ ਉਤੇ ਯਾਦਗਾਰ ਬਨਾਉਣ ਦਾ ਵਿਚਾਰ ਕਰ ਰਹੀ ਹੈ । ਉਥੇ ਪ੍ਰਾਇਮਰੀ ਹੈਲਥ ਸੈਂਟਰ ਬਣਾਇਆ ਜਾਵੇਗਾ ਜਿਹੜਾ ਕਿ ਦੋ ਪਿੰਡਾਂ ਦੇ ਵਿਚਕਾਰ ਹੋਵੇਗਾ ਤਾਂ ਕਿ ਉਥੋਂ ਦੇ ਲੋਕਾਂ ਨੂੰ ਉਸ ਦਾ ਫਾਇਦਾ ਹੋਵੇ । ਪਰ ਇਹ ਮਸਲਾ ਵਿਚਾਰ ਅਧੀਨ ਹੈ ।

**ਡਾਕਟਰ ਅਮੀਰ ਸਿੰਘ ਕਲਕਟ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਨਰਲ ਬਿਕਰਮ ਸਿੰਘ ਜੋ ਕਿ ਇਕ ਮਹਾਨ ਸ਼ਖਸ਼ੀਅਤ ਸਨ, ਮਹਾਨ ਜਰਨੈਲ ਸਨ ਉਸ ਦੇ ਨਾਮ ਦੇ ਉਤੇ ਇਕ ਪ੍ਰਾਇਮਰੀ ਹੈਲਥ ਸੈਂਟਰ ਦਾ ਨਾਮ ਰੱਖਣਾ ਕੀ ਇਹ ਉਸ ਮਹਾਨ ਜਰਨੈਲ ਨਾਲ ਇਕ ਮਜ਼ਾਕ ਨਹੀਂ ਹੋਵੇਗਾ । ਉਹ ਬੈਕਵਰਡ ਏਰੀਆ ਹੈ, ਉਥੇ ਕਾਲਜ ਦੀ ਲੋੜ ਹੈ । ਇਸ ਲਈ ਉਹਨਾਂ ਦੇ ਨਾਮ ਤੇ ਉਥੇ ਕਾਲਜ਼ ਬਨਾਉਣਾ ਚਾਹੀਦਾ ਹੈ । ਸਰਕਾਰ ਨੇ ਇਸ ਬਾਰੇ ਐਸ਼ੋਰੈਂਸ ਵੀ ਦਿਤੀ ਸੀ ਕਿ ਕਾਲਜ ਬਣਾਇਆ ਜਾਵੇਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਕਿਸੇ ਮਹਾਨ ਸ਼ਖਸ਼ੀਅਤ ਆਦਮੀ ਦੇ ਨਾਮ ਤੇ ਕੋਈ ਯਾਦਗਾਰ ਕਾਇਮ ਕਰਨਾ, ਇਹ ਉਨ੍ਹਾਂ ਦੀ ਇਜ਼ਤ ਕਰਨਾ ਹੈ, ਬੇਇਜ਼ਤੀ ਕਰਨਾ ਨਹੀਂ ਹੁੰਦਾ । ਇਲਾਕੇ ਵਾਲੇ ਜਾਂ ਹੋਰ ਸੱਜਣ ਜਾਂ ਐਮ. ਐਲ. ਏ. ਸਾਹਿਬਾਨ ਅਗਰ ਇਹ ਚਾਹੁੰਦੇ ਹਨ ਕਿ ਉਸ ਏਰੀਆ ਵਿਚ ਕਾਲਜ਼ ਖੋਲ੍ਹਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਸਿਖਿਆ ਵਿਭਾਗ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਸਕਦਾ ਹੈ । ਕਾਲਜ਼ ਖੋਲ੍ਹਣ ਵਾਸਤੇ ਵਿਚਾਰ ਕਰਨਾ ਪਵੇਗਾ । ਅਗਰ ਇਹ ਤਿਆਰ ਹੋਏ ਤਾਂ ਸਰਕਾਰ ਇਸ ਗਲ ਲਈ ਜ਼ਰੂਰ ਵਿਚਾਰ ਕਰਨ ਨੂੰ ਤਿਆਰ ਹੈ । ਅਸੀਂ ਪਹਿਲਾਂ ਵੀ ਐਲਾਨ ਕੀਤਾ ਹੈ ਕਿ ਸ਼ਹੀਦਾਂ ਦੀਆਂ ਯਾਦਗਾਰਾਂ ਪੰਜਾਬ ਵਿਚ ਬਣਾ ਰਹੇ ਹਾਂ ।

---

## PENSION FOR DEPENDENTS OF GOVERNMENT EMPLOYEES WHO WHOILE IN ACTIVE SERVICE DIE DUE TO FATAL ACCIDENTS

*1270 Comrade Achhra Singh : Will the Chief Minister be pleased to state :—

(a) whether the Government has taken any decision under which the dependents of Government employees who while in active service die due to fatal accidents will be given some pension or lump sum amount; if so, the details thereof;

Original with;
Punjab Vidhan Sabha
Digitized by;
Panjab Digital Library

(b) the date when the said decision will come into force.

**Sardar Nasib Singh Gill** (Deputy Minister. Home and Industries) :

(a) Ex-gratisa grant, in addition to normal pension and gratiuty, is admissible to the dependents of deceased Government Employees irrespective of the cause of their death. This grant is equivalent to 10 month's emoluments subject to a maximum of Rs. 15000/- and minimum of Rs. 5000/-

(b) The decision has been in force since 1-11-1970.

(ਏ) ਨਿਯਮਾਂ ਅਨੁਸਾਰ ਆਮ ਪੈਨਸ਼ਨ ਤੇ ਗਰੈਚੂਟੀ ਆਦਿ ਤੋਂ ਇਲਾਵਾ 'ਐਕਸ ਗ੍ਰੇਸ਼ੀਆ' ਗਰਾਂਟ ਸਵਰਗਵਾਸੀ ਕਰਮਚਾਰੀਆਂ ਦੇ ਉਤਰਜੀਵੀਆਂ ਨੂੰ ਬਿਨਾਂ ਇਸ ਗਲ ਦਾ ਖਿਆਲ ਰਖੇ ਕਿ ਉਹਨਾਂ ਦੀ ਮਿਰਤੂ ਕਿਸ ਤਰ੍ਹਾਂ ਹੋਈ ਹੈ, ਦਿਤੀ ਜਾਂਦੀ ਹੈ । ਇਹ ਗਰਾਂਟ 10 ਮਹੀਨਿਆਂ ਦੀ ਤਨਖਾਹ ਅਤੇ ਭੱਤੇ ਬਰਾਬਰ ਹੁੰਦੀ ਹੈ ਪਰੰਤੂ ਵੱਧ ਤੋਂ ਵੱਧ ਰੁਪਏ 15000/- ਅਤੇ ਘੱਟ ਤੋਂ ਘੱਟ ਰੁਪਏ 5000/- ਦੀ ਹੱਦ ਦਾ ਖਿਆਲ ਰਖਿਆ ਜਾਂਦਾ ਹੈ ।

(ਬੀ) ਇਹ ਫੈਸਲਾ 1-11-1970 ਤੋਂ ਲਾਗੂ ਹੈ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜੇ ਕਿਸੇ ਇੰਪਲਾਈ ਦੀ ਮੌਤ ਹੋ ਜਾਂਵੇ ਤਾਂ ਉਸ ਨੂੰ ਪੇਮੇਂਟ ਮਿਲਦੀ ਹੈ ਲੇਕਿਨ ਅਗਰ ਡਿਊਟੀ ਦੇ ਉਤੇ ਜਾਂ ਕਿਸੇ ਐਕਸੀਡੈਂਟ ਦੇ ਕਾਰਨ ਮੌਤ ਹੋ ਜਾਵੇ, ਕੀ ਇਸ ਦੇ ਬਾਰੇ ਸਰਕਾਰ ਉਹਨਾਂ ਨੂੰ ਕੋਈ ਐਕਸ ਗਰੇਸ਼ੀਆ ਜਾਂ ਕਿਸੇ ਤਰ੍ਹਾਂ ਦੀ ਪੇਮਿੰਟ ਕਰੇਗੀ?

ਉਪ ਮੰਤਰੀ, ਗ੍ਰਹਿ ਅਤੇ ਉਦਯੋਗ : ਇਸ ਤੇ ਵਿਚਾਰ ਕਰ ਲਿਆ ਜਾਵੇਗਾ ।

## APPLICATIONS FOR RESTORATION OF CONFISCATED PROPERTIES OF FREEDOM FIGHTERS

*1167 **Chaudhri Ram Singh** : Will the Chief Minister be pleased to state :—

(a) the total number of applications for restoration of properties of freedom-fighters which were confiscated during the British regime, pending with the Government at present;

(b) the total number of such applications decided so far?

Sardar Nasib Singh Gill (Deputy Minister Home, and Industries) :—

(a) No application is pending in response to the decision of Government vide which the last date for the receipt of application was fixed as 30-6-1956. A few applications have recently been received. The matter is under the consideration of Government whether a fresh opportunity be given for inviting such applications;

Original with;
Punjab Vidhan Sabha
Digitized by;
Panjab Digital Library

[Deputy Minister, Home and Industries]

(b) Due to re-organisation of the States in 1966, and non-availability of complete records. it is regretted that figures showing total numbers of applications decided so far cannot be made available.

(ਏ) ਸਰਕਾਰ ਦੇ ਫੈਸਲੇ ਅਨੁਸਾਰ ਜਿਸ ਦੀ ਅਰਜ਼ੀਆਂ ਭੇਜਣ ਦੀ ਮਿਤੀ 30-6-56 ਸੀ, ਕੋਈ ਅਰਜ਼ੀ ਪੈਡਿੰਗ ਨਹੀਂ ਹੈ । ਹੁਣ ਕੁਝ ਅਰਜ਼ੀਆਂ ਆਈਆਂ ਹਨ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਕੀ ਇਹੋ ਜਿਹੀਆਂ ਅਰਜ਼ੀਆਂ ਨਵੇਂ ਸਿਰੋਂ ਮੰਗਣ ਲਈ ਹੋਰ ਮੌਕਾ ਦਿਤਾ ਜਾਵੇ ।

(ਬੀ) ਰਾਜ ਦੇ 1966 ਵਿਚ ਪੁਨਰਗਠਨ ਕਾਰਨ ਅਤੇ ਮੁਕੰਮਲ ਰੀਕਾਰਡ ਨਾ ਮਿਲਣ ਕਾਰਨ ਖੇਦ ਕੀਤਾ ਜਾਂਦਾ ਹੈ ਕਿ ਹੁਣ ਤਕ ਨਿਰਣਾ ਕੀਤੀਆ ਗਈਆਂ ਅਰਜ਼ੀਆਂ ਕੁਲ ਅੰਕੜੇ ਦੇਣੇ ਸੰਭਵ ਨਹੀਂ ਹਨ ।

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਹੁਣ ਕੋਈਂ ਐਸੀ ਡੇਟ ਮੁਕੱਰਰ ਕਰਕੇ ਕੋਈ ਪਬਲਿਸਿਟੀ ਕਰਾਉਣਗੇ ਤਾਂਕਿ ਲੋਕ ਫਿਰ ਐਪਲੀਕੇਸ਼ਨਜ਼ ਦੇ ਸਕਣ ਅਤੇ ਉਹਨਾਂ ਦੀ ਪ੍ਰਾਪਰਟੀ ਆਦਿ ਜੋ ਜ਼ਬਤ ਹੈ, ਉਹਨਾਂ ਨੂੰ ਵਾਪਿਸ ਦਿਤੀ ਜਾ ਸਕੇ ?

ਉੱਪ ਮੰਤਰੀ, ਗ੍ਰਿਹ ਅਤੇ ਉਦਯੋਗ : ਜ਼ਰੂਰ ਮੌਕਾ ਦਿਤਾ ਜਾਂਵੇਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੁਰਿੰਡੇ ਵਿਚ ਇਕ ਪਿੰਡ ਮੜੌਲੀ ਕਲਾਂ ਵਿਚ ਸ੍ਰੀ ਕਾਂਸ਼ੀ ਰਾਮ ਨੂੰ 1929 ਵਿਚ ਬਰਤਾਨੀਆਂ ਰਾਜ ਵਿਚ ਹੈਂਗ ਕੀਤਾ ਗਿਆ ਸੀ । ਉਸ ਦੀ ਸਾਰੀ ਪ੍ਰਾਪਰਟੀ ਜ਼ਬਤ ਕੀਤੀ ਗਈ ਸੀ । ਉਸ ਦੇ ਵਾਰਸਾਂ ਨੇ ਬੇਨਤੀ ਕੀਤੀ ਸੀ ਕਿ ਸਾਡੀ ਸਾਰੀ ਜਾਇਦਾਦ ਵਾਪਿਸ ਕੀਤੀ ਜਾਵੇ । ਕੀ ਸਰਕਾਰ ਨੇ ਇਸ ਬਾਰੇ ਕੋਈ ਕਦਮ ਉਠਾਇਆ ਹੈ ?

**ਉਪ ਮੰਤਰੀ** : ਸਪੀਕਰ ਸਾਹਿਬ, ਇਹ ਇਸ ਦੇ ਬਾਰੇ ਸਪੈਸਿਫਿਕ ਸਵਾਲ ਦੇ ਦੇਣ ਪੜਤਾਲ ਕਰਕੇ ਦਸ ਦਿਆਂਗੇ ।

**आचार्य पृथ्वी सिंह आजाद** : स्पीकर साहिब कांशी राम शहीद के वारिसों ने इनटाइम ऐपलाई किया और इनटाइम इन्कवायरी हो गई मगर उस के बावजूद प्रापर्टी बापस नहीं की गई । गवरनमैंट ने वाअदा करने के बावजूद भी कोई यादगार नहीं बनाई है, इस का क्या कारण है ?

**ਉੱਪ ਮੰਤਰੀ** : ਇਹ ਦੇਖਕੇ ਦਸ ਦਿਆਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਫਰੀਡਮ ਫਾਈਟਰਜ਼ ਨੂੰ ਸਨਮਾਨਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਪਰਾਪਰਟੀਜ਼ ਵਾਪਸ ਦਿਤੀਆਂ ਜਾ ਰਹੀਆਂ ਹਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਇਹ ਵਿਚਾਰ ਅਧੀਨ ਹੈ ਕਿ ਜਿਹੜੇ ਗਦਾਰਾਂ ਨੇ ਝੂਠ ਬੋਲਕੇ ਲੋਕਾਂ ਨੂੰ ਫਾਹੇ ਲਵਾਇਆ ਅਤੇ ਉਹਦੇ ਬਦਲੇ ਮੁਰੱਬੇ ਲਏ, ਜਗੀਰਾਂ ਲਈਆਂ ਕੀ ਉਹਨਾਂ ਕੋਲੋਂ ਇਹ ਮੁਰੱਬੇ ਆਦਿ ਸਰਕਾਰ ਖੋਹਣ ਲਈ ਕੋਈ ਕਦਮ ਚੁਕੇਗੀ?

Original with;
Punjab Vidhan Sabha
Digitized by;
Panjab Digital Library

ਉੱਪ ਮੰਤਰੀ : ਵਿਧਾਨ ਇਸ ਗਲ ਦੀ ਇਜਾਜ਼ਤ ਨਹੀਂ ਦਿੰਦਾ ।

**ਡਾਕਟਰ ਅਮੀਰ ਸਿੰਘ ਕਲਕਟ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੇ ਫਰੀਡਮ ਫ਼ਾਈਟਰਜ਼ ਡਿਸਪਰੇਟ ਹੋਏ ਹਨ ਅਤੇ ਉਹਨਾਂ ਦੇ ਉਤੇ ਬਰਤਾਨਵੀ ਸਰਕਾਰ ਨੇ ਚੋਰੀ, ਡਾਕੇ ਮਾਰਲ ਟਰਪੀਚਿਊਡ ਆਦਿ ਦੇ ਮੁਕਦਮੇ ਬਣਾਏ ਸੀ, ਆਇਆ ਜੇ ਉਹ ਇਸ ਵੇਲੇ ਐਪਲੀਕੇਸ਼ਨਜ਼ ਦੇਣ ਤਾਂ ਕੀ ਸਰਕਾਰ, ਇਹੋ ਜਿਹੇ ਜਿਹੜੇ ਉਹਨਾਂ ਤੇ ਮੁਕੱਦਮੇ ਸਨ, ਜਿਸ ਤਰਾਂ ਸਰਕਾਰ ਦੂਜਰਿਆ ਨੂੰ ਰਿਆਇਤਾਂ ਦੇ ਰਹੀ ਹੈ, ਉਹਨਾਂ ਨੂੰ ਕੋਈ ਰਿਆਇਤਾਂ ਦੇਵੇਗੀ ?

**ਉੱਪ ਮੰਤਰੀ** : ਹਰ ਕੇਸ ਨੂੰ ਉਸ ਦੇ ਮੈਰਿਟ ਦੇ ਹਿਸਾਬ ਨਾਲ ਵਿਚਾਰਿਆ ਜਾਵੇਗਾ ।

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਪਿੰਡ ਮੜੋਲੀ ਕਲਾਂ ਵਿਚ ਸ੍ਰੀ ਕਾਂਸ਼ੀ ਰਾਮ ਦੀ ਯਾਦ ਵਿਚ ਯਾਦਗਰ ਬਣਾਉਣ ਲਈ ਪੱਥਰ ਰਖਿਆ ਸੀ ਪਰ ਹੁਣ ਤਕ ਉਥੇ ਪੱਥਰ ਹੀ ਪਿਆ ਹੈ ਅਤੇ ਕੋਈ ਯਾਦਗਾਰ ਨਹੀਂ ਬਣਾਈ ਗਈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਵੇਲੇ ਦੇ ਮੁੱਖ ਮੰਤਰੀ ਨੇ ਜਿਸ ਤਰ੍ਹਾਂ ਕਿਹਾ ਸੀ ਕਿ ਇਥੇ ਯਾਦਗਰ ਬਣਾਈ ਜਾਵੇਗੀ, ਕੀ ਇਹ ਸਰਕਾਰ ਉਸ ਨੂੰ ਪੂਰਾ ਕਰੇਗੀ ?

(ਵਿਘਨ)

**ਉਪ ਮੰਤਰੀ** : ਰਿਕਾਰਡ ਵੇਖਕੇ ਇਸ ਤੇ ਵਿਚਾਰ ਕੀਤਾ ਜਾਵੇਗਾ ।

(ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ ਜਿਹੜੇ ਸਪਲੀਮੈਂਟਰੀ ਕੀਤੇ ਗਏ ਹਨ ਉਹਨਾਂ ਵਿਚ ਖਾਸ ਕਰਕੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਉਥੇ ਜਿਹੜਾ ਪੱਥਰ ਰਖਿਆ ਸੀ ਉਹ ਪੱਥਰ ਵੀ ਨਹੀਂ ਹੈ । ਮੈਂ ਐਸ਼ੋਰੈਂਸ ਦਿਵਾਉਂਦਾ ਹਾਂ ਕਿ ਕਾਂਸ਼ੀ ਰਾਮ ਦੀ ਯਾਦਗਾਰ ਬਣਾਈ ਜਾਵੇਗੀ । (ਤਾੜੀਆਂ) ਮੈਂ ਹਾਊਸ ਦੇ ਮੈਂਬਰ ਸਹਿਬਾਨ ਨੂੰ ਅਪੀਲ ਕਰਾਂਗਾ ਕਿ ਪੰਜਾਬ ਵਿਚ ਜਿਹੜੇ ਪਰਜਾ ਮੰਡਲ ਦੀ ਮੂਵਮੈਂਟ ਵਿਚ ਸ਼ਹੀਦ ਹੋਏ, ਜੰਗੇ ਆਜ਼ਾਦੀ ਦੀ ਮੂਵਮੈਂਟ ਵਿਚ ਲੜਦੇ ਹੋਏ ਸ਼ਹੀਦ ਹੋਏ, ਜਿਹੜੇ ਕਸ਼ਮੀਰ ਵਿਚ ਸ਼ਹੀਦ ਹੋਏ, ਜਿਹੜੇ ਹੈਦਰਾਬਾਦ ਦੀ ਆਜ਼ਾਦੀ ਵਾਸਤੇ ਗੋਆ ਵਾਸਤੇ ਸ਼ਹੀਦ ਹੋਏ, ਹਿੰਦੁਸਤਾਨ ਅਤੇ ਪਾਕਿਸਤਾਨ ਦੀ ਜੰਗ ਵਿਚ ਸ਼ਹੀਦ ਹੋਏ ਜਾਂ ਹਿੰਦੁਸਤਾਨ ਅਤੇ ਚੀਨ ਦੀ ਜੰਗ ਵਿਚ ਸ਼ਹੀਦ ਹੋਏ, ਉਹਨਾਂ ਸਾਰਿਆਂ ਸ਼ਹੀਦਾਂ ਦੀਆਂ ਉਹਨਾਂ ਦੇ ਪਿੰਡਾਂ ਵਿਚ ਸਕੂਲ, ਹਸਪਤਾਲ ਅਤੇ ਸੜਕਾਂ ਆਦਿ ਬਣਾ ਕੇ ਜਾਂ ਹੋਰ ਕਿਸੇ ਤਰ੍ਹਾਂ ਵੀ ਉਹਨਾਂ ਸਾਰਿਆਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਣਗੀਆਂ (ਤਾੜੀਆਂ) ਪੰਜਾਬ ਸਰਕਾਰ ਦਾ ਇਹ ਫੈਸਲਾ ਹੈ ਕਿ ਜੇ ਇਕ ਪਿੰਡ ਵਿਚ 10 ਸ਼ਹੀਦ ਹੋਣਗੇ ਤਾਂ ਉਹਨਾਂ ਦਸਾਂ ਦੇ ਨਾਵਾਂ ਤੇ 10 ਕਿਸਮ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਣਗੀਆਂ (ਪ੍ਰਸ਼ੰਸਾ) ਇਸ ਲਈ ਮੈਂ ਅਪੀਲ ਕਰਾਂਗਾ ਕਿ ਕੋਈ ਵੀ ਭੁਲਿਆ ਵਿਸਰਿਆ ਸ਼ਹੀਦ ਕਿਸੇ ਦੇ ਨੋਟਿਸ ਵਿਚ ਆਇਆ ਹੋਵੇ ਤਾਂ ਉਹ ਸਾਨੂੰ ਦੱਸਣ । ਇਥੇ ਇਕ ਪੱਥਰ ਦੀ ਗੱਲ ਦਸੀ ਹੈ, ਮੈਂ ਕਹਿੰਦਾ ਹਾਂ ਕਿ ਹੋਰ ਵੀ ਕੋਈ ਪੱਥਰ ਹੋਵੇ ਤਾਂ ਦੱਸ ਦੇਣ । ਹੁਣ ਕੋਈ ਪੱਥਰ ਨਹੀਂ ਰਹੇਗਾ, ਉਥੇ ਯਾਦਗਰ ਬਣੇਗੀ ।

(ਤਾੜੀਆਂ)

Original with;
Punjab Vidhan Sabha
Digitized by;
Panjab Digital Library

CASES OF THEFT IN GHARONDA, DISTRICT AMRITSAR

*1. Sardar Gurdev Singh Sidhu
2. Sardar Ajaib Singh Sandhu : Will the Chief Minister be pleased to state :—

(a) whether it is a fact that 6 cases of theft occurred in Gharonda, district Amritsar on the night of 6 th February, 1973;

(b) if the answer to part (a) above be in the affirmative, whether any police officer has been taken to task in this connection, if not, the reasons therefor;

(c) whether any case of theft out of those montioned in part (a) above has since been traced ?

**ਗਿਆਨੀ ਜ਼ੈਲ ਸਿੰਘ** : (ਏ) ਨਹੀਂ ਜੀ ।

(ਬੀ)
(ਸੀ) } ਸਵਾਲ ਪੈਦਾ ਨਹੀਂ ਹੁੰਦਾ ।

X X X X

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਕੋਈ ਚੋਰੀ ਨਹੀਂ ਹੋਈ, ਕੋਈ ਕੇਸ ਦਰਜ ਨਹੀਂ ਹੋਇਆ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਚੋਰੀਆਂ ਬਹੁਤ ਹੁੰਦੀਆਂ ਹਨ, ਕੇਸ ਬਹੁਤ ਹੁੰਦੇ ਹਨ ਪਰ ਤੁਹਾਡੇ ਪੁਲਿਸ ਵਾਲੇ ਕੇਸ ਦਰਜ ਨਹੀਂ ਕਰਦੇ ਅਤੇ ਇਸ ਕਰਕੇ ਤਹਾਨੂੰ ਜਵਾਬ ਦੇਣਾ ਪੈਂਦਾ ਹੈ ਕਿ ਸਵਾਲ ਪੈਦਾ ਨਹੀਂ ਹੁੰਦਾ । (ਵਿਘਨ)

X X X X

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਗਲ ਬਿਲਕੁਲ ਬੇਬੁਨਿਆਦ ਹੈ । ਇਹ ਗਲ ਅੱਜ ਤੋਂ ਸਾਲ ਪਹਿਲਾਂ ਦੀ ਹੈ । (ਥੰਪਿੰਗ) ਉਸ ਵੇਲੇ ਇਹ ਗਲ ਜ਼ਰੂਰ ਸੀ ਔਰ ਸੰਧੂ ਸਾਹਿਬ ਦੀ ਗਲ ਬਿਲਕੁਲ ਦਰੁਸਤ ਹੈ, ਇਸ ਗਲ ਨੂੰ ਸਾਨੂੰ ਆ ਕੇ ਠੀਕ ਕਰਨਾ ਪਿਆ । ਹੁਣ ਵੀ ਸ਼ਾਇਦ ਕਿਤੇ ਕਿਤੇ ਇਹ ਗਲ ਹੋਵੇ ਅਸੀਂ ਉਹ ਵੀ ਠੀਕ ਕਰ ਦਿਆਂਗੇ । ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਗਲ ਜ਼ਰੂਰ ਹੁੰਦੀ ਸੀ ਕਿ ਪੁਲਿਸ ਵਾਲੇ ਕੇਸ ਦਰਜ ਨਹੀਂ ਸੀ ਕਰਦੇ ਪਰ ਹੁਣ ਐਸੀ ਕੋਈ ਗਲ ਨਹੀਂ ਹੈ ।

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, 6 ਚੋਰੀਆਂ ਰਾਤ ਨੂੰ ਹੋਈਆਂ ਅਤੇ ਥਾਣੇਦਾਰ ਨੇ ਰਿਪੋਰਟ ਦਰਜ ਨਹੀਂ ਕੀਤੀ, ਇਹ ਇਸ ਗਲ ਦੀ ਹੀ ਇਨਕੁਆਇਰੀ ਕਰਵਾ ਕੇ ਦੇਖ ਲੈਣ ਇਹਨਾਂ ਨੂੰ ਪਤਾ ਲਗ ਜਾਵੇਗਾ । (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੇਵ ਸਿੰਘ** ਸਿਧੂ : ਸਪੀਕਰ ਸਾਹਿਬ, ਜਿਸ ਵਕਤ ਕਿਸੇ ਦੇ ਅੱਗ ਲਗ ਗਈ ਤਾਂ ਉਸਨੇ ਟੈਲੀਫੋਨ ਕੀਤਾ ਅਤੇ ਤਾਰ ਦਿਤੀ । ਟੈਲੀਫੋਨ ਦਾ ਉਹ ਭੁਲ ਗਏ ਅਤੇ ਤਾਰ ਦਾ ਸਾਲ ਬਾਦ ਪਤਾ ਲਗਾ ਤਾਂ ਉਸ ਵੇਲੇ ਫਾਇਰ ਬਰੀਗੇਡ ਲੈ ਕੇ ਤੁਰ ਪਏ । ਕਿਸੇ ਨੇ ਪੁਛਿਆ ਤਾਂਈ ਨਹੀਂ, ਅੱਗ ਲਗੀ ਨੂੰ ਤਾਂ ਸਾਲ ਹੋ ਗਿਆ ਹੈ ਹੁਣ ਕਿਧਰ ਨੂੰ ਜਾ ਰਹੇ ਹੋ । (ਵਿਘਨ) ਇਹੀ ਗਲ ਹੁਣ ਹੋਈ ਹੈ । ਮੁੱਖ ਮੰਤਰੀ ਸਾਹਿਬ ਨੂੰ ਇਹ ਪਤਾ ਨਹੀਂ ਕਿ ਚੋਰੀਆਂ ਹੁਣ ਹੋਈਆਂ ਹਨ ਅਤੇ ਗਲਾਂ ਇਹ ਪੁਰਾਣੀਆਂ ਕਰ ਰਹੇ ਹਨ । (ਵਿਘਨ)

X X X X

**ਸ਼੍ਰੀ ਸਪੀਕਰ** : ਇਹ ਪਟਿਆਲੇ ਕੇ ਬੀਚ ਮਾਂ ਕੀ ਬਾਤ ਹੈ । (ਵਿਘਨ)

X X X X

**ਸਰਦਾਰ ਗੁਰਦੇਵ ਸਿੰਘ ਸਿੱਧੂ** : ਇਹ ਪਟਿਆਲੇ ਕੇ ਬੀਚ ਮਾਂ ਨਹੀਂ ਜੀ ਗਿਆਨੀ ਸਰਕਾਰ ਕੇ ਬੀਚ ਮਾਂ ਕੀ ਬਾਤ ਹੈ । (ਵਿਘਨ)

---

## CASE OF THEFT IN THE GODOWN OF FOOD CORPORATION. DHURI

*1254. 1. **Sardar Gurdev Singh Sidhu**
2. **Sardar Ajaib Singh Sandhu** | Will the Chief Minister be pleased to state—

(a) whether any theft was committed on the night of 5th February, 1973 in Food Corporation Godown, Dhuri, if so, the total loss of the Corporation due to this theft;

(b) whether any culprit involved in the said case has been arrested?

**ਸਰਦਾਰ ਨਸੀਬ ਸਿੰਘ ਗਿੱਲ** (ਉਪ ਮੰਤਰੀ ਗ੍ਰਹਿ ਅਤੇ ਉਦਯੋਗ): (ੲ) ਹਾਂ ਜੀ । ਕੁੱਲ 6915 ਖਾਲੀ ਬੋਰੀਆਂ ਚੋਰੀ ਹੋਈਆਂ ਪਾਈਆਂ ਗਈਆਂ ਹਨ ।

(ਬੀ) ਨਹੀਂ ਜੀ।

---

## ABDUCTION OF MARRIED GIRL NEAR BUDHLADA, DISTRICT BHATINDA

*1255 1. **Sardar Gurdev Singh Sidhu**
2. **Sardar Ajaib Singh Sandhu** | Will the Chief Minister be pleased to state whether it is a fact that a newly married young girl was abducted near Budhlada, district Bhatinda, in the first week of February, 1973, if so, the details of the steps taken to arrest the culprits and to recover the abducted girl ?

**ਸਰਦਾਰ ਨਸੀਬ ਸਿੰਘ ਗਿੱਲ** (ਉਪ ਮੰਤਰੀ, ਗ੍ਰਹਿ ਅਤੇ ਉਦਯੋਗ) : ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

SCHEME TO NATIONALISE PRIVATE TRANSPORT IN THE STATE

*1184. 1. Sardar Ajaib Singh Sandhu
2. Sardar Prehlad Singh
3. Sardar Jasdev Singh Sandhu

Will the Chief Minister be pleased to state—

(a) whether the Government has dropped the scheme to nationalise private transport in the State as stated by Minister of Irrigation and Power, Punjab at Balhowal, district Hoshiarpur, on the 27th January, 1973;

(b) if the answer to part (a) above be in the afirmative, the reasons for dropping the scheme for complete nationalisation of transport?

**Shri Joginder Pal Pandey** (Minister of State for Local Govt. and Jails): (a) No, Sir.

(b) The question does not arise.

[ (ੲ) ਨਹੀਂ ਜੀ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ।)

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਨਹੀਂ ਜੀ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਫਿਰ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਦ ਕਰ ਰਹੇ ਹਨ?

**ਰਾਜ ਮੰਤਰੀ**, ਸਥਾਨਕ ਸਰਕਾਰ ਅਤੇ ਜੇਲਾਂ: ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਆਲਰੈਡੀ ਪ੍ਰੋਗਰਾਮ ਬਣਿਆ ਹੋਇਆ ਸੀ ਜਿਹੜਾ ਕਿ ਚਲਦਾ ਪਿਆ ਹੈ ਅਤੇ ਉਹ 60 : 40 ਦੇ ਅਧਾਰ ਉਪਰ ਹੈ। ਪਰ ਪੰਜਾਬ ਦੀ ਸਰਕਾਰ ਬਹੁਤ ਸ਼ਿਦਤ ਨਾਲ ਇਹ ਗਲ ਮਹਿਸੂਸ ਕਰਦੀ ਹੈ ਅਤੇ ਚੋਣਾਂ ਦੇ ਵੇਲੇ ਜਨਤਾ ਨਾਲ ਇਹ ਵਾਇਦਾ ਵੀ ਅਸੀਂ ਕਰਕੇ ਆਏ ਸੀ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇਗਾ। ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਟਰਾਂਸਪੋਰਟ ਨੂੰ ਪੂਰਾ ਨੈਸ਼ਨੇਲਾਈਜ਼ ਕਰਨ ਤੇ ਬੜਾ ਸੀਰੀਅਸਲੀ ਸੋਚ ਰਹੇ ਹਾਂ ਅਤੇ ਵਕਤ ਆਉਣ ਤੇ ਪੰਜਾਬ ਦੇ ਚੀਫ ਮਨਿਸਟਰ ਸਾਹਿਬ ਬਿਆਨ ਦੇਣਗੇ ਪਰ ਹਾਲੀਂ ਤਕ ਪਹਿਲਾ ਸਿਸਟਮ ਹੀ ਚਲ ਰਿਹਾ ਹੈ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ**: ਕੀ ਵਜ਼ੀਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਅਗਰ ਪੰਜਾਬ ਸਰਕਾਰ ਨੇ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਹੈ ਤਾਂ ਕੀ ਵਜ੍ਹਾ ਹੈ ਕਿ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਨੂੰ ਨਵੇਂ ਰੂਟ ਦਿਤੇ ਜਾਂਦੇ ਹਨ ਔਰ ਦੂਸਰੀ ਗਲ ਇਹ ਕਿ ਕਰਤਾਰ ਬਸ ਕੰਪਨੀ ਦੇ ਜੋ ਛੋਟੇ ਰੂਟਸ ਹਨ, ਘਾਟੇ ਦੇ ਰੂਟ ਹਨ ਉਹ ਆਪ ਲੈ ਲਏ ਹਨ ਅਤੇ ਲੰਬੇ ਰੂਟਸ, ਫਾਇਦੇ ਦੇ ਰੂਟਸ ਜਿਸ ਤਰ੍ਹਾਂ ਕਿ ਜਲੰਧਰ ਤੋਂ ਤਲਵਾੜਾ, ਜਲੰਧਰ ਤੋਂ ਮੁਕੇਰੀਆਂ ਅਤੇ ਜਲੰਧਰ ਤੋਂ ਨਵਾਂ ਸ਼ਹਿਰ ਆਦਿ ਜਿਹੜੇ ਲੰਮੇ ਰੂਟਸ ਅਤੇ ਫਾਇਦੇ ਦੇ ਰੂਟਸ ਹਨ ਉਹ ਉਸ ਨੂੰ ਦਿਤੇ ਹਨ, ਇਸ ਦਾ ਕੀ ਕਾਰਨ ਹੈ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** ਸਪੀਕਰ ਸਾਹਿਬ, ਸਵਾਲ ਤਾਂ ਇਹ ਸੀ ਕਿ ਨੈਸ਼ਨੇਲਾਈਜ਼ ਟਰਾਂਸਪੋਰਟ ਨੂੰ ਕਰਨਾ ਹੈ ਜਾਂ ਨਹੀਂ। ਜੇ ਪਿਛਲਾ ਫੈਸਲਾ ਕੀਤਾ ਹੋਇਆ ਹੈ ਡੀਪਾਰਟਮੈਂਟ ਨੇ ਉਸ ਦੇ ਮੁਤਾਬਕ ਹੀ ਕਾਰਵਾਈ ਕਹਨੀ ਹੈ। ਜਿਸ ਵੇਲੇ ਸਾਰੀ ਟਰਾਂਸਪੋਰਟ ਨੈਸ਼ਨੇਲਾਈਜ਼ ਹੋ ਜਾਵੇਗੀ ਅਤੇ ਪ੍ਰਾਈਵੇਟ ਟਰਾਂਸਪੋਰਟ ਰਹਿਣੀ ਹੀ ਨਹੀਂ ਤਾਂ ਫਿਰ ਇਨ੍ਹਾਂ ਗਲਾਂ ਦਾ ਸਵਾਲ ਹੀ ਪੈਦਾ ਨਹੀਂ ਹੋਵੇਗਾ।

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਲਈ ਸੀਰੀਅਸ ਹੈ ਤਾਂ ਫਿਰ ਨਵੇਂ ਰੂਟ ਪ੍ਰਾਈਵੇਟ ਕੰਪਨੀਆਂ ਨੂੰ ਕਿਉਂ ਦਿੰਦੀ ਹੈ ? (ਵਿਘਨ)

**ਰਾਜ ਮੰਤਰੀ**: ਸਪੀਕਰ ਸਾਹਿਬ, ਸਰਕਾਰ ਇਸ ਕੰਮ ਦੇ ਵਾਸਤੇ ਬਹੁਤ ਸੀਰਅਸ ਹੈ ਪਰ ਨਾਲ ਦੀ ਨਾਲ ਲੋਕਾਂ ਦੀਆਂ ਆਵਾਜਾਈ ਵਾਸਤੇ ਦਿਕਤਾਂ ਨੂੰ ਵੀ ਸਾਹਮਣੇ ਰਖਦੇ ਹੋਏ ਉਨ੍ਹਾਂ ਨੂੰ ਸਹੂਲਤਾਂ ਦੇਣਾ ਵੀ ਆਪਣਾ ਫਰਜ਼ ਸਮਝਦੀ ਹੈ ਤਾਂ ਕਿ ਉਨ੍ਹਾਂ ਨੂੰ ਆਵਾਜਾਈ ਵਿਚ ਕੋਈ ਤਕਲੀਫ ਨਾ ਹੋਵੇ। ਜਦੋਂ ਤਕ ਪੂਰੀ ਨੈਸ਼ਨੈਲਾਈਜ਼ੇਸ਼ਨ ਨਹੀਂ ਹੋ ਜਾਂਦੀ ਲੋਕਾਂ ਦੀ ਆਵਾਜਾਈ ਨੂੰ ਬਹਾਲ ਰਖਿਆ ਜਾਵੇਗਾ ਤਾਂ ਕਿ ਉਨ੍ਹਾਂ ਨੂੰ ਆਉਣ ਜਾਣ ਵਿਚ ਤਕਲੀਫ ਨਾ ਹੋਵੇ। (ਵਿਘਨ)

**ਸਰਦਾਰ ਗੁਰਚਰਨ ਸਿੰਘ** ਨਿਹਾਲ ਸਿੰਘ ਵਾਲਾ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਜਿਹੜਾ ਟਰਾਂਸਪੋਰਟ ਨੂੰ 60 : 40 ਬੇਸਿਜ਼ ਤੇ ਨੈਸ਼ਨੇਲਾਈਜ਼ ਕਰਨ ਦਾ ਐਗਰੀਮੈਂਟ ਕੀਤਾ ਸੀ, ਕੀ ਸਰਕਾਰ ਉਸ 60:40 ਦੇ ਐਗਰੀਮੈਂਟ ਤੇ ਕਾਇਮ ਰਹੇਗੀ ?

**ਰਾਜ ਮੰਤਰੀ** : ਸਰਕਾਰ ਅੱਜ ਤਕ 60 : 40 ਦੇ ਐਗਰੀਮੈਂਟ ਤੇ ਕਾਇਮ ਹੈ ਪਰ ਸਰਕਾਰ ਦੀ ਇਹ ਲਿਬਰਟੀ ਹੈ ਕਿ ਜਦੋਂ ਚਾਹੇ ਸਾਰੀ ਟਰਾਂਸਪੋਰਟ ਨੈਸ਼ਨੇਲਾਈਜ਼ ਕਰ ਲਵੇ। (ਵਿਘਨ)

**ਚੌਧਰੀ ਦਰਸ਼ਨ ਸਿੰਘ**: ਸਪੀਕਰ ਸਾਹਿਬ, ਸਰਕਾਰ ਦੀ ਪਾਲਿਸੀ ਹੈ ਕਿ 1974 ਤਕ ਸਾਰੀ ਟਰਾਂਸਪੋਰਟ ਨੈਸ਼ਨੇਲਾਈਜ਼ ਕਰ ਲਈ ਜਾਵੇ। ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਬਾਈ ਪਾਰਟਸ ਅਗਰ ਲੌਂਗਰ ਰੂਟਸ ਨੈਸ਼ਨੇਲਾਈਜ਼ ਸਰਕਾਰ ਕਰ ਲਵੇ ਤਾਂ ਕੀ ਦਿਕਤ ਹੈ। ਬਾਈ ਪਾਰਟਸ ਨੈਸ਼ਨੇਲਾਈਜ਼ ਕਿਉਂ ਨਹੀਂ ਕਰਦੀ ? (ਵਿਘਨ)

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕਰ ਚੁਕਿਆ ਹਾਂ ਕਿ ਸਰਕਾਰ ਟਰਾਂਸਪੋਰਟ ਨੈਸ਼ਨੇਲਾਈਜ਼ੇਸ਼ਨ ਵਾਸਤੇ ਸੀਰੀਅਸਲੀ ਗੌਰ ਕਰ ਰਹੀ ਹੈ ਜੋ ਚੌਧਰੀ ਸਾਹਿਬ ਨੇ ਫਰਮਾਇਆ ਹੈ ਕਿ ਲੌਂਗਰ ਰੂਟਸ ਨੂੰ ਨੈਸ਼ਨੇਲਾਈਜ਼ ਕਰ ਲਿਆ ਜਾਵੇ, ਇਸ ਦੇ ਲਈ ਅਸੀਂ ਵਿਚਾਰ ਨਹੀਂ ਸੀ ਕੀਤਾ। ਹਾਲੀਂ ਡਿਸੀਜ਼ਨ ਨਹੀਂ ਹੋਇਆ, ਜਿਸ ਵੇਲੇ ਆਖਰੀ ਡਿਸੀਜ਼ਨ ਹੋਵੇਗਾ ਉਸ ਵੇਲੇ ਇਸ ਗਲ ਨੂੰ ਵੀ ਮੁੱਖ ਰਖ ਲਿਆ ਜਾਵੇਗਾ।

**ਕਾਮਰੇਡ ਸੱਤਪਾਲ ਡਾਂਗ**: ਕੀ ਮਨਿਸਟਰ ਸਾਹਿਬ ਦੇ ਇਹ ਇਲਮ ਵਿਚ ਹੈ ਕਿ ਇਨ੍ਹਾਂ ਦੀ ਰਜ਼ਾਮੰਦੀ ਨਾਲ ਜਾਂ ਇਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾ ਮਹਿਕਮਾ ਪ੍ਰਾਫੀਟੇਬਲ ਅਤੇ ਚੰਗੇ ਰੂਟਸ ਜਿਹੜੇ ਸਰਕਾਰ ਕੋਲ ਜਾਂ ਜਿਹੜੇ ਰੋਡਵੇਜ਼ ਕੋਲ ਸਨ ਉਹ ਪ੍ਰਾਈਵੇਟ ਟਰਾਂਸ-ਪੋਰਟਰਜ਼ ਨੂੰ ਦੇ ਰਿਹਾ ਹੈ ਅਤੇ ਇਸ ਦੇ ਇਵਜ਼ ਵਿਚ ਘੱਟ ਨਫੇ ਵਾਲੇ ਜਾਂ ਘਾਟੇ ਵਾਲੇ ਰੂਟਸ ਲੈ ਰਿਹਾ ਹੈ। ਕੁਝ ਸਿਆਸਤਦਾਨਾਂ ਨੂੰ ਵੀ ਦਿਤੇ ਹਨ। (ਵਿਘਨ)

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਰੂਟਸ ਕਾਰੋਬਾਰੀ ਲੋਕਾਂ ਨੂੰ ਦਿਤੇ ਜਾਂਦੇ ਹਨ, ਸਿਆਸਤਦਾਨਾਂ ਨੂੰ ਨਹੀਂ ਦਿਤੇ ਜਾਂਦੇ । ਦੂਸਰੀ ਗਲ ਜਿਹੜੀ ਘਾਟੇ ਜਾਂ ਨਫੇ ਵਾਲੇ ਰੂਟਸ ਦੇ ਬਾਰੇ ਕਹੀ ਗਈ ਹੈ ਉਸ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਬਕਾਇਦਾ ਪਬਲਿਸ਼ ਕੀਤਾ ਜਾਂਦਾ ਹੈ, ਐਪਲੀਕੇਸ਼ਨਜ਼ ਮੰਗੀਆ ਜਾਂਦੀਆਂ ਹਨ ਅਤੇ ਡਿਜ਼ਰਵਿੰਗਜ਼ ਨੂੰ ਦਿਤੇ ਜਾਂਦੇ ਹਨ, ਕਿਸੇ ਹੋਰ ਨੂੰ ਨਹੀਂ ਦਿਤੇ ਜਾਂਦੇ । ਇਹ ਗਲ ਬਿਲਕੁਲ ਗਲਤ ਹੈ ਕਿ ਸਰਕਾਰ ਸਿਰਫ ਘਾਟੇ ਵਾਲੇ ਰੂਟਸ ਆਪ ਚਲਾਉਂਦੀ ਹੈ ਅਤੇ ਦੂਸਰੇ ਜਿਹੜੇ ਨਫੇ ਵਾਲੇ ਹਨ ਉਹ ਪ੍ਰਾਈਵੇਟ ਟਰਾਂਸਪੋਰਟਜ਼ ਨੂੰ ਦਿਤੇ ਜਾਂਦੇ ਹਨ । (ਵਿਘਨ)

**ਕਾਮਰਡ ਸੱਤਪਾਲ ਡਾਂਗ**: ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਹੈ ਕਿ ਜਿਹੜੇ ਰੂਟਸ ਰੋਡਵੇਜ਼ ਕੋਲ ਜਾਂ ਸਰਕਾਰ ਕੋਲ ਸਨ ਉਹ ਪਰਾਫਿਟ ਵਾਲੇ ਰੂਟਸ ਪ੍ਰਾਈਵੇਟ ਟਰਾਂਸਪੋਰਟਜ਼ ਨੂੰ ਦਿਤੇ ਗਏ ਹਨ ਅਤੇ ਉਨ੍ਹਾਂ ਦੇ ਇਵਜ਼ ਵਿਚ ਘਾਟੇ ਵਾਲੇ ਆਪ ਲੈ ਲਏ ਹਨ । ਇਹ ਵੀ ਇਕ ਤਰ੍ਹਾਂ ਦੀ ਕੁਰੱਪਸ਼ਨ ਹੈ। (ਵਿਘਨ)

**ਰਾਜ ਮੰਤਰੀ**: ਸਪੀਕਰ ਸਾਹਿਬ, ਜਿਸ ਕੇਸ ਵਲ ਡਾਂਗ ਸਾਹਿਬ ਗੁਪਤ ਤੌਰ ਤੇ ਇਸ਼ਾਰਾ ਕਰਦੇ ਹਨ, ਇਹ ਇਕ ਅਲੱਗ ਕੇਸ ਹੈ, ਇਸ ਦਾ ਮੇਰਾ ਖਿਆਲ ਹੈ ਕਿ ਅਜੇ ਆਖ਼ਰੀ ਫੈਸਲਾ ਨਹੀਂ ਹੋਇਆ। ਇਨਕੁਆਇਰੀ ਚਲ ਰਹੀ ਹੈ, ਉਸ ਤੇ ਬਕਾਇਦਾ ਡੀਪਾਰਟਮੈਂਟਲ ਐਕਸ਼ਨ ਹੋਵੇਗਾ । ਇਹ ਗਲ ਕਦੇ ਨਹੀਂ ਹੋਵੇਗੀ ਕਿ ਜੇ ਕੋਈ ਜਾਣ ਬੁਝ ਕੇ ਜਾਂ ਅਨਜਾਨੇ ਹੀ ਕੋਈ ਗਲ ਹੋ ਗਈ ਹੋਵੇ ਅਤੇ ਉਸ ਦੀ ਅਸੀਂ ਇਨਕੁਆਇਰੀ ਨਾ ਕਰੀਏ ਅਤੇ ਐਕਸ਼ਨ ਨਾ ਲਈਏ ।

**ਸਰਦਾਰ ਅਜਾਇਬ ਸਿੰਘ ਸੰਧੂ**: ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗੌਰਮਿੰਟ ਨੇ ਕਿਹਾ ਸੀ ਅਤੇ ਤੁਸੀਂ ਲੋਕਾਂ ਨਾਲ ਇਹ ਵਾਇਦਾ ਵੀ ਕਰਕੇ ਆਏ ਸੀ ਤੇ ਤੁਹਾਡੇ ਇਲੈਕਸ਼ਨ ਮੈਨੀਫੈਸਟੋ ਵਿਚ ਵੀ ਇਹ ਗਲ ਸੀ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਾਂਗੇ, ਇਕ ਸਾਲ ਵਿਚ ਤਾਂ ਤੁਸੀਂ ਕੀਤੀ ਨਹੀਂ ਹੁਣ ਕਦੋਂ ਤਕ ਕਰ ਦਿਉਗੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਵਾਇਦੇ ਇਸ ਸਰਕਾਰ ਨੇ ਕੀਤੇ ਹਨ ਉਹ ਵਾਇਦੇ ਇਹ ਸਰਕਾਰ ਪੂਰੇ ਕਰੇਗੀ ਅਤੇ ਉਨਾਂ ਵਾਇਦਿਆਂ ਤੇ ਕਾਇਮ ਹੈ । ਸੰਧੂ ਸਾਹਿਬ ਇਸ ਗਲ ਲਈ ਤਿਆਰ ਰਹਿਣ, ਜਿਸ ਵੇਲੇ ਇਸ ਸਰਕਾਰ ਨੇ ਆਪਣੇ ਵਾਇਦੇ ਪੂਰੇ ਕਰ ਦਿਤੇ ਤਾਂ ਉਨ੍ਹਾਂ ਨੂੰ ਹੋਰ ਸ਼ਾਕ ਲਗੇਗਾ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨੈਸ਼ਨੇਲਾਈਜ਼ੇਸ਼ਨ ਹੋਣ ਤੋਂ ਪਹਿਲਾਂ ਜਿਹੜੇ ਰੂਟਸ ਦੇਣੇ ਹਨ ਜਾਂ ਦਿਤੇ ਗਏ ਹਨ ਕੀ ਉਨ੍ਹਾਂ ਵਿਚੋਂ ਕੋਈ ਰੂਟ ਹਰੀਜਨਾਂ ਨੂੰ ਦੇਣ ਦੀ ਵੀ ਗੁੰਜਾਇਸ਼ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਹਰੀਜਨਾਂ ਵਾਸਤੇ ਕੋਈ ਪਾਬੰਦੀ ਨਹੀਂ ਹੈ, ਅਗਰ ਉਹ ਵੀ ਅਪਲਾਈ ਕਰਨ ਉਨ੍ਹਾਂ ਨੂੰ ਵੀ ਬਾਕੀਆਂ ਦੀ ਤਰ੍ਹਾਂ ਬਾਕਾਇਦਾ ਰੂਟਸ ਮਿਲਦੇ ਹਨ ।

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਤਾਂ ਟਰਾਂਸਪੋਰਟ ਵਲੋਂ ਨਰਮ ਪਾਲਿਸੀ

Original with;
Punjab Vidhan Sabha
Digitized by;
Panjab Digital Library

ਰਖਦੀ ਸੀ ਅਤੇ ਉਸ ਵੇਲੇ ਨੈਸ਼ਨੇਲਾਈਜ਼ੇਸ਼ਨ ਦੀ ਤਾਰੀਖ ਅਗੇ ਪਾ ਦਿਤੀ ਗਈ ਸੀ, ਪਰ ਜਿਹੜੀ ਹੁਣ ਦੀ ਸਰਕਾਰ ਹੈ ਅਤੇ ਜਿਹੜੀ ਨੈਸ਼ਨੇਲਾਈਜ਼ੇਸ਼ਨ ਲਈ ਬੜੀ ਕੀਨ ਹੈ ਕੀ ਉਹ 1977 ਤੋਂ ਉਰੇ ਰਹੇਗੀ ਜਾਂ ਪਰੇ ਚਲੀ ਜਾਵੇਗੀ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਸਰਕਾਰ ਇਸ ਬਾਰੇ ਬੜੀ ਸੀਰੀਅਸਲੀ ਕੰਸਿਡਰ ਕਰ ਰਹੀ ਹੈ, ਪਰ ਜਿਹੜੀ 1977 ਵਾਲੀ ਗੱਲ ਇਹ ਕਰਦੇ ਹਨ ਉਸ ਦੇ ਬਾਰੇ ਇਹ ਹੈ ਕਿ ਜਿਹੜੀ ਮਿਆਦ ਹੈ ਅਸੀਂ ਉਸ ਦੇ ਮੁਤਾਬਕ ਹੀ ਨਹੀਂ ਬਲਕਿ ਅਸੀਂ ਜਿਹੜੇ ਇਲੈਕਸ਼ਨਾਂ ਵਿਚ ਵਾਇਦੇ ਕਰ ਕੇ ਆਏ ਹਾਂ ਉਸ ਦੇ ਅੰਦਰ ਅੰਦਰ ਕਰ ਦਿਆਂਗੇ ।

**ਸਰਦਾਰ ਗੁਰਦੇਵ ਸਿੰਘ ਸਿੱਧੂ**: x x x (ਵਿਘਨ)

**Mr. Speaker**: Whatever the hon. Member Sardar Gurdev Singh Sidhu has said should not form part of the proceedings.

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਉਹ ਤੇ ਜਿਉਂਦੇ ਬੈਠੇ ਹਨ, ਜੇ ਗਲਤ ਹੈ ਤਾਂ ਜਵਾਬ ਦੇ ਦੇਣ (ਵਿਘਨ)

**ਸ੍ਰੀ ਸਪੀਕਰ**: ਉਸ ਦੇ ਖਿਲਾਫ ਤਾਂ ਤੁਸੀਂ ਮੋਸ਼ਨ ਲਿਆ ਸਕਦੇ ਹੋ (ਵਿਘਨ)

(You can bring a motion in the House against him.) (Interruption)

**ਸਰਦਾਰ ਅਜਾਇਬ ਸਿੰਘ ਸੰਧੂ**: ਸਪੀਕਰ ਸਾਹਿਬ, ਇਹ ਆਪਣੀਆਂ ਫਾਇਲਾਂ ਵੇਖਣਾ (ਵਿਘਨ)

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਜਿਹੜੀ ਆਨਰੇਬਲ ਮੈਂਬਰ ਨੇ ਗਲ ਕੀਤੀ ਹੈ ਮੈਂ ਅਰਜ਼ ਕਰਾਂ ਕਿ ਇਹ ਲਿਖ ਕੇ ਸੁਆਲ ਦੇ ਦੇਣ, ਮੈਂ ਉਸ ਦਾ ਜਵਾਬ ਦੇ ਦਿਆਂਗਾ । ਪੜਤਾਲ ਕਰਾ ਲਵਾਂਗੇ ਜੇ ਕੋਈ ਬੇਕਾਇਦਗੀ ਹੋਵੇਗੀ ਤਾਂ ਜ਼ਰੂਰ ਐਕਸ਼ਨ ਲੈ ਲਵਾਂਗੇ ਅਤੇ ਜੇ ਕਰ ਇਸ ਤਰ੍ਹਾਂ ਮੈਂਬਰ ਸਾਹਿਬ ਗਲਤ ਬਿਆਨੀ ਕਰਨਗੇ ਤਾਂ ਇਹ ਸਪੀਕਰ ਸਾਹਿਬ ਦਾ ਕੰਮ ਹੈ ਕਿ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣ । (ਵਿਘਨ)

**ਡਾਕਟਰ ਅਮੀਰ ਸਿੰਘ ਕਲਕਟ**: x x x

**ਸ੍ਰੀ ਸਪੀਕਰ**: ਜੋ ਕੁਝ ਆਨਰੇਬਲ ਮੈਂਬਰ ਸਾਹਿਬ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying should not be recorded)

---

*Expunged as ordered by the Chair

*Not recorded as ordered by the Chair.

Original with;
Punjab Vidhan Sabha
Digitized by;
Panjab Digital Library

## SETTING UP INDUSTRIES IN BACKWARD AND NON-INDUSTRIAL AREAS OF THE STATE

*1196. **Shri Prem Gupta**: will the Chief Minister be pleased to state whether it is a fact that the Government is considering a proposal to set up industries in the backward and non-industrial areas of the state if so, the name of the places likely to be selected for the purpose ?

**Sardar Nasib Singh Gill** (Deputy Minister, Home and Industries) : Yes. It is proposed to set up new industrial areas/belts for development of industries at the following places (which include backward/non-industrial areas) in the State :—

1. Jullundur
2. Phagwara
3. Moga
4. Bhatinda
5. Hoshiarpur
6. Sangrur
7. Khanna
8. Malerkotla
9. Goraya
10. Nangal
11. Kapurthala
12. Gobindgarh
13. Batala
14. Sirhind
15. Ropar
16. Abohar
17. Zira
18. Kot Kapura
19. Mubarikpur-Zirakpur Dera Bassi-Lalru.
20. Nabha
21. Barnala
22. Pathankot

[(ਹਾਂ ਜੀ ਰਾਜ ਵਿਚ ਹੇਠ ਲਿਖਿਆਂ ਥਾਵਾਂ (ਜਿਸ ਵਿਚ ਪਛੜੇ ਅਤੇ ਅਨਉਦਯੋਗਿਕ ਅਸਥਾਨ ਸ਼ਾਮਲ ਹਨ) ਤੇ ਉਦਯੋਗ ਦੇ ਵਿਕਾਸ ਲਈ ਨਵੇਂ ਉਦਯੋਗਿਕ/ਬੈਲਟਾਂ ਸਥਾਪਤ ਕਰਨ ਦਾ ਤਜਵੀਜ਼ ਹੈ :-

1. ਜਲੰਧਰ
2. ਫਗਵਾੜਾ
3. ਮੋਗਾ
4. ਬਠਿੰਡਾ
5. ਹੁਸ਼ਿਆਰਪੁਰ
6. ਸੰਗਰੂਰ
7. ਖੰਨਾ
8. ਮਲੇਰਕੋਟਲਾ
9. ਗੋਰਾਯਾ
10. ਨੰਗਲ
11. ਕਪੂਰਥਲਾ
12. ਗੋਬਿੰਦਗੜ੍ਹ
13. ਬਟਾਲਾ
14. ਸਰਹੰਦ
15. ਰੋਪੜ
16. ਅਬੋਹਰ
17. ਜ਼ੀਰਾ
18. ਕੋਟਕਪੂਰਾ
19. ਮੁਬਾਰਕਪੁਰ-ਜ਼ੀਰਕਪੁਰ ਡੇਰਾ ਬਸੀ ਲਾਲੜੂ
20. ਨਾਭਾ
21. ਬਰਨਾਲਾ
22. ਪਠਾਨਕੋਟ ]

Original with;
Punjab Vidhan Sabha
Digitized by;
Panjab Digital Library

**ਸ੍ਰੀ ਪ੍ਰੇਮ ਗੁਪਤਾ:** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਰਿਆਇਤਾਂ ਸਰਕਾਰ ਨੀਯਤ ਕੀਤੇ ਇੰਡਸਟਰੀਅਲ ਏਰੀਆ ਵਿਚ ਲੋਕਾਂ ਨੂੰ ਦਿੰਦੀ ਹੈ ਇੰਡਸਟਰੀ ਲਾਉਣ ਲਈ ਕੀ ਇਹ ਰਿਆਇਤਾਂ ਨਾਨ-ਇੰਡਸਟਰੀਅਲ ਅਤੇ ਬੈਕਵਰਡ ਏਰੀਆ ਲਈ ਵੀ ਦੇਣ ਲਈ ਤਿਆਰ ਹੈ ਤਾਂ ਕਿ ਇੰਡਸਟਰੀ ਦਾ ਫੈਲਾਉ ਵੱਧ ਸਕੇ?

**ਉਪ ਮੰਤਰੀ, ਗ੍ਰਹਿ ਅਤੇ ਉਦਯੋਗ:** ਇਹ ਰਿਆਇਤਾਂ ਸਿਰਫ ਨਿਯਤ ਇੰਡਸਟਰੀਅਲ ਏਰੀਆ ਵਾਸਤੇ ਹੀ ਹਨ । ਬਾਕੀ ਬੈਕਵਰਡ ਅਤੇ ਨਾਨ-ਇੰਡਸਟਰੀਅਲ ਏਰੀਆ ਵਾਸਤੇ ਅਜੇ ਤਕ ਕੋਈ ਵਿਚਾਰ ਨਹੀਂ ਹੈ ।

**ਸ੍ਰੀ ਸਪੀਕਰ:** ਬਟਾਲੇ ਦੇ ਬਰਾਬਰ ਲਾਲੜੂ ਕੌਣ ਜਾ ਕੇ ਇੰਡਸਟਰੀ ਲਾਏਗਾ । (ਵਿਘਨ) (No body would like to set up any industry at Lalru as against Batala Interruption.)

**ਵਿੱਤ ਮੰਤਰੀ:** ਨਕੋਦਰ ਲੈ ਚਲਦੇ ਹਾਂ ਜੀ (ਵਿਘਨ)

**ਸ੍ਰੀ ਸਪੀਕਰ:** ਫਗਵਾੜੇ ਕੰਨੀ ਵੀ ਲਿਜਾਈ ਜਾ ਸਕਦੀ ਹੈ । (ਵਿਘਨ) (It can be set up at Phagwara) (Interruption)

**ਚੌਧਰੀ ਦਰਸ਼ਨ ਸਿੰਘ:** ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਸਿਆ ਹੈ ਕਿ ਗੋਬਿੰਦਗੜ੍ਹ, ਬਟਾਲਾ, ਸਰਹੰਦ, ਰੋਪੜ ਆਦਿ ਵਿਚ ਇੰਡਸਟਰੀ ਲਾਈ ਜਾਣ ਦੀ ਤਜਵੀਜ਼ ਹੈ, ਮੈਂ ਕਹਿੰਦਾ ਹਾਂ ਕਿ ਸਾਡੇ ਨਕੋਦਰ ਅਤੇ ਨੂਰ ਮਹਿਲ ਵੀ ਬੈਕਵਰਡ ਹਨ ਕੀ ਉਥੇ ਵੀ ਇਹ ਤਜਵੀਜ਼ ਲਾਗੂ ਕਰਨ ਦਾ ਸਰਕਾਰ ਦਾ ਕੋਈ ਵਿਚਾਰ ਹੈ ?

**ਉੱਪ ਮੰਤਰੀ:** ਇਸ ਵਿਚ ਜਿਹੜੇ ਬੈਕਵਰਡ ਏਰੀਆ ਹਨ ਉਨ੍ਹਾਂ ਨੂੰ ਸ਼ਾਮਲ ਕੀਤਾ ਜਾਏਗਾ ।

**ਸਰਦਾਰ ਪ੍ਰਿਥੀਪਾਲ ਸਿਘ:** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵਿਚ ਅੰਮ੍ਰਿਤਸਰ ਨੂੰ ਵੀ ਸ਼ਾਮਲ ਕਰਨਗੇ (ਵਿਘਨ)

(ਕੋਈ ਉਤਰ ਨਹੀਂ ਦਿਤਾ ਗਿਆ)

**ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ:** ਸਪੀਕਰ ਸਾਹਿਬ, ਪੰਜਾਬ ਵਿਚ ਹੁਣ ਤਕ ਜਿਹੜੀ ਇੰਡਸਟਰੀ ਦੀ ਉਸਾਰੀ ਹੋਈ ਹੈ ਉਹ ਸਿਰਫ ਤਿੰਨ ਚਾਰ ਜ਼ਿਲ੍ਹਿਆਂ ਵਿਚ ਹੈ ਜਿਵੇਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਅਤੇ ਹੁਣ ਵੀ ਜਿਹੜਾ ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਉਸ ਵਿਚ ਵੀ ਉਨ੍ਹਾਂ ਨੇ ਜਲੰਧਰ, ਫਗਵਾੜਾ, ਕਪੂਰਥਲਾ, ਮੋਗਾ ਆਦਿ ਹੀ ਹਨ । ਮੈਂ ਕਹਿੰਦਾ ਹਾਂ ਕਿ ਜੇਕਰ ਇਹ ਸੋਸ਼ਲਇਜ਼ਮ ਦੇ ਹਾਮੀ ਹਨ ਅਤੇ ਚਾਹੁੰਦੇ ਹਨ ਕਿ ਬਘਿਆੜ ਅਤੇ ਬਕਰੀ ਵੀ ਇਕੋ ਨਹਿਰ ਤੋਂ ਪਾਣੀ ਪੀਣ ਤਾਂ ਫਿਰ ਜਿਹੜੇ ਬੈਕਵਰਡ ਏਰੀਏ ਹਨ ਜਿਵੇਂ ਸੰਗਰੂਰ, ਹੁਸ਼ਿਆਰਪੁਰ (ਵਿਘਨ) ਗੜ੍ਹਸ਼ੰਕਰ, ਉਥੇ ਵੀ ਕੋਈ ਇੰਡਸਟਰੀ ਦੇਣਗੇ ?

(ਕੋਈ ਉਤਰ ਨਹੀਂ ਦਿਤਾ ਗਿਆ)

Original with;
Punjab Vidhan Sabha
Digitized by;
Panjab Digital Library

## CONSTRUCTION OF A METALLED ROAD FROM BALACHAUR TO NRUPUR

*1230. **Master Dalip Chand**: Will the Chief Minister be pleased to state whether there is any proposal under the consideration of the Government to construct a metalled road from Balachaur to Nurpur, if so, the time which it is likely to be constructed?

**Giani Zail Singh**: Yes by the end of 1973—74.

[ਹਾਂ ਜੀ, 1973-74 ਦੇ ਅੰਤ ਤਕ ।]

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ 40-50 ਸਾਲ ਤੋਂ ਜਦੋਂ ਇਹ ਸੜਕ ਕਚੀ ਸੀ ਤਾਂ ਇਸ ਤੇ ਬਸਾਂ ਆਦਿ ਚਲਦੀਆਂ ਸਨ ਪਰ ਅਜ ਕਲ ਇਸ ਦਾ ਕੁਝ ਹਿਸਾ ਪੱਕਾ ਹੋ ਚੁਕਾ ਹੈ ਅਤੇ ਕੋਈ ਬਸ ਨਹੀਂ ਚਲਦੀ, ਇਸਦਾ ਕੀ ਕਾਰਨ ਹੈ ਅਤੇ ਕੀ ਇਸ ਦੇ ਬਾਰੇ ਕੋਈ ਪ੍ਰਬੰਧ ਕੀਤਾ ਜਾਏਗਾ ।

**ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ**: ਸਪੀਕਰ ਸਾਹਿਬ, ਇਨ੍ਹਾਂ ਨੇ ਸੜਕ ਦਾ ਪੁਛਿਆ ਸੀ ਉਸ ਦਾ ਜਵਾਬ ਦੇ ਦਿਤਾ, ਬਸਾਂ ਵਾਲੀ ਗਲ ਦੇ ਮੁਤੱਲਕ ਮੇਰੇ ਨਾਲ ਗਲ ਕਰ ਲੈਣ ਮੈਂ ਦਸ ਦਿਆਂਗਾ । ਸੜਕਾਂ ਬਸਾਂ ਲਈ ਹੁੰਦੀਆਂ ਹਨ ਅਤੇ ਬਸਾਂ ਚਲਣਗੀਆਂ ਵੀ ।

---

## PROVINCIALISATION OF POSTS OF PANCHAYAT SECRETARIES

*1282. **Comrade Shamsher Singh Josh**: Will the Minister for Development be pleased to state whether the Government has decided to provincialize the posts of Panchayat Secretaries in the State, if so, the date when this decision will be implemented?

**Captain. Rattan Singh**: (a) No. The matter is under active consideration of Government?

(b) In view of (a) above question does not arise.

[(ੳ) ਨਹੀਂ । ਮਾਮਲੇ ਤੇ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ।

(ਅ) ਉਪਰੋਕਤ 'ੳ' ਨੂੰ ਮੁਖ ਰਖਦੇ ਹੋਏ ਸਵਾਲ ਪੈਦਾ ਨਹੀਂ ਹੁੰਦਾ ।]

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਇਹ ਪਿਛਲੇ ਸਾਲ ਵੀ ਬਜਟ ਸੈਸ਼ਨ ਵਿਚ ਸੁਆਲ ਆਇਆ ਸੀ । ਉਦੋਂ ਇਨ੍ਹਾਂ ਨੇ ਕਿਹਾ ਸੀ ਕਿ ਪੰਚਾਇਤ ਸੈਕਟਰੀਜ਼ ਦੀਆਂ ਪੋਸਟਾਂ ਦਾ ਪ੍ਰਾਂਤੀਕਰਣ ਕਰਨ ਦੇ ਸੁਆਲ ਤੇ ਵਿਚਾਰ ਕਰ ਰਹੇ ਹਾਂ । ਹੁਣ ਇਨ੍ਹਾਂ ਨੇ ਕਿਹਾ ਹੈ ਕਿ ਸਰਗਰਮੀ ਨਾਲ ਵਿਚਾਰ ਕਰ ਰਹੇ ਹਾਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੂਰਾ ਵਿਚਾਰ ਕਦੋਂ ਕਰ ਰਹੇ ਹਨ ।

Original with;
Punjab Vidhan Sabha
Digitized by;
Panjab Digital Library

ਵਿਕਾਸ ਮੰਤਰੀ: ਸਪੀਕਰ ਸਾਹਿਬ, ਜਿਹੜਾ ਮੈਂ ਕਿਹਾ ਹੈ ਉਹ ਇਨ੍ਹਾਂ ਨੇ ਆਪ ਮੰਨ ਲਿਆ ਹੈ। ਅੱਗੋਂ ਨਾਲੋਂ ਹੁਣ ਸਰਗਰਮੀ ਨਾਲ ਵਿਚਾਰ ਕਰ ਰਹੇ ਹਾਂ। ਜਦੋਂ ਵਿਚਾਰ ਖਤਮ ਹੋ ਜਾਵੇਗਾ ਤਾਂ ਐਕਸ਼ਨ ਵੀ ਜ਼ਰੂਰ ਲਵਾਂਗੇ।

**Acharya Prithvi Singh Azad :** Will the Government fix a date ?

**Minister :** Sir, a definite date cannot be fixed.

**ਸਰਦਾਰ ਅਜਾਇਬ ਸਿੰਘ ਸੰਧੂ :** ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਸਰਕਾਰ ਨੂੰ ਪੱਕੀ ਡੇਟ ਫਿਕਸ ਕਰਨ ਵਿਚ ਕੀ ਤਕਲੀਫ ਹੈ ?

**ਮੰਤਰੀ :** ਸਾਨੂੰ ਕੋਈ ਤਕਲੀਫ ਨਹੀਂ।

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਕੀ ਸਰਕਾਰ ਦੇ ਵਿਚਾਰ ਅਧੀਨ ਇਹੋ ਜਿਹੀ ਕੋਈ ਸਕੀਮ ਹੈ ਜਿਸ ਨਾਲ ਪੰਚਾਇਤ ਸੈਕਟਰੀਜ਼ ਅਤੇ ਗਰਾਮ ਸੇਵਕਾਂ ਦੀਆਂ ਅਸਾਮੀਆਂ ਨੂੰ ਇੱਕਠਾ ਕਰਕੇ ਕਾਮਨ ਕਾਡਰ ਬਣਾਇਆ ਜਾਵੇ ਅਤੇ ਬਾਦ ਵਿਚ ਇਨ੍ਹਾਂ ਦੀ ਪ੍ਰੋਵਿੰਸ਼ੇਲਾਈਜ਼ੇਸ਼ਨ ਕੀਤੀ ਜਾਵੇ ?

**ਮੰਤਰੀ :** ਜਿਸ ਵੇਲੇ ਜਵਾਬ ਦਿੱਤਾ ਹੈ ਕਿ ਇਹ ਅੰਡਰ ਐਕਟਿਵ ਕੰਸਿਡਰੇਸ਼ਨ ਹੈ ਤਾਂ ਉਸ ਦਾ ਮਤਲਬ ਹੈ ਕਿ ਸਾਰੇ ਪਹਿਲੂਆਂ ਤੇ ਵਿਚਾਰ ਕਰਾਂਗੇ।

---

## TOKEN ONE DAY STRIKE BY GOVERNMENT TEACHERS ON 23RD JANUARY, 1973

*1185. 1. **Sardar Ajaib Singh Sandhu**
2. **Sardar Prehlad Singh**
3. **Sardar Jasdev Singh Sandhu**

Will the Minister for Education and Revenue be pleased to state—

(a) the total number of Government teachers, district—wise, who participated in the one day taken strike on 23rd January, 1973;

(b) the total number of striking Government teachers against whom action was taken, district-wise, stating the nature of action so taken ?

**ਸਰਦਾਰ ਉਮਰਾਓ ਸਿੰਘ :** (ੲ) ਜ਼ਿਲ੍ਹਾ-ਵਾਰ ਅਧਿਆਪਕਾਂ ਦੀ ਗਿਣਤੀ ਜਿਨ੍ਹਾਂ ਨੇ ਇਕ ਦਿਨ ਦੀ ਹੜਤਾਲ ਜਿਹੜੀ ਮਿਤੀ 23 ਜਨਵਰੀ, 1973 ਨੂੰ ਹੋਈ ਸੀ, ਵਿਚ ਭਾਗ ਲਿਆਂਦਾ ਵੇਰਵਾ ਇਸ ਪ੍ਰਕਾਰ ਹੈ : —

| | | | |
|---|---|---|---|
| 1. | ਹੁਸ਼ਿਆਰਪੁਰ | .. | 1178 |
| 2. | ਰੋਪੜ | .. | 1084 |
| 3. | ਪਟਿਆਲਾ | .. | 803 |
| 4. | ਜਲੰਧਰ | .. | 393 |
| 5. | ਲੁਧਿਆਣਾ | .. | 444 |
| 6. | ਫਿਰੋਜ਼ਪੁਰ | .. | 772 |

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

| | | | |
|---|---|---|---|
| 7. | ਗੁਰਦਾਸਪੁਰ | .. | 1699 |
| 8. | ਫਰੀਦਕੋਟ | .. | 1447 |
| 9. | ਸੰਗਰੂਰ | .. | 534 |
| 10. | ਅੰਮ੍ਰਿਤਸਰ | .. | 737 |
| 11. | ਕਪੂਰਥਲਾ | .. | 187 |
| 12. | ਬਠਿੰਡਾ | .. | 1621 |
| | ਕੁੱਲ ਜੋੜ | .. | 10,899 |

ਬੀ) ਮਾਮਲਾ ਵਿਚਾਰ ਅਧੀਨ ਹੈ ।

[(a) District-wise total number of teachers who participated in the one day token strike on 23rd January, 1973, are as under —

| | | | |
|---|---|---|---|
| 1. | Hoshiarpur | .. | 1178 |
| 2. | Ropar | .. | 1084 |
| 3. | Patiala | .. | 803 |
| 4. | Jullundur | .. | 393 |
| 5. | Ludhiana | .. | 444 |
| 6. | Ferozepur | .. | 772 |
| 7. | Gurdaspur | .. | 1699 |
| 8. | Faridkot | .. | 1447 |
| 9. | Sangrur | .. | 534 |
| 10. | Amritsar | .. | 737 |
| 11. | Kapurthala | .. | 187 |
| 12. | Bhatinda | .. | 1621 |
| | Total | .. | 10,899 |

(b) The matter is under consideration.]

**Comrade Satya Pal Dang** : Sir, the question reads :—
Will the Minister for Education and Revenue be pleased to state—

(b) the total number of striking Government teachers against whom action was taken, district-wise, stating the nature of action so taken ?

ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਐਕਸ਼ਨ ਲਿਆ ਹੀ ਨਹੀਂ ਸੀ, ਹੁਣ ਸੰਧੂ ਸਾਹਿਬ ਦੇ ਕਹਿਣ ਤੇ ਵਿਚਾਰ ਰਹੇ ਕਰ ਰਹੇ ਹਨ ?

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਜੇ ਐਕਸ਼ਨ ਲਿਆ ਹੁੰਦਾ ਤਾਂ ਦਸ ਦਿੰਦੇ । ਪਰ ਅਜੇ ਇਹ ਵੀ ਫੈਸਲਾ ਨਹੀਂ ਕੀਤਾ ਕਿ ਐਕਸ਼ਨ ਨਹੀਂ ਲੈਣਾ ।

Original with;
Punjab Vidhan Sabha
Digitized by;
Panjab Digital Library

PROPOSED CREATION OF POSTS OF LANGUAGE MASTERS

*1194 Shri Prem Gupta: Will the Minister for Education and Revenue be pleased to state whether the Government is considering any proposal to create the posts of Language Masters in the State to teach different languages to the students of Secondary classes in the State ?

**ਸਰਦਾਰ ਉਮਰਾਓ ਸਿੰਘ** : ਨਹੀਂ ਜੀ ।

[No.]

**ਸ੍ਰੀ ਪਰੇਮ ਗੁਪਤਾ** : ਸਪੀਕਰ ਸਾਹਿਬ, ਸਕੂਲਾਂ ਵਿਚ ਲੈਂਗੁਏਜ ਟੀਚਰਾਂ ਦੀਆਂ ਅਤੇ ਲੈਕਚਰਾਰਜ਼ ਦੀਆਂ ਪੋਸਟਾਂ ਹੁੰਦੀਆਂ ਹਨ ਅਤੇ ਅੱਧ ਵਿਚਾਲੇ ਦੀ ਕੈਟੇਗਰੀ ਮਾਸਟਰਾਂ ਦੀ ਹੁੰਦੀ ਹੈ । ਉਸ ਦੀਆਂ ਪੋਸਟਾਂ ਨਹੀਂ ਹਨ । ਮੈਂ ਤੁਹਾਡੇ ਰਾਹੀਂ ਵਿਦਿਆ ਮੰਤਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਹੁਣ ਕੋਈ ਵਿਚਾਰ ਨਹੀਂ ਤਾਂ ਅੱਗੇ ਨੂੰ ਸੋਚਣ ਵਾਸਤੇ ਤਿਆਰ ਹਨ ?

**ਸਿਖਿਆ ਮੰਤਰੀ** : ਇਸ ਵੇਲੇ ਲੋੜ ਨਹੀਂ । ਜੇ ਲੋੜ ਪਈ ਤਾਂ ਜ਼ਰੂਰ ਵਿਚਾਰ ਕਰਾਂਗੇ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਕੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਦੇ ਨੋਟਿਸ ਵਿਚ ਇਹ ਗਲ ਆਈ ਹੈ ਕਿ ਜਿਹੜੇ ਪੰਜਾਬੀ ਅਤੇ ਹਿੰਦੀ ਪੜ੍ਹਾਉਣ ਵਾਲੇ ਮਾਸਟਰ ਹਨ ਉਨ੍ਹਾਂ ਨੂੰ ਨਾ ਤਾਂ ਹਿੰਦੀ ਪੜ੍ਹਾਉਣੀ ਆਉਂਦੀ ਹੈ ਅਤੇ ਨਾਂ ਹੀ ਪੰਜਾਬੀ । ਕੀ ਸਰਕਾਰ ਇਸ ਬਾਰੇ ਵਿਚਾਰ ਕਰਨ ਨੂੰ ਤਿਆਰ ਹੈ ਕਿ ਕਮ-ਅਜ਼-ਕਮ ਪੰਜਾਬੀ ਅਤੇ ਹਿੰਦੀ ਪੜ੍ਹਾਉਣ ਵਾਲੇ ਮਾਸਟਰ ਤਾਂ ਸੁਲਝੇ ਹੋਏ ਹੋਣ ?

**ਮੰਤਰੀ** : ਸਪੀਕਰ ਸਾਹਿਬ, ਦਰਅਸਲ ਪਿਛਲੇ ਪੰਜ ਸਾਲਾਂ ਵਿਚ ਮਾਸਟਰ ਕਈ ਹੋਰ ਕੰਮ ਸਿਖ ਗਏ ਸਨ ।

**ਸ੍ਰੀ ਸਪੀਕਰ** : ਜਿਹੜੇ ਵਿਦਿਆਲੇ ਤੋਂ ਆਜ਼ਾਦ ਸਾਹਿਬ ਪੜ੍ਹ ਕੇ ਆਏ ਹਨ, ਆਜ਼ਾਦ ਸਾਹਿਬ ਨੂੰ ਕਹੋ ਇਹ ਆਪ ਹੀ ਉਥੋਂ ਅਧਿਆਪਕ ਲੈ ਆਉਣਗੇ । (You may request Azad Sahib to bring teachers from that institution where he studied.)

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਮੈਂ ਪੰਜਾਬੀ ਅਤੇ ਹਿੰਦੀ ਦੋਨੋਂ ਪੜ੍ਹ ਸਕਦਾ ਹਾਂ ।

---

SCHOOLS FUNCTIONING WITHOUT HEADMASTERS/PRINCIPALS

*1195 Shri Prem Gupta : Will the Minister for Education and Revenue be pleased to state whether it is fact that a large number of Government High and Higher Secondary Schools in the State are at present functioning without the Headmasters and Principals ; if so, the names of such schools together with the reasons for which Headmasters/Principals have not been posted there ?

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ** : ਨਹੀਂ ਜੀ ।

[No.]

**ਸ੍ਰੀ ਪਰੇਮ ਗੁਪਤਾ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮਨਿਸਟਰ ਸਾਹਿਬ ਨੇ ਕਿਸੇ ਹੋਰ ਸੁਆਲ ਦਾ ਜਵਾਬ ਦਿੱਤਾ ਹੈ । ਇਸ ਸਵਾਲ ਦਾ ਜਵਾਬ ਤਾਂ ਜਿਹੜਾ ਮੇਰੇ ਕੋਲ ਆਇਆ ਹੈ, ਉਹ 'ਨਹੀਂ' ਹੈ।

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਸੁਆਲ ਨੰ: 1195 ਦਾ ਜਵਾਬ ਹੈ 'ਨਹੀਂ' ਜੀ ।

**ਸ੍ਰੀ ਸਪੀਕਰ** : ਮੇਰਾ ਖਿਆਲ ਹੈ ਕਿ ਵਜ਼ੀਰ ਸਾਹਿਬ ਦੀ ਤਬੀਅਤ ਕੁਝ ਢਿਲੀ ਹੈ। (I think the hon. Minister is not feeling well.)

**ਸ੍ਰੀ ਪਰੇਮ ਗੁਪਤਾ** : ਸਪੀਕਰ ਸਾਹਿਬ, ਜੇ ਸੁਆਲ ਦੇ ਜਵਾਬ ਮੁਤਾਬਿਕ ਇਹ ਅਸਲੀਅਤ ਹੈ ਤਾਂ ਮੈਂ ਕੋਈ ਸਪਲੀਮੈਂਟਰੀ ਨਹੀਂ ਪੁੱਛਣਾ ਚਾਹੁੰਦਾ ਇਹ ਆਪ ਤਸੱਲੀ ਕਰ ਲੈਣ :

**ਕਾਮਰੇਡ ਜੰਗੀਰ ਸਿੰਘ ਜੋਗਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿਦਿਆ ਮੰਤਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਠਿੰਡੇ ਵਿਚ 16 ਹਾਈ ਸਕੂਲ ਹੁਣ ਵੀ ਹੈਡਮਾਸਟਰਜ਼ ਤੋਂ ਬਗੈਰ ਹਨ । ਚਾਰ ਗਰਲਜ਼ ਹਾਈ ਸਕੂਲਾਂ ਵਿਚ ਤਾਂ ਇੱਕ ਸਾਲ ਤੋਂ ਕੋਈ ਹੈਡ-ਮਿਸਟਰੈਸ ਨਹੀਂ ਹੈ ।

**ਮੰਤਰੀ** : ਸਪੀਕਰ ਸਾਹਿਬ, ਇਸ ਵਕਤ ਜੋ ਰਿਕਾਰਡ ਹੈ ਮੈਂ ਉਸ ਦੇ ਮੁਤਾਬਿਕ ਕਹਿ ਰਿਹਾ ਹਾਂ। ਹੈਡਮਾਸਟਰਜ਼, ਮਾਸਟਰਾਂ ਨੂੰ ਪ੍ਰਮੋਟ ਕਰਕੇ ਲਾ ਦਿਤੇ ਹਨ । ਜਦੋਂ ਜੋਗਾ ਸਾਹਿਬ ਵਾਪਿਸ ਜਾਣਗੇ ਤਾਂ ਪੱਤਾ ਲਗ ਜਾਵੇਗਾ ਕਿ ਹੈਡਮਾਸਟਰਜ਼ ਉਨ੍ਹਾਂ ਸਕੂਲਾਂ ਵਿਚ ਲਗੇ ਹਨ ਜਾਂ ਨਹੀਂ ।

**ਕਾਮਰੇਡ ਜੰਗੀਰ ਸਿੰਘ ਜੋਗਾ** : ਉਥੇ ਸਪੀਕਰ ਸਾਹਿਬ, ਕੋਈ ਲੜਕੀ ਹੈਡਮਿਸਟਰੈਸ ਲਗ ਕੇ ਜਾਣ ਨੂੰ ਤਿਆਰ ਨਹੀਂ । ਕੱਲ ਤਕ ਤਾਂ ਕੋਈ ਨਹੀਂ ਸੀ । ਤੁਸੀਂ ਕੋਈ ਐਕਸ਼ਨ ਲਿਆ ਨਹੀ । (ਵਿਘਨ)

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਕੀ ਵਿਦਿਆ ਮੰਤਰੀ ਸਾਹਿਬ ਇਹ ਦਸਣਗੇ ਕਿ ਹੈਡਮਾਸਟਰਜ਼ ਅਤੇ ਹੈਡਮਿਸਟਰੈਸਿਜ਼ ਲਾਉਣ ਦੇ ਆਰਡਰ ਤਾਂ ਚਾਰ ਪੰਜ ਦਿਨਾਂ ਅੰਦਰ ਅੰਦਰ ਜਾਰੀ ਹੋਏ ਹਨ ਪਰ ਆਰਡਰ ਅਜੇ ਤਕ ਭੇਜੇ ਕਿਉਂ ਨਹੀਂ? (ਵਿਘਨ)

**ਮੰਤਰੀ** : ਸਪੀਕਰ ਸਾਹਿਬ, ਇਹ ਹੋ ਸਕਦਾ ਹੈ ਕਿ ਕੱਲ ਨਾ ਲੱਗੇ ਹੋਣ ਪਰ ਅੱਜ ਲਗ ਚੁਕੇ ਹਨ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ 16 ਸਕੂਲਾਂ ਦਾ ਕਾਮਰੇਡ ਜੋਗਾ ਜੀ ਨੇ ਜ਼ਿਕਰ ਕੀਤਾ ਹੈ ਕੀ ਉਥੇ ਟੈਮਪਰੇਰੀ ਮਾਸਟਰਾਂ ਨੂੰ ਤਾਂ ਚਾਰਜ ਨਹੀਂ ਦਿੱਤਾ ਗਿਆ । ਕੀ ਵਜ਼ੀਰ ਸਾਹਿਬ ਵਿਦਿਆ ਦਾ ਮਿਆਰ ਠੀਕ ਕਰਨ ਵਾਸਤੇ ਇਸ ਗਲ ਬਾਰੇ ਸੋਚਣਗੇ ਕਿ ਟੈਮਪਰੇਰੀ ਮਾਸਟਰਾਂ ਨੂੰ ਹੈਡਮਾਸਟਰਾਂ ਦਾ ਚਾਰਜ ਨਾ ਦਿੱਤਾ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਕਈ ਦਫਾ ਇਸ ਤਰ੍ਹਾਂ ਹੁੰਦਾ ਹੈ ਕਿ ਹੈਡਮਾਸਟਰ ਜਾਂ ਹੈਡਮਿਸਟਰੈਸ ਦੀ ਐਪੁਆਇੰਟਮੈਂਟ ਕੀਤੀ ਜਾਂਦੀ ਹੈ ਪਰ ਉਨ੍ਹਾਂ ਨੂੰ ਉਹ ਸਟੇਸ਼ਨ ਸਿਉਟ ਨਹੀਂ ਕਰਦਾ ਅਤੇ ਚਾਰਜ ਨਹੀਂ ਲੈਂਦੇ । ਉਸਦਾ ਜਵਾਬ ਆਉਣ ਤਕ ਸਮਾਂ ਲਗ ਜਾਂਦਾ ਹੈ । ਅਸੀਂ ਹੁਣ ਇਹ ਪ੍ਰਬੰਧ ਕਰ ਰਹੇ ਹਾਂ ਕਿ ਜੇ ਕਿਸੇ ਦੀ ਐਪੁਆਇੰਟਮੈਂਟ ਕੀਤੀ ਜਾਵੇ ਤਾਂ ਉਹ ਤੁਰੰਤ ਜਾ ਕੇ ਚਾਰਜ ਲੈ ਲਵੇ ।

---

OPENING OF PRIMARY SCHOOLS IN BALACHAUR ASSEMBLY CONSTITUENCY

***1228 Master Dalip Chand** : Will the Minister for Education and Revenue be pleased to state—

(a) whether there is any proposal under the consideration of the Government to appoint the staff of the same sex in the Primary Schools in the State e.g. if there is male staff, all the members of the staff should be male and if there is female staff, all the members of the staff should be female ;

(b) whether there is also any proposal under the consideration of the Government to open Primary Schools in all such villages of Balachaur Assembly Constituency as are without Primary Schools at present during the current year ;

(c) whether the Education Department has conducted any survey during the current year; if so, the names of schools recommended for upgradation in the Survey Report and whether the same are likely to be up-graded during the current year ?

**ਸਰਦਾਰ ਉਮਰਾਓ ਸਿੰਘ** : (ਏ) ਹਾਂ ਜੀ । ਪਰੰਤੂ ਸਿਰਫ ਉਨ੍ਹਾਂ ਸਕੂਲਾਂ ਵਾਸਤੇ ਜਿਥੇ ਅਧਿਆਪਕਾਂ ਦੀਆਂ ਦੋ ਆਸਾਮੀਆਂ ਹਨ ।

(ਬੀ) ਨਹੀਂ ਜੀ ।

(ਸੀ) ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ।

[(a) Yes. But regarding only those schools where are two posts of teachers.

(b) No.

(c) Yes. Lists are being prepared.]

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਬਲਾਚੌਰ ਵਿਚ ਜਿਸ ਸਕੂਲ ਨੂੰ ਐਜੂਕੇਸ਼ਨ ਡਿਪਾਰਟਮੈਂਟ ਨੇ ਸਰਵੇ ਕਰਕੇ ਪ੍ਰਾਇਮਰੀ ਤੋਂ ਅਪਗਰੇਡ ਕਰਨ ਦੀ ਸਿਫਾਰਸ਼ ਕੀਤੀ ਸੀ, ਕੀ ਉਸ ਸਕੂਲ ਨੂੰ ਅਪਗਰੇਡ ਕੀਤਾ ਜਾਵੇਗਾ ?

**ਸਿਖਿਆ ਮੰਤਰੀ** : ਅੱਪਗਰੇਡ ਕਰਨ ਦੇ ਵਕਤ ਵਿਚਾਰ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

## UPGRADING GOVERNMENT MIDDLE SCHOOL GOWARA, DISTRICT SANGRUR.

***1268. Comrade Achhra Singh** : Will the Minister for Education and Revenue be pleased to state whether the Government has received any representation/request from the residents of village Gowara, District Sangrur. the home village of Martyr Major H.S. Grewal for upgrading Government Middle School of the said village to High standard, if so, the action taken thereon ?

**ਸਰਦਾਰ ਉਮਰਾਓ ਸਿੰਘ** : ਹਾਂ ਜੀ, ਇਸ ਸਕੂਲ ਦਾ ਪੱਧਰ ਉਚਾ ਕਰਨ ਬਾਰੇ ਸਾਲ 1973-74 ਵਿਚ ਵਿਚਾਰ ਕੀਤੀ ਜਾਵੇਗੀ ।

[Yes. Its upgradation will be considered during 1973-74.]

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਝਲੀਆਂ ਕਲਾਂ, ਤਹਿਸੀਲ ਰੋਪੜ ਤੋਂ ਇਨ੍ਹਾਂ ਨੂੰ ਰਿਪੈਰਜ਼ੈਨਟੇਸ਼ਨ ਮਿਲੀ ਹੈ । ਸਿੰਘ ਸਭਾ ਦੀ ਸੌ ਸਾਲਾ ਸ਼ਤਾਬਦੀ ਮਨਾਈ ਜਾ ਰਹੀ ਹੈ । ਸਿੰਘ ਸਭਾ ਦੇ ਫਾਊਂਡਰ ਗਿਆਨੀ ਦਿੱਤ ਸਿੰਘ ਜਿਨ੍ਹਾਂ ਨੇ ਪੰਜਾਬ ਅਤੇ ਸਮਾਜ ਲਈ ਬੜੀ ਘਾਲਣਾ ਕੀਤੀ ਹੈ, ਕੀ ਉਨ੍ਹਾਂ ਦੀ ਯਾਦ ਵਿਚ ਪ੍ਰਾਇਮਰੀ ਸਕੂਲ ਨੂੰ ਹਾਈ ਸਕੂਲ ਬਣਾਇਆ ਜਾਵੇਗਾ ?

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਸੁਆਲ ਸੰਗਰੂਰ ਜ਼ਿਲ੍ਹੇ ਦਾ ਹੈ । ਇਹ ਤਾਂ ਰੋਪੜ ਜ਼ਿਲ੍ਹੇ ਦੀ ਗਲ ਕਰ ਰਹੇ ਹਨ । ਜੇ ਨੇੜੇ ਤੇੜੇ ਹੁੰਦਾ ਤਾਂ ਵੀ ਗਲ ਹੁੰਦੀ ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਸਪੀਕਰ ਸਾਹਿਬ, ਇਹ ਬਿਲਕੁਲ ਨੇੜੇ ਹੈ । ਇਹ ਵੀ ਇਕ ਮਸ਼ਹੂਰ ਵਿਅਕਤੀ ਸਨ । ਇਨ੍ਹਾਂ ਦੀ ਯਾਦ ਵਿਚ ਇਹ ਪ੍ਰਾਇਮਰੀ ਸਕੂਲ ਹਾਈ ਸਕੂਲ ਬਣਾਇਆ ਜਾਵੇ ।

**ਮੰਤਰੀ** : ਸਪੀਕਰ ਸਾਹਿਬ, ਆਚਾਰਿਆ ਸਾਹਿਬ ਦੀ ਸਿਫਾਰਸ਼ ਤੇ ਖਾਸ ਗੌਰ ਕੀਤਾ ਜਾਵੇਗਾ ।

**ਸਰਦਾਰ ਗੁਰਬਚਨ ਸਿੰਘ** : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਪਿਛਲੇ ਸਾਲ ਵਾਂਗ ਇਸ ਸਾਲ ਵੀ ਰੋਪੜ ਜ਼ਿਲ੍ਹੇ ਦੇ ਸਕੂਲਾਂ ਨੂੰ ਅੱਪਗਰੇਡ ਨਹੀਂ ਕੀਤਾ ਜਾਵੇਗਾ ?

(ਕੋਈ ਜੁਆਬ ਨਹੀਂ ਆਇਆ ।)

**ਕਾਮਰੇਡ ਸਤਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਗਲ ਮੰਨਣ ਨੂੰ ਤਿਆਰ ਹਨ ਕਿ ਸੰਨ 1973-74 ਵਿਚ ਜਿਹੜੇ ਸਕੂਲ ਅੱਪਗਰੇਡ ਕੀਤੇ ਜਾਣਗੇ ਉਹ ਸਿਫਾਰਸ਼ਾਂ ਦੇ ਆਧਾਰ ਉਪਰ ਨਹੀਂ ਕੀਤੇ ਜਾਣਗੇ ਬਲਕਿ ਜ਼ਿਲ੍ਹੇ ਦੇ ਲੋਕਾਂ ਦੀ ਜਿਸ ਵਿਚ ਕਿ ਐਮ.ਐਲ. ਏ. ਸਾਹਿਬਾਨ ਐਸੋਸੀਏਟ ਹੋਣਗੇ ਇਕ ਕਮੇਟੀ ਬਣਾਈ ਜਾਵੇਗੀ ਅਤੇ ਉਸ ਕਮੇਟੀ ਦੀ ਸਿਫਾਰਸ਼ ਲੈ ਲਈ ਜਾਵੇਗੀ । ਅਤੇ ਇਕ ਅਸੂਲ ਦੇ ਅਧਾਰ ਉਪਰ ਸਕੂਲ ਅੱਪਗਰੇਡ ਹੋਣਗੇ। ਕੀ ਵਜ਼ੀਰ ਸਾਹਿਬ ਇਹ ਗਲ ਮੰਨਣ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਇਕ ਪਾਸੇ ਤਾਂ ਕਿਹਾ ਹੈ ਕਿ ਸਕੂਲ ਸਿਫਾਰਸ਼ ਦੇ ਅਧਾਰ ਉਪਰ ਅੱਪਗਰੇਡ ਨਾ ਹੋਣ ਅਤੇ ਦੂਜੇ ਪਾਸੇ ਕਿਹਾ ਹੈ ਕਿ ਕਮੇਟੀ ਦੀ ਸਿਫਾਰਸ਼ ਲੈ ਲਈ ਜਾਇਆ ਕਰੇ । ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਉਨ੍ਹਾਂ ਦੀ ਗੱਲ ਦਾ ਜਵਾਬ ਕੀ ਦੇਵਾਂ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਇਕ ਅਸੂਲ ਬਨਾਉਣ ਅਤੇ ਉਸ ਅਸੂਲ ਦੇ ਮੁਤਾਬਿਕ ਅੱਪਗਰੇਡ ਕੀਤਾ ਜਾਵੇ ।

**ਸ੍ਰੀ ਸਪੀਕਰ** : ਡਾਂਗ ਸਾਹਿਬ, ਮਨਿਸਟਰ ਸਾਹਿਬ ਦਾ ਭਾਵ ਵੀ ਇਹੋ ਹੈ ਕਿ ਸਰਕਾਰ ਅਗੇ ਹੀ ਅਸੂਲ ਨਾਲ ਚਲਦੀ ਹੈ । (ਹਾਸਾ) (Dang Sahib, the hon'ble Minister also holds the same veiw that the Government is already functioning according to set principles.)

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਇਕ ਸਕੂਲ ਪੰਜਾਂ ਪਿੰਡਾਂ ਦੇ ਵਿਚਕਾਰ ਮਲੇਵਾਲ ਹੈ । ਉਸ ਨੂੰ ਅੱਪਗਰੇਡ ਕਰਨ ਵਾਸਤੇ ਲੋਕਾਂ ਨੇ ਵੀ ਅਤੇ ਮੈਂ ਵੀ ਉਨ੍ਹਾਂ ਦਾ ਨੁਮਾਇੰਦਾ ਹੋਣ ਦੇ ਨਾਤੇ ਸਰਕਾਰ ਨੂੰ ਲੈਟਰ ਲਿਖੇ । ਕੀ ਵਜ਼ੀਰ ਸਾਹਿਬ ਉਸ ਸਕੂਲ ਨੂੰ ਇਸ ਸਾਲ ਅੱਪਗਰੇਡ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਸਕੂਲ ਮੈਰਿਟ ਉਪਰ ਅੱਪ ਗਰੇਡ ਕੀਤੇ ਜਾਂਦੇ ਹਨ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਸ ਸਰਕਾਰ ਨੇ ਇਹ ਅਸੂਲ ਬਣਾਇਆ ਹੋਇਆ ਹੈ ਕਿ ਜਿਥੋਂ ਕੋਈ ਅਪੋਜ਼ੀਸ਼ਨ ਦਾ ਮੈਂਬਰ ਜਿੱਤ ਕੇ ਆਇਆ ਹੋਵੇ ਉਥੇ ਕੋਈ ਵੀ ਸਕੂਲ ਅੱਪਗਰੇਡ ਨਹੀਂ ਕਰਨਾ । ਮੇਰੇ ਹਲਕੇ ਵਿਚ ਕੋਈ ਵੀ ਸਕੂਲ ਅੱਪਗਰੇਡ ਨਹੀਂ ਕੀਤਾ ਗਿਆ । (ਵਿਘਨ)

**ਇਕ ਅਵਾਜ਼** : ਤੁਸੀਂ ਫਿਰ ਵਾਕ ਆਊਟ ਕਰ ਜਾਉ । (ਹਾਸਾ)

**ਸਰਦਾਰ ਧੰਨਾ ਸਿੰਘ ਗੁਲਸ਼ਨ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸਕੂਲ ਮੈਰਿਟ ਦੇ ਹਿਸਾਬ ਨਾਲ ਅੱਪਗਰੇਡ ਹੁੰਦੇ ਹਨ, ਕੀ ਮੈਂ ਇਨ੍ਹਾਂ ਤੋਂ ਪੁੱਛ ਸਕਦਾ ਹਾਂ ਕਿ ਇਨ੍ਹਾਂ ਦੀ ਮੈਰਿਟ ਕੀ ਹੈ ? ਸਪੀਕਰ ਸਾਹਿਬ, ਇਨ੍ਹਾਂ ਦਾ ਕੋਈ ਅਸੂਲ ਨਹੀਂ ਹੈ । ਇਨ੍ਹਾਂ ਦਾ ਅਸੂਲ ਇਹ ਹੈ ਕਿ ਜਿਥੋਂ ਕੋਈ ਮੈਂਬਰ ਇਨ੍ਹਾਂ ਦੀ ਪਾਰਟੀ ਤੋਂ ਬਿਨਾਂ ਕਿਸੇ ਹੋਰ ਪਾਰਟੀ ਦਾ ਜਿੱਤ ਕੇ ਆਇਆ ਹੋਵੇ ਉਸ ਦੇ ਇਲਾਕੇ ਵਿਚ ਸਕੂਲ ਅੱਪਗਰੇਡ ਨਹੀਂ ਕਰਨਾ ।

**ਮੰਤਰੀ** : ਸਪੀਕਰ ਸਾਹਿਬ, ਇਹ ਅਸੂਲ ਤਾਂ ਇੰਨ੍ਹਾਂ ਦੀ ਪਾਰਟੀ ਨੇ ਬਣਾਇਆ ਹੋਇਆ ਸੀ ਪਰ ਅਸੀਂ ਹੁਣ ਇਸ ਅਸੂਲ ਤੋਂ ਹਟਣ ਦੀ ਕੋਸ਼ਿਸ਼ ਕਰ ਰਹੇ ਹਾਂ ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਸੰਨ 1970 ਵਿਚ ਦਸ ਸਕੂਲ ਅੱਪਗਰੇਡ ਕੀਤੇ ਗਏ ਸਨ ਪਰ ਉਨ੍ਹਾਂ ਦੇ ਆਰਡਰ ਅਜੇ ਤਕ ਨਹੀਂ ਪਹੁੰਚੇ । ਕੀ ਵਜ਼ੀਰ ਸਾਹਿਬ ਇਸ ਦਾ ਕਾਰਨ ਦੱਸਣਗੇ ਕਿ ਉਹ ਆਰਡਰ ਅੱਜ ਤਕ ਕਿਉਂ ਨਹੀਂ ਪਹੁੰਚੇ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਖਾਲਸਾ ਜੀ, ਸੰਨ 70 ਦਾ ਜਵਾਬ ਤਾਂ ਤੁਹਾਨੂੰ ਆਪ ਹੀ ਤੋਂ ਲੈਣਾ ਚਾਹੀਦਾ ਹੈ ਤੁਸੀਂ ਉਸ ਸਮੇਂ ਡਿਪਟੀ ਮਨਿਸਟਰ ਸੀ । (Khalsa jee since it relates to the year 1970 you should have known about it because you were Deputy Minister at that time. )

**ਮੰਤਰੀ** : ਸਪੀਕਰ ਸਾਹਿਬ, ਇਹ ਆਪਣੇ ਪੁਰਾਣੇ ਆਰਡਰਾਂ ਦੀ ਗਲ ਕਰਦੇ ਹਨ, ਸਾਡੇ ਆਰਡਰ ਤਾਂ ਤੁਰੰਤ ਜਾਂਦੇ ਹਨ । (ਹਾਸਾ)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਆਰਡਰ ਤਾਂ ਹੋਏ ਸਨ ਪਰ ਇਨ੍ਹਾਂ ਨੇ ਰੋਕ ਲਏ ਹਨ ।

**ਕਾਮਰੇਡ ਸਤਪਾਲ ਡਾਂਗ** : ਸਪੀਕਰ ਸਾਹਿਬ, ਇਹ ਕਿਹੜੇ ਮੈਰਿਟ ਦੀ ਗਲ ਕਰਦੇ ਹਨ । ਕਾਮਰੇਡ ਮਸਤਾਨਾ ਜੀ ਦਾ ਬਾਰਡਰ ਦਾ ਇਲਾਕਾ ਹੈ, ਕਾਮਰੇਡ ਮਹਿਤਾਬ ਸਿੰਘ ਜੀ ਦਾ ਬੈਕਵਰਡ ਇਲਾਕਾ ਹੈ ਅਤੇ ਕਾਮਰੇਡ ਦਾਨਾ ਰਾਮ ਜੀ ਦਾ ਪਛੜਿਆ ਹੋਇਆ ਏਰੀਆ ਹੈ ਪਰ ਇਥੇ ਕੋਈ ਵੀ ਸਕੂਲ ਅੱਪਗਰੇਡ ਨਹੀਂ ਕੀਤਾ ਗਿਆ । ਕੀ ਇਨ੍ਹਾਂ ਨੇ ਇਹ ਅਸੂਲ ਬਣਾਇਆ ਹੋਇਆ ਹੈ ਕਿ ਸੀ.ਪੀ.ਆਈ. ਮੈਂਬਰਜ਼ ਦੇ ਹਲਕਿਆਂ ਵਿਚ ਕੋਈ ਵੀ ਸਕੂਲ ਨਹੀਂ ਅੱਪਗਰੇਡ ਕਰਨਾ ਜਾਂ ਇਹ ਦੱਸਣ ਕਿ ਕਿਹੜਾ ਸਕੂਲ ਇਨ੍ਹਾਂ ਹਲਕਿਆਂ ਵਿਚ ਅੱਪ-ਗਰੇਡ ਕੀਤਾ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਜ਼ਬਾਨੀ ਤਾਂ ਇਹ ਚੀਜ਼ ਯਾਦ ਨਹੀਂ ਹੈ ਕਿ ਕਿਥੇ ਕਿਥੇ ਸਕੂਲ ਅੱਪਗਰੇਡ ਕੀਤੇ ਗਏ ਹਨ ਜੇਕਰ ਡਾਂਗ ਸਾਹਿਬ ਇਹ ਪੁੱਛਣਾ ਚਾਹੁੰਦੇ ਹਨ ਤਾਂ ਸੈਪਰਟ ਨੋਟਿਸ ਦੇ ਦੇਣ । ਮੈਂ ਵੇਖ ਲਵਾਂਗਾ ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ ਜੇਕਰ ਅਜਿਹੀ ਗਲ ਹੋਈ ਤਾਂ ਤੁਸੀਂ ਇਨ੍ਹਾਂ ਨੂੰ ਇਸ ਸਾਲ ਵਿਚ ਕੰਪੈਨਸੇਟ ਜ਼ਰੂਰ ਕਰ ਲੈਣਾ । (Minister Sahib, if what Mr. Dang has stated turns out to be correct you may try to make amends during this year.)

**ਮੰਤਰੀ** : ਜ਼ਰੂਰ ਕਰਾਂਗੇ ਜੀ ।

**ਸਰਦਾਰ ਕਰਨੈਲ ਸਿੰਘ ਮਰੜੀ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਪਤਾ ਹੀ ਹੋਣਾ ਹੈ ਕਿ ਮੇਰੇ ਹਲਕੇ ਵਿਚ ਇਹ ਇਕ ਸਕੂਲ ਨੂੰ ਅੱਪਗਰੇਡ ਕਰਨ ਲਈ ਹਾਂ ਕਰ ਆਏ ਸਨ ਪਰ ਉਸ ਦੇ ਆਰਡਰ ਅਜੇ ਤਕ ਨਹੀਂ ਹੋਏ । ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਜਿਥੇ ਹਾਂ ਕਰ ਕੇ ਆਏ ਹਨ ਉਹ ਤਾਂ ਇਹ ਅੱਪਗਰੇਡ ਕਰ ਦੇਣ ?

**ਸ੍ਰੀ ਸਪੀਕਰ** : ਮਰੜੀ ਸਾਹਿਬ, ਕੁਐਸਚਨ ਆਵਰ ਵਿਚ ਬੇਨਤੀਆਂ ਨਹੀਂ ਕੀਤੀਆਂ ਜਾਂਦੀਆਂ । (Marhari Sahib, requests are not made during the question hour.)

Original with;
Punjab Vidhan Sabha
Digitized by;
Panjab Digital Library

ਮੰਤਰੀ : ਮਰਜ਼ੀ ਸਾਹਿਬ, ਇਹ ਵਿਦਿਆ ਦਾ ਸਵਾਲ ਹੈ, ਤੁਸੀਂ ਹੁਣ ਕੋਈ ਗਲ ਕਰੋ । (ਹਾਸਾ)

ਸਿੰਚਾਈ ਅਤੇ ਬਿਜਲੀ ਮੰਤਰੀ : ਮਰਜ਼ੀ ਸਾਹਿਬ, ਤੁਸੀਂ ਕੋਈ ਢੱਡ ਸਾਰੰਗੀ ਵਜਾਉਣ ਦੀ ਗਲ ਕਰੋ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਜਦੋਂ ਤੁਹਾਡਾ ਭੋਗ ਪਵੇਗਾ ਤਾਂ ਢੱਡ ਸਾਰੰਗੀ ਵਜਾ ਲਵਾਂਗੇ । (ਵਿਘਨ)

Mr. Speaker : Next question. Starred Question No. 1269.

ਸਰਦਾਰ ਅਜਾਇਬ ਸਿੰਘ ਸੰਧੂ : ਕਿਸੇ ਨੇ ਸਵਾਲ ਨਹੀਂ ਪੁੱਛਿਆ । ਅਗੇ ਚਲੋ ਜੀ । (ਵਿਘਨ)

(The question was not put.)

---

MEMORANDUM REGARDING UN-EMPLOYED DOCTORS

***1031 Comrade Satya Pal Dang**: Will the Minister for Finance be pleased to state —

(a) whether a Memorandum dated 6-5-72 addressed to the Cheif Minister, Punjab was received by the Government from any Organization in Medical College, Amritsar regarding unemployed doctors; if so, a copy of the Memorandum be laid on the Table of the House;

(b) the action taken/proposed to be taken by the Government on the said Memorandum;

(c) whether the Government has any scheme to open more dispensaries in the rural areas; if so, when;

(d) whether the Government is considering any proposal to post qualified doctors in all the existing hospitals which are at present without qualified doctors ?

**Shri Hans Raj Sharma**: (a) Yes Sir. A copy of the Memorandum is laid on the Table of the House.

(b) Concrete steps have already been taken/are being taken to end unemployment amongst doctors.

(c) Yes Sir, 20 Rural Dispensaries and 40 Ayurvedic Dispensaries are to be opened during the year 1973-74.

(d) Yes Sir,

Original with;
Punjab Vidhan Sabha
Digitized by;
Panjab Digital Library

[Minister for Finance]

[(ੳ) ਜੀ ਹਾਂ। ਮੀਮੋਰੈਂਡਮ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਡਾਕਟਰਾਂ ਵਿਚ ਬੇਰੋਜ਼ਗਾਰੀ ਨੂੰ ਖਤਮ ਕਰਨ ਲਈ ਪਹਿਲਾਂ ਹੀ ਠੋਸ ਕਦਮ ਚੁਕੇ ਗਏ ਹਨ/ਚੁਕੇ ਜਾ ਰਹੇ ਹਨ।

(ੲ) ਜੀ ਹਾਂ 20 ਰੂਰਲ ਡਿਸਪੈਂਸਰੀਆਂ ਅਤੇ 40 ਆਯੁਰਵੈਦਿਕ ਡਿਸਪੈਂਸਰੀਆਂ ਸਾਲ 1973-74 ਵਿਚ ਖਲ੍ਹੀਆਂ ਜਾਣੀਆਂ ਹਨ।

(ਸ) ਜੀ ਹਾਂ।]

COPY OF MEMORANDUM

From

Unemployed Dactors of Punjab

To

The Hon.. Chief Minister, Punjab, Chandigarh

Subject : Employment to the unemployed doctors.

Sir,

With due respect we the young doctors bring to your kind notice the prevalance of unemployment amongst the young medical graduates. We a batch of' about 100 (50 at Amritsar and 50 at Patiala) are finishing our training in the last week of May, 1972. In addition, there are about 100 doctors who are already unemployed for the last six months. Now we are being paid Rs. 200/— as Interns and after 25th of May, even that will be withdrawn from us and even for our meals we will have to look into the pockets of some one else.

You know majority of us have studied with loans from various agencies which in even with interest in certain cases. Now we are becoming further burden on our parents. At least, the noble and highest respected profession in the the world should be spared from being macked by the people in the most prosperous State of India. The youth should be spared from frustration and your promises of socialism be fulfilled.

We request you to give immediate employment on ad—hoc basis to all the young graduates as soon as they complete their internship.

We request you to give sympathetic consideration to our case and oblige.

Thanking you in anticipation.

Yours faithfully,

Unemployed doctors,
Medical College, Amritsar.

As a matter to solve unemployment to the doctors we suggest the following;—

(1) Private Practice by Government doctors should be banned.

(2) Umployed doctors should be given employment allowances as is in the case of Engineers.

(3) Interest free loans should be given to all who intend to do private practice.

Original with;
Punjab Vidhan Sabha
Digitized by;
Panjab Digital Library

(4) Doctors from other States should not be taken in services in Punjab.

(5) Cut short the admission in Medical Colleges.

(6) Make the Medical Education rural oriented.

**Comrade Satya Pal Dang**: We request you to give immediate employment at least on adhoc basis to all the young graduate doctors. (*Interruption*)

ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 20 ਡਿਸਪੈਂਸਰੀਆਂ ਅਤੇ 40 ਆਯੁਰਵੈਦਿਕ ਡਿਸਪੈਂਸਰੀਆਂ ਸਾਲ 1973-74 ਵਿਚ ਖੋਲ੍ਹੀਆਂ ਜਾਣਗੀਆਂ। ਵੀਹ ਡਿਸਪੈਂਸਰੀਆਂ ਵਿਚ ਤਾਂ ਕੇਵਲ 20 ਐਮ. ਬੀ. ਬੀ. ਐਸ. ਡਾਕਟਰ ਹੀ ਲਗ ਸਕਣਗੇ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀਆਂ ਦਾ ਕੀ ਪ੍ਰਬੰਧ ਕੀਤਾ ਹੈ ?

**ਚੌਧਰੀ ਸੁੰਦਰ ਸਿੰਘ** ਇਨ੍ਹਾਂ ਨੇ ਸਾਰਿਆਂ ਦਾ ਕੋਈ ਠੇਕਾ ਲਿਆ ਹੋਇਆ ਹੈ। (ਹਾਸਾ)

**ਸ੍ਰੀ ਸਪੀਕਰ**: ਚੌਧਰੀ ਸਾਹਿਬ, ਤੁਹਾਨੂੰ ਜਵਾਬ ਦੇਣ ਦਾ ਠੇਕਾ ਕਿਸ ਨੇ ਨੇ ਦਿਤਾ ਹੈ। (Chaudhry Sahib, who has authorised you to give the reply?)

ਵਿੱਤ ਮੰਤਰੀ: ਸਪੀਕਰ ਸਾਹਿਬ, ਜਿਹੜੇ ਕੁਆਲੀਫਾਈਡ ਡਾਕਟਰਜ਼ ਬੇਕਾਰ ਸਨ ਉਨ੍ਹਾਂ ਵਿਚੋਂ ਅਸੀਂ ਕੁਝ ਦੀਆਂ ਐਡਹਾਕ ਐਪੁਆਇੰਟਮੈਂਟਸ ਕੀਤੀਆਂ ਹਨ ਅਤੇ ਇਸ ਸਾਲ ਦੇ ਅੰਤ ਤਕ ਯਾਨੀ 31 ਮਾਰਚ ਤਕ 225 ਦੇ ਕਰੀਬ ਡਾਕਟਰ ਰਖੇ ਜਾਣਗੇ। ਇਸ ਤੋਂ ਇਲਾਵਾ ਅਗਲੇ ਸਾਲ ਲਈ ਇਹ ਪਰੋਗਰਾਮ ਬਣਾਇਆ ਹੈ ਕਿ 256 ਪੋਸਟਾਂ ਅਸੀਂ ਹੋਰ ਕਰੀਏਟ ਕਰੀਏ ਅਤੇ ਅਗਲੇ ਸਾਲ ਵਿਚ ਸੱਬ-ਸੈਂਟਰਾਂ ਵਿਚ ਕੁਆਲੀਫਾਈਡ ਡਾਕਟਰ ਲਗਾ ਦੇਵਾਂਗੇ। ਹਰ ਸਾਲ ਵਿਚ 400 ਡਾਕਟਰ ਨਿਕਲਦਾ ਹੈ। 100 ਐਬਜ਼ਾਰਬ ਹੋ ਜਾਂਦਾ ਹੈ ਅਤੇ 300 ਡਾਕਟਰ ਹਰ ਸਾਲ ਡਿਸਪੈਂਸਰੀਜ਼ ਵਿਚ ਲਗਾਉਣੇ ਹਨ।

ਕਾਮਰੇਡ ਅਰਜਨ ਸਿੰਘ ਮਸਤਾਨਾ: ਕੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛ ਸਕਦਾ ਹਾਂ ਕਿ ਜਿਹੜੇ ਬਾਰਡਰ ਦੇ ਇਲਾਕੇ ਹਨ ਜਾਂ ਪਛੜੇ ਹੋਏ ਇਲਾਕੇ ਹਨ ਉਨ੍ਹਾਂ ਵਿਚ ਹਸਪਤਾਲ ਖੋਲ੍ਹਣ ਲਈ ਤਰਜੀਹ ਦਿਤੀ ਜਾਵੇਗੀ ?

ਮੰਤਰੀ: ਹਾਂ ਜੀ, ਜ਼ਰੂਰ ਦਿਤੀ ਜਾਵੇਗੀ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ: ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਦਾ ਪਹਾੜੀ ਅਤੇ ਨੀਮ ਪਹਾੜੀ ਇਲਾਕਾ ਜਿਹੜਾ ਹੈ ਉਸ ਵਿਚ ਵੀ ਇਹ ਤਰਜੀਹ ਦਿਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਗੜ੍ਹਸ਼ੰਕਰ ਵਲ ਜ਼ਰੂਰ ਧਿਆਨ ਦਿਤਾ ਜਾਵੇਗਾ ।

ਸ੍ਰੀ ਸਪੀਕਰ: ਪਰ ਇਹ ਤਾਂ ਪਹਾੜੀ ਇਲਾਕਾ ਹੀ ਨਹੀਂ ਹੈ । (But Garhshankar is not hilly area.)

**Mr. Speaker** : Question Hour is over. The remaining questions will be deemed to have been answered under Rule 38 of the Rules of Procedure and Conduct of Business in the Punjab Legislative Assembly.

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### EXTENSION IN SERVICE GIVEN TO OFFICERS IN P. W. D. (IRRIGATION BRANCH)

***1029. Comrade Saty Pal Dang** : Will the Minister for Irrigation and Power be pleased to state :

(a) whether any officers of the P. W. D. (Irrigation Branch) were due to retire during the months of July and August, 1972, if so, a list giving their names, designations etc. be laid on the Table of the House;

(b) whether any of the said officers were given extension beyond the age of superannuation, if so, their number and names and the reasons therefor ;

(c) the period for which extension was given in each case ?

**Shri Gurmail Singh** : a) Yes. The list is laid on the Table of the House.

(b) Shri Gajinder Singh, Hydraulic Officer was given re-employment.

(c) One year's re-employment and not extension.

[(ੲ) ਹਾਂ ਜੀ । ਸੂਚੀ ਸਦਨ ਦੀ ਮੇਜ਼ ਉਤੇ ਰਖੀ ਜਾਂਦੀ ਹੈ ।

(ਬੀ) ਸ੍ਰੀ ਗਜਿੰਦਰ ਸਿੰਘ, ਹਾਈਡ੍ਰਾਲਿਕ ਅਫਸਰ ਨੂੰ ਦੋਬਾਰਾ ਨੌਕਰੀ ਦਿਤੀ ਗਈ ਸੀ ।

(ਸੀ) ਇਕ ਸਾਲ ਦੀ ਰੀਇਮਪਲਾਇਮੈਂਟ, ਐਕਸਟੈਨਸ਼ਨ ਨਹੀਂ । ]

Original with;
Punjab Vidhan Sabha
Digitized by;
Panjab Digital Library

LIST OF OFFICERS WHO RETIRED IN JULY, AUGUST, 1972

| S. No. | Name & Designation S/Shri | Date of Retirement |
|---|---|---|
| 1. | S. M. Ramgarhia, Chief Engineer, I. B. Head Office, Chandigarh. | 9-3-72 A. N. |
| 2. | Satya Pal Gupta, Offg. S. D. O. (Mech.) | 23-8-72 A. N. |
| 3. | Santokh Singh, offg. A. D. E. | 31-7-72 A. N. |
| 4. | Gajinder Siugh, Research Officer. | 2-8-72. |

## EXTENSION IN SERVICE GIVEN to OFFICERS IN P. W. D. (P. H. BRANCH)

***1030 Comrade Satyapal Dang** : Will the Irrigation and Power Minister be pleased to state—

(a) whether any officers of the P. W. D. (P. H. Branch) were due to retire during the months of July and August, 1972, if so, a list giving their names, designations etc. be laid on the Table of the House;

(b) whether any of the said officers were given extension beyond the age of superannuation; if so their number and names and the reasons therefor;

(c) the period for which extension given in each case ?

ਸ੍ਰੀ ਗੁਰਮੇਲ ਸਿੰਘ: (ੳ) ਨਹੀਂ ਜੀ।

(ਅ) ਨਹੀਂ ਜੀ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ।

## PROPOSAL OF PUNJAB STATE ELECTRICITY BOARD FOR ELECTRIFYING OF VILLAGES.

***1087 1. Comrade Dana Ram,**
**2. Comrade Satyapal Dang,** } :— Will the Minister for Irrigation and Power be pleased to state:

(a) whether the Punjab State Electricity Board has submitted a scheme to the Punjab Government for electrifying every village in Punjab during the year 1973-74, if so, the salient features thereof ;

(b) the decision, if any, taken by the Government on the said proposal ?

Original with;
Punjab Vidhan Sabha
Digitized by;
Panjab Digital Library

**Shri Gurmail Singh** : (a) Yes. Under this scheme, about 3500 villages in the State, which are not covered under the schemes sanctioned by the Rural Electrification Corporation, are proposed to be electrified during 1973-74. The estimated cost is about 18 crores.

(b) The matter is still under consideration.

[(ੲ) ਜੀ ਹਾਂ, ਇਸ ਸਕੀਮ ਹੇਠ ਤਕਰੀਬਨ 3500 ਪਿੰਡਾਂ ਨੂੰ ਜਿਹੜੇ ਕਿ ਦਿਹਾਤੀ ਬਿਜਲੀਕਰਨ ਕਾਰਪੋਰੇਸ਼ਨ ਦੀਆਂ ਸਕੀਮਾਂ ਹੇਠ ਨਹੀਂ ਆਉਂਦੇ ਉਨ੍ਹਾਂ ਨੂੰ ਸਾਲ 1973-74 ਵਿਚ ਬਿਜਲੀ ਦੇਣ ਦੀ ਤਜਵੀਜ਼ ਹੈ। ਇਸ ਸਕੀਮ ਤੇ 18 ਕਰੋੜ ਰੁਪਏ ਦੇ ਖਰਚੇ ਦਾ ਅਨੁਮਾਨ ਹੈ।

(ਬੀ) ਇਹ ਮਾਮਲਾ ਵਿਚਾਰ ਅਧੀਨ ਹੈ।]

---

RAIDS CONDUCTED BY PUNJAB STATE ELECTRICITY BOARD FLYING SQUAD IN DISTRICT GURDASPUR

*1183. **Sardar Ajaib Singh Sandhu**
**Sardar Prehlad Singh,**
**Sardar Jasdev Singh Sandhu** } Will the Minister for Irrigation and Power be pleased to state:

(a) whether any raids were conducted by the Punjab State Electricity Board, Flying Squad in District Gurdaspur during the month of January, 1973 to detect theft of power etc. ;

(b) if the answer to part (a) above be in the affirmative, the results of the said raids and the action so far taken or proposed to be taken against the defaulters?

**Shri Gurmail Singh** (a) Yes.

(b) (i) 3 No. tube-well consumers were found to have installed motor of higher capacity against their sanctioned load. Similarly the coils of the meters of these industrial consumers were found out of order and the meters were registering less consumption.

(ii) The S. D. Os. in charge of the checked area have been asked to punish defaulters in accordance with the Board's rules.

[(ੲ) ਜੀ ਹਾਂ।

(ਬੀ) (1) 3 ਟਿਊਬਵੈਲ ਖਪਤਕਾਰ ਲਭੇ ਗਏ ਸਨ ਜਿਨ੍ਹਾਂ ਨੇ ਮਨਜ਼ੂਰ ਕੀਤੇ ਹੋਏ ਲੋਡ ਤੋਂ ਵਧ ਸਮਰਥੀ ਦੀਆਂ ਮੋਟਰਾਂ ਲਗਾਈਆਂ ਹੋਈਆਂ ਸਨ। ਇਸੇ ਤਰ੍ਹਾਂ 3 ਉਦਯੋਗਕ, ਖਪਤਕਾਰਾਂ ਦੇ ਮੀਟਰਾਂ ਦੀਆਂ ਕੁਆਇਲਾਂ ਖਰਾਬ ਹੋਈਆਂ ਲਭੀਆਂ ਗਈਆਂ ਸਨ ਅਤੇ ਮੀਟਰ ਘਟ ਖ਼ਪਤ ਰਜਿਸਟਰ ਕਰ ਰਹੇ ਸਨ।

(2) ਪੜਤਾਲੇ ਗਏ ਇਲਾਕੇ ਦੇ ਇਨਚਾਰਜ ਉਪ ਮੰਡਲ ਅਫਸਰਾਂ ਨੂੰ ਬੋਰਡ ਦੇ ਨਿਯਮਾਂ ਅਨੁਸਾਰ ਕਸੂਰਵਾਰਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਗਿਆ ਹੈ।]

Original with;
Punjab Vidhan Sabha
Digitized by;
Panjab Digital Library

PRISONERS CONVICTED IN U. P. RELEASED FROM PUNJAB JAILS

*1085. 1. **Comrade Dana Ram,**
2. **Comrade Satyapal Dang** } — Will the Minister of State for Local Government and Jails be pleased to state—

(a) the number and names of such prisoners in various jails of Punjab on 14-8-72 as were convicted by various courts in U. P.;

(b) whether the U. P. Government sent any instructions according to which certain categories of such prisoners were to be released in connection with the amnestly given by the U. P. Government on the occasion of 25th anniversary; if so, the date of receipt of the said instructions;

(c) whether the release were actually effected;

(d) whether it is a fact that there was long delay in the release of the said prisoners; if so, the reasons therefor ?

**Shri Joginder Pal Pandey** : (a) 14. The names of the prisoners are given in the Statement which is laid on the Table of the House.

(b) Yes, on 16-8-1972.

(c) Yes. Certain prisoners were released as is given in column 3 of the statement.

(d) Yes. Due to the observance of procedural formalities.

[(ੳ) 14 ਕੈਦੀਆਂ ਦੇ ਨਾਂ ਸਟੇਟਮੈਂਟ ਵਿਚ ਦਿਤੇ ਗਏ ਹਨ, ਜਿਹੜੀ ਕਿ ਵਿਧਾਨ ਸਭਾ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਜੀ ਹਾਂ, 16/8/72 ਨੂੰ

(ੲ) ਜੀ ਹਾਂ, ਕੁਝ ਕੈਦੀ ਰਿਹਾ ਕੀਤੇ ਗਏ ਸਨ ਜਿਵੇਂ ਕਿ ਸਟੇਟਮੈਂਟ ਦੇ ਕਾਲਮ 3 ਵਿਚ ਦਸਿਆ ਗਿਆ ਹੈ ।

(ਸ) ਜੀ ਹਾਂ, ਪਰੋਜ਼ੀਜਰਲ ਫਾਰਮੈਲਿਟੀਜ਼ ਦੀ ਪਾਲਣਾ ਕਰਨ ਵਜੋਂ ।]

Original with;
Punjab Vidhan Sabha
Digitized by;
Panjab Digital Library

[Minister of State for Local Government]

STATEMENT

| Sr. No. | Name of Prisoner | Date of release. |
|---|---|---|
| 1. | Surjit Singh s/o Mohan Singh | 25-12-72 |
| 2. | Nirpal Singh s/o Harnam Singh | |
| 3. | Sohan Singh s/o Lal Singh | |
| 4. | Sarotam Singh s/o Ganga Singh | 26-12-72 |
| 5. | Gurbachan Singh s/o Labh Singh | 26-12-1972 |
| 6. | Alferd s/o John Son | 26-12-72 |
| 7. | Bharpur Singh s/o Kartar Singh | 26-12-72 |
| 8. | Mull Singh s/o Jit Singh | |
| 9. | Gurdip Singh s/o Basant Singh | |
| 10. | Ravinder Singh s/o Kanchan Singh | |
| 11. | Ajaib Singh s/o Bakhtawar Singh | |
| 12. | Swaran Singh s/o Mehnga Singh. | |
| 13. | Jhanda Singh s/o Sohan Singh. | |
| 14. | Tilak Raj s/o Ramsaran Dass. | |

| [ਸੀਰੀਅਲ ਨੰ: | ਕੈਦੀ ਦਾ ਨਾਂ | ਰਿਹਾਈ ਦੀ ਮਿਤੀ |
|---|---|---|
| 1. | ਸੁਰਜੀਤ ਸਿੰਘ ਪੁਤਰ ਮੋਹਨ ਸਿੰਘ | 25/12/72 |
| 2. | ਨਿਰਪਾਲ ਸਿੰਘ ਪੁਤਰ ਹਰਨਾਮ ਸਿੰਘ | |
| 3. | ਸੋਹਨ ਸਿੰਘ ਪੁਤਰ ਲਾਲ ਸਿੰਘ | |
| 4. | ਸਰੋਤਮ ਸਿੰਘ ਪੁਤਰ ਗੰਗਾ ਸਿੰਘ | 26/12/72 |
| 5. | ਗੁਰਬਚਨ ਸਿੰਘ ਪੁਤਰ ਲਾਭ ਸਿੰਘ | 26/12/72 |
| 6. | ਐਲਫਰਡ ਪੁਤਰ ਜਾਨ ਸਨ | 26/12/72 |
| 7. | ਭਰਪੂਰ ਸਿੰਘ ਪੁਤਰ ਕਰਤਾਰ ਸਿੰਘ | 26/12/22 |
| 8. | ਮੱਲ ਸਿੰਘ ਪੁੱਤਰ ਜੀਤ ਸਿੰਘ | |
| 9. | ਗੁਰਦੀਪ ਸਿੰਘ ਪੁਤਰ ਬਸੰਤ ਸਿੰਘ | |
| 10. | ਰਵਿੰਦਰ ਸਿੰਘ ਪੁਤਰ ਕੰਚਨ ਸਿੰਘ | |

Original with;
Punjab Vidhan Sabha
Digitized by;
Panjab Digital Library

11. ਅਜੈਬ ਸਿੰਘ, ਪੁਤਰ ਬਖ਼ਤਾਵਰ ਸਿੰਘ

12. ਸਵਰਨ ਸਿੰਘ ਪੁਤਰ ਮਹਿੰਗਾ ਸਿੰਘ

13 ਝੰਡਾ ਸਿੰਘ ਪੁਤਰ ਸੋਹਨ ਸਿੰਘ

14. ਤਿਲਕ ਰਾਜ ਪੁਤਰ ਰਾਮ ਸਰਨ ਦਾਸ

---

## RELEASE OF CONVICTS SENTENCED TO LIFE IMPRISONMENT BY COURTS IN MADHYA PRADESH FROM PUNJAB JAILS.

*1086. 1. **Comrade Dana Ram**
2. **Comrade Satya Pal Dang** } : Will the Minister of State for Local Government and Jails be pleased to state—

(a) the names of convicts sentenced to life imprisonment by various courts in Madhya Pradesh who were lodged in various Jails of Punjab as on 15th October, 1972;

(b) the imprisonment already undergone by each of them and the remission granted in each case;

(c) whether any of the said convicts have been released since 15th October, 1972?

**Shri Joginder Pal Pandey:** (a), (b) and (c). The statement is laid on the Table of the House.

[(ੳ), (ਅ) ਅਤੇ (ੲ) ਸਟੇਟਮੈਂਟ ਵਿਧਾਨ ਸਭਾ ਦੀ ਮੇਜ਼ ਤੇ ਰਖੀ ਜਾਂਦੀ ਹੈ ।]

Original with;
Punjab Vidhan Sabha
Digitized by;
Panjab Digital Library

[Minister of State for Local Government]

ANNEXURE TO VIDHAN SABHA QUESTION NO. 1086 ASKED BY COMRADE DANA RAM, AND COMRADE SATYA PAL DANG,

STATEMENT

| Names of Convicts sentenced to life imprisonment by various courts of Madhya Pradesh who were lodged in various Jails of Punjab on 15-10-1972 | The imprisonment already undergone by each of them and the remission granted in each case | | | | | | Whether any of the said Convicts have been released since 15-10-1972 |
|---|---|---|---|---|---|---|---|
| (a) | (b) | | | | | | (c) |
| | Undergone Sentence | | | Remission earned | | | |
| | Years | Months | days | Years | Months | days | No. |
| 1. Kundan Singh s/o Budh Singh | 15 | 7 | 19 | 7 | 4 | 8 | ,, |
| 2. Dhyan Singh s/o Ganga Singh .. | 12 | 3 | 27 | 7 | 9 | 5 | ,, |
| 3. Mehnga Singh s/o Amar Singh .. | 8 | 7 | 17 | 4 | 9 | 9 | ,, |
| 4. Amar Singh s/o Mehnga Singh .. | 15 | 7 | 19 | 9 | 1 | 6 | ,, |
| 5. Chiman Lal s/o Kanshi Ram .. | 9 | 10 | 1 | 4 | 8 | 7 | ,, |
| 6. Tara Singh s/o Chandan Singh .. | 4 | 5 | 15 | 4 | 6 | 9 | ,, |
| 7. Sarup Singh s/o Chandan Singh .. | 4 | 5 | 15 | 4 | 8 | 27 | ,, |
| 8. Gurmail Singh s/o Natha Singh .. | 3 | 7 | 19 | 0 | 5 | 24 | ,, |
| 9. Bahadur Singh s/o Pritam Singh .. | 15 | 7 | 20 | 13 | 5 | 0 | ,, |
| 10. Raghbir Singh s/o Inder Singh .. | 11 | 8 | 4 | 12 | 2 | 2 | ,, |
| 11. Sant Singh s/o Swaran Singh .. | 12 | 1 | 16 | 10 | 10 | 28 | ,, |

Original with;
Punjab Vidhan Sabha
Digitized by;
Panjab Digital Library

| 1 | 2 | | | | | | 3 |
|---|---|---|---|---|---|---|---|
| [ (ੳ) | (ਅ) | | | | | | (ੲ) |
| | ਭੁਗਤੀ ਸਜ਼ਾ | | | ਮਿਲੀ ਮਾਫੀ | | | |
| | ਸਾਲ | ਮਹੀਨਾ | ਦਿਨ | ਸਾਲ | ਮਹੀਨਾ | ਦਿਨ | ਨਹੀਂ |
| 1. ਕੁੰਦਨ ਸਿੰਘ ਪੁਤਰ ਬੁੱਧ ਸਿੰਘ | 15 | 7 | 19 | 7 | 4 | 8 | — |
| 2. ਧਿਆਨ ਸਿੰਘ ਪੁਤਰ ਗੰਗਾ ਰਾਮ | 12 | 3 | 27 | 7 | 9 | 5 | — |
| 3. ਮਹਿੰਗਾ ਸਿੰਘ ਪੁਤਰ ਅਮਰ ਸਿੰਘ | 8 | 7 | 17 | 4 | 9 | 9 | — |
| 4. ਅਮਰ ਸਿੰਘ ਪੁਤਰ ਮਹਿੰਗਾ ਸਿੰਘ | 15 | 7 | 19 | 9 | 1 | 6 | — |
| 5. ਚਿਮਨ ਲਾਲ ਪੁਤਰ ਕਾਂਸੀ ਰਾਮ | 9 | 10 | 1 | 4 | 8 | 7 | — |
| 6. ਤਾਰਾ ਸਿੰਘ ਪੁਤਰ ਚੰਦਨ ਸਿੰਘ | 4 | 5 | 15 | 4 | 6 | 9 | — |
| 7. ਸਰੂਪ ਸਿੰਘ ਪੁਤਰ ਚੰਦਨ ਸਿੰਘ | 4 | 5 | 15 | 4 | 8 | 27 | — |
| 8. ਗੁਰਮੇਲ ਸਿੰਘ ਪੁਤਰ ਨੱਥਾ ਸਿੰਘ | 3 | 7 | 19 | 0 | 5 | 24 | — |
| 9. ਬਹਾਦਰ ਸਿੰਘ ਪੁਤਰ ਪ੍ਰੀਤਮ ਸਿੰਘ | 15 | 7 | 20 | 13 | 5 | — | — |
| 10. ਰਘਬੀਰ ਸਿੰਘ ਪੁਤਰ ਇੰਦਰ ਸਿੰਘ | 11 | 8 | 4 | 12 | 2 | 2 | — |
| 11. ਸੰਤ ਸਿੰਘ ਪੁਤਰ ਸਵਰਨ ਸਿੰਘ | 12 | 1 | 16 | 10 | 10 | 28 | — |

Original with;
Punjab Vidhan Sabha
Digitized by;
Panjab Digital Library

## PERSONAL EXPLANATION BY Dr. HARBHAJAN SINGH

**ਡਾਕਟਰ ਹਰਭਜਨ ਸਿੰਘ** (ਆਦਮਪੁਰ) : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ । ਕਲ ਸਪੀਕਰ ਸਾਹਿਬ ਚੀਫ ਮਨਿਸਟਰ ਸਾਹਿਬ ਨੇ ਅਕਾਲੀ ਪਾਰਟੀ ਦੀ ਕਾਰਕਰਦਗੀ ਦੇ ਬਾਰੇ ਵਿਚ ਕਾਫ਼ੀ ਰੋਸ਼ਨੀ ਪਾਈ ਸੀ । (ਵਿਘਨ)

**ਸ੍ਰੀ ਸਪੀਕਰ** : ਤੁਸੀਂ ਕਿਸ ਗੱਲ ਨੂੰ ਲੈ ਕੇ ਇਹ ਪੁਆਇੰਟ ਰੇਜ਼ ਕਰਨਾ ਚਾਹੁੰਦੇ ਹੋ । (ਵਿਘਨ) ਮੈਂ ਬੇਨਤੀ ਕਰਾਂਗਾ ਕਿ ਤੁਸੀਂ ਕੇਵਲ ਉਸ ਗਲ ਬਾਰੇ ਇਹ ਪੁਆਇੰਟ ਰੇਜ਼ ਕਰ ਸਕਦੇ ਹੋ ਜਿਹੜੀ ਕਿ ਤੁਹਾਡੀ ਜ਼ਾਤ ਨਾਲ ਸਬੰਧਤ ਕਹੀ ਗਈ ਹੋਵੇ ਜਾਂ ਤੁਹਾਡੇ ਫੰਕਸ਼ਨਜ਼ ਨਾਲ ਜਿਸ ਦਾ ਸਬੰਧ ਹੋਵੇ । (ਵਿਘਨ) (Concerning what matter are you going to give the personal explanation? I would like to point out that you can give a personal explanation concerning anything said in the House about your person or functions.)

ਸਰਦਾਰ ਅਜਾਇਬ ਸਿੰਘ ਸੰਧੂ : ਚੋਰ ਕੀ ਦਾਹੜੀ ਮੇਂ ਤਿਨਕਾ ।

ਡਾਕਟਰ ਹਰਭਜਨ ਸਿੰਘ : ਸਪੀਕਰ ਸਾਹਿਬ, ਅਕਾਲੀ ਪਾਰਟੀ ਵਲੋਂ ਕੱਲ ਇਹ ਗਲ ਕਹੀ ਗਈ ਕਿ 2 ਇਨਡੀਪੈਂਡੈਂਟ ਐਮ. ਐਲ. ਏਜ਼. ਖਰੀਦੇ ਗਏ ਹਨ ਇਸ ਦੇ ਬਾਰੇ ਵਿਚ ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਆਜ਼ਾਦ ਮੈਂਬਰ ਦੇ ਤੌਰ ਤੇ ਇਲੈਕਸ਼ਨ ਲੜ ਕੇ ਆਇਆ ਹਾਂ । ਮੈਂ ਕਦ ਅਕਾਲੀਆਂ ਦਾ ਯਾਰ ਸਾਂ ? ਮੈਂ ਕਾਂਗਰਸ ਵਿਚ ਹੀ ਜੰਮਿਆਂ ਅਤੇ ਕਾਂਗਰਸ ਵਿਚ ਹੀ ਮਰਾਂਗਾ । (ਪਰਸ਼ੰਸਾ)

ਇਹ ਤਾਂ ਆਪ ਕੁਰੱਪਟ ਹਨ 5,000 ਵੋਟ ਤੇ ਇਨ੍ਹਾਂ ਨੂੰ ਲਕ ਤੋੜਵੀਂ ਹਾਰ ਦੇ ਕੇ ਇਲੈਕਸ਼ਨ ਜਿਤ ਕੇ ਆਇਆ ਹਾਂ । ਇਹ ਗਲਤ ਕਹਿੰਦੇ ਹਨ ਕਿ ਇਹ ਮੈਂਬਰ ਖਰੀਦੇ ਗਏ ਹਨ । ਅਸੀਂ ਇਸ ਤਰ੍ਹਾਂ ਦੀ ਗਲ ਨੂੰ ਹਰਗਿਜ਼ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ । ਇਨ੍ਹਾਂ ਨੂੰ ਕੋਈ ਪੁਛੇ ਕਿ ਕੀ ਉਸ ਵੇਲੇ ਕੋਈ ਸਰਕਾਰ ਤੇ ਕਰਾਇਸਿਜ਼ ਆਇਆ ਹੋਇਆ ਸੀ ਜਾਂ ਮੈਂ ਇਨ੍ਹਾਂ ਤੋਂ ਆ ਕੇ ਕੋਈ ਆਫਿਸ ਲੈ ਲਿਆ ਸੀ । ਮੈਂ ਤਾਂ ਵਿਧਾਨ ਸਭਾ ਦੇ ਪਹਿਲੇ ਹੀ ਇਜਲਾਸ ਦੇ ਪਹਿਲੇ ਦਿਨ ਤੋਂ ਇਨ੍ਹਾਂ ਦਾ ਹੀ ਸਾਥ ਦਿੰਦਾ ਰਿਹਾ ਹਾਂ । ਹਰ ਇਕ ਆਜ਼ਾਦ ਮੈਂਬਰ ਅਕਾਲੀ ਪਾਰਟੀ ਵਿਚ ਸ਼ਾਮਲ ਹੋਇਆ ਹੈ । ਅਤੇ ਇਸ ਪਾਰਟੀ ਦਾ ਇਹ ਸਾਡੇ ਤੇ ਦੋਸ਼ ਲਗਾਉਣਾ ਜ਼ਾਹਰ ਕਰਦਾ ਹੈ ਕਿ ਇਨ੍ਹਾਂ ਨੇ ਉਸ ਨੂੰ ਖਰੀਦ ਲਿਆ ਹੈ ਇਸ ਲਈ ਜਿਹੜੀ ਇਨ੍ਹਾਂ ਨੇ ਮੇਰੇ ਬਾਰੇ ਵਿਚ ਗਲ ਕਹੀ ਹੈ ਇਹ ਗਲਤ ਹੈ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਇਲੈਕਸ਼ਨ ਲੜ ਕੇ ਆਉਣ ਪਹਿਲਾਂ ਅਸਤੀਫ਼ਾ ਦੇਣ ਅਤੇ ਕਾਂਗਰਸ ਟਿਕਟ ਤੇ ਲੜ ਕੇ ਆ ਜਾਣ ! (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਸੰਧੂ ਸਾਹਿਬ ਜੇਕਰ ਤੁਸੀਂ ਇਤਰਾਜ਼ ਕਰਦੇ ਹੋ ਤਾਂ ਮੈਂ ਇਕ ਸੁਝਾਵ ਦੇਵਾਂ ਕਿ ਕਿਉਂ ਨਾ ਇਸ ਹਾਊਸ ਵਿਚ ਇਕ ਬਿੱਲ ਲੈ ਆਂਦਾ ਜਾਵੇ ਕਿ ਜਿਹੜਾ ਇਕ ਪਾਰਟੀ ਦੇ ਟਿਕਟ ਤੇ ਇਲੈਕਸ਼ਨ ਲੜ ਕੇ ਆਇਆ ਹੋਵੇ ਅਤੇ ਬਾਦ ਵਿਚ ਪਾਰਟੀ ਬਦਲ ਲਏ ਤਾਂ ਉਹ ਦੁਬਾਰਾ ਇਲੈਕਸ਼ਨ ਲੜ ਕੇ ਆਵੇ । (Sandhu Sahib as you object to the defections, may I suggest that a Bill may be moved to the effect that anybody who defects or crosses the floor, should seek re-election on the new party's ticket ?)

ਬਹੁਤ ਸਾਰੇ ਮੈਂਬਰ : ਜੀ ਹਾਂ ਜ਼ਰੂਰ ਲਿਆਉਣਾ ਚਾਹੀਦਾ ਹੈ । ਸਾਨੂੰ ਕੋਈ ਇਤਰਾਜ਼ ਨਹੀਂ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਖਲਾਕ ਦੀ ਗਲ ਇਹ ਹੈ ਕਿ ਜਿਹੜੇ ਮੈਂਬਰ ਪਾਰਟੀ ਬਦਲਣ ਉਹ ਆਪਣੀਆਂ ਸੀਟਾਂ ਤੋਂ ਅਸਤੀਫ਼ਾ ਦੇ ਦੇਣ ਅਤੇ ਦੁਬਾਰਾ ਨਵੀਂ ਪਾਰਟੀ ਦੇ ਟਿਕਟ ਤੇ ਇਲੈਕਸ਼ਨਾਂ ਲੜ ਕੇ ਆਉਣ । ਤੁਸੀਂ ਬੇਸ਼ਕ ਬਿੱਲ ਲੈ ਆਓ ਅਸੀਂ ਉਸ ਦੀ ਹਿਮਾਇਤ ਕਰਾਂਗੇ । (ਵਿਘਨ)

ਸਿੱਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਮੈਂ ਸਪੀਕਰ ਸਾਹਿਬ, ਇਹ ਬੇਨਤੀ ਕਰਦਾ ਹਾਂ ਕਿ ਇਥੇ ਸੰਧੂ ਸਾਹਿਬ ਨੇ ਹਾਊਸ ਵਿਚ ਐਸ਼ੋਰੈਂਸ ਦਿਤੀ ਹੈ ਕਿ ਜੇਕਰ ਕੋਈ ਬਿਲ ਡਿਫ਼ੈਕਸ਼ਨਜ਼ ਦੇ ਬਾਰੇ ਵਿਚ ਲਿਆਂਦਾ ਜਾਵੇ ਤਾਂ ਉਹ ਉਸ ਬਿਲ ਦੀ ਹਿਮਾਇਤ ਕਰਨਗੇ ਪਰ ਇਹ ਅਸ਼ੋਰੈਂਸ ਡਿਪਟੀ ਲੀਡਰ ਵਲੋਂ ਆਈ ਹੈ ਪਾਰਟੀ ਦੇ ਲੀਡਰ ਵਲੋਂ ਆਉਣੀ ਚਾਹੀਦੀ ਹੈ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਇਹ ਤਜਵੀਜ ਸਪੀਕਰ ਸਾਹਿਬ, ਬਹੁਤ ਅੱਛੀ ਹੈ ਕਿ ਇਸ ਸਬੰਧ ਵਿਚ ਕੋਈ ਬਿੱਲ ਲਿਆਂਦਾ ਜਾਵੇ ਅਤੇ ਡਿਫ਼ੈਕਸ਼ਨਾਂ ਨੂੰ ਰੋਕਿਆ ਜਾਵੇ । ਭਾਰਤ ਦੀ ਪਾਰਲੀਮੈਂਟ ਨੇ ਵੀ ਇਸ ਬਾਰੇ ਵਿਚਾਰ ਕਰਨ ਲਈ ਇਕ ਕਮੇਟੀ ਬਣਾਈ ਹੈ । ਇਸ ਲਈ ਮੈਂ ਕਹਾਂਗਾ ਕਿ ਇਸ ਸਬੰਧ ਵਿਚ ਇਸ ਸਰਕਾਰ ਵਲੋਂ ਇਕ ਰਿਕੁਮੈਂਡੇਸ਼ਨ ਹੋਣੀ ਚਾਹੀਦੀ ਹੈ ਅਤੇ ਇਕ ਮਤੇ ਦੀ ਸ਼ਕਲ ਵਿਚ ਯੂਨਾਨੀਮਸਲੀ ਇਹ ਸਿਫਾਰਸ਼ ਪਾਰਲੀਮੈਂਟ ਨੂੰ ਕਰਨੀ ਚਾਹੀਦੀ ਹੈ ਕਿ ਡਿਫ਼ੈਕਸ਼ਨਜ਼ ਨੂੰ ਰੋਕਣ ਲਈ ਉਚਿਤ ਕਾਰਵਾਈ ਕੀਤੀ ਜਾਵੇ ਤਾਕਿ ਜਿਹੜਾ ਇਕ ਪਾਰਟੀ ਨੂੰ ਛਡੇ ਉਹ ਪਹਿਲਾਂ ਅਸਤੀਫਾ ਦੇਵੇ ਅਤੇ ਫਿਰ ਨਵੀਂ ਪਾਰਟੀ ਦੇ ਟਿਕਟ ਤੇ ਇਲੈਕਸ਼ਨ ਲੜ ਕੇ ਆਵੇ । (ਵਿਘਨ)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਸਪੀਕਰ ਸਾਹਿਬ, ਇਸ ਸੁਝਾਵ ਦੀ ਤਾਈਦ ਕਰਦਾ ਹਾਂ । ਮੈਂ ਤਾਂ ਆਪ ਇਸ ਅਸੂਲ ਦੇ ਬਾਰੇ ਵਿਚ ਕਈ ਵੇਰ ਕਿਹਾ ਹੈ ਪਰ ਇਸ ਨੂੰ ਕਾਂਗਰਸੀ ਭਰਾ ਹੀ ਨਹੀਂ ਸਨ ਮੰਨਦੇ । ਇਸ ਤਰ੍ਹਾਂ ਦਾ ਬੈਨ ਜ਼ਰੂਰ ਹੋਣਾ ਚਾਹੀਦਾ ਹੈ । (ਪਰਸ਼ੰਸਾ)

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਤੁਸੀਂ ਜਿਹੜਾ ਸੁਝਾਵ ਦਿਤਾ ਹੈ ਇਹ ਬਹੁਤ ਹੀ ਅੱਛਾ ਕਦਮ ਹੈ । ਮੈਂ ਆਪ ਪਾਸ ਦਰਖ਼ਾਸਤ ਕਰਾਂਗਾ ਕਿ ਅੱਜ ਹੀ ਅਸੀਂ ਇਕ ਰੈਜ਼ੋਲਿਊਸ਼ਨ ਸਰਬ ਸੰਮਤੀ ਨਾਲ ਪਾਸ ਕਰਕੇ ਭੇਜ ਦੇਈਏ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਅੱਜ ਨਾਨ ਆਫ਼ੀਸ਼ਲ ਡੇ ਹੈ ਇਸ ਰੈਜ਼ੋਲਿਊਸ਼ਨ ਨੂੰ ਡਾਂਗ ਸਾਹਿਬ ਹੀ ਮੂਵ ਕਰ ਦੇਣ। (ਪਰਸ਼ੰਸਾਂ) (Today is the non-official day. Let Comrade Satyapal Dang move a Resolution in this connection.)

ਕਾਮਰੇਡ ਸੱਤ ਪਾਲ ਡਾਂਗ : ਠੀਕ ਹੈ ਜੀ (All right Sir.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਸਾਡਾ ਸੁਝਾਵ ਪਰਵਾਨ ਕਰ ਲਿਆ ਹੈ, ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਦੋ ਮੈਂਬਰ ਇਧਰ ਦੀਆਂ ਸੀਟਾਂ ਤੋਂ ਉਠ ਕੇ ਉਧਰ ਜਾ ਬੈਠੇ ਹਨ ਉਨ੍ਹਾਂ ਨੂੰ ਕਿਹਾ ਜਾਵੇ ਕਿ ਉਹ ਅਸਤੀਫ਼ਾ ਦੇ ਦੇਣ ਅਤੇ ਕਾਂਗਰਸ ਟਿਕਟ ਤੇ ਇਲੈਕਸ਼ਨ ਲੜ ਕੇ ਆਉਣ ਤਾਂ ਕਿ ਉਨ੍ਹਾਂ ਨੂੰ ਪਤਾ ਲਗ ਜਾਵੇ ਕਿ ਲੋਕ ਕਿੰਨੀ ਕਦਰ ਉਨ੍ਹਾਂ ਦੀ ਬਾਹਰ ਕਰਦੇ ਹਨ। (ਵਿਘਨ) ....ਜਾਂ ਇਧਰ ਆ ਕੇ ਬੈਠ ਜਾਣ।

ਸ੍ਰੀ ਸਪੀਕਰ : ਜੇਕਰ ਸੰਧੂ ਸਾਹਿਬ ਤੁਹਾਡਾ ਦੋ ਮੈਂਬਰਾਂ ਦੇ ਆਉਣ ਨਾਲ ਕੁਝ ਬਣ ਜਾਂਦਾ ਹੋਵੇ ਤਾਂ ਮੈਂ ਉਨ੍ਹਾਂ ਨੂੰ ਕਹਿਣ ਨੂੰ ਤਿਆਰ ਹਾਂ ਪਰ ਕੰਮ ਬਣਨਾ ਨਹੀਂ। (ਹਾਸਾ) (Sandhu Sahib, I am willing to request those two Members to join your party if it would be of any help to your party but I doubt very much.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਕਹਿ ਤਾਂ ਦਿਉ ਉਸ ਪਾਸੇ ਤਾਂ 20 ਵਿਕਣ ਨੂੰ ਤਿਆਰ ਹਨ। (ਵਿਘਨ) (ਸ਼ੋਰ)

(ਇਸ ਸਮੇਂ ਕੁਝ ਮਾਨਯੋਗ ਮੈਂਬਰ ਅਕਾਲੀ ਪਾਰਟੀ ਦੇ ਖੜੇ ਹੋਕੇ ਬੋਲ ਰਹੇ ਸਨ)

ਗਿਆਨੀ ਕੁੰਦਨ ਸਿੰਘ ਪਤੰਗ: ਸਪੀਕਰ ਸਾਹਿਬ, ਕੰਮ ਬਣੇ ਚਾਹੇ ਨਾ ਬਣੇ ਪਰ ਅਸੂਲ ਦੀ ਗਲ ਜ਼ਰੂਰ ਹੋਣੀ ਚਾਹੀਦੀ ਹੈ।

**Mr. Speaker** : Order please.

**ਡਾਕਟਰ ਅਮੀਰ ਸਿੰਘ ਕੱਲਕਟ** : ਸਪੀਕਰ ਸਾਹਿਬ, ਜਦ ਇਨ੍ਹਾਂ ਦੀ ਆਪਣੀ ਹਕੂਮਤ ਸੀ ਤਾਂ ਅਸੀਂ ਇਸ ਗਲ ਦੀ ਮੰਗ ਕਰਦੇ ਸਾਂ ਕਿ ਜੁਡੀਸ਼ਲ ਕਮਿਸ਼ਨ ਬਿਠਾਇਆ ਜਾਵੇ ਪਰ ਇਨ੍ਹਾਂ ਨਹੀਂ ਸੀ ਬਿਠਾਇਆ। ਫਿਰ ਇਨ੍ਹਾਂ ਨੂੰ ਇਹ ਕਿਹਾ ਕਿ ਡਿਫ਼ੈਕਸ਼ਨਜ਼ ਦੇ ਸਬੰਧ ਵਿਚ ਬਿਲ ਲਿਆਓ ਤਾਂ ਵੀ ਇਹ ਨਾ ਲਿਆ ਸਕੇ। ਅਸੀਂ ਤਾਂ ਇਹ ਤਦ ਤੋਂ ਡੀਮਾਂਡ ਕਰਦੇ ਆ ਰਹੇ ਹਾਂ। (ਵਿਘਨ)

**ਸ੍ਰੀ ਸਪੀਕਰ** : ਹੁਣ ਤਾਂ ਗਲ ਅਸੀਂ ਮੁਕਾ ਲਈ ਹੈ (Now we have agreed upon a way out.)

Original with;
Punjab Vidhan Sabha
Digitized by;
Panjab Digital Library

**ਡਾਕਟਰ ਅਮੀਰ ਸਿੰਘ ਕਲਕਟ** : ਬਾਦਲ ਸਾਹਿਬ ਵੇਲੇ ਕੀ ਹੋਇਆ, ਅੱਜ ਇਹ ਕਰੋਕੋਡਾਇਲ ਟੀਅਰਜ਼ ਵਹਾ ਰਹੇ ਹਨ। ਇਨ੍ਹਾਂ ਦੇ ਪਲੇ ਕੱਖ ਨਹੀਂ ਰਿਹਾ ਨਹੀਂ ਤਾਂ ਬਾਦਲ ਸਾਹਿਬ ਕਦੇ ਨਾ ਇਸ ਗਲ ਨੂੰ ਮੰਨਦੇ। ਹੁਣ ਪਾਰਸ ਬਣਦੇ ਫਿਰਦੇ ਹਨ। (ਵਿਘਨ) (ਸ਼ੋਰ)

**ਸਰਦਾਰ ਅਜਾਇਬ ਸਿੰਘ ਸੰਧੂ** : ਆਨ ਏ ਪੁਆਇੰਟ ਆਫ਼ ਆਰਡਰ, ਸਰ।

**ਸ੍ਰੀ ਸਪੀਕਰ**: ਡਾਕਟਰ ਸਾਹਿਬ ਨੂੰ ਸੰਧੂ ਸਾਹਿਬ ਦੀ ਅਲਰਜੀ ਜਾਪਦੀ ਹੈ ਤੇ ਉਨ੍ਹਾਂ ਨੂੰ ਇਨ੍ਹਾਂ ਦੀ (ਹਾਸਾ) (I think Dr. Sahib is allergic to Sandhu Sahib and *vice versa*). (*laughter*)

**ਸ੍ਰੀ ਪਰਤਾਪ ਚੰਦ ਭੰਡਾਰੀ** : ਸਪੀਕਰ ਸਾਹਿਬ, ਮੈਂ ਇਕ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਰੈਜ਼ੂਲਿਊਸ਼ਨ ਅੱਜ ਇਸ ਹਾਊਸ ਵਿਚ ਪਾਸ ਕੀਤਾ ਜਾ ਰਿਹਾ ਹੈ ਇਸ ਨੂੰ ਪਾਸ ਕਰਨ ਤੋਂ ਪਹਿਲਾਂ ਮੌਕਾ ਦੇ ਦੇਣਾ ਚਾਹੀਦਾ ਹੈ ਉਨ੍ਹਾਂ ਮੈਂਬਰ ਸਾਹਿਬਾਨ ਨੂੰ ਜਿਹੜੇ ਕਿ ਆਸ ਲਾਈ ਬੈਠੇ ਹਨ ਇਧਰ ਉਧਰ ਜਾਣ ਦੀ ਜੇਕਰ ਇਹ ਪਾਸ ਕਰ ਦਿਤਾ ਗਿਆ ਤਾਂ ਉਹ ਦੋਹਾਂ ਪਾਸਿਆਂ ਤੋਂ ਮਾਰੇ ਜਾਣਗੇ (ਹਾਸਾ)

**ਵਿਕਾਸ ਮੰਤਰੀ**: (ਕੈਪਟਨ ਰਤਨ ਸਿੰਘ ਜੀ) ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੋ ਮੈਂਬਰ ਸਾਹਿਬਾਨ ਦੇ ਬਾਰੇ ਵਿਚ ਆਪ ਜੀ ਨੇ ਖਦਸ਼ਾਂ ਜ਼ਾਹਿਰ ਕੀਤਾ ਹੈ ਕਿ ਉਨ੍ਹਾਂ ਨੂੰ ਇਕ ਦੂਜੇ ਦੀ ਅਲਰਜੀ ਹੈ ਉਨ੍ਹਾਂ ਨੂੰ ਪੀ.ਜੀ.ਆਈ ਵਿਚ ਭੇਜਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ (ਹਾਸਾ)

**ਸ੍ਰੀ ਸਪੀਕਰ** : ਤੁਹਾਨੂੰ ਇਨ੍ਹਾਂ ਨਾਲ ਬੜੀ ਹਮਦਰਦੀ ਹੈ (ਹਾਸਾ) (You have great sympathy for these members.)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਇਨ੍ਹਾਂ ਨੂੰ ਮੇਰੇ ਨਾਲ ਹਮਦਰਦੀ ਹੈ ਪਰ ਮੇਰੀ ਸਿਹਤ ਬਿਲਕੁਲ ਠੀਕ ਹੈ। ਇਹ ਕਿਸੇ ਨਾਲ ਕੁਸ਼ਤੀ ਕਰਵਾ ਕੇ ਵੇਖ ਲੈਣ ਜਾਂ ਦੌੜ ਲਵਾ ਕੇ ਵੇਖ ਲੈਣ। (ਵਿਘਨ) (ਹਾਸਾ)

**ਸ੍ਰੀ ਸਪੀਕਰ**: ਜੇਕਰ ਤੁਸੀਂ ਕਹੋ ਵੀ ਤਾਂ ਵੀ ਮੈਂ ਦੌੜ ਵਿਚ ਤੁਹਾਨੂੰ ਹਿਸਾ ਨਹੀਂ ਲੈਣ ਦੇਣਾ ਕਿਉਂਕਿ ਤੁਸੀਂ ਹਾਰਟ ਪੇਸ਼ੈਂਟ ਹੋ। (ਹਾਸਾ) (Even if you agree to take part in any kind of race, I will not allow you to do so because you are a heart patient.)

**ਚੌਧਰੀ ਰਾਮ ਸਿੰਘ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਰਦਾਰ ਅਜਾਇਬ ਸਿੰਘ ਨੂੰ ਤਾਂ ਅਜਾਇਬ ਘਰ ਵਿਚ ਰਹਿਣਾ ਚਾਹੀਦਾ ਸੀ, ਉਥੇ ਭੇਜਿਆ ਜਾਵੇ......

**ਸਰਦਾਰ ਅਜਾਇਬ ਸਿੰਘ ਸੰਧੂ**: ਚੌਧਰੀ ਸਾਹਿਬ ਬੈਠੇ ਬੈਠੇ ਬੋਲ ਰਹੇ ਹਨ ਪਤਾ ਨਹੀਂ ਕੀ ਕਹਿੰਦੇ ਹਨ, ਮੈਂ ਜਵਾਬ ਕੀ ਦੇਵਾਂ (ਹਾਸਾ)

Original with;
Punjab Vidhan Sabha
Digitized by;
Panjab Digital Library

## CALL ATTENTION NOTICES

(Serial No. 71)

**Sardar Ajaib Singh Sandhu,**
**Sardar Jasdev Singh Sandhu,** :Sir, I beg to draw the attention of the Government towards a matter of urgent public importance, namely, demolition of 20 shops at Khamano Kalan, District Ludhiana by the S.D.O. B. & R. Samrala with the help of administration uprooting a number of families. The matter is of very serious nature and requires clarification of Government position in this connection. Hence this Call attention Motion is tendered.

ਸ੍ਰੀ ਸਪੀਕਰ: ਪ੍ਰਵਾਨ ਕੀਤਾ 'ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The hon. Minister concerned may please make a statement.)

---

(Serial No. 72)

**Comrade Satyapal Dang**
**Comrade Mehtab Singh**
**Comrade Dana Ram** : Sir, I beg to draw the attention of the Government towards a matter of urgent public importance, namely, a wave of fear and insecurity has gripped the Harijan Basti of village Mujaria 15 kilometers from Ludhiana. A Harijan boy Malkiat was beaten mercilessly on February 26. This was second such incident. Earlier the land owning families had organized a social boycott of Harijans to evict them from 24 bighas of Panchayat land in their possession for use as cattle dung pit. The police was not giving any protection to Harijans. In view of the obvious and urgent importance of the matter, the Government may please be asked to make a statement in the House.

ਸ੍ਰੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ, ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

---

## STATEMENTS LAID ON THE TABLE OF THE HOUSE IN REPLY TO CALL ATTENTION NOTICES

Development Minister (Captain Rattan Singh): Sir I beg to lay on the Table of the House replies to Call Attention Notices Nos. 24 and 53.

(Serial No. 24)

**Sardar Gurcharan Singh Nihalsinghwala**: Sir. I beg to draw the attention of the Government towards a matter of urgent public importance, namely, that one so called Sant Gurmail Singh of Baghapurana, Distric

Original with;
Punjab Vidhan Sabha
Digitized by;
Panjab Digital Library

Faridkot has cheated about forty two persons by collecting from them Rs. 35,000 each by making a false propaganda by misusing the name of our Prime Minister Shrimati Indra Gandhi using an aeroplane of civil aviation by which he threw handbills. This involves the Government. The Government should clear its position and should give a statement. There is great resentment among the people of the area.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਧਿਆਨ ਦਿਵਾਊ ਨੋਟਿਸ ਨੰ: 24 ਦਾ ਸਬੰਧ ਮੁਕੱਦਮਾ ਐਫ਼. ਆਈ. ਆਰ. ਨੰ: 65 ਮਿਤੀ 22 ਫ਼ਰਵਰੀ, 1973 ਧਾਰਾ 420 ਭਾ: ਦੰ: ਥਾਣਾ ਬਾਘਾਪੁਰਾਣਾ, ਜ਼ਿਲ੍ਹਾ ਫ਼ਰੀਦਕੋਟ ਨਾਲ ਹੈ। ਇਸ ਮੁਕੱਦਮੇ ਵਿਚ ਸ੍ਰੀ ਗੁਰਦੇਵ ਸਿੰਘ ਵਸਨੀਕ ਮਹਿਣਾ ਨੇ ਇਤਲਾਹ ਦਿਤੀ ਕਿ ਸੰਤ ਗੁਰਮੇਲ ਸਿੰਘ ਬਾਘਾ-ਪੁਰਾਣਾ ਨੇ ਇਹ ਐਲਾਨ ਕੀਤਾ ਸੀ ਕਿ ਉਸ ਨੇ ਕੈਨੇਡਾ ਵਿਚ "ਵਿਸ਼ਵ ਸ਼ਾਂਤੀ ਕਾਨਫਰੰਸ" ਕਰਨ ਦਾ ਫੈਸਲਾ ਕੀਤਾ ਸੀ ਅਤੇ ਇਸ ਕਾਨਫ਼ਰੰਸ ਦਾ ਪਹਿਲਾ ਸੈਸ਼ਨ 17, 18 ਅਤੇ 19 ਨਵੰਬਰ, 1972 ਨੂੰ ਟਾਰੰਟੋ ਵਿਚ ਅਤੇ ਦੂਸਰਾ ਸੈਸ਼ਨ 24 ਅਤੇ 25 ਨਵੰਬਰ, 1972 ਨੂੰ ਵੈਨਕੂਵਰ (ਕੈਨੇਡਾ) ਵਿਚ ਹੋਵੇਗਾ। ਇਸ ਸਬੰਧ ਵਿਚ "ਗੁਰੂ ਨਾਨਕ ਮਿਸ਼ਨ ਟਰੱਸਟ ਬਾਘਾਪੁਰਾਣਾ ਰਜਿਸਟਰ ਨੰ: 4775" ਵਲੋਂ ਦੋ ਇਸ਼ਤਿਹਾਰ ਭੀ ਹਵਾਈ ਜਹਾਜ਼ ਰਾਹੀਂ ਸੁਟੇ ਗਏ ਜਿਨ੍ਹਾਂ ਰਾਹੀਂ ਆਮ ਜੰਤਾ ਨੂੰ ਭੀ ਕੈਨੇਡਾ ਵਿਚ ਹੋਣ ਵਾਲੀ ਇਸ ਕਾਨਫਰੰਸ ਬਾਰੇ ਸੂਚਨਾ ਦਿਤੀ ਗਈ। ਪਰਾਰਥੀ ਗੁਰਦੇਵ ਸਿੰਘ ਜਿਸ ਨੂੰ ਬਾਹਰ ਜਾਣ ਦੀ ਚਾਹਣਾ ਸੀ ਕੇਹਰ ਸਿੰਘ ਵਸਨੀਕ ਮਲਾ ਅਤੇ ਨੰਦ ਸਿੰਘ ਵਸਨੀਕ ਬਧਨੀ ਖੁਰਦ ਸਮੇਤ ਸੰਤ ਗੁਰਮੇਲ ਸਿੰਘ ਨੂੰ ਮਿਲਿਆ ਤਾਂ ਸੰਤ ਨੇ ਇਸ ਨੂੰ ਮਿਤੀ 7 ਸਤੰਬਰ, 1972 ਤੋਂ ਪਹਿਲਾਂ ਪਹਿਲਾਂ 30,000 ਰੁਪਏ ਦਾ ਪ੍ਰਬੰਧ ਕਰਨ ਲਈ ਕਿਹਾ। ਸੰਤ ਗੁਰਮੇਲ ਸਿੰਘ ਨੇ ਗੁਰਦੇਵ ਸਿੰਘ ਲਈ ਕੈਨੇਡਾ ਵਿਚ ਨੌਕਰੀ ਅਤੇ ਸ਼ਹਿਰੀਅਤ ਹਾਸਲ ਕਰਨ ਦਾ ਭਰੋਸਾ ਦਵਾਇਆ। ਗੁਰਦੇਵ ਸਿੰਘ ਨੇ ਆਪਣੇ ਮਿੱਤਰਾਂ ਰਾਹੀਂ ਇਹ ਰਕਮ ਇਕੱਠੀ ਕੀਤੀ, ਜਿਸ ਵਿਚ ਗੁਰਦਿਆਲ ਸਿੰਘ ਨੇ 10,000 ਰੁਪਏ, ਨਾਜ਼ਰ ਸਿੰਘ ਨੇ 10,000 ਰੁਪਏ ਅਤੇ ਅਰਜਨ ਸਿੰਘ ਵਸਨੀਕ ਮੱਲਾ ਨੇ 10,000 ਰੁਪਏ ਦਿਤੇ। ਗੁਰਦੇਵ ਸਿੰਘ ਨੇ ਇਹ ਰਕਮ ਕਰਤਾਰ ਸਿੰਘ ਵਸਨੀਕ ਮੱਲਾ, ਸਾਧੂ ਸਿੰਘ ਅਤੇ ਕਰਤਾਰ ਸਿੰਘ ਵਸਨੀਕ ਮੋਹਣਾ, ਨੰਦ ਸਿੰਘ ਅਤੇ ਹਰਮੇਲ ਸਿੰਘ ਵਸਨੀਕ ਬਧਨੀ ਖੁਰਦ ਅਤੇ ਸੁਦਾਗਰ ਸਿੰਘ ਵਸਨੀਕ ਬਾਘਾਪੁਰਾਣਾ ਦੀ ਹਾਜ਼ਰੀ ਵਿਚ ਸੰਤ ਗੁਰਮੇਲ ਸਿੰਘ ਨੂੰ ਦੇ ਦਿਤੀ। ਇਸ ਤੋਂ ਇਲਾਵਾ ਹਰਮੇਲ ਸਿੰਘ ਅਤੇ ਸੁਦਾਗਰ ਸਿੰਘ ਨੇ ਭੀ ਤੀਹ ਤੀਹ ਹਜ਼ਾਰ ਰੁਪਏ ਸੰਤ ਗੁਰਮੇਲ ਸਿੰਘ ਨੂੰ ਦਿਤੇ। ਗੁਰਦੇਵ ਸਿੰਘ ਪਰਾਰਥੀ ਨੇ ਇਹ ਦੋਸ਼ ਲਾਇਆ ਕਿ ਮਿਤੀ 7 ਨਵੰਬਰ, 1972 ਨੂੰ ਸੰਤ ਗੁਰਮੇਲ ਸਿੰਘ ਅਤੇ ਕੁਝ ਹੋਰ ਵਿਅਕਤੀ ਦਿੱਲੀ ਤੋਂ ਕੈਨੇਡਾ ਲਈ ਹਵਾਈ ਜਹਾਜ਼ ਰਾਹੀਂ ਗਏ ਲੇਕਿਨ ਕੈਨੇਡਾ ਵਿਚ ਅਧਿਕਾਰੀਆਂ ਨੇ ਹਵਾਈ ਜਹਾਜ਼ ਤੋਂ ਉਤਰਨ ਨਾ ਦਿੱਤਾ ਜਿਸ ਕਰਕੇ ਇਹ ਨਰਾਸ਼ ਹੋ ਕੇ ਵਾਪਸ ਆ ਗਏ। ਸੰਤ ਗੁਰਮੇਲ ਸਿੰਘ ਨੇ ਆਪਣਾ ਕਸੂਰ ਹਰਭਜਨ ਸਿੰਘ ਸਰਪੰਚ ਬਾਘਾਪੁਰਾਣਾ ਪਾਸ ਮੰਨਿਆ ਪਰ ਗੁਰਦੇਵ ਸਿੰਘ ਦੇ ਰੁਪਏ ਮੰਗਣ ਤੇ ਉਸ ਨੇ ਇਸ ਨੂੰ ਰੁਪਿਆ ਵਾਪਸ ਕਰਨ ਤੋਂ ਇਨਕਾਰ ਕਰ ਦਿਤਾ।

2. ਗੁਰਦੇਵ ਸਿੰਘ ਦੀ ਇਤਲਾਹ ਤੇ ਇਹ ਮੁਕੱਦਮਾ ਦਰਜ ਹੋਇਆ ਜਿਸ ਦੀ ਤਫਤੀਸ਼ ਜਾਰੀ ਹੈ। ਇਸ ਤਫਤੀਸ਼ ਦੇ ਦੌਰਾਨ ਇਹ ਜ਼ਾਹਰ ਹੋਇਆ ਹੈ ਕਿ ਸੰਤ ਗੁਰਮੇਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਿੰਘ ਇਕ ਟਰੱਸਟ ਜਿਸ ਦਾ ਨਾਮ "ਗੁਰੂ ਨਾਨਕ ਮਿਸ਼ਨ ਟਰੱਸਟ ਹਰਿ ਗੋਬਿੰਦ ਸਰ ਬਾਘਾ-ਪੁਰਾਣਾ ਰਜਿਸਟਰ ਨੰ: 4775 ਹੈ" ਕਾਇਮ ਕਹਨਾ ਜ਼ਾਹਰ ਕਰਦਾ ਹੈ। ਉਹ ਆਪਣੇ ਆਪ ਨੂੰ ਇਸ ਦਾ ਪਰਧਾਨ ਅਤੇ ਨਛੱਤਰ ਸਿੰਘ ਵਸਨੀਕ ਰਸਾਲਪੁਰ ਅਤੇ ਮਲਕੀਅਤ ਸਿੰਘ ਵਸਨੀਕ ਭੂੰਦੜੀ ਨੂੰ ਇਸ ਦਾ ਸੈਕਟਰੀ ਅਤੇ ਮੈਂਬਰ ਹੋਣਾ ਜ਼ਾਹਰ ਕਰਦਾ ਹੈ। ਦੋ ਇਸ਼ਤਿਹਾਰ ਭੀ ਹਾਸਲ ਕੀਤੇ ਗਏ ਹਨ ਜਿਨ੍ਹਾਂ ਨੂੰ ਹਵਾਈ ਜਹਾਜ਼ ਰਾਹੀਂ ਸੁਟਣਾ ਦਸਿਆ ਗਿਆ ਹੈ। ਇਕ ਇਸ਼ਤਿਹਾਰ ਸੈਕਟਰੀ, ਗੁਰੂ ਨਾਨਕ ਮਿਸ਼ਨ ਟਰੱਸਟ ਹਰਿ ਗੋਬਿੰਦ ਸਰ ਬਾਘਾ ਪੁਰਾਣਾ, ਤਹਿਸੀਲ ਮੋਗਾ, ਜ਼ਿਲ੍ਹਾ ਫ਼ਰੀਦਕੋਟ ਵਲੋਂ ਜਾਰੀ ਕੀਤਾ ਗਿਆ। ਇਸ ਵਿਚ ਇਹ ਕਿਹਾ ਗਿਆ ਕਿ ਸੰਤ ਗੁਰਮੇਲ ਸਿੰਘ ਵਲੋਂ ਮਿਤੀ 18 ਨਵੰਬਰ 1972 ਤੋਂ ਲੈ ਕੇ 23 ਨਵੰਬਰ, 1972 ਤਕ ਗੁਰੂ ਨਾਨਕ ਮਿਸ਼ਨ ਟਰੱਸਟ ਨੇ ਕੈਨੇਡਾ ਦੇ ਸ਼ਹਿਰ ਸ਼ਹਿਰ ਵਿਚ ਵਿਸ਼ਵ ਸ਼ਾਂਤੀ ਕਾਨਫਰੰਸ ਮਨਾਉਣ ਦਾ ਫ਼ੈਸਲਾ ਕੀਤਾ ਸੀ ਅਤੇ ਇਹ ਕਿ ਸੰਤ ਜੀ ਦੇ ਸੇਵਕ ਇਸ ਕਾਨਫ਼ਰੰਸ ਦੇ ਇੰਤਜ਼ਾਮ ਵਾਸਤੇ ਨਾਲ ਜਾ ਰਹੇ ਹਨ ਅਤੇ ਬਾਹਰਲੇ ਦੇ ਮੁਲਕਾਂ ਤੋਂ ਭੀ ਡੈਲੀਗੇਟ ਪਹੁੰਚ ਰਹੇ ਹਨ। ਇਸ ਵਿਚ ਇਹ ਭੀ ਕਿਹਾ ਗਿਆ ਸੀ ਕਿ ਕਾਨਫ਼ਰੰਸ ਤੇ 18 ਲੱਖ ਡਾਲਰ ਖ਼ਰਚ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਇਹ ਕਿ ਸੰਤ ਗੁਰਮੇਲ ਸਿੰਘ ਨੇ ਆਪਣੀ 40 ਕਰੋੜ ਰੁਪਏ ਦੀ ਜਾਇਦਾਦ ਇਸ ਟਰਸਟ ਨੂੰ ਦੇ ਦਿਤੀ ਸੀ। ਇਸ ਇਸ਼ਤਿਹਾਰ ਵਿਚ ਇਹ ਭੀ ਕਿਹਾ ਗਿਆ ਕਿ ਗੁਰੂ ਨਾਨਕ ਮਿਸ਼ਨ ਦੇ ਸਬੰਧ ਵਿਚ ਮਿਤੀ 13 ਅਕਤੂਬਰ, 1972 ਨੂੰ ਜ਼ਿਲ੍ਹਾ ਫ਼ਰੀਦਕੋਟ ਅਤੇ ਮਿਤੀ 14 ਅਕਤੂਬਰ, 1972 ਨੂੰ ਜ਼ਿਲ੍ਹਾ ਲੁਧਿਆਣਾ ਅਤੇ ਮਿਤੀ 15 ਅਕਤੂਬਰ, 1972 ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਕੁਝ ਪਿੰਡਾਂ ਵਿਚ ਭਾਰੀ ਦੀਵਾਨ ਸਜਾਏ ਜਾਣਗੇ। ਜਿਨ੍ਹਾਂ ਵਿਚ ਗੁਰੂ ਨਾਨਕ ਮਿਸ਼ਨ ਉਤੇ ਰੋਸ਼ਨੀ ਪਾਈ ਜਾਵੇਗੀ। ਸੰਗਤਾਂ ਨੂੰ ਹੁੰਮ ਹੁੰਮਾ ਕੇ ਅਰਦਾਸ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ।

3. ਦੂਸਰੇ ਇਸ਼ਤਿਹਾਰ ਵਿਚ ਇਹ ਲਿਖਿਆ ਸੀ ਕਿ ਗੁਰੂ ਨਾਨਕ ਮਿਸ਼ਨ ਟਰੱਸਟ ਬਾਘਾ ਪੁਰਾਣਾ ਵਲੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ 20 ਨਵੰਬਰ ਨੂੰ ਕੈਨੇਡਾ ਵਿਚ ਵਿਸ਼ਵ ਸ਼ਾਂਤੀ ਦੇ ਰੂਪ ਵਿਚ ਮਨਾਇਆ ਜਾ ਰਿਹਾ ਹੈ ਅਤੇ ਇਹ ਕਿ ਕੈਨੇਡਾ ਵਿਚ 18 ਲੱਖ ਡਾਲਰ ਨਾਲ ਗੁਰੂ ਨਾਨਕ ਮਿਸ਼ਨ ਦੀਆਂ 12 ਸ਼ਾਖਾਂ ਖੋਲ੍ਹੀਆਂ ਜਾ ਰਹੀਆਂ ਹਨ। ਇਸ ਇਸ਼ਤਿਹਾਰ ਵਿਚ ਇਹ ਭੀ ਕਿਹਾ ਗਿਆ ਕਿ ਭਾਰਤ ਵਿਚੋਂ ਕੈਨੇਡਾ ਵਿਚ ਜਾਣ ਲਈ ਸੰਤਾਂ ਅਤੇ ਉਨ੍ਹਾਂ ਦੇ ਸੇਵਕਾਂ ਨੂੰ ਮੰਜ਼ੂਰੀ ਕੈਨੇਡਾ ਸਰਕਾਰ ਵਲੋਂ ਮਿਲ ਚੁੱਕੀ ਹੈ। ਇਸ ਇਸ਼ਤਿਹਾਰ ਉਤੇ ਸ਼੍ਰੀਮਤੀ ਇੰਦਰਾ ਗਾਂਧੀ, ਪ੍ਰਧਾਨ ਮੰਤਰੀ ਦੀ ਫ਼ੋਟੋ ਸੀ ਜਿਸ ਵਿਚ ਇਹ ਹੱਥ ਜੋੜ ਕੇ ਨਮਸ਼ਕਾਰ ਕਹ ਰਹੇ ਹਨ ਅਤੇ ਉਨ੍ਹਾਂ ਨਾਲ ਸੰਤ ਗੁਰਮੇਲ ਸਿੰਘ ਭੀ ਸੀ। ਇਸ ਫ਼ੋਟੋ ਬਾਰੇ ਇਸ ਇਸ਼ਤਿਹਾਰ ਵਿਚ ਭੀ ਇਹ ਲਿਖਿਆ ਸੀ ਕਿ ਬੀਤੇ ਦਿਨੀਂ ਨਵੀਂ ਦਿੱਲੀ ਵਿਚ ਗੁੰਗਿਆਂ ਬੋਲਿਆਂ ਦਾ ਇਕ ਅੰਤਰਰਾਸ਼ਟ੍ਰੀ ਸਮਾਗਮ ਹੋਇਆ ਜਿਸ ਵਿਚ ਸੰਤ ਗੁਰਮੇਲ ਸਿੰਘ ਦੇ ਜਥੇ ਨੇ ਬੜਾ ਵਧ ਚੜ੍ਹ ਕੇ ਹਿਸਾ ਪਾਇਆ ਇਸ ਅਵਸਰ ਤੇ ਸੰਤਾਂ ਨੇ ਗੁਰੂ ਨਾਨਕ ਮਿਸ਼ਨ ਟਰੱਸਟ ਬਾਘਾਪੁਰਾਣਾ ਵਲੋਂ 5,100 ਰੁਪਏ ਗੂੰਗੇ ਅਤੇ ਬੋਲੇ ਬੱਚਿਆਂ ਦੀ ਭਲਾਈ ਲਈ ਦਿਤੇ। ਤਸਵੀਰ ਵਿਚ ਪ੍ਰਧਾਨ ਮੰਤਰੀ ਗੁਰੂ ਨਾਨਕ ਮਿਸ਼ਨ ਟਰੱਸਟ ਦੇ ਸੇਵਕਾਂ ਨਾਲ ਖੜੇ ਦਿਖਾਈ ਦੇਂਦੇ ਹਨ।

4. ਇਹ ਮੁਕੱਦਮਾ ਕਾਫ਼ੀ ਗੁੰਝਲਦਾਰ ਹੈ ਅਤੇ ਤਫਤੀਸ਼ ਜਾਰੀ ਹੈ।

Original with;
Punjab Vidhan Sabha
Digitized by;
Panjab Digital Library

ਤਫਤੀਸ਼ ਰਾਹੀਂ ਸਾਰੇ ਹਾਲਾਤ ਸਪੱਸ਼ਟ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ ।

---

ਕ੍ਰਮ ਨੰ: 58

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ ਜ਼ਿਲ੍ਹਾ ਹੁਸ਼ਿਆਰਪੁਰ, ਗੁਰਦਾਸਪੁਰ, ਤੇ ਰੋਪੜ ਵਿਚ ਜ਼ਮੀਨ ਦਾ ਭਾਰੀ ਰਕਬਾ ਅੰਬਾਂ ਦੇ ਬਾਗਾਂ ਹੇਠਾਂ ਹੈ । ਇਨ੍ਹਾਂ ਤੇ ਹਜ਼ਾਰਾਂ ਪਰਵਾਰਾਂ ਨੂੰ ਹਰ ਸਾਲ ਲੱਖਾਂ ਰੁਪਏ ਦੀ ਆਮਦਨ ਹੁੰਦੀ ਹੈ । ਪਿਛਲੇ ਸਾਲ ਕਿਉਂਕਿ ਸਰਕਾਰ ਇਨ੍ਹਾਂ ਬਾਗਾਂ ਉਤੇ ਦਵਾਈ ਛਿੜਕਣ ਵਿਚ ਫੇਲ੍ਹ ਹੋਈ ਸੀ । ਇਸ ਲਈ ਅੰਬਾਂ ਦੀ ਫ਼ਸਲ ਤਬਾਹ ਹੋ ਗਈ ਸੀ ਤੇ ਲੋਕਾਂ ਨੂੰ ਭਾਰੀ ਮਾਲੀ ਨੁਕਸਾਨ ਪੁੱਜਾ ਸੀ ।

ਇਸ ਸਾਲ ਹੁਣ ਅੰਬਾਂ ਨੂੰ ਕੋਰ ਨਿਕਲਣ ਦਾ ਮੌਸਮ ਹੈ । ਪਰ ਅਜੇ ਤਕ ਸਰਕਾਰ ਨੇ ਇਨ੍ਹਾਂ ਬਾਗਾਂ ਨੂੰ ਸਪਰੇ ਕਰਨ ਲਈ ਕੋਈ ਪ੍ਰਬੰਧ ਨਹੀਂ ਕੀਤਾ ਜਿਸ ਕਾਰਨ ਲੋਕਾਂ ਵਿਚ ਭਾਰੀ ਬੇਚੈਨੀ ਫੈਲੀ ਹੋਈ ਹੈ ।

ਉਪਰੋਕਤ ਮਸਲੇ ਦੀ ਫ਼ੌਰੀ ਤੇ ਸਪਸ਼ਟ ਮਹੱਤਤਾ ਨੂੰ ਮੁੱਖ ਰਖ ਕੇ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਇਸ ਸਮੱਸਿਆ ਬਾਰੇ ਸਦਨ ਵਿਚ ਬਿਆਨ ਦੇਵੇ ।

**ਕੈਪਟਨ ਰਤਨ ਸਿੰਘ** (ਵਿਕਾਸ ਮੰਤਰੀ): ਅੰਬਾਂ ਦੇ ਬੂਰਾਂ ਨੂੰ ਆਮ ਤੌਰ ਤੇ ਕੀੜਾ ਲਗਦਾ ਰਹਿੰਦਾ ਹੈ ਅਤੇ ਅੰਬ ਦੇ ਬਾਗਾਂ ਦੇ ਮਾਲਕ ਹੀ ਇਸ ਤੇ ਸਪਰੇ ਕਰਨ ਦਾ ਖੁਦ ਇੰਤਜ਼ਾਮ ਕਰਦੇ ਹਨ । ਫਿਰ ਵੀ ਖੇਤੀਬਾੜੀ ਵਿਭਾਗ ਇਨ੍ਹਾਂ ਨੂੰ ਸਹਾਇਤਾ ਦੇਂਦਾ ਹੈ ਜਿਵੇਂ ਕਿ ਸਪਰੇਅਰ ਅਤੇ ਕੀਟ ਨਾਸ਼ਕ ਦਵਾਈਆਂ ਆਦਿ ਦੀਆਂ ਇਸ ਕੰਮ ਦੇ ਲਈ ਜ਼ਿਲ੍ਹਾ ਅਤੇ ਤਹਿਸੀਲ ਹੈਡ ਕੁਆਟਰ ਤੇ ਪੌਦੇ ਸੁਰੱਖਿਆ ਦਾ ਤਕਨੀਕੀ ਅਮਲਾ ਲਾਇਆ ਹੋਇਆ ਹੈ ਅਤੇ ਉਨ੍ਹਾਂ ਦੇ ਕੋਲ ਪਾਵਰ ਸਪਰੇਅਰ ਤੇ ਹੈਡ ਆਪਰੇਟਿਡ ਸਪਰੇਅਰ ਤੇ ਦਵਾਈਆਂ ਦੇ ਸਟਾਕ ਮੌਜੂਦ ਹਨ । ਜਿਹੜੇ ਕਿਸਾਨਾਂ ਨੂੰ ਲੱਗੀ ਕੀਮਤ ਤੇ ਦਿਤੇ ਜਾਂਦੇ ਹਨ । ਪਿਛਲੇ ਸਾਲ 40,000 ਅੰਬਾਂ ਦੇ ਦਰਖ਼ਤਾਂ ਤੇ ਇਸ ਅਮਲੇ ਦੀ ਸਹਾਇਤਾ ਦੇ ਨਾਲ ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਰੋਪੜ ਜ਼ਿਲ੍ਹਿਆਂ ਵਿਚ ਸਪਰੇ ਕੀਤੀ ਗਈ । ਇਸ ਸਾਲ ਵੀ ਅੰਬਾਂ ਤੇ ਸਪਰੇ ਕਰਨ ਦਾ ਕੰਮ ਇਨ੍ਹਾਂ ਤਿੰਨ ਜ਼ਿਲ੍ਹਿਆਂ ਵਿਚ ਸ਼ੁਰੂ ਹੋ ਗਿਆ ਹੈ ਤੇ ਇਸ ਕੰਮ ਲਈ 56 ਪਾਵਰ ਸਪਰੇਅਰ ਅਤੇ ਲਗ ਭਗ 300 ਮੈਨੁਅਲੀ ਆਪਰੇਟਿਡ ਸਪਰੇਅਰ ਇਸ ਅਮਲੇ ਕੋਲ ਹਨ । ਇਸ ਤੋਂ ਇਲਾਵਾ 3,000 ਲਿਟਰ ਕੀਟ ਨਾਸ਼ਕ ਦਵਾਈਆਂ ਦਾ ਸਟਾਕ ਵੀ ਦਿਤਾ ਗਿਆ ਹੈ ਤੇ ਹੋਰ ਦਵਾਈਆਂ ਮੰਗਾਉਣ ਦੇ ਆਰਡਰ ਦਿਤੇ ਗਏ ਹਨ ਅਤੇ ਇਹ ਇਸ ਮਹੀਨੇ ਵਿਚ ਆ ਜਾਣਗੀਆਂ ਇਹ ਅਮਲਾ ਜ਼ਿਮੀਦਾਰਾਂ ਨੂੰ ਅੰਬਾਂ ਦੇ ਦਰਖ਼ਤਾਂ ਫਲਾਂ ਦੇ ਪੌਦਿਆਂ ਅਤੇ ਫਸਲਾਂ ਤੇ ਛਿੜਕਾਉ ਕਰਨ ਲਈ ਸਹਾਇਤਾ ਦੇ ਰਿਹਾ ਹੈ ।

(Mango trees are attacked by insect-pests called Mango Hoppers or 'Tela'. The owners of mango orchards are expected to make their own arrangements for the spraying of fruit plants. However, the Aggriculture Department provide them assistance by way of technical advice and supply of sprayers and insecticides. For this purpose technical Plant Protection Staff is posted at the District and Tehsil

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

headquarters. They are provided with power and hand operated sprayers and stocks of various insecticides which are issued to farmers at cost price. Last year about 40,000 mango trees were sprayed with the help of this staff in the districts of Hoshiarpur, Gurdaspur and Ropar. This year again the spraying of mango trees has been taken up in these districts and for this purpose 56 Power Sprayers and about 300 manually operated sprayers are available with the Plant Protection Staff in these three districts. In addition to these about 3,000 liters of various insecticides are also stocked with them and more stocks have been ordered and are expected to be supplied with in this month. The staff is giving necessary assistance to the cultivators in the spraying of mango trees as well as other fruit plants and crops.)

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੇਰੀ ਇਕ ਜ਼ਰੂਰੀ ਕਾਲ ਅਟੈਨਸ਼ਨ ਮੋਸ਼ਨ ਸੀ ਜੀ, ਉਹ ਪਤਾ ਨਹੀਂ ਕਿਉਂ ਨਹੀਂ ਆਈ ।

**ਸ਼੍ਰੀ ਸਪੀਕਰ** : ਇਹ ਡਿਸਅਲਾਉ ਹੋ ਗਈ ਹੈ। ਚੌਧਰੀ ਸਾਹਿਬ, ਤੁਸੀਂ ਮੇਰੇ ਚੈਂਬਰ ਵਿਚ ਤਸ਼ਰੀਫ਼ ਲੈ ਆਉਣਾ, ਸਮਝਾ ਦਿਆਂਗਾ । (Chaudhri Sahib that motion has been disallowed. You may come to my chamber and I will explain the position.)

---

## SECOND REPORT OF THE BUSINESS ADVISORY COMMITTEE

**Mr. Speaker**: I have to report the changes made in the programme of the Punjab Vidhan Sabha as contained in the Second Report of the Business Advisory Committee. The Report reads—

After some discussion the Committee recommended:—

(1) That there shall be no sitting of the Vidhan Sabha on the 17th March, 1973.

(2) That the Sabha shall hold two sittings on the 15th March, 1973 as under:—

| | | |
|---|---|---|
| (i) Morning sitting (9.00 A.M. to 1.00 P.M.) | .. | (i) Questions<br>(ii) General Discussion on the Budget for the year 1973-74. |
| (ii) Afternoon sitting (2.30 P.M. to 6.30 P.M.) | .. | (i) Postponed Starred Questions.<br>(ii) Non-official Business. |

(3) That the remaining programme will remain unchanged.

Original with;
Punjab Vidhan Sabha
Digitized by;
Panjab Digital Library

**Education Minister** (Sardar Umrao Singh) : Sir, I beg to move—

That this House agrees with the recommendations contained in the Second Report of the Business Advisory Committee.

**Mr. Speaker :** Motion moved—

That this House agrees with the recommendations contained in the Second Report of the Business Advisory Committee.

**Mr. Speaker**: Question is—

That this House agrees with the recommendations contained in the Second Report of the Business Advisory Committee.

*The motion was carried.*

**ਸ੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ, ਮੈਂ ਫਾਇਨੈਂਸ ਮਨਿਸਟਰ ਸਾਹਿਬ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਉਨ੍ਹਾਂ ਦੇ ਭਾਸ਼ਨ ਦੀ ਹਿੰਦੀ ਦੀ ਕਾਪੀ ਹੁਣ ਮੈਨੂੰ ਮਿਲ ਗਈ ਹੈ।

---

BILL

**(Non-Official)**

THE PUNJAB CUSTOM (POWER TO CONTEST) AMENDMENT BILL, 1973

**Comrade Shamsher Singh Josh**: (Kharar) Sir, I beg to move for leave to introduce the Punjab Custom (Power to Contest) Amendment Bill, 1973.

**Mr. Speaker**: Motion moved—

That leave be granted to introduce the Punjab Custom (Power to Contest) Amendment Bill, 1973.

**ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) :** ਸਪੀਕਰ ਸਾਹਿਬ, ਮੈਂ ਇਸ ਮੋਸ਼ਨ ਨੂੰ ਅਪੋਜ਼ ਕਰਦਾ ਹਾਂ ਕਿਉਂਕਿ ਪੰਜਾਬ ਸਰਕਾਰ ਇਸ ਬਾਰੇ ਪਹਿਲਾਂ ਹੀ ਆਰਡੀਨੈਂਸ ਜਾਰੀ ਕਰ ਚੁੱਕੀ ਹੈ ਅਤੇ ਹੁਣ ਹੋਰ ਸੋਧ ਕਰਕੇ ਇਸ ਹਾਊਸ ਵਿਚ ਬਿੱਲ ਲਿਆ ਰਹੀ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ): ਸਪੀਕਰ ਸਾਹਿਬ, ਕਸਟਮਜ਼ ਦੇ ਮੁਤਾਅਲਿਕ ਇਕ ਆਰਡੀਨੈਂਸ ਪੰਜਾਬ ਸਰਕਾਰ ਨੇ ਕੀਤਾ ਹੈ ਪਰ ਕਿਉਂਕਿ ਉਹ ਹਾਲਤ ਦੇ ਅਨੁਕੂਲ ਨਹੀਂ ਇਸ ਲਈ ਪ੍ਰਾਈਵੇਟਲੀ ਮੈਨੂੰ ਇਹ ਬਿੱਲ ਦੀ ਸ਼ਕਲ ਵਿਚ ਦੇਣਾ ਪੈ ਰਿਹਾ ਹੈ। ਪੰਜਾਬ ਰਿਵਾਜ ਸੋਧਨਾ ਬਿਲ ਦੀ ਧਾਰਾ 20 ਦੀ ਸੈਕਸ਼ਨ 6- ਜਿਹੜੀ ਹੈ ਇਸ ਦੇ ਵਿਚ ਇਹ ਹੈ ਕਿ ਕੋਈ ਕਸਟਮਜ਼ ਨੂੰ 20ਵੀਂ 30ਵੀਂ ਪੀੜ੍ਹੀ ਤੋਂ ਬਾਦ ਵੀ ਚੈਲੰਜ ਕਰ ਸਕਦਾ ਹੈ। ਪਰ 1973 ਤੋਂ ਬਾਅਦ ਇਹ ਸਾਰੇ ਹਾਲਾਤ ਬਦਲ ਗਏ ਹਨ। ਉਨ੍ਹਾਂ ਨੇ ਜਿਹੜਾ ਆਰਡੀਨੈਂਸ ਜਾਰੀ ਕੀਤਾ ਹੈ ਇਹ ਦੇ ਵਿਚ ਸੈਕਸ਼ਨ 6 ਡੀਲੀਟ ਕਰ ਦਿਤੀ ਗਈ ਹੈ, ਜਿਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੇ ਨਾਲ 1920 ਤੋਂ ਬਾਦ, ਪਹਿਲਾਂ ਵਾਲੀ ਹੀ ਪੁਜ਼ੀਸ਼ਨ ਰਹਿ ਜਾਂਦੀ ਹੈ, ਉਹ 30ਵੀਂ ਪੀੜ੍ਹੀ ਤੋਂ ਬਾਅਦ ਵੀ ਚੈਲੰਜ ਹੋ ਸਕਦਾ ਹੈ। ਮੈਂ ਜੋ ਸਰਕਾਰ ਦਾ ਆਰਡੀਨੈਂਸ ਰਾਹੀਂ ਮਨਸ਼ਾ ਪੂਰਾ ਕਰਨ ਦਾ ਮਤਲਬ ਹੈ ਉਹ ਗੱਲ ਲਿਆਂਦੀ ਹੈ। ਇਹ ਬੜੀ ਅਜੀਬ ਗੱਲ ਹੈ ਕਿ ਉਨ੍ਹਾਂ ਦਾ ਲਾਅ ਡਿਪਾਰਟਮੈਂਟ ਸੁਤਾ ਪਿਆ ਹੈ। ਇਸੇ ਤਰ੍ਹਾਂ ਦਾ ਆਰਡੀਨੈਂਸ ਲਿਆਂਦਾ ਹੈ ਜਿਹੜਾ ਕੋਈ ਮਤਲਬ ਨਹੀਂ ਰਖਦਾ। ਇਸ ਲਈ ਇਹ ਗਲਤੀ ਨੂੰ ਦੂਰ ਕਰਨ ਲਈ ਮੈਂ ਇਹ ਅਮੈਂਡਿੰਗ ਬਿਲ ਪੇਸ਼ ਕਰ ਰਿਹਾ ਹਾਂ।

**ਸਿਖਿਆ ਮੰਤਰੀ**: ਸਪੀਕਰ ਸਾਹਿਬ, ਇਥੇ ਜੋਸ਼ ਜੀ ਨੇ ਇਕ ਆਰਡੀਨੈਂਸ ਦੀ ਗਲ ਕੀਤੀ ਹੈ ਅਤੇ ਇਕ ਬਿਲ ਪੇਸ਼ ਕਰਨ ਦਾ ਵੀ ਜ਼ਿਕਰ ਕੀਤਾ ਹੈ। ਜਿਸ ਤਰ੍ਹਾਂ ਦਾ ਉਨ੍ਹਾਂ ਦਾ ਮਨਸ਼ਾ ਹੈ ਸਰਕਾਰ ਨੇ ਸਮਝ ਲਿਆ ਹੈ। ਮੈਂ ਉਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਉਹ ਆਪਣੇ ਬਿਲ ਨੂੰ ਵਾਪਸ ਲੈ ਲੈਣ। ਸਰਕਾਰ ਇਸੇ ਸੈਸ਼ਨ ਵਿਚ ਇਸ ਦੇ ਮੁਤਅਲਿਕ ਇਕ ਸੋਧਨਾ ਬਿਲ ਲਿਆ ਰਹੀ ਹੈ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਜਿਸ ਤਰ੍ਹਾਂ ਦਾ ਯਕੀਨ ਹਾਊਸ ਵਿਚ ਆਨਰੇਬਲ ਮਨਿਸਟਰ ਸਾਹਿਬ ਨੇ ਦਿਵਾਇਆ ਹੈ ਉਸ ਦੇ ਆਧਾਰ ਤੇ ਮੈਂ ਆਪਣਾ ਅਮੈਂਡਿੰਗ ਬਿਲ ਵਾਪਸ ਲੈਂਦਾ ਹਾਂ।

**Mr. Speaker**: Has the Hon. Member leave of the House to withdraw his Motion?

(Voices: Yes, Yes)

*The motion was, by leave of the House, withdrawn.*

## OFFICIAL RESOLUTION RE: ENACTMENT OF LEGISLATION TO CURB DEFECTIONS

**ਸਿਖਿਆ ਮੰਤਰੀ** (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਹੁਣੇ ਡੀਫੈਕਸ਼ਨਜ਼ ਦੇ ਮੁਤਲਿਕ ਇਕ ਰੈਜ਼ੋਲਿਊਸ਼ਨ ਇਸ ਹਾਊਸ ਵਿਚ ਅੱਜ ਹੀ ਲਿਆਉਣ ਲਈ ਮੂਵ ਚਲੀ ਸੀ। ਮੈਂ ਮਹਿਸੂਸ ਕਰਦਾ ਹਾਂ ਕਿ ਰੀਜ਼ਮਪਸ਼ਨ ਵਾਲਾ ਪਹਿਲਾ ਰੈਜ਼ੋਲਿਊਸ਼ਨ ਲੈਣ ਦੀ ਬਜਾਏ ਇਹ ਰੈਜ਼ੋਲਿਊਸ਼ਨ ਜ਼ੇਰੇ ਬਹਿਸ ਲੈ ਲਿਆ ਜਾਏ ਅਤੇ ਇਸ ਦਾ ਇਕ ਜੁਆਇੰਟ ਨੋਟਿਸ ਮੇਰੇ ਵਲੋਂ, ਕੈਪਟਨ ਰਤਨ ਸਿੰਘ, ਵਿਕਾਸ ਮੰਤਰੀ ਵਲੋਂ, ਕਾਮਰੇਡ ਸੱਤ ਪਾਲ ਡਾਂਗ, ਕਮਿਊਨਿਸਟ ਪਾਰਟੀ ਦੇ ਲੀਡਰ ਵਲੋਂ ਅਤੇ ਸਰਦਾਰ ਅਜਾਇਬ ਸਿੰਘ ਸੰਧੂ ਡਿਪਟੀ ਲੀਡਰ ਅਕਾਲੀ ਪਾਰਟੀ ਵਲੋਂ ਮੂਵ ਹੋਇਆ ਸਮਝਿਆ ਜਾਵੇ। ਇਸ ਦੀ ਵਰਡਿੰਗ ਇਸ ਤਰ੍ਹਾਂ ਹੈ:—

> This House recommends to the State Government to approach the Government of India to enact necessary legislation at the earliest to make it obligatory for every Legislator to resign the seat if he leaves the Party on whose ticket he was elected to join another Party.

**Finance Minister (Shri Hans Raj Sharma)**: Sir, this resolution has two portions. One portion is that the House may impose discipline on its Members by this Resolution.

**Mr. Speaker**: You may please mention these things in your speech.

Original with;
Punjab Vidhan Sabha
Digitized by;
Panjab Digital Library

**Mr. Speaker** : We will have to suspend the relevant Rule to discuss this resolution.

Is it the pleasure of the House that the Relevant Rule be suspended ?

**Voices** : Yes, yes.

**ਵਿਕਾਸ ਮੰਤਰੀ** (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਅਜ ਜੋ ਰੈਜ਼ੂਲਿਊਸ਼ਨ ਹਾਊਸ ਵਿਚ ਪੇਸ਼ ਹੋਇਆ ਹੈ, ਮੈਨੂੰ ਖੁਸ਼ੀ ਹੈ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਜਿਹੜੀਆਂ ਕਿ ਇਥੇ ਹਾਊਸ ਵਿਚ ਲੋਕਾਂ ਨੂੰ ਰੀਪ੍ਰੈਜ਼ੈਂਟ ਕਰਦੀਆਂ ਹਨ, ਮੁਤਫ਼ਿਕਾ ਤੌਰ ਤੇ ਇਹ ਫ਼ੈਸਲਾ ਕੀਤਾ ਹੈ ਅਤੇ ਮੈਂ ਸਮਝਦਾ ਹਾਂ ਕਿ ਅਜ ਦਾ ਦਿਨ ਪੰਜਾਬ ਦੀ ਤਵਾਰੀਖ ਵਿਚ ਨਵਾਂ ਮੋੜ ਹੈ । ਪਿਛਲੇ ਕੁਝ ਸਾਲਾਂ ਵਿਚ ਦੇਸ਼ ਵਿਚ ਪੁਲੀਟੀਕਲ ਕੁਰੱਪਸ਼ਨ ਦਾ ਇਕ ਮੰਬਾ ਬਣ ਗਿਆ ਸੀ ਅਤੇ ਉਹ ਮੰਬਾ ਸੀ ਡੀਫ਼ੈਕਸ਼ਨਜ਼ ਦਾ । ਇਸ ਡਿਫ਼ੈਕਸ਼ਨ ਕਰਕੇ ਹੀ ਕੁਝ ਅਜਿਹੇ ਪਾਲੀਟੀਸ਼ਨ ਜਿਨ੍ਹਾਂ ਨੇ ਕਦੇ ਕੁਝ ਨਹੀਂ ਸੀ ਬਣਨਾ ਕਿਸੇ ਔਹੁਦੇ ਤੇ ਨਹੀਂ ਸੀ ਪੁਜਣਾ, ਉਹ ਮਨਿਸਟਰ ਆਦਿ ਬਣ ਗਏ। ਇਸ ਪੁਲੀਟੀਕਲ ਕੁਰੱਪਸ਼ਨ ਨੂੰ ਖ਼ਤਮ ਕਰਨਾ ਲਾਜ਼ਮੀ ਹੋ ਗਿਆ ਸੀ । ਮੈਂਨੂੰ ਸਪੀਕਰ ਸਾਹਿਬ, ਖ਼ੁਸ਼ੀ ਹੈ ਕਿ ਇਸ ਦੇ ਲਈ ਤੁਸੀਂ ਇਨਸ਼ੀਏਟਿਵ ਲਿਆ ਅਤੇ ਮੈਨੂੰ ਯਕੀਨ ਹੈ ਕਿ ਇਸ ਨਾਲ ਪੰਜਾਬ ਦਾ ਨਕਸ਼ਾ ਬਦਲ ਜਾਵੇਗਾ ਅਤੇ ਪੁਲੀਟੀਕਲ ਕੁਰਪਸ਼ਨ ਜ਼ਰੂਰ ਰੁਕ ਜਾਵੇਗੀ । ਅਜ ਦੇਸ਼ ਦਾ ਫ਼ਾਇਦਾ ਸੋਚਣ ਵਾਲਾ ਹਰ ਆਦਮੀ ਇਹ ਚਾਹੁੰਦਾ ਹੈ ਕਿ ਇਹ ਕੁਰਪਸ਼ਨ ਰੁਕੇ । ਅਤੇ ਇਹ ਇਸ ਪੁਲੀਟੀਕਲ ਕੁਰਪਸ਼ਨ ਨੂੰ ਰੋਕਣ ਵਲ ਪਹਿਲਾ ਸਟੈਪ ਹੈ ਜੋ ਅਜ ਇਹ ਆਗਸਟ ਹਾਊਸ ਚੁਕ ਰਿਹਾ ਹੈ ਕਿ ਕੋਈ ਵੀ ਮੈਂਬਰ ਆਪਣੀ ਸੀਟ ਤੋਂ ਅਸਤੀਫ਼ਾ ਦਿਤੇ ਬਿਨਾ ਕੋਈ ਦੂਜੀ ਪਾਰਟੀ ਜੁਆਇਨ ਨਹੀਂ ਕਰ ਸਕਦਾ । ਇਹ ਅਜ ਯੂਨੈਨੀਮਸਲੀ ਅਤੇ ਸਾਰੇ ਹਾਊਸ ਦੀ ਕੋਆਪ੍ਰੇਸ਼ਨ ਨਾਲ ਕੀਤਾ ਜਾ ਰਿਹਾ ਹੈ ਅਤੇ ਮੈਂਨੂੰ ਇਸ ਗਲ ਦੀ ਖੁਸ਼ੀ ਹੈ । ਮੈਂਨੂੰ ਇਸ ਗਲ ਦੀ ਵੀ ਖੁਸ਼ੀ ਹੈ ਕਿ ਜਿਸ ਤਰ੍ਹਾਂ ਪੰਜਾਬ ਹੋਰ ਕੰਮਾਂ ਵਿਚ ਵੀ ਸਾਰੇ ਹਿੰਦੁਸਤਾਨ ਨੂੰ ਰਾਹ ਵਿਖਾਉਂਦਾ ਹੈ, ਉਸੇ ਤਰ੍ਹਾਂ ਇਹ ਪੁਲੀਟੀਕਲ ਕੁਰਪਸ਼ਨ ਨੂੰ ਖਤਮ ਕਰਨ ਵਿਚ ਵੀ ਸਾਰੇ ਹਿੰਦੁਸਤਾਨ ਨੂੰ ਰਾਹ ਦਿਖਾਏਗਾ ਅਤੇ ਜਿਹੜੀ ਦਿਲ ਮੱਠ ਦੀ ਨੀਤੀ ਹੈ ਉਹ ਖ਼ਤਮ ਹੋ ਜਾਵੇਗੀ । ਜਿਵੇਂ ਕਿ ਗਿਆਨੀ ਜੀ ਨੇ ਕਿਹਾ ਸੀ ਕਿ ਅਜ ਕਲ ਕੁਰੱਪਸ਼ਨ ਦਾ ਕਲਾਈਮੇਟ ਹੈ ਪਰ ਇਹ ਰੈਜ਼ੋਲਿਊਸ਼ਨ ਪਾਸ ਹੋਣ ਨਾਲ ਆਨੈਸਟੀ ਦੀ ਕਲਾਈਮੇਟ ਹੋ ਜਾਵੇਗੀ । ਪੌਲਿਟਿਕਸ ਦਾ ਅਰਥ ਹੈ ਜਨਤਾ ਦੀ ਸੇਵਾ, ਕਮਜ਼ੋਰਾਂ ਅਤੇ ਬੇਆਸਰਿਆਂ ਨੂੰ ਆਸਰਾ ਦੇਣਾ । ਪਰ ਅਜ ਕਲ ਇਹ ਕੁਰੱਪਸ਼ਨ ਦਾ ਘਰ ਬਣ ਰਹੀ ਸੀ ਪਰ ਹੁਣ ਇਸ ਰੈਜ਼ੋਲਿਊਸ਼ਨ ਨਾਲ ਇਹ ਕੁਰੱਪਸ਼ਨ ਖ਼ਤਮ ਹੋ ਜਾਵੇਗੀ । ਇਸ ਦੇ ਲਈ ਸਾਨੂੰ ਸਾਰੀਆਂ ਪਾਰਟੀਆਂ ਤੋਂ ਕੁਆਪ੍ਰੇਸ਼ਨ ਮਿਲੀ ਹੈ । ਇਹ ਪਹਿਲੀ ਵਾਰ ਹੈ ਕਿ ਹਿੰਦੁਸਤਾਨ ਦੀ ਕਿਸੇ ਸਟੇਟ ਦੀ ਅਸੈਂਬਲੀ ਨੇ ਅਜਿਹਾ ਰੈਜ਼ੋਲਿਊਸ਼ਨ ਲਿਆਂਦਾ ਹੈ ਅਤੇ ਉਹ ਵੀ ਯੂਨਾਨੀਮਸਲੀ । ਮੈਂ ਸਮਝਦਾ ਹਾਂ ਕਿ ਮੂਵਰ ਸਾਹਿਬਾਨ ਨੂੰ ਹੀ ਨਹੀਂ ਸਗੋਂ ਸਾਰੇ ਮੈਂਬਰ ਸਾਹਿਬਾਨ ਨੂੰ ਇਸ ਤੇ ਬੋਲਣ ਦਾ, ਆਪਣੇ ਵਿਚਾਰ ਰਖਣ ਦਾ ਮੌਕਾ ਮਿਲਣਾ ਚਾਹੀਦਾ ਹੈ । ਇਹ ਜੋ ਕੁਰਪਸ਼ਨ ਹੈ ਇਸ ਦੇ ਖ਼ਤਮ ਕਰਨ ਲਈ ਜੋ ਕਦਮ ਚੁਕਿਆ ਜਾ ਰਿਹਾ ਹੈ ਇਹ ਬੜਾ ਮਹੱਤਵਪੂਰਨ ਹੈ; ਇਸ ਲਈ ਸਾਰੇ ਮੈਂਬਰ ਸਾਹਿਬਾਨ ਨੂੰ ਇਸ ਵਿਚ ਹਿੱਸਾ ਪਾਉਣਾ ਚਾਹੀਦਾ ਹੈ । ਇਹ ਸਪੀਕਰ ਸਾਹਿਬ, ਸਾਰੇ ਹਾਊਸ ਦੀ ਕੁਆਪ੍ਰੇਸ਼ਨ ਅਤੇ ਤੁਹਾਡੀਆਂ ਗੁਡ ਵਿਸ਼ਿਜ਼ ਦੇ ਕਾਰਨ ਅੱਜ ਇਹ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਰੈਜ਼ੋਲਿਊਸ਼ਨ ਇਥੇ ਪੇਸ਼ ਕੀਤਾ ਗਿਆ ਹੈ। ਇਸ ਵਿਚ ਸ਼ਕ ਨਹੀਂ ਕਿ ਐਡਮਨਿਸਟ੍ਰੇਸ਼ਨ ਵਿਚ ਵੀ ਕੁਰੱਪਸ਼ਨ ਹੈ, ਪਰ ਹੁਣ ਜਦੋਂ ਪੁਲੀਟੀਕਲ ਕੁਰੱਪਸ਼ਨ ਖ਼ਤਮ ਹੋ ਜਾਵੇਗੀ ਤਾਂ ਐਡਮਨਿਸਟਰੇਸ਼ਨ ਦੀ ਕੁਰੱਪਸ਼ਨ ਵੀ ਛੇਤੀ ਹੀ ਖ਼ਤਮ ਹੋਣ ਦੀ ਸੰਭਾਵਨਾ ਹੈ। ਅਜ ਪੰਜਾਬ ਦੀ ਜਨਤਾ ਨੂੰ ਇਸ ਗਲ ਤੇ ਫ਼ਖ਼ਰ ਹੈ ਕਿ ਉਸ ਨੇ ਜੋ 104 ਮੈਂਬਰ ਚੁਣ ਕੇ ਭੇਜੇ ਹਨ ਉਨ੍ਹਾਂ ਨੇ ਦੇਸ਼ ਦੀ ਭਲਾਈ ਲਈ ਇਕ ਕਦਮ ਚੁਕਿਆ ਹੈ ਅਤੇ ਇਸ ਦੇ ਨਾਲ ਜੋ ਥੋੜ੍ਹੀ ਬਹੁਤ ਐਡਮਨਿਸਟਰਸ਼ਨ ਵਿਚ ਕੁਰੱਪਸ਼ਨ ਹੈ ਉਹ ਵੀ ਖ਼ਤਮ ਹੋ ਜਾਵੇਗੀ। ਇਸ ਕਦਮ ਦੇ ਨਾਲ ਸਾਡੇ ਰਾਹ ਵਿਚ ਐਡਮਨਿਸਟਰੇਸ਼ਨ ਵਿਚੋਂ ਕੁਰੱਪਸ਼ਨ ਦੂਰ ਕਰਨ ਦੇ ਰਾਹ ਵਿਚ ਜੋ ਰੁਕਾਵਟਾਂ ਸੀ ਉਹ ਖ਼ਤਮ ਹੋ ਜਾਣਗੀਆਂ। ਇਸ ਦੇ ਨਾਲ ਹੀ ਮੈਂ ਇਹ ਸਮਝਦਾ ਹਾਂ ਕਿ ਸਾਡੀ ਪਾਰਟੀ ਦੀ ਇਹ ਖ਼ੁਸ਼ਕਿਸਮਤੀ ਹੈ ਕਿ ਸਾਨੂੰ ਸਹੀ ਲੀਡਰਸ਼ਿਪ ਮਿਲੀ ਹੋਈ ਹੈ ਅਤੇ ਨਾਲ ਹੀ ਦੂਜੀਆਂ ਸਾਰੀਆਂ ਪਾਰਟੀਆਂ ਦੀ ਇਸ ਮਾਮਲੇ ਵਿਚ ਕੋਆਪਰੇਸ਼ਨ ਵੀ ਮਿਲੀ ਹੈ। ਇਸ ਲਈ ਮੈਂ ਦੂਜੀਆਂ ਪਾਰਟੀਆਂ ਦਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਮੈਂ 1967 ਤੋਂ 1972 ਤਕ ਉਨ੍ਹਾਂ ਬੈਂਚਾਂ ਤੇ (ਅਪੋਜ਼ੀਸ਼ਨ ਵਲ ਇਸ਼ਾਰਾ) ਬੈਠਾ ਸੀ, ਮੈਨੂੰ ਪਤਾ ਹੈ ਕਿਸ ਤਰ੍ਹਾਂ ਮੈਂਬਰਾਂ ਨੂੰ ਘੇਰ ਘੇਰ ਕੇ ਰਖਿਆ ਜਾਂਦਾ ਸੀ। ਕੁਰੱਪਸ਼ਨ ਰੋਕਣ ਦੀਆਂ ਗੱਲਾਂ ਸਾਡੇ ਸਾਹਮਣੇ ਹੁੰਦੀਆਂ ਰਹਿੰਦੀਆਂ ਸੀ ਪਰ ਕੁਰਪਸ਼ਨ ਜ਼ੋਰ ਫੜਦੀ ਹੀ ਗਈ। ਔਰ ਅਸੀਂ ਸਮਝਦੇ ਸੀ ਕਿ ਇਹ ਕੁਰੱਪਸ਼ਨ ਕਿਸੇ ਰੈਵੋਲਿਊਸ਼ਨ ਤੋਂ ਬਿਨਾ ਨਹੀਂ ਹਟ ਸਕਦੀ। ਪਰ ਅਜ ਇਸ ਰੈਜ਼ੋਲਿਊਸ਼ਨ ਦੇ ਨਾਲ ਰੈਵੋਲਿਊਸ਼ਨ ਦੀ ਲੋੜ ਨਹੀਂ ਰਹੀ। ਅਜ ਉਸ ਤੋਂ ਬਗੈਰ ਹੀ ਤਬਦੀਲੀ ਆ ਗਈ ਹੈ। ਅਸਲ ਵਿਚ ਜੋ ਵੈਸਟਿਡ ਇੰਟਰੈਸਟ ਹਨ ਇਨ੍ਹਾਂ ਨੂੰ ਚੈਕ ਕਰਨ ਦੀ ਲੋੜ ਹੈ। ਇਹ ਕਈ ਢੰਗ ਵਰਤ ਕੇ ਆਪਣਾ ਕੰਮ ਕਢਾ ਲੈਂਦੇ ਹਨ। ਇਹ ਗਰੀਬ ਆਦਮੀ ਅਗੇ ਅਜਿਹੇ ਲਾਲਚ ਰਖ ਦਿੰਦੇ ਹਨ ਕਿ ਗਰੀਬ ਆਦਮੀ ਸਟੈਂਡ ਨਹੀਂ ਕਰ ਸਕਦਾ। ਇਸ ਲਈ ਮੈਂ ਸਮਝਦਾ ਹਾਂ ਕਿ ਅੱਜ ਦਾ ਦਿਨ ਪੰਜਾਬ ਵਿਚ ਇਕ ਹਿਸਟੋਰਿਕ ਡੇ ਹੈ। ਇਹ ਕੋਈ ਕਾਨੂੰਨ ਨਹੀਂ ਹੈ, ਅਸੀਂ ਕਾਨੂੰਨ ਬਣਾਉਣ ਦੀ ਸਿਫ਼ਾਰਸ਼ ਕੀਤੀ ਹੈ ਪਰ ਇਸ ਦੇ ਨਾਲ ਹੀ ਇਸ ਹਾਊਸ ਨੇ ਆਪਣੇ ਆਪ ਤੇ ਸੈਲਫ਼ ਇਮਪੋਜ਼ਡ ਰਿਸਟ੍ਰਿਕਸ਼ਨ ਇਮਪੋਜ਼ ਕੀਤੀ ਹੈ ਕਿ ਇਕ ਪਾਰਟੀ ਤੋਂ ਦੂਜੀ ਪਾਰਟੀ ਵਿਚ ਬਿਨਾ ਸੀਟ ਤੋਂ ਅਸਤੀਫ਼ਾ ਦਿਤੇ ਨਹੀਂ ਜਾਣਾ। ਜੇ ਦੂਜੀ ਪਾਰਟੀ ਜੁਆਇਨ ਕਰਨੀ ਵੀ ਹੈ ਤਾਂ ਪਹਿਲੀ ਪਾਰਟੀ ਦੀ ਸੀਟ ਤੋਂ ਅਸਤੀਫ਼ਾ ਦੇ ਕੇ ਅਤੇ ਲੋਕਾਂ ਤੋਂ ਵਰਡਿਕਟ ਲੈ ਕੇ ਦੂਜੀ ਪਾਰਟੀ ਵਿਚ ਜਾਣਾ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਤਗੜੇ ਹੋ ਕੇ ਇਸ ਤਰ੍ਹਾਂ ਦੀ ਕੁਰੱਪਸ਼ਨ ਖ਼ਤਮ ਕਰਨ ਲਈ ਜੁਟ ਜਾਣਾ ਚਾਹੀਦਾ ਹੈ। ਲੋਕਾਂ ਨੂੰ ਜਿਹੜੀਆਂ ਸਾਡੇ ਤੇ ਆਸਾਂ ਹਨ ਉਨ੍ਹਾਂ ਤੇ ਪੂਰੇ ਉਤਰੀਏ। ਮੈਂ ਸਮਝਦਾ ਹਾਂ ਕਿ ਸਾਨੂੰ ਅਜ ਦੀਪ ਮਾਲਾ ਕਰਨੀ ਚਾਹੀਦੀ ਹੈ। ਪਹਿਲੀ ਵਾਰੀਂ ਦੀਪ ਮਾਲਾ ਉਦੋਂ ਕੀਤੀ ਸੀ ਜਦੋਂ ਫ਼ਾਜ਼ਿਲਕਾ ਅਤੇ ਆਬੋਹਰ ਦੇਣ ਦਾ ਫ਼ੈਸਲਾ ਕੀਤਾ ਸੀ। ਪਰ ਅਸਲ ਵਿਚ ਦੀਪ ਮਾਲਾ ਅਜ ਕਰਨੀ ਚਾਹੀਦੀ ਹੈ।

**ਸ੍ਰੀ ਸਪੀਕਰ** : ਕੈਪਟਨ ਸਾਹਿਬ ਮੈਂ ਤੁਹਾਨੂੰ ਕੁਰੈਕਟ ਕਰ ਦਿਆਂ। ਤੁਸੀਂ ਕਿਹਾ ਹੈ ਕਿ ਆਬੋਹਰ ਤੇ ਫ਼ਾਜ਼ਿਲਕਾ ਦੇ ਦਿਤੇ ਗਏ ਹਨ ਪਰ ਅਜੇ ਤਾਂ ਉਹ ਦਿਤੇ ਨਹੀਂ ਗਏ। (Captain Sahib, I would like to correct you. You have said that Punjab has surrendered the areas of Abohar and Fazilka.

Original with;
Punjab Vidhan Sabha
Digitized by;
Panjab Digital Library

But these areas have not yet been transferred to any other State.)

**ਵਿਕਾਸ ਮੰਤਰੀ :** ਸਪੀਕਰ ਸਾਹਿਬ, ਬੇਸ਼ਕ ਬਿਜਲੀ ਦੀ ਕਮੀਂ ਹੈ ਪਰ ਅੱਜ ਦਾ ਦਿਨ ਇਤਨਾ ਖੁਸ਼ੀ ਭਰਿਆ ਹੈ ਕਿ ਅਸੀਂ ਇਸ ਲਈ ਕਿਤੋਂ ਬਿਜਲੀ ਦਾ ਇੰਤਜ਼ਾਮ ਕਰਾਂਗੇ ਕਿ ਪੰਜਾਬ ਵਿਚ ਦੀਪ ਮਾਲਾ ਜ਼ਰੂਰ ਹੋਵੇ । ਇਤਨਾ ਕਹਿ ਕੇ ਮੈਂ ਬੈਠਦਾ ਹੈ ।

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰੀ ਕਾਲ ਅਟੈਨਸ਼ਨ ਨੋਟਿਸ ਦਾ ਜਵਾਬ ਚੀਫ਼ ਮਨਿਸਟਰ ਵਲੋਂ (ਵਿਘਨ) ....

**ਸ੍ਰੀ ਸਪੀਕਰ :** ਇਸ ਬਾਰੇ ਜ਼ੀਰੋ ਆਵਰ ਵਿਚ ਗਲ ਕਰ ਲੈਣਾ । (You may raise this issue during the Zero Hour.)

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ :** ਇਹ ਹਾਊਸ ਵਿਚ ਸਰਕੂਲੇਟ ਕੀਤਾ ਗਿਆ। ਹਾਊਸ ਵਿਚ ਜਦੋਂ ਕੈਪਟਨ ਸਾਹਿਬ ਬੋਲਣ ਲਗੇ ਸੀ (ਵਿਘਨ) ਉਹਦੇ ਉਤੇ ਮੇਰਾ ਹੱਕ ਹੈ । (ਵਿਘਨ)

**ਸ੍ਰੀ ਸਪੀਕਰ :** ਮੁਤੱਲਕਾ ਵਜ਼ੀਰ ਸਾਹਿਬ ਨੂੰ ਦਸ ਦਿਉ । (Please refer this matter to the Minister concerned.)

**ਚੌਧਰੀ ਜਗਤ ਰਾਮ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਨੇ ਬੋਲਦੇ ਬੋਲਦੇ ਇਹ ਗੱਲ ਕਹੀ ਹੈ ਕਿ ਜਿਹੜੇ ਗਰੀਬ ਆਦਮੀ ਸਨ (ਵਿਘਨ) ਇਹ ਲਫ਼ਜ਼ ਪਰੋਸੀਡਿੰਗਜ਼ ਵਿਚੋਂ ਕਢਣੇ ਚਾਹੀਦੇ ਹਨ ।

**ਸ੍ਰੀ ਸਪੀਕਰ :** ਮੇਰੇ ਅਗੇ ਬਹੁਤ ਚੀਜ਼ਾਂ ਰੱਖੀਆਂ ਗਈਆਂ ਪਰ ਮੈਂ ਠੋਕਰ ਮਾਰ ਦਿਤੀ । (I was also offered inducements but I rejected the offer.)

**ਚੌਧਰੀ ਜਗਤ ਰਾਮ :** ਗ਼ਰੀਬ ਆਦਮੀ ਕੋਈ ਨਹੀਂ ਗਿਆ ਅਤੇ ਜਿਹੜੇ ਗਏ ਹਨ ਉਹ ਫੰਨੇ ਖਾਂ ਗਏ ਹਨ । ਜਿਹੜੇ ਬੰਦੇ ਜਾਣ ਵਾਲੇ ਸਨ ਉਹ ਰੋਕਦਿਆਂ ਰੋਕਦਿਆਂ ਚਲੇ ਗਏ । (ਵਿਘਨ)

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਨੂੰ ਮੂਵ ਕਰਨ ਦੀ ਆਗਿਆ ਦਿਤੀ ਸੀ । (ਵਿਘਨ)

**ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) :** ਮੈਂ ਰੈਜ਼ੋਲਿਊਸ਼ਨ ਇਨ੍ਹਾਂ ਸ਼ਬਦਾਂ ਨਾਲ ਮੂਵ ਕਰਦਾ ਹਾਂ :

> This House recommends to the State Government to approach the Government of India to enact necessary legislation at the earliest to make it obligatory for every legislator to resign the seat if he leaves the party on whose ticket he was elected, to join another party.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਸ ਰੈਜ਼ੋਲਿਊਸ਼ਨ ਨੂੰ ਥੋੜਾ ਜਿਹਾ ਅਮੈਂਡ ਕਰ ਲਵੋ ਤਾਂ ਕਿ ਇੰਡੀਪੈਂਡੈਂਟ ਵੀ ਆ ਜਾਣ (ਵਿਘਨ) (The wording may be so altered as to include the independent Members also.)

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਇਸ ਦਾ ਦੂਜਾ ਪਾਰਟ ਵੀ ਹੈ :

"This House resolves that Members of this august House who have hereby resolved..............."

**ਸਰਦਾਰ ਅਜਾਇਬ ਸਿੰਘ ਸੰਧੂ** : ਜਿੰਨਾਂ ਸਾਈਨ ਹੋਇਆ ਹੈ ਉਨਾਂ ਹੀ ਪੜ੍ਹੋ । (ਵਿਘਨ) ਜਿੰਨ੍ਹਾਂ ਤਿੰਨ ਮੈਂਬਰਾਂ ਵਲੋਂ ਸਾਈਨ ਹੋਇਆ ਉਹੀ ਪੜ੍ਹੋ ।

**ਵਿਕਾਸ ਮੰਤਰੀ** : ਉਨਾਂ ਮੈਂ ਪੜ੍ਹ ਦਿਤਾ ਹੈ । (ਵਿਘਨ)

Mr. Speaker : Motion moved—

This House recommends to the State Government to approach the Government of India to enact necessary legislation at the earliest to make it obligatory for every legislator to resign the seat if he leaves the party on whose ticket he was elected, to join another party.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ ਕਿਉਂਕਿ ਸੁਜੈਸ਼ਨ ਮੈਂ ਦਿੱਤੀ ਹੈ ਇਸ ਲਈ ਤੁਸੀਂ ਮੈਨੂੰ ਹੁਕਮ ਕੀਤਾ ਕਿ ਇਹ ਰੈਜ਼ੋਲਿਊਸ਼ਨ ਮੂਵ ਕੀਤਾ ਜਾਵੇ । ਮੈਨੂੰ ਇਸ ਗਲ ਤੇ ਕੋਈ ਗਿਲਾ ਨਹੀਂ ਕਿ ਕੈਪਟਨ ਸਾਹਿਬ ਨੇ ਮੂਵ ਕਰ ਲਿਆ ਕਿਉਂਕਿ ਰੈਜ਼ੋਲਿਊਸ਼ਨ ਡਰਾਫ਼ਟ ਸਾਂਝਾ ਹੋਇਆ ਹੈ । ਮੈਨੂੰ ਖੁਸ਼ੀ ਹੈ ਕਿ ਮੈਨੂੰ ਬੋਲਣ ਦਾ ਮੌਕਾ ਕੈਪਟਨ ਸਾਹਿਬ ਤੋਂ ਬਾਅਦ ਮਿਲਿਆ ਅਤੇ ਉਨ੍ਹਾਂ ਦੇ ਜਿਹੜੇ ਮੈਂ ਵਿਚਾਰ ਸੁਣੇ ਇਹਦੇ ਨਾਲ ਮੈਂ ਸਹਿਮਤ ਹਾਂ (ਵਿਘਨ) ਲੇਕਿਨ ਜਿਹੜੇ ਵਿਚਾਰ ਕੈਪਟਨ ਸਾਹਿਬ (ਵਿਘਨ) (ਸ਼ੋਰ) (ਸਰਦਾਰ ਕਰਨੈਲ ਸਿੰਘ ਮਰੁੜੀ ਵਲੋਂ ਵਿਘਨ)

**ਸ੍ਰੀ ਸਪੀਕਰ** : ਆਰਡਰ, ਆਰਡਰ ਪਲੀਜ਼ । ਮਰੁੜੀ ਸਾਹਿਬ ਕੀ ਤੁਹਾਨੂੰ ਕੁਰੱਪਸ਼ਨ ਦੀ ਡੈਫ਼ੀਨੀਸ਼ਨ ਦਾ ਪਤਾ ਹੈ (ਵਿਘਨ) (Order, order please. Marhari Sahib do you know what is the definition of corruption.)

**ਸਰਦਾਰ ਕਰਨੈਲ ਸਿੰਘ ਮਰੁੜੀ** : ਤੁਸੀਂ ਮੇਰੇ ਕਮਰੇ ਵਿਚ ਆ ਜਾਣਾ ਮੈਂ ਦਸ ਦਿਆਂਗਾ । (ਹਾਸਾ)

**ਭਗਤ ਗੁਰਾਂ ਦਾਸ ਹੰਸ** : ਇਹ ਮਾੜੀ ਗੱਲ ਹੈ ਕਿ ਇਕ ਮੈਂਬਰ ਸ੍ਰੀ ਸਪੀਕਰ ਨੂੰ ਕਹੇ ਕਿ ਉਹ ਉਹਦੇ ਕਮਰੇ ਵਿਚ ਆ ਜਾਵੇ ।

**ਸ੍ਰੀ ਸਪੀਕਰ** : ਸ਼ਾਇਦ ਉਨ੍ਹਾਂ ਨੇ ਮੈਨੂੰ ਕੋਈ ਦਾਅਵਤ ਦੇਣੀ ਹੋਵੇ । ਤੁਹਾਨੂੰ ਵੀ ਨਾਲ ਲੈ ਜਾਵਾਂਗੇ । (ਹਾਸਾ) (Perhaps Mr. Marhari, intends to give me a party. You may also accompany me.)

**ਕਾਮਰੇਡ ਸੱਤ ਪਾਲ ਡਾਂਗ** : (ਅਮ੍ਰਿਤਸਰ ਪੱਛਮ) ਸਪੀਕਰ ਸਾਹਿਬ, ਇਹ ਮਤਾ ਇਕ ਅਹਿਮ ਮਤਾ ਹੈ । ਇਸ ਗਲ ਉਤੇ ਮੈਂ ਕੈਪਟਨ ਸਾਹਿਬ ਨਾਲ ਸਹਿਮਤ ਹਾਂ । ਇਹ ਮਤਾ ਸਾਨੂੰ ਪੂਰੀ

Original with;
Punjab Vidhan Sabha
Digitized by;
Panjab Digital Library

ਸੰਜੀਦਗੀ ਨਾਲ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ । ਮੈਂ ਇਹ ਸਮਝਦਾ ਹਾਂ ਕਿ ਜੇ ਅਜਿਹੇ ਮਤੇ ਸਤਯੁਗੀ ਪੰਜਾਬ ਅਤੇ ਹਿੰਦੁਸਤਾਨ ਵਿਚ ਪਾਸ ਹੋਣੇ ਸ਼ੁਰੂ ਹੋ ਜਾਣ ਤਾਂ ਅੱਜ ਬਿਜਲੀ ਕਿਤੋਂ ਲਭਕੇ, ਮੰਗਵਾਕੇ, ਲੈਕੇ, ਪੰਜਾਬ ਵਿਚ ਦੀਪ ਮਾਲਾ ਕਰਨੀ ਚਾਹੀਦੀ ਹੈ। ਪਰ ਇਸ ਦੀ ਬੁਨਿਆਦ ਵਿਚ ਜਾਣ ਦੀ ਲੋੜ ਹੈ। ਸਾਡੇ ਰਾਜਨੀਤਕ ਜੀਵਨ ਵਿਚ ਇਕ ਬਹੁਤ ਘਿਰਣਾ ਯੋਗ, ਕਾਬਲੇ ਇਤਰਾਜ਼, ਮਾੜੀ ਰੀਤ ਜਾਰੀ ਹੋ ਗਈ। ਇਹ ਗਲ ਜਨਤਾ ਕਹਿੰਦੀ ਹੈ ਕਿ ਸਾਡੇ ਐਮ.ਐਲ.ਏਜ਼. ਜਿਨ੍ਹਾਂ ਨੂੰ ਅਸੀਂ ਚੁਣਕੇ ਇਸ ਕਰਕੇ ਵਿਧਾਨ ਸਭਾਵਾਂ ਵਿਚ ਭੇਜਦੇ ਹਾਂ ਕਿ ਉਹ ਉਥੇ ਜਾਕੇ ਇਕ ਨਵਾਂ ਪੰਜਾਬ ਅਤੇ ਨਵਾਂ ਦੇਸ਼ ਬਣਾਉਣ ਪਰ ਉਹ ਚੁਣੇ ਹੋਏ ਨੁਮਾਇੰਦੇ ਨੀਲਾਮੀ ਉਤੇ ਚੜ੍ਹੇ ਹੋਏ ਹਨ । ਪਿਛਲੇ ਕੁਝ ਸਾਲਾਂ ਵਿਚ ਇਹੋ ਜਿਹੇ ਹਾਲਾਤ ਪੈਦਾ ਹੋਏ । ਜਿਹੜਾ ਨਿਲਾਮੀ ਉਤੇ ਚੜ੍ਹਦਾ ਹੈ ਉਸਦਾ ਕਸੂਰ ਹੈ । ਇਕ ਟਿਕਟ ਉਤੇ, ਇਕ ਪਰੋਗਰਾਮ ਉਤੇ, ਇਕ ਮੈਨੀਫੈਸਟੋ ਉਤੇ ਲੋਕਾਂ ਨਾਲ ਵਾਇਦਾ ਕਰਕੇ ਉਸ ਦੇ ਆਧਾਰ ਤੇ ਵੋਟਾਂ ਲੈਕੇ ਅਸੈਂਬਲੀ ਵਿਚ ਆਵੇ ਅਤੇ ਫੇਰ ਕੋਈ ਮਨਿਸਟਰੀ ਲਈ, ਕੋਈ ਡਿਪਟੀ ਮਨਿਸਟਰੀ ਲਈ, ਕੋਈ ਚਾਰ ਪਰਮਿਟਾਂ ਲਈ ਕੋਈ ਹੋਰ ਕੰਮ ਲਈ ਕੋਈ ਦਸ ਹਜ਼ਾਰ ਨਕਦ ਲਈ ਉਹ ਆਪਣੇ ਆਪ ਨੂੰ ਨਿਲਾਮੀ ਤੇ ਚਾੜ੍ਹ ਕੇ ਵਿਕ ਜਾਵੇ ਤਾਂ ਇਹ ਠੀਕ ਨਹੀਂ ਹੈ । ਇਕ ਪਾਰਟੀ ਬਦਲ ਕੇ ਦੂਸਰੀ ਪਾਰਟੀ ਵਿਚ ਚਲਾ ਜਾਵੇ ਇਹ ਮਾੜੀ ਗਲ ਹੈ । ਪਹਿਲੀ ਪਾਰਟੀ ਜਿਸ ਦੇ ਲੋਕਾਂ ਨੇ ਉਸ ਨੂੰ ਜਿਤਾਇਆ ਫੇਰ ਉਹ ਉਸ ਦੂਜੀ ਪਾਰਟੀ ਵਿਚ ਚਲਾ ਜਾਵੇ ਜਿਸ ਦੇ ਖਿਲਾਫ਼ ਉਹ ਖੜਾ ਹੋਇਆ ਸੀ ਅਤੇ ਜਿਸ ਦੀ ਉਹ ਵਿਰੋਧਤਾ ਕਰਦਾ ਸੀ, ਇਸ ਤਰ੍ਹਾਂ ਨਾਲ ਇਹ ਦੇਸ਼ ਦੇ ਭਵਿਖ ਲਈ ਚੰਗੀ ਗਲ ਨਹੀਂ ਹੈ । ਪਾਰਟੀ ਬਦਲਣ ਵਾਲੇ ਦਾ ਕਸੂਰ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਗਰ ਅਸੀਂ ਬੁਨਿਆਦ ਵਿਚ ਜਾਈਏ ਤਾਂ ਸਾਡੇ ਵਿਚੋਂ ਹਰ ਪਾਰਟੀ ਦੇ ਲੀਡਰ ਨੂੰ ਪੰਜਾਬ ਦੀ ਪਾਰਟੀਆਂ ਦੇ ਲੀਡਰਾਂ ਨੂੰ, ਹਿੰਦੁਸਤਾਨ ਦੀਆਂ ਪਾਰਟੀਆਂ ਦੇ ਲੀਡਰਾਂ ਨੂੰ ਇਸ ਗਲ ਉਤੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ ਕਿ ਜਿਹੜਾ ਨਿਲਾਮੀ ਤੇ ਚੜ੍ਹਿਆ ਉਸ ਨੂੰ ਨਿਲਾਮੀ ਤੇ ਚੜ੍ਹਨ ਵਾਸਤੇ ਸ਼ਹਿ ਕਿਸ ਨੇ ਦਿਤੀ ? ਜਿਹੜਾ ਖਰੀਦਦਾ ਹੈ ਉਹ ਵੀ ਜ਼ਿਮੇਵਾਰ ਹੈ । ਸਪੀਕਰ ਸਾਹਿਬ, ਜਿਹੜਾ ਵਿਕਦਾ ਹੈ ਉਹਦਾ ਵੀ ਕਸੂਰ ਹੈ । ਪਰ ਜਿਹੜਾ ਖਰੀਦਦਾ ਹੈ ਆਪਣੀ ਮਨਿਸਟਰੀ ਬਚਾਉਣ ਲਈ ਉਹ ਵੀ ਜ਼ਿਮੇਵਾਰ ਹੈ । ਇਸ ਕਰਕੇ ਅਸੀਂ ਇਸ ਗਲ ਵਿਚ ਨਾ ਜਾਈਏ ਬਲਕਿ ਸੋਚਣ ਵਾਲੀ ਗਲ ਇਹ ਹੈ ਕਿ ਜਿਹੜੇ ਐਮ. ਐਲ. ਏਜ਼. ਵਿਕਾਊ ਐਮ.ਐਲ.ਏਜ਼ ਬਣੇ ਹੋਏ ਹਨ ਉਨ੍ਹਾਂ ਨੂੰ ਵਿਕਾਊ ਮਾਲ ਬਣਾਉਣ ਵਾਲਾ ਕੌਣ ਹੈ ? ਇਸ ਗਲ ਦੀ ਜੜ ਵਿਚ ਜਾਣਾ ਚਾਹੀਦਾ ਹੈ । ਸਾਡੇ ਦੇਸ਼ ਵਿਚ ਰਾਜਨੀਤੀ ਇਕ ਪਵਿੱਤਰ ਚੀਜ਼ ਕਹੀ ਜਾਂਦੀ ਸੀ । ਜਿਹੜਾ ਰਾਜਨੀਤੀ ਵਿਚ ਆਉਂਦਾ ਸੀ ਉਹ ਇਸ ਗਲ ਦਾ ਇਲਾਨ ਕਰਦਾ ਸੀ ਕਿ ਮੈਂ ਹਿੰਦੁਸਤਾਨ ਦੀ ਆਜ਼ਾਦੀ ਲੜਨ ਵਾਸਤੇ ਅੰਗਰੇਜ਼ ਸਾਮਰਾਜ ਦੇ ਖਿਲਾਫ਼ ਹਰ ਕੁਰਬਾਨੀ ਕਰਨ ਨੂੰ ਤਿਆਰ ਹਾਂ ਅਤੇ ਉਨ੍ਹਾਂ ਅਸੂਲਾਂ ਉਤੇ ਉਹ ਕੁਰਬਾਨੀ ਕਰਨ ਨੂੰ ਤਿਆਰ ਸਨ । ਸਾਡੀ ਰਾਜਨੀਤੀ ਦਾ ਸਿੰਬਲ ਸਰਦਾਰ ਭਗਤ ਸਿੰਘ, ਸ਼ਹੀਦ ਸਰਾਬਾ ਹਨ । ਇਸ ਤਰ੍ਹਾਂ ਦੇ ਨੌਜਵਾਨ ਰਾਜਨੀਤੀ ਵਿਚ ਸਨ ਜਿਹੜੇ ਦੇਸ਼ ਦੀ ਆਜ਼ਾਦੀ ਲਈ ਲੜੇ ਅਤੇ ਕੁਰਬਾਨੀਆਂ ਦਿਤੀਆਂ । ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਜਿਹੜਾ ਬਲੈਕ ਕਰੇਗਾ ਉਸਨੂੰ ਖੰਬੇ ਉਤੇ ਟੰਗ ਦਿਤਾ ਜਾਵੇਗਾ । ਦੇਸ਼ ਆਜ਼ਾਦ ਹੋ ਗਿਆ ਅਤੇ ਹੁਣ ਰਾਜਨੀਤੀ ਦਾ ਮਤਲਬ ਹੋਰ ਹੈ । ਉਹ ਇਹ ਹੈ ਕਿ ਇਥੇ ਦੇਸ਼ ਵਿਚ ਭੁਖ ਨਹੀਂ ਹੋਵੇਗੀ, ਕੋਈ ਗਰੀਬ ਨਹੀਂ ਹੋਵੇਗਾ ਅਤੇ ਬੇਕਾਰੀ ਨਹੀਂ ਹੋਵੇਗੀ । ਸਾਨੂੰ ਅਜਿਹੀ ਰਾਜਨੀਤੀ ਚਾਹੀਦੀ ਹੈ ਜਿਸ ਰਾਹੀਂ ਉਪ੍ਰੋਕਤ ਦਸੀਆਂ ਚੀਜ਼ਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਨੂੰ ਇਥੋਂ ਖ਼ਤਮ ਕਰ ਸਕੀਏ । ਸਪੀਕਰ ਸਾਹਿਬ, ਅੱਜ ਸਾਡੇ ਦੇਸ਼ ਦੀ ਰਾਜਨੀਤੀ ਵਿਚ ਅਜਿਹੇ ਲੋਕ ਆ ਗਏ ਹਨ ਜਿਹੜੇ ਕਦੇ ਰਾਜਨੀਤੀ ਵਿਚ ਨਹੀਂ ਸਨ । ਮੈਂ ਤਾਂ, ਸਪੀਕਰ ਸਾਹਿਬ, ਇਹ ਕਹਿੰਦਾ ਹਾਂ ਕਿ ਹਿੰਦੁਸਤਾਨ ਵਿਚ ਜਿੰਨੇ ਵੀ ਪਰਾਂਤ ਹਨ ਸਾਨੂੰ ਸਾਰਿਆਂ ਐਮ. ਐਲ. ਏਜ਼. ਦੀ ਹਾਜ਼ਰੀ ਲਗਾਉਣੀ ਚਾਹੀਦੀ ਹੈ ਤਾਂ ਕਿ ਸਾਨੂੰ ਪਤਾ ਲਗ ਸਕੇ ਕਿ ਉਹ ਲੋਕ ਵੀ ਰਾਜਨੀਤੀ ਵਿਚ ਆ ਗਏ ਹਨ ਜਿਹੜੇ ਪਹਿਲਾਂ ਕਦੇ ਇਸ ਵਿਚ ਨਹੀਂ ਸਨ।

ਜਿਹੜਾ ਆਦਮੀ ਕਿਸੇ ਵੀ ਪਾਰਟੀ ਕੋਲੋਂ ਟਿਕਟ ਲੈਂਦਾ ਹੈ ਉਹ 10-20 ਹਜ਼ਾਰ ਰੁਪਿਆ ਆਪਣੇ ਕੋਲੋਂ ਨਕਦ ਖ਼ਰਚ ਕਰ ਕੇ ਵੀ ਅਸੈਂਬਲੀ ਵਿਚ ਆਉਂਦਾ ਹੈ । ਇਸ ਲੋਟੂ ਕਲਾਸ ਲਈ, ਆਪਣੇ ਜ਼ਾਤੀ ਮੁਫ਼ਾਦ ਲਈ ਪਾਰਟੀ ਬਦਲਦਾ ਹੈ । (ਵਿਘਨ) ਇਹ ਕਿਸ ਚੀਜ਼ ਦਾ ਸਿੱਟਾ ਹੈ ? ਸਾਡੇ ਦੇਸ਼ ਦੇ ਵਿਚ ਸਰਮਾਏਦਾਰੀ ਉਸਾਰੀ ਜਾ ਰਹੀ ਹੈ । ਸੋਸ਼ਲਿਜ਼ਮ ਦੇ ਨਾਮ ਤੇ ਸਰਮਾਏਦਾਰੀ ਉਸਰ ਰਹੀ ਹੈ । ਹਿੰਦੁਸਤਾਨ ਵਿਚ 75 ਘਰ ਐਸੇ ਹਨ, ਇਜ਼ਾਰੇਦਾਰ ਹਨ ਜਿਹੜੇ 50% ਤੋਂ ਵੀ ਵੱਧ ਦੀ ਪ੍ਰਾਪਰਟੀ ਦੇ ਮਾਲਿਕ ਹਨ । ਸਪੀਕਰ ਸਾਹਿਬ, ਹਰ ਇਕ ਇਹ ਸੋਚਦਾ ਹੈ ਕਿ ਫਟਾ ਫੱਟ ਅਮੀਰ ਹੋਇਆ ਜਾਵੇ, ਧਨ ਪੈਦਾ ਕੀਤਾ ਜਾਵੇ । ਸਰਕਾਰ ਕੋਲੋਂ ਕੋਈ ਰੂਟ ਲੈ ਕੇ, ਕੋਈ ਪਰਮਿਟ ਲੈ ਕੇ ਜਾਂ ਬੋਗਸ ਕੋਆਪ੍ਰੇਟਿਵ ਸੁਸਾਇਟੀਆਂ ਬਣਾ ਕੇ ਜਾਂ ਪੰਜ ਸੌ ਰੁਪਿਆ ਤੇ ਸਰਕਾਰ ਕੋਲੋਂ ਸੂਦ ਲੈ ਕੇ ਫੱਟਾ ਫੱਟ ਅਮੀਰ ਹੋਣਾ ਚਾਹੁੰਦੇ ਹਨ । ਇਸ ਦੇ ਵਿਚ ਕੁਰੱਪਸ਼ਨ ਹੁੰਦੀ ਹੈ । ਸਰਮਾਏਦਾਰੀ ਸਿਆਸਤ ਦੇ ਵਿਚ ਵੀ ਆ ਗਈ ਹੈ । ਉਨ੍ਹਾਂ ਦਾ ਖ਼ਿਆਲ ਹੁੰਦਾ ਹੈ ਕਿ ਛੇਤੀ ਅਮੀਰ ਕਿਸ ਤਰ੍ਹਾਂ ਬਣਿਆ ਜਾਵੇ । ਜੇ ਕੋਈ ਅਸੈਂਬਲੀ ਦੇ ਵਿਚ ਇਕ ਪਾਰਟੀ ਦੇ ਟਿਕਟ ਤੇ ਆ ਜਾਵੇ ਤਾਂ ਉਥੇ ਉਹ ਪਾਰਟੀ ਮੈਜਾਰਿਟੀ ਦੇ ਵਿਚ ਨਹੀਂ ਆਉਂਦੀ ਜਾਂ ਉਸ ਪਾਰਟੀ ਦੀ ਵਜ਼ਾਰਤ ਨਹੀਂ ਬਣਦੀ ਤਾਂ ਉਹ ਝੱਟ ਟਪੂਸੀ ਮਾਰਕੇ ਦੂਜੇ ਪਾਸੇ ਚਲਾ ਜਾਂਦਾ ਹੈ । ਇਸ ਤਰ੍ਹਾਂ ਡਿਫ਼ੈਕਸ਼ਨ ਪੈਦਾ ਹੁੰਦੀ ਹੈ । ਮੈਂ ਕਹਿੰਦਾ ਹਾਂ ਕਿ ਇਸ ਡਿਫ਼ੈਕਸ਼ਨ ਦੀ ਬਿਮਾਰੀ ਦਾ ਉਦੋਂ ਤਕ ਇਲਾਜ ਨਹੀਂ ਹੋਵੇਗਾ ਜਦ ਤਕ ਇਸ ਦੇ ਆਰਥਿਕ ਢਾਂਚੇ ਦੀਆਂ ਜੜ੍ਹਾਂ ਤੱਕ ਨਹੀਂ ਜਾਇਆ ਜਾਂਦਾ । ਇਹ ਜਿਹੜੀ ਛੇਤੀ ਅਮੀਰ ਹੋਣ ਦੀ ਬਿਮਾਰੀ ਹੈ ਜਦ ਤੱਕ ਇਹ ਸਾਡੇ ਦੇਸ਼ ਵਿਚੋਂ ਨਹੀਂ ਨਿਕਲਦੀ, ਉਤਨਾ ਚਿਰ ਇਹ ਮਸਲਾ ਹੱਲ ਨਹੀਂ ਹੋਣਾ। ਪਰ ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਅਸੀਂ ਆਰਾਮ ਨਾਲ ਚੁਪ ਕਰਕੇ ਬੈਠ ਜਾਈਏ ! ਇਹ ਠੀਕ ਹੈ ਇਸ ਦੇ ਬਾਰੇ ਕਾਨੂੰਨ ਬਣਾਇਆ ਜਾਵੇ । (ਵਿਘਨ) ਅਗਰ ਕਿਸੇ ਨੇ ਇਮਾਨਦਾਰੀ ਦੇ ਨਾਲ ਆਪਣੇ ਵਿਚਾਰ ਬਦਲ ਲਏ ਹਨ ਅਤੇ ਉਹ ਪਾਰਟੀ ਬਦਲਣਾ ਚਾਹੁੰਦਾ ਹੈ ਤਾਂ ਉਸ ਨੂੰ ਹੱਕ ਹੋਣਾ ਚਾਹੀਦਾ ਹੈ । ਜੇ ਉਹ ਇਮਾਨਦਾਰੀ ਨਾਲ ਇਹ ਕਰਨਾ ਚਾਹੁੰਦਾ ਹੈ ਤਾਂ ਕੋਈ ਇਤਰਾਜ਼ ਨਹੀਂ । ਕਿਉਂਕਿ ਜਦ ਉਹ ਕਿਸੇ ਪਾਰਟੀ ਰਾਹੀਂ ਚੁਣਕੇ ਆਉਂਦਾ ਹੈ ਅਤੇ ਉਹ ਸਮਝਦਾ ਹੈ ਕਿ ਇਹ ਪਾਰਟੀ ਗਲਤ ਰਾਹ ਤੇ ਚੱਲ ਰਹੀ ਹੈ ਤਾਂ ਫਿਰ ਉਹ ਅਸਤੀਫ਼ਾ ਦੇ ਕੇ ਲੋਕਾਂ ਕੋਲ ਜਾਵੇ ਅਤੇ ਲੋਕਾਂ ਨੂੰ ਸਾਫ਼ ਜ਼ਾਹਿਰ ਕਰੇ ਕਿ ਮੈਂ ਇਸ ਕਰਕੇ ਪਾਰਟੀ ਬਦਲ ਰਿਹਾ ਹਾਂ ਅਤੇ ਮੈਨੂੰ ਮੁੜਕੇ ਵੋਟ ਦਿਓ, ਫਿਰ ਤਾਂ ਠੀਕ ਹੈ । ਇਸ ਕਿਸਮ ਦਾ ਇਹ ਰੈਜ਼ੋਲਿਊਸ਼ਨ ਹੈ । (ਵਿਘਨ) ਜੇ ਉਸ ਨੇ ਪਾਰਟੀ ਬਦਲਣੀ ਹੋਵੇ ਤਾਂ ਉਸ ਨੂੰ ਪਹਿਲਾਂ ਪਾਰਟੀ ਤੋਂ ਅਸਤੀਫ਼ਾ ਦੇ ਕੇ ਫਿਰ ਚੋਣਾਂ ਲੜਕੇ ਆਉਣਾ ਪਵੇਗਾ । ਸਪੀਕਰ ਸਾਹਿਬ, ਇਸ ਵੇਲੇ ਇਹ ਡਿਫ਼ੈਕਸ਼ਨ ਦੀ ਬਿਮਾਰੀ ਖ਼ੜੀ ਸਿਖਰ ਤੇ ਪਹੁੰਚ ਗਈ ਹੈ । ਆਪਣੇ ਦੇਸ਼ ਵਿਚ ਇਸ ਬਾਰੇ ਬੜਾ ਰੌਲਾ ਪਿਆ ਅਤੇ ਪੈ ਰਿਹਾ ਹੈ । ਲੋਕ ਸਭਾ ਨੇ ਇਕ ਇਸ ਬਾਰੇ ਕਮੇਟੀ

Original with;
Punjab Vidhan Sabha
Digitized by;
Panjab Digital Library

ਬਣਾਈ । ਉਸ ਨੇ ਸਰਬਸੰਮਤੀ ਦੇ ਨਾਲ ਸਿਫ਼ਾਰਸ਼ਾਂ ਕੀਤੀਆ ਪਰ ਮੈਨੂੰ ਇਸ ਗੱਲ ਦਾ ਦੁਖ ਹੈ ਕਿ ਉਸ ਸਿਫ਼ਾਰਸ਼ਾਂ ਦੇ ਆਧਾਰ ਦੇ ਉਤੇ ਅੱਜ ਤੱਕ ਲੋਕ ਸਭਾ ਦੇ ਵਿਚ ਬਿਲ ਨਹੀਂ ਲਿਆਂਦਾ ਗਿਆ । ਪਰ ਅੱਜ ਅਸੀਂ ਇਹ ਸਿਫ਼ਾਰਸ਼ ਕਰ ਰਹੇ ਹਾਂ ਕਿ ਇਸ ਨੂੰ ਇਸੇ ਪਾਰਲੀਮੈਂਟ ਵਿਚ ਘੱਟੋ ਘੱਟ ਪਾਸ ਕੀਤਾ ਜਾਵੇ । ਸਪੀਕਰ ਸਾਹਿਬ, ਇਸ ਤੋਂ ਇਲਾਵਾ ਹੋਰ ਮੈਂ ਦਸਦਾ ਹਾਂ । ਅੱਜ ਕੱਲ ਲੋਕ ਇਹ ਕਹਿੰਦੇ ਹਨ ਕਿ ਸਾਡੇ ਨੌਜਵਾਨ ਗਲਤ ਰਸਤੇ ਤੇ ਜਾ ਰਹੇ ਹਨ । ਇਹ ਵੀ ਕਿਹਾ ਜਾਂਦਾ ਹੈ ਕਿ ਕਾਲਜਾਂ ਆਦਿ ਦੇ ਨੌਜਵਾਨ ਨਕਲ ਮਾਰਦੇ ਹਨ, ਹਿੱਪੀ ਬਣਦੇ ਜਾ ਰਹੇ ਹਨ, ਕੋਈ ਕੁਝ ਕਹਿੰਦਾ ਹੈ ਅਤੇ ਕੋਈ ਕੁਝ ਕਹਿੰਦਾ ਹੈ । ਪਰ ਸਪੀਕਰ ਸਾਹਿਬ, ਮੈਂ ਤੁਹਾਡੇ ਕੋਲੋਂ ਪੁਛਣਾ ਚਾਹੁੰਦਾ ਹਾਂ, ਤੁਸੀਂ ਮੇਰੇ ਨਾਲ ਜ਼ਰੂਰ ਸਹਿਮਤ ਹੋਵੋਗੇ ਕਿ ਅਗਰ ਇਕ ਕਾਲਜ ਦਾ ਪ੍ਰਿੰਸੀਪਲ ਆਪਣੇ ਲੜਕੇ ਨੂੰ ਜਿਹੜਾ ਕਿ ਮੈਰਿਟ ਤੇ ਥਰਡ ਡਵੀਜ਼ਨ ਵਿਚ ਪਾਸ ਨਹੀਂ ਹੁੰਦਾ, ਜਾਂ ਵਾਈਸ ਚਾਂਸਲਰ ਦਾ ਲੜਕਾ ਜਿਹੜਾ ਕਿ ਮੈਰਿਟ ਦੇ ਉਤੇ ਥਰਡ ਡਵੀਜ਼ਨ ਦੇ ਉਤੇ ਪਾਸ ਨਹੀਂ ਹੋ ਸਕਦਾ ਅਤੇ ਉਸ ਨੂੰ ਨਕਲ ਮਰਵਾ ਕੇ ਫ਼ਸਟ ਡਵੀਜ਼ਨ ਵਿਚ ਪਾਸ ਕਰਾਇਆ ਜਾਂਦਾ ਹੈ ਤਾਂ ਉਹ ਭਲਾ ਨੌਜਵਾਨਾਂ ਨੂੰ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਉਹ ਨਕਲ ਮਾਰਦੇ ਹਨ । ਫਿਰ ਇਨ੍ਹਾਂ ਚੀਜ਼ਾਂ ਦਾ ਉਨ੍ਹਾਂ ਉਤੇ ਕੀ ਅਸਰ ਹੋਵੇਗਾ । ਅਗਰ ਚੁਣੇ ਹੋਏ ਐਮ.ਐਲ.ਏਜ਼ ਇਥੇ ਆਕੇ ਵਜ਼ੀਰੀ ਲੈਣ ਦੀ ਖ਼ਾਤਰ ਜਾਂ ਰੂਟ ਪਰਮਿਟ ਆਦਿ ਲੈਣ ਦੀ ਖ਼ਾਤਰ ਜਾਂ 10-20 ਹਜ਼ਾਰ ਰੁਪਏ ਦੀ ਖ਼ਾਤਰ ਵਿਕ ਕੇ ਦੂਜੇ ਪਾਸੇ ਚਲੇ ਜਾਂਦੇ ਹਨ ਤਾਂ ਫਿਰ ਉਹ ਨੌਜਵਾਨਾਂ ਨੂੰ ਕਹਿਣ ਕਿ ਤੁਸੀਂ ਸੱਚ ਬੋਲੋ ਅਤੇ ਕਹਿਣ ਕਿ ਤੁਸੀਂ ਪੀਰ ਪੈਗੰਬਰਾਂ ਅਤੇ ਗੁਰੂਆਂ ਦੇ ਆਦਰਸ਼ਾਂ ਤੇ ਚੱਲੋ ਤਾਂ ਫਿਰ ਨੌਜਵਾਨਾਂ ਤੇ ਇਨਾਂ ਗੱਲਾਂ ਦਾ ਕੀ ਅਸਰ ਹੋਵੇਗਾ ਅਤੇ ਕੀ ਫਿਰ ਉਹ ਮਖ਼ੌਲ ਨਹੀਂ ਕਰਨਗੇ ? ਸੋ ਇਨ੍ਹਾਂ ਬਿਮਾਰੀਆਂ ਨੂੰ ਰੋਕਣ ਦੀ ਲੋੜ ਹੈ । ਇਨ੍ਹਾਂ ਨੂੰ ਬੰਦ ਕਰਨ ਦੀ ਲੋੜ ਹੈ । ਮੈਂ ਕਹਿ ਰਿਹਾ ਸੀ ਕਿ ਜੇ ਇਹ ਬਿਮਾਰੀ ਬੰਦ ਕਰਨੀ ਹੈ ਤਾਂ ਸਾਨੂੰ ਬੁਨਿਆਦੀ ਤੌਰ ਤੇ ਇਸ ਦੀਆਂ ਜੜ੍ਹਾਂ ਦੇ ਵਿਚ ਜਾਣਾ ਪਵੇਗਾ । ਜਿਹੜੀ ਪਾਰਟੀ ਲੋਟੂ ਜਮਾਤ ਨਾਲ ਸਬੰਧ ਰਖਦੀ ਹੈ, ਚਾਹੇ ਉਹ ਜਾਗੀਰਦਾਰ ਹੋਵੇ, ਇਜਾਰੇਦਾਰ ਹੋਵੇ ਜਾਂ ਸਰਮਾਏਦਾਰ ਹੋਵੇ ਤਾਂ ਫਿਰ ਉਥੇ ਡਿਫੈਕਸ਼ਨ ਹੋਵੇਗੀ ਪਰ ਜਿਹੜੀ ਪਾਰਟੀ ਮਿਹਨਤਕਸ਼ ਲੋਕਾਂ ਦੀ ਪਾਰਟੀ ਹੈ, ਜਿਸ ਤਰ੍ਹਾਂ ਕਮਿਊਨਿਸਟ ਪਾਰਟੀ ਹੈ, ਉਸ ਦੇ ਵਿਚ ਡਿਫੈਕਸ਼ਨ ਨਹੀਂ ਹੋਵੇਗੀ ।

ਕਮਿਊਨਿਸਟ ਪਾਰਟੀ ਦੀ 1958 ਵਿਚ ਕੇਰਲਾ ਵਿਚ ਮਨਿਸਟਰੀ ਬਣੀ ਸੀ । ਸਪੀਕਰ ਸਾਹਿਬ, ਸਿਰਫ਼ ਦੋ ਐਮ. ਐਲ. ਏਜ਼ ਦੀ ਮੈਜਾਰਟੀ ਸੀ । ਉਹ ਮਨਿਸਟਰੀ 28 ਮਹੀਨੇ ਚਲੀ । ਲੱਖਾਂ ਰੁਪਏ ਕਮਿਊਨਿਸਟ ਪਾਰਟੀ ਦੇ ਐਮ. ਐਲ. ਏਜ਼ ਨੂੰ ਪੇਸ਼ ਕੀਤੇ ਗਏ ਪਰ ਕਿਸੇ ਇਕ ਵੀ ਕਮਿਊਨਿਸਟ ਪਾਰਟੀ ਦੇ ਐਮ. ਐਲ. ਏ. ਨੇ ਲਾਲਚ ਵਿਚ ਆ ਕੇ ਡਿਫੈਕਸ਼ਨ ਨਹੀਂ ਕੀਤੀ । ਪਰ ਆਖ਼ਿਰ ਵਿਚ ਉਹ ਮਨਿਸਟਰੀ ਸੈਂਟਰ ਦੇ ਹੁਕਮ ਨਾਲ ਤੋੜੀ ਗਈ ਪਰ ਡਿਫੈਕਸ਼ਨ ਨਹੀਂ ਹੋਈ । ਮੈਂ ਕਹਿੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਕੋਈ ਵੀ ਕਮਿਊਨਿਸਟ ਐਮ. ਐਲ. ਏ. ਵਜ਼ੀਰੀ ਦੀ ਖ਼ਾਤਰ ਜਾਂ ਕਿਸੇ ਹੋਰ ਲਾਲਚ ਦੀ ਖਾਤਰ ਨਹੀਂ ਬਦਲੇਗਾ । ਇਸ ਤੋਂ ਹੀ ਕੋਈ ਸਬਕ ਸਿੱਖਣਾ ਚਾਹੀਦਾ ਹੈ । ਇਸ ਸਦਨ ਵਿਚ ਦੋ ਪਾਰਟੀਆਂ ਹਨ। ਅਗਰ ਇਨ੍ਹਾਂ ਵਿਚ ਡਿਫੈਕਸ਼ਨ ਹੋ ਜਾਵੇ (ਵਿਘਨ) ਕੈਪਟਨ ਸਾਹਿਬ ਨੇ ਇਸ ਰੈਜ਼ੋਲਿਊਸ਼ਨ ਤੇ ਬੜੀ ਖ਼ੁਸ਼ੀ ਪ੍ਰਗਟ ਕੀਤੀ ਹੈ । ਬਾਦਲ ਸਾਹਿਬ ਨੇ ਵੀ ਕਿਹਾ ਕਿ ਇਸ ਕਿਸਮ ਦਾ ਰੈਜ਼ੋਲਿਊਸ਼ਨ ਆਉਣਾ ਚਾਹੀਦਾ ਹੈ ਪਰ ਮੈਂ ਅਰਜ਼ ਕਰਾਂਗਾ ਕਿ ਪਤਾ ਨਹੀਂ ਲੱਗਦਾ ਲਾਲਚ ਵਿਚ ਆਕੇ ਕਿਉਂ ਚਿੱਟੀਆਂ ਤੋਂ ਨੀਲੀਆਂ ਅਤੇ ਨੀਲੀਆਂ ਤੋਂ ਚਿੱਟੀਆਂ ਹੋ ਜਾਂਦੀਆਂ ਹਨ । (ਵਿਘਨ) ਇਸ ਲਈ ਇਸ ਗਲ਼ ਦੇ ਉਤੇ ਸੰਜੀਦਗੀ ਨਾਲ ਵਿਚਾਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਕਰਨਾ ਚਾਹੀਦਾ ਹੈ। ਪਾਰਟੀਆਂ ਦੇ ਵਿਚ ਇਹ ਬਿਮਾਰੀ ਪੈਦਾ ਕਿਉਂ ਹੋਈ, ਇਸ ਦਾ ਇਲਾਜ ਕੀ ਹੈ ? ਇਸ ਦੇ ਬਾਰੇ ਸੋਚਣਾ ਪਵੇਗਾ। ਮੈਂ ਕੈਪਟਨ ਸਾਹਿਬ ਨੂੰ ਕਹਾਂਗਾਂ ਕਿ ਇਸ ਚੀਜ਼ ਨੂੰ ਆਪਣੀ ਆਪਣੀ ਪਾਰਟੀ ਵਿਚ ਸਾਰੇ ਹਿੰਦੁਸਤਾਨ ਦੀ ਪੱਧਰ ਤੇ ਇਸ ਨੂੰ ਲਾਗੂ ਕਰਾਉਣ ਦੀ ਕੋਸ਼ਿਸ਼ ਕਰੀਏ। ਗਵਰਨਰ ਦੇ ਐਡਰੈਸ ਵਿਚ ਕਿਹਾ ਗਿਆ।(ਵਿਘਨ) ਸਟੈ-ਬਲਟੀ ਮੈਜਾਰਿਟੀ ਦੀ ਗਿਣਤੀ ਨਾਲ ਨਹੀਂ ਹੋਣੀ। ਤੁਸੀਂ ਆਂਧਰਾਂ ਵਿਚ ਦੇਖ ਲਵੋ, ਉੜੀਸਾ ਵਿਚ ਦੇਖ ਲਵੋ ਉਥੇ ਕੀ ਹੋਇਆ ? ਖ਼ੈਰ ਮੈਂ ਇਸ ਪਾਸੇ ਨਹੀਂ ਜਾਂਦਾ। ਇਹ ਸਭ ਡਿਫੈਕਸ਼ਨ ਦੀ ਬਿਮਾਰੀ ਕਰਕੇ ਹੈ। ਮੈਂ ਕੈਪਟਨ ਸਾਹਿਬ ਨੂੰ ਕਹਾਂਗਾ ਕਿ ਜਦ ਕਾਂਗਰਸ ਵਿਚ ਕੋਈ ਆਦਮੀ ਆਕੇ ਰਲਦਾ ਹੈ ਤਾਂ ਉਸ ਨੂੰ ਵੀ ਉਸੇ ਤਰ੍ਹਾਂ ਲੈਣਾ ਚਾਹੀਦਾ ਹੈ ਅਤੇ ਜਦ ਕਾਂਗਰਸ ਦਾ ਕੋਈ ਆਦਮੀ ਦੂਜੇ ਪਾਸੇ ਜਾ ਕੇ ਰਲਦਾ ਹੈ ਤਾਂ ਉਸ ਨੂੰ ਵੀ ਉਸੇ ਤਰ੍ਹਾਂ ਲੈਣਾ ਚਾਹੀਦਾ ਹੈ। ਜਦ ਤਕ ਇਸ ਚੀਜ਼ ਨੂੰ ਬੰਦ ਨਾ ਕੀਤਾ ਗਿਆ ਤਦ ਤੱਕ ਡਿਫੈਕਸ਼ਨ ਬੰਦ ਨਹੀਂ ਹੋਣੀ ਅਸੀਂ ਸਰਕਾਰ ਨੂੰ ਬੇਨਤੀ ਕਰ ਰਹੇ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਪਾਰਲੀਮੈਂਟ ਦੇ ਸੈਸ਼ਨ ਵਿਚ ਲਿਆਕੇ ਇਹ ਕਾਨੂੰਨ ਬਣਾਵੇ। ਇਹ ਕਨੂੰਨ ਬਣੇਗਾ ਅਤੇ ਸਾਡੀ ਮੱਦਦ ਕਰੇਗਾ ਇਸ ਤਰ੍ਹਾਂ ਕੁਰੱਪਸ਼ਨ ਵੀ ਰੁਕੇਗੀ। ਸਿਆਸੀ ਕੁਰੱਪਸ਼ਨ ਬੰਦ ਹੋਵੇਗੀ ਮੈਨੂੰ ਇਹ ਭੁਲੇਖਾ ਨਹੀਂ ਕਿ ਇਕ ਐਸਾ ਕਾਨੂੰਨ ਪਾਸ ਹੋਣ ਨਾਲ ਸਿਆਸੀ ਭ੍ਰਿਸ਼ਟਾਚਾਰ ਅਤੇ ਦੂਜਾ ਐਡਮਨਿਸਟਰੇਸ਼ਨ ਵਿਚੋਂ ਭ੍ਰਿਸ਼ਟਾਚਾਰ ਖ਼ਤਮ ਹੋ ਜਾਵੇਗਾ। ਜੇ ਇਹ ਕਾਨੂੰਨ ਸੈਂਟਰ ਵਿਚ ਪਾਸ ਹੋ ਜਾਵੇ ਤਾਂ ਫਿਰ ਮੈ ਦੱਸਾਂਗਾ ਕਿ ਇਹ ਬਿਮਾਰੀ ਕਿਤਨੀ ਭੈੜੀ ਹੈ। ਇਸ ਬਿਮਾਰੀ ਦੀਆਂ ਜੜ੍ਹਾਂ ਬਹੁਤ ਲੰਬੀਆਂ ਹਨ। ਇਸ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਨੂੰ ਪਾਸ ਕਰਕੇ ਭ੍ਰਿਸ਼ਟਾਚਾਰ ਕਢਣਾ ਚਾਹੀਦਾ ਹੈ। ਸਾਡੀ ਗਲ ਮਨ ਲਵੋ। ਮੈਂ ਦਸਦਾ ਹਾਂ ਕਿ ਕੇਰਲਾ ਵਿਚ ਅਛੂਤਾ ਮੈਨਨ ਨੇ ਇਕ ਟ੍ਰਿਬਿਊਨਲ ਬਿਠਾਇਆ ਜਿਸ ਦਾ ਹੈਡ ਜੱਜ ਹੈ ਕਿ ਦੋ ਸੌ ਰੁਪਿਆ ਜਮਾਨਤ ਦਾ ਜਮ੍ਹਾਂ ਕਰਾਉ ਅਤੇ ਦੋਸ਼ ਮਨਿਸਟਰਜ਼ ਦੇ ਖਿਲਾਫ ਦੱਸੋ। ਜੇ ਦੋਸ਼ ਸਿਧ ਹੋ ਜਾਣ ਤਾਂ ਫਿਰ ਠੀਕ ਹੈ ਨਹੀਂ ਤਾਂ ਜੇ ਦੋਸ਼ ਗਲਤ ਹੋਣ ਤਾਂ ਉਸ ਦੀ ਜ਼ਮਾਨਤ ਜ਼ਬਤ। ਪਰ ਜੇ ਜ਼ਮਾਨਤ ਜਮਾਂ ਕਰਾਉਣ ਵਾਲਾ ਠੀਕ ਹੈ ਤਾਂ ਫਿਰ ਮਨਿਸਟਰ ਭੁਗਤੇਗਾ। ਇਸ ਤਰ੍ਹਾਂ ਭ੍ਰਿਸ਼ਟਾਚਾਰ ਨਿਕਲਦੀ ਹੈ। (ਵਿਘਨ) ਭ੍ਰਿਸ਼ਟਾਚਾਰ ਤਾਂ ਖ਼ਤਮ ਹੋਵੇਗਾ ਜੇ ਦੇਸ਼ ਵਿਚੋਂ ਸਰਮਾਏਦਾਰੀ ਨੂੰ ਕਢਾਂਗੇ। ਇਸ ਲਈ ਅੱਜ ਇਹ ਕਾਨੂੰਨ ਪਾਸ ਕੀਤਾ ਜਾਵੇ ਅਤੇ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਇਥੇ ਕੈਪਟਨ ਸਾਹਿਬ ਨੇ ਕਿਹਾ ਕਿ ਇਸ ਤੇ ਬਹੁਤ ਮੈਂਬਰਾਂ ਨੂੰ ਵਿਚਾਰ ਦੇਣੇ ਚਾਹੀਦੇ ਹਨ। ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਕੋਈ ਇਤਰਾਜ਼ ਨਹੀਂ ਪਰ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇ। ਪਰ ਸਪੀਕਰ ਸਾਹਿਬ, ਕੈਪਟਨ ਸਾਹਿਬ ਦੇ ਦਿਮਾਗ ਵਿਚ ਇਹ ਗੱਲ ਹੈ ਕਿ 18 ਸਾਲਾਂ ਦੇ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਨਾ ਦਿਤਾ ਜਾਵੇ ਅਤੇ ਇਹ ਸਿਫ਼ਾਰਸ਼ ਪਾਸ ਨਾ ਹੋਵੇ : (ਵਿਘਨ)

**ਚੌਧਰੀ ਦਰਸ਼ਨ ਸਿੰਘ:** ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਇਹ ਕਿਹਾ ਹੈ ਕਿ ਕੈਪਟਨ ਸਾਹਿਬ ਦੇ ਦਿਮਾਗ ਵਿਚ ਇਹ ਗੱਲ ਹੈ ਕਿ 18 ਸਾਲਾਂ ਦੇ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਨਾ ਦਿਤਾ ਜਾਵੇ। ਪਰ ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ ਕਿ ਇਹ ਉਨ੍ਹਾਂ ਦੇ ਦਿਮਾਗ ਵਿਚ ਗੱਲ ਹੈ, ਉਨ੍ਹਾਂ ਨੂੰ ਉਨ੍ਹਾਂ ਦੇ ਦਿਮਾਗ ਦੀ ਗਲ ਦਾ ਕਿਸ ਤਰ੍ਹਾਂ ਪਤਾ ਲੱਗਾ ?

**ਸ੍ਰੀ ਸਪੀਕਰ:** ਕਿਉਂਕਿ ਉਨ੍ਹਾਂ ਨੂੰ ਰੂਹਾਨੀਅਤ ਦਾ ਬਹੁਤ ਗਿਆਨ ਹੈ ਉਹ ਜਾਣੀ ਜਾਣ

Original with;
Punjab Vidhan Sabha
Digitized by;
Panjab Digital Library

ਹਨ । (Because of his spiritualism achievements he knows everything.)

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਮੈਂ ਕਿਸੀ ਜਗ੍ਹਾ ਵੀ ਕੁਝ ਨਹੀਂ ਕਿਹਾ । ਮੈਂ ਤਾਂ ਉਸ ਦਿਨ ਜਿਸ ਦਿਨ ਇਹ ਰੈਜ਼ੋਲਿਊਸ਼ਨ ਆਇਆ ਸੀ ਤੁਹਾਡੇ ਅਗੇ ਬੇਨਤੀ ਕੀਤੀ ਸੀ ਕਿ ਵਧ ਤੋਂ ਵਧ ਮੈਂਬਰਾਂ ਦੇ ਖ਼ਿਆਲਾਤ ਆ ਜਾਣ, ਫਿਰ ਇਸ ਤੇ ਸੋਚ ਵਿਚਾਰ ਕਰੀਏ । ਅਸੀਂ ਇਮੋਸ਼ਨਲਿਜ਼ਮ ਵਿਚ ਬਿਲੀਵ ਨਹੀਂ ਕਰਦੇ, ਅਸੀਂ ਰੀਜ਼ਨ ਵਿਚ ਅਤੇ ਪ੍ਰੈਕਟੀਕਲ ਗਲ ਕਰਨ ਵਿਚ ਬਿਲੀਵ ਕਰਦੇ ਹਾਂ । ਪਬਲਿਕ ਦੇ ਨੁਮਾਇੰਦੇ ਇਥੇ ਚੁਣ ਕੇ ਆਏ ਹਨ ਪਹਿਲਾਂ ਉਨ੍ਹਾਂ ਦੇ ਖ਼ਿਆਲਾਤ ਆ ਜਾਣ ਫਿਰ ਇਸ ਤੇ ਕੋਈ ਵਿਚਾਰ ਕਰਾਂਗੇ । ਇਹ ਗਲ ਮੈਂ ਕਲੀਅਰ ਕਰ ਦਿਆਂ ਕਿ ਮੈਂ ਇਹੀ ਕਿਹਾ ਸੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਕੈਪਟਨ ਸਾਹਿਬ ਦੀ ਗਲ ਪਹਿਲਾਂ ਹੀ ਮਨ ਲਈ ਹੈ । ਦਿਮਾਗ ਦਾ ਪਤਾ ਤਾਂ ਰੂਹਾਨੀਅਤ ਨਾਲ ਵੀ ਲਗ ਜਾਂਦਾਂ ਹੈ ਪਰ ਅਕਲ ਨਾਲ ਵੀ ਪਤਾ ਲਗ ਜਾਂਦਾ ਹੈ । ਪਰ ਇਨ੍ਹਾਂ ਦੀ ਗਲ ਤਾਂ ਵੈਸੇ ਮੈਂ ਪਹਿਲਾਂ ਹੀ ਮੰਨ ਲਈ ਹੈ ।

ਆਖ਼ਿਰ ਦੇ ਵਿਚ ਸਪੀਕਰ ਸਾਹਿਬ, ਮੈਂ ਇਕ ਗਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਹ ਹਕੀਕਤ ਹੈ ਕਿ ਸਾਡੇ ਦੇਸ਼ ਦੇ ਨੌਜਵਾਨ ਕੋਈ ਇਸ ਵੇਲੇ ਹਿਪੀ ਬਣ ਰਿਹਾ ਹੈ, ਕੋਈ ਹਰੇ ਕ੍ਰਿਸ਼ਨਾ ਬਣ ਰਿਹਾ ਹੈ ਔਰ ਕਈ ਕਿਸਮ ਦੇ ਮਸਲੇ ਉਠ ਰਹੇ ਹਨ । ਜੇ ਦੇਸ਼ ਵਿਚ ਇਹੋ ਜਿਹੇ ਹਾਲਤ ਹੋ ਜਾਵੇ ਕਿ ਬੇਕਾਰੀ, ਭੁੱਖ ਅਤੇ ਗਰੀਬੀ ਦੇਸ਼ ਵਿਚ ਵੱਧ ਜਾਵੇ ਤਾਂ ਦੇਸ਼ ਦੇ ਨੌਜਵਾਨਾ ਵਾਸਤੇ ਦੋ ਰਸਤੇ ਹੀ ਹੁੰਦੇ ਹਨ, ਤੀਸਰਾ ਰਸਤਾ ਉਹਨਾਂ ਦੇ ਰਾਹ ਵਿਚ ਨਹੀਂ ਆਉਂਦਾ ਉਨ੍ਹਾਂ ਦੋਨਾਂ ਰਸਤਿਆਂ ਵਿਚੋਂ ਜਾਂ ਤਾਂ ਉਹ ਇਨਕਲਾਬੀ ਬਣਨ ਅਤੇ ਇਨਕਲਾਬੀ ਬਣ ਕੇ ਇਸ ਦੇਸ਼ ਦੀ ਹਾਲਤ ਨੂੰ ਬਦਲਣ; ਜਿਹੜਾ ਸਮਾਜ ਹੈ ਉਸ ਨੂੰ ਬਦਲ ਦੇਣ ਤੇ ਜਾਂ ਫਿਰ ਉਹ ਦੂਸਰੇ ਰਸਤੇ ਨੂੰ ਅਖਤਿਆਰ ਕਰਨ ਕਿ ਉਹ ਹਿਪੀ ਬਣਨ ਜਾਂ ਹਰੇ ਕ੍ਰਿਸ਼ਨਾ ਬਣਨ .... (ਵਿਘਨ)

ਸ੍ਰੀ ਸਪੀਕਰ: ਡਾਂਗ ਸਾਹਿਬ, ਮੈਂ ਤੁਹਾਡੀ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਜਿਹੜੇ ਹਿਪੀ ਜਾਂ ਹਰੇ ਕ੍ਰਿਸ਼ਨਾ ਬਣਨ ਵਾਲੇ ਲੜਕੇ ਹਨ ਉਹ ਅਮੀਰਾਂ ਦੇ ਲੜਕੇ ਹਨ ਉਹ ਨਾ ਬੇਰੁਜ਼ਗਾਰ ਹਨ ਅਤੇ ਨਾ ਹੀ ਗਰੀਬ ਤਬਕੇ ਵਿਚ ਆਉਂਦੇ ਹਨ । (ਵਿਘਨ)
(I may inform the hon. Member that boys who belong to rich families become Hippys or join the Hare Krishna movement; They neither are unemployed nor do they belong to the poorer sections) (*Interruption*)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਸਾਡੇ ਦੇਸ਼ ਵਿਚ ਜਿਹੜੇ ਨੌਜਵਾਨ ਹਨ ਉਹ ਕੁਝ ਨਕਸਲਬਾੜੀ ਬਣੇ ਹਨ । ਜਾਂ ਉਸ ਰਸਤੇ ਤੇ ਪਏ ਹਨ ਉਹ ਅਮੀਰ ਘਰਾਂ ਵਿਚੋਂ ਆਉਂਦੇ ਹਨ ਪਰ ਨੌਜਵਾਨ ਸਾਰੇ ਆਪਣੀ ਹਾਲਤ ਨੂੰ ਨਹੀਂ ਦੇਖਦੇ ਜਿਸ ਵੇਲੇ ਉਹ ਦੇਖਦੇ ਹਨ ਮੇਰੇ ਦੇਸ਼ ਦੇ ਅੰਦਰ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਹਨ, ਮੇਰੇ ਇਰਦ ਗਿਰਦ ਦੇ ਲੋਕ ਜਿਹੜੇ ਮੇਰੇ ਵਾਂਗ ਦੌਲਤ ਪੈਦਾ ਕਰ ਸਕਦੇ ਹਨ ਪਰ ਉਹ ਮਜਬੂਰ ਹਨ ਤਾਂ ਉਹ ਇਸ ਸਮਾਜ ਨੂੰ ਬਦਲਣ ਲਈ ਜਾਂ ਤਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਇਨਕਲਾਬ ਦਾ ਰਸਤਾ ਅਖਤਿਆਰ ਕਰਦਾ ਹੈ ਅਤੇ ਇਨਕਲਾਬੀ ਬਣ ਕੇ ਸਮਾਜ ਨੂੰ, ਬਦਲਣਾ ਚਾਹੁੰਦਾ ਹਾਂ ਤੇ ਜਾਂ ਫਿਰ ਉਹ ਹਿਪੀ ਜਾਂ ਹਰੇ ਕ੍ਰਿਸ਼ਨਾ ਬਣ ਜਾਂਦਾ ਹੈ ।(ਵਘਨ) ਮੈਂ ਕੈਪਟਨ ਸਾਹਿਬ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਸ ਰੈਜ਼ੋਲਿਉਸ਼ਨ ਦਾ ਸਵਾਗਤ ਕੀਤਾ ਹੈ, ਇਹ ਇਕ ਚੰਗਾ ਕਦਮ ਹੈ ਅਤੇ ਇਸ ਨੂੰ ਜ਼ਰੂਰ ਕਰਨ ਪਰ ਇਸ ਦੇ ਨਾਲ ਇਕ ਹੋਰ ਇਹ ਵੀ ਚੰਗਾ ਕਦਮ ਹੈ ਕਿ ਜਿਹੜਾ ਸਾਡਾ ਨੌਜਵਾਨ ਤਬਕਾ ਹੈ ਜਿਹੜਾ ਕੁਰੱਪਸ਼ਨ ਦੇ ਖ਼ਿਲਾਫ ਹੈ, ਜਿਹੜਾ ਆਪਣੇ ਬਜ਼ੁਰਗਾਂ ਦੀਆਂ ਭੈੜੀਆਂ ਮਿਸਲਾਂ ਨੂੰ ਜਦੋਂ ਦੇਖਦਾ ਹੈ ਤਾਂ ਉਸ ਨੂੰ ਦੂਰ ਕਰਨਾ ਚਾਹੁੰਦਾ ਹੈ ਅਤੇ ਇਸ ਸਮਾਜ ਨੂੰ ਬਦਲਣ ਵਾਲੇ ਪਾਸੇ ਆਉਣਾ ਚਾਹੁੰਦਾ ਹੈ ਤਾਂ ਉਸ ਦੀ ਮਦਦ ਕਰੀਏ । ਜੇ ਕੈਪਟਨ ਸਾਹਿਬ ਇਹ ਗਲ ਮੰਨ ਲੈਣ ਕਿ 18 ਸਾਲ ਦੇ ਲੜਕੇ ਨੂੰ ਆਪਣੀ ਵੋਟ ਪਾਉਣ ਦਾ ਹੱਕ ਮਿਲ ਜਾਵੇ ਤਾਂ ਉਨ੍ਹਾਂ ਲੜਕਿਆਂ ਨੂੰ ਪਤਾ ਲਗੇਗਾ ਕਿ ਸਾਡੇ ਦੇਸ਼ ਦੇ ਵਿਚ ਕੀ ਮੁਸ਼ਕਲਾਂ ਹਨ ਅਤੇ ਉਨ੍ਹਾਂ ਨੂੰ ਸਮਾਜ ਨੂੰ ਬਦਲਣ ਵਿਚ ਮਦਦ ਮਿਲੇਗੀ ।

ਇਸ ਲਈ ਸਪੀਕਰ ਸਾਹਿਬ, ਅੰਤ ਵਿਚ ਮੈਂ ਇਹੀ ਕਹਾਗਾਂ ਕਿ ਇਹ ਜੋ ਰੈਜ਼ੋਲਿਉਸ਼ਨ ਆਇਆ ਹੈ ਇਹ ਇਕ ਚੰਗਾ ਕਦਮ ਹੈ ਅਤੇ ਇਸ ਨੂੰ ਪਾਸ ਕਰਾਉਣ ਅਤੇ ਨਾਲ ਹੀ 18 ਸਾਲ ਵਾਲਾ ਜਿਹੜਾ ਰੈਜ਼ੋਲਿਉਸ਼ਨ ਹੈ ਉਸ ਨੂੰ ਵੀ ਪਾਸ ਕਰਾਉਣ । ਮੈਂ ਇਸ ਰੈਜ਼ੋਲਿਉਸ਼ਨ ਦੀ ਪੁਰਜ਼ੋਰ ਸ਼ਬਦਾਂ ਨਾਲ ਪ੍ਰੋੜ੍ਹਤਾ ਕਰਦਾ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : (ਮੋਰਿੰਡਾ) ਸਤਿਕਾਰਯੋਗ ਸਪੀਕਰ ਸਾਹਿਬ ਅੱਜ ਸਾਰੀਆਂ ਪਾਰਟੀਆਂ ਵਲੋਂ ਜਿਹੜਾ ਇਹ ਮੱਤਾ ਇਸ ਹਾਊਸ ਦੇ ਸਾਹਮਣੇ ਰਖਿਆ ਗਿਆ ਹੈ, ਇਹ ਮਤਾ ਬਹੁਤ ਪਹਿਲਾਂ ਆਉਣਾ ਚਾਹੀਦਾ ਸੀ । ਲੇਕਿਨ ਇਹ ਬੜੀ ਚੰਗੀ ਗਲ ਹੈ ਕਿ 'ਦੇਰ ਆਏ ਦਰੁਸਤ ਆਏ' ਤਾਂ ਵੀ ਠੀਕ ਹੈ । ਮੈਂ ਸਮਝਦਾ ਹਾਂ ਕਿ ਸਵੇਰੇ ਸ਼ਾਇਦ ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਅਜ ਸ਼ੈਸ਼ਨ ਵਿਚ ਇਹ ਗਲ ਹੋਣੀ ਹੈ ਔਰ ਜਿਉਂ ਹੀ ਸਰਦਾਰ ਉਮਰਾਓ ਸਿੰਘ ਜੀ ਨੇ ਇਹ ਗਲ ਕੀਤੀ ਤਾਂ ਅਸੀਂ ਕਿਹਾ ਕਿ ਠੀਕ ਹੈ, ਜਿਹੜੀ ਮਾੜੀ ਗਲ ਹੈ ਉਹ ਬੰਦ ਹੋਣੀ ਚਾਹੀਦੀ ਹੈ । ਮੈਂ ਸਮਝਦਾ ਹਾਂ ਕਿ ਸਰਕਾਰੀ ਪਾਰਟੀ ਨੇ ਐਨ ਉਸੇ ਵੇਲੇ ਸੋਚਿਆ ਹੈ ਕਿ ਜਦੋਂ ਹਿੰਦੁਸਤਾਨ ਦੀ ਇਕ ਸਟੇਟ ਉੜੀਸਾ ਦੇ ਵਿਚ ਕਾਂਗਰਸ ਦੀ ਵਜ਼ਾਰਤ ਟੁੱਟੀ ਅਤੇ ਉਥੇ ਡੀਫੈਕਸ਼ਨ ਹੋਈ......

ਸ਼੍ਰੀ ਸਪੀਕਰ : ਇਹ ਸੋਚਿਆ ਤਾਂ ਤੁਸੀਂ ਹੀ ਹੈ । ਮੂਵ ਵੀ ਤੁਸੀਂ ਕੀਤਾ ਹੈ । (ਵਿਘਨ) (It is your idea and you have initiated the move. (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਠੀਕ ਹੈ ਜੀ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਜਦੋਂ ਸ਼੍ਰੀਮਤੀ ਨੰਦਨੀ ਸੱਤਪਤੀ ਦੀ ਸਰਕਾਰ ਵਿਚੋਂ ਉਸ ਦੇ ਸਾਥੀ ਟੁਟ ਗਏ ਤਾਂ ਇਨ੍ਹਾਂ ਨੂੰ ਕੁਝ ਖ਼ਿਆਲ ਆ ਗਿਆ ਨਹੀਂ ਤਾਂ ਅਸੀਂ ਭਾਵੇਂ ਕਿੰਨਾਂ ਕਹੀ ਜਾਂਦੇ ਇਨ੍ਹਾਂ ਸਾਡੇ ਦੋਸਤਾਂ ਨੇ ਇਹ ਗਲ ਕਦੇ ਵੀ ਨਹੀਂ ਸੀ ਮੰਨਣੀ ਕਿਉਂਕਿ ਮੈਂ ਸਮਝਦਾ ਹਾਂ ਕਿ ਇਹ ਡਿਫੈਕਸ਼ਨ ਦੀ ਜਿਹੜੀ ਗਲ ਹੈ ਇਹ ਕੋਈ ਕੱਲ, ਪਰਸੋਂ ਜਾਂ 10 ਦਿਨ ਜਾਂ ਮਹੀਨੇ ਦੋ ਮਹੀਨੇ ਤੋਂ ਨਹੀਂ ਸ਼ੁਰੂ ਹੋਈ, ਇਹ ਕਈ ਸਾਲਾਂ ਤੋਂ ਚਲੀ ਆ ਰਹੀ ਸੀ । ਹਰ ਇਨਸਾਨ ਇਹ ਮਹਿਸੂਸ ਕਰਦਾ ਸੀ ਕਿ ਇਹ ਮਾੜਾ ਕੰਮ ਹੈ । ਜਦੋਂ ਵੋਟਾਂ ਹੁੰਦੀਆਂ ਸਨ ਤਾਂ ਇਹ ਕਿਹਾ ਜਾਂਦਾ ਸੀ

Original with;
Punjab Vidhan Sabha
Digitized by;
Panjab Digital Library

ਕਿ ਇਹ ਬੰਦਾਂ ਚੰਗਾ ਹੈ, ਇਹ ਪਾਰਟੀ ਚੰਗੀ ਹੈ ਅਤੇ ਇਸ ਨੂੰ ਵੋਟ ਪਾਉ । ਜਦੋਂ ਰਾਤੋ ਰਾਤ ਉਹ ਪਾਰਟੀ ਬਦਲ ਜਾਂਦਾ ਸੀ ਤਾਂ ਇਹ ਕਿਹਾ ਜਾਂਦਾ ਸੀ ਕਿ ਇਹ ਪਾਰਟੀ ਨਹੀਂ ਹੁਣ ਇਹ ਪਾਰਟੀ ਚੰਗੀ ਹੈ ਅਤੇ ਇਹ ਬੰਦਾ ਚੰਗਾ ਹੈ ।

10.54 A.M. (ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਦੀ ਜ਼ਿਮੇਵਾਰੀ ਸਾਰੀ ਹਿੰਦੁਸਤਾਨ ਉਸ ਕਾਂਗਰਸ ਸਰਕਾਰ ਤੇ ਆ ਜਾਂਦੀ ਹੈ ਜੋ ਸਾਰੇ ਹਿੰਦੁਸਤਾਨ ਤੇ ਇਸ ਵੇਲੇ ਰਾਜ ਕਰਦੀ ਹੈ । ਹਿੰਦੁਸਤਾਨ ਦੇ ਵਿਚ ਪਾਰਟੀਆਂ ਦੀ ਡਿਫ਼ੈਕਸ਼ਨ ਕਰਾਉਣ ਦੀ ਸਾਰੀ ਜ਼ਿਮੇਵਾਰੀ ਇਸ ਕਾਂਗਰਸ ਪਾਰਟੀ ਤੇ ਆਉਂਦੀ ਹੈ ਕਿਉਂਕਿ ਮੈਂ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ, ਇਹ ਕਾਂਗਰਸ ਪਾਰਟੀ ਦੀ ਸਰਕਾਰ ਅਜ ਵੀ ਇਹ ਮਹਿਸੂਸ ਕਰਦੀ ਹੈ ਕਿ ਤਾਮਲ ਨਾਡੂ ਵਿਚ ਆਪੋਜ਼ੀਸ਼ਨ ਦੀ ਸਰਕਾਰ ਚਲ ਰਹੀ ਹੈ ਅਤੇ ਸੈਂਟਰ ਦੀ ਸਰਕਾਰ ਇਹ ਚਾਹੁੰਦੀ ਹੈ ਕਿ ਇਸ ਨੂੰ ਤੋੜਿਆ ਜਾਵੇ । ਉਹ ਰੋਜ਼ ਇਹੀ ਕਹਿੰਦੀ ਹੈ ਕਿ ਇਹ ਸਰਕਾਰ ਤੋੜ ਦੇਣੀ ਹੈ, ਇਹ ਸਰਕਾਰ ਤੋੜ ਦੇਣੀ ਹੈ ਮੈਂ ਆਪਣੀ ਪਾਰਟੀ ਵਲੋਂ ਇਸ ਗਲ ਦਾ ਸਮਰਥਨ ਕਰਦਾ ਹਾਂ ਕਿ ਜਿਹੜਾ ਐਮ.ਐਲ.ਏ. ਜਿਸ ਪਾਰਟੀ ਤੋਂ ਚੁਣ ਕੇ ਆਏ ਜੇ ਉਸ ਦੇ ਉਸ ਪਾਰਟੀ ਨਾਲ ਕੋਈ ਮੱਤ ਭੇਦ ਹੋ ਗਏ ਹਨ ਤਾਂ ਉਹ ਉਸ ਪਾਰਟੀ ਵਿਚ ਆਪਣਾ ਅਸਤੀਫ਼ਾ ਦੇ ਕੇ ਦੁਬਾਰਾ ਇਲੈਕਸ਼ਨ ਲੜੇ ਅਤੇ ਆਪਣੇ ਵੋਟਰਾਂ ਕੋਲੋਂ ਦੁਬਾਰਾ ਭਰੋਸਾ ਹਾਸਲ ਕਰੇ। ਉਸ ਨੂੰ ਕੋਈ ਹੱਕ ਨਹੀਂ ਕਿ ਉਹ ਇਕ ਪਾਰਟੀ ਵਿਚ ਡਿਫ਼ੈਕਸ਼ਨ ਕਰੇ । ਲੇਕਿਨ ਡਿਪਟੀ ਸਪੀਕਰ ਸਾਹਿਬ, ਇਹ ਗਲ ਤਾਂ ਸੈਂਟਰ ਤੋਂ ਸ਼ੁਰੂ ਹੋਈ । ਇਹ ਉਸ ਵੇਲੇ ਬੀਮਾਰੀ ਵਧੀ ਜਦੋਂ ਕਿ ਹਿੰਦੁਸਤਾਨ ਦੀ ਇਸ ਪ੍ਰਾਈਮ ਮਨਿਸਟਰ ਨੇ ਇਹ ਕਿਹਾ ਕਿ ਮੇਰੀ ਜ਼ਮੀਰ ਇਸ ਤਰ੍ਹਾਂ ਕਹਿੰਦੀ ਹੈ, ਇਸ ਜ਼ਮੀਰ ਦੀ ਆਜ਼ਾਦੀ ਨੇ ਹਿੰਦੁਸਤਾਨ ਵਿਚ ਇਹ ਬਿਮਾਰੀ ਲਿਆਂਦੀ । (ਵਿਘਨ) ਜੇ ਉਨ੍ਹਾਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਨੂੰ, ਪੁਰਾਣੀ ਪਾਰਟੀ ਨੂੰ ਛਡਣਾ ਸੀ ਤਾਂ ਉਹ ਆਪਣਾ ਅਸਤੀਫ਼ਾ ਦੇ ਲੋਕਾਂ ਦੇ ਕੋਲੋਂ ਆਪਣਾ ਵਰਡਿਕਟ ਲੈਂਦੇ । ਇਥੇ ਹੀ ਬਸ ਨਹੀਂ, ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਜਦੋਂ ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਮੌਜੂਦ ਸੀ ਤਾਂ ਤੁਹਾਨੂੰ ਪਤਾ ਹੈ ਕਿ ਇਥੇ ਕਿਸ ਤਰ੍ਹਾਂ ਡੀਫ਼ੈਕਸ਼ਨਾਂ ਕਰਵਾਈਆਂ ਗਈਆਂ । ਉਦੋਂ ਦੀਆਂ ਅਖ਼ਬਾਰਾਂ ਪੜ੍ਹ ਕੇ ਦੇਖ ਲਓ ਉਨ੍ਹਾਂ ਵਿਚ ਲਿਖਿਆਂ ਹੈ ਕਿ ਕਾਂਗਰਸ ਦੇ ਪ੍ਰਧਾਨ ਸ੍ਰੀ ਐਸ. ਡੀ. ਸ਼ਰਮਾਂ ਜੋ ਕਿ ਵਜ਼ਾਰਤ ਤੋੜਨ ਦੇ ਐਕਸਪਰਟ ਹਨ ਉਹ ਚੰਡੀਗੜ੍ਹ ਵਿਚ ਪਹੁੰਚ ਰਹੇ ਹਨ ਅਤੇ ਉਹ ਇਸ ਵਜ਼ਾਰਤ ਨੂੰ ਤੋੜ ਕੇ ਹੀ ਜਾਣਗੇ । ਉਹੀ ਗਲ ਹੋਈ, ਇਸ ਵਜ਼ਾਰਤ ਨੂੰ ਤੋੜਿਆ ਗਿਆ ਅਤੇ ਰਾਤੋ ਰਾਤ 18 ਬੰਦਿਆਂ ਨੂੰ ਡੀਫ਼ੈਕਟ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਰੁਪਿਆ ਆਦਿ ਦਿਤਾ ਗਿਆ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਮਿਉਨਿਸਟ ਪਾਰਟੀ ਵੀ ਚਾਹੁੰਦੀ ਹੈ, ਅਸੀਂ ਵੀ ਚਾਹੁੰਦੇ ਹਾਂ ਕਿ ਜੇ ਵਡਾ ਭਰਾ ਦਿਲੋਂ ਨਾ ਚਾਹੇ ਅਤੇ ਉਪਰੋਂ ਉਪਰੋਂ ਹੀ ਕਹੇ ਤਾਂ ਮਾੜੀ ਗਲ ਹੁੰਦੀ ਹੈ ਅਤੇ ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਹੈ । (ਵਿਘਨ) ਕੈਪਟਨ ਸਾਹਿਬ ਨੇ ਕਿਹਾ ਹੈ ਕਿ ਅੱਜ ਦਾ ਦਿਨ ਪੰਜਾਬ ਦੇ ਲੋਕਾਂ ਵਾਸਤੇ ਚੰਗਾ ਹੈ ਮੈਂ ਤਾਂ ਇਹ ਕਹਿੰਦਾ ਹਾਂ ਕਿ ਅੱਜ ਦਾ ਦਿਨ ਨਾ ਸਿਰਫ਼ ਪੰਜਾਬ ਵਾਸਤੇ ਹੀ ਚੰਗਾ ਹੈ ਸਗੋਂ ਸਾਰੇ ਹਿੰਦੁਸਤਾਨ ਦੇ ਲੋਕਾਂ ਵਾਸਤੇ ਚੰਗਾ ਹੈ । ਜਿਹੜਾ ਕੰਮ ਹਿੰਦੁਸਤਾਨ ਦੀ ਪਾਰਲੀਮੈਂਟ ਨਹੀਂ ਕਰ ਸਕੀ ਉਸ ਕੰਮ ਦੀ ਅਗਵਾਈ ਅੱਜ ਪੰਜਾਬ ਲੈ ਰਿਹਾ ਹੈ । (ਥੰਪਿੰਗ) ਮੈਂ ਕਹਿੰਦਾ ਹਾਂ ਕਿ ਚੋਣਾਂ ਹੋਏ ਨੂੰ ਸਾਲ ਦੋ ਸਾਲ ਹੋ ਗਏ ਹਨ, ਰੋਜ਼ ਅਖ਼ਬਾਰਾਂ ਵਿਚ ਇਹ ਆਉਂਦਾ ਹੈ ਕਿ ਅਸੀਂ ਡਿਫ਼ੈਕਸ਼ਨ ਦੇ ਖ਼ਿਲਾਫ਼ ਕਾਨੂੰਨ ਪਾਸ ਕਰ ਰਹੇ ਹਾਂ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਸੰਧੂ]

ਡਿਪਟੀ ਸਪੀਕਰ ਸਾਹਿਬ, ਜੇ ਅੱਜ ਅਸੀਂ 10 ਮਿੰਟਾਂ ਵਿਚ ਫੈਸਲਾ ਕਰਕੇ ਇਹ ਸਲਾਹ ਬਣਾ ਕੇ ਆਪਣੀ ਹਿੰਦੁਸਤਾਨ ਦੀ ਸਰਕਾਰ ਨੂੰ ਰਿਕੁਮੈਂਡ ਕਰ ਸਕਦੇ ਹਾਂ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਉਥੇ ਵੀ 5 ਮਿੰਟਾਂ ਵਿਚ ਬਿੱਲ ਪਾਸ ਕਿਉਂ ਨਹੀਂ ਹੁੰਦਾ ? ਇਸ ਲਈ ਨਹੀਂ ਹੁੰਦਾ ਕਿਉਂਕਿ ਉਹ ਕਹਿੰਦੇ ਕੁਝ ਨੇ ਅਤੇ ਕਰਦੇ ਕੁਝ ਨੇ । ਕਰਦੇ ਕਿਉਂ ਨਹੀਂ ? ਮੈਂ ਅਰਜ਼ ਕਰਾਂ ਕਿ ਜਦ ਤਕ ਸੈਂਟਰ ਦੀਂ ਸਰਕਾਰ ਆਪ ਆਪਣੀ ਹਾਲਤ ਠੀਕ ਨਹੀਂ ਕਰਦੀ, ਜਦ ਤਕ ਆਪਣਾ ਮਨ ਠੀਕ ਨਹੀਂ ਕਰਦੀ ਤਦ ਤਕ ਇਹ ਚੀਜ਼ ਨਹੀਂ ਹੋ ਸਕਦੀ ਉਹ ਵਿਰੋਧੀ ਪਾਰਟੀਆਂ ਦੀ ਸਰਕਾਰਾਂ ਤੋੜਨ ਅਤੇ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਲਈ ਡਿਫੈਕਸ਼ਨ ਦੀ ਬਜਾਏ ਕੋਈ ਹੋਰ ਕਾਨੂੰਨ ਕਢ ਲੈਣਗੇ । ਮੈਂ ਸਮਝਦਾ ਹਾਂ ਕਿ ਇਸ ਤੇ ਬਹੁਤਾ ਬੋਲਣ ਦੀ ਲੋੜ ਨਹੀਂ ਅਸੀਂ ਸਾਰੀਆਂ ਪਾਰਟੀਆਂ ਨੇ ਹੀ ਇਹ ਸਰਬ ਸਹਿਮਤੀ ਨਾਲ ਰੈਜ਼ੋਲਿਊਸ਼ਨ ਲਿਆਂਦਾ ਹੈ ਅਤੇ ਇਹ ਛੇਤੀ ਹੀ ਪਾਸ ਹੋ ਜਾਣਾ ਚਾਹੀਦਾ ਹੈ । ਮੈਂ ਅਰਜ਼ ਕਰਾਂ ਕਿ ਜਿਹੋ ਜਿਹਾ ਰਾਜਾ, ਵੈਸੀ ਪ੍ਰਜਾ। ਜੇ ਰਾਜੇ ਕੁਰੱਪਟ ਹੋਣਗੇ ਅਤੇ ਰਾਤੋ ਰਾਤ ਬਦਲ ਜਾਣਗੇ ਤਾਂ ਪ੍ਰਜਾ ਵੀ ਕੁਰੱਪਟ ਹੋਵੇਗੀ । ਮੈਂ ਸਮਝਦਾ ਹਾਂ ਕਿ ਇਹ ਇਕ ਚੰਗੀ ਗਲ ਹੈ ਜਿਹੜੀਂ ਹਾਊਸ ਵਿਚ ਆਈ ਹੈ ਅਤੇ ਸਾਰੀ ਪਾਰਟੀਆਂ ਦੇ ਸਮਰਥਨ ਨਾਲ ਆਈ ਹੈ । ਜਿਥੋਂ ਤਕ ਕੁਰਪਸ਼ਨ ਦਾ ਸੁਆਲ ਹੈ ਮੈਂ ਅਰਜ਼ ਕਰਾਂ ਕਿ ਇਹ ਕੁਰਪਸ਼ਨ ਇਸ ਤਰ੍ਹਾਂ ਦੂਰ ਨਹੀਂ ਹੋਣੀ ਜੇ ਕਰ ਅਸੀਂ ਕੁਰੱਪਸ਼ਨ ਦੇ ਇਲਜਾਮ ਲਾਉਂਦੇ ਹਾਂ ਕਿ ਇਸ ਨੇ ਇਹ ਖਾ ਲਿਆ ਉਸਨੇ ਉਹ ਖਾ ਲਿਆ । ਮੈਂ ਕਹਿੰਦਾ ਹਾਂ ਜੇ ਕਰ ਸਰਕਾਰ ਨੂੰ ਕੋਈ ਹਾਈ ਕੋਰਟ ਦਾ ਜੱਜ ਮੁਕਰੱਰ ਕਰਨ ਵਿਚ ਕੋਈ ਦਿਕਤ ਹੈ ਤਾਂ ਇਹ ਸੈਂਟਰ ਦੀ ਸਰਕਾਰ ਕਨੀਂ ਕਿਉਂ ਵੇਖਣ ਮੈਂ ਚਾਹੁੰਦਾ ਹਾਂ ਇਕ ਹਾਈ ਕੋਰਟ ਦਾ ਜੱਜ ਪ੍ਰਮਾਨੈਂਟ ਤੋਰ ਤੇ ਮੁਕਰਰ ਕਰ ਦੇਣ ਅਤੇ ਉਹ ਕਮਿਸ਼ਨ ਹੀ ਹੋਵੇਗਾ । ਜਿਸ ਕਿਸੇ ਵਜ਼ੀਰ, ਐਮ. ਐਲ. ਏ. ਜਾਂ ਕਿਸੇ ਅਫ਼ਸਰ ਦੇ ਖ਼ਿਲਾਫ਼ ਕੋਈਂ ਭਰਿਸ਼ਟਾਚਾਰ ਦਾ ਇਲਜ਼ਾਮ ਹੋਵੇ ਉਹ ਉਸ ਦੇ ਕੋਲ ਜਾ ਕੇ ਇਨਕੁਆਇਰੀਂ ਕਰੇ । ਮੈਂ ਕਹਿੰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਸਾਰੀਂਆਂ ਪਾਰਟੀਆਂ ਵਲੋਂ ਆਇਆ ਹੈ, ਇਹ ਸਾਰਿਆਂ ਦਾ ਸਾਂਝਾ ਰੈਜ਼ੋਲਿਊਸ਼ਨ ਹੈ, ਮੈਂ ਸਮਝਦਾ ਹਾਂ ਕਿ ਇਹ ਸਰਬਸੰਮਿਤੀ ਨਾਲ ਪਾਸ ਹੋ ਜਾਣਾ ਚਾਹੀਦਾ ਹੈ । ਇਹ ਇਕ ਕਾਮਨ ਰੈਜ਼ੋਲਿਊਸ਼ਨ ਹੈ, ਇਸ ਨੂੰ ਜਲਦੀ ਪਾਸ ਕਰਕੇ ਹਿਦੁਸਤਾਨ ਨੂੰ ਇਕ ਨਵਾਂ ਰਾਹ ਦਿਖਾਈਏ ਕਿ ਡਿਫੈਕਸ਼ਨ ਦੀ ਰਾਹ ਛਡ ਕੇ ਸਟੇਬਿਲਿਟੀ ਦੀ ਰਾਹ ਅਪਨਾਉ । ਸੋ ਅੰਤ ਵਿਚ ਮੈਂ ਫਿਰ ਅਰਜ਼ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਸਰਬਸੰਮਿਤੀ ਨਾਲ ਪਾਸ ਕਰ ਦਿਉ ।

ਮਾਸਟਰ ਚੰਦ ਸਿੰਘ : (ਸ਼ੇਰਪੁਰ ਐਸ. ਸੀ.) ਡਿਪਟੀ ਸਪੀਕਰ ਸਾਹਿਬ, ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰਨ ਤੇ ਕਾਂਗਰਸ ਅਤੇ ਹੋਰ ਇਸ ਵਰਗੀਆਂ ਬੁਰਜੂਆਂ ਪਾਰਟੀਆਂ ਦੀ ਡਿਫੈਕਸ਼ਨ ਤੇ ਰੋਕ ਥਾਮ ਲਾਈ ਜਾਏ । ਜਿਹੜੀਆਂ ਕਿਸਾਨਾਂ ਅਤੇ ਮਜਦੂਰਾਂ ਦੀਆਂ ਪਾਰਟੀਆਂ ਹਨ ਉਨ੍ਹਾਂ ਵਿਚ ਕੋਈ ਡਿਕਫੈਸ਼ਨ ਨਹੀਂ ਹੁੰਦੀ । ਜਿਸ ਤਰ੍ਹਾਂ ਮੇਰੀ ਪਾਰਟੀ ਕਿਸਾਨਾਂ ਤੇ ਮਜ਼ਦੂਰਾਂ ਵਾਸਤੇ ਲੜ ਰਹੀ ਹੈ । ਪਹਿਲਾਂ ਡਾਂਗ ਸਾਹਿਬ ਨੇ ਵੀ ਕਿਹਾ ਹੈ ਕਿ ਕੇਰਲਾ ਵਿਚ 1958 ਵਿਚ ਸਾਡੀ ਕੈਮਿਉਨਿਸਟ ਪਾਰਟੀ ਦੀ ਵਜ਼ਾਰਤ ਸੀ ਅਤੇ ਉਸ ਵਿਚ ਕੇਵਲ ਦੋ ਐਮ. ਐਲ. ਏ. ਵੱਧ ਸਨ । ਉਹ 28 ਮਹੀਨੇ ਚਲਦੀ ਰਹੀ ਅਤੇ ਉਨ੍ਹਾਂ ਨੂੰ ਬਹੁਤ ਵਡੇ ਵਡੇ ਲਾਲਚ ਦਿਤੇ ਗਏ,ਪਰ ਮੇਰੀ ਪਾਰਟੀ ਦਾ ਆਪਣਾ ਕੋਈ ਪ੍ਰੋਗਰਾਮ ਹੈ, ਸਿਧਾਂਤ ਹੈ ਅਤੇ ਉਹ ਉਸ ਤੇ ਖੜੀ ਰਹੀ । ਉਹ ਕਿਸਾਨਾਂ ਅਤੇ ਮਜ਼ਦੂਰਾਂ ਦੇ ਪੱਖ ਵਿਚ ਲੜ ਰਹੀ ਹੈ.

Original with;
Punjab Vidhan Sabha
Digitized by;
Panjab Digital Library

ਉਸ ਨੇ ਸਾਰੇ ਲਾਲਚ ਠੁਕਰਾ ਦਿਤੇ ਅਤੇ ਆਪਣੇ ਸਹੀ ਰਾਸਤੇ ਤੇ ਚਲਦੀ ਰਹੀ ਹੈ। ਪਰ ਬਾਕੀ ਦੀਆਂ ਜਿਹੜੀਆਂ ਬੁਰਜੂਆ ਤੇ ਪਿਛਾਂਹ ਖਿਚੂ ਪਾਰਟੀਆਂ ਹਨ ਉਨ੍ਹਾਂ ਦਾ ਕੋਈ ਪ੍ਰੋਗਰਾਮ ਨਹੀਂ ਕੋਈ ਸਿਧਾਂਤ ਨਹੀਂ ਉਹ ਲਾਲਚ ਵਿਚ ਆਪਣੀਆਂ ਕੁਰਸੀਆਂ ਪ੍ਰਾਪਤ ਕਰਨ ਲਈ ਦਲ-ਬਦਲੀ ਕਰਦੀਆਂ ਹਨ। ਉਨ੍ਹਾਂ ਦਾ ਨਿਸ਼ਾਨਾਂ ਕੁਰਸੀਆਂ ਹੀ ਹੁੰਦਾ ਹੈ ਅਤੇ ਉਹ ਹਰ ਵਕਤ ਰੂਲਿੰਗ ਪਾਰਟੀ ਵਿਚ ਚੌਧਰ ਨੂੰ ਚਮਕਾਉਂਦੇ ਰਹਿੰਦੇ ਹਨ। ਮੈਂ ਦਸਦਾ ਹਾਂ ਕਿ ਇਹ ਦਲ-ਬਦਲੀ ਕਿਸ ਪਾਰਟੀ ਵਿਚ ਹੁੰਦੀ ਹੈ। ਇਹ ਸਾਡੇ ਪੰਜਾਬ ਵਿਚ ਕਾਂਗਰਸ ਅਤੇ ਉਨ੍ਹਾਂ ਵਰਗੀਆਂ ਹੋਰ ਪਾਰਟੀਆਂ ਵਿਚ ਹੁੰਦੀ ਹੈ। (ਵਿਘਨ) ਅਕਾਲੀਆਂ ਦਾ ਨਾਮ ਵੀ ਲੈ ਲਵੋਂ ਉਨ੍ਹਾਂ ਦਾ ਵੀ ਨਾਂ ਲੈ ਲੈਂਦਾ ਹਾਂ। (ਵਿਘਨ) ਡਿਪਟੀ ਸਪੀਕਰ ਸਾਹਿਬ ਇਹ ਜੋ ਗਲ ਹੁੰਦੀ ਹੈ ਇਹ ਕਾਂਗਰਸ ਅਤੇ ਅਕਾਲੀ ਪਾਰਟੀ ਵਿਚ ਹੀ ਹੁੰਦੀ ਹੈ (ਵਿਘਨ),

ਗਿਆਨੀ ਕੰਦਨ ਸਿੰਘ ਪਤੰਗ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜਾ ਮਾਸਟਰ ਜੀ ਨੇ ਕਿਹਾ ਹੈ ਕਿ ਅਕਾਲੀਆਂ ਵਿਚ ਹੋਈ ਹੈ ਅਤੇ ਉਧਰ ਨਹੀਂ ਹੋਈ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਜੰਗੀਰ ਸਿੰਘ ਕੁਬੜਵਾਲ ਕਮਿਊਨਿਸਟ ਐਮ. ਐਲ. ਏ. ਹੀ ਸੀ ਜਿਸ ਨੂੰ ਸੁਵਰਗਵਾਸੀਏ ਪ੍ਰਤਾਪ ਸਿੰਘ ਕੈਰੋਂ ਨੇ ਉਧਰ ਖਿਚ ਲਿਆ ਸੀ (ਵਿਘਨ)।

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਉਸ ਵੇਲੇ ਉਹ ਐਮ. ਐਲ. ਏ. ਨਹੀਂ ਸੀ (ਵਿਘਨ)।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਜੰਗੀਰ ਸਿੰਘ ਕੁਬੜਵਾਲ ਐਮ. ਐਲ. ਏ. ਨਹੀਂ ਸੀ ਜਦੋਂ ਉਧਰ ਗਿਆ ਸੀ (ਵਿਘਨ) ਮੈਂ ਕਹਿੰਦਾ ਹਾਂ ਕਿ ਕਈ ਆਦਮੀ ਐਮ. ਐਲ. ਏ. ਹੁੰਦੇ ਹੋਏ ਇਕ ਪਾਰਟੀ ਛੱਡ ਕੇ ਦੂਜੀ ਪਾਰਟੀ ਵਿਚ ਡਿਫੈਕਟ ਕਰ ਗਏ ਇਹ ਗਲ ਗ਼ਲਤ ਹੈ। (ਵਿਘਨ)

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਇਸ ਤਰ੍ਹਾਂ ਕਿਉਂ ਹੁੰਦਾ ਹੈ ? ਮੈਂ ਦਸਦਾ ਹਾਂ ਕਿਉਂਕਿ ਲੋਕ ਆਰਥਿਕ ਤੌਰ ਤੇ ਕਮਜ਼ੋਰ ਹੁੰਦੇ ਹਨ ਅਤੇ ਉਹ ਆਪਣੀ ਕਮਜ਼ੋਰੀ ਨੂੰ ਕਢਣ ਦੀ ਖ਼ਾਤਰ ਰੂਲਿੰਗ ਪਾਰਟੀ ਵਿਚ ਚਲੇ ਜਾਂਦੇ ਹਨ। ਇਹ ਜਿਹੜਾ ਮਤਾ ਲਿਆਂਦਾ ਹੈ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਤਾਂ ਕਿ ਜਿਹੜੇ ਬੁਰਜੂਆ ਲੋਕ ਹਨ ਉਹ ਦੂਸਰੀ ਪਾਰਟੀ ਵਿਚ ਨਾ ਜਾਣ। ਜੇ ਜਾਣਾ ਹੋਵੇ ਤਾਂ ਉਹ ਮੁੜਕੇ ਲੋਕਾਂ ਵਿਚ ਜਾਣ ਅਤੇ ਜੇ ਕਰ ਲੋਕਾਂ ਦੀ ਆਵਾਜ਼ ਉਨ੍ਹਾਂ ਦੇ ਹਕ ਵਿਚ ਹੋਵ ਤਾ ਠੀਕ ਹੈ ਨਹੀਂ ਤਾਂ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਏ। ਇਕ ਗਲ ਕਪਤਾਨ ਸਾਹਿਬ ਨੇ ਕਹੀ ਹੈ ਕਿ ਅੱਜ ਕਿਤੋਂ ਵੀ ਬਿਜਲੀ ਲੈ ਕੇ ਦੀਪ ਮਾਲਾ ਜਲਾਣੀ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਜੇ ਅੱਜ ਬਿਜਲੀ ਮਿਲ ਸਕਦੀ ਹੈ ਤਾਂ ਕਿਸਾਨਾਂ ਮਜ਼ਦੂਰਾਂ ਦਾ ਇਸੇ ਬਿਜਲੀ ਦੇ ਕਾਰਣ ਸਾਡੇ ਪੰਜਾਬ ਵਿਚ ਲਗ-ਭਗ ਸੌ ਕਰੋੜ ਰੁਪਏ ਦਾ ਨੁਕਸਾਨ ਹੋ ਚੁਕਾ ਹੈ ਉਦੋਂ ਬਿਜਲੀ ਕਿਧਰ ਗਈ ਸੀ ? ਮੇਰੀ ਪਾਰਟੀ ਇਨ੍ਹਾਂ ਗਲਾਂ ਲਈ ਲੜ ਰਹੀ ਹੈ। ਉਨ੍ਹਾਂ ਉਤੇ ਜਲੰਧਰ ਤੇ ਬਠਿੰਡਾ ਵਿਚ ਲਾਠੀਆਂ ਮਾਰੀਆਂ ਗਈਆਂ ਇਸ ਬਿਜਲੀ ਦੀ ਕਟੌਤੀ ਕਾਰਨ ਮੈਂ ਇਸ ਮਤੇ ਦਾ ਸੁਆਗਤ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਪਾਸ ਕਰ ਦਿਉ। (ਵਿਘਨ) ਇਸ ਨਾਲ ਕਾਂਗਰਸ ਤੇ ਅਕਾਲੀ ਪਾਰਟੀਆਂ ਜੋ ਕਿ ਦਲ ਬਦਲੀ ਕਰਦੀਆਂ ਹਨ। ਉਨ੍ਹਾਂ ਉਤੇ ਪਾਬੰਦੀ ਲਗਦੀ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਐਗਰੀ ਇਹ ਹੋਇਆ ਸੀ ਕਿ ਇਹ ਰੈਜ਼ੋਲਿਊਸ਼ਨ ਸਾਰੀਆਂ ਪਾਰਟੀਆਂ ਵਲੋਂ ਆਇਆ ਹੈ ਔਰ ਗੌਰਮੈਂਟ ਦਾ ਰੈਜ਼ੋਲਿਊਸ਼ਨ ਹੈ ਔਰ ਇਹ ਕਿਹਾ ਸੀ ਕਿ ਇਸ ਨੂੰ ਫ਼ਟਾ ਫ਼ਟ ਪਾਸ ਕਰ ਲਵੋ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਚੰਗਾ ਰੈਜ਼ੋਲਿਊਸ਼ਨ ਹੈ ਇਸ ਨੂੰ ਹੁਣ ਤੁਸੀਂ ਵੋਟ ਲੈ ਕੇ ਪਾਸ ਕਰੋ ਕਿਉਂਕਿ ਜੋ ਬਾਕੀ ਰੈਜ਼ੋਲਿਊਸ਼ਨ ਹਨ. . . . (ਵਿਘਨ) ।

**ਸ੍ਰੀ** ਡਿਪਟੀ ਸਪੀਕਰ : ਮੈਂ ਕਹਿੰਦਾ ਹਾਂ ਕਿ ਇਹ ਮਸਲਾ ਬੜਾ ਇੰਪਾਰਟੈਂਟ ਹੈ ਇਹ ਰੈਜ਼ੋਲਿਊਸਨ ਬੜਾ ਇੰਪਾਰਟੈਂਟ ਹੈ । ਪੰਜਾਬ ਦੇ ਹਾਊਸ ਨੇ ਇਨੀਸ਼ੀਏਟਿਵ ਲਿਆ ਹੈ, ਇਸ ਤੇ ਬੋਲਣ ਲਈ ਆਪਣੇ ਵਿਚਾਰ ਪ੍ਰਗਟ ਕਰਨ ਲਈ ਮੈਂਬਰ ਸਾਹਿਬਾਨ ਵੀ ਖੜੇ ਹੋ ਰਹੇ ਹਨ ਅਤੇ ਸਰਕਾਰੀ ਬੈਂਚਾ ਵਲੋਂ ਪਾਸ ਕਰਨ ਦੀ ਵੀ ਅਸ਼ਿਉਰੈਂਸ ਮਿਲ ਚੁਕੀ ਹੈ, ਇਸ ਲਈ ਜੋ ਵੀ ਮੈਂਬਰ ਸਾਹਿਬ ਆਪਣੇ ਵਿਚਾਰ ਦੇਣਾ ਚਾਹੁੰਦੇ ਹਨ ਉਨ੍ਹਾਂ ਨੂੰ ਦੇਣ ਦੇਣੇ ਚਾਹੀਦੇ ਹਨ । (I would like to say that it is a very important matter and a very important resolution. Our House has taken initiative in this respect . The hon· Members of this Honse want to express their views on the subject An assurance to pass the resolution has already been given by the Treasury Benches. Hence let every hon'ble Members who wants to express his views, do so.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪਹਿਲਾਂ ਇਕ ਬੜਾ ਇੰਪਾਰਟੈਂਟ ਰੈਜ਼ੋਲਿਊਸ਼ਨ ਚਲ ਰਿਹਾ ਹੈ ਕਿ 18 ਸਾਲ ਦੀ ਉਮਰ ਵਾਲੇ ਨੂੰ ਵੋਟ ਦਾ ਅਧਿਕਾਰ ਦੇਣਾ ਚਾਹੀਦਾ ਹੈ ਔਰ ਉਸ ਦੇ ਬਾਦ ਹਾਈ ਪ੍ਰਾਈਸਿਜ਼ ਦੇ ਸਬੰਧ ਵਿਚ ਬੜਾ ਇੰਪਾਰਟੈਂਟ ਰੈਜ਼ੋਲਿਊਸ਼ਨ ਹੈ (ਵਿਘਨ) ਮੇਰੀ ਬੇਨਤੀ ਹੈ ਕਿ ਇਸ ਬਾਰੇ ਮੂਵਰ ਨਾਲ ਗਲ ਬਾਤ ਹੋਈ ਸੀ ਅਤੇ ਫ਼ੈਸਲਾ ਹੋਇਆ ਸੀ ਕਿ ਇਸ ਨੂੰ ਝੱਟ ਪਟ ਪਾਸ ਕਰ ਦਿਤਾ ਜਾਏ। (ਵਿਘਨ) ਕਿਉਂਕਿ ਇਸ ਤੋਂ ਪਹਿਲਾਂ ਦੋ ਇੰਪਾਰਟੈਂਟ ਰੈਜ਼ੋਲਿਊਸ਼ਨ ਪਏ ਹਨ (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਤਸ਼ਰੀਫ਼ ਰਖੋ (Please resume your seat)

ਸਰਦਾਰ ਸੁਰਜੀਤ ਸਿੰਘ (ਬਰਨਾਲਾ) ਡਿਪਟੀ ਸਪੀਕਰ ਸਾਹਿਬ, ਸਾਨੂੰ ਅਧਿਕਾਰ ਹੈ (ਵਿਘਨ) ਤੁਸੀਂ ਜਨਤਾ ਦਾ ਮੂੰਹ ਬੰਦ ਕਰਦੇ ਹੋ ..... (ਵਿਘਨ)

**Mr Deputy Speaker** : I have already given my ruling. You cannot discuss this issue.

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਤਿੰਨਾਂ ਮੂਵਰਾਂ ਨੂੰ ਬੁਲਾ ਕੇ ਪੁੱਛ ਲਉ ! ਉਸ ਵੇਲੇ ਤਾਂ ਇਹ ਫ਼ੈਸਲਾ ਹੋਇਆ ਸੀ ਕਿ ਇਸ ਨੂੰ ਛੇਤੀ ਪਾਸ ਕਰ ਦਿਤਾ ਜਾਵੇਗਾ ।

ਉਪ ਮੰਤਰੀ ਗ੍ਰਹਿ ਅਤੇ ਉਦਯੋਗ : ਡਿਪਟੀ ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਬਰਨਾਲਾ ਇਕ ਐਡਵੋਕੇਟ ਹਨ । ਇਹ ਹਾਊਸ ਪਹਿਲਾਂ ਇਸ ਰੈਜ਼ੋਲਿਊਸ਼ਨ ਤੇ ਡਿਸਕਸ਼ਨ ਵਾਸਤੇ ਕਨਸੈਂਟ ਦੇ ਚੁਕਿਆ ਹੈ (ਸ਼ੋਰ) (ਵਿਘਨ)

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਤਾਂ ਪ੍ਰਚਾਰ ਕਰ ਲਿਆ ਹੈ ਹੁਣ ਸਾਨੂੰ ਵੀ ਕਰਨ ਦਿਤਾ ਜਾਵੇ ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਫੈਸਲਾਂ ਹੋਇਆ ਸੀ ਕਿ ਤਿੰਨ ਮੁਵਰਜ਼ ਹੀ ਇਸ ਤੇ ਬੋਲਣਗੇ ਅਤੇ ਫੌਰਨ ਹੀ ਇਹ ਰੈਜ਼ੂਲਿਊਸ਼ਨ ਪਾਸ ਕਰ ਦਿਤਾ ਜਾਵੇਗ । ਮੇਰਾ ਖਿਆਲ ਹੈ ਜਦੋਂ ਤਕ ਸਰਦਾਰ ਉਮਰਾਉ ਸਿੰਘ ਅਤੇ ਕਾਮਰੇਡ ਡਾਂਗ ਸਾਹਿਬ ਨੂੰ ਸਾਡੇ ਸਾਹਮਣੇ ਬੁਲਾ ਕੇ ਪੁਛ ਨਾ ਲਿਆ ਜਾਵੇ ਉਦੋਂ ਤਕ ਅਗਲੀ ਕਾਰਵਾਈ ਨਹੀਂ ਕਰਨੀ ਚਾਹੀਦੀ । 15 ਮਿੰਟਾਂ ਵਾਸਤੇ ਹਾਊਸ ਨੂੰ ਅਡਜਰਨ ਕਰ ਦਿਉ ਨਹੀਂ ਤਾਂ ਅਸੀਂ ਕਾਰਵਾਈ ਨਹੀਂ ਚਲਣ ਦਿਆਂਗੇ ।

**Mr Deputy Speaker** : You are threatening the Chair. Please withdraw your words.

**Sardar Ajaib Singh Sandhu**: I am not threatening the Chair. I am requesting the Chair.

**Mr Deputy Speaker** : Please withdraw your words.

**Sardar Ajaib Singh Sandhu**: No, I will not withdraw. This is our right.

ਡਾਕਟਰ ਅਮੀਰ ਸਿਘ ਕਲਕਟ : ਡਿਪਟੀ ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਬੜਾ ਸੁਕਾਰਸਟਿਕਲੀ ਇਹ ਕਿਹਾ ਹੈ ਕਿ ਹਾਊਸ ਦੀ ਕਾਰਵਾਈ ਨਹੀਂ ਚਲਣ ਦਿਆਂਗੇ । ਇਨ੍ਹਾਂ ਨੂੰ ਇਹ ਲਫ਼ਜ਼ ਵਾਪਸ ਲੈਣੇ ਚਾਹੀਦੇ ਹਨ ।

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਇਹ ਚੇਅਰ ਤੇ ਕਈ ਐਸਪਰਸ਼ਨ ਨਹੀਂ ਇਹ ਤਾਂ ਸਾਡਾ ਰਾਈਟ ਹੈ ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ ਨੇ ਕਿਹਾ ਹੈ ਕਿ ਹਾਊਸ ਐਡਜ਼ਰਨ ਕਰੋ । ਜੇ ਨਹੀਂ ਕਰੋਗੇ ਤਾਂ ਕਾਰਵਾਈ ਨਹੀਂ ਚਲਣ ਦਿਆਂਗੇ । ਇਹ ਇਸ ਹਾਊਸ ਨੂੰ ਥਰੈਟ ਨਹੀਂ ਦੇ ਸਕਦੇ ਪਰ ਸੁਜੈਸ਼ਨ ਜ਼ਰੂਰ ਦੇ ਸਕਦੇ ਹਨ । (Mr. Sandhu has said that the House may be adjourned otherwise they would not allow the House to proceed. He cannot threaten the House he can only give a suggestion).

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਡਿਪਟੀ ਸਪੀਕਰ ਸਾਹਿਬ ਕੋਈ ਮਾੜੀ ਗਲ ਨਹੀਂ ਕਹੀ । ਮੈਂ ਤਾਂ ਸੁਜ਼ੈਸ਼ਨ ਦਿਤੀ ਹੈ । ਮੈਂ ਰਿਕੁਐਸਟ ਕਰਦਾ ਹਾਂ । ਇਹ ਤਾਂ ਅਸੀਂ ਹੁਣ ਵੀ ਕਹਿੰਦੇ ਹਾਂ ਕਿ ਜਦੋਂ ਤਕ ਤਿੰਨਾ ਨੂੰ ਬੁਲਾ ਕੇ ਫੈਸਲਾ ਨਹੀਂ ਕੀਤਾ ਜਾਂਦਾ ਅਗਲੀ ਕਾਰਵਾਈ ਨਹੀਂ ਚਲਣੀ ਚਾਹੀਦੀ ।

ਸ੍ਰੀ ਡਿਪਟੀ ਸਪੀਕਰ: ਤੁਸੀਂ ਇਹ ਲਫਜ਼ ਵਾਪਸ ਲਉ । (Please withdraw these words.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਰਿਕੁਐਸਟ ਕੀਤੀ ਹੈ ਕਿ 15 ਮਿੰਟਾਂ ਵਾਸਤੇ ਹਾਊਸ਼ ਐਡਜਰਨ ਕਰ ਦਿਉ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਵਿਸ਼ਵਾਮਿਤਰ ਸੇਖੜੀ** : ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਲ ਤੇ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਕੋਈ ਮੈਂਬਰ ਇਸ ਹਾਊਸ ਨੂੰ ਅਤੇ ਚੇਅਰ ਨੂੰ ਡਾਇਰੈਕਟ ਕਰ ਸਕਦਾ ਹੈ ਜਾਂ ਥਰੈਟ ਕਰ ਸਕਦਾ ਹੈ ? ਕੀ ਇਹ ਰੂਲਜ਼ ਦੇ ਮੁਤਾਬਿਕ ਹੈ ?

ਸ੍ਰੀ ਡਿਪਟੀ ਸਪੀਕਰ : ਮੈਂ ਤਾਂ ਪਹਿਲਾਂ ਹੀ ਇਨ੍ਹਾਂ ਨੂੰ ਕਿਹਾ ਹੈ ਕਿ ਇਹ ਲਫਜ਼ ਵਾਪਸ ਲੈ ਲਓ । (I have already asked Mr. Sandhu to withdraw these words).

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਡਿਪਟੀ ਸਪੀਕਰ ਸਾਹਿਬ, ਤੁਸੀਂ ਵੈਸੇ ਹੀ ਸਮਝ ਲਿਆ ਹੈ ਕਿ ਉਨ੍ਹਾਂ ਨੇ ਥਰੈਟ ਕੀਤਾ ਹੈ । ਉਨ੍ਹਾਂ ਨੇ ਤਾਂ ਰਿਕੁਐਸਟ ਕੀਤੀ ਹੈ । ਸੁਜੈਸ਼ਨ ਦਿੱਤੀ ਹੈ ।

He is one of the movers of this resolution. He knows under what circumstances this resolution was moved.

ਡਿਪਟੀ ਸਪੀਕਰ ਸਾਹਿਬ ਦਰਅਸਲ ਸੁਜੈਸ਼ਨ ਇਹ ਸੀ ਕਿ ਜਿਹੜੇ ਦੂਜੇ ਰੈਜ਼ੋਲਿਊਸ਼ਨ ਪੈਂਡਿੰਗ ਫ਼ਾਰ ਡਿਸਕਸ਼ਨ ਹਨ ਅਤੇ ਪਹਿਲਾਂ ਚਲ ਰਹੇ ਸਨ, ਉਨ੍ਹਾਂ ਨੂੰ ਇਹ ਰੈਜ਼ੋਲਿਊਸ਼ਨ ਪਾਸ ਕਰਨ ਤੋਂ ਬਾਅਦ ਲਿਆ ਜਾਵੇ । ਦਰਅਸਲ ਗੌਰਮਿੰਟ ਨੇ 18 ਸਾਲ ਦੀ ਉਮਰ ਵਾਲਾ ਰੈਜ਼ੋਲਿਊਸ਼ਨ ਵੀ ਟਾਕ-ਆਊਟ ਕਰ ਦਿੱਤਾ ਹੈ ਅਤੇ ਜਿਹੜਾ ਦੂਜਾ ਰੈਜ਼ੋਲਿਊਸ਼ਨ ਆ ਰਿਹਾ ਹੈ ਉਸ ਨੂੰ ਵੀ ਟਾਕ-ਆਊਟ ਕਰਕੇ ਲੰਘਾਉਣਾ ਚਾਹੁੰਦੇ ਹਨ । ਉਸ ਤੇ ਵੋਟਿੰਗ ਨਹੀਂ ਕਰਨਾ ਚਾਹੁੰਦੇ ਅਤੇ ਭੱਜਣਾ ਚਾਹੁੰਦੇ ਹਨ ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ ਦੇ ਸ਼ਬਦ ਥਰੈਟਨਿੰਗ ਸਨ ਕਿ ਜੇ ਹਾਊਸ ਐਡਜਰਨ ਨਹੀਂ ਕਰੋਗੇ ਤਾਂ ਹਾਊਸ ਦੀ ਕਾਰਵਾਈ ਨਹੀਂ ਚਲਣ ਦਿਆਂਗੇ । (The words of Mr. Sandhu were threatening viz. if the House is not adjourned they would not let the House function.)

ਸਰਦਾਰ ਅਜਾਇਬ ਸਿੰਘ ਸੰਧੂ : ਜੇ ਤੁਸੀਂ ਇਸ ਨੂੰ ਥਰੈਟ ਸਮਝਦੇ ਹੋ ਤਾਂ ਮੈਂ ਇਹ ਲਫਜ਼ ਵਾਪਸ ਲੈਂਦਾ ਹਾਂ । ਪਰ ਇਹ ਸਜੈਸ਼ਨ ਪਹਿਲਾਂ ਕੰਸਿਡਰ ਹੋਣੀ ਚਾਹੀਦੀ ਹੈ ਕਿਉਂਕਿ ਮੈਂ ਮੂਵਰਜ਼ ਵਿਚੋਂ ਇਕ ਹਾਂ । ਡਾਂਗ ਸਾਹਿਬ ਅਤੇ ਸਰਦਾਰ ਉਮਰਾਓ ਸਿੰਘ ਇਥੇ ਹਨ ਨਹੀਂ । ਇਸ ਲਈ ਮੇਰੀ ਇਹ ਬੇਨਤੀ ਹੈ ਕਿ 15 ਮਿੰਟਾਂ ਵਾਸਤੇ ਹਾਊਸ ਐਡਜਰਨ ਕਰ ਦਿੱਤਾ ਜਾਵੇ ਅਤੇ ਸਪੀਕਰ ਸਾਹਿਬ ਦੇ ਕਮਰੇ ਵਿਚ ਚਲ ਕੇ ਇਹ ਫੈਸਲਾ ਕਰ ਲਿਆ ਜਾਵੇ । ਜੋ ਸਪੀਕਰ ਸਾਹਿਬ ਕਹਿਣਗੇ, ਉਹ ਕਰ ਲਵਾਂਗੇ ।

ਸ੍ਰੀ ਡਿਪਟੀ ਸਪੀਕਰ : ਡਿਸਕਸ਼ਨ ਤਾਂ ਜਾਰੀ ਰਹੇਗੀ । ਮੈਂ ਡਾਂਗ ਸਾਹਿਬ, ਸੰਧੂ ਸਾਹਿਬ ਅਤੇ ਸਰਦਾਰ ਉਮਰਾਓ ਸਿੰਘ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਸਪੀਕਰ ਸਾਹਿਬ ਦੇ ਚੈਂਬਰ ਵਿਚ ਚਲੇ ਜਾਣ ਅਤੇ ਫੈਸਲਾ ਕਰਵਾ ਲੈਣ । (The discussion will continue. I would request Comrade Satya Pal Dang, Sardar Ajaib Singh Saddhu and Sardar Umrao Singh to go to the Chamber of the Hon. Speaker and get a decision).

Original with;
Punjab Vidhan Sabha
Digitized by;
Panjab Digital Library

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਦੋ ਰੈਜ਼ੋਲਿਊਸ਼ਨ ਪੈਂਡਿੰਗ ਪਏ ਹਨ । ਇਕ ਤਾਂ 18 ਸਾਲ ਦੀ ਉਮਰ ਵਾਲੇ ਨੂੰ ਵੋਟ ਦੇ ਅਧਿਕਾਰ ਬਾਰੇ ਹੈ ਜਿਸ ਤੇ ਕਿ ਪਿਛਲੇ ਹਫਤੇ ਬਹਿਸ ਹੋਈ ਸੀ ਅਤੇ ਦੂਸਰਾ ਮਹਿੰਗਾਈ ਵੱਧਣ ਬਾਰੇ ਹੈ ਜਿਸ ਕਾਰਨ ਗਰੀਬੀ ਦੇਸ਼ ਵਿਚ ਫੈਲ ਗਈ ਹੈ ਅਤੇ ਲੋਕ ਭੁਖੇ ਮਰ ਰਹੇ ਹਨ । ਸਰਕਾਰੀ ਪਾਰਟੀ ਵਾਲੇ ਇਸ ਰੈਜ਼ੋਲਿਊਸ਼ਨ ਤੋਂ ਡਰਦੇ ਹਨ ਅਤੇ ਭੱਜਣਾ ਚਾਹੁੰਦੇ ਹਨ । ਇਸ ਕਰਕੇ ਮੇਰੀ ਇਹ ਰਿਕੁਐਸਟ ਹੈ ਕਿ ਤੁਰਤ ਹੀ ਇਹ ਰੈਜ਼ੋਲਿਊਸ਼ਨ ਪਾਸ ਕਰਕੇ ਦੂਜੇ ਰੈਜ਼ੋਲਿਊਸ਼ਨਾਂ ਤੇ ਡਿਸਕਸਨ ਕੀਤੀ ਜਾਵੇ ।

ਸ੍ਰੀ ਡਿਪਟੀ ਸਪੀਕਰ : 18 ਸਾਲ ਦੀ ਉਮਰ ਵਾਲੇ ਨੂੰ ਵੋਟ ਦਾ ਅਧਿਕਾਰ ਦੇਣ ਬਾਰੇ ਜਿਹੜਾ ਰੈਜ਼ੋਲਿਊਸ਼ਨ ਅੰਡਰ ਡਿਸਕਸ਼ਨ ਸੀ ਉਸ ਨੂੰ ਛੱਡ ਕੇ, ਇਸ ਰੈਜ਼ੋਲਿਊਸ਼ਨ ਤੇ ਡਿਸਕਸ਼ਨ ਸ਼ੁਰੂ ਹਈ ਹੈ । ਜਿਸ ਵੇਲੇ ਇਹ ਰੈਜ਼ੋਲਿਊਸ਼ਨ ਪਾਸ ਹੋ ਜਾਵੇਗਾ ਤਾਂ ਉਸ ਤੇ ਡਿਸਕਸ਼ਨ ਸ਼ੁਰੂ ਹੋ ਜਾਵੇਗੀ । (This resolution was taken up interrupting the discussion on the resolution regarding giving of right to vote to the 18 year olds. That resolution will again be taken up after the present one is disposed of).

ਸਰਦਾਰ ਅਜਾਇਬ ਸਿੰਘ ਸੰਧੂ : ਇਸ ਲਈ ਤਾਂ ਅਸੀਂ ਇਹ ਚਾਹੁੰਦੇ ਹਾਂ ਕਿ 15 ਮਿਟਾਂ ਵਾਸਤੇ ਹਾਊਸ ਐਡਜਰਨ ਹੋ ਜਾਵੇ ।

ਸ੍ਰੀ ਡਿਪਟੀ ਸਪੀਕਰ : ਤੁਹਾਡੀ ਹਾਊਸ ਨੂੰ ਐਡਜਰਨ ਕਰਨ ਵਾਲੀ ਗਲ ਮੁਨਾਸਿਬ ਨਹੀਂ । ਮੈਂ ਤਾਂ ਸਪੀਕਰ ਸਾਹਿਬ ਨੂੰ ਰਿਕੁਐਸਟ ਕੀਤੀ ਹੈ ਕਿ ਉਹ ਤਿੰਨਾਂ ਮੂਵਰਜ਼ ਨੂੰ ਬੁਲਾ ਲੈਣ ਅਤੇ ਫੈਸਲਾ ਹੋ ਜਾਵੇਗਾ । (Your request about the adjournment of the House is not in order. I have requested the hon. Speaker to call all the three movers and take a decision).

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਫੈਸਲਾ ਤਾਂ ਇਹ ਹੋਇਆ ਸੀ ਕਿ ਸਿਰਫ ਤਿੰਨ ਮੂਵਰਜ਼ ਨੇ ਹੀ ਬੋਲਣਾ ਹੈ ਅਤੇ ਇਸ ਨੂੰ ਪਾਸ ਕਰਨਾ ਹੈ ।

ਸ੍ਰੀ ਡਿਪਟੀ ਸਪੀਕਰ : ਮੈਂ ਹਾਊਸ ਨੂੰ ਐਡਜਰਨ ਨਹੀਂ ਕਰ ਸਕਦਾ ! (I can't adjourn the House).

ਚੌਧਰੀ ਜਗਤ ਰਾਮ (ਬੰਗਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰ ਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਕੈਪਟਨ ਸਾਹਿਬ ਨੇ ਇਹ ਰੈਜ਼ੋਲਿਊਸ਼ਨ ਪੇਸ਼ ਕਰਦੇ ਹੋਇਆਂ ਇਹ ਗਲ ਕਹੀ ਕਿ ਅੱਜ ਦਾ ਦਿਨ ਇਸ ਦੇਸ਼ ਲਈ ਇਹ ਰੈਜ਼ੋਲਿਊਸ਼ਨ ਦੇਖ ਕੇ ਮੁਬਾਰਕ ਦਾ ਦਿਨ ਹੋਵੇਗਾ । ਮੈਂ ਬਹੁਤ ਬਹੁਤ ਵੱਧਾਈ ਇਸ ਗਲ ਕਰਕੇ ਦਿੰਦਾ ਹਾਂ ਕਿਉਂਕਿ ਹਰ ਦੇਸ਼ ਅੰਦਰ, ਡਿਪਟੀ ਸਪੀਕਰ ਸਾਹਿਬ, ਦੋ ਪਾਰਟੀਆਂ ਹੁੰਦੀਆਂ ਹਨ । ਇੱਕ ਸਰਕਾਰ ਅਤੇ ਦੂਸਰੀ ਆਪੋਜ਼ੀਸ਼ਨ । ਪਰ ਬਦਕਿਸਮਤੀ ਹੈ ਮੇਰੇ ਦੇਸ਼ ਦੀ ਕਿ ਇਥੇ ਤਿੰਨ ਪਾਰਟੀਆਂ ਹਨ । ਇੱਕ ਸਰਕਾਰੀ, ਦੂਜੀ ਆਪੋਜ਼ੀਸ਼ਨ ਅਤੇ

Original with;
Punjab Vidhan Sabha
Digitized by;
Panjab Digital Library

(ਚੌਧਰੀ ਜਗਤ ਰਾਮ)

ਤੀਸਰੀ ਰਿਸ਼ਤੇਦਾਰੀ ਪਾਰਟੀ । ਮੈਂ ਇਹ ਗਲ ਇਥੇ ਕਹਿੰਦਾ ਚੰਗਾ ਨਹੀਂ ਲਗਦਾ ਬਾਹਰ ਵਿਸਥਾਰ ਨਾਲ ਦੱਸ ਦਿਆਂਗਾ । ਜਿਹੜੀ ਸਰਕਾਰ ਆਵੇ ਉਹ ਪਾਰਟੀ ਉਸ ਨਾਲ ਰਿਸ਼ਤੇਦਾਰੀ ਗੰਢ ਲੈਂਦੀ ਹੈ । ਡਿਪਟੀ ਸਪੀਕਰ ਸਾਹਿਬ, ਇਥੇ ਕੋਈ ਪਾਰਟੀ ਵੀ ਫਖ਼ਰ ਨਾਲ ਨਹੀਂ ਕਹਿ ਸਕਦੀ ਕਿ ਸਾਡੀ ਪਾਰਟੀ ਵਿਚੋਂ ਕੋਈ ਨਹੀਂ ਗਿਆ । ਗਿਣਤੀ ਦੇ ਮੁਤਾਬਿਕ ਕੋਈ ਪੁਲੀਟੀਕਲ ਪਾਰਟੀ ਬਾਂਹ ਖੜ੍ਹੀ ਕਰਕੇ ਨਹੀਂ ਕਹਿ ਸਕਦੀ ਕਿ ਸਾਡੇ ਵਿਚ ਕੋਈ ਬਾਹਰ ਨਹੀਂ ਗਿਆ । ਜੋ ਆਉਣ ਵੇਲੇ ਗਿਣਤੀ ਸੀ ਉਹ ਅਸੈਂਬਲੀ ਵਿਚ ਆਉਣ ਤੋਂ ਬਾਅਦ ਘੱਟ ਗਈ । ਹਰ ਇੱਕ ਪਾਰਟੀ ਦਾ ਕੋਈ ਨਾ ਕੋਈ ਆਦਮੀ ਇੱਧਰੋਂ ਉਧਰ ਗਿਆ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਚੌਧਰੀ ਜਗਤ ਰਾਮ ਜੀ ਬਾਂਹ ਖੜ੍ਹੀ ਕਰਕੇ ਕਹਿੰਦੇ ਹਨ ਕਿ ਉਹ ਦੂਜੇ ਪਾਸੇ ਗਏ ਸੀ ਜਦੋਂ ਉਹ ਐਮ. ਐਲ. ਏ. ਸੀ । ਡਿਪਟੀ ਸਪੀਕਰ ਸਾਹਿਬ, ਜਦੋਂ ਉਹ ਐਮ. ਐਲ. ਏ. ਦੀ ਸੀਟ ਤੋਂ ਹਾਰ ਗਿਆ ਸੀ ਤਾਂ ਬਤੌਰ ਇਕ ਆਰਡੇਨਰੀ ਵਰਕਰ ਦੇ ਉਧਰ ਗਿਆ ਸੀ । ਲੇਕਿਨ ਕਮਿਉਨਿਸਟ ਪਾਰਟੀ ਦਾ ਕੋਈ ਵੀ ਮੈਂਬਰ ਕਿਤੇ ਵੀ ਡੀਫੈਕਟ ਕਰਕੇ ਨਹੀਂ ਗਿਆ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਲਫਜ਼ ਇਨ੍ਹਾਂ ਨੇ ਜਿਹੜੇ ਕਹੇ ਹਨ ਉਨ੍ਹਾਂ ਨੂੰ ਵਿਦਡਰਾਅ ਕਰਨ । ਨਹੀਂ ਤਾਂ ਇਹ ਇਸ ਨੂੰ ਸਾਬਤ ਕਰਕੇ ਦੱਸਣ ।

ਚੌਧਰੀ ਜਗਤ ਰਾਮ : ਜੋਸ਼ ਜੀ ਜਦੋਂ ਦੀ ਇਹ ਗਲ ਹੈ ਉਸ ਸਮੇਂ ਤੁਸੀਂ ਐਮ. ਐਲ. ਏ. ਨਹੀਂ ਸੀ ਇਸ ਲਈ ਤੁਹਾਨੂੰ ਨਹੀਂ ਪਤਾ । ਉਸ ਸਮੇਂ ਮੈਂ ਐਮ. ਐਲ. ਏ. ਸੀ । (ਵਿਘਨ) (ਸ਼ੋਰ)

ਕਾਮਰੇਡ ਰਾਜ ਕੁਮਾਰ : ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਡੈਕੋਰਮ ਨੂੰ ਕਾਇਮ ਰਖਣ ਦੀ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ । ਅਸੀਂ ਜਿਸ ਮਤੇ ਉਪਰ ਇਸ ਵੇਲੇ ਡਿਸਕਸ਼ਨ ਕਰ ਰਹੇ ਹਾਂ ਉਹ ਇਸ ਸਬੰਧ ਵਿਚ ਹੀ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੀ ਗਲ ਜੋਸ਼ ਸਾਹਿਬ ਨੇ ਤੁਹਾਡੇ ਨੋਟਿਸ ਵਿਚ ਲਿਆਂਦੀ ਹੈ ਕਿ ਸਾਡੀ ਪਾਰਟੀ ਦਾ ਕੋਈ ਵੀ ਮੈਂਬਰ ਕਦੇ ਵੀ ਡੀਫੈਕਟ ਕਰਕੇ ਨਹੀਂ ਗਿਆ ਇਹ ਬਿਲਕੁਲ ਦਰੁਸਤ ਹੈ । ਇਸ ਲਈ ਜਾਂ ਤਾਂ ਚੌਧਰੀ ਜਗਤ ਰਾਮ ਜੀ ਇਸ ਇਲਜ਼ਾਮ ਨੂੰ ਸਿੱਧ ਕਰਨ ਅਤੇ ਫਿਰ ਅਸੀਂ ਤਸਲੀਮ ਕਰ ਲਵਾਂਗੇ ਨਹੀਂ ਤਾਂ ਇਨ੍ਹਾਂ ਨੂੰ ਕਿਹਾ ਜਾਵੇ ਕਿ ਇਹ ਇਨ੍ਹਾਂ ਲਫਜ਼ਾਂ ਨੂੰ ਵਿਦਡਰਾਅ ਕਰਨ ।

ਸ਼੍ਰੀ ਡਿਪਟੀ ਸਪੀਕਰ : ਇਹ ਮਤੇ ਉਪਰ ਡਿਸਕਸ਼ਨ ਹੈ । ਇਸ ਵਿਚ ਵਿਦਡਰਾਅ ਵਾਲੀ ਤਾਂ ਕੋਈ ਵੀ ਗਲ ਨਹੀਂ ਹੈ । (This is relevant to the discussion on the resolution. There is nothing in it which should be withdrawn).

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਸਾਰੀ ਗਲ ਦਾ ਨਹੀਂ ਪਤਾ । ਮੈਂ ਹੱਥ ਜੋੜ ਕੇ ਮੁਆਫੀ ਮੰਗ ਲਵਾਂਗਾ ਜੇਕਰ ਇਹ ਗਲਤ ਹੋਵੇ । ਮੈਨੂੰ ਸਾਰੀ ਗਲ ਦਾ ਪਤਾ ਹੈ । ਮੈਂ ਅਤੇ ਜਗੀਰ ਸਿੰਘ ਨੇ ਇਸ ਹਾਊਸ ਵਿਚ ਰਾਤ ਕੱਟੀ ਸੀ । ਇਸ ਲਈ ਤੁਸੀਂ ਸੁਚੱਜੇ ਢੰਗ ਨਾਲ ਸੁਣੋ ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਆਇਆ ਹੈ ਇਹ ਬਹੁਤ ਸੋਹਣੀ ਗਲ ਹੋਈ ਹੈ। ਕਿਉਂਕਿ ਦੇਸ਼ ਦੇ ਅੰਦਰ ਜਿਹੜਾ ਸੋਸ਼ਲਿਜ਼ਮ ਲਿਆਉਣਾ ਹੈ ਉਹ ਸਹੀ ਮਾਹਨਿਆਂ ਵਿਚ ਏਸੇ ਢੰਗ ਨਾਲ ਆਉਣਾ ਹੈ।

(ਇਸ ਸਮੇਂ ਮਾਸਟਰ ਚੰਦ ਸਿੰਘ ਜੀ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਰਹੇ ਸਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਮੈਂ ਅਸਤੀਫਾ ਦੇਣ ਨੂੰ ਤਿਆਰ ਹਾਂ ਜੇਕਰ ਕੋਈ ਵੀ ਸਾਡੀ ਪਾਰਟੀ ਦਾ ਐਮ. ਐਲ. ਏ. ਡਿਫੈਕਟ ਕੀਤਾ ਹੋਵੇ। ਇਸ ਲਈ ਇਨ੍ਹਾਂ ਨੂੰ ਕਹੋ ਕਿ ਲਫਜ਼ ਵਾਪਸ ਲੈ ਲੈਣ। (ਵਿਘਨ)

ਸ੍ਰੀ ਡਿਪਟੀ ਸਪੀਕਰ : ਚੋਪੜਾ ਜੀ, ਤੁਸੀਂ ਬੈਠੋ। ਡਿਸਕਸ਼ਨ ਪਹਿਲਾਂ ਹੀ ਕਾਫੀ ਹੋ ਗਈ ਹੈ। ਜਦੋਂ ਤੁਹਾਡੀ ਵਾਰੀ ਹੋਵੇਗੀ ਤਾਂ ਤੁਸੀਂ ਜਵਾਬ ਦੇ ਲਿਆ ਜੇ। (Chopra Sahib, please resume your seat as ample discussion has already taken place on it. You may make a reference to it when your turn comes).

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਸਵਾ ਲੱਖ ਆਏ ਹਨ ਇਨ੍ਹਾਂ ਵਿਚੋਂ ਖੁਰ ਵੀ ਕੀ ਜਾਣਾ ਹੈ।

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬ, ਜਿਹੜੀ ਗਲ ਸਾਡੇ ਬਾਰੇ ਚੌਧਰੀ ਜੀ ਨੇ ਕਹੀ ਹੈ ਜਾਂ ਤਾਂ ਇਹ ਉਸ ਨੂੰ ਸਾਬਤ ਕਰਕੇ ਦੱਸਣ। ਜੇਕਰ ਇਹ ਗਲ ਠੀਕ ਹੋਈ ਤਾਂ ਮੈਂ ਅਸਤੀਫਾ ਦੇਣ ਨੂੰ ਤਿਆਰ ਹਾਂ ਨਹੀਂ ਤਾਂ ਇਹ ਅਸਤੀਫਾ ਦੇਣ।

ਸ੍ਰੀ ਡਿਪਟੀ ਸਪੀਕਰ : ਮੈਂ ਸਾਰੇ ਮੈਂਬਰ ਸਾਹਿਬਾਨ ਦੀ ਸੇਵਾ ਵਿਚ ਇਹ ਗਲ ਕਹਿਣੀ ਹੈ ਕਿ ਜਦੋਂ ਉਨ੍ਹਾਂ ਨੂੰ ਟਾਈਮ ਮਿਲੇਗਾ ਤਾਂ ਉਹ ਇਸ ਦਾ ਜਵਾਬ ਦੇ ਲੈਣ। ਇਸ ਤਰ੍ਹਾਂ ਬਾਰ ਬਾਰ ਇਨਟਰੱਪਟ ਨਾ ਕਰਨ। (I would request all the hon. members that they may refer to it when they get time. They should not interrupt the proceedings of the House time and again)

ਕਾਮਰੇਡ ਰਾਜ ਕੁਮਾਰ : ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਸੰਧੂ ਸਾਹਿਬ ਜੀ ਨੇ ਤੁਹਾਡੇ ਬਾਰੇ ਕਿਹਾ ਸੀ ਤਾਂ ਅਸੀਂ ਵੀ ਮਹਿਸੂਸ ਕੀਤਾ ਸੀ ਕਿ ਚੇਅਰ ਬਾਰੇ ਕੁਝ ਨਹੀਂ ਕਹਿਣਾ ਚਾਹੀਦਾ ਅਤੇ ਮੈਨੂੰ ਖੁਸ਼ੀ ਹੋਈ ਕਿ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਤਾਂ ਰਿਕੁਵੈਸਟ ਕੀਤੀ ਸੀ, ਹੁਣ ਡਿਪਟੀ ਸਪੀਕਰ ਸਾਹਿਬ. ਕਈ ਐਮ.ਐਲ.ਏ. ਸਾਹਿਬਾਨ ਨੇ ਇਹ ਕਿਹਾ ਹੈ ਕਿ ਇਹ ਲਫਜ਼ ਵਾਪਿਸ ਹੋਣੇ ਚਾਹੀਦੇ ਹਨ ਪਰ ਤੁਸੀਂ ਨਹੀਂ ਮੰਨੇ। ਇਸ ਲਈ ਜੇਕਰ ਇਸ ਤਰ੍ਹਾਂ ਨਹੀਂ ਕਰਨਾ ਤਾਂ ਮੇਰੀ ਬੇਨਤੀ ਇਹ ਹੈ ਕਿ ਜਿਹੜੇ ਲਫਜ਼ ਚੌਧਰੀ ਜਗਤ ਰਾਮ ਜੀ ਨੇ ਸਾਡੀ ਪਾਰਟੀ ਦੇ ਬਾਰੇ ਵਿਚ ਕਹੇ ਹਨ ਉਨ੍ਹਾਂ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ।

ਸ੍ਰੀ ਡਿਪਟੀ ਸਪੀਕਰ : ਇਨ੍ਹਾਂ ਨੇ ਜੋ ਲਫਜ਼ ਸਾਬਕਾ ਐਮ. ਐਲ. ਏ. ਦੇ ਬਾਰੇ ਵਿਚ ਕਹੇ ਹਨ ਜਦੋਂ ਤੁਸੀਂ ਇਸ ਮਤੇ ਉਪਰ ਬੋਲੋਗੇ ਤਾਂ ਤੁਸੀਂ ਉਸ ਦਾ ਜਵਾਬ ਦੇ ਲਿਆ ਜੇ।

Original with;
Punjab Vidhan Sabha
Digitized by;
Panjab Digital Library

[ਸ੍ਰੀ ਡਿਪਟੀ ਸਪੀਕਰ]

ਇਨ੍ਹਾਂ ਨੇ ਕਿਹਾ ਹੈ ਕਿ ਮੈਂ ਸਜ਼ਾ ਭੁਗਤਣ ਲਈ ਤਿਆਰ ਹਾਂ। ਇਸ ਲਈ ਇਨ੍ਹਾਂ ਨੂੰ ਐਕਸਪੰਜ ਕਰਾਉਣ ਜਾਂ ਵਿਦਡਰਾ ਕਰਾਣ ਦੀ ਗਲ ਨਹੀਂ। (You may rebut whatever he has said in respect of an Ex-M.L.A. in your turn when you will be given time to speak on the Resolution. The hon. Member has said that he is ready to face the consequences. There is, therefore, nothing in it which needs expunction or with-drawal).

ਸਰਦਾਰ ਕਰਨੈਲ ਸਿੰਘ ਮਰੜ੍ਹੀ : ਤੁਸੀਂ ਚੌਧਰੀ ਜਗਤ ਰਾਮ ਜੀ ਹੋ ਪਰ ਇਹ ਜਿਹੜੇ ਤੁਸੀਂ ਦਾੜ੍ਹੀ ਅਤੇ ਕੇਸ ਰਖੇ ਹੋਏ ਹਨ ਇਹ ਕਿਉਂ ਰਖੇ ਹਨ, ਜਾਂ ਤਾਂ ਇਨ੍ਹਾਂ ਨੂੰ ਕਟਾ ਦਿਓ। (ਸ਼ੋਰ)

(ਵਿਘਨ ਸ਼ੋਰ)

**ਸ੍ਰੀ ਡਿਪਟੀ ਸਪੀਕਰ** : ਮਰੜ੍ਹੀ ਸਾਹਿਬ, ਤੁਸੀਂ ਇਹ ਲਫਜ਼ ਵਾਪਿਸ ਲਓ। (Marhari Sahib, please withdraw these words.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਅਸੀਂ ਕਿਉਂਕਿ ਦਾੜ੍ਹੀ ਰਖਾਉਣ ਵਾਲੇ ਹਾਂ ਇਸ ਲਈ ਮੈਂ ਇਹ ਲਫਜ਼ ਵਾਪਿਸ ਲੈਂਦਾ ਹਾਂ।

**ਸ੍ਰੀ ਸਰਦਾਰੀ** ਲਾਲ ਕਪੂਰ : ਡਿਪਟੀ ਸਪੀਕਰ ਸਾਹਿਬ, ਜਿਸ ਭਾਵਨਾ ਦੇ ਨਾਲ ਇਹ ਮਤਾ ਸਾਡੇ ਸਾਹਮਣੇ ਆਇਆ ਹੈ ਉਸੇ ਹੀ ਭਾਵਨਾ ਦੇ ਨਾਲ ਇਸ ਉਪਰ ਡਿਸਕਸ਼ਨ ਹੋਣੀ ਚਾਹੀਦੀ ਹੈ। ਕਿਸੇ ਦੀ ਅਕਾਲੀ ਪਾਰਟੀ ਹੈ ਜਾਂ ਕਿਸੇ ਦੀ ਕੋਈ ਹੋਰ ਪਾਰਟੀ ਹੈ ਪਰ ਅਸੀਂ ਸਾਰੇ ਹੀ ਇਸ ਮੈਦਾਨ ਵਿਚ ਨੰਗੇ ਹਾਂ। ਇਸ ਲਈ ਮੇਰੀ ਪ੍ਰਾਰਥਨਾ ਹੈ ਕਿ ਬਜਾਏ ਇਕ ਦੂਸਰੇ ਤੇ ਅਟੈਕ ਕਰਨ ਦੇ ਇਸ ਮਤੇ ਉਪਰ ਬੋਲਣਾ ਚਾਹੀਦਾ ਹੈ।

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਜਿਹੜਾ ਸੋਸ਼ਲਿਜ਼ਮ ਅਸੀਂ ਹੁਣ ਕਹਿੰਦੇ ਹਾਂ ਇਹ ਸੋਸ਼ਲਿਜ਼ਮ ਸਿਖਇਜ਼ਮ ਦੀ ਪੈਦਾਵਾਰ ਹੈ। (ਥੰਪਿੰਗ) ਲੇਕਿਨ ਸਿੱਖਇਜ਼ਮ ਕਿਹੜਾ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਲਾ, ਗੁਰੂ ਨਾਨਕ ਦੇਵ ਜੀ ਵਾਲਾ ਜਿਨ੍ਹਾਂ ਨੇ ਦੇਸ਼ ਦੀ ਖਾਤਰ ਆਪਣੇ ਬੱਚਿਆਂ ਨੂੰ ਨੀਹਾਂ ਵਿਚ ਚੁਣਵਾਇਆ ? ਕੀ ਉਨ੍ਹਾਂ ਨੇ ਕਦੇ ਕਿਹਾ ਸੀ ਕਿ ਇਹ ਬੱਚੇ ਮੁਸਲਮਾਨਾਂ ਲਈ ਚੁਣਵਾਏ ਗਏ ਜਾਂ ਹਿੰਦੂਆਂ ਲਈ ਚੁਣਵਾਏ ਗਏ ਜਾਂ ਸਿੱਖਾਂ ਲਈ ? ਨਹੀਂ ਉਨ੍ਹਾਂ ਨੇ ਸਾਰੇ ਦੇਸ਼ ਲਈ ਚੁਣਵਾਏ। ਅੱਜ ਕਿਹੜਾ ਸਿੱਖਇਜ਼ਮ ਹੈ ? ਜਿਹੜਾ ਧਰਮ ਦਾ ਠੇਕੇਦਾਰ ਹੈ ਉਹ ਜਿਸ ਤਰ੍ਹਾਂ ਕਹੇ ਉਸ ਨੂੰ ਇਹ ਸਿਖਇਜ਼ਮ ਕਹਿੰਦੇ ਹਨ। ਮੈਂ ਅਪੀਲ ਕਰਾਂਗਾ ਕਿ ਇਸ ਰੈਜ਼ੋਲਿਊਸ਼ਨ ਦੀ ਸਪਿਰਟ ਨੂੰ ਵੇਖੋ। ਜੇਕਰ ਤੁਸੀਂ ਇਸ ਤਰ੍ਹਾਂ ਠੱਗੀ ਕਰਦੇ ਰਹੇ ਤਾਂ ਤੁਹਾਨੂੰ ਸੱਜਣ ਠੱਗ ਸਦਾਣਾ ਪਵੇਗਾ। ਇਕ ਸੱਜਣ ਹੈ ਉਸ ਨੇ ਮੇਰੇ ਨਾਲ ਗਲ ਕਰਦੇ ਹੋਏ ਕਿਹਾ, ਉਸ ਸਮੇਂ ਮੈਂ ਆਪੋਜ਼ੀਸ਼ਨ ਵਿਚ ਸਾਂ, ਉਸ ਨੇ ਕਿਹਾ ਵੇਖ ਮੇਰੇ ਕੋਲ ਕੋਠੀ ਹੈ। ਜਗਤ ਰਾਮਾਂ ਤੂੰ ਸੁਣ ਮੇਰੇ ਪਾਸ ਕਾਰਾਂ ਹਨ। ਵੇਖ ਅਸੀਂ ਕਿਵੇਂ ਤਰੱਕੀ ਕੀਤੀ ਹੈ। ਮੈਂ ਉਸ ਨੂੰ ਕਿਹਾ ਕਿ ਇਹ ਤਾਂ ਠੀਕ ਹੈ ਪਰ ਤੁਹਾਡਾ ਕੋਈ ਅਸੂਲ ਹੈ ? ਪਰ ਉਹ ਕਹਿਣ ਲਗਾ ਕਿ ਅਗੇ ਵੀ ਸੁਣ। ਪਹਿਲਾਂ ਜਦੋਂ ਇਥੇ ਮੁਗਲੀਆ ਖਾਨਦਾਨ ਦਾ ਰਾਜ ਸੀ ਤਾਂ ਅਸੀਂ ਉਨ੍ਹਾਂ ਨਾਲ ਰਿਸ਼ਤੇਦਾਰੀਆਂ ਗੰਢੀਆਂ। ਫਿਰ ਅੰਗਰੇਜ਼ਾਂ

Original with;
Punjab Vidhan Sabha
Digitized by;
Panjab Digital Library

ਦੀ ਸਰਕਾਰ ਆਈ ਤਾਂ ਅਸੀਂ ਦੇਸ਼ ਭਗਤਾਂ ਉਪਰ ਸ਼ਹਾਦਤਾਂ ਦਿਤੀਆਂ ਅਤੇ ਉਨ੍ਹਾਂ ਨੂੰ ਫਾਂਸੀ ਦੇ ਤਖਤਿਆਂ ਉਪਰ ਚੜ੍ਹਵਾਇਆ । ਹੁਣ ਅਕਾਲੀਆਂ ਦੀ ਸਰਕਾਰ ਆਈ ਹੈ ਤਾਂ ਦੋ ਪੈਸੇ ਦਾ ਨੀਲ ਲੈ ਆਏ ਹਾਂ । ਮੈਂ ਕਿਹਾ ਕਿ ਬਦਕਿਸਮਤੀ ਨਾਲ ਜੇਕਰ ਇਥੇ ਇਸਾਈਆਂ ਦੀ ਸਰਕਾਰ ਆ ਜਾਵੇ ਤਾਂ ਫਿਰ ਕੀ ਕਰੋਗੇ ? ਤਾਂ ਉਹ ਕਹਿਣ ਲਗਾ ਕਿ ਫਿਰ ਬਜ਼ਾਰ ਵਿਚੋਂ ਕਿਹੜੀਆਂ ਸੋਟੀਆਂ ਮੁਕ ਗਈਆਂ ਹਨ, ਉਹ ਖਰੀਦ ਲਵਾਂਗੇ । ਸੋ ਇਨ੍ਹਾਂ ਦਾ ਕੰਮ ਇਹ ਹੈ ਕਿ ਇਧਰੋਂ ਉਧਰ ਚਲੇ ਗਏ ਅਤੇ ਕਦੀ ਉਧਰੋਂ ਇਧਰ ਆ ਗਏ ।

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਲਫਜ਼ ਵਾਪਸ ਲੈਣ । ਜਦੋਂ ਸਾਡੀ ਸਰਕਾਰ ਸੀ ਤਾਂ ਕੋਈ ਵੀ ਇਧਰੋਂ ਉਧਰ ਨਹੀਂ ਸੀ ਗਿਆ ।

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਜੇਕਰ ਸਹੀ ਮਾਅਨਿਆਂ ਵਿਚ ਇਹ ਰੈਜ਼ੋਲਿਊਸ਼ਨ ਵੇਖਿਆ ਜਾਵੇ ਤਾਂ ਇਹ ਗਰੀਬ ਲੋਕਾਂ ਦੀ ਤਰਜਮਾਨੀ ਕਰਦਾ ਹੈ ।

**ਸਰਦਾਰ ਕਰਨੈਲ ਸਿੰਘ ਮਰੜ੍ਹੀ** : × × × × (ਵਿਘਨ)

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਮਰੜ੍ਹੀ ਸਾਹਿਬ ਚੇਅਰ ਦੀ ਬਿਨਾ ਆਗਿਆ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (ਵਿਘਨ) (ਸ਼ੋਰ) (Whatever is being said by Marhari Sahib without the permission of the Chair should not be recorded.) (Interruption) (Noise)

**ਚੌਧਰੀ ਜਗਤ ਰਾਮ** : ×× ×× ×× ×× (ਵਿਘਨ)

**ਸ੍ਰੀ ਡਿਪਟੀ ਸਪੀਕਰ** : ਇਹ ਲਫਜ਼ ਜਿਹੜੇ ਚੌਧਰੀ ਜਗਤ ਰਾਮ ਨੇ ਕਹੇ ਹਨ ਐਕਸਪੰਜ ਕਰ ਦਿਤੇ ਜਾਣ । (ਵਿਘਨ) (The words used by Chaudhry Jagat Ram are hereby expunged. (Interruption)

**ਸਰਦਾਰ ਗੁਰਦੇਵ ਸਿੰਘ ਸਿੱਧੂ** : ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਚੌਧਰੀ ਜਗਤ ਰਾਮ ਜੀ ਨੇ ਸਰਦਾਰ ਜਗੀਰ ਸਿੰਘ ਦਾ ਜ਼ਿਕਰ ਕੀਤਾ ਹੈ ਇਨ੍ਹਾਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਉਹ ਖੁਸ਼ਹਸੀਤੀ ਦਾ ਜਦ ਮੋਰਚਾ ਸੀ ਅਤੇ ਕੈਰੋਂ ਦੀ ਸਰਕਾਰ ਸੀ ਤਾਂ ਉਨ੍ਹਾਂ ਨੂੰ ਔਨ ਨਹੀਂ ਸੀ ਕਰ ਸਕਦੀ । ਇਸ ਲਈ ਜਿਹੜਾ ਚੌਧਰੀ ਜਗਤ ਰਾਮ ਜੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕਢਿਆ ਗਿਆ ਇਹ ਇਨ੍ਹਾਂ ਨੇ ਝੂਠ ਬੋਲਿਆ ਹੈ । (ਵਿਘਨ)

**ਸਰਦਾਰ ਧੰਨਾ ਸਿੰਘ ਗੁਲਸ਼ਨ** : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਦੇ ਕਦੇ ਚੌਧਰੀ ਜਗਤ ਰਾਮ ਜੀ ਬਹੁਤ ਛੋਟੀਆਂ ਗਲਾਂ ਤੇ ਆ ਜਾਂਦੇ ਹਨ ਜਿਹੜਾ ਕਿ ਠੀਕ ਨਹੀਂ । ਇਨ੍ਹਾਂ ਨੂੰ ਗਲਤ ਗਲਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਹਾਊਸ ਦੀ ਪਵਿਤ੍ਰਤਾ

× Not recorded as ordered by the Chair.

×× Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਧੰਨਾ ਸਿੰਘ ਗੁਲਸ਼ਨ]

ਨੂੰ ਕਾਇਮ ਰਖਣਾ ਚਾਹੀਦਾ ਹੈ । ਸਰਦਾਰ ਜਗੀਰ ਸਿੰਘ ਜੀ ਕੁੰਭਰਵਾਲ ਪਤੰਗ ਜੀ ਦੇ ਸਾਲੇ ਹਨ । ਮੇਰੇ ਨਾਲ ਉਨ੍ਹਾਂ ਦੀ ਦੋਸਤੀ ਪੁਰਾਣੀ ਹੈ । ਚੌਧਰੀ ਜਗਤ ਰਾਮ ਅਤੇ ਮੈਂ ਵੀ ਮੈਂਬਰ ਸਾਂ ਅਤੇ ਕੈਰੋਂ ਸਾਹਿਬ ਨੇ ਮੇਰੇ ਸਾਹਮਣੇ ਆਪਣੇ ਦਫਤਰ ਵਿਚ ਬੁਲਾ ਕੇ ਇਹ ਕਿਹਾ ਕਿ ਜਗੀਰ ਸਿੰਘ ਤੂੰ ਮੇਰੇ ਨਾਲ ਵਾਅਦਾ ਕਰ ਗਿਆ ਸੀ ਪਰ ਕਾਂਗਰਸ ਪਾਰਟੀ ਵਿਚ ਨਹੀਂ ਸ਼ਾਮਿਲ ਹੋਇਆ । ਇਸ ਦਾ ਕੀ ਕਾਰਨ ਹੈ ? ਤਾਂ ਜਗੀਰ ਸਿੰਘ ਨੇ ਕਿਹਾ ਸੀ ਕਿ ਤੁਸੀਂ ਮੈਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਸੇ ਤੁਸੀਂ ਪੈਂਤੜਾ ਖੇਡਿਆ ਤੇ ਮੈਂ ਵੀ ਖੇਡ ਲਿਆ । ਇਹ ਉਸ ਵੇਲੇ ਦੀ ਗਲ ਹੈ ਜਦ ਕਿ ਉਹ ਐਮ. ਐਲ. ਏ. ਨਹੀਂ ਸੀ ਰਿਹਾ (ਵਿਘਨ) ਉਸ ਨੇ ਅਕਾਲੀ ਪਾਰਟੀ ਜਾਇਨ ਕਰਨ ਦਾ ਮਨ ਬਣਾਇਆ ਤਾਂ ਮੈਂ ਮਾਸਟਰ ਤਾਰਾ ਸਿੰਘ ਪਾਸ ਲੈ ਗਿਆ, ਸੰਤ ਬਾਬਾ ਫਤਹ ਸਿੰਘ ਪਾਸ ਲੈ ਗਿਆ । ਇਸ ਲਈ ਇਸ ਤਰ੍ਹਾਂ ਦੀ ਗਲਤ ਗਲ ਇਨ੍ਹਾਂ ਨੂੰ ਉਨ੍ਹਾਂ ਦੇ ਬਾਰੇ ਵਿਚ ਨਹੀਂ ਕਹਿਣੀ ਚਾਹੀਦੀ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਤਸ਼ਰੀਫ ਰਖੋ ਜੀ । (Please resume your seat)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਹੁਣ ਤਾਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਜੁਰਮ ਸਾਬਤ ਹੋ ਗਿਆ ਹੈ ਅਤੇ ਇਨ੍ਹਾਂ ਨੂੰ ਕਿਹਾ ਜਾਵੇ ਕਿ ਹਾਊਸ ਪਾਸੋਂ ਗਲਤ ਗਲ ਕਹਿਣ ਲਈ ਮਾਫੀ ਮੰਗਣ । (ਵਿਘਨ)

**ਚੌਧਰੀ ਜਗਤ ਰਾਮ** : ਮੈਂ ਤਾਂ ਮਾਫੀ ਮੰਗਣ ਨੂੰ ਤਿਆਰ ਹਾਂ ਅਤੇ ਐਨੀ ਦਲੇਰੀ ਰਖਦਾ ਹਾਂ । ਜੇਕਰ ਕਿਸੇ ਹੋਰ ਦੀ ਗਲਤੀ ਹੈ ਤਾਂ ਉਸ ਨੂੰ ਵੀ ਦਲੇਰੀ ਕਰਨੀ ਚਾਹੀਦੀ ਹੈ ਹੁਣੇ ਹੀ ਗੁਲਸ਼ਨ ਸਾਹਿਬ ਨੇ ਮੰਨਿਆ ਹੈ ਕਿ ਮੇਰੇ ਨਾਲ ਉਹ ਗਿਆ ਅਤੇ ਕਿਹਾ ਕਿ ਮੈਨੂੰ ਅਕਾਲੀ ਪਾਰਟੀ ਦਾ ਮੈਂਬਰ ਬਣਾ ਲਓ । (ਵਿਘਨ) (ਸ਼ੋਰ) (Interruption by Sardar Dhanna Singh Gulshan)

**ਸ੍ਰੀ ਡਿਪਟੀ ਸਪੀਕਰ** : ਗੁਲਸ਼ਨ ਸਾਹਿਬ, ਇਸ ਕੰਟ੍ਰੋਵਰਸੀ ਵਿਚ ਨਾ ਪਓ ਅਗਲੀ ਕਾਰਵਾਈ ਚਲਣ ਦਿਓ । (Gulshan Ji, do not enter into any controversy. Let us proceed further)

**ਚੌਧਰੀ ਜਗਤ ਰਾਮ** : ਇਹ ਮਤਾ ਤਾਂ ਪਹਿਲਾਂ ਹੀ ਪਾਸ ਹੋ ਜਾਣਾ ਚਾਹੀਦਾ ਸੀ ਪਰ ਇਨ੍ਹਾਂ ਆਪ ਨਹੀਂ ਸੀ ਪਾਸ ਕਰਾਉਣਾ ਚਾਹਿਆ । ਇਹ ਇਧਰਲਾ ਝੋਕਾ ਦੇਖ ਕੇ ਹੁਣ ਤੜਫਦੇ ਹਨ (ਵਿਘਨ) ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਜੇਕਰ ਕਿਸੇ ਘਰ ਵਿਚ ਇਕ ਵੀ ਇਸ ਤਰ੍ਹਾਂ ਦਾ ਹੋਵੇ ਤਾਂ ਉਹ ਘਰ ਖਰਾਬ ਹੋ ਜਾਂਦਾ ਹੈ ਅਤੇ ਜਿਸ ਦੇਸ਼ ਵਿਚ ਇਕ ਵੀ ਨਿਕੰਮਾ ਹੋ ਜਾਵੇ ਤਾਂ ਦੇਸ਼ ਤਬਾਹ ਹੋ ਜਾਂਦਾ ਹੈ ਇਸ ਲਈ ਇਸ ਗਲ ਦੀ ਲੋੜ ਹੈ ਕਿ ਦੇਸ਼ ਵਿਚ ਉਚਾ ਆਦਰਸ਼ ਕਾਇਮ ਕੀਤਾ ਜਾਵੇ ਅਤੇ ਉਹ ਸਪਿਰਟ ਪੈਦਾ ਕੀਤੀ ਜਾਵੇ ਜਿਸ ਨਾਲ ਦੇਸ਼ ਨਾਲ ਕੋਈ ਗਦਾਰੀ ਨਾ ਕਰ ਸਕੇ । ਡਿਪਟੀ ਸਪੀਕਰ ਸਾਹਿਬ, ਅਜ ਇਹ ਰੈਜੋਲਿਊਸ਼ਨ ਲਿਆ ਕੇ ਇਕ ਫੈਸਲਾਕੁਨ ਬਾਤ ਕਰ ਦਿਤੀ ਗਈ ਹੈ । ਮੇਰੇ ਸਾਹਮਣੇ ਬੈਠੇ ਵੀਰਾਂ ਨੂੰ ਇਹ ਪਤਾ ਹੈ ਕਿ ਅਸੀਂ ਕੀ ਕੁਝ ਨਹੀਂ ਕੀਤਾ । ਜਦ ਨੌਵੀਂ ਪਾਤਸ਼ਾਹੀ ਦੀ ਸ਼ਹੀਦੀ ਹੋਈ ਤਾਂ ਨੇੜੇ ਕੌਣ ਸੀ ? ਚਮਕੌਰ ਸਾਹਿਬ ਦੀ ਗੜ੍ਹੀ ਤੋਂ ਕਢਣ ਵੇਲੇ ਨਾਲ ਕੌਣ

Original with;
Punjab Vidhan Sabha
Digitized by;
Panjab Digital Library

ਸੀ ? ਸੀਤਾ ਮਹਾਰਾਣੀ ਬਣਨ ਲਗੀ ਤਾਂ ਕੌਣ ਨਾਲ ਸੀ ? ਮਹਾਤਮਾ ਗਾਂਧੀ ਜੀ ਨੇ ਮਹਾਨ ਵਰਤ ਰਖਿਆ ਤਾਂ ਪੂਨਾ ਵਿਚ ਅਸੀਂ ਕੀ ਕੁਝ ਕੀਤਾ ? ਅਤੇ ਜਿਹੜੇ ਮਹਾਤਮਾ ਜੀ ਨੂੰ ਗੋਲੀ ਮਾਰਨ ਵਾਲੇ ਸਨ ਉਹ ਹੋਰ ਸਨ । (ਵਿਘਨ) ਫਿਰ ਜਦ ਇਸ ਸੂਬੇ ਵਿਚ ਵਜ਼ਾਰਤ ਟੁੱਟ ਰਹੀ ਸੀ ਤਾਂ ਇਨ੍ਹਾਂ ਨੂੰ ਕਿਸ ਬਚਾਇਆ ? ਅਸੀਂ ਬਚਾਇਆ ਸੀ । (ਵਿਘਨ) (ਸ਼ੋਰ)

×× ×× ×× ×× (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਸ਼ਬਦ ਐਕਸਪੰਜ ਕੀਤੇ ਜਾਣ । (These words should be expunged.)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ । ਮੈਂ ਇਕੋ ਹੀ ਗਲ ਕਹਿ ਕੇ ਆਪਣੀ ਤਕਰੀਰ ਖਤਮ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਇਕ ਚੰਗਾ ਕਦਮ ਹੈ ਅਤੇ ਇਸ ਨੂੰ ਪਾਸ ਕਰਨਾ ਚਾਹੀਦਾ ਹੈ ਤਾਂ ਕਿ ਡਿਫੈਕਸ਼ਨਾਂ ਨਾ ਹੋਣ । ਇਹ ਉਨ੍ਹਾਂ ਲੋਕਾਂ ਦਾ ਹੌਸਲਾ ਪਸਤ ਕਰ ਦੇਵੇਗਾ ਜਿਹੜੇ ਕਿ ਸਚਮੁਚ ਇਸ ਢੰਗ ਦੇ ਸਨ ਕਿ ਕਦੇ ਇਕ ਪਾਸੇ ਅਤੇ ਕਦੇ ਦੂਜੇ ਪਾਸੇ। ਮੈਂ ਉਨ੍ਹਾਂ ਦੀ ਕਦਰ ਕਰਦਾ ਹਾਂ ਜਿਹੜੇ ਕਿ ਗੁਰੂ ਸਾਹਿਬ ਦੇ ਦਸੇ ਅਸੂਲ ਤੇ ਚਲਦੇ ਸਨ ਅਤੇ ਹੁਣ ਵੀ ਚਲਦੇ ਹਨ, ਜਿਹੜੇ ਇਸ ਤਰ੍ਹਾਂ ਦੀਆਂ ਡਿਫੈਕਸ਼ਨਾਂ ਨਹੀਂ ਸਨ ਕਰਦੇ । ਜਿਸ ਤਰ੍ਹਾਂ ਗੁਰੂ ਸਾਹਿਬ ਨੇ ਕਿਹਾ ਹੈ ਕਿ ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸ ਕੀਨ, ਇਸ ਤਰ੍ਹਾਂ ਦੇ ਜਿੰਨੇ ਸਨ ਉਨ੍ਹਾਂ ਨਾਲ ਜੋ ਸਲੂਕ ਹੋਇਆ ਉਹ ਸਾਰੇ ਜਾਣਦੇ ਹਨ। (ਵਿਘਨ)

ਸ੍ਰੀ ਡਿਪਟੀ ਸਪੀਕਰ : ਮੇਰੀ ਆਨਰੇਬਲ ਮੈਂਬਰਜ਼ ਨੂੰ ਇਕ ਪ੍ਰਾਰਥਨਾ ਹੈ ਕਿ ਉਹ ਰੈਲੇਵੇਂਟ ਅਤੇ ਟੂ ਦੀ ਪੁਆਇੰਟ ਹੀ ਬੋਲਣ। (I would request the hon. Members to be relevant and speak to the point.)

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ-ਉਤਰ) : ਡਿਪਟੀ ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਇਸ ਵੇਲੇ ਸਾਡੇ ਸਾਹਮਣੇ ਹੈ, ਮੈਂ ਇਸ ਨੂੰ ਆਪਣੇ ਹਿਰਦੇ ਨਾਲ ਸਪੋਰਟ ਕਰਦਾ ਹਾਂ । ਇਸ ਵੇਲੇ ਤੱਕ ਪਾਰਲੀਮੈਂਟ ਦੀਆਂ 5 ਇਲੈਕਸ਼ਨਾਂ ਹੋ ਚੁਕੀਆਂ ਹਨ ਅਤੇ ਪੰਜਾਬ ਵਿਚ ਵੀ 6 ਇਲੈਕਸ਼ਨਾਂ ਹੋ ਚੁਕੀਆਂ ਹਨ ਜਿਸ ਦਾ ਵੱਡਾ ਕਾਰਨ ਇਹ ਸੀ ਕਿ ਲੋਕ ਪਾਰਟੀਆਂ ਬਦਲਦੇ ਹਨ, ਉਨ੍ਹਾਂ ਨੇ ਪੰਜਾਬ ਦੀ ਜਾਇਦਾਦ ਨੂੰ ਖਰਾਬ ਕੀਤਾ । ਪਾਰਟੀਆਂ ਬਦਲਣ ਵਿਚ ਵੀ ਸ਼ੁਰੂ ਵਿਚ ਪੰਜਾਬ ਨੇ ਹੀ ਲੀਡ ਲਈ ਸੀ, ਇਹ ਗਲ ਪੰਜਾਬ ਤੋਂ ਹੀ ਸ਼ੁਰੂ ਹੋਈ ਸੀ, ਇਹ ਬੜੀ ਅਫਸੋਸਨਾਕ ਗਲ ਹੈ । ਇਹ ਕਿਤਨੀ ਸ਼ਰਮਨਾਕ ਗਲ ਹੈ ਕਿ ਕੋਈ ਸ਼ਖਸ਼ ਇਕ ਪਾਰਟੀ ਦੇ ਵਿਚੋਂ ਖੜ੍ਹਾ ਹੋਵੇ, ਉਹ ਲੋਕਾਂ ਨੂੰ ਆਪਣੀ ਪਾਰਟੀ ਦਾ ਵਿਧਾਨ ਮੰਨਾ ਕੇ ਉਸ ਪਾਰਟੀ ਵਿਚੋਂ ਜਿਤ ਕੇ ਆਵੇ । ਜਿਤਣ ਤੋਂ ਬਾਅਦ ਜਿਸ ਪਾਰਟੀ ਵਿਚੋਂ ਆਵੇ, ਜਿਸ ਦਾ ਕਿ ਉਸ ਨੂੰ ਟਿਕਟ ਮਿਲਿਆ ਹੋਵੇ ਉਹ ਪਾਰਟੀ ਛੱਡ ਦੇਵੇ । ਜਦੋਂ ਉਹ ਆਪਣੀ ਪਾਰਟੀ ਦਾ ਵਿਧਾਨ ਲੋਕਾਂ ਨੂੰ ਮੰਨਾਉਂਦਾ ਹੈ ਤਾਂ ਉਸ ਨੂੰ ਟਿਕਟ ਮਿਲਦਾ ਹੈ। ਪਰ ਜੇ ਉਹ ਉਸ ਪਾਰਟੀ ਨੂੰ ਛੱਡ ਕੇ ਦੂਸਰੇ ਪਾਸੇ ਭਜਦਾ ਹੈ ਤਾਂ ਇਹ ਆਇਆ ਰਾਮ ਅਤੇ ਗਿਆ ਰਾਮ ਵਾਲੀ ਗਲ ਹੈ । ਜਿਹੜੇ ਲੋਕ ਇਸ ਤਰ੍ਹਾਂ ਦੀਆਂ

×× Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਗਲਾਂ ਕਰਦੇ ਹਨ ਉਹ ਜਮਹੂਰੀਅਤ ਨੂੰ ਖਰਾਬ ਕਰਦੇ ਹਨ । ਜਿਸ ਪਾਰਟੀ ਨੇ ਆਪਣੇ ਕਿਸੇ ਵੀ ਆਦਮੀ ਨੂੰ ਅਜੇ ਤਾਈਂ ਪਾਰਟੀ ਬਦਲਣ ਦਾ ਮੌਕਾ ਨਹੀਂ ਦਿੱਤਾ ਉਹ ਪਾਰਟੀ ਮੁਬਾਰਕ-ਬਾਦ ਦੀ ਮੁਸਤਹਿਕ ਹੈ । ਸ਼ੁਰੂ ਸ਼ੁਰੂ ਵਿਚ ਜਦੋਂ ਸਾਡੀ ਪਾਰਟੀ ਵਿਚ ਡੀਫੈਕਸ਼ਨ ਆਈ, ਅਤੇ ਅਕਾਲੀਆਂ ਦੀ ਸਰਕਾਰ ਬਣੀ ਤਾਂ ਉਸ ਵੇਲੇ ਅਸੀਂ ਸਿਰਫ ਇਸ ਪਾਸੇ 38 ਬੰਦੇ ਸੀ ਜੋ ਅਪੋਜ਼ੀਸ਼ਨ ਵਿਚ ਸੀ । ਜਦੋਂ ਲੋਕਾਂ ਦਾ ਰੁਖ ਓਧਰ ਨੂੰ ਵੇਖਿਆ ਮੈਂ ਸਰਦਾਰ ਗੁਰਨਾਮ ਸਿੰਘ ਕੋਲ ਗਿਆ ਅਤੇ ਮੈਂ ਪੁਛਿਆ ਕਿ ਤੁਸੀਂ ਇਸ ਪਾਰਟੀ ਦੇ ਕੁਝ ਹੋਰ ਬੰਦੇ ਲੈਣਾ ਚਾਹੁੰਦੇ ਹੋ, ਇਹ ਚੰਗੀ ਗਲ ਨਹੀਂ । ਜੇ ਅਪੋਜ਼ੀਸ਼ਨ ਮਜ਼ਬੂਤ ਹੋਵੇਗੀ ਤੁਹਾਡੀ ਆਪਣੀ ਸਰਕਾਰ ਵੀ ਮਜ਼ਬੂਤ ਹੋਵੇਗੀ । ਉਹ ਮੈਨੂੰ ਕਹਿਣ ਲਗੇ ਕਿ ਕਪੂਰ ਸਾਹਿਬ, ਜੇ ਕੋਈ ਸਾਡੇ ਵਿਚ ਮਿੰਨਤਾਂ ਨਾਲ ਆਉਣਾ ਚਾਹੁੰਦਾ ਹੈ ਅਸੀਂ ਕਿਸ ਤਰ੍ਹਾਂ ਜਵਾਬ ਦੇ ਸਕਦੇ ਹਾਂ । ਮੈਂ ਉਨ੍ਹਾਂ ਨੂੰ ਕਿਹਾ ਕਿ ਇਸ ਤਰ੍ਹਾਂ ਦੇ ਬੰਦੇ ਵਿਸ਼ਵਾਸਘਾਤੀ ਹੁੰਦੇ ਹਨ, ਉਹ ਸਾਨੂੰ ਵੀ ਖਤਰਨਾਕ ਹਨ ਅਤੇ ਤੁਹਾਨੂੰ ਵੀ ਖਤਰਨਾਕ ਹੋ ਸਕਦੇ ਹਨ । ਇਸ ਤਰ੍ਹਾਂ ਦਾ ਸਿਲਸਿਲਾ ਉਸ ਵੇਲੇ ਚਲਿਆ ਸੀ ਕਿ 38 ਵਿਚੋਂ 28 ਹੀ ਰਹਿ ਗਏ ਸੀ । ਇਸ ਤਰ੍ਹਾਂ ਨਾਲ ਕਿਤਨਾ ਮੁਲਕ ਦਾ ਪੈਸਾ ਖਰਾਬ ਹੋਇਆ, ਵਿਧਾਨ ਖਰਾਬ ਹੋਇਆ ਉਨ੍ਹਾਂ ਲੋਕਾਂ ਤੋਂ ਵਿਸ਼ਵਾਸ ਜਾਂਦਾ ਰਿਹਾ ਅਤੇ ਬਾਹਰਲੇ ਮੁਲਕਾਂ ਵਿਚ ਜਿਨ੍ਹਾਂ ਦੇ ਦਿਲਾਂ ਵਿਚ ਡੈਮੋਕਰੇਸੀ ਲਈ ਇਜ਼ਤ ਹੈ ਇਹ ਪਾਰਟੀਆਂ ਬਦਨਾਮ ਹੋਈਆਂ । ਮੈਂ ਕਿਸੇ ਵਕਤ ਦੀ ਬ੍ਰਿਟਿਸ਼ ਪਾਰਲੀਮੈਂਟ ਦੀ ਮਿਸਾਲ ਦਿੰਦਾ ਹਾਂ ਕਿ ਕਿਸ ਤਰ੍ਹਾਂ ਦਾ ਉਨ੍ਹਾਂ ਦਾ ਡੈਮੋਕਰੇਸੀ ਵਿਚ ਵਿਸ਼ਵਾਸ ਹੈ । ਉਥੇ ਇਕ ਪਾਰਟੀ ਸਿਰਫ ਦੋ ਮੈਂਬਰਾਂ ਦੀ ਮੈਜਾਰਟੀ ਨਾਲ ਲਗਾਤਾਰ ਸਾਢੇ ਤਿੰਨ ਸਾਲ ਰਾਜ ਕਰਦੀ ਰਹੀ ਪਰ ਕੋਈ ਏਧਰ ਤੋਂ ਓਧਰ ਨਹੀਂ ਹਿਲਿਆ । ਜੇ ਕਦੇ ਇਕ ਵੋਟ ਦੀ ਲੋੜ ਵੀ ਪਈ ਤਾਂ ਲੋਕ ਸਟਰੈਚਰ ਤੇ ਆਕੇ ਵੋਟਾਂ ਪਾਉਂਦੇ ਰਹੇ । ਹਰ ਇਕ ਨੂੰ ਆਪੋ ਆਪਣੇ ਖਿਆਲਾਤ ਦੇ ਇਜ਼ਹਾਰ ਕਰਨ ਦਾ ਪੂਰਾ ਪੂਰਾ ਹੱਕ ਹੈ ਪਰ ਪਾਰਟੀ ਬਦਲਣਾ ਡੈਮੋਕਰੇਟਿਕ ਸੈਟ ਅੱਪ ਨੂੰ ਖਰਾਬ ਕਰਨਾ ਜਾਂ ਬਦਖਿਲਾਫੀ ਕਰਨਾ ਹੈ, ਹੋਰ ਕੁਝ ਨਹੀਂ । ਜਿਨ੍ਹਾਂ ਸਾਹਿਬਾਨ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਇਹ ਨਿਹਾਇਤ ਹੀ ਮੁਨਾਸਿਬ ਹੈ ਅਤੇ ਇਸ ਲਈ ਮੈਂ ਸਾਰਿਆਂ ਨੂੰ ਮੁਬਾਰਕਬਾਦ ਦਿੰਦਾ ਹਾਂ । ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਦੇ ਵਿਧਾਨਕਾਰਾਂ ਦੇ ਮੁਤਾਲਿਕ ਵੀ ਕੋਈ ਟਰੀਬਿਊਨਲ ਮੁਕੱਰਰ ਕਰਨਾ ਚਾਹੀਦਾ ਹੈ, ਮੈਂ ਵੀ ਇਸ ਦੀ ਪੁਰ ਜੋਰ ਤਾਈਦ ਕਰਦਾ ਹਾਂ । ਜਿਸ ਤਰ੍ਹਾਂ ਜਦੋਂ ਮਨਿਸਟਰਾਂ ਦੇ ਖਿਲਾਫ ਚਾਰਜਿਜ਼ ਇਕ ਟਰੀਬਿਊਨਲ ਨੂੰ ਸੌਂਪੇ ਜਾਂਦੇ ਹਨ ਉਸੇ ਤਰ੍ਹਾਂ ਹੀ ਐਮ.ਐਲ.ਏਜ਼. ਦੇ ਮੁਤਾਲਿਕ ਵੀ ਕੋਈ ਗਜ਼ਟਿਡ ਆਫੀਸਰ ਜਾਂ ਕੋਈ ਟਰੀਬਿਊਨਲ ਮੁਕੱਰਰ ਕਰਨਾ ਚਾਹੀਦਾ ਹੈ ਜੋ ਇਸ ਗਲ ਦੀ ਜਾਂਚ ਕਰੇ ਕਿ ਜਦੋਂ ਐਮ. ਐਲ. ਏ. ਬਣਿਆ ਤਾਂ ਉਸ ਵੇਲੇ ਉਸ ਦੀ ਕਿਤਨੀ ਜਾਇਦਾਦ ਸੀ ਅਤੇ ਜਦੋਂ ਹਟਿਆ ਤਾਂ ਕਿਤਨੀ ਸੀ । ਮੈਂ ਪ੍ਰਾਰਥਨਾ ਕਰਾਂਗਾ ਕਿ ਅਜ ਇਸ ਹਾਊਸ ਨੇ ਵਿਧਾਨ ਦੀ ਅਗਵਾਈ ਲਈ ਇਕ ਨਵੀਂ ਚਾਂਜ਼ ਦਿੱਤੀ ਹੈ ਇਕ ਰਸਤਾ ਵਿਖਾਇਆ ਹੈ, ਮੈਂ ਇਸ ਰੈਜ਼ੋਲਿਊਸ਼ਨ ਨੂੰ ਪੇਸ਼ ਕਰਨ ਵਾਲਿਆਂ ਨੂੰ ਮੁਬਾਰਕਬਾਦ ਦਿੰਦਾ ਹਾਂ । ਸਾਨੂੰ ਇਸ ਢੰਗ ਨਾਲ ਇਸ ਰੈਜ਼ੋਲਿਊਸ਼ਨ ਨੂੰ ਲੈਣਾ ਚਾਹੀਦਾ ਹੈ ਜਿਸ ਢੰਗ ਨਾਲ ਇਹ ਰੈਜ਼ੋਲਿਊਸ਼ਨ ਦਾ ਮਨਸ਼ਾ ਛੇਤੀ ਤੋਂ ਛੇਤੀ ਪੂਰਾ ਹੋ ਸਕੇ ।

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ, ਐਸ. ਸੀ.) (ਇਕ ਮੈਂਬਰ ਵਲੋਂ ਆਵਾਜ਼ : ਮੈਂ ਇਕ ਮੀਟਿੰਗ ਵਿਚ ਜਾਣਾ ਹੈ ਪਹਿਲਾਂ ਮੈਨੂੰ ਟਾਈਮ ਜੇ ਦੇ ਦਿਉ) ਭਾਈ ਗਰੀਬ ਰਖੋ

Original with;
Punjab Vidhan Sabha
Digitized by;
Panjab Digital Library

ਰੋਜੜੇ ਦਿਨ ਵਡੇ ਆਏ । ਬੜੀ ਮੁਸ਼ਕਲ ਨਾਲ ਟਾਈਮ ਮਿਲਿਆ ਹੈ ਤੁਸੀਂ ਇਹਦੇ ਵਿਚੋਂ ਆਪਣੇ ਲਈ ਭਾਲਦੇ ਹੋ ' ਇਹ ਜਿਹੜਾ ਰੈਜ਼ੋਲਿਊਸ਼ਨ ਡਿਪਟੀ ਸਪੀਕਰ ਸਾਹਿਬ ਆਇਆ ਹੈ, ਇਹ ਇਕ ਬਹੁਤ ਹੀ ਚੰਗੀ ਗਲ ਹੈ ਕਿ ਇਸ ਮਤੇ ਤੇ ਸਾਰਿਆਂ ਨੇ ਸਿਆਸੀ ਇਤਫਾਕ ਵਿਖਾਇਆ ਨੂੰ । ਮੈਨੂੰ ਇਸ ਮੌਕੇ ਤੇ ਜਦੋਂ ਜਹਾਂਗੀਰ ਬਾਦਸ਼ਾਹ ਦਾ ਰਾਜ ਹੁੰਦਾ ਸੀ ਇਕ ਗਲ ਯਾਦ ਆਈ ਹੈ । ਇਕ ਵੇਰ ਜਹਾਂਗੀਰ ਬਾਦਸ਼ਾਹ ਕਸ਼ਮੀਰ ਦੀ ਸੈਰ ਲਈ ਗਿਆ । ਉਥੇ ਜਦੋਂ ਉਹ ਇਕ ਬਾਗ ਵਿਚ ਗਿਆ ਤਾਂ ਉਸ ਨੂੰ ਤਰੇਹ ਲਗੀ । ਬਾਦਸ਼ਾਹ ਨੇ ਬਾਗ ਦੇ ਮਾਲੀ ਨੂੰ ਆਵਾਜ਼ ਦਿੱਤੀ ਅਤੇ ਪਿਆਸ ਬੁਝਾਉਣ ਲਈ ਪਾਣੀ ਦੀ ਮੰਗ ਕੀਤੀ । ਉਸੇ ਵੇਲੇ ਮਾਲੀ ਨੇ ਅਨਾਰ ਤੋੜਿਆ ਅਤੇ ਨਚੋੜਿਆ ਜਿਸ ਨਾਲ ਇਕ ਗਲਾਸ ਪਾਣੀ ਦਾ ਭਰ ਗਿਆ । ਉਸ ਨੇ ਅਨਾਰ ਦੇ ਸ਼ਰਬਤ ਦਾ ਗਿਲਾਸ ਬਾਦਸ਼ਾਹ ਨੂੰ ਦਿੱਤਾ । ਬਾਦਸ਼ਾਹ ਦੀ ਜਦੋਂ ਪਿਆਸ ਬੁਝ ਗਈ ਤਾਂ ਉਸ ਨੇ ਮਾਲੀ ਨੂੰ ਪੁਛਿਆ ਕਿ ਇਸ ਬਾਗ ਦੀ ਆਮਦਨ ਕਿਤਨੀ ਕੁ ਹੈ, ਮਾਲੀ ਕਹਿਣ ਲਗਾ ਕਿ ਹਜੂਰ ਬੇ-ਅੰਤ । ਬਾਦਸ਼ਾਹ ਇਹ ਸੁਣ ਕੇ ਚੁਪ ਹੋ ਗਿਆ ਅਤੇ ਚਲਾ ਆਇਆ ਰਸਤੇ ਵਿਚ ਆਪਣੇ ਮੰਨ ਵਿਚ ਕਹਿਣ ਲਗਾ ਕਿ ਬੇਅੰਤ ਆਮਦਨੀ ਹੈ ਪਰ ਇਸ ਨੂੰ ਟੈਕਸ ਕੋਈ ਨਹੀਂ, ਦਿਲੀ ਚਲ ਕੇ ਫੇਰ ਟੈਕਸ ਲਾਉਣ ਦੀ ਗਲ ਕਰਾਂਗੇ । ਅਗਲੇ ਦਿਨ ਬਾਦਸ਼ਾਹ ਨੇ ਫੇਰ ਮਾਲੀ ਤੋਂ ਪਾਣੀ ਮੰਗਿਆ ਤਾਂ ਮਾਲੀਂ ਨੇ ਇਕ-ਦੋ ਅਨਾਰ ਨਹੀਂ ਤੋੜੇ ਸਗੋਂ ਇਕਠੇ 12 ਅਨਾਰ ਤੋੜੇ ਤਾਂ ਬੜੀ ਮੁਸ਼ਕਲ ਨਾਲ ਉਹ ਗਲਾਸ ਅਨਾਰਾਂ ਦੇ ਪਾਣੀ ਦਾ ਭਰਿਆ । ਬਾਦਸ਼ਾਹ ਨੇ ਸਵਾਲ ਕੀਤਾ, ਮਾਲੀ, ਇਹ ਕੀ ਗਲ ਹੈ ਕਲ੍ਹ ਤਾਂ ਇਕ ਅਨਾਰ ਨਾਲ ਹੀ ਗਲਾਸ ਭਰ ਗਿਆ ਸੀ ਅਜ ਇਤਨੇ ਨਚੋੜੇ ਹਨ ਤਾਂ ਵੀਂ ਉਤਨਾ ਪਾਣੀ ਨਹੀਂ ਨਿਕਲਿਆ ਕੀ ਗਲ ਹੈ ? ਮਾਲੀ ਬੜਾ ਪੁਰਾਣਾ ਸੀ ਬੁਢਾ ਹੋ ਗਿਆ ਸੀ, ਜ਼ਮਾਨੇ ਦੇ ਉਤਾਰ ਚੜ੍ਹਾਅ ਦਾ ਉਸ ਨੂੰ ਸਾਰਾ ਤਜਰਬਾ ਸੀ, ਕਹਿਣ ਲਗਾ ਕਿ ਮੁਲਕ ਦੇ ਬਾਦਸ਼ਾਹ ਦੀ ਨੀਅਤ ਵਿਚ ਕੋਈ ਫਰਕ ਆ ਗਿਆ ਹੋਣਾ ਹੈ ਤਾਂ ਇਸ ਤਰ੍ਹਾਂ ਹੋਇਆ ਹੈ ਨਹੀਂ ਤਾਂ ਬਾਗ ਉਹੀ ਹੈ, ਉਹੀ ਨਚੋੜਨ ਵਾਲਾ ਮਾਲੀ ਹੈ ਅਤੇ ਉਹੀ ਬੂਟਿਆਂ ਦੇ ਅਨਾਰ ਹਨ । ਬਾਦਸ਼ਾਹ ਆਪਣੇ ਮਨ ਵਿਚ ਬੜਾ ਸ਼ਰਮਿੰਦਾ ਹੋਇਆ ਕਿ ਮੈਂ ਇਨ੍ਹਾਂ ਤੇ ਟੈਕਸ ਲਾਉਣ ਦਾ ਸੋਚਿਆ ਸੀ ਮੇਰੀ ਨੀਅਤ ਸਾਫ ਨਹੀਂ ਸੀ ਇਸੇ ਕਰਕੇ ਹੋਇਆ ਹੈ । ਜਦੋਂ ਰਾਤ ਦੀ ਨਮਾਜ਼ ਦਾ ਸਮਾਂ ਹੋਇਆ ਤਾਂ ਉਸ ਨੇ ਖੁਦਾਵੰਦ ਕਰੀਮ ਅਗੇ ਦੁਆ ਕੀਤੀ ਕਿ ਐ ਖੁਦਾਵੰਦ ਕਰੀਮ ਮੈਨੂੰ ਮੁਆਫ ਕਰ ਮੈਂ ਬਾਗਾਂ ਤੇ ਟੈਕਸ ਲਾਉਣ ਬਾਰੇ ਕਦੇ ਸੋਚਾਂਗਾ ਭੀ ਨਹੀਂ । ਅਗਲੇ ਦਿਨ ਅਨਾਰ ਪਾਣੀ ਦੇ ਭਰ ਗਏ ਅਤੇ ਉਸੇ ਤਰ੍ਹਾਂ ਬਾਦਸ਼ਾਹ ਦੀ ਪਿਆਸ ਮਾਲੀ ਨੇ ਇਕ ਅਨਾਰ ਨਾਲ ਗਲਾਸ ਭਰ ਕੇ ਬੁਝਾਈ । ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਜੇ ਸਾਡੀ ਅੱਜ ਨੀਅਤ ਸਾਫ ਹੈ ਤਾਂ ਸਾਨੂੰ ਕਿਸੇ ਗਲ ਦਾ ਡਰ ਨਹੀਂ ਅਸੀਂ ਡਟ ਕੇ ਇਸ ਮਤੇ ਦੀ ਹਿਮਾਇਤ ਕਰੀਏ ਜੇ ਨੀਅਤ ਸਾਫ ਨਹੀਂ ਹੁੰਦੀ ਤਦ ਹੀ ਲੋਕ ਰੌਲਾ ਪਾਉਂਦੇ ਹਨ । ਇਥੇ ਤਾਂ ਕੀ ਸਾਨੂੰ ਦੁਖ ਹੁੰਦਾ ਹੈ ਜਦੋਂ ਅਸੀਂ ਸੈਂਟਰ ਦੇ ਬੰਦਿਆਂ ਵਲ ਵੇਖਦੇ ਹਾਂ ਟਿਕਟਾਂ ਕਿਤੋਂ ਮਿਲਦੀਆਂ ਹਨ ਅਤੇ ਜ਼ਮੀਰ ਦੀ ਆਵਾਜ਼ ਕਿਤੋਂ ਨਿਕਲਦੀ ਹੈ । ਇਹ ਸ਼ੋਭਦਾ ਨਹੀਂ ਇਹ ਤਾਂ ਕੁਰਪਸ਼ਨ ਹੈ ਜਿਹੜੀ ਅਜ ਵੇਖਣ ਵਿਚ ਆਉਂਦੀ ਹ । ਜਿਤਨਾ ਚਿਰ ਕਾਂਗਰਸ ਦੀ ਵਜ਼ਾਰਤ ਰਹੀਂ ਇਹ ਤੋੜ ਫੋੜ ਵਿਚ ਲਗੇ ਰਹੇ, ਪਾੜ ਲਾਉਂਦੇ ਰਹੇ ਸਨ੍ਹ ਲਾਉਂਦੇ ਰਹੇ । ਜਦੋਂ ਇਨ੍ਹਾਂ ਨੂੰ ਪਤਾ ਲਗਿਆ ਕਿ ਹੁਣ ਸਨ੍ਹ ਸਾਡੇ ਲਗਣ ਵਾਲਾ ਹੈ ਤਾਂ ਹੁਣ ਇਸ ਤਰ੍ਹਾਂ ਦੇ ਰੈਜ਼ੋਲਿਊਸ਼ਨ ਦੀ ਹਿਮਾਇਤ ਕਰਨ ਲਗੇ ਹਨ । ਅਸੀਂ ਤਾਂ ਮੰਨਦੇ ਜੇ ਉਸ ਵੇਲੇ ਹਿਮਾਇਤ ਕਰਦੇ ਜਦੋਂ ਇਹ ਆਪਣੇ ਪਾਸੇ ਲੋਕਾਂ ਨੂੰ ਖਿਚਦੇ ਸਨ ਮੈਂ ਸਮਝਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਬੜਾ ਚੰਗਾ ਹੈ । ਜਿਸ ਤਰ੍ਹਾਂ ਸ੍ਰੀ ਸਰਦਾਰੀ ਲਾਲ ਕਪੂਰ ਜੀ ਨੇ ਕਿਹਾ ਹੈ ਕਿ

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਜਿਹੜਾ ਵੀ ਕੋਈ ਟਰੀਬਿਊਨਲ ਜਿਸ ਤਰ੍ਹਾਂ ਮਨਿਸਟਰਾਂ ਦੇ ਮੁਤਾਲਿਕ ਬਣਦਾ ਹੈ ਜੇਕਰ ਐਮ. ਐਲ. ਏਜ਼. ਦੇ ਮੁਤਾਬਿਕ ਬਣਾ ਦਿੱਤਾ ਜਾਵੇ, ਮੈਂ ਸਮਝਦਾ ਹਾਂ ਇਸ ਦੇ ਵਿਚ ਕੋਈ ਹਰਜ ਨਹੀਂ ਹੈ। ਵੇਖਣ ਵਿਚ ਇਹ ਆਇਆ ਕਿ ਪਹਿਲਾਂ ਜਿਸ ਐਮ. ਐਲ. ਏ. ਦਾ ਫਟਿਆ ਹੋਇਆ ਪਜਾਮਾ ਹੁੰਦਾ ਸੀ ਅਜ ਉਹ ਕਾਰਾਂ ਵਿਚ ਚੜ੍ਹੀ ਫਿਰਦਾ ਹੈ। ਇਹ ਇਕ ਤਰ੍ਹਾਂ ਨਾਲ ਕੁਰੱਪਸ਼ਨ ਹੈ, ਦੋਵੇਂ ਗੁਨਾਹਗਾਰ ਹਨ, ਵੋਟ ਦੇਣ ਵਾਲਾ ਅਤੇ ਵੋਟ ਲੈਣ ਵਾਲਾ। ਜੇ ਉਹ ਆਪਣੀ ਪਾਰਟੀ ਛੱਡ ਕੇ ਦੂਸਰੀ ਵਿਚ ਜਾਂਦਾ ਹੈ। ਮੈਂ ਤਾਂ ਕਹਿੰਦਾ ਹਾਂ ਐਸੇ ਬੰਦਿਆਂ ਦੇ ਹਥਕੜੀਆਂ ਲਗ ਜਾਣੀਆਂ ਚਾਹੀਦੀਆਂ ਹਨ। ਜਿਵੇਂ ਜਗਤ ਰਾਮ ਨੇ ਕਿਹਾ ਸੀ ਕਿ ਮੈਨੂੰ ਫਲਾਣਾ ਇਉਂ ਕਹਿਦਾ ਹੈ। ਕਹਿੰਦਾ ਕਿਉਂ ਹੈ ? ਇਸ ਲਈ ਕਿ ਉਹ ਇਨ੍ਹਾਂ ਵਿਚ ਕੋਈ ਕਮਜ਼ੋਰੀ ਵੇਖਦੇ ਹਨ। ਹੋਰਾਂ ਨੂੰ ਕਿਉਂ ਨਹੀਂ ਕਹਿੰਦੇ। (ਹਾਸਾ) (ਇਕ ਮਾਨਯੋਗ ਮੈਂਬਰ : ਜੇ ਕੋਈ ਕਹਿਣ ਵਾਲਾ ਹੋਵੇ ਤਾਂ ਮੂੰਹ ਤੋੜ ਜਵਾਬ ਦੇਵਾਂ) ਜੇ ਮੂੰਹ ਤੋੜਿਆ ਹੁੰਦਾ ਤਾਂ ਉਹ ਗਲ ਨਾ ਹੁੰਦੀ ਕਿ ਚਕ ਕੇ ਖੁਰਲੀ ਵਿਚ ਰਖ ਲਿਆ ਕਹਿਣ ਲਗਾ ਮੈਨੂੰ ਮਾਰਨ ਨੂੰ ਫਿਰਦੀ ਹੈ ....। (ਵਿਘਨ)

**ਚੌਧਰੀ ਸੁੰਦਰ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਸਰਦਾਰ ਕੁੰਦਨ ਸਿੰਘ ਪਤੰਗ ਅਤੇ ਚੌਧਰੀ ਜਗਤ ਰਾਮ ਨੂੰ ਕਹਾਂਗਾ ਕਿ ਇਹ ਦੋਨੋਂ ਗਰੀਬ ਆਦਮੀ ਹਨ ਆਪੋ ਵਿਚ ਕਿਉਂ ਲੜੀ ਜਾਂਦੇ ਹਨ, ਇਹ ਆਪੋ ਵਿਚ ਗਰੀਬ ਭਾਈ ਭਾਈ ਹਨ. ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਲੜਨਾ ਚਾਹੀਦਾ।

**ਗਿਆਨੀ ਕੁੰਦਨ ਸਿੰਘ ਪਤੰਗ :** ਡਿਪਟੀ ਸਪੀਕਰ ਸਾਹਿਬ, ਜੇ ਕਾਂਗਰਸ ਦੇ ਵਿਊ ਨਾਲ ਦੇਖਿਆ ਜਾਵੇ ਤਾਂ ਅਸੀਂ ਸਾਰੇ ਭਾਈ ਭਾਈ ਹਾਂ ਪਰ ਇਹ ਸਾਡੀਆਂ ਖੂਹੀਆਂ ਤੇ ਹੀ ਛੱਤਾ ਕਿਉਂ ਛਤੱਦੇ ਹਨ, ਜੱਟਾਂ ਦੀਆਂ ਖੂਹੀਆਂ ਦੇ ਕਿਉਂ ਨਹੀਂ ਛੱਤਦੇ ? (ਵਿਘਨ) ਤਾਂ ਕਿ ਦੂਰੋਂ ਹੀ ਮਾੜੇ ਘਰਾਂ ਦੀ ਪਛਾਣ ਹੋ ਜਾਵੇ ? ਫਿਰ ਚੌਧਰੀ ਜਗਤ ਰਾਮ ਇਕਲੇ ਨੂੰ ਭਰਾ ਬਣਾ ਕੇ ਅਸੀਂ ਕੀ ਲੈਣਾ ਹੈ ਜਿਸ ਨੇ ਪਹਿਲੇ ਹੀ 49 ਏਕੜ ਜ਼ਮੀਨ ਬਣਾ ਲਈ ਹੈ। (ਵਿਘਨ) ਮੈਂ ਇਸ ਲਈ ਕਹਿੰਦਾ ਹਾਂ ਕਿ...... ।

---

## PERSONAL EXPLANATION BY CHAUDHRI JAGAT RAM

**ਚੌਧਰੀ ਜਗਤ ਰਾਮ :** ਆਨ ਏ ਪੁਆਇੰਟ ਆਫ ਐਕਸਪਲੇਨੇਸ਼ਨ, ਸਰ-ਡਿਪਟੀ ਸਪੀਕਰ ਸਾਹਿਬ, ਪਤੰਗ ਸਾਹਿਬ ਤੋਂ ਪਹਿਲਾਂ ਵੀ ਇਕ ਅਕਾਲੀ ਭਰਾ ਨੇ ਬੋਲਦੇ ਹੋਏ ਕਿਹਾ ਸੀ ਕਿ ਮੈਂ 49 ਏਕੜ ਜ਼ਮੀਨ ਬਣਾ ਲਈ ਹੈ। ਗੁਲਸ਼ਨ ਜੀ ਨੇ ਅਖਬਾਰ ਵੀ ਵਿਖਾਈ ਸੀ। ਮੈਂ ਅਰਜ਼ ਕਰਾਂ ਕਿ ਸਰਦਾਰ ਗੁਰਨਾਮ ਸਿੰਘ ਨੇ ਇਸ ਗੱਲ ਦੀ ਇਨਕੁਆਇਰੀ ਕਰਵਾਈ ਸੀ ਅਤੇ ਬਆਦ ਵਿਚ ਇਹ ਕੇਸ ਉਸ ਦੇ ਰਾਜ ਵਿਚ ਫਾਈਲ ਹੋ ਗਿਆ ਸੀ ਅਤੇ ਇਸ ਤੋਂ ਬਾਦ ਉਸ ਨੇ ਮੈਨੂੰ ਬੁਲਾ ਕੇ ਮੇਰੇ ਤੋਂ ਮਆਫੀ ਮੰਗੀ ਸੀ।

Original with;
Punjab Vidhan Sabha
Digitized by;
Panjab Digital Library

## THROWING OF LEAF-LETS IN THE HOUSE FROM THE VISITORS GALLERY

(ਇਸ ਸਮੇਂ ਦਰਸ਼ਕ ਗੈਲਰੀ ਵਿਚੋਂ ਇਕ ਦਰਸ਼ਕ ਨੇ ਹਾਊਸ ਵਿਚ ਕੁਝ ਇਸ਼ਤੇਹਾਰ ਸੁੱਟੇ ਅਤੇ ਕੰਧ ਟੱਪ ਕੇ ਹਾਊਸ ਵਿਚ ਆ ਗਿਆ । ਵਾਚ ਐਂਡ ਵਾਰਡ ਸਟਾਫ ਨੇ ਉਸ ਨੂੰ ਕਾਬੂ ਕਰ ਲਿਆ ਅਤੇ ਬਾਹਰ ਲੈ ਗਿਆ । ਉਹ ਦਰਸ਼ਕ ਨਾਹਰੇ * * * * ਵੀ ਮਾਰ ਰਿਹਾ ਸੀ ਜਿਸ ਨੂੰ ਡਿਪਟੀ ਸਪੀਕਰ ਸਾਹਿਬ ਦੀ ਆਗਿਆ ਅਨੁਸਾਰ ਰਿਕਾਰਡ ਨਾ ਕੀਤਾ ਗਿਆ ।)

**ਗਿਆਨੀ ਕੁੰਦਨ ਸਿੰਘ ਪਤੰਗ :** ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਕੋਲ 30 ਸਤੰਬਰ, 1972 ਦੀ ਬਲਿਟਜ਼ ਅਖਬਾਰ ਹੈ, ਚੌਧਰੀ ਸਾਹਿਬ ਇਸ ਨੂੰ ਪੜ੍ਹ ਲੈਣ....

**ਚੌਧਰੀ ਜਗਤ ਰਾਮ :** ਇਨਕੁਆਇਰੀ ਉਸ ਤੋਂ ਬਾਅਦ ਹੋਈ ਹੈ । (ਵਿਘਨ)

**ਗਿਆਨੀ ਕੁੰਦਨ ਸਿੰਘ ਪਤੰਗ :** ਡਿਪਟੀ ਸਪੀਕਰ ਸਾਹਿਬ, ਕੀ ਇਹ ਤੁਹਾਡੀ ਇਜ਼ਾਜ਼ਤ ਦੇ ਨਾਲ ਬੋਲ ਰਿਹਾ ਹੈ.. .. .. ..(ਵਿਘਨ)

**ਡਾਕਟਰ ਅਮੀਰ ਸਿੰਘ ਕਾਲਕਟ :** ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਹੁਣੇ ਹੀ ਇਕ ਸਜਣ ਨੇ ਇਸ਼ਤੇਹਾਰ ਸੁਟੇ ਹਨ ਅਤੇ ਨਾਹਰੇ ਮਾਰੇ ਹਨ .. .. ..।

**ਸ੍ਰੀ ਡਿਪਟੀ ਸਪੀਕਰ :** ਇਹ ਸੈਕਰੇਟੇਰੀਏਟ ਉਸ ਤੇ ਐਕਸ਼ਨ ਲੈ ਰਿਹਾ ਹੈ ਅਤੇ ਨਾਹਰੇ ਰਿਕਾਰਡ ਨਹੀਂ ਕੀਤੇ ਗਏ । (Vidhan Sabha Secretariat is taking action against him and his slogans have not been recorded.)

## RESOLUTION REG. ENACTMENT OF LEGISLATION TO CURB DEFECTIONS (RESUMPTION OF DISCUSSION.)

**ਗਿਆਨੀ ਕੁੰਦਨ ਸਿੰਘ ਪਤੰਗ :** ਸਪੀਕਰ ਸਾਹਿਬ, 6 ਮਹੀਨੇ ਹੋਏ ਹਨ ਚਾਰਜ ਲਗੇ ਨੂੰ .. .. .. ।

**ਸ੍ਰੀ ਡਿਪਟੀ ਸਪੀਕਰ ;** ਪਤੰਗ ਸਾਹਿਬ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਕੰਟਰੋਵਰਸੀ ਵਿਚ ਨਾ ਪਉ ਅਤੇ ਇਹ ਮਤਾ ਜੋ ਬੜਾ ਮਹਤਵਪੂਰਨ ਹੈ, ਇਸ ਤੇ ਬੋਲੋ । (I would like to request the hon. Member that he should not enter into any controversy but should speak on the resolution before the House, which is very important.)

* Not recorded as directed by The Chair

Original with;
Punjab Vidhan Sabha
Digitized by;
Panjab Digital Library

**ਗਿਆਨੀ ਕੁੰਦਨ ਸਿੰਘ ਪਤੰਗ** : ਮੈਂ ਤਾਂ ਇਹ ਅਰਜ਼ ਕਰਨੀ ਹੈ ਜੀ ਕਿ ਸਾਡੀ ਨੀਅਤ ਸਾਫ ਹੋਣੀ ਚਾਹੀਦੀ ਹੈ। ਜੇ ਨੀਅਤ ਸਾਫ ਹੋਵੇਗੀ ਤਾਂ ਕੁਰੱਪਸ਼ਨ ਆਪਣੇ ਆਪ ਖਤਮ ਹੋ ਜਾਵੇਗੀ। ਇਸ ਲਈ ਮੈਂ ਤਾਂ ਇਹ ਕਹਿੰਦਾ ਹਾਂ ਕਿ ਮੇਰੇ ਤੋਂ ਬਾਅਦ ਕਿਸੇ ਹੋਰ ਨੂੰ ਬੁਲਵਾਉ ਹੀ ਨਾ ਤੇ ਇਹ ਮਤਾ ਪਾਸ ਕਰ ਦਿਉ ਨਹੀਂ ਤਾਂ ਹੋਰ ਮਤੇ ਰਹਿ ਜਾਣਗੇ। ਇਸ ਤਰ੍ਹਾਂ ਮੈਂ ਇਸ ਮਤੇ ਦੀ ਪਰੋੜ੍ਹਤਾ ਕਰਦਾ ਹਾਂ।

**ਸ੍ਰੀ ਪ੍ਰੇਮ ਗੁਪਤਾ** : ਡਿਪਟੀ ਸਪੀਕਰ ਸਾਹਿਬ, ਇਕ ਸੱਜਣ ਨੇ ਇਕ ਮੈਂਬਰ ਦੇ ਖਿਲਾਫ ਨਾਹਰੇ...... ।

**ਸ੍ਰੀ ਡਿਪਟੀ ਸਪਿਕਰ** : ਉਹ ਰਿਕਾਰਡ ਕੀਤੇ ਨਹੀਂ ਗਏ। (Those slogans have not been recorded.)

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਆਨ ਏ ਪੁਆਇੰਟ ਆਫ ਆਰਡਰ ਸਰ। * *

**ਸ੍ਰੀ ਡਿਪਟੀ ਸਪੀਕਰ** : ਇਹ ਪੁਆਇੰਟ ਆਫ ਆਰਡਰ ਨਹੀਂ ਹੈ ਇਹ ਰਿਕਾਰਡ ਨਾ ਕੀਤਾ ਜਾਵੇ। (It is not a point of order, it should not be recorded.)

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਤੁਹਾਨੂੰ ਅਰਜ਼ ਕੀਤੀ ਸੀ ਕਿ ਇਹ ਬੜਾ ਮਹਤਵ ਪੂਰਣ ਮਤਾ ਹੈ ਇਸ ਨੂੰ ਪਾਸ ਕਰਵਾ ਲਉ ਨਹੀਂ ਤਾਂ ਕਈ ਮੈਂਬਰ ਸਾਹਿਬਾਨ ਇਸ ਨੂੰ ਰੋਲ ਦੇਣਗੇ। ਹੁਣ ਉਹੀ ਗਲ ਹੋ ਰਹੀ ਹੈ।

**ਸ੍ਰੀ ਡਿਪਟੀ ਸਪੀਕਰ** : ਸਪੀਕਰ ਸਾਹਿਬ ਨਾਲ ਗਲ ਕਰ ਲਈ ਹੈ। ਉਹ ਸਮਾਂ ਹੁਣੇ ਆਉਣ ਵਾਲਾ ਹੈ ਜਦੋਂ ਇਹ ਪਾਸ ਹੋ ਜਾਵੇਗਾ। (Hon. Speaker has been consulted on this point. This resolution will be passed shortly.)

**ਡਾਕਟਰ ਅਮੀਰ ਸਿੰਘ ਕਲਕਟ** (ਟਾਂਡਾਂ) : ਡਿਪਟੀ ਸਪੀਕਰ ਸਾਹਿਬ, ਸਾਡਾ ਮੁਲਕ 1500 ਸਾਲ ਦੀ ਗੁਲਾਮੀ ਤੋਂ ਬਾਅਦ ਰਾਸ਼ਟਰ ਪਿਤਾ, ਜਿਨ੍ਹਾਂ ਦੀ ਫੋਟੋ ਮੇਰੇ ਸਾਹਮਣੇ ਪਈ ਹੈ ਅਤੇ ਕਾਂਗਰਸ ਪਾਰਟੀ ਜਿਸ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ; ਦੀ ਮਿਹਰਬਾਨੀ ਨਾਲ ਅਜ਼ਾਦ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਵਿਚ ਸ਼ਕ ਨਹੀਂ ਕਿ ਵਿਦਵਾਨਾ ਨੇ ਠੀਕ ਹੀ ਕਿਹਾ ਹੈ ਕਿ "Foreign Government is based on corruption" ਉਸ ਵਿਦੇਸ਼ੀ ਸਰਕਾਰ ਨੇ ਸਾਡੇ ਵਿਚ ਕਈ ਜਗੀਰਦਾਰ ਪੈਦਾ ਕੀਤੇ, ਵੱਡੇ ਵੱਡੇ ਸਰਦਾਰ ਬਹਾਦਰ ਪੈਦਾ ਕੀਤੇ ਜਿਹੜੇ ਕਿ ਇਨ੍ਹਾਂ ਆਪੋਜ਼ੀਸ਼ਨ ਦੇ ਬੈਂਚਾ ਤੇ ਬੈਠੇ ਹੋਏ ਹਨ, 1500 ਸਾਲ ਬਿਦੇਸ਼ੀ ਹਕੂਮਤ ਵਿਚ ਕੁਰੱਪਸ਼ਨ ਕਰਨ ਤੋਂ ਬਾਅਦ ਜਦੋਂ ਅਜ਼ਾਦੀ ਮਿਲੀ ਤਾਂ ਇਹ ਕਾਂਗਰਸ ਵਿਚ ਆ ਗਏ ਅਤੇ ਫਾਇਦਾ ਉਠਾਉਣਾ ਸ਼ੁਰੂ ਕਰ ਦਿਤਾ ਅਤੇ ਕਾਂਗਰਸ ਵਿਚ ਖਾਮੀਆਂ ਪੈਦਾ ਕਰ ਦਿਤੀਆਂ।

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮੈਨੂੰ ਯਾਦ ਹੈ ਕਿ ਜਦੋਂ ਗਿਆਨੀ ਕਰਤਾਰ ਸਿੰਘ 1952 ਵਿਚ ਟਾਂਡੇ ਤੋਂ ਇਲੈਕਸ਼ਨ ਲੜ ਰਹੇ ਸੀ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚਿੱਟੀ ਪਗ ਬੰਨ ਕੇ ਕਾਂਗਰਸ ਦੇ ਹੱਕ ਵਿਚ ਪਰਚਾਰ ਕਰਦੇ ਸੀ । ਇਸ ਤਰ੍ਹਾਂ ਇਹ ਕਾਂਗਰਸ ਤੋਂ ਫਾਇਦਾ ਉਠਾਉਣ ਲਈ ਕਾਂਗਰਸ ਵਿਚ ਰਹੇ ਅਤੇ.......... (ਵਿਘਨ)

## PERSONAL EXPLANATION BY SARDAR PARKASH SINGH BADAL

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ ਮੈਨੂੰ ਅਫਸੋਸ ਹੈ ਕਿ ਇਥੇ ਅਜਿਹੇ ਐਮ. ਐਲ. ਏਜ਼. ਵੀ ਹਨ ਜਿਨ੍ਹਾਂ ਨੂੰ ਡੀਬੇਟ ਦਾ ਪਤਾ ਨਹੀਂ ਲਗਦਾ ਅਤੇ ਉਹ ਸਹੀ ਤਰੀਕੇ ਦੇ ਨਾਂਲ ਡੀਬੇਟ ਵਿਚ ਹਿੱਸਾ ਵੀ ਨਹੀਂ ਪਾ ਸਕਦੇ । ਮੈਂ ਹਾਊਸ ਵਿਚ ਇਹ ਵਾਜ਼ਿਆ ਕਰ ਦੇਣਾ ਚਾਹੁੰਦਾ ਹਾਂ ਕਿ ਜਦੋਂ ਦਾ ਮੈਂ ਪਾਲਿਟਿਕਸ ਵਿਚ ਆਇਆ ਹਾਂ, ਅਕਾਲੀ ਦਲ ਵਿਚ ਹੀ ਰਿਹਾ ਹਾਂ ਅਤੇ ਜੋ ਵੀ ਕੰਮ ਕੀਤਾ ਹੈ ਅਕਾਲੀ ਦਲ ਦੇ ਪ੍ਰੋਗਰਾਮ ਦੇ ਮੁਤਾਬਿਕ ਹੀ ਕੀਤਾ ਹੈ । * * * * ਇਨ੍ਹਾਂ ਨੂੰ ਅਜਿਹੇ ਇਲਜ਼ਾਮ ਨਹੀਂ ਲਗਾਉਣੇ ਚਾਹੀਦੇ ।

**ਸ਼੍ਰੀ ਡਿਪਟੀ ਸਪੀਕਰ** : ਇਹ ਸ਼ਬਦ ਰਿਕਾਰਡ ਨਾ ਕੀਤੇ ਜਾਣ । ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਇਹ ਮਤਾ ਬੜਾ ਮਹੱਤਵ ਪੂਰਣ ਹੈ ਇਸ ਲਈ ਇਸ ਤੇ ਆਪਣੇ ਵਿਚਾਰ ਦੇਣ ਅਤੇ ਕਿਸੇ ਕਿਸਮ ਦੀ ਕੰਟਰੋਵਰਸੀ ਵਿਚ ਨਾ ਪੈਣ ਅਤੇ ਨਾ ਹੀ ਕਿਸੇ ਤੇ ਪਰਸਨਲ ਚਾਰਜਿਜ਼ ਲਾਉਣ (These words should not be recorded. I would like to point out to the hon. Members that it is a very important resolution. They should express their views about it. They should niether enter into any controversy nor level charges against other Members.)

**ਉਪ ਮੰਤਰੀ, ਵਿਕਾਸ ਆਬਕਾਰੀ ਅਤੇ ਕਰ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਸਮਝਦਾ ਹਾਂ ਕਿ ਬਾਦਲ ਸਾਹਿਬ ਨੇ ਇਹ ਗਲ ਠੀਕ ਕਹੀ ਹੈ ਕਿ ਇਕ ਦੂਸਰੇ ਦੇ ਖਿਲਾਫ ਇਹੋ ਜਿਹਿਆਂ ਗਲਾਂ ਨਹੀਂ ਕਰਨੀਆਂ ਚਾਹੀਦੀਆਂ । ਪਰ ਇਹ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇਕ ਮੈਂਬਰ ਨੂੰ ਮੈਂਟਲ ਹਸਪਤਾਲ ਵਿਚ ਭੇਜ ਦਿਉ (ਵਿਘਨ) ਕਲ ਜਦੋਂ ਚੀਫ ਮਨੀਸਟਰ ਸਾਹਿਬ ਆਪਣੀ ਤਕਰੀਰ ਕਰ ਰਹੇ ਸਨ ਤਾਂ ਉਸ ਵੇਲੇ ਉਨ੍ਹਾਂ ਨੇ ਲੀਡਰ ਆਫ ਦੀ ਅਪੋਜ਼ੀਸ਼ਨ ਨੂੰ ਬਾਰ ਬਾਰ ਕਿਹਾ ਸੀ ਕਿ ਉਹ ਆਪਣੇ ਮੈਂਬਰਜ਼ ਨੂੰ ਰੋਕਣ ਕਿਉਂਕਿ ਉਸ ਵੇਲੇ ਕੁਝ ਆਪੋਜੀਸ਼ਨ ਦੇ ਮੈਂਬਰਜ਼ ਚੀਮਾ ਸਾਹਿਬ ਤੇ ਹੋਰ ਲੀਡਰ ਆਫ ਦੀ ਹਾਊਸ ਦੇ ਖਿਲਾਫ ਬੋਲ ਰਹੇ ਸਨ, ਉਸ ਵੇਲੇ ਇਹ ਲੀਡਰ ਆਫ ਦੀ ਅਪੋਜ਼ੀਸ਼ਨ ਬੈਠੇ ਬੈਠੇ ਸੁਣ ਰਹੇ ਸਨ ਉਦੋਂ ਇਨ੍ਹਾਂ ਨੂੰ ਕਹਿਣਾ ਚਾਹੀਦਾ ਸੀ ਕਿ ਉਨ੍ਹਾਂ ਨੂੰ ਮੈਂਟਲ ਹਸਪਤਾਲ ਵਿਚ ਦਾਖਲ ਕਰਾ ਦਿਤਾ ਜਾਵੇ ।

*Not recorded as ordered by the Chair.

Original with;
Punjab Vidhan Sabha
Digitized by;
Panjab Digital Library

## RESOLUTION REG. ENACTMENT OF LEGISLATION TO CURB DEFECTIONS (RESUMPTION OF DISCUSSION)

**ਡਾਕਟਰ ਅਮੀਰ ਸਿੰਘ ਕਲਕਟ :** ਮੈਂ ਖੁਦ ਡਾਕਟਰ ਹਾਂ। ਬਾਦਲ ਸਾਹਿਬ ਨੇ ਮੇਰੇ ਤੇ ਇਲਜ਼ਾਮ ਲਗਾਇਆ ਹੈ। ਜਿਸ ਵੇਲੇ ਮੇਰੇ ਸਕਰੂ ਲੂਜ਼ ਹੋਣਗੇ ਜਿਵੇਂ ਕਿ ਇਨ੍ਹਾਂ ਦੇ ਡਾਕਟਰ ਜਗਜੀਤ ਸਿੰਘ ਦੇ ਹੋਏ ਹੋਏ ਹਨ ਮੈਂ ਆਪਣੇ ਆਪ ਹੀ ਹਸਪਤਾਲ ਚਲਾ ਜਾਵਾਂਗਾ (ਵਿਘਨ) ਡਾਕਟਰ ਜਗਜੀਤ ਸਿੰਘ ਬਾਰੇ ਇਨ੍ਹਾਂ ਨੂੰ ਬੜੀ ਫਰਾਖਦਿਲੀ ਨਾਲ ਮਨ ਲੈਣਾ ਚਾਹੀਦਾ ਹੈ (ਵਿਘਨ) ਇਹ ਗਿਆਨੀ ਕਰਤਾਰ ਸਿੰਘ ਦੇ ਸ਼ਿਸ਼ ਰਹੇ ਹਨ (ਵਿਘਨ)

**Mr. Deputy Speaker :** Be relevant please.

**ਡਾਕਟਰ ਅਮੀਰ ਸਿੰਘ ਕਲਕਟ :** ਜਨਾਬ ਮੈਂ ਰੈਲੇਵੈਂਟ ਹੀ ਬੋਲ ਰਿਹਾ ਹਾਂ। ਇਹ ਮੁਲਕ ਨਾਲ ਗੱਦਾਰੀਆਂ ਕਰਦੇ ਰਹੇ। ਸੱਤ ਸੱਤ ਰੁਪਏ ਲੈਕੇ ਅੰਗਰੇਜ਼ ਲਈ ਦੂਰ ਦੁਰਾਡ ਜਾ ਜਾ ਕੇ ਲੜਾਈਆਂ ਲੜਦੇ ਰਹੇ, ਅੰਗਰੇਜ਼ ਦੇ ਟੂਲ ਬਣੇ ਰਹੇ। ਉਨ੍ਹਾਂ ਦੇ ਝੰਡੇ ਦੇ ਬਾਬਤ ਇਹ ਮਸ਼ਹੂਰ ਸੀ ਕਿ ਉਨ੍ਹਾਂ ਦਾ ਮੁਲਕ ਐਨਾ ਮਹਾਨ ਸੀ ਕਿ ਉਨ੍ਹਾਂਦੀ ਸਲਤਨਤ ਵਿਚ ਸੂਰਜ ਕਦੇ ਡੁਬਦਾ ਹੀ ਨਹੀਂ ਸੀ। ਇਸ ਅਸੈਂਬਲੀ ਦਾ ਰਿਕਾਰਡ ਕਢਾ ਕੇ ਦੇਖ ਲਵੋ ਮੈਂ ਬਹੁਤ ਵਾਰੀ ਇਸ ਵਿਸ਼ੇ ਤੇ ਬੋਲਿਆ ਹਾਂ ਅਤੇ ਐਂਟੀ ਕੁਰੱਪਸ਼ਨ ਟਰੀਬਿਊਨਲ ਦੀ ਮੰਗ ਕੀਤੀ ਹੈ (ਵਿਘਨ) ਲੀਡਰ ਆਫ ਦੀ ਅਪੋਜ਼ੀਸ਼ਨ ਬੜਾ ਨੇਕ ਬੰਦਾ ਹੈ ਪਰ ਜਿਹੜੀ ਇਨ੍ਹਾਂ ਨੂੰ ਥਾਂ ਮਿਲੀ ਹੈ ਉਹ ਅੱਛੀ ਨਹੀਂ ਹੈ, ਉਹ ਚੰਗੀ ਨਹੀਂ ਮਿਲੀ ਹੈ। ਇਹ ਮੇਰੇ ਦੋਸਤ ਹਨ (ਵਿਘਨ) ਮੈਂ ਡੀਫੈਕਸ਼ਨ ਦੇ ਖਿਲਾਫ ਕਹਿ ਰਿਹਾ ਹਾਂ। ਕਈ ਵੇਰੀ ਸਾਡੇ ਤਗੜੇ ਮੈਂਬਰ ਸਾਡੀ ਪਾਰਟੀ ਵਿਚੋਂ ਉਹਦੇ ਲਈ ਗਏ ਸੀ (ਵਿਘਨ) ਅਕਾਲੀ ਬਦਨਾਮ ਨਾ ਹੁੰਦੇ ਜੇ ਇਹ ਡਿਫੈਕਸ਼ਨ ਸ਼ੁਰੂ ਨਾ ਕਰਦੇ। ਉਸ ਦੇ ਬਾਅਦ ਉਸ ਨੂੰ ਕਾਇਮ ਰਖਣ ਲਈ ਵਡੀ ਤੋਂ ਵਡੀ ਪ੍ਰਾਈਸ ਦੇਣੀ ਪਈ ਜਿਸ ਕਰਕੇ ਅਕਾਲੀ ਰਾਜ ਟੁਟਿਆ। (ਵਿਘਨ) ਮੈਂ ਡਿਫੈਕਸ਼ਨ ਤੇ ਹੀ ਬੋਲ ਰਿਹਾ ਹਾਂ, ਕਈ ਇਰਰੈਲੇਵੈਂਟ ਨਹੀਂ ਬੋਲ ਰਿਹਾ। ਉਸ ਵੇਲੇ ਇਨ੍ਹਾਂ ਅਕਾਲੀ ਪਾਰਟੀ ਵਿਚ ਰਹਿਣ ਲਈ ਕੋਈ ਕਿਸੇ ਬੋਰਡ ਜਾਂ ਕਾਰਪਰੇਸ਼ਨ ਦੀ ਚੇਅਰਮੈਨੀ ਮੰਗਦਾ ਸੀ ਅਤੇ ਕੋਈ ਕੁਝ ਹੋਰ ਮੰਗਦਾ ਸੀ। (ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਇਰਰੈਲੇਵੈਂਟ ਬੋਲ ਰਹੇ ਹਨ। (ਵਿਘਨ) ਸੈਂਟਰ ਵਿਚ ਇੰਦਰਾ ਗਾਂਧੀ ਨੇ ਕੀ ਕੀਤਾ ਹੈ? (ਵਿਘਨ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਡਾਕਟਰ ਸਾਹਿਬ ਬੜੀਆਂ ਗਲਾਂ ਕਰਦੇ ਹਨ। ਜਿਸ ਵੇਲੇ ਸਾਡੀ ਮਨਿਸਟਰੀ ਸੀ ਉਦੋਂ ਥੋੜਾ ਜਿਹਾ ਸੌਦੇ ਵਿਚ ਫਰਕ ਰਹਿ ਗਿਆ। ਅਸਾਂ ਇਨ੍ਹਾਂ ਨੂੰ ਸਟੇਟ ਮਨਿਸਟਰ ਬਣਾ ਦਿਤਾ ਸੀ ਪਰ ਇਹ ਫੁਲ ਮਨਿਸਟਰੀ ਮੰਗਦੇ ਸਨ। ਬਸ ਐਨਾ ਹੀ ਫਰਕ ਰਹਿ ਗਿਆ ਸੀ (ਅਪੋਜ਼ੀਸ਼ਨ ਵਲੋਂ ਥਪਿੰਗ) ਬਿਲਕੁਲ ਸੌਦਾ ਪੱਕਾ ਹੋ ਗਿਆ ਸੀ। (ਵਿਘਨ)

**ਚੌਧਰੀ ਦਰਸ਼ਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਇਹ ਗੱਲ ਮੰਨ ਲਈ ਹੈ ਕਿ ਇਹ ਆਪ ਹਾਰਸ

Original with;
Punjab Vidhan Sabha
Digitized by;
Panjab Digital Library

ਟ੍ਰੇਡਿੰਗ ਕਰਦੇ ਰਹੇ ਹਨ ਔਰ ਮੈਂਬਰ ਖਰੀਦਣ ਦੀ ਕੋਸ਼ਿਸ਼ ਕਰਦੇ ਰਹੇ ਹਨ । ਇਸ ਲਈ ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਇਹ ਐਟੀਚਿਊਡ ਸੌਦਾ ਕਰਨ ਵਾਲਾ ਅਤੇ ਕਰਾਉਣ ਵਾਲਾ ਬੰਦ ਹੋਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਦੋਵੇਂ ਪਾਸੇ ਕਸੂਰਵਾਰ ਹਨ । (ਵਿਘਨ)
(Both the sides are at fault)

ਉਪ ਮੰਤਰੀ ਗ੍ਰਹਿ ਅਤੇ ਉਦਯੋਗ (ਸਰਦਾਰ ਨਸੀਬ ਸਿੰਘ ਗਿਲ) : * * *

ਸਰਦਾਰ ਸੁਰਜੀਤ ਸਿੰਘ (ਬਰਨਾਲਾ) : * * * * * * ।

ਸ੍ਰੀ ਡਿਪਟੀ ਸਪੀਕਰ : ਇਹ ਕੇਸ ਚਲਾਉਣ ਵਾਲੀ ਗਲ ਬਾਰੇ ਜੋ ਕੁਝ ਵੀ ਦੋਵਾਂ ਮੈਂਬਰਾਂ, ਸਰਦਾਰ ਨਸੀਬ ਸਿੰਘ ਗਿਲ ਅਤੇ ਸਰਦਾਰ ਸੁਰਜੀਤ ਸਿੰਘ ਨੇ ਕਿਹਾ ਹੈ ਇਹ ਰਿਕਾਰਡ ਨਹੀਂ ਹੋਣਾ ਚਾਹੀਦਾ । (Whatever both the hon. Members Sardar Nasib Singh Gill and Sardar Surjit Singh have said with regard to the filing of a suit, should not be recorded.)

ਉਪ ਮੰਤਰੀ ਵਿਕਾਸ, ਆਬਕਾਰੀ ਤੇ ਕਰ : ਜੋ ਸਰਦਾਰ ਸੁਰਜੀਤ ਸਿੰਘ ਨੇ ਕਿਹਾ ਹੈ ਕਿ ਇਸ ਤਰ੍ਹਾਂ ਸੈਂਟਰ ਦੀ ਸਰਕਾਰ ਤੇ ਕੇਸ ਚਲਾਉਣਾ ਚਾਹੀਦਾ ਹੈ, ਇਸ ਸਬੰਧੀ ਮੈਂ ਅਰਜ਼ ਕਰਾਂਗਾ ਕਿ ਮੈਂ ਕਪੂਰ ਸਾਹਿਬ ਔਰ ਚੌਧਰੀ ਜਗਤ ਰਾਮ ਤਿੰਨੇ ਸੀ ਜਦੋਂ ਬੀਬੀ ਇੰਦਰਾ ਗਾਂਧੀ ਜੀ ਨੂੰ ਮਿਲਣ ਗਏ ਤਾਂ ਬਾਦਲ ਸਾਹਿਬ ਅਤੇ * * * * ਸਰਦਾਰ ਇਕਬਾਲ ਸਿੰਘ ਦੀ ਮਾਰਫ਼ਤ ਉਥੇ ਪਹੁੰਚੇ । ਮੇਰੀ ਮੌਜੂਦਗੀ ਵਿਚ * * * ਨੇ ਬੀਬੀ ਇੰਦਰਾ ਗਾਂਧੀ ਨੂੰ ਪਰਣਾਮ ਕੀਤਾ । ਇਹ ਅੰਮ੍ਰਿਤਸਰ ਦੀ ਬਜਾਏ ਦਿਲੀ ਜਾ ਕੇ ਹਿਦਾਇਤਾਂ ਲੈਂਦਾ ਸੀ । (ਵਿਘਨ) ਜਿਹੜੀ ਇਨ੍ਹਾਂ ਨੇ ਕੇਸ ਦਰਜ ਕਰਨੀ ਵਾਲੀ ਗਲ ਕੀਤੀ ਹੈ (ਵਿਘਨ) ਮੈਨੂੰ ਗਲ ਕਰ ਲੈਣ ਦਿਉ । (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ੍ਰੀ ਡਿਪਟੀ ਸਪੀਕਰ : ਇਹ ਅੱਗੇ ਹੀ ਪੁਆਇੰਟ ਆਫ ਆਰਡਰ ਤੇ ਹਨ ।

(ਇਸ ਵੇਲੇ ਕਾਫੀ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਗਏ)

ਮੈਂ ਸਾਰੇ ਆਨਰੇਬਲ ਮੈਂਬਰਜ਼ ਜੋ ਖੜੇ ਹਨ ਉਨ੍ਹਾਂ ਨੂੰ ਦਰਖਾਸਤ ਕਰਾਂਗਾ ਕਿ ਉਹ ਆਪਣੀਆਂ ਸੀਟਾਂ ਤੇ ਬੈਠ ਜਾਣ । ਮੈਂ ਬੇਨਤੀ ਕੀਤੀ ਸੀ ਕਿ ਡਿਫੈਕਸ਼ਨ ਦੀ ਬਿਮਾਰੀ ਸਾਰੇ ਹਿੰਦੁਸਤਾਨ ਵਿਚ ਰਹੀ, ਸਾਰੀਆਂ ਪਾਰਟੀਆਂ ਵਿਚ ਰਹੀ ਅਤੇ ਕਮਿਊਨਿਸਟ ਪਾਰਟੀ ਦੇ ਬਾਰੇ ਵਿਚ ਕੰਟ੍ਰਾਵਰਸ਼ੀਅਲ ਗਲ ਹੈ, ਇਹ ਬਾਅਦ ਵਿਚ ਡਿਸਾਈਡ ਕਰ ਲੈਣਗੇ । ਇਸ ਬੀਮਾਰੀ ਨੂੰ ਦੂਰ ਕਰਨ ਵਾਸਤੇ ਸਾਰੇ ਪੰਜਾਬ ਵਿਚ ਅਤੇ ਸਾਰੇ ਹਿੰਦੁਸਤਾਨ ਵਿਚ ਆਪਸ ਵਿਚ ਉਲਝਣ ਦੀ ਬਜਾਏ ਕੰਸਟ੍ਰਕਟਿਵ ਗਲ ਹੋਣੀ ਚਾਹੀਦੀ ਹੈ । ਅੱਗੇ ਨੂੰ ਕਿਸ ਤਰ੍ਹਾਂ ਅਮਲ ਕਰਨਾ ਹੈ,

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਡਿਪਟੀ ਸਪੀਕਰ]

ਇਸ ਬਾਰੇ ਸੋਚਣਾ ਚਾਹੀਦਾ ਹੈ । ਜੇ ਅਕਾਲੀ ਪਾਰਟੀ ਵਾਲੇ ਕਾਂਗਰਸ ਨੂੰ ਕਹਿੰਦੇ ਰਹੇ ਅਤੇ ਕਾਂਗਰਸ ਪਾਰਟੀ ਵਾਲੇ ਅਕਾਲੀ ਪਾਰਟੀ ਵਾਲਿਆਂ ਨੂੰ ਕਹਿੰਦੇ ਰਹੇ ਤਾਂ ਇਹ ਠੀਕ ਨਹੀਂ । ਇਹ ਦੋਵੇਂ ਹੀ ਕਸੂਰਵਾਰ ਹਨ (ਵਿਘਨ) ਮੈਂ ਚਾਹੁੰਦਾ ਹਾਂ ਕਿ ਡਿਬੇਟ ਠੀਕ ਸਪਿਰਟ ਵਿਚ ਜਾਰੀ ਰਹਿਣੀ ਚਾਹੀਦੀ ਹੈ । (He is already on a point of order).

(At this stage several hon. Members stood up to catch the eye of the Chair.)

(I would request all the hon. Members who are standing to take their seats. I have already stated that this malady of defection affects every party. The dispute regarding the position in the case of the Communist Party, can be settled later on. Instead of undercutting each other, we should take constructive steps on the State as well as national level for the eradication of this disease. We should work out future strategy. It is not proper for both the Akali and Congress Parties to go on blaming each other. Both of them are to blame (*Interruption.*) I feel that the debate should continue in a proper spirit.)

**ਡਾਕਟਰ ਅਮੀਰ ਸਿੰਘ ਕਲਕਟ** : ਲੀਡਰ ਆਫ ਦੀ ਅਪੋਜ਼ੀਸ਼ਨ ਨੇ ਇਕ ਬੜਾ ਗੰਭੀਰ ਇਲਜ਼ਾਮ ਲਗਾਇਆ ਹੈ । ਮੈਂ ਉਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਜੇ ਉਹ ਇਸ ਨੂੰ ਸਾਬਤ ਕਰਨ ਤਾਂ ਮੈਂ ਇਥੋਂ ਅਸੈਂਬਲੀ ਦੀ ਸੀਟ ਤੋਂ ਅਸਤੀਫਾ ਦਿੰਦਾ ਹਾਂ ਅਤੇ ਜੇ ਨਹੀਂ ਤਾਂ ਉਹ ਅਸਤੀਫਾ ਦੇਣ । (ਵਿਘਨ)

**ਉਪ ਮੰਤਰੀ ਵਿਕਾਸ, ਆਬਕਾਰੀ ਤੇ ਕਰ** : ਡਿਪਟੀ ਸਪੀਕਰ ਸਾਹਿਬ, ਜਿਹੜਾ ਸੈਂਟਰ ਦੀ ਸਰਕਾਰ ਦੇ ਬਾਰੇ ਕਿਹਾ ਗਿਆ ਹੈ ਕਿ ਉਹ ਆਪਣੇ ਆਪ ਡਿਗੀ (ਵਿਘਨ) ਰਾਜਿਆਂ ਮਹਾਰਾਜਿਆਂ ਦੇ ਪਰੀਵੀ ਪਰਸਿਜ਼ ਬੰਦ ਕਰਨ ਲਈ ਜਦੋਂ ਬਿਲ ਪੇਸ਼ ਹੋਇਆ ਉਦੋਂ ਇਨ੍ਹਾਂ ਦਾ ਸਵਾ ਲੱਖ ਨੁਮਾਇੰਦਾ ਸਰਦਾਰ ਕਿੱਕਰ ਸਿੰਘ ਉਥੇ ਸੀ, ਉਸ ਨੇ ਉਸ ਵੇਲੇ ਰਾਜਿਆਂ ਵਲ ਵੋਟ ਪਾਈ । ਫਿਰ ਉਹ ਜਨਸੰਘ ਨਾਲ ਰਲਕੇ ਸੁਪਰੀਮ ਕੋਰਟ ਵਿਚ ਗਏ । ਉਥੇ ਵਾਜਪਾਈ ਨੇ ਕਿਹਾ ਕਿ ਸਟਰਿਕਚਰ ਪਾਸ ਹੋ ਗਿਆ ਹੈ, ਇਸ ਲਈ ਤੁਸੀਂ ਰਿਜ਼ਾਇਨ ਕਰ ਦਿਉ । (ਵਿਘਨ) ਇਸ ਤਰ੍ਹਾਂ ਇੰਦਰਾ ਜੀ ਨੇ ਰਿਜ਼ਾਈਨ ਕੀਤਾ ਅਤੇ ਉਨ੍ਹਾਂ ਦਾ ਚੈਲੰਜ ਮੰਨਿਆ । (ਵਿਘਨ) ਉਸੇ ਦਾ ਨਤੀਜਾ ਹੈ ਕਿ ਅੱਜ ਇਹ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਉਸ ਪਾਸੇ ਬੈਠੇ ਹਨ ਅਤੇ ਅਸੀਂ ਇਸ ਪਾਸੇ ਬੈਠੇ ਹਾਂ । (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ** : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਸਰਦਾਰ ਸੰਤੋਖ ਸਿੰਘ ਜੀ ਵਜ਼ੀਰ ਹਨ, ਇਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

ਹਾਊਸ ਦੀ ਕਾਰਵਾਈ ਦਾ ਪਤਾ ਹੈ ਕਿ ਕਿਸ ਤਰ੍ਹਾਂ ਚਲਣੀ ਚਾਹੀਦੀ ਹੈ। ਇਨ੍ਹਾਂ ਨੇ* * * ਦੇ ਬਾਰੇ ਜੋ ਕਿਹਾ ਹੈ, ਕਿਉਂਕਿ ਉਹ ਇਸ ਹਾਊਸ ਦੇ ਮੈਂਬਰ ਨਹੀਂ ਹਨ, ਇਸ ਕਰਕੇ ਇਹ * * * ਦੇ ਲਫ਼ਜ਼ ਕਾਰਵਾਈ ਵਿਚੋਂ ਕਢ ਦੇਣੇ ਚਾਹੀਦੇ ਹਨ।

ਸ੍ਰੀ ਡਿਪਟੀ ਸਪੀਕਰ : * * ਦਾ ਲਫ਼ਜ਼ ਐਕਸਪੰਜ ਕਰ ਦਿਤਾ ਜਾਵੇ। (The word * * should be expunged.)

**ਡਾਕਟਰ ਅਮੀਰ ਸਿੰਘ ਕਲਕਟ :** ਡਿਪਟੀ ਸਪੀਕਰ ਸਾਹਿਬ, ਮੈਂ ਲੀਡਰ ਆਫ ਦੀ ਅਪੋਜ਼ੀਸ਼ਨ, ਨੂੰ ਚੈਲੰਜ ਕਰਦਾ ਹਾਂ ਕਿ ਉਹ ਮੇਰਾ ਚੈਲੰਜ ਕਬੂਲ ਕਰ ਲੈਣ। ਜੇ ਉਹ ਸਾਬਤ ਕਰ ਦੇਣ ਤਾਂ ਮੈਂ ਅਸਤੀਫਾ ਦੇ ਦੇਵਾਂਗਾ (ਵਿਘਨ) ਇਥੇ ਮੁਲਕ ਵਿਚ ਇਨ੍ਹਾਂ ਨੇ ਐਂਟੀ-ਨੈਸ਼ਨਲ ਲੀਡਰ ਬਣਾਏ ਹਨ। (ਵਿਘਨ) ਉਨ੍ਹਾਂ ਦੇ ਖਿਲਾਫ ਅਵਾਜ਼ ਉਠਾਉਣ ਲਈ ਜਨਤਾ ਨੇ ਮੈਨੂੰ ਇਥੇ ਚੁਣ ਕੇ ਭੇਜਿਆ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਕ ਪੁਆਇੰਟ ਆਫ ਆਰਡਰ ਦੇ ਰਾਹੀਂ ਇਸ ਹਾਊਸ ਵਿਚ ਖੜੇ ਹੋ ਕੇ ਇਕ ਟ੍ਰਿਬਿਊਨਲ ਦੀ ਮੰਗ ਕੀਤੀ ਸੀ। (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾਂ :** * * * * * (ਵਿਘਨ)

**Mr. Deputy Speaker :** This is no point of order.

**ਡਾਕਟਰ ਅਮੀਰ ਸਿੰਘ ਕਲਕਟ :** ਤਾਂ ਫਿਰ ਇਥੇ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਕੋਈ ਸੜਕ ਬਣਾਉਣੀ ਹੋਵੇ ਤਾਂ 12 ਫੁੱਟ ਬਜਰੀ ਦੀ ਥਾਂ ਤੇ 6 ਫੁੱਟ ਪਾਉਣ। (ਵਿਘਨ) (ਸ਼ੋਰ) ਮੇਰੇ ਵਰਗਾ ਵਜ਼ੀਰ ਹੋਵੇ ਤਾਂ ਰਗੜੇ ਦੇ ਦੇਵੇ। (ਵਿਘਨ)

ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਜੇ ਇਹ ਕੁੱਰਪਸ਼ਨ ਸਾਬਤ ਕਰ ਦੇਣ ਤਾਂ ਮੈਂ ਅਸਤੀਫ਼ਾ ਦੇਣ ਨੂੰ ਤਿਆਰ ਹਾਂ। ਇਹ ਸਾਬਤ ਕਰਨ। (ਵਿਘਨ) (ਸ਼ੋਰ)

**ਸਰਦਾਰ ਧੰਨਾ ਸਿੰਘ ਗੁਲਸ਼ਨ :** ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਅਗੇ ਵੀ ਅਰਜ਼ ਕੀਤੀ ਸੀ ਕਿ ਇਥੇ 18 ਸਾਲ ਦੀ ਉਮਰ ਵਾਲੇ ਨੂੰ ਵੋਟ ਦੇਣ ਦੇ ਅਧਿਕਾਰ ਦਾ ਰੇਜ਼ੋਲਿਊਸ਼ਨ ਪਹਿਲੇ ਚਲਦਾ ਪਿਆ ਸੀ ਫਿਰ ਇਕ ਹੋਰ ਸੀ ਕਿ ਮਹਿੰਗਾਈ ਕਿਤਨੀ ਵਧ ਗਈ ਹੈ। (ਵਿਘਨ) ਮੈਂ ਕਹਿੰਦਾ ਹਾਂ ਕਿ ਇਨ੍ਹਾਂ ਕਾਂਗਰਸ ਬੈਂਚਿਜ਼ ਵਾਲਿਆਂ ਦੀ * * * * * ਹੈ * । ਇਹ ਇਸ ਨੂੰ ਪਾਸ ਨਹੀਂ ਕਰਨਾ ਚਾਹੁੰਦੇ। (ਵਿਘਨ)

ਸ੍ਰੀ ਡਿਪਟੀ ਸਪੀਕਰ : * * * * * ਦੇ ਸ਼ਬਦ ਕਾਰਵਾਈ ਵਿਚੋਂ ਕਢ ਦਿਤੇ ਜਾਣ। (The words × × should the expunged.)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਧੰਨਾ ਸਿੰਘ ਗੁਲਸ਼ਨ : * * * *

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਪ੍ਰਮਿਸ਼ਨ ਦੇ ਬਗੈਰ ਬੋਲ ਰਹੇ ਹਨ ਇਹ ਐਕਸਪੰਜ ਕਰ ਦਿਤਾ ਜਾਵੇ। (Whatever the hon. Member is saying without the permission of the Chair should be expunged.)

ਉਪ ਮੰਤਰੀ, ਵਿਕਾਸ, ਆਬਕਾਰੀ ਅਤੇ ਕਰ : ਡਿਪਟੀ ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਪੁਆਇੰਟ ਰੇਜ਼ ਕੀਤਾ ਸੀ। ਕੈਪਟਨ ਸਾਹਿਬ ਨੇ ਕਿਹਾ ਸੀ ਕਿ ਤੁਸੀਂ ਨਹੀਂ ਤੁਹਾਡਾ ਲੀਡਰ ਕਹੇ (ਵਿਘਨ) ਅਤੇ ਅਸੀਂ ਸਹਿਮਤ ਹੋਵਾਂਗੇ ਕਿ ਰੈਜ਼ੋਲਿਊਸ਼ਨ ਪੁੱਟ ਹੋਵੇ। ਫਿਰ ਉਸ ਪਾਰਟੀ (ਅਕਾਲੀ ਪਾਰਟੀ ਵੱਲ ਇਸ਼ਾਰਾ) ਕਮਿਊਨਿਸਟ ਪਾਰਟੀ ਅਤੇ ਕਾਂਗਰਸ ਪਾਰਟੀ ਵੱਲੋਂ ਇਹ ਰੈਜ਼ੋਲਿਊਸ਼ਨ ਸਰਵਸੰਮਤੀ ਨਾਲ ਪੇਸ਼ ਹੋਇਆ। (ਵਿਘਨ) ਫਿਰ ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਇਹ ਦੌੜ ਰਹੇ ਹਨ। (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਇਸ ਦਾ ਕਰੈਡਿਟ ਲੈਣ ਦਾ ਯਤਨ ਨਾ ਕਰਨ....

(ਵਿਘਨ) (ਘੰਟੀ)

**Mr. Deputy Speaker** : Please wind up now.

ਡਾਕਟਰ ਅਮੀਰ ਸਿੰਘ ਕਲਕਟ : ਮੈਂ ਕਹਿੰਦਾ ਹਾਂ ਕਿ ਇਹ ਇਸ ਚੀਜ਼ ਦਾ ਕਰੈਡਿਟ ਲੈਣ ਦਾ ਯਤਨ ਨਾ ਕਰਨ ਇਸ ਵੇਲੇ ਰੂਲਿੰਗ ਪਾਰਟੀ ਕਾਂਗਰਸ ਹੈ। (ਵਿਘਨ) ਜਿਸ ਨੇ ਹਿੰਦੁਸਤਾਨ ਵਿਚ ਤਬਦੀਲੀ ਲਿਆਉਣੀ ਹੈ। ਇਹ ਇਸ ਪਾਰਟੀ ਦੀ ਆਵਾਜ਼ ਹੈ। ( ਵਿਘਨ ) ਇਨ੍ਹਾਂ ਦੇ ਸੈਂਟਰ ਵਿਚ ਏਜੰਟ ਬੈਠੇ ਹਨ ਜਦ ਕਾਂਗਰਸ ਨੇ ਕੋਈ ਚੀਜ਼ ਕਰਨੀ ਹੁੰਦੀ ਹੈ ਤਾਂ ਇਨ੍ਹਾਂ ਦੇ ਉਥੇ ਜਿਹੜੇ ਏਜੰਟ ਬੈਠੇ ਹਨ ਉਹ ਇਨ੍ਹਾਂ ਨੂੰ ਦੱਸ ਦਿੰਦੇ ਹਨ ਅਤੇ ਇਹ ਕਰੈਡਿਟ ਲੈਣ ਦੀ ਖ਼ਾਤਰ ਅਜਿਹੀਆਂ ਗੱਲਾਂ ਕਰਦੇ ਹਨ। (ਵਿਘਨ) (ਸ਼ੋਰ) ਮੈਂ ਕਹਿੰਦਾ ਹਾਂ ਕਿ ਤੁਹਾਡਾ ਬੈਂਕ ਬੈਲੇਂਸ ਕੀ ਹੈ ? (ਵਿਘਨ) ਕੀ ਤੁਸੀਂ ਅਪਣੇ ਆਪ ਨੂੰ ਇਮਾਨਦਾਰ ਮੰਨਦੇ ਹੋ ? (ਵਿਘਨ) ਜਿਸ ਵੇਲੇ ਮੈਂ ਟ੍ਰਿਬਿਊਨਲ ਦੀ ਮੰਗ ਕਰਦਾ ਹੁੰਦਾ ਸੀ ਉਸ ਵੇਲੇ ਜੇ ਤੁਸੀਂ ਕੁਝ ਕਰਦੇ ਤਾਂ ਫਿਰ ਗਲ ਸੀ। (ਵਿਘਨ)(ਘੰਟੀ) ਮੈਂ ਪੰਜਾਬ ਦੀ ਜਨਤਾ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਸ ਨੇ ਸਾਡਾ ਸਾਥ ਦਿੱਤਾ। ਤੁਹਾਡੀਆਂ ਨੀਤੀਆਂ ਠੀਕ ਨਹੀਂ। ( ਵਿਘਨ ) ਤੁਸੀਂ ਕਰੱਪਸ਼ਨ ਲਿਆਂਦੀ।

(ਵਿਘਨ)(ਸ਼ੋਰ)

---

*Expunged as ordered by the Chair

Original with;
Punjab Vidhan Sabha
Digitized by;
Panjab Digital Library

ਪੰਜਾਬ ਦੇ ਲਾ ਐਂਡ ਆਰਡਰ ਦੀ ਹਾਲਤ ਦੇ ਤੁਸੀਂ ਜ਼ਿਮੇਵਾਰ ਹੋ। (ਵਿਘਨ) ਤੁਸੀਂ ਹੀ ਡਿਫੈਕਸ਼ਨ ਕਰਵਾਈ। (ਵਿਘਨ) ਤੁਸੀਂ ਆਪਣੇ ਥਾਣੇਦਾਰਾਂ ਨੂੰ, ਆਪਣੇ ਰਿਸ਼ਤੇਦਾਰਾਂ ਨੂੰ, ਭਰਾ ਭਤੀਜਿਆਂ ਨੂੰ ਲੁਆਇਆ ਉਹ ਖਰਾਬ ਕਰ ਰਹੇ ਹਨ। (ਵਿਘਨ) (ਘੰਟੀ)

**ਸ੍ਰੀ ਡਿਪਟੀ ਸਪੀਕਰ:** ਤੁਸੀਂ ਬੈਠ ਜਾਓ। (Please resume your seat now.)

**ਡਾਕਟਰ ਅਮੀਰ ਸਿੰਘ ਕਲਕਟ:** ਮੈਨੂੰ ਵਾਈਂਡ ਅਪ ਕਰ ਲੈਣ ਦਿਓ। ਮੈਂ ਗਿਆਨੀ ਜੀ ਨੂੰ, ਲੀਡਰ ਆਫ ਦੀ ਹਾਊਸ ਨੂੰ ਵਧਾਈ ਦਿੰਦਾ ਹਾਂ ਜਿਸ ਦੀ ਸਰਕਾਰ ਬਹੁਤ ਅੱਗੇ ਵੱਧ ਰਹੀ ਹੈ ਅਤੇ ਅੱਗੇ ਵਧਣ ਦੇ ਯਤਨ ਕਰ ਰਹੀ ਹੈ। ਕੁਰਪਸ਼ਨ ਨੂੰ ਦੂਰ ਕਰਨ ਲਈ ਇਹ ਬਹੁਤ ਕੁਝ ਕਰ ਰਹੀ ਹੈ। (ਘੰਟੀ) ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। (ਘੰਟੀ) ਮੈਂ ਇਤਨਾ ਕੁਝ ਕਹਿਣਾ ਚਾਹੁੰਦਾ ਸੀ।

**ਸ੍ਰੀ ਡਿਪਟੀ ਸਪੀਕਰ:** ਆਨਰੇਬਲ ਮੈਂਬਰ ਖਿਆਲ ਰਖਣ ਕਿ ਸਕੋਪ ਬੜਾ ਲਿਮਟਿਡ ਜਿਹਾ ਹੈ। ਉਹ ਕੰਟਰੋਵਰਸੀ ਵਿਚ ਨਾ ਪੈਣ, ਥੋੜ੍ਹਾ ਥੋੜ੍ਹਾ ਬੋਲਣ। (The hon. Members should keep in mind that its scope is limited. They should not enter into any controversy and should be brief.)

**ਚੌਧਰੀ ਦਰਸ਼ਨ ਸਿੰਘ:** ਡਿਪਟੀ ਸਪੀਕਰ ਸਾਹਿਬ, ਜਿਹੜੇ ਪਰਪੋਜ਼ਲ ਦੇਣ ਉਹ ਬੋਲਣ।

**Mr. Deputy Speaker:** I agree with the hon. Member.

**ਸ੍ਰੀ ਯਸ਼ਪਾਲ (ਜਲੰਧਰ ਦੱਖਣ):** ਡਿਪਟੀ ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਜ਼ੇਰੇ ਬਹਿਸ ਹੈ, ਜਿਹੜਾ ਅੰਡਰ ਡਿਸ਼ਕੱਸ਼ਨ ਹੈ ਉਸ ਦੇ ਮੁਤੱਲਕ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਉਸ ਦੀ ਹਿਮਾਇਤ ਕੀਤੀ ਹੈ। ਤਕਰੀਬਨ ਜਿਹੜੇ ਮੈਂਬਰ ਬੋਲੇ ਹਨ ਉਨ੍ਹਾਂ ਦੀ ਰਾਏ ਭਾਵੇਂ ਕੋਈ ਹੋਵੇ ਲੇਕਿਨ ਉਨ੍ਹਾਂ ਸਾਰਿਆਂ ਨੇ ਇਸ ਦੀ ਹਿਮਾਇਤ ਕੀਤੀ ਹੈ ਪਰ ਮੈਂ ਥੋੜੀ ਜਿਹੀ ਮੁਖਤਲਿਫ ਰਾਏ ਰੱਖਦਾ ਹਾਂ। ਇਸ ਵਾਸਤੇ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੈਨੂੰ ਜ਼ਰਾ ਦੋ ਚਾਰ ਮਿੰਟ ਵੱਧ ਦੇ ਦੇਣਾ।

**ਸ੍ਰੀ ਡਿਪਟੀ ਸਪੀਕਰ:** ਤੁਸੀਂ ਦਸ ਮਿੰਟ ਬੋਲੋਗੇ। (You may speak for ten minutes.)

**ਸ੍ਰੀ ਯਸ਼ਪਾਲ:** ਮੈਂ ਜਲਦੀ ਖਤਮ ਕਰਨ ਦੀ ਕੋਸ਼ਿਸ਼ ਕਰਾਂਗਾ।

**ਚੌਧਰੀ ਸੁੰਦਰ ਸਿੰਘ:** ਡਿਪਟੀ ਸਪੀਕਰ ਸਹਿਬ, ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਮੇਰੇ ਵੀ ਇਸੇ ਤਰ੍ਹਾਂ ਦੇ ਖਿਆਲਾਤ ਹੋਣਗੇ। (ਹਾਸਾ)

**ਸ੍ਰੀ ਯੱਸ਼ ਪਾਲ:** ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਜਿਥੋਂ ਤਕ ਪੁਲਿਟੀਕਲ ਕੁਰੱਪਸ਼ਨ ਦਾ ਤੁਅੱਲਕ ਹੈ, ਇਸ ਬਾਰੇ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਅਤੇ ਜਿੰਨੀ ਛੇਤੀ ਤੋਂ ਛੇਤੀ ਸਖਤ ਤੋਂ ਸਖਤ ਕਦਮ ਪੁਲੀਟੀਕਲ ਕੁਰੱਪਸ਼ਨ ਰੋਕਣ ਲਈ

Original with;
Punjab Vidhan Sabha
Digitized by;
Panjab Digital Library

[ਸ੍ਰੀ ਯਸ਼ ਪਾਲ]

ਚੁੱਕੇ ਜਾ ਸਕਣ, ਚੁੱਕਣੇ ਚਾਹੀਦੇ ਹਨ । ਲੇਕਿਨ ਸੁਆਲ ਇਹ ਹੈ ਕਿ ਡਿਫੈਕਸ਼ਨ ਦੇ ਨਾਲ ਪੁਲਿਟੀਕਲ ਕੁਰੱਪਸ਼ਨ ਦਾ ਕਿਨਾ ਤੁਅੱਲਕ ਹੈ ? ਔਰ ਡਿਫੈਕਸ਼ਨ ਦਾ ਮਤਲਬ ਕੀ ਹੈ ? ਇਸ ਦੇ ਬਾਰੇ ਸੋਚਣਾ ਚਾਹੀਦਾ ਹੈ । ਜੇ ਅਸੀ ਇਹ ਕਹੀਏ ਕਿ ਕੋਈ ਮੈਂਬਰ ਅਗਰ ਆਪਣੀ ਪਾਰਟੀ ਬਦਲੇ ਤਾਂ ਉਹ ਦੁਬਾਰਾ ਅਲੈਕਸ਼ਨ ਲੜਕੇ ਆਏ ਤਾਂ ਇਸ ਨੂੰ ਡਿਫੈਕਸ਼ਨ ਵੀ ਕਿਹਾ ਜਾ ਸਕਦਾ ਹੈ । ਇਸ ਨੂੰ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਉਸ ਨੇ ਫਲੋਰ ਕਰਾਸ ਕੀਤੀ । ਡਿਫੈਕਸ਼ਨ ਬਾਰੇ ਕਿਸੇ ਨੂੰ ਇਤਰਾਜ਼ ਹੋ ਸਕਦਾ ਹੈ ਲੇਕਿਨ ਫਲੋਰ ਕਰਾਸ ਕਰਨਾ ਜਿਹੜਾ ਹੈ ਇਹ ਡੈਮੋਕਰੈਟਿਕ ਪਾਰਲੀਮੈਂਟਰੀ ਪਰੋਸੀਜ਼ਰ ਦਾ ਇਕ ਜ਼ਰੂਰੀ ਹਿੱਸਾ ਹੈ । ਇਸ ਨੂੰ ਅਸੀਂ ਨਜ਼ਰ ਅੰਦਾਜ਼ ਨਹੀਂ ਕਰ ਸਕਦੇ । ਅੱਜ ਇਕ ਆਦਮੀ ਪਾਰਟੀ ਦੇ ਟਿਕਟ ਤੇ ਚੁਣਕੇ ਆਉਂਦਾ ਹੈ । ਉਸ ਪਾਰਟੀ ਦਾ ਇਕ ਮੈਨੀਫੈਸਟੋ; ਇਕ ਪ੍ਰੋਗਰਾਮ ਹੁੰਦਾ ਹੈ । ਅਤੇ ਵਾਅਦੇ ਜੋ ਉਹ ਲੋਕਾਂ ਦੇ ਨਾਲ ਕਰਕੇ ਆਉਂਦੇ ਹਨ ਅਤੇ ਬਾਅਦ ਵਿਚ ਜੇ ਉਹ ਪਾਰਟੀ ਆਪਣਾ ਮੈਨੀਫੈਸਟੋ ਬਦਲ ਲਵੇ ਅਤੇ ਜਿਹੜੇ ਲੋਕਾਂ ਨਾਲ ਵਾਅਦੇ ਕੀਤੇ ਸੀ ਉਨ੍ਹਾਂ ਵਾਅਦਿਆਂ ਤੋਂ ਮੁੱਕਰਦੀ ਹੋਵੇ ਅਤੇ ਲੋਕਾਂ ਦੇ ਸਾਹਮਣੇ ਜੋ ਉਸਨੇ ਆਪਣਾ ਪ੍ਰੋਗਾਮ ਰੱਖਿਆ ਸੀ ਉਸ ਪ੍ਰੋਗਰਾਮ ਵਿਚ ਜੇ ਉਹ ਬੁਨਿਆਦੀ ਤਬਦੀਲੀ ਕਰਦੀ ਹੈ ਤਾਂ ਉਸ ਪਾਰਟੀ ਦੇ ਟਿਕਟ ਤੇ ਚੁਣੇ ਹੋਏ ਮੈਂਬਰ ਦਾ ਹੱਕ ਹੈ ਕਿ ਉਹ ਆਖੇ ਕਿ ਮੈਂ ਇਸ ਪਾਰਟੀ ਦਾ ਸਾਥ ਨਹੀਂ ਦੇਣਾ । ਇਹ ਠੀਕ ਹੈ ਕਿ ਡਿਫੈਕਸ਼ਨ ਮਾੜੀ ਹੈ । (ਵਿਘਨ) ਪਰ ਜਿਸ ਵੇਲੇ ਕੋਈ ਮੈਂਬਰ ਕਿਸੇ ਲਾਲਚ ਨਾਲ ਵਜ਼ੀਰ ਬਣਨ ਦੀ ਖਾਤਰ ਜਾਂ ਕੋਈ ਹੋਰ ਅਹੁਦਾ ਲੈਣ ਦੀ ਖਾਤਰ ਜਾਂ ਅੰਡਰ ਡਿਊਰੈਸ ਉਸ ਤੇ ਕੋਈ ਦਬਾਅ ਪਾਇਆ ਜਾਵੇ ਜਾਂ ਉਸ ਤੇ ਕੋਈ ਮੁਕੱਦਮਾ ਚਲਦਾ ਹੋਵੇ ਅਤੇ ਉਹ ਉਸ ਤੋਂ ਬਚਣ ਵਾਸਤੇ ਜਾਂ ਜੇ ਉਸ ਦੇ ਖਿਲਾਫ ਕੋਈ ਇਨਕੁਆਇਰੀ ਹੁੰਦੀ ਹੈ ਉਸ ਤੋਂ ਭਜਣ ਵਾਸਤੇ ਜਾਂ ਕਿਸੇ ਹੋਰ ਮਾੜੇ ਮਕਸਦ ਨਾਲ ਅਗਰ ਕੋਈ ਪਾਰਟੀ ਤਬਦੀਲ ਕਰਦਾ ਹੈ ਤਾਂ ਉਹ ਡੀਫੈਕਸ਼ਨ ਹੈ ਅਤੇ ਉਹ ਮਾੜੀ ਗਲ ਹੈ, ਉਸ ਤੇ ਪਾਬੰਦੀ ਹੋਣੀ ਚਾਹੀਦੀ ਹੈ । ਅਗਰ ਉਹ ਇਮਾਨਦਾਰੀ ਨਾਲ ਤੁਹਾਡੇ ਨਾਲ ਕਿਸੇ ਅਸੂਲਾਂ ਤੇ ਐਗਰੀ ਨਾ ਕਰੇ ਤੇ ਤੁਸੀਂ ਕਹੋ ਕਿ ਦੁਬਾਰਾ ਇਲੈਕਸ਼ਨ ਲੜ ਕੇ ਆਏ ਤਾਂ ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਅਤੇ ਜਿਹੜੇ ਇਕ ਆਦਮੀ ਦੇ ਆਪਣੇ ਅਧਿਕਾਰ ਹਨ ਉਨ੍ਹਾਂ ਤੇ ਪਾਬੰਦੀ ਲਗਾਉਣਾ ਹੈ । ਇਹ ਜਿਹੜਾ ਮਸਲਾ ਹੈ ਇਹ ਪਾਰਲੀਮੈਂਟ ਦੇ ਕਾਫੀ ਦੇਰ ਤੋਂ ਜ਼ੇਰੇ ਬਹਿਸ ਹੈ ਅਤੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਸਾਡੇ ਨਾਲੋਂ ਘੱਟ ਦੇਸ਼ ਭਗਤ ਹਨ ਜਾਂ ਜਿਤਨਾ ਅਸੀਂ ਬਿਮਾਰੀਆਂ ਨੂੰ ਦੂਰ ਕਰਨਾ ਚਾਹੁੰਦੇ ਹਾਂ ਉਤਨਾ ਉਹ ਨਹੀਂ ਚਾਹੁੰਦੇ ਅਤੇ ਉਤਨਾਂ ਉਹ ਨਹੀਂ ਸੋਚਦੇ ਜਿਤਨਾਂ ਅਸੀਂ ਜਨਤਾ ਦੀ ਭਲਾਈ ਲਈ ਸੋਚਦੇ ਹਾਂ । ਇਹ ਵੀ ਅਸੀਂ ਨਹੀਂ ਕਹਿ ਸਕਦੇ ਕਿ ਉਨ੍ਹਾਂ ਦੇ ਅੰਦਰ ਦੇਸ਼ ਭਗਤੀ ਦੀ ਭਾਵਨਾ ਘਟ ਹੈ ਅਤੇ ਸਾਡੇ ਅੰਦਰ ਬਹੁਤ ਜਿਆਦਾ ਹੈ। ਇਹ ਜਿਹੜਾ ਮਸਲਾ ਹੈ ਇਹ 5-6 ਸਾਲ ਤੋਂ ਹਿੰਦੁਸਤਾਨ ਦੇ ਜਿਹੜੇ ਵਡੇ ਵਡੇ ਆਦਮੀ ਹਨ ਉਨ੍ਹਾਂ ਦੇ ਸਾਹਮਣੇ ਆਇਆ ਹੈ ਅਤੇ ਅਜੇ ਤਕ ਉਹ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕੇ । ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਆਪਣੇ ਆਪ ਨੂੰ ਭਾਵੇਂ ਕੋਈ ਬਹੁਤ ਵਡਾ ਤੇ ਸੁਚਾ ਸਮਝਦਾ ਹੋਵੇ ਤਾਂ ਵਖਰੀ ਗਲ ਹੈ ਪਰ ਇਹ ਇਕ ਐਸੀ ਬਿਮਾਰੀ ਹੈ ਜਿਹੜੀ ਕਰੀਬਨ ਕਰੀਬਨ ਸਾਰੀ ਪਾਰਟੀਆਂ ਨੂੰ ਚੰਬੜੀ ਹੋਈ ਹੈ ਅਤੇ ਇਹ ਇਕ ਐਸਾ ਹਮਾਮ ਹੈ ਜਿਸ ਦੇ ਵਿਚ ਸਾਰੇ ਹੀ ਨੰਗੇ ਹਨ । ਡਾਂਗ ਸਾਹਿਬ ਨੇ ਇਥੇ ਕਿਹਾ ਹੈ ਉਨ੍ਹਾਂ ਦੀ ਪਾਰਟੀ ਬੜੀ ਨੇਕ ਹੈ । ਮੈਂ ਉਨ੍ਹਾਂ ਨੂੰ ਕੋਈ ਕ੍ਰਿਟੇਸਾਈਜ਼ ਨਹੀਂ ਕਰ ਰਿਹਾ

Original with;
Punjab Vidhan Sabha
Digitized by;
Panjab Digital Library

ਫੈਨੇਲਾਈਜ਼ ਕਰਨ ਦੇ ਲਈ ਮੈਂ ਕਹਿ ਰਹਾ ਹਾਂ। ਇਹ ਕਿਸੇ ਹੱਦ ਤਕ ਠੀਕ ਹੈ ਕਿ ਕਮਿਊਨਿਸਟ ਪਾਰਟੀ ਦੇ ਕਿਸੇ ਮੈਂਬਰ ਨੇ ਅੱਜ ਤਕ ਪਾਰਟੀ ਨਹੀਂ ਬਦਲੀ। ਪਰ ਕਿਸੇ ਵਜ਼ਾਰਤ ਵਿਚ ਹਿਸੇਦਾਰ ਬਣਨਾ ਜਿਹੜੀ ਕਿ ਚਲਦੀ ਹੀ ਡਿਫੈਕਸ਼ਨ ਦੇ ਸਿਰ ਤੇ ਹੋਵੇ ਤਾਂ ਕਿਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਡਿਫੈਕਸ਼ਨ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਜੇ ਰਿਸ਼ਵਤ ਲੈਣਾ ਮਾੜਾ ਕੰਮ ਹੈ ਤਾਂ ਰਿਸ਼ਵਤ ਦੇਣਾ ਵੀ ਮਾੜਾ ਕੰਮ ਹੈ ਅਤੇ ਇਸ ਰਿਸ਼ਵਤ ਲੈਣ ਅਤੇ ਦੇਣ ਦੇ ਵਿਚ ਚੌਧਰ ਆਪਣੀ ਜਤਾਣੀ ਕਿਸ ਤਰ੍ਹਾਂ ਮਾੜਾ ਕੰਮ ਨਹੀਂ ? (ਥੰਪਿੰਗ) ਇਹ ਜਿਹੜਾ ਰੈਜ਼ੋਲਿਊਸ਼ਨ ਆਇਆ ਹੈ ਇਹ ਕੋਈ ਬਹੁਤਾ ਸੋਚ ਵਿਚਾਰ ਕੇ ਨਹੀਂ ਆਇਆ ਪਰ ਇਸ ਦੇ ਨਾਲ ਪਿਛਲੇ 5-6 ਸਾਲ ਦੀ ਲੰਬੀ ਹਿਸਟਰੀ ਜ਼ਰੂਰ ਅਟੈਚ ਹੈ। ਹਿੰਦੁਸਤਾਨ ਦੇ ਵਿਚ ਵਜ਼ਾਰਤਾਂ ਟੁਟਦੀਆਂ ਭੁਜਦੀਆਂ ਰਹੀਆਂ, ਸੂਬਿਆਂ ਦੀਆਂ ਤਰੱਕੀਆਂ ਅਤੇ ਵਿਕਾਸ ਵਿਚ ਰੁਕਾਵਟਾਂ ਪੈਂਦੀਆਂ ਰਹੀਆਂ ਅਤੇ ਇਸ ਡੀਫੈਕਸ਼ਨਜ਼ ਦੀ ਵਜ੍ਹਾ ਕਰਕੇ ਇਨਸਟੇਬਲ ਸਰਕਾਰਾਂ ਬਣੀਆਂ ਜਿਸ ਨਾਲ ਕਿ ਡੀਵੈਲਪਮੈਂਟ ਦੇ ਕੰਮਾਂ ਵਿਚ ਰੁਕਾਵਟ ਪੈਦਾ ਹੋਈ। ਇਹ ਜਿਹੜਾ ਰੈਜ਼ੋਲਿਊਸ਼ਨ ਅੱਜ ਸਾਹਮਣੇ ਆਇਆ ਹੈ ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਕਿਸੇ ਲਾਲਚ ਕਰਕੇ, ਕਿਸੇ ਡਰ ਕਰਕੇ ਜਾਂ ਕਿਸੀ ਹੋਰ ਮੁਫਾਦ ਕਰਕੇ ਪਾਰਟੀ ਨੂੰ ਛਡਦਾ ਹੈ ਅਤੇ ਦੂਸਰੀ ਪਾਰਟੀ ਵਿਚ ਸ਼ਾਮਲ ਹੁੰਦਾ ਹੈ ਤਾਂ ਇਸ ਗਲ ਦੀ ਕਤਈ ਤੌਰ ਤੇ ਇਜਾਜ਼ਤ ਨਹੀਂ ਹੋਣੀ ਚਾਹੀਦੀ ਪਰ ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਜੇ ਕੋਈ ਇਮਾਨਦਾਰੀ ਦੇ ਨਾਲ ਕਹੇ ਕਿ ਮੇਰਾ ਇਸ ਪਾਰਟੀ ਨਾਲ ਨਿਭਾ ਨਹੀਂ ਅਤੇ ਜੋ ਅਸੂਲ ਪਹਿਲਾਂ ਬਣਾਏ ਸੀ ਉਸ ਤੇ ਹੁਣ ਇਹ ਚਲਣਾ ਨਹੀਂ ਚਾਹੁੰਦੇ ਤਾਂ ਇਨ੍ਹਾਂ ਗਲਾਂ ਕਰਕੇ ਅਗਰ ਕੋਈ ਦੂਸਰੀ ਪਾਰਟੀ ਵਿਚ ਜਾਣਾ ਚਾਹੁੰਦਾ ਹੈ ਤਾਂ ਉਸ ਨੂੰ ਇਸ ਗਲ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਇਹ ਦੁਨੀਆਂ ਭਰ ਦਾ ਅਸੂਲ ਹੈ। ਇਹ ਠੀਕ ਹੈ ਕਮਿਊਨਿਸਟ ਮੁਲਕਾਂ ਵਿਚ ਅਸੂਲ ਦੀ ਕੋਈ ਗਲ ਨਹੀਂ ਹੁੰਦੀ। ਡੈਮੋਕਰੇਸੀ ਅਤੇ ਕਮਿਊਨਿਜ਼ਮ ਵਿਚ ਬੜਾ ਫਰਕ ਹੈ। ਕਮਿਊਨਿਜ਼ਮ ਵਿਚ ਆਜ਼ਾਦੀ ਨਹੀਂ ਹੈ। ਮੈਂ ਤੁਹਾਨੂੰ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਮੈਂ ਇਕ ਵਾਰੀ ਰੂਸ ਗਿਆ। ਮੈਂ ਕਿਸੇ ਨੂੰ ਮਾੜਾ ਨਹੀਂ ਕਹਿੰਦਾ ਫਿਰ ਰੂਸ ਤਾਂ ਹੈ ਵੀ ਚੰਗਾ ਅਤੇ ਸਾਡਾ ਦੋਸਤ ਹੈ। ਔਖੇ ਵੇਲੇ ਸਾਡੀ ਮਦਦ ਕਰਦਾ ਹੈ। ਅਸੀਂ ਜਦੋਂ ਰੂਸ ਦੀ ਕਾਫੀ ਸੈਰ ਕਰ ਲਈ ਤਾਂ ਸਾਨੂੰ ਇਹ ਪੁਛਿਆ ਕਿ ਰੂਸ ਦੇ ਬਾਰੇ ਤੁਹਾਡਾ ਇਮਪਰੈਸ਼ਨ ਕੀ ਹੈ। ਮੈਂ ਕਿਹਾ ਕਿ ਇਹ ਮੈਂ ਕੀ ਕਹਿ ਸਕਦਾ ਹਾਂ। ਉਨ੍ਹਾਂ ਨੇ ਕਿਹਾ ਨਹੀਂ ਫਿਰ ਵੀ ਅਗਰ ਕੋਈ ਨੁਕਸ ਹਨ ਤਾਂ ਦਸੋ। ਮੈਂ ਕਿਹਾ ਕੁਝ ਗਲਾਂ ਬਹੁਤ ਚੰਗੀਆਂ ਹਨ ਅਤੇ ਜਿਨ੍ਹਾਂ ਨੂੰ ਦੇਖ ਕੇ ਅਸੀਂ ਬਹੁਤ ਖੁਸ਼ ਹੋਏ ਹਾਂ। ਦਿਲ ਡਰਦਾ ਸੀ ਕਹੀਏ ਤਾਂ ਕੀ ਕਹੀਏ, ਬਾਹਰਲੇ ਦੇਸ਼ ਵਿਚ ਬੈਠੇ ਹਾਂ ਅਗਰ ਕੋਈ ਗਲ ਇਸ ਤਰ੍ਹਾਂ ਦੀ ਕਹਿ ਦਿਤੀ ਤਾਂ ਪਤਾ ਨਹੀਂ ਕੀ ਹੋਏਗਾ, ਕੀ ਨਹੀਂ ਹੋਏਗਾ। ਪਰ ਉਨ੍ਹਾਂ ਨੇ ਕਿਹਾ ਕਿ ਤੁਸੀਂ ਸਾਨੂੰ ਫਾਰਮਲ ਗਲਾਂ ਨਾ ਦਸੋ। ਮੈਂ ਬੜਾ ਡਰ ਡਰ ਕੇ ਕਿਹਾ ਕਿ ਹੋਰ ਤਾਂ ਸਭ ਕੁਝ ਤੁਹਾਡਾ ਠੀਕ ਹੈ ਪਰ ਇਥੇ ਸਿਵਲ ਲਿਬਰਟੀ ਨਹੀਂ ਹੈ। ਉਹ ਕਹਿਣ ਲਗੇ ਕਿ ਸਿਵਲ ਲਿਬਰਟੀ ਕਿਸ ਤਰ੍ਹਾਂ ਨਹੀਂ ਹੈ। ਤੁਸੀਂ ਦੇਖੋ ਕਿ ਕਿਤਨੇ ਸਕੂਲ ਹਨ, ਕਿਤਨੇ ਕਾਲਜ ਹਨ ਅਤੇ ਕਿਤਨੇ ਐਂਟਰਟੇਨਮੈਂਟ ਸੈਂਟਰਜ਼ ਹਨ, ਕਿਤਨੀਆਂ ਪਾਰਕਾਂ ਹਨ। ਉਨ੍ਹਾਂ ਨੇ ਕਈ ਚੀਜ਼ਾਂ ਗਿਣੀਆਂ।

ਕਾਮਰੇਡ ਰਾਜ ਕੁਮਾਰ: ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਆਦਰਨੀਏ ਮੈਂਬਰ ਸਾਹਿਬ ਇਕ ਦੋਸਤ ਮੁਲਕ ਦੇ ਮੁਤੱਲਕ ਇਹ ਲਫਜ਼ ਕਹਿ ਰਹੇ ਹਨ ਕਿ ਉਥੇ ਸਿਵਲ ਲਿਬਰਟੀਜ਼ ਨਹੀਂ ਹੈ ਮੈਂ ਸਮਝਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਹਾਂ ਕਿ ਉਹ ਆਪਣੇ ਅਖਤਿਆਰਾਂ ਤੋਂ ਵੀ ਜ਼ਿਆਦਾ ਉਪਰ ਜਾ ਰਹੇ ਹਨ ਅਤੇ ਵੈਸੇ ਵੀ ਇਹ ਗਲ ਠੀਕ ਨਹੀਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਫੁਰਮਾਇਆ ਹੈ ਕਿ ਰੂਸ ਵਿਚ ਸਿਵਲ ਲਿਬਰਟੀਜ਼ ਨਹੀਂ ਹੈ । (ਵਿਘਨ) ਮੇਰੀ ਤਾਂ ਬੇਨਤੀ ਹੈ ਅਗਰ ਮੁਨਾਸਿਬ ਸਮਝੋ ਤਾਂ ਪ੍ਰਵਾਨ ਕਰ ਲਉ । (ਵਿਘਨ)

**ਸ਼੍ਰੀ ਡਿਪਟੀ ਸਪੀਕਰ:** ਉਹ ਰੈਲੇਵੈਂਟ ਬੋਲ ਰਹੇ ਹਨ । ਡਿਸਕਸ ਕਰ ਸਕਦੇ ਹਨ । (ਵਿਘਨ) (The hon. Member is quite relevant and can continue)

**ਸ਼੍ਰੀ ਯਸ਼ਪਾਲ:** ਡਿਪਟੀ ਸਪੀਕਰ ਸਾਹਿਬ, ਡੈਮੋਕਰੈਟਿਕ ਰਾਈਟਸ ਦੇ ਅਤੇ ਉਨ੍ਹਾਂ ਦੇ ਰਾਈਟਸ ਦੇ ਵਿਚ ਕਿਤਨਾ ਫਰਕ ਹੈ, ਇਹ ਮੈਂ ਦਸਣਾ ਚਾਹੁੰਦਾ ਸੀ । ਮੈਂ ਕੋਈ ਕਮਿਊ-ਨਿਜ਼ਮ ਦੀ ਮੁਖਾਲਫਤ ਨਹੀਂ ਕਰ ਰਿਹਾ ਅਤੇ ਨਾ ਹੀ ਰੂਸ ਦੀ ਮੁਖਾਲਫਤ ਕਰ ਰਿਹਾ ਹੈ । ਰੂਸ ਸਾਡਾ ਇਕ ਬਹੁਤ ਅੱਛਾ ਦੋਸਤ ਹੈ ਅਤੇ ਓਸ ਨੂੰ ਚੰਗਾ ਸਮਝਦੇ ਹਾਂ ਅਤੇ ਉਸ ਦੀ ਜਿੰਨੀ ਤਾਰੀਫ ਕੀਤੀ ਜਾਵੇ ਉਤਨੀ ਹੀ ਘੱਟ ਹੈ । ਲੇਕਿਨ ਇਹ ਕਦੇ ਨਹੀਂ ਹੋ ਸਕਦਾ ਕਿ ਜਿਹੜਾ ਉਥੇ ਦਾ ਸੈਟ ਅੱਪ ਹੈ ਉਹ ਅਸੀਂ ਮੰਨ ਲਈਏ । ਮੇਰਾ ਖਿਆਲ ਹੈ ਕਿ ਉਹ ਇਥੇ ਦੀ ਕਮਿਊਨਿਸਟ ਪਾਰਟੀ ਵੀ ਨਹੀਂ ਮੰਨੇਗੀ ।

ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਸਿਵਲ ਲਿਬਰਟੀਜ਼ ਦੀਆਂ ਕਈ ਚੀਜ਼ਾਂ ਗਿਣਨੀਆਂ ਸ਼ੁਰੂ ਕਰ ਦਿਤੀਆਂ ਕਿ ਫਲਾਣੀਆਂ ਫਲਾਣੀਆਂ ਹਨ । ਮੈਂ ਕਿਹਾ ਕਿ ਦੋ ਚੀਜ਼ਾਂ ਹੁੰਦੀਆਂ ਹਨ ਇਕ ਸਿਵਲ ਲਿਬਰਟੀਜ਼ ਅਤੇ ਦੂਸਰੀ ਸਿਵਲ ਅਮੈਨੀਟੀਜ਼ । ਜਿਹੜੀਆਂ ਚੀਜ਼ਾਂ ਤੁਸੀਂ ਗਿਣੀਆਂ ਹਨ ਉਹ ਸਿਵਲ ਅਮੈਨੀਟੀਜ਼ ਤਾਂ ਹੋ ਸਕਦੀਆਂ ਹਨ ਪਰ ਸਿਵਲ ਲਿਬਰਟੀਜ਼ ਨਹੀਂ ਹੋ ਸਕਦੀਆਂ । (ਵਿਘਨ) ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਰੂਸ ਦੀ ਗਲ ਸੁਣ ਕੇ ਇਨ੍ਹਾਂ ਦਾ ਜੀਅ ਮਾੜਾ ਹੋ ਜਾਂਦਾ ਹੈ । ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਊਟ ਲੁਕ ਦਾ ਫਰਕ ਹੈ । ਹਿੰਦੁਸਤਾਨ ਦੇ ਵਿਚ ਜਿਤਨੀ ਲੋਕਾਂ ਨੂੰ ਖੁਲ੍ਹ ਹੈ, ਜਿੰਨੀ ਲੋਕਾਂ ਨੂੰ ਅਸੀਂ ਖੁਲ੍ਹੀ ਛੁਟੀ ਦਿਤੀ ਹੋਈ ਹੈ, ਜਿਤਨੇ ਅਸੀਂ ਹੱਕ ਦਿਤੇ ਹਨ ਉਤਨੇ ਦੁਨੀਆਂ ਦੇ ਕਿਸੇ ਵੀ ਰਾਜ ਵਿਚ ਨਹੀਂ । ਇਹੀ ਵਜ੍ਹਾਂ ਹੈ ਕਿ ਇਸ ਮੁਲਕ ਵਿਚ ਇਤਨੀ ਏਕਤਾ ਰਹਿ ਸਕੀ ਹੈ । ਜੇ ਪਾਕਿਸਤਾਨ ਦੀ ਗਲ ਕਰਾਂ ਤਾਂ ਇਥੇ ਇਹ ਕਹਿਣਗੇ ਕਿ ਪਾਕਿਸਤਾਨ ਦੀ ਗਲ ਕਿਉਂ ਕੀਤੀ ਹੈ । ਡਿਪਟੀ ਸਪੀਕਰ ਸਾਹਿਬ, ਪਾਕਿਸਤਾਨ ਦੇ ਵਿਚ ਏਕਤਾ ਕਾਇਮ ਕਿਉਂ ਨਹੀਂ । ਏਕਤਾ ਇਸ ਕਰਕੇ ਨਹੀਂ ਕਾਇਮ ਕਿ ਉਥੇ ਦੇ ਲੋਕਾਂ ਨੂੰ ਡੈਮੋਕਰੈਟਿਕ ਹੱਕ ਹਾਸਲ ਨਹੀਂ ਹਨ । ਅੱਜ ਅਗਰ ਬੰਗਲਾ ਦੇਸ਼ ਵਖਰਾ ਹੋਇਆ ਹੈ ਤਾਂ ਕਿਉਂ ਹੋਇਆ ਹੈ, ਅੱਜ ਅਗਰ ਮੁਜੀਬ ਸਾਹਿਬ ਹਿੰਦੁਸਤਾਨ ਦੇ ਦੋਸਤ ਹਨ ਤਾਂ ਪਾਕਿਸਤਾਨ ਦੇ ਕਿਉਂ ਨਹੀਂ । (ਵਿਘਨ) ਸੋ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਦਾ ਧਿਆਨ ਇਸ ਗਲ ਵਲ ਦੁਆਉਣਾ ਚਾਹੁੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਰਾਹੀਂ ਅਸੀਂ ਇਸ ਗਲ ਦਾ ਯਤਨ ਕਰੀਏ ਕਿ ਪੋਲੀਟੀਕਲ ਕੁਰੱਪਸ਼ਨ ਰੁਕੇ, ਮਾੜੇ ਮੋਟਿਵ ਨਾਲ, ਲਾਲਚ ਨਾਲ ਜਾਂ ਡਰ ਨਾਲ ਡਿਫੈਕਸ਼ਨ ਜੋ ਹੁੰਦੀ ਹੈ ਉਹ ਰੁਕੇ ਲੇਕਿਨ ਇਸ ਗਲ ਦੀ ਅਗਰ ਅਸੀਂ ਕੋਸ਼ਿਸ਼ ਕਰੀਏ ਕਿ ਜੇ ਕੋਈ ਇਮਾਨਦਾਰੀ ਦੇ ਨਾਲ ਪਾਰਟੀ ਬਦਲੇ ਤੇ ਉਸ ਤੇ ਕੋਈ ਪਾਬੰਦੀ ਲਗਾ ਦੇਈਏ ਤਾਂ ਉਸ ਨੂੰ ਮੈਂ ਠੀਕ ਨਹੀਂ ਸਮਝਦਾ।

Original with;
Punjab Vidhan Sabha
Digitized by;
Panjab Digital Library

ਸ੍ਰੀ ਡਿਪਟੀ ਸਪੀਕਰ: ਯਸ਼ ਜੀ, ਜੋ ਤੁਸੀਂ ਕਹਿੰਦੇ ਹੋ ਉਸ ਦੇ ਨਾਲ ਤਾਂ ਫਿਰ ਆੜ ਹੋ ਜਾਵੇਗੀ। (Yash ji, what you say is likely to afford shelter to the defectors)

**ਸ੍ਰੀ ਯਸ਼ਪਾਲ:** ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਬੁਨਿਆਦੀ ਹੱਕ ਹਨ ਇਸ ਦੇ ਵਿਚ ਕਈ ਗਲਾਂ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ। ਗੁਲਾਬ ਦੇ ਫੁਲ ਦੀ ਅਗਰ ਤੁਸੀਂ ਖੁਸ਼ਬੂ ਲੈਂਦੇ ਹੋ ਤਾਂ ਉਸ ਦੇ ਨਾਲ ਜਿਹੜੇ ਕੰਡੇ ਹੁੰਦੇ ਹਨ ਉਨ੍ਹਾਂ ਨੂੰ ਵਖਰਾ ਨਹੀਂ ਕਰ ਸਕਦੇ, ਉਨ੍ਹਾਂ ਨੂੰ ਵੀ ਨਾਲ ਰਖਣਾ ਪੈਂਦਾ ਹੈ। ਇਹ ਜ਼ਬਾਨ ਜਿਹੜੀ ਇਤਨੀ ਮਿਠੀ ਗਲ ਕਹਿੰਦੀ ਹੈ ਇਹ ਵੀ 32 ਦੰਦਾ ਵਿਚ ਰਹਿੰਦੀ ਹੈ, ਕੀ ਪਤਾ ਦੰਦ ਉਸ ਨੂੰ ਕਦੋਂ ਕਟ ਲਵੇ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਰੈਜ਼ੋਲਿਊਸ਼ਨ ਤੁਸੀਂ ਪਾਸ ਕਰੋ ਪਰ ਇਸ ਦੇ ਵਿਚ ਇਹ ਹੋਣਾ ਚਾਹੀਦਾ ਹੈ ਕਿ ਜੇ ਕੋਈ ਲਾਲਚ ਨਾਲ, ਡਰ ਨਾਲ ਅਤੇ ਕਿਸੀ ਮਾੜੇ ਮੋਟਿਵ ਨਾਲ ਡੀਫੈਕਸ਼ਨ ਕਰਨਾ ਚਾਹੁੰਦਾ ਹੈ ਤਾਂ ਉਸ ਤੇ ਪਾਬੰਦੀ ਹੋਣੀ ਚਾਹੀਦੀ ਹੈ ਪਰ ਜੇ ਕੋਈ ਇਮਾਨਦਾਰੀ ਦੇ ਨਾਲ ਅਸੂਲਨ ਕੋਈ ਪਾਰਟੀ ਬਦਲਣਾ ਚਾਹੇ ਤਾਂ ਉਸ ਦੇ ਲਈ ਪਾਬੰਦੀ ਨਹੀਂ ਹੋਣੀ ਚਾਹੀਦੀ। (ਵਿਘਨ)

ਸ੍ਰੀ ਡਿਪਟੀ ਸਪੀਕਰ: ਫਿਰ ਤਾਂ ਇਹ ਰੈਜ਼ੋਲਿਊਸ਼ਨ ਇਨਅਫੈਕਟਿਵ ਹੋ ਜਾਵੇਗਾ। (Then this resolution would become ineffective)

ਕਾਮਰੇਡ ਰਾਜਕੁਮਾਰ (ਧਾਰੀਵਾਲ): ਆਦਰਨੀਏ ਡਿਪਟੀ ਸਪੀਕਰ ਸਾਹਿਬ, ਇਸ ਮਤੇ ਦਾ ਇਸ ਹਾਊਸ ਵਿਚ ਲਿਆਂਦਾ ਜਾਣਾ ਇਕ ਮਹਾਨ ਘਟਨਾ ਹੈ ਔਰ ਇਨ੍ਹਾਂ ਜਜ਼ਬਾਤ ਦੇ ਵਿਚ ਮੈਂ ਆਪਣੇ ਆਪ ਨੂੰ ਹਾਊਸ ਦੇ ਬਾਕੀ ਮੈਂਬਰ ਸਾਹਿਬਾਨ, ਜੋ ਇਸ ਉਤੇ ਬੋਲੇ ਹਨ, ਉਨ੍ਹਾਂ ਨਾਲ ਸ਼ਾਮਲ ਕਰਦਾ ਹਾਂ। (ਵਿਘਨ)

ਸ੍ਰੀ ਡਿਪਟੀ ਸਪੀਕਰ: ਯਸ਼ ਜੀ ਨਾਲ ਵੀ ਸਹਿਮਤ ਹੋ.. (ਵਿਘਨ) (Do you agree with Yash Ji) ?

ਕਾਮਰੇਡ ਰਾਜ ਕੁਮਾਰ: ਯਸ਼ ਜੀ ਦੀਆਂ ਵੀ ਬਹੁਤ ਸਾਰੀਆਂ ਗਲਾਂ ਨਾਲ ਮੈਂ ਸਹਿਮਤ ਹਾਂ। ਇਕ ਗਲ ਜਿਹੜੀ ਉਨ੍ਹਾਂ ਨੇ ਰਸ਼ੀਆ ਬਾਰੇ ਕਹੀ ਸੀ, ਉਸ ਉਤੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਮੈਂ ਕਹਿੰਦਾ ਹਾਂ ਕਿ ਇਹ ਇਕ ਵੈਲਕਮ ਮਈਯਰ ਹੈ। ਜਿਸ ਵਕਤ ਇਹ ਰੈਜ਼ੋਲਿਊਸ਼ਨ ਆਇਆ ਸੀ ਮੈਂ ਕਿਹਾ ਕਿ ਇਹ ਥੋੜ੍ਹਾ ਜਿਹਾ ਇਨਐਡੀਕੁਏਟ ਹੈ, ਪਰ ਅਸੀਂ ਚੰਗਾ ਸਟਾਰਟ ਕੀਤਾ ਹੈ ਅਤੇ ਸਟਾਰਟ ਇਹ ਹੈ ਕਿ ਅਸੀਂ ਰਿਕੁਮੈਂਡ ਕਰਦੇ ਹਾਂ ਪਾਰਲੀਆਮੈਂਟ ਨੂੰ, ਗੌਰਮੈਂਟ ਆਫ ਇੰਡੀਆ ਨੂੰ ਕਿ ਉਹ ਇਕ ਕਾਨੂੰਨ ਲਿਆਉਣ। ਠੀਕ ਹੈ ਅਸੀਂ ਰਿਕੁਮੈਂਡ ਹੀ ਕਰਨਾ ਹੈ। ਲੇਕਿਨ ਥੋੜ੍ਹੀ ਜਿਹੀ ਸਾਨੂੰ ਆਪਣੇ ਲਈ ਪਾਬੰਦੀ ਕਰਨ ਲਈ ਕੋਈ ਅਖਤਿਆਰ ਲੈਣਾ ਚਾਹੀਦਾ ਹੈ ਅਤੇ ਇਹ ਇਕ ਚੰਗੀ ਗਲ ਹੋਵੇਗੀ। ਉਹ ਇਸ ਸ਼ਕਲ ਵਿਚ ਕਿ ਅਸੀਂ ਅੱਜ ਤੋਂ ਆਪਣੇ ਆਪ ਤੇ ਇਖਲਾਕੀ ਪਾਬੰਦੀ ਨੂੰ ਆਇਦ ਕਰੀਏ ਤਾਂ ਕਿ ਅਸੀਂ ਇਸ ਲਾਕੂਨੇ ਦੀ ਵਜ੍ਹਾ ਨਾਲ ਮੌਕਾ ਨਾ ਛਡੀਏ ਇਸ ਕਿਸਮ ਦੇ ਅਨਸਰ ਵਾਸਤੇ, ਆਉਣ ਵਾਲੇ ਸਮੇਂ ਵਾਸਤੇ ਜਦ ਤਕ ਕਾਨੂੰਨ ਪਾਰਲੀਆਮੈਂਟ ਵਿਚ ਨਹੀਂ ਆਉਂਦਾ। ਉਨ੍ਹਾਂ ਦੀਆਂ ਆਪਣੀਆਂ ਦਿਕਤਾਂ ਹਨ ਔਰ ਉਨ੍ਹਾਂ ਨੇ ਆਪ ਆਬਰੂ ਕਰਨਾ ਹੈ। ਹੋ ਸਕਦਾ ਹੈ ਕਿ ਸਾਡੇ ਮੁਤਾਬਕ ਉਥੇ ਇਤਨੀ ਜਲਦੀ ਨਾ ਹੋ ਸਕੇ ਪਰ ਸਾਨੂੰ ਅੱਜ ਤੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਇਖਲਾਕੀ ਤੌਰ ਤੇ ਪਾਬੰਦ ਕਰਨਾ ਚਾਹੀਦਾ ਹੈ । ਅਸੀਂ ਚਾਹੁੰਦੇ ਹਾਂ ਕਿ ਕੋਈ ਅੱਜ ਤੋਂ ਤਰਮੀਮ ਹੋ ਜਾਏ ਅਤੇ ਕੋਈ ਅਜਿਹੇ ਕਦਮ ਚੁਕੇ ਜਾਣ ਜਿਸ ਦੇ ਅੱਛੇ ਨਤੀਜੇ ਨਿਕਲਣ । ਡਿਪਟੀ ਸਪੀਕਰ ਸਾਹਿਬ, ਇਸ ਡਿਫੈਕਸ਼ਨ ਨੇ ਸਾਡੇ ਪੰਜਾਬ ਦੇ ਤਜਰਬੇ ਤੋਂ ਪਤਾ ਚਲਦਾ ਹੈ ਕਿ ਡੈਮੋਕਰੈਟਿਕ ਪ੍ਰਾਸੈਸ ਨੂੰ ਹਾਰਮ ਕੀਤਾ ਹੈ ਜਿਹੜਾ ਸਾਡੇ ਮੁਲਕ ਵਿਚ ਸ਼ੁਰੂ ਹੋਇਆ ਸੀ । ਇਸ ਨੇ ਇਕ ਐਸਾ ਐਟਮਾਸਫੀਅਰ ਪੈਦਾ ਕੀਤਾ, ਜਿਸ ਨੂੰ ਸਾਰਿਆਂ ਨੇ ਇਨਸਟੈਬਿਲਟੀ ਦਾ ਐਟਮਾਸਫੀਅਰ ਕਿਹਾ ਹੈ । ਇਸ ਨੇ ਇਕ ਐਸੀ ਬੀਮਾਰੀ ਨੂੰ ਕਰੀਏਟ ਕੀਤਾ, ਜਿਸ ਤੋਂ ਕੈਰੀਅਰਿਸਟ ਦੀ ਇਕ ਨਵੀਂ ਜਮਾਤ ਪੁਲੀਟੀਕਲ ਅੱਪ-ਸਟਾਰਟ ਦੀ ਪੈਦਾ ਹੋਈ । ਡਿਪਟੀ ਸਪੀਕਰ ਸਾਹਿਬ, ਇਸ ਡਿਫੈਕਸ਼ਨ ਨੇ, ਬਰਿਟਸ਼ ਵਕਤ ਦੇ ਉਨ੍ਹਾਂ ਟੋਡੀਆਂ ਨੂੰ ਜਿਨਾਂ ਨੂੰ ਨੈਸ਼ਨਲ ਮੂਵਮੈਂਟ ਦੇ ਜ਼ੋਰ ਨੇ ਦਬਾ ਦਿਤਾ ਸੀ, ਇਕ ਵਾਰੀ ਫਿਰ ਥਰੋ ਅੱਪ ਕੀਤਾ ਅਤੇ ਉਹ ਜਿਹੜੇ ਆਨਰ ਆਫ ਪੋਜ਼ੀਸਨ ਵਿਚ ਹਨ ਉਨ੍ਹਾਂ ਨੂੰ ਹੱਥ ਪਾਉਣ (ਵਿਘਨ) ਜਿਸ ਤਰ੍ਹਾਂ ਚੌਧਰੀ ਦਰਸ਼ਨ ਸਿੰਘ ਨੇ ਜ਼ਿਮਨੀ ਸਵਾਲ ਵਿਚ ਇਹ ਰਖਿਆ ਸੀ ਕਿ ਜਿਨ੍ਹਾਂ ਨੇ ਉਹ ਜਾਇਦਾਦਾਂ ਪ੍ਰਾਪਤ ਕੀਤੀਆਂ ਸਨ ਦੇਸ਼ ਨਾਲ ਗਦਾਰੀ ਕਰਕੇ ਕੀ ਕੋਈ ਐਸੀ ਗਲ ਸੋਚ ਸਕਦੇ ਹੋ ਕਿ ਉਨ੍ਹਾਂ ਦੀਆਂ ਉਹ ਜਾਇਦਾਦਾਂ ਵਾਪਸ ਲਈਆਂ ਜਾਣ । ਜਾਇਦਾਦਾਂ ਵਾਪਸ ਲੈਣ ਲਈ ਕਿਹਾ ਕਿ ਵਾਪਸ ਨਹੀਂ ਲਈਆਂ ਕਿਉਂਕਿ ਵਿਧਾਨ ਦਿਕਤਾਂ ਪਾਉਂਦਾ ਹੈ, ਪਰ ਮੈਂ ਕਹਿੰਦਾ ਹਾਂ ਕਿ ਇਹ ਤਾਂ ਵਿਧਾਨ ਦਿਕਤਾਂ ਨਹੀਂ ਪਾਉਂਦਾ ਇਸ ਕਿਸਮ ਦੇ ਅਨਸਰ ਨੂੰ ਜਿਨ੍ਹਾਂ ਦਾ ਤੁਅਲਕ ਅੰਗਰੇਜ਼ ਰਾਜ ਦੀ ਪੁਸ਼ਤਪਨਾਹ ਵਿਚ ਰਿਹਾ ਹੈ, ਘਟੋ ਘਟ ਇਹ ਤਾਂ ਕਰ ਸਕਦੇ ਹੋ ਕਿ ਟੋਡੀ ਖਾਨਦਾਨ ਦੇ ਜਿਹੜੇ ਬੰਦੇ ਹਨ ਉਨ੍ਹਾਂ ਨੂੰ ਮੁਲਕ ਦੀ ਪੁਜ਼ੀਸ਼ਨ ਵਿਚ ਨਹੀਂ ਆਉਣ ਦਿਤਾ ਜਾਏਗਾ । ਅਗਰ ਮੈਂ ਗਲਤ ਨਹੀਂ ਕਹਿੰਦਾ ਤਾਂ ਸ਼ਾਇਦ ਸਰਦਾਰ ਨਸੀਬ ਸਿੰਘ ਗਿਲ ਜੀ ਵੀ ਮੰਨਣਗੇ ਕਿ ਇਹ ਗਲ ਗਲਤ ਨਹੀਂ (ਵਿਘਨ) ਉਨ੍ਹਾਂ ਲਈ ਤਾਂ ਇਹ ਜ਼ਰੂਰ ਕਰੋ ਕਿ ਉਹ ਪਬਲਿਕ ਵਿਚ ਆਨਰ ਵਾਲੀ ਪੋਜ਼ੀਸ਼ਨ ਨਾ ਬਣਾ ਸਕਣ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਗਲ ਇਹ ਹੈ ਕਿ ਕੁਝ ਅਰਸਾ ਹੋਇਆ ਅਖਬਾਰਾਂ ਵਿਚ ਚਰਚਾ ਚਲਿਆ ਸੀ ਕਿ ਸਾਡੇ ਮੁਲਕ ਵਿਚ ਜਿਹੜੇ ਡਿਵੈਲਪਮੈਂਟ ਦੇ ਕੰਮ ਹਨ ਉਸ ਦੇ ਰਾਹ ਵਿਚ ਇਕ ਐਸੀ ਬਿਊਰੋਕਰੈਸੀ ਰੁਕਾਵਟ ਹੈ ਜਿਹੜੀ ਅਜਿਹੇ ਪ੍ਰਬੰਧ ਵਿਚ ਕਮਿਟਿਡ ਨਹੀਂ । ਇਸ ਗਲ ਦਾ ਚਰਚਾ ਚਲਦਾ ਰਿਹਾ ਅਤੇ ਸਾਡੇ ਦੇਸ਼ ਦੇ ਬਹੁਤ ਸਾਰੇ ਅੱਛੇ ਲੋਕਾਂ ਨੇ ਇਸ ਵਿਚ ਹਿਸਾ ਲਿਆ । ਡਿਪਟੀ ਸਪੀਕਰ ਸਾਹਿਬ, ਅਗਰ ਮੈਂ ਗੁਸਤਾਖੀ ਨਾ ਕਰਾਂ (ਵਿਘਨ) ਕਿ ਜਿਸ ਵਕਤ ਇਸ ਗਲ ਤੇ ਬਹਿਸ ਸ਼ੁਰੂ ਹੋਈ ਤਾਂ ਨਾਲ ਇਕ ਪ੍ਰਾਸੈਸ ਸ਼ੁਰੂ ਹੋ ਗਿਆ ਡਿਫੈਕਸ਼ਨਜ਼ ਦਾ ਇਨ੍ਹਾਂ ਸਾਰਿਆਂ ਵਿਚ, ਇਹ ਗਲ ਕਹਿਣ ਵਿਚ ਜ਼ਬਾਨ ਵੀ ਮਿਲੀ ਅਤੇ ਤਿਖੇ ਦੰਦ ਵੀ ਮਿਲੇ । ਸਾਨੂੰ ਕਹਿੰਦੇ ਹੋ ਕਿ ਅਸੀਂ ਕਮਿਟਿਡ ਹਾਂ । ਮੈਂ ਕਹਿੰਦਾ ਹਾਂ ਕੀ ਇਹ ਕਮਿਟਮੈਂਟ ਹੈ ਕਿ ਝੰਡਾ ਕੋਈ ਖੜਾ ਕਰੋ, ਸਿੰਬਲ ਕੋਈ ਲਵੋ, ਆਪਣੇ ਮਫਾਦ ਦੀ ਖਾਤਰ ਝੰਡੇ ਨੂੰ ਛਡ ਦਿਉ ਸਿੰਬਲ ਨੂੰ ਛਡ ਦਿਉ, ਇਸ ਗਲ ਨੂੰ ਵੀ ਹਵਾ ਮਿਲੀ ਹੈ । ਸੋ ਇਸ ਵਾਤਾਵਰਣ ਨੇ ਸਾਡੇ ਦੇਸ਼ ਵਿਚ ਗਲਤ ਵਾਤਾਵਰਣ ਦੀ ਕਦਰ ਪੈਦਾ ਕਰ ਦਿਤੀ । ਉਸ ਸਾਰੇ ਵਾਤਾਵਰਣ ਵਿਚ ਜਿਵੇਂ ਕਿ ਡਾਂਗ ਸਾਹਿਬ ਨੇ ਕਿਹਾ ਹੈ, ਮੈਂ ਆਪਣੇ ਆਪ ਨੂੰ ਉਨ੍ਹਾ ਨਾਲ ਫੁਲੀ ਐਸੋਸੀਏਟ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਉਸ ਵਾਤਾਵਰਣ ਨੂੰ ਇਹ ਮਈਯਰ ਖਤਮ ਨਹੀਂ ਕਰ ਸਕੇਗਾ ਕਿਉਂਕਿ

Original with;
Punjab Vidhan Sabha
Digitized by;
Panjab Digital Library

ਇਸ ਦੀਆਂ ਜੜ੍ਹਾਂ ਸਾਡੇ ਸਮਾਜ ਦੇ ਬੁਨਿਆਦੀ ਢਾਂਚੇ ਵਿਚ ਮੌਜੂਦ ਹਨ । ਲੇਕਿਨ ਮੈਂ ਇਹ ਗਲ ਜ਼ਰੂਰ ਰਿਕੋਗਨਾਈਜ਼ ਕਰਦਾ ਹਾਂ ਕਿ ਇਸ ਹਾਊਸ ਵਿਚ ਇਸ ਗਲ ਤੇ ਯੂਨਾਨਿਮਿਟੀ ਹੈ ਕਿ ਇਹ ਮਈਯਰ ਸਾਨੂੰ ਇਸ ਵਾਤਾਵਰਣ ਉਤੇ ਕਾਬੂ ਪਾਉਣ ਵਿਚ ਇਮਦਾਦੀ ਹੋਵੇਗਾ । ਬਾਕੀ ਮੈਂ ਅਰਜ਼ ਕਰਾਂ ਕਿ ਇਸ ਗਲ ਤੇ ਕਾਹਲ ਵਿਖਾਈ ਜਾ ਰਹੀ ਸੀ ਕਿ ਛੇਤੀ ਹੋਵੇ ਅਤੇ ਦੂਸਰੇ ਮਤੇ ਨੂੰ ਸ਼ੁਰੂ ਕੀਤਾ ਜਾਵੇ । ਮੈਂ ਕਹਿੰਦਾ ਹਾਂ ਕਿ ਜਿਹੜਾ ਉਹ ਮਤਾ ਹੈ ਕਿ 18 ਸਾਲ ਦੀ ਉਮਰ ਦੇ ਲੋਕਾਂ ਨੂੰ ਵੋਟ ਦਾ ਹੱਕ ਦਿਤਾ ਜਾਏ ਉਹ ਸਾਡਾ ਸੀ । ਮੈਂ ਇਹ ਵੀ ਸਮਝਦਾ ਹਾਂ ਕਿ ਜਦੋਂ ਇਹ ਫੈਸਲਾ ਅਸੀਂ ਕੀਤਾ ਕਿ ਇਹ ਰੈਜ਼ੋਲਿਊਸ਼ਨ ਪਹਿਲਾਂ ਪਾਸ ਕੀਤਾ ਜਾਏ, ਇਹ ਲਾਜ਼ਮੀ ਤੌਰ ਤੇ ਆਪਣੀ ਅਹਿਮੀਅਤ ਰਖਦਾ ਹੈ । ਇਹ ਇਕ ਮੁਨਾਸਿਬ ਫੈਸਲਾ ਹੋਇਆ ਅਤੇ ਅਸੀਂ ਖੁਲ ਕੇ ਬਹਿਸ ਕਰ ਰਹੇ ਹਾਂ ਅਤੇ ਬੇਸ਼ਕ ਇਸ ਮਤੇ ਤੇ ਵੀ ਬੜੀ ਡਿਸਕਸ਼ਨ ਹੋ ਰਹੀ ਹੈ । ਜਿਥੇ ਅਸੀਂ ਇਸ ਸੰਜੀਦਾ ਮਸਲੇ ਤੇ ਬਹਿਸ ਕਰ ਰਹੇ ਹਾਂ, ਉਥੇ ਉਹ ਮਤਾ ਕੋਈ ਗੈਰ ਸੰਜੀਦਾ ਨਹੀਂ ਜਿਹੜਾ ਕਿ ਪਿਛਲੀ ਵੇਰ ਵਾਂਗ ਗਲ ਵਿਚ ਪਾ ਕੇ ਖਤਮ ਕਰ ਦੇਣਾ ਹੈ । ਉਹ ਇਸ ਤਰ੍ਹਾਂ ਖਤਮ ਕਰਨ ਵਾਲਾ ਨਹੀਂ । ਉਹ ਵੀ ਇਕ ਇਲਾਜ ਹੈ ਇਸ ਡਿਫੈਕਸ਼ਨ ਦੀ ਬੀਮਾਰੀ ਦਾ, ਜਿਹੜੀ ਕਾਫੀ ਅਰਸੇ ਤੋਂ ਸ਼ੁਰੂ ਹੋਈ ਹੈ । ਮੇਰੀ ਬੇਨਤੀ ਹੈ ਕਿ ਉਸ ਨੂੰ ਟਾਕ ਆਊਟ ਨਾ ਕੀਤਾ ਜਾਵੇ ਅਤੇ ਪਿਛਲੇ ਵੀਰਵਾਰ ਮੇਰੇ ਬਹੁਤ ਸਾਰੇ ਵੀਰਾਂ ਦੇ ਵਿਚਾਰ ਸਨ ਕਿ ਉਸ ਨੂੰ ਪਾਸ ਕੀਤਾ ਜਾਵੇ । (ਵਿਘਨ)

**ਵਿੱਤ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਹਾਊਸ ਦੇ ਰੂਲਜ਼ ਵਿਚ ਇਹ ਪ੍ਰੋਵਾਈਡਿਡ ਹੈ ਕਿ ਕੋਈ ਰੈਜ਼ੋਲਿਊਸ਼ਨ ਟਾਕ ਆਊਟ ਨਹੀਂ ਕੀਤਾ ਜਾ ਸਕਦਾ । ਇਹ ਇਨ੍ਹਾਂ ਦੀ ਗਲਤ ਫਹਿਮੀ ਹੈ । ਇਸ ਹਾਊਸ ਵਿਚ ਜਿਹੜਾ ਰੈਜ਼ੋਲਿਊਸ਼ਨ ਮੂਵ ਹੋ ਜਾਵੇ ਉਹ ਟਾਕ ਆਊਟ ਨਹੀਂ ਹੁੰਦਾ ।

**ਸ੍ਰੀ ਡਿਪਟੀ ਸਪੀਕਰ:** ਜਿਹੜਾ ਰੈਜ਼ੋਲਿਊਸ਼ਨ ਮੂਵ ਹੁੰਦਾ ਹੈ, ਉਸ ਤੇ ਬਹਿਸ ਹੁੰਦੀ ਹੈ ਅਤੇ ਵੋਟ ਲਏ ਜਾਂਦੇ ਹਨ ਪਾਸ ਹੋਵੇ ਜਾਂ ਨਾਂ..(ਵਿਘਨ) (Any resolution which is moved in the House is discussed and voted upon irrespective of the fact whether it is passed or not.)

**ਕਾਮਰੇਡ ਰਾਜ ਕੁਮਾਰ:** ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਵੀਰਵਾਰ ਡਿਸਕਸ਼ਨ ਸ਼ੁਰੂ ਹੋਵੇ, ਦੂਜੇ ਵੀਰਵਾਰ ਹੋਰ ਮਤਾ ਆ ਜਾਵੇ ਅਤੇ ਪਾਸ ਹੋਵੇ ਹੋਰ ਵੀਰਵਾਰ (ਵਿਘਨ) ਮੈਨੂੰ ਤਸੱਲੀ ਹੋ ਗਈ ਹੈ ਕਿ ਪਾਸ ਹੋਵੇਗਾ । (ਵਿਘਨ)

ਡਿਪਟੀ ਸਪੀਕਰ ਸਾਹਿਬ, ਯਸ਼ ਜੀ ਨੇ ਜਿਹੜਾ ਫਰਮਾਇਆ ਹੈ ਕਿ ਅਸੈਂਬਲੀ ਦੇ ਮੈਂਬਰਾਂ ਤੋਂ ਇਲਾਵਾ ਇਹ ਕਿਸੇ ਹੋਰ ਤੇ ਪਾਬੰਦੀ ਨਹੀਂ ਹੋਣੀ ਚਾਹੀਦੀ ਕਿਉਂਕਿ ਕੋਈ ਅੱਜ ਇਕ ਵਿਚਾਰ ਰਖਦਾ ਹੈ, ਕੱਲ ਨੂੰ ਹੋ ਸਕਦਾ ਹੈ ਕਿ ਉਹ ਉਨ੍ਹਾਂ ਨੂੰ ਨਾ ਅਪਣਾ ਸਕੇ । ਮੇਰਾ ਖਿਆਲ ਹੈ ਕਿ ਇਹ ਵਿਸ਼ਾ ਹੀ ਸਾਡੇ ਸਾਹਮਣੇ ਨਹੀਂ । ਮੈਂ ਅਰਜ਼ ਕਰਦਾ ਹਾਂ ਕਿ ਵਿਚਾਰ ਇਕ ਐਸੀ ਚੀਜ਼ ਨਹੀਂ ਜਿਹੜੀ ਇਕ ਥਾਂ ਤੇ ਖੜੀ ਹੈ । ਇਹ ਤਾਂ ਲਗਾਤਾਰ ਤਬਦੀਲੀ ਅਮਲ ਵਿਚ ਲਿਆਉਣ ਵਾਲੀ ਚੀਜ਼ ਹੈ । ਅਗਰ ਉਹ ਤਬਦੀਲੀ ਇਸ ਪਾਸੇ ਆ ਜਾਏ ਤਾਂ ਵੀ ਵੈਲਕਮ ਔਰ ਜੇ ਉਸ ਪਾਸ ਆ ਜਾਏ ਤਾਂ ਵੀ ਵੈਲਕਮ । ਤਬਦੀਲੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਕੁਦਰਤ ਦਾ ਕਾਨੂੰਨ ਹੈ । ਅਸੀਂ ਤਾਂ ਤਬਦੀਲੀ ਦੇ ਕਾਨੂੰਨ ਵਿਚ ਵਿਸ਼ਵਾਸ ਰਖਦੇ ਹਾਂ । ਅਸੀਂ ਇਕ ਤਾਂ ਉਮੀਦ ਕਰਦੇ ਹਾਂ ਕਿ ਜਿਨ੍ਹਾਂ ਨੂੰ ਹਕੀਕਤ ਅਜ ਨਜ਼ਰ ਨਹੀਂ ਆਉਂਦੀ, ਕੁਦਰਤ ਆਪਣਾ ਕ੍ਰਮ ਕਰ ਰਹੀ ਹੈ, ਉਹ ਹਕੀਕਤ ਵੇਖਣਗੇ ਅਤੇ ਸਹੀ ਥਾਂ ਤੇ ਆਉਣਗੇ। ਜਿਹੜੀ ਚੀਜ਼ ਕਮਿਊਨਿਸਟ ਪਾਰਟੀ ਅੱਜ ਤੋਂ 20 ਵਰ੍ਹਿਆਂ ਤੋਂ ਚਲਾ ਰਹੀ ਹੈ ਕਈ ਸਜਣਾਂ ਦੀ ਪਹੁੰਚ ਵਿਚ ਉਹ ਚੀਜ਼ ਨਹੀਂ ਸੀ ਅਤੇ ਉਨ੍ਹਾਂ ਨੇ ਨਹੀਂ ਮੰਨੀ, ਪਰ ਅੱਜ ਉਨ੍ਹਾਂ ਨੂੰ ਸਮਝ ਆਈ ਹੈ । ਡਿਪਟੀ ਸਪੀਕਰ ਸਾਹਿਬ, ਅਗਰ ਇਹ ਕਾਨੂੰਨ ਕੁਦਰਤ ਦਾ ਨਾਂ ਹੁੰਦਾ ਤਾਂ ਜੋ ਪ੍ਰਾਗਰੈਸਿਵ ਨੀਤੀਆਂ, ਜਿਨ੍ਹਾਂ ਦੀ ਕਿ ਅਸੀਂ ਸਪੋਰਟ ਕਰਦੇ ਹਾਂ ਅਤੇ ਤੁਹਾਡੀਆਂ ਬੈਂਚਾਂ ਤੋਂ ਕਿਸੇ ਵੇਲੇ ਆਉਂਦੀਆਂ ਹਨ, ਉਹ ਕਦੇ ਨਾ ਉਠਦੀਆਂ । ਇਹ ਕਾਨੂੰਨ ਕੁਦਰਤ ਦਾ ਹੈ ਕਿ ਤਬਦੀਲੀ ਹੁੰਦੀ ਹੈ । ਇਸ ਦਾ ਮਕਸਦ ਬੜਾ ਲਿਮਿਟਡ ਹੈ ਜਿਹੜਾ ਕਿ ਪਹਿਲਾਂ ਦਸਿਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ ।

**ਸਰਦਾਰ ਰਣਧੀਰ ਸਿੰਘ ਚੀਮਾ** (ਸਰਹਿੰਦ): ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੀ ਖ਼ੁਸ਼ੀ ਹੈ ਕਿ ਅੱਜ ਇਹ ਮਤਾ ਡਿਫੈਕਸ਼ਨ ਦੇ ਅਗੇਂਸਟ ਇਸ ਹਾਊਸ ਦੇ ਸਾਹਮਣੇ ਆਇਆ ਹੈ ।

**ਸ੍ਰੀ ਡਿਪਟੀ ਸਪੀਕਰ**: ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕਿਸੇ ਕੰਟਰੋਵਰਸੀ ਵਿਚ ਨਾ ਪੈਣਾ ਅਤੇ ਹਾਊਸ ਦੀ ਐਟਮਾਸਫੀਅਰ ਠੀਕ ਰਖਣ ਦੀ ਕੋਸ਼ਿਸ਼ ਕਰਨਾ । (I would request the hon. member not to enter into any controversy and he should try to maintain proper atmosphere in the House.)

**ਸਰਦਾਰ ਰਣਧੀਰ ਸਿੰਘ ਚੀਮਾ**: ਡਿਪਟੀ ਸਪੀਕਰ ਸਾਹਿਬ, ਮੇਰੀ ਇਸ ਗਲ ਨਾਲ ਤੁਸੀਂ ਵੀ ਸਹਿਮਤ ਹੋਵੋਗੇ ਕਿ ਡੈਮੋਕਰੇਸੀ ਵਿਚ ਕਰਿਟੀਸਿਜ਼ਮ ਅਵੱਸ਼ ਪਹਿਲਾਂ ਆਵੇਗਾ ।

ਉਪ ਮੰਤਰੀ (ਗ੍ਰਹਿ ਅਤੇ ਉਦਯੋਗ): ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚੀਮਾ ਸਾਹਿਬ ਨੇ ਡੈਮੋਕਰੇਸੀ ਕਿਹਾ ਸੀ ਕਿ ਡਾਂਗੋਕਰੇਸੀ ।

**ਸਰਦਾਰ ਰਣਧੀਰ ਸਿੰਘ ਚੀਮਾ**: ਮੈਂ ਇਹ ਅਰਜ਼ ਕਰਦਾ ਹਾਂ ਕਿ ਬੜਾ ਅਛਾ ਮਤਾ ਹੈ । ਇਹ ਮਤਾ ਤਾਂ ਅੱਜ ਤੋਂ 25 ਸਾਲ ਪਹਿਲਾਂ ਆਉਣਾ ਚਾਹੀਦਾ ਸੀ । ਇਨ੍ਹਾਂ ਨੇ ਇਹ ਮਤਾ ਬੜਾ ਲੇਟ ਲਿਆਂਦਾ ਹੈ ਅਤੇ ਇਸਦਾ ਕਾਰਨ ਤੁਹਾਡੇ ਸਾਹਮਣੇ ਹੈ ।

**ਸ੍ਰੀ ਡਿਪਟੀ ਸਪੀਕਰ**: ਚੀਮਾ ਸਾਹਿਬ, ਮੌਕਾ ਤਾਂ ਤੁਹਾਨੂੰ ਵੀ ਮਿਲਿਆ ਸੀ । ਤੁਸੀਂ ਵੀ ਇਹ ਲਿਆ ਸਕਦੇ ਸੀ । (Cheema Sahib, you also got an opportunity when you could also have tabled such a resolution.)

Original with;
Punjab Vidhan Sabha
Digitized by;
Panjab Digital Library

**ਚੌਧਰੀ ਸੁੰਦਰ ਸਿੰਘ:** ਡਿਪਟੀ ਸਪੀਕਰ ਸਾਹਿਬ, ਚੀਮਾ ਸਾਹਿਬ ਨੇ ਕਿਹਾ ਹੈ ਕਿ ਇਹ ਰੈਜ਼ੋਲਿਉਸ਼ਨ 25 ਸਾਲ ਪਹਿਲਾਂ ਆਉਣਾ ਚਾਹੀਦਾ ਸੀ । ਮੈਂ ਕਹਿੰਦਾ ਹਾਂ ਕਿ ਉਦੋਂ ਲੋਕ ਚੰਗੇ ਸਨ । ਉਦੋਂ ਕੋਈ ਡਿਫੈਕਸ਼ਨ ਨਹੀਂ ਸੀ ਹੁੰਦੀ । ਉਦੋਂ ਤੁਸੀਂ ਵੀ ਨਹੀਂ ਸੀ ।

**ਸਰਦਾਰ ਰਣਧੀਰ ਸਿੰਘ ਚੀਮਾ:** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਿੰਦਾ ਹਾਂ ਕਿ ਡਿਫੈਕਸ਼ਨ ਉਦੋਂ ਸ਼ੁਰੂ ਹੋਈ ਜਦੋਂ ਇਨ੍ਹਾਂ ਦਾ ਰਾਜ ਸੀ । ਡਿਪਟੀ ਸਪੀਕਰ ਸਾਹਿਬ, ਸਾਡੀਆਂ ਜਿਹੜੀਆਂ ਪਿਛਲੀਆਂ ਚੋਣਾਂ ਹੋਈਆਂ ਅਤੇ ਜਿਹੜੇ ਸਾਡੇ ਸਾਹਮਣੇ ਬੈਠੇ ਹਨ ਇਹ ਸਾਰੇ ਡਿਫੈਕਟਰਜ਼ ਹਨ । ਇਹ ਅਸਲੀਅਤ ਨੂੰ ਨਹੀਂ ਮੰਨਦੇ । ਗਾਂਧੀ ਜੀ ਸਾਡੇ ਮਹਾਨ ਦੇਸ਼ ਭਗਤ ਸਨ ।

**ਸ੍ਰੀ ਸਰਦਾਰੀ ਲਾਲ ਕਪੂਰ:** ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਤੁਸੀਂ ਹੁਣੇ ਕਿਹਾ ਸੀ ਕਿ ਠੀਕ ਵਾਤਾਵਰਣ ਵਿਚ ਗਲ ਕਰਨੀ ਚਾਹੀਦੀ ਹੈ । ਚੀਮਾ ਸਾਹਿਬ ਨੇ ਕਿਹਾ ਹੈ ਕਿ ਇਹ ਸਾਰੇ ਡਿਫੈਕਟਰਜ਼ ਹਨ । ਇਨ੍ਹਾਂ ਨੂੰ ਜਾਂ ਤਾਂ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ ਜਾਂ ਫਿਰ ਇਹ ਐਕਸਪੰਜ ਕਰਨੇ ਚਾਹੀਦੇ ਹਨ ।

**ਸ੍ਰੀ ਡਿਪਟੀ ਸਪੀਕਰ:** ਇਹ ਤਾਂ ਆਦਤ ਤੋਂ ਮਜਬੂਰ ਹਨ । ਇਨ੍ਹਾਂ ਦਾ ਸੁਭਾਅ ਹੀ ਇਸ ਤਰ੍ਹਾਂ ਦਾ ਹੈ । (He is helpless. He is in the habit of saying such things.)

**ਸਰਦਾਰ ਰਣਧੀਰ ਸਿੰਘ ਚੀਮਾ:** ਡਿਪਟੀ ਸਪੀਕਰ ਸਾਹਿਬ, ਪਿਛੇ ਪਾਰਲੀਮੈਂਟ ਦੀਆਂ ਅਲੈਕਸ਼ਨਾਂ ਹੋਈਆਂ । ਉਸ ਤੋਂ ਪਹਿਲਾਂ 1967 ਦੀਆਂ ਚੋਣਾਂ ਹੋਈਆਂ । ਸਾਡੇ ਹਿੰਦੁਸਤਾਨ ਦੇ ਪ੍ਰਧਾਨ ਦੀ ਚੋਣ ਹੋਈ । ਇਸ ਪਾਰਟੀ ਦਾ ਫੈਸਲਾ ਸੀ ਕਿ ਰੈਡੀ ਸਾਹਿਬ ਨੂੰ ਪ੍ਰਧਾਨ ਬਣਾਉਣਾ ਹੈ । ਇਸ ਪਾਰਟੀ ਨੇ ਆਪਣੇ ਮੈਨੀਫੈਸਟੋ ਦੇ ਉਲਟ ਵੋਟ ਦਿੱਤੀ ਅਤੇ ਗਿਰੀ ਸਾਹਿਬ ਨੂੰ ਬਣਾ ਦਿੱਤਾ । ਗਿਰੀ ਸਾਹਿਬ ਨੇ ਬੀਬੀ ਜੀ ਨੂੰ ਪਾਵਰ ਦੇ ਦਿੱਤੀ । ਜਿੰਨੀ ਦੇਰ ਰਾਜ ਕੀਤਾ ਉਹ ਡਿਫੈਕਸ਼ਨ ਦੇ ਸਿਰ ਤੇ ਹੀ ਕੀਤਾ । ਅੱਜ ਵੀ ਉਹ ਡਿਫੈਕਟਰਜ਼ ਹਨ । ਜਿਹੜੇ ਸਹੀ ਗਾਂਧੀਵਾਦ ਦੇ ਹਾਮੀ ਸਨ ਉਨ੍ਹਾਂ ਨੂੰ ਤਾਂ ਖੁੱਡੇ ਲਾ ਦਿੱਤਾ ਹੈ ।

**ਸ੍ਰੀ ਡਿਪਟੀ ਸਪੀਕਰ:** ਤੁਸੀਂ ਕੋਈ ਕੰਸਟਰਕਟਿਵ ਗਲ ਕਰੋ । (Please give some constructive suggestion)

**ਚੌਧਰੀ ਦਰਸ਼ਨ ਸਿੰਘ:** ਡਿਪਟੀ ਸਪੀਕਰ ਸਾਹਿਬ, ਚੀਮਾ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗਿਰੀ ਸਾਹਿਬ ਜਦੋਂ ਰਾਸ਼ਟਰਪਤੀ ਦੀ ਚੋਣ ਲਈ ਖੜੇ ਹੋਏ ਤਾਂ ਉਹ ਕਿਸੇ ਪਾਰਟੀ ਦੀ ਟਿਕਟ ਤੇ ਨਹੀਂ ਖੜੇ ਹੋਏ । ਉਹ ਆਜ਼ਾਦ ਕੈਂਡੀਡਟ ਸਨ (ਸ਼ੋਰ) (ਵਿਘਨ)

**ਸਰਦਾਰ ਰਣਧੀਰ ਸਿੰਘ ਚੀਮਾ:** ਤੁਹਾਡੀ ਪ੍ਰਧਾਨ ਮੰਤਰੀ ਨੇ ਰੈਡੀ ਸਾਹਿਬ ਦਾ ਨਾਂ ਪ੍ਰਪੋਜ਼ ਕੀਤਾ ਸੀ । (ਸ਼ੋਰ) (ਵਿਘਨ) (ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲਣ ਲਗ ਪਏ ਅਤੇ ਕੁਝ ਵੀ ਸੁਣਾਈ ਨਹੀਂ ਦਿੰਦਾ ਸੀ ) ।

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ: ਡਿਪਟੀ ਸਪੀਕਰ ਸਾਹਿਬ, ਚੀਮਾ ਸਾਹਿਬ ਨੇ ਬੜੇ ਡੇਰੋਗੇਟਰੀ ਰਿਮਾਰਕਸ ਸਾਡੀ ਪ੍ਰਧਾਨ ਮੰਤਰੀ ਦੇ ਖਿਲਾਫ ਕਹੇ ਹਨ । ਇਹ ਰੈਜ਼ੋਲਿਊਸ਼ਨ ਪਾਰਟੀ ਦੇ ਵਿਚੋਂ ਰਾਜੇ ਮਹਾਰਾਜਿਆਂ ਅਤੇ ਵੱਡੇ ਵੱਡੇ ਲੈਂਡਲਾਰਡਾਂ ਨੂੰ ਕੱਢਣ ਵਾਸਤੇ ਅਤੇ ਪਾਰਟੀ ਨੂੰ ਸਾਫ ਕਰਨ ਲਈ ਲਿਆਂਦਾ ਗਿਆ ਹੈ । ਹੁਣ ਇਹ ਪਾਰਟੀ ਸਾਫ ਸੁਥਰੀ ਹੈ । ਇਨ੍ਹਾਂ ਵਰਗਾ ਗੰਦ ਕੋਈ ਨਹੀਂ ।

ਸ੍ਰੀ ਡਿਪਟੀ ਸਪੀਕਰ: ਡਿਫੈਕਟਰ ਕਹਿਣ ਨਾਲ ਕੋਈ ਡਿਫੈਕਟਰ ਤਾਂ ਨਹੀਂ ਬਣ ਜਾਂਦਾ । (No body becomes a defector merely when termed as such.)

ਸਰਦਾਰ ਰਣਧੀਰ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਹਿਸਟਰੀ ਗਵਾਹ ਹੈ । ਇਸ ਨੂੰ ਕੋਈ ਮਿਟਾ ਨਹੀ ਸਕਦਾ । ਇਹ ਰੈਜ਼ੋਲਿਊਸ਼ਨ ਪਹਿਲਾਂ ਲਿਆਉਣਾ ਚਾਹੀਦਾ ਸੀ ਹੁਣ ਲੈ ਆਏ ਹਨ ਤਾਂ ਵੀ ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ । ਇਸ ਦੇ ਨਾਲ ਮੈਂ ਇਹ ਵੀ ਸੁਝਾਵ ਦਿਆਂਗਾ ਕਿ ਇਹ ਹਾਊਸ ਰਿਕਮੈਂਡ ਕਰੇ ਕਿ ਸਾਰੇ ਪੰਜਾਬ ਵਿਚ ਲੋਕਪਾਲ ਨਿਯੁਕਤ ਹੋ ਜਾਣ ਜਿਹੜੇ ਕਿ ਡਿਫੈਕਸ਼ਨ ਤੋਂ ਇਲਾਵਾ, ਵਜ਼ੀਰਾਂ ਅਤੇ ਐਮ.ਐਲ.ਏਜ਼, ਜੋ ਕਿ ਕਰੱਪਸ਼ਨ ਕਰਦੇ ਹਨ, ਉਸ ਵਲ ਵੀ ਧਿਆਨ ਦੇਣ ।

ਸ੍ਰੀ ਡਿਪਟੀ ਸਪੀਕਰ: ਚੀਮਾ ਸਾਹਿਬ, ਰੈਜ਼ੋਲਿਊਸ਼ਨ ਤੇ ਬੋਲੋ । ਐਟਮਾਸਫੀਅਰ ਖਰਾਬ ਨਾ ਕਰੋ । (Cheema Sahib, please confine yourself to the resolution. Do not spoil the atmosphere of the House)

ਸਰਦਾਰ ਰਣਧੀਰ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਕਰੱਪਸ਼ਨ ਦਾ ਕਾਰਣ ਹੈ । ਜੇ ਕੋਈ ਆਦਮੀ ਕੁਰਪਸ਼ਨ ਕਰੇਗਾ ਤਾਂ ਹੀ ਉਹ ਡਿਫੈਕਸ਼ਨ ਕਰੇਗਾ । ਇਹ ਇਨ੍ਹਾਂ ਨੂੰ ਪਹਿਲਾਂ ਲਿਆਉਣਾ ਚਾਹੀਦਾ ਸੀ ।

ਸ੍ਰੀ ਡਿਪਟੀ ਸਪੀਕਰ: ਚੀਮਾ ਸਾਹਿਬ, ਤੁਸੀਂ ਸਿਰਫ ਰੈਪੀਟੀਸ਼ਨ ਕਰ ਰਹੇ ਹੋ । Please resume your seat (Cheema Sahib, you are only making repetition . Please resume your seat)

ਸਰਦਾਰ ਰਣਧੀਰ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਤੁਹਾਡੇ ਵਿਚ ਬਰਦਾਸ਼ਤ ਦਾ ਮਾਦਾ ਹੋਣਾ ਚਾਹੀਦਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਜਲਦੀ ਤੋਂ ਜਲਦੀ ਪਾਸ ਕਰਕੇ ਪਾਰਲੀਮੈਂਟ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਉਹ ਕਾਨੂੰਨ ਬਣਾਵੇ ।

ਸਰਦਾਰ ਬਲਜਿੰਦਰ ਸਿੰਘ ਭੂੰਡਰ: ਡਿਪਟੀ ਸਪੀਕਰ ਸਾਹਿਬ, ਸਾਨੂੰ ਵੀ ਬੋਲਣ ਲਈ ਸਮਾਂ ਦਿਉ ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਕਿਸੇ ਨੂੰ ਕਰਿਟੇਸਾਈਜ਼ ਨਹੀਂ ਕਰਾਂਗਾ ਅਤੇ ਦੋ ਚਾਰ ਕੰਸਟਰਕਟਿਵ ਗਲਾਂ ਕਰਾਂਗਾ । ਮੈਂ ਦਰਖਾਸਤ ਕਰਾਂਗਾ ਕਿ ਮੈਨੂੰ ਇੰਨਟਰੱਪਟ ਨਾ ਕੀਤਾ ਜਾਵੇ । ਇਹ ਬੜਾ ਵਾਈਟਲ ਰੈਜ਼ੋਲਿਊਸ਼ਨ ਹੈ । ਡਿਪਟੀ

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, 1952 ਵਿਚ ਵਿਧਾਨ ਲਾਗੂ ਹੋਣ ਤੋਂ ਬਾਅਦ ਦੇਸ਼ ਵਿਚ ਚੋਣਾਂ ਹੋਈਆਂ। ਹਿੰਦੁਸਤਾਨ ਨੇ ਆਪਣੇ ਵਿਧਾਨ ਵਿਚ ਪਾਰਲੀਮੈਂਟਰੀ ਡੈਮੋਕਰੇਸੀ ਬਣਾਈ। ਪਾਰਲੀਮੈਂਟਰੀ ਡੈਮੋਕਰੇਸੀ ਵਿਚ, ਡਿਪਟੀ ਸਪੀਕਰ ਸਾਹਿਬ, ਹਰ ਬੰਦੇ ਨੂੰ ਭਾਵੇਂ ਉਹ ਕਿਸੇ ਵੀ ਕੈਪੇਸਿਟੀ ਦਾ ਹੋਵੇ, ਉਸ ਦੀ ਕੋਈ ਵੀ ਜਾਤੀ ਹੋਵੇ, ਉਸ ਦੀ ਕਿੰਨੀ ਵੀ ਇਨਕਮ ਹੋਵੇ ਜਾਂ ਉਸ ਦੀ ਕਿੰਨੀ ਵੀ ਜਾਇਦਾਦ ਸੀ ਜਾਂ ਨਹੀਂ ਸੀ ਉਸ ਨੂੰ ਵੋਟ ਦੇਣ ਦਾ ਅਧਿਕਾਰ ਦਿਤਾ ਤਾਂਕਿ ਇਸ ਮੁਲਕ ਵਿਚ ਆਉਣ ਵਾਲਾ ਰਾਜ ਪ੍ਰਬੰਧ ਇਸ ਮੁਲਕ ਦੇ ਲੋਕਾਂ ਦੇ ਹੱਥ ਦਿਤਾ ਜਾਵੇ। ਪਰ ਇਹ ਟਰੈਜਿਡੀ ਹੋਈ ਕਿ ਜਿਉਂ ਜਿਉਂ ਸਮਾਂ ਬਦਲਦਾ ਗਿਆ ਤਾਂ ਉਹ ਲੋਕ ਜਿਹੜੇ ਕਿ ਪਬਲਿਕ ਲਾਈਫ਼ ਵਿਚੋਂ ਘੋਲ ਕਰਕੇ ਆਉਂਦੇ ਸਨ..। (ਵਿਘਨ)

## THROWING OF LEAFLETS IN THE HOUSE FROM THE VISITORS GALLERY

**ਸ੍ਰੀ ਡਿਪਟੀ ਸਪੀਕਰ:** ਹੁਣੇ ਹੁਣੇ ਇਸ ਹਾਊਸ ਵਿਚ ਇਕ ਘਟਨਾ ਹੋਈ ਹੈ। ਉਹ ਸ਼ਖਸ ਰਾਜਪੁਰੇ ਤੋਂ ਆਇਆ ਸੀ ਅਤੇ ਉਸ ਨੇ ਮੁਆਫੀ ਮੰਗੀ ਹੈ ਕਿ ਮੇਰੇ ਕੋਲੋਂ ਇਹ ਸਾਰਾ ਕੁਝ ਗਲਤੀ ਨਾਲ ਹੋ ਗਿਆ ਹੈ। ਇਹ ਮੇਰਾ ਪਾਗਲਪਨ ਸੀ। ਉਸ ਨੇ ਕਿਹਾ ਹੈ ਕਿ ਮੈਨੂੰ ਮੁਆਫ ਕਰ ਦਿਤਾ ਜਾਵੇ। (ਵਿਘਨ) (Just now an incident occurred in this House. That person hails from Rajpura and has apologised saying that, all that happened due to misunderstanding and that was his madness. He has requested that he may be excused)

**ਕੁਝ ਆਵਾਜ਼ਾਂ:** ਠੀਕ ਹੈ ਜੀ।

**ਕੁਝ ਆਵਾਜ਼ਾਂ:** ਨਹੀਂ ਜੀ ਮੁਆਫ ਨਹੀਂ ਕਰਨਾ ਚਾਹੀਦਾ।

**ਡਾਕਟਰ ਅਮੀਰ ਸਿੰਘ ਕਲਕਟ:** ਡਿਪਟੀ ਸਪੀਕਰ ਸਾਹਿਬ, ਉਸ ਨੇ ਇਕ ਆਨਰੇਬਲ ਮੈਂਬਰ ਦੀ ਇਜ਼ਤ ਉਪਰ ਹਮਲਾ ਕੀਤਾ ਹੈ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ।

**ਸ੍ਰੀ ਡਿਪਟੀ ਸਪੀਕਰ:** ਉਸ ਨੇ ਲਿਖਿਆ ਹੈ ਕਿ ਨਾ ਤਾਂ ਮੇਰਾ ਕਿਸੇ ਪਾਰਟੀ ਨਾਲ ਜਾਂ ਵਿਅਕਤੀ ਨਾਲ ਕੋਈ ਟੈਨਸ਼ਨ ਹੈ ਅਤੇ ਨਾ ਹੀ ਮੈਨੂੰ ਕਿਸੇ ਪਾਰਟੀ ਦੀ ਸਪੋਰਟ ਹੈ। ਇਹ ਸਾਰਾ ਕੁਝ ਮੇਰੇ ਪਾਗਲਪਨ ਕਾਰਨ ਹੀ ਹੋ ਗਿਆ ਹੈ। (ਵਿਘਨ) (He has given in writing that neither has he any grudge against any party for any individual nor he has got support of any party. All this happened due to his madness.)

**ਉਪ ਮੰਤਰੀ ਗ੍ਰਹਿ ਅਤੇ ਉਦਯੋਗ (ਸਰਦਾਰ ਨਸੀਬ ਸਿੰਘ ਗਿਲ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਇਹ ਵਾਕਿਆ ਹੋਇਆ ਸੀ ਉਸ ਵੇਲੇ ਸਾਡੇ ਹਾਊਸ ਦੇ ਕੁਝ ਮੈਂਬਰਾਂ ਨੇ ਕਿਹਾ ਸੀ ਕਿ ਇਸ ਨੂੰ ਨਾਂ ਤਾਂ ਗਰਿਫਤਾਰ ਹੀ ਕਰੋ ਅਤੇ ਨਾ ਹੀ ਕੋਈ ਕਾਰਵਾਈ ਕੀਤੀ ਜਾਵੇ। ਇਸ ਲਈ ਜਿਹੜੇ ਮੈਂਬਰ ਨੇ ਇਹ ਗਲ ਕਹੀ ਸੀ ਜਾਂ ਤਾਂ ਪਹਿਲਾਂ ਉਹ ਵੀ ਮੁਆਫੀ ਮੰਗੇ ਤਾਂ ਇਸ ਨੂੰ ਮੁਆਫੀ ਦਿਤੀ ਜਾਵੇ। (ਵਿਘਨ)

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ: ਡਿਪਟੀ ਸਪੀਕਰ ਸਾਹਿਬ, ਇਸ ਨੂੰ ਅਸੀਂ ਮੁਆਫੀ ਨਹੀਂ ਦੇਣਾ ਚਾਹੁੰਦੇ । ਇਹ ਲੋਕ ਇਸ ਤਰ੍ਹਾਂ ਹੀ ਕਰਦੇ ਹਨ । ਸਾਰੇ ਮੈਂਬਰ ਸਾਹਿਬਾਨ ਨੂੰ, ਸਾਡੀ ਸਰਕਾਰ ਨੂੰ ਇਹ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਨ ।

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਘਟਨਾਵਾਂ ਪਾਰਲੀਮੈਂਟ ਵਿਚ ਵੀ ਕਈ ਵਾਰੀ ਹੋਈਆਂ ਹਨ । ਤੁਸੀਂ ਉਨ੍ਹਾਂ ਨੂੰ ਅਖਬਾਰਾਂ ਵਿਚ ਪੜ੍ਹਦੇ ਹੋ । ਜੇਕਰ ਉਸ ਦਾ ਕਿਸੇ ਪਾਰਟੀ ਨਾਲ ਸਬੰਧ ਨਹੀਂ ਹੈ, ਜੇਕਰ ਉਸ ਨੂੰ ਕਿਸੇ ਪਾਰਟੀ ਦੀ ਉਕਸਾਹਟ ਨਹੀਂ ਹੈ ਤਾਂ ਮੇਰਾ ਵਿਚਾਰ ਹੈ ਕਿ ਇਸ ਹਾਊਸ ਨੂੰ ਉਸ ਦੇ ਮੁਆਫੀਨਾਮੇ ਨਾਲ ਐਗਰੀ ਕਰ ਲੈਣਾ ਚਾਹੀਦਾ ਹੈ । ਅਗੇ ਵੀ ਕਈ ਵਾਰ ਇਸ ਤਰ੍ਹਾਂ ਹੋਇਆ ਹੈ । (ਵਿਘਨ) ਉਨ੍ਹਾਂ ਹੀਟ ਆਫ ਦੀ ਮੋਮਿੰਟ ਵਿਚ ਗਲ ਕੀਤੀ ਹੋਣੀ ਹੈ ।

(ਵਿਘਨ)

ਚੌਧਰੀ ਦਰਸ਼ਨ ਸਿੰਘ: ਡਿਪਟੀ ਸਪੀਕਰ ਸਾਹਿਬ, ਬਰਨਾਲਾ ਜੀ ਨੇ ਆਖਿਆ ਹੈ ਕਿ ਉਹ heat of the moment ਵਿਚ ਗਲ ਕਰ ਗਏ ਹਨ ਲੇਕਿਨ ਮੈਂ ਇਹ ਗਲ ਨਹੀਂ ਮੰਨਦਾ। ਕਿਸੇ ਤਰ੍ਹਾਂ ਦੀ ਹਾਊਸ ਵਿਚੋਂ ਸਪੋਰਟ ਮਿਲੀ ਹੋਵੇ ਤਾਂ ਕੀ ਇਹ ਹੀਟ ਆਫ ਦੀ ਮੋਮਿੰਟ ਨਹੀ ਹੈ ? ਪਰ ਜੇਕਰ ਮੁਆਫੀ ਮੰਗਦਾ ਹੈ ਅਤੇ ਆਪਣੀ ਗਲਤੀ ਮੰਨਦਾ ਹੈ ਕਿ ਅਗੇ ਤੋਂ ਇਸ ਤਰ੍ਹਾਂ ਨਹੀਂ ਕਰੇਗਾ ਤਾਂ ਮੇਰਾ ਖਿਆਲ ਹੈ ਕਿ ਛੱਡ ਦਿਉ ।

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਪ੍ਰੰਪਰਾ ਇਹ ਹੈ ਕਿ ਜੇਕਰ ਇਸ ਤਰ੍ਹਾਂ ਦੀ ਗਲਤੀ ਕਰਨ ਪਿੱਛੋਂ ਉਹ ਅਨ-ਕਨਡੀਸ਼ਨਲ ਮੁਆਫੀ ਮੰਗੇ ਤਾਂ ਉਸ ਨੂੰ ਛੱਡ ਦਿਤਾ ਜਾਂਦਾ ਹੈ। ਪਰ ਇਕ ਚੀਜ਼ ਮੈਂ ਤੁਹਾਡੀ ਰਾਹੀਂ, ਡਿਪਟੀ ਸਪੀਕਰ ਸਾਹਿਬ ਆਪਣੇ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਕੋਈ ਵੀ ਅਗਰ ਐਸੀ ਕੋਈ ਚੀਜ਼ ਹੋਵੇ ਤਾਂ ਉਸ ਨੂੰ ਹਾਊਸ ਦੀ ਸਪੋਰਟ ਨਹੀਂ ਹੋਣੀ ਚਾਹੀਦੀ । ਇਹ ਗਲ ਸਾਡੇ ਸਾਰਿਆਂ ਦੇ ਭਲੇ ਵਾਸਤੇ ਹੈ ।

ਆਵਾਜ਼ਾਂ: ਪਾਸ ਕਿਸ ਨੇ ਦਿਤਾ ਹੈ ?

ਵਿਕਾਸ ਮੰਤਰੀ: ਪਾਸਾਂ ਦੀ ਗਲ ਇਸ ਲਈ ਨਹੀਂ ਕਰਨੀ ਚਾਹੀਦੀ ਕਿ ਪਾਸ ਵਾਸਤੇ ਤੁਹਾਡੀ ਵੀ ਮਜ਼ਬੂਰੀ ਹੁੰਦੀ ਹੈ ਅਤੇ ਸਾਡੀ ਵੀ ਮਜਬੂਰੀ ਹੁੰਦੀ ਹੈ । ਪਾਸ ਕਿਸ ਨੇ ਦਿਤਾ ਹੈ, ਮੈਂ ਉਸ ਵਲ ਨਹੀਂ ਜਾਂਦਾ । ਮੈਂ ਤਾਂ ਇਕੋ ਹੀ ਬੇਨਤੀ ਕਰਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਹਾਊਸ ਦੀ ਡਿਗਨਿਟੀ ਨੂੰ ਕਾਇਮ ਰਖਣਾ ਸਾਡਾ ਸਾਰਿਆਂ ਦਾ ਫਰਜ਼ ਹੈ । ਇਸ ਤਰ੍ਹਾਂ ਕਰਨ ਨਾਲ ਹਾਊਸ ਦੀ ਕਾਰਵਾਈ ਵਿਚ ਵਿਘਨ ਪੈਂਦਾ ਹੈ । ਮੇਰਾ ਖਿਆਲ ਹੈ ਕਿ ਉਸ ਦਾ ਮੁਆਫੀਨਾਮਾ ਮੰਨ ਲੈਣਾ ਚਾਹੀਦਾ ਹੈ ।

**Mr. Deputy Speaker**: Is it the pleaure of the House?

**Voices**: Yes, Yes.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਜਿਹੜੀ ਇਹ ਘਟਨਾ ਹੋਈ ਹੈ ਇਸ ਤਰ੍ਹਾਂ ਦੀਆਂ ਘਟਨਾਵਾਂ ਅਗੇ ਵੀ ਹਾਊਸ ਵਿਚ ਹੁੰਦੀਆਂ ਰਹੀਆਂ ਹਨ । ਅਗੇ ਵੀ ਕਈ ਵਾਰ ਪੋਸਟਰ ਸੁਟੇ ਗਏ ਹਨ ਅਤੇ

Original with;
Punjab Vidhan Sabha
Digitized by;
Panjab Digital Library

ਹਮੇਸ਼ਾਂ ਹੀ ਅਸੀਂ ਮੁਆਫੀ ਦਿੰਦੇ ਰਹੇ ਹਾਂ ਅਤੇ ਉਸ ਚੀਜ਼ ਨੂੰ ਨਜ਼ਰ ਅੰਦਾਜ਼ ਕਰਦੇ ਰਹੇ ਹਾਂ । ਇਸ ਲਈ ਜੋ ਫੈਸਲਾ ਲਿਆ ਗਿਆ ਹੈ ਇਹ ਬਿਲਕੁਲ ਦਰੁਸਤ ਹੈ ।

**ਸ੍ਰੀ ਡਿਪਟੀ ਸਪੀਕਰ:** ਇਸ ਹਾਊਸ ਦੀ ਸੈਂਸ ਇਹ ਹੋਈ ਕਿ ਇਸ ਸਜਣ ਨੂੰ ਇਸ ਦਫਾ ਛੱਡ ਦਿਤਾ ਜਾਵੇ ਕਿਉਂਕਿ ਉਸ ਨੇ ਮੁਆਫੀ ਮੰਗੀ ਹੈ । ਲੇਕਿਨ ਇਸ ਦੇ ਨਾਲ ਹੀ ਮੈਂ ਮੈਂਬਰ ਸਾਹਿਬਾਨ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਉਹ ਪਾਸ ਇਸ਼ੂ ਕਰਨ ਲਗੇ ਇਤਯਾਤ ਤੋਂ ਕੰਮ ਲੈਣ ਕਿਉਂਕਿ ਇਸ ਗਲ ਦਾ ਦੁਖ ਸਾਰੇ ਪੰਜਾਬ ਨੂੰ ਹੈ ਅਤੇ ਇਸ ਤਰ੍ਹਾਂ ਦੀ ਘਟਨਾ ਵਾਪਰਨੀ ਸਾਡੇ ਲਈ ਚੰਗੀ ਗਲ ਨਹੀਂ ਹੈ । (It is the sense of the House that this person may be excused this time because he has apologised. But at the same time I wouldlike to request the hon. Members of the House to be careful inrecommending the names for the issue for visitors gallery passes. The whole Punjab State is constrained at the incident as it maks the impression of the House.)

**ਸਰਦਾਰ ਗੁਰਚਰਣ ਸਿੰਘ ਨਿਹਾਲ ਸਿੰਘ ਵਾਲਾ:** ਡਿਪਟੀ ਸਪੀਕਰ ਸਾਹਿਬ, ਜਿਹੜੇ ਲੋਕ ਇਸ ਤਰ੍ਹਾਂ ਇਸ਼ਤਿਹਾਰ ਸੁਟਦੇ ਹਨ ਉਨ੍ਹਾਂ ਨੇ ਉਸ ਇਸ਼ਤਿਹਾਰ ਦੇ ਪਿਛਲੇ ਪਾਸ ਪਹਿਲਾਂ ਹੀ ਮੁਆਫੀਨਾਮਾ ਲਿਖਿਆ ਹੋਂਦਾ ਹੈ । ਅਗੇ ਵੀ ਇਸ ਤਰ੍ਹਾਂ ਕਈਂ ਵਾਰ ਹੋਇਆ ਹੈ ।

**ਸ੍ਰੀ ਡਿਪਟੀ ਸਪੀਕਰ:** ਮੈਂ ਸਮਝਦਾ ਹਾਂ ਕਿ ਹਾਊਸ ਇਸ ਗਲ ਤੇ ਐਗਰੀ ਕਰੇਗਾ ਕਿ ਅਗੇ ਤੋਂ ਇਸ ਤਰ੍ਹਾਂ ਮੁਆਫ ਨਹੀਂ ਕੀਤਾ ਜਾਵੇਗਾ । (I understand that the House is of the view that such a lapse shall not be condoned in future)

**ਜਥੇਦਾਰ ਗੁਰਬਚਨ ਸਿੰਘ:** ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਪਿੱਛੇ ਤੋਂ ਹੁੰਦਾ ਰਿਹਾ ਹੈ । ਇਹ ਕਹਿੰਦੇ ਹਨ ਕਿ ਕਿਸੇ ਪਾਰਟੀ ਦੀ ਸਪੋਰਟ ਸੀ । ਇਥੇ ਹਾਊਸ ਵਿਚ 40 ਬੰਦੇ ਪੁਲੀਸ ਦੇ ਇਨ੍ਹਾਂ ਦੀ ਸਪੋਰਟ ਨਾਲ ਆਏ । (ਵਿਘਨ)

## Resolution Re–Enactment of legislation to curb defections. Resumption of discussion.

**ਸ੍ਰੀ ਪ੍ਰੇਮ ਗੁਪਤਾ:** ਡਿਪਟੀ ਸਪੀਕਰ ਸਾਹਿਬ, ਮੈਂ ਬਹੁਤੀਆਂ ਗਲਾਂ ਵਿਚ ਨਹੀਂ ਜਾਂਦਾ ਮੇਰੇ ਪਾਸ ਫਿਗਰਜ਼ ਹਨ । ਪਾਰਲੀਮੈਂਟਰੀ ਡੈਮੋਕਰੇਸੀ ਵਿਚ ਆਪੋਜ਼ੀਸ਼ਨ ਅਤੇ ਸਰਕਾਰੀ ਪਾਰਟੀਂ ਦਾ ਮਜ਼ਬੂਤ ਹੋਣਾ ਲੋਕਾਂ ਦੇ ਭਲੇ ਦੀਂ ਗਲ ਹੈ । ਜੇਕਰ ਸਰਕਾਰ ਨੂੰ ਇਹ ਖਤਰਾ ਹੋਵੇ ਕਿ ਕਦ ਉਸ ਦੀ ਕੁਰਸੀ ਖੁਸ ਜਾਵੇ ਅਤੇ ਆਪੋਜ਼ੀਸ਼ਨ ਨੂੰ ਇਹ ਖਤਰਾ ਹੋਵੇ ਕਿ ਕਿਧਰੇ ਕੋਈ ਕਬੂਤਰ ਉਧਰ ਨਾ ਚਲਾ ਜਾਵੇ ਤਾਂ ਇਸ ਤਰ੍ਹਾਂ ਨਾ ਤਾਂ ਸਰਕਾਰ ਅਤੇ ਨਾ ਹੀ ਆਪੋਜੀਸ਼ਨ ਠੀਕ ਤਰ੍ਹਾਂ ਨਾਲ ਕੰਮ ਕਰ ਸਕਦੀਆਂ ਹਨ ।

**ਸਰਦਾਰ ਹਰਚੰਦ ਸਿਘ:** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਮੈਂਬਰ ਸਾਹਿਬਾਨ ਨੂੰ ਕਬੂਤਰ ਕਿਹਾ ਹੈ । ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ ।

**ਸ੍ਰੀ ਪ੍ਰੇਮ ਗੁਪਤਾ:** ਡਿਪਟੀ ਸਪੀਕਰ ਸਾਹਿਬ, ਮੈਂ ਇਹ ਲਫਜ ਵਾਪਸ ਲੈਂਦਾ ਹਾਂ । ਜੋ ਕੁਝ ਯੱਸ਼ ਜੀ ਨੇ ਕਿਹਾ ਸੀ ਉਨ੍ਹਾਂ ਦਾ ਆਪਣਾ ਵਿਚਾਰ ਸੀ । ਡਿਪਟੀ ਸਪੀਕਰ ਸਾਹਿਬ, ਪੁਲੀਟੀਕਲ ਇਨਸਟੇਬਿਲਟੀ ਨੂੰ ਕਰੀਏਟ ਕਰਨ ਵਾਸਤੇ ਡੀਫੈਕਸ਼ਨਾਂ ਕਰਵਾਈਆਂ ਜਾਂਦੀਆਂ ਹਨ । ਪੰਜ ਸਾਲ ਤੋਂ ਬਾਅਦ ਇਲੈਕਸ਼ਨਾਂ ਹੁੰਦੀਆਂ ਹਨ । ਤੁਸੀਂ ਵੀ ਵੇਖਿਆ ਹੈ, ਅਸੀਂ ਵੀ ਵੇਖਿਆ ਹੈ ਕਿ ਹੁਣ ਦੋ ਤਿੰਨ ਸਾਲਾਂ ਬਾਅਦ ਇਲੈਕਸ਼ਨਾਂ ਹੁੰਦੀਆਂ ਰਹੀਆਂ ।

Original with;
Punjab Vidhan Sabha
Digitized by;
Panjab Digital Library

**ਗਿਆਨੀ ਕੁੰਦਨ ਸਿੰਘ ਪਤੰਗ**: ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਤੁਸੀਂ ਵੀ ਵੇਖਿਆ ਹੈ ਅਤੇ ਅਸੀ ਵੀ ਵੇਖਿਆ ਹੈ, ਇਹ ਤੁਹਾਡੇ ਵਲ ਇਸ਼ਾਰਾ ਕਿਉਂ ਕਰਦੇ ਹਨ ? (ਵਿਘਨ)

**ਵਿਕਾਸ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਹ ਮੈਂਬਰ ਨਵੇਂ ਆਏ ਹਨ ਅਸਾਨੂੰ ਤਾਂ ਮੌਕਾ ਮਿਲਿਆ ਹੈ ਡੀਫੈਕਸ਼ਨਾ ਵੇਖਣ ਦਾ ਪਰ ਅਸੀਂ ਫਿਰ ਵੀ ਇਨ੍ਹਾਂ ਅਕਾਲੀ ਮੈਂਬਰਾਂ ਨੂੰ ਹੀ ਰਾਜ ਕਰਨ ਦਿਤਾ ਆਪ ਮੂਹਰੇ ਨਹੀਂ ਆਏ । (ਵਿਘਨ) (ਸ਼ੋਰ)

**ਸ੍ਰੀ ਡਿਪਟੀ ਸਪੀਕਰ**: ਮੈਂ ਵੀ ਡਿਫੈਕਸ਼ਨਾਂ ਵੇਖੀਆਂ ਹਨ (ਵਿਘਨ) Order please, I was also there. (I have also seen defections (Interruption) Order please, I was also there.)

**ਸ੍ਰੀ ਪ੍ਰੇਮ ਗੁਪਤਾ** : ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਪੰਜਾਬ ਦੇ ਲੋਕਾਂ ਨੇ ਅਤੇ ਹਿੰਦੁਸਤਾਨ ਦੇ ਲੋਕਾਂ ਨੇ ਭਾਵੇਂ ਕਿਸੇ ਵੀ ਪਾਰਟੀ ਨਾਲ ਸਬੰਧ ਰਖਦੇ ਹੋਣ 1967 ਤੋਂ 1972 ਤਕ ਜੋ ਡਰਾਮਾ ਸਾਰੇ ਦੇਸ਼ ਵਿਚ ਹੋਇਆ ਵੇਖਿਆ ਅਤੇ ਇਹ ਵੀ ਵੇਖਿਆ ਕਿ ਆਦਮੀ ਡੰਗਰਾਂ ਵਾਂਗ ਪੋਲੀਟੀਕਲ ਮੰਡੀਆਂ ਵਿਚ ਵਿਕੇ । ਇਸ ਨਾਲ ਪੋਲੀਟੀਕਲ ਜੀਵਨ ਵਿਚ ਬੜਾ ਭੈੜਾ ਅਸਰ ਪਿਆ । ਇਸ ਰੈਜ਼ੋਲਿਉਸ਼ਨ ਨਾਲ ਡਿਫੈਕਸ਼ਨਾਂ ਨੂੰ ਰੋਕਣ ਨਾਲ ਪੋਲੀਟੀਕਲ ਲਾਈਫ ਵਿਚ ਕਾਫੀ ਤਬਦੀਲੀ ਆ ਜਾਵੇਗੀ, ਇਕ ਨਵਾਂ ਮੋੜ ਆ ਜਾਵੇਗਾ । ਜਿਸ ਕਿਸੇ ਪਰੋਗਰਾਮ ਤੇ ਇਲੈਕਸ਼ਨਾਂ ਲੜ ਕੇ ਕੋਈ ਆਏ ਉਹ ਉਸ ਦੇ ਉਤੇ ਸਟਿਕ ਕਰੇਗਾ (ਵਿਘਨ) ਅਤੇ ਆਉਣ ਵਾਲੇ ਸਮੇਂ ਤਕ ਇਸ ਤਰ੍ਹਾਂ ਦੀ ਕੋਈ ਹਰਕਤ ਡਿਫੈਕਸ਼ਨ ਦੀ ਨਹੀਂ ਕਰੇਗਾ ਕਿ ਪਾਰਟੀ ਚੇਂਜ ਕਰ ਲਏ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਪੱਖ ਪੇਸ਼ ਕਰਦਾ ਹਾਂ ਕਿ ਡਿਫੈਕਸ਼ਨਾਂ ਦਾ ਸਬੰਧ ਕੈਰੈਕਟਰ ਨਾਲ ਹੈ । (ਵਿਘਨ)(ਸ਼ੋਰ)

**Mr. Deputy Speaker**: Order please.

**ਸ੍ਰੀ ਪ੍ਰੇਮ ਗੁਪਤਾ**: ਚੀਮਾ ਸਾਹਿਬ, ਇਸ ਤਰ੍ਹਾਂ ਵਿਘਨ ਨਹੀਂ ਪਾਉਣਾ ਚਾਹੀਦਾ । (ਵਿਘਨ)

**Mr. Deputy Speaker**: No interruptions please.

**ਸਰਦਾਰ ਰਣਧੀਰ ਸਿੰਘ ਚੀਮਾ**: * * * * * * ।

**ਸ੍ਰੀ ਡਿਪਟੀ ਸਪੀਕਰ** : ਚੀਮਾ ਸਾਹਿਬ, ਤੁਸੀਂ ਵਾਰ ਵਾਰ ਇਨਟਰੱਪਟ ਕਰਦੇ ਹੋ, ਇਹ ਸ਼ਬਦ ਐਕਸਪੰਜ ਕੀਤੇ ਜਾਂਦੇ ਹਨ । (Cheema Sahib, you are interrupting the proceedings time and again. These words are hereby expunged.)

---

* Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ** : ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਜੇ ਕਰ ਕੋਈ ਮਾੜਾ ਸ਼ਬਦ ਕਿਹਾ ਜਾਵੇ ਤਾਂ ਰੋਕ ਦੇਣਾ ਚਾਹੀਦਾ ਹੈ ਪਰ ਅਸੀਂ ਅਤੇ ਲੋਕੀ ਸਰਪੰਚ ਅਖਬਾਰ ਪੜ੍ਹ ਪੜ੍ਹ ਕੇ ਥਕ ਗਏ ਹਾਂ (ਵਿਘਨ) ।

**ਸ੍ਰੀ ਡਿਪਟੀ ਸਪੀਕਰ** : ਜੋ ਮਰਜ਼ੀ ਆਉਂਦਾ ਹੈ ਅਖ਼ਬਾਰਾਂ ਵਾਲੇ ਲਿਖਦੇ ਹਨ । (ਵਿਘਨ) (They write whatever they like)

**ਸਰਦਾਰ ਅਜਾਇਬ ਸਿੰਘ ਸੰਧੂ** : ਜੇਕਰ ਕਿਸੇ ਦੇ ਖਿਲਾਫ ਲਿਖਿਆ ਹੈ ਤਾਂ ਉਹ ਮੁਕਦਮਾ ਉਸ ਉਤੇ ਚਲਾ ਸਕਦਾ ਹੈ ।

**ਸ੍ਰੀ ਡਿਪਟੀ ਸਪੀਕਰ** : ਜਿਸ ਦੇ ਖਿਲਾਫ ਕੋਈ ਗਲ ਲਿਖੀ ਜਾਵੇ ਉਸ ਨੂੰ ਜ਼ਰੂਰ ਕਾਰਵਾਈ ਕਰਨੀ ਚਾਹੀਦੀ ਹੈ (ਵਿਘਨ) (ਸ਼ੋਰ) (The person against whom anything is written in the newspapers must initiate the proceedings against that paper.)

**ਸ੍ਰੀ ਪ੍ਰੇਮ ਗੁਪਤਾ** : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸੁਝਾਵ ਆਇਆ ਹੈ ਇਹ ਬੜਾ ਸ਼ਲਾਘਾਯੋਗ ਕਦਮ ਹੈ ਅਤੇ ਇਸ ਨੂੰ ਸਰਵ ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ । ਮੈਂ ਇਸ ਵਿਚ ਇਕ ਹੋਰ ਸੁਝਾਵ ਇਹ ਦੇਣਾ ਚਾਹੁੰਦਾ ਹਾਂ ਕਿ ਡਿਫੈਕਸ਼ਨ ਨੂੰ ਇਕ ਪੀਨਲ ਅਫੈਂਸ ਬਣਾ ਦੇਣਾ ਚਾਹੀਦਾ ਹੈ ਤਾਂਕਿ ਕੋਈ ਵੀ ਮੈਂਬਰ ਡਿਫੈਕਸ਼ਨ ਕਰਨ ਦੀ ਡੇਅਰ ਨਾ ਕਰ ਸਕੇ । ਆਸਟ੍ਰੇਲੀਆ ਵਿਚ ਇਕ ਮੈਂਬਰ ਦੀ ਮੈਜਾਰਟੀ ਨਾਲ 10 ਸਾਲ ਤਕ ਹਕੂਮਤ ਚਲਦੀ ਰਹੀ । ਇਸੇ ਤਰ੍ਹਾਂ ਇੰਗਲੈਂਡ ਵਿਚ ਤਿੰਨ ਮੈਂਬਰਾਂ ਦੀ ਮੈਜਾਰਟੀ ਨਾਲ ਰਾਜ ਚਲਦਾ ਰਿਹਾ । ਇਹੋ ਜਿਹੇ ਪ੍ਰਿੰਸੀਪਲ ਬਣਾਉਣੇ ਚਾਹੀਦੇ ਹਨ ਕਿ ਜਿਹੜਾ ਮੈਂਬਰ ਲੋਕਾਂ ਨੇ ਇਕ ਖਾਸ ਪਰੋਗਰਾਮ ਵੇਖ ਕੇ ਅਤੇ ਇਕ ਪਾਰਟੀ ਦੇ ਪਰੋਗਰਾਮ ਨੂੰ ਵੇਖ ਕੇ ਇਲੈਕਟ ਕਰਕੇ ਭੇਜਿਆ ਹੋਵੇ ਉਸ ਨੂੰ ਕਿਸੇ ਕਿਸਮ ਦੀ ਅਲਿਯੋਰਮੈਂਟ ਨਾਲ ਦੂਜੀ ਪਾਰਟੀ ਆਪਣੇ ਵਿਚ ਨਾ ਮਿਲਾ ਸਕੇ । ਉਸ ਨੂੰ ਨਾ ਰੂਲਿੰਗ ਪਾਰਟੀ ਵਿਚ ਅਤੇ ਨਾ ਹੀ ਆਪੋਜ਼ੀਸ਼ਨ ਪਾਰਟੀ ਵਿਚ ਲੈਣਾ ਚਾਹੀਦਾ ਹੈ ।

ਮੈਂ ਸਮਝਦਾ ਹਾਂ ਕਿ ਫਲੋਰ ਕਰਾਸਿੰਗ ਇਕ ਸਮਾਜਿਕ ਬੁਰਾਈ ਹੈ । ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੇ ਆਇਡੀਆਲੋਜੀ ਵਿਚ ਡਿਫਰੈਂਸ ਹੋ ਜਾਵੇ ਜਿਵੇਂ ਕਿ ਯਸ਼ ਜੀ ਨੇ ਪੁਆਇੰਟ ਆਊਟ ਕੀਤਾ ਹੈ ਤਾਂ ਹੋਰ ਗਲ ਹੈ ਜਿਵੇਂ ਕਿ ਕਮਿਊਨਿਸਟ ਪਾਰਟੀ ਦੋ ਸਿਧਾਂਤਾਂ ਤੇ ਆਪਸ ਵਿਚ ਡੀਵਾਈਡ ਹੋ ਗਈ । ਇਕ ਸੀ.ਪੀ.ਆਈ. ਅਤੇ ਇਕ ਸੀ.ਪੀ.ਆਈ.ਐਮ. ਬਣ ਗਏ । ਨਹੀਂ ਤਾਂ ਇਸ ਤਰ੍ਹਾਂ ਡਿਫੈਕਸ਼ਨ ਨਾਲ ਪਰਾਗਰੈਸਿਵ ਨੀਤੀਆਂ ਵਿਚ ਰੁਕਾਵਟ ਪੈਂਦੀ ਹੈ । ਜੇਕਰ ਕੋਈ ਡਿਫੈਕਸ਼ਨ ਕਰੇ ਤਾਂ ਉਸ ਨੂੰ ਪਾਰਟੀ ਤੋਂ ਅਲਗ ਕਰ ਦੇਣਾ ਚਾਹੀਦਾ ਹੈ ਅਤੇ ਉਹ ਫਰੈਸ਼ ਪੋਲ ਵਿਚ ਆਵੇ (ਵਿਘਨ) (ਸ਼ੋਰ) ।

**ਸਰਦਾਰ ਅਜਾਇਬ ਸਿੰਘ ਸੰਧੂ** : * * * *

**ਸ੍ਰੀ ਡਿਪਟੀ ਸਪੀਕਰ** : ਜੋ ਕੁਝ ਸੰਧੂ ਸਾਹਿਬ ਚੇਅਰ ਦੀ ਆਗਿਆ ਦੇ ਬਿਨਾਂ ਕਹਿ ਰਹੇ ਹਨ ਰੀਕਾਰਡ ਨਾ ਕੀਤਾ ਜਾਵੇ । (Whatever is being said by the

* Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਡਿਪਟੀ ਸਪੀਕਰ]

hon. Member, Sandhu Sahib without the permission of the Chair should not be recorded.)

**ਸਰਦਾਰ ਅਜਾਇਬ ਸਿੰਘ ਸੰਧੂ** : ਮੈਂ ਤਾਂ ਐਨੀ ਹੀ ਗਲ ਕਹਿਣੀ ਸੀ.... ।

**ਸ੍ਰੀ ਡਿਪਟੀ ਸਪੀਕਰ** : ਸੰਧੂ ਸਾਹਿਬ, ਤੁਸੀਂ ਤਾਂ ਡਿਪਟੀ ਲੀਡਰ ਹੋ ਅਤੇ ਬਿਨਾਂ ਚੇਅਰ ਦੀ ਪਰਮਿਸ਼ਨ ਦੇ ਬੋਲਣ ਲਗ ਪੈਂਦੇ ਹੋ । (ਵਿਘਨ) (The hon. Member Shri Sandhu is the Deputy Leader of the Opposition. He should not speak without the permission of the Chair.)

**ਸਰਦਾਰ ਅਜਾਇਬ ਸਿੰਘ ਸੰਧੂ** : * * * *

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਬਿਨਾਂ ਚੇਅਰ ਦੀ ਆਗਿਆ ਕਹਿ ਰਹੇ ਹਨ, ਰੀਕਾਰਡ ਨਾ ਕੀਤਾ ਜਾਵੇ । (Whatever is being said without the permission of the Chair should not be recorded.)

**ਸਰਦਾਰ ਰਣਧੀਰ ਸਿੰਘ ਚੀਮਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ ।

**Mr. Deputy Speaker** : No point of order, please.

**ਸਰਦਾਰ ਰਣਧੀਰ ਸਿੰਘ ਚੀਮਾ** : * * * * (ਸ਼ੋਰ) ।

**ਸਰਦਾਰ ਅਜਾਇਬ ਸਿੰਘ ਸੰਧੂ** : * * * * ।

**Mr. Deputy Speaker**: Whatever is being said without the permission of the Chair should not be recorded.

(ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ) (ਵਿਘਨ) (ਸ਼ੋਰ)

**Mr. Deputy Speaker**: Please resume your seats. Order please.

**ਵਿਕਾਸ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਦੇ ਬਾਰ ਵਿਚ ਖਾਸ ਰੂਲਜ਼ ਹਨ ਅਤੇ ਜਿਹੜੇ ਮੈਂਬਰ ਉਨ੍ਹਾਂ ਰੂਲਜ਼ ਦੀ ਉਲੰਘਣਾ ਕਰਦੇ ਹਨ ਅਤੇ ਪੁਆਇੰਟ ਆਫ ਆਰਡਰ ਦੀ ਥਾਂ ਪੁਆਇੰਟ ਆਫ਼ ਡਿਸਆਰਡਰ ਰੇਜ਼ ਕਰਦੇ ਹਨ ਉਨ੍ਹਾਂ ਨੂੰ ਤੁਸੀਂ ਨੇਮ ਕਰੋ ਜਾਂ ਅਸਾਨੂੰ ਕਹੋ ਅਸੀਂ ਨੇਮ ਕਰੀਏ ਤਾਂਕਿ ਪਰੋਸੀਡਿੰਗਜ਼ ਵਿਚ ਵਿਘਨ ਨਾ ਪਾਉਣ । ਪੁਆਇੰਟ ਆਫ਼ ਆਰਡਰ ਦੇ ਬਾਰੇ ਵਿਚ ਸਪੈਸੇਫਿਕ ਪ੍ਰੋਵੀਜ਼ਨ ਰੂਲਜ਼ ਵਿਚ ਹੈ । ਇਸ ਤਰ੍ਹਾਂ ਹਰ ਵਕਤ ਵਿਘਨ ਪਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ।

**ਸ੍ਰੀ ਡਿਪਟੀ ਸਪੀਕਰ** : ਮੈਂ ਤਾਂ ਪਹਿਲਾਂ ਹੀ ਕਹਿ ਚੁਕਾ ਹਾਂ । (I have already said so.)

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : * * * *

**Mr. Deputy Speaker** : This should not be recorded.

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ..(ਵਿਘਨ)।

**Mr. Deputy Speaker** : The hon. Member is obstructing the proceedings. I will have to name him.

ਡਾਕਟਰ ਅਮੀਰ ਸਿੰਘ ਕਲਕਟ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ..।

**Mr. Deputy Speaker** : Please resume your seat.

ਡਾਕਟਰ ਅਮੀਰ ਸਿੰਘ ਕਲਕਟ : * * * *।

**Mr. Deputy Speaker** : Whatever is being said by the hon. Member without the permission of the Chair should also not be recorded. I would request. Gupta Sahib to please wind up now.

ਸ੍ਰੀ ਪ੍ਰੇਮ ਗੁਪਤਾ : ਮੈਂ, ਡਿਪਟੀ ਸਪੀਕਰ ਸਾਹਿਬ, ਹੁਣ ਵਾਈਂਡ ਅੱਪ ਹੀ ਕਰ ਰਿਹਾ ਹਾਂ। ਮੇਰੀ ਬੇਨਤੀ ਇਹ ਹੈ ਕਿ ਡਿਫੈਕਸ਼ਨਾਂ ਨਾਲ ਨਾ ਸਿਰਫ ਪੋਲੀਟੀਕਲ ਲਾਈਫ ਵਿਚ ਬਲਕਿ ਹਰ ਜੀਵਨ ਦੇ ਖੇਤਰ ਵਿਚ ਰੁਕਾਵਟ ਪੈਦਾ ਹੋ ਜਾਂਦੀ ਹੈ ਅਤੇ ਇਕ ਬੀਮਾਰੀ ਪੈਦਾ ਹੋ ਜਾਂਦੀ ਹੈ ਜਿਸ ਨੂੰ ਰੋਕਣ ਲਈ ਇਹ ਕਦਮ ਜ਼ਰੂਰੀ ਸੀ। ਪੰਜਾਬ ਅਸੈਂਬਲੀ ਨੇ ਇਹ ਜਿਹੜਾ ਇਨੀਸ਼ੀਏਟਿਵ ਲਿਆ ਹੈ ਇਹ ਸ਼ਲਾਘਾਯੋਗ ਹੈ। ਮੈਂ ਸਮਝ ਨਹੀਂ ਸਕਿਆ ਕਿ ਸੰਧੂ ਸਾਹਿਬ ਪਤਾ ਨਹੀਂ ਕਿਸ ਤਰ੍ਹਾਂ ਦੀਆਂ ਗਲਾਂ ਅਸਾਡੇ ਬਾਰੇ ਵਿਚ ਕਹਿੰਦੇ ਹਨ। (ਵਿਘਨ) (ਸ਼ੋਰ) 1970 ਵਿਚ ਜਦ ਸਰਦਾਰ ਗੁਰਨਾਮ ਸਿੰਘ ਅਕਾਲੀ ਗੌਰਮਿੰਟ ਦੇ ਚੀਫ ਮਨਿਸਟਰ ਸਨ ਤਾਂ ਉਨ੍ਹਾਂ ਦੀ ਸਰਕਾਰ ਕੀ ਅਸੀਂ ਜਾ ਕੇ ਤੋੜੀ ਸੀ? ਉਹ ਤਾਂ ਅਕਾਲੀ ਪਾਰਟੀ ਨੇ ਤੋੜੀ ਸੀ ਕੀ ਇਹ ਠੀਕ ਨਹੀਂ ? ਇਸ ਲਈ ਕਿਸੇ ਦੂਸਰੇ ਦਾ ਨਾਉਂ ਲੈਣ ਤੋਂ ਪਹਿਲਾਂ ਉਹ ਆਪਣੀ ਮੰਜੀ ਹੇਠ ਸੋਟਾ ਫੇਰ ਲਿਆ ਕਰਨ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ।

(ਇਸ ਵੇਲੇ ਵਿਤ ਮੰਤਰੀ ਸਾਹਿਬ ਬੋਲਣ ਲਈ ਖੜੇ ਹੋ ਗਏ)

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਪੁਆਇੰਟ ਆਫ਼ ਆਰਡਰ ਸਰ * * * * *।

**Mr. Deputy Speaker**: This is no point of order. Please resume your seat.

---

*Not recorded as ordered by the Chair.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਦੀ ਕਾਫੀ ਅਹਿਮੀਅਤ ਹੈ ਜਿਸ ਤਰ੍ਹਾਂ ਕਿ ਸਾਰੇ ਮੈਂਬਰ ਸਾਹਿਬਾਨ ਇਸ ਦੇ ਹੱਕ ਵਿਚ ਬੋਲੇ ਹਨ, ਇਹ ਕਿਤਨਾ ਜ਼ਰੂਰੀ ਹੈ ਜੇ ਇਸ ਰੈਜ਼ੋਲਿਊਸ਼ਨ ਨੂੰ ਮਨ ਵਿਚ ਰਖਦਿਆਂ ਹੋਇਆਂ ਇਸ ਤੇ ਅਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ । ਇਸ ਗਲ ਦੀ ਅੱਜ ਦੀ ਡੈਮੋਕਰੇਸੀ ਲਈ ਬੜੀ ਸਖਤ ਜ਼ਰੂਰਤ ਹੈ । ਸਾਡੇ ਦੇਸ਼ ਵਿਚ ਜਿਹੜੀ ਡੈਮੋਕਰੇਸੀ ਹੈ ਇਹ ਪਾਰਲੀਮੈਂਟਰੀ ਡੈਮੋਕਰੇਸੀ ਹੈ । ਸ਼ੁਰੂ ਸ਼ੁਰੂ ਵਿਚ ਡੀਫੈਕਸ਼ਨਾਂ ਨਹੀਂ ਹੋਈਆਂ । ਪਹਿਲੀ ਦੂਸਰੀ ਅਤੇ ਤੀਸਰੀ ਇਲੈਕਸ਼ਨ ਵਿਚ ਕੋਈ ਡੀਫੈਕਸ਼ਨ ਖਾਸ ਨਹੀਂ ਹੋਈ । ਤੀਸਰੀ ਇਲੈਕਸ਼ਨ ਤੋਂ ਫੇਰ ਡੀਫੈਕਸ਼ਨਾਂ ਹੋਈਆਂ । ਜਿਸ ਦਾ ਕਾਰਨ ਇਹ ਸੀ ਕਿ ਰੂਲਿੰਗ ਪਾਰਟੀ ਵਿਚ ਮੈਜਾਰਿਟੀ ਜ਼ਿਆਦਾ ਸੀ ਜਦੋਂ ਮੈਜਾਰਟੀ ਘਟੀ ਤਾਂ ਫੇਰ ਕੁਝ ਬੰਦਿਆਂ ਨੂੰ ਲਾਲਚ ਲਗ ਗਿਆ । ਮੈਂ ਅਰਜ਼ ਕਰਾਂ ਕਿ ਪਹਿਲਾਂ ਤਿੰਨ ਇਲੈਕਸ਼ਨਾਂ ਤੋਂ ਬਾਅਦ 542 ਡੀਫੈਕਸ਼ਨਾਂ ਹੋਈਆਂ ਜਦੋਂ ਚੌਥੀ ਇਲੈਕਸ਼ਨ ਆਈ, ਇਨ੍ਹਾਂ ਵਿਚੋਂ 438 ਡੀਫੈਕਸ਼ਨਾਂ ਮਨਿਸਟਰੀ ਦੇ ਜਾਂ ਔਹਦਿਆਂ ਦੇ ਲਾਲਚਾਂ ਲਈ ਹੋਈਆਂ । ਜਦੋਂ ਕਿਸੇ ਪਾਰਟੀ ਵਿਚ ਮੈਜਾਰਟੀ ਪ੍ਰੀਕੇਰੀਅਸ ਹੋਵੇ ਤਾਂ ਉਸ ਵੇਲੇ ਡਿਫੈਕਸ਼ਨਾਂ ਦਾ ਖ਼ਤਰਾ ਹੁੰਦਾ ਹੈ । ਡੀਫੈਕਸ਼ਨਾਂ ਦੇ ਮੁਤਾਲਿਕ ਵਿਚਾਰ ਕਰਨ ਲਈ ਇਕ ਕਮੇਟੀ ਬਣੀ ਸੀ ਜਿਸ ਵਿਚ 8 ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਉਨ੍ਹਾਂ ਨੇ ਜਿਹੜੀ ਡੀਫੈਕਸ਼ਨ ਦੇ ਮੁਤਾਲਿਕ ਰਾਏ ਦਿੱਤੀ ਉਹ ਇਹ ਸੀ ਕਿ ਕਿਸੇ ਪਾਰਟੀ ਦੀ ਤਬਦੀਲੀ ਦਾ ਖ਼ਤਰਾ ਉਸ ਵਕਤ ਹੁੰਦਾ ਹੈ ਜਦੋਂ ਕਿਸੇ ਦੀ ਆਈਡੀਆਲੋਜੀ ਤਬਦੀਲ ਹੋ ਜਾਵੇ । ਗਵਰਨਮੈਂਟ ਤੇ ਵਿਸ਼ਵਾਸ਼ ਨਾ ਰਹੇ ਜਾਂ ਫੇਰ ਉਸ ਵੇਲੇ ਪਾਰਟੀ ਕੋਈ ਤਬਦੀਲ ਕਰਦਾ ਹੈ ਜਦੋਂ ਅਲੋਉਰ ਆਫ ਚੇਅਰ ਹੋਵੇ, ਲਾਲਚ ਇਹ ਹੋਵੇ ਕਿ ਵਜ਼ੀਰ ਬਣਾਊ, ਜਾਂ ਬਣਨਾ ਸੀ ਵਜ਼ੀਰ ਬਣਾ ਦਿੱਤਾ, ਡਿਪਟੀ ਵਜ਼ੀਰ ਜਾਂ ਪਾਰਲੀਮੈਂਟਰੀ ਸੈਕਟਰੀ (ਵਿਘਨ) ਸੰਧੂ ਸਾਹਿਬ ਕਿਸ ਲਈ ਪੰਗੇ ਲੈਂਦੇ ਹੋ ਮੈਂ ਤਾਂ ਜਲਦੀ ਹੀ ਆਪਣੀ ਗਲ ਖਤਮ ਕਰ ਦੇਣੀ ਹੈ । (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਸ਼ਰਮਾ ਜੀ ਨਾਲ ਪੰਗਾ ਨਹੀਂ ਲੈਂਦਾ ਕਿਉਂਕਿ ਮੈਂ ਉਨ੍ਹਾਂ ਦੀਆਂ ਪੁਰਾਣੀਆਂ ਜੜ੍ਹਾਂ ਤੋਂ ਵਾਕਫ ਹਾਂ । ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨੰਦਨੀ ਸਤਪਤੀ ਨੂੰ ਹੁਣ ਕਾਂਗਰਸੀ ਕਿਸ ਗਲ ਤੋਂ ਛੱਡ ਕੇ ਗਏ ਹਨ । (ਹਾਸਾ) ਕੀ ਫਰੱਸਟਰੇਸ਼ਨ ਕਰਕੇ ਤਾਂ ਨਹੀਂ ਗਏ ਕਿਉਂਕਿ ਉਥੇ ਕਾਂਗਰਸ ਰਾਜ ਨਹੀਂ ਕਰ ਸਕੀ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਕਾਰਨ ਕੀ ਹੁੰਦਾ ਹੈ ਡੀਫੈਕਸ਼ਨਾਂ ਦਾ ? ਜਦੋਂ ਹਰਿਆਣਾ-ਪੰਜਾਬ ਦੀ ਗਲ ਚਲੀ ਤਾਂ ਉਸ ਵੇਲੇ 210 ਡੀਫੈਕਸ਼ਨਾਂ ਹੋਈਆਂ । ਇਸ ਤਰ੍ਹਾਂ ਹੀ ਬਿਹਾਰ, ਮੱਧਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਵੈਸਟ ਬੰਗਾਲ ਵਿਚ ਵੀ ਡੀਫੈਕਸ਼ਨਾਂ ਹੋਈਆਂ ਹਨ । ਜਿਹੜਾ ਵਜ਼ੀਰੀ ਚਾਹੁੰਦਾ ਹੈ ਬਣ ਨਹੀਂ ਸਕਦਾ ਜਾਂ ਹੋਰ ਉਹਦੀ ਗਲ ਪੂਰੀ ਨਹੀਂ ਹੁੰਦੀ ਤਾਂ ਉਹ ਪਾਰਟੀ ਨੂੰ ਡੀਫੈਕਟ ਕਰਦਾ ਹੈ । ਇਸੇ ਤਰ੍ਹਾਂ ਹਰਿਆਣੇ ਦਾ ਰਿਕਾਰਡ ਹੈ ਕਿ ਇਕ ਆਦਮੀ ਇਕ ਦਿਨ ਵਿਚ 2-3 ਵਾਰੀ ਏਧਰ ਤੋਂ ਉਧਰ ਹੋਇਆ, ਆਇਆ ਰਾਮ ਅਤੇ ਗਿਆ ਰਾਮ ਵਾਲੀ ਗਲ ਬਿਲਕੁਲ ਨਹੀਂ ਹੋਣੀ ਚਾਹੀਦੀ । ਇਕ ਡੀਫੈਕਟਰ ਨੇ ਇਹ ਵੀ ਬਿਆਨ ਦਿਤਾ ਕਿ ਉਹਨੂੰ 20 ਹਜ਼ਾਰ ਰੁਪਿਆ ਡਿਫੈਕਟ ਕਰਨ ਲਈ ਵਾਇਦਾ ਹੋਇਆ ਪਰ ਦਿਤਾ 10 ਹਜ਼ਾਰ, ਇਹ ਵੀ ਇਕ ਦਿਲਚਸਪ ਗਲ ਹੋਈ ਹੈ । ਇਹ ਇਕ ਅਫ਼ਸੋਸਨਾਕ ਗਲ ਹੈ ਜੇ ਇਹ ਇਕ ਡੈਮੋਕਰੇਟਿਕ ਕੰਟਰੀ ਵਿਚ ਹੋਵੇ ਡਿਪਟੀ

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਲੇਬਰ ਪਾਰਟੀ 3 ਵੋਟਾਂ ਦੀ ਮੈਜਾਰਿਟੀ ਨਾਲ ਇੰਗਲੈਂਡ ਵਿਚ 5 ਸਾਲ ਹਕੂਮਤ ਕਰਦੀ ਰਹੀ ਹੈ। ਇਸੇ ਤਰ੍ਹਾਂ ਇਕ ਗਲ ਸਰਦਾਰ ਹੁਕਮ ਸਿੰਘ ਨੇ ਦਸੀ ਕਿ ਆਸਟ੍ਰੇਲੀਆ ਵਿਚ ਇਕ ਪਾਰਟੀ ਦੀ ਇਕ ਵੋਟ ਦੀ ਮੈਜਾਰਿਟੀ ਸੀ, ਉਹ ਪਾਰਟੀ 10 ਸਾਲ ਰਾਜ ਕਰਦੀ ਰਹੀ। ਇਸ ਤਰ੍ਹਾਂ ਦੀ ਜਿਥੇ ਹਕੂਮਤ ਹੋਵੇ ਉਥੇ ਹੀ ਪਾਰਲੀਮੈਂਟਰੀ ਡੈਮੋਕਰੇਸੀ ਫੱਲਰਸ਼ ਕਰਦੀ ਹੈ। ਜਿਸ ਤਰ੍ਹਾਂ ਦਾ ਇਹ ਰੈਜ਼ੋਲਿਊਸ਼ਨ ਆਇਆ ਹੈ ਉਸੇ ਤਰ੍ਹਾਂ ਹੀ ਲੋਕ ਸਭਾ ਦੇ ਵਿਚ ਇਸ ਕਿਸਮ ਦਾ ਰੈਜ਼ੋਲਿਊਸ਼ਨ ਆਇਆ। ਇਸ ਦੇ ਨਤੀਜੇ ਦੇ ਤੌਰ ਤੇ ਇਕ ਕਮੇਟੀ ਲੋਕ ਸਭਾ ਵਿਚ ਬਣੀ, ਜਿਸ ਨੇ ਕਿ ਲੋਕ ਸਭਾ ਨੂੰ ਇਸ ਤਰ੍ਹਾਂ ਆਪਣੇ ਸੁਜੈਸ਼ਨਜ਼ ਦਿੱਤੇ ਹਨ। ਇਹ ਰੈਜ਼ੋਲਿਊਸ਼ਨ ਵੀ ਲੋਕ ਸਭਾ ਵਿਚ ਜਾਣਾ ਹੈ ਅਤੇ ਲੋਕ ਸਭਾ ਵਿਚ ਵੀ ਇਕ ਇਸ ਤਰ੍ਹਾਂ ਦਾ ਬਿਲ ਉਨ੍ਹਾਂ ਦਾ ਆਪਣਾ ਆਉਣਾ ਹੈ, ਉਨ੍ਹਾਂ ਨੇ ਵਿਚਾਰ ਕਰਕੇ ਕੁਝ ਸੁਜੈਸ਼ਨਜ਼ ਦਿੱਤੇ ਹਨ ਜੋ ਮੈਂ ਸਾਰਿਆਂ ਦੀ ਵਾਕਫੀਅਤ ਲਈ ਪੜ੍ਹ ਦਿੰਦਾ ਹਾਂ।

ਪਹਿਲਾ ਸੁਝਾਵ ਇਹ ਹੈ ਕਿ ਪੁਲੀਟੀਕਲ ਪਾਰਟੀ ਨੂੰ ਆਪੋ ਆਪਣੇ ਬੰਦਿਆਂ ਨੂੰ ਉਸਦੇ ਨਿਯਮਾਂ ਅਨੁਸਾਰ ਬੰਦਸ਼ ਹੋਣੀ ਚਾਹੀਦੀ ਹੈ। ਕਿਸੇ ਨੂੰ ਵੀ ਇਿਨ ਫਲੋ ਜਾਂ ਆਊਟ ਫਲੋ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।

ਦੂਸਰਾ ਸੁਝਾਵ ਉਨ੍ਹਾਂ ਦਾ ਇਹ ਹੈ ਕਿ ਜਿਹੜੇ ਲੋਕ ਕਿਸੇ ਪੁਲੀਟੀਕਲ ਪਾਰਟੀ ਦੇ ਵਿਚੋਂ ਚੁਣ ਕੇ ਆਉਂਦੇ ਹਨ, ਉਸ ਤੇ ਲੋਕਾਂ ਦੀ ਭਾਰੀ ਜ਼ਿਮੇਵਾਰੀ ਹੈ ਔਰ ਜੇ ਇਹ ਜ਼ਿਮੇ—ਵਾਰੀ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਹੀਂ ਨਿਭਾਉਣਗੇ ਤਾਂ ਇਸ ਤੇ ਬਹੁਤਾ ਅਮਲ ਨਹੀਂ ਹੋ ਸਕੇਗਾ। ਉਹ ਤਾਂ ਇਸ ਤੋਂ ਵੀ ਅਗੇ ਗਏ ਹਨ ਕਿ ਸਿਰਫ ਡਿਫੈਕਸ਼ਨ ਖਤਮ ਹੋਣ ਨਾਲ ਕੁਰੱਪਸ਼ਨ ਖਤਮ ਨਹੀਂ ਹੋਣ ਲਗੀ ਸਗੋਂ ਕੋਈ ਗਲਤ ਸਵਾਲ ਪੁਛਣਾ, ਕੋਈ ਗਲਤ ਪੁਆਇੰਟ ਆਫ ਆਰਡਰ ਪੁਛਣਾ ਕਿਸੇ ਐਮ. ਐਲ. ਏ. ਜਾਂ ਐਮ. ਪੀ. ਬਾਰੇ ਪਰਸਨਲ ਗਲਾਂ ਕਰਨੀਆਂ ਜਾਂ ਉਨ੍ਹਾਂ ਫਰਮਾਂ ਦਾ ਜ਼ਿਕਰ ਕਰਨਾ ਜਿਨ੍ਹਾਂ ਵਿਚ ਉਨ੍ਹਾਂ ਦੇ ਹਿਸੇ ਹੋਣ ਇਨ੍ਹਾਂ ਸਾਰੀਆਂ ਗਲਾਂ ਬਾਰੇ ਵੀ ਉਸ ਕਮੇਟੀ ਨੇ ਵਿਚਾਰ ਕੀਤੀ ਹੈ। ਉਸ ਕਮੇਟੀ ਨੇ ਇਕ ਇਹ ਫੈਸਲਾ ਵੀ ਕੀਤਾ ਹੈ ਕਿ ਚੀਫ ਮਨਿਸਟਰ ਜਾਂ ਪ੍ਰਧਾਨ ਮੰਤਰੀ ਲੋਅਰ ਹਾਊਸ ਵਿਚੋਂ ਹੋਵੇ, ਲੋਕਾਂ ਦੇ ਚੁਣੇ ਹੋਏ ਪ੍ਰਤਿਨਿਧੀਆਂ ਵਿਚੋਂ ਹੋਵੇ ਔਰ ਅਪਰ ਹਾਊਸ ਵਿਚੋਂ ਨਾ ਹੋਵੇ। ਇਸ ਉਤੇ ਤਾਂ ਅਮਲ ਵੀ ਸ਼ੁਰੂ ਹੋ ਗਿਆ ਹੈ। ਫਿਰ ਇਸ ਨਾਲ ਹੀ ਉਨ੍ਹਾਂ ਨੇ ਕਿਹਾ ਹੈ ਕਿ ਜਿਹੜਾ ਡੀਫੈਕਸ਼ਨ ਕਰਦਾ ਹੈ ਉਸ ਨੂੰ ਡੀਬਾਰ ਕੀਤਾ ਜਾਵੇ ਅਤੇ ਉਹ ਰੀਜ਼ਾਈਨ ਦੇਵੇ। ਉਨ੍ਹਾਂ ਨੂੰ ਡੀਫੈਕਟਰ ਦੀ ਡੈਫੀਨੇਸ਼ਨ ਵੀ ਦਿਤੀ ਹੈ :

> "An elected member of a legislature who had been allotted the reserved symbol of any political party can be said to have defected, if, after being elected as a member of either House of Parliament or of the Legislative Council or the Legislative Assembly of a State or Union Territory, he voluntarily renounces allegiance to, or association with such political party, provided his action is not in consequence of a decision of the party concerned."

ਯਾਨੀ ਜੋ ਇਲੈਕਟ ਹੁੰਦਾ ਹੈ ਕਿਸੇ ਸਿੰਬਲ ਤੇ ਜੋ ਚੁਣਾਓ ਤੋਂ ਬਾਅਦ ਉਹ ਕੋਈ ਦੂਸਰੀ ਪਾਰਟੀ ਜੁਆਇਨ ਕਰੇ......(ਵਿਘਨ)

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਆਨ ਏ ਪੁਆਇੰਟ ਆਫ ਕਲੈਰੀਫੀਕੇਸ਼ਨ, ਸਰ । ਡਿਪਟੀ ਸਪੀਕਰ ਸਾਹਿਬ, ਉਸ ਰਿਪੋਰਟ ਵਿਚ ਹੈ ਕਿ ਉਹ ਆਪਣੀ ਪਾਰਟੀ ਛੱਡ ਦੇਵੇ ਦੂਜੀ ਪਾਰਟੀ ਭਾਵੇਂ ਜੁਆਇਨ ਕਰੇ ਜਾਂ ਨਾ ਕਰੇ ।

**ਵਿੱਤ ਮੰਤਰੀ** :ਇਹ ਵੀ ਵਿਚਾਰ ਕੀਤੀ ਗਈ ਸੀ ਪਰ ਮੈਂਬਰਾਂ ਨੇ ਮਜਮੂਹੀ ਤੌਰ ਤੇ ਇਹ ਫੈਸਲਾ ਕੀਤਾ ਸੀ । ਸੋ, ਡਿਪਟੀ ਸਪੀਕਰ ਸਾਹਿਬ, ਕਾਨਸਟੀਚਿਊਸ਼ਨ ਦੇ ਐਕਸਪਰਟਸ ਨੇ ਵੀ ਕਿਹਾ ਕਿ ਰੀਪ੍ਰੈਜ਼ੈਨਟੇਸ਼ਨ ਆਫ ਪੀਪਲ ਐਕਟ ਜੋ ਹੈ ਉਸ ਵਿਚ ਜੋ ਡਿਸਕੁਆਲੀ-ਫੀਕੇਸ਼ਨ ਹਨ ਇਕ ਮੈਂਬਰ ਲਈ, ਉਨ੍ਹਾਂ ਵਿਚ ਇਹ ਵੀ ਜੋੜ ਦਿਤਾ ਜਾਵੇ । ਉਸ ਕਮੇਟੀ ਨੇ ਇਹ ਵੀ ਕਿਹਾ ਕਿ ਇਹ ਸਭ ਕੁਝ ਤਦ ਹੀ ਹੈ ਜੇ ਕੋਈ ਮੈਂਬਰ ਇੰਡੀਵੀਜੂਅਲ ਤੌਰ ਤੇ ਇਸ ਤਰ੍ਹਾਂ ਕਰੇ । ਪਰ ਜੇ ਕੋਈ ਪਾਰਟੀ ਐਜ਼ ਏ ਹੋਲ ਇਹ ਫੈਸਲਾ ਕਰੇ ਕਿ ਇਸ ਪੁਆਇੰਟ ਤੇ ਫਲਾਣੀ ਪਾਰਟੀ ਨਾਲ ਕਲੈਬੋਰੇਸ਼ਨ ਕਰਨੀ ਹੈ ਜਾਂ ਕੋਆਪ੍ਰੇਸ਼ਨ ਦੇਣੀ ਹੈ ਤਾਂ ਉਸ ਤੇ ਇਹ ਲਾਗੂ ਨਹੀਂ ਹੋਵੇਗਾ । (ਵਿਘਨ) ਤੁਹਾਡੀ ਸਾਰੀ ਪਾਰਟੀ ਇਧਰ ਆ ਜਾਵੇ ਤਾਂ ਕੋਈ ਡਰ ਨਹੀਂ । (ਹਾਸਾ) ਮੈਂ ਤਾਂ ਇਹ ਰਿਪੋਰਟ ਹੀ ਦਸ ਰਿਹਾ ਹਾਂ । (ਵਿਘਨ) ਫਿਰ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਇਕ ਹੋਰ ਚੀਜ਼ ਦਿਤੀ ਹੈ ਕਿ ਸਾਰੀਆਂ ਪਾਰਟੀਆਂ ਮੰਨ ਲੈਣ ਕਿ ਮਨਿਸਟਰੀ ਦੀ ਤਾਦਾਦ ਇਸ ਤੋਂ ਵੱਧ ਨਾ ਹੋਵੇ । ਇਹ ਤਾਦਾਦ ਮੁਕੱਰਰ ਕਰ ਦੇਣੀ ਚਾਹੀਦੀ ਹੈ ਸੈਂਟਰ ਵਿਚ ਵੀ ਅਤੇ ਸਟੇਟਾਂ ਵਿਚ ਵੀ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇੰਗਲੈਂਡ ਵਿਚ ਤਾਂ ਇਹ ਕਨਵੈਨਸ਼ਨ ਹੈ । ਉਨ੍ਹਾਂ ਦੇ ਕੰਸਟੀਚਿਊਸ਼ਨ ਵਿਚ ਇਹ ਚੀਜ਼ ਦਰਜ ਨਹੀਂ ਹੈ ਅਤੇ ਨਾ ਹੀ ਰੀਪ੍ਰੇਜ਼ੈਨਟਸ਼ਨ ਆਫ ਪੀਪਲ ਐਕਟ ਵਿਚ ਹੈ । ਇਹ ਚੀਜ਼ ਸਿਰਫ ਉਥੇ ਕਨਵੈਨਸ਼ਨ ਦੇ ਨਾਲ ਹੀ ਹੈ ਕਿ ਜੋ ਮੈਂਬਰ ਆਪਣੀ ਪਾਰਟੀ ਛਡਦਾ ਹੈ ਤਾਂ ਉਸ ਨੂੰ ਆਪਣੀ ਸੀਟ ਤੋਂ ਵੀ ਰੀਜ਼ਾਈਨ ਕਰਨਾ ਪੈਂਦਾ ਹੈ । ਪਰ ਇਸ ਤੋਂ ਬਿਨਾਂ ਸਵਿਟਜ਼ਰਲੈਂਡ, ਰੁਮਾਨੀਆ, ਚੈਕੋ-ਸਲਾਵਾਕੀਆ, ਯੂ. ਐਸ.ਐਸ.ਆਰ. ਅਤੇ ਯੂ.ਐਸ.ਏ. ਦੀਆਂ ਕੁਝ ਸਟੇਟਾਂ ਦੇ ਕੰਸਟੀਚਿਊਸ਼ਨ ਵਿਚ ਵੀ ਇਹ ਚੀਜ਼ ਦਰਜ ਹੈ ਕਿ ਜੇ ਮੈਂਬਰ ਲੋਕਾਂ ਦੀਆਂ ਉਮੀਦਾਂ ਤੇ ਪੂਰਾ ਨਹੀਂ ਉਤਰਦਾ ਤਾਂ ਉਸ ਨੂੰ ਕੰਸਟੀਚੂਐਂਸੀ ਵਾਲੇ ਰੀਕਾਲ ਕਰ ਲੈਂਦੇ ਹਨ । ਭਾਵੇਂ ਇਹ ਚੀਜ਼ ਭਾਰਤ ਵਰਗੇ ਵਿਸ਼ਾਲ ਮੁਲਕ ਵਿਚ ਸੰਭਵ ਨਹੀਂ ਪਰ ਫਿਰ ਵੀ ਇਸ ਬਿਲ ਦੇ ਪਾਸ ਹੋਣ ਨਾਲ ਕਾਫੀ ਹਦ ਤਕ ਇਹ ਡਿਫੈਕਸ਼ਨ ਰੁਕ ਜਾਵੇਗੀ ।

**ਸ਼੍ਰੀ ਸਰਦਾਰੀ ਲਾਲ ਕਪੂਰ** : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਟਾਈਮ ਬਹੁਤ ਥੋੜ੍ਹਾ ਰਹਿ ਗਿਆ ਹੈ, ਜੇ ਇਹ ਮਤਾ ਅੱਜ ਹੀ ਪਾਸ ਹੋਣਾ ਹੈ ਤਾਂ ਟਾਈਮ ਵਧਾ ਦਿਉ ।

**ਵਿੱਤ ਮੰਤਰੀ** : ਬਸ ਮੈਂ ਦੋ-ਤਿੰਨ ਮਿੰਟ ਵਿਚ ਹੀ ਖਤਮ ਕਰ ਦਿਆਂਗਾ । ਡਿਪਟੀ ਸਪੀਕਰ ਸਾਹਿਬ, ਇਥੇ ਇਸ ਮਤੇ ਤੇ ਬੋਲਦੇ ਹੋਏ ਯਸ਼ ਜੀ ਨੇ ਕਿਹਾ ਕਿ ਇਸ ਨਾਲ ਲੋਕਾਂ ਦਾ ਫੰਡਾਮੈਂਟਲ ਰਾਈਟ ਇਨਫਰਿੰਜ ਹੁੰਦਾ ਹੈ । ਮੈਂ ਇਸ ਬਾਰੇ ਅਰਜ਼ ਕਰਾਂ ਕਿ ਇਸ ਕਮੇਟੀ ਨੇ ਇਸ ਗਲ ਤੇ ਵੀ ਵਿਚਾਰ ਕੀਤੀ ਸੀ ਅਤੇ ਕੰਸਟੀਚਿਊਸ਼ਨ ਦੇ ਐਕਸਪਰਟਸ ਨੇ ਕਿਹਾ ਸੀ ਕਿ ਇਸ ਨਾਲ ਫੰਡਾਮੈਂਟਲ ਰਾਈਟਸ ਇਨਫਰਿੰਜ ਨਹੀਂ ਹੁੰਦੇ ਹਨ ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ ਮੈਂ ਇਕ ਹੋਰ ਗਲ ਹਾਊਸ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਰੀਆਂ ਪਾਰਟੀਆਂ ਨੇ ਮਿਲ ਕੇ ਇਸ ਪਰਕਾਰ

Original with;
Punjab Vidhan Sabha
Digitized by;
Panjab Digital Library

ਡੀਫੈਕਸ਼ਨ ਨੂੰ ਰੋਕਣ ਲਈ ਇਹ ਮਤਾ ਲਿਆਂਦਾ ਹੈ ਇਸ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਹਾਊਸ ਦੀ ਇਕ ਕਮੇਟੀ ਬਣਾਉਣ ਜਿਸ ਵਿਚ ਹਾਊਸ ਦੀਆਂ ਸਾਰੀਆਂ ਪਾਰਟੀਆਂ ਦੇ ਰੀਪ੍ਰਿਜ਼ੈਂਟੇਟਿਵ ਲਏ ਜਾਣ ਅਤੇ ਉਹ ਮੈਂਬਰਾਂ ਵਾਸਤੇ ਕੋਡ ਆਫ ਕੰਡਕਟ ਬਣਾਉਣ। ਇਸ ਤਰ੍ਹਾਂ ਦਾ ਇਕ ਕੋਡ ਆਫ ਕੰਡਕਟ ਅਪਰ ਹਾਊਸ ਵਿਚ ਬਣਾਇਆ ਗਿਆ ਸੀ ਅਤੇ ਉਹ ਲੋਅਰ ਹਾਊਸ ਤੋਂ ਵੀ ਪਾਸ ਕਰਵਾਇਆ ਗਿਆ ਸੀ ਅਤੇ ਇਹ ਬੜਾ ਯੂਜ਼ਫੁਲ ਸੀ। ਮੈਂ ਇਸ ਦੀ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਇਕ ਵਾਰੀ ਸ੍ਰੀ ਲਾਲਪੁਰਾ ਨੇ ਇਹ ਕੋਡ ਆਫ ਕੰਡਕਟ ਦੇ ਬਣਨ ਤੋਂ ਬਾਅਦ ਡਿਫੈਕਸ਼ਨ ਕੀਤੀ ਤਾਂ ਉਨ੍ਹਾਂ ਨੂੰ ਸਾਰੇ ਹਾਊਸ ਅਗੇ ਪੇਸ਼ ਹੋਣਾ ਪਿਆ ਔਰ ਹਾਊਸ ਨੇ ਉਨ੍ਹਾਂ ਨੂੰ ਕੰਡੈਮ ਕੀਤਾ ਸੀ। ਮੈਂ ਸਮਝਦਾ ਹਾਂ ਕਿ ਇਕ ਮੈਂਬਰ ਵਾਸਤੇ ਇਹ ਬਹੁਤ ਵਡੀ ਸਜ਼ਾ ਹੈ ਕਿ ਸਾਰਾ ਹਾਊਸ ਇਕ ਅਦਾਲਤ ਵਾਂਗ ਬੈਠ ਜਾਵੇ ਤੇ ਉਸ ਅਗੇ ਉਸ ਨੂੰ ਪੇਸ਼ ਹੋਣਾ ਪਏ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਕ ਪ੍ਰਕਾਰ ਦੀ ਇਕ ਕਮੇਟੀ ਜ਼ਰੂਰ ਬਣਾਈ ਜਾਵੇ। ਇਸ ਕੋਡ ਆਫ ਕੰਡਕਟ ਵਿਚ 28 ਆਈਟਮਾਂ ਸੀ....(ਵਿਘਨ)

## EXTENSION OF TIME OF THE SITTING

**ਕਾਮਰੇਡ ਸੱਤਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਹੁਣ ਤਾਂ ਸਿਰਫ ਡੇਢ ਮਿੰਟ ਹੀ ਰਹਿ ਗਿਆ ਹੈ, ਇਹ ਮਤਾ ਕਦ ਪਾਸ ਕਰਨਗੇ ?

**ਸ੍ਰੀ ਡਿਪਟੀ ਸਪੀਕਰ** : ਹਾਊਸ ਦਾ ਟਾਈਮ 15 ਮਿੰਟ ਹੋਰ ਵਧਾ ਦਿਤਾ ਜਾਂਦਾ ਹੈ। (The time of the sitting is hereby extended by 15 minutes.)

## RESOLUTION RE. ENACTMENT OF LEGISLATION TO CURB DEFECTIONS.

(Resumption of Discussion)

**ਵਿੱਤ ਮੰਤਰੀ** : ਉਸ ਅਪਰ ਹਾਊਸ ਦੀ ਕਮੇਟੀ ਨੇ 28 ਸੁਜੈਸ਼ਨਾਂ ਕੀਤੀਆਂ ਸੀ। (ਵਿਘਨ) ਡਿਸਆਰਡਰ ਵਾਲੀ ਗਲ ਵੀ ਉਸ ਨੇ ਕਨਸਿਡਰ ਕੀਤੀ ਸੀ (ਵਿਘਨ)।

**ਸਰਦਾਰ ਅਜਾਇਬ ਸਿੰਘ ਸੰਧੂ** : ਆਨ ਏ ਪੁਆਇੰਟ ਆਫ ਆਰਡਰ, ਸਰ। ਵਿੱਤ ਮੰਤਰੀ ਜੀ ਨੇ ਹੁਣੇ ਕਿਹਾ ਹੈ ਕਿ ਡੀਫੈਕਸ਼ਨ ਕਰਨ ਕਰਕੇ ਸਾਰੇ ਹਾਊਸ ਨੇ ਲਾਲਪੁਰਾ ਜੀ ਨੂੰ ਕਨਡੈਮ ਕੀਤਾ ਸੀ। ਮੈਂ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿਚ ਜੋ ਦੋ ਮੈਂਬਰ ਹੁਣ ਗਏ ਹਨ, ਕੀ ਉਹ ਵੀ ਉਨ੍ਹਾਂ ਨੂੰ ਕਨਡੈਮ ਕਰਨਗੇ ?

**ਸ੍ਰੀ ਡਿਪਟੀ ਸਪੀਕਰ** : ਉਹ ਬਹਿਸ ਦਾ ਜਵਾਬ ਨਹੀਂ ਦੇ ਰਹੇ ਕਿ ਤੁਸੀਂ ਉਨ੍ਹਾਂ ਕੋਲੋਂ ਕੁਝ ਪੁਛੋ। ਤੁਸੀਂ ਬੈਠ ਜਾਓ। (The Finance Minister is not giving a reply to the debate. You may not put a question to him. Please resume your seat.)

**ਵਿੱਤ ਮੰਤਰੀ** : ਅਖੀਰ ਵਿਚ ਮੈਂ ਇਸ ਮਤੇ ਦੀ ਪਰੋੜਤਾ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਇਸ ਮਤੇ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਜਾ ਰਿਹਾ ਹੈ ਇਸ ਤਰ੍ਹਾਂ ਹੀ ਹਾਊਸ ਦੀ ਕਮੇਟੀ ਵੀ ਬਣਾਈ ਜਾਵੇਗੀ।

Original with;
Punjab Vidhan Sabha
Digitized by;
Panjab Digital Library

**ਸਿਖਿਆ ਮੰਤਰੀ** : ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿਹੜੇ ਦੋ ਮੈਂਬਰ ਉਥੇ ਬੈਠੇ ਹਨ (ਵਿਘਨ) ਇਕ ਮੈਂਬਰ ਉਨ੍ਹਾਂ ਵਿਚ ਵੀ ਬੈਠਾ ਹੈ (ਵਿਘਨ)

**ਕਾਮਰੇਡ ਸੱਤਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਝਗੜਾ ਮੁਕ ਜਾਵੇਗਾ ਜੇ ਹਿੰਦ ਸਰਕਾਰ ਨੇ ਜਿਹੜਾ ਕਾਨੂੰਨ ਬਣਾਇਆ ਹੈ ਉਹ ਰਿਟ੍ਰਾਸਪੈਕਟਿਵ ਕਰ ਦੇਣ ।

**ਸਰਦਾਰ ਜਸਵਿੰਦਰ ਸਿੰਘ ਬਰਾੜ** : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਹਾਊਸ ਨੇ ਯੂਨਾਨੇਮਸਲੀ ਪਾਸ ਕਰ ਦਿਤਾ ਹੈ (ਵਿਘਨ) ਜਦ ਮੰਨ ਲਿਆ ਤਾਂ ਫੇਰ ਹੋਰ ਕੀ ਰਹਿ ਗਿਆ । ਇਹ ਜਿਹੜੀਆਂ ਟੈਕਨੀਕਲ ਗਲਾਂ ਹਨ ਇਸ ਲਈ ਇਕ ਕਮੇਟੀ ਬਣਾਕੇ ਅਗੇ ਨੂੰ ਸੌਂਪਿਆ ਜਾਵੇ (ਵਿਘਨ)

**ਵਿੱਤ ਮੰਤਰੀ** : ਇਸ ਰੈਜ਼ੋਲਿਊਸ਼ਨ ਤੋਂ ਇਲਾਵਾ ਮੈਂ ਸੁਜੈਸ਼ਨ ਦਿਤੀ ਹੈ ਕਿ ਸਪੀਕਰ ਸਾਹਿਬ ਹਾਊਸ ਦੀ ਕਮੇਟੀ ਬਣਾਉਣ । (ਵਿਘਨ) ਦੂਸਰੀ ਅਰਜ਼ ਮੈਂ ਇਹ ਕਰਨਾ ਚਾਹੁੰਦਾ ਸੀ ਕਿ ਇੰਡੀਪੈਂਡੈਂਟਸ ਤੇ ਥਿੰਕਿੰਗ ਚਲ ਰਹੀ ਹੈ । ਇੰਡੀਪੈਂਡੈਂਟਸ ਡੈਮੋਕ੍ਰੇਸੀ ਵਿਚ ਕਿਹਾ ਗਿਆ ਹੈ ਕਿ ਡਿਸਕਰੇਜ ਹੋਣੇ ਚਾਹੀਦੇ ਹਨ, ਇਨ੍ਹਾਂ ਦਾ ਕੋਈ ਪਰੋਗਰਾਮ ਨਹੀਂ ਹੁੰਦਾ ਪਰ ਜੇ ਕੋਈ ਚੁਣੇ ਜਾਣ ਤਾਂ ਇਲੈਕਸ਼ਨਾਂ ਤੋਂ ਬਾਅਦ ਜਿਸ ਪਾਰਟੀ ਵਿਚ ਇਹ ਸ਼ਾਮਿਲ ਹੋਣਗੇ ਉਸ ਪਾਰਟੀ ਨੂੰ ਇਹ ਛੱਡ ਨਹੀਂ ਸਕਦੇ । ਇਹ ਰੈਜ਼ੋਲਿਊਸ਼ਨ ਹੈ ।

**ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ** : ਡਿਪਟੀ ਸਪੀਕਰ ਸਾਹਿਬ, ਇਹ ਕਲੋਜ਼ ਕਰੀਏ ਜਾਂ ਹੋਰ ਬੋਲਣਾ ਹੈ । (ਵਿਘਨ) ਯਸ਼ ਸਾਹਿਬ ਨੇ ਇਸ ਮਤੇ ਦੀ ਵਿਰੋਧਤਾ ਕੀਤੀ ਹੈ ਉਨ੍ਹਾਂ ਨੇ ਇਹ ਕਿਹਾ ਹੈ ਕਿ ਜਿਹੜੀ ਮਾੜੀ ਡਿਫੈਕਸ਼ਨ ਹੈ ਉਸ ਨੂੰ ਬੰਦ ਹੋਣਾ ਚਾਹੀਦਾ ਹੈ ਅਤੇ ਜੇ ਡਿਫੈਕਸ਼ਨ ਚੰਗੀ ਹੋਵੇ ਤਾਂ ਉਹ ਠੀਕ ਹੈ । ਇਹ ਚੰਗੀ ਅਤੇ ਮਾੜੀ ਡਿਫੈਕਸ਼ਨ ਦਾ ਫਰਕ ਕੌਣ ਜੱਜ ਕਰੇਗਾ ? ਜੇ ਕਾਂਗਰਸ ਪਾਰਟੀ ਨੇ 25 ਵਰ੍ਹੇ ਰਾਜ ਕੀਤਾ ਅਤੇ ਡਿਫੈਕਸ਼ਨ ਕੀਤੀ ਤਾਂ ਅਕਾਲੀ ਪਾਰਟੀ ਵਾਲੇ ਕਹਿੰਦੇ ਹਨ ਕਿ ਇਹ ਠੀਕ ਨਹੀਂ ਹੈ ਅਤੇ ਜੇ ਅਕਾਲੀ ਪਾਰਟੀ ਵਾਲਿਆਂ ਨੇ ਪੰਜ ਸਾਲ ਡਿਫੈਕਸ਼ਨ ਨਾਲ ਰਾਜ ਕੀਤਾ ਤਾਂ ਕਾਂਗਰਸ ਪਾਰਟੀ ਵਾਲੇ ਕਹਿੰਦੇ ਹਨ ਕਿ ਅਕਾਲੀਆਂ ਨੇ ਡਿਫੈਕਸ਼ਨ ਕੀਤੀ ਹੈ, ਇਹ ਠੀਕ ਨਹੀਂ ਹੈ । (ਵਿਘਨ) ਯਸ਼ ਸਾਹਿਬ ਨੇ ਕਿਹਾ ਕਿ ਮਾੜੀ ਡਿਫੈਕਸ਼ਨ ਜੇ ਬੰਦ ਨਾ ਕੀਤੀ ਗਈ ਤਾਂ ਲੋਕ ਕਮਿਊਨਿਸਟ ਹੋ ਜਾਣਗੇ । (ਵਿਘਨ) ਜੇ ਜੀਭ ਕੋਈ ਗਲਤ ਕੰਮ ਕਰੇਗੀ ਤਾਂ 32 ਦੰਦਾਂ ਥਲੇ ਰਗੜੀ ਜਾਂਦੀ ਹੈ । (ਵਿਘਨ) ਯਸ਼ ਸਾਹਿਬ ਤਾਂ ਇਥੇ ਤਕ ਚਲੇ ਗਏ ਹਨ ਕਿ ਸਿਵਿਲ ਲਿਬਰਟੀ ਕੀ ਹੁੰਦੀ ਹੈ । (ਵਿਘਨ) ਇਹ ਕਿਹਾ ਜਾਣਾ ਕਿ ਕਮਿਊਨਿਜ਼ਮ ਵਿਚ ਆਜ਼ਾਦੀ ਨਹੀਂ ਹੈ, ਇਹ ਠੀਕ ਨਹੀਂ ਹੈ । ਹਾਂ ਇਹ ਠੀਕ ਹੈ ਕਿ ਬਲੈਕ ਕਰਨ ਦੀ, ਕੁਰੱਪਸ਼ਨ ਕਰਨ ਦੀ ਅਤੇ ਮਜ਼ਦੂਰ ਦੀ ਲਹੂ ਪਸੀਨੇ ਦੀ ਕਮਾਈ ਬਰਬਾਦ ਕਰਨ ਦੀ ਆਜ਼ਾਦੀ ਕਮਿਊਨਿਜ਼ਮ ਵਿਚ ਨਹੀਂ ਹੈ (ਵਿਘਨ) ਇਸ ਤੋਂ ਉਪਰੰਤ ਦੋ ਚਾਰ ਸ਼ਬਦ ਹੋਰ ਕਹਿਣਾ ਚਾਹੁੰਦਾ ਹਾਂ । ਡਿਫੈਕਸ਼ਨ ਕਦੋਂ ਸ਼ੁਰੂ ਹੋਈ ? ਇਹ ਸੰਨ 1967 ਵਿਚ ਜਦੋਂ ਰਾਜਸੀ ਤੌਰ ਤੇ ਕਰਾਈਸਿਜ਼ ਆਇਆ (ਵਿਘਨ) 25 ਵਰ੍ਹਿਆਂ ਵਿਚ ਕਾਂਗਰਸ ਨੇ ਗਰੀਬਾਂ ਨੂੰ ਪੀੜ ਕੇ ਰਖ ਦਿਤਾ ਅਤੇ ਲੱਖਾਂ ਨੌਜਵਾਨ ਵੇਹਲੇ ਫਿਰਨ ਲਗ ਪਏ । ਇਸ ਸਿਚੂਏਸ਼ਨ ਤੇ ਕਾਂਗਰਸ ਹਾਰ ਖਾ ਗਈ ਅਤੇ ਇਸ ਤੋਂ ਬਾਅਦ ਫਿਰ ਖਿਚਾ ਧੂਈ ਹੋਣੀ ਸ਼ੁਰੂ ਹੋ ਗਈ । ਅਜੇ ਇਹ ਦੌਰ ਮੁਕਿਆ ਨਹੀਂ ਕਿ ਸਾਮਰਾਜ ਦਾ ਬੋਲ ਬਾਲਾ ਹੋ ਗਿਆ ਹੈ (ਵਿਘਨ) ਇਸ ਮਤੇ ਦੀ ਮੁਕੰਮਲ ਤੌਰ ਤੇ ਹਮਾਇਤ ਕਰਨੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

(ਵਿਘਨ) ਇਸ ਸਾਮਰਾਜਸ਼ਾਹੀ ਨੇ ਇਥੇ ਲੁਟ ਮਚਾਈ ਹੋਈ ਹੈ ਕੋਈ ਚੀਜ਼ ਬਲੈਕ ਬਗੈਰ ਨਹੀਂ ਮਿਲ ਰਹੀ । ਇਹ ਬੰਦੇ ਖਰੀਦਣ ਦੀ ਵੀ ਬਲੈਕ ਹੈ (ਵਿਘਨ) ਇਥੇ ਚੌਧਰ ਸਰਮਾਏ-ਦਾਰਾਂ ਦੀ ਹੈ ਅਤੇ ਇਹ ਸਰਮਾਏ ਦੀ ਚੌਧਰ ਕਰਕੇ ਹਰ ਚੀਜ਼ ਖਰੀਦਣੀ ਚਾਹੁੰਦੇ ਹਨ । ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਮਾਰਾਂ ਖਾਧੀਆਂ ਪਰ ਇਨ੍ਹਾਂ ਸਰਮਾਇਦਾਰਾਂ ਨੇ ਆਪਣੇ ਪੈਸੇ ਦੇ ਜ਼ੋਰ ਨਾਲ ਲੀਡਰੀਆਂ ਖਰੀਦ ਲਈਆਂ ਹਨ । ਕਸ਼ਮੀਰ ਦਾ ਚੀਫ਼ ਮਨਿਸਟਰ ਕਈ ਵਰ੍ਹੇ ਰਿਹਾ, ਉਹਨੇ ਕੀ ਕੀਤਾ ? ਬੀਜੂ ਪਟਨਾਇਕ ਨੇ ਕੀ ਕੀਤਾ ? ਅੱਜ ਦੀ ਇਸ ਲੁੱਟ ਨੂੰ ਹਟਾਉਣਾ ਚਾਹੀਦਾ ਹੈ । ਇਸ ਸਿਲਸਿਲੇ ਨੂੰ ਹਟਾਉਣ ਦੀ ਬੜੀ ਜ਼ਰੂਰਤ ਹੈ । ਇਸ ਸਰਮਾਏਦਾਰ ਦੇ ਢਾਂਚੇ ਨੂੰ ਪਰੇ ਸੁਟੋ । ਅਤੇ ਇਹਦੀ ਪੈਸੇ ਦੀ ਪਰਧਾਨਗੀ ਨੂੰ ਤੋੜਿਆ ਜਾਣਾ ਚਾਹੀਦਾ ਹੈ ਜਿਹੜਾ ਕੋਈ ਕਿਰਤ ਕਰਦਾ ਹੈ ਉਹਦੀ ਪ੍ਰਧਾਨਗੀ ਹੋਣੀ ਚਾਹੀਦੀ ਹੈ । ਜਿਹੜਾ ਦਿਮਾਗ ਨਾਲ ਕੰਮ ਕਰਦਾ ਹੈ ਉਹਨੂੰ ਮੂਹਰੇ ਆਉਣਾ ਚਾਹੀਦਾ ਹੈ । ਬਾਬੇ ਨਾਨਕ ਨੇ ਕਿਹਾ ਸੀ ਕਿ ਦਸਾਂ ਨੌਹਾਂ ਦੀ ਕਮਾਈ ਖਾਣ ਵਾਲਾ ਹੀ ਸੱਚਾ ਅਤੇ ਸੁੱਚਾ ਆਦਮੀ ਹੈ । (ਵਿਘਨ) ਫੇਰ ਕੋਡ ਆਫ ਕੰਡਕਟ ਬਣਨਾ ਹੈ, ਜੇ ਸਰਮਾਏਦਾਰੀ ਰਖਣੀ ਹੈ ਤਾਂ ਕੋਈ ਫਾਇਦਾ ਨਹੀਂ ਹੈ । (ਵਿਘਨ) ।

**ਸ੍ਰੀ ਡਿਪਟੀ ਸਪੀਕਰ** : ਹੋਰ ਕੋਈ ਮੈਂਬਰ ਇਸ ਤੇ ਬੋਲਣਾ ਚਾਹੁੰਦਾ ਹੈ? (Is there any other hon. Member who wants to take part in this debate?)

ਆਵਾਜ਼ਾਂ : ਹੁਣ ਪਾਸ ਕਰਾਉ ।

**Mr. Deputy Speaker** : Question is—

> This House recommends to the State Government to approach the Government of India to enact necessary legislation at the earliest to make it obligatory for every legislator to resign the seat if he leaves the party on whose ticket he was elected to join another party.

*The Motion was carried unanimously.*

## RESOLUTION REGARDING RIGHT TO VOTE TO EVERY CITIZEN OF INDIA WHO IS NOT LESS THAN 18 YEARS OF AGE

(Resumption of Discussion)

**Mr. Deputy Speaker** : Now the House will resume discussion on the following resolution,— moved by Comrade Achhra Singh on the 1st March, 1973.

> "This House recommends to the State Government to approach the Union Government to take steps to so amend the Constitution of India as to give the right to vote to every citizen of India who is not less than 18 years of age".

Chaudhri Darshan Singh was on his legs when the House adjourned. He had spoken for 25 minutes on that day. He may resume his speech and wind up within two or three minutes.

Original with;
Punjab Vidhan Sabha
Digitized by;
Panjab Digital Library

**ਵਿਕਾਸ ਮੰਤਰੀ** : ਇਸ ਰੈਜ਼ੋਲਿਊਸ਼ਨ ਦੇ ਮੁਤਅੱਲਕ ਆਨਰੇਬਲ ਮੈਂਬਰ ਡਾਂਗ ਸਾਹਿਬ ਅਤੇ ਆਨਰੇਬਲ ਮੈਂਬਰ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਅਸੀਂ ਇਹ ਵਿਚਾਰ ਕੀਤਾ ਸੀ ਕਿ ਇਕ ਕਮੇਟੀ ਬਣਾਈ ਜਾਵੇ ਜੋ ਸਿਫਾਰਿਸ਼ ਕਰੇ ਅਤੇ ਅਗਲੇ ਬਰਸਡੇ ਨੂੰ ਉਨ ਨੂੰ ਪਾਸ ਕਰ ਦਿਤਾ ਜਾਵੇ । ਇਹ ਤਿੰਨੋ ਪਾਰਟੀਆਂ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦਿਤੀ ਜਾਵੇ ਜੋ ਕਿ ਸਿਫਾਰਿਸ਼ ਕਰੇ ਅਤੇ ਅਗਲੇ ਬਰਸਡੇ ਉਸ ਨੂੰ ਟੇਕ ਅੱਪ ਕਰ ਲਿਆ ਜਾਵੇ (ਵਿਘਨ) ।

**ਸ੍ਰੀ ਡਿਪਟੀ ਸਪੀਕਰ** : ਜੋ ਕੁਝ ਕੈਪਟਨ ਸਾਹਿਬ ਨੇ ਕਿਹਾ ਹੈ ਕੀ ਸਾਰਾ ਹਾਊਸ ਉਸ ਤੇ ਐਗਰੀ ਕਰਦਾ ਹੈ ? (Is it the pleasure of the House to agree with the suggestion made by Captain Rattan Singh?)

**ਸਰਦਾਰ ਸੁਰਜੀਤ ਸਿੰਘ** (ਬਰਨਾਲਾ) : ਇਸ ਰੈਜ਼ੋਲਿਊਸ਼ਨ ਨੂੰ ਇਥੇ ਹਾਊਸ ਵਿਚ ਪਾਸ ਕਰਨਾ ਚਾਹੀਦਾ ਹੈ । (ਵਿਘਨ)

**ਕਾਮਰੇਡ ਸੱਤਪਾਲ ਡਾਂਗ** : ਸਾਡੀ ਤਿੰਨਾਂ ਦੀ ਕਮੇਟੀ ਬਣਾਈ ਜਾਵੇ ਅਤੇ ਅਗਲੇ ਬਰਸਡੇ ਨੂੰ ਕਰ ਲਿਆ ਜਾਵੇ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਜੇ ਹਾਊਸ ਐਗਰੀ ਕਰਦਾ ਹੈ ਤਾਂ ਉਸ ਕਮੇਟੀ ਦੇ ਤਿੰਨ ਮੈਂਬਰ ਕੈਪਟਨ ਰਤਨ ਸਿੰਘ, ਕਾਮਰੇਡ ਸੱਤਪਾਲ ਡਾਂਗ ਅਤੇ ਸਰਦਾਰ ਅਜਾਇਬ ਸਿੰਘ ਸੰਧੂ ਹੋਣਗੇ । Is it the pleasure of the House? (ਵਿਘਨ) (If the House agrees Captain Rattan Singh, Comrade Satya Pal Dang and Sardar Ajaib Singh Sandhu may be the three Members of that Committee. Is it the pleasure of the House ?)

**ਸਰਦਾਰ ਅਜਾਇਬ ਸਿੰਘ ਸੰਧੂ** : ਡਿਪਟੀ ਸਪੀਕਰ ਸਾਹਿਬ, ਇਹ ਕਮੇਟੀ ਨੂੰ ਰੈਫਰ ਹੋ ਗਿਆ ਹੈ, ਹੁਣ ਅਗਲਾ ਸ਼ੁਰੂ ਕਰੋ ਜੀ । (ਵਿਘਨ)

**ਵਿਕਾਸ ਮੰਤਰੀ** : ਸਰਦਾਰ ਸੁਰਜੀਤ ਸਿੰਘ ਜੀ ਦੀ ਜਿਹੜੀ ਤਜਵੀਜ਼ ਹੈ (ਵਿਘਨ) ਇਹ ਉਸ ਦੇ ਉਲਟ ਕੀਤੀ ਹੈ। ਇਸ ਕਰਕੇ ਮੈਂ ਐਸੀ ਗੱਲ ਨਹੀਂ ਕਰਨਾ ਚਾਹੁੰਦਾ ਜਿਸ ਦੇ ਵਿਚ ਕਿ ਯੂਨੇਨੇਮਿਟੀ ਨਾ ਹੋਵੇ । ਬਾਕੀ ਜਿਸ ਤਰ੍ਹਾਂ ਤੁਸੀਂ ਚੌਧਰੀ ਦਰਸ਼ਨ ਸਿੰਘ ਜੀ ਨੂੰ ਬੋਲਣ ਲਈ ਕਿਹਾ ਹੈ ਉਹ ਬੋਲਣ । (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਮਿੰਟ ਮਿੰਟ ਤੇ ਬਦਲਣ ਵਾਲੀ ਸਰਕਾਰ ਦੇ ਮਨਿਸਟਰ ਹਨ। (ਵਿਘਨ) ਉਨ੍ਹਾਂ ਨੇ ਬਰਨਾਲਾ ਸਾਹਿਬ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਸਲਾਹ ਦਿੱਤੀ ਸੀ। (ਵਿਘਨ) ਤਿੰਨ ਬੰਦਿਆਂ ਦੀ ਕਮੇਟੀ ਬਣਾਓ ਤਾਂ ਕਿ ਉਹ ਅਗਲ ਹਫਤੇ ਸਿਫਾਰਿਸ਼ਾਂ ਕਰੇ । (ਵਿਘਨ) ਇਸ ਲਈ ਹੁਣ ਅਗਲਾ ਰੈਜ਼ੋਲਿਊਸ਼ਨ ਟੇਕ ਅੱਪ ਹੋ ਜਾਵੇ । (ਵਿਘਨ) ਅਸੀਂ ਤੁਹਾਡੇ ਨਾਲ ਸੀ (ਵਿਘਨ) ਸ਼ਾਇਦ ਉਹ ਅਗਲੇ ਹਫਤੇ ਸੋਚ ਕੇ ਹੋਰ ਗੱਲਾਂ ਦੱਸ ਸਕਣ । ਇਸ ਲਈ 3 ਬੰਦਿਆਂ ਦੀ ਕਮੇਟੀ ਬਣਾ ਦਿਓ ਅਤੇ ਉਹ ਅਗਲੇ ਥਰਸਡੇ ਨੂੰ ਰਿਪੋਰਟ ਕਰੇ ।

**ਸ੍ਰੀ ਡਿਪਟੀ ਸਪੀਕਰ** : ਅਗਲਾ ਰੈਜ਼ੋਲਿਊਸ਼ਨ ਤੁਸੀਂ ਕਿਹੜਾ ਕਹਿੰਦੇ ਹੋ ? (What is the next resolution ?)

Original with;
Punjab Vidhan Sabha
Digitized by;
Panjab Digital Library

## RESOLUTION REGARDING RIGHT TO VOTE TO EVERY CITIZEN OF INDIA WHO IS NOT LESS THEN 18 YEARS OF AGE

**ਸਰਦਾਰ ਅਜਾਇਬ ਸਿੰਘ ਸੰਧੂ** : ਪਰਾਈਸਿਜ਼ ਦਾ ਸ਼ੁਰੂ ਕਰੋ ਜੀ।

**ਵਿਕਾਸ ਮੰਤਰੀ** : ਡਿਪਟੀ ਸਪੀਕਰ ਸਾਹਿਬ, ਬਰਨਾਲਾ ਸਾਹਿਬ, ਨੇ ਜੋ ਕੁਝ ਕਿਹਾ ਹੈ ਉਹ ਰਿਕਾਰਡ ਤੇ ਹੈ। (ਵਿਘਨ) ਇਸ ਦੇ ਬਾਅਦ ਕਮੇਟੀ ਦੀ ਗੱਲ ਨੂੰ ਛੱਡੋ। (ਵਿਘਨ) ਜਿਸ ਤਰ੍ਹਾਂ ਹਾਊਸ ਫ਼ੈਸਲਾ ਕਰੇ, ਠੀਕ ਹੈ।

**ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ)** : ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਇਹ ਮਤਾ ਹੈ ਕਿ 18 ਸਾਲਾਂ ਦੇ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਦਿੱਤਾ ਜਾਵੇ। ਕੁਝ ਮੈਂਬਰਾਂ ਨੇ ਇਸ ਦੇ ਹੱਕ ਵਿਚ ਰਾਏ ਦਿੱਤੀ ਹੈ ਅਤੇ ਕੁਝ ਨੇ ਰਾਏ ਦਿੱਤੀ ਹੈ ਕਿ 18 ਸਾਲਾਂ ਦੇ ਨੌਜਵਾਨ ਨੂੰ ਵੋਟ ਦਾ ਹੱਕ ਦੇਣ ਨਾਲ ਇਹ ਹੋ ਸਕਦਾ ਹੈ ਕਿ ਡੈਮੋਕਰੇਸੀ ਦੇ ਵਿਚ ਇਨਡਿਸਪਲਿਨ ਆਵੇ। ਸਾਰੇ ਸੰਸਾਰ ਦੇ ਜਮਹੂਰੀ ਮੁਲਕਾਂ ਦੇ ਇਤਿਹਾਸ ਨੂੰ ਦੇਖ ਲਵੋ ਤਾਂ ਕੋਈ ਵੀ ਮੁਲਕ ਇਹੋ ਜਿਹਾ ਨਜ਼ਰ ਨਹੀਂ ਆਉਂਦਾ ਜਿਥੇ ਕਿ ਇਸ ਏਜ ਦੀ ਲਿਮਿਟ ਨੂੰ ਘਟਾਉਣ ਵਾਸਤੇ ਰੈਜ਼ੋਲਿਊਸ਼ਨ ਨਾ ਆਏ ਹੋਣ। ਡਿਪਟੀ ਸਪੀਕਰ ਸਾਹਿਬ, ਅੱਜ ਕੱਲ ਬੰਗਲਾ ਦੇਸ਼ ਵਿਚ ਵੋਟਾਂ ਪਈਆਂ। ਉਨ੍ਹਾਂ ਨੇ ਆਈਨ ਨਵਾਂ ਬਣਾਇਆ। ਪਹਿਲਾਂ ਉਨ੍ਹਾਂ ਦਾ ਆਈਨ ਪਕਿਸਤਾਨ ਨਾਲ ਇਕੱਠਾ ਸੀ ਅਤੇ ਉਥੇ 21 ਸਾਲ ਦੀ ਉਮਰ ਵਿਚ ਅਧਿਕਾਰ ਪ੍ਰਾਪਤ ਸੀ ਪਰ ਉਨ੍ਹਾਂ ਨੇ ਹੁਣ ਇਹ ਉਮਰ ਘਟਾ ਕੇ 18 ਸਾਲ ਕਰ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਜੇ ਏਜ ਲਿਮਿਟ ਘਟਾ ਦੇਈਏ ਅਤੇ 18 ਸਾਲ ਦੇ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਦਿੱਤਾ ਜਾਵੇ ਤਾਂ ਇਸ ਤਰ੍ਹਾਂ ਸਾਢੇ ਤਿੰਨ ਕਰੋੜ ਵੋਟਰਾਂ ਦੇ ਵਿਚ ਵਾਧਾ ਹੋਵੇਗਾ। 18 ਸਾਲ ਦੀ ਉਮਰ ਵਿਚ ਬੱਚਾ ਅਡੱਲਟ ਹੋ ਜਾਂਦਾ ਹੈ। ਇਸ ਲਈ ਜੇ 18 ਸਾਲ ਦੇ ਤੇ ਪਾਬੰਦੀ ਲਗਾਉਣੀ ਹੈ ਕਿ ਉਹ ਵੋਟ ਨਹੀਂ ਦੇ ਸਕਦਾ ਤਾਂ ਮੈਂ ਕਹਿੰਦਾ ਹਾਂ ਕਿ ਲੱਖਾਂ ਵੋਟਰ ਐਸੇ ਹੋਣਗੇ ਜਿਹੜੇ ਮੈਟਰਿਕ ਪਾਸ, ਐਫ. ਏ., ਗ੍ਰੈਜੂਏਟ ਜਾਂ ਐਮ. ਏ. ਪਾਸ ਹੋਣਗੇ ਜੋ ਕਿ ਵੋਟ ਨਹੀਂ ਪਾ ਸਕਣਗੇ ਅਤੇ ਇਸ ਦੇ ਉਲਟ ਜਿਸ ਦੀ ਉਮਰ 21 ਸਾਲ ਦੀ ਹੈ ਭਾਵੇਂ ਉਹ ਅਨਪੜ੍ਹ ਹੈ, ਉਹ ਵੋਟ ਪਾ ਸਕਦਾ ਹੈ ਤਾਂ ਫਿਰ ਇਹ ਠੀਕ ਨਹੀਂ ਹੈ। ਉਸ 21 ਸਾਲ ਦੇ ਅਨਪੜ੍ਹ ਨੂੰ ਅਧਿਕਾਰ ਦਿੱਤਾ ਗਿਆ ਹੈ ਜਿਸਨੂੰ ਕਿ ਪਾਲਿਟਿਕਸ ਦੇ ਇੱਲ੍ਹ ਕੁੱਕੜ ਦਾ ਨਾਮ ਦਾ ਪਤਾ ਨਹੀਂ ਹੈ। ਇਸ ਲਈ 18 ਸਾਲ ਦੀ ਉਮਰ ਵਾਲੇ ਨੂੰ ਵੋਟ ਦੇਣ ਦਾ ਅਧਿਕਾਰ ਹੋਣਾ ਚਾਹੀਦਾ ਹੈ।

**ਸ਼੍ਰੀ ਡਿਪਟੀ ਸਪੀਕਰ** : ਹੁਣ ਤੁਸੀਂ ਵਾਈਂਡ ਅੱਪ ਕਰੋ। (Please wind up now.)

**ਚੌਧਰੀ ਦਰਸ਼ਨ ਸਿੰਘ** : ਮੈਂ ਟਾਇਮ ਦੇ ਮੁਤਾਬਿਕ ਵਾਈਂਡ ਅੱਪ ਕਰਾਂਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਾਢੇ ਤਿੰਨ ਕਰੋੜ ਬਣਨ ਵਾਲੇ ਵੋਟਰਾਂ ਨੂੰ ਵੋਟ ਦੇਣ ਦਾ ਅਧਿਕਾਰ ਜ਼ਰੂਰ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਕੁਝ ਮਿਸਾਲਾਂ ਸੁਣਾਉਂਦਾ ਹਾਂ। (ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅੱਪ ਕਰੋ। (The hon. Member may please wind up now.)

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਟਾਈਮ ਦੇ ਨਾਲ ਹੀ ਖਤਮ ਕਰਾਂਗਾ। ਮੈਂ ਉਨ੍ਹਾਂ ਮੁਲਕਾਂ ਦੇ ਨਾਮ ਦੱਸਦਾ ਹਾਂ ਜਿਨ੍ਹਾਂ ਨੇ 18 ਸਾਲ ਦੀ ਉਮਰ ਵਾਲਿਆਂ ਨੂੰ ਵੋਟ ਦੇਣ ਦਾ ਅਧਿਕਾਰ ਦਿੱਤਾ ਹੈ। ਉਹ ਹਨ, ਸਵਿਟਜ਼ਰਲੈਂਡ, ਰੁਮਾਨੀਆਂ, ਚੈਕੋਸਲ- ਵਾਕੀਆ, ਯੂ.ਐਸ.ਐਸ.ਆਰ. ਅਤੇ ਯੂ.ਐਸ.ਏ. ਦੀਆਂ ਕੁਝ ਸਟੇਟਸ। ਉਨ੍ਹਾਂ ਨੇ ਪਿਛੇ ਜਹੇ ਵੋਟ ਦੇਣ ਵਾਸਤੇ 18 ਸਾਲ ਦੀ ਉਮਰ ਕਰ ਦਿੱਤੀ ਹੈ। ਮੈਕਸੀਕੋ ਵਿਚ ਵੀ * * (ਵਿਘਨ)

**ਸਰਦਾਰ ਗੁਰਚਰਨ ਸਿਘ ਨਿਹਾਲ ਸਿੰਘ ਵਾਲਾ** : ਡਿਪਟੀ ਸਪੀਕਰ ਸਾਹਿਬ, ਹਾਊਸ ਦਾ ਟਾਈਮ ਹੋ ਗਿਆ ਹੈ।

1.45 P.M.

**Mr. Deputy Speaker**: The House stands adjourned till 9.00 A.M. on Friday, the 9th March, 1973.

*(The Sabha then adjourned till 9-00 A.M. on Friday, the 9th March, 1973).*

---

838— 11-12-73—284 ਕਾਪੀਆਂ— ਪੰਜਾਬ ਸਰਕਾਰ ਪ੍ਰੈਸ, ਪਟਿਆਲਾ

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

9th March, 1973

Vol. I—No. 8

OFFICIAL REPORT

CONTENTS

*Friday, the 9th March, 1973*


| | Page |
|---|---|
| Starred Questions and Answers .. | (8)1 |
| Written Answers to Starred Questions laid on the Table of the House, under Rule 38 .. | (8)39 |
| Unstarred Questions and Answers .. | (8)47 |
| Question of Privilege .. | (8)59 |
| Call Attention Notices under Rule 66 .. | (8)59 |
| Papers laid on the Table of the House .. | (8)60 |
| *Re* : Incident at Phillaur involving alleged Police Atrocity .. | (8)60 |
| Supplementary Question on the reply to a Call Attention Notice .. | (8)62 |
| General Discussion on the Budget (*Resumption of*) .. | (8)62 |
| Announcement by the Speaker .. | (8)108 |
| General Discussion on the Budget (*Resumption of*) .. | (8)108 |
| Appendix .. | (i) |



Punjab Vidhan Sabha Secretariat Chandigarh.

Price : Rs 24.00.



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Friday, the 9th March, 1973**

*The Vidhan Sabha met in the Punjab Vidhan Sabha Hall, Vidhan Bhavan, Chandigarh*-160001 *at* 9.00 *A.M. of the Clock, Mr. Speaker (Sardar Darbara Singh) in the Chair.*

### STARRED QUESTIONS AND ANSWERS

**Large Areas of certain villages of Tehsil Zira transferred to Forests Department**

***1060. Comrade Darshan Singh Canadian** : Will the Minister for Development be pleased to state —

(a) whether large areas in villages Rehnwan, Adaress, Manjhli, Mirzapur, Kamalke, Pipli, Miani, Singhere, Murdanpur, Bundala, Parliwala, Mandar Kalan, Mehruwal and Jhugian in Zira Tehsil have been given to the Forest Department for afforestation;

(b) whether it is a fact that about 2,000 acres of land under cultivation by poor peasants, Harijans, where crops are sown have also been given to the Forest department ;

(c) the reasons for which the cultivable lands referred to in parts (a) and (b) have been given to the said department by uprooting poor cultivators ;

(d) whether Government propose to reconsider its policy of afforestation on the above mentioned lands in view of the hardship caused to the poor cultivators ?

**Captain Rattan Singh**: (a) Gair Mumkin Land totalling 1,741 acres 1 Kanal 10 Marlas has been sold to Forest Department by the Rehabilitation Department in these villages except village Rehrwan.

(b) No

(c) In view of reply to part (a) and (b) above, question does not arise.

(d) In view of reply to part (a), (b) and (c) above, question does not arise.

[(ੳ) ਗੈਰ-ਮੁਮਕਿਨ ਭੂਮੀ ਜਿਸ ਦਾ ਕੁਲ ਰਕਬਾ 1,741 ਏਕੜ 1 ਕਨਾਲ 10 ਮਰਲੇ ਹੈ ਮੁੜ ਵਸਾਉ ਵਿਭਾਗ ਨੇ ਇਨ੍ਹਾਂ ਪਿੰਡਾਂ ਵਿਚ ਪਿੰਡ ਰੇਰਵਾਂ ਨੂੰ ਛੱਡ ਕੇ, ਵਣ ਵਿਭਾਗ ਨੂੰ ਵੇਚੀ ਹੈ ।

(ਅ) ਨਹੀਂ ।

(ੲ) ਭਾਗ (ੳ) ਅਤੇ (ਅ) ਦੇ ਉਤਰ ਦੇ ਸਨਮੁੱਖ ਸਵਾਲ ਪੈਦਾ ਨਹੀਂ ਹੁੰਦਾ ।

(ਸ) ਭਾਗ (ੳ), (ਅ), (ੲ) ਦੇ ਉਤਰ ਦੇ ਸਨਮੁੱਖ ਸਵਾਲ ਪੈਦਾ ਨਹੀਂ ਹੁੰਦਾ ।) ]

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਜਵਾਬ ਦਿਤਾ ਹੈ ਕਿ ਉਥੇ ਸਾਰੀਆਂ ਜ਼ਮੀਨਾਂ ਗੈਰ ਮੁਮਕਿਨ ਹਨ, ਇਸ ਲਈ ਸਵਾਲ ਹੀ ਪੈਦਾ ਨਹੀਂ ਹੁੰਦਾ। ਹਕੀਕਤ ਇਹ ਹੈ ਉਨ੍ਹਾਂ ਸਾਰੀਆਂ ਜ਼ਮੀਨਾਂ ਤੇ ਲੋਕਾਂ ਨੇ ਵਾਹੀ ਕੀਤੀ ਹੋਈ ਹੈ, ਉਹ ਜ਼ਮੀਨ ਭਾਵੇਂ ਜਾਇਜ਼ ਹੋਵੇ ਜਾਂ ਨਜਾਇਜ਼ ਹੋਵੇ ਪਰ ਉਥੇ ਫਸਲਾਂ ਖੜ੍ਹੀਆਂ ਹਨ ਔਰ ਸੈਂਕੜੇ ਟੱਬਰ ਉਥੇ ਵਸਦੇ ਹਨ। ਅਸੀਂ ਪੰਜ ਚਾਰ ਐਮ. ਐਲ. ਏਜ਼. ਨੇ ਖੁਦ ਜਾ ਕੇ ਉਥੇ ਇਹ ਦੇਖਿਆ ਹੈ ਕਿ ਕੈਪਟਨ ਸਾਹਿਬ ਦੁਬਾਰਾ ਇਸ ਗਲ ਤੇ ਧਿਆਨ ਦੇਣ ਨੂੰ ਤਿਆਰ ਹਨ ਕਿ ਵਾਕਿਅਈ ਜੇ ਉਥੇ ਲੋਕਾਂ ਦੀਆਂ ਫਸਲਾਂ ਖੜ੍ਹੀਆਂ ਹੋਣ ਤਾਂ ਉਨ੍ਹਾਂ ਨੂੰ ਬਚਾਇਆ ਜਾਵੇਗਾ ?

**ਵਿਕਾਸ ਮੰਤਰੀ:** ਸਪੀਕਰ ਸਾਹਿਬ, ਜ਼ੀਰਾ ਤਹਿਸੀਲ ਦੇ ਵਿਚ ਇਹ ਜਿਹੜੇ ਪਿੰਡ ਇਨ੍ਹਾਂ ਨੇ ਦਸੇ ਹਨ ਇਹ ਜ਼ਿਆਦਾ ਤਰ ਦਰਿਆ ਦੇ ਬੰਨ੍ਹ ਦੇ ਅੰਦਰ ਹਨ ਇਸ ਲਈ ਐਗਰੀਕਲਚਰ ਵਾਸਤੇ ਜ਼ਮੀਨ ਵਰਤਣੀ ਸਟੇਟ ਦੇ ਇਨਟਰੈਸਟ ਦੇ ਖਿਲਾਫ਼ ਹੈ। ਕਿਉਂਕਿ ਜੰਗਲਾਤ ਦਾ ਏਰੀਆ ਪੰਜਾਬ ਦੇ ਅੰਦਰ ਅਗੇ ਹੀ ਬਹੁਤ ਘੱਟ ਹੈ ਅਤੇ ਜੰਗਲਾਤ ਤੋਂ ਬਿਨਾਂ ਹਿਊਮੈਨਿਟੀਜ਼ ਨਹੀਂ ਰਹਿ ਸਕਦੀ ਇਸ ਲਈ ਸਰਕਾਰ ਸਮਝਦੀ ਹੈ ਕਿ ਜੰਗਲਾਤ ਜ਼ਿਆਦਾ ਹੋਵੇ। (ਵਿਘਨ)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ਸਪੀਕਰ ਸਾਹਿਬ, ਮੈਂ ਕੈਪਟਨ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੰਗਲਾਤ ਦਾ ਜਿਹੜਾ ਏਰੀਆ ਲੈਣਾ ਹੈ ਉਹ ਬੰਨ੍ਹ ਦੇ ਅੰਦਰ ਦਾ ਕਰ ਲੈਣ ਅਤੇ ਜਿਹੜੀਆਂ ਜ਼ਮੀਨਾਂ ਬੰਨ੍ਹ ਦੇ ਬਾਹਰਲੇ ਏਰੀਆ ਵਿਚ ਹਨ ਲੋਕਾਂ ਨੂੰ ਉਥੇ ਵਸਾਇਆ ਜਾ ਸਕਦਾ ਹੈ। ਕੀ ਇਹ ਐਸੇ ਢੰਗ ਨਾਲ ਸੋਚਣ ਨੂੰ ਤਿਆਰ ਹਨ ਕਿ ਉਨ੍ਹਾਂ ਲੋਕਾਂ ਨੂੰ ਉਥੇ ਰਹਿਣ ਦਿਤਾ ਜਾਵੇ। (ਵਿਘਨ)

**ਮੰਤਰੀ:** ਇਸ ਦੇ ਮੁਤੱਲਕ ਸੋਚਿਆ ਜਾ ਸਕਦਾ ਹੈ। (ਵਿਘਨ)

**ਸ੍ਰੀ ਪਿਆਰਾ ਰਾਮ ਧੰਨੋਵਾਲੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗਲ ਤੇ ਗੌਰ ਕਰੇਗੀ ਜਿਹੜੇ ਲੋਕਾਂ ਨੇ ਉਥੇ ਜ਼ਮੀਨ ਤੇ ਵਾਹੀ ਕੀਤੀ ਹੋਈ ਹੈ ਉਨ੍ਹਾਂ ਕੋਲ ਜ਼ਮੀਨ ਰਹਿਣ ਦਿਤੀ ਜਾਵੇ ਅਤੇ ਉਨ੍ਹਾਂ ਨੂੰ ਕਿਹਾ ਜਾਵੇ ਕਿ ਉਹ ਜੰਗਲਾਤ ਵੀ ਲਾਉਣ ?

**ਮੰਤਰੀ:** ਸਪੀਕਰ ਸਾਹਿਬ, ਸਰਕਾਰ ਹਰੀਜਨਾਂ ਅਤੇ ਗਰੀਬ ਕਿਸਾਨਾਂ ਦੇ ਬਾਰੇ ਬਹੁਤ ਸੋਚ ਰਹੀ ਹੈ ਔਰ ਕੋਸ਼ਿਸ਼ ਕਰ ਰਹੀ ਹੈ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਲੈਂਡ ਦਿਤੀ ਜਾਵੇ। ਲੇਕਿਨ ਜਿਥੇ ਜੰਗਲਾਤ ਹਨ ਉਸ ਦੇ ਬਾਰੇ ਵਿਚ ਸਪੀਕਰ ਸਾਹਿਬ ਮੈਂ ਮੁੜ ਕੇ ਤੁਹਾਡੇ ਰਾਹੀਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਜੰਗਲਾਤ ਤੋਂ ਬਿਨਾਂ ਇਨਸਾਨੀਅਤ ਰਹਿ ਨਹੀਂ ਸਕਦੀ। ਇਥੇ ਜੰਗਲਾਤ ਲਗਾਉਣ ਦਾ ਅਗੇ ਹੀ ਬਹੁਤ ਮਸਲਾ ਸਾਡੇ ਸਾਹਮਣੇ ਹੈ ਅਤੇ ਪੰਜਾਬ ਵਿਚ ਬਹੁਤ ਘੱਟ ਜੰਗਲਾਤ ਹੈ। (ਵਿਘਨ)

**ਸ੍ਰੀ ਪਿਆਰਾ ਰਾਮ ਧੰਨੋਵਾਲੀ:** ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਕੀ ਸਰਕਾਰ ਇਸ ਗਲ ਤੇ ਗੌਰ ਕਰੇਗੀ ਕਿ ਉਨ੍ਹਾਂ ਲੋਕਾਂ ਨੂੰ ਹੀ ਜੰਗਲਾਤ ਲਾਉਣ ਦੀ ਹਦਾਇਤ ਕੀਤੀ ਜਾਵੇ ?

**ਮੰਤਰੀ:** ਜੇ ਅਸੀਂ ਜੰਗਲਾਤ ਹੀ ਲਾ ਦਈਏ ਤਾਂ ਫਿਰ ਕੀ ਹੈ। (ਵਿਘਨ)

**ਕਾਮਰੇਡ ਸੱਤ ਪਾਲ ਡਾਂਗ:** ਕੀ ਮਨਿਸਟਰ ਸਾਹਿਬ ਦਸਣਗੇ ਕਿ ਉਨ੍ਹਾਂ ਨੂੰ ਉਜਾੜ ਕੇ ਜੰਗਲਾਤ ਲਾਉਣਾ ਕੀ ਲੋਕਾਂ ਦੇ ਹਿੱਤ ਵਿਚ ਹੈ?

**ਮੰਤਰੀ:** ਸਪੀਕਰ ਸਾਹਿਬ, ਡਾਂਗ ਸਾਹਿਬ ਨੂੰ ਸ਼ਾਇਦ ਵਰਲਡ ਨੋਨ ਸਾਇੰਟਿਸਟਸ ਦੀਆਂ ਕਹੀਆਂ ਗਲਾਂ ਦਾ ਨਹੀਂ ਪਤਾ। ਅੱਜ ਵੀ ਸ਼ਾਇਦ ਅਖ਼ਬਾਰ ਵਿਚ ਆਇਆ ਹੈ ਕਿ ਅਗਰ ਬਰਥ ਕੰਟਰੋਲ ਕਰਨਾ ਹੋਵੇ ਤਾਂ ਵੀ ਜੰਗਲਾਤ ਜ਼ਰੂਰੀ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

**ਇਕ ਆਵਾਜ਼:** ਸਾਇੰਟਿਸਟ ਦਾ ਨਾਮ ਵੀ ਦਸ ਦਿਓ। (ਵਿਘਨ)

**ਮੰਤਰੀ:** ਅੱਜ ਦੀ ਅਖ਼ਬਾਰ ਵਿਚ ਹੈ, ਪੜ੍ਹ ਲਓ। (ਵਿਘਨ)

**ਸਰਦਾਰ ਦਰਸ਼ਨ ਸਿੰਘ ਕੇ. ਪੀ.:** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਬੰਨ੍ਹ ਦੀ ਗਲ ਕੀਤੀ ਹੈ ਕਿ ਬੰਨ੍ਹ ਦੇ ਏਰੀਏ ਵਿਚ ਜੰਗਲਾਤ ਜ਼ਰੂਰ ਲਾਉਣਾ ਹੈ, ਅਸੀਂ ਕਮੇਟੀ ਦੇ ਐਮ. ਐਲ. ਏਜ਼ ਜ਼ੀਰੇ ਦੇ ਇਸ ਇਲਾਕੇ ਵਿਚ ਜਾ ਕੇ ਆਏ ਹਾਂ ਅਤੇ ਦੇਖਿਆ ਹੈ ਕਿ ਉਥੇ ਕਣਕਾਂ ਇਹੋ ਜਿਹੀਆਂ ਹੁੰਦੀਆਂ ਹਨ ਜਿਹੜੀਆਂ ਸਾਡੇ ਲੋਕਲ ਪਿੰਡਾਂ ਨਾਲੋਂ ਵੀ ਅੱਛੀਆਂ ਹੁੰਦੀਆਂ ਹਨ। ਉਨ੍ਹਾਂ ਲੋਕਾਂ ਵਿਚ ਬੜੀ ਬੇਚੈਨੀ ਹੈ ਕਿ ਹੁਣ ਅਸੀਂ ਕਿਥੇ ਜਾਵਾਂਗੇ। ਇਹ ਇਕ ਬੜਾ ਧੱਕਾ ਹੋਵੇਗਾ ਜੇ ਉਨ੍ਹਾਂ ਨੂੰ ਉਥੋਂ ਪੁਟਿਆ ਜਾਵੇਗਾ ?

**ਮੰਤਰੀ:** ਸਪੀਕਰ ਸਾਹਿਬ, ਤੁਸੀਂ ਜਾਣਦੇ ਹੀ ਹੋ ਕਿ ਜੇ ਹੜ੍ਹ ਨਾ ਆਵੇ ਤਾਂ ਉਥੇ ਫਸਲ ਬਹੁਤ ਅੱਛੀ ਹੋ ਜਾਂਦੀ ਹੈ ਪਰ ਜੇ ਹੜ੍ਹ ਆ ਜਾਵੇ ਤਾਂ ਭੁਗਾ ਚੌੜ ਹੋ ਜਾਂਦਾ ਹੈ। ਮੈਂ ਇਹ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਬੰਨ੍ਹ ਦੇ ਅੰਦਰ ਦੇ ਏਰੀਏ ਵਿੱਚ ਤਾਂ ਜੰਗਲਾਤ ਤੋਂ ਬਿਨਾਂ ਹੋਰ ਕੋਈ ਚੀਜ਼ ਹੋਣ ਹੀ ਨਹੀਂ ਦੇਣੀ ਚਾਹੀਦੀ।

**ਸਰਦਾਰ ਦਰਸ਼ਨ ਸਿੰਘ ਕੇ. ਪੀ.:** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਤੁਹਾਡਾ ਫਾਰਮ ਹੈ ਕੀ ਉਥੇ ਜੰਗਲਾਤ ਲਾਓਗੇ ਤਾਂ ਕਿ ਲੋਕਾਂ ਨੂੰ ਕੋਈ ਇਤਰਾਜ਼ ਨਾ ਹੋ ਸਕੇ। (ਵਿਘਨ)

(ਕੋਈ ਉਤਰ ਨਾ ਦਿਤਾ ਗਿਆ)

**ਚੌਧਰੀ ਸੁੰਦਰ ਸਿੰਘ:** ਸਪੀਕਰ ਸਾਹਿਬ, ਇਹ ਤਾਂ ਚਲੋ ਅਸੀਂ ਮੰਨ ਲਿਆ ਕਿ ਬੰਨ੍ਹ ਦੇ ਅੰਦਰ ਦੇ ਇਲਾਕੇ ਵਿਚ ਜੰਗਲਾਤ ਜ਼ਰੂਰੀ ਚਾਹੀਦੀ ਹੈ ਪਰ ਮੈਂ ਕਹਿੰਦਾ ਹਾਂ ਕਿ ਹਰੀਜਨਾਂ ਨੂੰ ਅਤੇ ਗਰੀਬ ਮੁਜ਼ਾਰਿਆਂ ਨੂੰ ਜਿਹੜੀ ਜ਼ਮੀਨ ਮਿਲਦੀ ਹੈ ਉਹ ਇਹੋ ਜਿਹੀਆਂ ਭੈੜੀਆਂ ਥਾਵਾਂ ਤੇ ਹੀ ਮਿਲਦੀ ਹੈ ਜਿਨ੍ਹਾਂ ਥਾਵਾਂ ਤੇ ਬੰਨ੍ਹ ਦਾ ਇਲਾਕਾ ਹੋਵੇ। ਜੰਗਲਾਤ ਬੇਸ਼ਕ ਤੁਸੀਂ ਲਗਾਓ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੂੰ ਹੁਣ ਉਥੋਂ ਪੁਟੋਗੇ ਕੀ ਉਨ੍ਹਾਂ ਨੂੰ ਕਿਧਰੇ ਹੋਰ ਜ਼ਮੀਨਾਂ ਦਿਓਗੇ? (ਵਿਘਨ)

**ਮੰਤਰੀ:** ਸਪੀਕਰ ਸਾਹਿਬ, ਜੇ ਸਾਡੇ ਕੋਲ ਜ਼ਮੀਨ ਹੋਵੇਗੀ ਤਾਂ ਜ਼ਰੂਰ ਦਿਆਂਗੇ।

**ਚੌਧਰੀ ਜਗਤ ਰਾਮ:** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇ ਸਾਡੇ ਕੋਲ ਜ਼ਮੀਨ ਹੋਵੇਗੀ ਤਾਂ ਦਿਆਂਗੇ ਪਰ ਮੈਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਸ ਗਲ ਨੂੰ ਸੀਰੀਅਸ ਹੋ ਕੇ ਦਸਣ ਅਤੇ ਹਾਸੇ ਮਖੌਲ ਵਿਚ ਨਾ ਪਾਉਣ। ਜਦੋਂ ਪਹਿਲਾਂ ਇਹ ਜ਼ਮੀਨ ਆਬਾਦ ਨਹੀਂ ਸੀ ਤਾਂ ਇਨ੍ਹਾਂ ਨੂੰ ਜੰਗਲਾਤ ਦਾ ਵੀ ਖਿਆਲ ਨਹੀਂ ਸੀ ਆਇਆ ਅਤੇ ਹੁਣ ਜਦੋਂ ਲੋਕਾਂ ਨੇ ਉਹ ਜ਼ਮੀਨ ਆਬਾਦ ਕਰ ਲਈ ਹੈ ਤਾਂ ਇਨ੍ਹਾਂ ਨੇ ਜੰਗਲਾਤ ਬਣਾ ਦਿਤੀ (ਵਿਘਨ)

**ਮੰਤਰੀ:** ਸਪੀਕਰ ਸਾਹਿਬ, ਬੰਨ੍ਹ ਲਾਉਣ ਤੋਂ ਪਹਿਲਾਂ ਸਰਕਾਰ ਨੇ ਇਕ ਨੋਟੀਫੀਕੇਸ਼ਨ ਕੀਤਾ ਸੀ ਕਿ ਇਥੇ ਕਿਸੇ ਨੇ ਕਾਸ਼ਤ ਨਹੀਂ ਕਰਨੀ। ਇਹ ਏਰੀਆ ਦਰਿਆ ਦੇ ਅੰਦਰ ਰਹਿਣਾ ਹੈ। ਉਥੇ ਕਾਈ ਅਤੇ ਸਰਕੰਡਾ ਵਗੈਰਾ ਹੀ ਖੜ੍ਹਾ ਸੀ। (ਵਿਘਨ)

**ਸ੍ਰੀ ਸਪੀਕਰ:** ਮੇਰਾ ਖਿਆਲ ਹੈ ਕਿ ਪੌਂਗ ਡੈਮ ਬਣ ਜਾਣ ਨਾਲ ਪਾਣੀ ਨੇ ਉਧਰ ਨਹੀਂ ਜਾਣਾ, ਇਸ ਲਈ ਜਿਹੜੇ ਲੋਕ ਉਥੇ ਬੈਠੇ ਹਨ ਉਨ੍ਹਾਂ ਦੇ ਲਈ ਮਨਿਸਟਰ ਸਾਹਿਬ ਇਸ ਗਲ ਨੂੰ ਰੀਕਨਸਿਡਰ ਕਰ ਲੈਣ। (ਵਿਘਨ) (I would request the hon. Minister to reconsider this matter because now I think with the construction of Pong Dam the flow of the water will not reach that area (Interruption)

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਰ ਮੈਂ, ਸਬਮਿਟ ਜਰੂਰ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦਾ ਜੰਗਲਾਤ ਦਾ ਏਰੀਆ ਲੈਸ ਦੈਨ 4 ਪ੍ਰਤੀਸ਼ਤ ਹੈ। ਜੰਗਲਾਤ ਪੰਜਾਬ ਦੀ ਇਨਸਾਨੀ ਜ਼ਿੰਦਗੀ ਲਈ ਜ਼ਰੂਰ ਚਾਹੀਦੇ ਹਨ । ਜੇ ਜੰਗਲਾਤ ਨਾ ਹੋਣ ਤਾਂ ਇਨਸਾਨੀ ਜ਼ਿੰਦਗੀ ਨਹੀਂ ਰਹਿ ਸਕਦੀ। ਕਿਉਂਕਿ ਸਾਡੀ ਆਬੋਹਵਾ ਪਹਿਲਾਂ ਹੀ ਬਹੁਤ ਗਰਮ ਹੈ। ਜੇਕਰ ਇਹ ਦਰਖਤ ਨਹੀਂ ਰਹਿਣਗੇ ਤਾਂ ਇਨ-ਸਾਨੀ ਜ਼ਿੰਦਗੀ ਵੀ ਨਹੀਂ ਰਹੇਗੀ। ਮੈਂ ਅਰਜ਼ ਕਰਦਾ ਹਾਂ ਕਿ ਇਸ ਕੰਮ ਲਈ ਸਾਰੇ ਮੈਂਬਰ ਸਾਹਿਬਾਨ ਨੂੰ ਕੋਆਪ੍ਰੇਟ ਕਰਨਾ ਚਾਹੀਦਾ ਹੈ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ ਕੀ ਇਨਸਾਨੀ ਜ਼ਿੰਦਗੀ ਨੂੰ ਜ਼ਿੰਦਾ ਰਖਣ ਲਈ ਕਪਤਾਨ ਸਾਹਿਬ ਆਪਣੇ ਫਾਰਮ ਵਿਚ ਵੀ ਜੰਗਲ ਲਾ ਦੇਣਗੇ ਉਹ ਹੈ ਵੀ ਕੰਢੇ ਉਤੇ।

**ਮੰਤਰੀ** : ਜੇ ਮੇਰੀ ਵਾਰੀ ਆਈ ਤਾਂ ਮੈਂ ਸਭ ਤੋਂ ਪਹਿਲਾਂ ਉਥੇ ਜੰਗਲਾਤ ਲਾਵਾਂਗਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਕੀ ਮੰਤਰੀ ਸਾਹਿਬ ਇਸ ਗਲ ਤੇ ਗੌਰ ਕਰਨਗੇ ਕਿ ਜਿਸ ਤਰ੍ਹਾਂ ਦੂਸਰੇ ਸੂਬਿਆਂ ਵਿਚ ਹੁੰਦਾ ਹੈ ਕਿ ਜੇ ਉਨ੍ਹਾਂ ਨੇ ਕਿਤੇ ਜੰਗਲਾਤ ਲਾਉਣੇ ਹੋਣ ਤਾਂ ਕੁਝ ਸਾਲਾਂ ਲਈ ਉਹਨਾਂ ਨੂੰ ਖੇਤੀ ਕਰਨ ਦੀ ਇਜਾਜ਼ਤ ਦਿਤੀ ਜਾਂਦੀ ਹੈ, ਕੀ ਇਹ ਵੀ ਇਸ ਤਰ੍ਹਾਂ ਦੀ ਇਜਾਜ਼ਤ ਦੇਣਗੇ

**ਮੰਤਰੀ** : ਜ਼ਰੂਰ ਦਿਆਂਗੇ but this area is prone to floods. Inspite of Bundhs there have been floods ਇਨ੍ਹਾਂ ਫਲਡਜ਼ ਨਾਲ ਉਨ੍ਹਾਂ ਦਾ ਨੁਕਸਾਨ ਹੋ ਜਾਂਦਾ ਹੈ ਕਿਉਂਕਿ ਜੇਕਰ ਉਥੇ ਸਾਲ ਵਿਚ ਇਕ ਵਾਰੀ ਵੀ ਫਲੱਡ ਆ ਜਾਏ ਤਾਂ ਉਸ ਗਰੀਬ ਆਦਮੀ ਦਾ ਕਚੂੰਮਰ ਨਿਕਲ ਜਾਏਗਾ ਅਤੇ ਉਹ ਬਰਦਾਸ਼ਤ ਨਹੀਂ ਕਰ ਸਕੇਗਾ ।

**आचार्य पृथ्वी सिंह आजाद** : क्या मन्त्री महोदय बतायेंगे कि 1947 से लेकर अब तक सतलुज में कितनी बार flood आयें हैं ?

**ਮੰਤਰੀ** : ਸਪੀਕਰ ਸਾਹਿਬ, ਆਜ਼ਾਦ ਸਾਹਿਬ ਬੜੇ ਪੁਰਾਣੇ ਪਾਰਲੀਆਮੈਂਟੇਰੀਅਨ ਹਨ ਇਹ ਇਸ ਬਾਰੇ ਸੁਆਲ ਦੇ ਦੇਣ ਜਵਾਬ ਦੇ ਦਿਆਂਗੇ।

**ਸਰਦਾਰ ਧੰਨਾ ਸਿੰਘ ਗੁਲਸ਼ਨ** : ਸਪੀਕਰ ਸਾਹਿਬ, ਇਨ੍ਹਾਂ ਨੇ ਬਾਰ ਬਾਰ ਕਿਹਾ ਹੈ ਕਿ ਜ਼ਿੰਦਗੀ ਨੂੰ ਰਖਣ ਵਾਸਤੇ ਦਰਖਤ ਬਹੁਤ ਜ਼ਰੂਰੀ ਹਨ, ਕੀ ਮੈਂ ਇਨ੍ਹਾਂ ਤੋਂ ਸਮਝ ਸਕਦਾ ਹਾਂ ਕਿ ਕੀ ਜ਼ਿੰਦਗੀ ਨੂੰ ਕਾਇਮ ਰੱਖਣ ਵਾਸਤੇ ਅਨਾਜ ਜ਼ਰੂਰੀ ਨਹੀਂ। (ਵਿਘਨ) ਇਸ ਤੋਂ ਅਗੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਦਰਿਆ ਹਨ ਉਨ੍ਹਾਂ ਦੇ ਫਲਡਜ਼ ਰੋਕਣ ਲਈ ਬੰਨ੍ਹ ਬਣਾਏ ਗਏ ਹਾਈ ਬਰਸਾਤੀ ਨਾਲੇ ਕੱਢੇ ਗਏ ਅਤੇ ਇਸ ਕੰਮ ਲਈ ਜ਼ਿਮੀਦਾਰਾਂ ਕੋਲੋਂ ਆਸ ਪਾਸ ਦੀ ਜ਼ਮੀਨ ਲਈ ਗਈ ਅਤੇ ਉਹ ਜ਼ਮੀਨ ਸਰਕਾਰ ਠੇਕੇ ਤੇ ਆਪ ਦਿੰਦੀ ਹੈ (ਵਿਘਨ) ਅਤੇ ਲੈਂਡਲੈਸ ਆਦਮੀਂ ਉਹ ਜ਼ਮੀਨ ਠੇਕੇ ਤੇ ਲੈਕੇ ਕਾਸ਼ਤ ਕਰਦੇ ਹਨ। ਜਿਹੜੇ ਠੇਕੇ ਤੇ ਲੈਂਦੇ ਹਨ ਕੀ ਉਨ੍ਹਾਂ ਨੂੰ ਸਰਕਾਰ ਕੋਈ ਹੋਰ ਜ਼ਮੀਨ ਕਾਸ਼ਤ ਲਈ ਦੇਵੇਗੀ ?

**ਮੰਤਰੀ** : ਜਿਹੜੇ ਠੇਕੇ ਤੇ ਲੈਂਦੇ ਹਨ ਅਸੀਂ ਕਿਸੇ ਨੂੰ ਕਿਹਾ ਨਹੀਂ. . . (ਵਿਘਨ)

Original with;
Punjab Vidhan Sabha
Digitized by;
Panjab Digital Library

**Issue of Liquor twice from Hamira Distillery**

**Comrade Saghar Singh**
*1423. **Comrade Satya Pal Dang** : } Will the Minister for Development be pleased to state —

(a) whether it is a fact that during the year 1971-72, liquor from the Hamira Distillery was issued twice against the same permits ; if so, the total loss suffered by the Government on that account ;

(b) whether it is also a fact that during the year 1972-73 again liquor from the same distillery was issued twice against the same permits, if so; the total loss suffered by the Government on that account ;

(c) the steps taken by the Government to prevent such like cases?

**Captain Rattan Singh** : (a & b) During the year 1971-72 and 1972-73 no liquor from the Hamirpur Distillery was issued twice against the same permits but some unscrupulous contractors of Bhatinda district during 1972-73, obtained liquor on forged permits and the matter is under investigation with C.I.D.

(c) The procedure regarding issue of liquor on permits is being examined with a view to further tightening up in consultation with the Finance Department to be able to detect as far as possible any fraud before it is played.

[(ੳ) ਅਤੇ (ਅ) 1971-72 ਅਤੇ 1972-73 ਦੇ ਸਾਲ ਵਿਚ ਹਮੀਰਾ ਡਿਸਟਿਲਰੀ ਵਿਚੋਂ ਕੋਈ ਵੀ ਸ਼ਰਾਬ ਇਕ ਹੀ ਪਰਮਿਟ ਤੇ ਦੋ ਵੇਰ ਜਾਰੀ ਨਹੀਂ ਹੋਈ ਪਰ ਬਠਿੰਡਾ ਜ਼ਿਲ੍ਹੇ ਦੇ ਕੁਝ ਨਾਜ਼ਾਇਜ ਠੇਕੇਦਾਰਾਂ ਵੱਲੋਂ 1972-73 ਦੇ ਸਾਲ ਵਿਚ ਜਾਹਲੀ ਪਰਮਿਟ ਤੇ ਸ਼ਰਾਬ ਪ੍ਰਾਪਤ ਕੀਤੀ ਗਈ ਸੀ ਅਤੇ ਇਸ ਮੁਆਮਲੇ ਤੇ ਸੀ. ਆਈ. ਡੀ. ਵਲੋਂ ਪੜਤਾਲ ਹੋ ਰਹੀ ਹੈ ।

(ੲ) ਪਰਮਿਟਾਂ ਤੇ ਸ਼ਰਾਬ ਦੇ ਜਾਰੀ ਕਰਨ ਬਾਰੇ ਕਾਰਜ ਵਿੱਧੀ ਵਿੱਤ ਵਿਭਾਗ ਦੀ ਸਲਾਹ ਨਾਲ ਕੀਤੀ ਜਾ ਰਹੀ ਹੈ ਤਾਂ ਜੋ ਜ਼ਾਹਲਸਾਜ਼ਾਂ ਨੂੰ ਜ਼ਾਹਲਸਾਜ਼ੀ ਕਰਨ ਤੋਂ ਪਹਿਲਾਂ ਪਕੜਿਆ ਜਾ ਸਕੇ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੋਗਸ ਪਰਮਿਟ ਬਣਾ ਕੇ ਸ਼ਰਾਬ ਲੈ ਗਏ ਹਨ, ਉਹ ਕਿਨੀ ਕੀਮਤ ਦੀ ਸ਼ਰਾਬ ਲੈ ਗਏ ਹਨ , ਅਤੇ ਉਹ ਜਿਹੜੇ ਕੰਟਰੈਕਟਰ ਹਨ ਕੀ ਉਨ੍ਹਾਂ ਦੇ ਕਾਂਟਰੈਕਟ ਕੈਂਸਲ ਕੀਤੇ ਹਨ ਜਾਂ ਨਹੀਂ ?

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਬੜਾ ਵਾਜਬ ਸੁਆਲ ਕੀਤਾ ਹੈ। ਮੈਂ ਅਰਜ਼ ਕਰਾਂ ਕਿ 10 ਨਵੰਬਰ, 1972 ਤੋਂ ਲੈ ਕੇ 26 ਦਸੰਬਰ, 1972 ਤਕ ਉਹ ਤਕਰੀਬਨ 2500 ਦੀ ਕੰਟਰੀ ਲਿਕਰ ਲੈ ਗਏ ਬੋਗਸ ਪਰਮਿਟਾਂ ਰਾਹੀਂ। ਲੇਕਿਨ ਉਨ੍ਹਾਂ ਕਾਂਟਰੈਕਟਰਜ਼ ਤੇ ਬੜੀ ਤਕੜਾਈ ਨਾਲ ਜੋ ਵੀ ਮੈਕਸੀਮਮ ਐਕਸ਼ਨ ਹੋਵੇਗਾ ਲਿਆ ਜਾਵੇਗਾ ਅਤੇ ਮੈਕਸੀਮਮ ਪਨਿਸ਼ਮੈਂਟ ਦਿਤੀ ਜਾਵੇਗੀ। ਜੋ ਕੁਝ ਵੀ ਅੰਡਰ ਲਾ ਹੋ ਸਕਿਆ ਜ਼ਰੂਰ ਕਰਾਂਗੇ। ਕੁਲ ਸ਼ਰਾਬ ਉਹ 22500 ਪਰੂਫ ਲੀਟਰ ਲੈ ਗਏ ਹਨ। ਸਾਡੇ ਇੰਸਪੈਕਟਰ ਨੂੰ ਸ਼ਕ ਪੈ ਗਿਆ ਸੀ ਕਿ ਇਹ ਬੋਗਸ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਪਰਮਿਟ ਤੇ ਸ਼ਰਾਬ ਲਈ ਜਾ ਰਹੇ ਹਨ ਅਤੇ ਇਨਕੁਆਇਰੀ ਵਿਚ ਇਹ ਪਰੂਫ ਹੋ ਚੁੱਕਾ ਹੈ। ਐਕਸ਼ਨ ਇਜ਼ ਅੰਡਰਵੇ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨਾਂ ਨੇ ਕਿਹਾ ਹੈ ਕਿ ਐਕਸ਼ਨ ਹੋਵੇਗਾ ਮੈਂ ਪੁੱਛਦਾ ਹਾਂ ਕਿ ਹੁਣ ਤਕ ਕੀ ਐਕਸ਼ਨ ਲਿਆ ਗਿਆ ਹੈ ?

**ਮੰਤਰੀ** : ਮੈਂ ਦਸ ਚੁਕਾ ਹਾਂ ਇਸ ਬਾਰੇ। ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਜਿਥੇ ਕਾਨੂੰਨ ਇਜਾਜ਼ਤ ਦਿੰਦੇ ਹਨ ਐਕਸ਼ਨ ਲਈ ਉਥੇ ਕਈ ਬੰਧਨ ਵੀ ਆਉਂਦੇ ਹਨ, ਜੋ ਕੁਝ ਅਸੀਂ ਕਰ ਸਕਦੇ ਸੀ ਅਸੀਂ ਕਰ ਦਿਤਾ ਹੈ। ਫੋਰਜ਼ਰੀ ਦਾ ਕੇਸ ਉਨ੍ਹਾਂ ਤੇ ਦਫਾ 420 ਦਾ ਚਲੇਗਾ । After the enquiry, action will be taken and no one will be spared.

**आचार्य पृथ्वी सिंह आज़ाद** : क्या वजीर साहिब बताने की कृपा करेंगे कि वे जो अनसक्रपुलस परसनज हैं क्या उनको ब्लैक लिस्ट कर दिया है या वे अब भी दूसरों के नाम से ठेके ले रहे हैं ?

**ਮੰਤਰੀ** : ਉਨ੍ਹਾਂ ਨੂੰ ਬਲੈਕ ਲਿਸਟ ਤਾਂ ਕਰ ਦਿਤਾ ਹੈ, ਉਹ ਅਗਰ ਬੇਨਾਮੀ ਲੈ ਜਾਣ ਤਾਂ ਮੈਂ ਕੁਝ ਨਹੀਂ ਕਹਿ ਸਕਦਾ।

**Acharya Prithvi Singh Azad** : Whether it is a fact that they took part in auction in Bhatinda district or not ?

**Captain Rattan Singh** : I am not aware of it .

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ ਮੈਂ ਤੁਹਾਡੀ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਬੋਗਸ ਪਰਮਿਟ ਫੜੇ ਗਏ ਹਨ ਇਹ ਇਸ ਲਈ ਫੜੇ ਗਏ ਹਨ ਕਿਉਂਕਿ ਉਨ੍ਹਾਂ ਦਾ 8 ਆਨੇ ਬੋਰੀ ਦਾ ਝਗੜਾ ਪੈ ਗਿਆ ਸੀ । ਇਸ ਤੋਂ ਪਹਿਲਾਂ ਵੀ ਉਹ ਲੈ ਜਾਂਦੇ ਰਹੇ ਹਨ ।

**ਮੰਤਰੀ** : ਜੋ ਪਹਿਲੀ ਗਲ ਕਹੀ ਹੈ ਉਹ ਗਲਤ ਹੈ । (ਵਿਘਨ) ਦੂਸਰੀ ਗਲ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼ਾਇਦ ਤੁਸੀਂ ਪਹਿਲਾਂ ਕਰਦੇ ਰਹੇ ਹੋ (ਵਿਘਨ) ਜੋ ਮੇਰੇ ਆਨਰੇਬਲ ਮੈਂਬਰ ਸਾਹਿਬ ਸਬੂਤ ਦੇਣਗੇ ਮੈਂ ਉਨ੍ਹਾਂ ਦਾ ਧੰਨਵਾਦੀ ਹੋਵਾਂਗਾ ਜਿਹੜਾ ਜਿਹੜਾ ਵੀ ਇਸ ਵਿਚ ਫੜਿਆ ਜਾਵੇਗਾ ਉਸਨੂੰ ਪੂਰੀ ਤਰਾਂ ਅਤੇ ਸਵੀਰਲੀ ਡੈਲਟ ਵਿਦ ਕੀਤਾ ਜਾਵੇਗਾ।

**ਕਾਮਰੇਡ ਜੰਗੀਰ ਸਿੰਘ ਜੋਗਾ** : ਕੀ ਮਨਿਸਟਰ ਸਾਹਿਬ ਇਸ ਗਲ ਦੀ ਪੜਤਾਲ ਕਰਨਗੇ ਕਿ ਜਿਹੜੇ ਠੇਕੇਦਾਰ ਇਸ ਕੇਸ ਵਿਚ ਫੜੇ ਗਏ ਹਨ ਉਹ ਠੇਕੇਦਾਰ ਦੁਬਾਰਾ ਠੇਕੇ ਲਈ ਬੈਠੇ ਹਨ ।

**ਮੰਤਰੀ** : ਜ਼ਰੂਰ ਕਰਾਂਗੇ ।

**ਡਾਕਟਰ ਅਮੀਰ ਸਿੰਘ ਕਲਕਟ** : ਆਇਆ ਮੰਤਰੀ ਮਹੋਦਯ ਦਸਣ ਦੀ ਕਿਰਪਾਲਤਾ ਕਰਨਗੇ ਕਿ ਜਿਹੜੇ ਕੰਟਰੈਕਟਰ ਇੰਨੀ ਦਲੇਰੀ ਨਾਲ ਪਰਮਿਟ ਬਣਾ ਸਕਦੇ ਹਨ ਉਹ ਇਲਿਸਿਟ ਸ਼ਰਾਬ ਵੀ ਬਣਾਉਂਦੇ ਹੀ ਹੋਣਗੇ, ਸਰਕਾਰ ਇਲਿਸਿਟ ਸ਼ਰਾਬ ਬਣਾਉਣ ਵਾਲਿਆਂ ਦੇ ਵਿਰੁੱਧ ਕੀ ਐਕਸ਼ਨ ਲੈ ਰਹੀ ਹੈ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਉਹ ਇਲਿਸਿਟ ਨਹੀਂ ਬਣਾਉਂਦੇ ਉਹ ਡਾਕਟਰਾਂ ਕੋਲੋਂ ਦਵਾਈਆਂ ਲੈਕੇ ਮਸਨੂਈ ਸ਼ਰਾਬ ਬਣਾਉਂਦੇ ਹਨ। (ਵਿਘਨ) (They do not prepare illicit wine, but they prepare spurious wine with the medicine which they purchase from the Doctors.) (Interruption)

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਸੁਜੈਸ਼ਨਜ਼ ਦੇਣ ਕਿ ਇਲਿਸਿਟ ਡਿਸਟੀਲੇਸ਼ਨ ਕਿਸ ਤਰ੍ਹਾਂ ਰੋਕੀ ਜਾ ਸਕਦੀ ਹੈ। ਮੈਂ ਉਨ੍ਹਾਂ ਦੀ ਸੁਜੈਸ਼ਨ ਤੇ ਕੇਵਲ ਐਕਸ਼ਨ ਹੀ ਨਹੀਂ ਲਵਾਂਗਾ ਬਲਿਕ ਜੇ ਠੀਕ ਹੋਈ ਤਾਂ ਗੌਰ ਕਰਕੇ ਇਸ ਹਾਉਸ ਵਿਚ ਲੈਜਿਸਲੇਸ਼ਨ ਲਿਆਵਾਂਗਾ, ਜਿਸ ਦੇ ਵਿਚ ਅਜਿਹੇ ਬੰਦੇ ਵਾਸਤੇ ਕੇਵਲ ਵਾਰਨਿੰਗ ਵਗੈਰਾ ਨਹੀਂ ਹੋਵੇਗੀ ਬਲਿਕ ਮੈਕਸੀਮੱਮ ਪਨਿਸ਼ਮੈਂਟ ਦਾ ਪ੍ਰੋਵੀਜ਼ਨ ਵੀ ਕੀਤਾ ਜਾਏਗਾ।

**ਜਥੇਦਾਰ ਗੁਰਬਚਨ ਸਿੰਘ** (ਸਨਾਮ) ਸਪੀਕਰ ਸਾਹਿਬ ਇਹ ਆਮ ਚਰਚਾ ਹੈ ਕਿ ਜਿਸ ਦਿਨ ਠੇਕੇ ਨੀਲਾਮ ਹੋਣੇ ਹੁੰਦੇ ਹਨ ਉਸ ਦਿਨ ਮਹਿਕਮੇ ਨੇ ਜਿਸ ਨੂੰ ਠੇਕਾ ਨਾਂ ਦੇਣਾ ਹੋਵੇ ਉਸਨੂੰ ਕਹਿ ਦਿੰਦੇ ਹਨ ਕਿ ਨਕਦ ਪੈਸੇ ਦਿਖਾ ਅਤੇ ਜਿਸ ਨੂੰ ਦੇਣਾ ਹੋਵੇ ਉਸਦੇ ਲਈ ਕੋਈ ਸ਼ਰਤ ਨਹੀਂ।

**ਮੰਤਰੀ :** ਇਸ ਵਾਰੀ ਇਸ ਗਲ ਤੇ ਪੂਰਾ ਗੌਰ ਕੀਤਾ ਹੈ ਅਤੇ ਪਹਿਲੀ ਦਫਾ ਠੇਕਿਆਂ ਦੀ ਓਪਨ ਬਿਡ ਹੋਈ ਹੈ।

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰ ਠੇਕੇ ਤੇ ਬੋਤਲ 20 ਰੁਪਏ ਚੜ੍ਹੀ ਹੈ ਅਤੇ ਉਨ੍ਹਾਂ ਨੇ 10 ਰੁਪਏ ਦੀ ਵੇਚਣੀ ਹੈ ਕੀ ਇਨ੍ਹਾਂ ਨੂੰ ਸਮਝ ਨਹੀਂ ਕਿ ਉਹ ਗੁਜ਼ਾਰਾ ਕਿਸ ਤਰ੍ਹਾਂ ਕਰਨਗੇ ?

**ਵਿਕਾਸ ਮੰਤਰੀ :** ਮੇਰਾ ਖਿਆਲ ਹੈ ਕਿ ਮੇਰੇ ਨਾਲੋਂ ਮੇਰੇ ਆਨਰੇਬਲ ਮੈਂਬਰ ਸਾਹਿਬ ਨੂੰ ਜ਼ਿਆਦਾ ਪਤਾ ਹੋਵੇਗਾ ਪਰ ਜਿਥੋਂ ਤਕ ਮੇਰਾ ਖਿਆਲ ਹੈ ਕਿ 20 ਰੁਪਏ ਬੋਤਲ ਠੇਕੇ ਤੇ ਨਹੀਂ ਚੜ੍ਹੀ।

**ਕਈ ਅਵਾਜ਼ਾਂ :** ਥੋੜ੍ਹੀ ਜਿਹੀ ਘਟ ਚੜ੍ਹੀ ਹੋਵੇਗੀ . . . (ਵਿਘਨ)

**ਸਰਦਾਰ ਜਸਵਿੰਦਰ ਸਿੰਘ ਬਰਾੜ :** ਸਪੀਕਰ ਸਾਹਿਬ ਮੈਂ ਮਿਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾ ਕਿ ਬੋਤਲ ਦਾ ਰੇਟ ਕੀ ਹੈ। ਸਰਦਾਰ ਗੁਰਚਰਨ ਸਿੰਘ ਨੇ ਕਿਹਾ ਹੈ ਕਿ ਇਸ ਦਾ ਰੇਟ 20 ਰੁਪਏ ਹੈ। ਕੀ ਇਸਦਾ ਰੇਟ ਇਸ ਤੋਂ ਘੱਟ ਹੈ।

**ਵਿਕਾਸ ਮੰਤਰੀ :** ਹਾਲੇ ਬੋਲੀਆਂ ਚਲ ਰਹੀਆਂ ਹਨ। ਪਰ ਲੁਧਿਆਣੇ ਵਿਚ ਐਵਰੇਜ ਰੇਟ 11.25 ਪੈਸੇ ਹੈ। ਬਾਕੀ ਮੈਕਸੀਮੱਮ ਰੇਟ ਤਾਂ ਮੈਨੂੰ ਪਤਾ ਨਹੀਂ ਪਰ 20 ਰਪਏ ਨਹੀਂ ਹੈ।

**ਸ੍ਰੀ ਸਪੀਕਰ :** ਜੇ ਇਹ ਰੇਟ 20 ਰਪਏ ਹੋ ਗਿਆ ਤਾਂ ਲੋਕੀ ਘੱਟ ਪੀਣਗੇ। (If the rate of one bottle is Rs. 20 then lesser number of people will take it.)

**ਸ੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ ਇਹ ਤਾਂ ਖੁਸ਼ ਹੋਣਗੇ। ਇਹ ਤਾਂ ਕਹਿਣਗੇ ਕਿ ਵੇਚੀ ਜਾਵੇ ਅਤੇ ਪੈਸੇ ਦਈ ਜਾਵੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ11.25 ਰੁਪਏ ਜਿਹੜਾ ਰੇਟ ਹੈ ਇਹ ਐਕਸਾਈਜ਼ ਡਿਊਟੀ ਵਗੈਰਾ ਪਾ ਕੇ 13 ਰੁਪਏ ਨਹੀਂ ਬਣਦਾ ।

**ਵਿਕਾਸ ਮੰਤਰੀ** : ਪਿਛਲੇ ਸਾਲ ਐਵਰੇਜ਼ ਰੇਟ 9.15 ਰੁਪਏ ਸੀ। ਇਸ ਵਾਰੀ ਲੁਧਿਆਣੇ ਵਿਚ ਇਹ ਰੇਟ 11.25 ਰੁਪਏ ਤਕ ਗਿਆ ਹੈ। ਇਸਦਾ ਮਤਲਬ ਹੈ ਕਿ ਪਿਛਲੇ ਸਾਲ ਠੇਕੇਦਾਰਾਂ ਨੇ ਪੈਸਾ ਕਾਫ਼ੀ ਕਮਾਇਆ ਸੀ। ਜੇ ਇਸ ਵਾਰੀ ਸਰਕਾਰ ਨੂੰ ਉਹ ਪੈਸੇ ਦੇ ਦੇਣ ਤਾਂ ਤੁਹਾਨੂੰ ਜਾਂ ਸਾਨੂੰ ਕੀ ਇਤਰਾਜ਼ ਹੈ ।

---

**Expenditure incurred on Public School Nabha**

***1424. 1. Comrade Saghar Singh**
**2. Comrade Satya Pal Dang** } Will the Minister for Education and Revenue be pleased to state :—

(a) the total expenditure incurred by the State Government during the last five years, year-wise on the public School, Nabha ;

(b) the total area of land attached to the said school and its estimated value ;

(c) the estimated value of the building of the said school;

(d) the number of students on the rolls of the said school as on 1st January, 1970, 1st January, 1971, 1st January, 1972 and 1st January, 1973 ?

**ਸਰਦਾਰ ਉਮਰਾਓ ਸਿੰਘ** : (ਏ) ਪੰਜਾਬ ਸਰਕਾਰ ਨੇ 1968 ਤੋਂ 1972 ਵਿਚ ਪਬਲਿਕ ਸਕੂਲ ਨਾਭੇ ਨੂੰ ਆਡੋਟੋਰੀਅਮ ਦੀ ਉਸਾਰੀ ਲਈ 5 ਲੱਖ ਰੁਪਏ ਮੰਨਜ਼ੂਰ ਕੀਤਾ ਹੈ । ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—(1) 2,50,000 ਰੁਪਏ ਕਰਜ਼ਾ, (2) 2,50,000 ਰੁਪਿਆ ਗਰਾਂਟ ।

(ਬੀ) ਤੋਂ (ਡੀ) ਪਬਲਿਕ ਸਕੂਲ ਨਾਭਾ ਪੰਜਾਬ ਸਰਕਾਰ ਦੇ ਪ੍ਰਬੰਧਕੀ ਕੰਟਰੋਲ ਹੇਠ ਨਹੀਂ ਹੈ ਇਸ ਲਈ ਸਰਕਾਰ ਮੰਗੀ ਸੂਚਨਾ ਦੇਣ ਤੋਂ ਅਸਮਰੱਥ ਹੈ ।

[(a) Between the years 1968 and 1972 the Punjab Government has Sanctioned Rs. 5 lacs to this school for the construction of auditorium etc. as under :—

(1) Rs 2,50,000 as loan.

(2) Rs 2,50,000 as grant.

(b) to (d) Public School, Nabha is not under the administrative control of Punjab Government (Education Department) Hence the Governmet is unable to supply the desired information.]

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਹ ਹਕੀਕਤ ਨਹੀਂ ਕਿ ਪਬਲਿਕ ਸਕੂਲ ਨਾਭੇ ਵਿਚ ਅਜ ਕਲ ਦੇ ਸੋਸ਼ਲਿਸਟਾਂ ਦੇ ਸ਼ਹਿਜਾਦੇ ਪੜ੍ਹਦੇ ਹਨ ਅਤੇ ਇਹ ਸਿਰਫ ਤਿੰਨ ਚਾਰ ਸੌ ਹਨ ਪਰ ਇਸ ਪਬਲਿਕ ਸਕੂਲ ਲਈ ਲੱਖਾਂ ਰੁਪਏ

Original with;
Punjab Vidhan Sabha
Digitized by;
Panjab Digital Library

ਖਰਚ ਕਰਦੇ ਹਨ। ਇਹ ਇਨ੍ਹਾਂ ਦੇ ਸੋਸ਼ਲਿਜ਼ਮ ਨਾਲ ਕਿਸ ਤਰ੍ਹਾਂ ਢੁਕਦਾ ਹੈ ? (ਕੋਈ ਉੱਤਰ ਨਹੀਂ ਦਿਤਾ ਗਿਆ)।

**ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ** : ਕੀ ਵਜ਼ੀਰ ਸਾਹਿਬ ਇਸ ਗਲ ਨੂੰ ਮੱਦੇਨਜ਼ਰ ਰਖਦੇ ਹਨ ਕਿ ਸਮਾਜ ਦੇ ਨਜ਼ਰੀਏ ਅਨੁਸਾਰ ਹਰ ਇੱਕ ਨਾਲ ਬਰਾਬਰ ਵਰਤਾਓ ਕਰਨਾ ਹੈ, ਸਾਧਾਰਣ ਲੋਕਾਂ ਦੇ ਬਚਿਆਂ ਨੂੰ ਵੀ ਉਹੀ ਫੈਸਲਿਟੀ ਐਜੂਕੇਸ਼ਨ ਵਾਸਤੇ ਦੇਣਗੇ ਜਿਹੜੀ ਕਿ ਪਬਲਿਕ ਸਕੂਲਾਂ ਵਿਚ ਇਨ੍ਹਾਂ ਨਵੇਂ ਸੋਸ਼ਲਿਸਟਾਂ ਦੇ ਸ਼ਹਿਜ਼ਾਦਿਆਂ ਨੂੰ ਮਿਲਦੀ ਹੈ।

**ਵਿਦਿਆ ਮੰਤਰੀ** : ਪੰਜਾਬ ਸਰਕਾਰ ਵਲੋਂ ਕੁਝ ਪਰਸੈਂਟੇਜ਼ ਰਖੀ ਹੈ ਇਨ੍ਹਾਂ ਸਕੂਲਾਂ ਵਿਚ ਗਰੀਬ ਬੱਚਿਆਂ ਲਈ। ਜਿਹੜੇ ਬੱਚੇ ਗਰੀਬ ਹਨ ਉਨ੍ਹਾਂ ਦਾ ਸਾਰਾ ਖਰਚਾ ਪੰਜਾਬ ਸਰਕਾਰ ਦਿੱਦੀ ਹੈ।

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ, ਇਹ ਸੋਸ਼ਲਿਜ਼ਮ ਦਾ ਢੰਡੋਰਾ ਪਿਟਦੇ ਹਨ ਅਤੇ ਕਹਿੰਦੇ ਹਨ ਕਿ ਗਰੀਬੀ ਹਟਾਉਣੀ ਹੈ। ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁਛਣਾ ਚਾਹੁਦਾ ਹਾਂ ਕਿ ਇਹੋ ਜਿਹੇ ਸਕੂਲ ਜਿਹੜੇ ਕਿ ਸਫ਼ੇਦ ਹਾਥੀ ਹਨ ਅਤੇ ਸਮਾਜ ਵਿਚ ਨਿਆਂ ਨਹੀਂ ਦਿੰਦੇ ਅਤੇ ਇਨ੍ਹਾਂ ਵਿਚ ਗਰੀਬ ਆਦਮੀ ਦੇ ਬੱਚੇ ਨਹੀਂ ਪੜ੍ਹ ਸਕਦੇ, ਇਨ੍ਹਾਂ ਨੂੰ ਬੰਦ ਕਰਨ ਲਈ ਕੋਈ ਉਪਰਾਲਾ ਕਰਣਗੇ ?

**ਮੰਤਰੀ** : ਮੈਂ ਤਾਂ ਹੁਣੇ ਦਸਿਆ ਹੈ ਕਿ ਗਰੀਬਾਂ ਦੇ ਬੱਚੇ ਵੀ ਉਥੇ ਪੜ੍ਹਦੇ ਹਨ ਅਤੇ ਉਨ੍ਹਾਂ ਦਾ ਸਾਰਾ ਖਰਚਾ ਪੰਜਾਬ ਸਰਕਾਰ ਦਿੰਦੀ ਹੈ।

**ਸਰਦਾਰ ਜਸਵਿੰਦਰ ਸਿੰਘ ਬਰਾੜ** : ਸਪੀਕਰ ਸਾਹਿਬ ਉਥੇ ਇੱਕ ਬੱਚੇ ਦਾ ਮਹੀਨੇ ਦਾ 1000 ਰੁਪਿਆ ਖਰਚਾ ਹੈ ਗਰੀਬਾਂ ਦੇ ਬੱਚੇ ਤਾਂ ਉਥੇ ਪੜ੍ਹ ਨਹੀਂ ਸਕਦੇ। ਇਹੋ ਜਿਹੇ ਸਫ਼ੈਦ ਹਾਥੀ ਬੰਦ ਕਰਨੇ ਚਾਹੀਦੇ ਹਨ।

**ਵਿਕਾਸ ਮੰਤਰੀ** : ਸਪੀਕਰ ਸਾਹਿਬ ਇਹ ਕੁਆਸ਼ਚਨ ਆਵਰ ਹੈ, ਝਗੜੇ ਵਾਲਾ ਆਵਰ ਨਹੀਂ। ਜਵਾਬ ਐਜੂਕੇਸ਼ਨ ਮਨਿਸਟਰ ਨੇ ਦੇ ਦਿਤਾ ਹੈ ਕਿ ਸਰਕਾਰ ਆਪਣੇ ਖਰਚੇ ਤੇ ਗਰੀਬਾਂ ਦੇ ਬੱਚਿਆਂ ਨੂੰ ਪੜ੍ਹਾਉਂਦੀ ਹੈ।

**ਵਿਦਿਆ ਮੰਤਰੀ** : ਸਪੀਕਰ ਸਾਹਿਬ, ਬਰਾੜ ਸਾਹਿਬ ਤਲੱਖੀ ਵਿਚ ਆ ਗਏ ਹਨ। ਇਹ 5 ਲੱਖ ਰੁਪਿਆ ਇਨ੍ਹਾਂ ਦੀ ਸਰਕਾਰ ਵੇਲੇ ਦਿੱਤਾ ਗਿਆ ਸੀ। ਮੈਂ ਤਾਂ ਉਸ ਵੇਲੇ ਦੀ ਗਲ ਕਰਦਾ ਹਾਂ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ ਵਿਦਿਆ ਮੰਤਰੀ ਨੇ ਦਸਿਆ ਹੈ ਕਿ ਗਰੀਬਾਂ ਦੇ ਬੱਚੇ ਵੀ ਉਥੇ ਪੜ੍ਹਦੇ ਹਨ। ਐਡਮਿਸ਼ਨ ਫਾਰਮ ਤੇ ਖਾਨਾ ਨੰ: 3 ਵਿਚ ਪਹਿਲੀ ਆਈਟਮ ਇਹ ਹੈ ਕਿ ਕਿੰਨਾ ਇਨਕਮ-ਟੈਕਸ ਦਿੰਦੇ ਹੋ ਅਤੇ ਆਮਦਨੀ ਸਾਰੇ ਜ਼ਰੀਏ ਤੋਂ ਕਿੰਨੀ ਹੈ।

**ਸ੍ਰੀ ਸਪੀਕਰ** : ਚੌਧਰੀ ਸਾਹਿਬ ਮੇਰਾ ਖਿਆਲ ਹੈ ਕਿ ਤੁਸੀਂ ਵੀ ਫਾਰਮ ਮੰਗਾ ਕੇ ਸਟਡੀ ਕਰ ਰਹੇ ਹੋ ਅਤੇ ਤੁਹਾਡਾ ਆਪਣੇ ਬੱਚੇ ਉਸ ਸਕੂਲ ਵਿਚ ਘੱਲਣ ਦਾ ਇਰਾਦਾ ਹੈ। (Chaudhri Sahib, you are also studying the forms and you also intend sending your children to that public school).

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਗਰੀਬ ਹਨ ਇਨ੍ਹਾਂ ਦੇ ਬੱਚੇ ਉਥੇ ਪੜ੍ਹਦੇ ਹੋਣਗੇ।

**ਵਿਦਿਆ ਮੰਤਰੀ** : ਸਪੀਕਰ ਸਾਹਿਬ ਮੇਰਾ ਕੋਈ ਲੜਕਾ ਇਸ ਸਕੂਲ ਵਿਚ ਨਹੀਂ ਮੈਂ ਤਾਂ ਖੁਦ ਦੂਜੇ ਸਕੂਲਾਂ ਵਿਚ ਪੜ੍ਹਦਾ ਰਿਹਾ ਹਾਂ ਮੈਂ ਆਪ ਕਦੇ ਪਬਲਿਕ ਸਕੂਲ ਵਿਚ ਨਹੀਂ ਪੜ੍ਹਿਆ। ਜਿਹੜੇ ਬੱਚੇ ਹੋਣਹਾਰ ਹੁੰਦੇ ਹਨ ਉਨ੍ਹਾਂ ਨੂੰ ਪਬਲਿਕ ਸਕੂਲ ਵਿਚ ਪੜ੍ਹਨ ਦੀ ਲੋੜ ਹੀ ਨਹੀਂ। ਉਹ ਤਾਂ ਕਿਸੇ ਵੀ ਸਕੂਲ ਵਿਚ ਪੜ੍ਹ ਸਕਦੇ ਹਨ।

**चौधरी बलराम** : स्पीकर साहिब, ऐजुकेशन मिनिस्टर ने कहा है कि वहां गरीबों के बच्चे भी पढ़ते हैं। लेकिन बच्चों के वहां पढने के बाद नजरिये में जो फर्क पड़ेगा उस को हम कैसे दूर करेंगे? ऐजुकेशन बराबर होनी चाहिए। इसके लिए क्या उपाय कर रहे हैं।

(कोई उत्तर नहीं दिया)।

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ ਪਬਲਿਕ ਸਕੂਲ ਤਾਂ ਜਦ ਬੰਦ ਹੋਣਗੇ ਤਦ ਹੋ ਜਾਣਗੇ। ਮੈਂ ਇਕ ਗਲ ਤੁਹਾਡੇ ਰਾਹੀਂ ਵਿਦਿਆ ਮੰਤਰੀ ਤੋਂ ਪੁਛਣਾ ਚਾਹੁੰਦਾ ਹਾਂ ਗੌਰਮਿੰਟ ਨੇ ਆਡੀਟੋਰੀਅਮ ਵਾਸਤੇ ਜਿਹੜੀ ਏਡ ਦਿਤੀ ਹੈ, ਕੀ ਸਰਕਾਰ ਦੇ ਨੋਟਿਸ ਵਿਚ ਹੈ ਕਿ ਉਥੇ ਉਸ ਆਡੀਟੋਰੀਅਮ ਵਿਚ ਸਿਨੇਮਾ ਬਣ ਰਿਹਾ ਹੈ। ਇਹ ਸਨੇਮਾ ਤਿੰਨ ਦਿਨ ਪਬਲਿਕ ਵਾਸਤੇ ਖੁਲ੍ਹਾ ਹੋਵੇਗਾ। ਜੋ ਆਮਦਨ ਇਸਤੋਂ ਹੋਵੇਗੀ ਕੀ ਉਸਦੇ ਵਿਚੋਂ ਸਟੇਟ ਨੂੰ ਕੋਈ ਹਿੱਸਾ ਮਿਲੇਗਾ ਕੀ ਗੌਰਮਿੰਟ ਨੇ ਇਸ ਬਾਰੇ ਵਿਚ ਕੋਈ ਨੈਗੋਸ਼ੀਏਸ਼ਨ ਕੀਤੀ ਹੈ?

**ਵਿਦਿਆ ਮੰਤਰੀ** : ਇਹ ਤਾਂ ਅਜੇ ਬਣਨਾ ਹੈ। ਮੈਂ ਚੈਕ ਅਪ ਕਰ ਲਵਾਂਗਾ। ਜੇ ਏਡ ਦੇਣ ਵੇਲੇ ਕੋਈ ਕੰਡੀਸ਼ਨ ਲਾਈ ਹੋਵੇਗੀ ਤਾਂ ਉਸਦੇ ਮੁਤਾਬਕ ਉਸ ਪੈਸੇ ਨੂੰ ਯੂਟੀਲਾਈਜ਼ ਕਰਾਇਆ ਜਾਵੇਗਾ।

**ਸ਼੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ ਇਹ ਕਮਰਸ਼ੀਅਲ ਬੇਸਿਜ਼ ਤੇ ਚਲਣਾ ਹੈ। ਜੇ ਕੋਈ ਆਮਦਨੀ ਹੋਵੇਗੀ ਤਾਂ ਸਟੇਟ ਨੂੰ ਵੀ ਹਿੱਸਾ ਮਿਲਣਾ ਚਾਹੀਦਾ ਹੈ। ਜੇ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ਤਾਂ ਮੈਨੇਜਮੈਂਟ ਨੂੰ ਬੁਲਾ ਕੇ ਨੈਗੋਸੀਏਸ਼ਨ ਕਰਨ।

**ਮਾਸਟਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਗਰੀਬਾਂ ਦੇ ਬੱਚੇ ਵੀ ਉਥੇ ਪੜ੍ਹਦੇ ਹਨ। ਕੀ ਸਰਕਾਰ ਇਸ ਗਲ ਲਈ ਤਿਆਰ ਹੈ ਕਿ ਇਸ ਸਕੂਲ ਵਿਚ ਹਰੀਜਨਾਂ ਦੇ ਬੱਚੇ ਜੋ ਕੇ ਪੰਜਾਬ ਵਿਚ 25 ਫੀ ਸਦੀ ਹਨ ਵੀ ਪੜ੍ਹਨ ਤੇ ਸਰਕਾਰ ਉਨ੍ਹਾਂ ਦਾ ਖਰਚਾ ਦੇਵੇ।

**ਮੰਤਰੀ** : ਸਪੀਕਰ ਸਾਹਿਬ ਮਾਸਟਰ ਹੋਰਾਂ ਨੇ ਸੁਆਲ ਦਾ ਜੁਆਬ ਸੁਣਿਆ ਨਹੀਂ। ਇਹ ਸਕੂਲ ਪੰਜਾਬ ਸਰਕਾਰ ਦੇ ਐਡਮਿਨਸਟਰੇਟਿਵ ਕੰਟਰੋਲ ਥੱਲੇ ਨਹੀਂ ਹੈ। ਇਸ ਕਰਕੇ ਪੰਜਾਬ ਸਰਕਾਰ ਕੋਈ ਆਪਣਾ ਫੈਸਲਾ ਇਸਤੇ ਠੋਸ ਨਹੀਂ ਸਕਦੀ। ਜਿਥੇ ਪੰਜਾਬ ਸਰਕਾਰ ਦੇ ਸਕੂਲ ਹਨ, ਉਥੇ ਮਾਸਟਰ ਜੀ ਦੀ ਇਸ ਗਲ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

## Employees in Public School Nabha

***1425. 1. Comrade Saghar Singh**
**2. Comrade Satya Pal Dang** : Will the Minister for Education and Revenue be pleased to state—

(a) the number of employees, category-wise, as on 1st January, 1973 in the Public School, Nabha;

Original with;
Punjab Vidhan Sabha
Digitized by;
Panjab Digital Library

(b) the grades, scales of pay of each category;

(c) the number of confirmed, temporary and *adhoc* employees in each category in the said school;

(d) the number of employees whose services were terminated during the last three years stating the reasons therefor;

(e) whether any proper enquiry was held before the termination of services of the employees mentioned in part (d) above; if so, the number of employees in whose cases it was held and of those in which it was not held?

**Sardar Umrao Singh** : (a to e) The Public School Nabha is not under the administrative control of Punjab Government (Education Department). Hence the Government is unable to supply the desired information.

[(ੲੇ) ਤੋਂ (ਈ) ਪਬਲਿਕ ਸਕੂਲ ਨਾਭਾ ਪੰਜਾਬ ਸਰਕਾਰ ਦੇ ਪ੍ਰਬੰਧਕੀ ਕੰਟਰੋਲ ਹੇਠ ਨਹੀਂ ਹੈ ਇਸ ਲਈ ਸਰਕਾਰ ਮੰਗੀ ਸੂਚਨਾ ਦੇਣ ਤੋਂ ਅਸਮਰੱਥ ਹੈ।]

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਹਰ ਸਾਲ ਇਸ ਸਕੂਲ ਨੂੰ ਕੋਈ ਗਰਾਂਟ ਦਿੰਦੀ ਹੈ ਜਾਂ ਨਹੀਂ ਦਿੰਦੀ ? ਜੇਕਰ ਦਿੰਦੀ ਹੈ ਤਾਂ ਜਿਥੇ ਗਰੀਬਾਂ ਦੇ ਬੱਚੇ ਨਹੀਂ ਪੜ੍ਹ ਸਕਦੇ, ਜਿਥੇ ਮੁਲਾਜ਼ਮਾਂ ਦੀ ਸਿਕਉਰਿਟੀ ਆਫ ਸਰਵਿਸ ਨਹੀਂ ਤਾਂ ਫਿਰ ਉਨ੍ਹਾਂ ਨੂੰ ਪੈਸੇ ਕਿਉਂ ਦਿਤੇ ਜਾਂਦੇ ਹਨ ਜਦੋਂ ਕਿ ਉਹ ਇਨ੍ਹਾਂ ਦੇ ਐਡਮਨਿਸਟਰੇਟਿਵ ਕੰਟ੍ਰੋਲ ਥਲੇ ਨਹੀਂ ਹੈ ?

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਇਹ ਸੈਪੇਰੇਟ ਨੋਟਿਸ ਦੇ ਦੇਣ ਕਿ ਗਰਾਂਟ ਕਿਉਂ ਦਿਤੀ ਜਾਂਦੀ ਹੈ। ਜਿਹੜਾ ਇਨ੍ਹਾਂ ਦਾ ਪਹਿਲਾ ਸਵਾਲ ਹੈ ਉਸ ਬਾਰੇ ਮੇਰੇ ਖਿਆਲ ਵਿਚ ਤਾਂ 5 ਲੱਖ ਰੁਪਏ ਹੀ ਗਰਾਂਟ ਦੇ ਦਿਤੇ ਗਏ ਹਨ ਹੋਰ ਕੋਈ ਪੈਸਾ ਨਹੀਂ ਦਿਤਾ ਗਿਆ।

---

## M.A.B.Ed. Teachers as Lecturers

*1433. **Chaudhri Jagat Ram** : Will the Minister for Education and Revenue be pleased to state—

(a) the total number of M.A.B.Ed. teachers promoted by the Government as lecturers in the State during the period from January, 1966 to December, 1972;

(b) the total number of teachers out of those referred to in para (a) above belonging to Scheduled Castes;

(c) if the number of Scheduled Caste, MA.B.Ed. teachers promoted as lecturers is less than 22 per cent, the date by which the Government propose making up the reservation quota?

Original with;
Punjab Vidhan Sabha
Digitized by;
Panjab Digital Library

**Sardar Umrao Singh** : (a) None.

(b) Question does not arise.

(c) Question does not arise.

[(ੳ) ਕੋਈ ਨਹੀਂ ।

(ਅ) ਸਵਾਲ ਪੈਦਾ ਨਹੀਂ ਹੁੰਦਾ ।

(ੲ) ਸਵਾਲ ਪੈਦਾ ਨਹੀਂ ਹੁੰਦਾ ।]

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ, ਮੈਂ ਬੜਾ ਹੈਰਾਨ ਹਾਂ ਇਨ੍ਹਾਂ ਦੇ ਜਵਾਬ ਤੋਂ। ਪਰ ਜੇਕਰ ਮੈਂ ਇਨ੍ਹਾਂ ਦੇ ਨੋਟਿਸ ਵਿਚ ਲਿਆ ਦਿਆਂ ਤਾਂ ਕੀ ਇਹ ਆਪਣੀ ਗਲਤੀ ਮੰਨਣਗੇ ?

**ਸਿਖਿਆ ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਮਾਸਟਰਜ਼ ਅਤੇ ਲੈਕਚਰਾਰਜ਼ ਦਾ ਫਰਕ ਨਹੀਂ ਸਮਝਦੇ। ਇਸ ਕਰਕੇ ਇਹ ਪਹਿਲਾਂ ਉਨ੍ਹਾਂ ਵਿਚਕਾਰ ਫਰਕ ਜਿਹੜਾ ਹੈ ਉਹ ਸਮਝ ਲੈਣ ਫਿਰ ਸਵਾਲ ਕਰਨ ਮੈਂ ਜਵਾਬ ਦੇ ਦੇਵਾਂਗਾ। (ਵਿਘਨ)

**ਸਰਦਾਰ ਕਰਨੈਲ ਸਿੰਘ ਮਰੜੀ**, : ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਚੌਧਰੀ ਸਾਹਿਬ ਬਾਰੇ ਕਿਹਾ ਹੈ ਕਿ ਉਨ੍ਹਾਂ ਨੂੰ ਪਤਾ ਨਹੀਂ ਹੈ। ਇਸ ਤਰ੍ਹਾਂ ਇਨ੍ਹਾਂ ਨੇ ਇਕ ਹਰੀਜਨ ਮੈਂਬਰ ਦੀ ਬੇਇਜ਼ਤੀ ਕੀਤੀ ਹੈ। (ਵਿਘਨ) (ਥੰਪਿੰਗ)

**ਸ੍ਰੀ ਸਪੀਕਰ** : ਮਰੜੀ ਸਾਹਿਬ ਤੁਸੀਂ ਦਸ ਦਿਓ ਕੀ ਫਰਕ ਹੈ ? (Mararhi Sahib, you please tell the difference between the two.)

[(ੳ) ਹਾਂ ਜੀ, ਪੰਜਾਬ ਸਰਕਾਰ ਦੀ ਮੌਜੂਦਾ ਨੀਤੀ ਅਨੁਸਾਰ, ਇਕ ਲੱਖ ਤੋਂ ਵਧ ਵਸੋਂ ਵਾਲੇ ਸ਼ਹਿਰਾਂ ਨੂੰ ਕਲਾਸ I ਅਤੇ ਉਹ ਜਿਨ੍ਹਾਂ ਦੀ ਵਸੋਂ 25,000 ਤੋਂ ਵੱਧ ਪਰ ਇਕ ਲੱਖ ਤੋਂ ਘੱਟ ਹੈ; ਕਲਾਸ II ਮਿਥਿਆ ਜਾਂਦਾ ਹੈ। ਸਰਕਾਰ ਨੇ 1 ਜਨਵਰੀ, 1965 ਤੋਂ ਕਲਾਸ I ਸ਼ਹਿਰਾਂ ਵਿਚ ਤਨਖਾਹ ਦਾ 7½% ਅਤੇ ਕਲਾਸ II ਸ਼ਹਿਰਾਂ ਵਿਚ ਤਨਖਾਹ ਦਾ 5% ਮਕਾਨ ਕਰਾਇਆ ਭੱਤਾ ਪਰਵਾਨ ਕੀਤਾ ਸੀ। ਚੰਡੀਗੜ੍ਹ ਵਿਖੇ ਅਤੇ ਪੰਜਾਬ ਦੇ ਦੂਜੇ ਸ਼ਹਿਰਾਂ ਵਿਚ ਪ੍ਰਾਈਵੇਟ ਇਮਾਰਤਾਂ ਦੇ ਕਰਾਏ ਵਿਚ ਹੋਏ ਵਾਧੇ ਨੂੰ ਮੁਖ ਰੱਖ ਕੇ ਅਤੇ ਵਸੋਂ ਵਿਚ ਵਾਧੇ ਨੂੰ ਵਿਚਾਰਦਿਆਂ ਹੋਇਆਂ ਪੰਜਾਬ ਸਰਕਾਰ ਨੇ 1 ਸਤੰਬਰ, 1971 ਤੋਂ ਮਕਾਨ ਕਰਾਏ ਭੱਤੇ ਦੇ ਦਰ ਕਲਾਸ I ਸ਼ਹਿਰਾਂ ਵਿਚ 7½ ਤੋਂ 12½ ਪ੍ਰਤੀਸ਼ਤ ਅਤੇ ਦਰਜਾ II ਸ਼ਹਿਰਾਂ ਵਿਚ 5% ਤੋਂ 7½% ਵਿਚ ਸੋਧ ਦਿੱਤੇ ਹਨ। ਵਿੱਤ ਵਿਭਾਗ ਦੀ ਚਿੱਠੀ ਨੰ: 5732 ਐਫ. ਆਈ. ਸੀ. ਡਬਲਿਉ. (5) –71/26944, ਮਿਤੀ 14 ਦਸੰਬਰ, 1971 ਵਿਚ ਦਰਜ ਹਦਾਇਤਾਂ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) ਨਹੀਂ ਜੀ।]

### COPY OF INSTRUCTIONS

**No. 5732-FICW(5)-71/26944**

From
The Commissioner for Finance, and
Secretary to Government, Punjab,
Finance Department.

To

All Heads of Departments, Registrar, Punjab, and Haryana High Court, Commissioners of Divisions, District and Sessions Judges, Deputy Commissioners and Sub-Divisional Officers (Civil) in Punjab.

Original with;
Punjab Vidhan Sabha
Digitized by;
Panjab Digital Library

Dated Chandigarh, the 14th December, 1971.

*Subject.*—Grant of House Rent Allowance to Government employees.

Sir,

I am directed to refer to Punjab Government letter No. 956-FCW-65/1548, dated the 20th February, 1965, as amended from time to time, on the subject cited above and to say that in view of the substantial increase in the rents of private buildings in Chandigarh and other cities of Punjab and upward increase of population of these cities, the State Government had under consideration the question of enhancement in rates of House Rent Allowance and classification of cities for this purpose. After careful consideration, Government have decided to grant House Rent Allowance at the following enahnced rates to all the State Government employees stationed in the localities mentioned below :—

(i) First Class Cities namely Chandigarh, Amritsar, Ludhiana, Jullundur and Patiala .. 12½% of pay.

(ii) Second Class Cities namely Hoshiarpur, Bhatinda, Ferozepur, Gurdaspur, Sangrur, Kapurthala, Batala, Jagraon, Moga, Fazilka, Abohar, Muktsar, Pathankot, Nabha, Malerkotla, Phagwara, Nangal Township, Faridkot, Kot Kapura Khanna, Barnala, Mansa, Sunam, Mal out and Rajpura Township .. 7½% of pay.

(iii) Delhi—

| *Pay per mensem* | *House Rent Allowance* |
|---|---|
| Below Rs 100 .. | Rs. 15 per mensem. |
| Rs. 100 to Rs 3,000 .. | 15% of pay subject to a minimum of Rs. 20 and a maximum of Rs 300 per mensem. |
| Above Rs. 3000 | 10% of pay. |

2. The grant of revised rates of House Rent Allowance at the aforesaid localities shall, however, be subject to the same conditions as have already been laid down for this purpose in the communication referred to above as amended from time to time.

3. These orders will take effect from the 1st September, 1971, i.e., in respect of the salary for the month of September, 1971 paid on 1st October, 1971.

Yours faithfully,

(Sd.) . . . ,

**Under Secretaty Finance (W),**
*for* Commissioner for Finance and Secertary
to Government, Punjab,
Finance Department.

No. 5732-FICW(5)-71/26945, dated the 14th December, 1971.

A copy is forwarded to the Accountant General, Punjab, Simla for information.

(Sd.) . . . ,

**Under Secretary, Finance (W)**
*for* Commissioner for Finance and Secretary to
Government, Punjab,
Finance Department.

Copies are forwarded to all the Financial Commissioners, Punjab and all the Administrative Secretaries to Government, Punjab, for information.

(Sd.) . . . ,

**Under Secretary, Finance (W)**
*for* Commissioner for Finance and Secretary
to Government, Punjab,
Finance Department.

To

1. All the Financial Commissioners, Punjab ; and
2. All the Administrative Secretaries to Government, Punjab.

U.O. No. 5732-FICW(5)-71/ dated Chandigarh the 14th December, 1971.

Original with;
Punjab Vidhan Sabha
Digitized by;
Panjab Digital Library

**Re-imbrusement of Medical Charges to Government Employees**

**566. Comrade Jangir Singh Joga** : Will the Minister for Finance be pleased to state—

(a) whether Medical facilities or re-imbursement of medical charges are allowed to the Government employees in the State ; if so, the instructions which govern the grant of these facilities be laid on the Table of the House ;

(b) whether the Government intends to liberalise the said instructions on Central Government Pattern, if so : the time by which it is likely to be done ?

ਸ੍ਰੀ ਹੰਸ ਰਾਜ ਸ਼ਰਮਾ : (ੳ) ਜੀ ਹਾਂ। ਇਹ ਸਹੂਲਤਾਂ ਪੰਜਾਬ ਸਰਵਿਸਿਜ਼ (ਮੈਡੀਕਲ ਅਟੈਂਡੈਂਸ) ਰੂਲਜ਼, 1940 ਦੇ ਅਧੀਨ ਦਿਤੀਆਂ ਜਾਂਦੀਆਂ ਹਨ ਜਿਸ ਦੀ ਇਕ ਕਾਪੀ ਨਾਲ ਨੱਥੀ ਹੈ।*

(ਅ) ਜੀ ਨਹੀਂ।

[(a) Yes. These facilities are governed by the Punjab Services (Medical Attendance) Rules, 1940, a copy of which is enclosed*

(b) No.]

UNSTARRED QUESTION NO. 567

ਅਨਸਟਾਰਡ ਪ੍ਰਸ਼ਨ ਨੰ: 567 ਵਲੋਂ ਕਾਮਰੇਡ ਜੰਗੀਰ ਸਿੰਘ ਜੋਗਾ।

ਸਭਾ ਦੇ ਅਨਸਟਾਰਡ ਸਵਾਲ ਨੰ: 567 ਜੋ ਮਿਤੀ 9 ਮਾਰਚ, 1973 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸ੍ਰੀ ਜੰਗੀਰ ਸਿੰਘ ਜੋਗਾ, ਐਮ. ਐਲ. ਏ. ਵਲੋਂ/ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾਂ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

(ਜ਼ੈਲ ਸਿੰਘ)
ਮੁੱਖ ਮੰਤਰੀ

ਸਕੱਤਰ,
ਪੰਜਾਬ ਵਿਧਾਨ ਸਭਾ।

ਗ: ਸ: ਪੱਤਰ ਨੰ: 2182-ਸੀ(3)-73/3231 ਚੰਡੀਗੜ੍ਹ ਮਿਤੀ 8 ਮਾਰਚ, 1973

**Representations regarding delay in Disbursement of Wages to the Audit Staff in Ferozepur and Amritsar Circles**

**568. Comrade Jangir Singh Joga** : Will the Chief Minister be pleased to state—

(a) whether the Punjab State Co-operative Subordinate Audit Staff Association sent any representation to the Government during the year 1971-72 regarding delay in the disbursement of salaries to the Audit Staff in Ferozepore and Amritsar circles ; if so, the main feature of each representation;

*Placed in the Library.

Original with;
Punjab Vidhan Sabha
Digitized by;
Panjab Digital Library

(b) the steps taken by the Government to ensure regular payments to the said staff ?

ਗਿਆਨੀ ਜ਼ੈਲ ਸਿੰਘ: (ੳ) ਹਾਂ ਜੀ। ਦੋ ਬੇਨਤੀ ਪੱਤਰ ਮਿਤੀ 14 ਸਤੰਬਰ, 1971 ਅਤੇ 17 ਦਸੰਬਰ, 1971 ਇਸ ਐਸੋਸੀਏਸ਼ਨ ਵਲੋਂ ਚੀਫ ਆਡੀਟਰ, ਸਹਿਕਾਰੀ ਸਭਾਵਾਂ, ਪੰਜਾਬ ਨੂੰ ਪ੍ਰਾਪਤ ਹੋਏ ਸਨ। ਇਹਨਾਂ ਦਾ ਮੁੱਖ ਸਬੰਧ ਕੇਵਲ ਫਿਰੋਜ਼ਪੁਰ ਸਰਕਲ ਵਿਚ ਦੇਰੀ ਨਾਲ ਤਨਖਾਹਾਂ ਮਿਲਣ ਬਾਰੇ ਸੀ।

(ਅ) ਇਸ ਬਾਰੇ ਚੀਫ ਆਡੀਟਰ, ਸਹਿਕਾਰੀ ਸਭਾਵਾਂ ਨੇ ਸਬੰਧਤ ਡਰਾਇੰਗ ਅਤੇ ਡਿਸਬਰਸਿੰਗ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ ਕਿ ਸਟਾਫ ਨੂੰ ਸਮੇਂ ਸਿਰ ਤਨਖਾਹ ਦਿੱਤੀ ਜਾਇਆ ਕਰੇ। ਹੁਣ ਸਟਾਫ ਨੂੰ ਤਨਖਾਹ ਵੇਲੇ ਸਿਰ ਮਿਲਦੀ ਹੈ।

[(a) Yes, two representations dated 14th September, 1971 and 17th December, 1971 were received from the Association. These related to late disbursement of pay in Ferozepore circle only.

(b) Instructions were issued by the Chief Auditor to the concerned Drawing and Disbursing Officers to ensure regular and timely payment to the staff. Salaries are now being paid regularly.]

---

### Schools Upgraded in Kharar Assembly Constituency

**569. Comrade Shamsher Singh Josh :** Will the Minister for Education and Revenue be pleased to state—

(a) whether the Legislator representing Kharar Assembly Constituency recommended the names of certain schools for upgrading during 1972-73 to the Government ; if so, a list of such schools be laid on the Table of the House ;

(b) the names of Middle and Primary schools upgraded in the said Constituency during the said period ?

**ਸਰਦਾਰ ਉਮਰਾਓ ਸਿੰਘ** : (ਏ) ਹਾਂ ਜੀ, ਸਕੂਲਾਂ ਦੇ ਨਾਂ ਥਲੇ ਦਿੱਤੇ ਜਾਂਦੇ ਹਨ:

| ਪ੍ਰਾਇਮਰੀ ਤੋਂ ਮਿਡਲ | ਮਿਡਲ ਤੋਂ ਹਾਈ |
|---|---|
| 1. ਭਾਂਖਰਪੁਰ | 1. ਰਸਨਹੇੜੀ |
| 2. ਨਾਡਾ | 2. ਭਬਾਤ ਦੌਲਤ ਸਿੰਘ ਵਾਲਾ। |
| 3. ਸੁਨੇਤਾ | |
| 4. ਸਕਰੂਲਾ ਪੁਰ। | |

(ਬੀ) ਵਿਧਾਨ ਸਭਾ ਚੋਣ ਹਲਕਾ ਵਾਰ ਸੂਚਨਾ ਉਪਲਬਧ ਨਹੀਂ ਹੈ। ਐਪਰ ਰੋਪੜ ਵਿਚ ਜਿਨ੍ਹਾਂ ਸਕੂਲਾਂ ਦਾ ਪੱਧਰ ਉਚਾ ਕਰਕੇ ਮਿਡਲ ਅਤੇ ਹਾਈ ਕੀਤਾ ਗਿਆ ਹੈ, ਉਸ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

[Education Minister]

[(a) Yes. The names of the schools are given below :

| *Primary to Middle* | *Middle to High* |
|---|---|
| 1. Bhankher pur | 1. Rasan Heri. |
| 2. Nada | 2. Bhabat Daulat Singh Wala. |
| 3. Suneta. | |
| 4. Sakrullapur. | |

(b) Constituency-wise information is not available. However, a list of schools upgraded to Middle and High standard in Ropar district is placed on the Table of the House.

---

**List of schools upgraded to Midde and High Standard during 1972-73 in Ropar District**

| *Primary to Middle* | *Middle to High* |
|---|---|
| 1. Nurpur Bedi (Girls) | 1. Thakhat garh (Girls) |
| 2. Dhamana | 2. Phabur Sahib |
| 3. Tibbo Tapprain | 3. Khero Kalmote |
| 4. Barwa | 4. Mianpur |
| 5. Das Garain | 5. Daulat Singh Wala (Bhabat) |
| 6. Gambhirpur (Girls) | 6. Jhanjeri. |
| 7. Kalitran | 7. Rani Majra. |
| 8. Daroli | |
| 9. Dubheta | |
| 10. Pallasi | |
| 11. Behrampur Zamidari | |
| 12. Phulpur Grewal | |
| 13 Bhankerpur | |
| 14. Nada | |
| 15. Hoshiarpur | |
| 16. Dhanagrali | |
| 17. Phantwa | |
| 18. Chatamli | |

| [ਪ੍ਰਾਇਮਰੀ ਤੋਂ ਮਿਡਲ | ਮਿਡਲ ਤੋਂ ਹਾਈ |
|---|---|
| 1. ਨੂਰਪੁਰ ਬੇਦੀ (ਗਰਲਜ਼) | 1. ਤਖਤਗੜ੍ਹ (ਗਰਲਜ਼) |
| 2. ਧੁਮਾਣਾਂ | 2. ਭੰਬੋਰ ਸਾਹਿਬ |
| 3. ਟਿੱਬਾ ਟੱਪਰੀਆਂ | 3. ਖੇੜਾ ਕਲਮੋਟ |
| 4. ਬੜਵਾ | 4. ਮੀਆਂ ਪੁਰ |
| 5. ਦਸਗਰਾਈਂ | 5. ਦੌਲਤ ਸਿੰਘ ਵਾਲਾ (ਭਬਾਤ) |

Original with;
Punjab Vidhan Sabha
Digitized by;
Panjab Digital Library

6. ਗੰਭੀਰਪੁਰ (ਗਰਲਜ਼)
7. ਕਲਿਤਰਾਂ
8. ਦੜੌਲੀ
9. ਦੁਭੇਟਾ
10. ਪਲਾਸੀ
11. ਬਹਿਰਾਮ ਜ਼ਿਮੀਂਦਾਰੀ
12. ਫੂਲਪੁਰ ਗਰੇਵਾਲ।
13. ਭਾਂਖਰਪੁਰ
14. ਨਾਡਾ
15. ਹੁਸ਼ਿਆਰਪੁਰ
16. ਢੰਗਰਾਲੀ
17. ਫਾਂਟਵਾ
18. ਚਤਾਮਲੀ ]

6. ਝੰਜੇਰੀ
7. ਰਾਣੀ ਮਾਜਰਾ।

## QUESTION OF PRIVILEGE

**Mr. Speaker** : Comrades Darshan Singh Canadian, Raj Kumar, Dana Ram and Mehtab Singh have given notice of a Privilege Motion where in they have alleged that on 4th March, 1973, Shri Nasib Singh Gill, Deputy Minister, addressed a public meeting at Jalalabad and stated that the Government was setting up a Development Board/Committee for Jalalabad because the local C.P.I. M.L.A had not represented to the Government about the needs of the area. It is further stated in the Privilege Motion that "this is a wrong declaration contrary to facts and politically motivated". I fail to understand how a question of privilege has arisen in this case. If any Minister in the opinion of a Member, has made a wrong statement outside the House, the latter can issue a contradiction. I do not give my consent to the question of privilege being raised.

## CALL ATTENTION NOTICES UNDER RULE 66

**(Serial No. 73)**

**Sardar Gurcharan Singh Nihalsinghwala** : Sir, I beg to draw the attention of the Government towards a matter of urgent public importance, namely, that on 2nd March, 1973 the Wheat Crop in villages—

(1) Mahla Kalan,

(2) Mahla Khurd,

(3) Nathu Wala,

(4) Tharaj and

(5) Dhilwan Wala.

District Faridkot have been badly damaged by hail storm. In some cases, there is a total loss. The Government should make a statement as to what aid will be given to those peasants.

Original with;
Punjab Vidhan Sabha
Digitized by;
Panjab Digital Library

**Mr. Speaker** : Admitted. The Minister concerned may plea e make a statement.

**(Serial No. 78)**

**1. Comrade Raj Kumar**
**2. Comrade Satyapal Dang**
**3. Comrade Darshan Singh Canadian** } : Sir, I beg to draw the attention of the Government towards a matter of urgent public importance, namely, on the 28th February, 1973, the representatives of the Azad Body Builders and of the Motor Body Workers Union (Regd) had been called by the Conciliation Officer, Jullundur, for conciliation proceedings in his office. There the partner of the firm started abusing the leaders of the Union. He also hurled one chair on them. As a result one of the Union leaders received injuries. All this happened in the presence and with the obvious connivance of the Conciliation Officer who did not at all try to prevent the abuse of and assault on the Union leaders. As no action has as yet been taken against the culprit or the Conciliation Officer, there is much resentment amongst the working class of Jullundur and it may resort to direct action. In view of the obvious and urgent importance of the matter, the government may please be asked to make a statement.

**Mr. Speaker** : Admitted. The Minister concerned may please make a statement.

---

## PAPER LAID ON THE TABLE OF THE HOUSE

**Irrigation & Power Minister (Shri Gurmail Singh)**: Sir, I beg to lay on the Table the *Annual Administration Report for the year 1970-71, of the Punjab State Electricity Board as required under section 75(1) of the Electricity (Supply) Act, 1948.

---

## RE. INCIDENT AT PHILLAUR INVOLVING ALLEGED POLICE ATROCITY

**ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ, ਪੱਛਮ)**: ਸਪੀਕਰ ਸਾਹਿਬ, ਇਕ ਫਲੌਰ ਦਾ ਵਾਕਿਆ ਅਖਬਾਰਾਂ ਵਿਚ ਆਇਆ ਹੈ। ਇਕ ਔਰਤ ਨੂੰ ਪੁਲੀਸ ਸਟੇਸ਼ਨ ਲਿਜਾ ਕੇ ਉਸ ਤੇ ਜਿਸ ਤਰੀਕੇ ਨਾਲ ਜੋ ਕੁਝ ਕੀਤਾ ਗਿਆ ਉਹ ਤਾਂ ਮੈਂ ਸਾਰਾ ਤੁਹਾਨੂੰ ਪੜ੍ਹ ਕੇ ਨਹੀਂ ਸੁਣਾ ਸਕਦਾ, ਪਰ ਉਸ ਦਾ ਹੈਡਿੰਗ ਮੈਂ ਪੜ੍ਹ ਦਿੰਦਾ ਹਾਂ :—

"ਥਾਨਾ ਫਲੌਰ ਮੇਂ ਏਕ ਔਰਤ ਪਰ ਪੁਲੀਸ ਕਾ ਸ਼ਰਮਨਾਕ ਤਸ਼ੱਦਦ . . . ਅਲਫ ਨੰਗੀ ਕਰਕੇ ਹੰਟਰੋਂ ਸ਼ੇ ਪੀਟਾ ਗਿਆ, . . . ਛਾਤੀਓ ਔਰ ਟਾਂਗੋਂ ਪਰ ਨਿਸਫ਼ ਦਰਜਨ ਨਿਸ਼ਾਨਾਤ। ਔਰਤ ਕੇ ਔਰ ਕਾਂਸਟੇਬਲ ਕੇ ਬਚੋਂ ਮੈਂ ਲੜਾਈ ਕਾ ਅੰਜ਼ਾਮ"

(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਸ ਦੇ ਨਾਲ ਹੀ ਅਖਬਾਰ ਵਿਚ ਫੋਟੋ ਵੀ ਦਿਤੀਆਂ ਗਈਆਂ ਹਨ। ਸਪੀਕਰ ਸਾਹਿਬ, ਬਚਿਆਂ ਦੀ ਲੜਾਈ ਹੋਈ ਔਰ ਪੁਲੀਸ ਨੇ ਇਹ ਤਸ਼ਦਦ ਕੀਤਾ ਹੈ। ਇਹ ਖਬਰ 'ਹਿੰਦ ਸਮਾਚਾਰ' ਵਿਚ ਆਈ ਹੈ। ਫਿਰ ਇਸ ਬਾਰੇ ਕੀਤਾ ਕੀ ਗਿਆ ਹੈ ਕਿ ਹੇਠਲੇ ਪਧਰ ਦੇ ਇਕ ਦੋ ਕਰਮਚਾਰੀਆਂ ਨੂੰ ਸਸਪੈਂਡ ਕਰ ਦਿਤਾ ਗਿਆ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਆਈ. ਜੀ. ਔਰ. ਡੀ. ਆਈ. ਜੀ. ਸਾਰਿਆਂ ਨੂੰ ਸਸਪੈਂਡ ਕੀਤਾ ਜਾਂਦਾ ਜਿਨ੍ਹਾਂ ਦੀ ਪੁਲੀਸ ਨੇ ਇਹ ਕੁਝ ਕੀਤਾ ਹੈ। ਫਿਰ ਕੀਤਾ ਵੀ ਫਲੌਰ ਵਿਚ ਹੈ, ਜਿਥੇ ਕਿ ਪੁਲੀਸ ਦਾ ਟਰੇਨਿੰਗ ਸੈਂਟਰ ਹੈ . . .

---

*Placed in the Library.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਡਾਂਗ ਸਾਹਿਬ, ਵਾਕਿਆ ਤਾਂ ਫਲੌਰ ਦਾ ਹੈ, ਇਮੀਜੀਏਟ ਐਕਸ਼ਨ ਵੀ ਲੈ ਲਿਆ ਗਿਆ ਹੈ। (This incident took place at Phillaur and action in the matter has been taken immediately.)

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਸ ਵਿਚ ਏ. ਐਸ. ਆਈ. ਵੀ ਇਨਵਾਲਵਡ ਹਨ ਪਰ ਉਨ੍ਹਾਂ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ। ਇਹ ਕਹਿੰਦੇ ਹਨ ਕਿ ਪੁਲੀਸ ਸੁਧਰ ਗਈ ਹੈ. . .(ਵਿਘਨ)

(ਇਸ ਸਮੇਂ ਡਾਕਟਰ ਅਮੀਰ ਸਿੰਘ ਕਲਕਟ ਨੇ ਕੁਝ ਕਿਹਾ ਪਰ ਸੁਣਾਈ ਨਹੀਂ ਦਿਤਾ।) ਮੈਂ ਜ਼ਿਮੇਂਦਾਰ ਹਾਂ ਤਾਂ ਹੀ ਇਹ ਗੰਭੀਰ ਇਲਜ਼ਾਮ ਲਾ ਰਿਹਾ ਹਾਂ। ਸਪੀਕਰ ਸਾਹਿਬ, ਮੈਂ ਤਾਂ ਤੁਹਾਡੇ ਤੋਂ ਇਹ ਤੁਵਕੋ ਰਖਦਾ ਸੀ ਕਿ ਇਹ ਘਟਨਾਂ ਸੁਣ ਦੇ ਸਾਰ ਹੀ ਤੁਸੀਂ ਚੀਫ਼ ਮਨਿਸਟਰ ਨੂੰ ਇਸ ਬਾਰੇ ਕੁਝ ਕਹੋਗੇ। ਅੱਜ 20 ਵੀਂ ਸਦੀ ਵਿਚ ਅਤੇ ਅਜ਼ਾਦੀ ਦੇ 25 ਸਾਲ ਬਾਦ ਵੀ ਅਗਰ ਕਸਬਿਆਂ ਵਿਚ ਇਹੋ ਜਿਹੇ ਵਾਕਿਆਤ ਪੁਲੀਸ ਕਰੇ ਤਾਂ . . . . .(ਵਿਘਨ)

**ਸ੍ਰੀ ਸਪੀਕਰ** : ਫਲੌਰ ਹਲਕੇ ਦੇ ਐਮ. ਐਲ. ਏ. ਸਾਹਿਬ ਖੜ੍ਹੇ ਹਨ, ਪਹਿਲਾਂ ਉਨ੍ਹਾਂ ਦੀ ਗਲ ਸੁਣ ਲਈ ਜਾਵੇ। (The hon. Member from the Phillaur constituency wants to say something about it. Let him have his say first.)

**ਸਰਦਾਰ ਸੁਰਜੀਤ ਸਿੰਘ ਅਟਵਾਲ** : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਕੁਝ ਕਿਹਾ ਅਤੇ ਅਖਬਾਰਾਂ ਵਿਚ ਜੋ ਕੁਝ ਛਪਿਆ ਹੈ ਉਹ ਬਹੁਤ ਹੀ ਦੁਖ ਭਰਿਆ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਤੇ ਇਕਦਮ ਐਕਸ਼ਨ ਲੈਣ। ਇਹ ਬੱਚਿਆਂ ਦੀ ਲੜਾਈ ਤੋਂ ਇਤਨਾ ਤਸ਼ੱਦਦ ਕਿਉਂ ਕੀਤਾ ਗਿਆ ਹੈ, ਇਸ ਦੀ ਇਕ ਦਮ ਪੜਤਾਲ ਕਰਾਉਣ ਅਤੇ ਜੋ ਭੀ ਪੁਲਿਸ ਆਫੀਸਰ ਕਸੂਰਵਾਰ ਹਨ ਬਿਨਾਂ ਉਨ੍ਹਾਂ ਦਾ ਲਿਹਾਜ਼ ਕੀਤਿਆਂ ਉਨ੍ਹਾਂ ਨੂੰ ਸਜ਼ਾ ਦੇਣ ਤੇ ਇਸ ਦੀ ਇਨਕੁਆਇਰੀ ਕਿਸੇ ਮੈਜਿਸਟਰੇਟ ਕੋਲੋਂ ਜਿਹੜਾ ਜਲੰਧਰ ਜ਼ਿਲ੍ਹੇ ਤੋਂ ਬਾਹਰ ਦਾ ਹੋਵੇ ਕਰਾਉਣ ਤਾਂ ਕਿ ਪੁਲਿਸ ਵਾਲੇ ਕਸੂਰਵਾਰ ਛੋਟੇ ਪੁਲਿਸ ਵਾਲਿਆਂ ਦੀ ਨਾਵਾਜਬ ਮਦਦ ਨਾ ਕਰ ਸਕਣ ਤੇ ਜਿਸ ਇਸਤ੍ਰੀ ਤੇ ਜ਼ੁਲਮ ਹੋਇਆ ਹੈ ਉਸ ਨੂੰ ਇਨਸਾਫ ਮਿਲ ਸਕੇ। ਇਹਦੀ ਇਨਕੁਆਇਰੀ ਕਰਾਕੇ ਇਹ ਦੇਖਣ ਦੀ ਲੋੜ ਭੀ ਹੈ ਕਿ ਇਹ ਗਲ ਕਿਸ ਨੇ ਕਰਾਈ। ਇਹ ਗਲ ਸਹੀ ਹੈ ਜਾਂ ਗਲਤ ਹੈ, ਇਹ ਮੇਰੀ ਪ੍ਰਾਰਥਨਾ ਹੈ।

**ਮੁੱਖ ਮੰਤਰੀ** (ਗਿਆਨੀ ਜ਼ੈਲ ਸਿੰਘ): ਆਨਰੇਬਲ ਮੈਂਬਰ ਡਾਂਗ ਸਾਹਿਬ ਨੇ ਜਿੰਨਾ ਦੁੱਖ ਪਰਗਟ ਕੀਤਾ ਹੈ ਉਨਾਂ ਮੈਨੂੰ ਵੀ ਦੁੱਖ ਹੈ ਔਰ ਮੈਂ ਸਮਝਦਾ ਹਾਂ ਕਿ ਵਾਕਿਆ ਬੜਾ ਸ਼ਰਮਨਾਕ ਹੈ। ਅਸੀਂ ਵਾਕਿਆ ਕਰਨ ਵਾਲੇ ਲੋਕਾਂ ਨੂੰ ਮੁਨਾਸਿਬ ਸਜ਼ਾ ਦੇਣ ਲਈ ਕਦਮ ਚੁੱਕ ਲਏ ਹਨ। ਮੇਰੀ ਐਸ. ਐਸ. ਪੀ. ਨਾਲ ਗਲ ਹੋਈ ਹੈ। ਜਿੰਨੇ ਪੁਲਿਸ ਕਰਮਚਾਰੀਆਂ ਦਾ ਇਸ ਵਾਕੇ ਵਿਚ ਹਿੱਸਾ ਸੀ ਉਹ ਮੁਅੱਤਲ ਕਰ ਦਿਤੇ ਗਏ ਹਨ। ਮਜ਼ੀਦ ਤਹਿਕੀਕਾਤ ਕੀਤੀ ਜਾ ਰਹੀ ਹੈ। ਜੇ ਪਤਾ ਲਗਿਆ ਕਿ ਇਸ ਵਿਚ ਕਿਸੇ ਹੋਰ ਦੀ ਸੁਸਤੀ ਸੀ ਤਾਂ ਉਸ ਨੂੰ ਵੀ ਸਜ਼ਾ ਦਿਤੀ ਜਾਵੇਗੀ। ਅਗਰ ਪੁਲਿਸ ਰਿਪੋਰਟ ਉਤੇ ਤਸੱਲੀ ਨਾ ਹੋਈ ਤਾਂ ਮੈਂ ਇਸ ਦੀ ਇਨ-ਕੁਆਇਰੀ ਪੁਲਿਸ ਤੋਂ ਇਲਾਵਾ ਕਿਸੇ ਹੋਰ ਤੋਂ ਵੀ ਕਰਾਵਾਂਗਾ।

**ਕਾਮਰੇਡ ਸੱਤ ਪਾਲ ਡਾਂਗ** : ਪੁਲਿਸ ਐਡਮਨਿਸਟਰੇਸ਼ਨ ਵਿਚ ਇਹੋ ਜਿਹਾ ਵਾਕਿਆ ਹੋ ਜਾਵੇ ਤਾਂ ਇਸ ਦੀ ਜ਼ਿਮੇਂਵਾਰੀ ਪੁਲਿਸ ਦੇ ਟਾਪ ਅਫਸਰਾਂ ਔਰ ਸਰਕਾਰ ਤੇ ਆਉਂਦੀ ਹੈ। ਜਦੋਂ ਇਹੋ ਜਿਹੇ ਵਾਕਿਆਤ ਹੋ ਜਾਣ ਤਾਂ ਇਸ ਦੀ ਤਹਿ ਵਿਚ, ਰੂਟ ਵਿਚ ਜਾਣਾ ਚਾਹੀਦਾ ਹੈ। ਅੱਧੀ ਪੁਲਿਸ ਸ਼ਰਾਬ ਪੀ ਕੇ ਚੋਰੀਆਂ ਕਰਦੀ ਹੈ, ਡਾਕੇ ਮਾਰਦੀ ਹੈ (ਵਿਘਨ) ਇਸ ਸਾਰੀ ਪੁਲਿਸ ਐਡਮਨਿਸਟ੍ਰੇਸ਼ਨ ਨੂੰ ਤਬਦੀਲ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਮੈਂ ਜਦੋਂ ਇਸ ਬਾਰੇ ਕਹਿ ਦਿਤਾ ਸੀ ਤਾਂ ਇਸ ਤੋਂ ਬਾਅਦ ਡਾਂਗ ਸਾਹਿਬ ਨੂੰ ਤਸੱਲੀ ਹੋ ਜਾਣੀ ਚਾਹੀਦੀ ਸੀ। ਦੁਨੀਆ ਵਿਚ ਬੁਰੀਆਂ ਤੋਂ ਬੁਰੀਆਂ ਗਲਾਂ ਹੁੰਦੀਆਂ ਹਨ ਪਰ ਜਿਸ ਦੀ ਬੁਰਾਈ ਕਰਨ ਦੀ ਜ਼ਿਮੇਂਵਾਰੀ ਹੈ ਉਸ ਤੋਂ ਇਲਾਵਾ ਕਿਸੇ ਦੂਸਰੇ ਨੂੰ ਸਜ਼ਾ ਦੇਣੀ ਇਹ ਠੀਕ ਨਹੀਂ ਹੈ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਅੱਧੇ ਪੁਲਿਸ ਕਰਮਚਾਰੀ ਸ਼ਰਾਬ ਪੀਂਦੇ ਹਨ, ਇਹ ਗਲਤ ਹੈ, ਬੇ-ਬੁਨਿਆਦ ਹੈ। ਪੁਲਿਸ ਵਿਚ ਬਹੁਤ ਗੰਦੇ ਬੰਦੇ ਵੀ ਹਨ ਅਤੇ ਇਸ ਦੇ ਨਾਲ ਹੀ ਇਸ ਵਿਚ ਇਮਾਨਦਾਰ ਬੰਦੇ ਵੀ ਹਨ ਜਿਹੜੇ ਬੁਰਾਈਆਂ ਨੂੰ ਰੋਕਣ ਦਾ ਯਤਨ ਕਰਦੇ ਹਨ। ਪੁੱਛੋ ਡਾਂਗ ਸਾਹਿਬ ਨੂੰ ਕਿੰਨੇ ਪਰਸੈਂਟੇਜ ਲੋਕ ਹਨ ਜਿਹੜੇ ਸ਼ਰਾਬ ਪੀਂਦੇ ਹਨ ਅਤੇ ਪੁਲਿਸ ਵਾਲਿਆਂ ਤੋਂ ਬਗੈਰ ਕਿੰਨੇ ਹੋਰ ਸ਼ਰਾਬ ਪੀਂਦੇ ਹਨ (ਵਿਘਨ) ਸਵਾਲ ਇਸ ਗਲ ਦਾ ਨਹੀਂ ਹੈ ਅਤੇ ਸਵਾਲ ਤਾਂ ਇਹ ਹੈ ਕਿ ਜਿਥੇ ਵੀ ਦੁਰਘਟਨਾ ਹੋਈ ਹੈ ਉਥੇ ਜਲਦੀ ਤੋਂ ਜਲਦੀ ਸਰਕਾਰ ਨੇ ਇਨਕੁਆਇਰੀ ਕੀਤੀ ਹੈ। ਇਨ੍ਹਾਂ ਦਾ ਸਵਾਲ ਇਹ ਹੋਣਾ ਚਾਹੀਦਾ ਸੀ ਕਿ ਸਜ਼ਾ ਦਿਤੀ ਹੈ ਜਾਂ ਨਹੀਂ, ਸਜ਼ਾ ਦੇਣ ਦਾ ਯਤਨ ਕੀਤਾ ਹੈ ਜਾਂ ਨਹੀਂ ਲੇਕਿਨ ਇਨ੍ਹਾਂ ਨੇ ਪਰਸੈਂਟੇਜ ਕਿਸ ਤਰ੍ਹਾਂ ਲਈ ਹੈ ਇਹ ਮੈਂ ਨਹੀਂ ਕਹਿ ਸਕਦਾ। ਇਨ੍ਹਾਂ ਦਾ ਬੈਰੋਮੀਟਰ ਕੀ ਹੈ, ਇਹ 50 ਪ੍ਰਤੀਸ਼ਤ ਦਾ ਹੈ ਜਾਂ 30 ਪ੍ਰਤੀਸ਼ਤ ਦਾ ਹੈ ਜੋ ਇਨ੍ਹਾਂ ਕੋਲ ਅਜਿਹਾ ਰਿਕਾਰਡ ਹੈ ਉਹ ਮੈਨੂੰ ਦੇ ਦੇਣ ਮੈਂ ਤਹਿਕੀਕਾਤ ਕਰਾਕੇ ਸਜ਼ਾ ਦੇ ਦਿੰਦਾ ਹਾਂ।

---

## SUPPLEMENTARY QUESTION ON THE REPLY TO CALL ATTENTION NOTICE

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਨੋਟਿਸ ਸੀ।

**ਸ਼੍ਰੀ ਸਪੀਕਰ**: ਉਹ ਕਲ੍ਹ ਆਉਣਗੀਆਂ। (Those Call Attention Notices will be taken up tomorrow.)

**ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ** : ਕਲ੍ਹ ਮੈਂ ਇਕ ਕਾਲ ਅਟੈਨਸ਼ਨ ਨੋਟਿਸ ਦਿਤਾ ਸੀ। ਇਕ ਆਦਮੀ ਨੇ ਫਰਾਡ ਕੀਤਾ, 35 ਹਜ਼ਾਰ ਦੀ ਠੱਗੀ ਕੀਤੀ। ਉਹਦਾ ਜਵਾਬ ਆ ਗਿਆ ਹੈ। ਮੈਂ ਉਸ ਸਬੰਧੀ ਇਕ ਸਵਾਲ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ। ਸਰਕਾਰ ਦੀ ਰਿਪੋਰਟ ਵਿਚ ਉਨ੍ਹਾਂ ਨੇ ਮੰਨਿਆ ਹੈ ਕਿ ਇਸ ਨੇ ਸਰਕਾਰੀ ਜਹਾਜ਼ ਲੈ ਕੇ ਇਸ਼ਤਹਾਰ ਸੁਟੇ। ਉਸ ਵਿਚ ਪ੍ਰਧਾਨ ਮੰਤਰੀ ਦੀ ਤਸਵੀਰ ਦੀ ਵਰਤੋਂ ਕੀਤੀ। ਉਸ ਵਿਚ ਕਿਹਾ ਗਿਆ ਹੈ ਕਿ 40 ਕਰੋੜ ਰੁਪਏ ਦੀ ਜਾਇਦਾਦ ਦਾਨ ਕੀਤੀ (ਵਿਘਨ) ਉਸ ਵਿਚ ਇਹ ਵੀ ਕਿਹਾ ਕਿ 14 ਲਖ ਡਾਲਰਜ਼ ਲਿਜਾ ਕੇ ਪਰਚਾਰ ਕਰ ਰਿਹਾ ਹੈ। ਇਸ ਹਿਸਾਬ ਨਾਲ 11–12 ਲੱਖ ਦੀ ਠੱਗੀ ਹੈ। ਇਹ ਵੀ ਦਸਿਆ ਹੈ ਕਿ ਤਫਤੀਸ਼ ਜਾਰੀ ਹੈ। ਕੀ ਇਹ ਦਸਣਗੇ ਕਿ ਉਸ ਨੂੰ ਇੰਟੈਰੋਗੇਸ਼ਨ ਲਈ ਬੁਲਾਇਆ ਗਿਆ ਹੈ ਜਾਂ ਨਹੀਂ ?

**ਮੁੱਖ ਮੰਤਰੀ**: ਜੋ ਵਾਕਿਆਤ ਸਾਡੇ ਪਾਸ ਆਏ ਸਨ ਉਹ ਅਸੀਂ ਕਾਲ ਅਟੈਨਸ਼ਨ ਦੇ ਜਵਾਬ ਵਿਚ ਲਿਖ ਕੇ ਦੇ ਦਿਤੇ ਹਨ। ਪੁਲਿਸ ਵਾਲਿਆਂ ਨੂੰ ਹਦਾਇਤ ਕੀਤੀ ਗਈ ਹੈ ਇਸ ਮਾਮਲੇ ਵਿਚ ਕਿ ਥਾਰੋਲੀ ਇਨਕੁਆਇਰੀ ਕੀਤੀ ਜਾਵੇ ਅਤੇ ਜੋ ਸਜ਼ਾ ਉਸ ਨੂੰ ਦਿਤੀ ਜਾ ਸਕਦੀ ਹੈ ਕਾਨੂੰਨ ਦੇ ਮੁਤਾਬਿਕ ਉਹ ਉਸ ਨੂੰ ਦਿਤੀ ਜਾਵੇ।

## GENERAL DISCUSSION ON THE BUDGET (*Resumption*)

**ਸਰਦਾਰ ਸੁਰਜੀਤ ਸਿੰਘ** (ਬਰਨਾਲਾ): ਸਪੀਕਰ ਸਾਹਿਬ ਪੰਜਾਬ, ਵਿਚ ਕਾਂਗਰਸ ਸਰਕਾਰ ਬਣਿਆਂ ਇਕ ਸਾਲ ਹੋ ਗਿਆ ਹੈ। ਪਿਛਲੇ ਸਾਲ ਜਦੋਂ ਬਜਟ ਆਇਆ ਸੀ ਉਸ ਵਿਚ ਕੁਝ ਨੁਕਸ ਦੱਸੇ ਗਏ ਸਨ ਪਰ ਉਦੋਂ ਇਨ੍ਹਾਂ ਇਸ ਗਲ ਦੀ ਆੜ ਲਈ ਸੀ ਕਿ ਬਜਟ ਇਨ੍ਹਾਂ ਬਣਾਇਆ ਨਹੀਂ ਬਲਕਿ ਬਣਿਆ ਬਣਾਇਆ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੂੰ ਮਿਲਿਆ ਹੈ। ਉਦੋਂ ਕੁਝ ਦਿਨ ਹੋਏ ਸਨ ਇਨ੍ਹਾਂ ਨੂੰ ਮਨਿਸਟਰੀ ਵਿਚ ਆਇਆ ਨੂੰ। ਉਸ ਆੜ ਵਿਚ ਇਨ੍ਹਾਂ ਕੁੱਝ ਗਲਾਂ ਆਖੀਆਂ ਕਿ ਅਸੀਂ ਜਦੋਂ ਬਜਟ ਬਣਾਵਾਂਗੇ ਉਸ ਵੇਲੇ ਦੇਖਿਉ। ਸਾਨੂੰ ਖਿਆਲ ਸੀ ਇਸ ਵੇਰੀ ਬਜਟ ਇਨ੍ਹਾਂ ਨੇ ਆਪ ਤਿਆਰ ਕਰਵਾਇਆ ਹੈ, ਇਸ ਲਈ ਇਸ ਵਿਚੋਂ ਬਹੁਤ ਕੁਝ ਨਿਕਲੇਗਾ। ਪਿਛਲੇ ਸਾਲ ਜੋ ਕੁਝ ਕਮੀਆਂ ਸਨ ਉਸ ਬਾਰੇ ਤਾਂ ਗਵਰਨਰ ਦੇ ਭਾਸ਼ਨ ਵਿਚ ਆਇਆ ਹੈ ਅਤੇ ਜਨਤਾ ਦੇ ਸਾਹਮਣੇ ਹੈ। ਅਗਲੇ ਸਾਲ ਵਾਸਤੇ ਕੀ ਕਰਨਾ ਹੈ ਉਸ ਦੀ ਝਲਕ ਇਸ ਬਜਟ ਤੋਂ ਪੈ ਸਕਦੀ ਸੀ। ਮੈਂ ਬਜਟ ਨੂੰ ਬੜੇ ਧਿਆਨ ਨਾਲ ਪੜ੍ਹਿਆ ਹੈ, ਇਕ ਵੇਰ ਨਹੀਂ ਕਈ ਵੇਰ ਪੜ੍ਹਿਆ ਹੈ, ਇਸ ਗਲ ਨੂੰ ਵੇਖਣ ਵਾਸਤੇ ਕਿ ਜੋ ਇਹ ਸੋਸ਼ਿਓ-ਇਕਨਾਮਿਕ ਦੇ ਨਾਹਰੇ ਦਿੰਦੇ ਰਹੇ ਹਨ ਸਾਲ ਵਿਚ ਉਸ ਦੀ ਝਲਕ ਇਸ ਵਿਚ ਪੈਂਦੀ ਹੈ ਜਾਂ ਕਿ ਨਹੀਂ। ਪਰ ਬਾਰ ਬਾਰ ਵੇਖਣ ਤੇ ਵੀ ਇਸ ਬਜਟ ਸਪੀਚ ਤੋਂ ਇਹ ਨਹੀਂ ਪੈਂਦੀ। ਮੈਂ ਕੁਝ ਬਜਟ ਦਾ ਦੂਜਾ ਰਿਕਾਰਡ ਜੋ ਕਿ ਕਿਤਾਬਾਂ ਦੇ ਰੂਪ ਵਿਚ ਦਿਤਾ ਗਿਆ ਹੈ ਉਹ ਵੀ ਦੇਖਿਆ ਹੈ। ਮੈਂ ਸਾਰਾ ਕੁਝ ਦੇਖਣ ਤੋਂ ਬਾਅਦ ਇਹ ਕਹਿ ਸਕਦਾ ਹਾਂ ਕਿ ਇਹ ਥੋਥਾ ਤੇ ਨਿਰਾਸ਼ਾ ਜਨਕ ਬਜਟ ਹੈ। ਇਸ ਬਜਟ ਬਾਰੇ ਮੇਰਾ ਖਿਆਲ ਇਹ ਸੀ ਕਿ ਇਹ ਸ਼ਾਇਦ ਇਸ ਵਿਚ ਅਜਿਹੀਆਂ ਗਲਾਂ ਲਿਆਉਣਗੇ ਜਿਸ ਦੇ ਨਾਲ ਸਮਾਜਕ ਪਰਿਵਰਤਨ ਆ ਸਕਦਾ ਹੋਵੇ ਕਿਉਂਕਿ ਬਜਟ ਹੀ ਐਸੀ ਚੀਜ਼ ਹੈ ਜਿਸ ਰਾਹੀਂ ਸਮਾਜਕ ਅਤੇ ਆਰਥਕ ਤਬਦੀਲੀਆਂ ਲਿਆ ਸਕਦੇ ਹਨ ਲੇਕਿਨ ਐਸੀ ਗਲ ਨਹੀਂ ਹੈ। ਇਸ ਬਜਟ ਨੂੰ ਪੜ੍ਹਨ ਤੋਂ ਬਾਅਦ ਜੋ ਨਤੀਜਾ ਕਢਿਆ ਗਿਆ ਹੈ ਉਹ ਇਹ ਹੈ ਕਿ ਜੇ ਇਸ ਬਜਟ ਨੂੰ ਗਰੀਬ ਮਾਰੂ, ਕਿਸਾਨ ਮਾਰੂ ਪਰੋ-ਕੈਪੀਟਲਿਸਟ ਅਤੇ ਪਰੋ-ਮੋਨੋਪਲਿਸ ਕਿਹਾ ਜਾਵੇ ਤਾਂ ਗਲਤ ਗਲ ਨਹੀਂ ਹੋਵੇਗੀ। ਇਹ ਜੋ ਇਸ਼ਾਰੇ ਹਨ ਇਨ੍ਹਾਂ ਨੂੰ ਮੈਂ ਬਜਟ ਵਿਚੋਂ ਸਿਧ ਕਰਕੇ ਦਸਾਂਗਾ। ਬਜਟ ਜਦੋਂ ਆਉਂਦਾ ਹੈ ਤਾਂ ਗਰੀਬ ਲੋਕ ਖਾਸ ਕਰਕੇ ਇਸ ਗਲ ਵਲ ਵੇਖਦੇ ਹਨ ਕਿ ਇਸ ਵਿਚ ਸਾਡੇ ਲਈ ਕੋਈ ਰਾਹਤ ਵਾਲੀ ਅਤੇ ਰਲੀਫ ਵਾਲੀ ਗਲ ਹੋਵੇਗੀ, ਕੋਈ ਛੋਟਾਂ ਦਿਤੀਆਂ ਹੋਣਗੀਆਂ ਟੈਕਸਾਂ ਤੋਂ। ਗਰੀਬ ਲੋਕਾਂ ਦਾ ਧਿਆਨ, ਗਰੀਬ ਐਂਪਲਾਈਜ਼ ਦਾ ਧਿਆਨ ਉਸ ਪਾਸੇ ਹੁੰਦਾ ਹੈ ਕਿ ਰਾਹਤ ਕੀ ਮਿਲਦੀ ਹੈ ਅਤੇ ਹੁਣ ਤਾਂ ਕਿਸਾਨ ਵੀ ਕਾਫੀ ਸੂਝਵਾਨ ਹੋ ਗਿਆ ਹੈ ਅਤੇ ਇਹ ਵੀ ਆਸ ਰਖਦੇ ਹਨ ਕਿ ਇਨ੍ਹਾਂ ਲਈ ਬੱਜਟ ਵਿਚੋਂ ਕੀ ਨਿਕਲਦਾ ਹੈ। ਸਭ ਦੀ ਕੋਸ਼ਿਸ਼ ਹੁੰਦੀ ਹੈ ਕਿ ਆਉਂਦੇ ਸਾਲ ਦਾ ਬਜਟ ਆ ਰਿਹਾ ਹੈ ਇਸ ਵਿਚ ਦੇਖੀਏ ਲੇਕਿਨ ਇਹ ਜੋ ਬਜਟ ਤੁਹਾਡੇ ਸਾਹਮਣੇ ਹੈ ਇਸ ਬਾਰੇ ਮੈਂ ਸਮਝਦਾ ਹਾਂ, ਪਿਛਲੇ ਵੀ ਕਈ ਸਾਲਾਂ ਦੇ ਬਜਟ ਮੈਂ ਵੇਖੇ ਹਨ, ਐਨਾ ਮਾੜਾ ਬਜਟ ਕਈ ਸਾਲਾਂ ਤੋਂ ਨਹੀਂ ਆਇਆ ਜਿੰਨਾ ਕਿ ਇਹ ਹੁਣ ਦਾ ਬਜਟ ਸਰਕਾਰ ਲਿਆਈ ਹੈ। ਸਪੀਕਰ ਸਾਹਿਬ, ਤੁਸੀਂ ਵਸੀਹ ਤਜਰਬਾ ਰਖਦੇ ਹੋ ਤੁਸੀਂ ਵੀ ਵੇਂਖਦੇ ਰਹੇ ਹੋ ਕਿ ਇਸ ਗਲ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਕਿ ਬਜਟ ਵਿਚ ਗਰੀਬ ਲੋਕਾਂ ਵਾਸਤੇ ਕੋਈ ਨਾ ਕੋਈ ਰੀਲੀਫ ਦਿਤੀ ਜਾਵੇ, ਕੋਈ ਨ ਕੋਈ ਟੈਕਸਾਂ ਤੋਂ ਇਨ੍ਹਾਂ ਗਰੀਬ ਲੋਕਾਂ ਨੂੰ ਛੋਟ ਦਿਤੀ ਜਾਵੇ, ਇਸ ਗਲ ਦੀ ਹਮੇਸ਼ਾਂ ਹੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਅਕਾਲੀ ਸਰਕਾਰ ਵੇਲੇ ਬਜਟ ਸਬੰਧੀ ਇਹ ਕੋਸ਼ਿਸ਼ ਹੁੰਦੀ ਰਹੀ ਕਿ ਕਿਸੇ ਵੇਲੇ ਬੈਟਰਮੈਂਟ ਲੈਵੀ ਵਿਚ ਰੀਲੀਫ ਦਿਤੀ ਜਾਂਦੀ ਰਹੀ ਹੈ ਅਤੇ ਕਿਸੇ ਵੇਲੇ ਪਰਾਪਰਟੀ ਟੈਕਸ ਤੋਂ ਰਾਹਤ ਦਿਤੀ ਜਾਂਦੀ ਰਹੀ ਹੈ। ਕਮਰਸ਼ਿਅਲ ਕਰਾਪ-ਸੈਸ ਪੰਜਾਬ ਦੀ ਗਰੀਬ ਜਨਤਾ ਉਤੋਂ ਛਡਿਆ ਗਿਆ। ਇਸ ਵੇਰ ਵੀ ਇਹ ਕਿਹਾ ਜਾਂਦਾ ਸੀ ਲੇਕਿਨ ਇਸ ਬਜ਼ਟ ਨੇ ਰਲੀਫ ਤਾਂ ਕੀ ਦੇਣੀ ਸੀ ਇਸ ਨੇ ਹੋਰ ਨਵੇਂ ਟੈਕਸ ਲਗਾਏ ਹਨ। 4 ਕਰੋੜ ਅਤੇ 61 ਲਖ ਦੇ ਨਵੇਂ ਟੈਕਸ ਪੰਜਾਬ ਦੀ ਜਨਤਾ ਤੇ ਲਗਾਏ ਗਏ ਹਨ। ਜਦੋਂ ਡਿਟੇਲ ਕਰਕੇ ਦਸਾਂਗਾ ਤਾਂ ਇਹ ਖੁਦ ਮੰਨਣਗੇ। ਇਹ ਟੈਕਸ ਨਿਰੋਲ ਗਰੀਬਾਂ ਤੇ ਲਗਾਏ ਗਏ ਹਨ (ਵਿਘਨ) ਮੈਂ ਫਾਈਨੈਂਸ ਮਨਿਸਟਰ ਸਾਹਿਬ ਵਾਸਤੇ ਬੇਨਤੀ ਕਰ ਰਿਹਾ ਸੀ ਪਰ ਇਹਨਾਂ ਦੀ ਤਵੱਜੋ ਹੋਰ ਪਾਸੇ ਹੈ ਅਤੇ ਇਸ ਤਰ੍ਹਾਂ ਨਾਲ ਇਹ ਹੋਰਨਾਂ ਦੀ ਤਵੱਜੋ ਵੀ ਆਪਣੇ ਵਲ ਕਰ ਰਹੇ ਹਨ (ਵਿਘਨ) ਇਸ ਬਜਟ ਵਿਚ ਬਜਾਏ ਰਲੀਫ ਦੇਣ ਦੇ 4 ਕਰੋੜ 61 ਲਖ ਰੁਪਏ ਦੇ ਟੈਕਸ ਲਗਾਏ ਗਏ ਹਨ। ਸਪੀਕਰ ਸਾਹਿਬ, ਹੋਰ ਕਿਸੇ ਗਲ ਤੇ ਜਾਣ ਤੋਂ ਪਹਿਲਾਂ ਟੈਕਸ ਵਲ ਧਿਆਨ ਦੇਣਾ ਚਾਹੀਦਾ ਹੈ।

ਇਸ ਦੇ ਵਿਚ ਇਕ ਦੋ ਕਰੋੜ ਦਾ ਟੈਕਸ ਹੈ। ਉਹ ਨੰਬਰ 6 ਤੇ ਹੈ। ਸਫਾ ਨੰ. 28 ਹੈ।

**Conversion of Bangla Desh levies to Education Cess.**

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਬੰਗਲਾ ਦੇਸ਼ ਲੈਵੀਜ਼ ਲਗਾਇਆ ਗਿਆ ਹੈ। ਇਸ ਦੀ ਵਿਰੋਧਤਾ ਨਹੀਂ ਕੀਤੀ ਗਈ ਸੀ ਕਿਉਂ ਕਿ ਉਨ੍ਹਾਂ ਰਿਫਿਊਜ਼ੀਆਂ ਦੇ ਨਾਲ ਸਾਨੂੰ ਹਮਦਰਦੀ ਸੀ। ਪਰ ਹੁਣ ਇਹ ਹਟਾਇਆ ਨਹੀਂ ਗਿਆ। ਉਸ ਵੇਲੇ ਇਸ ਦੀ ਵਿਰੋਧਤਾ ਇਸ ਕਰਕੇ ਨਹੀਂ ਸੀ ਕੀਤੀ ਗਈ ਕਿ ਇਹ ਇਕ ਟੈਂਪੋਰੇਰੀ ਲੇਵੀ ਹੈ ਅਤੇ ਇਹ ਆਪਣੇ ਆਪ ਇਕ ਦੋ ਸਾਲਾਂ ਬਾਦ ਖਤਮ ਹੋ ਜਾਵੇਗਾ। ਪਿਛਲੀ ਵਾਰੀ ਵੀ ਇਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਸੀ ਕਿ ਬੰਗਲਾ ਦੇਸ਼ ਦਾ ਮੁਆਮਲਾ ਹੁਣ ਖਤਮ ਹੋ ਗਿਆ ਹੈ ਇਸ ਲਈ ਇਹ ਟੈਕਸ ਨਹੀਂ ਰਹਿਣਾ ਚਾਹੀਦਾ ਪਰ ਇਨ੍ਹਾਂ ਨੇ ਉਸ ਵੇਲੇ ਐਸ਼ੋਰੈਂਸ ਦਿੱਤੀ ਸੀ ਕਿ ਇਹ ਅਗਲੇ ਸਾਲ ਖਤਮ ਹੋ ਜਾਵੇਗਾ ਪਰ ਇਸ ਵਾਰ ਇਹ ਹੋਰ ਸ਼ਕਲ ਵਿਚ ਲੋਕਾਂ ਦੇ ਸਾਹਮਣੇ ਆਇਆ ਹੈ। ਦੋ ਕਰੋੜ ਦਾ ਇਕ ਨਵਾਂ ਟੈਕਸ ਲਗਾ ਦਿੱਤਾ ਗਿਆ ਅਤੇ ਇਹ ਕਹਿ ਦਿੱਤਾ ਕਿ ਬੰਗਲਾ ਦੇਸ਼ ਦਾ ਟੈਕਸ ਐਜੂਕੇਸ਼ਨ ਵਾਲੇ ਪਾਸੇ ਕਨਵਰਟ ਕਰ ਦਿੱਤਾ ਹੈ। ਉਹ ਬੰਗਲਾ ਦੇਸ਼ ਦਾ ਸੈਸ ਕੀ ਹੈ ਜਿਸ ਨੂੰ ਕਿ ਐਜੂਕੇਸ਼ਨ ਵਾਲੇ ਪਾਸੇ ਕਨਵਰਟ ਕਰ ਦਿੱਤਾ ਹੈ ? ਉਸ ਬਾਰੇ ਮੈਂ ਦਸਦਾ ਹਾਂ ਸਪੀਕਰ ਸਾਹਿਬ, ਇਸ ਦੇ ਵਿਚ ਪੰਜ ਆਈਟਮਜ਼ ਹਨ। ਪੰਜ ਵੱਖ ਵੱਖ ਟੈਕਸ ਹਨ। ਇਕ ਟੈਕਸ ਉਹ ਹੈ ਜਿਸ ਦੀ ਸਭ ਤੋਂ ਜ਼ਿਆਦਾ ਵਸੂਲੀ ਬੱਸਾਂ ਤੇ ਚੜ੍ਹਨ ਵਾਲਿਆਂ ਤੋਂ ਕੀਤੀ ਜਾਵੇਗੀ। ਉਹ ਇਸ ਤਰ੍ਹਾਂ ਕਿ ਜਿਹੜਾ ਬੱਸ ਦੀ ਇਕ ਰੁਪਏ ਦੀ ਟਿਕਟ ਲੈਂਦਾ ਹੈ ਉਸ ਦੇ ਉਤੇ 5 ਪੈਸੇ ਬੰਗਲਾ ਦੇਸ਼ ਦੀ ਟਿਕਟ ਲੱਗਦੀ ਸੀ ਇਹ ਹੁਣ ਐਜੂਕੇਸ਼ਨ ਸੈਸ ਲਗੇਗਾ। ਬੱਸਾਂ ਵਿਚ ਤਾਂ ਗਰੀਬ ਆਦਮੀ ਚੜ੍ਹਦੇ ਹਨ। ਇਸ ਦੇ ਬਾਰੇ ਸਾਰੇ ਜਾਣਦੇ ਹਨ। ਵੱਡੇ ਵੱਡੇ ਧਨਾਢ ਲੋਕ ਜਿਹੜੇ ਹਨ ਉਨ੍ਹਾਂ ਪਾਸ ਤਾਂ ਕਾਰਾਂ ਹਨ। ਇਸ ਲਈ ਇਹ ਟੈਕਸ ਕਿਸੇ ਕਾਰ ਵਾਲੇ ਤੇ ਨਹੀਂ ਲੱਗਣਾ, ਇਹ ਸਿੱਧਾ ਆਮ ਗਰੀਬ ਜਨਤਾ ਤੇ ਲੱਗਦਾ ਹੈ। ਅਮੀਰ ਆਦਮੀ ਤਾਂ ਕਾਰਾਂ ਰੱਖਦੇ ਹਨ ਇਕ ਇਕ ਆਦਮੀ ਕੋਲ ਕਈ ਕਈ ਕਾਰਾਂ ਹਨ, ਕਾਰਾਂ ਤੇ ਉਹ ਇਥੇ ਅਸੈਂਬਲੀ ਵਿਚ ਆਉਂਦੇ ਹਨ, ਇਹ ਅਜਿਹਿਆਂ ਧਨੀਆਂ ਲੋਕਾਂ ਤੇ ਟੈਕਸ ਨਹੀਂ ਹੈ। ਇਸ ਦਾ ਸਭ ਤੋਂ ਜ਼ਿਆਦਾ ਅਸਰ ਗਰੀਬ ਜਨਤਾ ਤੇ ਪੈਂਦਾ ਹੈ। ਇਹ ਦੋ ਕਰੋੜ ਦਾ ਟੈਕਸ ਗਰੀਬ ਜਨਤਾ ਦੇ ਹਿੱਸੇ ਆਉਂਦਾ ਹੈ। ਅਮੀਰ ਨੂੰ ਇਸ ਟੈਕਸ ਤੋਂ ਛੋਟ ਦਿੱਤੀ ਗਈ ਹੈ।

ਇਸ ਤੋਂ ਅੱਗੇ ਹੈ ਸਿਨਮਾ ਸ਼ੋ ਦੀਆਂ ਟਿਕਟਾਂ ਤੇ ਟੈਕਸ। ਇਸ ਦਾ ਅਸਰ ਵੀ ਛੋਟੀ ਕਲਾਸ ਵਾਲਿਆਂ ਤੇ ਪੈਂਦਾ ਹੈ। ਜਿਹੜੇ ਵੱਡੇ ਵੱਡੇ ਲੋਕ ਹਨ ਅਤੇ ਜਿਹੜੇ ਸਿਨਮੇ ਵਿਚ ਗੈਲਰੀਆਂ ਅਤੇ ਬੌਕਸਾਂ ਵਿਚ ਬੈਠਦੇ ਹਨ ਉਨ੍ਹਾਂ ਤੇ ਇਸ ਦਾ ਕੋਈ ਭਾਰ ਨਹੀਂ ਪੈਣਾ। ਇਹ ਇਕ ਅਜਿਹਾ ਟੈਕਸ ਹੈ ਜਿਸ ਦਾ ਆਮ ਜਨਤਾ ਤੇ ਬਹੁਤ ਅਸਰ ਪੈਣਾ ਹੈ। ਅਸੀਂ ਆਮ ਦੇਖਦੇ ਹਾਂ ਕਿ ਜਿਹੜੇ ਆਮ ਸਿਨਮਾ ਦੇਖਦੇ ਹਨ ਉਨ੍ਹਾਂ ਵਿਚ ਆਮ ਰਿਕਸ਼ਾ ਚਲਾਉਣ ਵਾਲੇ, ਆਮ ਗਰੀਬ ਮਜ਼ਦੂਰ ਹਨ ਜਿਨ੍ਹਾਂ ਦੇ ਪਾਸ ਕਿ ਹੋਰ ਕੋਈ ਇੰਟਰਟੇਨਮੈਂਟ ਦਾ ਸਾਧਨ ਨਹੀਂ ਹੁੰਦਾ, ਜਾਂ ਸਟੂਡੈਂਟਸ ਦੇਖਣ ਜਾਂਦੇ ਹਨ। ਇਸ ਤੋਂ ਇਲਾਵਾ ਕਰਮਚਾਰੀ, ਕਲਰਕ ਆਦਿ ਸਿਨਮਾ ਦੇਖਣ ਜਾਂਦੇ ਹਨ। ਇਸ ਲਈ ਇਹ ਟੈਕਸ ਆਮ ਕਰਕੇ ਗਰੀਬ ਵਰਗ ਉਤੇ ਹੀ ਲੱਗੇਗਾ।

ਇਸ ਦੇ ਬਾਅਦ ਪਟੀਸ਼ਨ ਦੀ ਗੱਲ ਆਉਂਦੀ ਹੈ। ਪਟੀਸ਼ਨ ਕਰਨ ਵੇਲੇ ਵੀ 10 ਪੈਸੇ ਬੰਗਲਾ ਦੇਸ਼ ਦੇ ਲਾਉਣੇ ਪੈਂਦੇ ਹਨ। ਤੁਸੀਂ ਸਾਰੇ ਜਾਣਦੇ ਹੋ ਕਿ ਪਟੀਸ਼ਨ ਕਰਦਾ ਕੌਣ ਹੈ। ਇਸ ਦੇ ਬਾਰੇ ਸਾਰਾ ਹਾਊਸ ਜਾਣਦਾ ਹੈ। ਪਟੀਸ਼ਨ ਗਰੀਬ ਲੋਕ ਕਰਦੇ ਹਨ ਜਿਨ੍ਹਾਂ ਦੇ ਕਿ ਛੋਟੇ ਛੋਟੇ ਝਗੜੇ ਹੁੰਦੇ ਹਨ। ਆਮ ਜ਼ਮੀਨਾਂ ਦੇ ਝਗੜੇ ਹੋ ਜਾਂਦੇ ਹਨ ਫਿਰ ਲੋਕ ਅਦਾਲਤਾਂ ਵਿਚ ਜਾਂਦੇ ਹਨ ਅਤੇ ਪਟੀਸ਼ਨ ਕਰਦੇ ਹਨ। ਉਨ੍ਹਾਂ ਗਰੀਬਾਂ ਦੇ ਪੈਸੇ ਲਗਦੇ ਹਨ। ਰਜਿਸਟਰੀਆਂ ਅਤੇ ਕੁਝ ਸੇਲਜ਼ ਟੈਕਸ ਆਦਿ ਤੇ ਪੈਸੇ ਲਗਦੇ ਹਨ। ਇਸ ਲਈ ਇਸ ਦਾ ਬੋਝ ਵੀ ਗਰੀਬ ਵਰਗ ਤੇ ਹੀ ਪੈਂਦਾ ਹੈ। ਅਮੀਰਾਂ ਤੇ ਇਸ ਦਾ ਕੋਈ ਅਸਰ ਨਹੀਂ ਪੈਂਦਾ। ਇਸ ਲਈ ਇਹ 2 ਕਰੋੜ ਦਾ ਬੋਝ ਗਰੀਬ ਲੋਕਾਂ ਤੇ ਹੀ ਪੈਂਦਾ ਹੈ। ਅਮੀਰ ਅਤੇ ਗਰੀਬ ਵਿਚ ਕੋਈ ਫਰਕ ਨਹੀਂ ਰੱਖਿਆ ਗਿਆ। (ਵਿਘਨ) ਇਹ ਜਿਹੜਾ ਐਜੂਕੇਸ਼ਨ ਸੈਸ ਲਾਇਆ ਹੈ

Original with;
Punjab Vidhan Sabha
Digitized by;
Panjab Digital Library

ਇਸ ਦਾ ਅਸਰ ਗਰੀਬਾਂ ਦੇ ਉਤੇ ਹੀ ਪਵੇਗਾ। ਐਜੂਕੇਸ਼ਨ ਤਾਂ ਪਤਾ ਨਹੀਂ ਉਨ੍ਹਾਂ ਦੇ ਬੱਚਿਆਂ ਨੂੰ ਮਿਲਣੀ ਹੈ ਜਾਂ ਨਹੀਂ ਪਰ ਟੈਕਸ ਦਾ ਬੋਝ ਪਾਇਆ ਗਿਆ ਹੈ। (ਵਿਘਨ) ਐਜੂਕੇਸ਼ਨ ਤਾਂ ਅਮੀਰਾਂ ਦੇ ਲੜਕੇ ਅਤੇ ਲੜਕੀਆਂ ਚੰਗੀ ਪ੍ਰਾਪਤ ਕਰ ਜਾਂਦੇ ਹਨ। (ਵਿਘਨ) ਇਸ ਵਾਸਤੇ ਇਸ ਨੂੰ ਮੈਂ ਗਰੀਬ-ਮਾਰੂ ਆਖਿਆ ਹੈ।

ਇਸ ਤੋਂ ਅੱਗੇ ਆਈਟਮ ਨੰ: 7 ਹੈ। ਉਹ ਇਸ ਤਰ੍ਹਾਂ ਹੈ

Increase in Stamp Duty from 2.25 per cent to 5 per cent in case of Mortgage deeds and 3 per cent to 5 per cent in case of gifts.

ਕਿੰਨਾ ਪੈਸਾ ਆਉਣਾ ਹੈ ਇਸ ਦੇ ਵਿਚੋਂ 1 ਕਰੋੜ 40 ਲੱਖ ਰੁਪਿਆ ਹੋਰ ਵਸੂਲ ਹੋਣਾ ਹੈ। ਇਹ ਲੱਗਣਾ ਕਿਸ ਤੇ ਹੈ? ਇਹ ਉਸ ਤੇ ਲੱਗਣਾ ਹੈ ਜਿਹੜਾ ਜ਼ਮੀਨ ਗਹਿਣੇ ਕਰਦਾ ਹੈ। ਜ਼ਮੀਨ ਗਹਿਣੇ ਕੌਣ ਕਰਦਾ ਹੈ ? ਇਹ ਸਾਰਿਆਂ ਨੂੰ ਪਤਾ ਹੀ ਹੈ। ਜ਼ਮੀਨ ਗਹਿਣੇ ਗਰੀਬ ਆਦਮੀ ਕਰਦਾ ਹੈ ਅਤੇ ਅਮੀਰ ਆਦਮੀ ਲੈ ਲੈਂਦੇ ਹਨ। ਅਮੀਰ ਆਦਮੀ ਜ਼ਮੀਨ ਗਹਿਣੇ ਨਹੀਂ ਕਰਦਾ। ਗਰੀਬ ਆਦਮੀ ਗਹਿਣੇ ਕਰਦਾ ਹੈ ਕਿਉਂਕਿ ਉਸ ਨੇ ਇਨ ਪੁੱਟਸ ਲੈਣੇ ਹੁੰਦੇ ਹਨ, ਬੀਜ ਆਦਿ ਅਤੇ ਹੋਰ ਕਈ ਚੀਜ਼ਾਂ ਇਸੇ ਤਰ੍ਹਾਂ ਦੀਆਂ ਲੈਣੀਆਂ ਹੁੰਦੀਆਂ ਹਨ। (ਵਿਘਨ) ਉਹ ਜ਼ਮੀਨ ਗਹਿਣੇ ਰੱਖ ਕੇ ਆਪਣਾ ਕੰਮ ਚਲਾਉਂਦਾ ਹੈ। ਇਸ ਤੇ ਟੈਕਸ ਦੁੱਗਣੇ ਤੋਂ ਵੀ ਜ਼ਿਆਦਾ ਕਰ ਦਿੱਤਾ ਗਿਆ ਹੈ। ਪਹਿਲੇ 2.25 ਪ੍ਰਤੀਸ਼ਤ ਕੰਜ਼ਿਊਮਰ ਡਿਊਟੀ ਸੀ ਅਤੇ ਹੁਣ ਇਹ 5 ਪ੍ਰਤੀਸ਼ਤ ਕਰ ਦਿੱਤੀ ਗਈ ਹੈ। ਇਸ ਲਈ ਇਹ ਟੈਕਸ ਗਰੀਬਾਂ ਤੇ ਲੱਗੇਗਾ। ਇਸੇ ਤਰ੍ਹਾਂ ਹੀ ਗਿਫਟ ਦੇ ਉਤੇ ਪਹਿਲੇ 3 ਪ੍ਰਤੀਸ਼ਤ ਸੀ ਉਹ ਹੁਣ 5 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਗਿਫਟ ਟੈਕਸ ਪਹਿਲੇ ਹੀ ਲੱਗਿਆ ਹੋਇਆ ਸੀ ਕਿ ਜੇ ਕੋਈ ਇਸ ਹੱਦ ਤੋਂ ਉਪਰ ਗਿਫਟ ਦਿੱਤਾ ਜਾਵੇ ਤਾਂ ਉਸ ਦੇ ਉਪਰ ਟੈਕਸ ਲੱਗ ਜਾਂਦਾ ਸੀ ਪਰ ਹੁਣ ਇਸ ਨੂੰ 3 ਪ੍ਰਤੀਸ਼ਤ ਤੋਂ 5 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ। ਇਸ ਦੀ ਲੋੜ ਨਹੀਂ ਸੀ ਕਿਉਂਕਿ ਗਿਫਟ ਟੈਕਸ ਇਸ ਤੋਂ ਪਹਿਲਾਂ ਹੀ ਲੱਗਦਾ ਸੀ। ਪਰ ਉਸ ਨੂੰ ਦੁੱਗਣਾ ਕਰ ਦੇਣਾ ਨਾਜਇਜ ਗੱਲ ਹੈ। ਇਸ ਨੂੰ ਕਾਨੂੰਨ ਦੇ ਖਿਲਾਫ਼ ਕਿਹਾ ਜਾ ਸਕਦਾ ਹੈ। ਇਹ ਨਜਾਇਜ਼ ਲਗਾਇਆ ਗਿਆ ਹੈ। (ਵਿਘਨ) ਇਹ ਗਰੀਬਾਂ ਤੇ ਹੀ ਲੱਗੇਗਾ।

ਇਸ ਤੋਂ ਅਗਲੀ ਆਈਟਮ ਨੰ: 8 ਹੈ। ਉਹ ਇਸ ਤਰ੍ਹਾਂ ਹੈ:

Tax on conversion or change in the use of land from agricultural to non-agricultural uses.

20 ਲੱਖ ਰੁਪਿਆ ਇਸ ਤੋਂ ਲੈਣਾ ਹੈ। ਇਸ ਦੇ ਬਾਰੇ ਮੈਂ ਦੱਸਦਾ ਹਾਂ।

10.26 A.M. (ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)।

ਜਿਹੜੀ ਸ਼ਹਿਰਾਂ ਦੀ ਡਿਵੈਲਪਮੈਂਟ ਹੋ ਰਹੀ ਹੈ ਉਥੇ ਲੋਕਾਂ ਦੀਆਂ ਜ਼ਮੀਨਾਂ ਲੈ ਕੇ ਮਕਾਨ ਆਦਿ ਬਣਾਉਣੇ ਹਨ ਜਾਂ ਫੈਕਟਰੀਆਂ ਬਣਾਉਣੀਆਂ ਹਨ। ਫੈਕਟਰੀਆਂ ਕੌਣ ਲਾਉਂਦਾ ਹੈ? ਫੈਕਟਰੀਆਂ ਅਮੀਰ ਆਦਮੀ ਲਾਉਂਦਾ ਹੈ ਗਰੀਬ ਨਹੀਂ ਲਗਾ ਸਕਦਾ ਪਰ ਵੇਚਣ ਵਾਲਾ ਗਰੀਬ ਹੈ। ਇਹ ਟੈਕਸ ਗਰੀਬ ਤੇ ਹੀ ਲੱਗੇਗਾ। (ਵਿਘਨ) ਤਾਂ ਕਿ ਉਹ ਆਪਣੀ ਜ਼ਮੀਨ ਨੂੰ ਜਿਹੜਾ ਖੇਤੀਬਾੜੀ ਵਾਸਤੇ ਇਸਤੇਮਾਲ ਕਰਦਾ ਹੈ ਉਹ ਹੋਰ ਕੰਮ ਵਾਸਤੇ ਇਸਤੇਮਾਲ ਨਾ ਕਰ ਸਕੇ (ਵਿਘਨ) ਇਹ ਤਾਂ ਹੋਇਆ ਕਿ ਜੋ ਆਪਣੀ ਜ਼ਮੀਨ ਵਿਚ ਮਕਾਨ ਬਣਾਉਂਦਾ ਹੈ ਉਸ ਤੇ ਟੈਕਸ ਲੱਗੇ।

ਹੁਣ ਮੈਂ ਆਈਟਮ ਨੰ: 9 ਨੂੰ ਛੱਡਕੇ ਆਈਟਮ ਨੰ: 10 ਲੈਂਦਾ ਹਾਂ। ਉਹ ਇਸ ਤਰ੍ਹਾਂ ਹੈ :

Development Cess at 50 per cent of the Market fee on foodgrains (To be used for completion of village/link roads).

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਇਹ ਕਿਸ ਤੇ ਲੱਗਣਾ ਹੈ ? ਇਹ ਕੰਜ਼ਿਊਮਰ ਤੇ ਲੱਗੇਗਾ ਅਤੇ ਸਿਰਫ ਗਰੀਬ ਕੰਜ਼ਿਊਮਰ ਤੇ ਲਗੇਗਾ। ਮਾਰਕਿਟ ਵਿਚ ਜਦ ਅਨਾਜ ਆ ਜਾਂਦਾ ਹੈ ਅਤੇ ਜਦ ਵਿਕਦਾ ਹੈ ਤਾਂ ਉਸ ਦੇ ਉਤੇ ਮਾਰਕਿਟ ਡਿਊਟੀ ਲੱਗ ਜਾਂਦੀ ਹੈ। ਉਸ ਨੂੰ ਹੁਣ ਡਿਓਢਾ ਕਰ ਦਿੱਤਾ ਗਿਆ ਹੈ। ਇਹ ਮਾਰਕੀਟਿੰਗ ਸੈੱਸ ਕਿਸ ਨੂੰ ਦੇਣਾ ਪੈਂਦਾ ਹੈ? ਇਹ ਗਰੀਬ ਆਦਮੀ ਨੂੰ ਦੇਣਾ ਪੈਂਦਾ ਹੈ ਜਿਸ ਨੇ ਕਿ ਮੱਕੀ, ਚਾਵਲ ਆਦਿ ਖਰੀਦਣੇ ਹੁੰਦੇ ਹਨ ਅਤੇ ਜਿਹੜਾ ਕਿ ਆਪਣੇ ਪਾਸ ਸਟਾਕ ਨਹੀਂ ਰੱਖ ਸਕਦਾ। ਪਰ ਅਮੀਰ ਤਾਂ ਸ਼ੁਰੂ ਵਿਚ ਹੀ ਸਟਾਕ ਰੱਖ ਲੈਂਦਾ ਹੈ, ਉਹ ਸ਼ੁਰੂ ਵਿਚ ਹੀ ਲੈ ਲੈਂਦਾ ਹੈ ਸਿੱਧਾ ਪਰੋਡਿਊਸਰ ਪਾਸੋਂ। ਇਸ ਲਈ ਅਮੀਰ ਦਾ ਇਸ ਸੈਸ ਤੋਂ ਬਚਾਅ ਹੋ ਜਾਵੇਗਾ। ਪਰ ਜਿਸ ਗਰੀਬ ਨੇ, ਮਜ਼ਦੂਰ ਨੇ ਅਤੇ ਚਪੜਾਸੀ ਆਦਿ ਨੇ ਰੋਜ਼ ਰੋਜ਼ ਚੀਜ਼ਾਂ ਖਰੀਦਣੀਆਂ ਹਨ ਅਤੇ ਜਿਸ ਨੇ ਹਫਤੇ ਜਾਂ ਦਸ ਦਿਨ ਦਾ ਰਾਸ਼ਨ ਖਰੀਦਣਾ ਹੈ ਉਸ ਦੇ ਉਤੇ ਇਹ ਸੈੱਸ ਲੱਗੇਗਾ। ਇਸ ਤਰ੍ਹਾਂ ਇਹ 1 ਕਰੋੜ ਰੁਪਏ ਦਾ ਸੈਸ ਇਕੱਠਾ ਕਰਨਾ ਹੈ ਅਤੇ ਉਸ ਨੂੰ ਇਸਤੇਮਾਲ ਕਰਨਾ ਹੈ। ਇਸਤੇਮਾਲ ਕਿਸ ਤਰ੍ਹਾਂ ਕਰਨਾ ਹੈ? ਇਹ ਕਹਿੰਦੇ ਹਨ ਕਿ ਪਿੰਡਾਂ ਦੀਆਂ ਲਿੰਕ ਰੋਡਜ਼ ਬਣਾਉਣੀਆਂ ਹਨ। ਪਰ ਇਸ ਦੇ ਵਿਚ ਵੀ ਡਿਸਕਰੀਮੀਨੇਸ਼ਨ ਕੀਤੀ ਜਾਂਦੀ ਹੈ। ਜਦ ਸ਼ਹਿਰਾਂ ਦੀ ਡਿਵੈਲਪਮੈਂਟ ਦਾ ਕੰਮ ਹੁੰਦਾ ਹੈ ਤਾਂ ਉਥੇ ਲੋਕਾਂ ਤੇ ਕੋਈ ਵਾਧੂ ਸੈਸ ਨਹੀਂ ਲਗਾਇਆ ਜਾਂਦਾ, ਉਥੇ ਕੋਈ ਵਸੂਲੀ ਨਹੀਂ ਕੀਤੀ ਜਾਂਦੀ। ਸ਼ਹਿਰਾਂ ਦੀ ਡਿਵੈਲਪਮੈਂਟ ਦਾ ਪ੍ਰੋਗਰਾਮ ਬਣਾਇਆ ਹੈ ਜਿਸ ਤਰ੍ਹਾਂ ਲੁਧਿਆਣਾ ਅਤੇ ਹੋਰ ਸ਼ਹਿਰਾਂ ਵਿਚ ਤਾਂ ਜਿਸ ਮਨਿਸਟਰ ਦੇ ਵੀ ਕਾਬੂ ਆਉਂਦਾ ਹੈ ਉਹ ਆਪਣੇ ਸ਼ਹਿਰ ਦੇ ਬਾਰੇ ਹੀ ਸੋਚਦਾ ਹੈ। ਪਰ ਇਸ ਦੂਜੇ ਪਾਸੇ ਪਿੰਡਾਂ ਦੀਆਂ ਲਿੰਕ ਰੋਡਜ਼ ਦੇ ਵਾਸਤੇ ਇਸ ਕਿਸਮ ਦਾ ਸੈਸ ਲਗਾਇਆ ਗਿਆ ਹੈ। ਇਸ ਦਾ ਗਰੀਬ ਦੇ ਉਤੇ ਬੋਝ ਪਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਉਤੇ ਬੋਝ ਪਾ ਕੇ ਪਿੰਡਾਂ ਦੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ। ਇਹ ਬਿਲਕੁਲ ਨਜਾਇਜ਼ ਹੈ। ਇਸੇ ਤਰ੍ਹਾਂ 1 ਲੱਖ ਰੁਪਏ ਦਾ ਹੋਰ ਟੈਕਸ ਹੈ। ਇਸ ਦੇ ਵਿਚ ਇਹ ਚਾਹੁੰਦੇ ਹਨ ਕਿ ਚੀਚੀ ਨੂੰ ਲਹੂ ਲਾ ਕੇ ਸ਼ਹੀਦ ਬਣਨ। (ਵਿਘਨ) ਇਹ ਆਈਟਮ ਨੰ: 9 ਹੈ। ਇਹ ਇਸ ਤਰ੍ਹਾਂ ਹੈ :

> Levy of Sales-tax on foam rubber and its products, fur and fur products at the rate applicable to luxury goods..

ਇਹ 1 ਲੱਖ ਰੁਪਿਆ ਇਸ ਤਰ੍ਹਾਂ ਵਸੂਲ ਕਰਨਾ ਹੈ। ਇਹ ਠੀਕ ਹੈ ਕਿ ਫਰ ਅਤੇ ਹੋਰ ਚੀਜ਼ਾਂ ਬਣਦੀਆਂ ਹਨ, ਉਨ੍ਹਾਂ ਤੇ ਟੈਕਸ ਲਗਾਇਆ ਜਾਣਾ ਚਾਹੀਦਾ ਹੈ। ਫੇਰ ਗਰੀਬ ਆਦਮੀ ਪਾ ਨਹੀਂ ਸਕਦਾ, ਇਹ ਅਮੀਰ ਪਾਉਂਦੇ ਹਨ। ਪੰਜਾਬ ਦੇ ਵਿਚ ਫਰ ਪੈਦਾ ਨਹੀਂ ਹੁੰਦਾ ਅਤੇ ਇਸ ਦੀਆਂ ਇਥੇ ਚੀਜ਼ਾਂ ਨਹੀਂ ਬਣਦੀਆਂ। ਫਰ ਵਾਲੀਆਂ ਚੀਜ਼ਾਂ ਤਾਂ ਦਿੱਲੀ ਵਿਚ ਰਹਿ ਜਾਂਦੀਆਂ ਹਨ। ਇਸ ਕਰਕੇ ਰਬਰ ਫੋਮ ਵਿਚ ਲਿਆਉਣ ਵਾਸਤੇ 1 ਲੱਖ ਰੁਪਿਆ ਵਸੂਲ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਇਹ 4 ਕਰੋੜ 61 ਲੱਖ ਰੁਪਏ ਦੇ ਟੈਕਸ ਲੱਗੇ ਜਿਸ ਦੇ ਵਿਚੋਂ 4 ਕਰੋੜ 60 ਲੱਖ ਦੇ ਟੈਕਸ ਤਾਂ ਗਰੀਬਾਂ ਦੇ ਉਤੇ ਲੱਗੇ ਅਤੇ ਸਿਰਫ 1 ਲੱਖ ਰੁਪਏ ਦੇ ਟੈਕਸ ਅਮੀਰਾਂ ਤੇ ਲੱਗੇ। ਜਿਨ੍ਹਾਂ ਨੇ ਰਬੜ ਦੇ ਗਦੇਲਿਆਂ ਤੇ ਲੰਮੇ ਪੈਣਾ ਹੈ, ਉਨ੍ਹਾਂ ਤੇ ਤਾਂ 1 ਲੱਖ ਰੁਪਏ ਦੇ, ਟੈਕਸਿਜ਼ ਲਗਾਏ ਹਨ ਅਤੇ ਗਰੀਬ ਜਨਤਾ ਤੇ 4 ਕਰੋੜ 60 ਲੱਖ ਰੁਪਏ ਦਾ ਬੋਝ ਪਾਇਆ ਹੈ। ਤੇ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਕਿਸਮ ਦੇ ਟੈਕਸਿਜ਼ ਲਾਉਣ ਤੋਂ ਬਾਦ ਇਹ ਕਿਹਾ ਜਾਵੇ ਕਿ ਇਸ ਬਜਟ ਦੀ ਸ਼ਲਾਘਾ ਹੋਵੇ ਤਾਂ ਇਹ ਗਲ ਪਾਸੀਬਲ ਨਹੀਂ ਹੈ। ਘਟ ਤੋਂ ਘਟ ਸਾਡੀ ਪਾਰਟੀ ਤਾਂ ਇਸ ਦੀ ਕੋਈ ਸ਼ਲਾਘਾ ਨਹੀਂ ਕਰ ਸਕਦੀ। ਇਸ ਸਾਲ ਦੇ ਟੈਕਸਿਜ਼ ਨਾਲ ਤਾਂ ਲੋਕਾਂ ਦਾ ਕਚੂਮਰ ਨਿਕਲ ਗਿਆ ਹੈ। ਤੁਸੀਂ ਦੇਖੋ ਕਿ ਸੈਂਟਰਲ ਸਰਕਾਰ ਦੇ ਵਲੋਂ ਵੀ ਇਸ ਸਾਲ 292 ਕਰੋੜ ਰੁਪਏ ਦੇ ਸੈਂਟਰਲ ਟੈਕਸ ਲਗੇ ਹਨ ਅਤੇ ਇਨ੍ਹਾਂ 292 ਕਰੋੜ ਰੁਪਏ ਦੇ ਟੈਕਸਾਂ ਵਿਚੋਂ 274 ਕਰੋੜ ਰੁਪਏ ਦੇ ਟੈਕਸ ਇਨਡਾਇਰੈਕਟ ਹਨ ਅਤੇ ਜਿਨ੍ਹਾਂ ਦਾ ਬੋਝ ਸਿੱਧਾ ਗਰੀਬ

Original with;
Punjab Vidhan Sabha
Digitized by;
Panjab Digital Library

ਜਨਤਾ ਤੇ ਪੈਣਾ ਹੈ। ਇਸ ਦੇ ਨਾਲ ਸੈਂਟਰ ਦੀ ਸਰਕਾਰ ਵਲੋਂ ਰੇਲਵੇ ਤੇ 26 ਕਰੋੜ ਰੁਪਏ ਦਾ ਟੈਕਸ ਮੁਸਾਫਰ ਗਡੀਆਂ ਦੀਆਂ ਟਿਕਟਾਂ ਤੇ ਲਗਿਆ ਹੈ। ਇਸ 26 ਕਰੋੜ ਰੁਪਏ ਦੇ ਵਿਚੋਂ 21 ਕਰੋੜ ਰੁਪਏ ਦਾ ਟੈਕਸ ਉਨ੍ਹਾਂ ਗਰੀਬ ਲੋਕਾਂ ਤੇ ਲਗੇਗਾ ਜਿਹੜੇ ਥਰਡ ਕਲਾਸ ਵਿਚ ਸਫ਼ਰ ਕਰਨਗੇ ਅਤੇ ਸਿਰਫ਼ 5 ਕਰੋੜ ਰੁਪਏ ਦਾ ਟੈਕਸ ਅਮੀਰਾਂ ਤੇ ਲਾਇਆ ਹੈ ਜਿਹੜੇ ਕਿ ਫ਼ਸਟ ਕਲਾਸ ਵਿਚ ਸਫ਼ਰ ਕਰਨਗੇ । ਇਸ ਤੋਂ ਬਾਦ 20 ਕਰੋੜ ਰੁਪਏ ਦਾ ਟੈਕਸ ਮਾਲ ਗਡੀਆਂ ਵਿਚ ਸਾਮਾਨ ਦੇ ਆਉਣ ਜਾਣ ਤੇ ਲਗੇਗਾ ਇਸ ਟੈਕਸ ਦਾ ਬੋਝ ਵੀ ਗਰੀਬ ਜਨਤਾ ਤੇ ਹੀ ਪਵੇਗਾ। ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਾਲ ਸੈਂਟਰ ਦੀ ਸਰਕਾਰ ਵਲੋਂ ਅਤੇ ਪੰਜਾਬ ਦੀ ਸਰਕਾਰ ਵਲੋਂ ਵੀ ਬਹੁਤ ਜ਼ਿਆਦਾ ਟੈਕਸ ਲਗਾਇਆ ਹੈ ਅਤੇ ਇਨ੍ਹਾਂ ਟੈਕਸਾਂ ਨੂੰ ਲਗਾ ਕੇ ਗਰੀਬ ਦੀ ਕਮਰ ਨੂੰ ਤੋੜ ਦਿਤਾ ਹੈ। ਇਸ ਲਈ ਮੈਂ ਇਸ ਬਜਟ ਨੂੰ ਗਰੀਬ ਮਾਰੂ ਬਜਟ ਕਿਹਾ ਹੈ। ਸੈਂਟਰ ਦੇ ਬਜਟ ਵਿਚ ਜਨਤਾ ਤੇ ਟੈਕਸ ਲਾਏ ਹਨ ਅਤੇ ਪੰਜਾਬ ਦੇ ਬਜਟ ਵਿਚ ਵੀ ਗਰੀਬ ਜਨਤਾ ਤੇ ਟੈਕਸ ਲਗਾਇਆ ਹੈ। ਸੈਂਟਰ ਦੇ ਬਜਟ ਬਾਰੇ ਮੈਨੂੰ ਕਹਿਣ ਦੀ ਲੋੜ ਨਹੀਂ, ਮੈਂ ਤਾਂ ਪੰਜਾਬ ਦੇ ਬਜਟ ਨੂੰ ਕ੍ਰਿਟੀਸਾਈਜ਼ ਕਰਨਾ ਹੈ। ਇਨ੍ਹਾਂ ਨੇ ਰਿਸੋਰਸਿਜ਼ ਕਮੇਟੀ ਦੀਆਂ ਰਿਕਮੈਂਨਡੇਸ਼ਨਜ਼ ਦੀ ਆੜ ਲੈਕੇ ਇਹ ਬਜਟ ਬਣਾਇਆ ਹੈ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਰਿਸੋਰਸਿਜ਼ ਕਮੇਟੀ ਨੇ ਕੁਝ ਹੋਰ ਗਲਾਂ ਵੀ ਦਸੀਆਂ ਹਨ ਜਿਹੜੀਆਂ ਕਿ ਬਹੁਤ ਅੱਛੀਆਂ ਹਨ ਪਰ ਉਨ੍ਹਾਂ ਗਲਾਂ ਵਲ ਇਨ੍ਹਾਂ ਦਾ ਧਿਆਨ ਨਹੀਂ ਗਿਆ। ਇਹ ਮਾਨੂੰ ਦਸ ਦੇਣ ਕਿ ਕੋਈ ਐਸਾ ਟੈਕਸ ਲਾਇਆ ਹੋਵੇ ਜਿਸ ਦਾ ਜ਼ਿਆਦਾ ਭਾਰ ਅਮੀਰਾਂ ਤੇ ਪੈਂਦਾ ਹੋਵੇ, ਕਾਰਖਾਨੇ-ਦਾਰਾਂ ਤੇ ਪੈਂਦਾ ਹੋਵੇ ਜਾਂ ਮਾਲਕਾਂ ਤੇ ਪੈਂਦਾ ਹੋਵੇ। ਇਹ ਠੀਕ ਹੈ ਕਿ ਅਕਾਲੀ ਸਰਕਾਰ ਨੇ ਵੀ ਟੈਕਸ ਲਾਇਆ ਸੀ ਪਰ ਉਹ ਜਿਹੜਾ ਟੈਕਸ ਲਾਇਆ ਸੀ ਉਸ ਦਾ ਅਸਰ ਗਰੀਬ ਜਨਤਾ ਤੇ ਨਹੀਂ ਸੀ ਪੈਂਦਾ, ਸਿੱਧਾ ਅਮੀਰਾਂ ਤੇ ਅਤੇ ਮਾਲਕਾਂ ਤੇ ਪੈਂਦਾ ਸੀ। ਅਕਾਲੀ ਸਰਕਾਰ ਨੇ ਜੇ ਟੈਕਸ ਲਗਾਇਆ ਸੀ ਤਾਂ ਸਿਨਮੇ ਦੀਆਂ ਟਿਕਟਾਂ ਤੇ ਨਹੀਂ ਸੀ ਲਗਾਇਆ, ਸਿਨਮੇ ਦੇ ਮਾਲਕਾਂ ਤੇ ਲਗਾਇਆ ਸੀ। ਜੇ ਉਸ ਨੇ ਟੈਕਸ ਲਗਾਇਆ ਸੀ ਤਾਂ ਮਜ਼ਦੂਰਾਂ ਤੇ ਨਹੀਂ ਸੀ ਲਗਾਇਆ, ਮਾਲਕਾਂ ਤੇ ਲਗਾਇਆ ਸੀ। ਜੇ ਉਸ ਸਰਕਾਰ ਨੇ ਟੈਕਸ ਲਾਇਆ ਸੀ ਬਸ ਦੀਆਂ ਟਿਕਟਾਂ ਤੇ ਨਹੀਂ ਸੀ ਲਗਾਇਆ, ਬਸ ਔਨਰਾਂ ਤੇ ਲਗਾਇਆ ਸੀ ਜਿਨ੍ਹਾਂ ਦੇ ਬਾਰੇ ਇਹ ਆਮ ਚਰਚਾ ਹੋ ਗਿਆ ਸੀ ਕਿ ਇਹ ਬੜੇ ਧਨਾਢ ਹੋ ਗਏ ਹਨ। ਟੈਕਸ ਹਮੇਸ਼ਾਂ ਉਹੀ ਚੰਗਾ ਹੁੰਦਾ ਹੈ ਜਿਸ ਦਾ ਭਾਰ ਗਰੀਬ ਤੇ ਨਾ ਪਵੇ ਸਗੋਂ ਅਮੀਰ ਆਦਮੀ ਤੇ ਪਵੇ। ਲੇਕਨ ਇਸ ਕਿਸਮ ਦੇ ਟੈਕਸ ਜੋ ਇਸ ਕਾਂਗਰਸ ਦੀ ਸਰਕਾਰ ਨੇ ਆਪਣੇ ਬਜਟ ਵਿਚ ਦਸੇ ਹਨ ਉਸ ਨਾਲ 4 ਕਰੋੜ 60 ਲੱਖ ਰੁਪਏ ਦਾ ਭਾਰ ਸਿੱਧਾ ਗਰੀਬ ਆਦਮੀ ਦੇ ਉਤੇ ਪਾਇਆ ਗਿਆ ਹੈ ਜਿਸ ਨਾਲ ਕਿ ਗਰੀਬ ਜਨਤਾ ਦਾ ਕਚੂਮਰ ਕਢਿਆ ਗਿਆ ਹੈ। ਇਸ ਕਰਕੇ ਇਸ ਬਜਟ ਨੂੰ ਕਿਸੇ ਵੀ ਸ਼ਕਲ ਵਿਚ ਚੰਗਾ ਨਹੀਂ ਕਿਹਾ ਜਾ ਸਕਦਾ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਵਾਰ ਟੋਟਲ ਡੈਫ਼ੀਸਿਟ ਇਨ੍ਹਾਂ ਨੇ 37 ਕਰੋੜ 21 ਲੱਖ ਰੁਪਏ ਦਾ ਦਸਿਆ ਹੈ। ਇਸ ਨੂੰ ਨੈਰੋ ਕਰਨ ਦੀ ਕੁਝ ਕੋਸ਼ਿਸ਼ ਕੀਤੀ ਹੈ। 28 ਪੇਜ ਤੇ ਇਨ੍ਹਾਂ ਨੇ ਕੁਝ ਗਲਾਂ ਦਸੀਆਂ ਹਨ ਜਿਸ ਰਾਹੀਂ ਕਿਹਾ ਹੈ ਕਿ ਇਸ ਡੈਫ਼ੀਸਿਟ ਨੂੰ ਪੂਰਾ ਕਰਨ ਦੇ ਲਈ ਕੁਝ ਗੈਰ ਟੈਕਸ ਕਾਰਵਾਈਆਂ ਕਰਨ ਅਤੇ ਕੁਝ ਅਜਿਹੇ ਟੈਕਸ ਲਾਉਣ ਦੀ ਤਜਵੀਜ਼ ਕੀਤੀ ਹੈ ਜਿਸ ਦਾ ਬੋਝ ਆਮ ਗਰੀਬ ਜਨਤਾ ਤੇ ਨਹੀਂ ਪਵੇਗਾ। ਮੈਂ ਸਮਝਦਾ ਹਾਂ ਕਿ ਇਸ ਬਜਟ ਦੇ ਵਿਚ ਕੁਝ ਇਹੋ ਜਿਹੀਆਂ ਗਲਾਂ ਕੀਤੀਆਂ ਹਨ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਨਾ ਤਾਂ ਇਨ੍ਹਾਂ ਨੂੰ ਸਰਕਾਰ ਚਲਾਉਣ ਦੀ ਜਾਚ ਹੈ ਅਤੇ ਨਾ ਹੀ ਇਨ੍ਹਾਂ ਦੀ ਸਰਕਾਰ ਚਲਾਉਣ ਦੀ ਸਲਾਹ ਹੈ। ਪੇਜ 28 ਤੇ ਜਿਹੜੇ 4-5 ਪੁਆਇੰਟਸ ਦਸੇ ਹਨ ਉਨ੍ਹਾਂ ਵਿਚੋਂ ਪਹਿਲਾ ਪੁਆਇੰਟ ਇਹ ਹੈ ਕਿ ਇਕਾਨਮੀ ਇਨ ਨਾਨ-ਪਲੈਨ ਐਕਸਪੈਂਡੀਚਰ। ਡਿਪਟੀ ਸਪੀਕਰ ਸਾਹਿਬ, ਜੇ ਇਸ ਨੂੰ ਅਸੀਂ ਧਿਆਨ ਨਾਲ ਦੇਖਾਂਗੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਤਾਂ ਮਹਿਜ਼ ਇਹ ਇਕ ਫਰਾਡ ਵਾਲੀ ਗਲ ਹੀ ਨਜ਼ਰ ਆਵੇਗੀ। ਇਸ ਤਰ੍ਹਾਂ ਲਗਦਾ ਹੈ ਕਿ ਜੇ ਇਕਾਨਮੀ ਕਰਨਗੇ ਤਾਂ ਇਸ ਨਾਲ ਕੋਈ ਡਿਵੈਲਪਮੈਂਟ ਦੀ ਸਕੀਮ ਘਟਾਉਣੀ ਪਵੇਗੀ ਜਿਸ ਦਾ ਸਿੱਧਾ ਅਸਰ ਪੰਜਾਬ ਦੀ ਡਿਵੈਲਪਮੈਂਟ ਤੇ ਪਵੇਗਾ। ਕਿਉਂਕਿ ਜਿਹੜੀ ਐਸਟੈਬਲਿਸ਼ਮੈਂਟ ਹੈ, ਵਡੇ ਵਡੇ ਕਰਮਚਾਰੀ ਜਿਸ ਤਰ੍ਹਾਂ ਚੀਫ਼ ਇੰਜੀਨੀਅਰ ਵਗੈਰਾ ਹਨ ਇਨ੍ਹਾਂ ਨੇ ਕਿਹਾ ਹੈ ਕਿ ਇਹ ਬਹੁਤ ਜ਼ਿਆਦਾ ਹਨ, ਇਨ੍ਹਾਂ ਨੂੰ ਕੁਝ ਘਟ ਕਰ ਦਿਤਾ ਜਾਵੇਗਾ। ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਇਹ ਮਨਸ਼ਾ ਨਹੀਂ ਹੈ। ਜੇ ਇਸ ਤਰ੍ਹਾਂ ਦੀ ਐਸਟੈਬਲਿਸ਼ਮੈਂਟ ਨੂੰ ਘਟਾਉਣ ਦੀ ਇਨ੍ਹਾਂ ਦੀ ਮਨਸ਼ਾ ਹੁੰਦੀ ਤਾਂ 11-11 ਡੀ. ਆਈ. ਜੀ. ਨਾ ਬਣਾ ਦਿੰਦੇ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਇਕਾਨਮੀ ਐਸਟੈਬਲਿਸ਼ਮੈਂਟ ਵਾਲੇ ਪਾਸੇ ਨਹੀਂ ਕਰ ਸਕਣਗੇ ਅਤੇ ਜੇ ਇਕਾਨਮੀ ਹੋਵੇਗੀ ਤਾਂ ਕਿਸੇ ਸਕੀਮ ਨੂੰ ਘਟਾਉਣ ਨਾਲ ਕਰਨਗੇ ਕਿ ਚੰਗਾ ਐਤਕੀ ਇਹ ਸਕੀਮ ਘਟਾ ਦਿਤੀ ਜਾਵੇ ਤੇ ਇਸ ਨਾਲ ਇਕਾਨਮੀ ਕਰ ਲਈ ਜਾਵੇ। ਇਸ ਤਰ੍ਹਾਂ ਕਰਨ ਨਾਲ ਪੰਜਾਬ ਦੀ ਡਿਵੈਲਪਮੈਂਟ ਤੇ ਅਸਰ ਪਵੇਗਾ।

ਫਿਰ ਡਿਪਟੀ ਸਪੀਕਰ ਸਾਹਿਬ, ਦੂਸਰਾ ਪੁਆਇੰਟ ਇਸ ਦੇ ਵਿਚ ਸੇਲ ਆਫ਼ ਗੌਰਮਿੰਟ ਸਿਕਉਰਟੀ ਦਾ ਦਸਿਆ ਹੈ ਕਿ ਗੌਰਮਿੰਟ ਪਾਸ ਕੁਝ ਸਕਿਉਰਟੀਆਂ ਪਈਆਂ ਹਨ ਉਹ ਵੇਚ ਦੇਣੀਆਂ ਹਨ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਸਿਕਿਉਰਟੀ ਉਦੋਂ ਵੇਚੀਆਂ ਜਾਦੀਆਂ ਹਨ ਜਦੋਂ ਕਿਸੇ ਪਾਸੋਂ ਹਥ ਪੱਲੇ ਕੁਝ ਨਾ ਹੋਵੇ ਅਤੇ ਕੋਈ ਚਾਰਾ ਨਾ ਚਲਦਾ ਹੋਵੇ ਤਾਂ ਇਹ ਸਿਕਿਉਰਟੀਆਂ ਵੇਚੀਆਂ ਜਾਂਦੀਆ ਹਨ। ਡਿਪਟੀ ਸਪੀਕਰ ਸਾਹਿਬ, ਇਹ ਸਿਕਿਉਰਟੀਆਂ ਉਦੋਂ ਵੇਚੀਆਂ ਜਾਂਦੀਆਂ ਹਨ ਜਦੋਂ ਦਿਵਾਲਾ ਨਿਕਲਦਾ ਹੋਵੇ। ਇਹ ਕਹਿੰਦੇ ਹਨ ਕਿ ਸਿਕਿਉਰਟੀਆਂ ਵੇਚ ਦੇਣ ਦੇ ਨਾਲ 4 ਕਰੋੜ ਰੁਪਿਆ ਹੋਰ ਆ ਸਕਦਾ ਹੈ। ਕੀ ਇਸ ਬਜਟ ਨੂੰ ਚੰਗਾ ਕਿਹਾ ਜਾਵੇ ਜਿਸ ਦੇ ਵਿਚ ਇਹ ਕਿਹਾ ਗਿਆ ਹੋਵੇ ਕਿ ਜਿਹੜੀਆਂ ਸਿਕਿਉਰਟੀਆਂ ਹਨ ਉਹ ਵੇਚ ਦਿਤੀਆਂ ਜਾਣ? ਸਿਕਿਉਰਟੀਆਂ ਤਾਂ ਸਰਕਾਰ ਵਧਾਉਂਦੀ ਹੈ ਵੇਚਿਆ ਨਹੀਂ ਕਰਦੀ।

ਫਿਰ ਇਸ ਤੋਂ ਅਗਲਾ ਪੁਆਇੰਟ ਦਸਿਆ ਗਿਆ ਹੈ ਮੋਬਲਾਈਜ਼ੇਸ਼ਨ ਆਫ਼ ਰਿਸੋਰਸਿਜ਼ ਫਰਾਮ ਕਮਰਸ਼ੀਅਲ ਬੈਂਕਸ ਫਾਰ ਇਮਲੀਮੈਂਟਿੰਗ ਪਲੈਨ ਸਕੀਮਜ਼। ਡਿਪਟੀ ਸਪੀਕਰ ਸਾਹਿਬ, ਇਹ ਯੋਜਨਾ ਸਕੀਮਾਂ ਨੂੰ ਸਿਰੇ ਚਾੜ੍ਹਨ ਦੇ ਲਈ ਵਪਾਰਕ ਬੈਂਕਾਂ ਤੋਂ 8 ਕਰੋੜ ਰੁਪਏ ਦਾ ਕਰਜ਼ਾ ਲੈ ਲੈਣਗੇ। ਇਸ ਦੇ ਨਾਲ ਸਟੇਟ ਦੇ ਐਕਸਚੈਕਰ ਤੇ ਕਰਜ਼ੇ ਦਾ ਭਾਰ ਵੀ ਪੈਣਾ ਹੈ ਅਤੇ ਇਸ ਕਰਜ਼ੇ ਦਾ ਜੋ ਇਨਟਰੱਸਟ ਹੈ ਉਹ ਵੀ ਪੈਣਾ ਹੈ। ਇਸ ਦੇ ਨਾਲ ਸਾਡੇ ਤੇ ਭਾਰ ਵਧੇਗਾ, ਘਟੇਗਾ ਨਹੀਂ। ਇਹ ਸੋਚ ਲੈਣਾ ਕਿ ਇਨ੍ਹਾਂ ਕਰਜ਼ਿਆਂ ਨਾਲ ਅਸੀਂ ਘਾਟਾ ਪੂਰਾ ਕਰ ਲਵਾਂਗੇ, ਇਹ ਕੋਈ ਬਹੁਤੀ ਸੂਝ ਵਾਲੀ ਗਲ ਨਹੀਂ ਨਜ਼ਰ ਆਉਂਦੀ।

ਫਿਰ ਇਸ ਦੇ ਵਿਚ ਚੌਥੀ ਗਲ ਇਹ ਦਸੀ ਗਈ ਹੈ—ਟਾਈਟਨਿੰਗ ਆਫ਼ ਕੰਟਰੋਲ ਔਨ ਟੈਕਸ ਕੁਲੈਕਟਿੰਗ ਮਸ਼ੀਨਰੀ। ਇਨ੍ਹਾਂ ਨੇ ਇਹ ਦਸਿਆ ਹੈ ਕਿ ਟੈਕਸ ਕੁਲੈਕਟਿੰਗ ਮਸ਼ੀਨਰੀ ਨੂੰ ਕੰਟਰੋਲ ਕਰਨਾ ਹੈ ਪਰ ਇਹ ਨਹੀਂ ਦਸਿਆ ਕਿ ਕੀ ਕਰਨਾ ਹੈ ਅਤੇ ਕਿਸ ਤਰ੍ਹਾਂ ਕਰਨਾ ਹੈ। ਇਹ ਆਪਣੇ ਜਵਾਬ ਵਿਚ ਭਾਵੇਂ ਇਸਦੇ ਬਾਰੇ ਕੋਈ ਗਲ ਦਸ ਦੇਣ। (ਵਿਘਨ) ਐਸਾ ਨਹੀਂ ਕੀਤਾ ਗਿਆ ਕਿ ਇਸ ਦੇ ਵਿਚ ਕੁਝ ਸੁਧਾਰ ਲਿਆਂਦਾ ਜਾਵੇ। ਇਕ ਫਜ਼ੂਲ ਜਿਹੀ ਆਈਟਮ 2 ਕਰੋੜ ਰੁਪਏ ਦੀ ਦਸੀ ਗਈ ਹੈ।

Original with;
Punjab Vidhan Sabha
Digitized by;
Panjab Digital Library

ਫਿਰ ਅਗਲਾ ਪੁਆਇੰਟ ਇਨ੍ਹਾਂ ਨੇ ਦੱਸਿਆ ਹੈ—ਐਡੀਸ਼ਨਲ ਡਿਵੋਲੂਸ਼ਨ ਆਫ਼ ਟੈਕਸਿਜ਼ ਫ਼ਰਾਮ ਦੀ ਸੈਂਟਰ। ਇਹ ਇਨ੍ਹਾਂ ਨੇ ਸ਼ਾਇਦ ਕੋਈ ਸੈਂਟਰ ਦੇ ਨਾਲ ਗੱਲ ਕੀਤੀ ਹੋਣੀ ਹੈ ਅਤੇ ਉਨ੍ਹਾਂ ਨੇ ਕੁਝ ਐਗਰੀ ਕਰ ਲਿਆ ਹੋਣਾ ਹੈ, ਇਸ ਦੇ ਬਾਰੇ ਵਿਚ ਮੈਂ ਬਹੁਤਾ ਕਹਿ ਨਹੀਂ ਸਕਦਾ। ਸੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਸਾਰਾ ਹਿਸਾਬ ਕਿਤਾਬ ਦੇਖੀਏ ਤਾਂ ਫਿਰ ਵੀ ਐਸਾ ਜਾਪਦਾ ਹੈ ਕਿ ਸਿਵਾਏ 4 ਕਰੋੜ 60 ਲੱਖ ਦਾ ਗਰੀਬ ਜਨਤਾ ਤੇ ਟੈਕਸ ਲਾਉਣ ਤੇ, 8 ਕਰੋੜ ਰੁਪਿਆ ਬੈਂਕਾਂ ਤੋਂ ਕਰਜ਼ਾ ਲੈਣ ਦੇ ਅਤੇ ਇਹ ਸਭ ਕੁਝ ਕਰਨ ਕਰਾਣ ਦੇ ਬਾਦ ਵੀ ਇਨ੍ਹਾਂ ਨੇ ਘਾਟੇ ਦਾ ਬਜਟ ਪੇਸ਼ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹੋ ਜਿਹੇ ਹਾਲਾਤ ਵਿਚ ਜਿਸ ਵਿਚ ਕਿ ਇਸ ਵਕਤ ਸਾਡਾ ਸੂਬਾ ਲੰਘ ਰਿਹਾ ਹੈ, ਇਸ ਤਰ੍ਹਾਂ ਦਾ ਬਜਟ ਨਹੀਂ ਸੀ ਆਉਣਾ ਚਾਹੀਦਾ। ਬਹੁਤ ਸਾਰੀ ਕਾਂਟੀ ਛਾਂਟੀ ਇਨ੍ਹਾਂ ਨੂੰ ਕਰਨੀ ਪਵੇਗੀ, ਇਸ ਘਾਟੇ ਨੂੰ ਫਿਰ ਵੀ ਇਹ ਪੂਰਾ ਨਹੀਂ ਕਰ ਸਕਣਗੇ। ਇਸ ਬਜਟ ਨੂੰ ਮੈਂ ਇਹ ਵੀ ਕਹਾਂਗਾ ਕਿ ਇਹ ਰੀਐਕਸ਼ਨਰੀ ਬਜਟ ਹੈ। ਕਾਂਗਰਸ ਦਾ ਇਹ ਇਕਬਾਲੇ ਜੁਰਮ ਹੈ ਕਿ ਕਿਸੇ ਨਵੀਂ ਨੀਤੀ ਨੂੰ ਇਹ ਚਾਲੂ ਨਹੀਂ ਕਰ ਸਕੇ। ਨਵੀਂ ਸਕੀਮ ਦਾ ਕੋਈ ਜ਼ਿਕਰ ਇਸ ਬਜਟ ਦੇ ਵਿਚ ਆਇਆ ਹੀ ਨਹੀਂ। ਬਜਟ ਸਪੀਚ ਦੇ ਪੇਜਿਜ਼ ਤਾਂ ਜ਼ਰੂਰ 30 ਬਣ ਜਾਂਦੇ ਹਨ ਲੇਕਿਨ ਇਸ ਦੇ ਵਿਚ ਕੋਈ ਨਵੀਆਂ ਸਕੀਮਾਂ ਨਹੀਂ ਦੱਸੀਆਂ ਗਈਆਂ। ਉਹੀ ਪੁਰਾਣੀਆਂ ਗੱਲਾਂ ਜੋ ਅਕਾਲੀ ਸਰਕਾਰ ਸ਼ੁਰੂ ਕਰ ਗਈ ਸੀ ਉਸੇ ਨੂੰ ਸਿਰੇ ਚਾੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਕੁਝ ਜ਼ਿਕਰ ਲਿੰਕ ਰੋਡਜ਼ ਦਾ ਆਉਂਦਾ ਹੈ। ਲਿੰਕ ਸੜਕਾਂ ਦਾ ਅੱਗੇ ਵੀ ਕਦੇ ਨਾਮ ਸੁਣਿਆ ਸੀ, ਇਹ ਅਕਾਲੀ ਸਰਕਾਰ ਨੇ ਪੰਜਾਬ ਵਿਚ ਆ ਕੇ ਇਹ ਸ਼ੁਰੂ ਕਰਵਾਈਆਂ ਅਤੇ ਹੁਣ ਉਨ੍ਹਾਂ ਨੂੰ ਅੱਗੇ ਹੋਰ ਪੂਰਾ ਕਰਨ ਦਾ ਹੀ ਇਸ ਦੇ ਵਿਚ ਜ਼ਿਕਰ ਕੀਤਾ ਹੈ। ਫਿਰ ਧਰਮਸ਼ਾਲਾਵਾਂ ਦਾ ਜ਼ਿਕਰ ਕੀਤਾ ਹੈ। ਇਹ ਅਕਾਲੀ ਸਰਕਾਰ ਹੀ ਸੀ ਜਿਸ ਨੇ ਹਰੀਜਨ ਭਰਾਵਾਂ ਦੇ ਲਈ ਧਰਮਸ਼ਾਲਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ ਸਨ। ਅੱਗੇ ਵੀ ਕੀ ਕਦੇ ਇਹੋ ਜਿਹੇ ਕੰਮ ਦਾ ਨਾਮ ਤੁਸੀਂ ਸੁਣਿਆ ਸੀ, ਨਹੀਂ ਇਹ ਪਹਿਲੀ ਅਕਾਲੀ ਸਰਕਾਰ ਹੀ ਸੀ ਜਿਸ ਨੇ ਕਿ ਹਰੀਜਨਾਂ ਦੇ ਲਈ ਇਹ ਧਰਮਸ਼ਾਲਾਵਾਂ ਬਣਾਈਆਂ। ਅਕਾਲੀ ਸਰਕਾਰ ਤੋਂ ਪਹਿਲਾਂ ਕਦੇ ਕਿਸੇ ਸਰਕਾਰ ਨੂੰ ਰੂਰਲ ਇਲੈਕਟਰੀਫਿਕੇਸ਼ਨ ਦਾ ਖਿਆਲ ਨਹੀਂ ਸੀ ਆਇਆ। ਅਕਾਲੀ ਸਰਕਾਰ ਨੇ ਹੀ ਰੂਰਲ ਇਲੈਕਟਰੀਫੀਕੇਸ਼ਨ ਸ਼ੁਰੂ ਕੀਤੀ ਅਤੇ 15—15 ਪਿੰਡ ਇਕੱਠੇ ਇਸ ਸਕੀਮ ਰਾਹੀਂ ਇਲੈਕਟਰੀਫਾਈਡ ਕੀਤੇ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਹੁਣ ਇਸ ਬਜਟ ਵਿਚ ਕੋਈ ਵੀ ਨਵੀਂ ਗਲ ਨਹੀਂ ਕੀਤੀ ਅਤੇ ਨਾ ਹੀ ਕੋਈ ਨਵੀਂ ਸਕੀਮ ਲਿਆਂਦੀ ਹੈ। ਜਿਹੜੀਆਂ ਗੱਲਾਂ ਇਨ੍ਹਾਂ ਨੇ ਕਰਨੀਆਂ ਹਨ ਉਹ ਤਾਂ ਪਹਿਲਾਂ 5 ਸਾਲਾਂ ਤੋਂ ਚਾਲੂ ਹੋਈਆਂ ਹੋਈਆਂ ਹਨ। ਜੋ ਸਕੀਮਾਂ ਅਸੀਂ ਚਲਾ ਗਏ ਸੀ ਅਤੇ ਕਰਕੇ ਦਿਖਾਈਆਂ ਸੀ ਉਨ੍ਹਾਂ ਨੂੰ ਹੀ ਟੇਕ ਅਪ ਕੀਤਾ ਗਿਆ ਹੈ। ਇਸ ਬਜਟ ਦੇ ਵਿਚ ਕੋਈ ਵੀ ਨਵੀਂ ਗਲ ਨਹੀਂ ਆਈ, ਇਸ ਕਰਕੇ ਇਸ ਬਜਟ ਦੀ ਸ਼ਲਾਘਾ ਨਹੀਂ ਕੀਤੀ ਜਾ ਸਕਦੀ।

ਡਿਪਟੀ ਸਪੀਕਰ ਸਾਹਿਬ, ਇਸ ਬਜਟ ਵਿਚ ਕਿਤੇ ਜ਼ਿਕਰ ਨਹੀਂ ਆਇਆ ਐਜੂਕੇਟਿਡ ਅੱਨ-ਐਮਪਲਾਇਡ ਦਾ। ਸਿਰਫ਼ ਪਾਸਿੰਗ ਰੈਫਰੈਂਸ ਹੀ ਦਿਤਾ ਹੈ। ਇਹ ਸਾਡੇ ਸੂਬੇ ਵਾਸਤੇ ਇਕ ਬਹੁਤ ਵੱਡਾ ਮਸਲਾ ਹੈ। ਹਜ਼ਾਰਾਂ ਦੀ ਤਾਇਦਾਦ ਵਿਚ ਪੜ੍ਹੇ ਲਿਖੇ ਡਿਗਰੀਆਂ ਲੈ ਕੇ ਸੜਕਾਂ ਤੇ ਤੁਰੇ ਫਿਰਦੇ ਹਨ। ਉਨ੍ਹਾਂ ਦੇ ਮਾਂ-ਬਾਪ ਨੇ ਆਪਣੀਆਂ ਜਾਇਦਾਦਾਂ ਵੇਚ ਕੇ, ਕਰਜ਼ੇ ਲੈ ਕੇ ਉਨ੍ਹਾਂ ਨੂੰ ਪੜ੍ਹਾਇਆ। ਕੋਈ ਇੰਜਨੀਅਰ ਹੈ, ਕੋਈ ਡਾਕਟਰ ਹੈ ਕੋਈ ਪਾਲੀਟੈਕਨਿਕ ਤੋਂ ਪੜ੍ਹ ਕੇ ਆਇਆ ਹੈ ਲੇਕਿਨ ਉਹ ਜੇਬਾਂ ਵਿਚ ਸਰਟੀਫੀਕੇਟ ਪਾਈ ਤੁਰੇ ਫਿਰਦੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਮੁਤਾਬਕ ਕੋਈ ਨੌਕਰੀ ਨਹੀਂ ਦਿਤੀ। ਇਨ੍ਹਾਂ ਨੇ ਕੁਝ ਅੰਕੜੇ ਦਿਤੇ ਹਨ ਬਜਟ ਵਿਚ ਜਿਨ੍ਹਾਂ ਬਾਰੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਪਤਾ ਨਹੀਂ ਉਹ ਕਿਸ ਤਰ੍ਹਾਂ ਇਕੱਠੇ ਕੀਤੇ ਅਤੇ ਕਿਸ ਤਰ੍ਹਾਂ ਹਿਸਾਬ ਲਾਇਆ ਪਹਿਲੋਂ 25 ਹਜ਼ਾਰ ਫਿਰ 27 ਹਜ਼ਾਰ ਅਤੇ ਅੱਗੇ ਜਾ ਕੇ ਫਿਰ 36 ਹਜ਼ਾਰ । ਕੋਈ ਪਤਾ ਨਹੀਂ ਕਿ ਇਹ ਅੰਕੜੇ ਕਿਸ ਕਿਸਮ ਦੇ ਹਨ । ਮੈਂ ਸਮਝਦਾ ਹਾਂ ਕਿ ਇਹ ਜਿਹੜੇ ਅੰਕੜੇ ਹਨ ਇਹ ਸਾਰੇ ਦੇ ਦਿਤੇ ਹਨ । ਮੈਨੂੰ ਸ਼ਕ ਹੈ ਕਿ 36 ਹਜ਼ਾਰ ਪੜ੍ਹੇ ਲਿਖਿਆਂ ਨੂੰ ਉਨ੍ਹਾਂ ਦੀ ਯੋਗਤਾ ਮੁਤਾਬਕ ਉਨ੍ਹਾਂ ਨੂੰ ਨੌਕਰੀ ਮਿਲੀ ਹੋਵੇ । ਇਹ ਠੀਕ ਹੈ ਕਿ ਕੁਝ ਆਦਮੀਆਂ ਨੂੰ ਸੜਕਾਂ ਤੇ ਫਿਰਦੇ ਕੋਈ ਰੋੜੀ ਕੁਟਣ ਦੀ, ਮਿੱਟੀ ਪਾਉਣ ਦੀ ਨੌਕਰੀ ਮਿਲ ਗਈ ਹੋਵੇ, ਪਰ ਉਨ੍ਹਾਂ ਨੂੰ ਯੋਗਤਾ ਅਨੁਸਾਰ ਕੋਈ ਨੌਕਰੀ ਮਿਲੀ ਜਾਪਦੀ ਨਹੀਂ । ਇਸ ਤੋਂ ਇਲਾਵਾ ਤੁਸੀਂ ਵੇਖਿਆ ਹੋਵੇਗਾ ਕਿ ਸੜਕਾਂ ਤੇ ਜਿਹੜੇ ਰੋੜੀ ਕੁਟਦੇ ਹਨ, ਜਾਂ ਮਿੱਟੀ ਪਾਉਂਦੇ ਹਨ ਜਾਂ ਕੋਈ ਹੋਰ ਇਸ ਤਰ੍ਹਾਂ ਦਾ ਕੰਮ ਕਰਦੇ ਹਨ ਉਹ ਪੰਜਾਬੀ ਨਹੀਂ ਹਨ ਉਨ੍ਹਾਂ ਦੇ ਲਿਬਾਸ ਤੋਂ ਜਾਪਦਾ ਹੈ ਕਿ ਉਹ ਰਾਜਿਸਥਾਨ ਦੇ ਹਨ, ਕੋਈ ਗੁਜਰਾਤ ਦੇ ਹਨ ਕੋਈ ਯੂ. ਪੀ. ਦੇ ਹਨ । ਪੰਜਾਬੀ ਘੱਟ ਲੇਬਰ ਤੇ ਕੰਮ ਨਹੀਂ ਕਰ ਸਕਦਾ ਕਿਉਂਕਿ ਉਸ ਦਾ ਗੁਜ਼ਾਰਾ ਹੀ ਨਹੀਂ ਹੁੰਦਾ । ਉਨ੍ਹਾਂ ਸਾਰਿਆਂ ਨੂੰ ਰਲਾ ਕੇ 36 ਹਜ਼ਾਰ ਦੇ ਅੰਕੜੇ ਇਸ ਬਜਟ ਰਾਹੀਂ ਹਾਊਸ ਵਿਚ ਪੇਸ਼ ਕਰ ਦਿਤੇ ਹਨ । ਅੱਜ ਗਰੀਬ ਅੱਨ-ਐਮਪਲਾਇਡ ਫਿਰ ਰਹੇ ਹਨ । ਉਨ੍ਹਾਂ ਵਾਸਤੇ ਘੱਟੋ ਘੱਟ 10 ਕਰੋੜ ਰੁਪਏ ਇਸ ਬਜਟ ਵਿਚ ਰਖਣੇ ਚਾਹੀਦੇ ਸਨ, ਜਦ ਤਕ ਉਨ੍ਹਾਂ ਨੂੰ ਐਮਪਲਾਇ-ਮੈਂਟ ਨਹੀਂ ਮਿਲ ਜਾਂਦੀ ਉਨ੍ਹਾਂ ਨੂੰ ਉਨ੍ਹਾਂ ਦੀ ਕੁਆਲੀਫ਼ੀਕੇਸ਼ਨ ਦੇ ਮੁਤਾਬਕ । ਉਨ੍ਹਾਂ ਦੀ ਪੜ੍ਹਾਈ ਦੇ ਮੁਤਾਬਕ ਉਨ੍ਹਾਂ ਨੂੰ ਵਜ਼ੀਫ਼ੇ ਦਿਤੇ ਜਾਂਦੇ ਜਾਂ ਉਨ੍ਹਾਂ ਨੂੰ ਮੇਂਟੀਨੈਂਨਸ ਅਲਾਉਂਸ ਦਿੰਦੇ । ਇੰਜੀਨੀਅਰਾਂ ਬਾਰੇ ਕਿਹਾ ਹੈ ਕਿ ਉਨ੍ਹਾਂ ਨੂੰ ਕਾਰਖਾਨਿਆਂ ਵਿਚ ਨੌਕਰੀਆਂ ਦੇਣ ਵਾਸਤੇ ਅਸੀਂ ਕਿਹਾ ਹੈ, ਮੈਨੂੰ ਸਮਝ ਨਹੀਂ ਆਉਂਦੀ ਕਿ ਕਿਹੜੇ ਕਾਰਖਾਨਿਆਂ ਵਿਚ ਉਨ੍ਹਾਂ ਨੂੰ ਇਹ ਲਾ ਦੇਣਗੇ । ਉਨ੍ਹਾਂ ਵਾਸਤੇ ਕੁਝ ਅੱਨ-ਐਮਪਲਾਇਡ ਅਲਾਊਂਸ ਰੱਖਣਾ ਚਾਹੀਦਾ ਸੀ । ਇਥੇ ਮਾਸਟਰ ਲੋਗ ਡਿਗਰੀਆਂ ਲਈ ਫਿਰਦੇ ਹਨ ਪਰ ਕਲਰਕਾਂ ਦੀਆਂ ਨੌਕਰੀਆਂ ਵਾਸਤੇ ਦਰਖਾਸਤਾਂ ਦਿੰਦੇ ਫਿਰਦੇ ਹਨ ਉਨ੍ਹਾਂ ਵਾਸਤੇ ਕੁਝ ਵਜ਼ੀਫ਼ੇ ਰੱਖਣੇ ਚਾਹੀਦੇ ਸੀ, ਪਰ ਬਜਟ ਵਿਚ ਇਸ ਕਿਸਮ ਦੀ ਕੋਈ ਚੀਜ਼ ਨਹੀਂ ਹੈ । ਮੈਂ ਸਮਝਦਾ ਹਾਂ ਕਿ ਉਨ੍ਹਾਂ ਲੋਕਾਂ ਦਾ ਕੁਝ ਧਿਆਨ ਰੱਖ ਕੇ ਬਜਟ ਵਿਚ ਕੋਈ ਇਸ ਕਿਸਮ ਦੀ ਰਕਮ ਰੱਖੀ ਜਾਂਦੀ ਜਿਨ੍ਹਾਂ ਰਾਹੀਂ ਕਿ ਜਾਂ ਤਾਂ ਉਨ੍ਹਾਂ ਨੂੰ ਰੋਜ਼ਗਾਰ ਮੁਹੱਈਆ ਕੀਤਾ ਜਾਂਦਾ ਅਤੇ ਜਾਂ ਉਨ੍ਹਾਂ ਨੂੰ ਉਤਨੀਂ ਦੇਰ ਤੱਕ ਅਲਾਊਂਸ ਦਿਤਾ ਜਾਂਦਾ ਜਿੰਨੀ ਦੇਰ ਤੱਕ ਉਨ੍ਹਾਂ ਨੂੰ ਰੋਜ਼ਗਾਰ ਮਿਲ ਨਹੀਂ ਜਾਂਦਾ ।

ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ ਮੈਂ ਇਕ ਹੋਰ ਬੜੇ ਵੱਡੇ ਮਸਲੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ । ਪਿਛਲੀ ਵੇਰ ਤੁਸੀਂ ਵੇਖਿਆ ਕਿ ਸੈਸ਼ਨ ਦੇ ਸਮੇਂ ਇਸ ਸੂਬੇ ਦੇ ਤਕਰੀਬਨ ਸਾਰੇ ਅਖਬਾਰ ਛਪਣੇ ਬੰਦ ਹੋ ਗਏ ਸਨ, ਖਾਸ ਕਰਕੇ ਜਿਹੜੇ ਅਖਬਾਰ ਜਲੰਧਰ ਵਿਚ ਛਪਦੇ ਸਨ । ਉਸ ਵਕਤ ਕਿਸੇ ਨੂੰ ਪਤਾ ਨਹੀਂ ਲੱਗਾ ਕਿ ਸੈਸ਼ਨ ਵਿਚ ਕੀ ਹੋ ਰਿਹਾ ਹੈ । ਇਹ ਪਹਿਲੀ ਵੇਰ ਹੈ ਕਿ ਉਹਨਾਂ ਦੀ ਹੜਤਾਲ ਹੋ ਗਈ । ਨਿਊਜ਼ ਪੇਪਰ ਐਮਪਲਾਈਜ਼ ਨੂੰ ਕੁਝ ਅਲਾਊਂਸ ਅਤੇ ਭੱਤੇ ਵੱਧ ਚਾਹੀਦੇ ਸਨ ਕਿਉਂਕਿ ਉਨ੍ਹਾਂ ਦਾ ਇਸ ਲੱਕ ਤੋੜਵੀਂ ਮਹਿੰਗਾਈ ਵਿਚ ਗੁਜ਼ਾਰਾ ਨਹੀਂ ਹੁੰਦਾ, ਦੂਜੇ ਪਾਸੇ ਅਖਬਾਰ ਚਲਾਉਣ ਵਾਲੇ ਮਜਬੂਰ ਸਨ ਕਿਉਂਕਿ ਜਿਹੜੇ ਅਖਬਾਰ ਚਲਾਉਣ ਵਾਲੇ ਸਨ ਉਹ ਕੋਈ ਧਨਾਢ ਨਹੀਂ । ਉਹ ਅਖਬਾਰ ਬੜੀ ਮੁਸ਼ਕਲ ਨਾਲ ਚਲਾਉਂਦੇ ਹਨ, ਉਹ ਦੇ ਨਹੀਂ ਸਨ ਸਕਦੇ ਕਿਉਂਕਿ ਉਨ੍ਹਾਂ ਨੂੰ ਬਹੁਤ ਘਾਟਾ ਪੈਂਦਾ ਸੀ, ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸਾਡੇ ਪੰਜਾਬ ਦੇ ਬਹੁਤੇ ਅਖਬਾਰ ਘਾਟੇ ਵਿਚ ਹੀ ਚੱਲ ਰਹੇ ਹਨ । ਕਰਮਚਾਰੀਆਂ ਨੂੰ ਆਪਣਾ ਢਿਡ ਭਰਨ ਵਾਸਤੇ ਹੋਰ ਭੱਤੇ ਚਾਹੀਦੇ ਸਨ, ਨਤੀਜਾ ਕੀ ਨਿਕਲਿਆ ਕਿ ਅਖਬਾਰ ਬੰਦ ਹੋ ਗਏ । ਡੇੜ੍ਹ ਮਹੀਨਾ

Original with;
Punjab Vidhan Sabha
Digitized by;
Panjab Digital Library

ਇਹ ਸਰਕਾਰ ਸੁਤੀ ਰਹੀ, ਕੋਈ ਹੱਲ ਨਾ ਕੱਢ ਸਕੀ । ਮੈਂ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਗ੍ਰਾਂਟ ਇਨ ਏਡ ਦਿਤੀ ਸੀ ਸੈਂਟਰਲ ਪੈਟਰਨ ਤੇ ਇਸੇ ਤਰ੍ਹਾਂ ਇਨ੍ਹਾਂ ਨੂੰ ਵੀ ਕੁਝ ਦਿਤਾ ਜਾਂਦਾ ਤਾਂ ਕਿ ਅਖਬਾਰ ਚਲਦੇ ਰਹਿਣ ਅਤੇ ਲੋਕਾਂ ਪਾਸ ਖਬਰਾਂ ਪਹੁੰਚ ਜਾਣ । ਜਿਸ ਤਰ੍ਹਾਂ ਅੱਜ ਡਾਂਗ ਸਾਹਿਬ ਨੇ ਕਿਹਾ ਹੈ, ਉਹ ਇਨ੍ਹਾਂ ਦੇ ਮਿੱਤਰ ਹਨ, ਕਿ ਅਖਬਾਰਾਂ ਤੋਂ ਪਤਾ ਚਲਦਾ ਰਹਿੰਦਾ ਹੈ ਕਿ ਕਿਥੇ ਕੀ ਹੁੰਦਾ ਪਿਆ ਹੈ, ਹਾਊਸ ਵਿਚ ਕੀ ਹੁੰਦਾ ਪਿਆ ਹੈ । ਇਸ ਮਸਲੇ ਵਾਸਤੇ ਕੋਈ ਨਾ ਕੋਈ ਜ਼ਿਕਰ ਬਜਟ ਵਿਚ ਜ਼ਰੂਰ ਆਉਣਾ ਚਾਹੀਦਾ ਸੀ ਕਿਉਂਕਿ ਇਹ ਵੀ ਇਕ ਬਹੁਤ ਵੱਡਾ ਮਸਲਾ ਸੀ । ਇਸ ਦੇ ਲਈ ਘੱਟੋ ਘੱਟ ਕੋਈ 50 ਲੱਖ ਰੁਪਏ ਰਾਖਵੇਂ ਰੱਖਣੇ ਚਾਹੀਦੇ ਸਨ ਤਾਂ ਕਿ ਸਕੂਲਾਂ ਵਾਂਗ ਗ੍ਰਾਂਟ-ਇਨ-ਏਡ ਦਿਤੀ ਜਾ ਸਕੇ, ਪ੍ਰੈਸ ਵਰਕਰਾਂ ਨੂੰ ਦਿਤੀ ਜਾ ਸਕੇ ਤਾਂ ਕਿ ਇਤਨੀ ਮਹਿੰਗਾਈ ਵਿਚ ਉਨ੍ਹਾਂ ਦਾ ਵੀ ਗੁਜ਼ਾਰਾ ਹੋ ਸਕੇ । ਇਸ ਬਾਰੇ ਇਨ੍ਹਾਂ ਨੇ ਕੋਈ ਜ਼ਿਕਰ ਨਹੀਂ ਕੀਤਾ ।

ਡਿਪਟੀ ਸਪੀਕਰ ਸਾਹਿਬ, ਮੈਂ ਸਾਰੇ ਆਈਟਮ ਤਾਂ ਇਥੇ ਨਹੀਂ ਲੈ ਸਕਾਂਗਾ ਮੈਂ ਇਥੇ ਥੋੜਾ ਜਿਹਾ ਐਜੂਕੇਸ਼ਨ ਦਾ ਜ਼ਿਕਰ ਕਰਦਾ ਹਾਂ । ਇਨ੍ਹਾਂ ਨੇ ਬੜੀ ਡੀਂਗ ਮਾਰੀ ਕਿ ਬਹੁਤ ਸਕੂਲ ਖੋਲ੍ਹੇ ਹਨ । ਇਥੇ ਇਹ ਵੀ ਆਖਿਆ ਗਿਆ ਕਿ ਪਿਛਲੇ ਸਾਲ ਬੜੇ ਸਕੂਲ ਅਪਗ੍ਰੇਡ ਕੀਤੇ ਹਨ । ਇਤਰਾਜ਼ ਸਾਡੇ ਵੱਲੋਂ ਤਾਂ ਨਹੀਂ ਹੋਇਆ ਇਨ੍ਹਾਂ ਦੇ ਕਾਂਗਰਸੀ ਵੀਰਾਂ ਵਲੋਂ ਹੋਇਆ ਹੈ ਸਾਡਾ ਤਾਂ ਉਧਾਰ ਵੀ ਨਹੀਂ ਮੋੜਿਆ, ਸਾਨੂੰ ਇਨ੍ਹਾਂ ਨੇ ਕੀ ਦੇਣਾ ਸੀ, ਇਨ੍ਹਾਂ ਦੇ ਕਾਂਗਰਸੀ ਬੈਂਚਾਂ ਤੋਂ ਜਾਂ ਇਨ੍ਹਾਂ ਦੇ ਦੋਸਤ ਕਮਿਊਨਿਸਟ ਬੈਂਚਾਂ ਵਲੋਂ ਇਤਰਾਜ਼ ਆਇਆ ਹੈ ਕਿ ਜਿੰਨੇ ਸਕੂਲ ਬਣਾਉਣੇ ਚਾਹੀਦੇ ਸਨ ਉਸ ਤੋਂ ਬਹੁਤ ਘੱਟ ਬਣਾਏ ਗਏ ਹਨ । ਜ਼ਿਕਰ ਕੀਤਾ ਹੈ ਕਿ 75 ਸਕੂਲ ਮਿਡਲ ਤੋਂ ਹਾਈ ਸਟੈਂਡਰਡ ਵਿਚ ਤਬਦੀਲ ਕਰ ਦਿਤਾ ਹੈ, ਇਕ ਹਜ਼ਾਰ ਪ੍ਰਾਇਮਰੀ ਸਕੂਲ ਹੈ ਜਿਸ ਦਾ ਰੋਜ਼ ਜ਼ਿਕਰ ਕਰਦੇ ਹਨ ਕਿ ਅਸੀਂ ਬਹੁਤ ਕੁਝ ਕਰ ਦਿਤਾ ਹੈ ਐਜੂਕੇਸ਼ਨ ਲਈ ਇਸ ਬਜਟ ਵਿਚ । ਮੈਂ ਅਰਜ਼ ਕਰਾਂ ਕਿ ਸਾਲ 1971-72 ਵਿਚ ਅਸੀਂ 146 ਸਕੂਲ ਮਿਡਲ ਤੋਂ ਹਾਈ ਕੀਤੇ ਸਨ ਤੇ ਇਹ 75 ਬਣਾ ਕੇ ਟਾਹਰਾਂ ਮਾਰਦੇ ਹਨ । ਫਿਰ 200 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਕਰ ਦਿਤੇ ਹਨ, 1971-72 ਦੇ ਸਾਲ ਵਿਚ ਕੋਈ 255 ਪ੍ਰਾਇਮਰੀ ਤੋਂ ਮਿਡਲ ਹੋਏ ਸਨ । ਇਹ ਜੇਕਰ ਕੋਈ 5—7 ਵੱਧ ਬਣਾਉਂਦੇ ਤਾਂ ਕੁਝ ਕਹਿ ਸਕਦੇ ਸਨ । ਅਗਲੇ ਸਾਲ ਵਾਸਤੇ ਲੈ ਆਏ ਹਨ ਕਿ 100 ਸਕੂਲ ਪ੍ਰਾਇਮਰੀ ਤੋਂ ਮਿਡਲ ਅਤੇ 50 ਮਿਡਲ ਤੋਂ ਹਾਈ । ਇਹ ਇਸ ਸੂਬੇ ਲਈ ਬਹੁਤ ਥੋੜੇ ਹਨ । ਮੈਂ ਇਕ ਗੱਲ ਦਾ ਸਰਦਾਰ ਉਮਰਾਓ ਸਿੰਘ ਹੋਰਾਂ ਨੂੰ ਕਰੈਡਿਟ ਦਿੰਦਾ ਹਾਂ ਕਿ ਜਿਹੜੀ ਪ੍ਰਾਇਮਰੀ ਤਾਲੀਮ ਹੈ ਉਸ ਵਿਚ ਉਨ੍ਹਾਂ ਨੇ ਵੱਧ ਬੱਚੇ ਲਿਆਂਦੇ ਹਨ । ਇਹ ਕਰੈਡਿਟੇਬਲ ਗੱਲ ਹੈ । ਬਾਕੀ ਜਿਹੜੀ ਅਪਗਰੇਡੇਸ਼ਨ ਆਫ਼ ਸਕੂਲਜ਼ ਦੀ ਗੱਲ ਹੈ ਇਹ ਸੂਬੇ ਦੀ ਡਿਮਾਂਡ ਮੁਤਾਬਕ ਘੱਟ ਹੈ ਇਹ ਵੱਧ ਹੋਣੇ ਚਾਹੀਦੇ ਹਨ । ਮੈਂ ਇਹ ਵੀ ਕਹਾਂਗਾ ਕਿ ਜਿਹੜੇ ਸਾਡੇ ਤੋਂ ਲੈਂਦੇ ਰਹੇ ਸੀ ਉਹ ਤਾਂ ਉਧਾਰ ਘੱਟੋ ਘੱਟ ਮੋੜ ਦਿਓ । ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਸਕੂਲਾਂ ਦੇ ਅਪਗਰੇਡੇਸ਼ਨ ਵੇਲੇ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਹਲਕਾ ਅਕਾਲੀਆਂ ਦਾ ਹੈ, ਇਹ ਕਮਿਊਨਿਸਟਾਂ ਦਾ ਹੈ ਇਹ ਕਾਂਗਰਸੀਆਂ ਦਾ ਹੈ । ਮੈਂ ਕਹਾਂਗਾ ਕਿ ਐਜੂਕੇਸ਼ਨ ਦੇ ਮਾਮਲੇ ਵਿਚ ਕੋਈ ਕਿਸੇ ਹਲਕੇ ਨਾਲ ਵਿਤਕਰਾ ਨਹੀਂ ਚਾਹੀਦਾ, ਸਾਰਿਆਂ ਨੂੰ ਇਕੋ ਨਜ਼ਰ ਨਾਲ ਵੇਖੋ, ਸਾਰੇ ਇਲਾਕਿਆਂ ਵਿਚ ਵਿਦਿਆ ਦੇ ਪ੍ਰਸਾਰ ਲਈ ਕੰਮ ਕਰੋ । (ਵਿਘਨ)

ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਇਸ ਬਜਟ ਵਿਚ ਟੀਚਰਾਂ ਬਾਰੇ ਕੁਝ ਨਹੀਂ ਕਿਹਾ ਗਿਆ । ਉਨ੍ਹਾਂ ਨੇ ਭੁਖ ਹੜਤਾਲਾਂ ਕੀਤੀਆਂ, ਅੰਦੋਲਨ ਚਲਦੇ ਰਹੇ, ਉਨ੍ਹਾਂ ਬਾਰੇ ਵੀ ਇਸ ਵਿਚ ਜ਼ਿਕਰ ਆਉਣਾ ਚਾਹੀਦਾ ਸੀ । ਇਹ ਜਿਹੜਾ ਗਰੇਡੇਸ਼ਨ ਦਾ ਸਪੈਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਹੈ ਇਹ ਬਹੁਤ ਲੰਮਾ ਸਪੈਨ ਹੈ ਇਸ ਨੂੰ ਘਟਾਉਣਾ ਚਾਹੀਦਾ ਸੀ, ਹੋਰ ਨਹੀਂ ਤਾਂ 1973-74 ਦੇ ਸਪੈਨ ਨੂੰ ਹੀ ਘਟਾ ਦਿਤਾ ਜਾਂਦਾ । ਮੈਂ ਕਹਿੰਦਾ ਹਾਂ ਕਿ ਜੇਕਰ ਨਵਾਂ ਫੈਸਲਾ ਨਹੀਂ ਕਰਨਾ ਤਾਂ ਘੱਟੋ ਘੱਟ ਪੁਰਾਣੇ ਫੈਸਲੇ ਤਾਂ ਲਾਗੂ ਕਰਨੇ ਚਾਹੀਦੇ ਹਨ । ਇਹ ਉਨ੍ਹਾਂ ਦੀ ਜਾਇਜ਼ ਮੰਗ ਹੈ ਸਰਕਾਰ ਨੂੰ ਪਰਵਾਨ ਕਰ ਲੈਣੀ ਚਾਹੀਦੀ ਹੈ, ਪਰ ਇਸ ਬਜਟ ਵਿਚ ਸਪੈਨ ਬਾਰੇ ਕੁਝ ਨਹੀਂ ਕਿਹਾ ਗਿਆ, ਮੈਂ ਆਸ ਕਰਦਾ ਹਾਂ ਕਿ ਵਿੱਤ ਮੰਤਰੀ ਸਾਹਿਬ ਬਾਰੇ ਆਪਣੀ ਜਵਾਬੀ ਸਪੀਚ ਵਿਚ ਜ਼ਰੂਰ ਜ਼ਿਕਰ ਕਰਨਗੇ ਕਿ ਸਪੈਨ ਘਟਾ ਦਿਤਾ ਜਾਵੇਗਾ ।

ਹੁਣ ਮੈਂ ਹੈਲਥ, ਫੈਮਲੀ ਪਲਾਨਿੰਗ, ਬਾਰੇ ਚਲਦਾ ਜ਼ਿਕਰ ਕਰਾਂਗਾ । ਮੈਨੂੰ ਪੀ. ਜੀ. ਆਈ. ਵਿਚ ਜਾਣ ਦੀ ਲੋੜ ਪਈ । ਮੈਂ ਸਮਝਦਾ ਹਾਂ ਕਿ ਇਹ ਸਾਡਾ ਆਪਣਾ ਇੰਸਟੀਚਿਊਸ਼ਨ ਹੈ, ਇਹ ਸਾਡੇ ਦੇਸ਼ ਵਿਚ ਲਗ ਭਗ ਸਾਰੇ ਮੈਡੀਕਲ ਇੰਸਟੀਚਿਊਸ਼ਨਾਂ ਨਾਲੋਂ ਵੱਡਾ ਹੈ । ਸਾਡੇ ਚੀਫ਼ ਮਨਿਸਟਰ ਸਾਹਿਬ ਵੀ ਉਥੇ ਜਾ ਕੇ ਆਏ ਹਨ । ਇਸ ਵਿਚ ਹੁਣ ਤਾਂ ਸਾਰੇ ਦੇਸ਼ ਦੇ ਮਰੀਜ਼ ਆਉਣ ਲੱਗ ਪਏ ਹਨ । ਇਸ ਇੰਸਟੀਚਿਊਸ਼ਨ ਦੀ ਉਨਤੀ ਵਾਸਤੇ ਸਾਡੀ ਸਭ ਤੋਂ ਵੱਧ ਜ਼ਿੰਮੇਵਾਰੀ ਬਣਦੀ ਹੈ । ਇਥੇ ਪੰਜਾਬ ਦੇ, ਹਰਿਆਣੇ ਦੇ ਅਤੇ ਦੂਰ ਦੂਰ ਦੇ ਮਰੀਜ਼ ਆਉਂਦੇ ਹਨ ਅਤੇ ਕਸ਼ਮੀਰ ਤੋਂ ਵੀ ਲੋਕ ਇਥੇ ਆਉਂਦੇ ਹਨ । ਉਸ ਵਿਚ ਜੋ ਵੀ ਕੋਈ ਕਮੀ ਹੈ ਸਾਨੂੰ ਪੂਰੀ ਕਰਨੀ ਚਾਹੀਦੀ ਹੈ । ਸਵਰਗੀ ਪ੍ਰਤਾਪ ਸਿੰਘ ਕੈਰੋਂ ਦਾ ਇਹ ਆਈਡੀਆ ਸੀ ਅਤੇ ਉਨ੍ਹਾਂ ਦੇ ਆਈਡੀਏ ਨਾਲ ਹੀ ਇਹ ਬਣਿਆ ਸੀ । ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਸ ਨੂੰ ਓਨ ਕਰੀਏ ਅਤੇ ਉਸ ਦੀ ਡਿਵੈਲਪਮੈਂਟ ਲਈ ਕੁਝ ਕਰੀਏ, ਕੋਈ ਗਰਾਂਟ ਦੇਈਏ ਪਰ ਉਸ ਦਾ ਵੀ ਜ਼ਿਕਰ ਇਸ ਵਿਚ ਨਹੀਂ ਆਇਆ । ਜਿਥੇ ਬਾਕੀ ਮੈਡੀਕਲ ਏਡ ਦਾ ਜ਼ਿਕਰ ਆਇਆ ਹੈ ਉਥੇ ਇਸ ਬਾਰੇ ਵੀ ਤਵਜੁਹ ਦੇਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕੁਝ ਹੋਰ ਗਰਾਂਟ ਦੇ ਕੇ ਪੀ. ਜੀ. ਆਈ. ਨੂੰ ਹੋਰ ਸਵਾਰਨਾ ਚਾਹੀਦਾ ਹੈ ਤਾਂ ਕਿ ਇਹ ਹਿੰਦੁਸਤਾਨ ਦਾ ਇਕ ਬਹੁਤ ਵਧੀਆ ਇੰਸਟੀਚਿਊਟ ਬਣ ਸਕੇ ਅਤੇ ਸਾਨੂੰ ਇਸ ਤੇ ਫ਼ਖਰ ਹੋ ਸਕੇ । ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡੀ ਤਵਜੁਹ ਸਫ਼ਾ 15 ਤੇ ਕੁਝ ਆਈਟਮਜ਼ ਵੱਲ ਦਿਵਾਵਾਂਗਾ ।

ਇਥੇ ਇੰਡਸਟਰੀਜ਼ ਦੇ ਬਾਰੇ ਵਿਚ ਇਨ੍ਹਾਂ ਨੇ ਕਿਹਾ ਹੈ:

"The credit needs of the industry continued to be met by the Punjab Financial Corporation and also by the Government under the State Aid to Industries Act. The Punjab Financial Corporation, besides giving loans, also under writes equity and preference shares. Government have decided to start an investment wing in the Punjab State Industrial Development Corporation for participating in equity capital and for advancing loans to entrepreneurs.

ਡਿਪਟੀ ਸਪੀਕਰ ਸਾਹਿਬ ਇਸ ਦੇ ਰਾਹੀਂ ਇਹ ਕਹਿੰਦੇ ਹਨ ਕਿ ਜੁਆਇੰਟ ਸੈਕਟਰ ਬਣਾਉਣਾ ਹੈ । ਮੈਂ ਇਸ ਬਾਰੇ ਤੁਹਾਡਾ ਧਿਆਨ ਦਿਵਾਵਾਂਗਾ ਕਿ ਇਹ ਇਕ ਬਹੁਤ ਵੱਡਾ ਫਰਾਡ ਹੈ । ਜ਼ਿਆਦਾ ਵਿਸਥਾਰ ਵਿਚ ਮੈਂ ਨਹੀਂ ਜਾਂਦਾ । ਮਹਿਜ਼ ਇਕੋ ਇਸ ਕਿਸਮ ਦੇ ਯੂਨਿਟ ਦਾ ਜ਼ਿਕਰ ਕਰਾਂਗਾ । ਵੈਸੇ ਤਾਂ ਹਰ ਇਕ ਯੂਨਿਟ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਨਿਕਲਣੀਆਂ ਹਨ । ਇੱਕ ਯੂਨਿਟ ਹੈ ਪੰਜਾਬ ਆਨੰਦ ਬੈਟਰੀਜ਼ । ਇਸ ਦੇ ਵਿਚ 1 ਕਰੋੜ 60 ਲੱਖ ਰੁਪਏ ਦੀ ਇਨਵੈਸਟਮੈਂਟ ਹੈ । ਇਸ ਦੇ ਵਿਚੋਂ ਜਿਹੜੇ ਇਸ ਦੇ ਮਾਲਿਕ ਹਨ ਆਨੰਦ ਬੈਟਰੀਜ਼ ਵਾਲੇ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਮਹਿਜ਼ 6 ਲੱਖ ਰੁਪਏ ਦਾ ਸਰਮਾਇਆ ਇਸ ਵਿਚ ਇਨਵੈਸਟ ਕਰਨਾ ਹੈ । ਇਨ੍ਹਾਂ ਨੂੰ 20 ਲੱਖ ਰੁਪਿਆ ਪੰਜਾਬ ਫਾਈਨੈਂਨਸ਼ਲ ਕਾਰਪੋਰੇਸ਼ਨ ਨੇ ਕਲੀਨ ਲੋਨ ਦਿਤਾ ਹੈ, ਬਗੈਰ ਕਿਸੇ ਸਕਿਊਰਟੀ ਦੇ ਅਗੇਂਸਟ ਜਾਂ ਜਾਇਦਾਦ ਦੇ ਅਗੇਂਸਟ । ਹੁਣ ਇਸ ਦਾ ਹਸ਼ਰ ਕੀ ਹੋਵੇਗਾ ? ਆਨੰਦ ਸਾਹਿਬ ਆਪ ਤਾਂ ਇਸ ਦੇ ਡਿਪਟੀ ਚੇਅਰਮੈਨ ਹਨ ਅਤੇ ਉਨ੍ਹਾਂ ਦੇ ਜਵਾਈ ਇਸ ਦੇ ਮੈਨੇਜਿੰਗ ਡਾਇਰੈਕਟਰ ਹਨ । ਇਹ ਵੱਡੀਆਂ ਵੱਡੀਆਂ ਤਨਖਾਹਾਂ ਲੈਂਦੇ ਹਨ । ਇਕ ਜਿਹੜਾ ਬਹੁਤ ਵੱਡਾ ਫਰਾਡ ਕੀਤਾ ਹੈ ਉਹ ਇਹ ਹੈ ਕਿ ਸਾਰੇ ਸ਼ੇਲ ਰਾਈਟਸ ਆਨੰਦ ਸਾਹਿਬ ਨੇ ਲੈ ਲਏ ਹਨ । ਇਸ ਨਾਲ ਜਿਹੜੀਆਂ ਹੁਣ ਤੱਕ ਏਜੰਸੀਆਂ ਦਿਤੀਆਂ ਹਨ ਉਸ ਨਾਲ ਉਨ੍ਹਾਂ ਨੇ 30 ਲੱਖ ਰੁਪਿਆ ਕਮਾ ਲਿਆ ਹੈ । ਜਿਸ ਤਰ੍ਹਾਂ ਪਾਰਲੀਮੈਂਟ ਵਿਚ ਮਾਰੂਤੀ ਕਾਰ ਦਾ ਜ਼ਿਕਰ ਚੱਲ ਰਿਹਾ ਹੈ । ਇਹ ਤਾਂ ਪਤਾ ਨਹੀਂ ਕਦੋਂ ਬਣੇਗੀ ਪਰ ਇਸ ਦੀਆਂ ਏਜੰਸੀਆਂ ਵਿਕ ਰਹੀਆਂ ਹਨ । ਚੰਡੀਗੜ੍ਹ ਦੀ ਏਜੰਸੀ ਢਾਈ ਲੱਖ ਰੁਪਏ ਵਿਚ ਵਿਕੀ ਹੈ ਅਤੇ ਇਸ ਤਰ੍ਹਾਂ ਤਿੰਨ ਕਰੋੜ ਰੁਪਿਆ ਉਨ੍ਹਾਂ ਨੇ ਖੱਟ ਲਿਆ ਹੈ । ਇਸੇ ਤਰ੍ਹਾਂ ਪੰਜਾਬ ਆਨੰਦ ਬੈਟਰੀਜ਼ ਵਾਲੇ ਵੀ 30 ਲੱਖ ਰੁਪਿਆ ਬਟੋਰ ਗਏ ਹਨ । ਵੈਸੇ ਪੰਜਾਬ ਸਰਕਾਰ ਉਸ ਵਿਚ ਹਿੱਸੇਦਾਰ ਹੈ ਪਰ ਇਸ ਵਿਚ ਇਨ੍ਹਾਂ ਨੂੰ ਕੋਈ ਹਿੱਸਾ ਨਹੀਂ ਮਿਲਿਆ । ਇਹ ਜੁਆਇੰਟ ਸੈਕਟਰ ਕੈਪੀਟਲਿਸਟਾਂ ਅਤੇ ਮੁਨਾਪਲਿਸਟਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਅਤੇ ਆਪ ਫ਼ਾਇਦਾ ਲੈਣ ਲਈ ਬਣਾਏ ਗਏ ਹਨ । ਮੈਂ ਬੇਨਤੀ ਕਰਾਂਗਾ ਕਿ ਇਸ ਹਾਊਸ ਦੀ ਇਕ ਕਮੇਟੀ ਸੈਟ ਅਪ ਹੋਣੀ ਚਾਹੀਦੀ ਹੈ ਜਿਹੜੀ ਕਿ ਇਸ ਸਿਲਸਿਲੇ ਵਿਚ ਪੜਤਾਲ ਕਰ ਸਕੇ ਅਤੇ ਇਸ ਕਮੇਟੀ ਵਿਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ ।

ਡਿਪਟੀ ਸਪੀਕਰ ਸਾਹਿਬ, ਸੈਂਟਰ ਅਤੇ ਸਟੇਟ ਦੇ ਫਾਇਨੈਂਨਸ਼ਲ ਰਿਲੇਸ਼ਨਜ਼ ਜਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ, ਉਸ ਤਰ੍ਹਾਂ ਦੇ ਨਹੀਂ ਹਨ, ਸਾਨੂੰ ਹਰ ਵੇਲੇ ਸੈਂਟਰ ਵੱਲ ਹੱਥ ਪਸਾਰ ਕੇ ਬੈਠਣਾ ਪੈਂਦਾ ਹੈ ਕਿਉਂਕਿ ਮੇਜਰ ਫਾਈਨੈਂਨਸ਼ਲ ਰਿਸੋਰਜ਼ ਸੈਂਟਰ ਕੋਲ ਹਨ । ਸੈਂਟਰ ਨੂੰ ਡਿਊਟੀਜ਼ ਵਗੈਰਾ ਤੋਂ ਬਹੁਤ ਆਮਦਨ ਹੁੰਦੀ ਹੈ ਪਰ ਇਹ ਸਾਰੀ ਦੀ ਸਾਰੀ ਸੈਂਟਰ ਪਾਸ ਹੀ ਰਹਿੰਦੀ ਹੈ । ਸਟੇਟਸ ਵਾਲੇ ਫਿਰ ਉਨ੍ਹਾਂ ਕੋਲ ਲਾਈਕ ਬੇਗਰਜ਼ ਜਾਂਦੇ ਹਨ । ਇਹ ਮੁਨਾਸਿਬ ਨਹੀਂ । ਇਹ ਸੈਂਟਰ ਦੀ ਡਿਸਕਰੀਸ਼ਨ ਤੇ ਰਹਿ ਜਾਂਦਾ ਹੈ ਕਿ ਪੈਸੇ ਦੇਣੇ ਹਨ ਜਾਂ ਨਹੀਂ । ਮੈਂ ਫੋਰਥ ਫਾਈਵ ਈਅਰ ਪਲਾਨ ਸਟੱਡੀ ਕੀਤੀ ਹੈ । ਇਸ ਵਿਚ ਤਕਰੀਬਨ 70 ਫ਼ੀ ਸਦੀ ਡਿਸਕਰਿਸ਼ਨਰੀ ਫੰਡਜ਼ ਰੱਖੇ ਹੋਏ ਹਨ । ਇਹ ਕਾਰਣ ਹੈ ਕਿ ਪੰਜਾਬ ਦੇ ਵਿਚ ਕੋਈ ਵੱਡੀ ਇੰਡਸਟਰੀ ਨਹੀਂ ਲੱਗੀ । ਇਕੋ ਸਫੈਦ ਹਾਥੀ ਨੰਗਲ ਫਰਟੇਲਾਈਜ਼ਰਜ਼ ਇਨ੍ਹਾਂ ਨੇ ਬੰਨ ਦਿਤਾ ਹੈ, ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਚੁਕ ਲੈ ਜਾਓ ਪਰ ਉਹ ਚੁਕ ਕੇ ਲੈ ਜਾਣ ਨੂੰ ਤਿਆਰ ਨਹੀਂ । ਪਤਾ ਨਹੀਂ ਸੈਂਟਰ ਦੇ ਮਨ ਵਿਚ ਪੰਜਾਬ ਲਈ ਕਿਉਂ ਵਿਤਕਰਾ ਹੈ । ਪੰਜਾਬ ਨੂੰ ਕੋਈ ਇਸ ਕਿਸਮ ਦੀ ਏਡ ਨਹੀਂ ਮਿਲਦੀ । ਪੰਜਾਬ ਦੀ ਇਕਾਨਮੀ ਬਿਲਕੁਲ ਸੇਟਰ ਹੋ ਚੁਕੀ ਹੈ, ਪਿਛਲੀਆਂ ਵਾਰਜ਼ ਕਾਰਣ । ਆਦਮੀ ਪੰਜਾਬ ਦੇ ਮਰੇ, ਪੰਜਾਬ ਦਾ ਨੁਕਸਾਨ ਹੋਇਆ, ਲੋਕੀਂ ਉਜੜੇ ਪੰਜਾਬ ਦੇ । ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਇਸ ਦਾ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਨੂੰ ਇਤਨੇ ਕਰੋੜ ਰੁਪਿਆ ਖਾਣ ਪੀਣ ਖਾਤਰ ਦਿਤਾ ਹੈ । ਨੁਕਸਾਨ ਪੰਜਾਬ ਦਾ ਹੋਇਆ ਪਰ ਸੈਂਟਰ ਨੇ ਇਸ ਨੁਕਸਾਨ ਨੂੰ ਪੂਰਾ ਕਰਨ ਵਾਸਤੇ ਕੋਈ ਮੱਦਦ ਨਹੀਂ ਦਿਤੀ । ਫਿਰ ਡਿਪਟੀ ਸਪੀਕਰ ਸਾਹਿਬ ਬਿਜਲੀ ਦਾ ਸੰਕਟ ਆਇਆ । ਇਸ ਕਾਰਣ, ਵਜ਼ੀਰ ਸਾਹਿਬ ਨੇ ਆਪ ਮੰਨਿਆ ਹੈ, ਸਾਡੀ ਇੰਡਸਟਰੀ ਨੂੰ 120 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ 100 ਕਰੋੜ ਰੁਪਏ ਦਾ ਸਾਡੇ ਕਿਸਾਨਾਂ ਨੂੰ ਨੁਕਸਾਨ ਹੋਇਆ ਹੈ । ਇਸ ਲਈ ਪਿਛਲੀ ਜੰਗ ਵਾਲੇ ਨੁਕਸਾਨ ਨੂੰ ਛੱਡ ਕੇ ਪੰਜਾਬ ਦਾ 220 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਪਰ ਸਾਨੂੰ ਕਿਸੇ ਤਰ੍ਹਾਂ ਵੀ ਕੰਪਨਸ਼ੇਟ ਨਹੀਂ ਕੀਤਾ ਗਿਆ । ਜੰਗ ਵੇਲੇ ਭਾਖੜਾ ਡੈਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਦਾ ਪਾਣੀ ਖੁਲ੍ਹਾ ਛੱਡ ਦਿਤਾ ਗਿਆ ਸੀ ਅਤੇ ਕਿਸਾਨਾਂ ਨੂੰ ਪਾਣੀ ਘੱਟ ਮਿਲਿਆ । ਇਹ ਪੰਜਾਬ ਦੀ ਲਾਇਬਿਲਟੀ ਨਹੀਂ ਸੀ । ਸਾਨੂੰ ਕਿਹਾ ਗਿਆ ਕਿ ਸਤਪੁਰਾ ਤੋਂ ਬਿਜਲੀ ਮਿਲੇਗੀ । ਪਰ ਬਿਜਲੀ ਨਹੀਂ ਆਈ । ਰਾਜਸਥਾਨ ਦੀ ਅਸੈਂਬਲੀ ਵਿਚ ਇਸ ਬਾਰੇ ਬਹਿਸ ਹੋਈ । ਉਥੇ ਇਹ ਕਿਹਾ ਗਿਆ ਕਿ ਸਤਪੁੜੇ ਦੀ ਬਿਜਲੀ ਪੰਜਾਬ ਨੂੰ ਨਹੀਂ ਪਹੁੰਚ ਸਕਦੀ । ਇਥੇ ਵਜ਼ੀਰ ਸਾਹਿਬ ਲਾਰੇ ਲਾਉਂਦੇ ਰਹੇ ਹਨ ਅਤੇ ਪੰਜਾਬ ਦੀ ਐਗਰੀਕਲਚਰ ਤਬਾਹ ਹੋ ਗਈ ਪਰ ਸੈਂਟਰ ਵਲੋਂ ਸਾਨੂੰ ਕੰਪਨਸੇਟ ਨਹੀਂ ਕੀਤਾ ਗਿਆ । ਦਿੱਲੀ ਦੀ ਹਾਲਤ ਵੇਖੋ । ਉਥੇ ਸਾਰਾ ਦਿਨ ਫਵਾਰੇ ਚਲਦੇ ਹਨ, ਉਥੇ ਸਾਰੀ ਰਾਤ ਬਿਜਲੀ ਚਲਦੀ ਰਹਿੰਦੀ ਹੈ । ਉਥੇ ਬਿਜਲੀ ਵਾਧੂ ਫੂਕੀ ਜਾਂਦੀ ਹੈ। ਉਥੇ ਭਾਖੜੇ ਦੀ ਬਿਜਲੀ ਘੱਟ ਰੇਟ ਤੇ ਜਾਂਦੀ ਹੈ । ਜੇ ਹਮਲਾਵਰ ਪੰਜਾਬ ਦਾ ਨੁਕਸਾਨ ਕਰਦਾ ਹੈ ਤਾਂ ਉਨ੍ਹਾਂ ਦੇ ਦਿਲ ਵਿਚ ਇਹ ਨਹੀਂ ਆਇਆ ਕਿ ਪੰਜਾਬ ਦੀ ਕੋਈ ਮੱਦਦ ਕਰੀਏ । ਫੋਕੇ ਨਾਹਰੇ ਇਥੇ ਸਾਡੇ ਵਜ਼ੀਰ ਮਾਰੀ ਜਾਂਦੇ ਹਨ ਅਤੇ ਸੈਂਟਰ ਵਾਲੇ ਟਾਰਾਂ ਇਥੇ ਮਾਰ ਕੇ ਚਲੇ ਜਾਂਦੇ ਹਨ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜੋ ਸੈਂਟਰ ਦੇ ਰਿਸੋਰਸਿਜ਼ ਬਣਦੇ ਹਨ ਉਸ ਦੇ ਵਿਚੋਂ ਸਟੈਚੂਟਰੀ ਹਿੱਸਾ ਸਟੇਟਾਂ ਨੂੰ ਮਿਲਣਾ ਚਾਹੀਦਾ ਹੈ । ਇਸ ਦੇ ਲਈ ਜੇ ਲੋੜ ਪਵੇ ਤਾਂ ਵਿਧਾਨ ਵਿਚ ਵੀ ਤਰਮੀਮ ਕਰਨੀ ਚਾਹੀਦੀ ਹੈ । ਸੂਬਿਆਂ ਦਾ ਜਿਨ੍ਹਾ ਹੱਕ ਮੁਨਾਸਿਬ ਹੈ ਉਹ ਮਿਲਣਾ ਚਾਹੀਦਾ ਹੈ । ਕਈ ਸੂਬੇ ਐਸੇ ਹਨ ਜਿਹੜੇ ਕਿ ਕੰਮ ਕਰਨਾ ਚਾਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਰਿਆਂ ਸੂਬਿਆਂ ਦਾ ਟੂਰ ਕਰਕੇ ਆਏ ਹੋ । ਤੁਸੀਂ ਵੇਖਿਆ ਹੋਣਾ ਹੈ ਕਿ ਕਈ ਸੂਬਿਆਂ ਵਿਚ ਆਦਮੀ ਕੰਮ ਨਹੀਂ ਕਰਦੇ, ਜ਼ਨਾਨੀਆਂ ਕੰਮ ਕਰਦੀਆਂ ਹਨ । ਉਨ੍ਹਾਂ ਨੂੰ ਕੰਮ ਕਰਨ ਦਾ ਸ਼ੌਕ ਨਹੀਂ । ਪਰ ਜਿਹੜਾ ਸੂਬਾ ਕੁਝ ਕਰਨਾ ਚਾਹੁੰਦਾ ਹੈ ਅਤੇ ਜਿਸ ਦੇ ਲੋਕ ਦਿਨ ਰਾਤ ਮਿਹਨਤ ਕਰਦੇ ਹਨ ਉਨ੍ਹਾਂ ਨੂੰ ਕੁਝ ਵਾਧੂ ਫਾਈਨਾਂਸਿਜ਼ ਦੇਣੇ ਚਾਹੀਦੇ ਹਨ । ਲੇਕਿਨ ਕਿਹਾ ਜਾਂਦਾ ਹੈ ਕਿ ਤੁਹਾਡਾ ਸੂਬਾ ਤਾਂ ਅੱਗੇ ਹੀ ਬੜੀ ਤਰੱਕੀ ਕਰ ਰਿਹਾ ਹੈ । ਤੁਹਾਡੀ ਪਰ ਕੈਪੀਟਾ ਇਨਕਮ ਕਾਫੀ ਵੱਧ ਹੈ । ਜਦੋਂ ਮੀਟਿੰਗਾਂ ਹੁੰਦੀਆਂ ਹਨ ਤਾਂ ਉਥੇ ਇਤਰਾਜ਼ ਕੀਤਾ ਜਾਂਦਾ ਹੈ ਕਿ ਤੁਹਾਡੇ ਸੂਬੇ ਦੀ ਹਾਲਤ ਤਾਂ ਪਹਿਲਾਂ ਹੀ ਕਾਫੀ ਅੱਛੀ ਹੈ, ਹੁਣ ਬਿਹਾਰ ਵਾਲਿਆਂ ਦੀ ਹਾਲਤ ਠੀਕ ਕਰ ਲੈਣ ਦਿਓ । ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ । ਰਿਜ਼ਨਲ ਇਮਬੈਲੈਂਸਿਜ਼ ਖਤਮ ਹੋਣੇ ਚਾਹੀਦੇ ਹਨ । ਇਸ ਗੱਲ ਨੂੰ ਕੋਈ ਡਿਨਾਈ ਨਹੀਂ ਕਰ ਸਕਦਾ । ਮੈਂ ਬੇਨਤੀ ਕਰਾਂਗਾ ਕਿ ਰਿਜ਼ਨਲ ਇਮਬੈਲੈਂਸਜ਼ ਨੂੰ ਦੂਰ ਕਰਨ ਬਾਰੇ ਇਸ ਬਜਟ ਵਿਚ ਕੋਈ ਜ਼ਿਕਰ ਨਹੀਂ ਆਇਆ ਅਤੇ ਨਾ ਹੀ ਸਪੀਚ ਵਿਚ ਜ਼ਿਕਰ ਕੀਤਾ ਹੈ । ਜਦੋਂ ਤੱਕ ਇਹ ਦੂਰ ਨਹੀਂ ਹੁੰਦੇ ਅਤੇ ਸੈਂਟਰਲ ਪੂਲ ਰਿਸੋਰਸਿਜ਼ ਵਿਚ ਸਟੈਚੂਟਰੀ ਰਾਈਟ ਸੂਬਿਆਂ ਦਾ ਨਹੀਂ ਬਣਦਾ ਉਸ ਵੇਲੇ ਤਕ ਸਾਡੀ ਆਰਥਕ ਹਾਲਤ ਇਸ ਤੋਂ ਬਿਹਤਰ ਨਹੀਂ ਹੋ ਸਕਦੀ ਅਤੇ ਅਸੀਂ ਬਹੁਤ ਤਰੱਕੀ ਨਹੀਂ ਕਰ ਸਕਦੇ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪਲਾਨਿੰਗ ਬੋਰਡ ਬਣਾ ਦਿਤਾ ਹੈ । ਇਹ ਚੰਗਾ ਕਦਮ ਹੈ। ਲੇਕਿਨ ਪਲਾਨਿੰਗ ਬੋਰਡ ਵਾਲਿਆਂ ਨੂੰ ਇਹ ਪਤਾ ਨਹੀਂ ਕਿ ਸਾਡੇ ਰਿਸੋਰਸਜ਼ ਕੀ ਹਨ ਅਤੇ ਸੈਂਟਰ ਤੋਂ ਸਾਨੂੰ ਕਿਤਨਾ ਪੈਸਾ ਮਿਲਣਾ ਹੈ । ਸਿਰਫ ਇਤਨਾ ਸੈਂਟਰ ਦੱਸਦਾ ਹੈ ਕਿ ਇਸ ਵਾਰੀ ਅਸੀਂ ਪਲਾਨ ਤੇ ਇਤਨਾ ਖਰਚ ਕਰਨਾ ਹੈ ਅਤੇ ਉਸ ਦੇ ਲਈ ਸਕੀਮਾਂ ਪਲਾਨਿੰਗ ਬੋਰਡ ਨੇ ਬਣਾਉਣੀਆਂ ਹਨ । ਪਲਾਨਿੰਗ ਬੋਰਡ ਉਦੋਂ ਕਾਮਯਾਬ ਹੋ ਸਕਦਾ ਹੈ ਜਦ ਪਤਾ ਹੋਵੇ ਕਿ ਸਾਡੇ ਫਾਈਨਾਂਸ਼ਲ ਰਿਸੋਰਸਿਜ਼ ਕੀ ਹਨ । ਮੈਂ ਬੇਨਤੀ ਕਰਦਾ ਹਾਂ ਕਿ ਸੂਬਿਆਂ ਨੂੰ ਫਾਈਨਾਂਸ਼ਲ ਅਟਾਨਮੀ ਮਿਲਣੀ ਚਾਹੀਦੀ ਹੈ । ਜਿਹੜੇ ਪੈਸੇ ਇਹ ਬਹੁਤ ਸਾਰੇ ਟੈਕਸ ਲਾ ਕੇ ਸੈਂਟਰ ਕੋਲ ਜਾਣੇ ਹਨ ਇਹ ਸੂਬੇ ਵਿਚ ਹੀ ਰਹਿਣੇ ਚਾਹੀਦੇ ਹਨ । ਸੂਬਿਆਂ ਨੂੰ ਆਪਣੀ ਮਰਜ਼ੀ ਨਾਲ ਟੈਕਸ ਲਾਉਣ ਦਾ ਇਖ਼ਤਿਆਰ ਹੋਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਇਸ ਨਾਲ ਹੀ ਮੈਂ ਇਹ ਵੀ ਕਹਿਣਾ ਚਾਹਵਾਂਗਾ ਕਿ ਫੂਡ ਸੂਬੇ ਦਾ ਸਬਜੈਕਟ ਹੈ। ਫੂਡ ਦੀ ਪ੍ਰਾਈਸ ਮੁਕੱਰਰ ਕਰਨ ਦਾ, ਫੂਡ ਦੀ ਪਾਲਿਸੀ ਬਣਾਨ ਦਾ ਵੀ ਸੂਬੇ ਨੂੰ ਅਧਿਕਾਰ ਹੋਣਾ ਚਾਹੀਦਾ ਹੈ। ਉਥੇ ਬੈਠੇ ਬਿਨਾਂ ਵੇਖਿਆਂ ਕਿ ਸਾਡਾ ਕੀ ਖਰਚ ਹੈ, ਭਾਅ ਬੰਨ੍ਹ ਦਿੰਦੇ ਹਨ। ਔਰ ਬੰਨ੍ਹਦਾ ਵੀ ਕੌਣ ਹੈ ਜਿਨ੍ਹਾਂ ਨੇ ਕਦੇ ਖੇਤ ਵੀ ਨਹੀਂ ਵੇਖੇ ਹੁੰਦੇ, ਉਹ ਲੋਕ ਜਿਨ੍ਹਾਂ ਨੂੰ ਇਸ ਬਾਰੇ ਪਤਾ ਹੀ ਨਹੀਂ ਹੁੰਦਾ ਉਹ .76 ਰੁਪਏ ਦਾਂ ਭਾਅ ਬੰਨ੍ਹ ਦਿੰਦੇ ਹਨ। ਇਸ ਲਈ ਸੂਬੇ ਨੂੰ ਪੂਰਾ ਅਖਤਿਆਰ ਹੋਣਾ ਚਾਹੀਦਾ ਹੈ ਅਤੇ ਸੂਬਾਈ ਤੌਰ ਉਤੇ ਭਾਅ ਮੁਕੱਰਰ ਕੀਤੇ ਜਾਣੇ ਚਾਹੀਦੇ ਹਨ। ਕਿਸਾਨ ਨੂੰ ਉਹ ਭਾਅ ਦਿਤੇ ਜਾਣ ਜਿਹੜੇ ਕਿ ਉਸ ਕਿਸਾਨ ਦੇ ਖਰਚ ਨੂੰ ਉਸ ਦੀ ਮਿਹਨਤ ਨੂੰ ਮੱਦੇਨਜ਼ਰ ਰੱਖ ਕੇ ਬੰਨੇ ਜਾਣ।

ਮੈਂ ਇਸ ਦੇ ਬਾਰੇ ਇਹ ਵੀ ਕਹਿਣਾ ਚਾਹਵਾਂਗਾ ਕਿ ਇਨ੍ਹਾਂ ਨੇ ਅੰਕੜੇ ਦੱਸੇ ਹਨ ਕਿ ਇਤਨੀ ਪੈਦਾਵਾਰ ਹੋਵੇਗੀ ਸੂਬੇ ਦੀ। ਸਾਡਾ ਸੂਬਾ ਅਗਰੀਕਲਚਰਲ ਸੂਬਾ ਹੈ। ਜੇਕਰ ਐਗਰੀਕਲਚਰਲ ਪੈਦਾਵਾਰ ਚੰਗੀ ਹੋ ਜਾਵੇ ਤਾਂ ਸਾਡੀ ਹਾਲਤ ਵੀ ਚੰਗੀ ਹੋ ਜਾਂਦੀ ਹੈ ਅਤੇ ਜੇਕਰ ਘੱਟ ਹੋਵੇ ਤਾਂ ਸਾਡੀ ਹਾਲਤ ਵੀ ਮਾੜੀ ਹੋ ਜਾਂਦੀ ਹੈ। ਕਿਉਂਕਿ ਅਸੀਂ ਇੰਡਸਟਰੀ ਵਿਚ ਐਡਵਾਂਸ ਨਹੀਂ ਹਾਂ। ਜਿਹੜੇ ਅੰਕੜੇ ਇਨ੍ਹਾਂ ਨੇ ਦਿਤੇ ਹਨ ਮੈਂ ਹੁਣ ਉਹ ਦੱਸਦਾ ਹਾਂ। ਮੈਂ ਡਿਪਟੀ ਸਪੀਕਰ ਸਾਹਿਬ ਤੁਹਾਡਾ ਧਿਆਨ ਪਹਿਲੇ ਸਫੇ ਤੇ ਪੈਰਾ ਦੋ ਵੱਲ ਦਿਵਾਉਂਦਾ ਹਾਂ ਇਨ੍ਹਾਂ ਨੇ ਲਿਖਿਆ ਹੈ:

> The production of foodgrains in the year 1971-72 rose to 79.25 lakh tonnes showing an increase of 8.49 per cent.

ਇਹ ਕਿਸ ਸਮੇਂ ਦੀ ਗੱਲ ਕਰਦੇ ਹਨ, ਜਦੋਂ ਕਿ ਇਥੇ ਅਕਾਲੀ ਸਰਕਾਰ ਸੀ। ਇਹ ਅੰਕੜੇ 1971-72 ਦੇ ਹਨ ਜਿਹੜੇ ਕਿ ਅਕਾਲੀ ਸਰਕਾਰ ਦੇ ਵੇਲੇ ਦੇ ਹਨ। ਜਿਹੜੇ ਇਨ੍ਹਾਂ ਦੀ ਸਰਕਾਰ ਦੇ ਸਮੇਂ ਦੇ ਹਨ ਉਹ ਅੰਕੜੇ ਵੀ ਮੈਂ ਅਗੇ ਦਸਾਂਗਾ। ਇਹ ਸਮਾਂ ਤਾਂ 1971-72 ਦਾ ਹੈ (ਵਿਘਨ) ਇਨ੍ਹਾਂ ਨੂੰ ਸਮਝ ਨਹੀਂ ਹੈ ਕਿ ਇਹ ਪੀਰੀਅਡ ਕਿਹੜਾ ਹੁੰਦਾ ਹੈ। (ਵਿਘਨ) ਇਨ੍ਹਾਂ ਨੇ ਦੱਸਿਆ ਹੈ ਕਿ ਇਸ ਸਮੇਂ ਵਿਚ ਪੈਦਾਵਾਰ 79.25 ਲੱਖ ਟਨ ਵੱਧ ਗਈ ਸੀ ਇਸ ਤਰ੍ਹਾਂ ਹੀ ਰਾਈਸ ਦੀ ਪੈਦਾ-ਵਾਰ ਵਧ ਗਈ ਹੈ। ਇਨ੍ਹਾਂ ਦੀ ਪਰਸੈਂਟ ਦਸੀ ਹੈ ਕਿ ਕਣਕ 9.19 ਫੀ ਸਦੀ ਅਤੇ ਰਾਈਸ 33.72 ਫੀ ਸਦੀ ਵਧੀ ਹੈ। ਇਹ ਇਕ ਰਿਕਾਰਡ ਹੈ। ਇਸ ਤਰ੍ਹਾਂ ਹੀ ਉਸ ਸਮੇਂ ਦੂਸਰੀਆਂ ਜਿਨਸਾਂ ਦੀ ਪੈਦਾਵਾਰ ਵਿਚ ਵਾਧਾ ਹੋਇਆ ਹੈ। ਔਰ ਜਿਹੜੀ ਇਨ੍ਹਾਂ ਨੇ ਪੈਦਾਵਾਰ ਵਧਾਈ ਹੈ ਉਸਨੂੰ ਵੀ ਵੇਖ ਲਵੋ। ਉਹ ਅਗਲੇ ਪਹਿਰੇ ਵਿਚ ਵੇਖ ਲਵੋ ਪੇਜ ਦੋ ਉਪਰ ਇਨ੍ਹਾਂ ਨੇ ਲਿਖਿਆ ਹੈ:—

> The production of foodgrains is estimated to go up to 80 lakh tonnes during 1972-73.

ਇਹ ਕਹਿੰਦੇ ਹਨ ਕਿ 80 ਲੱਖ ਟਨ ਤਕ ਵੱਧ ਜਾਣ ਦਾ ਅਨੁਮਾਨ ਹੈ। ਪਹਿਲਾਂ ਕਿਤਨੀ ਸੀ, 79.25 ਲੱਖ ਟਨ ਅਤੇ ਇਨ੍ਹਾਂ ਨੇ ਵਧਾਈ ਕਿਤਨੀ ਹੈ 75 ਹਜ਼ਾਰ ਟਨ। ਇਹ ਇਨ੍ਹਾਂ ਨੇ ਆਪਣੇ ਸਮੇਂ ਵਾਧਾ ਕੀਤਾ ਹੈ। ਪਰ ਇਨ੍ਹਾਂ ਨੇ ਆਪਣੀ ਪਰਸੈਂਟੇਜ ਨਹੀਂ ਦਸੀ ਜਦੋਂ ਕਿ ਸਾਡੇ ਇਹ ਵਾਧਾ 33.72 ਪਰਸੈਂਟ ਹੋਇਆ ਹੈ ਤਾਂ ਇਨ੍ਹਾਂ ਦੇ ਸਮੇਂ ਦਾ ਵਾਧਾ ਅੱਧਾ ਪਰਸੈਂਟ ਬਣ ਜਾਂਦਾ ਹੈ। ਇਸ ਦੱਸਣ ਕਾਰਣ ਹੀ ਇਹ ਸ਼ਰਮਾ ਗਏ ਆਪਣੀ ਕਾਰਗੁਜ਼ਾਰੀ ਦੱਸਣ ਤੋਂ। ਵੈਸੇ ਤਾਂ ਇਸ ਵਿਚ ਵੀ ਬਿੱਗਿਸਟ ਲਾਈਜ਼ ਹੈ ਪਰ ਜੇਕਰ ਇਸ ਨੂੰ ਵੀ ਮੰਨ ਕੇ ਵੇਖਿਆ ਜਾਵੇ ਤਾਂ ਸਿਰਫ 75 ਹਜ਼ਾਰ ਟਨ ਦਾ ਵਾਧਾ ਕੀਤਾ ਹੈ, ਇਨ੍ਹਾਂ ਨੇ ਅਨਾਜ ਦੀ ਉਪਜ ਵਿਚ। ਪਰ ਇਹ ਕਿਉਂ ਹੈ ? ਕਿਉਂਕਿ ਇਹ ਰਾਂਗ ਪਾਲੀਸੀਜ਼ ਐਡਾਪਟ ਕਰਦੇ ਹਨ। ਇਹ ਉਹ ਐਗਰੀਕਲਚਰ ਪਾਲਸੀਜ਼ ਐਡਾਪਟ ਕਰਦੇ ਹਨ ਜਾਂ ਲੈਂਡ ਪਾਲਸੀਜ਼ ਐਡਾਪਟ ਕਰਦੇ ਹਨ ਜਿਨ੍ਹੀ ਨਾਲ ਕਿ ਲੋਕਾਂ ਦਾ ਇੰਪੈਟਸ ਖਤਮ ਹੋ ਜਾਂਦਾ ਹੈ। ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਸਾਹਿਬ, ਇਨ੍ਹਾਂ ਨੇ ਆਪਣੇ ਦਿਮਾਗਾਂ ਦੇ ਅੰਦਰ ਕਨਫਿਊਜ਼ਨ ਪੈਦਾ ਕਰ ਲਏ ਹਨ ਲੋਕਾਂ ਵਿਚ ਕਨਫਿਊਜ਼ਨ ਪੈਦਾ ਕਰ ਦਿਤੇ ਹਨ।

ਇਥੇ ਡਿਪਟੀ ਸਪੀਕਰ ਸਾਹਿਬ, ਥੋਹੜਾ ਜਿਹਾ ਜ਼ਿਕਰ ਮੈਂ ਉਸ ਗਲ ਦਾ ਵੀ ਕਰਾਂਗਾ ਜਿਹੜੀ ਕਿ ਹਾਊਸ ਨੇ ਇਥੋਂ ਪਾਸ ਕਰਕੇ ਸੈਂਟਰ ਸਰਕਾਰ ਨੂੰ ਭੇਜੀ ਸੀ ਕਿ ਪੰਜਾਬ ਦੇ ਕੁਝ ਇਲਾਕੇ ਜਿਹੜੇ ਕਿ ਪੰਜਾਬੀ ਬੋਲੀ ਬੋਲਦੇ ਹਨ ਬਾਹਰ ਚਲੇ ਗਏ ਹਨ ਉਨ੍ਹਾਂ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰ ਦਿਤਾ ਜਾਵੇ। ਪਰ ਇਨ੍ਹਾਂ ਨੇ ਇਸ ਦੇ ਬਾਰੇ ਇਸ ਵਿਚ ਕੋਈ ਵੀ ਜ਼ਿਕਰ ਨਹੀਂ ਕੀਤਾ। ਸ਼ਾਇਦ ਇਹ ਇਸ ਇਲਾਕੇ ਦੀ ਲੋੜ ਹੀ ਨਹੀਂ ਸਮਝਦੇ। ਕੁਝ ਇਲਾਕੇ ਸਾਡੇ ਬਾਰਡਰ ਉਤੇ ਹਨ ਜਿਨ੍ਹਾਂ ਬਾਰੇ ਇਨ੍ਹਾਂ ਨੂੰ ਵੀ ਪਤਾ ਹੈ ਅਤੇ ਤੁਹਾਨੂੰ ਵੀ ਪਤਾ ਹੈ ਕਿ ਉਹ ਲੋਕ ਪੰਜਾਬੀ ਬੋਲੀ ਬੋਲਦੇ ਹਨ ਜਿਸ ਤਰ੍ਹਾਂ ਕਿ ਸਰਸਾ, ਗੂਲੇ, ਫਤਿਆਬਾਦ ਚੀਕੇ, ਸ਼ਾਹਬਾਦ ਮਾਰਕੰਡਾ, ਕੰਡੀ ਦੇ ਇਲਾਕੇ ਆਦਿ ਉਹ ਇਲਾਕੇ ਹਨ, ਜਿਸ਼ ਤਰ੍ਹਾਂ ਕਿ ਨਾਲੀ ਸਰਸਾ ਤਹਿਸੀਲ ਵਿਚ ਹੈ ਜਿਥੇ ਕਿ ਪਹਿਲਾਂ ਮੁਸਲਮਾਨ ਵਸਦੇ ਸਨ ਅਤੇ ਹੁਣ ਰੀਫਿਊਜੀ ਵਸਦੇ ਹਨ ਭਾਵੇਂ ਉਹ ਹਿੰਦੂ ਹਨ ਭਾਵੇਂ ਉਹ ਸਿੱਖ ਹਨ ਪਰ ਹਨ ਉਹ ਪੰਜਾਬੀ ਹੀ।

**ਸਰਦਾਰ ਸਾਧੂ ਸਿੰਘ (ਸੁਲਤਾਨਪੁਰ)**: ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਫਾਜ਼ਿਲਕਾ ਅਤੇ ਅਬੋਹਰ ਦੇ ਇਲਾਕੇ ਹਰਿਆਣੇ ਨੂੰ ਦੇਣ ਦਾ ਫੈਸਲਾ ਕਿਸ ਨੇ ਕੀਤਾ ਸੀ ?

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਡਿਪਟੀ ਸਪੀਕਰ ਸਾਹਿਬ, ਅਸਲ ਵਿਚ ਮੈਂ ਗਲ ਵੀ ਇਸੇ ਲਈ ਹੀ ਛੇੜੀ ਹੈ। ਡਿਪਟੀ ਸਪੀਕਰ ਸਾਹਿਬ, ਅਜੇ ਤਕ ਇਹ ਭੁਲੇਖੇ ਵਿਚ ਰਹੇ ਹਨ।

ਆਵਾਜ਼ਾਂ: ਉਹ ਫੈਸਲਾ ਨੰਦੇ ਨੇ ਕੀਤਾ ਸੀ।

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਡਿਪਟੀ ਸਪੀਕਰ ਸਾਹਿਬ, ਇਹ ਕਈ ਵਾਰ ਹੁੰਦਾ ਹੈ ਕਿ ਉਸ ਇਲਾਕੇ ਦੇ ਲੋਕ ਸੈਂਟਰ ਦੇ ਲੀਡਰਾਂ ਨੂੰ ਮਿਲਦੇ ਹਨ ਅਤੇ ਹਰਿਆਣੇ ਦੇ ਵਜ਼ੀਰਾਂ ਨੂੰ ਵੀ ਮਿਲਦੇ ਹਨ ਕਿ ਸਾਨੂੰ ਹਰਿਆਣੇ ਵਿਚ ਮਿਲਾਇਆ ਜਾਵੇ ਲੇਕਿਨ ਕਦੇ ਵੀ ਸਾਡੀ ਸਰਕਾਰ ਵਲੋਂ ਉਨ੍ਹਾਂ ਲੋਕਾਂ ਨਾਲ ਵਿਤਕਰਾ ਨਹੀਂ ਕੀਤਾ ਗਿਆ। ਪਰ ਜਿਹੜੇ ਇਲਾਕੇ ਗਲਤ ਫੈਸਲੇ ਨਾਲ ਹਰਿਆਣੇ ਨੂੰ ਚਲੇ ਗਏ ਹਨ ਜੇਕਰ ਉਹ ਪੰਜਾਬ ਦੀ ਸਰਕਾਰ ਨੂੰ ਮਿਲਦੇ ਹਨ ਜਾਂ ਕਿਸੇ ਸੈਂਟਰ ਦੇ ਲੀਡਰ ਨੂੰ ਮਿਲਦੇ ਹਨ ਤਾਂ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਉਪਰ ਨਿਗਰਾਨੀ ਰਖੀ ਜਾਂਦੀ ਹੈ। ਜੇਕਰ ਕਿਸੇ ਨੇ ਕਿਸੇ ਸੋਸਾਇਟੀ ਪਾਸੋਂ ਕੋਈ ਲੋਨ ਲਿਆ ਹੁੰਦਾ ਹੈ ਤਾਂ ਉਸ ਨੂੰ ਤੰਗ ਕੀਤਾ ਜਾਂਦਾ ਹੈ। ਜੇਕਰ ਉਨ੍ਹਾਂ ਪਾਸ ਕੋਈ ਲਾਈਸੈਂਸ ਹੁੰਦਾ ਹੈ ਤਾਂ ਉਸ ਨੂੰ ਕੈਂਸਲ ਕਰ ਦਿਤਾ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਲੋਕਾਂ ਨੂੰ ਖਰਾਬ ਕੀਤਾ ਜਾਂਦਾ ਹੈ। ਹਰਿਆਣੇ ਵਿਚ ਪੰਜਾਬੀ ਬੋਲਦੀ ਪਾਪੂਲੇਸ਼ਨ ਨੂੰ ਥੋਹੜਾ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਥੇ ਕਿ ਪਹਿਲਾਂ 10 ਲੱਖ ਆਬਾਦੀ ਸੀ ਪਹਿਲੀ ਸੈਂਸਿਜ਼ ਦੇ ਮੁਤਾਬਕ ਹੁਣ ਜ਼ਾਹਰ ਹੁੰਦਾ ਹੈ ਕਿ ਇਹ ਬਹੁਤ ਹੀ ਘੱਟ ਗਈ ਹੈ। ਪੰਜਾਬੀਆਂ ਨੂੰ ਉਥੋਂ ਕੱਢਣ ਦਾ ਹਰ ਯਤਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅੱਤਿਆਚਾਰ ਕੀਤੇ ਜਾਂਦੇ ਹਨ। ਗੁੜਗਾਉਂ ਵਿਚ ਉਰਦੂ ਵਿਚ ਤਾਂ ਦਰਖਾਸਤਾਂ ਮੰਨ ਲਈਆਂ ਜਾਂਦੀਆਂ ਹਨ ਪਰ ਪੰਜਾਬੀ ਵਿਚ ਦਰਖਾਸਤਾਂ ਦੇਣ ਉਪਰ ਪਾਬੰਦੀ ਲਗਾ ਦਿਤੀ ਹੈ। ਪਰ ਇਸ ਕਿਸਮ

Original with;
Punjab Vidhan Sabha
Digitized by;
Panjab Digital Library

ਦਾ ਕੋਈ ਵੀ ਜ਼ਿਕਰ ਇਸ ਸਰਕਾਰ ਨੇ ਕਿਤੇ ਨਹੀਂ ਕੀਤਾ । ਡਿਪਟੀ ਸਪੀਕਰ ਸਾਹਿਬ, ਪੰਜਾਬੀ ਭਾਵੇਂ ਕਿਸੇ ਵੀ ਦੇਸ਼ ਦੇ ਅੰਦਰ ਵਸਦਾ ਹੈ ਉਸ ਦੇ ਹੱਕਾਂ ਦੀ ਰਾਖੀ ਹੋਣੀ ਚਾਹੀਦੀ ਹੈ।

ਜਿਹੜੇ ਇਲਾਕੇ ਰਹਿ ਗਏ ਨੇ ਇਹ ਸਾਡੇ ਕਾਰਨ ਹੀ ਇਸ ਪਾਸੇ ਰਹੇ ਨੇ ਨਹੀਂ ਤਾਂ ਇਹ ਜਮਨਾ ਤਕ ਦਾ ਇਲਾਕਾ ਦੇਣ ਨੂੰ ਤਿਆਰ ਸਨ ਅਤੇ ਰਜ਼ਾਮੰਦ ਹੋ ਗਏ ਸਨ। ਕਿਉਂਕਿ ਇਸ ਤਰ੍ਹਾਂ ਦੀਆਂ ਗੱਲਾਂ ਕਹਿਣ ਵਾਲਿਆਂ ਦੀ ਗਿਣਤੀ ਹਾਊਸ ਵਿਚ ਜ਼ਿਆਦਾ ਹੈ ਇਸ ਲਈ ਕਹਿ ਦਿਤੀ ਜਾਂਦੀ ਹੈ, ਪੰਜਾਬ ਦੇ ਵਾਸੀ ਡਿਪਟੀ ਸਪੀਕਰ ਸਾਹਿਬ, ਸਾਰੇ ਦੇਸ਼ ਵਿਚ ਵਸਦੇ ਨੇ ਅਤੇ ਜੇਕਰ ਕਿਤੇ ਵੀ ਕਿਸੇ ਪੰਜਾਬੀ ਨੂੰ ਕੋਈ ਔਕੜ ਆ ਰਹੀ ਹੋਵੇ ਤਾਂ ਸਾਡਾ ਇਹ ਫਰਜ਼ ਬਣਦਾ ਹੈ ਕਿ ਉਸਦਾ ਨੋਟਿਸ ਲਿਆ ਜਾਵੇ ਅਤੇ ਪੰਜਾਬ ਗੌਰਮਿੰਟ ਉਸ ਸਬੰਧ ਵਿਚ ਉਚਿਤ ਕਾਰਵਾਈ ਕਰੇ । ਫਿਰ ਪੰਜਾਬੀ ਤਾਂ ਇੰਨਾਂ ਬਹਾਦੁਰ ਅਤੇ ਦਲੇਰ ਹੈ ਕਿ ਇਸ ਨੇ ਭਾਰਤ ਦੇ ਬੰਜਰ ਇਲਾਕਿਆਂ ਨੂੰ ਆਬਾਦ ਕਰ ਦਿਤਾ ਅਤੇ ਅੱਜ ਉਥੇ ਲਹਿਲਹਾਂਦੇ ਖੇਤ ਅਤੇ ਬਾਗ ਲਗੇ ਹੋਏ ਹਨ। ਰਾਜਿਸਥਾਨ ਵਿਚ ਅਤੇ ਯੂ.ਪੀ. ਵਿਚ ਇਹ ਗਏ ਅਤੇ ਉਨ੍ਹਾਂ ਇਲਾਕਿਆਂ ਨੂੰ ਜਿਹੜੇ ਕਿ ਸਾਲਾਂਹ ਸਾਲ ਤੋਂ ਗੈਰ-ਆਬਾਦ ਅਤੇ ਬੰਜਰ ਪਏ ਹੋਏ ਸਨ ਸਾਫ ਕੀਤਾ ਅਤੇ ਮਿਹਨਤ ਕਰਕੇ ਸਰਸਬਜ਼ ਕੀਤਾ। ਆਸਾਮ ਵਿਚ ਜਾ ਕੇ ਚਾਹ ਦੇ ਬਾਗ ਲਗਾਏ, ਟੀ ਅਸਟੇਟਾਂ ਕਾਇਮ ਕੀਤੀਆਂ। ਫਿਰ ਰਣ ਕਛ ਦੇ ਇਲਾਕੇ ਵਿਚ ਜਿਹੜਾ ਕਿ ਪਾਕਿਸਤਾਨ ਤੋਂ ਖਾਲੀ ਕਰਵਾਇਆ ਗਿਆ ਸੀ ਜਦ ਇਸ ਦਾ ਪੰਜਾਬੀਆਂ ਨੂੰ ਪਤਾ ਲਗਾ ਤਾਂ ਇਹ ਉਥੇ ਵੀ ਚਲੇ ਗਏ ਹਾਲਾਂਕਿ ਇਹ ਕਿਹਾ ਗਿਆ ਕਿ ਇਹ ਉਹ ਇਲਾਕਾ ਹੈ ਜਿਥੇ ਕਿ ਸਮੁੰਦਰ ਦਾ ਪਾਣੀ ਆ ਜਾਂਦਾ ਹੈ ਪਰ ਇਨ੍ਹਾਂ ਪੰਜਾਬੀਆਂ ਨੇ ਬਹਾਦਰੀ ਅਤੇ ਦਲੇਰੀ ਨਾਲ ਸਮੁੰਦਰ ਨੂੰ ਠਲ ਦਿਤਾ ਅਤੇ ਦੀਵਾਰ ਬਣਾ ਕੇ ਪਾਣੀ ਨੂੰ ਰੋਕ ਲਿਆ ਅਤੇ ਇਲਾਕੇ ਨੂੰ ਆਬਾਦ ਕਰ ਦਿਤਾ । ਇਸ ਲਈ ਮੇਰੀ ਅਰਜ਼ ਇਹ ਹੈ ਕਿ ਅਜ ਜੇਕਰ ਦੇਸ਼ ਦੇ ਕਿਸੇ ਹਿੱਸੇ ਵਿਚ ਪੰਜਾਬੀਆਂ ਤੇ ਕੋਈ ਔਕੜ ਆਵੇ ਤਾਂ ਉਸ ਦੀ ਗਲ ਇਸ ਹਾਊਸ ਵਿਚ ਚਲਾਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਇਸ ਦਾ ਨੋਟਿਸ ਲੈ ਕੇ ਉਚਿਤ ਕਾਰਵਾਈ ਕਰਨੀ ਚਾਹੀਦੀ ਹੈ। (ਵਿਘਨ)

**ਸ੍ਰੀ ਡਿਪਟੀ ਸਪੀਕਰ**: ਤੁਸੀਂ ਪੌਣਾ ਘੰਟਾ ਵਕਤ ਲੈ ਲਿਆ ਹੈ ਹੁਣ ਮੈਂ ਚਾਹਾਂਗਾ ਕਿ ਤੁਸੀਂ ਛੇਤੀ ਸਪੀਚ ਮੁਕਾ ਲਓ। ਹੋਰ ਪੰਦਰਾਂ ਮਿੰਟਾਂ ਵਿਚ ਖਤਮ ਕਰ ਲਓ । (You have taken fortyfive minutes so far; I would request you to please wind up within fifteen minutes.)

**ਸਰਦਾਰ ਸੁਰਜੀਤ ਸਿੰਘ (ਬਰਨਾਲਾ)**: ਮੈਂ ਕੋਸ਼ਿਸ਼ ਕਰਾਂਗਾ ਕਿ 20—25 ਮਿੰਟ ਵਿਚ ਆਪਣੀ ਸਪੀਚ ਮੁਕਾ ਲਵਾਂ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਵਿਚ ਕੰਟਰੋਵਰਸੀ ਚਲੀ ਅਕਾਲੀ ਦਲ ਵਲੋਂ ਪਾਸ ਕੀਤੇ ਮਤੇ ਤੇ ਅਤੇ ਕਈ ਤਰ੍ਹਾਂ ਦੀਆਂ ਸਪੀਚਾਂ ਹੋਈਆਂ। ਮੈਂ ਇਸ ਸਬੰਧ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਸਿਲਸਿਲਾ ਕਦੋਂ ਚਲਿਆ । ਮੈਂ ਇਸ ਦੇ ਦੂਰ ਦੇ ਇਤਿਹਾਸ ਵਿਚ ਨਾ ਜਾਂਦਾ ਹੋਇਆ ਕੁਝ ਅਖਬਾਰਾਂ ਦੇ ਹਵਾਲੇ ਪੇਸ਼ ਕਰਦਾ ਹਾਂ ਕਿ ਜਦ ਪਾਰਲੀਮੈਂਟ ਵਿਚ ਇਹ ਸਵਾਲ ਉਠਿਆ ਸੀ ਤਾਂ 'ਟਾਇਮਜ਼ ਆਫ ਇੰਡੀਆ' ਨੇ 22 ਫਰਵਰੀ ਦੇ ਪਰਚੇ ਵਿਚ ਸ੍ਰੀ ਇੰਦਰਜੀਤ ਗੁਪਤਾ, ਸੀ.ਪੀ.ਆਈ. ਵਾਲਿਆਂ ਦਾ ਬਿਆਨ ਛਾਪਿਆ ਇਹ ਮੈਂ ਆਪ ਜੀ ਦੀ ਆਗਿਆ ਨਾਲ ਪੜ੍ਹ ਰਿਹਾ ਹਾਂ :—

With the conclusion of the impending elections in Bangladesh, India should see whether those Pakistani Prisoners-of-war who are not accused of crimes can be repatriated to their country.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

This plea by the Leader of the CPI group, Mr. Indrajit Gupta, was a highlight of the first day's debate in the Lok Sabha today on the Motion of Thanks to the President for his Address.

"Otherwise", Mr. Indrajit Gupta wanred, "this question of the Pakistani Prisoner of-war may assume very serious proportions to India's disadvantage."

In this context, Mr. Gupta referred to the incident yesterday at the Indian High Commission in London.

India must be careful enough to see, the CPI Leader said, that it was not caught on the wrong foot on the question of the Pakistani POWs. An attempt was already being made to show that India was unjustifiably and obstinately refusing to release the POWs.

APPEAL TO PRIME MINISTER

Mr. Gupta, therefore, appealed to the Prime Minister, Mrs. Indira Gandhi, to see whether the Pakistani POWs, not accused of crimes, could be sent back to their homes.

ਇਹ 22 ਤਰੀਕ ਨੂੰ ਪਾਰਲੀਮੈਂਟ ਵਿਚ ਸਵਾਲ ਉਠਾਇਆ ਗਿਆ ਸੀ ਅਤੇ ਇਸ ਦਾ ਜਵਾਬ ਪਰਾਇਮ ਮਨਿਸਟਰ ਨੇ ਦਿਤਾ ਸੀ। (ਵਿਘਨ)

**ਡਾਕਟਰ ਅਮੀਰ ਸਿੰਘ ਕਲਕਟ** : ਆਨ ਏ ਪੁਆਇੰਟ ਆਫ਼ ਆਰਡਰ [ਸਰ। ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਉਸ ਰੈਜ਼ੋਲੂਸ਼ਨ ਨੂੰ ਪੜ੍ਹ ਦੇਣ ਜਿਹੜਾ ਕਿ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਪਾਸ ਕੀਤਾ ਸੀ ਤਾ ਕਿ ਪਤਾ ਲਗ ਸਕੇ ਕਿ ਉਥੇ ਕੀ ਹੋਇਆ। (ਵਿਘਨ)

**ਸਰਦਾਰ ਸੁਰਜੀਤ ਸਿੰਘ (ਬਰਨਾਲਾ)**: ਮੈਨੂੰ ਅਫ਼ਸੋਸ ਹੈ ਇਨ੍ਹਾਂ ਦੀ ਇਨੋਸੈਂਸ ਤੇ ਕਿ ਇਨ੍ਹਾਂ ਨੂੰ ਅਜ ਤਕ ਮਤੇ ਦਾ ਪਤਾ ਨਹੀਂ ਚਲਿਆ।

ਮੈਂ ਜ਼ਿਕਰ ਕਰ ਰਿਹਾ ਸਾਂ ਕਿ ਪਰਾਈਮ ਮਨਿਸਟਰ ਨੇ ਉਸ ਗੱਲ ਦਾ ਜਵਾਬ ਦਿੰਦਿਆਂ ਇਹ ਲਫ਼ਜ਼ ਆਖੇ ਸਨ :

Shrimati Indira Gandhi said that India was not interested in keeping them. Rather their upkeep was a burden on the Country.

**आचार्य पृथवी सिंह आजाद** : इस से आगे भी जरा पढ़ दें ।

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਆਪ ਆਗੇ ਪੜ੍ਹ ਦੇਣਾ ਆਚਾਰੀਆ ਸਾਹਿਬ। (ਵਿਘਨ) ਤੇ ਮੈਂ ਜ਼ਿਕਰ ਕਰ ਰਿਹਾ ਸੀ ਕਿ ਇਹ ਮੰਗ ਕਈ ਥਾਵਾਂ ਤੋਂ ਆਈ ਕੇਵਲ ਅਕਾਲੀ ਦਲ ਦੀ ਹੀ ਮੰਗ ਨਹੀਂ ਸੀ। ਇਸ ਸਬੰਧ ਵਿਚ ਮੈਂ ਹਾਊਸ ਦਾ ਧਿਆਨ ਅਖ਼ਬਾਰ 'ਸਟੇਟਸਮੈਨ' ਮਿਤੀ 8 ਮਾਰਚ 1973 ਦੇ ਐਡੀਟੋਰੀਅਲ ਵਲ ਦਿਵਾਂਦਾ ਹਾਂ। ਉਸ ਵਿਚ ਅਖਬਾਰ ਲਿਖਦਾ ਹੈ ਕਿ—

It may be argued that India can afford to make an even more magnanimous gesture, indeed, there is some merit in the recent Lok Sabha plea by a Congress M.P. Mr. Shankar Dev, that questions of prestige should not delay repatriation of about 90,000 POWs. The argument is further strengthened by the claim that their upkeep up to the end of last year cost Rs 12.5 crores. But quite apart from Dacca's stand—which may possibly be less inflexible after the election results—it is doubtful if repatriation alone will reduce tension; British correspondents in Islamabad suggest that Mr. Bhutto is not particularly anxious to receive the prisoners because they would be difficult to absorb and are likely to be critical of his role in the war. But since the POWs are presently of propaganda value to the Pakistani President, it could arguably be to India's tactical advantage to deprive him of this leverage.

Original with;
Punjab Vidhan Sabha
Digitized by;
Panjab Digital Library

ਜਿਸ ਨੂੰ ਇਸ ਅਖਬਾਰ ਨੇ ਰੈਫਰ ਕੀਤਾ ਹੈ ਉਹ ਕਾਂਗਰਸ ਦਾ ਮੈਂਬਰ ਹੈ, ਸ਼ੰਕਰ ਦੇਵ। ਫਿਰ ਸੀ.ਪੀ.ਆਈ. ਦਾ ਸਟੈਂਡ ਵੀ ਇਹੋ ਹੀ ਹੈ। ਇਸ ਦੇ ਨਾਲ ਹੀ ਪੀਲੂ ਮੋਦੀ ਨੇ ਵੀ ਇਸੇ ਗੱਲ ਦੀ ਮੰਗ ਕੀਤੀ ਹੈ। ਮੈਂ ਇਸ ਦਾ ਜ਼ਿਕਰ ਬਹੁਤਾ ਨਾ ਕਰਾਂ ਆਪ ਸਭ ਜਾਣਦੇ ਹੋ। ਇਸ ਤੋਂ ਇਲਾਵਾ ਦੇਸ਼ ਦੇ ਉਘੇ ਲੀਡਰਾਂ ਨੇ ਵੀ ਇਸੇ ਹੀ ਗੱਲ ਦੀ ਮੰਗ ਕੀਤੀ ਹੈ, ਲੀਡਰ ਹਨ ਕਿਰਪਲਾਨੀ ਵਰਗੇ, ਜੈ ਪ੍ਰਕਾਸ਼ ਨਰਾਇਣ, ਰਾਜਗੋਪਾਲ ਅਚਾਰੀਆ ਆਦਿ ਨੇ ਵੀ ਇਸੇ ਤਰ੍ਹਾਂ ਦੀਆਂ ਸਟੇਟਮੈਂਟਾਂ ਦਿਤੀਆਂ ਸਨ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਜਿਹੜੇ ਪਰੌਗ੍ਰੈਸਿਵ ਰਾਈਟਰ ਹਨ ਜਿਨ੍ਹਾਂ ਨੂੰ ਦੇਸ਼ ਦੀ ਕਲਮ ਕਿਹਾ ਜਾਂਦਾ ਹੈ, ਸ੍ਰੀ ਕ੍ਰਿਸ਼ਨ ਚੰਦਰ, ਖਵਾਜਾ ਅਹਿਮਦ ਅਬਾਸ, ਸ੍ਰੀ ਜੀ.ਐਲ. ਨੰਦਾ ਜਿਹੜੇ ਕਿ ਭਾਰਤ ਦੇ ਸਫੀਰ ਬਾਹਰ ਕਿੰਨੇ ਸਾਲ ਤਕ ਰਹੇ ਹਨ ਅਤੇ ਸਰਦਾਰ ਖੁਸ਼ਵੰਤ ਸਿੰਘ ਇਲਸਟ੍ਰੇਟਿਡ ਵੀਕਲੀ ਵਾਲੇ, ਸਾਰਿਆਂ ਨੇ ਇਹ ਮੰਗ ਕੀਤੀ ਕਿ ਇਨ੍ਹਾਂ ਕੈਦੀਆਂ ਨੂੰ ਛੱਡ ਦਿਤਾ ਜਾਵੇ ਅਤੇ ਇਸ ਨੂੰ ਪਰੈਸਟਿਜ ਦਾ ਸਵਾਲ ਨਾ ਬਣਾਇਆ ਜਾਵੇ ਅਤੇ ਉਨ੍ਹਾਂ ਕੈਦੀਆਂ ਨੂੰ ਜਿਨ੍ਹਾਂ ਤੇ ਮੁਕਦਮੇ ਨਹੀਂ ਚਲਾਏ ਜਾਣੇ ਵਾਪਸ ਕਰ ਦਿਤਾ ਜਾਵੇ। ਅਕਾਲੀ ਦਲ ਨੇ ਜਿਹੜਾ ਮਤਾ ਪਾਸ ਕੀਤਾ ਉਹ ਵੀ ਇਹੀ ਸੀ ਕਿ ਜਿਹੜੇ ਵੀ ਪਰਿਜ਼ਨਰ-ਆਫ-ਵਾਰ ਹਨ ਜਿਨ੍ਹਾਂ ਨੇ ਜੈਨੋਸਾਈਡ ਵਿਚ, ਰੇਪ ਵਿਚ ਜਾਂ ਹੋਰ ਵਾਰ ਕਰਾਈਮਜ਼ ਵਿਚ ਹਿੱਸਾ ਨਹੀਂ ਲਿਆ ਅਤੇ ਉਨ੍ਹਾਂ ਤੇ ਮੁਕਦਮਾ ਨਹੀਂ ਚਲਾਇਆ ਜਾਣਾ, ਉਨ੍ਹਾਂ ਨੂੰ ਦੇਸ਼ ਵਿਚ ਰਖੇ ਜਾਣ ਦੀ ਲੋੜ ਨਹੀਂ ਅਤੇ ਦੇਸ਼ ਦੀ ਅਕਾਨੋਮੀ ਤੇ ਭਾਰ ਪਾਣ ਦੀ ਲੋੜ ਨਹੀਂ ਉਨ੍ਹਾਂ ਨੂੰ ਵਾਪਸ ਕਰ ਦਿਤਾ ਜਾਵੇ। ਇਨ੍ਹਾਂ ਕੈਦੀਆਂ ਤੇ, ਇਨ੍ਹਾਂ ਦੇ ਆਪਣੇ ਆਂਕੜਿਆਂ ਅਨੁਸਾਰ, 4 ਲੱਖ ਰੁਪਿਆ ਰੋਜ਼ ਦਾ ਖਰਚ ਕੀਤਾ ਜਾਂਦਾ ਹੈ ਅਤੇ ਹੁਣ ਤਕ 20 ਕਰੋੜ ਦੇ ਕਰੀਬ ਖਰਚ ਕੀਤਾ ਜਾ ਚੁਕਿਆ ਹੈ ਇਸ ਭਾਰ ਨੂੰ ਆਪਣੇ ਸਿਰ ਤੋਂ ਲਾਹ ਦੇਣਾ ਚਾਹੀਦਾ ਹੈ। ਫਿਰ ਅਕਾਲੀ ਦਲ ਵਲੋਂ ਪਾਸ ਕੀਤਾ ਗਿਆ ਰੈਜ਼ੋਲੀਉਸ਼ਨ, ਸ਼ਿਮਲਾ ਅਕਾਰਡ ਜੋ ਹੋਇਆ, ਮੈ ਸਮਝਦਾ ਹਾਂ ਕਿ, ਉਸ ਦੇ ਮੁਤਾਬਕ ਸੀ। ਸ਼ਿਮਲਾ ਅਕਾਰਡ ਦੀ ਸਪਿਰਟ ਕੀ ਸੀ? ਸ੍ਰੀਮਤੀ ਇੰਦਰਾ ਗਾਂਧੀ ਵਲੋਂ ਇਹ ਕੋਸ਼ਿਸ਼ ਕੀਤੀ ਗਈ ਕਿ ਦੋਹਾਂ ਦੇਸ਼ਾਂ ਵਿਚ ਹਾਲਾਤ ਨਾਰਮਲ ਹੋਣ। ਆਪਸੀ ਰੀਲੇਸ਼ਨ ਅਛੇ ਹੋ ਜਾਣ । Normally Simla Agreement is improving our relations. This was the basic spirit of the Simla Accord.

ਇਹ ਕੋਸ਼ਿਸ਼ ਇੰਦਰਾ ਗਾਂਧੀ ਜੀ ਵਲੋਂ ਹੋਈ। ਸਾਡੀ ਵੀ ਇਹ ਕੋਸ਼ਿਸ਼ ਸਦਾ ਰਹੀ ਹੈ ਕਿ ਗਵਾਂਢੀ ਦੇਸ਼ਾਂ ਨਾਲ ਸਲੂਕ ਚੰਗਾ ਰਹੇ ਅਤੇ ਹਾਲਾਤ ਚੰਗੇ ਰਹਿਣ ਪਰ ਬਦਕਿਸਮਤੀ ਨਾਲ ਇਹ ਹਾਲਾਤ ਚੰਗੇ ਨਾ ਰਹੇ ਅਤੇ ਉਸ ਦੇਸ਼ ਨੇ ਦੁਸ਼ਮਨੀ ਕੀਤੀ ਫਿਰ ਵੀ ਤੁਹਾਡੇ ਸਾਹਮਣੇ ਇਹ ਵਾਕਿਆਤ ਹਨ ਕਿ ਸਾਡੇ ਦੇਸ਼ ਵਲੋਂ ਯੂਨੀਲੈਟਰਲੀ ਸੀਜ਼ ਫਾਇਰ ਕੀਤਾ ਗਿਆ। ਤੁਹਾਨੂੰ ਯਾਦ ਹੋਵੇਗਾ ਕਿ ਜਦ ਜੰਗ ਲਗਣ ਵਾਲੀ ਸੀ ਅਤੇ ਉਸ ਤੋਂ ਬਾਦ ਜਦ ਜੰਗ ਜਾਰੀ ਸੀ ਤਾਂ ਰਖਿਆ ਮੰਤਰੀ ਸ੍ਰੀ ਜਗਜੀਵਨ ਰਾਮ ਦਾ ਰੋਜ਼ ਬਿਆਨ ਆ ਜਾਂਦਾ ਸੀ ਕਿ ਜਿਹੜੇ ਇਲਾਕੇ ਸਾਡੀਆਂ ਫੌਜਾਂ ਇਸ ਲੜਾਈ ਵਿਚ ਫਤਿਹ ਕਰਨ ਗੀਆਂ ਉਸ ਦਾ ਇਕ ਇੰਚ ਵੀ ਵਾਪਿਸ ਨਹੀਂ ਮੋੜਿਆ ਜਾਵੇਗਾ। ਇਸ ਤੋਂ ਬਾਦ ਜਦ ਸ਼ਿਮਲਾ ਐਗਰੀਮੈਂਟ ਹੋਇਆ ਤਾਂ ਸਾਰਾ ਇਲਾਕਾ ਜਿਸ ਨੂੰ ਫਤਿਹ ਕਰਨ ਲਈ ਸਾਡੇ ਨੌਜਵਾਨਾਂ ਦਾ ਬੇ-ਥਹਾ ਖੂੰਨ ਡੁਲ੍ਹਿਆ, ਬਹਾਦਰੀ ਅਤੇ ਦਲੇਰੀ ਨਾਲ ਆਪਣੀਆਂ ਜਾਨਾਂ ਵਾਰੀਆਂ ਉਸ ਇਲਾਕੇ ਨੂੰ ਲੈਣ ਲਈ, ਉਹ ਇਕ ਦਮ ਵਾਪਿਸ ਕਰ ਦਿਤਾ ਗਿਆ। ਇਹ ਇਸ ਲਈ ਸਰਕਾਰ ਨੇ ਕੀਤਾ ਕਿ ਇਸ ਨਾਲ ਦੋਹਾਂ ਮੁਲਕਾਂ ਵਿਚ ਦੋਸਤੀ ਵਧੇਗੀ ਅਤੇ ਆਪਸੀ ਹਾਲਾਤ ਨਾਰਮਲ ਹੋ ਜਾਣਗੇ। ਇਸੇ ਆਸ਼ੇ ਨੂੰ ਸਾਹਮਣੇ ਰਖਦੇ ਹੋਏ ਅਕਾਲੀ ਦਲ ਵਲੋਂ ਇਹ ਮਤਾ ਪਾਸ ਕੀਤਾ ਗਿਆ। ਫਿਰ ਇਕ ਹੋਰ ਪੱਖ ਵੀ ਹੈ ਕਿ ਇਹ ਮਤਾ ਜਿਨੇਵਾ ਕਨਵਨਸ਼ਨ ਦੇ ਮੁਤਾਬਿਕ ਵੀ ਹੈ। ਮੈਂ ਉਸ ਦੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਡਿਟੇਲਜ਼ ਵਿਚ ਇਸ ਸਮੇਂ ਨਹੀਂ ਜਾਣਾ ਚਾਹੁੰਦਾ, ਸਿਰਫ ਇਸ ਗੱਲ ਵਲ ਆਪ ਦਾ ਧਿਆਨ ਦਿਵਾਉਂਦਾ ਹਾਂ ਕਿ ਉਸ ਵਿਚ ਇਹ ਉਪਬੰਧ ਹੈ ਕਿ ਜਦ ਹੋਸਟਿਲਿਟੀਜ਼ ਖਤਮ ਹੋ ਜਾਣ ਤਾਂ ਸਾਰੇ ਪਰਿਜ਼ਨਰ ਆਫ ਵਾਰ ਛੱਡ ਦਿਤੇ ਜਾਂਦੇ ਹਨ । ਚਾਈਨਾ ਦੀ ਜਦੋਂ ਵਾਰ ਖਤਮ ਹੋਈ, ਤਾਂ ਉਸ ਸਮੇਂ ਬੜੀ ਭਾਰੀ ਤਾਦਾਦ ਦੇ ਵਿਚ ਸਾਡੇ ਜੰਗੀ ਕੈਦੀ ਰਿਹਾ ਕੀਤੇ ਗਏ ਸਨ ਇਹੀ ਆਮ ਲੜਾਈਆਂ ਵਿਚ ਗੱਲ ਹੁੰਦੀ ਹੈ, ਇਹ ਇਕ ਇੰਟਰਨੈਸ਼ਨਲ ਮਾਰੈਲਟੀ ਹੈ । ਮਾਰੈਲਟੀ ਦੀ ਗੱਲ ਨੂੰ ਮਦੇ ਨਜ਼ਰ ਰਖਦਿਆਂ ਹੋਇਆਂ, ਹਰ ਇਕ ਪਾਰਟੀ ਨੂੰ ਇਸ ਗੱਲ ਦਾ ਹੱਕ ਹੈ ਕਿ ਕੋਈ ਜੇ ਇਸ ਤਰ੍ਹਾਂ ਦੀ ਗੱਲ ਹੋਵੇ ਤਾਂ ਉਹ ਆਪਣੇ ਵਿਚਾਰ ਸਪੱਸ਼ਟ ਤੌਰ ਤੇ ਦੇਵੇ । ਇਸ ਵਿਚ ਦੇਸ਼ ਨਾਲ ਕੋਈ ਗ਼ਦਾਰੀ ਨਹੀਂ, ਕੋਈ ਧਰੋ ਨਹੀਂ। ਲੜਾਈ ਵੇਲੇ ਜਨ ਸੰਘ ਪਾਰਟੀ ਨੇ ਸਾਡੇ ਆਕੂਪਾਈਡ ਇਲਾਕੇ ਵਿਚ ਜਾਣ ਦੀ ਕੋਸ਼ਿਸ਼ ਕੀਤੀ ਅਤੇ ਇਕ ਭਾਰੀ ਐਜੀਟੇਸ਼ਨ ਕੀਤੀ। ਇਹ ਗੱਲ, ਡਿਪਟੀ ਸਪੀਕਰ ਸਾਹਿਬ ਤੁਹਾਨੂੰ ਵੀ ਯਾਦ ਹੋਵੇਗੀ। (ਵਿਘਨ)

**ਮਿਸਿਜ਼ ਗੁਰਬਰਿੰਦਰ ਕੌਰ ਬਰਾੜ :** * * * * * *

**ਸ੍ਰੀ ਡਿਪਟੀ ਸਪੀਕਰ :** ਇਹ ਪੁਆਇੰਟ ਆਫ ਆਰਡਰ ਨਹੀਂ ਹੈ ਜੀ। (This is no point of order.)

**ਸਰਦਾਰ ਸੁਰਜੀਤ ਸਿੰਘ (ਬਰਨਾਲਾ):** ਮੈਂ ਅਰਜ਼ ਕਰ ਰਿਹਾ ਸੀ ਕਿ ਹਰ ਇਕ ਸਿਆਸੀ ਪਾਰਟੀ ਨੂੰ ਆਪਣੀ ਆਜ਼ਾਦਾਨਾ ਰਾਏ ਰੱਖਣ ਦਾ ਪੂਰਾ ਪੂਰਾ ਇਖਤਿਆਰ ਹੈ। ਇਹ ਅਸੀਂ ਹੀ ਨਹੀਂ ਕਹਿੰਦੇ, ਜਿਸ ਗੱਲ ਨੂੰ ਅਸੀਂ ਸਹੀ ਸਮਝਦੇ ਸੀ ਅਜ ਉਸ ਦੀ ਪ੍ਰੋੜ੍ਹਤਾ ਹੋਰ ਸਿਆਸੀ ਪਾਰਟੀਆਂ ਨੇ ਵੀ ਕੀਤੀ ਹੈ। ਇਹ ਗੱਲ ਵਖਰੀ ਹੈ ਕਿ ਜਿਸ ਪਾਰਟੀ ਦੀ ਮਜਾਰਿਟੀ ਹੈ ਉਸ ਨੇ ਆਪਣੀ ਪਾਰਟੀ ਦੀ ਤਾਦਾਦ ਦੇ ਬਲ ਬੋਤੇ ਛੋਟੀ ਪਾਰਟੀ ਤੇ ਵਜ਼ਨ ਦੇਣਾ ਹੈ, ਭਾਵੇਂ ਗਲਤ ਕਿਉਂ ਨਾ ਹੋਵੇ। ਇਹ ਇਕ ਕੁਦਰਤੀ ਗੱਲ ਹੈ। (ਵਿਘਨ)

**ਡਾਕਟਰ ਅਮੀਰ ਸਿੰਘ ਕਲਕਟ :** ** ** **

**Mr. Deputy Speaker**: The words spoken by Dr. Amir Singh Kalkat should not be recorded.

**ਸਰਦਾਰ ਸੁਰਜੀਤ ਸਿੰਘ ਬਰਨਾਲਾ:** ਇਹ ਗੱਲ ਅਸੀਂ ਹੀ ਮਹਿਸੂਸ ਨਹੀਂ ਕੀਤੀ ਸਗੋਂ ਜਿਹੜੇ ਸਾਡੇ ਵਿਰੋਧੀ ਪ੍ਰੈਸ ਹਨ, ਮਹਾਸ਼ਾ ਅਖਬਾਰ ਹਨ, ਜਨ ਸੰਘੀ ਹਨ ਉਨ੍ਹਾਂ ਨੇ ਵੀ ਆਪਣੀ ਇਸ ਤਰ੍ਹਾਂ ਦੀ ਰਾਏ ਇਜ਼ਹਾਰ ਕੀਤੀ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਅਕਾਲੀ ਦਲ ਨੇ ਜੋ ਸਟੈਂਡ ਲਿਆ ਉਹ ਜਾਇਜ਼ ਹੈ। ਪਰ ਅਜ ਉਸ ਪਾਰਟੀ ਨੂੰ ਇਕ ਸਰਕਾਰ ਦੇ ਚੀਫ ਮਨਿਸਟਰ ਵਲੋਂ ਗ਼ਦਾਰ ਕਹਿਣਾ ਇਸ ਘੁਮੰਡ ਵਿਚ ਆਕੇ ਕਿ ਉਨ੍ਹਾਂ ਦੀ ਤਾਦਾਦ ਜ਼ਿਆਦਾ ਹੈ ਜੋ ਮਰਜ਼ੀ ਚਾਹੁਣ ਉਹ ਕਹੀ ਜਾਣ, ਮੁਨਾਸਬ ਗੱਲ ਨਹੀਂ। ਖਾਸ ਤੌਰ ਤੇ ਗਿਆਨੀ ਜ਼ੈਲ ਸਿੰਘ ਤੋਂ ਅਸੀਂ ਇਸ ਕਿਸਮ ਦੀਆਂ ਗੱਲਾਂ ਦੀ ਤਵਕੋ ਨਹੀਂ ਸੀ ਰਖਦੇ । ਉਨ੍ਹਾਂ ਨੇ ਅਕਾਲੀ ਪਾਰਟੀ ਦੇ ਮੈਂਬਰਾਂ ਬਾਰੇ ਕਿਹਾ ਕਿ ਇਹ ਦੇਸ਼ ਦੇ ਦੁਸ਼ਮਨ ਹਨ, ਗੱਦਾਰ ਹਨ। ਪਰ ਮੈਂ ਅਰਜ਼ ਕਰਾਂ ਕਿ ਅਕਾਲੀਆਂ ਦੀ ਪੈਟ੍ਰਿਆਟਿਜ਼ਮ ਕੇਵਲ ਪੰਜਾਬ ਵਿਚ ਹੀ ਨਹੀਂ ਇਸ ਗੱਲ ਦੀ ਹਿਸਟਰੀ ਗਵਾਹ ਹੈ ਕਿ ਉਨ੍ਹਾਂ ਦਾ ਹੁਬਲਵਤਨੀ ਦਾ ਇਤਿਹਾਸ ਹਿੰਦੁਸਤਾਨ ਦੀ ਹਿਸਟਰੀ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਸ਼ਾਇਦ ਉਹ ਇਹ ਗਲ ਭੁਲ ਗਏ ਹੋਣ ਕਿ ਜਦੋਂ ਚਾਬੀਆਂ ਦਾ ਅੰਗਰੇਜ਼ਾਂ ਦੇ ਖਿਲਾਫ਼ ਸਭ ਤੋਂ ਪਹਿਲਾ

*Expunged not recorded as ordered by the Chair.

Original with;
Punjab Vidhan Sabha
Digitized by;
Panjab Digital Library

ਮੋਰਚਾ ਲਗਿਆ ਤਾਂ ਇਸ ਸਟੇਟ ਦੇ ਪੰਜਾਬੀਆਂ ਨੇ ਵਧ ਚੜ੍ਹ ਕੇ ਹਿਸਾ ਪਾਇਆ ਸੀ ਖਾਸ ਤੌਰ ਤੇ ਅਕਾਲੀਆਂ ਨੇ, ਜਿਨ੍ਹਾਂ ਦੀ ਵਜਾਹ ਨਾਲ ਇਹ ਮੋਰਚਾ ਫਤ੍ਹੇ ਹੋਇਆ ਸੀ। ਉਸ ਵੇਲੇ ਮਹਾਤਮਾ ਗਾਂਧੀ ਨੇ ਵੀ ਇਹੋ ਕਿਹਾ ਸੀ ਕਿ "ਅੰਗਰੇਜ਼ੋਂ ਕੇ ਖਿਲਾਫ ਪੰਜਾਬ ਕਾ ਸਬ ਸੇ ਪਹਿਲਾ ਮੋਰਚਾ ਫਤਿਹ ਹੋ ਗਿਆ ਹੈ।" ਮੈਂ ਅਰਜ਼ ਕਰ ਰਿਹਾ ਸੀ ਕਿ ਅਕਾਲੀ ਹਮੇਸ਼ਾ ਹੀ ਪੈਟਰੀਆਟਿਕ ਰਹੇ ਹਨ। (ਵਿਘਨ)

**ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ** * * *

**ਸ੍ਰੀ ਡਿਪਟੀ ਸਪੀਕਰ**: ਇਹ ਰਿਕਾਰਡ ਨਾ ਕੀਤੇ ਜਾਣ। ਆਪ ਇਸ ਤਰ੍ਹਾਂ ਬੋਲ ਨਹੀਂ ਸਕਦੇ। (These words may not be recorded. You cannot interrupt like this.)

**ਸਰਦਾਰ ਜਸਦੇਵ ਸਿੰਘ ਸੰਧੂ**: ਕੀ ਤੁਸੀਂ ਮਹਾਤਮਾ ਗਾਂਧੀ ਦੇ ਨਕਸ਼ੇ ਕਦਮ ਤੇ ਚਲਦੇ ਹੋ?

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਮੈਂ ਤਾਂ ਕੋਈ ਐਨੀ ਭੈੜੀ ਗੱਲ ਆਖੀ ਹੀ ਨਹੀਂ ਸੀ ਮੈਂ ਅਰਜ਼ ਕਰ ਰਿਹਾ ਸੀ ਕਿ ਅਕਾਲੀਆਂ ਨੇ ਦੇਸ਼ ਦੀ ਵੰਡ ਤੋਂ ਪਹਿਲਾਂ ਕਿਸੇ ਹੋਰ ਪਾਰਟੀ ਤੋਂ ਘੱਟ ਹਿੱਸਾ ਨਹੀਂ ਸੀ ਪਾਇਆ ਸਗੋਂ ਵਧ ਚੜ੍ਹ ਕੇ ਹਿੱਸਾ ਪਾਇਆ ਸੀ। 1947 ਵਿਚ ਜਦੋਂ ਦੇਸ ਦੀ ਵੰਡ ਦੀ ਗੱਲ ਚਲ ਰਹੀ ਸੀ ਇਸ ਮੁਲਕ ਨੂੰ ਵੱਡੇ ਤੋਂ ਵੱਡੇ ਹਿੱਸੇ ਵਿਚ ਬਣਾਉਣ ਦੀ ਕੋਸ਼ਸ਼ ਕੀਤੀ। ਜੇ ਅਕਾਲੀ ਆਪਣੀ ਆਵਾਜ਼ ਬੁਲੰਦ ਨਾ ਕਰਦੇ ਤਾਂ ਪਾਕਿਸਤਾਨ ਦੀ ਹਦ ਰਾਵੀ ਦੀ ਬਜਾਏ ਜਮਨਾ ਹੀ ਬਣਦੀ, ਅਜ ਇਹ ਮਾੜੀ ਮਾੜੀ ਗੱਲ ਕਰਨ ਦੀ ਬਜਾਏ ਐਵੇਂ ** ** ** ਦੇ ਵਿਚ ਆ ਜਾਂਦੇ ਹਨ। ......

**ਸ੍ਰੀ ਡਿਪਟੀ ਸਪੀਕਰ**: ** ** ਦਾ ਸ਼ਬਦ ਐਕਸਪੰਜ ਕੀਤਾ ਜਾਵੇ। (The word "* * * *" should be expunged.)

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਇਸ ਸ਼ਬਦ ਦੀ ਬਜਾਏ ਘਬਰਾਹਟ ਕਹਿ ਦੇਂਦਾ ਹਾਂ। (ਵਿਘਨ)

**ਚੌਧਰੀ ਸੁੰਦਰ ਸਿੰਘ** : * * *

**ਸ੍ਰੀ ਡਿਪਟੀ ਸਪੀਕਰ**: ਜੋ ਕੁਝ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। (Whatever is being said without the permission of the Chair, should not be recorded.)

**ਡਾਕਟਰ ਅਮੀਰ ਸਿੰਘ ਕਲਕਟ**: ** ** **

**ਸ੍ਰੀ ਡਿਪਟੀ ਸਪੀਕਰ**: ਜੋ ਕੁਝ ਡਾਕਟਰ ਅਮੀਰ ਸਿੰਘ ਕਲਕਟ ਕਹਿ ਰਹੇ ਹਨ ਉਹ ਐਕਸਪੰਜ ਕਰ ਦਿੱਤਾ ਜਾਵੇ। (Whatever is being said by Dr. Amir Singh Kalkat, should be expunged from the record of the proceedings.)

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਮੈਨੂੰ ਉਹ ਗੱਲ ਯਾਦ ਹੈ ਜਦੋਂ ਚੀਫ ਮਨਿਸਟਰ ਸਾਹਿਬ ਪਰਸੋਂ ਏਥੇ ਬੋਲਣ ਲਗੇ, ਉਹ ਸ਼ਾਇਦ ਭੁਲ ਗਏ ਇਸ ਹਾਊਸ ਦੇ ਅੰਦਰ ਬੋਲ ਰਹੇ ਹਨ, ਉਹ ਇਸ ਤਰ੍ਹਾਂ ਬਾਹਾਂ ਉਛਾਲ ਉਛਾਲ ਕੇ ਬੋਲ ਰਹੇ ਸਨ ਜਿਵੇਂ ਕਿਸੇ ਮਜਮੇ ਦੇ ਵਿਚ ਕੋਈ ਬੋਲ ਰਿਹਾ ਹੋਵੇ, ਉਹ ਭੁਲ ਗਏ ਕਿ ਉਹ ਇਕ ਆਗਸਟ ਹਾਊਸ ਵਿਚ ਹਨ ਅਤੇ ਇਕ ਜ਼ਿਮੇਂਵਾਰ ਔਹਦੇ ਤੇ ਹਨ। ਪਰ ਜਿਸ ਤਰ੍ਹਾਂ ਦੀ ਉਹ ਤਕਰੀਰ ਕਰ ਰਹੇ ਸਨ ਉਹ ਇਕ ਫਾਸਿਸਟ

*Not recorded /expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਟੈਂਡੈਂਸੀ ਦੀ ਝਲਕ ਦੇ ਰਹੀ ਸੀ। ਮੈਂ ਇਨ੍ਹਾਂ ਦਾ ਸਤਕਾਰ ਕਰਦਾ ਹਾਂ ਕਿਉਂਕਿ ਉਹ ਇਤਨੀ ਵੱਡੀ ਪੁਜ਼ੀਸ਼ਨ ਤੇ ਇਕ ਵਰਕਰ ਤੋਂ ਉਠ ਕੇ ਗਏ ਹਨ। ਪਰ ਉਨ੍ਹਾਂ ਨੂੰ ਆਪਣੀ ਲਿਮਿਟ ਦੇ ਵਿਚ ਹੀ ਰਹਿਣਾ ਸ਼ੋਭਦਾ ਹੈ। ਆਪਣੀ ਪੁਜ਼ੀਸ਼ਨ ਦੇ ਮੁਤਾਬਿਕ ਹੀ ਗੱਲ ਕਰਨੀ ਚਾਹੀਦੀ ਹੈ। ਆਪਣੀ ਹਕੂਮਤ ਦੇ ਬਲਬੋਤੇ, ਮੈਜਾਰਿਟੀ ਨੂੰ ਵੇਖਕੇ ਹੀ ਮਹਿਜ਼ ਇਨ੍ਹਾਂ ਨੂੰ ਭੰਡੀਪਰਚਾਰ ਕਰਨ ਦਾ ਮੌਕਾ ਨਹੀਂ ਲਭਣਾ ਚਾਹੀਦਾ, ਇਨ੍ਹਾਂ ਲਈ ਅਕਾਲੀਆਂ ਨੂੰ ਗੱਦਾਰ ਸ਼ਬਦ ਕਹਿਣੇ ਇਕ ਬਹੁਤ ਹੀ ਮਾੜੀ ਗੱਲ ਸੀ। ਇਨ੍ਹਾਂ ਨੇ ਆਪਣੀ ਸਪੀਚ ਵਿਚ ਸਵਾਏ ਇਕ ਫਾਸਿਸਟ ਟੈਂਡੈਂਸੀ ਦੀ ਝਲਕ ਦੇਣ ਦੇ ਹੋਰ ਕਿਸੇ ਗੱਲ ਦਾ ਇਜ਼ਹਾਰ ਤੱਕ ਨਹੀਂ ਕੀਤਾ। ਜੇਕਰ ਇਹ ਗੱਲ ਕਹੀ ਜਾਵੇ ਇਹ ਬਜਟ ਜਿਹੜਾ ਹੈ ਇਕ ਗਰੀਬ ਮਾਰੂ, ਕਿਸਾਨ ਮਾਰੂ ਹੈ, ਅਤੇ ਇਹ ਕਿਹਾ ਜਾਵੇ ਕਿ ਇਹ ਕਾਮਨ ਮੈਨ ਦੀ ਖਾਤਰ ਕੁਝ ਨਹੀਂ ਦੇਂਦਾ ਤਾਂ ਕੋਈ ਬੇਜਾ ਨਹੀਂ ਹੋਵੇਗਾ। ਇਹ ਬਜਟ ਲਿਆਕੇ ਉਨ੍ਹਾਂ ਨੇ ਲੋਕਾਂ ਨਾਲ ਫਰਾਡ ਕੀਤਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸੀਟ ਰਿਜ਼ੀਊਮ ਕਰਦਾ ਹਾਂ ਅਤੇ ਆਪਦਾ ਧੰਨਵਾਦ ਕਰਦਾ ਹਾਂ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ)** : ਡਿਪਟੀ ਸਪੀਕਰ ਸਾਹਿਬ, 1973-74 ਦੇ ਬਜਟ ਅਨੁਮਾਨਾਂ ਦੇ ਉਤੇ ਅਜ ਬਹਿਸ ਹੋ ਰਹੀ ਹੈ। ਮੇਰੇ ਤੋਂ ਪਹਿਲਾਂ ਆਨਰੇਬਲ ਮੈਂਬਰ ਸਰਦਾਰ ਸੁਰਜੀਤ ਸਿੰਘ ਨੇ ਆਪਣੇ ਵਿਚਾਰ ਰਖੇ ਹਨ। ਮੈਂ ਇਹ ਸਮਝਦਾ ਹਾਂ ਕਿ ਇਸ ਬਜਟ ਨੂੰ ਜੇ ਸਟੇਟੱਸ ਕੋ ਬਜਟ ਕਿਹਾ ਜਾਵੇ ਤਾਂ ਮੁਨਾਸਿਬ ਹੋਵੇਗਾ। No break with the past. Falls short of extensive and progressive policies of Punjab. Follows old policy of taxing the poor and sparing the rich.

ਇਹ ਵੀ ਪਾਲਿਸੀ ਹੁਣ ਇਸ ਬਜਟ ਵਿਚ ਵੀ ਚੱਲ ਰਹੀ ਹੈ। ਇਹ ਪਾਲਸੀ ਕੰਟੀਨਿਊ ਕਰ ਰਹੀ ਹੈ। ਭਾਵੇਂ ਅਕਾਲੀਆਂ ਦੀ ਸਰਕਾਰ ਆਈ ਜਾਂ ਕਾਂਗਰਸ ਦੀ ਇਹ ਪਾਲੀਸੀ ਕੰਟੀਨਿਊ ਰਹੀ ਕਿ ਟੈਕਸ ਦੀ ਪੂਅਰ ਐਂਡ ਸਪੇਅਰ ਦੀ ਰਿਚ। ਹੁਣ ਵੀ ਜੋ ਟੈਕਸ ਲਗਾਏ ਗਏ ਹਨ ਇਹ ਗਰੀਬਾਂ ਤੇ ਹੀ ਲਗਾਏ ਗਏ ਅਤੇ ਵਧ ਤੋਂ ਵੱਧ 20 ਲੱਖ ਰੁਪਏ ਦੇ ਟੈਕਸ ਸਰਮਾਇਆਦਾਰਾਂ ਤੇ ਲਗਾਏ ਗਏ ਹਨ। ਜਦੋਂ ਕਿ 4.60 ਕਰੋੜ ਰੁਪਏ ਦੇ ਟੈਕਸ ਲਗਣੇ ਹਨ। ਇਸ ਬਜਟ ਵਿਚ ਕਿਤੇ ਸਿਨਮਿਆਂ ਦੀ ਨੇਸ਼ਨੇਲਾਈਜ਼ੇਸ਼ਨ ਦਾ ਜ਼ਿਕਰ ਨਹੀਂ ਹੈ। ਟਰਾਂਸਪੋਰਟ ਦੀ ਨੈਸ਼ਨੇਲਾਈ-ਜ਼ੇਸ਼ਨ ਦਾ ਜਿਕਰ ਨਹੀਂ ਹੈ। ਐਜੂਕੇਸ਼ਨ ਸਬੰਧੀ ਜੋ ਨਵੇਂ ਕਦਮ ਪੁਟਣੇ ਸੀ ਉਹ ਨਹੀਂ ਪੁਟੇ ਗਏ। ਫਿਰ ਸਕੂਲਾਂ ਦੇ ਅਧਿਆਪਕਾਂ ਅਤੇ ਲੈਕਚਰਾਰਾਂ ਦੀ ਸਿਕਓਰਿਟੀ ਆਫ਼ ਸਰਵਿਸ ਬਾਰੇ ਇਸ ਵਿਚ ਕੁਝ ਨਹੀਂ ਕਿਹਾ ਗਿਆ। ਇਸ ਤਰ੍ਹਾਂ ਇਸ ਬਜਟ ਨੇ ਸਾਡਾ ਇਹ ਨਿਰਣਾ ਠੀਕ ਸਿਧ ਕਰ ਦਿਤਾ ਹੈ ਕਿ ਜੋ ਇਸ ਨੇ ਪਿਛਲੇ ਇਜਲਾਸ ਵਿਚ ਇਸ ਸਰਕਾਰ ਤੋਂ ਆਪਣੀ ਕੰਡੀਸ਼ਨਲ ਸਪੋਰਟ ਵਿਦਡਰਾ ਕਰਦੇ ਹੋਇਆਂ ਕਿਹਾ ਸੀ ਕਿ ਇਸ ਸਰਕਾਰ ਦੀਆਂ ਨੀਤੀਆਂ ਨੈਗੇਟਿਵ ਹਨ, ਲੋਕ ਪੱਖੀ ਨਹੀਂ ਹਨ। ਇਸ ਨਿਰਨੇ ਨੂੰ ਇਸ ਬਜਟ ਨੇ ਸਹੀ ਸਿਧ ਕਰ ਦਿਤਾ ਹੈ।

ਡਿਪਟੀ ਸਪੀਕਰ ਸਾਹਿਬ, ਜਿਹੜੇ ਟੈਕਸ ਲਗਾਏ ਗਏ ਹਨ ਮੈਂ ਇਨ੍ਹਾਂ ਦੀ ਡਿਟੇਲ ਵਿਚ ਨਹੀਂ ਜਾਂਦਾ। ਕਿਉਂਕਿ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੈਂਬਰ ਸਾਹਿਬ ਇਸ ਬਾਰੇ ਵੇਰਵਾ ਦਸ ਚੁਕੇ ਹਨ। ਮੈਂ ਸਿਰਫ਼ ਪਾਸਿੰਗ ਰੈਫ਼ਰੈਂਸ ਹੀ ਦੇਣਾ ਹੈ। ਇਥੇ ਕੁਲ 4 ਕਰੋੜ 60 ਲੱਖ ਦੇ ਟੈਕਸ ਲਾਏ ਗਏ ਹਨ। ਇਨ੍ਹਾਂ ਵਿਚੋਂ 2 ਕਰੋੜ ਤਾਂ ਉਹ ਟੈਕਸ ਹਨ ਜਿਹੜੇ ਪਹਿਲਾਂ ਬੰਗਲਾ ਦੇਸ਼ ਲਈ ਲਏ ਜਾਂਦੇ ਸਨ। ਇਹ ਟੈਕਸ ਚਵਾਨ ਸਾਹਿਬ ਨੇ ਤਾਂ ਸਾਰੇ ਦੇਸ਼ ਵਿਚੋਂ ਹਟਾ ਦਿਤੇ ਹਨ ਪਰ

Original with;
Punjab Vidhan Sabha
Digitized by;
Panjab Digital Library

ਸ਼ਰਮਾ ਸਾਹਿਬ ਨੇ ਐਜੂਕੇਸ਼ਨ ਸੈਸ ਦੇ ਨਾਂ ਹੇਠ ਲਗਾ ਦਿਤੇ ਹਨ, ਇਨ੍ਹਾਂ ਦੀ ਸ਼ਕਲ ਬਦਲ ਕੇ ਤਾਂ ਕਿ ਕੋਈ ਐਜੂਕੇਸ਼ਨ ਸੈਸ ਦੇ ਨਾਂ ਕੁਝ ਨਾ ਕਹੇ। ਫਿਰ ਇਕ ਕਰੋੜ ਇਨ੍ਹਾਂ ਨੇ ਡਿਵੈਲਪ-ਮੈਂਟ ਲਈ ਸੈਸ ਲਗਾਇਆ ਹੈ। ਇਹ ਪ੍ਰੋਡਿਊਸਰ ਨੂੰ ਵੀ ਦੇਣਾ ਪਏਗਾ ਅਤੇ ਕਨਜ਼ਿਊਮਰ ਨੂੰ ਵੀ। ਮੰਡੀ ਵਿਚ ਕਣਕ ਲਿਆਉਣ ਵਾਲੇ ਨੂੰ ਵੀ ਅਤੇ ਖਰੀਦਣ ਵਾਲੇ ਨੂੰ ਵੀ। ਪਹਿਲਾਂ ਇਹ ਟੈਕਸ 100 ਰੁਪਏ ਪਿਛੇ 60 ਪੈਸੇ ਹੁੰਦਾ ਸੀ ਪਰ ਫਿਰ ਅਕਾਲੀ ਭਰਾਵਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਕਈ ਵਾਰ ਜ਼ਿਮੀਦਾਰ ਕੋਲ ਟੁੱਟੇ ਹੋਏ ਪੈਸੇ ਨਹੀਂ ਹੁੰਦੇ ਔਰ ਇਨ੍ਹਾਂ ਨੇ 60 ਪੈਸੇ ਦੀ ਥਾਂ ਤੇ 1 ਰੁਪਿਆ ਪੂਰਾ ਕਰ ਦਿਤਾ ਸੀ ਪਰ ਹੁਣ ਇਹ 1 ਰੁਪਿਆ 50 ਪੈਸੇ ਕਰ ਦਿਤਾ ਗਿਆ ਹੈ ਫਿਰ ਇਹ ਇਸ ਨੂੰ ਸੋਸ਼ਲਿਸਟਿਕ ਬਜਟ ਆਖਦੇ ਹਨ। ਇਸ ਨੂੰ ਤਾਂ ਸੋਸ਼ਲਿਜ਼ਮ ਦਾ ਪਰਛਾਵਾਂ ਵੀ ਨਹੀਂ ਪਿਆ ਹੈ। ਇਹ ਕਹਿੰਦੇ ਹਨ ਕਿ ਇਸ ਪੈਸੇ ਦੇ ਨਾਲ ਲਿੰਕ ਰੋਡਜ਼ ਬਣਨਗੀਆਂ, ਪਿੰਡਾਂ ਦੇ ਲਈ, ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਪੇਂਡੂ ਲੋਕਾਂ ਨੇ ਮੁਫਤ ਜ਼ਮੀਨ ਦਿਤੀ, ਲੱਖਾਂ ਰੁਪਏ ਦਾ ਅਰਥ-ਵਰਕ ਮੁਫ਼ਤ ਕਰਕੇ ਦਿਤਾ, ਤਾਂ ਕੀ ਇਨ੍ਹਾਂ ਦੀ ਸਰਕਾਰ ਦੀ ਮਾਰਲ ਡਿਊਟੀ ਹੁਣ ਇਹ ਨਹੀਂ, ਕਿ ਆਪਣੇ ਫੰਡਜ਼ ਵਿਚੋਂ ਇਹ ਲਿੰਕ ਰੋਡਜ਼ ਬਣਾਉਣ ਅਤੇ ਉਨ੍ਹਾਂ ਪਿੰਡਾਂ ਦੇ ਲੋਕਾਂ ਤੇ ਭਾਰ ਨਾ ਪਾਉਣ, ਜੋ ਪਹਿਲਾਂ ਹੀ ਆਪਣਾ ਹਿੱਸਾ ਲੋੜ ਤੋਂ ਵਧ ਪਾ ਚੁਕੇ ਹਨ ? ਇਸ ਤਰ੍ਹਾਂ ਇਸ ਸੈਸ ਦੀ ਕੋਈ ਜਸਟੀਫਿਕੇਸ਼ਨ ਨਹੀਂ ਹੈ। ਇਹ ਇਨ੍ਹਾਂ 4 ਕਰੋੜ 60 ਲੱਖ ਦੇ ਟੈਕਸਾਂ ਨੂੰ ਜਸਟੀਫਾਈ ਨਹੀਂ ਕਰ ਸਕਦੇ। ਇਨ੍ਹਾਂ ਕਾਰਣਾਂ ਕਰਕੇ ਹੀ ਸਾਡੀ ਪਾਰਟੀ ਇਨ੍ਹਾਂ ਟੈਕਸਾਂ ਦਾ ਵਿਰੋਧ ਕਰਦੀ ਹੈ।

**ਵਿਦਿਆ ਮੰਤਰੀ** : ਮੈਂਬਰ ਪੁਛਦੇ ਹਨ ਕਿ ਕੀ ਫਿਰ ਫ਼ੰਡਜ਼ ਮਾਸਕੋ ਤੋਂ ਆਉਣਗੇ ?

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਉਹ ਵੀ ਮੈਂ ਦਸ ਦਿਆਂਗਾ ਕਿ ਫੰਡਜ਼ ਕਿਥੋਂ ਆਉਣਗੇ। ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਸੁਰਜੀਤ ਸਿੰਘ ਜੀ ਨੇ ਇਥੇ ਕਿਹਾ ਸੀ ਕਿ 11 ਕਰੋੜ 60 ਲੱਖ ਦਾ ਖੱਪਾ ਪੂਰਾ ਨਹੀਂ ਕੀਤਾ। ਮੈਂ ਇਸ ਬਾਰੇ ਇਹ ਅਰਜ਼ ਕਰਦਾ ਹਾਂ ਕਿ ਇਹ ਤਾਂ ਇਨ੍ਹਾਂ ਨੇ ਇਕ ਤਰੀਕਾ ਲਭ ਲਿਆ ਹੈ, ਘਾਟੇ ਵਾਲਾ ਬਜਟ ਪੇਸ਼ ਕਰਨ ਦਾ, ਤਾਂ ਕਿ ਹੋਰ ਟੈਕਸ ਲਾਉਣ ਨੂੰ ਜਸਟੀਫਾਈ ਕੀਤਾ ਜਾ ਸਕੇ। ਨਹੀਂ ਤਾਂ ਹਰ ਸਾਲ ਇਨ੍ਹਾਂ ਨੂੰ ਘਾਟੇ ਦੀ ਥਾਂ ਤੇ ਵਾਧਾ ਹੁੰਦਾ ਹੈ। ਅਕਾਲੀ ਸਰਕਾਰ ਵੇਲੇ ਵੀ ਇਹੋ ਕੁਝ ਹੁੰਦਾ ਸੀ। ਇਹ ਆਮਦਨ ਦਾ ਜੋ ਰੈਵੇਨਿਊ ਦਾ ਖਾਤਾ ਹੈ ਉਸ ਵਿਚ ਆਮਦਨ ਘਟ ਸ਼ੋ ਕਰਦੇ ਹਨ ਤਾਂ ਕਿ ਹੋਰ ਟੈਕਸਾਂ ਨੂੰ ਜਸਟੀਫਾਈ ਕੀਤਾ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਤੁਸੀਂ ਪਿਛਲੇ ਸਾਲਾਂ ਦੇ ਬਜਟ ਦੇਖ ਸਕਦੇ ਹੋ। ਹਰ ਬਜਟ ਵਿਚ ਘਾਟਾ ਦਿਖਾਇਆ ਹੁੰਦਾ ਹੈ। ਐਕਸਾਈਜ਼ ਡਿਊਟੀ ਘਟ ਸ਼ੋ ਕੀਤੀ ਹੁੰਦੀ ਹੈ। 1967-68 ਵਿਚ 9 ਕਰੋੜ 72 ਲੱਖ ਦਾ ਘਾਟਾ ਦਸਿਆ ਗਿਆ ਸੀ ਪਰ ਉਹ ਘਾਟਾ ਪੂਰਾ ਹੋ ਕੇ ਬਜਟ ਵਾਧੇ ਵਾਲਾ ਬਣਿਆ। ਫਿਰ 1968-69 ਵਿਚ 7 ਕਰੋੜ 96 ਲਖ ਦਾ ਘਾਟਾ ਦਸਿਆ ਗਿਆ ਸੀ ਪਰ ਜਦੋਂ ਸਾਲ ਖਤਮ ਹੋਇਆ ਤਾਂ 21 ਕਰੋੜ ਰੁਪਿਆ ਵਧਿਆ। ਇਸ ਤਰ੍ਹਾਂ ਪਿਛਲੇ 5 ਸਾਲਾਂ ਵਿਚ 99 ਕਰੋੜ ਰੁਪਿਆ ਇਸ ਤਰ੍ਹਾਂ ਵਧਿਆ। ਇਹ ਇਕ ਬਰਜੂਆ ਤਕਨੀਕ ਹੈ ਕਿ ਆਮਦਨ ਦੇ ਖਾਤੇ ਵਿਚ ਆਮਦਨ ਨੂੰ ਘਟ ਸ਼ੋ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਹੁਣ ਵੀ ਜਿਹੜਾ ਘਾਟਾ ਦਿਖਾਇਆ ਗਿਆ ਹੈ ਇਹ ਇਲਿਊਜ਼ਰੀ ਹੈ, ਐਕਚੂਅਲ ਨਹੀਂ ਹੈ। ਤੁਹਾਡੇ ਸਾਹਮਣੇ ਇਨ੍ਹਾਂ ਨੇ 37 ਕਰੋੜ 21 ਲੱਖ ਰੁਪਏ ਵਾਲਾ ਘਾਟੇ ਦਾ ਬਜਟ ਪੇਸ਼ ਕੀਤਾ ਹੈ ਜਿਸ ਵਿਚ ਇਹ ਟੈਕਸ ਅਤੇ ਨਾਨ-ਟੈਕਸੇਸ਼ਨ ਮਈਅਰਜ਼ ਦੇ ਨਾਲ 25 ਕਰੋੜ 61 ਲੱਖ ਇਕੱਠਾ ਕਰਨਗੇ ਅਤੇ 11 ਕਰੋੜ 60 ਲੱਖ ਦਾ ਖੱਪਾ ਰਹਿਣ ਦਿਤਾ ਹੈ ਪਰ ਤੁਸੀਂ ਦੇਖੋਗੇ ਕਿ ਜਦੋਂ ਅਗਲੇ ਸਾਲ ਦਾ ਬਜਟ ਆਵੇਗਾ ਤਾਂ ਇਹ ਘਾਟਾ ਵਾਧੇ ਵਿਚ ਬਦਲਿਆ ਹੋਇਆ ਹੋਵੇਗਾ। ਇਸ ਕਰਕੇ ਮੈਂ ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਮਸ਼ਸ਼ੇਰ ਸ਼ਿੰਘ ਜੋਸ਼]

ਕਹਿੰਦਾ ਹਾਂ ਕਿ ਇਹ ਘਾਟਾ ਐਕਚੂਅਲ ਨਹੀਂ ਹੈ। ਇਹ ਟੈਕਸ ਜਿਹੜੇ ਲਾਏ ਗਏ ਹਨ ਇਹ ਸਿਰਫ ਅਨ-ਜਸਟੀਫਾਈਡ ਹੀ ਨਹੀਂ ਸਗੋਂ ਗ਼ੈਰ-ਜ਼ਰੂਰੀ ਵੀ ਹਨ। ਇਨ੍ਹਾਂ ਦੀ ਕੋਈ ਅਰਜੈਂਸੀ ਨਹੀਂ ਸੀ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਮਾਪ ਨਾਲ ਮਾਪਿਆਂ ਪਤਾ ਲਗ ਜਾਂਦਾ ਹੈ ਕਿ ਇਹ ਬਜਟ ਲੋਕ ਪੱਖੀ ਨਹੀਂ ਹੈ। ਇਹ ਇਕ ਮਾਪ ਹੈ ਕਿ ਜੇ ਟੈਕਸ ਇਨ-ਡਾਇਰੈਕਟ ਹੋਣ ਤਾਂ ਆਮ ਲੋਕਾਂ ਤੇ ਜ਼ਿਆਦਾ ਭਾਰ ਪੈਂਦਾ ਹੈ ਅਤੇ ਜੇ ਡਾਇਰੈਕਟ ਹੋਣ ਤਾਂ ਸਰਮਾਏਦਾਰ ਲੋਕਾਂ ਤੇ ਇਨ੍ਹਾਂ ਦਾ ਭਾਰ ਪੈਂਦਾ ਹੈ। ਇਸ ਲਈ ਮੈਂ ਇਹ ਕਿਹਾ ਸੀ ਕਿ ਇਹ ਬਜਟ ਸਟੇਟੱਸ ਕੋ ਦਾ ਬਜਟ ਹੈ। ਭਾਵੇਂ ਸਰਕਾਰ ਅਕਾਲੀਆਂ ਦੀ ਸੀ ਜਾਂ ਕਾਂਗਰਸੀਆਂ ਦੀ, ਪਿਛਲੇ 25 ਸਾਲਾਂ ਵਿਚ ਇਹੋ ਕੁਝ ਹੋ ਰਿਹਾ ਹੈ ਕਿ ਇਨਡਾਇਰੈਕਟ ਟੈਕਸ ਵਧਦੇ ਹੀ ਜਾ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਇਨਡਾਇਰੈਕਟ ਟੈਕਸ ਕੁਲ ਟੈਕਸੇਸ਼ਨ ਦਾ 80% ਹੋ ਗਏ ਹਨ। ਅਤੇ ਸਿਰਫ਼ 6 ਜਾਂ 7 ਫੀ ਸਦੀ ਡਾਇਰੈਕਟ ਟੈਕਸੇਸ਼ਨ ਹੈ। ਇਹ ਇਨਡਾਇਰੈਕਟ ਟੈਕਸੇਸ਼ਨ 1967-68 ਵਿਚ ਸਿਰਫ 42 ਕਰੋੜ ਸੀ ਪਰ ਹੁਣ 1973-74 ਵਿਚ ਇਹ ਵਧ ਕੇ 84 ਕਰੋੜ ਹੋ ਗਈ ਹੈ ਅਤੇ ਇਸ ਤਰ੍ਹਾਂ ਇਹ 5 ਸਾਲਾਂ ਵਿਚ ਦੁਗਣੀ ਹੋ ਗਈ ਹੈ। Trend of taxation in Punjab in Akali regime and Congress regime has been towards increased indirect taxation and lowest substantial increase in direct taxation. ਇਸ ਮਾਪ ਨਾਲ ਮਾਪਿਆਂ ਇਹ ਬਜਟ ਸਟੇਟੱਸ-ਕੋ ਦਾ ਬਜਟ ਹੈ, ਬੁਰਜ਼ੂਆ ਬਜਟ ਹੈ ਅਤੇ ਲੋਕ ਪੱਖੀ ਬਜਟ ਨਹੀਂ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਤੁਹਾਡੇ ਦੁਆਰਾ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ 4.50 ਲੱਖ ਰੁਪਿਆ ਪੰਜਾਬ ਦੇ ਸਾਬਕ ਰਾਜਿਆਂ ਦੇ ਰਿਸ਼ਤੇਦਾਰਾਂ ਨੂੰ ਅਲਾਊਂਸ ਆਦਿ ਦੇਣ ਲਈ ਰਖਿਆ ਗਿਆ ਹੈ। ਮੈਂ ਵਿੱਤ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਦਿੱਲੀ ਦੇ ਵਿਚ ਇਹੋ ਜਿਹੇ ਰਾਜਿਆਂ ਦੇ ਪ੍ਰਿਵੀ ਪਰਸਿਜ਼ ਖਤਮ ਕਰ ਦਿਤੇ ਗਏ ਹਨ ਤਾਂ ਉਨ੍ਹਾਂ ਨੇ ਕਿਸ ਲਈ ਇਹ 4.50 ਲੱਖ ਰੁਪਏ ਦੀ ਰਕਮ ਉਨ੍ਹਾਂ ਰਾਜਿਆਂ ਦੇ ਰਿਸ਼ਤੇ-ਦਾਰਾਂ ਲਈ ਰਖੀ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਪੇਜ 3 ਤੇ ਹੈ, ਨਿਊ ਐਕਸਪੈਂਡੀਚਰ ਫਾਰ 1973-74, ਇਸ ਵਿਚ ਬੜੀ ਭਿਆਨਕ ਗੱਲ ਕੀਤੀ ਗਈ ਹੈ। ਚਾਰ ਲੱਖ ਰੁਪਿਆ ਖਰਚ ਕਰਨਾ ਹੈ ਇਕ ਨਿਊਟ੍ਰੀਸ਼ਨ ਸਕੀਮ ਉਤੇ ਅਮਰੀਕਨ ਰਿਲੀਫ ਆਰਗੇਨਾਈਜ਼ੇਸ਼ਨ ਰਾਹੀਂ। ਇਹ ਠੀਕ ਗਲ ਨਹੀਂ ਹੈ। ਇਹ ਚਾਰ ਲੱਖ ਰੁਪਿਆ ਇਕ ਅਮਰੀਕਨ ਰਿਲੀਫ ਆਰਗੇਨਾਈਜ਼ੇਸ਼ਨ ਨੂੰ ਦਿਤਾ ਜਾਣਾ ਹੈ। ਮੈਂ ਕਹਾਂਗਾ ਕਿ ਇਸ ਚੀਜ਼ ਦਾ ਸਰਵੇ ਕੀਤਾ ਜਾਵੇ ਕਿ ਇਹਦੇ ਨਾਲ ਬਚਿਆਂ ਦੀ ਸਿਹਤ ਦਾ ਕਿਸ ਤਰ੍ਹਾਂ ਨਾਲ ਖਿਆਲ ਰਖਿਆ ਜਾ ਸਕਦਾ ਹੈ। ਇਸ ਪਾਸੇ ਮੈਂ ਫਾਈਨੈਂਸ ਮਨਿਸਟਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਹਿੰਦੁਸਤਾਨ ਦੀ ਪਰਧਾਨ ਮੰਤਰੀ ਅਤੇ ਸ੍ਰੀ ਐਸ. ਡੀ. ਸ਼ਰਮਾ ਦੀਆਂ ਸਪੀਚਾਂ ਵਲ ਜਿਥੇ ਉਨ੍ਹਾਂ ਨੇ ਕਿਹਾ ਹੈ ਕਿ ਇਹ ਏਜੰਸੀ ਇਥੇ ਹਿੰਦੁਸਤਾਨ ਵਿਚ ਸੀ.ਆਈ.ਡੀ. ਕਰਕੇ ਇਹ ਜੋ ਅਮਰੀਕਨਾਂ ਦਾ ਕਰੋੜਾਂ ਰੁਪਿਆ ਇਥੇ ਬਚਾਇਆ ਜਾ ਰਿਹਾ ਹੈ ਇਸ ਨਾਲ ਇਹ ਹਿੰਦੁਸਤਾਨ ਦੀ ਇਕਾਨਮੀ ਨੂੰ ਬਰਬਾਦ ਕੀਤਾ ਜਾਵੇਗਾ। ਇਸ ਵਲ ਧਿਆਨ ਦੇਣਾ ਚਾਹੀਦਾ ਹੈ। ਇਹ ਕਿਤੇ ਕਿਸੇ ਅਜਿਹੇ ਅਫਸਰ ਨੇ ਤਾਂ ਨਹੀਂ ਲਿਖ ਦਿਤਾ ਜੋ ਕਿ ਅਮਰੀਕਨ ਟਾਈਪ ਹੋਵੇ। ਇਸ ਤਰ੍ਹਾਂ ਕਰਕੇ ਅਮਰੀਕਨਾਂ ਨੂੰ ਲੋਕਾਂ ਦੀ ਜ਼ਿੰਦਗੀ ਵਿਚ ਦਾਖਲ ਹੋਣ ਦਾ ਮੌਕਾ ਦਿਤਾ ਜਾ ਰਿਹਾ ਹੈ। ਜਿਹੜਾ ਇਹ ਕਿਹਾ ਗਿਆ ਹੈ ਕਿ other sources cannot been tapped, ਕਿਥੋਂ ਪੈਸੇ ਲਿਆਈਏ, ਇਸ ਬਾਰੇ ਮੈਂ ਦਸਦਾ ਹਾਂ। ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰੋ ਅਤੇ ਇਹਦੇ ਲਈ ਸਰਕਾਰ ਵਚਨਬੱਧ ਹੈ। ਟੈਕਸੇਸ਼ਨ ਇਨਕੁਆਇਰੀ ਕਮੇਟੀ ਦੀ ਮੇਜਰ ਰਿਕਮੈਂਡੇਸ਼ਨ ਇਹ ਹੈ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦਿਤਾ ਜਾਵੇ। ਇਸ ਵੇਲੇ ਪੰਜਾਬ

Original with;
Punjab Vidhan Sabha
Digitized by;
Panjab Digital Library

ਰੋਡਵੇਜ਼ ਦੀ ਆਮਦਨੀ 1 ਕਰੋੜ 31 ਲੱਖ ਰੁਪਏ ਹੈ ਅਤੇ ਪੈਪਸੂ ਰੋਡਵੇਜ਼ ਦੀ ਆਮਦਨੀ 45 ਲਖ ਰੁਪਏ ਹੈ। ਇਸ ਤਰ੍ਹਾਂ ਕਰਕੇ ਇਹ ਕੁਲ ਆਮਦਨੀ 1 ਕਰੋੜ ਅਤੇ 76 ਲੱਖ ਰੁਪਏ ਬਣਦੀ ਹੈ। ਇਸ ਵੇਲੇ ਟਰਾਂਸਪੋਰਟ ਤੋਂ 1 ਕਰੋੜ ਅਤੇ 76 ਲੱਖ ਰੁਪਏ ਦੀ ਆਮਦਨੀ ਪੰਜਾਬ ਸਰਕਾਰ ਨੂੰ ਹੈ। ਮੈਂ ਟੈਕਸੇਸ਼ਨ ਇਨਕੁਆਇਰੀ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਕਹਿਣਾ ਚਾਹੁੰਦਾ ਹਾਂ, ਉਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਰ ਇਸ ਨੂੰ ਨੈਸ਼ਨੇਲਾਈਜ਼ ਕਰ ਦਿਤਾ ਜਾਵੇ ਔਰ ਅਗਰ ਰਹਿੰਦੀ ਪਰਾਈਵੇਟ ਟਰਾਂਸਪੋਰਟ ਨੂੰ ਇਸ ਲਈ ਮੁਆਵਜ਼ਾ ਦਿਤਾ ਜਾਵੇ ਤਾਂ ਉਹ ਰਕਮ ਸਿਰਫ 33 ਲੱਖ ਰੁਪਏ ਬਣਦੀ ਹੈ ਤੇ ਇਸ ਦੇ ਇਵਜ਼ ਵਿਚ ਸਰਕਾਰ ਨੂੰ ਆਮਦਨੀ 356 ਲੱਖ ਰੁਪਏ ਦੀ ਹੋਵੇਗੀ। ਕੀ ਇਥੇ ਅੰਨ੍ਹੇ ਰਾਜ ਕਰ ਰਹੇ ਹਨ ? ਕੀ ਇਹ 356 ਲੱਖ ਰੁਪਏ ਦੀ ਆਮਦਨੀ ਨਹੀਂ ਕਰ ਸਕਦੇ ? ਹੋਰ ਇਨਵੈਸਟਮੈਂਟ ਕਰਨੀ ਪੈਂਦੀ ਹੈ, ਠੀਕ ਹੈ। ਪਰ ਇਹ ਕੈਪੀਟਲ ਇਨਵੈਸਟਮੈਂਟ ਹੋਣੀ ਹੈ। ਜਿਹੜੀ ਚੋਰੀ ਹੋ ਰਹੀ ਹੈ ਇਹ ਦਸ ਪੈਸੇ ਇਕ ਕਿਲੋਮੀਟਰ ਪੈਂਦੀ ਹੈ । ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਇਸ ਵੇਲੇ 12 ਲੱਖ ਮਾਈਲੇਜ ਮਿਸ ਕਰ ਰਹੀਆਂ ਹਨ। ਇਸ ਨਾਲ ਇਕ ਕਰੋੜ ਰੁਪਏ ਦਾ ਘਾਟਾ ਪੈ ਰਿਹਾ ਹੈ । ਇਕ ਹੋਰ ਗੱਲ ਟੈਕਸੇਸ਼ਨ ਇਨਕੁਆਇਰੀ ਕਮੇਟੀ ਨੇ ਦੱਸੀ ਹੈ, ਉਹ ਇਹ ਹੈ ਕਿ 2,691 ਮਾਈਲੇਜ ਹਰਿਆਣਾ ਗੌਰਮੈਂਟ ਦੀਆਂ ਬਸਾਂ ਪੰਜਾਬ ਦੇ ਅੰਦਰ ਇਲੀਗਲੀ ਪਲਾਈ ਕਰ ਰਹੀਆਂ ਹਨ। ਇਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਨਾਲ ਕੋਈ ਦਸ ਲੱਖ ਰੁਪਿਆ ਸਾਲ ਦਾ ਘਾਟਾ ਹੈ । ਇਹ ਗੱਲ ਟੈਕਸੇਸ਼ਨ ਇਨ-ਕੁਆਇਰੀ ਕਮੇਟੀ ਦੀ ਰਿਪੋਰਟ ਸਫ਼ਾ 196 ਤੇ ਲਿਖੀ ਹੋਈ ਹੈ । ਇਸ ਨੂੰ ਆਨਰੇਬਲ ਮਨਿਸਟਰ ਸਾਹਿਬ ਦੇਖ ਲੈਣ। ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਅਗਰ ਟਰਾਂਸਪੋਰਟ ਦਾ ਕੌਮੀਕਰਨ ਕਰ ਦਿਤਾ ਜਾਵੇ ਤਾਂ 6 ਕਰੋੜ ਰੁਪਏ ਦੀ ਮਦਦ ਰਾਜ ਸਰਕਾਰ ਨੂੰ ਮਿਲ ਸਕਦੀ ਹੈ। ਇਸੇ ਤਰ੍ਹਾਂ ਹੀ ਸਿਨੇਮਿਆਂ ਦੀ ਨੈਸ਼ਨੇਲਾਈਜ਼ੇਸ਼ਨ ਹੋਣ ਨਾਲ ਇਕ ਕਰੋੜ ਰੁਪਿਆ ਹੋਰ ਸਰਕਾਰ ਨੂੰ ਮਿਲ ਸਕਦਾ ਹੈ। ਟਰਾਂਸਪੋਰਟ ਅਤੇ ਸਿਨਮਿਆਂ ਦੀ ਨੈਸ਼ਨੇਲਾਈਜ਼ੇਸ਼ਨ ਕਰਨ ਸਬੰਧੀ ਇਥੇ ਕਾਂਗਰਸ ਲੈਜਿਸਲੇਚਰ ਪਾਰਟੀ ਨੇ ਮਤਾ ਪਾਸ ਕੀਤਾ ਪਰ ਇਸ ਤੇ ਅਮਲ ਕਦੋਂ ਹੋਣਾ ਹੈ ? ਇਹ ਸੈਸ਼ਨ ਵੀ ਚਲਾ ਜਾਣਾ ਹੈ। ਨੈਸ਼ਨੇਲਾਈਜ਼ੇਸ਼ਨ ਆਫ਼ ਟਰਾਂਸਪੋਰਟ ਅਤੇ ਸਿਨੇਮਾਜ਼ ਲਈ ਇਹ ਸਰਕਾਰ ਬਿਲ ਨਹੀਂ ਲਿਆ ਰਹੀ ਹੈ ਨਾ ਹੀ ਇਸ ਬਾਰੇ ਬਜਟ ਭਾਸ਼ਣ ਵਿਚ ਕੁਝ ਕਿਹਾ ਗਿਆ ਹੈ। ਇਸ ਬਾਰੇ ਟ੍ਰਿਬਿਊਨ ਅਖ਼ਬਾਰ ਨੇ ਵੀ ਹੈਰਾਨਗੀ ਪ੍ਰਗਟ ਕੀਤੀ ਹੈ। ਉਹਨੇ ਪਰਸੋਂ ਅਖ਼ਬਾਰ ਵਿਚ ਇਕ ਆਰਟੀਕਲ ਦਿਤਾ ਹੈ ਜੋ ਕਿ ਮੈਂ ਪੜ੍ਹਦਾ ਹਾਂ :—

> Why all references to nationalisation of cinemas— a potentially fruitful source from which the Government expected over Rs. one crore as net income annually— have been suddenly omitted, needs explaining.

ਇਹ ਟ੍ਰਿਬਿਊਨ ਅਖ਼ਬਾਰ ਪੰਜਾਬ ਦੀ ਸਰਕਾਰ ਤੋਂ ਪੁੱਛ ਰਿਹਾ ਹੈ ਅਤੇ ਇਥੇ ਦੀ ਜਨਤਾ ਸਰਕਾਰ ਤੋਂ ਪੁੱਛ ਰਹੀ ਹੈ ਕਿ ਇਹ ਸਰਕਾਰ ਜਦੋਂ ਨੈਸ਼ਨੇਲਾਈਜ਼ੇਸ਼ਨ ਬਾਰੇ ਵਚਨਬੱਧ ਸੀ ਤੇ ਹੁਣ ਕਿਉਂ ਨਹੀਂ ਇਹ ਇਸ ਤਰ੍ਹਾਂ ਕਰ ਰਹੀ । ਇਹ ਨਾ ਕਰਨ ਦੀ ਕੀ ਵਜ੍ਹਾ ਹੈ ?

ਡਿਪਟੀ ਸਪੀਕਰ ਸਾਹਿਬ, ਮੈਂ ਅਗਲੀ ਗੱਲ ਫੂਡ ਗਰੇਨਜ਼ ਦੇ ਸਿਲਸਿਲੇ ਵਿਚ ਕਹਿਣਾ ਚਾਹੁੰਦਾ ਹਾਂ। ਫੂਡ ਗਰੇਨਜ਼ ਦੀ ਪਰੋਕਿਊਰਮੈਂਟ ਅਤੇ ਸੇਲ ਪਰਾਈਸ ਵਿਚ ਕਾਫ਼ੀ ਫਰਕ ਹੈ। ਇਹ ਪਰੋਕਿਉਰਮੈਂਟ ਪਰਾਈਸ ਤਾਂ 73 ਰੁਪਏ ਕੁਇੰਟਲ ਹੈ ਅਤੇ ਵਿਕਦੀ ਹੈ 110 ਰੁਪਏ ਕੁਇੰਟਲ ਦੇ ਹਿਸਾਬ ਨਾਲ । 220 ਰੁਪਏ ਕੁਇੰਟਲ ਦੇ ਹਿਸਾਬ ਨਾਲ ਤਾਂ ਮੈਦਾ ਵਿਕਦਾ ਹੈ। ਇਨ੍ਹਾਂ ਨੇ ਕਿਹਾ ਹੈ ਕਿ 4,000 ਡਿਪੋ, ਖੋਲ੍ਹ ਦਿਤੇ ਹਨ। (ਵਿਘਨ) ਕੋਆਪਰੇਟਿਵ ਸੋਸਾਇਟੀਜ਼ ਨੂੰ ਇਹ ਡਿਪੂ ਦੇ ਦਿਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਆਪਰੇਟਿਵ ਸੋਸਾਇਟੀਜ਼ ਨੂੰ ਆਟੇ ਦੇ ਡਿਪੂ ਨਹੀਂ ਦਿਤੇ ਗਏ। ਜੋ ਆਟਾ ਪਹਿਲਾਂ ਕਿਤੇ ਮਿਲਦਾ ਸੀ ਉਹ ਵੀ ਹੁਣ ਬੰਦ ਹੋ ਗਿਆ ਹੈ। ਮਤਲਬ ਇਹ ਕਿ ਪਹਿਲਾਂ ਕਿਸਾਨ ਨੇ ਦਿਤੀ ਕਣਕ 73 ਰੁਪਏ ਕੁਇੰਟਲ ਦੇ ਹਿਸਾਬ ਨਾਲ ਅਤੇ ਉਹ ਹੀ ਕਿਸਾਨ ਹੁਣ ਖਰੀਦ ਰਿਹਾ ਹੈ 100 ਜਾਂ 110 ਰੁਪਏ ਦੇ ਹਿਸਾਬ ਨਾਲ। ਇਹ ਜੋ ਸਰਕਾਰ ਦੀ ਪਰਾਫੀ- ਟੀਅਰਿੰਗ ਦੀ ਪਾਲਿਸੀ ਹੈ, ਇਹ ਬੰਦ ਹੋਣੀ ਚਾਹੀਦੀ ਹੈ। ਇਸ ਬਾਰੇ ਲਿਮਿਟ ਮੁਕਰਰ ਹੋਣੀ ਚਾਹੀਦੀ ਹੈ ਤਾਂ ਕਿ ਸਸਤੇ ਭਾਅ ਕਣਕ ਅਤੇ ਹੋਰ ਚੀਜ਼ਾਂ ਮਿਲ ਸਕਣ। ਡਿਪੂਆਂ ਵਿਚ ਹੋਰ ਚੀਜ਼ਾਂ ਦਾ ਪਰਬੰਧ ਵੀ ਹੋਣਾ ਚਾਹੀਦਾ ਹੈ।

ਅਗਲੀ ਗੱਲ ਮੈਂ ਐਗਰੀਕਲਚਰਲ ਸੈਕਟਰ ਵਿਚ ਪ੍ਰੋਵਿੰਸ਼ਿਅਲ ਸੈਕਟਰ ਦੀ ਭਾਵਨਾਵਾਂ ਬਾਰੇ ਕਹਿਣੀ ਚਾਹੁੰਦਾ ਹਾਂ। ਇਹ ਗਰੀਨ ਰੈਵੋਲਿਊਸ਼ਨ ਨਾਲ ਆਮਦਨੀ ਵਧੀ ਕੇਵਲ ਰਿਚ ਫਾਰਮਰ ਦੀ ਇਹ ਨਵੀਂ ਕਲਾਸ ਪੈਦਾ ਹੋਈ ਹੈ। ਇਸ ਕਲਾਸ ਦੀ ਜੇਬ ਵਿਚ ਕਰੋੜਾਂ ਰੁਪਏ ਪੈ ਗਏ ਹਨ ਪਰ ਇਸ ਦੇ ਉਲਟ ਖੇਤ ਮਜ਼ਦੂਰ ਹੋਰ ਗ਼ਰੀਬ ਹੋ ਗਿਆ ਹੈ। ਇਹ ਨਵੀਂ ਕਲਾਸ ਜੋ ਕਿ ਰਿਚ ਫਾਰਮਰ ਹੈ ਇਸ ਤੇ ਟੈਕਸ ਲਗਾਉਣ ਦੀ ਕੋਈ ਗੱਲ ਨਹੀਂ ਕੀਤੀ ਗਈ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਅੰਕੜੇ ਵੇਖੋ 1960-61 ਵਿਚ ਤਾਂ ਪਤਾ ਲਗਦਾ ਹੈ ਕਿ ਅੱਜ ਦੀਆਂ ਕੀਮਤਾਂ ਦੇ ਮੁਤਾਬਿਕ ਜੇ ਐਗਰੀਕਲਚਰ ਦੀ ਪਰੋਡਿਊਸ ਦੀ ਵੈਲਿਊ ਲਈ ਜਾਵੇ ਤਾਂ 240 ਕਰੋੜ ਰੁਪਏ ਦੀ ਐਗਰੀਕਲਚਰਲ ਪਰੋਡਿਊਸ ਸਾਡੇ ਸੂਬੇ ਵਿਚ ਹੋਈ ਹੈ। 1968-69 ਵਿਚ ਇਹ 675 ਕਰੋੜ ਰੁਪਏ ਦੀ ਪਰੋਡਿਊਸ ਹੋਈ ਹੈ। ਇਸ ਤਰ੍ਹਾਂ ਕਰਕੇ ਇਹ ਤਿੰਨ ਗੁਣਾ ਐਗਰੀਕਲਚਰਲ ਪਰੋਡਿਊਸ ਹੋਈ ਹੈ। ਹੁਣ ਇਨ੍ਹਾਂ ਦੀ ਆਮਦਨੀ ਦੀ ਗੱਲ ਲੈ ਲਵੋ। 1960-61 ਵਿਚ ਇਹ 2.8% ਸੀ ਜੋ ਐਗਰੀਕਲਚਰ ਤੋਂ ਆਉਂਦੀ ਸੀ। 1968-69 ਵਿਚ ਇਹ 3.38% ਹੋ ਗਈ। ਇਹਦਾ ਮਤਲਬ ਇਹ ਇਕ ਪੁਆਇੰਟ ਵਧਿਆ। ਜਿਹੜਾ ਨਾਨ-ਐਗਰੀਕਲਚਰ ਸੈਕਟਰ ਹੈ ਜਿਸ ਵਿਚ ਕਿ ਆਮ ਜਨਤਾ ਆਉਂਦੀ ਹੈ ਉਨ੍ਹਾਂ ਦਾ ਹਿੱਸਾ ਪਹਿਲਾਂ ਆਮਦਨ ਵਿਚ 6.63% ਸੀ ਅਤੇ ਹੁਣ 9.22% ਹੈ। ਇਹਦਾ ਮਤਲਬ ਇਹ ਹੋਇਆ ਕਿ ਇਹ ਤਿੰਨ ਪਰਸੈਂਟ ਵਧੀ ਹੈ ਯਾਨੀ ਕਿ ਐਗਰੀਕਲਚਰਲ ਸੈਕਟਰ ਨਾਲੋਂ ਤਿੰਨ ਗੁਣਾ ਵਧੀ ਹੈ। ਸੋ ਮੈਂ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਜੋ ਰਿਚ ਫਾਰਮਰਜ਼ ਦੀ ਕਲਾਸ ਹੈ ਉਸ ਤੇ ਟੈਕਸ ਲਗਣੇ ਚਾਹੀਦੇ ਹਨ। ਰਾਜ ਕਮੇਟੀ ਨੇ ਸੁਝਾਵ ਦਿਤਾ ਹੈ। ਉਸ ਕਮੇਟੀ ਨੇ ਐਗਰੀਕਲਚਰ ਤੇ ਇਨਕਮ ਟੈਕਸ ਨੂੰ ਰੱਦ ਕਰ ਦਿਤਾ ਹੈ। ਐਗਰੀਕਲਚਰ ਤੇ ਇਨਕਮ ਟੈਕਸ ਨਹੀਂ ਲਗਣਾ ਚਾਹੀਦਾ ਇਹ ਠੀਕ ਗੱਲ ਹੈ। ਲੇਕਿਨ ਕੋਈ ਗਰੇਡਿਡ ਕੰਸਾਲੀਡੇਟਿਡ ਲੈਵੀ ਐਗਰੀਕਲਚਰ ਪਰੋਡਕਸ਼ਨ ਉਤੇ ਲਗਣੀ ਚਾਹੀਦੀ ਹੈ। ਰੈਵੇਨਿਊ ਸੈਸ, ਸਰਚਾਰਜਿਜ਼ ਇਹ ਹਟਾ ਦਿਓ। ਇਸ ਛੇ ਸਤ ਕਿਸਮ ਦੀ ਟੈਕਸੇਸ਼ਨ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਗਰੇਡਿਡ ਕੰਸਾਲੀਡੇਟਿਡ ਟੈਕਸ ਲਗਾਓ। ਉਸ ਕਮੇਟੀ ਨੇ ਕਿਹਾ ਕਿ 5 ਹਜ਼ਾਰ ਰੁਪਏ ਤੱਕ ਜਿਸ ਦੀ ਸਲਾਨਾ ਆਮਦਨ ਹੈ ਉਸ ਦੇ ਉਤੇ ਟੈਕਸ ਨਹੀਂ ਲੱਗਣਾ ਚਾਹੀਦਾ। ਉਸ ਦੇ ਉਤੇ ਉਹ ਕਹਿੰਦੇ ਹਨ ਕਿ ਜ਼ਮੀਨ ਦੀ ਕਿਸਮਬੰਦੀ ਕਰਾਓ ਅਤੇ ਤਿੰਨ ਸਾਲਾਂ ਦੀ ਪਿਛਲੀ ਜਿਹੜੀ ਪੈਦਾਵਾਰ ਹੈ, ਉਸ ਨੂੰ ਦੇਖੋ ਅਤੇ ਤਿੰਨ ਸਾਲਾਂ ਦੀ ਔਸਤ ਕੀਮਤ ਦੇਖੋ। ਇਸ ਸਾਰੇ ਨੂੰ ਜੋੜਕੇ ਫਿਰ ਉਸ ਦੇ ਵਿਚੋਂ ਖਰਚ ਕੱਢ ਦਿਓ। ਫਰਜ਼ ਕਰੋ, ਕਿਸੇ ਦੀ 20 ਹਜ਼ਾਰ ਰੁਪਏ ਆਮਦਨ ਹੈ। ਉਸ ਦੀ ਤਿੰਨ ਸਾਲ ਦੀ ਕੀਮਤ ਖਰਚ, ਪੈਦਾਵਾਰ, ਕਿਸਮਬੰਦੀ ਅਨੁਸਾਰ 11 ਹਜ਼ਾਰ ਰੁਪਿਆ ਖਰਚ ਦਾ ਜੇ ਬਣੇ ਤਾਂ ਉਹ ਕੱਢਕੇ 9 ਹਜ਼ਾਰ ਤੇ ਸਾਢੇ ਚਾਰ ਪਰਸੈਂਟ ਟੈਕਸ ਲਗਾ ਦਿਓ ਯਾਨੀ 405 ਰੁਪਏ ਦਾ ਇਕ ਕੰਸਾਲੀਡੇਟਿਡ ਟੈਕਸ ਲਗਾ ਦਿਓ। ਜਿਸ ਦੀ 20 ਹਜ਼ਾਰ ਤੋਂ 50 ਹਜ਼ਾਰ ਰੁਪਏ ਸਾਲਾਨਾ ਇਨਕਮ ਹੈ ਉਸ ਦੇ ਉਤੇ 10% ਪਰਸੈਂਟ

Original with;
Punjab Vidhan Sabha
Digitized by;
Panjab Digital Library

ਟੈਕਸ ਕਰ ਦਿੱਤਾ ਅਤੇ ਜਿਸ ਦੀ 50 ਹਜ਼ਾਰ ਰੁਪਏ ਤੋਂ ਉਪਰ ਇਨਕਮ ਸਾਲਾਨਾ ਹੈ ਉਸ ਤੇ 20% ਕਰ ਦਿਓ । (ਵਿਘਨ) ਗਰੇਡਿਡ ਕਨਸਾਲੀਡੇਟਿਡ ਲੈਵੀ ਆਨ ਰੂਰਲ ਐਗਰੀਕਲਚਰਲ ਇਨਕਮ ਇੰਟਰੋਡਿਊਸ ਕੀਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਪਿੰਡਾਂ ਵਿਚ ਜਿਹੜੇ ਤਕੜੇ ਆਦਮੀ ਹਨ ਉਨ੍ਹਾਂ ਪਾਸੋਂ ਸਰਕਾਰ ਪਾਸ ਪੈਸਾ ਆਵੇ। ਉਹ ਪੈਸਾ ਦੂਸਰੇ ਲੋਕਾਂ ਦੀ ਭਲਾਈ ਲਈ ਖਰਚ ਕੀਤਾ ਜਾਵੇ । ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਆਪ ਵੀ ਕੁਝ ਕੰਮ ਕਰਨਾ ਚਾਹੀਦਾ ਹੈ। ਮਨਿਸਟਰਜ਼ ਅਤੇ ਐਮ. ਐਲ. ਏਜ਼. ਤੇ ਬਹੁਤ ਖਰਚ ਹੋ ਰਿਹਾ ਹੈ। ਇਹ ਇਕ ਕਿਤਾਬ ਹੈ "ਇੰਡੀਆਜ਼ ਸੋਸ਼ਲਿਸਟ ਪਰਿੰਸਿਜ਼"। ਇਸ ਦੇ ਵਿਚ ਲਿਖਿਆ ਹੈ:

> The total expenditure on a Union Minister is Rs. 37,500 and on a Deputy Minister Rs. 16,500 per month. In our States, the total expenditure on a Minister is Rs. 8,000 per month.

ਇਸ ਕਿਸਮ ਦੇ ਉਸ ਨੇ ਫੈਕਟ ਦਿੱਤੇ ਹਨ । ਇਥੇ ਡਾਂਗ ਸਾਹਿਬ ਨੇ ਵੀ ਦੱਸਿਆ ਸੀ ਕਿ ਇਕ ਐਮ.ਐਲ.ਏ. ਦਾ 14 ਸੌ ਰੁਪਿਆ ਮਹੀਨਾ ਬਣਦਾ ਹੈ । ਸੋ. ਇਸ ਨੂੰ ਵੀ ਤੁਸੀਂ ਦੇਖ ਲਵੋ । ਇਸ ਨੂੰ ਦੇਖ ਲਵੋ ਕਿ ਇਸ ਦੇ ਵਿਚੋਂ ਕਿੰਨਾ ਛੱਡਿਆ ਜਾ ਸਕਦਾ ਹੈ । ਇਸੇ ਤਰ੍ਹਾਂ ਮਨਿਸਟਰਜ਼ ਦਾ ਵੀ ਦੇਖ ਲਵੋ । ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਪੋਰਟਡ ਕਾਰਾਂ ਦਾ ਬੜਾ ਰਿਵਾਜ ਹੋ ਗਿਆ ਹੈ । (ਘੰਟੀ) ਸਾਰੇ ਮਹਿਕਮਿਆਂ ਵਿਚ ਇੰਪੋਰਟਿਡ ਕਾਰਾਂ ਹਨ । ਪਹਿਲਾਂ ਸੀ. ਐਮ. ਕੋਲ ਹੁੰਦੀ ਸੀ । (ਵਿਘਨ) ਹੁਣ ਬਿਜਲੀ ਬੋਰਡ ਦੇ 4 ਮੈਂਬਰਾਂ ਪਾਸ ਇੰਪੋਰਟਿਡ ਕਾਰਾਂ ਹਨ । ਪਰ ਮੈਂ ਕਹਿੰਦਾ ਹਾਂ ਕਿ ਸਰਦਾਰ ਜੁਗਰਾਜ ਸਿੰਘ, ਜੋ ਕਿ ਹੁਣੇ ਮਾਰਕੀਟਿੰਗ ਸੁਸਾਇਟੀ ਦੇ ਚੇਅਰਮੈਨ ਬਣੇ ਹਨ ਉਸ ਨੇ ਕਿਹਾ ਹੈ ਕਿ ਮੈਂ ਇੰਪੋਰਟਿਡ ਕਾਰ ਨਹੀਂ ਲੈਂਦਾ ਮੈਂ ਐਮਬੈਸਡਰ ਕਾਰ ਲਵਾਂਗਾ । (ਪ੍ਰਸ਼ੰਸਾ) ਸੋ ਇਹੋ ਜਿਹੀਆਂ ਮਿਸਾਲਾਂ ਹੋਣੀਆਂ ਚਾਹੀਦੀਆਂ ਹਨ । ਇਨ੍ਹਾਂ ਚੀਜ਼ਾਂ ਤੇ ਅਮਲ ਕਰਨਾ ਚਾਹੀਦਾ ਹੈ।

**Mr. Deputy Speaker** : Please wind up within five minutes.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਡਿਪਟੀ ਸਪੀਕਰ ਸਾਹਿਬ, ਮੈਂ 10 ਮਿੰਟ ਹੋਰ ਲਵਾਂਗਾ । (ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਤੁਸੀਂ 5 ਮਿੰਟ ਵਿਚ ਖਤਮ ਕਰੋ। (Please wind up within five minutes.)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਇਸ ਤੋਂ ਅਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਾਡੀ ਟਾਪ ਹੈਵੀ ਐਡਮਨਿਸਟਰੇਸ਼ਨ ਹੈ ਇਸ ਨੂੰ ਘਟਾਉਣਾ ਚਾਹੀਦਾ ਹੈ । ਟੈਕਸੇਸ਼ਨ ਇਨਕੁਆਰੀ ਕਮੇਟੀ ਦੀ ਰਿਪੋਰਟ ਹੈ। ਇਸ ਤਰ੍ਹਾਂ ਐਡਮਨਿਸਟਰੇਟਿਵ ਰਿਫਾਰਮਜ਼ ਕਮਿਸ਼ਨ ਦੀ ਰਿਪੋਰਟ ਹੈ। ਉਸਨੇ ਕਿਹਾ ਹੈ ਕਿ ਕਮਿਸ਼ਨਰਾਂ ਦੀਆਂ ਪੋਸਟਾਂ ਹਟਾਓ। ਸੁਪਰਿੰਟੈਂਡਿੰਗ ਇੰਜੀਨੀਅਰ ਦੀ ਪੋਸਟ ਹਟਾਓ । ਸਰਕਲ ਐਜੂਕੇਸ਼ਨ ਅਫਸਰ, ਸੈਕਟਰੀਜ਼ ਅਤੇ ਜੁਆਇੰਟ ਸੈਕਟਰੀਜ਼ ਦੀਆਂ ਪੋਸਟਾਂ ਹਟਾਓ। ਇਸ ਦੇ ਨਾਲ ਨੈੱਟ ਸੇਵਿੰਗ 25 ਲੱਖ ਰੁਪਏ ਦੀ ਹੋਵੇਗੀ।

ਇਸ ਤੋਂ ਅਗਲੀ ਗੱਲ ਮੈਂ ਪੁਲਿਸ ਦੇ ਬਾਰੇ ਕਹਿਣੀ ਚਾਹੁੰਦਾ ਹਾਂ। ਸਾਡੇ ਸੂਬੇ ਨੂੰ ਪੁਲਿਸ ਸਟੇਟ ਬਣਾਇਆ ਜਾ ਰਿਹਾ ਹੈ। 37 ਲੱਖ ਰੁਪਿਆ ਸੀ.ਆਈ.ਡੀ. ਲਈ ਪ੍ਰੋਵਾਈਡ ਕੀਤਾ ਗਿਆ ਹੈ ਅਤੇ ਕਿਹਾ ਇਹ ਜਾਂਦਾ ਹੈ ਕਿ ਸਾਡਾ ਸੂਬਾ ਜੰਮੂ-ਕਸ਼ਮੀਰ ਨਾਲ ਲਗਦਾ ਹੈ, ਸਾਡਾ ਸੂਬਾ ਪਾਕਿਸਤਾਨ ਅਤੇ ਚੀਨ ਨਾਲ ਲਗਦਾ ਹੈ। ਪਰ ਮੈਂ ਕਹਿੰਦਾ ਹਾਂ ਕਿ ਜੇ ਸਾਡਾ ਸੂਬਾ ਬਾਰਡਰ ਸਟੇਟ ਹੈ ਤਾਂ ਫਿਰ ਤੁਸੀਂ ਸੈਂਟਰ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਕਹੋ ਕਿ ਉਹ ਇਸਦਾ ਖਰਚ ਬਰਦਾਸ਼ਤ ਕਰਨ। ਇਸ ਤਰ੍ਹਾਂ ਸਾਡੇ ਪੰਜਾਬ ਦੇ ਬਜਟ ਤੇ ਕਿਉਂ ਵਾਧੂ ਖਰਚ ਪਾਇਆ ਜਾ ਰਿਹਾ ਹੈ।

ਇਸ ਤੋਂ ਅੱਗੇ ਮੈਂ ਲੈਂਡ ਰਿਫਾਰਮ ਬਿਲ ਦੇ ਸਬੰਧ ਵਿਚ ਕੁਝ ਕਹਿਣਾ ਚਾਹੁਦਾ ਹਾਂ। ਇਹ ਪੰਜਾਬ ਦੀ ਸਰਕਾਰ ਲਈ ਕਿਤਨੀ ਸ਼ਰਮ ਦੀ ਗੱਲ ਹੈ ਕਿ ਪਿਛਲੇ ਸਦਨ ਵਿਚ ਜਦ ਇਹ ਬਿਲ ਪਾਸ ਕੀਤਾ ਗਿਆ ਤਾਂ ਫਿਰ ਉਸਨੂੰ ਸੈਂਟਰ ਵਿਚ ਭੇਜਿਆ ਗਿਆ ਰਾਸ਼ਟਰਪਤੀ ਦੀ ਮਨਜ਼ੂਰੀ ਲਈ। ਹੋਰ ਜਿਹੜੇ ਬਿੱਲ ਸਨ ਉਨ੍ਹਾਂ ਦੀ ਤਾਂ ਮਨਜ਼ੂਰੀ ਰਾਸ਼ਟਰਪਤੀ ਤੋਂ ਆ ਗਈ ਹੈ ਪਰ ਪੰਜਾਬ ਲੈਂਡ ਰਿਫਾਰਮ ਬਿਲ ਦੀ ਮਨਜ਼ੂਰੀ ਨਹੀਂ ਆਈ। ਸਾਨੂੰ ਪਤਾ ਲੱਗਾ ਹੈ ਕਿ ਉਸ ਦੇ ਵਿਚ ਕੁਝ ਲੈਕੂਨੇ ਸਨ। ਇਹ ਸੈਂਟਰ ਦੀ ਸਰਕਾਰ ਨੇ ਪੁਆਇੰਟ ਆਊਟ ਕੀਤੇ ਹਨ ਅਤੇ ਇਸ ਦੀ ਮਨਜ਼ੂਰੀ ਨਹੀਂ ਦਿਤੀ ਜਾ ਰਹੀ ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਨੂੰ ਕਨਫੀਡੈਂਸ ਵਿਚ ਲੈਣਾ ਚਾਹੀਦਾ ਹੈ ਅਤੇ ਜਿਹੜਾ ਕੋਈ ਉਸ ਵਿਚ ਲੈਕੂਨਾ ਰਹਿ ਗਿਆ ਹੈ ਉਸ ਨੂੰ ਅਮੈਂਡਮੈਂਟ ਲਿਆ ਕੇ ਦੂਰ ਕਰੋ। ਇਸ ਨੂੰ ਜਲਦੀ ਕੀਤਾ ਜਾਵੇ ਤਾਂ ਕਿ ਇਹ ਪੰਜਾਬ ਵਿਚ ਲਾਗੂ ਹੋ ਸਕੇ। ਜਿਹੜੀ ਇੰਪਲੀਮੈਂਟੇਸ਼ਨ ਮਸ਼ੀਨਰੀ ਹੈ ਉਸ ਦਾ ਪ੍ਰੋਵੀਜ਼ਨ ਇਸ ਬਜਟ ਵਿਚ ਨਹੀਂ ਕੀਤਾ ਗਿਆ। (ਵਿਘਨ) ਲੈਂਡ ਰੀਫਾਰਮਜ਼ ਇੰਪਲੀਮੈਂਟੇਸ਼ਨ ਡਿਪਾਰਟਮੈਂਟ ਬਣਾਉਣਾ ਪਵੇਗਾ। ਪੰਜਾਬ ਦੇ ਅੰਦਰ ਬਹੁਤ ਸਾਰੀ ਇਵੈਕਿਊ ਜ਼ਮੀਨ ਹੈ। ਮੇਰੇ ਪਾਸ ਉਸਦੀ ਗਿਣਤੀ ਹੈ ਉਹ ਲੱਗ ਭੱਗ ਇਸ ਵੇਲੇ 2 ਲੱਖ ਏਕੜ ਦੇ ਕਰੀਬ ਜ਼ਮੀਨ ਹੈ। ਜਿਸ ਦੇ ਉਤੇ ਕਿ ਬਹੁਤ ਸਾਰੇ ਨਾਜਾਇਜ਼ ਆਬਾਦਕਾਰਾਂ ਦਾ ਕਬਜ਼ਾ ਹੈ। ਜਿਹੜੀ ਜ਼ਮੀਨ ਹਰੀਜਨਾਂ ਵਾਸਤੇ ਸੀ ਉਸ ਦੀ ਰਿਸਟ੍ਰਿਕਟਿਡ ਬੋਲੀ ਦੇ ਕੇ ਹੋਰ ਆਦਮੀਂ ਨੂੰ ਜ਼ਮੀਨ ਦਿਤੀ ਜਦ ਕਿ ਉਹ ਜ਼ਮੀਨ ਹਰੀਜਨ ਹੀ ਲੈ ਸਕਦਾ ਸੀ। ਇਸ ਜ਼ਮੀਨ ਦੇ ਉਤੇ 108 ਆਈ. ਏ. ਐਸ., 11 ਐਮ. ਐਲ. ਏਜ਼. ਅਤੇ 6 ਐਮ. ਪੀਜ਼. ਨੇ 15 ਸਾਲਾਂ ਵਿਚ ਰਿਸਟ੍ਰਿਕਟਿਡ ਆਕਸ਼ਨ ਦੇ ਹੇਠ ਇਸ ਜ਼ਮੀਨ ਦੇ ਉਤੇ ਫਾਰਮ ਬਣਾਏ। ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਰਿਸਟ੍ਰਿਕਟਿਡ ਆਕਸ਼ਨ ਦੀ ਬਜਾਏ ਇਹ ਜ਼ਮੀਨ ਹਰੀਜਨਾਂ ਨੂੰ ਮਿਲਣੀ ਚਾਹੀਦੀ ਹੈ। ਲਾਟਰੀ ਸਿਸਟਮ ਦੇ ਨਾਲ ਉਨ੍ਹਾਂ ਨੂੰ ਇਹ ਜ਼ਮੀਨ ਦਿਓ ਤਾਕਿ ਆਈ.ਏ.ਐਸ, ਅਤੇ ਹੋਰ ਅਫਸਰ ਆਦਿ ਇਹ ਜ਼ਮੀਨ ਨਾ ਲੈ ਸਕਣ ਅਤੇ ਇਹ ਜ਼ਮੀਨਾਂ ਗਰੀਬਾਂ ਪਾਸ ਹੀ ਰਹਿਣ।

ਇਸ ਤੋਂ ਅੱਗੇ ਮੈਂ ਪੰਚਾਇਤੀ ਰਾਜ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਪੰਚਾਇਤੀ ਰਾਜ ਵਿਚ ਤਨਖਾਹਾਂ ਦੇਣ ਨੂੰ ਖਤਮ ਹੋ ਚੁੱਕੀਆਂ ਹਨ। ਮੈਂ ਦਸਦਾ ਹਾਂ ਕਿ ਮਹਾਰਾਸ਼ਟਰ ਦਾ 22 ਫੀ ਸਦੀ ਬਜਟ ਦਾ ਰੁਪਿਆ ਪੰਚਾਇਤੀ ਰਾਜ ਉਤੇ ਖਰਚ ਕਰ ਰਹੇ ਹਨ। ਆਂਧਰਾ ਪ੍ਰਦੇਸ਼ ਵਾਲੇ ਇਸ ਉਤੇ 19% ਖਰਚ ਕਰ ਰਹੇ ਹਨ ਪਰ ਪੰਜਾਬ ਗੌਰਮਿੰਟ ਆਪਣੇ ਬਜਟ ਦਾ 4% ਇਸ ਤੇ ਖਰਚ ਕਰ ਰਹੀ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਪੰਚਾਇਤੀ ਰਾਜ ਫਾਈਨੈਂਸਿਜ਼ ਨਾ ਹੋਣ ਕਰਕੇ ਸਟਾਰਵ ਕਰ ਰਿਹਾ ਹੈ। ਇਸ ਦਾ ਨਤੀਜਾ ਇਹ ਹੈ ਕਿ ਪੰਜਾਬ ਵਿਚ ਪੰਚਾਇਤੀ ਰਾਜ ਦਾ ਭੱਠਾ ਬੈਠ ਗਿਆ ਹੈ। ਪੰਚਾਇਤੀ ਰਾਜ ਦੀਆਂ ਚੋਣਾਂ ਕਰਾਓ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾ ਕਰਾਓ। ਜਿੰਨਾ ਚਿਰ ਤੁਸੀਂ ਇਸ ਪਾਸੇ ਧਿਆਨ ਨਹੀਂ ਦਿੰਦੇ ਇਹ ਅਦਾਰਾ ਕਾਇਮ ਨਹੀਂ ਰਹੇਗਾ। ਪੰਚਾਇਤੀ ਰਾਜ ਦੇ ਫੰਡ ਨੂੰ ਮਜ਼ਬੂਤ ਕਰਨ ਲਈ 30% ਲੈਂਡ ਰੈਵੇਨਿਊ ਦਾ ਪੰਚਾਇਤਾਂ ਨੂੰ ਦਿਓ ਅਤੇ 70% ਜ਼ਿਲ੍ਹਾ ਪਰਿਸ਼ਦਾਂ ਨੂੰ ਦਿਓ (ਵਿਘਨ) ਅਤੇ ਇਸੇ ਤਰ੍ਹਾਂ 15% ਰੂਰਲ ਟੈਕਸ ਦਾ ਇਸ ਦੇ ਵਿਚ ਦਿਉ। (ਵਿਘਨ) ਇਸ ਤਰ੍ਹਾਂ ਕਰਨ ਨਾਲ ਇਹ ਅਦਾਰਾ ਮਜ਼ਬੂਤ ਹੋਵੇਗਾ।

ਇਸ ਤੋਂ ਅੱਗੇ ਮੈਂ ਐਜੂਕੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਐਜੂਕੇਸ਼ਨ ਦੇ ਖੇਤਰ ਵਿਚ ਬਹੁਤ ਦੇਰ ਤੋਂ ਉਹੀ ਢਾਂਚਾ ਚਲਿਆ ਆ ਰਿਹਾ ਹੈ। ਇਸ ਨੂੰ ਓਵਰਹਾਲ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

ਇਸ ਨੂੰ ਸੋਸ਼ਲਿਜ਼ਮ ਅਤੇ ਡੈਮੋਕਰੇਸੀ ਦਾ ਨਿਸ਼ਾਨਾ ਬਣਾਇਆ ਜਾਵੇ। ਅਸੀਂ ਕਹਿੰਦੇ ਹਾਂ ਕਿ ਅਸੀਂ ਦੇਸ਼ ਵਿਚ ਸੋਸ਼ਲਿਜ਼ਮ ਲਿਆਉਣਾ ਹੈ ਤਾਂ ਫਿਰ ਇਸ ਨਿਸ਼ਾਨੇ ਦੀ ਪੂਰਤੀ ਲਈ ਸਾਨੂੰ ਕੁਝ ਨਿਸ਼ਾਨੇ ਬਣਾਉਣੇ ਪੈਣਗੇ। ਪੰਜਾਬ ਵਿਚ ਕਈ ਯੂਨੀਵਰਸਿਟੀਆਂ ਹਨ। ਜਿਸ ਤਰ੍ਹਾਂ ਅੰਮ੍ਰਿਤਸਰ ਵਿਚ ਗੁਰੂ ਨਾਨਕ ਯੂਨੀਵਰਸਿਟੀ ਹੈ। ਉਥੇ ਵਾਈਸ ਚਾਂਸਲਰ ਨਿਉਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਪਟਿਆਲੇ ਦੀ ਯੂਨੀਵਰਸਿਟੀ ਹੈ। ਉਥੋਂ ਦਾ ਜਿਹੜਾ ਵਾਈਸ ਚਾਂਸਲਰ ਹੈ ਉਸ ਨੂੰ 11 ਸੌ ਰੁਪਏ ਤਨਖਾਹ ਮਿਲਦੀ ਹੈ। ਉਹ ਐਡਹਾਕ ਬੇਸਿਜ਼ ਤੇ ਮੁਲਾਜ਼ਮ ਰੱਖ ਸਕਦਾ ਹੈ ਅਤੇ ਰੱਖਦਾ ਹੈ। ਸਾਰੇ ਇਮਪਲਾਈ ਅਨਕਨਫਰਮਡ ਹਨ। ਮੈਂ ਕਹਿੰਦਾ ਹਾਂ ਕਿ ਇਸ ਦੇ ਵਿਚ ਸਟੇਟ ਸਰਕਾਰ ਇੰਟਰਵੀਨ ਕਰੇ ਅਤੇ ਨੌਜਵਾਨਾਂ ਨੂੰ ਇਨ੍ਹਾਂ ਅਦਾਰਿਆਂ ਵਿਚ ਹਿੱਸਾ ਦਿੱਤਾ ਜਾਵੇ ਉਹ ਆਪਣੇ ਆਪਣੇ ਲਾਭ ਪ੍ਰਾਪਤ ਕਰਨ ਲਈ ਇਸ ਕਿਸਮ ਦੀਆਂ ਗੱਲਾਂ ਕਰਦੇ ਹਨ। ਇਸ ਲਈ ਸਰਕਾਰ ਨੂੰ ਇਸ ਦੇ ਵਿਚ ਦਖਲ ਦੇਣ ਦੀ ਲੋੜ ਹੈ। * * *

**ਸ੍ਰੀ ਡਿਪਟੀ ਸਪੀਕਰ** : ਜਿਸ ਆਨਰੇਬਲ ਮੈਂਬਰ ਦਾ ਨਾਮ ਲਿਆ ਗਿਆ ਹੈ ਉਹ ਆਪਣੇ ਆਪ ਨੂੰ ਡਿਫੈਂਡ ਨਹੀਂ ਕਰ ਸਕਦਾ, ਇਹ ਭਾਗ ਰਿਕਾਰਡ ਨਾ ਕੀਤਾ ਜਾਵੇ। (The hon. Member whose name has been mentioned, cannot defend himself here. This should not form part of the proceedings.)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਹੁਣ ਮੈਂ ਇੰਡਸਟਰੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇੰਡਸਟਰੀ ਦੇ ਖੇਤਰ ਵਿਚ ਬੜੀ ਭਿਆਨਕ ਗਲ ਹੋ ਰਹੀ ਹੈ। ਹਿੰਦੁਸਤਾਨ ਦੇ ਮਨਾਪਲਿਸਟਾਂ ਨੇ, ਸਰਮਾਏਦਾਰਾਂ ਨੇ, ਜਾਗੀਰਦਾਰਾਂ ਨੇ, ਬਿਰਲੇ ਅਤੇ ਟਾਟਿਆਂ ਨੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਈ, 1972 ਵਿਚ ਇਕ ਮੈਮੋਰੰਡਮ ਦਿੱਤਾ ਉਸ ਦੇ ਵਿਚ ਇੰਦਰਾ ਗਾਂਧੀ ਨੂੰ ਕਿਹਾ ਗਿਆ ਕਿ ਪਬਲਿਕ ਸੈਕਟਰ ਨੂੰ ਥੋੜ੍ਹਾ ਥੋੜ੍ਹਾ ਛੱਡਣਾ ਸ਼ੁਰੂ ਕਰੋ। ਇਸ ਨੂੰ ਜੁਆਇੰਟ ਸੈਕਟਰ ਵਿਚ ਬਦਲੋ। ਇਸ ਦੀ ਮੈਨੇਜਮੈਂਟ ਸਾਨੂੰ ਦਿਓ। ਹੜਤਾਲਾਂ ਨੂੰ ਗੈਰ ਕਾਨੂੰਨੀ ਕਰਾਰ ਦਿਓ। ਇਹ ਟਾਟਾ ਅਤੇ ਬਿਰਲੇ ਆਦਿ ਦਾ ਮੈਮੋਰੰਡਮ ਸੀ। ਔਰ ਉਸ ਤੇ ਪੰਜਾਬ ਦੀ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਪਬਲਿਕ ਸੈਕਟਰ ਇੰਡਸਟਰੀਜ਼ ਨੂੰ ਜੁਆਇੰਟ ਸੈਕਟਰ ਇੰਡਸਟਰੀਜ਼ ਵਿਚ ਬਦਲ ਦਿਤਾ ਜਾਵੇ। ਪਬਲਿਕ ਸੈਕਟਰ ਦੇ ਲਈ ਇੰਡਸਟਰੀਜ਼ ਦੇ ਜੋ ਲਾਇਸੈਂਸ ਸੈਂਟਰ ਵਲੋਂ ਆਏ ਸੀ ਅਕਾਲੀ ਪਾਰਟੀ ਦੀ ਸਰਕਾਰ ਨੇ ਉਨ੍ਹਾਂ ਨੂੰ ਨਹੀਂ ਵਰਤਿਆ। ਪਬਲਿਕ ਸੈਕਟਰ ਦੀ ਇੰਡਸਟਰੀ ਦੀ ਬਜਾਏ ਜੁਆਇੰਟ ਸੈਕਟਰ ਇੰਡਸਟਰੀਜ਼ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਹੁਣ ਵੀ ਅਖ਼ਬਾਰਾਂ ਵਿਚ ਇਸ ਗੱਲ ਦਾ ਬੜਾ ਰੌਲਾ ਪੈ ਰਿਹਾ ਹੈ। ਇਹ ਆਮ ਚਰਚਾ ਹੈ ਕਿ ਕਰਮ ਚੰਦ ਨੂੰ ਫਿਰ ਮੁੜ ਕੇ ਇੰਡਸਟਰੀ ਦੇਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇਸ ਬਾਰੇ ਵਿਚ ਸਰਕਾਰ ਆਪਣੀ ਪਾਲਿਸੀ ਸਾਫ਼ ਕਰੇ। ਮੈਂ ਸਰਕਾਰ ਨੂੰ ਇਹੀ ਬੇਨਤੀ ਕਰਾਂਗਾ ਕਿ ਮਨਾਪਲਿਸਟਾਂ ਨੂੰ ਪੰਜਾਬ ਦੇ ਸੂਬੇ ਵਿਚੋਂ ਖਤਮ ਕਰੇ ਅਤੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਮਦਦ ਨਾ ਦੇਵੇ।

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਕੁਝ ਐਸੀਆਂ ਤਾਕਤਾਂ ਹਨ ਜੋ ਫੁਟ ਪੁਆ ਰਹੀਆਂ ਹਨ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਦੇਸ਼ ਵਿਚ ਹੀ ਉਹ ਫੁਟ ਪੁਆਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪੰਜਾਬ ਦੀ ਸਰਕਾਰ ਨੂੰ ਐਸੀਆਂ ਤਾਕਤਾਂ ਵਲ ਤਵੱਜੋ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਨੰਬਰ ਨਾਲ ਜਿਹੜੀ ਇਹ ਕਹਿੰਦੇ ਹਨ ਕਿ ਸਟੇਬਿਲਟੀ ਆ ਸਕਦੀ ਹੈ ਅਤੇ ਇਸ ਸਟੇਬਿਲਟੀ ਨਾਲ ਹੁਣ ਸਾਰੇ ਮਸਲੇ ਹੱਲ ਹੋ ਜਾਣਗੇ। ਇਹ ਇਨ੍ਹਾਂ ਦਾ ਸੋਚਣਾ ਗਲਤ ਹੈ। ਸਟੇਬਿਲਟੀ ਆ ਸਕਦੀ ਹੈ ਜੇ ਜਾਗੀਰਦਾਰਾਂ ਨੂੰ, ਸਰਮਾਏਦਾਰਾਂ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਨੂੰ ਖਤਮ ਕਰਕੇ ਗਰੀਬ ਜੰਤਾ ਦੇ ਹੱਕ ਵਿਚ ਇਹ ਖੜ੍ਹੇ ਹੋਣ। ਸਟੇਬਿਲਟੀ ਆ ਸਕਦੀ ਹੈ ਜੇ ਜਨਤਾ ਦੇ ਲਈ ਭਲਾਈ ਦੇ ਕੰਮ ਕੀਤੇ ਜਾਣ ਅਤੇ ਉਨ੍ਹਾਂ ਦੀ ਬੇਹਤਰੀ ਲਈ ਸੋਚਿਆ ਜਾਵੇ। ਅੱਜ ਇਹ ਅਕਾਲੀ ਭਰਾ ਕਹਿੰਦੇ ਹਨ ਕਿ ਅਕਾਲੀ ਪਾਰਟੀ ਨੇ ਲਿੰਕ ਸੜਕਾਂ ਬਣਾਉਣੀਆਂ ਸ਼ੁਰੂ ਕੀਤੀਆਂ ਇਹ ਲਿੰਕ ਸੜਕਾਂ ਸਰਦਾਰ ਲਛਮਨ ਸਿੰਘ ਗਿੱਲ ਨੇ ਬਣਾਉਣੀਆਂ ਸ਼ੁਰੂ ਕੀਤੀਆਂ ਸਨ। ਉਹ 17 ਬੰਦੇ ਡੀਫੇਕਟ ਹੋਏ ਅਤੇ ਆਪਣੀ ਸਰਕਾਰ ਬਣਾਈ। ਜਦੋਂ ਫਿਰ ਇਲੈਕਸ਼ਨ ਹੋਈ ਤਾਂ ਉਨ੍ਹਾਂ 17 ਬੰਦਿਆਂ ਵਿਚੋਂ ਸਿਰਫ ਇਕ ਬੰਦਾ ਹੀ ਇਥੇ ਅਸੈਂਬਲੀ ਵਿਚ ਚੁਣ ਕੇ ਆ ਸਕਿਆ। ਅਕਾਲੀ ਪਾਰਟੀ ਇਹ ਵੀ ਕਹਿੰਦੀ ਹੈ ਕਿ ਉਨ੍ਹਾਂ ਨੇ ਧਰਮਸ਼ਾਲਾਵਾਂ ਬਣਵਾਈਆਂ। (ਵਿਘਨ) ਤੁਸੀਂ ਦੇਖ ਲਉ ਜੋ ਇਨ੍ਹਾਂ ਨੇ ਕੰਮ ਕੀਤੇ ਉਨ੍ਹਾਂ ਤੋਂ ਇਹ ਪਤਾ ਲਗ ਸਕਦਾ ਹੈ। ਇਸ ਇਲੈਕਸ਼ਨ ਵਿਚ ਇਹ ਐਤਕੀ ਸਿਰਫ 25 ਰਹਿ ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਅਗਰ ਸਟੇਬਿਲਟੀ ਲਿਆਉਣੀ ਚਾਹੁੰਦੇ ਹੋ ਤਾਂ ਪੰਜਾਬ ਦੇ ਲੋਕਾਂ ਦਾ ਭਰੋਸਾ ਹਾਸਲ ਕਰੋ। ਇਹ ਭਰੋਸਾ ਲੈਣ ਲਈ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਜਨਤਾ ਦੀ ਭਲਾਈ ਦੇ ਕੰਮ ਕਰੇ, ਉਹ ਕੰਮ ਕਰੇ ਜਿਹੜੇ ਗ਼ਰੀਬ ਲੋਕਾਂ ਦੇ ਹਿੱਤ ਵਿਚ ਹੋਣ ਜਿਸ ਤੋਂ ਜਾਗੀਰਦਾਰਾਂ ਨੂੰ ਸਰਮਾਏਦਾਰਾਂ ਨੂੰ ਸ਼ਹਿ ਨਾ ਮਿਲੇ। ਜੇ ਉਹ ਪੰਜਾਬ ਦੀ ਜਨਤਾ ਵਾਸਤੇ ਕੋਈ ਚੰਗਾ ਕਦਮ ਚੁਕਣਗੇ ਤਾਂ ਅਸੀਂ ਉਨ੍ਹਾਂ ਦੇ ਨਾਲ ਹਾਂ ਹਰ ਚੰਗੇ ਕੰਮ ਵਿਚ ਅਸੀਂ ਉਨ੍ਹਾਂ ਦੀ ਹਿਮਾਇਤ ਕਰਾਂਗੇ ਅਤੇ ਜੇ ਕੋਈ ਮਾੜਾ ਕੰਮ ਕਰਨਗੇ ਤਾਂ ਅਸੀਂ ਉਨ੍ਹਾਂ ਦੀ ਡੱਟ ਕੇ ਵਿਰੋਧਤਾ ਕਰਾਂਗੇ। (ਘੰਟੀ) ਇਤਨਾ ਹੀ ਕਹਿ ਕੇ, ਡਿਪਟੀ ਸਪੀਕਰ ਸਾਹਿਬ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

**ਸਰਦਾਰ ਕਰਨੈਲ ਸਿੰਘ ਮਰੜੀ :** * * *

**Mr. Deputy Speaker :** This is no point of order. These remarks should not be recorded.

**ਮਾਸਟਰ ਗੁਰਬੰਤਾ ਸਿੰਘ** (ਕਰਤਾਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੇਰੇ ਜੋ ਦੋ ਦੋਸਤ ਅਕਾਲੀ ਪਾਰਟੀ ਵਲੋਂ ਅਤੇ ਕਮਿਊਨਿਸਟ ਪਾਰਟੀ ਵਲੋਂ ਬੋਲੇ ਹਨ ਮੈਂ ਉਨ੍ਹਾਂ ਨੂੰ ਬੜੇ ਧਿਆਨ ਨਾਲ ਸੁਣਿਆ ਹੈ। ਅਕਾਲੀ ਭਰਾ ਨੇ ਕਿਹਾ ਕਿ ਇਹ ਜਿਹੜਾ ਬਜਟ ਹੈ ਇਹ ਗ਼ਰੀਬ ਮਾਰੂ ਬਜਟ ਹੈ, ਕਿਸਾਨ ਮਾਰੂ ਬਜਟ ਹੈ ਅਤੇ ਕਮਿਊਨਿਸਟ ਦੋਸਤ ਜੋਸ਼ ਜੀ ਨੇ ਕਿਹਾ ਹੈ ਕਿ ਇਹ ਜਿਹੜਾ ਬਜਟ ਹੈ ਇਹ ਸਟੇਟੱਸ-ਕੋ ਬਜਟ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਤਾਂ 25—30 ਸਾਲ ਤੋਂ ਅਸੈਂਬਲੀ ਵਿਚ ਜੋ ਬਜਟ ਪੇਸ਼ ਹੁੰਦੇ ਰਹੇ ਹਨ, ਦੇਖਦਾ ਚਲਾ ਆਇਆ ਹਾਂ। ਪਹਿਲਾਂ ਥੋੜਾ ਜਿਹਾ ਬਜਟ ਜੁਆਇੰਟ ਪੰਜਾਬ ਦਾ ਹੁੰਦਾ ਸੀ, ਫਿਰ ਕੁਝ ਵੱਧ ਗਿਆ ਅਤੇ ਹੁਣ ਵਧਦਾ ਵਧਦਾ ਅੱਜ ਕਿਤਨਾ ਬਜਟ ਹੋ ਗਿਆ ਹੈ। ਮੈਂ ਤਾਂ ਇਹੀ ਕਹਾਂਗਾ ਕਿ ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਇਹ ਬੜਾ ਪ੍ਰੋਗਰੈਸਿਵ ਬਜਟ ਹੈ, ਗ਼ਰੀਬਾਂ ਦੀ ਮੱਦਦ ਕਰਨ ਵਾਲਾ ਬਜਟ ਹੈ, ਗ਼ਰੀਬ ਆਦਮੀ ਦੇ ਹਿੱਤ ਦਾ ਬਜਟ ਹੈ। ਇਸ ਦੇ ਵਿਚ ਜਿਹੜੀਆਂ ਚੀਜ਼ਾਂ ਸਾਡੇ ਫਾਈਨੈਂਸ ਮਨਿਸਟਰ ਸ਼ਰਮਾ ਸਾਹਿਬ ਨੇ ਦਿਤੀਆਂ ਹਨ ਉਨ੍ਹਾਂ ਦੀਆਂ ਮਿਸਾਲਾਂ ਪੇਸ਼ ਕਰਕੇ ਬੇਨਤੀ ਕਰਾਂਗਾ ਕਿ ਇਹ ਨਾ ਤਾਂ ਗਰੀਬ ਮਾਰੂ ਬਜਟ ਹੈ, ਨਾ ਕਿਸਾਨ ਮਾਰੂ ਬਜਟ ਹੈ ਅਤੇ ਨਾ ਸਟੇਟੱਸ-ਕੋ ਬਜਟ ਹੈ। ਡਿਪਟੀ

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਜਦੋਂ ਪੰਜਾਬ ਦੀ ਇਹ ਸਰਕਾਰ, ਕਾਂਗਰਸ ਦੀ ਸਰਕਾਰ ਪਿਛਲੇ ਸਾਲ ਇਥੇ ਆਈ ਤਾਂ ਜਿਹੜਾ ਗਵਰਨਰ ਸਾਹਿਬ ਵਲੋਂ ਸਾਨੂੰ ਰੁਪਿਆ ਮਿਲਿਆ ਸੀ ਉਹ ਤਕਰੀਬਨ 87 ਕਰੋੜ ਰੁਪਏ ਸੀ। ਇਹ ਪੰਜਾਬ ਦੀ ਸਰਕਾਰ ਕਾਂਗਰਸ ਦੀ ਸਰਕਾਰ, ਇਸ ਪਿਛਲੇ ਸਾਲ ਦੇ ਦੌਰਾਨ ਵਿਚ ਉਸ 87 ਕਰੋੜ ਰੁਪਏ ਤੇ ਹੀ ਨਹੀਂ ਬੈਠੀ ਰਹੀ ਬਲਕਿ ਉਸ ਨੇ 87 ਕਰੋੜ ਰੁਪਏ ਦੀ ਥਾਂ ਤੇ 102 ਕਰੋੜ ਰੁਪਏ ਖਰਚ ਕੀਤੇ। ਤੁਸੀਂ ਆਪ ਅੰਦਾਜ਼ਾ ਲਗਾਓ ਕਿ ਪ੍ਰੋਪੋਜ਼ਲ ਕਿਤਨੀ ਸੀ ਅਤੇ ਇਸ ਸਰਕਾਰ ਨੇ ਖਰਚ ਕਿੰਨਾ ਕੀਤਾ। ਫਿਰ ਪੰਜਾਬ ਸਰਕਾਰ ਨੇ ਹੁਣ ਜਿਹੜਾ ਬਜਟ ਬਣਾਇਆ ਹੈ ਉਸ ਦੇ ਵਿਚ ਇਸ ਸਾਲ 123 ਕਰੋੜ ਰੁਪਿਆ ਖਰਚ ਕਰਨਾ ਹੈ। ਜੇ ਗਵਰਨਰ ਸਾਹਿਬ ਦੀ ਪ੍ਰੋਪੋਜ਼ਲ ਦੇਖੀਏ ਤਾਂ ਉਸ ਹਿਸਾਬ ਨਾਲ 37 ਕਰੋੜ ਰੁਪਿਆ ਇਸ ਸਾਲ ਜ਼ਿਆਦਾ ਖਰਚ ਇਸ ਸਰਕਾਰ ਨੇ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਪਿਛਲੇ ਸਾਲ ਪਲੈਨ ਸਕੀਮਾਂ ਅਤੇ ਨਾਨ-ਪਲੈਨ ਸਕੀਮਾਂ ਤੇ ਜਿਹੜਾ ਪੈਸਾ ਨੀਯਤ ਕੀਤਾ ਸੀ ਉਸ ਦੇ ਨਾਲੋਂ 50 ਫ਼ੀ ਸਦੀ ਜ਼ਿਆਦਾ ਰੁਪਿਆ ਇਸ ਸਰਕਾਰ ਨੇ ਖ਼ਰਚ ਕੀਤਾ ਹੈ। ਇਹ ਜਿਹੜਾ ਰੁਪਿਆ ਖਰਚ ਕੀਤਾ ਹੈ, ਇਹ ਆਮ ਲੋਕਾਂ ਦੀ ਭਲਾਈ ਵਾਸਤੇ ਹੀ ਖਰਚ ਕੀਤਾ ਗਿਆ ਹੈ ਜਿਸ ਦੇ ਨਾਲ ਪੰਜਾਬ ਵਿਚ ਉਨਤੀ ਹੋਈ, ਪੰਜਾਬ ਦੇ ਲੋਕਾਂ ਦੀ ਬਿਹਤਰੀ ਹੋਈ ਅਤੇ ਉਨ੍ਹਾਂ ਨੂੰ ਜ਼ਿਆਦਾ ਸਹੂਲਤਾਂ ਦਿਤੀਆਂ ਗਈਆਂ। ਇਸ ਲਈ ਮੈਂ ਇਹ ਕਹਾਂਗਾ ਕਿ ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਇਹ ਇਕ ਬਹੁਤ ਅੱਛਾ ਬਜਟ ਹੈ ਅਤੇ ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕਿ ਇਤਨੀ ਮਿਹਨਤ ਨਾਲ ਅਤੇ ਤਜ਼ਰਬੇ ਨਾਲ ਇਹ ਬਜਟ ਬਣਾਇਆ ਹੈ ਔਰ ਇਸ ਗੱਲ ਦੀ ਖ਼ੁਸ਼ੀ ਹੈ ਕਿ 4 ਕਰੋੜ ਤੇ 60 ਲੱਖ ਰੁਪਏ ਦੇ ਟੈਕਸ ਲੱਗੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਟੈਕਸਾਂ ਨੂੰ ਜਸਟੀਫਾਈ ਕਰਾਂਗਾ। 37 ਕਰੋੜ ਰੁਪਏ ਦਾ ਜਿਹੜਾ ਘਾਟਾ ਦਿਖਾਇਆ ਗਿਆ ਹੈ ਉਹ ਘਾਟਾ ਟੈਕਸਾਂ ਨਾਲ ਪੂਰਾ ਨਹੀਂ ਕੀਤਾ ਉਸ ਰੁਪਏ ਦੇ ਲਈ ਕਿਸੇ ਤੇ ਫ਼ਾਲਤੂ ਟੈਕਸ ਨਹੀਂ ਲਗਾਇਆ, ਗਰੀਬਾਂ ਤੇ ਉਸ ਦਾ ਬੋਝ ਨਹੀਂ ਪਾਇਆ। ਇਹ ਪੈਸਾ ਪੂਰਾ ਕਰਨ ਲਈ ਸਰਕਾਰ ਨੇ 2 ਕਰੋੜ ਰੁਪਿਆ ਆਪਣੀ ਟੈਕਸ ਕੁਲੈਕਟਿੰਗ ਮਸ਼ੀਨਰੀ ਨੂੰ ਮਜ਼ਬੂਤ ਕਰਨ ਨਾਲ ਵਾਧੂ ਵਸੂਲੀ ਕਰਨੀ ਹੈ। ਇਹ ਇਕ ਬੜਾ ਚੰਗਾ ਕਦਮ ਹੈ, ਬੜਾ ਸ਼ਲਾਘਾਯੋਗ ਕਦਮ ਹੈ ਕਿ ਬਗੈਰ ਕਿਸੇ ਤੇ ਟੈਕਸ ਲਗਾਏ ਇਹ ਦੋ ਕਰੋੜ ਰੁਪਿਆ ਆਉਣਾ ਹੈ। ਹੋ ਸਕਦਾ ਹੈ ਕਿ ਇਸ ਤੋਂ ਸ਼ਾਇਦ ਜ਼ਿਆਦਾ ਰੁਪਿਆ ਵੀ ਵਸੂਲ ਕਰ ਲੈਣ ਪਰ ਇਨ੍ਹਾਂ ਨੇ ਆਪਣਾ ਅੰਦਾਜ਼ਾ 2 ਕਰੋੜ ਰੁਪਿਆ ਹੀ ਦੱਸਿਆ ਹੈ ਕਿ ਇਹ ਲੋਕਾਂ ਤੋਂ ਆਪਣੀ ਮਸ਼ੀਨਰੀ ਨੂੰ ਮਜ਼ਬੂਤ ਕਰਕੇ, ਉਨ੍ਹਾਂ ਨੂੰ ਸ਼ਾਬਾਸ਼ੇ ਦੇ ਕੇ ਜਾਂ ਕਿਸੀ ਹੋਰ ਢੰਗ ਨਾਲ ਜਿਹੜਾ ਪੈਸਾ ਲੋਕੀਂ ਟੈਕਸ ਦਾ ਨਹੀਂ ਦਿੰਦੇ ਉਨ੍ਹਾਂ ਤੋਂ ਵਸੂਲ ਕਰਨ ਨਾਲ ਆਵੇਗਾ।

ਦੂਸਰਾ, ਡਿਪਟੀ ਸਪੀਕਰ ਸਾਹਿਬ, ਟੈਕਸ ਜੋ ਪਹਿਲਾਂ ਬੰਗਲਾ ਦੇਸ਼ ਦੇ ਨਾਮ ਤੇ ਲਗਦਾ ਸੀ ਉਹ ਹੁਣ ਬੰਗਲਾ ਦੇਸ਼ ਦੀ ਬਜਾਏ ਐਜੂਕੇਸ਼ਨ ਸੈੱਸ ਦੇ ਨਾਮ ਦੇ ਉਤੇ ਲੱਗੇਗਾ। ਇਸ ਟੈਕਸ ਦੇ ਨਾਮ ਨੂੰ ਬਦਲ ਦਿਤਾ ਗਿਆ ਹੈ। ਇਹ ਵੀ ਇਕ ਬੜੀ ਚੰਗੀ ਗੱਲ ਹੈ ਕਿ ਇਸ ਦੇ ਨਾਲ ਸਾਡੀ ਬੱਚਿਆਂ ਦੀ ਐਜੂਕੇਸ਼ਨ ਵਿਚ ਤਰੱਕੀ ਹੋਵੇਗੀ। ਹਰ ਆਦਮੀ ਚਾਹੁੰਦਾ ਹੈ ਕਿ ਆਪਣੇ ਬੱਚਿਆਂ ਨੂੰ ਉਹ ਵਿਦਿਆ ਦੇਵੇ। ਪਿਛਲੇ ਸਾਲ ਇਸ ਸਰਕਾਰ ਨੇ ਕਿਤਨੇ ਸਕੂਲ ਨਵੇਂ ਖੋਲ੍ਹੇ ਹਨ, ਕਿਤਨੇ ਅੱਪ-ਗਰੇਡ ਕੀਤੇ ਹਨ ਅਤੇ ਹੋਰ ਕਿਤਨੇ ਹੀ ਇਸ ਸਾਲ ਖੋਲ੍ਹਣੇ ਹਨ। ਸਾਡਾ ਸਾਰਿਆਂ ਦਾ ਇਰਾਦਾ ਵੀ ਇਹ ਹੈ ਕਿ ਸਾਡਾ ਕੋਈ ਬੱਚਾ ਵਿਦਿਆ ਤੋਂ ਬਗ਼ੈਰ ਨਾ ਰਹੇ, ਅਨਪੜ੍ਹ ਨਾ ਰਹੇ ਅਤੇ ਵੱਧ ਤੋਂ ਵੱਧ ਐਜੂਕੇਸ਼ਨ ਹਾਸਲ ਕਰ ਸਕੇ। ਜੇ ਇਸ ਤਰ੍ਹਾਂ ਕਰਨਾ ਹੈ ਤਾਂ ਉਸ ਦੇ ਲਈ ਪੈਸੇ ਦੀ ਜ਼ਰੂਰਤ ਤਾਂ ਸਰਕਾਰ ਨੂੰ ਪੈਂਦੀ ਹੀ ਹੈ। ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਇਹ

Original with;
Punjab Vidhan Sabha
Digitized by;
Panjab Digital Library

[ਮਾਸਟਰ ਗੁਰਬੰਤਾ ਸਿੰਘ]

ਕੋਈ ਲੋਕਾਂ ਤੇ ਬੋਝ ਨਹੀਂ, ਪਿਛਲੇ ਸਾਲ ਵੀ ਤਾਂ ਲੋਕੀਂ ਦਿੰਦੇ ਹੀ ਸਨ । ਹੁਣ ਬੰਗਲਾ ਦੇਸ਼ ਦੇ ਲਫਜ਼ ਨੂੰ ਐਜੂਕੇਸ਼ਨ ਸੈੱਸ ਵਿਚ ਬਦਲ ਦਿਤਾ ਹੈ ਹੋਰ ਕੋਈ ਚੇਂਜ ਨਹੀਂ ਹੋਈ ।

ਫਿਰ ਅਗਲਾ ਜੋ ਦੱਸਿਆ ਹੈ ਕਿ 1 ਕਰੋੜ ਰੁਪਿਆ ਅਨਾਜ ਉਤੇ ਜੋ ਮੰਡੀਆਂ ਵਿਚ ਆਏਗਾ ਉਸ ਤੇ ਸੈੱਸ ਲਾ ਕੇ ਇਕੱਠਾ ਕਰਨਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਪੰਜਾਬ ਵਿਚ ਇਥੋਂ ਦੇ ਕਿਸਾਨ ਨੇ ਦਿਨ ਰਾਤ ਮਿਹਨਤ ਕਰਕੇ ਇਤਨੀ ਕਣਕ ਪੈਦਾ ਕੀਤੀ ਹੈ, ਇਤਨਾ ਅਨਾਜ ਪੈਦਾ ਕੀਤਾ ਹੈ ਕਿ ਅਸੀਂ ਸਾਰੇ ਦੂਜਿਆਂ ਸੂਬਿਆਂ ਨੂੰ ਵੀ ਦੇਣ ਦੇ ਕਾਬਲ ਹੋ ਗਏ ਹਾਂ । ਸੋ, ਡਿਪਟੀ ਸਪੀਕਰ ਸਾਹਿਬ, ਅਸੀਂ 50 ਲੱਖ ਟਨ ਅਨਾਜ ਦੂਜੇ ਸੂਬਿਆਂ ਨੂੰ ਦੇਣਾ ਹੈ ਜਿਹੜੀ ਮਾਰਕੀਟ ਫੀਸ ਵਧੀ ਹੈ ਉਹ ਇਸ 50 ਲੱਖ ਟਨ ਤੇ ਵੀ ਲੱਗਣੀ ਹੈ। ਉਹ ਅਸੀਂ ਹਿੰਦੁਸਤਾਨ ਦੇ ਉਨ੍ਹਾਂ ਸਾਰੇ ਲੋਕਾਂ ਤੋਂ ਲੈਣੀ ਹੈ ਜਿਨ੍ਹਾਂ ਨੇ ਸਾਡੇ ਕੋਲੋਂ ਅਨਾਜ ਲੈਣਾ ਹੈ। ਜਿਸ ਨੇ ਸਾਡੇ ਕੋਲੋਂ ਕਣਕ ਲੈਣੀ ਹੈ, ਚਾਵਲ ਲੈਣੇ ਹਨ, ਮੱਕੀ ਲੈਣੀ ਹੈ, ਇਹ ਫੀਸ ਉਨ੍ਹਾਂ ਸਾਰਿਆਂ ਤੇ ਪੈਣੀ ਹੈ । ਮੈਨੂੰ ਬੜੀ ਖੁਸ਼ੀ ਹੁੰਦੀ ਜੇਕਰ ਇਹ ਟੈਕਸ ਪਿਛਲੇ ਸਾਲ ਵਧਾ ਦਿਤਾ ਗਿਆ ਹੁੰਦਾ । ਇਹ ਕੋਈ ਫੂਡ ਗਰੇਨ ਤੇ ਟੈਕਸ ਨਹੀਂ ਇਹ ਤਾਂ ਸਿਰਫ ਫੀਸ ਹੀ ਵਧੀ ਹੈ । ਇਸ ਦੇ ਨਾਲ ਕਿਸਾਨ ਦੀ ਵਪਾਰੀਆਂ ਦੀ ਅਤੇ ਹੋਰ ਸਾਰੀਆਂ ਚੀਜ਼ਾਂ ਦੀ ਬਿਹਤਰੀ ਕਰਾਂਗੇ । ਮੈਂ ਇਸ ਨੂੰ ਕੋਈ ਗ਼ਰੀਬ ਤੇ ਟੈਕਸ ਨਹੀਂ ਸਮਝਦਾ । ਇਹ ਪਿੰਡਾਂ ਦੇ ਲੋਕਾਂ ਤੇ ਟੈਕਸ ਨਹੀਂ ਹੈ । ਬਾਕੀ ਜਿਹੜੇ ਵੀ ਅਮੀਰ ਮੰਡੀਆਂ ਵਿਚ ਇਹ ਖਰੀਦਣਗੇ ਉਨ੍ਹਾਂ ਤੋਂ ਹੀ ਇਹ ਲਿਆ ਜਾਵੇਗਾ ਕੋਈ ਕਿਸਾਨ ਨੇ ਨਹੀਂ ਦੇਣਾ ਸਗੋਂ ਬਾਹਰਲੀਆਂ ਸਟੇਟਾਂ ਤੋਂ । ਇਸ ਦੇ ਨਾਲ ਇਹ ਵੀ ਗੱਲ ਕੀਤੀ ਕਿ ਬੇਨਾਮੀਆਂ ਤੇ ਕੁਝ ਟੈਕਸ ਲਾਇਆ ਹੈ । ਮੈਂ ਅਰਜ਼ ਕਰਾਂ ਕਿ ਇਹ ਜਿਹੜਾ ਟੈਕਸ ਹੈ ਇਹ ਗਿਫਟਸ ਤੇ ਹੈ । ਕੋਈ ਗਰੀਬ ਕਿਸਾਨ ਗਿਫਟ ਨਹੀਂ ਦਿੰਦਾ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਜੇ ਕਰ ਇਹ ਪਹਿਲਾਂ ਟੈਕਸ ਲਗਾ ਦਿੰਦੇ ਜਦੋਂ ਕਿ ਲੈਂਡ ਸੀਲਿੰਗ ਦਾ ਚਰਚਾ ਸੀ ਲੋਕਾਂ ਆਪਣੀਆਂ ਜਾਇਜ਼ ਨਾਜਾਇਜ਼ ਰਜਿਸਟਰੀਆਂ ਕਰਾਈਆਂ ਤਾਂ ਕਰੋੜਾਂ ਰੁਪਏ ਦੀ ਆਮਦਨ ਹੋਣੀ ਸੀ । ਇਹ ਕੋਈ ਕਿਸੇ ਗ਼ਰੀਬ ਆਦਮੀ ਤੇ ਨਹੀਂ ਲੱਗਣਾ । ਕਿਸੇ ਗਰੀਬ ਆਦਮੀ ਨੇ ਕੋਈ 50 ਹਜ਼ਾਰ ਰੁਪਏ ਦੀ ਜ਼ਮੀਨ ਨਹੀਂ ਖਰੀਦਣੀ, ਇਹ ਜਿਹੜੀ ਖਰੀਦ-ਫ਼ਰੋਖਤ ਹੋਣੀ ਹੈ ਇਹ ਤਾਂ ਅਮੀਰਾਂ ਦਾ ਕੰਮ ਹੈ । ਇਹ ਕੋਈ ਆਮ ਜਨਤਾ ਤੇ ਟੈਕਸ ਨਹੀਂ, ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ ਇਹ ਆਮ ਜਨਤਾ ਤੇ ਟੈਕਸ ਹੈ ।

ਇਸ ਤੋਂ ਇਲਾਵਾ ਹੋਰ ਇਕ ਥੋੜ੍ਹਾ ਜਿਹਾ ਟੈਕਸ ਲਗਾਇਆ ਹੈ । ਉਹ ਟੈਕਸ ਰਬੜ ਦੀਆਂ ਚੀਜ਼ਾਂ ਤੇ ਲਗਾਇਆ ਹੈ । ਉਹ ਲੋਕ ਜਿਹੜੇ ਐਸ਼-ਓ-ਇਸ਼ਰਤ ਦਾ ਸਾਮਾਨ ਇਸਤੇਮਾਲ ਕਰਦੇ ਹਨ, ਉਨ੍ਹਾਂ ਨੂੰ ਟੈਕਸ ਲੱਗਣਾ ਚਾਹੀਦਾ ਹੈ । ਇਸ ਤਰ੍ਹਾਂ ਜਿਹੜਾ 37 ਕਰੋੜ ਰੁਪਏ ਦਾ ਘਾਟਾ ਵਿਖਾਇਆ ਗਿਆ ਹੈ, ਉਸ ਬਾਰੇ ਕਿਸੇ ਗ਼ਰੀਬ ਤੇ ਜਾਂ ਕਿਸੇ ਐਸੀ ਕਮਿਊਨਿਟੀ ਤੇ ਟੈਕਸ ਲਾ ਕੇ ਪੂਰਾ ਕਰਣ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਦੇ ਨਾਲ ਕਿਸੇ ਨੂੰ ਕੋਈ ਤਕਲੀਫ਼ ਹੁੰਦੀ ਹੋਵੇ। ਮੇਰੇ ਕਈ ਸਾਥੀਆਂ ਨੇ ਤਾਂ ਰੇਲਵੇ ਬਾਰੇ ਵੀ ਜ਼ਿਕਰ ਕਰ ਦਿਤਾ ਜਿਸ ਦੇ ਨਾਲ ਸਾਡਾ ਕੋਈ ਤੁਅੱਲਕ ਨਹੀਂ । ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਤਰੀਕੇ ਨਾਲ ਟੈਕਸ ਲਾਇਆ ਹੈ ਅਤੇ ਜਿਹੜੇ ਢੰਗ ਨਾਲ ਬਜਟ ਬਣਾਇਆ ਹੈ ਮੈਂ ਵਧਾਈ ਦਿੰਦਾ ਹਾਂ ਆਪਣੇ ਵਿੱਤ ਮੰਤਰੀ ਜੀ ਨੂੰ । ਟੈਕਸ ਵੀ ਨਹੀਂ ਲਗਾਏ, ਅਤੇ ਲੋਕਾਂ ਨੂੰ ਮਹਿਸੂਸ ਵੀ ਨਹੀਂ ਹੋਇਆ ਅਤੇ 123 ਕਰੋੜ ਰੁਪਏ ਦਾ ਬਜਟ ਬਣਾ ਲਿਆ ਜਿਹੜੇ ਅਗਲੇ ਸਾਲ ਖਰਚ ਕਰਨੇ ਹਨ ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਇਥੇ ਖੇਤੀ ਬਾੜੀ ਅਤੇ ਬਿਜਲੀ ਦੇ ਮੁਤਲਕ ਬੜਾ ਕੁਝ ਕਿਹਾ ਗਿਆ ਡਿਪਟੀ ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੁੰਦਾ ਹੈ ਜਦੋਂ ਮੈਂ ਉਨ੍ਹਾਂ ਆਦਮੀਆਂ ਤੋਂ ਸੁਣਦਾ ਹਾਂ ਕਿ ਬਿਜਲੀ ਬਹੁਤ ਘੱਟ ਹੈ । ਇਹ ਤਾਂ ਕੁਦਰਤ ਦੀ ਗੱਲ ਹੈ । ਗੋਬਿੰਦ ਸਾਗਰ ਵਿਚ ਪਾਣੀ ਘਟ ਆਇਆ, ਬਿਜਲੀ ਦੀ ਕਮੀ ਹੋ ਗਈ । ਡਿਪਟੀ ਸਪੀਕਰ ਸਾਹਿਬ, ਵੇਖ ਲਵੋ ਕਿ ਕਿੰਨੇ ਕਾਰਖਾਨੇ ਲੱਗੇ ਹਨ, ਮੇਰੇ ਕੋਲ ਤਾਦਾਦ ਹੈ ਕਿ 1967 ਵਿਚ ਕਿੰਨੇ ਟਿਊਬਵੈਲਜ਼ ਦੇ ਕੁਨੈਕਸ਼ਨ ਸਨ । ਹੁਣ ਕਿੰਨੇ ਟਿਊਬਵੈਲਜ਼ ਦੇ ਕੁਨੈਕਸ਼ਨਜ ਹਨ । ਪਹਿਲੋਂ ਨਾਲੋਂ ਹੁਣ ਦੁਗਣੇ ਤਿਗਣੇ ਦਾ ਫਰਕ ਹੈ । ਇਸ ਕਰਕੇ ਬਿਜਲੀ ਦੀ ਸ਼ਾਰਟੇਜ ਜ਼ਰੂਰ ਹੈ ਇਹ ਮੰਨਣਾ ਪਏਗਾ ਲੇਕਿਨ, ਡਿਪਟੀ ਸਪੀਕਰ ਸਾਹਿਬ, ਇਹ ਵੀ ਕੀ ਕਾਰਨ ਹੈ । ਪਿਛਲੇ ਪੰਜ ਛੇ ਸਾਲਾਂ ਵਿਚ ਕੋਈ ਸਟੇਬਲ ਸਰਕਾਰ ਨਹੀਂ ਰਹੀ । ਕਿਸੇ ਨੇ ਕੋਈ ਅੱਛੀ ਤਰ੍ਹਾਂ ਪਲਾਨ ਨਹੀਂ ਬਣਾਏ ਕਿ ਕਿਥੇ ਬਿਜਲੀ ਪੈਦਾ ਕਰਨ ਲਈ ਕੋਈ ਚੀਜ਼ ਲਾਉਣੀ ਚਾਹੀਦੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਭਾਖੜੇ ਦੀ ਗੱਲ ਕਰਦੇ ਹਨ । ਮੈਂ ਅਰਜ਼ ਕਰਾਂ ਕਿ ਭਾਖੜਾ ਬਣਿਆ ਸੀ ਅਤੇ ਭਾਖੜੇ ਦਾ ਬਹੁਤਾ ਹਿੱਸਾ ਸਾਡਾ ਸੀ। ਹੁਣ ਭਾਖੜੇ ਨੇ ਬਿਜਲੀ ਪੈਦਾ ਕਰਨੀ ਸੀ, ਭਾਖੜੇ ਦਾ ਪੰਜਾਬ ਜ਼ਿਆਦਾ ਹਿੱਸੇਦਾਰ ਸੀ, ਪੰਜਾਬ ਦੀ ਮਲਕੀਅਤ ਸੀ, ਲੇਕਿਨ ਸਾਡੇ ਕੁਝ ਦੋਸਤਾਂ ਨੇ ਕੁਰਬਾਨੀਆਂ ਕੀਤੀਆਂ ਅਤੇ ਭਾਖੜਾ ਵੰਡਿਆ ਗਿਆ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਅਤੇ ਰਾਜਿਸਥਾਨ ਵਿਚ । ਜਿਹੜੀ ਸਾਡੀ ਇਕੱਲਿਆਂ ਦੀ ਮਲਕੀਅਤ ਸੀ ਸਾਡੇ ਦੋਸਤਾਂ ਨੇ ਵੰਡ ਦਿਤੀ । (ਵਿਘਨ) ਉਹ ਵੀ ਮਾੜੀ ਗੱਲ ਹੋਈ । ਪਹਿਲਾਂ ਕਲੇ ਦੀ ਮਲਕੀਅਤ ਸੀ ਹੁਣ 5-6 ਵਿਚ ਵੰਡੀ ਗਈ । ਸੋ ਮੈਂ ਬਿਜਲੀ ਬਾਰੇ ਅਰਜ਼ ਕਰਦਾ ਹਾਂ ਕਿ ਸਾਡੀ ਸਰਕਾਰ ਇਸ ਪੱਖ ਵਿਚ ਬੜੇ ਯਤਨ ਕਰ ਰਹੀ ਹੈ। ਬਠਿੰਡੇ ਵਾਲਾ ਪ੍ਰਾਜੈਕਟ ਹੈ ਉਸ ਦਾ ਕੁਝ ਹਿੱਸਾ ਇਸ ਸਾਲ ਸ਼ੁਰੂ ਹੋ ਜਾਵੇਗਾ ਅਤੇ ਬਾਕੀ ਅਗਲੇ ਸਾਲ । ਇਸੇ ਤਰ੍ਹਾਂ ਹੋਰ ਵੀ ਕਈ ਥਾਵਾਂ ਤੇ ਇੰਤਜ਼ਾਮ ਕਰ ਦਿਤਾ ਤਾਂ ਕਿ ਸਾਨੂੰ ਬਿਜਲੀ ਮਿਲੇ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਬਿਜਲੀ ਦਾ ਕੰਮ ਕੁਦਰਤ ਦਾ ਕੰਮ ਹੈ । ਗੋਬਿੰਦ ਸਾਗਰ ਚੋਂ ਪਾਣੀ ਨਹੀਂ ਆਇਆ ਬਿਜਲੀ ਦੀ ਕਮੀ ਹੋ ਗਈ । ਪਿਛਲੇ ਪੰਜ ਸਾਲਾਂ ਵਿਚ ਸਾਡੇ ਪੰਜਾਬ ਦੀਆਂ ਸਰਕਾਰਾਂ ਕੋਈ ਪਲਾਨ ਨਹੀਂ ਬਣਾ ਸਕੀਆਂ, ਕੋਈ ਚੰਗੇ ਕੰਮ ਨਹੀਂ ਕਰ ਸਕੀਆਂ, ਬਿਜਲੀ ਦੀ ਕਮੀ ਹੋ ਗਈ । ਇਸ ਤੋਂ ਇਲਾਵਾ ਟਿਊਬਵੈਲਾਂ ਦੀ ਗਿਣਤੀ ਜ਼ਿਆਦਾ ਹੋ ਗਈ, ਦਸਤਕਾਰੀ ਦੀ ਗਿਣਤੀ ਜ਼ਿਆਦਾ ਹੋ ਗਈ, ਇਸ ਕਰਕੇ ਵੀ ਬਿਜਲੀ ਦੀ ਕਮੀ ਹੋ ਗਈ । ਲੇਕਿਨ ਮੈਨੂੰ ਪੂਰਾ ਯਕੀਨ ਹੈ ਕਿ ਸਾਡੀ ਸਰਕਾਰ ਨੂੰ ਉਸ ਦੀ ਪੂਰੀ ਵਾਕਫ਼ੀਅਤ ਹੈ । ਜਿਵੇਂ ਲੋਕਾਂ ਦੀ ਨੁਮਾਇੰਦਾ ਕਲਾਸ ਨੇ ਬਹੁ ਗਿਣਤੀ ਵਿਚ ਇਸ ਨੂੰ ਚੁਣ ਕੇ ਭੇਜਿਆ ਹੈ, ਆਸ ਹੈ ਇਹ ਬਿਜਲੀ ਦਾ ਇੰਤਜ਼ਾਮ ਜ਼ਰੂਰ ਕਰੇਗੀ ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੇਰੇ ਦੋਸਤਾਂ ਨੇ ਕਿਹਾ ਸੀ ਕਿ ਐਗਰੀ-ਕਲਚਰ ਵਿਚ ਵਾਧਾ ਘਟ ਹੋਇਆ ਹੈ । ਉਨ੍ਹਾਂ ਨੇ ਕਿਹਾ ਕਿ ਤੁਹਾਡੇ ਰਾਜ ਵਿਚ 75 ਜਾਂ 80 ਲਖ ਟਨ ਵੱਧ ਹੋਇਆ ਮੈਂ ਕਹਿੰਦਾ ਹਾਂ ਕਿ ਇਹ ਬਹੁਤ ਵਾਧਾ ਹੈ। ਇਹ ਭੁੱਲੇ ਹੋਏ ਹਨ। ਉਸ ਵੇਲੇ ਲੋਕ ਮਖੌਲ ਕਰਦੇ ਸਨ ਜਿਸ ਵੇਲੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਨਾਰਾ ਲਾਇਆ ਸੀ ਕਿ ਮੈਂ ਪੈਦਾਵਾਰ ਦੁਗਣੀ ਕਰ ਦਿਆਂਗਾ । ਲੋਕ ਕਹਿੰਦੇ ਸਨ ਕਿ ਪ੍ਰਤਾਪ ਸਿੰਘ ਦਮਗਜੇ ਮਾਰਦਾ ਹੈ। ਉਸ ਵੇਲੇ ਪ੍ਰਤਾਪ ਸਿੰਘ ਕੈਰੋਂ ਵਿਦੇਸ਼ਾਂ ਤੋਂ ਚੰਗੇ ਸੀਡ ਲੈ ਕੇ ਆਇਆ, ਫਰਟੇਲਾਈਜ਼ਰ ਸਪਲਾਈ ਕੀਤੀ ਅਤੇ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ ਕੀਤੀਆਂ ਅਤੇ ਜਾ ਕੇ ਲੋਕਾਂ ਨੂੰ ਇਸ ਕਾਬਲ ਬਣਾਇਆ ਕਿ ਅਜ ਅਸੀਂ ਇਤਨਾ ਅਨਾਜ ਪੈਦਾ ਕਰਦੇ ਹਾਂ । ਪਿਛਲੇ ਸਾਲਾਂ ਵਿਚ ਮੇਰੇ ਅਕਾਲੀ ਦੋਸਤਾਂ ਨੂੰ ਯਤਨ ਕਰਨੇ ਚਾਹੀਦੇ ਸਨ ਇਸ ਬਾਰੇ ਉਨ੍ਹਾਂ ਨੂੰ ਸਮਾਂ ਕਿਥੇ ਸੀ, ਉਹ ਤਾਂ ਕੁਰਸੀਆਂ ਨੂੰ ਜੱਫਾ ਪਾਉਂਦੇ ਸਨ ਉਹ ਤਾਂ ਇਸ ਫ਼ਿਕਰ ਵਿਚ ਸਨ ਕਿ ਕੋਈ ਕੁਰਸੀ ਨਾ ਖਿਚ ਲਵੇ। ਇਹ ਥੋੜ੍ਹਾ ਥੋੜ੍ਹਾ ਚਿਰ ਸਰਕਾਰ ਰਹੀ ਉਸ ਨੇ ਇਸ ਪਾਸੇ ਵਲ ਧਿਆਨ ਨਹੀਂ ਕੀਤਾ । (ਵਿਘਨ) ਡਿਪਟੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਗੁਰਬੰਤਾ ਸਿੰਘ]

ਸਪੀਕਰ ਸਾਹਿਬ, ਅਗੇ ਮੇਰੇ ਇਕ ਦੋਸਤ ਨੇ ਬਾਂਸਾਂ ਦਾ ਜ਼ਿਕਰ ਕੀਤਾ ਸੀ ਮੈਂ 9-10 ਸਾਲ ਵਜ਼ੀਰ ਰਿਹਾ ਔਰ ਮੇਰੇ ਕੋਲ ਐਗਰੀਕਲਚਰ ਦਾ ਮਹਿਕਮਾ ਵੀ ਰਿਹਾ ਅਤੇ ਫਾਰੈਸਟ ਦਾ ਵੀ। ਮੇਰੇ ਦੋਸਤ ਨੇ ਕਿਹਾ ਕਿ ਗੁਰਬੰਤਾ ਸਿੰਘ ਹਿਮਾਚਲ ਵਿਚੋਂ ਕਾਲਕਾ ਤੋਂ ਭਰ ਕੇ 500 ਬਾਂਸਾਂ ਦੇ ਟਰੱਕ ਅੰਮ੍ਰਿਤਸਰ ਚੋਰੀ ਲੈ ਗਿਆ। ਹੁਣ ਤੁਸੀਂ ਆਪ ਅੰਦਾਜ਼ਾ ਲਾਓ ਅਤੇ 500 ਟਰੱਕਾਂ ਦੀ ਕਤਾਰਲਾ ਕੇ ਵੇਖੋ ਕਿ ਕਿਥੇ ਜਾਂਦੀ ਹੈ। ਜਦੋਂ ਉਸਤੇ ਦਾਵਾ ਕੀਤਾ ਉਸਨੂੰ ਸਜ਼ਾ ਹੋਈ, ਜੁਰਮਾਨਾ ਹੋਇਆ ਅਤੇ ਮਾਫੀ ਮੰਗਦੇ ਹੋਏ ਕਿਹਾ ਕਿ ਮੈਂ ਤਾਂ ਕਿਸੇ ਦੇ ਕਹਿਣ ਤੇ ਕਿਹਾ ਸੀ। ਮੈਂ ਕਹਿੰਦਾ ਹਾਂ ਕਿ ਇਹ ਤਾਂ ਗੱਲਾਂ ਕਹਿਣ ਦੀਆਂ ਹਨ । ਉਹ ਚੀਜ਼ ਦਸੋ ਜਿਹੜੀ ਮੈਂ ਗ਼ਲਤ ਕਹਾਂ ਜਾਂ ਬਜਟ ਦੇ ਉਲਟ ਕਹਾਂ, ਮੈਂ ਕੋਈ ਐਸੀ ਚੀਜ਼ ਨਹੀਂ ਕਹਾਂਗਾ। ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਦਾ ਜ਼ਿਕਰ ਕੀਤਾ । ਮੈਂ ਕਹਿੰਦਾ ਹਾਂ ਕਿ ਇਹ ਕਿਸੇ ਦੇ ਵੱਸ ਦੀ ਗਲ ਨਹੀਂ ਬਾਰਸ਼ਾਂ ਘੱਟ ਹੋਈਆਂ, ਲੋਕਾਂ ਨੂੰ ਬਿਜਲੀ ਘੱਟ ਮਿਲੀ ਫਿਰ ਵੀ ਇਸ ਸਰਕਾਰ ਨੇ ਡੀਜ਼ਲ ਇੰਜਨ ਨਾਲ ਚਲਣ ਵਾਲੇ ਕਿੰਨੇ ਹੀ ਹਜ਼ਾਰ ਟਿਊਬਵੈੱਲ ਲੋਕਾਂ ਨੂੰ ਕਰਜ਼ੇ ਤੇ ਦਿਤੇ ਅਤੇ ਸਸਤੀਆਂ ਕਿਸ਼ਤਾਂ ਤੇ ਕਰਜ਼ੇ ਦੇ ਕੇ ਡੀਜ਼ਲ ਇੰਜਨ ਮੁਹੱਈਆ ਕੀਤੇ। ਡਿਪਟੀ ਸਪੀਕਰ ਸਾਹਿਬ, ਬਾਰਡਰ ਦੇ ਇਲਾਕੇ ਵਿਚ ਡੀਜ਼ਲ ਇੰਜਨ ਖਰੀਦਣ ਵਾਲੇ ਨੂੰ 50 ਫੀ ਸਦੀ ਸਬਸਿਡੀ ਦਿੱਤੀ ਜਾਂਦੀ ਹੈ ਅਤੇ ਆਸਾਨ ਕਿਸ਼ਤਾਂ ਤੇ ਲੋਨ ਵੀ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਖਾਦ ਦੀ ਕਮੀ ਹੋ ਗਈ। ਖਾਦ ਮੁਹੱਈਆ ਕਰਨ ਵਿਚ ਸਰਕਾਰ ਨੇ ਬੜੀ ਕੋਸ਼ਿਸ਼ ਕੀਤੀ ਹੈ, ਪਾਣੀ ਦੇਣ ਦਾ ਯਤਨ ਕੀਤਾ ਹੈ ਅਤੇ ਬਿਜਲੀ ਦੇਣ ਦਾ ਯਤਨ ਕੀਤਾ ਹੈ। ਇਸ ਕਰਕੇ ਐਗਰੀਕਲਚਰ ਵਿਚ ਵਾਧਾ ਹੋਇਆ ਹੈ । ਐਗਰੀਕਲਚਰ ਸਾਡੀ ਇਕਾਨਮੀ ਦਾ ਬੜਾ ਵੱਡਾ ਥੰਮ ਹੈ ਜਿਸ ਦੇ ਸਹਾਰੇ ਸਾਡੀ ਪੰਜਾਬ ਦੀ ਇਕਾਨਮੀ ਖੜੀ ਹੈ ਅਤੇ ਅਸੀਂ ਆਪਣੇ ਆਪ ਨੂੰ ਪੈਰਾਂ ਤੇ ਖੜ੍ਹਾ ਕੀਤਾ ਹੈ । ਕਾਂਗਰਸ ਦੀ ਸਰਕਾਰ ਨੇ ਐਗਰੀਕਲਚਰ ਨੂੰ ਜ਼ਿਆਦਾ ਕਰਨ ਵਾਸਤੇ ਜਿੰਨਾ ਕੁਝ ਕਰ ਸਕਦੀ ਸੀ ਉਸ ਤੋਂ ਵੱਧ ਕੋਸ਼ਿਸ਼ਾਂ ਕੀਤੀਆਂ ਹਨ। ਇਹੀ ਕਾਰਣ ਹੈ ਕਿ ਡਿਵੈਲਪਮੈਂਟ ਲਈ ਜਿੰਨਾ ਪੈਸਾ ਨੀਅਤ ਕੀਤਾ ਸੀ ਉਸ ਨਾਲੋਂ 50 ਫੀ ਸਦੀ ਜ਼ਿਆਦਾ ਖਰਚ ਕੀਤਾ ਹੈ ਤਾਂ ਕਿ ਐਗਰੀਕਲਚਰ ਚੰਗੀ ਤਰ੍ਹਾਂ ਕਾਮਯਾਬ ਹੋਵੇ ਅਤੇ ਕਿਸਾਨ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਹੋਵੇ। ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਇਨ੍ਹਾਂ ਦਾ ਐਗਰੀਕਲਚਰ ਪ੍ਰੋਡਕਸ਼ਨ ਦਾ ਟਾਰਗੇਟ 82 ਲੱਖ ਟਨ ਹੈ ਅਤੇ ਇਸ ਵਿਚੋਂ 50 ਲਖ ਟਨ ਅਨਾਜ ਦੂਜੇ ਸੂਬਿਆਂ ਨੂੰ ਦੇਣਾ ਹੈ। ਇਸ ਅਨਾਜ ਤੇ ਜਿਹੜਾ ਟੈਕਸ ਆਵੇਗਾ ਉਹ ਸਾਡੇ ਪੰਜਾਬ ਦੇ ਬਜਟ ਵਿਚ ਆਵੇਗਾ ਅਤੇ ਬਾਕੀ ਹਿੰਦੁਸਤਾਨੀਆਂ ਦੀ ਭੁੱਖ ਵੀ ਦੂਰ ਹੋਵੇਗੀ।

ਡਿਪਟੀ ਸਪੀਕਰ ਸਾਹਿਬ, ਪਹਿਲਾਂ ਇਥੇ ਸਰਕਾਰਾਂ ਸਕੀਮਾਂ ਬਣਾਉਂਦੀਆਂ ਸਨ ਪਰ ਇਹ ਪਤਾ ਨਹੀਂ ਸੀ ਹੁੰਦਾ ਕਿ ਕਿਥੇ ਘਾਟਾ ਪੈਂਦਾ ਹੈ ਅਤੇ ਕਿਥੇ ਵਾਧਾ ਹੋਣਾ ਹੈ। ਕਿਹੜੀ ਸਕੀਮ ਚੰਗੀ ਹੈ ਅਤੇ ਕਿਹੜੀ ਸਕੀਮ ਮਾੜੀ ਹੈ। ਇਸ ਸਰਕਾਰ ਨੇ ਇਸ ਲਈ ਪਹਿਲੀ ਦਫ਼ਾ ਸਟੇਟ ਪਲਾਨਿੰਗ ਬੋਰਡ ਬਣਾ ਦਿਤਾ ਹੈ ਅਤੇ ਮੈਂ ਇਸ ਲਈ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਸ ਬੋਰਡ ਵਿਚ ਕੋਈ ਵੀ ਪੁਲਿਟੀਕਲ ਆਦਮੀ ਨਹੀਂ ਹੈ । ਸਾਰੇ ਹੀ ਟੈਕਨੀਕਲ ਆਦਮੀ ਹਨ ਬੜੇ ਸੁਲਝੇ ਆਦਮੀ ਇਸਦੇ ਮੈਂਬਰ ਹਨ। ਇਹ ਬੋਰਡ ਸਾਨੂੰ ਦਸੇਗਾ ਕਿ ਕਿਥੇ ਕਿਹੜੀ ਚੀਜ਼ ਦੀ ਕਮੀ ਹੈ ਅਤੇ ਕਿਹੜੀ ਚੀਜ਼ ਜ਼ਿਆਦਾ ਹੈ । ਇਹ ਪਲਾਨਿੰਗ ਬੋਰਡ ਸਾਨੂੰ ਪਲਾਨ ਬਣਾਕੇ ਦੇਵੇਗਾ ਤਾ ਕਿ ਅਸੀਂ ਕਮੀਆਂ ਦੂਰ ਕਰ ਸਕੀਏ ਇਹ ਇਕ ਬੜੀ ਚੰਗੀ ਗੱਲ ਕੀਤੀ ਹੈ। ਐਗਰੀਕਲਚਰ ਦੇ ਮੁਤਲਿਕ ਜਿਤਨਾ ਕੁਝ ਹੋ ਸਕਦਾ ਸੀ ਉਸ ਤੋਂ ਵਧ ਇਸ ਸਰਕਾਰ ਨੇ ਕੀਤਾ ਹੈ। ਕਣਕ, ਝੋਨਾ, ਕਪਾਹ ਤੇਲ ਦੇ ਬੀਜ ਅਤੇ ਦਾਲਾਂ ਨੂੰ ਜ਼ਿਆਦਾ ਪੈਦਾ ਕਰਨ ਵਾਸਤੇ ਕਦਮ

Original with;
Punjab Vidhan Sabha
Digitized by;
Panjab Digital Library

ਚੁਕੇ ਹਨ। ਦਾਲਾਂ ਦੀ ਬੜੀ ਮਹਿੰਗਾਈ ਹੈ ਅਤੇ ਲੋਕਾਂ ਨੂੰ ਇਸ ਕਾਰਨ ਬੜੀ ਤਕਲੀਫ਼ ਹੈ। ਡਿਪਟੀ ਸਪੀਕਰ ਸਾਹਿਬ, ਜੇ ਅਸੀਂ ਨਜ਼ਰ ਮਾਰੀਏ ਕਿ 1949 ਅਤੇ ਹੁਣ ਦੇ ਚੀਜ਼ਾਂ ਦੇ ਭਾਅ ਵਿਚ ਕਿੰਨਾ ਫ਼ਰਕ ਆ ਗਿਆ ਹੈ। ਜੇ ਅਸੀਂ 1949 ਨੂੰ ਇੱਕ ਸੋ ਮੰਨ ਲਈਏ ਤਾਂ 1971 ਵਿਚ ਇਹ 218.2 ਗੁਣਾ ਕੀਮਤਾਂ ਵਧ ਗਈਆਂ ਹਨ ਅਤੇ ਸੰਨ 1972 ਵਿਚ 244.5 ਗੁਣਾ ਚੀਜ਼ਾਂ ਦੀਆਂ ਕੀਮਤਾਂ ਵੱਧ ਗਈਆਂ ਹਨ ਇਸ ਮਹਿੰਗਾਈ ਨਾਲ ਲੋਕ ਬੜੇ ਦੁਖੀ ਹਨ। ਇਸ ਲਈ ਸਾਡੀ ਸਰਕਾਰ ਨੇ ਸ਼ਹਿਰਾਂ ਵਿਚ ਸਸਤੇ ਆਟੇ ਦੇ ਡੀਪੂ ਤਕਰੀਬਨ 4,500 ਖੋਲ੍ਹੇ ਹਨ ਅਤੇ ਪਿੰਡਾਂ ਵਿਚ ਲੋਕਾਂ ਨੂੰ ਸਸਤਾ ਅਨਾਜ ਦੇਣ ਵਾਸਤੇ 7,000 ਦੇ ਕਰੀਬ ਕੋਆਪਰੇਟਿਵ ਸੋਸਾਇਟੀਆਂ ਖੋਲ੍ਹੀਆਂ ਹਨ। ਸਾਡੇ ਫੂਡ ਮਨਿਸਟਰ ਨੇ ਕਿਹਾ ਹੈ ਕਿ ਬਾਕੀ ਜਿਹੜਾ ਪਿੰਡ ਮੰਗ ਕਰੇਗਾ ਉਥੇ ਵੀ ਇਹ ਚੀਜ਼ਾਂ ਸਸਤੇ ਭਾਅ ਤੇ ਮੁਹੱਈਆ ਕੀਤੀਆਂ ਜਾਣਗੀਆਂ।

ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ 1,000 ਪ੍ਰਾਈਮਰੀ ਸਕੂਲ ਇਨ੍ਹਾਂ ਨੇ ਖੋਲ੍ਹੇ ਸਨ ਅਤੇ ਇਸ ਸਾਲ 200 ਪ੍ਰਾਈਮਰੀ ਸਕੂਲ ਨਵੇਂ ਖੋਲ੍ਹ ਰਹੀ ਹੈ ਅਤੇ 50 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾ ਰਹੀ ਹੈ ਅਤੇ 100 ਪ੍ਰਾਈਮਰੀ ਸਕੂਲਾਂ ਨੂੰ ਮਿਡਲ ਸਕੂਲ ਬਣਾ ਰਹੀ ਹੈ। ਇਹ ਇੱਕ ਬੜੀ ਭਾਰੀ ਸਕੀਮ ਹੈ। ਮੇਰੇ ਦੋਸਤ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਅਸੀਂ ਬਹੁਤ ਸਕੂਲ ਖੋਲ੍ਹੇ ਸਨ। ਲੇਕਿਨ ਅਜੇ ਵੀ ਸਾਡੇ ਸੂਬੇ ਵਿਚ ਸਕੂਲਾਂ ਦੀ ਇਤਨੀ ਕਮੀ ਹੈ ਕਿ ਸਾਰਿਆਂ ਪਿੰਡਾਂ ਵਿਚ ਸਕੂਲ ਨਹੀਂ ਖੋਲ੍ਹੇ ਗਏ। ਇਸ ਸਰਕਾਰ ਨੇ ਐਲਾਨ ਕੀਤਾ ਹੈ ਕਿ ਦੋ ਸਾਲਾਂ ਵਿਚ ਕੋਈ ਵੀ ਐਸਾ ਪਿੰਡ ਪੰਜਾਬ ਵਿਚ ਨਹੀਂ ਰਹੇਗਾ ਜਿਥੇ ਕਿ ਸਕੂਲ ਨਾ ਹੋਵੇ। ਇਹ ਇਕ ਬਹੁਤ ਵੱਡੀ ਕਾਮਯਾਬੀ ਹੋਵੇਗੀ। ਸਕੂਲ ਖੋਲ੍ਹਣ ਨਾਲ ਬੇਰੁਜ਼ਗਾਰੀ ਵੀ ਦੂਰ ਹੋਵੇਗੀ। ਪਿਛਲੇ ਸਾਲ ਵੀ ਕਿਤਨੇ ਹਜ਼ਾਰ ਜੇ. ਬੀ. ਟੀ. ਅਤੇ ਬੀ. ਐਡ. ਟੀਚਰਾਂ ਨੂੰ ਨੌਕਰੀਆਂ ਮਿਲੀਆਂ ਹਨ। ਇਸ ਸਾਲ ਵੀ 1,000 ਸਕੂਲ ਖੋਲ੍ਹਣੇ ਹਨ, 100 ਪ੍ਰਾਈਮਰੀ ਸਕੂਲ ਮਿਡਲ ਅਪ-ਗਰੇਡ ਕਰਨੇ ਹਨ ਅਤੇ 50 ਮਿਡਲ ਸਕੂਲ ਹਾਈ ਸਕੂਲ ਬਣਾਉਣੇ ਹਨ। ਇਸ ਨਾਲ ਬੇਰੁਜ਼ਗਾਰ ਟੀਚਰਾਂ ਨੂੰ ਰੋਜ਼ਗਾਰ ਮਿਲੇਗਾ। ਮੇਰਾ ਖਿਆਲ ਹੈ ਕਿ ਸਰਕਾਰ ਨੂੰ ਜੇ. ਬੀ. ਟੀ. ਟੀਚਰਾਂ ਦੀਆਂ ਕਲਾਸਾਂ ਖੋਲ੍ਹਣੀਆਂ ਪੈਣਗੀਆਂ ਤਾਂ ਹੀ ਇਹ ਕਮੀ ਪੂਰੀ ਹੋ ਸਕੇਗੀ। ਜਿਥੇ ਸਾਡੀ ਸਰਕਾਰ ਵਿਦਿਆ ਦੇ ਮੁਤੱਲਿਕ ਇਤਨੀ ਕੋਸ਼ਿਸ਼ ਕਰ ਰਹੀ ਹੈ ਉਥੇ ਪ੍ਰਾਈਵੇਟ ਸਕੂਲਾਂ ਨੂੰ ਵੀ 95 ਫੀਸਦੀ ਤਨਖਾਹ ਸਰਕਾਰੀ ਖਜ਼ਾਨੇ ਵਿਚੋਂ ਦਿੰਦੀ ਹੈ। ਪਹਿਲਾਂ ਪ੍ਰਾਈਵੇਟ ਸਕੂਲਾਂ ਵਿਚ ਤਨਖਾਹਾਂ ਵਕਤ ਸਿਰ ਨਹੀਂ ਮਿਲਦੀਆਂ ਸਨ। ਮੈਨੂੰ ਆਸ ਹੈ ਕਿ ਇਸ ਗਲ ਤੇ ਹੁਣ ਅਮਲ ਹੋਵੇਗਾ। ਪਰ ਮੈਨੂੰ ਅਫ਼ਸੋਸ ਵੀ ਹੈ ਹੈ ਕਿ ਸਾਡੇ ਸੂਬੇ ਵਿਚ ਬਲਕਿ ਸਾਡੇ ਦੇਸ਼ ਵਿਚ ਡੀ. ਏ. ਵੀ. ਅਤੇ ਖਾਲਸਾ ਸਕੂਲਾਂ ਨੇ ਵਿਦਿਆ ਦਾ ਬੜਾ ਕੰਮ ਕੀਤਾ ਹੈ; ਵਿਦਿਆ ਦੇ ਭੰਡਾਰ ਖੋਲ੍ਹੇ ਹਨ ਅਤੇ ਬੜੇ ਉਤਸ਼ਾਹ ਅਤੇ ਤਜ਼ਰਬੇ ਨਾਲ ਵਿਦਿਆ ਵਿਚ ਬੜ੍ਹੋਤਰੀ ਕਰਦੇ ਰਹੇ ਹਨ। ਲੇਕਿਨ ਪਿਛਲੀ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਦੀ ਸਿਕਉਰਟੀ ਆਫ ਸਰਵਿਸ ਦਾ ਬਿਲ ਪਾਸ ਕੀਤਾ ਸੀ, ਉਹ ਬਿਲ ਜਲਦੀ ਜਲਦੀ ਪਾਸ ਕਰ ਦਿਤਾ। ਉਨ੍ਹਾਂ ਨੂੰ ਸਕੂਲਾਂ ਦੇ ਵਾਤਾਵਰਨ ਦਾ ਪਤਾ ਨਹੀਂ ਸੀ। ਹੁਣ ਕੀ ਹੋ ਗਿਆ ਹੈ ਕਿ ਪ੍ਰਾਈਵੇਟ ਸਕੂਲਾਂ ਵਿਚ ਹੈਡਮਾਸਟਰ ਦੇ ਸਾਹਮਣੇ ਇੱਕ ਟੀਚਰ ਮੇਜ਼ ਤੇ ਲੱਤਾਂ ਰਖ ਕੇ ਬੈਠ ਜਾਂਦਾ ਹੈ, ਇਕ ਮਾਸਟਰ ਦੂਜੇ ਮਾਸਟਰ ਨੂੰ ਸਕੂਲ ਵਿਚ ਗਾਲ੍ਹਾਂ ਕਢਦਾ ਹੈ ਪਰ ਹੈਡਮਾਸਟਰ ਉਸਦੇ ਬਰਖਿਲਾਫ ਕੋਈ ਐਕਸ਼ਨ ਨਹੀਂ ਲੈ ਸਕਦਾ। (ਸ਼ੋਰ) (ਵਿਘਨ) ਕਈ ਸਕੂਲਾਂ ਦੇ ਟੀਚਰ ਇੰਗਲੈਂਡ ਅਤੇ ਕੈਨੇਡਾ ਚਲੇ ਜਾਂਦੇ ਹਨ ਉਹ ਛੁੱਟੀ ਲੈ ਕੇ ਨਹੀਂ ਜਾਂਦੇ ਪਰ ਸਕੂਲਾਂ ਦੀ ਮੈਨੇਜਮੈਂਟ ਉਸਨੂੰ ਕੱਢ ਨਹੀਂ ਸਕਦੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਟੀਚਰਾਂ ਦੀ ਸਿਕਿਉਰਟੀ ਆਫ ਸਰਵਿਸ ਪ੍ਰਾਈਵੇਟ ਸਕੂਲਾਂ ਵਿਚ ਹੋ ਗਈ ਹੈ, ਇਸਦਾ ਮਜ਼ਬੂਤ ਪ੍ਰਬੰਧ ਹੋਣਾ ਚਾਹੀਦਾ ਹੈ। ਲੇਕਿਨ ਟੀਚਰਾਂ ਦਾ ਕੋਡ ਆਫ਼ ਕੰਡਕਟ ਵੀ ਹੋਣਾ ਚਾਹੀਦਾ ਹੈ। ਜਿਹੜਾ ਕੋਈ ਟੀਚਰ ਕੰਮ ਨਹੀਂ ਕਰਦਾ ਜਾਂ ਚੰਗਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਗੁਰਬੰਤਾ ਸਿੰਘ]

ਰਿਜ਼ਲਟ ਨਹੀਂ ਵਿਖਾਉਂਦਾ ਤਾਂ ਜਿਸ ਤਰ੍ਹਾਂ ਸਰਕਾਰੀ ਸਕੂਲਾਂ ਵਿਚ ਉਸਨੂੰ ਜਾਂ ਤਾਂ ਤਬਦੀਲ ਕਰ ਦਿਤਾ ਜਾਂਦਾ ਹੈ ਅਤੇ ਜਾਂ ਸਜ਼ਾ ਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਹੋਣਾ ਚਾਹੀਦਾ ਹੈ। ਪ੍ਰਾਈਵੇਟ ਸਕੂਲਾਂ ਵਿਚ ਟੀਚਰ ਦੋ ਦੋ ਸਾਲ ਸਕੂਲ ਵਿਚ ਵੜਦੇ ਨਹੀਂ। ਇਸ ਸਿਕਉਰਟੀ ਆਫ ਟੀਚਰਜ਼ ਸਰਵਿਸ ਬਿਲ ਵਿਚ ਟੀਚਰਾਂ ਦਾ ਕੋਡ ਆਫ ਕੰਡਕਟ ਵੀ ਸ਼ਾਮਲ ਹੋਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਬੜੀ ਦੇਰ ਤੋਂ ਹਰੀਜਨ ਲੜਕਿਆਂ ਦੀ ਫੀਸ ਮਾਫ ਹੈ । ਵਜ਼ੀਫੇ ਵੀ ਉਨ੍ਹਾਂ ਨੂੰ ਮਿਲਦੇ ਹਨ । ਪਹਿਲਾਂ ਉਹ ਹਰੀਜਨ ਲੜਕਾ ਵਜ਼ੀਫਾ ਲੈ ਸਕਦਾ ਸੀ ਜਿਸ ਦੀ ਆਮਦਨ 1800 ਰੁਪਏ ਸਾਲਾਨਾ ਤੋਂ ਘੱਟ ਹੋਵੇ। ਹੁਣ ਸਾਡੀ ਸਰਕਾਰ ਨੇ ਇਹ ਲਿਮਿਟ ਵਧਾ ਕੇ 6000 ਰੁਪਏ ਕਰ ਦਿਤੀ ਹੈ । ਮੈਂ ਤਾਂ ਇਹ ਕਹਾਂਗਾ ਕਿ ਇਹ ਲਿਮਿਟ 7200 ਰੁਪਏ ਤੱਕ ਕਰ ਦੇਣੀ ਚਾਹੀਦੀ ਹੈ । ਇਹ ਐਜੂਕੇਸ਼ਨ ਵਧਾਉਣ ਵੱਲ ਇਕ ਬੜਾ ਅੱਛਾ ਅਤੇ ਜ਼ਬਰਦਸਤ ਸਟੈਪ ਹੋਵੇਗਾ । ਜਿਸ ਦੀ ਆਮਦਨ 6000 ਰੁਪਏ ਤੋਂ ਘੱਟ ਹੋਵੇਗੀ ਉਸ ਹਰੀਜਨ ਲੜਕੇ ਦੀ ਫੀਸ ਮੁਆਫ ਹੋਇਆ ਕਰੇਗੀ ਅਤੇ ਵਜ਼ੀਫਾ ਮਿਲਿਆ ਕਰੇਗਾ । ਮੇਰਾ ਖਿਆਲ ਹੈ ਕਿ ਇਸ ਗੱਲ ਨਾਲ ਮੇਰੇ ਦੋਸਤ ਮਰ੍ਹਜ਼ੀ ਸਾਹਿਬ ਵੀ ਬੜੇ ਖੁਸ਼ ਹੋਣਗੇ । ਪਹਿਲਾਂ ਜਾਂ ਤਾਂ ਮੈਰਿਟ ਦੇ ਹਿਸਾਬ ਨਾਲ ਵਜ਼ੀਫਾ ਮਿਲਦਾ ਸੀ ਜਾਂ ਫਿਰ ਸ਼ੈਡਿਊਲਡ ਕਾਸਟ ਬੱਚਿਆਂ ਨੂੰ ਵਜ਼ੀਫਾ ਦਿਤਾ ਜਾਂਦਾ ਸੀ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ 15 ਲੱਖ ਰੁਪਏ ਬੱਜਟ ਵਿਚ ਰੱਖਿਆ ਹੈ ਕਿ ਜਿਹੜੇ ਗ਼ਰੀਬ ਲੜਕੇ ਹਨ ਭਾਵੇਂ ਉਹ ਕਿਸੇ ਬਰਾਦਰੀ ਨਾਲ ਤੁਅੱਲਕ ਰੱਖਦੇ ਹੋਣ, ਜੇਕਰ ਉਹ ਚੰਗੀ ਤਰ੍ਹਾਂ ਪੜ੍ਹਨ, ਉਨ੍ਹਾਂ ਦਾ ਦਿਮਾਗ ਚੰਗੀ ਤਰ੍ਹਾਂ ਚਲਦਾ ਹੋਵੇ ਉਨ੍ਹਾਂ ਨੂੰ ਵਜ਼ੀਫੇ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਪਹਿਲੀ ਸਰਕਾਰ ਹੈ, ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਨੇ ਕਿ ਐਸਾ ਚੰਗਾ ਕੰਮ ਕੀਤਾ ਹੈ । ਇਕ ਗੱਲ ਹੋਰ ਮੈਨੂੰ ਯਾਦ ਆ ਗਈ ਹੈ ਜਿਸ ਵੇਲੇ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਸਰਕਾਰ ਸੀ ਤਾਂ ਉਨ੍ਹਾਂ ਨੇ ਫੈਸਲਾ ਕੀਤਾ ਸੀ ਕਿ ਜਿਹੜੇ ਗ਼ਰੀਬ ਬੱਚੇ ਹਨ ਉਨ੍ਹਾਂ ਨੂੰ ਕਮ-ਅਜ਼-ਕਮ ਰੋਜ਼ ਇਕ ਅੰਡਾ ਦਿਤਾ ਜਾਵੇ। ਜਿਹੜੇ ਅਮੀਰ ਘਰਾਂ ਦੇ ਬੱਚੇ ਹਨ ਉਨ੍ਹਾਂ ਨੂੰ ਘਰ ਤੋਂ ਇਹ ਅੰਡਾ ਮਿਲੇ ਅਤੇ ਜਿਹੜੇ ਗ਼ਰੀਬ ਘਰਾਂ ਦੇ ਹਨ ਉਨ੍ਹਾਂ ਨੂੰ ਸਕੂਲ ਵੱਲੋਂ ਮਿਲੇ । ਇਸ ਤਰ੍ਹਾਂ ਹੀ ਉਨ੍ਹਾਂ ਨੇ ਸਕੂਲਾਂ ਦੇ ਪਾਸ ਪੋਲਟਰੀ ਫਾਰਮ ਵੀ ਖੁਲਵਾਏ, ਉਨ੍ਹਾਂ ਨੂੰ ਕਰਜ਼ੇ ਦਿਤੇ ਸਨ । ਅੱਜ ਗਿਆਨੀ ਜ਼ੈਲ ਸਿੰਘ ਜੀ ਦੇ ਦਿਮਾਗ ਵਿਚ ਉਹ ਹੀ ਗੱਲ ਸੀ ਇਸ ਲਈ ਹੀ ਇਨ੍ਹਾਂ ਨੇ ਵੀ ਇਹ ਫ਼ੈਸਲਾ ਕੀਤਾ ਹੈ ਕਿ ਜਿਹੜਾ ਗਰੀਬ ਬੱਚਾ ਪਿੰਡ ਤੋਂ ਆਉਂਦਾ ਹੈ ਉਸ ਨੂੰ ਸਕੂਲ ਵਿਚ ਇਕ ਵੇਲੇ ਦਾ ਖਾਣਾ ਦਿਤਾ ਜਾਵੇ । ਇਹ ਇਕ ਬਹੁਤ ਹੀ ਅੱਛੀ ਗੱਲ ਹੈ । (ਥੰਪਿੰਗ) ਇਸ ਨਾਲ ਗ਼ਰੀਬ ਬੱਚਿਆਂ ਦੀ ਸਿਹਤ ਡਿਵੈਲਪ ਹੋਵੇਗੀ ਅਤੇ ਉਹ ਬੱਚੇ ਚੰਗੀ ਤਰ੍ਹਾਂ ਨਾਲ ਪੜ੍ਹਨਗੇ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਵੀ ਕਹਾਂਗਾ ਕਿ ਜਿਹੜੇ ਕਾਲਜਾਂ ਦੇ ਟੀਚਰਾਂ ਨੇ ਸਟਰਾਈਕਾਂ ਕੀਤੀਆਂ ਸਨ ਉਨ੍ਹਾਂ ਤੋਂ ਬਿਨਾਂ ਜਿਨ੍ਹਾਂ ਨੇ ਸਟਰਾਈਕਾਂ ਨਹੀਂ ਸਨ ਕੀਤੀਆਂ ਭਾਵੇਂ ਉਨ੍ਹਾਂ ਨੂੰ ਦੂਸਰੇ ਹੜਤਾਲੀ ਲੋਕ ਗ਼ੱਦਾਰ ਹੀ ਕਹਿੰਦੇ ਸਨ ਪਰ ਉਹ ਟੀਚਰ ਜਾਂ ਪ੍ਰੋਫੈਸਰ ਪੜ੍ਹਾਉਂਦੇ ਰਹੇ ਹਨ, ਉਨ੍ਹਾਂ ਨੂੰ ਵੀ ਰਿਆਇਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ । (ਥੰਪਿੰਗ) ਇਸ ਕਰਕੇ ਮੈਂ ਇਹ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਜ਼ਰੂਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਜਿਨ੍ਹਾਂ ਨੇ ਕਿ ਹੜਤਾਲੀ ਕਰਮਚਾਰੀਆਂ ਦੀ ਪਰਵਾਹ ਨਾ ਕਰਦੇ ਹੋਏ, ਆਪਣੇ ਆਪ ਨੂੰ ਗ਼ੱਦਾਰ ਕਹਾ ਕੇ ਵੀ ਬੱਚਿਆਂ ਦੀ ਪੜ੍ਹਾਈ ਵਿਚ ਰੁਕਾਵਟ ਨਹੀਂ ਪੈਣ ਦਿਤੀ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਹੋਰ ਕਿਤਨਾ ਸਮਾਂ ਲਵੋਗੇ ਜੀ ? ਅੱਧਾ ਘੰਟਾ ਹੋ ਗਿਆ ਹੈ ।
[How much more time will you take ? You have already spoken for half an hour.]

**ਮਾਸਟਰ ਗੁਰਬੰਤਾ ਸਿੰਘ** : ਬੱਸ ਡਿਪਟੀ ਸਪੀਕਰ ਸਾਹਿਬ, ਪੰਜ ਸੱਤ ਮਿੰਟ ਹੀ ਹੋਰ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਸਰਕਾਰ ਨੇ ਇਕ ਹੋਰ ਸ਼ਲਾਘਾਯੋਗ ਕੰਮ ਕੀਤਾ ਹੈ । ਸਰਕਾਰੀ ਕਰਮਚਾਰੀਆਂ ਦੀ ਬੜੀ ਦੇਰ ਤੋਂ ਹੀ ਮੰਗ ਚਲੀ ਆ ਰਹੀ ਸੀ । ਬੜੀ ਦੇਰ ਤੋਂ ਹੜਤਾਲਾਂ ਹੁੰਦੀਆਂ ਆ ਰਹੀਆਂ ਸਨ, ਐਜੀਟੇਸ਼ਨਾਂ ਹੁੰਦੀਆਂ ਸਨ । ਪਰ ਇਸ ਸਰਕਾਰ ਨੇ ਉਨ੍ਹਾਂ ਦੀ ਮੰਗ ਨੂੰ ਪੂਰਾ ਕੀਤਾ । ਇਸ ਸਰਕਾਰ ਨੇ ਕੋਈ ਨੌਂ ਕਰੋੜ ਰੁਪਏ ਇਨ੍ਹਾਂ ਉਪਰ ਖਰਚ ਕੀਤੇ। ਪਰ, ਡਿਪਟੀ ਸਪੀਕਰ ਸਹਿਬ, ਮੈਂ ਇਥੇ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਭਾਵੇਂ ਉਹ ਸਰਕਾਰੀ ਕਰਮਚਾਰੀ ਹੋਵੇ ਉਸ ਤੋਂ ਕੰਮ ਜਿਤਨਾ ਮਰਜ਼ੀ ਲਿਆ ਜਾਵੇ ਲੇਕਿਨ ਇਸ ਮਹਿੰਗਾਈ ਦੇ ਸਮੇਂ ਵਿਚ ਉਸ ਨੂੰ ਪੇਟ ਭਰ ਕੇ ਰੋਟੀ ਜ਼ਰੂਰ ਮਿਲਣੀ ਚਾਹੀਦੀ ਹੈ । ਇਸ ਲਈ ਇਸ ਗੱਲ ਨੂੰ ਇਸ ਸਰਕਾਰ ਨੇ ਅਨੁਭਵ ਕਰਦਿਆਂ ਜਿਸ ਵੇਲੇ ਹੀ ਇਹ ਸਰਕਾਰ ਆਈ ਤਾਂ ਉਸ ਨੇ ਸਰਕਾਰੀ ਕਰਮਚਾਰੀਆਂ ਦੀਆਂ ਮੰਗਾਂ ਨੂੰ ਪੂਰਿਆਂ ਕੀਤਾ ਔਰ ਆਸ ਹੈ ਕਿ ਜਿਹੜਾ ਥੋੜ੍ਹਾ ਬਹੁਤ ਕੰਮ ਰਹਿ ਗਿਆ ਹੈ ਸ਼ਰਮਾ ਜੀ ਉਸ ਨੂੰ ਵੀ ਪੂਰਾ ਕਰ ਦੇਣਗੇ । ਇਨ੍ਹਾਂ ਨੂੰ ਸਰਕਾਰੀ ਕਰਮਚਾਰੀਆਂ ਨਾਲ ਪੂਰੀ ਹਮਦਰਦੀ ਹੈ । ਗਿਆਨੀ ਜੀ ਤਾਂ ਉਠੇ ਹੀ ਸਾਡੇ ਗਰੀਬਾਂ ਵਿਚੋਂ ਹਨ ਔਰ ਉਹ ਵੀ ਇਸ ਤਰ੍ਹਾਂ ਹੀ ਗਰੀਬਾਂ ਦੀ ਮੱਦਦ ਕਰਦੇ ਰਹਿਣਗੇ । ਡਿਪਟੀ ਸਪੀਕਰ ਸਾਹਿਬ, ਮੈਂ ਵੀ ਅੱਠ ਨੌਂ ਸਾਲ ਸਰਕਾਰ ਵਿਚ ਰਿਹਾ ਹਾਂ ।

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਹੁਣ ਅਪਾਣੀ ਕਮਜ਼ੋਰੀ ਦੱਸਣ ਲੱਗੇ ਹੋ । (ਵਿਘਨ)

**ਮਾਸਟਰ ਗੁਰਬੰਤਾ ਸਿੰਘ** : ਮੈਂ ਕਮਜ਼ੋਰੀ ਵੀ ਦੱਸਦਾ ਹਾਂ ਸਾਡੇ ਵੇਲੇ ਕੀ ਕੁਛ ਕਰਮਚਾਰੀ ਵਰਕਚਾਰਜ ਹੋਇਆ ਕਰਦੇ ਸਨ । ਬੀਬੀ ਸੀਤਾ ਦੇਵੀ ਪੈਰਵੀ ਕਰਦੀ ਸੀ । ਪਰ ਇਸ ਸਰਕਾਰ ਨੇ ਫ਼ੈਸਲਾ ਕੀਤਾ ਕਿ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ । ਇਹ ਬੜੀ ਹੀ ਚੰਗੀ ਗੱਲ ਹੈ । ਇਹ ਬੜੀ ਹੀ ਸ਼ਲਾਘਾਯੋਗ ਗੱਲ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਜਿਹੜੇ ਸਰਕਾਰੀ ਕਰਮਚਾਰੀ ਸਰਹੱਦਾਂ ਤੇ ਲੱਗੇ ਹੋਏ ਹਨ ਉਨ੍ਹਾਂ ਨੂੰ ਵੀ ਇਸ ਸਰਕਾਰ ਨੇ ਹਾਊਸ ਰੈਂਟ 12½ ਪਰਸੈਂਟ ਦਿਤਾ ਹੈ । ਪਰ ਇਹ ਲੋਕ ਕਹਿੰਦੇ ਹਨ ਕਿ ਇਹ ਬਜਟ ਗਰੀਬ ਮਾਰੂ ਬੱਜਟ ਹੈ । ਪਰ ਇਹ ਗਰੀਬ ਮਾਰੂ ਨਹੀਂ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਵਿਧਵਾਵਾਂ ਹਨ, ਜਿਨ੍ਹਾਂ ਦੇ ਬੱਚੇ ਨਹੀਂ ਹਨ ਜਿਥੇ ਕਿ ਉਨ੍ਹਾਂ ਨੂੰ 20/20 ਰੁਪਏ ਪੈਨਸ਼ਨ ਮਿਲਦੀ ਸੀ ਇਨ੍ਹਾਂ ਨੇ ਉਸ ਪੈਨਸ਼ਨ ਨੂੰ ਵਧਾ ਕੇ 50 ਰੁਪਏ ਕਰ ਦਿਤਾ ਹੈ । ਇਹ ਉਨ੍ਹਾਂ ਦੀ ਰਕਸ਼ਾ ਦਾ ਕੰਮ ਹੈ ਔਰ ਬੜਾ ਹੀ ਬਿਹਤਰੀ ਦਾ ਕੰਮ ਹੈ । ਜਿਨ੍ਹਾਂ ਦਾ ਵਾਲੀਵਾਰਸ ਹੀ ਕੋਈ ਨਹੀਂ ਹੈ ਉਨ੍ਹਾਂ ਦਾ ਭਲਾ ਕਰਕੇ ਸਰਕਾਰ ਨੇ ਬੜਾ ਹੀ ਸ਼ਲਾਘਾਯੋਗ ਕੰਮ ਕੀਤਾ ਹੈ । ਇਸ ਤਰ੍ਹਾਂ ਹੀ ਇਹ ਸਰਕਾਰ ਪੈਨਸ਼ਨਾਂ ਵਿਚ ਭਾਵੇਂ ਉਹ ਕਿਸੇ ਕਿਸਮ ਦੀ ਵੀ ਪੈਨਸ਼ਨ ਹੋਵੇ ਉਸ ਵਿਚ ਇਹ 10 ਫ਼ੀ ਸਦੀ ਵਾਧਾ ਕਰਨ ਲੱਗੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਹੀ ਗੱਲ ਨਹੀਂ ਹੈ ਜਿਹੜੇ ਪੁਲਿਟੀਕਲ ਸਫਰਰਜ਼ ਹਨ, ਭਾਵੇਂ ਉਹ ਕਿਸੇ ਪਾਰਟੀ ਨਾਲ ਤੁਅੱਲਕ ਰੱਖਦੇ ਹੋਣ ਭਾਵੇਂ ਉਹ ਗਰੀਬ ਹਨ ਜਾਂ ਅਮੀਰ, ਉਨ੍ਹਾਂ ਨੂੰ ਵੀ ਵੱਧ ਪੈਨਸ਼ਨ ਦੇਣ ਦਾ ਫੈਸਲਾ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਪੁਲਿਟੀਕਲ ਸਫਰਰਜ਼ ਹੀ ਹਨ

Original with;
Punjab Vidhan Sabha
Digitized by;
Panjab Digital Library

[ ਮਾਸਟਰ ਗੁਰਬੰਤਾ ਸਿੰਘ ]

ਜਿਨ੍ਹਾਂ ਦੀ ਬਦੌਲਤ ਕਿ ਅਸੀਂ ਅੱਜ ਇਥੇ ਬੈਠੇ ਹਾਂ। ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਜ਼ਬਤ ਕਰਵਾਈਆਂ, ਜੇਲ੍ਹਾਂ ਵਿਚ ਬੰਦ ਰਹੇ, ਫਾਂਸੀਆਂ ਦੇ ਤਖਤੇ ਉਪਰ ਚੜੇ। ਉਨ੍ਹਾਂ ਪੁਲਿਟੀਕਲ ਸੱਫਰਰਜ਼ ਦੀਆਂ ਪੈਨਸ਼ਨਾਂ ਵੀ ਜ਼ਿਆਦਾ ਕਰਨ ਦਾ ਫੈਸਲਾ ਕੀਤਾ ਹੈ। (ਥੰਪਿੰਗ) ਇਸ ਦੇ ਨਾਲ ਹੀ ਮੈਂ ਇਹ ਵੀ ਕਹਿ ਦੇਵਾਂ ਕਿ ਇਨ੍ਹਾਂ ਨੇ ਇਹ ਵੀ ਫੈਸਲਾ ਕਰ ਲਿਆ ਕਿ ਪੁਲਿਟੀਕਲ ਸਫਰਰਜ਼ ਕਿਸੇ ਵੀ ਤਾਰੀਖ ਤਕ ਅਰਜ਼ੀਆਂ ਦੇ ਦੇਣ ਉਨ੍ਹਾਂ ਉਪਰ ਕੋਈ ਪਾਬੰਦੀ ਨਹੀਂ ਹੈ। (ਥੰਪਿੰਗ) ਇਹ ਡਿਪਟੀ ਸਪੀਕਰ ਸਾਹਿਬ, ਇਕ ਬੜੇ ਹੀ ਮਾਰਕੇ ਦੀ ਗੱਲ ਹੈ।

ਡਿਪਟੀ ਸਪੀਕਰ ਸਾਹਿਬ, ਪਹਿਲਾਂ ਕੀ ਹੁੰਦਾ ਸੀ ਕਿ ਅਸੀਂ ਲੋਕ ਜਿਹੜੇ ਗ਼ਰੀਬ ਸਾਂ ਉਹ ਆਪਣੇ ਲਈ ਘਰ ਵੀ ਨਹੀਂ ਸਾਂ ਖਰੀਦ ਸਕਦੇ। ਪਰ ਕਾਂਗਰਸ ਦੀ ਸਰਕਾਰ ਜਿਸ ਵੇਲੇ ਆਈ ਇਸ ਨੇ ਆਉਂਦਿਆਂ ਹੀ ਇਨਤਕਾਲ ਇਰਾਜ਼ੀ ਐਕਟ ਨੂੰ ਤੋੜਿਆ। ਪਹਿਲਾਂ ਘਰ ਬਣਾਉਣ ਲਈ ਭੀ ਜ਼ਮੀਨ ਨਹੀਂ ਸੀ ਖਰੀਦ ਸਕਦੇ ਜੇਕਰ ਕਿਸੇ ਨੇ ਘਰ ਬਣਾਉਣਾ ਹੁੰਦਾ ਸੀ ਤਾਂ ਉਹ ਪਹਿਲਾਂ ਆਪਣਾ ਘਰ ਬਣਾ ਕੇ ਦਿਖਾਉਂਦਾ ਹੁੰਦਾ ਸੀ ਤਾਂ ਫਿਰ ਉਸ ਦੇ ਨਾਉਂ ਉਹ ਲਗਦਾ ਸੀ। ਇਸ ਸਰਕਾਰ ਨੇ ਪਿੰਡਾਂ ਵਿਚ ਪਈ ਜ਼ਮੀਨ ਜਿਸ ਨੂੰ ਦੇਹ ਸ਼ਾਮਲਾਤ ਕਹਿੰਦੇ ਹਨ ਹਰੀਜਨਾਂ ਨੂੰ ਉਸ ਦਾ ਮਾਲਕ ਬਣਾਇਆ। ਡਿਪਟੀ ਸਪੀਕਰ ਸਾਹਿਬ, ਮਰਹੂਮੀ ਸਾਹਿਬ ਨੂੰ ਯਾਦ ਹੋਵੇਗਾ ਜਦੋਂ ਸਨ 1935 ਅਤੇ 1946 ਵਿਚ ਵੋਟਾਂ ਬਣੀਆਂ ਤਾਂ ਮੇਰੀ ਵੋਟ ਬਣੀ ਸੀ ਮਲਬਾ ਮਲਕੀਅਤ ਉਪਰ। ਪਰ ਇਸ ਸਰਕਾਰ ਨੇ ਆਉਂਦਿਆਂ ਹੀ ਇੰਤਕਾਲ ਇਰਾਜ਼ੀ ਐਕਟ ਨੂੰ ਤੋੜਿਆ ਅਤੇ ਘਰਾਂ ਦੇ ਮਾਲਕ ਬਣਾਇਆ ਔਰ ਹੁਣ ਹਰੀਜਨ ਹਰ ਜਗਾਹ ਦੇ ਮਾਲਕ ਬਣ ਸਕਦੇ ਹਨ। ਪਰ ਫਿਰ ਵੀ ਡਿਪਟੀ ਸਪੀਕਰ ਸਾਹਿਬ, ਗ਼ਰੀਬ ਲੋਕਾਂ ਪਾਸ ਘਰ ਨਹੀਂ ਹਨ ਕਿਉਂਕਿ ਉਹ ਘਰ ਖਰੀਦ ਹੀ ਨਹੀਂ ਸਕਦੇ। ਕੋਈ ਕਰਾਏ ਉਪਰ ਰਹਿੰਦਾ ਹੈ ਅਤੇ ਕੋਈ ਝੁੱਗੀਆਂ ਵਿਚ ਰਹਿੰਦਾ ਹੈ। ਪਰ ਇਸ ਸਰਕਾਰ ਨੇ ਜਿਹੜੀ ਕਿ ਗ਼ਰੀਬਾਂ ਦੀ ਸਰਕਾਰ ਹੈ, ਇਸੇ ਨੇ ਇਹ ਫ਼ੈਸਲਾ ਕੀਤਾ ਹੈ ਕਿ ਜਿਹੜੇ ਨਿਆਸਰੇ ਹਨ ਉਨ੍ਹਾਂ ਨੂੰ ਪਿੰਡਾਂ ਵਿਚ ਘਰ ਬਣਾਉਣ ਲਈ ਪਲਾਟ ਦਿਤੇ ਜਾਣਗੇ। ਜਿਨ੍ਹਾਂ ਪਾਸ ਪਹਿਲਾਂ ਕੋਈ ਘਰ ਨਹੀਂ ਹੈ, ਇਕ ਮਰਲਾ ਵੀ ਜਗਾਹ ਨਹੀਂ ਹੈ ਸਰਕਾਰ ਨੇ ਉਨ੍ਹਾਂ ਨੂੰ ਪੰਜ ਪੰਜ ਸੱਤ ਸੱਤ ਮਰਲੇ ਦੇ ਪਲਾਟ ਦੇਣ ਦਾ ਫ਼ੈਸਲਾ ਕੀਤਾ ਹੈ। (ਥੰਪਿੰਗ) ਕਈ ਪਿੰਡ ਤਾਂ ਦੇਹ ਸ਼ਾਮਲਾਤ ਦੀ ਜ਼ਮੀਨ ਹੀ ਦੇਣ ਨੂੰ ਤਿਆਰ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਨੂੰ ਇਕ ਪਿੰਡ ਵਿਚ ਲੈ ਕੇ ਗਿਆ। ਉਸ ਪਿੰਡ ਨੇ ਹਰੀਜਨਾਂ ਨੂੰ ਉਹ ਜ਼ਮੀਨ ਦਿਤੀ ਜਿਸ ਵਿਚ ਕਿ ਬ੍ਰਹੁਤ ਹੀ ਚੰਗੀ ਗੋਭੀ ਬੀਜੀ ਹੋਈ ਸੀ। ਸਰਕਾਰ ਜਿਥੇ ਜ਼ਮੀਨ ਨਾ ਮਿਲੇਗੀ ਉਥੇ ਐਕੁਆਇਰ ਕਰਕੇ ਦੇਵੇਗੀ। ਇਹ ਬੇਘਰਿਆਂ ਨੂੰ ਘਰ ਦੇਣ ਦਾ ਬੜਾ ਹੀ ਚੰਗਾ ਸਬੂਤ ਹੈ। ਸ਼ਰਮਾ ਜੀ ਨੇ ਮੈਨੂੰ ਇਹ ਵੀ ਦੱਸਿਆ ਹੈ ਕਿ ਮਕਾਨ ਬਣਾਉਣ ਵਾਸਤੇ ਸਰਕਾਰ ਪੈਸੇ ਵੀ ਦੇਵੇਗੀ (ਥੰਪਿੰਗ) ਇਸ ਤਰ੍ਹਾਂ 15 ਅਗਸਤ ਤੱਕ ਕੋਈ ਆਦਮੀ ਨਹੀਂ ਰਹਿ ਜਾਵੇਗਾ, ਕੋਈ ਵੀ ਨਿਆਸਰਾ ਨਹੀਂ ਰਹਿ ਜਾਵੇਗਾ ਜਿਹੜਾ ਕਿ ਇਹ ਕਹੇ ਕਿ ਮੇਰੇ ਪਾਸ ਮਕਾਨ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜ਼ਮੀਨਾਂ ਦੇ ਦਿਤੀਆਂ ਹਨ। ਪਿੰਡਾਂ ਵਾਲਿਆਂ ਦੀ ਤਾਂ ਸਰਕਾਰ ਦਲੇਰੀ ਨਾਲ, ਫਰਾਖ਼ਦਿਲੀ ਨਾਲ ਮਦਦ ਕਰਦੀ ਹੈ, ਲੇਕਿਨ ਸ਼ਹਿਰਾਂ ਵਿਚ ਵੀ ਬੜੇ ਗ਼ਰੀਬ ਹਨ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ। ਸੋ ਸ਼ਹਿਰਾਂ ਵਿਚ ਵੀ ਗ਼ਰੀਬ ਹਨ ਜਿਨ੍ਹਾਂ ਪਾਸ ਨਾ ਤਾਂ ਘਰ ਹਨ ਅਤੇ ਨਾ ਹੀ ਉਹ ਖਰੀਦ ਸਕਦੇ ਹਨ। ਮੈਂ ਅੱਜ ਤੁਹਾਡੇ ਸਾਹਮਣੇ ਸਵਾਲ ਵੀ ਪੁਛਿਆ ਸੀ। ਕਿਸੇ ਵੀ ਗ਼ਰੀਬ ਨੇ ਇਮਪਰੂਵਮੈਂਟ ਟਰਸਟ ਪਾਸੋਂ ਕੋਈ ਵੀ ਘਰ ਨਹੀਂ ਖਰੀਦਿਆ, ਕੋਈ ਵੀ ਪਲਾਟ ਨਹੀਂ ਖਰੀਦਿਆ।

Original with;
Punjab Vidhan Sabha
Digitized by;
Panjab Digital Library

ਇਸ ਕਰਕੇ ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਸ਼ਹਿਰਾਂ ਵਿਚ ਜਿਥੇ ਕਿ ਇਨ੍ਹਾਂ ਦਾ ਮੁੱਲ ਨਹੀਂ ਲਗਣਾ ਅਤੇ ਸ਼ੋਭਾ ਖੱਟ ਲੈਣੀ ਹੈ ਉਥੇ ਗ਼ਰੀਬ ਨੂੰ ਮਕਾਨਾਂ ਲਈ ਥਾਂ ਦੇਣ ਦਾ ਯਤਨ ਕਰਨ। ਜਿਹੜੀ ਸ਼ਹਿਰਾਂ ਵਿਚ ਨਿਕਾਸੀ ਜ਼ਮੀਨ ਹੈ ਜਦ ਕੈਪਟਨ ਰਤਨ ਸਿੰਘ ਜੀ ਪਹਿਲਾਂ ਵਜ਼ੀਰ ਸਨ ਪਹਿਲੀ ਸਰਕਾਰ ਵਿਚ ਤਾਂ ਇਨ੍ਹਾਂ ਨੇ ਥੋੜ੍ਹੀ ਜਿਹੀ ਕੀਮਤ ਤੇ ਹਿੰਦ ਸਰਕਾਰ ਪਾਸੋਂ ਇਹ ਮੁੱਲ ਲੈ ਲਈ ਸੀ ਅਤੇ ਪਿੰਡਾਂ ਵਿਚ ਤਾਂ ਇਹ ਨੀਲਾਮ ਹੋ ਗਈ ਸੀ ਪਰ ਸ਼ਹਿਰਾਂ ਵਿਚ ਪਈ ਹੈ ਇਹ ਇਨ੍ਹਾਂ ਲੋਕਾਂ ਨੂੰ ਦੇ ਦਿਤੀ ਜਾਵੇ ਜਿਹੜੇ ਗ਼ਰੀਬ ਹੋਣ ਭਾਵੇਂ ਉਹ ਹਰੀਜਨ ਹੋਣ ਜਾਂ ਗ਼ੈਰ-ਹਰੀਜਨ ਇਹ ਜ਼ਮੀਨ ਉਨ੍ਹਾਂ ਨੂੰ ਦੇਣ ਦਾ ਇਸ ਸਰਕਾਰ ਨੂੰ ਫ਼ੈਸਲਾ ਕਰ ਦੇਣਾ ਚਾਹੀਦਾ ਹੈ ਤਾਂ ਕਿ ਗਰੀਬ ਸ਼ਹਿਰਾਂ ਵਿਚ ਆਪਣਾ ਮਕਾਨ ਬਣਾ ਸਕਣ।

ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਜਿਹੜੇ ਇਮਪਰੂਵਮੈਂਟ ਟਰੱਸਟ ਹਨ ਇਹ ਜ਼ਮੀਨਾਂ ਨੀਲਾਮ ਕਰਦੇ ਹਨ ਇਨ੍ਹਾਂ ਪਾਸ ਸਰਕਾਰ ਵੱਲੋਂ ਇਹ ਹਦਾਇਤ ਜਾਰੀ ਕਰਨੀ ਚਾਹੀਦੀ ਹੈ ਕਿ ਜਿਥੇ ਇਹ ਕਾਲੋਨੀਜ਼ ਸ਼ਹਿਰਾਂ ਵਿਚ ਸੈਟ ਅਪ ਕਰਦੇ ਹਨ ਉਥੇ ਇਨ੍ਹਾਂ ਕਾਲੋਨੀਜ਼ ਵਿਚ ਵੀ ਗ਼ਰੀਬਾਂ ਵਾਸਤੇ ਅਤੇ ਬੇਘਰਿਆਂ ਲਈ ਪਲਾਟ ਰਿਜ਼ਰਵ ਕੀਤੇ ਜਾਣ ਹਰੀਜਨਾਂ ਵਾਸਤੇ ਅਤੇ ਗ਼ਰੀਬਾਂ ਵਾਸਤੇ ਇਹ ਪਲਾਟ ਰਿਜ਼ਰਵ ਕੀਤੇ ਜਾਣ, ਕਲ ਹੀ ਅਜੇ ਜਲੰਧਰ ਵਿਚ, ਡਿਪਟੀ ਸਪੀਕਰ ਸਾਹਿਬ, ਬੋਲੀ ਹੋਈ ਹੈ, ਆਪ ਸੁਣ ਕੇ ਹੈਰਾਨ ਹੋਵੋਗੇ ਕਿ ਇਕ ਇਕ ਮਰਲੇ ਦੀ ਕੀਮਤ 5 ਹਜ਼ਾਰ ਤੋਂ ਲੈ ਕੇ 7 ਹਜ਼ਾਰ ਰੁਪਏ ਤੱਕ ਗਈ ਹੈ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਗ਼ਰੀਬ ਅਤੇ ਹਰੀਜਨ ਕਿਸ ਤਰ੍ਹਾਂ ਇਨ੍ਹਾਂ ਸ਼ਹਿਰਾਂ ਵਿਚ ਬੋਲੀ ਦੇ ਕੇ ਪਲਾਟ ਖਰੀਦ ਸਕਦਾ ਹੈ ਇਸ ਲਈ ਇਨ੍ਹਾਂ ਲਈ ਸ਼ਹਿਰਾਂ ਵਿਚ ਵੀ ਪਲਾਟ ਰੀਜ਼ਰਵ ਕਰ ਦੇਣੇ ਚਾਹੀਦੇ ਹਨ ਤਾਕਿ ਇਹ ਆਪਣੇ ਘਰ ਬਣਾ ਸਕਣ।

ਇਕ ਗੱਲ ਮੈਂ ਕਾਰਪੋਰੇਸ਼ਨ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ ਜਿਹੜੀ ਕਿ ਇਨ੍ਹਾਂ ਨੇ ਹਰੀਜਨ ਕਲਿਆਣ ਲਈ ਬਣਾਈ ਸੀ ਇਹ ਪਿਛਲੀ ਸਰਕਾਰ ਵੇਲੇ ਬਣੀ ਸੀ ਅਸੀਂ ਉਸ ਦੇ ਨਾਲ ਸਾਂ ਇਸ ਦਾ ਨਾਮ ਇਨ੍ਹਾਂ ਨੇ ਰੱਖਿਆ ਹੈ ਪੰਜਾਬ ਸ਼ੈਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ। ਇਸ ਵਿਚ, ਡਿਪਟੀ ਸਪੀਕਰ ਸਾਹਿਬ, ਇਹ ਪਹਿਲਾਂ ਕਰਜ਼ੇ ਦਿੱਤੇ ਸੀ ਅਤੇ ਉਸ ਤੇ ਸੂਦ ਚਾਰਜ ਕੀਤਾ ਜਾਂਦਾ ਸੀ 9 ਫੀ ਸਦੀ। ਬੈਂਕ ਵਾਲੇ ਵੀ 9 ਫੀ ਸਦੀ ਚਾਰਜ ਕਰਦੇ ਸਨ ਅਤੇ ਇਹ ਹਰੀਜਨ ਕਲਿਆਣ ਕਾਰਪੋਰੇਸ਼ਨ ਵਾਲੇ ਵੀ। ਫਿਰ ਧਕਾ ਵੀ ਮਾਰ ਜਾਂਦੇ ਸਨ ਕਿਸੇ ਨੂੰ ਕਰਜ਼ਾ ਦਿਤਾ ਕਿਸੇ ਨੂੰ ਨਾ ਦਿਤਾ। ਇਸ ਗਿਆਨੀ ਜੀ ਦੀ ਸਰਕਾਰ ਨੇ ਇਸ ਦਾ ਸੂਦ 3-4 ਫੀ ਸਦੀ ਕਰ ਦਿਤਾ ਹੈ 9 ਫੀ ਸਦੀ ਤੋਂ ਘਟਾ ਕੇ। ਇਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ ਕਿ ਇਨ੍ਹਾਂ ਨੇ ਇਸ ਪਾਸੇ ਧਿਆਨ ਦਿਤਾ ਹੈ ਅਤੇ ਫਿਰ ਕਿਸ਼ਤਾਂ ਵੀ ਛੋਟੀਆਂ ਕਰ ਦਿਤੀਆਂ ਹਨ ਤਾਂ ਕਿ ਮੋੜਨ ਵਿਚ ਆਸਾਨੀ ਹੋਵੇ। ਇਕ ਗੱਲ ਇਨ੍ਹਾਂ ਹੋਰ ਕੀਤੀ ਹੈ ਕਿ ਰਜਿਸਟਰੇਸ਼ਨ ਫੀ ਇਸ ਕੰਮ ਲਈ ਮਾਫ਼ ਕਰ ਦਿਤੀ ਹੈ ਇਹ ਸਰਕਾਰ ਵਧਾਈ ਦੀ ਪਾਤਰ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਮਾਡਲ ਵਿਲੇਜ ਸਕੀਮ ਚਲਾਈ ਸੀ ਇਸ ਵਿਚ ਕੰਮ ਸ਼ੁਰੂ ਕੀਤਾ ਕੋਈ ਅੱਧਾ ਬਣਿਆ ਕੋਈ ਬਣਿਆ ਹੀ ਨਹੀਂ ਸੀ। ਕਾਂਗਰਸ ਸਰਕਾਰ ਨੇ ਆਉਂਦਿਆਂ ਹੀ ਇਸ ਪਾਸੇ ਵੱਲ ਧਿਆਨ ਦਿਤਾ ਹੈ ਅਤੇ ਤੇਜ਼ੀ ਨਾਲ ਕੰਮ ਸ਼ੁਰੂ ਕਰ ਦਿਤਾ ਹੈ ਇਸ ਦੇ ਨਾਲ ਹੀ ਇਨ੍ਹਾਂ ਨੇ ਪਿੰਡਾਂ ਵਿਚ ਹਰੀਜਨ ਬਸਤੀਆਂ ਨੂੰ ਮਾਡਲ ਬਸਤੀਆਂ ਬਣਾਉਣ ਦਾ ਕੰਮ ਆਪਣੇ ਹੱਥ ਵਿਚ ਲੈ ਲਿਆ ਹੈ ਤਾਂ ਕਿ ਇਨ੍ਹਾਂ ਬਸਤੀਆਂ ਦੀਆਂ ਨਾਲੀਆਂ ਪੱਕੀਆਂ ਹੋ ਜਾਣ ਗਲੀਆਂ ਪੱਕੀਆਂ ਹੋ ਜਾਣ ਅਤੇ ਪਾਣੀ ਦਾ ਨਿਕਾਸ ਠੀਕ ਕਰ ਦਿਤਾ ਜਾਵੇ ਅਤੇ ਇਸ ਕੰਮ ਲਈ 60

Original with;
Punjab Vidhan Sabha
Digitized by;
Panjab Digital Library

[ਮਾਸਟਰ ਗੁਰਬੰਤਾ ਸਿੰਘ]

ਲੱਖ ਰੁਪਏ ਦੀ ਰਕਮ ਰੱਖੀ ਗਈ ਹੈ ਤਾਂ ਕਿ ਜਿਥੇ ਵੀ ਹਰੀਜ਼ਨ ਵਸਦੇ ਨੇ ਉਨ੍ਹਾਂ ਦਾ ਜੀਵਨ ਚੰਗਾ ਬਣ ਸਕੇ। ਇਸ ਸਰਕਾਰ ਨੇ ਇਹ ਪਹਿਲੀ ਦਫਾ ਕੰਮ ਕੀਤਾ ਹੈ ਇਸ ਤੋਂ ਪਹਿਲਾਂ ਕਿਸੇ ਨੇ ਨਹੀਂ ਕੀਤਾ ਤੇ ਇਹ ਇਕ ਵੱਡਾ ਸ਼ਲਾਘਾਯੋਗ ਕੰਮ ਹੈ ਜਿਹੜਾ ਸਾਡੀ ਇਸ ਸਰਕਾਰ ਨੇ ਕੀਤਾ ਹੈ। (ਵਿਘਨ) ਸਰਕਾਰ ਨੇ ਇਹ ਪਰੋਗਰਾਮ ਬਣਾਇਆ ਹੈ ਕਿ ਆਉਂਦੇ ਦੋ ਸਾਲਾਂ ਵਿਚ ਕੋਈ ਵੀ ਪਿੰਡ ਇਸ ਤਰ੍ਹਾਂ ਦਾ ਨਹੀਂ ਰਹੇਗਾ ਜਿਸ ਵਿਚ ਧਰਮਸ਼ਾਲਾਂ ਪੂਰੀਆਂ ਮੁਕੰਮਲ ਨਾ ਹੋ ਜਾਣ, ਕੋਈ ਪਿੰਡ ਅਜਿਹਾ ਨਹੀਂ ਰਹੇਗਾ ਦੋ ਸਾਲਾਂ ਵਿਚ ਜਿਥੇ ਕਿ ਹਰੀਜਨ ਬਸਤੀਆਂ ਵਿਚ ਰੋਸ਼ਨੀ ਨਾ ਪਹੁੰਚਾਈ ਜਾਵੇ ਪਾਣੀ ਦਾ ਨਿਕਾਸ ਮੁਕੰਮਲ ਨਾ ਕਰ ਲਿਆ ਜਾਵੇ ਅਤੇ ਗਲੀਆਂ ਪੱਕੀਆਂ ਨਾ ਕਰ ਦਿਤੀਆਂ ਜਾਣ ਤਾਂ ਕਿ ਉਹ ਜ਼ਿਦਗੀ ਦੇ ਦਿਨ ਚੰਗੀ ਤਰ੍ਹਾਂ ਪੂਰੇ ਕਰ ਸਕਣ। (ਪਰਸ਼ੰਸਾ)

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਆਗਿਆ ਨਾਲ ਹੁਣ ਸਰਕਾਰ ਦੇ ਸਾਹਮਣੇ ਕੁਝ ਪਰੋਪੋਜ਼ਲਾਂ ਰੱਖਣੀਆਂ ਚਾਹੁੰਦਾ ਹਾਂ ਇਹ ਸਰਕਾਰ ਗਰੀਬਾਂ ਦੀ ਸਰਕਾਰ ਹੈ ਵਜ਼ੀਰ ਸਾਹਿਬਾਨ ਦਾ ਗਰੀਬਾਂ ਨਾਲ ਬਹੁਤ ਪਿਆਰ ਹੈ ਇਸ ਲਈ ਮੈਂ ਕਹਾਂਗਾ ਕਿ ਇਹ ਪਰੋਪੋਜ਼ਲਾਂ ਵੀ ਗਰੀਬਾਂ ਦੇ ਹਿੱਤ ਦੀਆਂ ਹਨ ਜਿਨ੍ਹਾਂ ਨੂੰ ਸਰਕਾਰ ਪੂਰਾ ਕਰਨ ਦਾ ਯਤਨ ਕਰੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਫੈਮਿਲੀ ਪਲੈਨਿੰਗ ਵੱਲ ਵਧੇਰੇ ਧਿਆਨ ਦਿਤਾ ਹੈ ਲੋਕਾਂ ਦਾ ਧਿਆਨ ਵੀ ਇਸ ਪਾਸੇ ਲਗਾਣ ਦਾ ਯਤਨ ਕੀਤਾ ਹੈ ਅਤੇ ਸਿਹਤ ਕਾਇਮ ਰੱਖਣ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪਿੰਡਾਂ ਵਿਚ ਡਾਕਟਰ ਦਿਤੇ ਜਾਣਗੇ ਤਾਂ ਕਿ ਗ਼ਰੀਬ ਹਰੀਜਨਾਂ ਨੂੰ ਭੀ ਫਾਇਦਾ ਪਹੁੰਚ ਸਕੇ ਅਤੇ ਸਿਹਤ ਚੰਗੀ ਹੋ ਸਕੇ। ਇਨ੍ਹਾਂ ਨੇ ਪਿੰਡਾਂ ਵਿਚ ਫੈਮਿਲੀ ਪਲਾਨਿੰਗ ਦਾ ਕੰਮ ਵੀ ਸ਼ੁਰੂ ਕੀਤਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਅਮੀਰ ਤਾਂ ਸਿਨੇਮਾ ਵੇਖਦਾ ਹੈ ਅਤੇ ਪਹਾੜ ਤੇ ਅਰਾਮ ਲਈ ਚਲਾ ਜਾਂਦਾ ਹੈ ਜਾਂ ਪੀਣ ਖਾਣ ਲੱਗ ਪੈਂਦਾ ਹੈ ਪਰ ਗਰੀਬ ਨੇ ਤਾਂ ਕੇਵਲ ਔਲਾਦ ਹੀ ਪੈਦਾ ਕਰਨੀ ਹੈ। (ਹਾਸਾ) ਅੱਜ, ਡਿਪਟੀ ਸਪੀਕਰ ਸਾਹਿਬ, ਜ਼ਿਆਦਾ ਹੱਥਾਂ ਦਾ ਰਾਜ ਹੈ ਇਨ੍ਹਾਂ ਦੇ ਹੱਥ ਘੱਟ ਜਾਣਗੇ ਇਨ੍ਹਾਂ ਨੂੰ ਡਰ ਹੈ ਜ਼ਮੀਨ ਦਾ ਅਤੇ ਮਕਾਨਾਂ ਦੀ ਸੀਲਿੰਗ ਦਾ ਵੀ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿਹੜੀ ਰਿਜ਼ਰਵੇਸ਼ਨ ਸਰਵਿਸਾਂ ਵਿਚ ਰੱਖੀ ਗਈ ਸੀ ਪੁਰਾਣੀ ਮਰਦਮ ਸ਼ੁਮਾਰੀ ਵੇਲੇ ਉਹ 20 ਫ਼ੀ ਸਦੀ ਸੀ ਹੁਣ ਜਿਹੜੀ ਮਰਦਮ ਸ਼ੁਮਾਰੀ ਕੀਤੀ ਗਈ ਹੈ ਉਸ ਤੋਂ ਇਹ ਪਤਾ ਲੱਗਦਾ ਹੈ ਕਿ ਹਰੀਜਨਾਂ ਦੀ ਆਬਾਦੀ 20 ਤੋਂ ਵੱਧ ਕੇ 25 ਫ਼ੀ ਸਦੀ ਹੋ ਗਈ ਹੈ ਇਸ ਲਈ ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਸਰਵਿਸਾਂ ਵਿਚ ਹਰੀਜਨਾਂ ਦੀ ਰਿਜ਼ਰਵੇਸ਼ਨ 20 ਦੀ ਥਾਂ ਤੇ 25 ਫ਼ੀ ਸਦੀ ਕਰ ਦਿਤੀ ਜਾਵੇ ਤਾਂ ਕਿ ਹਰੀਜਨ ਨੌਕਰੀਆਂ ਵਿਚ ਆ ਸਕਣ ਅਤੇ . . .(ਘੰਟੀ)

ਡਿਪਟੀ ਸਪੀਕਰ ਸਾਹਿਬ, ਘੰਟੀ ਵੱਲ ਹੱਥ ਨਾ ਵਧਾਓ ਮੈਂ ਇਕ ਦੋ ਗੱਲਾਂ ਹੋਰ ਕਹਿ ਕੇ ਸਪੀਚ ਖਤਮ ਕਰਾਂਗਾ। ਬਹੁਤ ਸਾਰੀਆਂ ਗੱਲਾਂ ਤਾਂ ਮੇਰੇ ਹੋਰ ਸਾਥੀ ਦੱਸਣਗੇ ਮੈਂ ਕੇਵਲ ਇਕ ਦੋ ਬੇਨਤੀਆਂ ਹੀ ਕਰਨੀਆਂ ਹਨ ਇਥੇ ਕੁਝ ਮੈਂਬਰਾਂ ਨੇ ਅਕਾਲੀਆਂ ਦੇ ਬਾਰੇ ਵਿਚ ਗੱਲਾਂ ਕਹੀਆਂ ਮੈਂ ਇਨ੍ਹਾਂ ਦੇ ਬਾਰੇ ਵਿਚ ਕੋਈ ਗੱਲ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਮੇਰਾ ਸਾਰਿਆਂ ਅਕਾਲੀਆਂ ਨਾਲ ਪਿਆਰ ਹੈ। ਇਕ ਗੱਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੰਜਾਬੀ ਦੀ ਗੱਲ ਕੀਤੀ ਹੈ ਕਿ ਇਹ ਹਰਿਆਣੇ ਵਿਚ ਨਹੀਂ ਪੜ੍ਹਾਈ ਜਾਂਦੀ, ਇਹ ਠੀਕ ਹੈ ਕਿ ਨਹੀਂ ਪੜ੍ਹਾਈ ਜਾਂਦੀ। ਹਿਮਾਚਲ ਵਿਚ ਤਾਂ ਇਸ ਵੱਲ ਤਕਦੇ ਵੀ ਨਹੀਂ ਅਤੇ ਉਥੇ ਸੈਕਿੰਡ ਲੈਂਗਵੇਜ਼ ਵੀ ਹੋਰ ਪੜ੍ਹਾਈ ਜਾਂਦੀ ਹੈ। ਜਦ ਮੈਂ

Original with;
Punjab Vidhan Sabha
Digitized by;
Panjab Digital Library

ਮਨਿਸਟਰੀ ਵਿਚ ਸਾਂ ਸਾਂਝੇ ਪੰਜਾਬ ਵਿਚ 1947 ਵਿਚ ਐਜੂਕੇਸ਼ਨ ਮਨਿਸਟਰ ਦਾ ਪਾਰਲੀਮੈਂਟਰੀ ਸਕੱਤਰ ਸਾਂ ਤਾਂ ਇਹ ਬੋਲੀ ਹੋਡਲ ਤੋਂ ਲਾਹੌਲ ਸਪਿਤੀ ਤਕ ਪੜ੍ਹਾਈ ਜਾਂਦੀ ਸੀ ਅਤੇ ਹਰ ਪੰਜਾਬੀ ਨੂੰ ਪੜ੍ਹਨੀ ਪੈਂਦੀ ਸੀ ਭਾਵੇਂ ਕੋਈ ਹੋਵੇ। ਫਿਰ ਸਰਵਿਸਾਂ ਵਿਚ ਇਹ ਹਦਾਇਤ ਸੀ ਕਿ ਜਿਹੜਾ ਮੈਟ੍ਰਿਕ ਤਕ ਪੰਜਾਬੀ ਪਾਸ ਨਾ ਹੋਵੇ ਉਸ ਨੂੰ ਸਰਵਿਸ ਵਿਚ ਨਾ ਲਿਆ ਜਾਵੇ। ਹੁਣ ਇਹ ਹੱਕ ਮਾਰਿਆ ਗਿਆ ਹੈ ਤਾਂ ਇਹ ਮੇਰੇ ਸਾਹਮਣੇ ਬੈਠੇ ਦੋਸਤਾਂ ਦੀ ਮੇਹਰਬਾਨੀ ਨਾਲ। ਇਨ੍ਹਾਂ ਹਰਿਆਣਾ ਬਣਵਾ ਦਿਤਾ ਅਤੇ ਹਿਮਾਂਚਲ ਤਾਂ ਥਾਲੀ ਵਿਚ ਰੱਖ ਕੇ ਪਰਮਾਰ ਸਾਹਿਬ ਨੂੰ ਸੌਂਪ ਦਿਤਾ। ਜਿਥੇ ਕੋਈ ਪੰਜਾਬੀ ਜ਼ਬਾਨ ਵੱਲ ਤੱਕਦਾ ਨਹੀਂ।

ਫਿਰ, ਡਿਪਟੀ ਸਪੀਕਰ ਸਾਹਿਬ, ਸਰਦਾਰ ਪਰਤਾਪ ਸਿੰਘ ਦੀ ਜਦ ਹਕੂਮਤ ਸੀ ਤਾਂ ਉਸ ਨੇ ਪੰਜਾਬ ਵਿਚ ਇੰਡਸਟਰੀ ਲਿਆਉਣ ਦਾ ਯਤਨ ਕੀਤਾ ਸੀ ਪਰ ਜਦ ਇਨ੍ਹਾਂ ਦੀ ਹਕੂਮਤ ਆਈ ਤਾਂ ਇਨ੍ਹਾਂ ਨੇ ਜਿਹੜੇ ਪਿਛਲੇ ਪੰਜ ਚਾਰ ਸਾਲਾਂ ਵਿਚ ਇੰਡਸਟਰੀ ਦੇ ਲਾਇਸੰਸ ਆਏ ਵੀ ਸਨ ਉਹ ਛੱਡ ਦਿਤੇ ਅਤੇ ਇੰਡਸਟਰੀ ਕਾਇਮ ਨਾ ਕਰ ਸਕੇ। ਹੁਣ ਗਿਆਨੀ ਜੀ ਦੀ ਸਰਕਾਰ ਆਈ ਹੈ ਇਨ੍ਹਾਂ ਨੇ ਸੈਂਟਰ ਦੇ ਤਰਲੇ ਕਰਕੇ ਕੁਝ ਇੰਡਸਟਰੀ ਲਿਆਂਦੀ ਹੈ ਅਤੇ ਪੰਜਾਬ ਵਿਚ ਭਰਮਾਰ ਪੈਣ ਲੱਗੀ ਹੈ। ਇੰਡਸਟਰੀ ਨਾ ਆਣ ਲਈ ਕਸੂਰ ਇਨ੍ਹਾਂ ਦਾ ਹੀ ਹੈ ਸਾਡਾ ਨਹੀਂ। ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਸੂਬਾ ਬਣਾ ਦਿਤਾ ਹੈ ਮਰਨ ਵਰਤ ਰੱਖਿਆ ਅਤੇ ਮਰਨ ਨੂੰ ਤਿਆਰ ਹੋਏ ਪਰ ਇਲਾਕਾ ਥਾਲੀ ਵਿਚ ਰੱਖ ਕੇ ਹਿਮਾਂਚਲ ਨੂੰ ਦੇ ਦਿਤਾ ਅਤੇ ਹਰਿਆਣੇ ਨੂੰ ਦੇ ਦਿਤਾ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਦੀ ਸਰਕਾਰ ਨੇ ਕੈਰੋਂ ਸਾਹਿਬ ਵੇਲੇ ਇੰਡਸਟਰੀ, ਫਰੀਦਾਬਾਦ, ਸੋਨੀਪਤ, ਅਤੇ ਜਗਾਧਰੀ ਵਿਚ ਕਾਇਮ ਕੀਤੀ ਅਤੇ ਇਕ ਵੱਡਾ ਕਾਰਖਾਨਾ ਸ੍ਰੀ ਮੈਨਨ ਤੋਂ ਲੈ ਕੇ ਐਚ. ਐਮ. ਟੀ. ਪਿੰਜੌਰ ਵਿਚ ਕਾਇਮ ਕੀਤਾ ਪਰ ਇਹ ਸਾਰੇ ਦਾ ਸਾਰਾ ਇਲਾਕਾ ਜਿਸ ਵਿਚ ਇੰਡਸਟਰੀ ਕਾਇਮ ਕੀਤੀ ਗਈ ਸੀ ਮੇਰੇ ਸਾਹਮਣੇ ਬੈਠੇ ਦੋਸਤਾਂ ਨੇ ਹਰਿਆਣੇ ਨੂੰ ਦੇ ਦਿਤਾ। ਅੱਜ ਰੋਂਦੇ ਨੇ। ਹੁਣ ਜਿਹੜੀ ਇੰਡਸਟਰੀ ਗਿਆਨੀ ਜੀ ਲਿਆਏ ਹਨ, ਇਸ ਨਾਲ ਪੰਜਾਬ ਨੂੰ ਫਾਇਦਾ ਪਹੁੰਚੇਗਾ।

ਇਕ ਇਸ ਤਰ੍ਹਾਂ ਦੀ ਖਬਰ ਵੀ ਇਨ੍ਹਾਂ ਨੇ ਇਕ ਮਨਿਸਟਰ ਬਾਰੇ ਪੜ੍ਹੀ ਕਿ ਉਸ ਨੇ ਪਰੋਟੈਸਟ ਕੀਤਾ ਕਿ ਉਹ ਸ਼ਿਮਲੇ ਵਿਚ ਗਿਆ ਤਾਂ ਉਥੇ ਉਸ ਨੂੰ ਮਕਾਨ ਨਹੀਂ ਮਿਲਿਆ। ਉਸ ਨੇ ਇਹ ਵੀ ਕਿਹਾ ਕਿ ਮੇਰੀ ਕਾਰ ਨੂੰ ਸੜਕ ਤੋਂ ਦੀ ਲੰਘਣ ਨਾ ਦਿਤਾ। ਮੇਰਾ ਕਹਿਣ ਦਾ ਮਤਲਬ ਹੈ ਕਿ ਸ਼ਿਮਲੇ ਵਰਗੇ ਸ਼ਹਿਰ, ਕੁਲੂ-ਮਨਾਲੀ ਜਿਹੇ ਪਹਾੜ ਹੋਰ ਕਿਤਨੇ ਹੀ ਸੋਹਣੇ ਸੋਹਣੇ ਇਲਾਕੇ ਇਨ੍ਹਾਂ ਨੇ ਆਪਣੇ ਹੱਥੋਂ ਗਵਾ ਲਏ ਹਨ। ਸਾਡੀਆਂ ਆਉਣ ਵਾਲੀਆਂ ਨਸਲਾਂ ਇਨ੍ਹਾਂ ਲੋਕਾਂ ਨੂੰ ਕੋਸਣਗੀਆਂ ਜਿਨ੍ਹਾਂ ਦੀ ਮਿਹਰਬਾਨੀ ਨਾਲ ਇਸ ਤਰ੍ਹਾਂ ਦੇ ਸਰਸਬਜ਼ ਇਲਾਕੇ ਸਾਡੇ ਹੱਥੋਂ ਖੁਸ ਗਏ। ਉਹ ਸਾਨੂੰ ਗਾਲ੍ਹਾਂ ਕੱਢਣਗੀਆਂ.. .. (ਵਿਘਨ)

**ਚੌਧਰੀ ਜਗਤ ਰਾਮ** : ਇਹ ਤਾਂ, ਡਿਪਟੀ ਸਪੀਕਰ ਸਾਹਿਬ, ਉਹ ਗੱਲ ਹੈ ਕਿ ਮੱਝ ਮਿਲੇ ਨਾ ਤੇ ਕੱਟੇ ਦੀਆਂ ਲੱਤਾਂ ਭੰਨ ਦਿਓ। ਜਿਹੜੇ ਕਸੂਰਵਾਰ ਹਨ ਉਨ੍ਹਾਂ ਨੂੰ ਹੀ ਗਾਲ੍ਹਾਂ ਕੱਢਣਗੇ, ਸਾਨੂੰ ਕਿਉਂ ਕੱਢਣਗੇ।

**ਮਾਸਟਰ ਗੁਰਬੰਤਾ ਸਿੰਘ** : ਜਿਸ ਵੇਲੇ ਇਨ੍ਹਾਂ ਨੇ ਫਾਜ਼ਲਕਾ ਅਬੋਹਰ ਦਾ ਇਲਾਕਾ ਦਿਤਾ ਤਾਂ ਲੋਕਾਂ ਨੂੰ ਕਿਹਾ ਕਿ ਦੀਪਮਾਲਾ ਮਨਾਓ। ਮੈਨੂੰ ਸ਼ਰਮ ਆਉਂਦੀ ਹੈ ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਅਤੇ ਦੁਨੀਆਂ ਦੀਆਂ ਅੱਖਾਂ ਦੇ ਵਿਚ ਘੱਟਾ ਪਾਉਂਦੇ ਹਨ।

Original with;
Punjab Vidhan Sabha
Digitized by;
Panjab Digital Library

**चौधरी बलराम :** आप ने कहा कि फाजिल्का और अबोहर का इलाका दे दिया है मैं आप को बता दूं कि अब भी मैं और कांशी राम पंजाब में बैठे हैं इस लिये ऐसा नहीं है ।

**ਮਾਸਟਰ ਗੁਰਬੰਤਾ ਸਿਘ :** ਮੈਂ ਨਹੀਂ ਕਹਿੰਦਾ । ਇਨ੍ਹਾਂ ਦੀਆਂ ਕੀਤੀਆਂ ਹੋਈਆਂ ਗੱਲਾਂ ਹੀ ਕਰਦਾ ਹਾਂ ਉਸ ਵੇਲੇ ਦੀਆਂ । ਜਿਸ ਵੇਲੇ ਇਹ ਮਨ ਕੇ ਆਏ ਸਨ ਅਬੋਹਰ ਫਾਜ਼ਲਕਾ ਦੇਣ ਬਾਰੇ, ਮੈਂ ਕਹਾਂਗਾ ਕਿ ਇਨ੍ਹਾਂ ਨੇ ਜਿਸ ਤਰ੍ਹਾਂ ਹਰਿਆਣਾ ਤੇ ਹਿਮਾਚਲ ਥਾਲੀ ਵਿਚ ਪਾ ਕੇ ਆਪ ਦਿਤਾ ਸੀ ਉਸੇ ਤਰ੍ਹਾਂ ਲੱਖਾਂ ਏਕੜ ਜ਼ਮੀਨ ਪਜਾਬ ਤੋਂ ਬਾਹਰ ਜਾਣ ਵਿਚ ਇਹ ਖੁਸ਼ ਹੋਏ ਸਨ । ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਜਾਬੀਆਂ ਨੇ ਆਪਣੇ ਘਰ ਘਾਟ ਵੇਚ ਕੇ ਹਰਿਆਣੇ ਵਿਚ ਯੂ. ਪੀ. ਵਿਚ ਜਾ ਕੇ ਜ਼ਮੀਨਾਂ ਆਬਾਦ ਕੀਤੀਆਂ, ਇਨ੍ਹਾਂ ਨੇ ਉਨ੍ਹਾਂ ਨਾਲ ਗਦਾਰੀ ਕੀਤੀ, ਇਨ੍ਹਾਂ ਦਾ ਕੋਈ ਖਿਆਲ ਤੱਕ ਨਹੀਂ ਰੱਖਿਆ........ (ਵਿਘਨ)

**ਸ੍ਰੀ ਪਿਆਰਾ ਰਾਮ ਧੰਨੋਵਾਲੀ :** ਗ਼ਦਾਰ ਦੇ ਲਫਜ਼ ਵਾਪਸ ਹੋਣੇ ਚਾਹੀਦੇ ਹਨ ।

**ਮਾਸਟਰ ਗੁਰਬੰਤਾ ਸਿੰਘ :** ਮੈਂ ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹੀ ਕਿ ਹਰਿਆਣੇ ਦੀ ਲੱਖਾਂ ਏਕੜ ਜ਼ਮੀਨ ਪੰਜਾਬੀਆਂ ਨੇ ਜਲੰਧਰ ਅਤੇ ਹੋਰ ਜ਼ਿਲ੍ਹਿਆਂ ਦੇ ਲੋਕਾਂ ਨੇ ਆਪਣੇ ਘਰ ਬਾਰ ਵੇਚ ਕੇ ਉਥੇ ਜਾ ਕੇ ਆਬਾਦ ਹੋਕੇ, ਆਬਾਦ ਕੀਤੀ । ਉਨ੍ਹਾਂ ਨੇ ਉਥੇ ਜਾ ਕੇ ਟਿਊਬਵੈੱਲ ਲਾਏ, ਮਕਾਨ ਪਾਏ, ਇਸੇ ਤਰ੍ਹਾਂ ਯੂ. ਪੀ. ਆਬਾਦ ਕੀਤਾ । ਉਨ੍ਹਾਂ ਲੋਕਾਂ ਨਾਲ *** ਨਹੀਂ ਤਾਂ ਹੋਰ ਕੀ ਹੈ ।

**ਸ੍ਰੀ ਡਿਪਟੀ ਸਪੀਕਰ :** *** ਦੇ ਲਫਜ਼ ਐਕਸਪੰਜ ਕੀਤੇ ਜਾਣ । (The word * * * be expunged.)

**ਮਾਸਟਰ ਗੁਰਬੰਤਾ ਸਿੰਘ :** ਮੈਂ ਇਹ ਲਫਜ਼ ਵਾਪਸ ਲੈਂਦਾ ਹਾਂ ਅਤੇ ਇਸ ਦੀ ਬਜਾਏ ਬੇਇਨਸਾਫ਼ੀ ਕਹਿੰਦਾ ਹਾਂ । ਮੈਂ ਕਹਿੰਦਾ ਹਾਂ ਇਨ੍ਹਾਂ ਨੇ ਉਨ੍ਹਾਂ ਲੋਕਾਂ ਨਾਲ ਜੋ ਪੰਜਾਬ ਤੋਂ ਬਾਹਰ ਜਾ ਕੇ ਆਬਾਦ ਹੋਏ ਉਨ੍ਹਾਂ ਦੇ ਹਕਾਂ ਦੀ ਰਾਖੀ ਨਹੀਂ ਕੀਤੀ ਉਨ੍ਹਾਂ ਨਾਲ ਇਕ ਤਰ੍ਹਾਂ ਦੀ ਬੇਇਨਸਾਫੀ ਕੀਤੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਪਜਾਬੀ ਜ਼ਬਾਨ ਜਿਹੜੀ ਕਦੇ ਹਰਿਆਣੇ ਅਤੇ ਹਿਮਾਂਚਲ ਵਿਚ ਲਿਖੀ, ਪੜ੍ਹੀ ਅਤੇ ਬੋਲੀ ਜਾਂਦੀ ਸੀ ਅੱਜ ਇਨ੍ਹਾਂ ਨੇ, ਪਜਾਬੀ ਦੇ ਰਾਖਿਆਂ ਨੇ ਇਕ ਕੁੱਜੇ ਦੇ ਵਿਚ ਬੰਦ ਕਰਕੇ ਰੱਖ ਦਿਤੀ ਹੈ । ਇਨ੍ਹਾਂ ਨੇ ਪਜਾਬੀਆਂ ਦੇ ਨਾਲ ਬੇਇਨਸਾਫ਼ੀ ਕੀਤੀ ਹੈ । ਜੇ ਇਨ੍ਹਾਂ ਨੂੰ ਨਹੀਂ ਤਾਂ ਉਨ੍ਹਾਂ ਦੀ ਔਲਾਦ ਨੂੰ ਖਮਿਆਜ਼ਾ ਕਿਸੇ ਨਾ ਕਿਸੇ ਵਕਤ ਭੁਗਤਣਾ ਹੀ ਪਵੇਗਾ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਅਤੇ ਅਖੀਰ ਵਿਚ ਇਹ ਗੱਲ ਕਹਿੰਦਾ ਹਾਂ ਕਿ ਇਹ ਬਜਟ ਗਰੀਬਾਂ ਦੀ ਅਨਪੜ੍ਹਤਾ ਦੂਰ ਕਰਨ ਲਈ ਹੈ । ਇਕ ਬਹੁਤ ਹੀ ਅੱਛਾ ਬਜਟ ਹੈ, ਗਰੀਬਾਂ ਦੇ ਮੁਫਾਦ ਦਾ ਬਜਟ ਹੈ, ਮੈਂ ਇਸ ਲਈ ਸ਼ਰਮਾ ਜੀ ਨੂੰ ਵਧਾਈ ਦੇਂਦਾ ਹਾਂ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੇਰੀ ਆਪਣੀ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਔਰ ਵਿੱਤ ਮੰਤਰੀ ਸ੍ਰੀ ਹੰਸ ਰਾਜ ਜੀ ਸ਼ਰਮਾ ਨੇ ਜਿਹੜਾ ਬਜਟ ਪੇਸ਼ ਕੀਤਾ ਹੈ ਮੈਂ ਉਨਾਂ ਨੂੰ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ ।

---

*Expunged, as ordered by the Chair.

Original with;
Punjab Vidhan Sabha
Digitized by;
Panjab Digital Library

ਅੱਜ ਮੇਰੇ ਸਾਥੀਆਂ ਨੇ ਅਕਾਲੀ ਪਾਰਟੀ ਦੇ ਦੋਸਤਾਂ ਨੇ ਅਤੇ ਕਮਿਊਨਿਸਟ ਪਾਰਟੀ ਦੇ ਦੋਸਤ ਕਾਮਰੇਡ ਜੋਸ਼ ਜੀ ਨੇ ਜੋ ਸ਼ਬਦ ਆਪਣੀ ਸਪੀਚ ਵਿਚ ਕਹੇ ਕਿ ਇਹ ਬਜਟ ਕਿਸਾਨ ਮਾਰੂ ਹੈ, ਗਰੀਬ ਮਾਰੂ ਹੈ, ਇਹ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਸਾਰਾ ਕੁਝ ਗਲਤ ਕਿਹਾ ਹੈ ਕਿਉਂਕਿ ਜੋ ਬਜਟ ਅੱਜ ਸਾਡੇ ਸਾਹਮਣੇ ਹੈ ਇਹ ਵਾਕਈ ਸਮਾਜ ਵਾਦ ਦੀਆਂ ਨੀਹਾਂ ਨੂੰ ਪੱਕਾ ਕਰਨ ਵਾਲਾ ਇਕ ਬਜਟ ਹੈ । ਗਰੀਬਾਂ ਦੀ ਬੇਹਤਰੀ ਅਤੇ ਭਲਾਈ ਵਾਲਾ ਇਹ ਇਕ ਬਜਟ ਹੈ । ਮੈਂ ਸਮਝਦਾ ਹਾਂ ਕਿ ਪਹਿਲੀ ਵਾਰ ਇਹ ਬਜਟ ਆਇਆ ਹੈ ਜਿਹੜਾ ਸਮਾਜਵਾਦ ਦੀਆਂ ਲੀਹਾਂ ਨੂੰ ਪਕਿਆਂ ਕਰਦਾ ਹੈ । ਇਹ ਬਜਟ ਖਾਸ ਕਰਕੇ ਸੋਸਾਇਟੀ ਦੇ ਉਸ ਤਬਕੇ ਨੂੰ ਉਚਾ ਕਰਨ ਲਈ ਹੈ ਜਿਹੜਾ ਕਿ ਵਾਕਿਆ ਹੀ ਪਛੜਿਆ ਹੋਇਆ ਹੈ । ਇਹ ਇਸ ਸਟੇਟ ਦੀ ਸਾਲੀਡੈਰਿਟੀ ਲਈ ਅਤੇ ਇਥੋਂ ਦੀ ਇਕਨਾਮੀ ਨੂੰ ਬੇਹਤਰ ਬਨਾਉਣ ਲਈ ਹੈ । ਇਸ ਵਿਚ ਬਹੁਤ ਸਾਰੀਆਂ ਸਕੀਮਾਂ ਦਿਤੀਆਂ ਗਈਆਂ ਹਨ । ਇਹ ਸਰਕਾਰ ਨੇ ਆਪਣੇ ਅਹਿਦ ਦਾ ਦੂਜਾ ਬਜਟ ਪੇਸ਼ ਕੀਤਾ ਹੈ ਅਤੇ ਉਸ ਵੇਲੇ ਹੀ ਪੇਸ਼ ਕੀਤਾ ਹੈ ਜਦੋਂ ਕਿ ਅਸੀਂ ਹਿੰਦੁਸਤਾਨ ਵਿਚ ਆਜ਼ਾਦੀ ਦੀ 25ਵੀਂ ਸਾਲਗਿਰਾਹ ਮਨਾ ਰਹੇ ਹਾਂ। ਇਹ ਬਜਟ ਵੇਖਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਲੋਕਾਂ ਲਈ ਇਸ ਵਿਚ ਖਾਸ ਤੌਰ ਤੇ ਬਹੁਤ ਕੁਝ ਦਿਤਾ ਗਿਆ ਹੈ ਜਿਨਾਂ ਨੇ ਦੇਸ਼ ਲਈ ਆਜ਼ਾਦੀ ਪ੍ਰਾਪਤ ਕਰਨ ਲਈ ਆਪਣੀਆਂ ਜ਼ਿੰਦਗੀਆਂ ਵਾਰੀਆਂ । ਉਨਾਂ ਲਈ ਪੈਨਸ਼ਨਾਂ ਅਤੇ ਅਲਾਉਂਸਿਜ਼ ਉਨ੍ਹਾਂ ਦੀ ਦੇਖ ਭਾਲ ਲਈ ਦਿਤੇ ਗਏ ਹਨ ।

ਇਹ ਬਜਟ ਮੈਂ ਪੜ੍ਹਿਆ ਹੈ ਅਤੇ ਇਸ ਵਿਚ ਲੋਕਾਂ ਦੀਆਂ ਸਹੂਲਤਾਂ ਲਈ ਜੋ ਪੈਸਾ ਰੱਖਿਆ ਗਿਆ ਹੈ, ਇਸ ਤੋਂ ਇਹ ਬਜਟ ਸ਼ੁਰੂ ਹੁੰਦਾ ਹੈ । ਇਸ ਵਿਚ ਉਨਤੀ ਦੇ ਕੰਮਾਂ ਦਾ ਖਾਸ ਖਿਆਲ ਰੱਖਿਆ ਗਿਆ ਹੈ । ਮਿਸਾਲ ਵੱਜੋਂ ਸਾਡੇ ਸਾਰੇ ਪਲਾਨ ਦੇ ਚੌਥੇ ਸਾਲ ਲਈ ਪਹਿਲਾਂ 86.75 ਕਰੋੜ ਰੁਪਿਆ ਰੱਖਿਆ ਗਿਆ ਸੀ ਪਰ ਹੁਣ ਇਹ ਰਕਮ ਵਧਾ ਕੇ 123 ਕਰੋੜ 33 ਲੱਖ ਕਰ ਦਿਤੀ ਗਈ ਹੈ । ਇਸ ਤਰ੍ਹਾਂ ਇਸ ਵਿਚ ਲਗ ਭਗ 30 ਫ਼ੀ ਸਦੀ ਦਾ ਵਾਧਾ ਕੀਤਾ ਗਿਆ ਹੈ । ਔਰ ਇਸ ਦੇ ਨਾਲ ਹੀ ਯੋਜਨਾ ਦਾ ਸਾਰਾ ਖਰਚ 433.56 ਕਰੋੜ ਤੋਂ ਵੱਧ ਕੇ 499.32 ਕਰੋੜ ਰੁਪਏ ਹੋ ਜਾਵੇਗਾ । ਇਸੇ ਤਰਾਂ ਐਕਸਪੈਂਡੀਚਰ 295 ਕਰੋੜ ਰੁਪਏ ਤੋਂ ਵਧ ਕੇ 350 ਕਰੋੜ ਰੁਪਏ ਹੋ ਗਿਆ ਹੈ । ਪਿਛੜੇ ਹੋਏ ਇਲਾਕਿਆਂ ਦਾ ਪਿਛੜਿਆਪਨ ਦੂਰ ਕਰਨ ਲਈ ਇਸ ਬਜਟ ਵਿਚ ਕੁਝ ਕਦਮ ਚੁੱਕੇ ਗਏ ਹਨ । ਵਿੱਤ ਮੰਤਰੀ ਨੇ ਜੋ ਬਜਟ ਸਾਡੇ ਸਾਹਮਣੇ ਰੱਖਿਆ ਹੈ ਉਸ ਨੂੰ ਪੜ੍ਹ ਕੇ ਮੈਂ ਸਮਝਦਾ ਹਾਂ ਕਿ ਪਹਿਲੀ ਵਾਰੀ ਇਸ ਸਰਕਾਰ ਨੇ ਕੁਝ ਰਿਲੀਫ਼ ਲੋਕਾਂ ਨੂੰ ਦਿਤਾ ਹੈ । ਪਿਛਲੇ ਸਾਲ ਆਉਂਦਿਆਂ ਹੀ ਇਸ ਸਰਕਾਰ ਨੇ ਪਹਿਲਾਂ ਐਡਮਨਿਸਟਰੇਸ਼ਨ ਨੂੰ ਰਿਲੀਫ ਦਿਤੀ । ਸਰਕਾਰੀ ਕਰਮਚਾਰੀਆਂ ਨੂੰ ਰਿਲੀਫ਼ ਦਿਤੀ ਜਿਹੜਾ ਮਸਲਾ ਬੜੀ ਦੇਰ ਤੋਂ ਲਟਕ ਰਿਹਾ ਸੀ, ਉਸ ਲਈ ਬਹੁਤ ਸਾਰੇ ਪੈਸੇ ਦਿਤੇ । ਇਸ ਨਾਲ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਵਿਚ ਕੁਝ ਸ਼ਾਂਤੀ ਆਈ । ਫਿਰ ਦੂਜੀ ਗੱਲ ਇਸ ਸਰਕਾਰ ਨੇ ਕਰਮਚਾਰੀਆਂ ਦੇ ਭਲੇ ਲਈ ਇਹ ਕੀਤੀ ਕਿ ਜਿਹੜੇ ਕਰਮਚਾਰੀ ਐਡਹਾਕ ਬੇਸਿਜ਼ ਤੇ ਲੱਗੇ ਹੋਏ ਸੀ ਉਨ੍ਹਾਂ ਨੂੰ ਪਰਮਾਨੈਂਟ ਕਰ ਦਿਤਾ। ਇਨ੍ਹਾਂ ਨੂੰ 1 ਜਨਵਰੀ, 1973 ਤੋਂ ਲੈ ਕੇ ਪੱਕੇ ਕੀਤਾ ਗਿਆ ਹੈ । ਇਸ ਨਾਲ 4 ਹਜ਼ਾਰ ਦੇ ਕਰੀਬ ਮੁਲਾਜ਼ਮਾਂ ਨੂੰ ਇਸ ਸਾਲ ਪੱਕਾ ਕੀਤਾ ਗਿਆ ਹੈ । ਇਸ ਤਰ੍ਹਾਂ ਜਿਹੜੇ ਵਰਕਚਾਰਜ ਸਟਾਫ਼ ਦੇ ਮਸਲੇ ਸੀ, ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਦੇ ਮਸਲੇ ਸੀ, ਉਨ੍ਹਾਂ ਨੂੰ ਹਲ ਕਰਨ ਦਾ ਯਤਨ ਕੀਤਾ ਗਿਆ ਹੈ । ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਲਈ 90 ਲੱਖ ਰੁਪਏ ਦਿਤੇ ਗਏ ਹਨ ਅਤੇ ਪ੍ਰਾਈਵੇਟ ਨਾਨ ਟੀਚਿੰਗ ਸਟਾਫ ਲਈ 7.50 ਲੱਖ ਰੁਪਏ ਦਿਤੇ ਜਾਣੇ ਹਨ । ਇਸ ਤਰ੍ਹਾਂ ਇਹ 97.50 ਲੱਖ ਰੁਪਏ ਪ੍ਰਾਈਵੇਟ ਸਕੂਲਾਂ ਦੇ ਸਟਾਫ਼ ਤੇ ਖ਼ਰਚ ਹੋਣੇ ਹਨ । ਫਿਰ ਜਿਹੜੇ ਪੁਲਿਟੀਕਲ ਸਫਰਰਜ਼ ਹਨ ਉਨ੍ਹਾਂ ਵੱਲ ਵੀ ਇਸ ਬਜਟ ਵਿਚ ਧਿਆਨ ਦਿਤਾ ਗਿਆ ਹੈ । ਮੁਫ਼ਤ ਡਾਕਟਰੀ ਸਹਾਇਤਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀ ]

300 ਰੁਪਏ ਮਹੀਨੇ ਦੀ ਆਮਦਨ ਵਾਲੇ ਦੀ ਥਾਂ ਤੇ 500 ਰੁਪਏ ਮਹੀਨਾ ਤਕ ਦੀ ਆਮਦਨ ਵਾਲੇ ਸਿਆਸੀ ਸਫਰਰਜ਼ ਨੂੰ ਦਿਤੀ ਜਾਵੇਗੀ । ਇਸ ਦੇ ਨਾਲ ਹੀ ਜ਼ਬਤ ਕੀਤੀਆਂ ਜਾਇਦਾਦਾਂ ਆਦਿ ਲਈ ਜੋ 30 ਜੂਨ, 1956 ਦੀ ਤਰੀਕ ਨਿਸਚਿਤ ਕੀਤੀ ਗਈ ਸੀ ਦਰਖਾਸਤਾਂ ਦੇਣ ਲਈ ਉਸ ਨੂੰ ਵੀ ਹੁਣ ਵਧਾ ਦਿਤਾ ਗਿਆ ਹੈ । ਇਸੇ ਤਰ੍ਹਾਂ ਜੋ ਬੇਆਸਰਾ ਵਿਧਵਾਵਾਂ ਹਨ ਉਨ੍ਹਾਂ ਨੂੰ ਵਜ਼ੀਫਾ 20 ਰੁਪਏ ਦੀ ਥਾਂ ਤੇ ਹੁਣ 50 ਰੁਪਏ ਮਿਲਿਆ ਕਰੇਗਾ । ਔਰ ਬੁਢਾਪਾ ਪੈਨਸ਼ਨ ਵੀ ਹੁਣ 25 ਰੁਪਏ ਤੋਂ ਵਧਾ ਕੇ 50 ਰੁਪਏ ਕਰ ਦਿਤੀ ਗਈ ਹੈ ।

ਇਸ ਦੇ ਨਾਲ ਹੀ ਜੋ ਪਠਾਨਕੋਟ ਆਦਿ ਦੇ ਨੀਮ ਪਹਾੜੀ ਇਲਾਕੇ ਸੀ ਉਨ੍ਹਾਂ ਦੀ ਤਰੱਕੀ ਲਈ ਪਹਿਲੀ ਵਾਰ ਇਸ ਸਰਕਾਰ ਨੇ ਧਿਆਨ ਦਿਤਾ ਹੈ । ਇਸ ਦੇ ਲਈ ਇਕ ਬੋਰਡ ਬਣਾਇਆ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਪਾਰਟੀ ਦੀ ਸਰਕਾਰ ਨੇ ਅਜਿਹਾ ਡਿਵੈਲਪਮੈਂਟ ਬੋਰਡ ਬਣਾਇਆ ਹੈ। ਇਸ ਦੇ ਨਾਲ ਪੰਜਾਬ ਦੇ ਪਿਛੜੇ ਹੋਏ ਇਲਾਕੇ ਦੇ ਲੋਕਾਂ ਦਾ ਬਹੁਤ ਫਾਇਦਾ ਹੋਵੇਗਾ । ਔਰ ਜੋ ਛੋਟੇ ਔਰ ਗ਼ਰੀਬ ਆਦਮੀ ਹਨ ਉਨ੍ਹਾਂ ਨੂੰ ਵੀ ਫ਼ਾਇਦਾ ਹੋਵੇਗਾ । ਫਿਰ ਇਸ ਸਰਕਾਰ ਨੇ ਪਲੈਨਿੰਗ ਬੋਰਡ ਬਣਾਇਆ ਹੈ । ਇਹ ਵੀ ਪੰਜਾਬ ਦੇ ਲਈ ਫ਼ਾਇਦੇਮੰਦ ਹੋਵੇਗਾ । ਇਸ ਦੇ ਨਾਲ ਹੀ ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਇਥੇ ਇਸ ਹਾਊਸ ਦੇ ਮੈਂਬਰ ਸਾਹਿਬਾਨ ਵਲੋਂ ਕਿਹਾ ਗਿਆ ਹੈ ਕਿ ਇਸ ਸਰਕਾਰ ਨੇ ਮਜ਼ਦੂਰਾਂ ਲਈ ਕੁਝ ਨਹੀਂ ਕੀਤਾ । ਮੈਂ ਅਰਜ਼ ਕਰਦਾ ਹਾਂ ਕਿ ਇਸ ਸਰਕਾਰ ਨੇ ਮਜ਼ਦੂਰਾਂ ਲਈ ਜੋ ਕੁਝ ਕੀਤਾ ਹੈ ਉਸ ਨੂੰ ਅੱਖੋਂ ਉਹਲੇ ਕਰਨਾ ਠੀਕ ਨਹੀਂ ਹੈ । ਇਸ ਸਰਕਾਰ ਨੇ 9.47 ਲੱਖ ਰੁਪਏ ਜੋ ਉਨ੍ਹਾਂ ਨੂੰ ਇੰਟਰੈਸਟ-ਫਰੀ ਲੋਨ ਦਿਤਾ ਸੀ ਉਸ ਵਿਚੋਂ 50 ਫ਼ੀ ਸਦੀ ਗਰਾਂਟ ਵਿਚ ਬਦਲ ਦਿਤਾ ਹੈ । ਇਹ ਗੱਲ ਇਥੇ ਵਿੱਤ ਮੰਤਰੀ ਜੀ ਨੇ ਆਪਣੇ ਭਾਸ਼ਨ ਵਿਚ ਦੱਸੀ ਹੈ । ਇਸ ਤਰ੍ਹਾਂ ਲੱਗ ਭਗ ਪੌਣੇ 5 ਲੱਖ ਰੁਪਏ ਉਨ੍ਹਾਂ ਨੂੰ ਗਰਾਂਟ ਵੱਜੋਂ ਦਿਤੇ ਗਏ ਹਨ । ਇਹ ਮਦਦ ਉਨ੍ਹਾਂ ਨੂੰ ਦਿਤੀ ਗਈ ਹੈ ਜਿਹੜੇ ਬੰਦੇ ਇੰਡੋ-ਪਾਕ ਲੜਾਈ ਵਿਚ ਬੇਕਾਰ ਹੋ ਗਏ ਸੀ । ਦੂਸਰੀ ਗੱਲ ਜੋ ਮਜ਼ਦੂਰਾਂ ਦੇ ਭਲੇ ਲਈ ਕੀਤੀ ਗਈ ਹੈ ਉਹ ਇਹ ਹੈ ਕਿ ਸਾਡੇ ਲੇਬਰ ਮਨਿਸਟਰ ਸਾਹਿਬ ਨੇ ਜੋ ਕਿ ਵਿੱਤ ਮੰਤਰੀ ਵੀ ਹਨ Industrial Employment 1946 ਦੇ ਸਟੈਂਡਿੰਗ ਆਰਡਰਜ਼ ਅਮੈਂਡ ਕਰਕੇ 100 ਵਰਕਰਾਂ ਵਾਲੀਆਂ ਫੈਕਟਰੀਆਂ ਤੋਂ ਘਟਾ ਕੇ ਉਨ੍ਹਾਂ ਫੈਕਟਰੀਆਂ ਤੇ ਲਾਗੂ ਕੀਤਾ ਗਿਆ ਜਿਨ੍ਹਾਂ ਵਿਚ 50 ਮਜ਼ਦੂਰ ਕੰਮ ਕਰਦੇ ਹਨ । ਪਰ ਮੈਂ ਉਨਾਂ ਨੂੰ ਇਹ ਬੇਨਤੀ ਵੀ ਕਰਾਂਗਾ ਕਿ ਇਹ ਲਾਅਜ਼ ਉਨ੍ਹਾਂ ਫੈਕਟਰੀਆਂ ਤੇ ਲਾਗੂ ਕੀਤੇ ਜਾਣ ਜਿਨ੍ਹਾਂ ਵਿਚ 20 ਵਰਕਰਜ਼ ਕੰਮ ਕਰਦੇ ਹਨ । ਇਸ ਤਰ੍ਹਾਂ ਕਰਨ ਦੇ ਨਾਲ ਲਗ ਭਗ 18 ਹਜ਼ਾਰ ਮਜ਼ਦੂਰਾਂ ਨੂੰ ਫਾਇਦਾ ਹੋਵੇਗਾ । ਦੂਜੀ ਗੱਲ ਜਿਹੜੀ ਮਜ਼ਦੂਰਾਂ ਲਈ ਕੀਤੀ ਗਈ ਹੈ ਉਹ ਹੈ ਕਿ ਜਿਥੇ ਇੰਡਸਟਰੀਅਲ ਪੁਆਇੰਟਸ ਬਣਾਏ ਗਏ ਹਨ ਉਥੇ ਮਜ਼ਦੂਰਾਂ ਲਈ ਮਕਾਨ ਬਣਾਕੇ ਉਨ੍ਹਾਂ ਨੂੰ ਹਾਇਰ ਪਰਚੇਜ਼ ਸਿਸਟਮ ਤੇ ਦਿਤੇ ਗਏ ਹਨ । ਇਸ ਤਰ੍ਹਾਂ 30 ਸਾਲਾਂ ਬਾਅਦ ਉਹ ਮਕਾਨ ਉਨ੍ਹਾਂ ਮਜ਼ਦੂਰਾਂ ਦੇ ਆਪਣੇ ਬਣ ਜਾਣਗੇ । ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਹਾਲੇ ਬੜਾ ਕੁਝ ਹੋਰ ਮਜ਼ਦੂਰਾਂ ਲਈ ਕਰਨ ਵਾਸਤੇ ਪਿਆ ਹੈ ।

ਫਿਰ ਇਸ ਤੋਂ ਬਾਅਦ ਮੈਂ ਵਿਦਿਆ ਬਾਰੇ ਗੱਲ ਕਰਦਾ ਹਾਂ । ਸਾਡੀ ਸਰਕਾਰ ਨੇ ਇਸ ਬਾਰੇ ਬੜਾ ਇੰਨਕਲਾਬੀ ਕਦਮ ਚੁਕਿਆ ਹੈ । ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਹਰ ਇਕ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹਿਆ ਜਾਵੇਗਾ । ਇਸ ਦੇ ਨਾਲ ਹੀ ਪ੍ਰਾਇਮਰੀ ਸਕੂਲ ਨੂੰ ਮਿਡਲ ਅਤੇ ਮਿਡਲ ਸਕੂਲਾਂ ਨੂੰ ਹਾਈ ਕੀਤਾ ਗਿਆ ਹੈ । ਪਿਛਲੇ ਸਾਲ 1000 ਪ੍ਰਾਇਮਰੀ ਸਕੂਲ ਖੋਲ੍ਹੇ ਗਏ

Original with;
Punjab Vidhan Sabha
Digitized by;
Panjab Digital Library

ਸਨ ਅਤੇ 200 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਕੀਤਾ ਗਿਆ ਸੀ ਅਤੇ 75 ਸਕੂਲਾਂ ਨੂੰ ਮਿਡਲ ਤੋਂ ਹਾਈ ਕੀਤਾ ਗਿਆ ਸੀ। ਇਸ ਸਾਲ ਹੁਣ ਇਕ ਹਜ਼ਾਰ ਹੋਰ ਪ੍ਰਾਇਮਰੀ ਸਕੂਲਾਂ ਨੂੰ ਖੋਲ੍ਹਣ ਦੀ ਤਜਵੀਜ਼ ਹੈ ਅਤੇ ਇਸ ਦੇ ਨਾਲ ਹੀ 100 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਕੀਤਾ ਜਾਵੇਗਾ ਅਤੇ 50 ਮਿਡਲ ਸਕੂਲ ਹਾਈ ਬਣਾਏ ਜਾਣਗੇ। ਇਸ ਦੇ ਨਾਲ ਹੀ ਮੈਂ ਅਰਜ਼ ਕਰਾਂ ਕਿ ਹਿੰਦੁਸਤਾਨ ਦੀਆਂ ਖੇਡਾਂ ਵਿਚ ਪੰਜਾਬ ਦਾ ਬਹੁਤ ਵੱਡਾ ਹਿੱਸਾ ਹੈ। ਖੇਡਾਂ ਦੇ ਮੈਦਾਨ ਵਿਚ ਵੀ ਸਰਕਾਰ ਨੇ ਬਹੁਤ ਕੁਝ ਕੀਤਾ ਹੈ।

1.10 P.M. (*Mr. Speaker in the Chair.*)

ਸਕੂਲਾਂ ਵਿਚ ਗ਼ਰੀਬ ਬੱਚਿਆਂ ਨੂੰ ਮੁਫ਼ਤ ਖਾਣਾ ਦੇ ਕੇ, ਮੁਫ਼ਤ ਕਿਤਾਬਾਂ ਦੇ ਕੇ ਔਰ ਉਨ੍ਹਾਂ ਨੂੰ ਹੋਰ ਇਸ ਤਰ੍ਹਾਂ ਦੀਆਂ ਸਹੂਲਤਾਂ ਦੇ ਕੇ ਅਤੇ ਪ੍ਰਾਈਵੇਟ ਕਾਲਜਾਂ ਨੂੰ ਅੱਗੇ ਨਾਲੋਂ 18 ਲੱਖ ਗਰਾਂਟਾਂ ਵਧਾ ਕੇ, ਇਹ ਸਾਰੇ ਕੰਮ ਕਰਕੇ ਸਰਕਾਰ ਨੇ ਤਾਲੀਮ ਦੇ ਮੈਦਾਨ ਵਿਚ ਕਾਫ਼ੀ ਸਰਾਹਣਾਯੋਗ ਕੰਮ ਕੀਤੇ ਹਨ। ਇਹਦੇ ਨਾਲ ਹੀ ਨਾਲ ਹਿੰਦੀ ਅਤੇ ਪੰਜਾਬੀ ਦੀ ਤਰੱਕੀ ਲਈ ਵੀ ਕਾਫ਼ੀ ਕੰਮ ਕੀਤੇ ਹਨ। ਇਸ ਬਜਟ ਵਿਚ ਲੋਕਲ ਬਾਡੀਜ਼ ਬਾਰੇ ਜੋ ਗੱਲਾਂ ਕਹੀਆਂ ਗਈਆਂ ਹਨ ਉਨ੍ਹਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਮਪਰੂਵਮੈਂਟ ਟਰੱਸਟ ਨੂੰ 40 ਲੱਖ ਰੁਪਏ ਦੇ ਕਰੀਬ ਜੋ ਗਰਾਂਟਾਂ ਦੇਣ ਦਾ ਪ੍ਰਬੰਧ ਕੀਤਾ ਹੈ ਅਤੇ ਜੋ ਉਥੇ ਦੀ ਹਾਲਤ ਸੁਧਾਰਣ ਦਾ ਇਨ੍ਹਾਂ ਪ੍ਰੋਗਰਾਮ ਬਣਾਇਆ ਹੈ ਔਰ 12 ਨਵੇਂ ਇਮਪਰੂਵਮੈਂਟ ਟਰੱਸਟ ਬਣਾਏ ਹਨ, ਇਹ ਬਹੁਤ ਅੱਛਾ ਕੰਮ ਕੀਤਾ ਹੈ। ਸ਼ਹਿਰਾਂ ਵਿਚ ਵੀ ਇਨ੍ਹਾਂ ਨੇ ਬਹੁਤ ਅੱਛਾ ਕੰਮ ਕੀਤਾ ਹੈ। ਮੇਰਾ ਹਲਕਾ ਫਗਵਾੜਾ ਹੈ। ਉਥੇ 70 ਹਜ਼ਾਰ ਦੇ ਕਰੀਬ ਆਬਾਦੀ ਹੈ। ਤੁਹਾਡੇ ਰਾਹੀਂ ਮੇਰੀ ਸਰਕਾਰ ਨੂੰ ਇਹ ਬੇਨਤੀ ਹੈ ਕਿ ਸਰਕਾਰ ਉਥੇ ਵੀ ਇਮਪਰੂਵਮੈਂਟ ਟਰੱਸਟ ਬਣਾਵੇ।

**Mr. Speaker** : Please wind up.

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਸਪੀਕਰ ਸਾਹਿਬ, ਮੈਂ ਰਿਜ਼ਰਵ ਹਲਕੇ ਤੋਂ ਆਇਆ ਹਾਂ। 23 ਮੈਂਬਰ ਇਸ ਹਾਊਸ ਵਿਚ ਅਜਿਹੇ ਹਨ ਜਿਹੜੇ ਕਿ ਰਿਜ਼ਰਵ ਹਲਕੇ ਤੋਂ ਆਏ ਹਨ ਅਤੇ ਇਹ ਸ਼ੈਡਿਊਲਡ ਕਾਸਟਸ ਦੀਆਂ ਗੱਲਾਂ ਕਹਿਣ ਵਾਸਤੇ ਇਥੇ ਆਉਂਦੇ ਹਨ। ਮੈਂ ਵੀ ਰਿਜ਼ਰਵ ਹਲਕੇ ਤੋਂ ਆਇਆ ਹਾਂ ਇਸ ਲਈ ਮੈਂ ਵੀ ਇਨ੍ਹਾਂ ਲੋਕਾਂ ਬਾਰੇ ਜ਼ਰੂਰ ਚਾਨਣਾ ਪਾਉਣਾ ਚਾਹੁੰਦਾ ਹਾਂ। ਸਰਕਾਰ ਨੇ ਇਨ੍ਹਾਂ ਲਈ ਬਹੁਤ ਕੁਝ ਕੀਤਾ ਹੈ। (ਵਿਘਨ) ਪਰ ਇਸ ਦੇ ਬਾਵਜੂਦ ਇਥੇ ਇਨ੍ਹਾਂ ਲੋਕਾਂ ਵਲੋਂ (ਅਕਾਲੀਆਂ ਨੂੰ ਸੰਬੋਧਨ ਕਰਕੇ) ਬੜੇ ਮਗਰਮੱਛ ਦੇ ਅਾਂਸੂ ਬਹਾਏ ਗਏ। (ਵਿਘਨ) ਮੈਂ ਤੁਹਾਨੂੰ ਅਕਾਲੀਆਂ ਨੂੰ ਕਹਿ ਰਿਹਾ ਹਾਂ। ਇਨ੍ਹਾਂ ਨੇ ਸਿਰਫ਼ ਇਨ੍ਹਾਂ ਨੂੰ ਐਕਸਪਲਾਇਟ ਕਰਨ ਵਾਸਤੇ ਹੀ ਗੱਲਾਂ ਕੀਤੀਆਂ। ਅਕਾਲੀ ਪਾਰਟੀ ਅਤੇ ਕਮਿਊਨਿਸਟ ਪਾਰਟੀ ਵਲੋਂ ਬਹੁਤ ਦੁਹਾਈ ਦਿਤੀ ਗਈ ਕਿ ਇਹ ਨਹੀਂ ਕੀਤਾ, ਉਹ ਨਹੀਂ ਕੀਤਾ ਪਰ ਜੋ ਇਸ ਸਰਕਾਰ ਨੇ ਚੰਗੇ ਕੰਮ ਕੀਤੇ ਹਨ ਉਸ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਲਈ ਜੋ ਕੁਝ ਇਸ ਸਰਕਾਰ ਨੇ ਕੀਤਾ ਹੈ ਉਹ ਪਿਛਲੀਆਂ ਸਰਕਾਰਾਂ ਤੋਂ ਕਿਤੇ ਵੱਧ ਕੀਤਾ ਹੈ। (ਵਿਘਨ) ਜੋ ਧਰਮਸ਼ਾਲਾਵਾਂ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਇਸ ਦਾ ਟਾਈਮਬਾਊਂਡ ਪ੍ਰੋਗਰਾਮ ਇਸ ਬਜਟ ਵਿਚ ਦਰਸਾਇਆ ਗਿਆ ਹੈ ਕਿ ਜਿਥੇ ਧਰਮਸ਼ਾਲਾਵਾਂ ਹਾਲੇ ਤਕ ਨਹੀਂ ਬਣੀਆਂ ਹਨ ਉਥੇ ਦੋ ਸਾਲਾਂ ਵਿਚ ਸਭ ਜਗ੍ਹਾ ਤੇ ਧਰਮਸ਼ਾਲਾਵਾਂ ਬਣਾ ਦਿਤੀਆਂ ਜਾਣਗੀਆਂ। (ਵਿਘਨ) (ਥੰਪਿੰਗ) ਜੋ ਪਲਾਟ ਦੇਣ ਦੀ ਸਕੀਮ ਹੈ (ਵਿਘਨ) ਜਿਥੇ ਹਰੀਜਨਾਂ ਲਈ ਅਤੇ ਗਰੀਬ ਲੋਕਾਂ ਲਈ

Original with;
Punjab Vidhan Sabha
Digitized by;
Panjab Digital Library

[ ਸ੍ਰੀ ਪਿਆਰਾ ਰਾਮ ਧੰਨੋਵਾਲੀ ]

ਪੌਣੇ ਦੋ ਲੱਖ ਪਲਾਟ ਦੇਣ ਦੀ ਸਕੀਮ ਹੈ ਉਥੇ ਡੇਢ ਸੌ ਰੁਪਏ ਫੀ ਪਲਾਟ ਉਨ੍ਹਾਂ ਦੀ ਡਿਵੈਲਪਮੈਂਟ ਲਈ ਵੀ ਰੱਖਿਆ ਗਿਆ ਹੈ । ਇਸ ਤਰ੍ਹਾਂ ਨਾਲ ਇਹ ਬੜਾ ਸਰਾਹਣਾਯੋਗ ਕੰਮ ਹੈ ।

ਲੈਂਡ ਰਿਫਾਰਜ਼ਮ ਲਈ ਬਜਟ ਵਿਚ ਦੱਸਿਆ ਗਿਆ ਹੈ ਕਿ ਜੋ ਫ਼ਾਲਤੂ ਜ਼ਮੀਨ ਹੈ ਇਸ ਦਾ ਬਹੁਤ ਸਾਰਾ ਹਿੱਸਾ ਹਰੀਜਨਾਂ ਨੂੰ ਦਿਤਾ ਜਾਵੇਗਾ । ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਹਰੀਜਨ ਜਿਹੜੇ ਉੱਚੀਆਂ ਪੋਸਟਾਂ ਲਈ ਆਈ. ਏ. ਐਸ. ਅਤੇ ਆਈ. ਪੀ. ਐਸ ਦੇ ਇਮਤਿਹਾਨ ਦੇਣਾ ਚਾਹੁੰਦੇ ਹਨ ਉਨ੍ਹਾਂ ਲਈ ਇਕ ਕੋਚਿੰਗ ਸੈਂਟਰ ਪਟਿਆਲਾ ਵਿਖੇ 50 ਲੜਕਿਆਂ ਲਈ ਹਰ ਸਾਲ ਦੇ ਹਿਸਾਬ ਨਾਲ ਖੋਲ ਦਿਤਾ ਗਿਆ ਹੈ । ਇਸ ਕੋਚਿੰਗ ਲਈ ਮੁਫ਼ਤ ਰਿਹਾਇਸ਼, ਮੁਫ਼ਤ ਖਾਣਾ ਅਤੇ ਮੁਫ਼ਤ ਪੜ੍ਹਾਈ ਹੋ ਰਹੀ ਹੈ । ਇਥੇ ਹਰ ਸਾਲ 50 ਲੜਕਿਆਂ ਨੂੰ ਟਰੇਨਿੰਗ ਦਿਤੀ ਜਾਂਦੀ ਹੈ । ਇਸ ਗੱਲ ਦਾ ਮੇਰੇ ਅਕਾਲੀ ਅਤੇ ਕਮਿਊਨਿਸਟ ਵੀਰਾਂ ਨੇ ਕੋਈ ਜ਼ਿਕਰ ਨਹੀਂ ਕੀਤਾ ਹੈ । ਇਹ ਬਹੁਤ ਅੱਛਾ ਪ੍ਰੋਗਰਾਮ ਹੈ ।

ਇਕ ਗੱਲ ਮੇਰੇ ਮੋਹਤਰਮ ਬਜ਼ੁਰਗ ਮੈਂਬਰ ਮਾਸਟਰ ਗੁਰਬੰਤਾ ਸਿੰਘ ਜੀ ਨੇ ਹਰੀਜਨਾਂ ਦੀਆਂ ਸਰਵਿਸਿਜ਼ ਬਾਰੇ ਕੀਤੀ ਸੀ । ਮੈਂ ਕਹਾਂਗਾ ਕਿ ਸਰਵਿਸਿਜ਼ ਬਾਰੇ ਮੇਰਾ ਇਕੋ ਹੀ ਪੁਆਇੰਟ ਹੈ ਕਿ ਸਰਵਿਸਿਜ਼ ਲਈ ਜੋ ਵੀ ਇੰਸਟਰੱਕਸ਼ਨਜ਼ ਜਾਰੀ ਹੁੰਦੀਆਂ ਹਨ ਉਨ੍ਹਾਂ ਦੀ ਇੰਟਰਪਰੇਟੇਸ਼ਨ ਮੈਂ ਸਮਝਦਾ ਹਾਂ ਜਿਹੜੇ ਅਫ਼ਸਰ ਸਾਹਿਬਾਨ ਲੈਂਦੇ ਹਨ ਉਹ ਗਲਤ ਹੁੰਦੀ ਹੈ ਰੋਜ਼ ਸਰਕੁਲਰ ਹੁੰਦੇ ਹਨ ਪਰ ਉਨ੍ਹਾਂ ਤੇ ਅਮਲ ਨਹੀਂ ਕੀਤਾ ਜਾਂਦਾ ਮੇਰੀ ਬੇਨਤੀ ਸਰਕਾਰ ਅੱਗੇ ਤੁਹਾਡੇ ਰਾਹੀਂ ਇਹ ਹੈ ਕਿ ਇਸ ਦਾ ਇਕੋ ਇਲਾਜ ਹੈ ਅਤੇ ਉਹ ਇਹ ਹੈ ਕਿ ਸਰਵਿਸਿਜ਼ ਲਈ 25 ਫੀ ਸਦੀ ਦਾ ਜੋ ਕੋਟਾ ਮੁਕਰੱਰ ਹੈ ਇਹ ਕਾਨੂੰਨਨ ਬਣਾ ਦਿਤਾ ਜਾਵੇ । ਇਹ 25 ਫੀ ਸਦੀ ਦੀ ਰੀਜ਼ਰਵੇਸ਼ਨ ਕਾਨੂੰਨ ਰਾਹੀਂ ਮੁਕਰੱਰ ਹੋਣੀ ਚਾਹੀਦੀ ਹੈ । ਤਾਂ ਹੀ ਇਸ ਦਾ ਕੋਈ ਫਾਇਦਾ ਹੋ ਸਕਦਾ ਹੈ । ਮੈਂ ਤੁਹਾਡੇ ਰਾਹੀਂ, ਆਪਣੀ ਸਰਕਾਰ ਨੂੰ ਇਹ ਕਹਾਂਗਾ ਕਿ ਹਰ ਪੰਜਵਾਂ ਆਦਮੀ ਐਡਮਨਿਸਟਰੇਸ਼ਨ ਵਿਚ, ਜਿਸ ਤਰ੍ਹਾਂ ਕਿ ਇਸ ਵੇਲੇ ਇਸ ਅਸੈਂਬਲੀ ਦੀਆਂ ਸੀਟਾਂ ਵਿਚ ਹੈ, ਉਸੇ ਤਰ੍ਹਾਂ ਹੀ ਹਰ ਪੰਜਵਾ ਬੰਦਾ ਸ਼ੈਡਿਊਲਡ ਕਾਸਟ ਐਡਮਨਿਸਟਰੇਸ਼ਨ ਵਿਚ ਹੋਣਾ ਚਾਹੀਦਾ ਹੈ ਇਹ ਰਿਜ਼ਰਵੇਸ਼ਨ ਹਰ ਮਹਿਕਮੇ ਵਿਚ, ਐਗਜ਼ੈਕਟਿਵ ਵਿਚ ਅਤੇ ਜੁਡੀਸ਼ਰੀ ਵਿਚ ਹੋਣੀ ਚਾਹੀਦੀ ਹੈ। ਇਹ ਕਾਨੂੰਨੀ ਤੌਰ ਤੇ ਹੋਣਾ ਚਾਹੀਦਾ ਹੈ ਅਤੇ ਸਾਡੀ ਸਰਕਾਰ ਨੂੰ ਇਸ ਸਬੰਧੀ ਕਾਨੂੰਨ ਬਣਾ ਦੇਣਾ ਚਾਹੀਦਾ ਹੈ । (ਘੰਟੀ)

ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਜਿੰਨੇ ਡਿਵੈਲਪਮੈਂਟ ਫੰਡਜ਼ ਹਨ ਜੋ ਸਾਰੀ ਡਿਵੈਲਪਮੈਂਟ ਹੁੰਦੀ ਹੈ ਚਾਹੇ ਕਰਜ਼ੇ/ਗਰਾਂਟਾਂ ਹੋਣ, ਚਾਹੇ ਰੂਟ ਪਰਮਿਟ ਹੋਣ, ਜੋ ਵੀ ਡਿਵੈਲਪਮੈਂਟ ਤੇ ਪੈਸਾ ਖਰਚਿਆ ਜਾਂਦਾ ਹੈ ਉਹ ਆਬਾਦੀ ਦੇ ਲਿਹਾਜ਼ ਨਾਲ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ। ਤਾਂ ਹੀ ਇਨ੍ਹਾਂ ਲੋਕਾਂ ਦਾ ਭਲਾ ਹੋ ਸਕਦਾ ਹੈ ।

ਜ਼ਿਆਦਾ ਨਾ ਕਹਿੰਦਾ ਹੋਇਆ ਮੈਂ ਮਹਿੰਗਾਈ ਦੇ ਬਾਰੇ ਵੀ ਕੁਝ ਥੋੜ੍ਹਾ ਜਿਹਾ ਕਹਿਣਾ ਚਾਹੁੰਦਾ ਹਾਂ । (ਘੰਟੀ) ਮਹਿੰਗਾਈ ਦੇ ਮਸਲੇ ਨੂੰ ਹਲ ਕਰਨ ਲਈ ਸਰਕਾਰ ਨੇ 5,000 ਡਿਪੂ ਪਿੰਡਾਂ ਵਿਚ ਅਤੇ 2,000 ਡਿਪੂ ਸ਼ਹਿਰਾਂ ਵਿਚ ਖੋਲ੍ਹੇ ਹਨ ਅਤੇ ਦਾਲਾਂ, ਜਿਸ ਦੀ ਕਿ ਇਥੇ ਕਮੀ ਹੈ ਇਹ ਬਾਹਰੋਂ ਮੰਗਵਾਉਣ ਦਾ ਪ੍ਰਬੰਧ ਕੀਤਾ ਹੈ । ਇਹ ਬਹੁਤ ਸ਼ਲਾਘਾਯੋਗ ਕੰਮ ਹੈ ।

ਇਸ ਤੋਂ ਇਲਾਵਾ, ਮੈਂ ਬਿਜਲੀ ਦੀ ਗੱਲ ਕਹਿਣੀ ਚਾਹੁੰਦਾ ਹਾਂ। ਇਸ ਸਰਕਾਰ ਨੇ ਬਿਜਲੀ ਬਾਰੇ ਜੋ ਉਦਮ ਕੀਤਾ ਹੈ ਉਹ ਬੜਾ ਸ਼ਲਾਘਾਯੋਗ ਹੈ । ਪਿਛਲੇ ਪੰਜ ਸਾਲਾਂ ਵਿਚ ਇਥੇ ਅੰਧਾ

Original with;
Punjab Vidhan Sabha
Digitized by;
Panjab Digital Library

ਧੁੰਦ ਕੁਨੈਕਸ਼ਨ ਦਿਤੇ ਗਏ ਅਤੇ ਇਹ ਨਹੀਂ ਦੇਖਿਆ ਗਿਆ ਕਿ ਬਿਜਲੀ ਕਿੰਨੀ ਹੈ। ਅਕਾਲੀਆਂ ਦੀ ਸਰਕਾਰ ਵੇਲੇ ਇਸ ਗੱਲ ਦਾ ਬਿਲਕੁਲ ਖਿਆਲ ਨਹੀਂ ਰਖਿਆ ਗਿਆ ਕਿ ਬਿਜਲੀ ਪੈਦਾ ਕਰਨ ਦਾ ਪਲਾਨ ਕਿਸ ਤਰਾਂ ਬਣਾਉਣਾ ਹੈ। ਇਨ੍ਹਾਂ ਮੇਰੇ ਸਾਥੀ ਅਕਾਲੀ ਵੀਰਾਂ ਦੀ ਸਰਕਾਰ ਨੇ ਬਿਜਲੀ ਦੀ ਪੰਜ ਸਾਲਾ ਯੋਜਨਾਬੰਦੀ ਵੇਲੇ ਇਸ ਦੀ ਪਲੈਨਿੰਗ ਦਾ ਕੋਈ ਖਿਆਲ ਨਹੀਂ ਰਖਿਆ (ਵਿਘਨ)

**ਸ੍ਰੀ ਸਪੀਕਰ** : ਸਮਾਂ ਬਹੁਤ ਹੋ ਗਿਆ ਹੈ। (The hon. Member has already taken sufficient time.)

**ਸ੍ਰੀ ਪਿਆਰਾ ਰਾਮ ਧਨੋਵਾਲੀ** : ਸਰਕਾਰ ਨੇ ਬੇਘਰਾਂ ਨੂੰ ਪਲਾਟ ਦੇਣ ਦਾ ਜੋ ਪਰਬੰਧ ਕੀਤਾ ਹੈ ਉਹ ਬਹੁਤ ਚੰਗਾ ਪ੍ਰੋਗਰਾਮ ਹੈ। ਇਸੇ ਤਰ੍ਹਾਂ ਹੀ ਸ਼ਹਿਰਾਂ ਵਿਚ ਜੋ ਨਿਕਾਸੀ ਜ਼ਮੀਨ ਹੈ ਜਾਂ ਜੋ ਪੈਪਸੂ ਵਿਚ ਨਜ਼ੂਲ ਲੈਂਡ ਹੈ (ਵਿਘਨ) ਉਹ ਵੀ ਸਰਕਾਰ ਦੀ ਜ਼ਮੀਨ ਹੈ।

ਇਸੇ ਤਰ੍ਹਾਂ ਜਿਹੜੀ ਜ਼ਮੀਨ ਮਿਉਂਸੀਪਲ ਕਮੇਟੀਜ਼ ਦੀ ਹੱਦ ਵਿਚ ਆਉਂਦੀ ਹੈ ਉਹ ਜ਼ਮੀਨ ਸਰਕਾਰ ਦੀ ਹੈ। ਸ਼ਹਿਰਾਂ ਵਿਚ ਜਿਹੜੇ ਹਰੀਜਨ ਬੇਘਰੇ ਹਨ ਉਨ੍ਹਾਂ ਨੂੰ ਉਥੇ ਪਲਾਟ ਦਿਤੇ ਜਾਣ ਅਤੇ ਪਿਛਲੇ ਪੰਜ ਸਾਲਾਂ ਵਿਚ ਜਿਹੜੇ ਨਜਾਇਜ਼ ਕਬਜ਼ੇ ਗੁਰਦੁਆਰਿਆਂ ਦੇ ਨਾਮ ਤੇ ਇਨਾਂ ਅਕਾਲੀਆਂ ਨੇ ਕਰਵਾਏ ਹਨ (ਵਿਘਨ) ਜਾਂ ਜਿਨ੍ਹਾਂ ਜ਼ਮੀਨਾਂ ਦੀਆਂ ਬੋਗਸ ਅਲਾਟਮੈਂਟਾਂ ਕਰਾਈਆਂ ਹਨ ਅਤੇ ਘਟ ਕੀਮਤ ਤੇ ਖਰੀਦੀਆਂ ਗਈਆਂ, ਉਹ ਉਨ੍ਹਾਂ ਕੋਲੋਂ ਲੈ ਕੇ ਗਰੀਬਾਂ ਨੂੰ ਦੇਣੀਆਂ ਚਾਹੀਦੀਆਂ ਹਨ। (ਵਿਘਨ) ਇਨ੍ਹਾਂ ਨੇ ਗੁਰਦੁਆਰਿਆਂ ਦੇ ਨਾਮ ਤੇ ਜ਼ਮੀਨਾਂ ਤੇ ਕਬਜ਼ੇ ਕੀਤੇ। 50, 50 ਰੁਪਏ ਮਰਲੇ ਤੇ ਜ਼ਮੀਨ ਲੈ ਕੇ ਦਿਤੀ। (ਵਿਘਨ) ਇਹ ਸਾਰੀਆਂ ਜ਼ਮੀਨਾਂ ਉਨ੍ਹਾਂ ਕੋਲੋਂ ਲੈ ਕੇ ਇਨ੍ਹਾਂ ਲੋਕਾਂ ਨੂੰ ਵਸਾਇਆ ਜਾਵੇ। (ਘੰਟੀ) ਇਸ ਤੋਂ ਅਗੇ ਮੈਂ ਆਪਣੇ ਹਲਕੇ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ।

**ਸ੍ਰੀ ਸਪੀਕਰ** : ਉਹ ਤੁਸੀਂ ਹੋਰ ਸਮੇਂ ਤੇ ਕਹਿ ਲੈਣਾ। (You may refer to that on some other occasion.)

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਸਪੀਕਰ ਸਾਹਿਬ, ਇਕ ਗਲ ਮੈਂ ਆਪਣੇ ਹਲਕੇ ਦੇ ਬਾਰੇ ਜ਼ਰੂਰੀ ਕਹਿਣਾ ਚਾਹੁੰਦਾ ਹਾਂ। ਇਥੇ ਸਿਹਤ ਮੰਤਰੀ ਜੀ ਬੈਠੇ ਹਨ। ਸਵੇਰੇ ਇੰਨ੍ਹਾਂ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਮੱਛਰ ਬਹੁਤ ਹੋ ਗਿਆ ਹੈ ਅਤੇ ਮਲੇਰੀਆ ਦੀ ਬਿਮਾਰੀ ਵੀ ਬਹੁਤ ਹੈ। ਮੈਂ ਕਹਿੰਦਾ ਹਾਂ ਕਿ ਫਗਵਾੜਾ ਵਿਚ ਇਕ ਸ਼ੂਗਰ ਮਿਲ ਹੈ। ਅਤੇ ਇਕ ਸਟਾਰਚ ਮਿਲ ਹੈ। ਉਥੇ ਜਿਹੜਾ ਪਾਣੀ ਖੜਾ ਰਹਿੰਦਾ ਹੈ ਉਸ ਵਿਚ ਮਛਰ ਬਹੁਤ ਹੋ ਗਿਆ ਹੈ। ਇਸ ਲਈ ਮੈਂ ਕਹਾਂਗਾ ਕਿ ਉਥੇ ਜਲਦੀ ਤੋਂ ਜਲਦੀ ਆਪਣਾ ਜਿਹੜਾ ਕੋਈ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ, ਉਥੇ ਚਾਲੂ ਕਰਨ। (ਘੰਟੀ) ਇਸੇ ਤਰ੍ਹਾਂ ਜਿਹੜੀ ਫਗਵਾੜਾ ਵਿਖੇ ਕਾਟਨ ਮਿਲ ਹੈ ਉਥੇ ਟੀ. ਬੀ. ਦੀ ਬਿਮਾਰੀ ਬਹੁਤ ਸਾਰੇ ਵਰਕਰਾਂ ਨੂੰ ਹੈ। ਇਸ ਲਈ ਮੈਂ ਸੇਹਤ ਮੰਤਰੀ ਨੂੰ ਕਹਾਂਗਾ ਕਿ ਇਸ ਬਿਮਾਰੀ ਨੂੰ ਦੇਖਣ ਅਤੇ ਐਕਸਰੇ ਪਲਾਟ ਜਾਂ ਜਿਹੜੀ ਈ. ਐਸ. ਆਈ. ਦੀ ਜਿਹੜੀ ਡਿਸਪੈਂਸਰੀ ਹੈ ਉਸ ਦੇ ਵਿਚ ਉਨ੍ਹਾਂ ਦੇ ਇਲਾਜ ਲਈ ਛੇਤੀ ਤੋਂ ਛੇਤੀ ਇੰਤਜ਼ਾਮ ਕੀਤਾ ਜਾਵੇ, (ਘੰਟੀ) ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਬੜਾ ਧੰਨਵਾਦੀ ਹਾਂ। ਸ਼ਰਮਾ ਜੀ ਨੇ, ਗਿਆਨੀ ਜੀ ਦੀ ਸਰਕਾਰ ਨੇ ਇਹ ਜਿਹੜਾ ਬਜਟ ਪੇਸ਼ ਕੀਤਾ ਹੈ ਇਹ ਵਾਕਿਆ ਹੀ ਅਗੇ ਵਧੂ ਹੈ। ਇਹ ਗਰੀਬ ਲੋਕਾਂ ਦੀ ਭਲਾਈ ਦਾ ਬਜਟ ਹੈ, ਇਹ ਸਮਾਜਵਾਦੀ ਬੱਜਟ ਹੈ, ਇਸ ਲਈ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀ]

ਮੈਂ ਵਿੱਤ ਮੰਤਰੀ ਜੀ ਅਤੇ ਗਿਆਨੀ ਜੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਨਾਂ ਸ਼ਬਦਾਂ ਨਾਲ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਜੈ ਹਿੰਦ।

## ANNOUNCEMENT BY THE SPEAKER

**Mr. Speaker :** I have to inform the House under Rule 265 of the Rules of Procedure and Conduct of Business in the Punjab Legislative Assembly that Comrade Achhra Singh has been arrested under section 302 I.P.C and is at present lodged in District Jail Sargrur as intimated by the Superintendent Jail, vide his telegram dated the 8th March, 1973.

## GENERAL DISCUSSION ON THE BUDGET (*Resumption*)

**ਸਰਦਾਰ ਕਰਨੈਲ ਸਿੰਘ ਮਰੜੀ** (ਜੰਡਿਆਲਾ, ਐਸ. ਸੀ.) : ਸਪੀਕਰ ਸਾਹਿਬ ਮੈਂ ਆਪ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਰੀਬ ਜਿਹੇ ਬੰਦੇ ਨੂੰ ਬੋਲਣ ਦਾ ਟਾਇਮ ਦਿਤਾਂ ਹੈ। ਅੱਜ ਇਥੇ ਬਜਟ ਤੇ ਬਹਿਸ ਚੱਲ ਰਹੀ ਹੈ। ਬਹੁਤ ਸਾਰੇ ਸੱਜਣਾਂ ਨੇ ਦੱਸਿਆ ਹੈ ਕਿ ਅਸੀਂ ਬਹੁਤ ਤਰੱਕੀ ਕੀਤੀ ਹੈ। ਇਹ ਗੱਲ ਕਾਂਗਰਸੀ ਮੈਂਬਰਾਂ ਨੇ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਤਰੱਕੀ ਦਾ ਪਤਾ ਤਦ ਲੱਗਦਾ ਹੈ ਜਦ ਗਰੀਬਾਂ ਦੇ ਘਰਾਂ ਵਿਚ ਜਾ ਕੇ ਦੇਖਿਆ ਜਾਵੇ। (ਵਿਘਨ) ਸਪੀਕਰ ਸਾਹਿਬ, 7 ਲੱਖ ਰੁਪਿਆ ਰੱਖਿਆ ਗਿਆ ਹੈ ਗਰੀਬਾਂ ਦੀਆਂ ਬਸਤੀਆਂ ਨੂੰ ਸਾਫ ਕਰਨ ਲਈ। (ਵਿਘਨ) ਸਪੀਕਰ ਸਾਹਿਬ, 7 ਲੱਖ ਰੁਪਿਆ ਰੱਖਿਆ ਗਿਆ ਹੈ। (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ 2 ਸਾਲਾਂ ਦੇ ਵਿਚ ਬਸਤੀਆਂ ਸਾਫ ਕਰਨੀਆਂ ਹਨ। ਮੇਰੇ ਕਹਿਣ ਦਾ ਮਤਲਬ ਹੈ ਕਿ 14 ਲੱਖ ਰੁਪਿਆ 2 ਸਾਲਾਂ ਦਾ ਹੋ ਗਿਆ। ਮੈਂ ਇਨਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਵਿਚ ਹਰੀਜਨਾਂ ਦੇ ਪਿੰਡ ਕਿੰਨੇ ਹਨ ? (ਵਿਘਨ)

**ਸਿੰਜਾਈ ਅਤੇ ਬਿਜਲੀ ਮੰਤਰੀ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਨ੍ਹਾਂ ਨੂੰ ਪੁਛੋ ਕਿ ਇਹ ਜਿਹੜੇ ਫਿਗਰਜ਼ ਬੋਲ ਰਹੇ ਹਨ ਇਹ ਇਨ੍ਹਾਂ ਨੇ ਕਿਥੋਂ ਲਏ ਹਨ। 50 ਲੱਖ ਰੁਪਿਆ ਅਸੀਂ ਪਿਛਲੇ ਸਾਲ Improvement of Harijan Bastis ਲਈ ਰੱਖਿਆ ਸੀ ਅਤੇ 50 ਲੱਖ ਰੁਪਏ ਅਗਲੇ ਸਾਲ ਵਾਸਤੇ ਰੱਖਿਆ ਹੈ। ਪਰ ਇਹ 7 ਲੱਖ ਕਿਸ ਤਰ੍ਹਾਂ ਕਹਿੰਦੇ ਹਨ ?

**ਸਰਦਾਰ ਕਰਨੈਲ ਸਿੰਘ ਮਰੜੀ** : 7 ਲੱਖ ਰੁਪਿਆ ਮੈਂ ਠੀਕ ਕਹਿ ਰਿਹਾ ਹੈ। (ਵਿਘਨ) ਮੈਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ। ਦੋ ਸਾਲਾਂ ਦਾ 14 ਲੱਖ ਰੁਪਿਆ ਬਣਦਾ ਹੈ। (ਵਿਘਨ) ਸਾਡੇ ਜ਼ਿਲ੍ਹੇ ਨੂੰ 7 ਲੱਖ ਰੁਪਿਆ ਦਿਤਾ ਹੈ। ਸਪੀਕਰ ਸਾਹਿਬ, 25, 26 ਸਾਲ ਹੋ ਗਏ ਹਨ ਹਿੰਦੁਸਤਾਨ ਨੂੰ ਆਜ਼ਾਦ ਹੋਏ ਨੂੰ ਪਰ ਅੱਜ ਇਹ ਉਨ੍ਹਾਂ ਬਸਤੀਆਂ ਦੀ ਗੱਲ ਕਰਦੇ ਹਨ ਜਿਥੋਂ ਦੀ ਅਗਰ ਤੁਹਾਡੇ ਵਰਗਾ ਵਜ਼ੀਰ ਸਾਹਿਬ ਬਣਕੇ ਲੰਘਦਾ ਹੈ ਤਾਂ ਉਹ ਮੂੰਹ ਤੇ ਪੱਲਾ ਲੈ ਕੇ ਲੰਘਦਾ ਹੈ। ਮੇਰਾ ਮਤਲਬ ਹੈ ਕਿ ਉਥੋਂ ਉਨ੍ਹਾਂ ਨੂੰ ਇਤਨੀ ਬੂ ਆਉਂਦੀ ਹੈ। (ਵਿਘਨ)

**ਉਪ-ਮੰਤਰੀ, ਗ੍ਰਹਿ ਅਤੇ ਉਦਯੋਗ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਜਿਹੜੇ ਸਰਮਾਇਦਾਰ ਹਨ ਇਨ੍ਹਾਂ ਨੂੰ ਬੂ ਆਉਂਦੀ ਹੈ ਪਰ ਅਸੀਂ ਤਾਂ ਵਰਕਰ ਟਾਈਪ ਦੇ ਬੰਦੇ ਹਾਂ, ਸਾਨੂੰ ਕੋਈ ਬੂ ਨਹੀਂ ਆਉਂਦੀ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜਾਇਬ ਸਿੰਘ ਸੰਧੂ** : ਪਰ ਰਾਜੇ, ਮਹਾਰਾਜੇ ਅਤੇ ਬੇਗਮਾਂ ਤਾਂ ਉਧਰ ਬੈਠੀਆਂ ਹਨ ਅਤੇ ਸਰਮਾਇਆਦਾਰ ਇਹ ਸਾਨੂੰ ਕਹਿੰਦੇ ਹਨ । (ਵਿਘਨ)

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਸਪੀਕਰ ਸਾਹਿਬ, ਸਾਨੂੰ ਅਜ਼ਾਦ ਹੋਇਆਂ ਨੂੰ 25-26 ਸਾਲ ਹੋ ਗਏ ਹਨ । ਪਰ ਹਰੀਜਨਾਂ ਦੀਆਂ ਨੌਜਵਾਨ ਲੜਕੀਆਂ ਦੇ ਸਿਰ ਤੇ ਹਾਲੇ ਵੀ ਮੈਲੇ ਦੀਆਂ ਭਰੀਆਂ ਹੋਈਆਂ ਬਾਲਟੀਆਂ ਹਨ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇਸ਼ ਨੂੰ ਸ਼ਰਮ ਆਉਣੀ ਚਾਹੀਦੀ ਹੈ । (ਵਿਘਨ) ਇਹ ਕਹਿੰਦੇ ਹਨ ਕਿ ਅਸੀਂ ਤਰੱਕੀ ਬੜੀ ਕੀਤੀ ਹੈ । (ਸੰਸਦੀ ਸਕੱਤਰ ਵਲੋਂ ਵਿਘਨ) ਮੈਂ ਸਰਦਾਰ ਗੁਰਮੇਜ ਸਿੰਘ ਦੀ ਗਲ ਨਹੀਂ ਕਰਦਾ । ਮੈਂ ਉਨ੍ਹਾਂ ਗਰੀਬਾਂ ਦੀ ਗੱਲ ਕਰਦਾ ਹਾਂ...... (ਵਿਘਨ)

**ਸੰਸਦੀ ਸਕੱਤਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਰੜ੍ਹੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਵਜ਼ੀਰ ਸੀ ਤਾਂ ਉਦੋਂ ਇਨ੍ਹਾਂ ਨੇ ਇਹ ਚੀਜ਼ ਕਿਉਂ ਨਾ ਹਟਾਈ । (ਵਿਘਨ) ਜਦ ਇਹ ਅਕਾਲੀ ਵਜ਼ਾਰਤ ਵਿਚ ਵਜ਼ੀਰ ਸਨ ਤਾਂ ਉਦੋਂ ਇਨ੍ਹਾਂ ਨੇ ਇਹ ਚੀਜ਼ ਕਿਉਂ ਨਾ ਹਟਾਈ?

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਮੈਂ ਇਸ ਦਾ ਜਵਾਬ ਦਿੰਦਾ ਹਾਂ । (ਵਿਘਨ)

**ਸਰਦਾਰ ਅਜਾਇਬ ਸਿੰਘ ਸੰਧੂ** : ਸਪੀਕਰ ਸਾਹਿਬ, ਸਰਦਾਰ ਗੁਰਮੇਜ ਸਿੰਘ ਨੇ ਜੋ ਕਿਹਾ ਹੈ ਉਹ ਰੱਖ ਲਿਆ ਹੈ ਜਾਂ ਕਿ ਕੱਟ ਦਿਤਾ ਹੈ ? (ਵਿਘਨ)

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਸਪੀਕਰ ਸਾਹਿਬ, ਸਰਦਾਰ ਗੁਰਮੇਜ ਸਿੰਘ ਨੇ ਕਿਹਾ ਹੈ ਕਿ ਤੁਸੀਂ ਆਪਣੇ ਰਾਜ ਵਿਚ ਕੀ ਕੀਤਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦ ਸਾਡਾ ਰਾਜ ਸੀ ਤੁਸੀਂ ਸਾਡੇ ਨਾਲ ਵਾਅਦਾ ਕੀਤਾ ਸੀ ਕਿ ਜਿੰਨੀ ਤੁਸੀਂ ਤਰੱਕੀ ਕਰੋਗੇ ਅਸੀਂ ਕਰਾਂਗੇ । (ਵਿਘਨ) ਅਸੀਂ ਪ੍ਰੋਗਰਾਮ ਉਲੀਕੇ, ਗੰਦੀਆਂ ਬਸਤੀਆਂ ਨੂੰ ਸਾਫ ਕਰਨ ਲਈ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੇ ਕੁਝ ਨਹੀਂ ਕੀਤਾ । ਇਹ ਬੇਈਮਾਨ ਹਨ । (ਵਿਘਨ)

**ਸ੍ਰੀ ਸਪੀਕਰ** : ਬੇਈਮਾਨ ਦਾ ਲਫਜ਼ ਅਨਪਾਰਲੀਮੈਂਟਰੀ ਹੈ । (The word 'Beiman' is unparliamentary.)

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਸਪੀਕਰ ਸਾਹਿਬ, ਜਦ ਗਿੱਲ ਸਾਹਿਬ ਦੀ ਸਰਕਾਰ ਸੀ ਉਸ ਨੇ ਬਹੁਤ ਤਰੱਕੀ ਕੀਤੀ ਸੀ । ਲੋਕ ਅੱਜ ਤੱਕ ਯਾਦ ਕਰਦੇ ਹਨ ਕਿ ਉਨ੍ਹਾਂ ਦੇ ਰਾਜ ਵਿਚ ਦੇਸ਼ ਦੀ ਬਹੁਤ ਤਰੱਕੀ ਹੋਈ। (ਵਿਘਨ)

**ਉਪ-ਮੰਤਰੀ, ਗ੍ਰਹਿ ਅਤੇ ਉਦਯੋਗ** : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਮਰੜ੍ਹੀ ਸਾਹਿਬ ਅਕਾਲੀ ਪਾਰਟੀ ਦੀ ਉਸ ਸਰਕਾਰ ਦੀ ਹੁਣ ਹਮਾਇਤ ਕਰ ਰਹੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਨੂੰ ਇਨ੍ਹਾਂ ਨੇ ਕਿਉਂ ਉਲਟਾਇਆ ਸੀ ਅਤੇ ਦੂਸਰੀ ਪਾਰਟੀ ਕਿਉਂ ਬਣਾਈ ਸੀ ?

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਉਸ ਵੇਲੇ ਸਾਡੀ ਸਰਕਾਰ ਵਿਚ ਇਹ ਨਹੀਂ ਸੀ । (ਵਿਘਨ) ਅਸੀਂ ਪੰਜਾਬ ਦੀ ਤਰੱਕੀ ਕੀਤੀ । (ਵਿਘਨ) ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ—*************************** (ਵਿਘਨ) (ਸ਼ੋਰ)

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਇਹ ***** ਵਾਲੇ ਲਫਜ਼ ਅਨਪਾਰਲੀਮੈਂਟਰੀ ਹਨ ਇਨ੍ਹਾਂ ਨੂੰ ਐਕਸਪੰਜ ਕਰ ਦਿੱਤਾ ਜਾਵੇ । (The words ****** are unparliamentary and may be expunged.)

ਸਰਦਾਰ ਅਜਾਇਬ ਸਿੰਘ ਸੰਧੂ : ** ** ** ** ** ** (ਸ਼ੋਰ) ]

ਵਿਦਿਆ ਮੰਤਰੀ : ** ** ** ** ** (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ * * * * *

Mr. Speaker : Please withdraw these words.

ਸਰਦਾਰ ਅਜਾਇਬ ਸਿੰਘ ਸੰਧੂ : * * * * *

ਸ੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਅਤੇ ਵਿਦਿਆ ਮੰਤਰੀ ਨੇ ਕਿਹਾ ਹੈ ਇਹ ਐਕਸਪੰਜ ਕਰ ਦਿਤਾ ਜਾਵੇ। (Whatever the hon-Member Sardar Ajaib Singh Sandhu and Education Minister has said, should be expunged.)

ਸੰਸਦੀ ਸਕੱਤਰ : * * * * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order,)

ਸਰਦਾਰ ਕਰਨੈਲ ਸਿੰਘ ਮਰੜੀ : ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ......

Mr. Speaker : Please resume your seat. The House stands adjourned till 2.00 P.M. on Monday, the 12th March, 1973.

1.30 P. M.

*(The Sabha then adjourned till 2.00 P.M. on Monday, the 12th March, 1973)*

*Expunged as ordered by the Chair.

Original with;
Punjab Vidhan Sabha
Digitized by;
Panjab Digital Library

**APPENDIX**

**TO**

**PUNJAB VIDHAN SABHA**

**DEBATES**

*Dated 9-3-73*

**Vol. I-No. 8**

**Income accrued from and Expenditure incurred on Punjab Roadways Buses from 1st April, 1972 to 31st December, 1972.**

*1388. **Master Gurbanta Singh** : Will the Chief Minister be pleased to state—

(a) the total number of Punjab Roadways buses operating on the existing routes together with the amount of income and expenditure received/incurred from/on the said buses separately during the period from 1st April, 1972 to 31st December, 1972 ;

(b) the amount spent on the repairs of the said buses during the period mentioned in part (a) above ;

(c) the number of private buses operating on the Punjab routes in the State ; if so, the revenue received from the private buses during the period from the 1st April, 1972 to 31st December, 1972?

**Giani Zail Singh** : (a)—

| | | |
|---|---|---|
| (i) Total number of Punjab Roadways buses operating on existing routes on 31st December, 1972 | .. | 1,393 |
| (ii) Income received from the said buses (from 1st April, 1972 to 31st December, 1972) | .. | Rs 7,03,09,799 |
| (iii) Expenditure incurred on the said buses (from 1st April, 1972 to 31st December, 1972) | .. | Rs 6,79,55,615 |
| (b) Amount spent on the repair of the said buses during the period 1st April, 1972 to 31st December 1972 | .. | Rs 1,14,67,536 |
| (c) No. of private buses operating on the routes in the State as on 31st December, 1972 | .. | 1,407 |
| Revenue received from 1st April, 1972 to 31st December, 1972 from these buses by the State Government in the shape of Taxes/fees | .. | Rs 45,19,722.90 |

| | | |
|---|---|---|
| [(ੳ) (1) ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੀ ਗਿਣਤੀ ਮੌਜੂਦਾ ਚਲ ਰਹੇ ਰੂਟਾਂ ਉਤੇ 31 ਦਸੰਬਰ, 1972 ਤਕ | | 1,393 |
| (2) ਬੱਸਾਂ ਤੋਂ ਪ੍ਰਾਪਤ ਹੋਈ ਆਮਦਨ (1 ਅਪ੍ਰੈਲ, 1972 ਤੋਂ 31 ਦਸੰਬਰ, 1972 ਤਕ) | .. | ਰੁਪਏ 7,03,09,799 |

Original with;
Punjab Vidhan Sabha
Digitized by;
Panjab Digital Library

(3) ਬਸਾਂ ਤੇ ਹੋਇਆ ਖਰਚਾ .. ਰੁਪਏ 6,79,55,615
(1 ਅਪ੍ਰੈਲ, 1972 ਤੋਂ 31 ਦਸੰਬਰ, 1972 ਤਕ)

(ਅ) ਬੱਸਾਂ ਦੀ ਮੁਰੰਮਤ ਤੇ ਹੋਇਆ ਖਰਚਾ (1-4-72 ਤੋਂ 31-12-72 ਤਕ) .. ਰੁਪਏ 1,14,67,536

(ੲ) (1) ਪ੍ਰਾਈਵੇਟ ਬਸਾਂ ਜਿਹੜੀਆਂ 31 ਦਸੰਬਰ, 1972 ਨੂੰ ਪੰਜਾਬ ਰਾਜ ਵਿਚ ਚਲ ਰਹੀਆਂ ਸੀ 1407

(2) ਇਨ੍ਹਾਂ ਬੱਸਾਂ ਤੋਂ 1 ਅਪ੍ਰੈਲ, 1972 ਤੋਂ 31 ਦਸੰਬਰ, 1972 ਤਕ ਸਰਕਾਰ ਨੂੰ ਟੈਕਸ ਅਤੇ ਫੀਸ ਵਜੋਂ ਹੋਈ ਆਮਦਨ ।] ਰੁਪਏ 45,19,722.90

**Mileageof Route with the Punjab Roadways/Pepsu Road Transport Corporation/Private Transporters in 1969**

***1487. 1. Comrade Jangir Singh Joga**
**2. Comrade Saghar Singh** } Will the Chief Minister be pleased to state—

(a) the mileage of routes with the Punjab Roadways, Pepsu Road Transport Corporation and the Private Transporters separately at the time of enforcement of 60 : 40 formula in 1969.

(b) the mileage of routes added to the share of the Government as a result of the 10 per cent reduction made in the mileage of routes allotted to the private Transporters together with the number of buses of Private Transporters reduced as a result of this reduction ?

**Giani Zail Singh :** (a) The approved 60 : 40 scheme of 1969 covered the territory of State of Punjab excluding the Pepsu territory. The relevant information in context of the aforesaid scheme is as under :—

(1) Punjab Roadways .. 98456 Miles

(2) Pepsu Road Transport Corporation 904 (in Jullundur Region)
34117 miles (in Patiala Region)

(3) Private Operators .. 89850

(b) 15038 miles. The reduction was 20% and not 10%. This mileage was surrendered in two phases without any reduction in the fleet of the Private Companies.

[(ੳ) 60:40 ਦੇ ਅਧੀਨ ਪੰਜਾਬ ਦਾ ਪੈਪਸੂ ਨੂੰ ਛੱਡ ਕੇ ਬਾਕੀ ਇਲਾਕਾ ਆਉਂਦਾ ਹੈ ਅਤੇ ਸਬੰਧਤ ਸੂਚਨਾ ਹੇਠ ਦਿੱਤੀ ਜਾਂਦੀ ਹੈ :—

1. ਪੰਜਾਬ ਰੋਡਵੇਜ਼ .. 98456 ਮਾਈਲਜ਼

2. ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ .. 34117 ਮਾਈਲਜ਼ (ਪਟਿਆਲਾ ਰਿਜ਼ਨ ਵਿੱਚ)
904 ਮਾਈਲਜ਼ (ਜਲੰਧਰ ਰਿਜ਼ਨ ਵਿੱਚ)

3. ਪ੍ਰਾਈਵੇਟ ਉਪਰੇਟਰਜ਼ .. 89850 ਮਾਈਲਜ਼

(ਅ) 15038 ਮੀਲ। ਇਹ ਕਟੌਤੀ 20% ਸੀ ਨਾ ਕਿ 10% ਇਹ ਮਾਈਲੇਜ਼ 2 ਕਿਸ਼ਤਾਂ ਵਿਚੋਂ ਸਰੈਂਡਰ ਕੀਤਾ ਗਿਆ ਅਤੇ ਪ੍ਰਾਈਵੇਟ ਕੰਪਨੀਆਂ ਦੇ ਫਲੀਟ ਦੀ ਕੋਈ ਕਟੌਤੀ ਨਹੀਂ ਹੋਈ ]

11460/P.V.—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Chief Reporter
Punjab Vidhan Sabha
Chandigarh

©1975

Published under the authority of the Punjab Vidhan Sabha Secretariat and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

B-18290

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library